ਨੈ ੭ ਭਾਗ

ਸ੍ਰੀ ਗੁਰੂ ਗ੍ਰੰਥ ਸਾਹਿਬ

ਸਟੀਕ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਟੀਕਾਕਾਰ ਦੀ ਆਗਿਆ ਬਿਨਾ ਕੋਈ ਨਾ ਛਾਪੇ.

ੴ ਸਤਿਗੁਰਪ੍ਰਸਾਦਿ ।

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ

## ਜਿਲਦ ਦੂਸਰੀ

ਜਿਸ ਵਿਚ ਸੰਪੂਰਨ ਗੌੜੀ ਰਾਗ ਦਾ ਟੀਕਾ ਹੈ ।

ਪ੍ਰਕਾਸ਼ਕ ਤੇ ਟੀਕਾਕਾਰ

ਗਿਆਨੀ ਬਿਸ਼ਨ ਸਿੰਘ ਪ੍ਰਸਿੱਧ ਵਿੱਦਵਾਨ
ਅਧਯਾਪਕ ਗੌਰਮਿੰਟ ਗਿਆਨੀ ਟਰੇਨਿੰਗ ਕਲਾਸ
ਮਾਸਟਰ ਖਾਲਸਾ ਕਾਲਜ ਅੰਮ੍ਰਿਤਸਰ

ਇਸ ਸੈਂਚੀ ਦੇ ਔਖਿਆਂ ਸ਼ਬਦਾਂ ਨੂੰ
ਸ੍ਰੀ ਮਾਨ ਸਰਦਾਰ ਰਾਮ ਸਿੰਘ ਜੀ ਐਮ. ਏ. ਗਿਆਨੀ
ਪ੍ਰੋਫੈਸਰ ਖਾਲਸਾ ਕਾਲਜ ਅੰਮ੍ਰਿਤਸਰ ਨੇ ਸੋਧਿਆ ।

ਤੇ

ਗੁਰੂ ਖਾਲਸਾ ਪ੍ਰੈਸ ਅੰਮ੍ਰਿਤਸਰ ਵਿਚ ਸਰਦਾਰ ਪ੍ਰੀਤਮ ਸਿੰਘ
ਮੈਨੇਜਰ ਤੇ ਪ੍ਰਿੰਟਰ ਨੇ ਛਾਪਣ ਦੀ ਸੇਵਾ ਕੀਤੀ।

ਸੰ:੧੯੯੬ ਬਿ: ਅੱਸੂ, ਸਤੰਬਰ ੧੯੨੯ ਮੋਖ ੫) ਡਾਕ ਖਰਚ ਵਖਰਾ

Digitized by Panjab Digital Library | www.panjabdigilib.org

# ਜ਼ਰੂਰ ਪੜ੍ਹੋ !

ਤੀਸਰੀ ਜਿਲਦ ਜਿਸ ਵਿਚ ਆਸਾ,
ਗੂਜਰੀ, ਦੇਵਗੰਧਾਰੀ ਰਾਗ ਦਾ ਟੀਕਾ
ਹੈ, ਇਕ ਮਹੀਨੇ ਤਕ ਆਵੇਗੀ।

ਪੁੱਛ ਗਿੱਛ ਵਾਸਤੇ ਜਬਾਬੀ
ਖਤ ਲਿਖਿਆ ਕਰੋ।

ਸ੍ਰ: ਲੱਖਾ ਸਿੰਘ ਜੀ ਅਣਦ (ਤਾਹਰ ਜ਼ਿਲਾ ਗੁਜਰਾਤ) ਸੁਪ੍ਰੰਟੰਡੰਟ ਖ਼ਾਲਸਾ ਕਾਲਜ ਵਾਲਿਆਂ ਨੇ ਇਸ ਟੀਕੇ ਵਿਚ ਮੁਫ਼ਤ ਸੇਵਾ ਕਰਨ ਦਾ ਬਚਨ ਕੀਤਾ ਹੈ। ਧੰਨਵਾਦ !

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ ਦੇ
ਮਿਲਨ ਦਾ ਪਤਾ:-

**ਬਿਸ਼ਨ ਸਿੰਘ ਗਿਆਨੀ**
ਖਾਲਸਾ ਕਾਲਜ (ਡਾਕਖਾਨਾ)
ਅਮ੍ਰਿਤਸਰ (ਪੰਜਾਬ)

Digitized by Panjab Digital Library | www.panjabdigilib.org

# ਤਤਕਰਾ

## ਅਖਰ ਕ੍ਰਮ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ

## ਰਾਗ ਗੌੜੀ ਦੀ ਦੂਸਰੀ ਜਿਲਦ


(ੳ)

ਉਲਟਿਓ ਕਮਲ ੧੧
ਉਦਮ ਕਰਤ ਸੀਤਲ ੨੧੫
ਉਬਰਤ ਰਾਜਾ ਰਾਮ ੨੭੨
ਉਪਜੈ ਨਿਪਜੈ ੭੨੩
ਉਲਟਤ ਪਵਨ ੭੫੮
ਓਹ ਅਬਨਾਸੀ ੨੩੨
ਓਇ ਜੋ ਦੀਸਹਿ ੭੪੧

(ਅ)

ਅਵਰਪੰਚ ਹਮ ਏਕ ੨੧
ਅਉਖਧ ਮੰਤ੍ਰ ਮੂਲ ੨੪
ਅਗਲੇ ਮੁਏ ਸਿ ਪਾਛੈ ੧੧੫
ਅਨਿਕ ਜਤਨ ਨਹੀ ੧੧੭
ਅਗਮ ਰੂਪ ਕਾ ੧੪੮
ਅਨਿਕ ਰਸਾ ੧੬੬
ਅਪਨੇ ਲੋਭ ਕਉ ੧੮੬
ਅਪਨੇ ਸੇਵਕ ਕਉ ੨੧੮
ਅਉਧ ਘਟੈ ੨੩੦
ਅਨੂਪ ਪਦਾਰਥ ੨੪੨
ਅਧਿਆਤਮ ਕਰਮ ੩੦੮
ਅਬ ਮੋਹਿ ਜਲਤ ੭੧੩
ਅਵਰ ਮੂਏ ੭੨੪
ਅਸਥਾਵਰ ਜੰਗਮ ੭੨੪
ਅਹਿਨਿਸ ਏਕ ੭੪੭
ਅਬ ਮੋਕਉ ੭੫੦
ਅਗਨਿ ਨ ਦਹੈ ੭੭੫
ਆਉ ਸਖੀ ਗੁਣ ੯੫
ਆਨ ਰਸਾ ਜੇਤੇ ੧੨੪
ਆਪਨ ਤਨ ਨਹੀ ੧੫੦
ਆਠ ਪਹਿਰ ਸੰਗੀ ੧੯੦
ਆਉ ਹਮਾਰੇ ਰਾਮ ੨੭੯
ਆਦਿ ਮਧਿ ਜੋ ਅੰਤਿ ੩੮੫
ਆਪੇ ਪਾਵਕ ੭੪੪
ਆਸ ਪਾਸ ਘਨ ੭੮੪
ਐਸੀ ਪ੍ਰੀਤ ਗੋਵਿੰਦ ੧੯੯
ਐਸੋ ਪਰਚਉ ੨੨੮
ਐਸੋ ਦਾਸ ੩੧੨
ਐਸੋ ਅਚਰਜ ੭੨੫
ਅੰਮ੍ਰਿਤ ਕਾਇਆ ੧੮
ਅੰਧਕਾਰ ੭੨੦


Digitized by Panjab Digital Library | www.panjabdigilib.org

(ੲ)

| | |
|---|---|
| ਇਕ ਗਾਵਤ ਰਹੇ | ੩੫ |
| ਇਹ ਮਨੂਆ | ੮੬ |
| ਇਸ ਗੜ ਮਹਿ | ੮੮ |
| ਇਸ ਜੁਗ ਕਾ | ੩੪੨ |
| ਏਕਸੁ ਕੇ ਸਭਿ | ੪੨ |
| ਏਕਸੁ ਸਿਉ | ੧੬੦ |
| ਏਕ ਜੋਤ ਏਕਾ | ੭੭੧ |

(ਸ)

| | |
|---|---|
| ਸਤਿਗੁਰ ਮਿਲੈ | ੧੩ |
| ਸਚਾ ਅਮਰ ਸਚਾ | ੪੪ |
| ਸਤਿਗੁਰ ਮਿਲੈ | ੪੮ |
| ਸਭੁ ਜਗੁ ਕਾਲੈ | ੫੧ |
| ਸਤਿਗੁਰ ਤੇ ਗਿਆਨੁ | ੫੪ |
| ਸਤਿਗੁਰ ਸੇਵਾ | ੬੧ |
| ਸਤਿਗੁਰ ਦਰਸਨ | ੧੩੪ |
| ਸਤਿਗੁਰ ਪੂਰਾ | ੨੧੧ |
| ਸਹਿਜ ਸਮਾਇਓ | ੨੪੫ |
| ਸਭਹੂ ਕੋ ਰਸ | ੨੬੪ |
| ਸਤਿਗੁਰ ਤੇ ਜੋ | ੩੫੬ |
| ਸਤਿਗੁਰ ਪੁਰਖ | ੬੩੦ |
| ਸਤਜੁਗ ਸਤ | ੮੨੧ |
| ਸਾਹੁ ਹਮਾਰਾ ਤੂੰ | ੬੪ |
| ਸਾਧ ਸੰਗਿ ਜਪਿਓ | ੧੩੫ |
| ਸਾਧ ਸੰਗਿ | ੧੬੮ |
| ਸਾਮਤਿ ਨਿਰਮਲ | ੧੯੮ |
| ਸਾਂਤਿ ਭਈ ਗੁਰ | ੨੦੮ |
| ਸਾਧੋ ਮਨ ਕਾ ਮਾਨ | ੨੮੭ |
| ਸਾਧੋ ਰਚਨਾ ਰਾਮ | ੨੮੮ |
| ਸਾਧੋ ਇਹੋ ਮਨ | ੨੯੦ |
| ਸਾਧੋ ਗੋਬਿੰਦ ਕੇ | ੨੯੦ |
| ਸਾਧੋ ਰਾਮ ਸਰਨ | ੨੯੨ |
| ਸਾਧਨ ਬਿਨਉ ਕਰੇ | ੩੯੯ |
| ਸਿਮਰਤਿ ਸੁਆਮੀ | ੧੮੧ |
| ਸਿਮਰ ਸਿਮਰ | ੨੧੮ |
| ਸੁਣਿ ਸੁਣਿ ਬੂਝੈ | ੬ |
| ਸੁਞਾਉ ਸਚੁ | ੩੩ |
| ਸੁਣਿ ਹਰ ਕਥਾ | ੧੧੪ |
| ਸੁਖ ਨਾਹੀ ਰੇ | ੨੪੯ |
| ਸੁਣਿ ਸੁਣਿ ਸਾਜਨ | ੨੮੦ |
| ਸੁਣ ਨਾਹ ਪ੍ਰਭੂ | ੩੯੬ |
| ਸੁਣ ਸਖੀਏ ਮਿਲ | ੪੨੨ |
| ਸੁਖਮਨੀ ਸਾਹਿਬ | ੪੭੯ |
| ਸੁਖ ਮਾਂਗਤ | ੭੪੬ |
| ਸੁਰਤਿ ਸਿਮ੍ਰਿਤਿ | ੭੬੬ |
| ਸੁਰਗ ਬਾਸਨ | ੭੮੧ |
| ਸੂਕੇ ਹਰੇ ਕੀਏ | ੧੬੮ |
| ਸੇਵਾ ਏਕ | ੩੨੦ |


Digitized by Panjab Digital Library | www.panjabdigilib.org

ਸੋ ਕਿਉ ਵਿਸਰੈ ੩੯
ਸੋ ਕਿਛੁ ਕਰਿ ਜਿਤੁ ੨੦੨
ਸੰਤ ਕੀ ਧੂਰ ੧੫੮
ਸੰਤ ਪ੍ਰਸਾਦ ੧੬੨
ਸੰਧਿਆ ਪ੍ਰਾਤ ੭੧੭

(ਹ)

ਹਰਣੀ ਹੋਵਾ ਬਨਿ ਬਸਾ ੨੯
ਹਉਮੈ ਵਿਚਿ ਸਭ ੩੮
ਹਰਿ ਆਪ ਜੋਗੀ ੬੩
ਹਮਰੈ ਮਨਿ ਚਿਤਿ ੭੦
ਹਰਿ ਦਇਆਲ ੭੭
ਹਮਰੇ ਪ੍ਰਾਨ ਵਸ ੮੪
ਹਰਿ ਹਰਿ ਅਰਥਿ ੮੯
ਹਮ ਅਹੰਕਾਰੀ ੯੧
ਹਸਤ ਪੁਨੀਤ ਹੋਹਿ ੧੪੨
ਹਮ ਧਨਵੰਤ ਭਾਗਠ ੧੪੫
ਹਰਿਗੁਣ ਜਪਤ ੧੫੯
ਹਰਿ ਸਿਮਰਤ ਤੇਰੀ ੧੭੭
ਹਰਿ ਚਰਨੀ ਜਾਕਾ ੧੮੨
ਹਰਿ ਸਿਮਰਤ ਸਭਿ ੧੮੩
ਹਰਿ ਹਰਿ ਨਾਮਿ ਮਜਨੁ ੧੯੩
ਹਰਿ ਕੇ ਦਾਸ ਸਿਉ ੧੯੭
ਹਰਿ ਸੰਗਿ ਰਾਤੇ ੨੧੪
ਹਰਿ ਪੇਖਣ ਕਉ ੨੨੬
ਹਉ ਤਾ ਕੈ ਬਲਿਹਾਰੀ ੨੩੮
ਹਰਿ ਹਰਿ ਕਬਹੂ ਨ ੨੪੮
ਹਰਿ ਹਰਿ ਹਰਿ ੨੫੪
ਹਰਿ ਨਾਮੁ ਲੇਹੁ ੨੬੬
ਹਰਿ ਬਿਨੁ ਅਵਰ ੨੭੫
ਹਰਿ ਰਾਮ ਰਾਮ ੨੮੪
ਹਉਮੈ ਕਰਤਿਆ ੩੦੩
ਹਠੁ ਕਰਿ ਮਰੈ ੩੨੨
ਹਉਮੈ ਕਰਤ ੩੨੫
ਹਰਿ ਸਿਉ ਜੁਰੈ ੩੭੬
ਹਰਿ ਹਰਿ ਗੁਰ ਗੁਰ ੩੯੦
ਹਰਿਜਸਸੁਨਹਿ ੭੫੪
ਹਿਰਦੈ ਚਰਨ ਕਮਲ ੧੭੮
ਹੈ ਕੋਈ ਰਾਮ ਪਿਆਰੋ ੨੨੨
ਹੈ ਕੋਈ ਐਸਾ ੨੫੯

(ਕ)

ਕਤ ਕੀ ਮਾਈ ੨੫
ਕਰਹੁ ਕਿਰਪਾ ੮੦
ਕਈ ਜਨਮ ਭਏ ਕੀਟ ੧੦੭
ਕਰਮ ਭੂਮ ਮਹਿ ੧੦੯
ਕਲਿਜੁਗ ਮਹਿ ਮਿਲਿ ੧੪੪
ਕਵਨ ਰੂਪ ਤੇਰਾ ੧੪੯
ਕਰ ਕਰ ਟਹਿਲ ੧੬੨
ਕਲਿ ਕਲੇਸ ੧੬੨

Digitized by Panjab Digital Library | www.panjabdigilib.org

| | | | |
|---|---|---|---|
| ਕਣ ਬਿਨਾ ਜੈਸੇ | ੧੭੪ | (ਖ) | |
| ਕਰੈ ਦੁਹ ਕਰਮ | ੧੭੯ | ਖਟ ਨੇਮ ਕਰ | ੭੯੦ |
| ਕਰਿ ਕਿਰਪਾ ਭੇਟੇ | ੧੯੮ | ਖਿਮਾ ਗਹੀ | ੩੧੦ |
| ਕਵਨ ਗੁਨ | ੨੨੩ | ਖਾਦਾ ਪੈਨਦਾ ਮੂਕਰਿ | ੧੮੫ |
| ਕਰਹਲ ਮਨ | ੩੫੮ | ਖੋਜਤ ਫਿਰੇ ਅਸੰਖ | ੩੮੭ |
| ਕਤ ਨਹੀ ਠਉਰ | ੭੩੪ | (ਗ) | |
| ਕਉਨੁ ਕੋ ਪੂਤ | ੭੪੯ | ਗਰੀਬਾਂ ਉਪਰਿ | ੨੦੪ |
| ਕਾਮ ਕ੍ਰੋਧ ਮਾਇਆ | ੧੦ | ਗਰਬ ਬਡੋ | ੨੫੭ |
| ਕਾਮ ਕਰੋਧਿ ਨਗਰੁ | ੮੭ | ਗਰਬ ਬਾਸ | ੭੧੯ |
| ਕਾਕੀ ਮਾਈ | ੧੫੬ | ਗਗਨ ਰਸਾਲ | ੭੩੯ |
| ਕਾਮਣ ਹਰਿ ਰਸ | ੪੦੫ | ਗਜਨਵ ਗਜ | ੭੬੮ |
| ਕਾਲਬੂਤ ਦੀ | ੭੭੪ | ਗੁਰ ਮਿਲਿਐ | ੩੧ |
| ਕਿਨ ਬਿਧਿ ਕੁਸਲ | ੧੦੫ | ਗੁਰ ਤੇ ਗਿਆਨ | ੩੨ |
| ਕਿਉ ਭ੍ਰਮੀਐ ਭ੍ਰਮੁ | ੧੦੬ | ਗੁਰ ਸੇਵਾ ਜੁਗ ਚਾਰੇ | ੪੭ |
| ਕਿਰਤੁ ਪਇਆ | ੧੪ | ਗੁਰਮਤਿ ਬਾਜੈ | ੯੨ |
| ਕਿਰਸਾਣੀ ਕਿਰਸਾਣ | ੬੭ | ਗੁਰਮੁਖ ਜਿੰਦੂ | ੯੪ |
| ਕਿਨਿ ਬਿਧਿ ਮਿਲੈ | ੨੨੭ | ਗੁਰ ਕਾ ਬਚਨੁ | ੧੧੦ |
| ਕਿਆ ਜਪ ਕਿਆ ਤਪ | ੭੧੮ | ਪੁਰ ਪ੍ਰਸਾਦਿ ਨਾਮਿ | ੧੪੦ |
| ਕੋਟ ਬਿਘਨ ਹਿਰੈ | ੧੮੭ | ਗੁਰ ਕੇ ਚਰਨ ਉਪਰਿ | ੧੫੧ |
| ਕੋਟਿ ਮਜਨ ਕੀਨੋ | ੨੧੬ | ਗੁਰ ਕਾ ਸਬਦ | ੧੭੧ |
| ਕੋਊ ਮਾਈ | ੨੯੧ | ਗੁਰ ਜੀ ਕੇ ਦਰਸਨ | ੧੭੮ |
| ਕੰਚਨ ਨਾਰੀ ਮਹਿ | ੭੨ | ਗੁਨ ਕੀਰਤਿ ਨਿਧਿ | ੨੬੫ |
| ਕੰਚਨ ਸਿਉ | ੭੩੩ | ਗੁਰ ਪ੍ਰਸਾਦੀ | ੩੩੬ |
| ਕੂਪ ਭਰਿਓ | ੮੨੦ | ਗੁਰਮੁਖਿ ਸੇਵਾ | ੩੪੦ |


Digitized by Panjab Digital Library | www.panjabdigilib.org

ਗੁਰ ਸੇਵਾ ਤੇ ੩੬੬
ਗੁਰ ਕਾ ਸਬਦਿ ੩੬੯
ਗੁਰ ਕੈ ਬਚਨਿ ੩੯੦
ਗੁਰ ਕੀ ਸੇਵਾ ੪੧੦
ਗੁਰਦੇਵ ਮਾਤਾ ੪੨੫

(ਘ)

ਘਟ ਅਵ ਘਟ ੮੧੮

(ਚ)

ਚੋਜੀ ਮੇਰੇ ਗੋਬਿੰਦਾ ੯੯
ਚੋਆ ਚੰਦਨ ੩੧੮
ਚੋਆ ਚੰਦਨ ੭੨੮
ਚਿੰਤਾ ਮਨਿ ਕਰਣਾ ੨੬੦

(ਛ)

ਛਾਡਿ ਸਿਆਨਪ ੧੬੪
ਛੋਡਿ ਛੋਡਿ ਰੇ ੨੩੩

(ਜ)

ਜਨਮ ਮਰੈ ੧੬
ਜਗ ਜੀਵਨ ੭੯
ਜਲਿ ਥਲਿ ਮਹੀਅਲਿ ੧੯੨
ਜਨ ਕੀ ਧੂਰਿ ਮਨ ੨੦੬
ਜਬ ਇਹ ਮਨ ੩੬੪
ਜਲ ਥਲ ਮਹੀਅਲ ੬੧੩
ਜਬ ਹਮ ਏਕੋ ੭੧੫
ਜਮ ਤੇ ਉਲਟ ੭੩੦
ਜਲ ਹੈ ਸੂਤਕ ੭੫੧
ਜਹ ਕਛੁ ਅਹਾ ੭੬੫
ਜਾ ਤੇ ਜਾਇ ਕਹਾ ਤੇ ਆਵੈ ੮
ਜਾ ਕੈ ਵਸਿ ਖਾਨ ੧੩੩
ਜਾ ਕਾ ਮੀਤੁ ਸਾਜਨ ੧੪੭
ਜਾ ਕੈ ਦੁਖੁ ਸੁਖੁ ੧੪੮
ਜਾ ਕਉ ਤੁਮ ੧੫੪
ਜਾ ਕਉ ਅਪਨੀ ੧੬੩
ਜਾ ਕਉ ਬਿਸਰੇ ੨੫੬
ਜਾ ਕੈ ਹਰਿ ਸਾ ਠਾਕੁਰ ੭੩੫
ਜਿਉ ਕਪਿ ਕੇ ੭੭੭
ਜਿਨ ਅਕਥ ਕਹਾਇਆ ੧੫
ਜਿਨਾ ਗੁਰਮੁਖਿ ੪੬
ਜਿਉ ਜਨਨੀ ਗਰਭ ੬੫
ਜਿਉ ਜਨਨੀ ਸੁਤੁ ੭੪
ਜਿਸ ਮਿਲਿਐ ਮਨਿ ੭੬
ਜਿਨ ਕੀਤਾ ਮਾਟੀ ਤੇ ੧੧੧
ਜਿਸੁ ਮਨ ਵਸੈ ਤਰੈ ੧੩੮
ਜਿਸ ਸਿਮਰਤ ੧੭੨
ਜਿਸ ਕਾ ਦੀਆ ਪੈਨੈ ੧੮੩
ਜਿਉ ਗਾਈ ਕਉ ੩੩੪
ਜਿਉ ਜਲ ਛੋਡਿ ੭੭੭
ਜਿਹ ਮਰਨੈ ੭੩੩
ਜਿਹ ਕੁਲ ਪੂਤ ਨ ੭੩੮

Digitized by Panjab Digital Library | www.panjabdigilib.org

ਜਿਹ ਮੁਖ ਪਾਚਉ ੭੪੩
ਜਿਹ ਸਿਰ ਰਚ ਰਚ ੭੪੫
ਜੀਵਤ ਪਿਤਰ ੭੫੫
ਜੀਵਤ ਮਰੈ ੭੫੭
ਜੀਅ ਜੁਗਤਿ ੧੩੯
ਜੀਵਤ ਛਾਡਿ ਜਾਹਿ ੨੦੩
ਜੀਵਨ ਪਦਵੀ ੨੦੭
ਜੀਅਰੇ ਓਲਾ ੨੫੨
ਜੇਤੇ ਜਤਨ ੭੭੨
ਜੈ ਘਰਿ ਕੀਰਤਿ ੩੦
ਜੈਸੀ ਧਰਤੀ ੪੯
ਜੋ ਇਸੁ ਮਾਰੇ ੩੭੪
ਜੋਤਿ ਕੀ ਜਾਤਿ ੭੨੧
ਜੋ ਜਨ ਪਰਮਤਿ ੭੨੨
ਜੋ ਪਰਾਇਓ ੧੪੩
ਜੋ ਪ੍ਰਾਣੀ ਗੋਬਿੰਦੁ ੧੯੬
ਜੋਗ ਜੁਗਤ ੨੪੦
ਜੋ ਜਨ ਲੇਹ ੭੩੯
ਜੋਗੀ ਕਹਹਿ ੭੬੩
ਜੋਨਿ ਛਾਡਿ ਜਉ ੭੯੦

(ਝ)

ਝਗਰਾ ਏਕ ੭੫੨

(ਡ)

ਡਰਿ ਘਰੁ ਘਰਿ ਡਰੁ ੨
ਡਰਿ ਡਰਿ ਮਰਤ ੧੪੬

(ਤ)

ਤਉ ਕਿਰਪਾ ਤੇ ਮਾਰਗੁ ੧੨੨
ਤਹ ਪਾਵਸ ੭੫੯
ਤਾਪ ਗਏ ੧੬੯
ਤਾ ਕਾ ਦਰਸ ੧੭੬
ਤਿਸ ਕੀ ਸਰਣਿ ੧੧੩
ਤ੍ਰਿਸਨਾ ਬਿਰਲੇ ਹੀ ੨੬੩
ਤਿਸੁ ਗੁਰ ਕਉ ੩੯੨
ਤੁਮਹੀ ਕਿਰਪਾ ੧੭੩
ਤੁਝ ਬਿਨ ਕਵਨ ੨੩੫
ਤੁਝ ਬਿਨ ਕਵਨ ੨੩੬
ਤੁਮ ਹਰ ਸੇਤੀ ੨੪੪
ਤੁਮ ਦਿਆਲ ੯੧
ਤੂ ਅਕਥ ੪੦
ਤੂ ਮੇਰਾ ਸਖਾ ੧੨੯
ਤੂ ਸਮਰਥ ੧੭੫
ਤੂ ਹੈ ਮਸਲਤਿ ੨੧੦
ਤੂ ਮੇਰਾ ਬਹੁ ੩੯੨
ਤ੍ਰੈਗੁਣ ਵਿਖਾਣੈ ੩੪੯

(ਥ)

ਥਾਤੀ ਪਾਈ ਹਰਿ ਕੋ ੧੯੧
ਥਿਰੁ ਘਰਿ ਬੈਸਹੁ ੨੧੩

(ਦ)

ਦਯੁ ਗੁਸਾਈ ੨੨੧
ਦਇਆ ਮਇਆ ੩੪੩


Digitized by Panjab Digital Library | www.panjabdigilib.org

| | | | |
|---|---|---|---|
| ਦੀਬਾਨ ਹਮਾਰੋ | ੨੫੧ | ਨਿਕਸਿ ਰੇ ਪੰਖੀ | ੨੨੫ |
| ਦੀਨ ਦਇਆਲ | ੨੭੭ | ਨਿੰਦਉ ਨਿੰਦਉ | ੭੯੯ |
| ਦੁਲਭ ਦੇਹ | ੧੫੫ | ਨੇਤ੍ਰ ਪਰਗਾਸੁ ਕੀਆ | ੨੦੯ |
| ਦੁਖ ਭੰਜਨੁ | ੧੯੩ | ਨੈਨਹੁ ਨੀਦ ਪਰ | ੧੩੧ |
| ਦੂਜੀ ਮਾਇਆ | ੩੦੬ | (ਪ) | |
| ਦੇਇ ਮੁਹਾਰ | ੭੪੨ | ਪਉਣੈਪਾਣੀ ਅਗਨੀ | ੫ |
| ਦੇਖੌ ਭਾਈ ਗ੍ਹਾਨ | ੭੫੩ | ਪਉ ਸਰਣਾਈ ਜਿਨਿ | ੧੯੪ |
| ਦੇਵਾ ਪਾਹਨ | ੮੧੫ | ਪਤਿਤ ਅਸੰਖ | ੪੧੯ |
| (ਧ) | | ਪ੍ਰਾਣੀਜਾਣੈ ਇਹੁ ਤਨੁ | ੧੨੧ |
| ਧੰਨ ਓਹੁ ਮਸਤਕ | ੨੧੦ | ਪ੍ਰਾਨੀ ਕਉ ਹਰਿ ਜਸ | ੨੯੯ |
| ਧੋਤੀ ਖੋਲਿ ਵਿਛਾਏ | ੨੧੨ | ਪ੍ਰਭਕੇ ਚਰਨ ਮਨਿ | ੧੮੪ |
| ਧੰਨੁ ਇਹ ਥਾਨੁ | ੧੯੫ | ਪ੍ਰਭ ਮਿਲਬੇ ਕਉ | ੨੨੪ |
| (ਨ) | | ਪ੍ਰਥਮੈ ਬ੍ਰਹਮਾ | ੩੨੬ |
| ਨਰ ਅਚੇਤ | ੨੯੪ | ਪ੍ਰਥਮੇ ਗਰਭ | ੩੭੧ |
| ਨਗਨ ਫਿਰਤ | ੭੧੬ | ਪਾਰਬ੍ਰਹਮ | ੨੪੭ |
| ਨਾਮ ਭਗਤ | ੧੬੧ | ਪਾਇਓ ਬਾਲ ਬੁਧ | ੨੬੮ |
| ਨਾ ਮਨ ਮਰੈ | ੩੦੧ | ਪਾਇਆ ਲਾਲ | ੨੭੧ |
| ਨਾਮ ਅਮੋਲਕੁ | ੩੫੧ | ਪਾਪ ਪੁੰਨ ਦੋਇ | ੭੬੧ |
| ਨਾਰਾਇਣ ਹਰਿ ਰੰਗ | ੩੯੮ | ਪਾਨੀ ਮੈਲਾ ਮਾਟੀ | ੭੭੮ |
| ਨਾ ਮੈ ਜੋਗ | ੭੪੪ | ਪਿਰ ਬਿਨ ਖਰੀ | ੪੦੨ |
| ਨਿਧਿ ਸਿਧਿ | ੨੯੫ | ਪਿੰਡ ਮੂਏ | ੭੩੧ |
| ਨਿਰਗੁਣ ਕਥਾ | ੫੮ | ਪੂਰਾ ਮਾਰਗ | ੧੫੭ |
| ਨਿਤ ਦਿਨਸੁ ਰਾਤਿ | ੬੮ | ਪੇਈਅੜੇ ਦਿਨ | ੫੨ |
| ਨਿਤ ਪ੍ਰਤਿ ਨਾਵਣ | ੨੦੧ | ਪੇਵਕੜੇ ਦਿਨ ਚਾਰ | ੭੬ |


Digitized by Panjab Digital Library | www.panjabdigilib.org

ਪੰਡਿਤੁ ਸਾਸਤ ੫੨
ਪੰਥ ਨਿਹਾਰੈ ੭੯੩
ਪੰਦ੍ਰਾਂ ਥਿਤੀ ੯੦੭

(ਫ)

ਫੁਰਮਾਨ ਤੇਰਾ ੭੯੭

(ਬ)

ਬਹੁਤੁ ਦਰਬੁ ਕਰਿ ੧੧੮
ਬਹੁਰੰਗ ਮਾਇਆ ੧੨੦
ਬ੍ਰਹਮੈ ਗਰਭ ਕੀਆ ੩੧੪
ਬ੍ਰਹਮਾ ਮੂਲੁ ੩੪੪
ਬ੍ਰਹਮਾ ਵੇਦ ੩੪੭
ਬਾਹਰਿ ਰਾਖਿਓ ਰਿਦੈ ੧੯੪
ਬਾਰਨੇ ਬਲਿਹਾਰਣੇ ੨੫੩
ਬਾਰਬਾਰ ੯੧੨
ਬਾਵਨ ਅਖਰ ੭੯੩
ਬਿਆਪਤ ਹਰਖ ਸੋਗ ੧੨੯
ਬਿਖੈ ਰਾਜ ਤੇ ਅੰਧੁਲਾ ੧੯੯
ਬਿਨੁ ਸਿਮਰਨ ੩੭੯
ਬਿਨ ਸਤ ਸਤੀ ੭੩੬
ਬਿਖਿਆ ਬਿਆਪਿਆ ੭੩੭
ਬਿਪਲ ਬਸਤ੍ਰ ੭੯੬
ਬੇਦ ਕੀ ਪੁਤ੍ਰੀ ੭੯੧
ਬੇਗਮ ਪੁਰਾ ੯੧੭
ਬੋਲਹਿ ਸਾਚੁ ੩੨੯
ਬੰਧਨ ਤੋੜਿ ਬੋਲਾਵੈ ੧੩੬

(ਭ)

ਭਉ ਮੁਚੁ ਭਾਰਾ ੧
ਭਲੇ ਦਿਨਸ ੧੭੦
ਭਾਵਨ ਤਿਆਗਿਓ ੨੬੯
ਭੀਖਕ ਪ੍ਰੀਤਿ ੬੦
ਭੁਜ ਬਲ ਬੀਰ ੨੨੦
ਭੈ ਮਹਿ ਰਚਿਓ ੧੭੩

(ਮ)

ਮਨ ਮਾਰੇ ਧਾਤ ਮਰਿ ੩੬
ਮਨਮੁਖ ਸੂਤਾ ੪੩
ਮਨ ਮਾਹੀ ਮਨ ੯੭
ਮਨੁ ਮੰਦਰੁ ਤਨੁ ਸਾਜੀ ੧੨੫
ਮਹਜਰੁ ਝੂਠਾ ਕੀਤੋਨੁ ੨੦੫
ਮਨ ਧਰ ਤਰਬੇ ੨੫੦
ਮਨ ਰਾਮ ਨਾਮ ੨੫੫
ਮਨ ਰੇ ਕਹਾ ੨੯੩
ਮਨ ਕੁੰਚਰ ੨੯੯
ਮਨ ਕਾ ਸੂਤਕੁ ੩੩੮
ਮਨ ਹੀ ਮਨ ੩੫੩
ਮਨ ਕਰਹਲਾ ੩੬੧
ਮਨ ਕਾ ਸੁਭਾਉ ੭੪੦
ਮਾਤਾ ਮਤਿ ਪਿਤਾ ਸੰਤੋਖ ੪
ਮਾਤਾ ਪ੍ਰੀਤਿ ਕਰੇ ੫੯

Digitized by Panjab Digital Library | www.panjabdigilib.org

ਮਾਤੇ ਹਰਿ ਰੰਗਿ ੨੬੬
ਮਾਧਉ ਹਰਿ ਹਰਿ ੨੭੭
ਮਾਇਆ ਸਰ ੪੦੭
ਮਾਧਉ ਜਲ ਕੀ ੭੧੪
ਮਾਈ ਮੋਹ ਅਵਰ ੭੯੧
ਮਿਲਹੁ ਪਿਆਰੇ ੨੩੭
ਮਿਲੁ ਮੇਰੇ ਗੋਬਿੰਦ ੩੯੩
ਮੀਤ ਕਰੈ ੧੫੩
ਮੀਠੇ ਹਰਿ ਗੁਣ ੨੯੬
ਮੁੰਦ੍ਰਾ ਤੇ ਘਟ ਭੀਤਰ ੨੨
ਮੁੰਧ ਰੈਣ ਦੁਹੇਲੜੀਆ ੩੯੩
ਮੇਰੀ ਸੰਗਤ ੯੧੬
ਮੇਰੇ ਮਨ ਸੋ ਪ੍ਰਭ ੯੩
ਮੇਰਾ ਬਿਰਹੀ ਨਾਮ ੧੦੩
ਮੇਰੇ ਮਨ ੨੬੦
ਮੇਰੇ ਮਨ ੨੬੨
ਮੇਰੇ ਮਨ ਬੈਰਾਗ ੪੧੩
ਮੈ ਹਰਿ ਨਾਮੈ ਹਰਿ ੧੦੨
ਮੋਹਿ ਦਾਸਰੋ ੨੫੯
ਮੋਕਉ ਇਹ ਬਿਧਿ ੨੭੪
ਮੋਹਨ ਤੇਰੇ ਊਚੇ ੪੧੬

(ਰ)

ਰਸਨਾ ਜਪੀਐ ੨੫੬
ਰਾਖ ਲੀਆ ਗੁਰ ੧੬੫
ਰਾਮਰੰਗੁ ਕਦੇ ਉਤਰਿ ੧੯੦
ਰਾਮ ਰਸਾਇਣ ੨੦੦
ਰਾਮ ਕੋ ਬਲ ਪੂਰਨ ੨੧੯
ਰਾਖ ਪਿਤਾ ਪ੍ਰਭ ੨੩੦
ਰਾਮ ਨਾਮ ਚਿਤੁ ੩੩੨
ਰਾਮ ਜਪਉ ੭੭੯
ਰਾਜਾ ਰਾਮ ਤੂੰ ੭੯੦
ਰੇ ਮਨ ਮੇਰੇ ਤੂੰ ਤਾਕਉ ੧੫੨
ਰੇ ਜੀਅ ਨਿਲੱਜ ੭੪੮
ਰੇ ਮਨ ਤੇਰੋ ੭੯੨
ਰੈਣਿ ਗਵਾਈ ਸੋਇਕੈ ੨੭
ਰੈਣਿ ਦਿਨਸੁ ਰਹੈ ੧੨੬
ਰੰਗ ਸੰਗ ਬਿਖਿਆ ੩੯੨

(ਲ)

ਲਖ ਚਉਰਾਸੀਹ ੭੯੯

(ਵ)

ਵਡੇ ਵਡੇ ਜੋ ਦੀਸਹਿ ੧੫੬

Digitized by Panjab Digital Library | www.panjabdigilib.org

# ਭਾਵਾਰਥ ਤਤਕਰਾ


(ੳ)

ਉਲਟੇ ਲੋਕ ੩੩੭

(ਅ)

ਅਸੰਤ ੪੪

ਆਪਣਾਖਿਆਲ ੫੭

(ਸ)

ਸਤੀ(ਇਸਤ੍ਰੀ) ੧੧੪-੭੩੬

ਸ਼ਰਾਬ ਨਿੰਦਾ ੭੩੯

ਸਰਾਧ ੭੫੫

ਸਰੀਰ ਤਾਣੀ ੭੬੯

ਸਰੀਰ ਦਾ ਕੀ ਹਾਲ ੭੪੩
(ਦੇਖੋ (ਕ) ਕਾਇਆਂ ਅਤੇ
(ਦ) ਦੇਹ ਦਾ ਕੀ ਹਾਲ)

ਸਿਖ ਕੌਣ ਹੈ ੬੪੭

ਸੁਖ ਕੀਕੂੰ ਹੋਵੇ ੧੦੫

ਸੂਤਕ ੩੩੯-੭੫੧

ਸੀਤਲਾ ਰਾਣੀ ੨੦੯

(ਹ)

ਹਰੀ ਦੇ ਵੱਸ ਹੈ ੭੫

(ਕ)

ਕਈ ਜਨਮ ਧਾਰੇ ਹਨ ੨੬

ਕਲਜੁਗ ੪੪

ਕਈ ਜਨਮ ਭੋਗੇ ੧੦੯
(ਦੇਖੋ ਜੱਜਾ)

ਕਾਠ ਦੀ ਪੁਤਲੀ ੨੩੨

ਕਾਇਆ(ਦੇਖੋ ਸਰੀਰ)੭੪੩

ਕੋਈ ਕਿਸੇ ਦਾ ਨਹੀਂ ੧੫੬

ਕੁੰਜੀ ਗੁਰੂ ਪਾਸ ਹੈ ੨੨੭

(ਖ)

ਖਜ਼ਾਨਾ (ਗੁਰਬਾਣੀ) ੧੪੫

(ਗ)

ਗਿਆਨੀ ੨੯੩

ਗੁਰੂ ਦਾ ਰਸਤਾ—ਗੁਰਮੁਖੀ
ਪੰਜਾਬੀ ਦੀ ਲੋੜ ਹੈ ੫੦

ਗੁਰੂ ੭੬

ਗੁਰੂ ਬਚਨ ਕੀ ਹੈ ੧੧੦

(ਚ)

ਚੋਰ(ਪੰਜ ਚੋਰ) ੧੩੨
(ਦੇਖੋ ਪੱਪਾ)

(ਜ)

ਜਨਮ ੭੨੫-੧੦੯
(ਕਈ ਜਨਮ ਧਾਰੇ)
(ਦੇਖੋ ਕੱਕਾ)

ਜਾਤੀ ੭੧੯


Digitized by Panjab Digital Library | www.panjabdigilib.org

ਜੀਵ ਮਰਦਾ ਨਹੀਂ ੫

(ਟ)

ਟਹਿਲ ਮਹਿਲ ੪੫੨

(ਤ)

ਤਨ ਵਿਚ ਪ੍ਰਮੇਸਰ ੧੨੫

ਤਪਾ (ਇਕ ਇਤਹਾਸਕ ਸਾਖੀ ਸ੍ਰੀ ਗੁਰੂ ਅਮਰਦਾਸ ਜੀ ਦੇ ਵੇਲੇ ਦੀ) ੬੪੭

ਅਗੇ ਹੋਰ ਦੇਖੋ ਸਫਾ ੬੯੩

ਤ੍ਰਿਸ਼ਨਾ ੨੭੩

(ਦ)

ਦਾਤਾ ੪੫੯

ਦਾਸਨ ਦਾਸ ੪੪੮

ਦੂਤ ਤੇ ਧਰਮਰਾਜਾ ੪੫੬

ਦੇਹ ਦਾ ਕੀ ਹਾਲ ੭੪੩

ਦੇਖੋ (ਸ) ਸਰੀਰ

ਦੇਹ ਕਿਥੋਂ ਬਣੀ ੭੭੯

ਦ੍ਵੈਤ ਨੂੰ ਮਾਰੋ ੩੭੬

(ਧ)

ਧਰਮ ਰਾਜਾ ਤੇ ਦੂਤ ੪੫੬

ਧਨ (ਸੱਚਾ) ੭੭੬

(ਨ)

ਨਾਮ ਬਿਨਾ ਕਿਸੇ ਕੰਮ ਨਹੀਂ ੧੬੬

ਨਾਮ ਬਿਨਾ ਸੁਖਨਹੀਂ ੧੭੪

ਨੀਚ ਚੰਗਾ ਹੈ ਜੋ ਨਾਮ ਜਪਦਾ ਹੈ ੪੪੧

ਨਿੰਮ੍ਰਤਾ (ਚੌਥੇ ਗੁਰੂ ਦੀ) ੭੧-੭੨

ਨਿੰਦਾ ਨ ਕਰੋ ੭੯੯

(ਪ)

ਪ੍ਰਮੇਸਰ ਦੀ ਓਟ ੨੦੪

ਪਰਾਹੁਣੇ ੨੬੧

ਪ੍ਰੀਤੀ (ਗੁਰੂ ਕੇ ਸਿਖ ਦੀ) ੫੯-੭੪

ਪੰਜ ਚੋਰ ਦੇਖੋ ੧੩੨-੨੩੧

ਪੰਜਾਬੀਦੀ ਬਹੁਤ ਲੋੜਹੈ ੫੦

(ਬ)

ਬੇਨਤੀ (ਜੀਵ ਨੇ ਕਈ ਜਨਮ ਧਾਰੇ ਹਨ) ੨੬

ਬਾਬਾ ਨੰਦ ੭੯੭

(ਭ)

ਭਗਤ ਵੱਡਾ ਹੈ ੧੫੭

ਭਗੌਤੀ ੫੨੬

ਭੁਰਿਆ ਹੋਇਆ ਹਾਂ ੨੭

(ਮ)

ਮਨੁਖ ਜਨਮ ਅਮੋਲਕ ਹੀਰਾ ਹੈ,ਬਿਅਰਥ ਨਾ ਗਵਾਓ ੨੭

ਮਨ ੩੭

ਮਨ ੨੯੯-੩੦੨


Digitized by Panjab Digital Library | www.panjabdigilib.org

| | | | |
|---|---|---|---|
| ਮਰਨਾ | ੩੨੭-੩੨੯ | ਰਾਮ ਸਰ ਸਤਸੰਗ | ੨੦੧ |
| | ੩੭੨-੭੩੩ | ਰਾਮ ਸੰਤ ਇਕ ਹਨ | ੨੪੪ |
| ਮਾਇਆ | ੧੧੬ | | |
| ਮਾਇਆ | ੧੨੦ | (ਵ) | |
| ਮਾਇਆ | ੧੩੧ | ਵਿਸ਼ਈ ਨਰ-ਜੋ ਪ੍ਰਮੇਸ਼ਰ ਨੂੰ | |
| ਮਾਇਆ | ੩੪੬ | ਵਿਸਾਰਕੇ ਖਰਾਬ ਇਸਤ੍ਰੀਆਂ | |
| (ਰ) | | | |
| ਰਸਨਾ | ੩੪--੧੨੪ | ਦਾ ਆਖਤਾ ਮੰਨਦੇਹਨ | ੬੪੩ |
| ਰਾਜਾ ਤੇ ਭਗਤ | ੧੯੯ | ਵੈਰ ਨ ਕਰੋ | ੪੬੯ |


ਭਾਵਾਰਥ ਤਤਕਰਾ ਸਮਾਪਤ ਰਾਗ ਗੌੜੀ
ਜਿਲਦ ਦੂਸਰੀ

•

ਟੀਕਾਕਾਰ-

ਬਿਸ਼ਨ ਸਿੰਘ ਗਿਆਨੀ

ਖਾਲਸਾ ਕਾਲਜ

ਸ੍ਰੀ ਅੰਮ੍ਰਿਤਸਰ

Digitized by Panjab Digital Library | www.panjabdigilib.org

# ਰਾਗੁ ਗਉੜੀ ਗੁਆਰੇਰੀ ਮਹਲਾ ੧ ਚਉਪਦੇ ਦੁਪਦੇ

## ੧ ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥

ਸਿੱਖ–ਕਾਲ ਦਾ ਡਰ ਬੜਾ ਹੈ,ਇਸਤੋਂ ਕਿਸਤਰਾਂ ਛੁਟਾਂ ?
ਗੁਰੂ–ਪ੍ਰਮੇਸ਼ਰ ਦਾ ਡਰ ਧਾਰਨ ਕਰ।

**॥ ਭਉ ਮੁਚੁ ਭਾਰਾ ਵਡਾ ਤੋਲੁ ॥ ਮਨਮਤਿ ਹਉਲੀ ਬੋਲੇ ਬੋਲੁ ॥ ਸਿਰਿ ਧਰਿ ਚਲੀਐ ਸਹੀਐ ਭਾਰੁ ॥ ਨਦਰੀ ਕਰਮੀ ਗੁਰ ਬੀਚਾਰੁ ॥ ੧ ॥**

ਵਾਹਿਗੁਰੂ ਦਾ ਡਰ ਬਹੁਤ ਭਾਰਾ ਹੈ ਅਤੇ ਤੋਲ = ਵਿਚਾਰ ਵੀ ਵੱਡਾ ਹੈ। ਮਨ = ਜੀਵ ਦੀ ਅਕਲ ਥੋੜੀ ਹੈ ਇਸ ਲਈ ਬੋਲ ਵੀ ਹੋਛੇ, ਥੋੜੇ, ਨਿਕੰਮੇ, ਬੋਲ਼ਦਾ ਹੈ। ਜਦੋਂ ਪ੍ਰਮੇਸ਼ਰ ਦਾ ਡਰ ਸਿਰ ਉਤੇ ਧਰਕੇ ਭਾਵ ਮੰਨ ਕੇ ਸਹਾਰ ਕੇ ਚੱਲੀਏ ਤਾਂ ਪ੍ਰਮੇਸ਼ਰ ਦੀ ਕਿਰਪਾ ਨਾਲ ਗੁਰਾਂ ਦੁਆਰੇ ਵਿਚਾਰ ਪ੍ਰਾਪਤਿ ਹੁੰਦੀ ਹੈ,ਭਾਵ ਵਿਚਾਰ ਨੂੰ ਕਰ ਸੱਕੀਦਾ ਹੈ।

**ਭੈ ਬਿਨੁ ਕੋਇ ਨ ਲੰਘਸਿ ਪਾਰਿ ॥ ਭੈ ਭਉ ਰਾਖਿਆ ਭਾਇ ਸਵਾਰਿ ॥ ੧ ॥ ਰਹਾਉ ॥ ਭੈ ਤਨਿ ਅਗਨਿ ਭਖੈ ਭੈ ਨਾਲਿ॥ ਭੈ ਭਉ ਘੜੀਐ ਸਬਦਿ ਸਵਾਰਿ॥ ਭੈ ਬਿਨੁ ਘਾੜਤ ਕਚੁ ਨਿਕਚ॥ ਅੰਧਾ ਸਚਾ ਅੰਧੀ ਸਟੁ॥੨॥**

ਪ੍ਰਮੇਸ਼ਰ ਦੇ ਡਰ ਤੋਂ ਬਿਨਾ ਸੰਸਾਰ ਸਮੁੰਦਰ ਤੋਂ ਪਾਰ ਕੋਈ ਵੀ ਨਹੀਂ ਲੰਘ ਸੱਕਦਾ ਹੈ। ਇੱਕਰ ਸਮਝ ਕੇ ਜਿਨ੍ਹਾਂ ਨੂੰ ਪ੍ਰਮੇਸ਼ਰ ਦਾ ਡਰ ਹੋਇਆ ਹੈ,ਓਹਨਾਂ ਨੇ ਚੰਗੀ ਤਰਾਂ ਸਵਾਰਕੇ ਦਿਲ ਵਿਚ ਪ੍ਰਮੇਸ਼ਰ ਦਾ ਪ੍ਰੇਮ ਰੱਖਿਆ ਹੈ।

ਜੇਹੜਾ ਤਨ ਦੇ ਅੰਦਰ ਡਰ ਧਾਰਨ ਕਰ ਰੱਖੀਦਾ ਹੈ ਓਹ ਡਰ ਅੱਗ ਹੈ,ਸੋ ਓਹ ਮਨ ਦੇ ਡਰ ਨਾਲ ਵ੍ਧਦਾ ਹੈ ਭਾਵ ਤੇਜ ਹੁੰਦਾ ਹੈ ਜਾਂ ਜੇਹੜਾ ਮਨ ਦੇ ਅੰਦਰ ਡਰ ਹੈ,ਓਹ ਫੂਕ ਮਾਰਨ ਵਾਲ਼ੀ ਨਾਲੀ ਹੈ।ਜਿਨ੍ਹਾਂ ਨੂੰ ਡਰ ਹੋਇਆ ਹੈ ਓਹਨਾਂ ਦਾ ਉਪਦੇਸ਼ ਬਣਾ ਕੇ ਘੜੀਦਾ ਹੈ,ਭਾਵ ਓਹਨਾਂ ਦਾ ਉਪਦੇਸ਼ ਧ੍ਾਰਨਾ ਸਹਿਤ ਹੈ।

Digitized by Panjab Digital Library | www.panjabdigilib.org

ਜੇਹੜੇ ਬਿਸਮਝ ਆਦਮੀ ਗੁਰੂ ਸਮਾਨ ਬਣਦੇ ਹਨ,ਓਹਨਾਂ ਦੇ ਉਪ-ਦੇਸ਼ ਦੀ ਘਾੜਤ ਬਹੁਤ ਹੀ ਕੱਚੀ ਹੈ ਜਾਂ ਕੱਚ ਆਦਕ ਤੋਂ ਵੀ ਕੱਚੀ ਹੈ।
ਓਹਨਾਂ ਦਾ ਦਿਲ ਰੂਪ ਸੱਚਾ ਵੀ ਅੰਧਾ = ਅਗਜਾਨ ਦੇ ਸਹਿਤ ਹੈ ਅਤੇ ਸੱਟ = ਉਪਦੇਸ ਦੀ ਰੀਤ ਵੀ ਨਹੀਂ ਆਉਂਦੀ ਹੈ, ਇੱਕੁਰ ਓਹ ਸੱਟ ਵੀ ਅੰਨ੍ਹੀ ਹੀ ਹੈ।

**ਬੁਧੀ ਬਾਜੀ ਉਪਜੈ ਚਾਉ ॥ ਸਹਸ ਸਿਆਣਪ ਪਵੈ ਨ ਤਾਉ ॥ ਨਾਨਕ ਮਨਮੁਖਿ ਬੋਲਣੁ ਵਾਉ ॥ ਅੰਧਾ ਅਖਰੁ ਵਾਉ ਦੁਆਉ ॥ ੩ ॥ ੧ ॥**

ਓਹਨਾਂ ਦੀ ਅਕਲ ਵਿਚ ਬਾਜੀਗਰ ਦੀ ਬਾਜੀ ਸਮਝੋ। ਸਾਰਾ ਸੰਸਾਰ ਨਾਸ ਹੋ ਜਾਣ ਵਾਲਾ ਹੈ, ਉਸਦਾ ਚਾਉ ਪੈਦਾ ਹੁੰਦਾ ਹੈ ਅਤੇ ਹਜ਼ਾਰਾਂ ਹੀ ਚਤਰਾਈਆਂ ਨਾਲ ਵੀ ਬੇ ਸਮਝ ਸਾਧਨਾ ਦੇ ਤਾਉ ਵਿਚ ਨਹੀਂ ਪੈਂਦਾ ਹੈ।
ਗੁਰੂ ਜੀ-ਮਨਮੁਖਾਂ ਦਾ ਬੋਲਣਾ ਵਾ ਵਰਗਾ ਬਿਅਰਥ ਹੈ ਅਤੇ ਅੰਧਾ = ਅਗਜਾਨ ਵਾਲਾ ਹੈ, ਅਖਰ = ਉਪਦੇਸ਼, ਭਾਵੇਂ ਕਿਸੇ ਨੂੰ ਵਰ ਦੇਵੇ ਭਾਵੇਂ ਸ੍ਰਾਪ ਦੇਵੇ, ਉਹ ਵੀ ਬਿਅਰਥ ਹੀ ਹੈ ॥

## ਗਉੜੀ ਮਹਲਾ ੧ ॥

**ਡਰਿ ਘਰੁ ਘਰਿ ਡਰੁ ਡਰਿ ਡਰੁ ਜਾਇ ॥ ਸੋ ਡਰੁ ਕੇਹਾ ਜਿਤੁ ਡਰਿ ਡਰੁ ਪਾਇ ॥ ਤੁਧੁ ਬਿਨੁ ਦੂਜੀ ਨਾਹੀ ਜਾਇ ॥ ਜੋ ਕਿਛੁ ਵਰਤੈ ਸਭ ਤੇਰੀ ਰਜ਼ਾਇ ॥ ੧ ॥**

ਹੇ ਪ੍ਰਮੇਸ਼ਰਾ ! ਜਿਨ੍ਹਾਂ ਆਦਮੀਆਂ ਨੇ ਤੇਰਾ ਡਰ ਘਰ = ਦਿਲ ਵਿਚ ਮੰਨਿਆ ਹੈ ਅਤੇ ਡਰ ਵਿਚ ਘਰ ਕੀਤਾ ਹੈ,ਓਹਨਾਂ ਆਦਮੀਆਂ ਦਾ ਉਸ ਤੇਰੇ ਡਰ ਨਾਲ ਜਮਾਂ ਦਾ ਡਰ ਜਾਂਦਾ ਰਹਿੰਦਾ ਹੈ। ਜਿਸ ਡਰ ਕਰਕੇ ਪਹਿਲੇ ਡਰਦਾ ਰਹਿੰਦਾ ਸੀ,ਓਹ ਡਰ ਕਿਸਤਰਾਂ ਦਾ ਹੈ ਭਾਵ ਓਹ ਡਰ ਹੁਣ ਨਹੀਂ ਰਿਹਾ ਹੈ ਜਾਂ ਓਹ ਡਰ ਕਿਸਤਰਾਂ ਦਾ ਹੈ ਜਿਸ ਡਰ ਕਰਕੇ ਡਰ ਵੀ ਡਰ ਜਾਂਦਾ ਹੈ। ਆਪ ਤੋਂ ਬਿਨਾ ਕੋਈ ਦੂਸਰੀ ਜਗ੍ਹਾ ਨਹੀਂ ਹੈ, ਜੋ ਕੁਛ ਵਰਤਦਾ ਹੈ ਸੋ ਸਾਰਾ ਤੇਰੀ ਆਗਜ਼ਾ ਵਿਚ ਹੈ।

**ਡਰੀਐ ਜੇ ਡਰੁ ਹੋਵੈ ਹੋਰੁ ॥ ਡਰਿ ਡਰਿ ਡਰਣਾ ਮਨ ਕਾ ਸੋਰੁ ॥ ੧ ॥ ਰਹਾਉ ॥ ਨਾ ਜੀਉ ਮਰੈ ਨ ਡੂਬੈ ਤਰੈ ॥ ਜਿਨਿ ਕਿਛੁ ਕੀਆ ਸੋ ਕਿਛੁ ਕਰੈ ॥ ਹੁਕਮੇ ਆਵੈ**

Digitized by Panjab Digital Library | www.panjabdigilib.org

**ਹੁਕਮੇ ਜਾਇ ॥ ਆਗੈ ਪਾਛੈ ਹੁਕਮਿ ਸਮਾਇ ॥ ੨ ॥**

ਜੇ ਕੋਈ ਹੋਰ ਸਾਨੂੰ ਡਰਾਉਣ ਵਾਲਾ ਹੋਵੇ ਤੇ ਤਾਂ ਅਸੀਂ ਡਰੀਏ ਵੀ ਭਾਵ ਸਾਰੇ ਰੂਪ ਤੂੰ ਆਪ ਹੀ ਹੈਂ। ਜੇਹੜਾ ਡਰ ਦੇ ਡਰਾਇਆਂ ਡਰਨਾ ਹੈ,ਸੋ ਇਹ ਮਨ ਦਾ ਸ਼ੋਰ ਸ਼ਰਾਬਾ ਹੈ।

ਜੇ ਚੰਗੀ ਤਰਾਂ ਵਿਚਾਰੀਏ ਤਾਂ ਇਹ ਜਾਪਦਾ ਹੈ ਕਿ ਨ ਇਹ ਜੀਵ ਆਪਣੇ ਆਪ ਮਰਦਾ ਹੈ ਨ ਡੁੱਬਦਾ ਹੈ ਨ ਤਰਦਾ ਹੈ। ਜਿਸ ਪ੍ਰਮੇਸਰ ਨੇ ਇਹ ਕੁਛ ਭਾਵ ਸੰਸਾਰ ਬਣਾਇਆ ਹੈ, ਓਹੋ ਹੀ ਜੋ ਕੁਛ ਚਾਹੁੰਦਾ ਹੈ ਕਰਦਾ ਹੈ,ਭਾਵ ਮਾਰਣਾ ਤਰਾਉਣਾ ਆਦਿਕ।

ਪ੍ਰਮੇਸਰ ਦੇ ਹੁਕਮ ਵਿਚ ਜੰਮਦਾ ਮਰਦਾ ਹੈ, ਅੱਗੇ ਪਿਛੇ ਭਾਵ ਸਾਰਿਆਂ ਸਮਿਆਂ ਵਿਚ ਜੀਵ ਪ੍ਰਮੇਸਰ ਦੇ ਹੁਕਮ ਵਿਚ ਮਿਲਿਆਹੋਇਆ ਹੈ।

**ਹੰਸੁ ਹੇਤੁ ਆਸਾ ਅਸਮਾਨੁ ॥ ਤਿਸੁ ਵਿਚਿ ਭੂਖ ਬਹੁਤੁ ਨੈਸਾਨੁ ॥ ਭਉ ਖਾਣਾ ਪੀਣਾ ਆਧਾਰੁ ॥ ਵਿਣੁ ਖਾਧੇ ਮਰਿ ਹੋਹਿ ਗਵਾਰੁ ॥ ੩ ॥**

ਕਿਸੇ ਨੂੰ ਮਾਰਨਾ, ਮੋਹ ਕਰਨਾ, ਆਸਾ ਕਰਨੀ ਇਹ ਅਕਾਸ਼ ਵਾਂਗ ਨਾ ਭਰਨ ਭਾਵ ਨਾ ਪੂਰੀਆਂ ਹੋਣ ਵਾਲੀਆਂ ਗੱਲਾਂ ਹਨ, ਭਾਵ ਬਹੁਤ ਸਾਰੀ ਦੁਨੀਆਂ ਦਾ ਰਾਜ ਪਾਕੇ ਵੀ ਜੀਵ ਰੱਜਦੇ ਨਹੀਂ ਹਨ। ਜਿਸਦੇ ਦਿਲ ਵਿਚ ਮੋਹ ਆਦਕ ਪਿੱਛੇ ਦੱਸੇ ਵਿਕਾਰ ਹਨ ,ਉਸਦੇ ਦਿਲ ਵਿਚ ਨੈ = ਨਦੀ ਦੇ ਪ੍ਰਵਾਹ ਸਾਨੁ = ਵਰਗਾ ਤ੍ਰਿਸ਼ਨਾ ਦਾ ਬਹੁਤ ਜ਼ੋਰ ਹੈ ਜਾਂ ਨੈਸਾਨ = ਪ੍ਰਗਟ ਹੈ।

ਜਿਨ੍ਹਾਂ ਨੇ ਤੇਰੇ ਡਰ ਦਾ ਖਾਣਾ ਪੀਣਾ ਤੇ ਆਸਰਾ ਕੀਤਾ ਹੈ, ਓਹ ਵਿਕਾਰਾਂ ਤੋਂ ਬਚਦੇ ਹਨ। ਭੈ = ਡਰ ਦੇ ਖਾਧਿਆਂ ਭਾਵ ਧਾਰਿਆਂ ਬਿਨਾ ਮੂਰਖਾਂ ਦਾ ਮਰਨਾ ਹੁੰਦਾ ਹੈ ਭਾਵ ਜਨਮ ਮਰਨ ਬਣਿਆ ਰਹਿੰਦਾ ਹੈ।

**ਜਿਸਕਾ ਕੋਇ ਕੋਈ ਕੋਇ ਕੋਇ ॥ ਸਭੁ ਕੋ ਤੇਰਾ ਤੂੰ ਸਭਨਾ ਕਾ ਸੋਇ ॥ ਜਾਕੇ ਜੀਅ ਜੰਤ ਧਨੁ ਮਾਲੁ ॥ ਨਾਨਕ ਆਖਣੁ ਬਿਖਮੁ ਬੀਚਾਰੁ ॥ ੪ ॥ ੨ ॥**

ਵਾਹਿਗੁਰੂ ਤੋਂ ਬਿਨਾਂ ਕਿਸੇ ਦਾ ਕੋਈ ਨਹੀਂ ਹੈ। ਜੇ ਕੋਈ ਜਿਸ ਕਿਸੇ ਦਾ ਹੈ ਤਾਂ ਕੋਈ ਕਹੋ = ਆਖੋ ਕੋਈ = ਕੌਣ ਹੈ ਭਾਵ ਕੋਈ ਨਹੀਂ ਹੈ, ਜੇ ਹੈ ਤੇ ਤਾਂ ਦੱਸੋ,ਸੋ ਹੇ ਪ੍ਰਮੇਸ਼ਰਾ ! ਤੂੰ ਸਾਰਿਆਂ ਦਾ ਮਾਲਕ ਹੈਂ, ਅਤੇ ਇਹ ਸਮਝੋ ਸਭ ਕੋਈ ਉਸ ਪ੍ਰਮੇਸ਼ਰ ਦਾ ਦਾਸ ਹੈ।

Digitized by Panjab Digital Library | www.panjabdigilib.org

ਜਿਸ ਪਰਮੇਸ਼ਰ ਦੇ ਛੋਟੇ ਵੱਡੇ ਜੀਵ ਅਤੇ ਸਾਰਾ ਧਨ ਮਾਲ ਹੈ ਭਾਵ ਜੋ ਕੁਛ ਵੀ ਜੀਵਾਂਨੂੰ ਦਿੱਤਾ ਹੋਇਆ ਹੈ। ਸਭ ਕੁਝ ਆਪ ਦਾ ਹੀ ਹੈ।

ਗੁਰੂ ਜੀ–ਪ੍ਰਮੇਸਰ ਦਾ ਆਖਣਾ ਤੇ ਵਿਚਾਰ ਕਰਨਾ ਔਖਾ ਹੈ॥ ੪ ॥ ੩॥

## ਗਉੜੀ ਮਹਲਾ ੧ ॥

**ਮਾਤਾ ਮਤਿ ਪਿਤਾ ਸੰਤੋਖੁ ॥ ਸਤੁ ਭਾਈ ਕਰਿ ਏਹੁ ਵਿਸੇਖੁ ॥ ੧ ॥**

{ ਗੁਰੂ ਜੀ ਇਕ ਦਿਨ ਘਰ ਤੋਂ ਬਾਹਰ ਨਿਕਲਕੇ ਚੰਦ੍ਰ ਭਾਨ; ਜੋ ਬਾਲੇ ਦੇ ਪਿਉ ਦਾ ਖੂਹ ਸੀ, ਓਥੇ ਜਾਕੇ ਭਜਨ ਕਰਨ ਲੱਗ ਪਏ ਤਾਂ ਚਾਚਾ ਲਾਲੂ ਜੀ ਨੇ ਆਖਿਆ ਤੁਸੀ ਘਰ ਵਿਚ ਮਾਤਾ ਪਿਤਾ ਦੇ ਪਾਸ ਕਿਉਂ ਨਹੀਂ ਰਹਿੰਦੇ ? ਤਾਂ ਗੁਰੂ ਜੀ ਪ੍ਰਮੇਸਰ ਅੱਗੇ ਬੇਨਤੀ ਕਰਦਿਆਂ ਹੋਇਆਂ ਚਾਚੇ ਨੂੰ ਸ਼ਬਦ ਸੁਣਾਇਆ ਹੈ। }

ਚੰਗੀ ਅਕਲ ਸਾਡੀ ਮਾਂ ਹੈ ਤੇ ਸੰਤੋਖ ਪਿਤਾ ਹੈ, ਜੇਹੜਾ ਸੱਚ ਬੋਲਣਾ ਹੈ,ਇਹ ਵਿਸ਼ੇਸ਼ ਕਰਕੇ ਚੰਗਾ ਭਰਾ ਹੈ।

**ਕਹਣਾ ਹੈ ਕਿਛੁ ਕਹਣੁ ਨ ਜਾਇ ॥ ਤਉ ਕੁਦਰਤਿ ਕੀਮਤਿ ਨਹੀ ਪਾਇ ॥ ੧ ॥ ਰਹਾਉ ॥**

ਪ੍ਰਮੇਸਰ ਦੀ ਕੁਦਰਤ ਦਾ ਜੇਹੜਾ ਕੁਛ ਆਖਣਾ ਹੈ ਇਹ ਆਖਿਆ ਨਹੀਂ ਜਾਂਦਾ ਹੈ।   ਹੇ ਵਾਹਿਗੁਰੂ ! ਤੂੰ ਜੇਹੜਾ ਕੁਦਰਤ ਦਾ ਮਾਲਕ ਹੈਂ ਤੇਰੀ ਵੀ ਕੀਮਤ ਨਹੀਂ ਪਾਈ ਜਾਂਦੀ।

**ਸਰਮ ਸੁਰਤਿ ਦੁਇ ਸਸੁਰ ਭਏ ॥ ਕਰਣੀ ਕਾਮਣਿ ਕਰਿ ਮਨ ਲਏ ॥ ੨ ॥**

ਸਰਮ = ਲੱਜਿਆ ਅਤੇ ਸੁਰਤਿ = ਵਿਚਾਰ ਜਾਂ ਗਿਆਨ ਵੈਰਾਗ ਦੋਵੇਂ ਸਸ ਸਹੁਰਾ ਹੋਏ ਹਨ।

ਜੇਹੜੀ ਚੰਗੀ ਕਰਣੀ ਹੈ ਇਹ ਕਾਮਣਿ = ਇਸਤ੍ਰੀ ਹੈ, ਇੱਕੁਰ ਦੇ ਗੁਣ ਸਾਡੇ ਮਨ ਨੇ ਲੈ ਲੀਤੇ ਭਾਵ ਧਾਰੇ ਹਨ।

**ਸਾਹਾ ਸੰਜੋਗੁ ਵੀਆਹੁ ਵਿਜੋਗੁ ॥ ਸਚੁ ਸੰਤਤਿ ਕਹੁ ਨਾਨਕ ਜੋਗੁ ॥ ੩ ॥ ੩ ॥**

ਸੰਤਾਂ ਦਾ ਸੰਜੋਗ = ਮਿਲਾਪ ਇਹ ਸਾਹਾ ਸੋਧਿਆ ਹੈ ਅਤੇ ਮਨਮੁਖਾਂ ਦੇ ਨਾਲੋਂ ਜੇਹੜਾ ਵਿਛੋੜਾ ਹੋਇਆ ਹੈ, ਇਹ ਸਾਡਾ ਵਿਆਹ ਹੋਇਆ ਹੈ। ਜੇਹੜਾ ਸੱਚੇ ਦਾ ਗਿਆਨ ਹੈ, ਇਹ ਪੁੱਤ ਹੈ।

Digitized by Panjab Digital Library | www.panjabdigilib.org

ਗੁਰੂ ਜੀ--ਇਹ ਸਾਰੇ ਸਰਬੰਧੀ ਸਾਡੇ ਜੋਗ = ਲਾਇਕ ਚੰਗੇ ਹਨ।

## ਗਉੜੀ ਮਹਲਾ ੧ ॥

**ਪਉਣੈ ਪਾਣੀ ਅਗਨੀ ਕਾ ਮੇਲੁ ॥ ਚੰਚਲ ਚਪਲ ਬੁਧਿ ਕਾ ਖੇਲੁ ॥ ਨਉ ਦਰਵਾਜੇ ਦਸਵਾ ਦੁਆਰੁ ॥ ਬੁਝੁ ਰੇ ਗਿਆਨੀ ਏਹੁ ਬੀਚਾਰੁ ॥ ੧ ॥**

{ ਇਕ ਪੰਡਤ ਜੋ ਗਿਆਨੀ ਕਹੌਂਦਾ ਸੀ, ਉਸਦਾ ਪਿਓ ਮਰ ਗਿਆ, ਉਹ ਗੁਰੂ ਜੀ ਦੇ ਪਾਸ ਆਇਆ, ਗੁਰੂ ਜੀ ਸ਼ਬਦ ਉਚਾਰਿਆ। }

ਦੇਹ ਵਿਚ ਤਾਂ ਪੌਣ* ਪਾਣੀ ਅੱਗ ਦਾ ਸਾਰਾ ਮੇਲ ਹੈ, ਚੰਚਲ ਮਨ ਤੇ ਚਪਲ = ਚੰਚਲ ਅਕਲ ਦਾ ਹੀ ਸਾਰਾ ਖੇਲ = ਪਸਾਰਾ ਹੈ,ਭਾਵ ਇਹਨਾਂ ਕਰਕੇ ਜੀਵ ਦਾ ਜਨਮ ਹੁੰਦਾ ਹੈ।

ਸਰੀਰ ਦੇ ਨੌ ਦਰਵਾਜ਼ੇ ਖੁਲੇ ਹਨ ਅਤੇ ਦਸਵਾਂ ਦਰਵਾਜ਼ਾ ਗੁਪਤ ਹੈ, ਓਏ ਗਿਆਨੀਆਂ ! ਇਸ ਵਿਚਾਰ ਦਾ ਸਮਝਣਾ ਕਰ, ਭਾਵ ਚੇਤਨ ਨੂੰ ਆਪਣਾ ਆਤਮਾ ਸਰੂਪ ਸਮਝ ਕੇ ਸੁਖ ਪਾ।

**ਕਥਤਾ ਬਕਤਾ ਸੁਨਤਾ ਸੋਈ ॥ ਆਪੁ ਬੀਚਾਰੇ ਸੁ ਗਿਆਨੀ ਹੋਈ ॥ ੧ ॥ ਰਹਾਉ ॥**

ਕਥਨ ਵਾਲਾ ਕਵੀਸ਼ਰ ਬੋਲਣ ਵਾਲਾ ਪੰਡਤ ਸੁਣਨ ਵਾਲਾ ਸ੍ਰੋਤਾ ਓਹੋ ਹੀ ਚੰਗਾ ਹੈ। ਜੇਹੜਾ ਆਪਣੇ ਆਪਨੂੰ ਵਿਚਾਰੇ ਓਹੋ ਹੀ ਗਿਆਨੀ ਹੁੰਦਾ ਹੈ ਭਾਵ ਵਿਚਾਰ ਕਰਨ ਵਾਲਾ ਆਦਮੀ ਗਿਆਨੀ ਹੋ ਜਾਂਦਾ ਹੈ ਜਾਂ ਸਾਰੇ ਰੂਪ ਪ੍ਰਮੇਸਰ ਹੈ, ਇਹ ਵਿਚਾਰ ਕੇ ਗਿਆਨੀ ਹੁੰਦਾ ਹੈ।

**ਦੇਹੀ ਮਾਟੀ ਬੋਲੈ ਪਉਣੁ ॥ ਬੁਝੁ ਰੇ ਗਿਆਨੀ ਮੂਆ ਹੈ ਕਉਣੁ ॥ ਮੂਈ ਸੁਰਤਿ ਬਾਦੁ ਅਹੰਕਾਰੁ ॥ ਓਹ ਨ ਮੂਆ ਜੋ ਦੇਖਣਹਾਰੁ ॥ ੨ ॥**

ਦੇਹੀ ਮਿੱਟੀ ਆਦਕ ਤੱਤਾਂ ਤੋਂ ਬਣੀ ਹੈ,ਇਸ ਲਈ ਜੜ੍ਹ ਹੈ, ਇਸਦੇ ਵਿੱਚ ਪੌਣ ਬੋਲ ਬੋਲਦਾ ਹੈ,ਭਾਵ ਸਾਰਿਆਂ ਇੰਦ੍ਰਿਆਂ ਨੂੰ ਪੌਣ (ਇੰਦ੍ਰੇ,ਵਾਕ) ਬੋਲ ਬੁਲਾਉਂਦਾ ਹੈ। ਹੇ ਗਿਆਨੀ ! ਇਸ ਵਿੱਚ ਸਮਝ ਕੌਣ ਮੋਇਆ ਹੈ। ( ਸੋ ਉਸ ਨੂੰ ਉਤਰ ਦੇਣਾ ਨਹੀਂ ਆਯਾ ਤਾਂ ਗੁਰੂ ਜੀ ਹੀ ਆਖਦੇ ਹਨ ) ਜਿਸ ਦਾ ਬਿਅਰਥ ਹੰਕਾਰ ਕਰਦਾ ਸੀ,ਓਹ ਦੇਹ ਮਰ ਗਈ ਹੈ। ਜਿਸ ਵਿੱਚ ਬੜੀ ਪ੍ਰੀਤੀ ਕਰਦਾ ਸੀ ਓਹ ਦੇਹੀ ਮਰੀ ਹੈ। ਜੇਹੜਾ ਸਾਰੀਆਂ ਇੰਦ੍ਰੀਆਂ ਵਿਚ

*ਇਨ੍ਹਾਂ ਤੋਂ ਪੰਜਾਂ ਤੱਤਾਂ ਦਾ ਗਿਆਨ ਹੈ,ਮਿੱਟੀ ਅਕਾਸ਼ ਹੋਰ ਸਮਝੋ।

Digitized by Panjab Digital Library | www.panjabdigilib.org

ਟਿਕ ਕੇ ਵੇਖਦਾ ਸੁਣਦਾ ਹੈ, ਓਹ ਚੇਤਨ ਸਾਖੀ ਨਹੀਂ ਮੋਇਆ ਹੈ।

**ਜੈ ਕਾਰਣਿ ਤਟਿ ਤੀਰਥ ਜਾਹੀ ॥ ਰਤਨ ਪਦਾਰਥ ਘਟ ਹੀ ਮਾਹੀ ॥ ਪੜਿ ਪੜਿ ਪੰਡਿਤੁ ਬਾਦੁ ਵਖਾਣੈ ॥ ਭੀਤਰਿ ਹੋਦੀ ਵਸਤੁ ਨ ਜਾਣੈ ॥ ੩ ॥**

ਜਿਸਦੇ ਲੱਭਣ ਵਾਸਤੇ ਤੀਰਥਾਂ ਦੇ ਕੰਢੇ ਉਤੇ ਜਾ ਬੈਠਦੇ ਹਨ। ਓਹ ਰਤਨ ਰੂਪ ਪਦਾਰਥ ਚੇਤਨ ਪ੍ਰਮੇਸ਼ਰ ਸਾਰਿਆਂ ਦਾ ਮਾਲਕ ਸਰੀਰ ਦੇ ਦਿਲ ਦੇ ਅੰਦਰ ਹੀ ਹੈ। ਪੰਡਤ ਵੇਦਾਂ ਸ਼ਾਸਤ੍ਰਾਂ ਨੂੰ ਪੜ੍ਹ ੨ ਕੇ ਬਿਅਰਥ ਹੀ ਝਗੜੇ ਕਰਦੇ ਹਨ। ਦਿਲ ਦੇ ਅੰਦਰ ਸੱਚੀ ਵਸਤੂ ਪ੍ਰਮੇਸ਼ਰ ਹੈ, ਉਸ ਨੂੰ ਨਹੀਂ ਜਾਣਦੇ ਹਨ,ਇਸ ਲਈ ਪੜ੍ਹਨਾ ਬਿਅਰਥ ਹੈ।

**ਹਉ ਨ ਮੂਆ ਮੇਰੀ ਮੁਈ ਬਲਾਇ ॥ ਓਹੁ ਨ ਮੂਆ ਜੋ ਰਹਿਆ ਸਮਾਇ ॥ ਕਹੁ ਨਾਨਕ ਗੁਰਿ ਬ੍ਰਹਮੁ ਦਿਖਾਇਆ ॥ ਮਰਤਾ ਜਾਤਾ ਨਦਰਿ ਨ ਆਇਆ॥੪॥੪॥**

ਮੈਂ ਨਹੀਂ ਮੋਇਆ ਹਾਂ, ਕਿਉਂ ਜੋ ਮੇਰੀ ਅਵਿਦਯਾ ਬਲਾ ਮਰ ਗਈ ਹੈ ਭਾਵ ਮੈਨੂੰ ਪ੍ਰਮੇਸ਼ਰ ਦਾ ਪਤਾ ਹੈ, ਇਸ ਲਈ ਮੈਂ ਉਪਰ ਲਿਖੀਆਂ ਗੱਲਾਂ ਨੂੰ ਸਮਝਿਆ ਹੈ। ਜੇਹੜਾ ਪ੍ਰਮੇਸ਼ਰ ਸਾਰਿਆਂ ਵਿੱਚ ਮਿਲਿਆ ਹੋਇਆ ਹੈ, ਓਹ ਵੀ ਨਹੀਂ ਮੋਇਆ ਹੈ, ਭਾਵ ਸਾਖੀ ਚੇਤਨ ਨਹੀਂ ਮਰਦਾ ਹੈ, ਇਸ ਲਈ ਓਹ ਮੇਰੇ ਵਿੱਚ ਵੀ ਹੈ, ਇਸ ਲਈ ਮੈਂ ਨਹੀਂ ਮਰਾਂਗਾ।

ਗੁਰੂ ਜੀ - ਜਦੋਂ ਗੁਰੂ ਨੇ ਸਾਨੂੰ ਵਾਹਿਗੁਰੂ ਦਾ ਦਰਸ਼ਨ ਵਿਖਾ ਦਿੱਤਾ ਤਾਂ ਸਾਨੂੰਮਰਦਾ ਜਾਂਦਾ ਕੋਈ ਨਜ਼ਰਨਹੀਂ ਆਇਆਹੈ ਭਾਵ ਕੋਈਨਹੀਂਮਰਦਾਹੈ।

## ਗਉੜੀ ਮਹਲਾ ੧ ਦਖਣੀ ॥

**ਸੁਣਿ ਸੁਣਿ ਬੂਝੈ ਮਾਨੈ ਨਾਉ ॥ ਤਾਕੈ ਸਦ ਬਲਿਹਾਰੈ ਜਾਉ ॥ ਆਪਿ ਭੁਲਾਏ ਠਉਰ ਨ ਠਾਉ ॥ ਤੂੰ ਸਮਝਾਵਹਿ ਮੇਲਿ ਮਿਲਾਉ ॥ ੧ ॥**

ਜੇਹੜਾ ਆਦਮੀ ਨਾਮ ਨੂੰ ਸੁਣ ਸੁਣਕੇ ਸਮਝਦਾ ਤੇ ਮੰਨਣਾ ਕਰਦਾ ਹੈ। ਮੈਂ ਉਸਦੇ ਸਦਾ ਬਲਿਹਾਰ ਜਾਂਦਾ ਹਾਂ। ਜਿਸ ਨੂੰ ਤੂੰ ਆਪ ਭੁਲਾਉਂਦਾ ਹੈਂ,ਉਸਨੂੰ ਖਲੋਣ ਨੂੰ ਜਗਾ ਕਿਤੇ ਨਹੀਂ ਮਿਲਦੀ ਹੈ ਭਾਵ ਜੰਮਦਾ ਮਰਦਾ ਹੈ। ਜਿਸਨੂੰ ਤੂੰ ਸਮਝਾਇਆ ਚਾਹੁੰਦਾ ਹੈਂ, ਉਸਨੂੰ ਸਤਸੰਗ ਦੇ ਮੇਲ ਵਿੱਚ ਮਿਲਾ ਦੇਂਦਾ ਹੈਂ।

Digitized by Panjab Digital Library | www.panjabdigilib.org

**ਨਾਮੁ ਮਿਲੈ ਚਲੈ ਮੈ ਨਾਲਿ ॥ ਬਿਨੁ ਨਾਵੈ ਬਾਧੀ ਸਭ ਕਾਲਿ ॥ ੧ ॥ ਰਹਾਉ ॥**

ਹੇ ਮਹਾਰਾਜ ! ਮੈਨੂੰ ਤੇਰਾ ਨਾਮ ਮਿਲੇ ਜੇਹੜਾ ਅੰਤ ਨੂੰ ਮੇਰੇ ਨਾਲ ਚੱਲੇਗਾ, ਮੇਰਾ ਸਹਾਈ ਹੋਵੇਗਾ। ਨਾਮ ਤੋਂ ਬਿਨਾਂ ਸਾਰੀ ਦੁਨੀਆਂ ਕਾਲ ਦੀ ਬੰਨ੍ਹੀ ਹੋਈ ਹੈ।

**ਖੇਤੀ ਵਣਜੁ ਨਾਵੈ ਕੀ ਓਟ ॥ ਪਾਪੁ ਪੁੰਨੁ ਬੀਜ ਕੀ ਪੋਟ॥ ਕਾਮੁ ਕ੍ਰੋਧੁ ਜੀਅ ਮਹਿ ਚੋਟ ॥ ਨਾਮੁ ਵਿਸਾਰਿ ਚਲੇ ਮਨਿ ਖੋਟ॥ ੨ ॥**

ਜੇਹੜੀ ਤੇਰੇ ਨਾਮ ਦੀ ਓਟ ਲਈ ਹੈ ਇਹ ਸਾਡੀ ਖੇਤੀ ਤੇ ਵਣਜ ਹੈ, ਪਾਪ ਪੁੰਨ ਜੇਹੜੇ ਜਨਮਾਂ ਦਾ ਬੀਜ ਹਨ, ਇਹ ਜੀਵਾਂ ਨੇ ਸਿਰ ਉਤੇ ਪੰਡ ਓਠਾਈ ਹੋਈ ਹੈ। ਕਾਮ ਕਰੋਧ ਦੀ ਸੱਟ ਜੀਅ = ਦਿਲ ਵਿਚ ਸਹਾਰਦੇ ਹਨ, ਜੇਹੜੇ ਨਾਮ ਨੂੰ ਵਿਸਾਰਕੇ ਹੋਰਨਾਂ ਕੰਮਾਂ ਵਿਚ ਚੱਲਦੇ ਭਾਵ ਤੁਰਦੇ ਜਾਂ ਲੱਗਦੇ ਹਨ, ਓਹ ਆਦਮੀ ਮਨ ਦੇ ਖੋਟੇ ਹਨ।

**ਸਾਚੇ ਗੁਰ ਕੀ ਸਾਚੀ ਸੀਖ ॥ ਤਨੁ ਮਨੁ ਸੀਤਲੁ ਸਾਚੁ ਪਰੀਖ ॥ ਜਲ ਪੁਰਾਇਨਿ ਰਸ ਕਮਲ ਪਰੀਖ॥ ਸਬਦਿ ਰਤੇ ਮੀਠੇ ਰਸ ਈਖ॥ ੩ ॥**

ਜਿਨ੍ਹਾਂ ਨੇ ਸੱਚਿਆਂ ਗੁਰਾਂ ਦੀ ਸੱਚੀ ਸਿੱਖਿਆ ਲਈ ਹੈ, ਓਹਨਾਂ ਨੇ ਆਪਣੇ ਸੱਚ ਸਰੂਪ ਦੀ ਪਰਖਣਾ ਕਰ ਲਈ ਹੈ,ਇਸ ਲਈ ਓਹਨਾਂ ਦਾ ਮਨ ਤਨ ਸੀਤਲ ਹੋਇਆ ਹੈ। ਜਿਸਤਰਾਂ ਪਾਣੀ ਦੇ ਉੱਤੇ ਪੁਰਾਇਨਿ = ਚੁਪੱਤੀ ਰਹਿੰਦੀ ਹੈ ਤੇ ਜਿਸਤਰਾਂ ਰਸ = ਪਾਣੀ ਵਿਚ ਕੌਲ ਫੁੱਲ ਅਲੇਪ ਰਹਿੰਦਾ ਦੀਹਦਾ ਹੈ, ਇੱਕੁਰ ਹੀ ਗੁਰਮੁਖਾਂ ਦਾ ਦਿਲ ਕੌਲ ਅਸੰਗ ਰਹਿੰਦਾ ਹੈ, ਅਸਾਂ ਇਹ ਪਰੀਖਿਆ ਕਰ ਲਈ ਹੈ। ਜੇਹੜੇ ਗੁਰ ਉਪਦੇਸ਼ ਵਿੱਚ ਰੱਤੇ ਹਨ, ਓਹ ਮਿੱਠੇ ਰਸ ਭਾਵ ਆਤਮ ਸੁਆਦ ਨੂੰ ਪੁੱਜ ਗਏ ਹਨ ਅਤੇ ਓਹਨਾਂ ਦੀਆਂ ਤਿੰਨੇ ਈਖ – ਇੱਛਿਆ ਦੂਰ ਹੋ ਗਈਆਂ ਹਨ, ਭਾਵ ਲੋਕ, ਧਨ, ਪੁਤ੍ਰ ਇੱਛਿਆ ਜਾਂ ਈਖ = ਗੰਨੇ ਨਾਲੋਂ ਵੀ ਉਪਦੇਸ਼ ਦਾ ਸੁਆਦ ਮਿੱਠਾ ਹੈ, ਉਸ ਵਿਚ ਰੱਤੇ ਹਨ।

**ਹੁਕਮਿ ਸੰਜੋਗੀ ਗੜਿ ਦਸ ਦੁਆਰ॥ ਪੰਚ ਵਸਹਿ ਮਿਲਿ ਜੋਤਿ ਅਪਾਰ ॥ ਆਪਿ ਤੁਲੈ ਆਪੇ ਵਣਜਾਰ॥**

Digitized by Panjab Digital Library | www.panjabdigilib.org

**ਨਾਨਕ ਨਾਮਿ ਸਵਾਰਣਹਾਰ ॥ ੪ ॥ ੫ ॥**

ਅਪਾਰ = ਬਿਅੰਤ ਪ੍ਰਮਾਤਮਾਂ ਦੇ ਹੁਕਮ ਨਾਲ ਸਰੀਰ ਰੂਪ ਕਿਲਾ ਬਣਿਆ ਹੈ,ਜਿਸਦੇ ਇੰਦ੍ਰਿਆਂ ਰੂਪ ਦਸ ਦਰਵਾਜ਼ੇ ਹਨ ਅਤੇ ਪੰਜ ਤੱਤ ਇਸ ਸਰੀਰ ਵਿਚ ਉਸ ਪ੍ਰਮੇਸ਼ਰ ਦੀ ਸੱਤਾ ਨਾਲ ਮਿਲਕੇ ਵੱਸਦੇ ਹਨ ਜਾਂ ਜੇਹੜੇ ਸੰਤ ਇਸ ਸਰੀਰ ਕਿਲੇ ਵਿਚ ਵੱਸਦੇ ਹਨ, ਓਹ ਤੈਨੂੰ ਮਿਲੇ ਹਨ, ਤੂੰ ਅਪਾਰ ਜੋਤੀ ਵਾਲਾ ਹੈਂ । ਪ੍ਰਮੇਸ਼ਰ ਆਪੇ ਹੀ ਸਿਖ ਰੂਪ ਵਣਜਾਰਾ ਹੈ ਅਤੇ ਆਪੇ ਹੀ ਦਿਲ ਵਿਚ ਆਤਮ ਵਸਤੂ ਹੋਕੇ ਆਤਮ ਬਿਚਾਰ ਨਾਲ ਤੁਲਦਾ ਹੈ।

ਗੁਰੂ ਜੀ-ਹੇ ਨਾਮੀ ਪ੍ਰਮੇਸ਼ਰਾ ! ਤੂੰ ਸਾਰਿਆਂ ਦੇ ਸਵਾਰਨ ਭਾਵ ਬਣਾਉਣ ਵਾਲਾ ਹੈਂ ।

**ਗਉੜੀ ਮਹਲਾ ੧ ॥**

**ਜਾਤੋ ਜਾਇ ਕਹਾ ਤੇ ਆਵੈ ॥ ਕਹ ਉਪਜੈ ਕਹ ਜਾਇ ਸਮਾਵੈ ॥ ਕਿਉ ਬਾਧਿਓ ਕਿਉ ਮੁਕਤੀ ਪਾਵੈ ॥ ਕਿਉ ਅਬਿਨਾਸੀ ਸਹਜਿ ਸਮਾਵੈ ॥ ੧ ॥**

ਹੇ ਗੁਰੂ ਜੀ ! ਕਿਸਤਰਾਂ ਇਹ ਜਾਣਿਆ ਜਾਵੇ ਕਿ ਇਹ ਜੀਵ ਕਿੱਥੋਂ ਆਉਂਦਾ ਹੈ ਅਤੇ ਕਿਥੋਂ ਜਗਤ ਪੈਦਾ ਹੁੰਦਾ ਹੈ ਅਤੇ ਕਿੱਥੇ ਜਾਕੇ ਸਮਾ ਜਾਂਦਾ ਹੈ ? ਕਿਸਤਰਾਂ ਜੀਵ ਬੰਨ੍ਹਿਆ ਹੋਇਆ ਹੈ ਅਤੇ ਕਿਸਤਰਾਂ ਮੁਕਤੀ ਪਾਉਂਦਾ ਹੈ ? ਕਿਸਤਰਾਂ ਨ ਮਰਨ ਵਾਲੇ ਸਹਿਜ ਪਦ ਵਿਚ ਜਾ ਸਮਾਉਂਦਾ ਹੈ ?

**ਨਾਮੁ ਰਿਦੈ ਅੰਮ੍ਰਿਤੁ ਮੁਖਿ ਨਾਮੁ ॥ ਨਰ ਹਰ ਨਾਮੁ ਨਰ ਹਰ ਨਿਹਕਾਮੁ ॥ ੧ ॥ ਰਹਾਉ ॥**

ਅੰਮ੍ਰਿਤ ਨਾਮ ਦਿਲ ਵਿੱਚ ਅਤੇ ਨਾਮ ਹੀ ਮੂੰਹ ਵਿੱਚ ਹੋਵੇ, ਕਿਉਂਕਿ ਨਰ ਹਰਿ = ਨਰ ਸਿੰਘ ਰੂਪ ਧਾਰਨ ਵਾਲੇ ਦਾ ਨਾਮ ਲੈਣ ਨਾਲ ਹਰ = ਸਾਰੇ ਆਦਮੀ ਨਿਸ਼ਕਾਮ = ਇਛਿਆ ਤੋਂ ਬਿਨਾਂ ਹੋ ਜਾਂਦੇ ਹਨ ।

**ਸਹਜੇ ਆਵੈ ਸਹਜੇ ਜਾਇ ॥ ਮਨ ਤੇ ਉਪਜੈ ਮਨ ਮਾਹਿ ਸਮਾਇ ॥ ਗੁਰਮੁਖਿ ਮੁਕਤੋ ਬੰਧੁ ਨ ਪਾਇ ॥ ਸਬਦੁ ਬੀਚਾਰਿ ਛੁਟੈ ਹਰਿ ਨਾਇ ॥ ੨ ॥**

ਸ਼ਬਦ = ਪ੍ਰਮੇਸ਼ਰ ।

ਪ੍ਰਮੇਸ਼ਰ ਵਿਚੋਂ ਹੀ ਜੀਵ ਨਿਕਲਕੇ ਆਉਂਦਾ ਹੈ ਅਤੇ ਪ੍ਰਮੇਸ਼ਰ ਨਾਲ

Digitized by Panjab Digital Library | www.panjabdigilib.org

ਹੀ ਜਾ ਕੇ ਮਿਲ ਜਾਂਦਾ ਹੈ। ਮਨ ਦੀਆਂ ਵਾਸ਼ਨਾਂ ਨਾਲ ਜਗਤ ਪੈਦਾ ਭਾਵ ਆਉਂਦਾ ਹੈ ਅਤੇ ਮਨ ਦੇ ਵਿਚ ਹੀ ਸਮਾ ਜਾਂਦਾ ਹੈ। ਗੁਰਮੁਖ ਮੁਕਤ ਹੁੰਦਾਹੈ ਤੇ ਮਨਮੁਖ ਬੰਧਨਾਂ ਵਿੱਚ ਪਾਇਆ ਜਾਂਦਾ ਹੈ। ਜਦੋਂ ਹਰੀ ਦੇ ਨਾਮ ਦਾ ਜਾਪ ਕਰਕੇ ਵਿਚਾਰ ਕਰਦਾ ਹੈ ਤਾਂ ਸੰਸਾਰ ਬੰਧਨਾਂ ਤੋਂ ਛੁਟਦਾ ਹੈ ਤਾਂ ਨ ਮਰਨ ਵਾਲੇ ਪ੍ਰਮੇਸ਼ਰ ਨਾਲ ਮਿਲਕੇ ਇਕ ਮਿਕ ਹੋ ਜਾਂਦਾ ਹੈ।

**ਤਰਵਰ ਪੰਖੀ ਬਹੁ ਨਿਸਿਬਾਸੁ ॥ ਸੁਖ ਦੁਖੀਆ ਮਨਿ ਮੋਹ ਵਿਣਾਸੁ ॥ ਸਾਝ ਬਿਹਾਗ ਤਕਹਿ ਆਗਾਸੁ ॥ ਦਹਦਿਸਿ ਧਾਵਹਿ ਕਰਮਿ ਲਿਖਿਆਸੁ ॥ ੩ ॥**

ਜਿਸ ਤਰਾਂ ਰਾਤ ਨੂੰ ਬ੍ਰਿਛ ਉਤੇ ਬਹੁਤ ਸਾਰੇ ਪੰਛੀ ਵਾਸਾ ਕਰਦੇ ਹਨ,ਕੋਈ ਪੰਛੀ ਸੁਖੀ ਹੁੰਦਾ ਹੈ, ਕੋਈ ਦੁਖੀ ਹੁੰਦਾ ਹੈ;ਮਨ ਦੇ ਮੋਹ ਕਰਕੇ ਵਿਣਾਸ = ਨਾਸ ਜੰਮਦੇ ਮਰਦੇ ਰਹਿੰਦੇ ਹਨ। ਜੇਹੜੇ ਸੰਝ ਨੂੰ ਆਏ ਸੀ,ਓਹ ਬਿਹਾਗ = ਸਵੇਰ ਦੇ ਵੇਲੇ ਆਗਾਸ = ਅਕਾਸ ਨੂੰ ਉਡ ਜਾਣਾ ਤੱਕਦੇ ਹਨ। ਭਾਵ ਦੁਨੀਆਂ ਉਤੇ ਆਦਮੀ ਆਏ ਹਨ, ਮਰਕੇ ਫੇਰ ਕਿਧਰੇ ਚਲੇ ਜਾਂਦੇ ਹਨ। ਕਰਮਾਂ ਦੇ ਲਿਖਿਆਂ ਅਨੁਸਾਰ ਦਸਾਂ ਪਾਸਿਆਂ ਵੱਲ ਭੱਜੇ ਫਿਰਦੇ ਹਨ,ਭਾਵ ਜੰਮਦੇ ਮਰਦੇ ਦੁਖ ਭੋਗਦੇ ਹਨ।

**ਨਾਮੁ ਸੰਜੋਗੀ ਗੋਇਲਿ ਥਾਟੁ ॥ ਕਾਮ ਕ੍ਰੋਧ ਫੂਟੈ ਬਿਖੁ ਮਾਟੁ ॥ ਬਿਨੁ ਵਖਰ ਸੂਨੋ ਘਰੁ ਹਾਟੁ ॥ ਗੁਰ ਮਿਲਿ ਖੋਲੇ ਬਜਰ ਕਪਾਟ ॥ ੪ ॥**

ਜੇਹੜੇ ਪ੍ਰਮੇਸ਼ਰ ਦੇ ਨਾਮਦੇ ਮੇਲੀ ਮਿਲਾਪੀ ਹਨ, ਓਹ ਇਹਨਾਂ ਸਰ-ਬੰਧੀਆਂ ਦੇ ਥਾਂ ਥਾਂ ਅਕੱਠ ਵਿਚ ਅਪਣੇ ਆਪ ਨੂੰ ਵਾਗੀ = ਡੰਗਰ ਚਾਰਨ ਵਾਲੇਵਾਂਗ ਸਮਝਕੇ ਉਦਾਸ ਰਹਿੰਦੇ ਹਨ। ਇਸ ਲਈ ਕਾਮ ਕਰੋਧ ਦੇ ਨਾਲ ਜੇਹੜਾ ਵਿਸ਼ਿਆਂ ਦਾ ਵਾਸ਼ਨਾ ਰੂਪ ਮਾਟੁ = ਘੜਾ ਸੀ, ਓਹ ਟੁੱਟ ਗਿਆ ਹੈ, ਭਾਵ ਵਾਸ਼ਨਾਂ ਤੋਂ ਬਿਨਾਂ ਹੋ ਗਏ ਹਨ।

ਵਿਸ਼ੇ ਵਾਸ਼ਨਾ ਰੂਪ ਵਖਰ ਤੋਂ ਬਿਨਾਂ ਉਹਨਾਂ ਦੇ ਸਰੀਰ ਘਰ = ਰਿਦਾ ਸੂਨੋ = ਖਾਲੀ ਹੈ। ਗੁਰਾਂ ਦੇ ਨਾਲ ਮਿਲਕੇ ਬੱਜਰ ਵਰਗੇ ਪੰਜਾਂ ਕੋਸਾਂ ਦੇ ਤਖਤੇ ਖੁਲ ਗਏ ਹਨ।

**ਸਾਧੁ ਮਿਲੈ ਪੂਰਬ ਸੰਜੋਗ ॥ ਸਚਿ ਰਹਸੇ ਪੂਰੇ ਹਰਿ ਲੋਗ ॥ ਮਨੁ ਤਨੁ ਦੇ ਲੈ ਸਹਜਿ ਸੁਭਾਇ॥ ਨਾਨਕ ਤਿਨਕੈ ਲਾਗਉ ਪਾਇ ॥ ੫ ॥ ੬ ॥**

Digitized by Panjab Digital Library | www.panjabdigilib.org

ਪਰ ਇੱਕੁਰ ਦੇ ਮਨ ਨੂੰ ਸਾਧਨ ਵਾਲੇ ਗੁਰੂ ਪਹਿਲੇ ਕੀਤੇ ਚੰਗੇ ਕਰਮਾਂ ਨਾਲ ਮਿਲਦੇ ਹਨ। ਜੇਹੜੇ ਸੱਚ ਨੂੰ ਪਾਕੇ ਰਹਸੇ = ਅਨੰਦ ਹੋਏ ਹਨ, ਓਹ ਪ੍ਰਮੇਸ਼ਰ ਦੇ ਪੂਰੇ ਪਿਆਰੇ ਲੋਕ ਹਨ।

ਜਿਨ੍ਹਾਂ ਨੇ ਗੁਰਾਂ ਨੂੰ ਮਨ ਤਨ ਅਰਪਨ ਕਰਕੇ ਸਹਿਜ ਸੁਭਾਵ ਹੀ ਸਰੂਪ ਭਾਵ ਪ੍ਰਮੇਸ਼ਰ ਨੂੰ ਲਿਆ ਭਾਵ ਪਾਇਆ ਹੈ।

ਗੁਰੂ ਜੀ–ਮੈਂ ਓਹਨਾਂ ਦੇ ਚਰਨੀਂ ਲਗਦਾ ਹਾਂ।

## ਗਉੜੀ ਮਹਲਾ ੧ ॥

**ਕਾਮੁ ਕ੍ਰੋਧੁ ਮਾਇਆ ਮਹਿ ਚੀਤੁ ॥ ਝੂਠ ਵਿਕਾਰਿ ਜਾਗੈ ਹਿਤ ਚੀਤੁ ॥ ਪੂੰਜੀ ਪਾਪ ਲੋਭ ਕੀ ਕੀਤੁ ॥ ਤਰੁ ਤਾਰੀ ਮਨਿ ਨਾਮੁ ਸੁਚੀਤੁ ॥ ੧ ॥**

ਕਾਮ ਕ੍ਰੋਧ ਤੇ ਮਾਇਆ ਵਿਚ ਮੇਰਾ ਮਨ ਲੱਗਾ ਹੋਯਾ ਹੈ। ਝੂਠ ਆਦਿਕ ਵਿਕਾਰਾਂ ਦੇ ਵਿਚ ਚਿਤ ਦੇ ਪ੍ਰੇਮ ਕਰਕੇ ਸਾਵਧਾਨ ਹੋਇਆ ਹੋਇਆ ਹਾਂ। ਪਾਪ ਤੇ ਲੋਭ ਦੀ ਰਾਸ ਕੱਠੀ ਕੀਤੀ ਹੈ,ਇਸ ਲਈ ਹੇ ਮਹਾਰਾਜ ! ਸੰਸਾਰ ਰੂਪ ਤਾਰੀ = ਨਦੀ ਦੇ ਤਾਰਨ ਨੂੰ ਤਰ = ਬੇੜਾ ਚੰਗਾ ਆਪਣਾ ਨਾਮ ਮਨ ਚਿਤ ਵਿਚ ਦਿਓ।

**ਵਾਹੁ ਵਾਹੁ ਸਾਚੇ ਮੈ ਤੇਰੀ ਟੇਕ ॥ ਹਉ ਪਾਪੀ ਤੂੰ ਨਿਰਮਲੁ ਏਕ॥ ੧ ॥ ਰਹਾਉ ॥**

ਹੇ ਸੱਚਿਆ ! ਮੈਂ ਤੇਰੇ ਆਸਰੇ ਹਾਂ,ਤੂੰ ਇੱਕ ਹੈਂ, ਤੂੰ ਨਿਰਮਲ ਹੈਂ ਅਤੇ ਵਾਹੁ = ਅਸਚਰਜ ਹੈਂ,ਵਾਹੁ = ਧੰਨ ਹੈਂ ਅਤੇ ਮੈਂ ਬੜਾ ਪਾਪੀ ਹਾਂ।

**ਅਗਨਿ ਪਾਣੀ ਬੋਲੈ ਭੜਵਾਉ ॥ ਜਿਹਵਾ ਇੰਦ੍ਰੀ ਏਕੁ ਸੁਆਉ ॥ ਦਿਸਟਿ ਵਿਕਾਰੀ ਨਾਹੀ ਭਉ ਭਾਉ॥ ਆਪੁ ਮਾਰੇ ਤਾ ਪਾਏ ਨਾਉ ॥ ੨ ॥**

ਅੱਗ ਪਾਣੀ ਵਾਉ ਇਹ ਤਿੰਨ ਦੇਹ ਵਿੱਚ ਮਿਲਕੇ ਕੱਠੇ ਹੋਕੇ ਬੋਲਦੇ ਹਨ ਅਤੇ ਭੜ = ਭੱਠ ਵਾਂਗ ਤਪਦੇ ਹਨ ਅਤੇ ਜ਼ਬਾਨ ਆਦਿਕ ਜੇਹੜੇ ਦਸ ਇੰਦ੍ਰੇ ਹਨ,ਇਹਨਾਂ ਨੂੰ ਇਕ ਇਕ ਆਪਣੇ ੨ ਵਿਸ਼ੇ ਦਾ ਸੁਾਦ ਹੈ।

ਜੇਹੜਾ ਵਿਕਾਰਾਂ ਵਿੱਚ ਨਜ਼ਰ ਰੱਖਣ ਵਾਲਾ ਹੈ, ਭਾਵ ਬੁਰਿਆਂ ਕੰਮਾਂ ਵੱਲ ਵੇਖਣ ਵਾਲਾ ਹੈ, ਉਸਨੂੰ ਤੇਰਾ ਡਰ ਤੇ ਪ੍ਰੇਮ ਨਹੀਂ ਹੈ।

ਜੇਹੜਾ ਹੰਕਾਰ ਨੂੰ ਮਾਰੇਗਾ,ਉਹ ਨਾਮ ਨੂੰ ਪਾਵੇਗਾ।

Digitized by Panjab Digital Library | www.panjabdigilib.org

**ਸਬਦਿ ਮਰੈ ਫਿਰਿ ਮਰਣੁ ਨ ਹੋਇ ॥ ਬਿਨੁ ਮੂਏ ਕਿਉ ਪੂਰਾ ਹੋਇ ॥ ਪਰਪੰਚਿ ਵਿਆਪਿ ਰਹਿਆ ਮਨੁ ਦੋਇ॥ ਥਿਰੁ ਨਾਰਾਇਣੁ ਕਰੇ ਸੁ ਹੋਇ ॥ ੩ ॥**

ਜੇਹੜਾ ਆਦਮੀ ਗੁਰ ਉਪਦੇਸ਼ ਨਾਲ ਜੀਵਤ ਭਾਵ ਤੋਂ ਮਰਦਾ ਹੈ, ਉਸਦਾ ਮੁੜ ਮੁੜ ਮਰਨਾ ਨਹੀਂ ਹੁੰਦਾ ਹੈ। ਜੀਵਤ ਭਾਵ ਤੋਂ ਮਰਿਆਂ ਬਿਨਾਂ ਪੂਰਾ ਗਿਆਨ ਕਿਸਤਰਾਂ ਹੋ ਸੱਕਦਾ ਹੈ। ਭਾਵ ਨਹੀਂ ਜਾਂ ਹੰਕਾਰ ਮਾਰਿਆਂ ਬਿਨਾਂ ਪੂਰਨ ਪ੍ਰਮੇਸ਼ਰ ਦਾ ਦਾਸ ਨਹੀਂ ਹੋ ਸੱਕਦਾ ਹੈ।

ਜਿੰਨਾਂ ਚਿਰ ਮਨ ਸੰਸਾਰ ਵਿਚ ਚੰਬੜਿਆ ਹੋਇਆ ਹੈ,ਓਨਾ ਚਿਰ ਇਹ ਮਨ ਜੀਵ ਪਰਮੇਸ਼ਰ ਤੋਂ ਦੂਸਰਾ ਭਾਵ ਵੱਖਰਾ ਹੋਇਆ ਹੈ। ਹੇ ਪਰ- ਮੇਸ਼ਰਾ! ਥਿਰ ਓਹੋਹੀ ਹੁੰਦਾਹੈ,ਜਿਸਨੂੰ ਗੁਰਾਂ ਦੁਆਰੇ ਆਪ ਥਿਰ ਕਰਦੇ ਹੋ।

**ਬੋਹਿਥਿ ਚੜਉ ਜਾ ਆਵੈ ਵਾਰੁ ॥ ਠਾਕੇ ਬੋਹਿਥ ਦਰਗਹ ਮਾਰ॥ ਸਚੁ ਸਾਲਾਹੀ ਧੰਨੁ ਗੁਰਦੁਆਰੁ॥ ਨਾਨਕ ਦਰਿ ਘਰਿ ਏਕੰਕਾਰੁ ॥ ੪ ॥ ੭ ॥**

ਤੇਰੇ ਨਾਮ ਰੂਪ ਜਹਾਜ ਉਤੇ ਓਦੋਂ ਚੜ੍ਹੀਦਾ ਹੈ ਜਦੋਂ ਮਨੁਖ ਜਨਮ ਦੀ ਵਾਰੀ ਆਉਂਦੀ ਹੈ। ਜੇਹੜੇ ਨਾਮ ਰੂਪ ਜਹਾਜ ਦੇ ਚੜ੍ਹਨ ਤੋਂ ਰੋਕੇ ਗਏ ਹਨ ਭਾਵ ਜਿ੍ਹਾਂ ਮਨੁਖ ਜਨਮ ਪਾਕੇ ਨਾਮ ਨਹੀਂ ਜਪਿਆ ਹੈ, ਉਹਨਾਂ ਨੂੰ ਦਰਗਾਹ ਵਿਚ ਮਾਰ ਪੈਂਦੀ ਹੈ। ਹੇ ਸਚਿਆ! ਜਿਨ੍ਹਾਂ ਨੇ ਗੁਰਾਂ ਦੁਆਰੇ ਤੈਨੂੰ ਸਲਾਹਿਆ ਹੈ, ਉਹ ਧੰਨ ਹਨ। ਗੁਰੂ ਜੀ–ਮੈਂ ਘਰ = ਦਿਲ ਦਰ = ਵਿੱਚ ਇੱਕ ਨੂੰ ਹੀ ਨਿਰੰਕਾਰ ਜਾਣਿਆ ਹੈ।

## ਗਉੜੀ ਮਹਲਾ ੧ ॥

**ਉਲਟਿਓ ਕਮਲੁ ਬ੍ਰਹਮੁ ਬੀਚਾਰਿ ॥ ਅੰਮ੍ਰਿਤ ਧਾਰ ਗਗਨਿ ਦਸ ਦੁਆਰਿ ॥ ਤ੍ਰਿਭਵਣੁ ਬੇਧਿਆ ਆਪਿ ਮੁਰਾਰਿ ॥ ੧ ॥**

ਜੇਹੜਾ ਰਿਦਾ ਕੌਲ ਮੂਧਾ ਸੀ ਓਹ ਜਦੋਂ ਗੁਰ ਕਿਰਪਾ ਨਾਲ ਸਿੱਧਾ ਹੋਗਿਆ ਤਾਂ ਵਾਹਿਗੁਰੂ ਦਾ ਵਿਚਾਰ ਆਇਆ। ਦਸਵੇਂ ਦੁਆਰ ਰੂਪ ਅਕਾਸ਼ ਵਿੱਚ ਅੰਮ੍ਰਿਤ ਦੀ ਧਾਰ ਆਈ ਜਾਂ ਜਦੋਂ ਪ੍ਰਮੇਸ਼ਰ ਦਾ ਵਿਚਾਰ ਕੀਤਾ ਤਾਂ ਸੰਸਾਰ ਵਲੋਂ ਰਿਦਾ ਫਿਰ ਗਿਆ। ਆਤਮ ਅਨੰਦ ਦੀ ਧਾਰਾ ਦਾ ਅੰਮ੍ਰਿਤ ਸ੍ਵਾਦ ਆਯਾ ਅਤੇ ਚਿਦਾਕਾਸ਼ਨੂੰ ਦਸੇਂਇੰਦ੍ਰੀ ਰੂਪਦੁਆਰੇਵਿਚ ਪੂਰਨ ਜਾਣਿਆ।

Digitized by Panjab Digital Library | www.panjabdigilib.org

ਇਹ ਨਿਸਚਾ ਹੋਇਆ ਕਿ ਤਿੰਨਾਂ ਲੋਕਾਂ ਵਿੱਚ ਆਪ ਮੁਰਾਰੀ ਪ੍ਰਮੇਸ਼ਰ ਬੇਧਿਆ = ਮਿਲਿਆ ਹੋਇਆ ਹੈ।

**ਰੇ ਮਨ ਮੇਰੇ ਭਰਮੁ ਨ ਕੀਜੈ ॥ ਮਨਿ ਮਾਨਿਐ ਅੰਮ੍ਰਿਤ ਰਸੁ ਪੀਜੈ ॥ ੧ ॥ ਰਹਾਉ ॥**

ਹੇ ਮੇਰੇ ਮਨ! ਭਰਮ ਨ ਕਰ। ਕਿਉਂਕਿ ਮਨ ਮੰਨ ਜਾਵੇ ਤੇ ਤਾਂ ਅੰਮ੍ਰਿਤ ਰਸ = ਆਤਮ ਅਨੰਦ ਨੂੰ ਪੀਵੀਦਾ ਹੈ।

**ਜਨਮੁ ਜੀਤਿ ਮਰਣਿ ਮਨੁ ਮਾਨਿਆ ॥ ਆਪਿ ਮੂਆ ਮਨੁ ਮਨ ਤੇ ਜਾਨਿਆ ॥ ਨਜਰਿ ਭਈ ਘਰੁ ਘਰ ਤੇ ਜਾਨਿਆ ॥ ੨ ॥**

ਜਿਸਦਾ ਮਰਣ = ਜੀਵਤ ਭਾਵ ਨੂੰ ਛੱਡਕੇ ਭਾਵ ਮਰ ਜਾਣ ਵਾਲੇ ਪਾਸੇ ਮਨ ਮੰਨਿਆ ਹੈ, ਉਸਨੇ ਜਨਮ ਜਿੱਤ ਲਿਆ ਹੈ। ਜਦੋਂ ਹੰਕਾਰ ਮੋਇਆ ਤਾਂ ਮਨੁ = ਸਿਰੋਮਣੀ ਪ੍ਰਮੇਸ਼ਰ ਗੁਰੂ ਦੇ ਮਨ = ਮੰਤ੍ਰ, ਉਪਦੇਸ਼ ਕਰਕੇ ਜਾਣ ਲਿਆ। ਜਦੋਂ ਗੁਰਾਂ ਦੀ ਕਿਰਪਾ ਦ੍ਰਿਸ਼ਟੀ ਹੋਈ ਤਾਂ ਆਪਣੇ ਸਰੂਪ ਨੂੰ ਘਰ = ਸਰੀਰ ਦੇ ਵਿੱਚ ਦਿਲ ਅੰਦਰ ਹੀ ਜਾਣ ਲਿਆ।

**ਜਤੁ ਸਤੁ ਤੀਰਥੁ ਮਜਨੁ ਨਾਮਿ ॥ ਅਧਿਕ ਬਿਥਾਰੁ ਕਰਉ ਕਿਸੁ ਕਾਮਿ ॥ ਨਰ ਨਾਰਾਇਣ ਅੰਤਰਜਾਮਿ ॥ ੩ ॥**

ਜਤ ਸਤ ਤੀਰਥਾਂ ਦਾ ਨ੍ਹਾਉਣਾ ਇਹ ਸਭ ਨਾਮ ਦੇ ਅੰਦਰ ਹੈ ਭਾਵ ਜਿਨ੍ਹਾਂ ਨੇ ਨਾਮ ਜਪਿਆ ਹੈ,ਓਹਨਾਂ ਨੇ ਇਹਨਾਂ ਨੂੰ ਕਰ ਲਿਆ ਹੈ।

ਪ੍ਰਮੇਸ਼ਰ ਦੇ ਨਾਮ ਤੋਂ ਬਿਨਾ ਕਰਮਾਂ ਦਾ ਬਹੁਤਾ ਫੈਲਾਉ ਵਿਖਾਵਾ ਕਰੀਏ ਤੇ ਤਾਂ ਕਿਸ ਕੰਮ ਹੈ ਭਾਵ ਕਿਸੇ ਕੰਮ ਨਹੀਂ ਹੈ,ਸਾਰਿਆਂ ਆਦਮੀਆਂ ਦੇ ਅੰਦਰ ਦੀ ਜਾਨਣ ਵਾਲਾ ਪ੍ਰਮੇਸ਼ਰ ਹੈ।

**ਆਨ ਮਨਉ ਤਉ ਪਰ ਘਰ ਜਾਉ ॥ ਕਿਸੁ ਜਾਚਉ ਨਾਹੀ ਕੋ ਥਾਉ ॥ ਨਾਨਕ ਗੁਰਮਤਿ ਸਹਜਿ ਸਮਾਉ ॥ ੪ ॥ ੮ ॥**

ਜੇਕਰ ਕੋਈ ਥਾਂ ਵਾਹਿਗੁਰੂ ਤੋਂ ਬਿਨਾ ਮੰਨੀਏ ਭਾਵ ਵਖਰਾ ਕੀ ਪਰਾਏ ਘਰ ਵਿੱਚ ਜਾਵੀਏ ਭਾਵ ਦੂਜਾ ਜਾਣਾ ਤੇ ਤਾਂ ਹੀ ਕਿਸੇ ਦੇਵਤੇ ਦੀ ਪੂਜਾ ਕਰਾਂ। ਕਿਸਦੇ ਪਾਸੋਂ ਮੰਗਾਂ ਜੇਹੜਾ ਪ੍ਰਮੇਸ਼ਰ ਦੇ ਦਿਤੇ ਤੋਂ ਬਿਨਾਂ ਖਾਂਦਾ ਹੈ,ਇਕੱਠ ਦਾ ਕੋਈ ਥਾਂ ਨਹੀਂ ਹੈ ਭਾਵ ਸਾਰੇ ਆਦਮੀ ਵਾਹਿਗੁਰੂ ਦਾ ਦਿੱਤਾ ਹੋਇਆ ਖਾਂਦੇ ਹਨ। ਗੁਰੂ ਜੀ—ਹੇ ਮਨ! ਗੁਰਾਂ ਦੀ

Digitized by Panjab Digital Library | www.panjabdigilib.org

ਸਿਖਿਆ ਲੈਕੇ ਸਹਿਜ ਅਵਸਥਾ ਭਾਵ ਪ੍ਰਮੇਸ਼ਰ ਵਿੱਚ ਸਮਾ ਜਾਹ, ਭਾਵ ਮਿਲ ਜਾਹ।

ਗਉੜੀ ਮਹਲਾ ੧ ॥

**ਸਤਿਗੁਰੁ ਮਿਲੈ ਸੁ ਮਰਣੁ ਦਿਖਾਏ ॥ ਮਰਣ ਰਹਣ ਰਸੁ ਅੰਤਰਿ ਭਾਏ ॥ ਗਰਬੁ ਨਿਵਾਰਿ ਗਗਨ ਪੁਰੁ ਪਾਏ॥੧॥**

ਜਿਨ੍ਹਾਂ ਨੂੰ ਸਤਿਗੁਰੂ ਮਿਲਦੇ ਹਨ, ਓਹ ਮਰਨ ਤੋਂ ਰਹਿਤ ਹੋ ਜਾਂਦੇ ਹਨ ਅਤੇ ਅਗੋ ਹੋਰਨਾਂ ਨੂੰ ਮਰਨ ਦੀ ਰੀਤੀ ਵਿਖਾ ਦੇਂਦੇ ਹਨ ਭਾਵ ਜਨਮ ਮਰਨ ਤੋਂ ਰਹਿਤ ਕਰ ਦੇਂਦੇ ਹਨ ਤੇ ਜਿਨ੍ਹਾਂ ਨੂੰ ਆਪਣੇ ਅੰਦਰ ਰਸ = ਅਨੰਦ ਚੰਗਾ ਲੱਗਦਾ ਹੈ ਓਹ ਹੰਕਾਰ ਨੂੰ ਮਾਰਕੇ ਗਗਨ = ਅਕਾਸ਼ = ਪੂਰਨ ਪ੍ਰਮੇਸਰ ਨੂੰ ਪਾ ਲੈਂਦੇ ਹਨ।

**ਮਰਣੁ ਲਿਖਾਇ ਆਏ ਨਹੀ ਰਹਣਾ ॥ ਹਰਿ ਜਪਿ ਜਾਪਿ ਰਹਣੁ ਹਰਿ ਸਰਣਾ ॥ ੧ ॥ ਰਹਾਉ ॥**

ਸਾਰੇ ਆਦਮੀ ਦੇਹ ਧਾਰੀ ਮਰਨਾ ਲਿਖ ਕੇ ਆਏ ਹਨ, ਇਸ ਸਰੀਰ ਕਰਕੇ ਕਿਸੇ ਨੇ ਵੀ ਦੁਨੀਆਂ ਉਤੇ ਨਹੀਂ ਰਹਿਣਾ ਹੈ। ਜਿਨ੍ਹਾਂ ਨੇ ਪ੍ਰਮੇਸ਼ਰ ਦੇ ਜਪ ਨੂੰ ਜਪਿਆ ਹੈ ਅਤੇ ਪ੍ਰਮੇਸ਼ਰ ਦੀ ਸਰਨ ਨੂੰ ਲਿਆ ਹੈ ਓਹਨਾਂ ਦਾ ਰਹਣਾ ਹੋਯਾ ਹੈ ਭਾਵ ਓਹ ਜਨਮ ਮਰਨ ਤੋਂ ਰਹਿਤ ਹੋ ਗਏ ਹਨ।

**ਸਤਿਗੁਰੁ ਮਿਲੈ ਤ ਦੁਬਿਧਾ ਭਾਗੈ ॥ ਕਮਲੁ ਬਿਗਾਸਿ ਮਨੁ ਹਰਿ ਪ੍ਰਭ ਲਾਗੈ ॥ ਜੀਵਤੁ ਮਰੈ ਮਹਾਰਸੁ ਆਗੈ ॥ ੨ ॥**

ਜੇ ਸਤਿਗੁਰੂ ਮਿਲਨ ਤਾਂ ਦ੍ਵੈਤ ਨਾਸ ਹੋ ਜਾਂਦੀ ਹੈ, ਅਤੇ ਦਿਲ ਕੌਲ ਫੁੱਲ ਪੈਂਦਾ ਹੈ ਅਤੇ ਮਨ ਪ੍ਰਮੇਸ਼ਰ ਮਾਲਕ ਦੇ ਚਰਨਾਂ ਵਿੱਚ ਲੱਗ ਜਾਂਦਾ ਹੈ ਅਤੇ ਫਿਰ ਜੀਵਤ ਭਾਵ ਤੋਂ ਮਰ ਜਾਂਦਾ ਹੈ ਅਤੇ ਜੇਹੜਾ ਵੱਡਾ ਅਨੰਦ = ਆਤਮ ਅਨੰਦ ਹੈ, ਓਹ ਅਗੇ ਸਾਹਮਣੇ ਮਲੂਮ ਹੋਣ ਲੱਗ ਜਾਂਦਾ ਹੈ।

**ਸਤਿਗੁਰਿ ਮਿਲਿਐ ਸਚ ਸੰਜਮਿ ਸੂਚਾ ॥ ਗੁਰ ਕੀ ਪਉੜੀ ਊਚੋ ਊਚਾ ॥ ਕਰਮਿ ਮਿਲੈ ਜਮ ਕਾ ਭਉ ਮੂਚਾ ॥ ੩ ॥**

Digitized by Panjab Digital Library | www.panjabdigilib.org

ਜਿਸ ਨੂੰ ਸਤਿਗੁਰੂ ਮਿਲਿਆ ਹੈ, ਓਸੇ ਦਾ ਸੱਚਾ ਸੰਜਮ ਹੈ ਅਤ ਓਹੋ ਹੀ ਸੁੱਚਾ ਹੈ। ਜਿਸਨੇ ਗੁਰਾਂ ਦੀ ਦਿੱਤੀ ਹੋਈ ਭਗਤੀ ਰੂਪ ਪੌੜੀ ਨੂੰ ਲਿਆ ਭਾਵ ਪੁੱਜ ਗਿਆ ਹੈ, ਓਹ ਬ੍ਰਹਮਾ ਆਦਕ ਉਚਿਆਂ ਤੋਂ ਵੀ ਉੱਚਾ ਹੈ, ਜਿਨ੍ਹਾਂ ਨੂੰ ਚੰਗਿਆਂ ਕਰਮਾਂ ਨਾਲ ਗੁਰੂ ਮਿਲੇ ਹਨ, ਓਹਨਾਂ ਦਾ ਜਮ ਦਾ ਡਰ ਮੂਚਾ = ਕਟਿਆ ਗਿਆ ਹੈ।

**ਗੁਰ ਮਿਲਿਐ ਮਿਲਿ ਅੰਕਿ ਸਮਾਇਆ ॥ ਕਰਿ ਕਿਰਪਾ ਘਰੁ ਮਹਲੁ ਦਿਖਾਇਆ ॥ ਨਾਨਕ ਹਉਮੈ ਮਾਰਿ ਮਿਲਾਇਆ ॥ ੪ ॥ ੯ ॥**

ਗੁਰਾਂ ਦੇ ਨਾਲ ਮਿਲਨ ਨਾਲ ਵਾਹਿਗੁਰੂ ਦੇ ਨਾਲ ਮਿਲ ਕੇ ਵਾਹਿਗੁਰੂ ਦੇ ਅੰਕ = ਗਲ ਨਾਲ ਮਿਲ ਗਿਆ ਹੈ, ਭਾਵ ਇੱਕਰੂਪ ਹੋ ਗਿਆ ਹੈ। ਗੁਰੂ ਜੀ ਨੇ ਕਿਰਪਾ ਕਰਕੇ ਘਰ = ਸਰੀਰ ਦੇ ਅੰਦਰ ਹੀ ਮਹਲ = ਸਰੂਪ ਨੂੰ ਵਿਖਾ ਦਿੱਤਾ ਹੈ। ਗੁਰੂ ਜੀ–ਜਿਸ ਨੇ ਹੰਗਤਾ ਮਮਤਾ ਮਾਰੀ ਹੈ, ਉਸ ਨੂੰ ਗੁਰੂ ਨੇ ਕਿਰਪਾ ਕਰਕੇ ਮਿਲਾਇਆ ਹੈ।

## ਗਉੜੀ ਮਹਲਾ ੧ ॥

**ਕਿਰਤੁ ਪਇਆ ਨਹ ਮੇਟੈ ਕੋਇ ॥ ਕਿਆ ਜਾਣਾ ਕਿਆ ਆਗੈ ਹੋਇ ॥ ਜੋ ਤਿਸੁ ਭਾਣਾ ਸੋਈ ਹੂਆ ॥ ਅਵਰੁ ਨ ਕਰਣੈ ਵਾਲਾ ਦੂਆ ॥ ੧ ॥**

ਹੇ ਪ੍ਰਮੇਸ਼ਰਾ ! ਤੇਰਾ ਲਿਖਿਆ ਹੋਇਆ ਜੇਹੜਾ ਕਰਮਾਂ ਅਨੁਸਾਰ ਸਾਡੇ ਮੱਥੇ ਉੱਤੇ ਲੇਖ ਲਿਖਿਆ ਪਿਆ ਹੈ, ਉਸ ਨੂੰ ਕੋਈ ਮਿਟਾ ਨਹੀਂ ਸਕਦਾ ਹੈ। ਅਸੀਂ ਕੀ ਜਾਣੀਏ ਉਸ ਲੇਖ ਦੇ ਅਨੁਸਾਰ ਅੱਗੇ ਖਬਰੇ ਸਾਡੇ ਨਾਲ ਕੀ ਹੋਵੇਗਾ ? ਜੇਹੜਾ ਓਸ ਪ੍ਰਮੇਸ਼ਰ ਨੂੰ ਚੰਗਾ ਲੱਗਾ ਹੈ, ਓਹੋ ਹੀ ਹੋਇਆਹੈ, ਕਿਉਂਕਿ ਪਰਮੇਸ਼ਰ ਤੋਂਬਿਨਾ ਦੂਸਰਾ ਕੋਈ ਕਰਨ ਵਾਲਾ ਨਹੀਂ ਹੈ।

**ਨਾ ਜਾਣਾ ਕਰਮ ਕੇਵਡ ਤੇਰੀ ਦਾਤਿ ॥ ਕਰਮੁ ਧਰਮੁ ਤੇਰੇ ਨਾਮ ਕੀ ਜਾਤਿ ॥ ੧ ॥ ਰਹਾਉ ॥**

ਹੇ ਮਹਾਰਾਜ ! ਮੈਂ ਨਹੀਂ ਜਾਣਦਾ ਹਾਂ ਕਿ ਤੇਰਾ ਕਰਮ ਕਿੱਡਾ ਕੁ ਵੱਡਾ ਹੈ ਅਤੇ ਤੇਰੀ ਦਾਤ਼ ਕਿੱਡੀ ਕੁ ਵੱਡੀ ਹੈ। ਮੇਰੇ ਖਿਆਲ ਵਿੱਚ ਤੇ ਮੇਰਾ ਕਰਮ ਧਰਮ ਅਤੇ ਜਾਤਿ ਤੇਰੇ ਨਾਮ ਦੀ ਪ੍ਰੀਤੀ ਹੀ ਹੈ।

**ਤੂ ਏਵਡੁ ਦਾਤਾ ਦੇਵਣਹਾਰੁ ॥ ਤੋਟਿ ਨਾਹੀ ਤੁਧੁ**

Digitized by Panjab Digital Library | www.panjabdigilib.org

**ਭਗਤਿ ਭੰਡਾਰ ॥ ਕੀਆ ਗਰਬੁ ਨ ਆਵੈ ਰਾਸਿ ॥ ਜੀਉ ਪਿੰਡੁ ਸਭੁ ਤੇਰੈ ਪਾਸਿ ॥ ੨ ॥**

ਦਾਤਾਂ ਦੇ ਦੇਣ ਵਾਲਿਆ! ਤੂੰ ਐਡਾ ਵੱਡਾ ਦਾਤਾ ਹੈਂ ਕਿ ਤੇਰੇ ਭਗਤੀ ਰੂਪਖਜ਼ਾਨੇ ਦੀ ਟੋਟ ਨਹੀਂ ਆਉਂਦੀ ਹੈ।

ਜੀਵ ਨੂੰ ਹੰਕਾਰ ਕੀਤਾ ਹੋਇਆ ਸੂਤ ਨਹੀਂ ਆਉਂਦਾ ਹੈ ਭਾਵ ਹੰਕਾਰ ਕਰਨਾ ਚੰਗਾ ਨਹੀਂ ਲਗਦਾ । ਜੀਵ ਤੇ ਸਰੀਰ ਸਭ ਤੇਰੇ ਵੱਸ ਭਾਵ ਤੂੰ ਹੀ ਬਣਾਇਆ ਹੋਇਆ ਹੈ।

**ਤੂੰ ਮਾਰਿ ਜੀਵਾਲਹਿ ਬਖਸਿ ਮਿਲਾਇ ॥ ਜਿਉ ਭਾਵੀ ਤਿਉ ਨਾਮੁ ਜਪਾਇ ॥ ਤੂੰ ਦਾਨਾ ਬੀਨਾ ਸਾਚਾ ਸਿਰਿ ਮੇਰੈ ॥ ਗੁਰਮਤਿ ਦੇਇ ਭਰੋਸੈ ਤੇਰੈ ॥ ੩ ॥**

ਤੂੰ ਹੀ ਮਾਰਦਾ ਹੈਂ ਤੂੰ ਹੀ ਜੀਵਾਲਦਾ ਹੈਂ ਅਤੇ ਆਪ ਹੀ ਬਖਸ਼ਕੇ ਆਪਣੇ ਨਾਲ ਮਿਲਾ ਲੈਂਦਾ ਹੈਂ। ਇਸ ਲਈ ਜਿਸਤਰਾਂ ਜਾਣਦਾ ਹੈਂ ਮੈਨੂੰ ਆਪਣਾ ਨਾਮ ਜਪਾ। ਤੂੰ ਦਾਨਾ = ਸਾਰਿਆਂ ਦੇ ਅੰਦਰ ਦੀ ਗੱਲ ਜਾਣਨ ਵਾਲਾ ਹੈਂ,ਤੂੰ ਸਾਰਿਆਂ ਦੇ ਬਾਹਰ ਦੇ ਕੰਮ ਬੀਨਾ = ਵੇਖਣ ਵਾਲਾ ਹੈਂ,ਇਕੁਰ ਦਾ ਤੂੰ ਮੇਰੇ ਸਿਰ ਉਤੇ ਭਾਵ ਮਾਲਕ ਹੈਂ। ਹੇ ਮਾਲਕਾ!ਮੈਂ ਤੇਰੇ ਭਰੋਸੇ ਹਾਂ,ਇਸ ਲਈ ਗੁਰਾਂ ਦੀ ਸਿੱਖਜ਼ਾ ਦੁਆਰੇ ਮੈਨੂੰ ਨਾਮ ਦੇਹ।

**ਤਨ ਮਹਿ ਮੈਲੁ ਨਾਹੀ ਮਨੁ ਰਾਤਾ ॥ ਗੁਰ ਬਚਨੀ ਸਚੁ ਸਬਦਿ ਪਛਾਤਾ ॥ ਤੇਰਾ ਤਾਣੁ ਨਾਮ ਕੀ ਵਡਿਆਈ ॥ ਨਾਨਕ ਰਹਣਾ ਭਗਤਿ ਸਰਣਾਈ ॥ ੪ ॥ ੧੦ ॥**

ਜਿਨ੍ਹਾਂ ਦਾ ਮਨ ਤੇਰੇ ਵਿੱਚ ਰੱਤਾ ਹੈ,ਓਹਨਾਂ ਦੇ ਸਰੀਰ ਵਿਚ ਪਾਪਾਂ ਰੂਪ ਮੈਲ ਨਹੀਂ ਹੈ। ਹੇ ਸਚਿਆ ਸ਼ਬਦ = ਪ੍ਰਮੇਸ਼ਰਾ ! ਤੈਨੂੰ ਗੁਰਾਂ ਦੇ ਬਚਨ ਕਰਕੇ ਪਛਾਣਿਆ ਹੈ। ਜਿਨ੍ਹਾਂ ਨੂੰ ਤੇਰੇ ਨਾਮ ਦੀ ਵਡਿਆਈ ਮਿਲੀ ਹੈ, ਓਹਨਾਂ ਨੂੰ ਤੇਰਾ ਹੀ ਜ਼ੋਰ ਹੈ। ਗੁਰੂ ਜੀ–ਓਹਨਾਂ ਦਾ ਰਹਿਣਾ ਭਗਤੀ ਦੇ ਆਸਰੇ ਹੈ।

**ਗਉੜੀ ਮਹਲਾ ੧ ॥**

**ਜਿਨਿ ਅਕਥੁ ਕਹਾਇਆ ਅਪਿਓ ਪੀਆਇਆ ॥ ਅਨਭੈ ਵਿਸਰੇ ਨਾਮਿ ਸਮਾਇਆ ॥ ੧ ॥**

ਜਿਸ ਆਦਮੀ ਨੇ ਅਕੱਥ ਰੂਪ ਪ੍ਰਮੇਸ਼ਰ ਨੂੰ ਆਪ ਕਥਿਆ ਹੈ ਅਤੇ

Digitized by Panjab Digital Library | www.panjabdigilib.org

ਹੋਰਨਾਂ ਤੋਂ ਉਸਦਾ ਜਸ ਕਥਨ ਕਰਵਾਇਆ ਹੈ ਅਤੇ ਨਾਮ ਅੰਮ੍ਰਿਤ ਨੂੰ ਪੀਤਾ ਹੈ, ਹੋਰਨਾਂ ਨੂੰ ਪਿਆਇਆ ਹੈ, ਉਸਦੇ ਹੋਰ ਸਾਰੇ ਡਰ ਦੂਰ ਹੋ ਗਏ ਹਨ ਅਤੇ ਓਹ ਨਾਮੀ = ਵਾਹਿਗੁਰੂ ਵਿਚ ਸਮਾ ਗਿਆ ਹੈ।

**ਕਿਆ ਡਰੀਐ ਡਰੁ ਡਰਹਿ ਸਮਾਨਾ॥ ਪੂਰੇ ਗੁਰਕੈ ਸਬਦਿ ਪਛਾਨਾ ॥ ੧ ॥ ਰਹਾਉ ॥**

ਜਦੋਂ ਪੂਰਿਆਂ ਗੁਰਾਂ ਦੇ ਉਪਦੇਸ਼ ਨਾਲ ਵਾਹਿਗੁਰੂ ਨੂੰ ਪਛਾਣ ਲਿਆ ਤੇ ਤਾਂ ਪ੍ਰਮੇਸ਼ਰ ਦੇ ਡਰ ਦੇ ਅੰਦਰ ਜਮ ਆਦਕਾਂ ਦਾ ਡਰ ਸਮਾ ਗਿਆ ਭਾਵ ਨਾਸ ਹੋ ਗਿਆ ਤੇ ਤਾਂ ਫਿਰ ਕੀ ਡਰੀਏ, ਫਿਰ ਕੁਛ ਵੀ ਡਰ ਨਹੀਂ ਰਹਿੰਦਾ ਹੈ।

**ਜਿਸੁ ਨਰ ਰਾਮੁ ਰਿਦੈ ਹਰਿ ਰਾਸਿ ॥ ਸਹਜਿ ਸੁਭਾਇ ਮਿਲੇ ਸਾਬਾਸਿ ॥ ੨ ॥**

ਜਿਸਦੇ ਦਿਲ ਅੰਦਰ ਪ੍ਰਮੇਸ਼ਰ ਦੇ ਨਾਮ ਉਚਾਰਨ ਰੂਪ ਸਰਧਾ ਰੂਪ ਰਾਸ ਹੈ। ਉਸ ਆਦਮੀ ਨੂੰ ਸੁਭਾਵਕ ਹੀ ਸ਼ਾਬਾਸ਼ੇ ਮਿਲਦੀ ਹੈ।

**ਜਾਹਿ ਸਵਾਰੈ ਸਾਝ ਬਿਆਲ ॥ ਇਤ ਉਤ ਮਨਮੁਖ ਬਾਧੇ ਕਾਲ ॥ ੩ ॥**

ਜਿਨ੍ਹਾਂ ਨੂੰ ਪ੍ਰਮੇਸ਼ਰ ਨੇ ਅਵਿਦਜਾ ਨੀਂਦ ਵਿਚ ਸਾਝ ਬਿਆਲ = ਰਾਤ ਦਿਨ ਸਵਾਰੇ = ਸਵਾਲ ਛਡਿਆ ਹੈ,ਓਹ ਮਨਮੁਖ ਲੋਕ ਪ੍ਰਲੋਕ ਵਿੱਚ ਕਾਲ ਦੇ ਬੱਧੇ ਹੋਏ ਹਨ ਜਾਂ ਜਿਨ੍ਹਾਂ ਗੁਰਮੁਖਾਂ ਨੂੰ ਚੰਗਿਆਂ ਕਰਮਾਂ ਕਰਕੇ ਸਵਾਰਿਆ ਬਣਾਇਆ ਹੈ,ਓਹਨਾਂਦੀ ਰਾਤ ਅਵਿਦਜਾ ਦੂਰ ਕਰਕੇ ਗਿਆਨ ਦਿਨ ਚਾੜ੍ਹ ਦਿੱਤਾ ਹੈ,ਓਹ ਮਨ ਅਤੇ ਮੂੰਹ ਕਰਕੇ ਏਧਰ ਉਧਰ ਜਿਥੇ ਕਿਤੇ ਦਸਾਂ ਦਿਸ਼ਾਂ ਵੱਲ ਰਹਿੰਦੇ ਜਾਂਦੇ ਹਨ ਓਥੇ ਹੀ ਕਾਲ ਨੂੰ ਬਨ੍ਹਾਕੇ ਨਾਸ ਕਰਦੇ ਹਨ।

**ਅਹਿਨਿਸਿ ਰਾਮ ਰਿਦੈ ਸੇ ਪੂਰੇ ॥ ਨਾਨਕ ਰਾਮ ਮਿਲੇ ਭ੍ਰਮ ਦੂਰੇ ॥ ੪ ॥ ੧੧ ॥**

ਜਿਨ੍ਹਾਂ ਦੇ ਦਿਲ ਵਿਚ ਰਾਤ ਦਿਨ ਰਾਮ ਦਾ ਨਾਮ ਹੈ, ਓਹ ਸਾਰਿਆਂ ਗੁਣਾਂ ਨਾਲ ਪੂਰਨ ਹਨ। ਗੁਰੂ ਜੀ-ਓਹਨਾਂ ਦਾ ਭਰਮ ਦੂਰ ਹੋਗਿਆ ਹੈ ਅਤੇ ਵਾਹਿਗੁਰੂ ਨਾਲ ਮਿਲ ਗਏ ਹਨ।

**ਗਉੜੀ ਮਹਲਾ ੧ ॥**

**ਜਨਮਿ ਮਰੈ ਤ੍ਰੈਗੁਣ ਹਿਤਕਾਰੁ॥ ਚਾਰੇ ਬੇਦ ਕਥਹਿ**

Digitized by Panjab Digital Library | www.panjabdigilib.org

**ਆਕਾਰੁ ॥ ਤੀਨਿ ਅਵਸਥਾ ਕਹਹਿ ਵਖਿਆਨੁ ॥ ਤੁਰੀਆ ਵਸਥਾ ਸਤਿਗੁਰ ਤੇ ਹਰਿ ਜਾਨੁ ॥ ੧ ॥**

ਜੇਹੜੇ ਆਦਮੀ ਤਿੰਨਾਂ ਗੁਣਾਂ ਵਿਚ ਪ੍ਰੀਤ ਕਰਨ ਵਾਲੇ ਹਨ,ਓਹ ਜੰਮਦੇ ਮਰਦੇ ਹਨ। ਚਹੁੰ ਵੇਦਾਂ ਦੇ ਕਰਤਾ ਬਿਆਸ ਆਦਿਕ ਵੀ ਆਖਦੇ ਹਨ ਕਿ ਓਹ ਸਰੀਰ ਸ਼ਕਲਾਂ ਧਾਰਦੇ ਰਹਿੰਦੇ ਹਨ। ਵੇਦਾਂ ਦੇ ਕਰਤਾ ਤਿੰਨਾਂ ਅਵਸਥਾਂ ਦਾ ਵਖਯਾਨ ਕਰਦੇ ਹਨ। ਪਰ ਤੁਰੀਆ ਅਵਸਥਾ ਰੂਪ ਜੇਹੜਾ ਪ੍ਰਮਾਤਮਾ ਹੈ,ਉਸਨੂੰ ਸਤਿਗੁਰਾਂ ਦੀ ਕਿਰਪਾ ਨਾਲ ਜਾਣਿਆ ਜਾਂਦਾ ਹੈ।

**ਰਾਮ ਭਗਤਿ ਗੁਰ ਸੇਵਾ ਤਰਣਾ ॥ ਬਾਹੁੜਿ ਜਨਮੁ ਨ ਹੋਇ ਹੈ ਮਰਣਾ ॥ ੧ ॥ ਰਹਾਉ ॥**

ਪ੍ਰਮੇਸ਼ਰ ਦੀ ਭਗਤੀ ਤੇ ਗੁਰਾਂ ਦੀ ਸੇਵਾ ਕਰਕੇ ਸੰਸਾਰ ਸਮੁੰਦਰ ਤੋਂ ਤਰਨਾ ਹੁੰਦਾ ਹੈ। ਫੇਰ ਜਨਮ ਮਰਨ ਨਹੀਂ ਹੁੰਦਾ ਹੈ '

**ਚਾਰਿ ਪਦਾਰਥ ਕਹੈ ਸਭੁ ਕੋਈ ॥ ਸਿੰਮ੍ਰਿਤਿ ਸਾਸਤ ਪੰਡਿਤ ਮੁਖਿ ਸੋਈ ॥ ਬਿਨੁ ਗੁਰ ਅਰਥੁ ਬੀਚਾਰੁ ਨ ਪਾਇਆ ॥ ਮੁਕਤਿ ਪਦਾਰਥੁ ਭਗਤਿ ਹਰਿ ਪਾਇਆ ॥ ੨ ॥**

ਧਰਮ ਅਰਥ ਕਾਮ ਮੋਖ ਚਹੁੰ ਪਦਾਰਥਾਂ ਨੂੰ ਹਰ ਕੋਈ ਆਖਦਾ ਹੈ, (ਕੌਣ ਕਹਿੰਦਾ ਹੈ?) ਸਿੰਮ੍ਰਤੀਆਂ, ਸ਼ਾਸਤ੍ਰ, ਜੇਹੜੇ ਮੁਖੀ ੨ ਪੰਡਤ ਬਿਆਸ ਵਸਿਸ਼੍ਰ ਵਰਗੇ ਓਹ ਸਾਰੇ ਆਖਦੇ ਹਨ। ਪਰ ਵਿਚਾਰ ਰੂਪ ਅਰਥ ਗੁਰਾਂ ਤੋਂ ਬਿਨਾਂ ਨਹੀਂ ਪਾਇਆ ਜਾਂਦਾ ਹੈ। ਮੁਕਤੀ ਪਦਾਰਥ ਜਿਸ ਨੇ ਪਾਇਆ ਹੈ, ਪ੍ਰਮੇਸ਼ਰ ਦੀ ਭਗਤੀਨਾਲ ਹੀ ਪਾਇਆ ਹੈ।

**ਜਾਕੈ ਹਿਰਦੈ ਵਸਿਆ ਹਰਿ ਸੋਈ ॥ ਗੁਰਮੁਖਿ ਭਗਤਿ ਪਰਾਪਤਿ ਹੋਈ ॥ ਹਰਿ ਕੀ ਭਗਤਿ ਮੁਕਤਿ ਆਨੰਦੁ ॥ ਗੁਰਮਤਿ ਪਾਏ ਪਰਮਾਨੰਦੁ ॥ ੩ ॥**

ਜਿਸਨੂੰ ਗੁਰਾਂ ਦੁਆਰੇ ਭਗਤੀ ਪਰਾਪਤ ਹੋਈ ਹੈ ਉਸਦੇ ਦਿਲ ਅੰਦਰ ਓਹ ਪ੍ਰਮੇਸ਼ਰ ਵੱਸਿਆ ਹੈ। ਪ੍ਰਮੇਸ਼ਰ ਦੀ ਭਗਤੀ ਮੁਕਤੀ ਦੇ ਅਨੰਦ ਨੂੰ ਦੇਂਦੀ ਹੈ। ਪਰ ਵੱਡਾ ਅਨੰਦ ਸੁਖ ਗੁਰਸਿੱਖਿਆ ਨਾਲ ਪਾਈਦਾਹੈ।

**ਜਿਨਿ ਪਾਇਆ ਗੁਰਿ ਦੇਖਿ ਦਿਖਾਇਆ ॥ ਆਸਾ ਮਾਹਿ ਨਿਰਾਸੁ ਬੁਝਾਇਆ ॥ ਦੀਨਾ ਨਾਥੁ ਸਰਬ ਸੁਖ ਦਾਤਾ**

Digitized by Panjab Digital Library | www.panjabdigilib.org

॥ ਨਾਨਕ ਹਰਿ ਚਰਣੀ ਮਨੁ ਰਾਤਾ ॥ ੪ ॥ ੧੨ ॥

ਜਿਨ੍ਹਾਂ ਨੇ ਗੁਰੂ ਨੂੰ ਪਾਇਆ ਹੈ, ਓਹਨਾਂ ਆਪ ਆਤਮਾਂ ਨੂੰ ਵੇਖਿਆ ਹੈ ਅਤੇ ਹੋਰਨਾਂ ਸਿੱਖਾਂ ਨੂੰ ਵਿਖਾਇਆ ਹੈ। ਆਸਾ ਦੇ ਵਿੱਚ ਹੀ ਰਹਿੰਦਿਆਂ ਹੋਇਆਂ ਨੂੰ ਨਿਰਾਸ ਕਰਕੇ ਗੁਰਾਂ ਨੇ ਸਮਝਾਇਆ ਹੈ ਭਾਵ ਲੋਕਾਂ ਦਾ ਭਲਾ ਕਰਦੇ ਰਹਿੰਦੇ ਹਨ,ਮਨ ਪ੍ਰਮੇਸ਼ਰ ਵੱਲ ਲਾਕੇ ਦੁਨੀਆਂ ਤੋਂ ਨਿਰਾਸ ਰਹਿੰਦੇ ਹਨ, ਇਕੁੱਰ ਗੁਰੂ ਨੇ ਸਮਝਾਇਆ ਹੈ। ਗਰੀਬਾਂ ਦਾ ਮਾਲਕ ਸਾਰੇ ਸੁਖ ਦੇਣ ਵਾਲਾ ਹੈ। ਗੁਰੂ ਜੀ—ਉਸ ਆਦਮੀ ਦਾ ਮਨ ਪ੍ਰਮੇਸ਼ਰ ਦੇ ਚਰਨ ਕਮਲਾਂ ਵਿੱਚ ਰੱਤਾ ਹੋਇਆ ਹੈ।

## ਗਉੜੀ ਚੇਤੀ ਮਹਲਾ ੧ ॥

ਅੰਮ੍ਰਿਤ ਕਾਇਆ ਰਹੈ ਸੁਖਾਲੀ ਬਾਜੀ ਇਹੁ ਸੰਸਾਰੋ ॥ ਲਬੁ ਲੋਭੁ ਮੁਚੁ ਕੂੜੁ ਕਮਾਵਹਿ ਬਹੁਤੁ ਉਠਾਵਹਿ ਭਾਰੋ ॥ ਤੂੰ ਕਾਇਆ ਮੈ ਰੁਲਦੀ ਦੇਖੀ ਜਿਉ ਧਰ ਊਪਰਿ ਛਾਰੋ ॥ ੧ ॥

{ ਕੋਈ ਮੋਹਿਆ ਹੋਇਆ ਵੇਖਕੇ ਦੇਹ ਤੇ ਜੀਵ ਦਾ ਆਪੋ ਵਿੱਚ ਪ੍ਰਸ਼ਨੋਤਰ ਵਰਨਨ ਕੀਤਾ ਹੈ। }

ਜੀਵ ਆਖਦਾ ਹੈ—ਹੇ ਦੇਹ ! ਤੂੰ ਆਪਣੇ ਆਪਨੂੰ ਨ ਮਰ ਜਾਣ ਵਾਲੀ ਮੰਨ ਕੇ ਸੁਖੀ ਰਹਿੰਦੀ ਹੈਂ, ਇਹ ਸੰਸਾਰ ਤਾਂ ਬਾਜੀਗਰ ਦੀ ਬਾਜੀ ਵਰਗਾ ਹੈ, ਭਾਵ ਝੂਠਾ ਹੈ। ਚੰਗੇ ਖਾਣੇ ਖਾਣ ਦਾ ਬਹੁਤ ਲਾਲਚ ਤੇ ਪਦਾਰਥ, ਕੱਠੇ ਕਰਨ ਦਾ ਲੋਭ ਅਤੇ ਝੂਠਿਆਂ ਕੰਮਾਂ ਨੂੰ ਮੁਚ = ਬਹੁਤ ਕਰਦੀ ਹੈਂ ਅਤੇ ਪਾਪ ਰੂਪ ਭਾਰ ਸਿਰ ਉਤੇ ਉਠਾਉਂਦੀ ਹੈਂ। ਹੇ ਕਾਇਆਂ ! ਮੈਂ ਤੈਨੂੰ ਇਕੁੱਰ ਰੁਲਦੀ ਵੇਖਿਆ ਹੈ,ਜਿਸਤਰਾਂ ਧਰਤੀ ਉਤੇ ਮਿੱਟੀ ਉੱਡਦੀ ਫਿਰਦੀਹੈ।

ਸੁਣਿ ਸੁਣਿ ਸਿਖ ਹਮਾਰੀ ॥ ਸੁਕ੍ਰਿਤੁ ਕੀਤਾ ਰਹਸੀ ਮੇਰੇ ਜੀਅੜੇ ਬਹੁੜਿ ਨ ਆਵੈ ਵਾਰੀ ॥ ੧ ॥ ਰਹਾਉ ॥

ਦੇਹ ਆਖਦੀ ਹੈ-ਹੇ ਪਿਆਰੇ ! ਤੂੰ ਮੇਰੀ ਕੰਨਾਂ ਨਾਲ ਸਿੱਖਸ਼ਾ ਸੁਣ, ਚੰਗਾ ਕੰਮ = ਪੁੰਨ ਕੀਤਾ ਹੋਇਆ ਤੇਰੇ ਨਾਲ ਰਹੇਗਾ। ਮਨੁੱਖਾ ਜਨਮ ਦੀ ਵਾਰੀ ਫੇਰ ਨਹੀਂ ਆਵੇਗੀ।

ਹਉ ਤੁਧੁ ਆਖਾ ਮੇਰੀ ਕਾਇਆ ਤੂੰ ਸੁਣਿ ਸਿਖ ਹਮਾਰੀ ॥ ਨਿੰਦਾ ਚਿੰਦਾ ਕਰਹਿ ਪਰਾਈ ਝੂਠੀ ਲਾਇ

Digitized by Panjab Digital Library | www.panjabdigilib.org

**ਤਬਾਰੀ ॥ ਵੇਲਿ ਪਰਾਈ ਜੋਹਹਿ ਜੀਅੜੇ ਕਰਹਿ ਚੋਰੀ ਬੁਰਿਆਰੀ ॥ ਹੰਸੁ ਚਲਿਆ ਤੂੰ ਪਿਛੈ ਰਹੀਏਹਿ ਛੁਟੜਿ ਹੋਈਅਹਿ ਨਾਰੀ ॥ ੨ ॥**

ਵੇਲਿ = ਇਸਤ੍ਰੀ ॥

ਜੀਵ ਆਖਦਾ ਹੈ-ਹੇ ਮੇਰੀ ਕਾਇਆਂ ! ਮੈਂ ਤੈਨੂੰ ਆਖਦਾ ਹਾਂ ਤੂੰ ਮੇਰੀ ਸਿਖਿਆ ਨੂੰ ਸੁਣ। ਤੂੰ ਪਰਾਈ ਨਿੰਦਿਆ ਅਤੇ ਚਿੰਦਾ = ਉਸਤਤੀ ਕਰਦੀ ਹੈਂ ਅਤੇ ਝੂਠੀਆਂ ਚੁਗਲੀਆਂ ਕਰਦੀ ਹੈਂ।

ਦੇਹ ਆਖਦੀ ਹੈ-ਹੇ ਜੀਵ ! ਤੂੰ ਪਰਾਈਆਂ ਇਸਤ੍ਰੀਆਂ ਆਦਿਕ ਪਰਾਈਆਂ ਕਈ ਵਸਤੂਆਂ ਨੂੰ ਵੀ ਵੇਖਦਾ ਹੈਂ ਅਤੇ ਚੋਰੀਆਂ ਬੁਰਿਆਈਆਂ ਕਰਦਾ ਹੈਂ। ਜੀਵ ਆਖਦਾ ਹੈ-ਹੇ ਦੇਹ ! ਜਦੋਂ ਮੈਂ ਚਲਿਆ ਜਾਵਾਂਗਾ ਤੂੰ ਪਿੱਛੇ ਇਕੱਰ ਰਹਿ ਜਾਵੇਂਗੀ ਜਿਕੱਰ ਛੁੱਟੜ ਇਸਤ੍ਰੀ ਹੁੰਦੀ ਹੈ ਭਾਵ ਤੇਰਾ ਆਦਰ ਨਹੀਂ ਰਹੇਗਾ।

**ਤੂੰ ਕਾਇਆ ਰਹੀਅਹਿ ਸੁਪਨੰਤਰਿ ਤੁਧੁ ਕਿਆ ਕਰਮ ਕਮਾਇਆ ॥ ਕਰਿ ਚੋਰੀ ਮੈ ਜਾ ਕਿਛੁ ਲੀਆ ਤਾ ਮਨਿ ਭਲਾ ਭਾਇਆ ॥ ਹਲਤਿ ਨ ਸੋਭਾ ਪਲਤਿ ਨ ਢੋਈ ਅਹਿਲਾ ਜਨਮੁ ਗਵਾਇਆ ॥ ੩ ॥**

ਹੇ ਕਾਇਆਂ! ਤੂੰ ਸੰਸਾਰ ਸੁਫਨੇ ਵਿੱਚ ਰਹੀ ਹੈਂ, ਇਸ ਵਿਚ ਰਹਿਕੇ ਤੂੰ ਕੀ ਕੰਮ ਕੀਤਾ ਹੈ ਭਾਵ ਭੈੜੇ ਕੰਮ ਕੀਤੇ ਹਨ। ਜਦੋਂ ਚੋਰੀ ਆਦਕ ਪਾਪ ਕਰਕੇ ਜੋ ਕੁਛ ਮੈਂ ਲੈ ਆਯਾ ਸੋ ਤੇਰੇ ਮਨ ਵਿੱਚ ਬੜਾ ਚੰਗਾ ਲੱਗਾ। ਤੇਰੀ ਸੰਗਤ ਕਰਕੇ ਮੈਂ ਇਸ ਲੋਕ ਵਿੱਚ ਵੀ ਸੋਭਾ ਨਹੀਂ ਲਈ ਹੈ ਅਤੇ ਪ੍ਲੋਕ ਵਿੱਚ ਵੀ ਮੈਨੂੰ ਕੋਈ ਢੋਈ ਭਾਵ ਚੰਗੀ ਥਾਂ ਬਹਿਣ ਨੂੰ ਨਹੀਂ ਮਿਲੀ ਹੈ, ਮੈਂ ਬਿਅਰਥ ਹੀ ਜਾਂ ਸੁੰਦਰ ਜਨਮ ਗਵਾ ਲਿਆ ਹੈ।

**ਹਉ ਖਰੀ ਦੁਹੇਲੀ ਹੋਈ ਬਾਬਾ ਨਾਨਕ ਮੇਰੀ ਬਾਤ ਨ ਪੁਛੈ ਕੋਈ ॥ ੧ ॥ ਰਹਾਉ ॥**

ਗੁਰੂ ਜੀ-ਦੇਹ ਆਖਦੀ ਹੈ ਹੇ ਬਾਬਾ ! ਹੁਣ ਮੈਂ ਬੜੀ ਹੀ ਦੁਖੀ ਹੋਈ ਹਾਂ, ਤੇਰੇ ਵਿਛੋੜੇ ਕਰਕੇ ਮੇਰੀ ਕੋਈ ਵਾਤ ਵੀ ਨਹੀਂ ਪੁਛਦਾ।

**ਤਾਜੀ ਤੁਰਕੀ ਸੁਇਨਾ ਰੁਪਾ ਕਪੜ ਕੇਰੇ ਭਾਰਾ ॥ ਕਿਸ ਹੀ ਨਾਲਿ ਨ ਚਲੇ ਨਾਨਕ ਝੜਿ ਝੜਿ ਪਏ ਗਵਾਰਾ ॥**

Digitized by Panjab Digital Library | www.panjabdigilib.org

**ਕੂਜਾ ਮੇਵਾ ਮੈ ਸਭ ਕਿਛੁ ਚਾਖਿਆ ਇਕੁ ਅੰਮ੍ਰਿਤੁ ਨਾਮੁ ਤੁਮਾਰਾ ॥ ੪ ॥**

(ਸੰਸਾਰ ਦੀ ਹਾਲਤ ਗੁਰੂ ਜੀ ਦੱਸਦੇ ਹਨ) ਤੁਰਕ ਅਸਥਾਨ ਕਾਬਲ ਕੰਧਾਰ ਆਦਕ ਦੇ ਤਾਜੀ = ਘੋੜੇ ਅਤੇ ਸੋਨਾ ਚਾਂਦੀ ਕਪੜਿਆਂ ਆਦਕਾਂ ਦੇ ਭਾਰ = ਅਕੱਠੇ ਗੱਡੇ ਲੱਦੇ ਹੋਏ । ਗੁਰੂ ਜੀ-ਇਹ ਸਾਰੇ ਪਦਾਰਥ ਕਿਸੇ ਦੇ ਨਾਲ ਵੀ ਨਹੀਂ ਗਏ ਹਨ, ਮੈਂ ਚੰਗੀ ਤਰਾਂ ਨਿਸਚੇ ਕੀਤਾ ਤੇ ਆਖਿਆ ਹੈ ਕਿ ਇਹਨਾਂ ਵਿੱਚ ਲਗਕੇ ਮੂਰਖ ਆਦਮੀ ਝੜ ਝੜਕੇ ਡਿੱਗ ਪਏ ਹਨ ਭਾਵ ਨਾਸ ਹੋ ਗਏ ਹਨ। ਮਿਸਰੀ ਆਦਕ ਮਿੱਠਾ ਮੇਵਾ ਪਿਸਤਾ ਸਉਗੀ ਆਦਕ ਮੈਂ ਸਭ ਕੁਛ ਚੱਖਿਆ ਹੈ, ਹੇ ਪ੍ਰਮੇਸ਼ਰਾ! ਇਕ ਤੇਰਾ ਨਾਮ ਹੀ ਅੰਮ੍ਰਿਤ ਰੂਪ ਮਿੱਠਾ ਹੈ ਭਾਵ ਹੋਰ ਸਾਰੇ ਪਦਾਰਥ ਮਾੜੇ ਤੇ ਕੌੜੇ ਹਨ, ਕਿ ਇਕ ਤੇਰਾ ਨਾਮ ਮਿੱਠਾ ਮੌਤ ਤੋਂ ਰਹਿਤ ਕਰਨ ਵਾਲਾ ਹੈ।

**ਦੇ ਦੇ ਨੀਵ ਦਿਵਾਲ ਉਸਾਰੀ ਭਸਮੰਦਰ ਕੀ ਢੇਰੀ ॥ ਸੰਚੇ ਸੰਚਿ ਨ ਦੇਈ ਕਿਸਹੀ ਅੰਧੁ ਜਾਣੈ ਸਭ ਮੇਰੀ ॥ ਸੋਇਨ ਲੰਕਾ ਸੋਇਨ ਮਾੜੀ ਸੰਪੈ ਕਿਸੈ ਨ ਕੇਰੀ ॥ ੫ ॥**

ਪੱਕੀਆਂ ਡੂੰਘੀਆਂ ਨੀਂਹਾਂ ਦੇ ਦੇ ਕੇ ਕੰਧਾਂ ਉਸਾਰੀਆਂ ਹਨ, ਓਹ ਇਕੱਰ ਦੇ ਮਕਾਨ ਤਾਂ ਸੁਆਹ ਦੀ ਢੇਰੀ ਹਨ ਭਾਵ ਸਰੀਰ ਨਾਸਵੰਤ ਹਨ। ਪਦਾਰਥਾਂ ਨੂੰ ਕੱਠਿਆਂ ਕਰਦਾ ਹੈ ਤੇ ਕਠਿਆਂ ਕਰਕੇ ਕਿਸੇ ਨੂੰ ਨਹੀਂ ਦੇਂਦਾ ਹੈ, ਬਿਸਮਝ ਆਦਮੀ ਜਾਣਦਾ ਹੈ ਕਿ ਸਾਰੀ ਮਾਇਆ ਮੇਰੀ ਹੀ ਹੈ।

ਜਿਸ ਰਾਵਨ ਦੀ ਸੋਨੇ ਦੀ ਲੰਕਾ ਤੇ ਸੋਨੇ ਦੀ ਅਟਾਰੀ ਸੀ, ਉਸਦੀ ਨ ਬਣੀ, ਇਸ ਲਈ ਇਹ ਸਮਝਣਾ ਚਾਹੀਦਾ ਹੈ ਕਿ ਇਹ ਸਾਰੀ ਸਮੱਗਰੀ ਕਿਸੇ ਦੀ ਨਹੀਂ ਹੈ।

**ਸੁਣਿ ਮੂਰਖ ਮੰਨ ਅਜਾਣਾ ॥ ਹੋਗੁ ਤਿਸੈ ਕਾ ਭਾਣਾ ॥ ੧ ॥ ਰਹਾਉ ॥**

ਹੇ ਬੇ ਸਮਝ ਮੂਰਖ ਮਨ ! ਤੂੰ ਸੁਣ। ਜੇਹੜਾ ਉਸ ਪ੍ਰਮੇਸ਼ਰ ਦਾ ਹੁਕਮ ਹੈ, ਓਹੋ ਹੀ ਹੁੰਦਾ ਹੈ।

**ਸਾਹੁ ਹਮਾਰਾ ਠਾਕੁਰੁ ਭਾਰਾ ਹਮ ਤਿਸਕੇ ਵਣਜਾਰੇ ॥ ਜੀਉ ਪਿੰਡੁ ਸਭ ਰਾਸਿ ਤਿਸੈ ਕੀ ਮਾਰਿ ਆਪੇ ਜੀਵਾਲੇ ॥ ੬ ॥ ੧ ॥ ੧੩ ॥**

Digitized by Panjab Digital Library | www.panjabdigilib.org

ਜੇਹੜਾ ਸਾਡਾ ਮਾਲਕ ਹੈ, ਓਹ ਬੜਾ ਭਾਰਾ ਸ਼ਾਹੂਕਾਰ ਹੈ, ਅਸੀਂ ਜੀਵ ਸਾਰੇ ਉਸਦੇ ਵਣਜਾਰੇ ਹਾਂ। ਜੀਵ ਤੇ ਇਹ ਸਰੀਰ ਸਭ ਉਸ ਦੀ ਰਾਸ ਹੈ, ਓਹ ਆਪੇ ਹੀ ਮਾਰਦਾ ਹੈ, ਆਪੇ ਹੀ ਜੀਵਾਲਦਾ ਹੈ।

**ਗਉੜੀ ਚੇਤੀ ਮਹਲਾ ੧ ॥**

**ਅਵਰਿ ਪੰਚ ਹਮ ਏਕ ਜਨਾ ਕਿਉ ਰਾਖਉ ਘਰ ਬਾਰੁ ਮਨਾ ॥ ਮਾਰਹਿ ਲੂਟਹਿ ਨੀਤ ਨੀਤ ਕਿਸੁ ਆਗੈ ਕਰੀ ਪੁਕਾਰ ਜਨਾ ॥ ੧ ॥**

ਹੋਰ ਕਾਮ ਆਦਕ ਵੈਰੀ ਪੰਜ ਜਣੇ ਹਨ ਅਤੇ ਮੈਂ ਕੱਲਾ ਆਦਮੀ ਹਾਂ ਹੇ ਮਨਾ ! ਵਿਕਾਰਾਂ ਪਾਸੋਂ ਆਪਣਾ ਘਰ ਬਾਰ ਕਿਸਤਰਾਂ ਰੱਖਾਂ ਭਾਵ ਘਰ = ਰਿਦਾ, ਬਾਰ = ਇੰਦ੍ਰੇ।

ਗੁਣਾਂ ਰੂਪ ਧਨ ਨੂੰ ਰੋਜ ਮਾਰਦੇ ਲੁਟਦੇ ਹਨ, ਅਸੀਂ ਦਾਸ ਕਿਸ ਦੇ ਅਗੇ ਪੁਕਾਰ ਕਰੀਏ ਭਾਵ ਅੰਦਰੋ ਅੰਦਰੀ ਲੁਟੀਂਦੇ ਜਾਈਦਾ ਹੈ, ਇਹ ਦੁਖ ਕਿਸਦੇ ਅਗੇ ਆਖੀਏ ?

**ਸ੍ਰੀ ਰਾਮ ਨਾਮਾ ਉਚਰੁ ਮਨਾ ॥ ਆਗੈ ਜਮਦਲੁ ਬਿਖਮੁ ਘਨਾ ॥ ੧ ॥ ਰਹਾਉ ॥**

ਹੇ ਮਨ ! ਸ੍ਰੀ ਰਾਮ ਨਾਮ ਦਾ ਉਚਾਰਨ ਕਰ, ਨਹੀਂ ਤਾਂ ਅਗੇ ਜਮ ਦਾ ਲਸ਼ਕਰ ਬਹੁਤ ਔਖਾ ਕਰਨ ਵਾਲਾ ਹੈ।

**ਉਸਾਰਿ ਮੜੋਲੀ ਰਾਖੈ ਦੁਆਰਾ ਭੀਤਰਿ ਬੈਠੀ ਸਾਧਨਾ ॥ ਅੰਮ੍ਰਿਤ ਕੇਲ ਕਰੇ ਨਿਤ ਕਾਮਣਿ ਅਵਰਿ ਲੁਟੇਨਿਸੁ ਪੰਚ ਜਨਾ ॥ ੨ ॥**

ਦੇਹ ਰੂਪ ਮੜ੍ਹੀ ਜਾਂ ਮੱਟੀ ਜਾਂ ਮੱਟ ਜੋ ਰਹਿਣ ਦੀ ਥਾਂ ਹੁੰਦਾ ਹੈ, ਉਸ ਵਰਗੀ ਛੋਟੀ ਮੱਠੀ ਬਣਾਕੇ ਨੌ ਰਸਤੇ ਸਰੀਰ ਦੇ ਨੌ ਦਰਵਾਜੇ ਰਖੇ ਹਨ,ਇਸ ਥਾਂ ਦੇ ਵਿਚ = ਸਾਧਨਾ ਜੀਵ ਰੂਪ ਇਸਤ੍ਰੀ ਬੈਠੀ ਹੈ।

ਸਰੀਰ ਥਾਂ ਨੂੰ ਅੰਮ੍ਰਿਤ = ਨਾ ਮਰਨ ਵਾਲਾ ਮੰਨ ਕੇ ਕਾਮਣਿ = ਜੀਵ ਰੂਪ ਇਸਤੀ ਰੋਜ ਹੀ ਕੇਲ = ਅਨੰਦ ਬਿਲਾਸ ਕਰਦੀ ਹੈ ਅਤੇ ਪੰਜ ਕਾਮ ਆਦਕ ਜਣੇ ਰੋਜ ਹੀ ਰਾਤ ਨੂੰ ਦਿਨੇ ਧਰਮ ਧਨ ਨੂੰ ਲੁੱਟੀ ਜਾਂਦੇ ਹਨ, ਲੁਟੇਨਿਸੁ = ਲੁਟਦੇ ਨੇ ਓਹ ਜਾਂ ਰਾਤ ਨੂੰ ਲੁਟਦੇ।

**ਢਾਹਿ ਮੜੋਲੀ ਲੂਟਿਆ ਦੇਹੁਰਾ ਸਾਧਨ ਪਕੜੀ**

Digitized by Panjab Digital Library | www.panjabdigilib.org

**ਏਕ ਜਨਾ ॥ ਜਮ ਡੰਡਾ ਗਲਿ ਸੰਗਲੁ ਪੜਿਆ ਭਾਗਿ ਗਏ ਸੇ ਪੰਚ ਜਨਾ ॥ ੩ ॥**

ਜਦੋਂ ਜਮਾਂ ਨੇ ਦੇਹ ਥਾਂ ਨੂੰ ਆਕੇ ਢਾਹਿਆ ਤਾਂ ਦੇਹੁਰਾ ਜੇਹੜਾ ਪ੍ਰਾਣਾਂ ਵਾਲਾ ਸਰੀਰ ਸੀ ਭਾਵ ਲਿੰਗ ਜੀਵ ਪ੍ਰਾਣਾਂ ਵਾਲਾ ਵਿਚੋਂ ਕੱਢ ਲਿਆ, ਓਹ ਜੇਹੜੀ ਜੀਵ ਰੂਪ ਇਸਤ੍ਰੀ ਸੀ, ਓਹ ਏਕਜਨਾ = ਕੱਲੀ ਫੜੀ ਗਈ ਜਾਂ ਜਮ ਦੇ ਜਣਿਆਂ ਨੇ ਕੱਲੀ ਫੜ ਲਈ। ਜਦੋਂ ਜਮ ਦੂਤ ਡੰਡਾ ਮਾਰਨ ਲੱਗੇ ਅਤੇ ਗਲ ਵਿਚ ਸੰਗਲ ਪਿਆ ਤਾਂ ਜੇਹੜੇ ਪੰਚ ਜਣੇ–ਕਾਮ ਆਦਕ ਸੀ ਓਹ ਦੌੜ ਗਏ ।

**ਕਾਮਣਿ ਲੋੜੈ ਸੁਇਨਾ ਰੁਪਾ ਮਿਤ੍ਰ ਲੁੜੇਨਿ ਸੁਖਾਧਾਤਾ ॥ ਨਾਨਕ ਪਾਪ ਕਰੇ ਤਿਨ ਕਾਰਣਿ ਜਾਸੀ ਜਮ ਪੁਰਿ ਬਾਧਾਤਾ ॥ ੪ ॥ ੨ ॥ ੧੪ ॥**

ਇਸਤ੍ਰੀ ਸੋਨੇ ਚਾਂਦੀ ਚਾਹੁੰਦੀ ਹੈ ਅਤੇ ਮਿਤ੍ਰ ਪਦਾਰਥਾਂ ਨੂੰ ਖਾਇਆ ਲੁੜੇਨਿ = ਚਾਹੁੰਦੇ ਹਨ ! ਗੁਰੂ ਜੀ–ਇਹ ਆਦਮੀ ਤਿਨ੍ਹਾਂ ਦੇ ਵਾਸਤੇ ਪਾਪ ਕਰਦੇ ਹਨ, ਉਹ ਸੰਗੀ ਨਹੀਂ ਹੋਣਗੇ, ਇਸ ਲਈ ਪਾਪੀ ਜੀਵ ਜਮਦੀ ਪੁਰੀ ਨੂੰ ਬੱਧਾ ਹੋਇਆ ਚਲਾ ਜਾਵੇਗਾ।

## ਗਉੜੀ ਚੇਤੀ ਮਹਲਾ ੧ ॥

**ਮੁੰਦ੍ਰਾ ਤੇ ਘਟ ਭੀਤਰਿ ਮੁੰਦ੍ਰਾ ਕਾਂਇਆ ਕੀਜੈ ਖਿੰਥਾਤਾ ॥ ਪੰਚ ਚੇਲੇ ਵਸਿ ਕੀਜਹਿ ਰਾਵਲ ਇਹੁ ਮਨੁ ਕੀਜੈ ਡੰਡਾਤਾ ॥ ੧ ॥**

{ ਚੇਤੀ = ਗੌੜੀਦੀ ਜਾਤੀਦਾ ਨਾਮ ਹੈ।ਬੈਰਾਗਨ = ਚੇਤੀ ਜਾਤੀਆਂ ਹਨ ਇਕ ਜੋਗੀ ਜੇਹੜਾ ਕਿ ਜੋਗ ਸਾਧਨਾ ਕਰਦਾ ਸੀ ਉਸਦੇ ਪਰਥਾਇ ਗੁਰੂ ਜੀ ਸ਼ਬਦ ਉਚਾਰਿਆ ਹੈ। }

ਤਾ = ਕਿਸੇ ਪੰਗਤੀ ਵਿਚ ਤਾਂ ਇਸਦਾ ਅਰਥ ਲਗੇਗਾ, ਜਾਂ ਕਿਸੇ ਵਿਚ ਕੇਵਲ ਪਾਠ ਪੂਰਕ, ਪਦ ਮੇਲਨ ਵਾਸਤੇ ਹੋਵੇਗਾ। ਜਿਹੜੇ ਸੰਕਲਪ ਵਿਕਲਪ ਉਠਦੇ ਹਨ ਉਹਨਾਂ ਨੂੰ ਵਿਚਾਰ ਦੁਆਰੇ ਮੁੰਦ੍ਰਾ = ਜੋ ਦਿਲ ਵਿਚ ਦਬਾ ਲੈਣਾ ਜਾਂ ਮੁੰਦ ਲੈਣਾ ਜਾਂ ਢਕ ਲੈਣਾ ਹੈ ਸੋ ਅਸਾਂ ਇਹ ਮੁੰਦ੍ਰਾਂ ਪਾਈਆਂ ਹਨ ਅਤੇ ਕਾਇਆਂ ਨੂੰ ਜੇਹੜਾ ਝੂਠਿਆਂ ਜਾਨਣਾ ਹੈ ਇਹ ਖਿੰਥਾ ਪਾਈ ਜਾਂ ਕੀਤੀ ਹੈ। ਹੇ ਰਾਵਲ = ਜੋਗੀ ! ਜੇਹੜੇ ਪੰਜ ਇੰਦ੍ਰੇ ਹਨ,

Digitized by Panjab Digital Library | www.panjabdigilib.org

ਇਹਨਾਂ ਨੂੰ ਜੇਹੜਾ ਵੱਸ ਕਰਨਾ ਹੈ, ਇਹ ਚੇਲੇ ਕਰੀਏ ਅਤੇ ਇਹ ਜੇਹੜਾ ਮਨ ਹੈ ਇਸ ਨੂੰ ਪ੍ਰਮੇਸ਼ਰ ਦੇ ਵਲ ਸਿੱਧਾ ਕਰਨਾ ਇਹ ਹੱਥ ਵਿਚ ਡੰਡਾ ਫੜੀਏ।

**ਜੋਗ ਜੁਗਤਿ ਇਵ ਪਾਵਸਿਤਾ ॥ ਏਕੁ ਸਬਦੁ ਦੂਜਾ ਹੋਰੁ ਨਾਸਤਿ ਕੰਦ ਮੂਲਿ ਮਨੁ ਲਾਵਸਿਤਾ ॥ ੧ ॥ ਰਹਾਉ ॥**

ਹੇ ਜੋਗੀ ! ਜੋਗ ਦੀ ਜੁਗਤੀ ਤਾਂ ਇੱਕੁਰ ਪਾਈਦੀ ਹੈ। ਇੱਕੁਰ ਦਾ ਨਿਸਚਾ ਹੋਣਾ ਚਾਹੀਦਾ ਹੈ ਕਿ ਇੱਕ ਪਰਮੇਸ਼ਰ ਹੀ ਹੈ, ਹੋਰ ਦੂਸਰਾ ਕੋਈ ਨਹੀਂ ਹੈ। ਨਾਸਤਿ = ਨਹੀਂ ਹੈ ਜਾਂ ਨਾਸ ਰੂਪ ਹੈ, ਉਸ ਵਾਹਿਗੁਰੂ ਨਾਲ ਇਸ ਮਨ ਨੂੰ ਲਾਉਣਾ ਇਹ ਕੰਦ ਮੂਲ = ਬਣ ਦੇ ਫਲ ਫੁਲ ਤੋੜਕੇ ਖਾਣਾ ਹੈ।

**ਮੂੰਡਿ ਮੁੰਡਾਇਐ ਜੇ ਗੁਰੁ ਪਾਈਐ ਹਮ ਗੁਰੁ ਕੀਨੀ ਗੰਗਾਤਾ ॥ ਤ੍ਰਿਭਵਣ ਤਾਰਣਹਾਰੁ ਸੁਆਮੀ ਏਕੁ ਨ ਚੇਤਸਿ ਅੰਧਾਤਾ ॥ ੨ ॥**

ਜੇ ਸਿਰ ਮੁਨਾਉਣ ਨਾਲ ਗੁਰੂ ਜੀ ਨੂੰ ਪਾਈਦਾ ਹੈ ਤਾਂ ਸਾਰਿਆਂ ਆਦਮੀਆਂ ਨੇ ਗੰਗਾ ਨੂੰ ਹੀ ਗੁਰੂ ਕੀਤਾ ਹੈ ਭਾਵ ਗੰਗਾ ਉਤੇ ਜਾਕੇ ਸਿਰ ਮੁਨਾਉਂਦੇ ਹਨ, ਪਰ ਉਹ ਕੁਛ ਤਰ ਤਾਂ ਨਹੀਂ ਜਾਂਦੇ ਹਨ।

ਜੇਹੜਾ ਇਕ ਮਾਲਕ ਸਾਰਿਆਂ ਤਿੰਨਾਂ ਲੋਕਾਂ ਦੇ ਤਾਰਨ ਵਾਲਾ ਹੈ, ਉਸ ਨੂੰ ਇਹ ਬੇਸਮਝ ਆਦਮੀ ਯਾਦ ਨਹੀਂ ਕਰਦਾ।

**ਕਰਿ ਪਟੰਬੁ ਗਲੀ ਮਨੁ ਲਾਵਸਿ ਸੰਸਾ ਮੂਲਿ ਨ ਜਾਵਸਿਤਾ ॥ ਏਕ ਸੁ ਚਰਣੀ ਜੇ ਚਿਤੁ ਲਾਵਹਿ ਲਬਿ ਲੋਭਿ ਕੀ ਧਾਵਸਿਤਾ ॥ ੩ ॥**

ਪਟੰਬੁ = ਪਖੰਡ ਜਾਂ ਠੱਗੀ ਕਰਕੇ ਗੱਲਾਂ ਵਿੱਚ ਲੋਕਾਂ ਦਾ ਮਨ ਲਾਉਂਦਾ ਹੈ, ਓਹਨਾਂ ਦਾ ਸੰਸਾ ਨਹੀਂ ਜਾਂਦਾ ਹੈ ਜਾਂ ਓਹਨਾਂ ਦਾ ਸੰਸਾ ਤਾਂ ਨਹੀਂ ਜਾਂਦਾ ਹੈ। ਨੋਟ–ਕਿਸੇ ਥਾਂ ਤਾ = ਦਾ ਅਰਥ ਲੱਗਦਾ ਹੈ, ਕਿਸੇ ਥਾਂ ਖਿਚ ਕੇ ਅਰਥ ਵਿਚ ਕਰੀਦਾ ਹੈ। ਜੇ ਚਿਤ ਨੂੰ ਇਕ ਪ੍ਰਮੇਸ਼ਰ ਦੇ ਚਰਨਾਂ ਵਿਚ ਲਾਵੇ ਤਾਂ ਮਨ ਤੋਂ ਲਬ ਲੋਭ ਦੀ ਅਵਸਥਾ ਜਾਂ ਵਾਸ਼ਨਾ ਦੌੜ ਜਾਵੇ ਭਾਵ ਮਨ ਤੋਂ ਵਿਕਾਰ ਦੂਰ ਹੋ ਜਾਣ ਜਾਂ ਤੂੰ ਲੋਭ ਦੇ ਵਿੱਚ ਹੀ ਦੌੜਦਾ ਹੈਂ ਭਾਵ ਨ ਦੌੜ।

Digitized by Panjab Digital Library | www.panjabdigilib.org

**ਜਪਸਿ ਨਿਰੰਜਨੁ ਰਚਸਿ ਮਨਾ ॥ ਕਾਹੇ ਬੋਲਹਿ ਜੋਗੀ ਕਪਟੁ ਘਨਾ ॥ ੧ ॥ ਰਹਾਉ ॥**

ਤੂੰ ਮਨ ਨੂੰ ਵਾਹਿਗੁਰੂ ਦੇ ਨਾਲ ਰਚਾਕੇ ਭਾਵ ਬਹੁਤ ਪਰੇਮ ਕਰਕੇ ਜਪ। ਹੇ ਜੋਗੀ ! ਦਿਲ ਵਿੱਚ ਖੋਟ ਰਖਕੇ ਕਿਉਂ ਬੋਲਦਾ ਹੈਂ ?

**ਕਾਇਆ ਕਮਲੀ ਹੰਸੁ ਇਆਣਾ ਮੇਰੀ ਮੇਰੀ ਕਰਤ ਬਿਹਾਣੀਤਾ ॥ ਪ੍ਰਣਵਤਿ ਨਾਨਕੁ ਨਾਗੀ ਦਾਝੈ ਫਿਰਿ ਪਾਛੈ ਪਛੁਤਾਣੀਤਾ ॥ ੪ ॥ ੩ ॥ ੧੫ ॥**

ਕਾਇਆ ਤਾਂ ਕਮਲੀ ਹੈ, ਇਸਦੇ ਨਾਲ ਮੇਲ ਕਰਕੇ ਜੀਵ ਵੀ ਇਆਣਾ = ਬੇਸਮਝ ਹੋਇਆ ੨ ਹੈ, ਇਸ ਲਈ ਇਸਦੀ ਮੇਰੀ ੨ ਕਰ-ਦਿਆਂ ਬਤੀਤ ਹੁੰਦੀ ਹੈ ਭਾਵ ਉਮਰ ਗੁਜ਼ਰਦੀ ਹੈ। ਗੁਰੂ ਜੀ–ਜਦੋਂ ਦੇਹ ਨੰਗੀ ਹੋਕੇ ਅੱਗ ਵਿੱਚ ਸੜਦੀ ਹੈ ਤਾਂ ਪਿਛੋਂ ਜੀਵ ਪਛਾਤਾਪ ਕਰਦਾ ਹੈ ਕਿ ਇਸਦੇ ਨਾਲ ਮਿਲਕੇ ਦੁਖ ਪਾਇਆ, ਲਾਭ ਨ ਲਿਆ।

**ਗਉੜੀ ਚੇਤੀ ਮਹਲਾ ੧ ॥**

**ਅਉਖਧ ਮੰਤ੍ਰ ਮੂਲੁ ਮਨ ਏਕੈ ਜੇਕਰਿ ਦ੍ਰਿੜੁ ਚਿਤੁ ਕੀਜੈ ਰੇ ॥ ਜਨਮ ਜਨਮ ਕੇ ਪਾਪ ਕਰਮ ਕੇ ਕਾਟਨਹਾਰਾ ਲੀਜੈ ਰੇ ॥ ੧ ॥**

ਜੇ ਚਿੱਤ ਨੂੰ ਪੱਕਾ ਕਰੀਏ ਤਾਂ ਅਗਿਆਨ ਰੋਗ ਦੇ ਨਾਸ ਕਰਨ ਨੂੰ ਦਵਾਈ ਅਤੇ ਕਾਮ ਆਦਕ ਸੱਪਾਂ ਦੀ ਜ਼ਹਿਰ ਦੂਰ ਕਰਨ ਨੂੰ ਮੰਤ੍ਰ ਮੂਲ = ਸਾਰਿਆਂ ਦਾ ਮੁੱਢ ਸਭ ਨੂੰ ਪੈਦਾ ਕਰਨ ਵਾਲਾ ਇਕ ਵਾਹਿਗੁਰੂ ਮਨ ਦੇ ਅੰਦਰ ਹੀ ਹੈ। ਜੇਹੜੇ ਜਨਮਾਂ ਜਨਮਾਂ ਦੇ ਪਾਪਾਂ ਦੇ ਕਰਮ ਕੱਠੇ ਹੋਏ ਹੋਏ ਹਨ, ਓਹਨਾਂ ਨੂੰ ਨਾਸ ਕਰਨ ਵਾਲਾ ਜੇਹੜਾ ਨਾਮ ਹੈ, ਉਸਨੂੰ ਲੌ, ਭਾਵ ਜਪੋ।

**ਮਨ ਏਕੋ ਸਾਹਿਬੁ ਭਾਈ ਰੇ ॥ ਤੇਰੇ ਤੀਨਿ ਗੁਣਾ ਸੰਸਾਰਿ ਸਮਾਵਹਿ ਅਲਖੁ ਨ ਲਖਣਾ ਜਾਈ ਰੇ ॥ ੧ ॥ ਰਹਾਉ ॥**

ਹੇ ਭਰਾ! ਇਕ ਮਾਲਕ ਨੂੰ ਮਨ ਵਿਚ ਮੰਨ। ਮੈਂ ਸੁਣਦਾ ਵੀ ਹਾਂ, ਫਿਰ ਵੀ ਅਲੱਖ ਨੂੰ ਨਹੀਂ ਲਖਦਾ ਹਾਂ, ਜੇਹੜਾ ਤਿੰਨ ਗੁਣ ਰੂਪ ਸੰਸਾਰ ਤੇਰੇ ਦਿਲ ਵਿਚ ਖੁਭਿਆ ਹੋਇਆ ਹੈ, ਇਸ ਲਈ ਤੂੰ ਉਸਨੂੰ ਨਹੀਂ ਵੇਖ ਸਕਦਾ ਹੈਂ।

Digitized by Panjab Digital Library | www.panjabdigilib.org

**ਸਕਰ ਖੰਡੁ ਮਾਇਆ ਤਨਿ ਮੀਠੀ ਹਮ ਤਉ ਪੰਡ ਉਚਾਈ ਰੇ ॥ ਰਾਤਿ ਅਨੇਰੀ ਸੂਝਸਿ ਨਾਹੀ ਲਜੁ ਟੂਕਸਿ ਮੂਸਾ ਭਾਈ ਰੇ ॥ ੨ ॥**

ਸਰੀਰ ਨੂੰ ਸ਼ੱਕਰ ਘਿਓ ਖੰਡ ਨਾਲੋਂ ਮਾਇਆ ਮਿੱਠੀ ਲੱਗਦੀ ਹੈ। ਅਸਾਂ ਤੁਸਾਂ ਸਾਰਿਆਂ ਆਦਮੀਆਂ ਨੇ ਤਾਂ ਮਾਇਆ ਦੀ ਹੀ ਸਿਰ ਉਤੇ ਪੰਡ ਚੁੱਕੀ ਹੋਈ ਹੈ ਭਾਵ ਮਾਇਆ ਦੇ ਵਾਸਤੇ ਸਾਰੇ ਕੰਮ ਕਰਦੇ ਹਾਂ।

ਅਵਿੱਦਿਆ ਰੂਪ ਹਨੇਰੀ ਰਾਤ ਵਿਚ ਆਦਮੀ ਨੂੰ ਕੁਛ ਦੀਹਦਾ ਨਹੀਂ ਹੈ। ਹੇ ਭਰਾ! ਕਾਲ ਰੂਪ ਚੂਹਾ ਉਮਰ ਰੂਪ ਲੱਜ ਟੁਕਦਾ ਜਾਂਦਾ ਹੈ ਭਾਵ ਉਮਰ ਘਟਦੀ ਹੈ, ਕਿਸੇ ਦਿਨ ਮਰ ਜਾਣਾ ਹੈ।

**ਮਨਮੁਖਿ ਕਰਹਿ ਤੇਤਾ ਦੁਖੁ ਲਾਗੈ ਗੁਰਮੁਖਿ ਮਿਲੈ ਵਡਾਈ ਰੇ ॥ ਜੋ ਤਿਨਿ ਕੀਆ ਸੋਈ ਹੋਆ ਕਿਰਤੁ ਨ ਮੇਟਿਆ ਜਾਈ ਰੇ ॥ ੩ ॥**

ਮਨਮੁਖ ਜਿਤਨਾ ਕਰਮ ਕਰਦੇ ਹਨ, ਉਤਨਾ ਹੀ ਦੁੱਖ ਲੱਗਦਾ ਹੈ ਅਤੇ ਗੁਰਮੁਖਾਂ ਨੂੰ ਵਡਿਆਈ ਮਿਲਦੀ ਹੈ। ਜੇਹੜਾ ਹੋਰਨਾਂ ਜੀਵਾਂ ਨੇ ਕਰਮ ਕੀਤਾ ਹੈ,ਓਹਨਾਂ ਨੂੰ ਓਹੋ ਹੀ ਫਲ ਮਿਲਿਆ ਹੈ, ਕੀਤਾ ਹੋਇਆ ਕੰਮ ਮਿਟਾਇਆ ਨਹੀਂ ਜਾਂਦਾ ਹੈ।

**ਸੁਭਰ ਭਰੇ ਨ ਹੋਵਹਿ ਊਣੇ ਜੋ ਰਾਤੇ ਰੰਗੁ ਲਾਈ ਰੇ ॥ ਤਿਨਕੀ ਪੰਕ ਹੋਵੈ ਜੇ ਨਾਨਕੁ ਤਉ ਮੂੜਾ ਕਿਛੁ ਪਾਈ ਰੇ॥ ੪ ॥ ੪ ॥ ੧੬ ॥**

ਜੇਹੜੇ ਗੁਣਾਂ ਨਾਲ ਲਬਾ ਲਬ ਭਰੇ ਹੋਏ ਹਨ, ਓਹ ਖਾਲੀ ਨਹੀਂ ਹੁੰਦੇ ਹਨ। ਜੇਹੜੇ ਪਰਮੇਸ਼ਰ ਨਾਲ ਪ੍ਰੇਮ ਲਾਕੇ ਰੱਤੇ ਹੋਏ ਹਨ ਓਹ ਭਰੇ ਹੋਏ ਹਨ। ਗੁਰੂ ਜੀ- ਜੇ ਜੀਵ ਓਹਨਾਂ ਸੰਤਾਂ ਦੇ ਚਰਨਾਂ ਦੀ ਧੂੜ ਹੋ ਜਾਵੇ ਤੇ ਤਾਂ ਕੁਛ ਮੂਰਖ ਭਗਤੀ ਗਿਆਨ ਨੂੰ ਪਾ ਲਏਗਾ।

**ਗਉੜੀ ਚੇਤੀ ਮਹਲਾ ੧ ॥**

**ਕਤ ਕੀ ਮਾਈ ਬਾਪੁ ਕਤ ਕੇਰਾ ਕਿਦੂ ਥਾਵਹੁ ਹਮ ਆਏ ॥ ਅਗਨਿ ਬਿੰਬ ਜਲ ਭੀਤਰਿ ਨਿਪਜੇ ਕਾਹੇ ਕੰਮਿ ਉਪਾਏ ॥ ੧ ॥**

Digitized by Panjab Digital Library | www.panjabdigilib.org

ਜੇ ਵਿਚਾਰੀਏ ਤੇ ਤਾਂ ਕੀ ਕੋਈ ਕਿਸੇ ਦੀ ਮਾਂ ਹੈ ਕੀ ਕੋਈ ਕਿਸੇ ਦਾ ਪਿਤ ਹੈ ਜਾਂ ਕਦੋਂ ਦੇ ਮਾਤਾ ਪਿਤਾ ਹਨ ਅਤੇ ਕਿਸ ਥਾਂ ਤੋਂ ਅਸੀ ਤੁਸੀ ਸਾਰੇ ਆਦਮੀ ਆਏ ਹਾਂ, ਭਾਵ ਸਾਰਿਆਂ ਦਾ ਮਾਤਾ ਪਿਤਾ ਪ੍ਰਮੇਸ਼ਰ ਹੀ ਹੈ।

ਅੱਗ ਤੇ ਪਾਣੀ ਆਦਕ ਤੱਤਾਂ ਤੋਂ ਬਿੰਬ = ਬੁਦਬੁਦੇ ਵਾਂਗ ਪੈਦਾ ਹੋਏ ਹਾਂ ਜਾਂ ਮਾਂ ਦੇ ਪੇਟ ਦੀ ਅੱਗ ਵਿੱਚ ਜੇਹੜਾ ਮਾਤਾ ਪਿਤਾ ਦਾ ਰਕਤ ਬੀਰਜ ਹੈ,ਉਸਦੇ ਬੁਲਬੁਲੇ ਤੋਂ ਪੈਦਾ ਹੋਏ ਹਾਂ। ਦੇਖੋ ਇਸ ਤਰਾਂ ਦੀ ਗੰਦੀ ਵਸਤੂ ਤੋਂ ਜੀਵਾਂ ਦੀ ਉਤਪਤੀ ਹੈ, ਫਿਰ ਇਹਨਾਂ ਨੇ ਇਹ ਵਿਚਾਰ ਨਹੀਂ ਕੀਤਾ ਹੈ ਕਿ ਸਾਨੂੰ ਵਾਹਿਗੁਰੂ ਨੇ ਕਿਸ ਕੰਮ ਲਈ ਪੈਦਾ ਕੀਤਾ ਹੈ ਭਾਵ ਮਨੁੱਖਾ ਜਨਮ ਭਜਨ ਵਾਸਤੇ ਦਿੱਤਾ ਹੈ ਸੋ ਭਜਨ ਤਾਂ ਅਸਾਂ ਕੀਤਾ ਹੀ ਨਹੀਂ ਹੈ।

**ਮੇਰੇ ਸਾਹਿਬਾ ਕਉਣੁ ਜਾਣੈ ਗੁਣ ਤੇਰੇ ॥ ਕਹੇ ਨ ਜਾਨੀ ਅਉਗਣ ਮੇਰੇ ॥ ੧ ॥ ਰਹਾਉ ॥**

ਹੇ ਮੇਰੇ ਮਾਲਕਾ!ਤੇਰਿਆਂ ਗੁਣਾਂ ਨੂੰ ਕੌਣ ਜਾਣ ਸੱਕਦਾ ਹੈ ਅਤੇ ਮੇਰੇ ਔਗੁਣ ਨਹੀਂ ਕਥਨ ਕੀਤੇ ਜਾਂਦੇ ਹਨ ਭਾਵ ਤੇਰੇ ਗੁਣ ਬਿਅੰਤ ਹਨ, ਮੇਰੇ ਔਗੁਣ ਬਿਅੰਤ ਹਨ।

**ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ ॥ ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ ॥ ੨ ॥**

ਅਸਾਂ ਤੁਸਾਂ ਸਾਰਿਆਂ ਆਦਮੀਆਂ ਨੇ ਜੰਗਲ ਦੇ ਤੇ ਬਾਗਾਂ ਦੇ ਰੁੱਖ ਬ੍ਰਿਛ ਅਨੇਕਾਂ ਹੀ ਚੀਨੇ = ਵੇਖੇ ਹਨ, ਭਾਵ ਜਨਮ ਧਾਰੇ ਹਨ ਅਤੇ ਅਨੇਕਾਂ ਹੀ ਵਾਰੀ ਪਸੂ ਹੋਕੇ ਪੈਦਾ ਹੋਏ ਹਾਂ। ਕਿਤਨੀ ਵਾਰੀ ਸੱਪਾਂ ਦੀ ਕੁਲ ਵਿੱਚ ਆਕੇ ਜੰਮੇ ਹਾਂ, ਕਿਤਨੀ ਵਾਰੀ ਖੰਭਾਂ ਵਾਲੇ ਪੰਛੀ ਬਣਾਕੇ ਉਡਾਏ ਗਏ ਹਾਂ।

**ਹਟ ਪਟਣ ਬਿਜ ਮੰਦਰ ਭੰਨੈ ਕਰਿ ਚੋਰੀ ਘਰਿ ਆਵੈ॥ ਅਗਹੁ ਦੇਖੈ ਪਿਛਹੁ ਦੇਖੈ ਤੁਝ ਤੇ ਕਹਾ ਛਪਾਵੈ ॥ ੩ ॥**

ਪਟਣ = ਸ਼ਹਿਰਾਂ ਵਿੱਚ ਜੇਹੜੀਆਂ ਹੱਟੀਆਂ ਹਨ ਅਤੇ ਬਿਜ = ਪਕੇ ਮੰਦਰ ਹਨ,ਓਹਨਾਂ ਨੂੰ ਅਸੀ ਭੰਨਦੇ ਹਾਂ ਅਤੇ ਓਹਨਾਂ ਥਾਵਾਂ ਤੋਂ ਚੋਰੀ ਕਰਕੇ ਆਪਣੇ ਘਰ ਆਉਂਦੇ ਹਾਂ। ਹੇ ਪ੍ਰਮੇਸ਼ਰਾ ! ਤੂੰ ਅਗੋਂ ਵੀ ਵੇਖਦਾ ਹੈਂ ਅਤੇ ਪਿਛੋਂ ਵੀ ਵੇਖਦਾ ਹੈਂ, ਜਾਂ ਜੀਵ ਅੱਗੋਂ ਵੀ ਵੇਖਦਾ ਹੈ ਤੇ ਪਿਛੋਂ ਵੀ ਵੇਖਦਾ ਹੈ ਕਿ ਕੋਈ ਦੂਸਰਾ ਹੋਰ ਆਦਮੀਂ ਨ ਦੇਖਦਾ ਹੋਵੇ, ਪਰ ਜੇਹੜਾ ਤੂੰ ਸਾਰਿਆਂ ਥਾਵਾਂ ਵਿੱਚ ਦੇਖਦਾ ਹੈਂ, ਤੈਥੋਂ ਕਿੱਥੇ ਛਪਾ ਸੱਕਦਾ ਹੈ।

Digitized by Panjab Digital Library | www.panjabdigilib.org

**ਤਟ ਤੀਰਥ ਹਮ ਨਵਖੰਡ ਦੇਖੇ ਹਟ ਪਟਣ ਬਾਜਾਰਾ ॥ ਲੈਕੈ ਤਕੜੀ ਤੋਲਨਿ ਲਾਗਾ ਘਟ ਹੀ ਮਹਿ ਵਣਜਾਰਾ ॥ ੪ ॥**

ਨੌ ਖੰਡ ਤੀਰਥਾਂ ਦੇ ਕੰਢੇ ਵੀ ਅਸਾਂ ਵੇਖੇ ਹਨ ਅਤੇ ਸ਼ਹਿਰਾਂ ਦੇ ਬਜਾਰਾਂ ਦੀਆਂ ਹੱਟੀਆਂ ਵਿੱਚ ਵੀ ਬੈਠ ਕੇ ਬਾਣੀਆਂ ਦੇ ਪੁਤ੍ਰ ਹੋਕੇ ਵੀ ਕਦੀ ਵੇਖਿਆ ਹੈ। ਤੱਕੜੀ ਲੈਕੇ ਤੋਲਣ ਹੀ ਲੱਗਾ ਰਿਹਾ ਮੈਂ ਜੀਵ ਹੀ ਵਣਜਾਰਾ ਹੋਇਆ ੨ ਹਾਂ ਜਾਂ ਦਿਲ ਵਿੱਚ ਵਣਜਾਰਾ।

**ਜੇਤਾ ਸਮੁੰਦੁ ਸਾਗਰੁ ਨੀਰਿ ਭਰਿਆ ਤੇਤੇ ਅਉਗਣ ਹਮਾਰੇ ॥ ਦਇਆ ਕਰਹੁ ਕਿਛੁ ਮਿਹਰ ਉਪਾਵਹੁ ਡੁਬਦੇ ਪਥਰ ਤਾਰੇ ॥ ੫ ॥**

ਸਗਰ ਰਾਜਾ ਦੇ ਪੁੱਤਾਂ ਦਾ ਪੁੱਟਿਆ ਹੋਇਆ ਜਾਂ ਜੇਹੜਾ ਵੱਡਾ ਸਾਰਾ ਸਮੁੰਦ੍ਰ ਸਾਗਰ ਹੈ ਇਸ ਵਿੱਚ ਜੇਹੜਾ ਬਿਅੰਤ ਪਾਣੀ ਹੈ ਭਾਵ ਜਿਤਨਾ ਬਹੁਤਾ ਪਾਣੀ ਹੈ, ਇਤਨੇ ਸਾਡੇ ਵਿੱਚ ਔਗੁਣ ਹਨ, ਅਸੀ ਐਡੇ ਔਗੁਣਾਂ ਦੇ ਭਰੇ ਹੋਏ ਹਾਂ। ਦਯਾ ਕਰੋ, ਤੁਸੀ ਦਯਾ ਕਰਨ ਵਾਲੇ ਹੋ। ਸਾਡੇ ਉਤੇ ਮਿਹਰ ਪ੍ਰਗਟ ਕਰੋ, ਤੁਸੀ ਕਿਰਪਾ ਕਰਨ ਵਾਲੇ ਹੋ। ਤੁਸਾਂ ਪੱਥਰਾਂ ਵਰਗੇ ਭਾਰੇ ਆਦਮੀ ਪਾਪੀ ਤਾਰੇ ਹਨ।

**ਜੀਅੜਾ ਅਗਨਿ ਬਰਾਬਰਿ ਤਪੈ ਭੀਤਰਿ ਵਗੈ ਕਾਤੀ ॥ ਪ੍ਰਣਵਤਿ ਨਾਨਕੁ ਹੁਕਮੁ ਪਛਾਣੈ ਸੁਖੁ ਹੋਵੈ ਦਿਨੁ ਰਾਤੀ ॥ ੬ ॥ ੫ । ੧੭ ॥**

ਮੇਰਾ ਜੀਆ ਕਾਮ ਆਦਕਾਂ ਦੀ ਅੱਗ ਨਾਲ ਤਪਾਇਆ ਹੋਇਆਂ ਜਾਂ ਅੱਗ ਦੇ ਬਰਾਬਰ ਤਪਦਾ ਹੈ। ਕਾਮ ਆਦਕਾਂ ਕਰਕੇ ਅਤੇ ਦਿਲ ਦੇ ਅੰਦਰ ਤ੍ਰਿਸ਼ਨਾ ਦੀ ਛੁਰੀ ਚਲਦੀ ਹੈ ਭਾਵ ਬੜਾ ਦੁੱਖ ਹੈ। ਗੁਰੂ ਜੀ- ਆਪ ਇਕੁੱਰ ਦੀ ਕਿਰਪਾ ਕਰੋ ਜੋ ਸਾਨੂੰ ਦਿਨ ਰਾਤ ਸੁਖ ਹੋਵੇ ਅਤੇ ਇਹ ਆਦਮੀ ਤੇਰੇ ਹੁਕਮ ਨੂੰ ਪਛਾਣ ਲਏ ਭਾਵ ਨਾਮ ਜਪੇ, ਪ੍ਰਣਵਤਿ = ਆਖਦੇ ਹਨ।

**ਗਉੜੀ ਬੈਰਾਗਣਿ ਮਹਲਾ ੧ ॥**

**ਰੈਣਿ ਗਵਾਈ ਸੋਇਕੈ ਦਿਵਸੁ ਗਵਾਇਆ ਖਾਇ ॥ ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ ॥ ੧ ॥**

Digitized by Panjab Digital Library | www.panjabdigilib.org

ਰਾਤ ਸੌਂ ਕੇ ਗਵਾ ਦਿੱਤੀ ਹੈ, ਦਿਨ ਖਾ ਕੇ ਗਵਾ ਦਿੱਤਾ ਹੈ, ਹੀਰੇ ਵਰਗਾ ਅਮੋਲਕ ਜਨਮ ਮਿਲਿਆ ਹੈ, ਕੌਡੀ ਬਦਲ ਜਾਂਦਾ ਹੈ ਭਾਵ ਮਾਇਆ ਵੱਲ ਲਗ ਕੇ ਬਿਅਰਥ ਜਾਂਦਾ ਹੈ।

**ਨਾਮੁ ਨ ਜਾਨਿਆ ਰਾਮ ਕਾ ॥ ਮੂੜੇ ਫਿਰਿ ਪਾਛੈ ਪਛੁਤਾਹਿ ਰੇ ॥ ੧ ॥ ਰਹਾਉ ॥**

ਹੇ ਮੂਰਖਾ ! ਤੂੰ ਪ੍ਰਮੇਸ਼ਰ ਦਾ ਨਾਮ ਨਹੀਂ ਜਾਨਿਆ ਹੈ, ਫਿਰ ਪਿਛੋਂ ਪਛਤਾਪ ਕਰਦਾ ਰਹੇਂਗਾ।

**ਅਨਤਾ ਧਨੁ ਧਰਣੀ ਧਰੇ ਅਨਤ ਨ ਚਾਹਿਆ ਜਾਇ ॥ ਅਨਤ ਕਉ ਚਾਹਨ ਜੋ ਗਏ ਸੇ ਆਏ ਅਨਤ ਗਵਾਇ ॥ ੨ ॥**

ਪਾਤਸ਼ਾਹਾਂ ਦਾ ਤੇ ਸ਼ਾਹੂਕਾਰਾਂ ਦਾ ਬਹੁਤਾ ਸਾਰਾ ਧਨ ਧਰਤੀ ਵਿੱਚ ਧਰਿਆ ਜਾਂ ਦੱਬਿਆ ਹੋਯਾ ਹੈ, ਫਿਰ ਬੇਸਮਝ ਆਦਮੀ ਬਿਅੰਤ ਧਨ ਦੀ ਇੱਛਿਆ ਕਰਕੇ ਦੇਸਾਂ ੨ ਵਿੱਚ ਭੱਜੇ ਫਿਰਦੇ ਹਨ। ਬਹੁਤ ਧਨ ਨੂੰ ਜਾਂ ਹੋਰ ਧਨ ਨੂੰ ਜੇਹੜੇ ਲੈਣ ਨੂੰ ਗਏ ਹਨ, ਓਹ ਅਨਤ = ਅਨੰਤ ਪ੍ਰਮੇਸ਼ਰ ਨੂੰ ਗਵਾ ਆਏ ਹਨ, ਭਾਵ ਪ੍ਰਮੇਸ਼ਰ ਨਹੀਂ ਲੱਭਾ ਹੈ।

**ਆਪਣ ਲੀਆ ਜੇ ਮਿਲੈ ਤਾ ਸਭੁ ਕੋ ਭਾਗਠੁ ਹੋਇ ॥ ਕਰਮਾ ਉਪਰਿ ਨਿਬੜੈ ਜੇ ਲੋਚੈ ਸਭੁ ਕੋਇ ॥ ੩ ॥**

ਜੇ ਆਪਣਾ ਲਿਆ ਹੋਇਆ ਭਾਵ ਜ਼ੋਰ ਨਾਲ ਧਨ ਮਿਲ ਜਾਵੇ ਤਾਂ ਹਰ ਕੋਈ ਸ਼ਾਹੂਕਾਰ ਹੋ ਜਾਵੇ। ਚੰਗਿਆਂ ਮਾੜਿਆਂ ਕਰਮਾਂ ਉਤੇ ਨਿਬੇੜਾ ਹੁੰਦਾ ਹੈ,ਜੇ ਹਰ ਕੋਈ ਏਹੋ ਹੀ ਚਾਹੇ ਕਿ ਮੈਨੂੰ ਇਹ ਮਿਲੇ ਤਾਂ ਕੁਛ ਨਹੀਂ ਮਿਲਦਾ ਹੈ ।

**ਨਾਨਕ ਕਰਣਾ ਜਿਨਿ ਕੀਆ ਸੋਈ ਸਾਰ ਕਰੇਇ॥ ਹੁਕਮੁ ਨ ਜਾਪੀ ਖਸਮ ਕਾ ਕਿਸੈ ਵਡਾਈ ਦੇਇ ॥ ੪ ॥ ੧ ॥ ੧੮ ॥**

ਗੁਰੂ ਜੀ–ਜਿਸ ਪਮੇਸ਼ਰ ਨੇ ਸਾਰਾ ਕਰਣਾ ਸੰਸਾਰ ਪੈਦਾ ਕੀਤਾ ਹੈ, ਓਹੋ ਹੀ ਖਾਣ ਪੀਣ ਦੀ ਖਬਰ ਲੈਂਦਾ ਹੈ। ਉਸ ਮਾਲਕ ਦਾ ਹੁਕਮ ਨਹੀ ਜਾਣਿਆ ਜਾਦਾ ਹੈ ਕਿ ਕਿਸ ਨੂੰ ਵਡਿਆਈ ਦੇਵੇਗਾ।

Digitized by Panjab Digital Library | www.panjabdigilib.org

**ਗਉੜੀ ਬੈਰਾਗਣਿ ਮਹਲਾ ੧ ॥**

**ਹਰਣੀ ਹੋਵਾ ਬਨਿ ਬਸਾ ਕੰਦ ਮੂਲ ਚੁਣਿ ਖਾਉ ॥ ਗੁਰਪਰਸਾਦੀ ਮੇਰਾ ਸਹੁ ਮਿਲੈ ਵਾਰਿ ਵਾਰਿ ਹਉ ਜਾਉ ਜੀਉ ॥ ੧ ॥**

ਹਰਣੀ ਵਾਂਗ ਹੋਕੇ ਜੰਗਲ ਵਿੱਚ ਜਾ ਵੱਸਾਂ ਅਤੇ ਬ੍ਰਿਛਾਂ ਦੇ ਫਲ ਪੱਤ ਮੁੱਢ ਚੁਣਕੇ ਖਾਵਾਂ। ਪਰ ਗੁਰਾਂ ਦੀ ਕਿਰਪਾ ਨਾਲ ਮੇਰਾ ਪਤੀ ਮੈਨੂੰ ਮਿਲ ਜਾਵੇ ਤਾਂ ਮੈਂ ਵਾਰ ਵਾਰ ਜਾਂਦੀ ਹਾਂ, ਭਾਵ ਜੋ ਜੰਗਲਾਂ ਦੇ ਰਹਿਣ ਵਾਲੇ ਨੂੰ ਪ੍ਰਮੇਸ਼ਰ ਮਿਲ ਜਾਵੇ ਤੇ ਤਾਂ ਮੈਂ ਉਸ ਫਕੀਰ ਤੋਂ ਵਾਰੀ ਵਾਰੀ ਜਾਂਦੀ ਹਾਂ, ਜੰਗਲ ਵਿੱਚ ਰਹਿਣ ਨਾਲ ਰੱਬ ਨਹੀਂ ਮਿਲਦਾ।

**ਮੈ ਬਨਜਾਰਨਿ ਰਾਮ ਕੀ ॥ ਤੇਰਾ ਨਾਮੁ ਵਖਰੁ ਵਾਪਾਰੁ ਜੀ ॥ ੧ ॥ ਰਹਾਉ ॥**

(ਚੰਗਿਆਂ ਸੰਤਾਂ ਦਾ ਜਾਂ ਚੰਗੀ ਅਕਲ ਦਾ ਆਖਣਾ ਹੈ) ਹੇ ਪ੍ਰਮੇਸ਼ਰਾ! ਮੈਂ ਤੇਰੇ ਨਾਮ ਦੀ ਬਪਾਰਨ ਹਾਂ ਅਤੇ ਜੇਹੜਾ ਤੇਰਾ ਨਾਮ ਸੌਦਾ ਹੈ ਮੈਂ ਓਸੇ ਦਾ ਬਪਾਰ ਕਰਦੀ ਹਾਂ।

**ਕੋਕਿਲ ਹੋਵਾ ਅੰਬਿ ਬਸਾ ਸਹਜਿ ਸਬਦ ਬੀਚਾਰੁ ॥ ਸਹਜਿ ਸੁਭਾਇ ਮੇਰਾ ਸਹੁ ਮਿਲੈ ਦਰਸਨਿ ਰੂਪਿ ਅਪਾਰੁ ॥੨॥**

ਕੋਕਲ ਵਾਂਗ ਹੋਕੇ ਅੰਬ ਉਤੇ ਵੱਸਾਂ ਭਾਵ ਸਤਸੰਗ ਵਿੱਚ ਜਾਵਾਂ ਅਤੇ ਸੁਭਾਵਕ ਹੀ ਸ਼ਾਂਤੀ ਨਾਲ ਪ੍ਰਮੇਸ਼ਰ ਦਾ ਵਿਚਾਰ ਕਰਾਂ।

ਜਿਸ ਮਾਲਕ ਦਾ ਅਪਾਰ = ਬਿਅੰਤ ਰੂਪ ਦਰਸ਼ਨ ਹੈ, ਓਹ ਮੇਰਾ ਪਤੀ ਹੈ, ਉਸਨੂੰ ਮੈਂ ਜਤਨ ਤੋਂ ਬਿਨਾਂ ਹੀ ਮਿਲ ਜਾਵਾਂਗੀ ਭਾਵ ਜਪ ਤਪ ਬ੍ਰਤ ਤੀਰਥ ਦਾਨ ਕੁਛ ਨ ਕਰਨਾ ਪਵੇਗਾ।

**ਮਛੁਲੀ ਹੋਵਾ ਜਲਿ ਬਸਾ ਜੀਅ ਜੰਤ ਸਭਿ ਸਾਰਿ ॥ ਉਰਵਾਰਿ ਪਾਰਿ ਮੇਰਾ ਸਹੁ ਵਸੈ ਹਉ ਮਿਲਉਗੀ ਬਾਹ ਪਸਾਰਿ ॥ ੩ ॥**

ਮੱਛੀ ਬਣਕੇ ਠੰਢੇ ਪਾਣੀ ਵਿੱਚ ਵੱਸਾਂ, ਭਾਵ ਤਪ ਕਰਾਂ, ਸਾਰਿਆਂ ਜੀਆਂ ਦੀ ਖਬਰ ਲੈਣ ਵਾਲਾ ਜੇਹੜਾ ਮੇਰਾ ਮਾਲਕ ਹੈ, ਓਹ ਮੈਨੂੰ ਇੱਕੁਰ ਵੇਖਦਾ ਰਹੇ।

ਐਧਰ ਓਧਰ ਲੋਕ ਪ੍ਰਲੋਕ ਵਿੱਚ ਮੇਰਾ ਮਾਲਕ ਵੱਸਦਾ ਹੈ, ਉਸਨੂੰ

Digitized by Panjab Digital Library | www.panjabdigilib.org

ਮੈਂ ਅਕਲ ਰੂਪ ਬਾਹਾਂ ਪਸਾਰਕੇ ਮਿਲਾਂਗੀ ਭਾਵ ਮਿਲ ਜਾਵਾਂਗੀ।

ਨਾਗਨਿ ਹੋਵਾ ਧਰ ਵਸਾ ਸਬਦੁ ਵਸੈ ਭਉ ਜਾਇ ॥ ਨਾਨਕ ਸਦਾ ਸੋਹਾਗਣੀ ਜਿਨ ਜੋਤੀ ਜੋਤਿ ਸਮਾਇ ॥ ੪ ॥ ੧ ॥ ੧੯ ॥

ਸੱਪਣੀ ਬਣਕੇ ਧਰਤੀ ਵਿੱਚ ਵੱਸਾਂ ਭਾਵ ਚੁਪ ਕਰਕੇ ਰਹਿਣ ਵਾਲੀ ਹੋਕੇ ਵੱਖਰੀ ਰਹਾਂ, ਗੁਫਾ ਬਣਾਕੇ ਚੂਹੇ ਵਾਂਗ ਹੇਠਾਂ ਜ਼ਮੀਨ ਦੇ ਜਾ ਵੱਸਾਂ ਅਤੇ ਪ੍ਰਮੇਸ਼ਰ ਵਿੱਚ ਮਨ ਟਿਕ ਜਾਵੇ ਅਤੇ ਜਨਮ ਮਰਨ ਦਾ ਡਰ ਜਾਂਦਾ ਰਹੇ।

ਗੁਰੂ ਜੀ–ਓਹ ਜੀਵ ਰੂਪ ਇਸਤ੍ਰੀਆਂ ਸਦਾ ਹੀ ਸੁਹਾਗਣੀਆਂ ਹਨ, ਜੇਹੜੀਆਂ ਵਾਹਿਗੁਰੂ ਦੀ ਜੋਤ ਨਾਲ ਮਿਲ ਗਈਆਂ ਹਨ।

(ਇਸ ਅਗਲੇ ਸ਼ਬਦ ਦਾ ਅਰਥ ਸੋਹਿਲੇ ਵਿੱਚ ਕੀਤਾ ਹੋਇਆ ਹੈ। ਦੇਖੋ ਪਹਿਲੀ ਜਿਲਦ)

ਗਉੜੀ ਪੂਰਬੀ ਦੀਪਕੀ ਮਹਲਾ ੧

ੴ ਸਤਿਗੁਰਪ੍ਰਸਾਦਿ ॥ ਜੈ ਘਰਿ ਕੀਰਤਿ ਆਖੀਐ ਕਰਤੇ ਕਾ ਹੋਇ ਬੀਚਾਰੋ ॥ ਤਿਤੁ ਘਰਿ ਗਾਵਹੁ ਸੋਹਿਲਾ ਸਿਵਰਹੁ ਸਿਰਜਣਹਾਰੋ ॥ ੧ ॥

ਤੁਮ ਗਾਵਹੁ ਮੇਰੇ ਨਿਰਭਉ ਕਾ ਸੋਹਿਲਾ ॥ ਹਉ ਵਾਰੀ ਜਾਉ ਜਿਤੁ ਸੋਹਿਲੈ ਸਦਾ ਸੁਖੁ ਹੋਇ ॥ ੧ ॥ ਰਹਾਉ ॥

ਨਿਤ ਨਿਤ ਜੀਅੜੇ ਸਮਾਲੀਅਨਿ ਦੇਖੈਗਾ ਦੇਵਣਹਾਰੁ ॥ ਤੇਰੇ ਦਾਨੈ ਕੀਮਤਿ ਨਾ ਪਵੈ ਤਿਸੁ ਦਾਤੇ ਕਵਣ ਸੁਮਾਰੁ ॥ ੨ ॥

ਸੰਬਤਿ ਸਾਹਾ ਲਿਖਿਆ ਮਿਲਿ ਕਰਿ ਪਾਵਹੁ ਤੇਲੁ ॥ ਦੇਹੁ ਸਜਣ ਅਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ ॥ ੩ ॥

ਘਰਿ ਘਰਿ ਏਹੋ ਪਾਹੁਚਾ ਸਦੜੇ ਨਿਤਿ ਪਵੰਨਿ ॥ ਸਦਣਹਾਰਾ ਸਿਮਰੀਐ ਨਾਨਕ ਸੇ ਦਿਹ ਆਵੰਨਿ ॥ ੪ ॥ ੧ ॥ ੨੦ ॥

Digitized by Panjab Digital Library | www.panjabdigilib.org

ਰਾਗੁ ਗਉੜੀ ਮਹਲਾ ੩ ਚਉਪਦੇ

ੴ ਸਤਿਗੁਰਪ੍ਰਸਾਦਿ ॥ ਗਉੜੀ ਗੁਆਰੇਰੀ ॥

**ਗੁਰਿ ਮਿਲਿਐ ਹਰਿ ਮੇਲਾ ਹੋਈ ॥ ਆਪੇ ਮੇਲਿ ਮਿਲਾਵੈ ਸੋਈ ॥ ਮੇਰਾ ਪ੍ਰਭੁ ਸਭ ਬਿਧਿ ਆਪੇ ਜਾਣੈ ॥ ਹੁਕਮੇ ਮੇਲੇ ਸਬਦਿ ਪਛਾਣੈ ॥ ੧ ॥**

ਗੁਰਾਂ ਦੇ ਮਿਲਨ ਨਾਲ ਪ੍ਰਮੇਸਰ ਦੇ ਨਾਲ ਮੇਲਾ ਹੋ ਜਾਂਦਾ ਹੈ। ਪਰ ਜਦੋਂ ਓਹ ਵਾਹਿਗੁਰੂ ਗੁਰਾਂ ਦੇ ਨਾਲ ਮਿਲਾਉਂਦਾ ਹੈ ਤੇ ਤਾਂ ਗੁਰਾਂ ਦਾ ਮੇਲਾ ਹੁੰਦਾ ਹੈ। ਮੇਰਾ ਮਾਲਕ ਸਾਰੀਆਂ ਰੀਤੀਆਂ ਨੂੰ ਆਪੇ ਹੀ ਜਾਣਦਾ ਹੈ, ਜਿਸਨੂੰ ਆਪਣੇ ਹੁਕਮ ਨਾਲ ਗੁਰਾਂ ਦੇ ਨਾਲ ਮੇਲਦਾ ਹੈ ਓਹ ਵਾਹਿਗੁਰੂ ਨੂੰ ਪਛਾਣ ਲੈਂਦਾ ਹੈ।

**ਸਤਿਗੁਰ ਕੈ ਭਇ ਭ੍ਰਮੁ ਭਉ ਜਾਇ ॥ ਭੈ ਰਾਚੈ ਸਚ ਰੰਗਿ ਸਮਾਇ ॥ ੧ ॥ ਰਹਾਉ ॥**

ਸਤਿਗੁਰਾਂ ਦੇ ਡਰ ਕਰਕੇ ਅਤੇ ਸਤਿਗੁਰਾਂ ਦੇ ਵਿਚ ਪ੍ਰੇਮ ਕਰਕੇ ਭਰਮ ਅਤੇ ਜਨਮ ਮਰਨ ਦਾ ਡਰ ਜਾਂਦਾ ਹੈ। ਇਸਲਈ ਜੇਹੜਾ ਆਦਮੀ ਸਤਿਗੁਰਾਂ ਦੇ ਡਰ ਵਿਚ ਰਚਦਾ ਹੈ ਓਹ ਸੱਚੇ ਪ੍ਰਮੇਸ਼ਰ ਦੇ ਰੰਗ = ਅਨੰਦ ਵਿਚ ਮਿਲ ਜਾਂਦਾ ਹੈ।

**ਗੁਰਿ ਮਿਲਿਐ ਹਰਿ ਮਨਿ ਵਸੈ ਸੁਭਾਇ ॥ ਮੇਰਾ ਪ੍ਰਭੁ ਭਾਰਾ ਕੀਮਤਿ ਨਹੀ ਪਾਇ ॥ ਸਬਦਿ ਸਾਲਾਹੈ ਅੰਤੁ ਨ ਪਾਰਾਵਾਰੁ ॥ ਮੇਰਾ ਪ੍ਰਭੁ ਬਖਸੇ ਬਖਸਣਹਾਰੁ ॥ ੨ ॥**

ਗੁਰਾਂ ਦੇ ਨਾਲ ਮਿਲਨ ਨਾਲ ਸੌਖਾ ਹੀ ਪ੍ਰਮੇਸਰ ਮਨ ਵਿਚ ਵੱਸ ਜਾਂਦਾ ਹੈ। ਓਹ ਮੇਰਾ ਮਾਲਕ ਬੜਾ ਵੱਡਾ ਭਾਰਾ ਹੈ, ਉਸਦੀ ਕੀਮਤ ਨਹੀਂ ਪਾਈ ਜਾਂਦੀ ਹੈ। ਜਿਸ ਪ੍ਰਮੇਸ਼ਰ ਦੇ ਪਾਰ ਉਰਾਰ ਦਾ ਅੰਤ ਨਹੀਂ ਹੈ, ਉਸ ਪ੍ਰਮੇਸ਼ਰ ਨੂੰ ਗੁਰ ਉਪਦੇਸ਼ ਕਰਕੇ ਸਲਾਹੀਦਾ ਹੈ। ਜਦੋਂ ਉਸਦੀ ਉਸਤਤੀ ਕਰੀਏ ਤੇ ਤਾਂ ਜੇਹੜਾ ਮੇਰਾ ਮਾਲਕ ਬਖਸ਼ਣ ਵਾਲਾ ਹੈ, ਬਖਸ਼ ਲੈਂਦਾ ਹੈ।

**ਗੁਰਿ ਮਿਲਿਐ ਸਭ ਮਤਿ ਬੁਧਿ ਹੋਇ ॥ ਮਨਿ ਨਿਰਮਲਿ ਵਸੈ ਸਚੁ ਸੋਇ ॥ ਸਾਚਿ ਵਸਿਐ ਸਾਚੀ ਸਭ ਕਾਰ ॥ ਊਤਮ ਕਰਣੀ ਸਬਦ ਬੀਚਾਰ ॥ ੩ ॥**

Digitized by Panjab Digital Library | www.panjabdigilib.org

ਗੁਰਾਂ ਦੇ ਨਾਲ ਮਿਲਨ ਨਾਲ ਸਾਰੀ ਅਕਲ ਬੁੱਧੀ ਚੰਗੀ ਹੋ ਜਾਂਦੀ ਹੈ ਅਤੇ ਨਿਰਮਲ ਮਨ ਵਿਚ ਓਹ ਸੱਚਾ ਪ੍ਰਮੇਸ਼ਰ ਵੱਸ ਜਾਂਦਾ ਹੈ। ਸੱਚੇ ਪ੍ਰਮੇਸ਼ਰ ਦੇ ਮਨ ਵਿਚ ਵੱਸਣ ਨਾਲ ਸਾਰੀ ਕਾਰ ਸੱਚੀ ਹੋ ਜਾਂਦੀ ਹੈ।

ਗੁਰਾਂ ਦੇ ਉਪਦੇਸ਼ ਦਾ ਵਿਚਾਰ ਕਰਨ ਨਾਲ ਸਾਰੀ ਕਰਨੀ ਚੰਗੀ ਹੁੰਦੀ ਹੈ।

**ਗੁਰ ਤੇ ਸਾਚੀ ਸੇਵਾ ਹੋਇ ॥ ਗੁਰਮੁਖਿ ਨਾਮੁ ਪਛਾਣੈ ਕੋਇ ॥ ਜੀਵੈ ਦਾਤਾ ਦੇਵਣਹਾਰੁ ॥ ਨਾਨਕ ਹਰਿ ਨਾਮੇ ਲਗੈ ਪਿਆਰੁ ॥ ੪ ॥ ੧ ॥ ੨੧ ॥**

ਸੱਚੀ ਸੇਵਾ = ਭਗਤੀ ਗੁਰੂ ਦੀ ਕਿਰਪਾ ਨਾਲ ਹੁੰਦੀ ਹੈ । ਗੁਰਾਂ ਦੀ ਕਿਰਪਾ ਨਾਲ ਜੇਹੜਾ ਕੋਈ ਭਗਤੀ ਨੂੰ ਕਰਦਾ ਹੈ ਓਹ ਨਾਮ ਨੂੰ ਮੁਕਤੀ ਦਾਤਾ ਪਛਾਣ ਲੈਂਦਾ ਹੈ। ਜੇਹੜਾ ਇੱਕੁਰ ਦਾ ਪ੍ਰਮੇਸ਼ਰ ਦੇ ਨਾਮ ਦਾ ਦਾਤਾ ਗੁਰੂ ਹੈ,ਓਹ ਸਦਾ ਜੀਉਂਦਾ ਰਹੇ। ਗੁਰੂ ਜੀ—ਓਹਨਾਂ ਗੁਰਾਂ ਦੀ ਕਿਰਪਾ ਨਾਲ ਪ੍ਰਮੇਸ਼ਰ ਦੇ ਨਾਮ ਵਿਚ ਪਿਆਰ ਲੱਗਦਾ ਹੈ।

**ਗਉੜੀ ਗੁਆਰੇਰੀ ਮਹਲਾ ੩ ॥**

**ਗੁਰ ਤੇ ਗਿਆਨੁ ਪਾਏ ਜਨੁ ਕੋਇ ॥ ਗੁਰ ਤੇ ਬੂਝੈ ਸੀਝੈ ਸੋਇ ॥ ਗੁਰ ਤੇ ਸਹਜੁ ਸਾਚੁ ਬੀਚਾਰੁ ॥ ਗੁਰ ਤੇ ਪਾਏ ਮੁਕਤਿ ਦੁਆਰੁ ॥ ੧ ॥**

ਸੀਝੈ = ਸੁਖ

ਜੇਹੜਾ ਕੋਈ ਆਦਮੀ ਗੁਰਾਂ ਨੂੰ ਮਿਲਦਾ ਹੈ। ਓਹ ਗਿਆਨ ਨੂੰ ਪਾਉਂਦਾ ਹੈ। ਜੇਹੜਾ ਗੁਰਾਂ ਦੇ ਉਪਦੇਸ਼ ਨਾਲ ਸਮਝਦਾ ਹੈ ਓਹ ਕਲਜਾਨ ਸੁਖ ਨੂੰ ਪਾਉਂਦਾ ਹੈ ।

ਜੇਹੜਾ ਗੁਰਾਂ ਤੋਂ ਗਿਆਨ ਲੈਣ ਵਾਸਤੇ ਸੱਚ ਝੂਠ ਦਾ ਵਿਚਾਰ ਕਰਦਾ ਹੈ,ਓਹ ਆਦਮੀ ਗੁਰਾਂ ਤੋਂ ਮੁਕਤੀ ਦੁਆਰਾ ਗਿਆਨ ਪਾ ਲੈਂਦਾ ਹੈ।

**ਪੂਰੈ ਭਾਗਿ ਮਿਲੈ ਗੁਰੁ ਆਇ ॥ ਸਾਚੈ ਸਹਜਿ ਸਾਚਿ ਸਮਾਇ ॥ ੧ ॥ ਰਹਾਉ ॥**

ਹੇ ਭਰਾ ! ਜਿਨ੍ਹਾਂ ਆਦਮੀਆਂ ਦੇ ਪੂਰਨ ਭਾਗ ਹਨ,ਓਹਨਾਂ ਨੂੰ ਆਕੇ ਗੁਰੂ ਮਿਲਦਾ ਹੈ ਜਾਂ ਓਹ ਆਕੇ ਗੁਰੂ ਨੂੰ ਮਿਲਦੇ ਹਨ। ਓਹੋ ਹੀ ਸੱਚਿਆਂ ਗੁਰਾਂ ਦੁਆਰੇ ਸ਼ਾਂਤੀ ਨੂੰ ਪਾਕੇ ਸੱਚੇ ਪਰਮਾਤਮਾਂ ਵਿਚ ਸਮਾ ਜਾਂਦੇ ਹਨ ਭਾਵ ਮਿਲ ਜਾਂਦੇ ਹਨ।

Digitized by Panjab Digital Library | www.panjabdigilib.org

**ਗੁਰਿ ਮਿਲਿਐ ਤ੍ਰਿਸਨਾ ਅਗਨਿ ਬੁਝਾਏ ॥ ਗੁਰ ਤੇ ਸਾਂਤਿ ਵਸੈ ਮਨਿ ਆਏ ॥ ਗੁਰ ਤੇ ਪਵਿਤ ਪਾਵਨ ਸੁਚਿ ਹੋਇ ॥ ਗੁਰ ਤੇ ਸਬਦਿ ਮਿਲਾਵਾ ਹੋਇ ॥ ੨ ॥**

ਗੁਰੂ ਦੇ ਮਿਲਨ ਨਾਲ ਤ੍ਰਿਸ਼ਨਾ ਅੱਗ ਬੁਝ ਜਾਂਦੀ ਹੈ, ਗੁਰਾਂ ਦੁਆਰੇ ਸ਼ਾਂਤੀ ਮਨ ਵਿੱਚ ਆ ਵੱਸਦੀ ਹੈ। ਗੁਰਾਂ ਦੇ ਉਪਦੇਸ਼ ਨਾਲ ਆਦਮੀ ਮਨ ਬਾਣੀ ਕਰਕੇ ਪਵਿੱਤ੍ਰ ਹੋ ਜਾਂਦਾ ਹੈ। ਗੁਰਾਂ ਦੀ ਕਿਰਪਾ ਨਾਲ ਹੀ ਪ੍ਰਮੇਸ਼ਰ ਦੇ ਨਾਲ ਮਿਲਾਪ ਹੁੰਦਾ ਹੈ।

**ਬਾਝੁ ਗੁਰੂ ਸਭ ਭਰਮਿ ਭੁਲਾਈ ॥ ਬਿਨੁ ਨਾਵੈ ਬਹੁਤਾ ਦੁਖੁ ਪਾਈ ॥ ਗੁਰਮੁਖਿ ਹੋਵੈ ਸੁ ਨਾਮੁ ਧਿਆਈ ॥ ਦਰਸਨਿ ਸਚੈ ਸਚੀ ਪਤਿ ਹੋਈ ॥ ੩ ॥**

ਗੁਰਾਂ ਤੋਂ ਬਿਨਾਂ ਸਾਰੀ ਦੁਨੀਆਂ ਭਰਮ ਵਿੱਚ ਭੁੱਲੀ ਫਿਰਦੀ ਹੈ ਜਾਂ ਭਰਮ ਦੀ ਭੁਲਾਈ ਹੋਈ ਭੁੱਲੀ ਫਿਰਦੀ ਹੈ। ਨਾਮ ਤੋਂ ਬਿਨਾਂ ਬਹੁਤਾ ਦੁੱਖ ਪਾਉਂਦੀ ਹੈ। ਜੇਹੜਾ ਗੁਰਾਂ ਦੁਆਰੇ ਪ੍ਰਾਪਤ ਹੁੰਦਾ ਹੈ, ਓਹ ਨਾਮ ਨੂੰ ਧਿਆਉਂਦਾ ਹੈ। ਗੁਰਾਂ ਦੁਆਰੇ ਹੀ ਸੱਚੇ ਪ੍ਰਮੇਸ਼ਰ ਦਾ ਦਰਸ਼ਨ ਹੁੰਦਾ ਹੈ ਅਤੇ ਸੱਚੀ ਇੱਜ਼ਤ ਹੁੰਦੀ ਹੈ।

**ਕਿਸਨੋ ਕਹੀਐ ਦਾਤਾ ਇਕੁ ਸੋਈ ॥ ਕਿਰਪਾ ਕਰੇ ਸਬਦਿ ਮਿਲ਼ਾਵਾ ਹੋਈ॥ ਮਿਲਿ ਪ੍ਰੀਤਮ ਸਾਚੇ ਗੁਣ ਗਾਵਾ॥ ਨਾਨਕ ਸਾਚੇ ਸਾਚਿ ਸਮਾਵਾ ॥ ੪ ॥ ੨ ॥ ੨੨ ॥**

ਹੋਰ ਕਿਸ ਨੂੰ ਆਖੀਏ ਨਾਮ ਦਾ ਦਾਤਾ ਤਾਂ ਇੱਕ ਓਹ ਗੁਰੂ ਹੀ ਹੈ। ਜਦੋਂ ਗੁਰੂ ਕਿਰਪਾ ਕਰਨ ਤਾਂ ਮਨ ਦੇ ਨਾਲ ਉਪਦੇਸ਼ ਦਾ ਮਿਲਾਵਾ ਹੁੰਦਾ ਹੈ ਭਾਵ ਮਿਲਦਾ ਹੈ। ਜਦੋਂ ਗੁਰੂ ਪ੍ਰੀਤਮ ਦੇ ਨਾਲ ਮਿਲਕੇ ਸੱਚੇ ਦੇ ਗੁਣ ਗਾਵਾਂ। ਗੁਰੂ ਜੀ–ਤਾਂ ਸੱਚੇ ਵਿੱਚ ਸੱਚ ਰੂਪ ਹੋਕੇ ਮਿਲ ਜਾਵਾਂ।

## ਗਉੜੀ ਗੁਆਰੇਰੀ ਮਹਲਾ ੩ ॥

**ਸੁਥਾਉ ਸਚੁ ਮਨੁ ਨਿਰਮਲੁ ਹੋਇ ॥ ਸਚਿ ਨਿਵਾਸੁ ਕਰੇ ਸਚੁ ਸੋਇ ॥ ਸਚੀ ਬਾਣੀ ਜੁਗ ਚਾਰੇ ਜਾਪੈ॥ ਸਭੁ ਕਿਛੁ ਸਾਚਾ ਆਪੇ ਆਪੈ ॥ ੧ ॥**

ਸੱਚੇ ਅਤੇ ਚੰਗੇ ਥਾਂ ਸਤਸੰਗ ਵਿੱਚ ਮਨ ਨਿਰਮਲ ਹੁੰਦਾ ਹੈ।

Digitized by Panjab Digital Library | www.panjabdigilib.org

ਜਿਸ ਦੇ ਮਨ ਵਿੱਚ ਸੱਚਾ ਉਪਦੇਸ਼ ਵਾਸਾ ਕਰਦਾ ਹੈ, ਓਹ ਸੱਚੇ ਨੂੰ ਮਿਲ ਜਾਂਦਾ ਹੈ।

ਪਿੱਛੇ ਦੱਸਿਆਂ ਸੱਚਿਆਂ ਦੀ ਬਾਣੀ ਸੱਚੀਹੈ। ਓਹ ਆਦਮੀ ਚਹੁੰਆਂ ਜੁੱਗਾਂ ਵਿੱਚ ਜਾਣੇ ਜਾਂਦੇ ਹਨ। ਓਹਨਾਂ ਦਾ ਭਰੋਸਾ ਇੱਕੁਰਦਾ ਹੁੰਦਾ ਹੈ ਸਭ ਕੁਛ ਸੱਚਾ ਪ੍ਰਮੇਸਰ ਆਪੇ ਹੀ ਆਪ ਹੈ।

**ਕਰਮੁ ਹੋਵੈ ਸਤਸੰਗਿ ਮਿਲਾਏ ॥ ਹਰਿ ਗੁਣ ਗਾਵੈ ਬੈਸਿ ਸੁਥਾਏ ॥ ੧ ॥ ਰਹਾਉ ॥**

ਜਿਸ ਦੇ ਉੱਤੇ ਵਾਹਿਗੁਰੂ ਦੀ ਕਿਰਪਾ ਹੁੰਦੀ ਹੈ ਉਸਨੂੰ ਸਤਸੰਗ ਵਿੱਚ ਮਿਲਾ ਦੇਂਦਾ ਹੈ। ਜੇਹੜੇ ਸੁੰਦਰ ਸੋਹਣੇ ਥਾਂ ਸਤਸੰਗ ਵਿੱਚ ਆਕੇ ਮਿਲੇ ਹਨ ਓਹ ਬੈਠਕੇ ਪ੍ਰਮੇਸ਼ਰ ਦੇ ਗੁਣਾਂ ਨੂੰ ਗਾਉਂਦੇ ਹਨ।

**ਜਲਉ ਇਹ ਜਿਹਵਾ ਦੂਜੈ ਭਾਇ ॥ ਹਰਿ ਰਸੁ ਨ ਚਾਖੈ ਫੀਕਾ ਆਲਾਇ ॥ ਬਿਨੁ ਬੂਝੇ ਤਨੁ ਮਨੁ ਫੀਕਾ ਹੋਇ ॥ ਬਿਨੁ ਨਾਵੈ ਦੁਖੀਆ ਚਲਿਆ ਰੋਇ ॥ ੨ ॥**

ਇਹ ਮਨਮੁਖਾਂ ਦੀ ਜ਼ਬਾਨ ਸੜ ਜਾਵੇ ਜੇਹੜੀ ਦ੍ਵੈਤ ਭਾਵਣਾ ਕਰਕੇ ਪ੍ਰਮੇਸ਼ਰ ਦੇ ਰਸ ਨੂੰ ਨਹੀਂ ਚੱਖਦੀ ਹੈ ਅਤੇ ਫਿੱਕਾ ਬੋਲਦੀ ਹੈ। ਪ੍ਰਮੇਸ਼ਰ ਦਾ ਨਾਮ ਸਮਝਿਆਂ ਬਿਨਾਂ ਤਨ ਮਨ ਫਿੱਕਾ ਹੁੰਦਾ ਹੈ। ਜੀਵ ਨਾਮ ਤੋਂ ਬਿਨਾਂ ਦੁਖੀਆ ਹੋਕੇ ਰੋਂਦਾ ਹੋਇਆ ਚਲਿਆ ਜਾਂਦਾ ਹੈ।

**ਰਸਨਾ ਹਰਿ ਰਸੁ ਚਾਖਿਆ ਸਹਜਿ ਸੁਭਾਇ ॥ ਗੁਰ ਕਿਰਪਾ ਤੇ ਸਚਿ ਸਮਾਇ ॥ ਸਾਚੇ ਰਾਤੀ ਗੁਰ ਸਬਦੁ ਵੀਚਾਰ ॥ ਅੰਮ੍ਰਿਤੁ ਪੀਵੈ ਨਿਰਮਲ ਧਾਰ ॥ ੩ ॥**

ਜਿਨ੍ਹਾਂ ਗੁਰਮੁਖਾਂ ਨੇ ਜ਼ਬਾਨ ਨਾਲ ਪ੍ਰਮੇਸ਼ਰ ਦੇ ਰਸ ਦਾ ਗਿਆਨ ਆਪਣੇ ਸੁਭਾਵ ਕਰਕੇ ਸ੍ਵਾਦ ਲਿਆ ਹੈ ਓਹ ਆਦਮੀ ਗੁਰਾਂ ਦੀ ਕਿਰਪਾ ਨਾਲ ਸੱਚ ਵਿੱਚ ਸਮਾ ਗਏ ਹਨ। ਜਿਨ੍ਹਾਂ ਦੀ ਜ਼ਬਾਨ ਗੁਰਉਪਦੇਸ਼ ਵਿਚਾਰਕੇ ਸੱਚੇ ਪ੍ਰਮੇਸ਼ਰ ਵਿੱਚ ਰੱਤੀ ਹੈ। ਓਹ ਅੰਮ੍ਰਿਤ ਰੂਪ ਜੇਹੜਾ ਵਾਹਿਗੁਰੂ ਦਾ ਨਿਰਮਲ ਨਾਮ ਹੈ ਉਸ ਨੂੰ ਲਗਾਤਾਰ ਬ੍ਰਿਤੀ ਲਾਕੇ ਪੀਂਦੇ ਹਨ।

**ਨਾਮਿ ਸਮਾਵੈ ਜੋ ਭਾਡਾ ਹੋਇ ॥ ਊਂਧੈ ਭਾਂਡੈ ਟਿਕੈ ਨ ਕੋਇ ॥ ਗੁਰ ਸਬਦੀ ਮਨਿ ਨਾਮਿ ਨਿਵਾਸੁ ॥ ਨਾਨਕ ਸਚੁ ਭਾਂਡਾ ਜਿਸੁ ਸਬਦ ਪਿਆਸ ॥ ੪ ॥ ੩ ॥ ੨੩ ॥**

Digitized by Panjab Digital Library | www.panjabdigilib.org

ਜੇਹੜਾ ਪਵਿੱਤ੍ਰ ਚੰਗਾ ਤੇ ਸਿੱਧਾ ਭਾਵ ਰਿਦਾ ਭਾਂਡਾ ਹੁੰਦਾ ਹੈ ਉਸ ਵਿੱਚ ਨਾਮ ਸਮਾਉਂਦਾ ਹੈ। ਮੂਧਾ ਦਿਲ ਭਾਵ ਜੇਹੜਾ ਵਿਸ਼ਿਆਂ ਦਾ ਭਰਿਆ ਹੈ ਉਸ ਵਿੱਚ ਪਮੇਸ਼ਰ ਦਾ ਨਾਮ ਨਹੀਂ ਟਿਕਦਾ ਹੈ। ਜੇਹੜੇ ਗੁਰ ਉਪਦੇਸ਼ੀ ਹਨ,ਓਹਨਾਂਦੇ ਦਿਲ ਵਿੱਚ ਨਾਮ ਨਿਵਾਸ ਕਰਦਾ ਹੈ। ਗੁਰੂ ਜੀ–ਸੱਚਾ ਭਾਂਡਾ ਭਾਵ ਲੋੜਵੰਦ ਓਹ ਹੈ ਜਿਸ ਨੂੰ ਗੁਰ ਉਪਦੇਸ਼ ਦੀ ਜਾਂ ਪ੍ਰਮੇਸ਼ਰ ਦੇ ਮਿਲਨ ਦੀ ਇੱਛਿਆ ਹੈ।

## ਗਉੜੀ ਗੁਅਰੇਰੀ ਮਹਲਾ ੩ ॥

**ਇਕਿ ਗਾਵਤ ਰਹੇ ਮਨਿ ਸਾਦੁ ਨ ਪਾਇ॥ ਹਉਮੈ ਵਿਚਿ ਗਾਵਹਿ ਬਿਰਥਾ ਜਾਇ॥ ਗਾਵਣਿ ਗਾਵਹਿ ਜਿਨ ਨਾਮ ਪਿਆਰੁ ॥ ਸਾਚੀ ਬਾਣੀ ਸਬਦ ਬੀਚਾਰੁ ॥ ੧ ॥**

ਇਕ ਮਨਮੁਖ ਆਦਮੀ ਗੌਂਦੇ ਰਹਿੰਦੇ ਹਨ, ਪਰ ਮਨ ਵਿੱਚ ਸ੍ਵਾਦ ਨਹੀਂ ਪਾਉਂਦੇ ਹਨ। ਹੰਕਾਰ ਵਿੱਚ ਗੌਂਦੇ ਹਨ,ਇਸ ਲਈ ਸਭ ਬਿਰਥਾ ਚਲਿਆ ਜਾਂਦਾ ਹੈ ਭਾਵ ਓਹਨਾਂ ਦਾ ਗਾਇਆ ਕਿਸੇ ਲੇਖੇ ਨਹੀਂ ਲੱਗਦਾ ਹੈ। ਜਿਨ੍ਹਾਂ ਦਾ ਨਾਮ ਵਿੱਚ ਪਿਆਰ ਹੈ ਓਹ ਸੱਚੇ ਦੇ ਗਾਵਣਿ = ਗੌਣ ਜਾਂ ਸ਼ਬਦ ਗਾਉਂਦੇ ਹਨ। ਸੱਚੀ ਬਾਣੀ ਭਾਵ ਗੁਰੂ ਉਪਦੇਸ਼ ਨਾਲ ਵਾਹਿਗੁਰੂ ਦਾ ਵਿਚਾਰ ਕਰਦੇ ਹਨ।

**ਗਾਵਤ ਰਹੈ ਜੇ ਸਤਿਗੁਰ ਭਾਵੈ॥ ਮਨੁ ਤਨੁ ਰਾਤਾ ਨਾਮਿ ਸੁਹਾਵੈ॥ ੧ ॥ ਰਹਾਉ ॥**

ਜੇਹੜੇ ਸਤਿਗੁਰਾਂ ਨੂੰ ਚੰਗੇ ਲੱਗਦੇ ਹਨ ਅਤੇ ਨਾਮੀ = ਵਾਹਿਗੁਰੂ ਵਿੱਚ ਰੱਤੇ ਹੋਏ ਹਨ ਭਾਵ ਮਨ ਤਨ ਕਰਕੇ ਪ੍ਰੇਮ ਕਰਦੇ ਹਨ, ਓਹ ਗੌਂਦੇ ਰਹਿੰਦੇ ਹਨ ਤੇ ਓਹੋ ਹੀ ਸੋਹਣੇ ਹਨ ਭਾਵ ਸਾਰਿਆਂ ਗੌਣ ਵਾਲਿਆਂ ਵਿੱਚ ਸੋਹਣੇ ਹਨ।

**ਇਕਿ ਗਾਵਹਿ ਇਕਿ ਭਗਤਿ ਕਰੇਹਿ ॥ ਨਾਮੁ ਨ ਪਾਵਹਿ ਬਿਨੁ ਅਸਨੇਹ ॥ ਸਚੀ ਭਗਤਿ ਗੁਰ ਸਬਦ ਪਿਆਰਿ॥ ਅਪਨਾ ਪਿਰੁ ਰਾਖਿਆ ਸਦਾ ਉਰਿਧਾਰਿ ॥੨॥**

ਅਸਨੇਹ = ਪ੍ਰੇਮ।

ਇਕ ਗੌਂਦੇ ਹਨ ਇਕ ਬਣੌਟੀ ਭਗਤੀ ਕਰਦੇ ਹਨ। ਪਰ ਪ੍ਰਮੇਸ਼ਰ ਵਿੱਚ ਪ੍ਰੇਮ ਕੀਤਿਆਂ ਬਿਨਾਂ ਨਾਮ ਨੂੰ ਨਹੀਂ ਪਾਉਂਦੇ ਹਨ।

Digitized by Panjab Digital Library | www.panjabdigilib.org

ਜਿਨ੍ਹਾਂ ਨੇ ਗੁਰ ਉਪਦੇਸ਼ ਵਿੱਚ ਪਿਆਰ ਕੀਤਾ ਹੈ। ਅਤੇ ਆਪਣੇ ਪਤੀ ਨੂੰ ਸਦਾ ਦਿਲ ਵਿਚ ਧਾਰ ਕੇ ਰਖਿਆ ਹੈ ਓਹਨਾਂ ਦੀ ਭਗਤੀ ਸੱਚੀ ਹੈ।

**ਭਗਤਿ ਕਰਹਿ ਮੂਰਖ ਆਪੁ ਜਣਾਵਹਿ ॥ ਨਚਿ ਨਚਿ ਟਪਹਿ ਬਹੁਤੁ ਦੁਖੁ ਪਾਵਹਿ ॥ ਨਚਿਐ ਟਪਿਐ ਭਗਤਿ ਨ ਹੋਇ ॥ ਸਬਦਿ ਮਰੈ ਭਗਤਿ ਪਾਏ ਜਨੁ ਸੋਇ ॥ ੩ ॥**

ਜੇਹੜੇ ਮੂਰਖ ਭਗਤੀ ਕਰਦੇ ਹਨ ਓਹ ਆਪਣੇ ਆਪ ਨੂੰ ਜਣਾਉਂਦੇ ਹਨ, ਅਤੇ ਨੱਚ ਨੱਚ ਕੇ ਟੱਪਦੇ ਹਨ, ਓਹ ਬਹੁਤ ਦੁਖ ਪਾਉਂਦੇ ਹਨ।

ਨੱਚਣ ਟੱਪਣ ਨਾਲ ਭਗਤੀ ਨਹੀਂ ਹੁੰਦੀ ਹੈ। ਜੇਹੜੇ ਗੁਰ ਉਪਦੇਸ਼ ਨਾਲ ਜੀਵਤ ਭਾਵ ਤੋਂ ਮਰਦੇ ਹਨ ਓਹ ਆਦਮੀ ਭਗਤੀ ਨੂੰ ਪ੍ਰਾਪਤ ਹੁੰਦੇ ਹਨ।

**ਭਗਤਿ ਵਛਲੁ ਭਗਤਿ ਕਰਾਏ ਸੋਇ ॥ ਸਚੀ ਭਗਤਿ ਵਿਚਹੁ ਆਪੁ ਖੋਇ ॥ ਮੇਰਾ ਪ੍ਰਭੁ ਸਾਚਾ ਸਭ ਬਿਧਿ ਜਾਣੈ ॥ ਨਾਨਕ ਬਖਸੇ ਨਾਮੁ ਪਛਾਣੈ ॥ ੪ ॥ ੪ । ੨੪ ॥**

ਜੇ ਓਹ ਭਗਤਾਂ ਦਾ ਪਿਆਰਾ ਭਗਤੀ ਕਰਾਵੇ ਤਾਂ ਭਗਤੀ ਹੁੰਦੀ ਹੈ। ਪਰ ਜੇ ਮਨ ਦੇ ਅੰਦਰੋਂ ਹੰਕਾਰ ਨੂੰ ਨਾਸ ਕਰ ਦੇਵੇ ਤੇ ਤਾਂ ਸੱਚੀ ਭਗਤੀ ਹੁੰਦੀ ਹੈ। ਜੇਹੜਾ ਮੇਰਾ ਮਾਲਕ ਸੱਚਾ ਹੈ ਓਹ ਸਾਰੀਆਂ ਰੀਤੀਆਂ ਨੂੰ ਜਾਣਦਾ ਹੈ। ਗੁਰੂ ਜੀ–ਜੇਹੜੇ ਉਸਦੇ ਨਾਮ ਨੂੰ ਪਛਾਣਦੇ ਹਨ ਓਹਨਾਂ ਨੂੰ ਓਹ ਬਖਸ਼ ਲੈਂਦਾ ਹੈ।

## ਗਉੜੀ ਗੁਆਰੇਰੀ ਮਹਲਾ ੩ ॥

**ਮਨੁ ਮਾਰੇ ਧਾਤੁ ਮਰਿ ਜਾਇ ॥ ਬਿਨੁ ਮੂਏ ਕੈਸੇ ਹਰਿ ਪਾਇ ॥ ਮਨੁ ਮਰੈ ਦਾਰੂ ਜਾਣੈ ਕੋਇ ॥ ਮਨੁ ਸਬਦਿ ਮਰੈ ਬੂਝੈ ਜਨ ਸੋਇ ॥ ੧ ॥**

ਜਦੋਂ ਮਨ ਦੇ ਖਿਆਲਾਂ ਨੂੰ ਮਾਰੇ ਤੇ ਤਾਂ ਮਨ ਦਾ ਦੌੜਨਾ ਆਪੇ ਹੀ ਮਰ ਜਾਂਦਾ ਹੈ, ਭਾਵ ਪਹਿਲੇ ਮਨ ਦਾ ਵੱਸ ਕਰਨਾ ਜ਼ਰੂਰ ਹੈ। ਮਨ ਮਾਰਿਆਂ ਬਿਨਾਂ ਪ੍ਰਮੇਸ਼ਰ ਕਿਸ ਤਰਾਂ ਪਾਇਆ ਜਾਂਦਾ ਹੈ ਭਾਵ ਨਹੀਂ।

ਮਨ ਦੇ ਮਰਨ ਦੀ ਦਵਾਈ ਕੋਈ ਵਿਰਲਾ ਹੀ ਜਾਣਦਾ ਹੈ। ਜਿਨ੍ਹਾਂ ਦਾ ਮਨ ਗੁਰ ਉਪਦੇਸ਼ ਸਰੂਪ ਦਵਾਈ ਨਾਲ ਮਰ ਗਿਆ ਹੈ, ਓਹ ਆਦਮੀ ਪ੍ਰਮੇਸ਼ਰ ਨੂੰ ਸਮਝ ਲੈਂਦੇ ਹਨ।

Digitized by Panjab Digital Library | www.panjabdigilib.org

**ਜਿਸਨੋ ਬਖਸੇ ਦੇ ਵਡਿਆਈ ॥ ਗੁਰਪਰਸਾਦਿ ਹਰਿ ਵਸੈ ਮਨਿ ਆਈ ॥ ੧ ॥ ਰਹਾਉ ॥**

ਜਿਨ੍ਹਾਂ ਨੂੰ ਆਪਣੇ ਨਾਮ ਦੀ ਵਡਿਆਈ ਦੇਕੇ ਬਖਸ਼ ਲੈਂਦਾ ਹੈ। ਓਹਨਾਂ ਦੇ ਦਿਲ ਵਿੱਚ ਗੁਰਾਂ ਦੀ ਕਿਰਪਾ ਨਾਲ ਪ੍ਰਮੇਸ਼ਰ ਆਕੇ ਵੱਸ ਜਾਂਦਾ ਹੈ।

**ਗੁਰਮੁਖਿ ਕਰਣੀ ਕਾਰ ਕਮਾਵੈ ॥ ਤਾ ਇਸੁ ਮਨ ਕੀ ਸੋਝੀ ਪਾਵੈ ॥ ਮਨੁ ਮੈ ਮਤੁ ਮੈਗਲ ਮਿਕਦਾਰਾ ॥ ਗੁਰੁ ਅੰਕਸੁ ਮਾਰਿ ਜੀਵਾਲਣਹਾਰਾ ॥ ੨ ॥**

ਜੇਹੜੇ ਗੁਰਮੁਖ ਆਦਮੀ ਹਨ ਓਹ ਮਨ ਦੇ ਮਾਰਨ ਵਾਸਤੇ ਭਗਤੀ ਰੂਪ ਚੰਗੀ ਕਰਣੀ = ਕਾਰ ਕਮਾਉਂਦੇ ਹਨ, ਓਹ ਇਸ ਮਨ ਦੀ ਸੋਝੀ ਪਾਉਂਦੇ ਹਨ ਕਿ ਮਨ ਇਸ ਤਰਾਂ ਮਰਦਾ ਹੈ। ਮਨ ਹੰਗਤਾ ਮਮਤਾ ਰੂਪ ਸ਼ਰਾਬ ਕਰਕੇ ਮੈਗਲ = ਹਾਥੀ ਦੇ ਮਿਕਦਾਰਾ = ਬਰਾਬਰ ਮਸਤ ਹੋਇਆ ੨ ਹੈ, ਪਰ ਗੁਰੂ ਮਹਾਵਤ ਸ਼ਬਦ ਰੂਪ ਅੰਕੁਸ = ਡੰਡਾ ਮਾਰਕੇ ਹੋਜਵਾਉਣ ਵਾਲਾ ਹੈ।

**ਮਨੁ ਅਸਾਧੁ ਸਾਧੈ ਜਨੁ ਕੋਇ ॥ ਅਚਰੁ ਚਰੈ ਤਾ ਨਿਰਮਲੁ ਹੋਇ ॥ ਗੁਰਮੁਖਿ ਇਹੁ ਮਨੁ ਲਇਆ ਸਵਾਰਿ ॥ ਹਉਮੈ ਵਿਚਹੁ ਤਜੇ ਵਿਕਾਰ ॥ ੩ ॥**

ਇਹ ਮਨ ਬੜਾ ਅਸਾਧ ਹੈ, ਜੇਹੜਾ ਕੋਈ ਆਦਮੀ ਇਸਨੂੰ ਵੱਸ ਕਰ ਲਏ ਅਤੇ ਜੇਹੜਾ ਫਿਰਦੇ ਦੌੜਦੇ ਹੋਏ ਮਨ ਨੂੰ ਖਾ ਲਏ, ਭਾਵ ਰੋਕ ਲਏ ਤੇ ਤਾਂ ਓਹ ਆਦਮੀ ਨਿਰਮਲ ਹੁੰਦਾ ਹੈ।

ਗੁਰਮੁਖਾਂ ਨੇ ਹੰਗਤਾ ਮਮਤਾ ਆਦਿਕ ਵਿਕਾਰ ਵਿੱਚੋਂ ਦੂਰ ਕਰਕੇ ਇਸ ਮਨ ਨੂੰ ਸਵਾਰ ਲਿਆ ਹੈ।

**ਜੋ ਧੁਰਿ ਰਾਖਿਅਨੁ ਮੇਲਿ ਮਿਲਾਇ ॥ ਕਦੇ ਨ ਵਿਛੁੜਹਿ ਸਬਦਿ ਸਮਾਇ ॥ ਆਪਣੀ ਕਲਾ ਆਪੇ ਹੀ ਜਾਣੈ ॥ ਨਾਨਕ ਗੁਰਮੁਖਿ ਨਾਮੁ ਪਛਾਣੈ ॥ ੪ ॥ ੫ ॥੨੫॥**

ਜੇਹੜੇ ਧੁਰੋਂ ਹੀ ਪ੍ਰਮੇਸ਼ਰ ਨੇ ਸਤਿਸੰਗ ਰੂਪ ਮੇਲ ਵਿੱਚ ਮਿਲਾ ਰੱਖੇ ਹਨ, ਓਹ ਆਦਮੀ ਕਦੀ ਨਹੀਂ ਵਿੱਛੜਦੇ, ਪ੍ਰਮੇਸ਼ਰ ਦੇ ਵਿੱਚ ਹੀ ਮਿਲੇ ਰਹਿੰਦੇ ਹਨ। ਓਹ ਪ੍ਰਮੇਸ਼ਰ ਆਪਣੀ ਸ਼ਕਤੀ ਨੂੰ ਆਪੇ ਹੀ

Digitized by Panjab Digital Library | www.panjabdigilib.org

ਜਾਣਦਾ ਹੈ। ਗੁਰੂ ਜੀ–ਗੁਰਾਂ ਪਾਸੋਂ ਪੁੱਛ ਕੇ ਉਸਦੇ ਨਾਮ ਦੀ ਜਾਣ ਪਛਾਣ ਕਰੀਏ।

ਗਉੜੀ ਗੁਆਰੇਰੀ ਮਹਲਾ ੩ ॥

ਹਉਮੈ ਵਿਚਿ ਸਭੁ ਜਗੁ ਬਉਰਾਨਾ ॥ ਦੂਜੈ ਭਾਇ ਭਰਮਿ ਭੁਲਾਨਾ ॥ ਬਹੁ ਚਿੰਤਾ ਚਿਤਵੈ ਆਪੁ ਨ ਪਛਾਨਾ ॥ ਧੰਧਾ ਕਰਤਿਆ ਅਨਦਿਨੁ ਵਿਹਾਨਾ ॥ ੧ ॥

ਹੰਕਾਰ ਦੇ ਅੰਦਰ ਸਾਰਾ ਸੰਸਾਰ ਕਮਲਾ ਹੋਇਆ ਹੋਇਆ ਹੈ।

ਦ੍ਵੈਤ ਭਾਵਨਾ ਕਰਕੇ ਭਰਮ ਵਿੱਚ ਭੁੱਲਾ ਹੋਇਆ ਹੈ।

ਬਹੁਤ ਤਰਾਂ ਦੀ ਚਿੰਤਾ ਨੂੰ ਯਾਦ ਕਰਦਾ ਰਹਿੰਦਾ ਹੈ, ਆਪਣੇ ਆਪ ਨੂੰ ਨਹੀਂ ਪਛਾਣਦਾ ਹੈ।

ਧੰਦੇ ਕਰਦਿਆਂ ਜੀਵਾਂ ਨੂੰ ਰਾਤ ਦਿਨ ਬਤੀਤ ਹੁੰਦੇ ਚਲੇ ਜਾਂਦੇ ਹਨ।

ਹਿਰਦੈ ਰਾਮੁ ਰਮਹੁ ਮੇਰੇ ਭਾਈ ॥ ਗੁਰਮੁਖਿ ਰਸਨਾ ਹਰਿ ਰਸਨ ਰਸਾਈ ॥ ੧ ॥ ਰਹਾਉ ॥

ਹੇ ਮੇਰੇ ਭਰਾਓ! ਜਿਨ੍ਹਾਂ ਗੁਰਮੁਖਾਂ ਨੇ ਜ਼ਬਾਨ ਪ੍ਰਮੇਸ਼ਰ ਦੇ ਪ੍ਰੇਮ ਵਿੱਚ ਰਸ ਲੈਣ ਵਾਲੀ ਕੀਤੀ ਹੈ, ਓਹਨਾਂ ਨਾਲ ਮਿਲਕੇ ਦਿਲ ਵਿੱਚ ਪ੍ਰਮੇਸ਼ਰ ਦਾ ਨਾਮ ਜਪੋ।

ਗੁਰਮੁਖਿ ਹਿਰਦੈ ਜਿਨਿ ਰਾਮੁ ਪਛਾਤਾ ॥ ਜਗ ਜੀਵਨੁ ਸੇਵਿ ਜੁਗ ਚਾਰੇ ਜਾਤਾ ॥ ਹਉਮੈ ਮਾਰਿ ਗੁਰ ਸਬਦਿ ਪਛਾਤਾ ॥ ਕ੍ਰਿਪਾ ਕਰੇ ਪ੍ਰਭ ਕਰਮ ਬਿਧਾਤਾ ॥ ੨ ॥

ਜਿਨ੍ਹਾਂ ਗੁਰਮੁਖਾਂ ਨੇ ਦਿਲ ਵਿੱਚ ਰਾਮ ਨੂੰ ਪਛਾਣਿਆ ਹੈ।

ਓਹ ਆਦਮੀ ਜਗਤ ਜੀਵਨ ਪ੍ਰਮੇਸ਼ਰ ਦੀ ਸੇਵਾ ਕਰਕੇ ਚਹੁੰਆਂ ਜੁਗਾਂ ਵਿੱਚ ਪ੍ਰਸਿੱਧ ਹੋ ਗਏ ਹਨ।

ਜਿਨ੍ਹਾਂ ਆਦਮੀਆਂ ਉੱਤੇ ਕਰਮ ਬਿਧਾਤਾ = ਕਰਮਾਂ ਦਾ ਫਲ ਦੇਣ ਵਾਲਾ ਕਿਰਪਾ ਕਰਦਾ ਹੈ, ਓਹਨਾਂ ਨੇ ਹੰਗਤਾ ਮਮਤਾ ਨੂੰ ਮਾਰਕੇ ਗੁਰ ਉਪਦੇਸ਼ ਨਾਲ ਵਾਹਿਗੁਰੂ ਨੂੰ ਪਛਾਣਿਆ ਹੈ।

ਸੇ ਜਨ ਸਚੇ ਜੋ ਗੁਰ ਸਬਦਿ ਮਿਲਾਏ ॥ ਧਾਵਤ ਵਰਜੇ ਠਾਕਿ ਰਹਾਏ ॥ ਨਾਮੁ ਨਵਨਿਧਿ ਗੁਰ ਤੇ ਪਾਏ ॥ ਹਰਿ ਕ੍ਰਿਪਾ ਤੇ ਹਰਿ ਵਸੈ ਮਨਿ ਆਏ ॥ ੩ ॥

Digitized by Panjab Digital Library | www.panjabdigilib.org

ਓਹ ਆਦਮੀ ਸੱਚੇ ਹਨ, ਜੋਹੜੇ ਗੁਰਾਂ ਨੇ ਸ਼ਬਦ ਵਿੱਚ ਮਿਲਾ ਲਏ ਹਨ। ਓਹਨਾਂ ਨੇ ਆਪਣੇ ਇੰਦ੍ਰੇ ਵਿਸ਼ਿਆਂ ਵੱਲੋਂ ਦੌੜਦੇ ਹੋਏ ਰੋਕੇ ਹਨ ਅਤੇ ਵਾਸ਼ਨਾਂ ਵੱਲੋਂ ਦਿਲ ਆਦਿਕ ਮਨ ਨੂੰ ਵੀ ਰੋਕ ਲਿਆ ਹੈ।

ਜੋਹੜਾ ਨਾਮ ਨੌ ਨਿਧੀਆਂ ਰੂਪ ਪਦਾਰਥ ਦੇਣ ਵਾਲਾ ਹੈ, ਓਹ ਓਹਨਾਂ ਨੇ ਗੁਰਾਂ ਦੁਆਰੇ ਪਾ ਲਿਆ ਹੈ। ਅਤੇ ਪ੍ਰਮੇਸ਼ਰ ਰੂਪ ਸਤਿਗੁਰਾਂ ਦੀ ਕਿਰਪਾ ਨਾਲ ਪ੍ਰਮੇਸ਼ਰ ਮਨ ਵਿੱਚ ਆ ਵੱਸਿਆ ਹੈ।

**ਰਾਮ ਰਾਮ ਕਰਤਿਆ ਸੁਖੁ ਸਾਂਤਿ ਸਰੀਰ ॥ ਅੰਤਰਿ ਵਸੈ ਨ ਲਾਗੈ ਜਮਪੀਰ ॥ ਆਪੇ ਸਾਹਿਬੁ ਆਪਿ ਵਜੀਰ ॥ ਨਾਨਕ ਸੇਵਿ ਸਦਾ ਹਰਿ ਗੁਣੀ ਗਹੀਰ ॥ ੪ ॥ ੬ ॥ ੨੬ ॥**

ਹੇ ਭਰਾ! ਰਾਮ ਰਾਮ ਦਾ ਜਾਪ ਕਰਦਿਆਂ ਹੋਯਾਂ ਸੁਖ ਤੇ ਸ਼ਾਂਤੀ ਸਰੀਰ ਵਿੱਚ ਆ ਜਾਂਦੀ ਹੈ। ਅਤੇ ਪ੍ਰਮੇਸ਼ਰ ਦਾ ਨਾਮ ਅੰਦਰ ਵੱਸਣ ਨਾਲ ਜਮ ਦੀ ਪੀੜ ਨਹੀਂ ਲੱਗਦੀ ਹੈ। ਗੁਰੂ ਜੀ—ਇਸ ਲਈ ਵਾਹਿਗੁਰੂ ਗੁਣਾਂ ਦੇ ਬੜੇ ਭਾਰੇ ਖਜ਼ਾਨੇ ਦੀ ਸਦਾ ਸੇਵਾ = ਭਗਤੀ ਕਰੋ, ਜੋਹੜਾ ਆਪ ਹੀ ਮਾਲਕ ਤੇ ਵਜ਼ੀਰ ਹੈ।

## ਗਉੜੀ ਗੁਆਰੇਰੀ ਮਹਲਾ ੩ ॥

**ਸੋ ਕਿਉ ਵਿਸਰੈ ਜਿਸਕੇ ਜੀਅ ਪਰਾਨਾ ॥ ਸੋ ਕਿਉ ਵਿਸਰੈ ਸਭ ਮਾਹਿ ਸਮਾਨਾ ॥ ਜਿਤੁ ਸੇਵਿਐ ਦਰਗਹ ਪਤਿ ਪਰਵਾਨਾ ॥ ੧ ॥**

ਜਿਸਦੇ ਸਰੀਰ ਨੂੰ ਜੀਅ ਪ੍ਰਾਣ ਦਿੱਤੇ ਹੋਏ ਹਨ, ਓਹ ਕਿਉ ਭੁੱਲੇ, ਜੋਹੜਾ ਸਾਰਿਆਂ ਵਿੱਚ ਸਮਾਇਆ ਹੋਇਆ ਹੈ, ਓਹ ਕਿਉਂ ਭੁੱਲੇ, ਜਿਸ ਪ੍ਰਮੇਸ਼ਰ ਦੀ ਸੇਵਾ ਕਰਕੇ ਇੱਜ਼ਤ ਹੁੰਦੀ ਹੈ ਅਤੇ ਦਰਗਾਹ ਵਿੱਚ ਪਰਵਾਨ ਹੋ ਜਾਈਦਾ ਹੈ, ਓਹ ਕਿਉਂ ਭੁੱਲ ਜਾਵੇ।

**ਹਰਿ ਕੇ ਨਾਮ ਵਿਟਹੁ ਬਲਿ ਜਾਉ ॥ ਤੂੰ ਵਿਸਰਹਿ ਤਦ ਹੀ ਮਰਿ ਜਾਉ ॥ ੧ ॥ ਰਹਾਉ ॥**

ਮੈਂ ਪ੍ਰਮੇਸ਼ਰ ਦੇ ਨਾਮ ਉੱਤੋਂ ਦੀ ਬਲਿਹਾਰ ਜਾਂਦਾ ਹਾਂ। ਹੇ ਪ੍ਰਮੇਸ਼ਰਾ! ਜਦੋਂ ਹੀ ਤੂੰ ਭੁੱਲ ਜਾਵੇਂ ਤੇ ਤਾਂ ਹੀ ਮੇਰਾ ਮਰ ਜਾਣਾ ਹੁੰਦਾ ਹੈ, ਭਾਵ ਮੈਂ ਓਸੇ ਵੇਲੇ ਮਰ ਜਾਂਦਾ ਹਾਂ।

Digitized by Panjab Digital Library | www.panjabdigilib.org

**ਤਿਨ ਤੂੰ ਵਿਸਰਹਿ ਜਿ ਤੁਧੁ ਆਪਿ ਭੁਲਾਏ ॥ ਤਿਨ ਤੂੰ ਵਿਸਰਹਿ ਜਿ ਦੂਜੈ ਭਾਏ ॥ ਮਨਮੁਖ ਅਗਿਆਨੀ ਜੋਨੀ ਪਾਏ ॥ ੨ ॥**

ਹੇ ਮਹਾਰਾਜ ! ਜੇਹੜੇ ਤੂੰ ਆਪ ਭੁਲਾਏ ਹਨ, ਓਹਨਾਂ ਨੂੰ ਤੂੰ ਵਿੱਸਰ ਜਾਂਦਾ ਹੈਂ। ਜੇਹੜੇ ਦ੍ਵੈਤ ਭਾਵਨਾ ਵਿੱਚ ਪ੍ਰੇਮ ਕਰਦੇ ਹਨ, ਓਹਨਾਂ ਨੂੰ ਤੂੰ ਵਿੱਸਰ ਜਾਂਦਾ ਹੈਂ।

ਇਕੁਰ ਦੇ ਮਨਮੁਖ ਅਗਜਾਨੀ ਜੂਨੀਆਂ ਵਿੱਚ ਪਾਏ ਜਾਂਦੇ ਹਨ।

**ਜਿਨ ਇਕ ਮਨਿ ਤੁਠਾ ਸੇ ਸਤਿਗੁਰ ਸੇਵਾ ਲਾਏ ॥ ਜਿਨ ਇਕ ਮਨਿ ਤੁਠਾ ਤਿਨ ਹਰਿ ਮੰਨਿ ਵਸਾਏ ॥ ਗੁਰਮਤੀ ਹਰਿ ਨਾਮਿ ਸਮਾਏ ॥ ੩ ॥**

ਜਿਨ੍ਹਾਂ ਆਦਮੀਆਂ ਉੱਤੇ ਤੂੰ ਬਹੁਤ ਪ੍ਰਸੰਨ ਹੋਇਆ ਹੈਂ,ਓਹਤੂੰ ਸਤਿਗੁਰਾਂ ਦੀ ਸੇਵਾ ਵਿੱਚ ਲਾਏ ਹਨ ਜਾਂ ਜਿਨ੍ਹਾਂ ਇਕਨਾ ਉੱਤੇ ਤੂੰ ਮਨ ਕਰਕੇ ਬਹੁਤ ਖੁਸ਼ੀ ਹੋਯਾ ਹੈਂ।

ਜਿਨ੍ਹਾਂ ਉੱਤੇ ਤੂੰ ਇੱਕ ਮਨ = ਬਹੁਤ ਪ੍ਰਸੰਨ ਹੋਇਆ ਹੈਂ, ਓਹਨਾਂ ਆਦਮੀਆਂ ਨੇ ਹੀ ਤੇਰੇ ਨਾਮਾਂ ਨੂੰ ਮਨ ਵਿੱਚ ਵਸਾਇਆ ਹੈ।

ਪਰ ਖਾਸ ਕਰਕੇ ਗੁਰ ਸਿੱਖਿਆ ਲੈਣ ਵਾਲੇ ਤੇਰੇ ਨਾਮ ਵਿੱਚ ਸਮਾ ਗਏ ਹਨ, ਤੇਰੇ ਨਾਲ ਮਿਲ ਗਏ ਹਨ।

**ਜਿਨਾ ਪੋਤੈ ਪੁੰਨੁ ਸੇ ਗਿਆਨ ਬੀਚਾਰੀ ॥ ਜਿਨਾ ਪੋਤੈ ਪੁੰਨੁ ਤਿਨ ਹਉਮੈ ਮਾਰੀ ॥ ਨਾਨਕ ਜੋ ਨਾਮਿ ਰਤੇ ਤਿਨ ਕਉ ਬਲਿਹਾਰੀ ॥ ੪ ॥ ੭ ॥ ੨੭ ॥**

ਜਿਨ੍ਹਾਂ ਦੇ ਪੋਤੇ = ਖਜ਼ਾਨੇ ਵਿੱਚ ਪੁੰਨ ਹੈ, ਭਾਵ ਜਿਨ੍ਹਾਂ ਨੇ ਪਹਿਲੇ ਜਨਮ ਵਿੱਚ ਚੰਗੇ ਕੰਮ ਕੀਤੇ ਹਨ, ਓਹ ਗਿਆਨ ਦੇ ਵਿਚਾਰੀ ਹਨ। ਜਿਨ੍ਹਾਂ ਦੇ ਖਜ਼ਾਨੇ ਵਿੱਚ ਪੁੰਨ ਹੈ ਓਹਨਾਂ ਨੇ ਹੰਗਤਾ ਮਮਤਾ ਮਾਰੀ ਹੈ।

ਗੁਰੂ ਜੀ-ਜੇਹੜੇ ਨਾਮ ਵਿੱਚ ਰੱਤੇ ਹਨ, ਮੈਂ ਓਹਨਾਂ ਤੋਂ ਬਲਿਹਾਰ ਜਾਂਦਾ ਹਾਂ।

**ਗਉੜੀ ਗੁਆਰੇਰੀ ਮਹਲਾ ੩ ॥**

**ਤੂੰ ਅਕਥੁ ਕਿਉ ਕਥਿਆ ਜਾਹਿ ॥ ਗੁਰ ਸਬਦੁ**

Digitized by Panjab Digital Library | www.panjabdigilib.org

**ਮਾਰਣੁ ਮਨ ਮਾਹਿ ਸਮਾਹਿ ॥ ਤੇਰੇ ਗੁਣ ਅਨੇਕ ਕੀਮਤਿ ਨਹ ਪਾਹਿ ॥ ੧ ॥**

ਤੂੰ ਅਕੱਥ ਹੈਂ, ਕਿਸਤਰਾਂ ਕਥਿਆ ਜਾ ਸੱਕਦਾ ਹੈਂ। ਜਿਨ੍ਹਾਂ ਨੇ ਗੁਰ ਉਪਦੇਸ਼ ਨਾਲ ਮਨ ਮਾਰਿਆ ਹੈ; ਓਹ ਤੇਰੇ ਵਿੱਚ ਸਮਾ ਜਾਂਦੇ ਹਨ। ਸਮਾਹਿ = ਦਾ ਅਰਥ ਅਨੰਦ ਵੀ ਕਰਦੇ ਹਨ। ਭਾਵ ਜਿਨ੍ਹਾਂ ਨੂੰ ਗੁਰ ਉਪਦੇਸ਼ ਮਾਰਣ = ਮਸਾਲਾ ਮਿਲਿਆ ਹੈ, ਓਹ ਅਨੰਦ ਕਰਦੇ ਹਨ।

ਹੇ ਮਹਾਰਾਜ! ਤੇਰੇ ਗੁਣ ਬਿਅੰਤ ਹਨ, ਕੀਮਤ ਨਹੀਂ ਪਾਈ ਜਾਂਦੀ ਹੈ।

**ਜਿਸਕੀ ਬਾਣੀ ਤਿਸੁ ਮਾਹਿ ਸਮਾਣੀ ॥ ਤੇਰੀ ਅਕਥ ਕਥਾ ਗੁਰ ਸਬਦਿ ਵਖਾਣੀ ॥ ੧ ॥ ਰਹਾਉ ॥**

ਹੇ ਮਹਾਰਾਜ! ਜਿਸ ਤੇਰੀ ਪ੍ਰਮੇਸ਼ਰ ਦੀ ਇਹ ਬਾਣੀ = ਬਣੌਟ ਸਾਰੀ ਦੁਨੀਆ ਹੈ, ਉਸ ਤੇਰੇ ਵਿੱਚ ਹੀ ਸਾਰੀ ਦੁਨੀਆਂ ਸਮਾਈ ਹੈ ਭਾਵ ਤੂੰ ਦੁਨੀਆਂ ਦਾ ਕਰਤਾ ਹੈਂ, ਦੁਨੀਆਂ ਤੇਰੇ ਨਾਲ ਮਿਲੀ ਹੋਈ ਹੈ, ਪਰ ਤੂੰ ਵਖਰਾ ਹੈਂ। ਹੇ ਅਕੱਥ ਪ੍ਰਮੇਸ਼ਰਾ! ਤੇਰੀ ਅਕਥ ਕਥਾ ਗੁਰਾਂ ਦੁਆਰੇ ਆਖੀ ਜਾਂਦੀ ਹੈ।

**ਜਹ ਸਤਿਗੁਰੁ ਤਹ ਸਤਸੰਗਤਿ ਬਣਾਈ ॥ ਜਹ ਸਤਿਗੁਰੁ ਸਹਿਜੇ ਹਰਿ ਗੁਣ ਗਾਈ ॥ ਜਹ ਸਤਿਗੁਰੁ ਤਹਾ ਹਉਮੈ ਸਬਦਿ ਜਲਾਈ ॥ ੨ ॥**

ਜਿਥੇ ਸਤਿਗੁਰੂ ਹੈ ਓਥੇ ਹੀ ਸਤ ਸੰਗਤ ਬਣਾਈ ਹੈ। ਜਿੱਥੇ ਸਤਿਗੁਰੂ ਹੈ ਓਥੇ ਹੀ ਤੇਰੇ ਗੁਣ ਸੁਭਾਵਕ ਗਾਈਦੇ ਹਨ। ਜਿੱਥੇ ਸਤਿ ਗੁਰੂ ਹੈ ਓਥੇ ਹੀ ਓਹਨਾਂ ਦੇ ਉਪਦੇਸ਼ ਨਾਲ ਹੰਗਤਾ ਮਮਤਾ ਸਾੜੀ ਜਾਂਦੀ ਹੈ।

**ਗੁਰਮੁਖਿ ਸੇਵਾ ਮਹਲੀ ਥਾਉ ਪਾਏ ॥ ਗੁਰਮੁਖਿ ਅੰਤਰਿ ਹਰਿ ਨਾਮੁ ਵਸਾਏ ॥ ਗੁਰਮੁਖਿ ਭਗਤਿ ਹਰਿ ਨਾਮਿ ਸਮਾਏ ॥ ੩ ॥**

ਗੁਰਾਂ ਦੁਆਰੇ ਮਹਿਲੀ = ਸਿਖ ਥਾਂ ਨੂੰ ਪਾ ਲੈਂਦਾ ਹੈ ਭਾਵ ਪ੍ਰਮੇਸ਼ਰ ਨੂੰ ਮਿਲ ਜਾਂਦਾ ਹੈ। ਜੇਹੜੇ ਗੁਰਮੁਖ ਹਨ ਓਹਨਾਂ ਦੇ ਦਿਲ ਅੰਦਰ ਪ੍ਰਮੇਸ਼ਰ ਦਾ ਨਾਮ ਵੱਸਦਾ ਹੈ। ਜੇਹੜੇ ਗੁਰਮੁਖ ਹਨ ਓਹ ਹੀ ਭਗਤੀ ਕਰਕੇ ਪ੍ਰਮੇਸ਼ਰ ਦੇ ਵਿੱਚ ਸਮਾ ਜਾਂਦੇ ਹਨ।

**ਆਪੇ ਦਾਤਿ ਕਰੇ ਦਾਤਾਰੁ ॥ ਪੂਰੇ ਸਤਿਗੁਰ ਸਿਉ**

Digitized by Panjab Digital Library | www.panjabdigilib.org

ਲਗੈ ਪਿਆਰੁ ॥ ਨਾਨਕ ਨਾਮਿ ਰਤੇ ਤਿਨ ਕਉ ਜੈਕਾਰੁ ॥ ੪ ॥ ੮ ॥ ੨੮ ॥

ਜਦੋਂ ਦਾਤਾ ਆਪੇ ਹੀ ਦਾਤ ਕਰਦਾ ਹੈ। ਤਾਂ ਪੂਰਿਆਂ ਸਤਿਗੁਰਾਂ ਦੇ ਨਾਲ ਪਿਆਰ ਲੱਗਦਾ ਹੈ। ਗੁਰੂ ਜੀ—ਜੇਹੜੇ ਨਾਮੀ ਪ੍ਰਮੇਸ਼ਰ ਵਿੱਚ ਰੱਤੇ ਹਨ। ਓਹਨਾਂ ਦਾ ਦੁਨੀਆਂ ਉਤੇ ਜੱਸ ਹੁੰਦਾ ਹੈ।

## ਗਉੜੀ ਗੁਆਰੇਰੀ ਮਹਲਾ ੩ ॥

ਏਕਸੁ ਤੇ ਸਭਿ ਰੂਪ ਹਹਿ ਰੰਗਾ ॥ ਪਉਣੁ ਪਾਣੀ ਬੈਸੰਤਰੁ ਸਭਿ ਸਹਲੰਗਾ ॥ ਭਿੰਨ ਭਿੰਨ ਵੇਖੈ ਹਰਿ ਪ੍ਰਭੁ ਰੰਗਾ ॥ ੧ ॥

ਇਕ ਮਾਇਆ ਅਤੇ ਪ੍ਰਮੇਸ਼ਰ ਤੋਂ ਹੀ ਸਾਰੇ ਰੂਪ = ਅਕਾਰ ਆਦਮੀ ਹੋਏ ਅਤੇ ਕਾਲੇ ਚਿੱਟੇ ਆਦਕ ਰੰਗ ਹੋਏ ਹਨ। ਪੌਣ, ਪਾਣੀ, ਅੱਗ ਆਦਕ ਤੱਤਾਂ ਤੋਂ ਸਾਰੀ ਸਹਲੰਗਾ = ਸੰਪੂਰਣ ਜਾਂ ਅਕੱਠ ਦਲਾਂ ਦੇ ਦਲ ਦੁਨੀਆਂ ਦੀ ਪੈਦਾਵਾਰ ਹੋਈ ਹੈ। ਇਸ ਸਾਰੀ ਦੁਨੀਆਂ ਨੂੰ ਜੇਹੜੀ ਵੱਖਰੇ ੨ ਰੰਗ ਵਾਲੀ ਹੈ, ਪ੍ਰਮੇਸ਼ਰ ਮਾਲਕ ਵੇਖਦਾ ਹੈ।

ਏਕੁ ਅਚਰਜੁ ਏਕੋ ਹੈ ਸੋਈ ॥ ਗੁਰਮੁਖਿ ਵੀਚਾਰੇ ਵਿਰਲਾ ਕੋਈ ॥ ੧ ॥ ਰਹਾਉ ॥

ਹੇ ਭਰਾ! ਇਕ ਜੇਹੜਾ ਅਸਚਰਜ ਰੂਪ ਵਾਲਾ ਪ੍ਰਮੇਸ਼ਰ ਹੈ, ਉਸ ਵਰਗਾ ਹੋਰ ਕੋਈ ਨਹੀਂ ਹੈ। ਉਸਨੂੰ ਕੋਈ ਵਿਰਲਾ ਹੀ ਗੁਰਮੁਖ ਵਿਚਾਰਦਾ ਹੈ।

ਸਹਜਿ ਭਵੈ ਪ੍ਰਭੁ ਸਭਨੀ ਥਾਈ ॥ ਕਹਾ ਗੁਪਤੁ ਪ੍ਰਗਟੁ ਪ੍ਰਭਿ ਬਣਤ ਬਣਾਈ ॥ ਆਪੇ ਸੁਤਿਆ ਦੇਇ ਜਗਾਈ ॥ ੨ ॥

ਪ੍ਰਮੇਸ਼ਰ ਸਾਰਿਆਂ ਥਾਵਾਂ ਵਿੱਚ ਜੰਵ ਰੂਪ ਹੋਕੇ ਸੁਭਾਵਕ ਹੀ ਪਿਆ ਫਿਰਦਾ ਹੈ ਜਾਂ ਭਵੈ = ਹੈ। ਕਿਤੇ ਮਨਮੁਖਾਂ ਨੂੰ ਛਪਿਆ ਹੋਯਾ ਹੈ ਤੇ ਕਿਤੇ ਗੁਰਮੁਖਾਂ ਨੂੰ ਪ੍ਰਗਟ ਹੈ। ਭਾਵ ਦੀਹਦਾ ਹੈ। ਮਾਲਕ ਨੇ ਸਾਰੀ ਬਣਤ ਬਣਾਈ ਹੈ, ਪਰ ਜਦੋਂ ਆਪ ਹੀ ਕਿਰਪਾ ਕਰਦਾ ਹੈ ਤਾਂ ਅਵਿਦਆ ਨੀਂਦ ਤੋਂ ਸੁੱਤਿਆਂ ਨੂੰ ਗਿਆਨ ਦੇਕੇ ਜਗਾ ਦੇਂਦਾ ਹੈ।

Digitized by Panjab Digital Library | www.panjabdigilib.org

**ਤਿਸਕੀ ਕੀਮਤਿ ਕਿਨੈ ਨ ਹੋਈ ॥ ਕਹਿ ਕਹਿ ਕਥਨੁ ਕਹੈ ਸਭੁ ਕੋਈ॥ ਗੁਰ ਸਬਦਿ ਸਮਾਵੈ ਬੂਝੈ ਹਰਿ ਸੋਈ ॥ ੩ ॥**

ਉਸ ਦੀ ਕੀਮਤ ਕਿਸੇ ਪਾਸੋਂ ਨਹੀਂ ਹੁੰਦੀ ਹੈ। ਆਖ ਆਖਕੇ ਹਰ ਕੋਈ ਕਥਨ ਕਰਦਾ ਹੈ ਜਾਂ ਕਹਿਣ ਮਾਤ੍ਰ ਹੀ ਹਰ ਕੋਈ ਆਖਦਾ ਹੈ, ਵਾਸਤਵ ਆਖਿਆ ਨਹੀਂ ਜਾਂਦਾ ਹੈ। ਪਰ ਜੇਹੜੇ ਗੁਰ ਉਪਦੇਸ਼ ਵਿੱਚ ਸਮਾਉਂਦੇ ਹਨ, ਓਹ ਸਮਝਦੇ ਭਾਵ ਪ੍ਰਮੇਸ਼ਰ ਨੂੰ ਜਾਣਦੇ ਹਨ।

**ਸੁਣਿ ਸੁਣਿ ਵੇਖੈ ਸਬਦਿ ਮਿਲਾਏ ॥ ਵਡੀ ਵਡਿਆਈ ਗੁਰ ਸੇਵਾ ਤੇ ਪਾਏ ॥ ਨਾਨਕ ਨਾਮਿ ਰਤੇ ਹਰਿ ਨਾਮਿ ਸਮਾਏ ॥ ੪ ॥ ੯ ॥ ੨੯ ॥**

ਜਿਨ੍ਹਾਂ ਨੇ ਕਨਾਂ ਨਾਲ ਸੁਣਿਆ ਹੈ ਓਹਨਾਂ ਨੇ ਪ੍ਰਮੇਸ਼ਰ ਨੂੰ ਵੇਖਿਆ ਹੈ ਅਤੇ ਹੋਰਨਾਂ ਨੂੰ ਪ੍ਰਮੇਸ਼ਰ ਦੇ ਨਾਲ ਮਿਲਾਉਂਦੇ ਹਨ ਭਾਵ ਉਪਦੇਸ਼ ਦੇਕੇ।

ਇੱਕੁਰ ਹੀ ਵੱਡੀ ਵਡਿਆਈ ਗੁਰਾਂ ਦੀ ਸੇਵਾ ਨਾਲ ਪਾਈਦੀ ਹੈ।

ਗੁਰੂ ਜੀ-ਜੇਹੜੇ ਨਾਮ ਵਿੱਚ ਰੱਤੇ ਹਨ,ਓਹ ਉਸ ਪ੍ਰਮੇਸ਼ਰ ਵਿੱਚ ਸਮਾ ਜਾਂਦੇ ਹਨ।

## ਗਉੜੀ ਗੁਆਰੇਰੀ ਮਹਲਾ ੩ ॥

**ਮਨਮੁਖਿ ਸੂਤਾ ਮਾਇਆ ਮੋਹਿ ਪਿਆਰਿ ॥ ਗੁਰਮੁਖਿ ਜਾਗੇ ਗੁਣ ਗਿਆਨ ਬੀਚਾਰਿ॥ ਸੇ ਜਨ ਜਾਗੇ ਜਿਨ ਨਾਮ ਪਿਆਰਿ ॥ ੧ ॥**

ਮਨਮੁਖ ਤਾਂ ਮਾਇਆ ਵਿੱਚ ਪ੍ਰੀਤੀ ਕਰਕੇ ਮੋਹ = ਅਗਯਾਨ ਨੀਂਦ ਵਿੱਚ ਸੁੱਤਾ ਹੋਇਆ ਹੈ। ਅਤੇ ਜੇਹੜੇ ਗੁਰਮੁਖ ਹਨ ਓਹ ਆਤਮ ਗੁਣਾਂ ਦੇ ਵਿਚਾਰ ਕਰਕੇ ਗਿਆਨ ਵਿੱਚ ਜਾਗਦੇ ਹਨ। ਪਰ ਓਹ ਆਦਮੀ ਜਾਗਦੇ ਹਨ,ਜਿਨ੍ਹਾਂ ਦਾ ਪ੍ਰਮੇਸ਼ਰ ਦੇ ਨਾਮ ਨਾਲ ਪਿਆਰ ਲੱਗਾ ਹੈ।

**ਸਹਜੇ ਜਾਗੈ ਸਵੈ ਨ ਕੋਇ ॥ ਪੂਰੇ ਗੁਰ ਤੇ ਬੂਝੈ ਜਨੁ ਕੋਇ॥ ੧ ॥ ਰਹਾਉ ॥**

ਓਹ ਸੁਭਾਵਕ ਹੀ ਗਿਆਨ ਕਰਕੇ ਜਾਗਦੇ ਹਨ,ਓਹਨਾਂ ਵਿਚੋਂ ਅਵਿੱਦਯਾ

Digitized by Panjab Digital Library | www.panjabdigilib.org

ਨੀਂਦ ਕਰਕੇ ਫਿਰ ਕੋਈ ਨਹੀ ਸੌਂਦਾ ਹੈ, ਪਰ ਪੂਰਿਆਂ ਗੁਰਾਂ ਨਾਲ ਕੋਈ ਹੀ ਆਦਮੀ ਸਮਝਦਾ ਹੈ।

**ਅਸੰਤੁ ਅਨਾੜੀ ਕਦੇ ਨ ਬੂਝੈ ॥ ਕਥਨੀ ਕਰੇ ਤੈ ਮਾਇਆ ਨਾਲਿ ਲੂਝੈ ॥ ਅੰਧੁ ਅਗਿਆਨੀ ਕਦੇ ਨ ਸੀਝੈ ॥ ੨ ॥**

ਹਠੀਆ, ਅਮੋੜ, ਮੂਰਖ, ਸੰਤ ਕਦੀ ਨਹੀਂ ਸਮਝਦਾ ਹੈ।

ਕਥਨੀ ਕਰਦਾ ਹੈ ਫਿਰ ਮਾਇਆ ਵਾਸਤੇ ਹੋਰਨਾਂ ਆਦਮੀਆਂ ਨਾਲ ਝਗੜਦਾ, ਲੜਦਾ, ਮਰਦਾ ਹੈ। ਮਾਇਆ ਦੇ ਮੋਹ ਕਰਕੇ ਅੰਨ੍ਹਾ ਹੋਇਆ ੨ ਅਗਯਾਨੀ ਕਦੀ ਨਹੀਂ ਸੁਖ ਪਾਉਂਦਾ ਹੈ।

**ਇਸੁ ਜੁਗ ਮਹਿ ਰਾਮ ਨਾਮਿ ਨਿਸਤਾਰਾ ॥ ਵਿਰਲਾ ਕੋ ਪਾਏ ਗੁਰ ਸਬਦਿ ਵੀਚਾਰਾ ॥ ਆਪਿ ਤਰੈ ਸਗਲੇ ਕੁਲ ਉਧਾਰਾ ॥ ੩ ॥**

ਇਸ ਕਲਜੁਗ ਦੇ ਸਮੇ ਵਿੱਚ ਤਾਂ ਰਾਮ ਨਾਮ ਕਰਕੇ ਨਿਸਤਾਰਾ = ਤਰਨਾ ਹੁੰਦਾ ਹੈ। ਪਰ ਗੁਰ ਉਪਦੇਸ਼ ਦਾ ਵਿਚਾਰ ਕਰਕੇ ਕੋਈ ਵਿਰਲਾ ਹੀ ਇਸ ਸੱਚੇ ਵਿਚਾਰ ਨੂੰ ਪਾਉਂਦਾ ਹੈ, ਓਹ ਆਪ ਤਰ ਜਾਂਦਾ ਹੈ ਅਤੇ ਸਾਰਿਆਂ ਕੁਲਾਂ ਦਾ ਉਧਾਰ ਕਰ ਲੈਂਦਾ ਹੈ।

**ਇਸੁ ਕਲਿਜੁਗ ਮਹਿ ਕਰਮ ਧਰਮੁ ਨ ਕੋਈ ॥ ਕਲੀ ਕਾ ਜਨਮੁ ਚੰਡਾਲ ਕੈ ਘਰਿ ਹੋਈ ॥ ਨਾਨਕ ਨਾਮ ਬਿਨਾ ਕੋ ਮੁਕਤਿ ਨ ਹੋਈ ॥ ੪ ॥ ੧੦ ॥ ੩੦ ॥**

ਇਸ ਕਲਜੁਗ ਵਿੱਚ ਕਰਮ ਧਰਮ ਕੋਈ ਨਹੀਂ ਹੋ ਸਕਦਾ ਹੈ।

ਕਲਜੁਗ ਦੇ ਆਦਮੀਆਂ ਦਾ ਜਨਮ ਕ੍ਰੋਧ ਦੇ ਘਰ ਵਿੱਚ ਹੋਇਆ ੨ ਹੈ ਭਾਵ ਲੋਕ, ਗੁੱਸਾ ਆਦਿਕ ਮਾੜੇ ਕੰਮ ਬਹੁਤ ਕਰਦੇ ਹਨ।

ਗੁਰੂ ਜੀ—ਨਾਮ ਤੋਂ ਬਿਨਾਂ ਕੋਈ ਮੁਕਤੀ ਨਹੀਂ ਹੁੰਦਾ ਹੈ।

**ਗਉੜੀ ਮਹਲਾ ੩ ਗੁਆਰੇਰੀ ॥**

**ਸਚਾ ਅਮਰੁ ਸਚਾ ਪਾਤਿਸਾਹੁ ॥ ਮਨਿ ਸਾਚੈ ਰਾਤੇ ਹਰਿ ਵੇਪਰਵਾਹੁ ॥ ਸਚੈ ਮਹਲਿ ਸਚਿ ਨਾਮਿ ਸਮਾਹੁ ॥ ੧ ॥**

ਉਸ ਪ੍ਰਮੇਸ਼ਰ ਦਾ ਹੁਕਮ ਸੱਚਾ ਹੈ ਅਤੇ ਓਹ ਪਾਤਸ਼ਾਹ ਆਪ ਵੀ ਸੱਚਾ ਹੈ। ਜੇਹੜੇ ਸੱਚੇ ਸੁੱਧ ਮਨ ਵਾਲੇ ਪ੍ਰਮੇਸ਼ਰ ਵਿੱਚ ਰੱਤੇ ਹਨ, ਓਹ

Digitized by Panjab Digital Library | www.panjabdigilib.org

ਬੇਪਰਵਾਹ ਹੋ ਗਏ ਹਨ ਭਾਵ ਕਿਸੇ ਤੋਂ ਮੰਗਦੇ ਨਹੀਂ ਹਨ। ਜੇਹੜੇ ਸੱਚੇ ਮਹਲ ਨੂੰ ਪੁੱਜ ਗਏ ਭਾਵ ਪ੍ਰਮੇਸ਼ਰ ਨਾਲ ਮਿਲ ਗਏ ਹਨ ਓਹਨਾਂ ਨੂੰ ਬੜਾ ਸਮਾਹੁ = ਅਨੰਦ ਹੁੰਦਾ ਹੈ ਜਾਂ ਨਾਮੀ ਪ੍ਰਮੇਸ਼ਰ ਦਾ ਅਨੰਦ ਹੁੰਦਾ ਹੈ।

**ਸੁਣਿ ਮਨ ਮੇਰੇ ਸਬਦੁ ਵੀਚਾਰਿ ॥ ਰਾਮ ਜਪਹੁ ਭਵਜਲੁ ਉਤਰਹੁ ਪਾਰਿ ॥ ੧ ॥ ਰਹਾਉ ॥**

ਹੇ ਮੇਰੇ ਮਨ! ਗੁਰਾਂ ਦਾ ਉਪਦੇਸ਼ ਸੁਣਕੇ ਵਿਚਾਰ ਕਰ, ਰਾਮ ਨਾਮ ਨੂੰ ਜਪ, ਇਸ ਕਰਕੇ ਸੰਸਾਰ ਸਮੁੰਦਰ ਤੋਂ ਪਾਰ ਉਤਰ ਜਾਵੇਂਗਾ।

**ਭਰਮੇ ਆਵੈ ਭਰਮੇ ਜਾਇ ॥ ਇਹੁ ਜਗੁ ਜਨਮਿਆ ਦੂਜੈ ਭਾਇ ॥ ਮਨਮੁਖਿ ਨ ਚੇਤੈ ਆਵੈ ਜਾਇ ॥ ੨ ॥**

ਜੇਹੜੇ ਵਿਚਾਰ ਤੋਂ ਖਾਲੀ ਹਨ, ਓਹ ਭਰਮ ਦੇ ਵਿੱਚ ਹੀ ਆਉਂਦੇ ਹਨ, ਭਰਮ ਦੇ ਵਿੱਚ ਹੀ ਚਲੇ ਜਾਂਦੇ ਹਨ। ਇਹ ਸਾਰਾ ਸੰਸਾਰ ਦ੍ਵੈਤ ਭਾਵਨਾ ਹੀ ਕਰਕੇ ਪੈਦਾ ਹੋਇਆ ੨ ਹੈ। ਜੇਹੜੇ ਮਨਮੁਖ ਨਾਮ ਨੂੰ ਚੇਤੇ ਨਹੀਂ ਕਰਦੇ ਹਨ, ਓਹ ਜੰਮਦੇ ਮਰਦੇ ਰਹਿੰਦੇ ਹਨ।

**ਆਪਿ ਭੁਲਾ ਕਿ ਪ੍ਰਭਿ ਆਪਿ ਭੁਲਾਇਆ ॥ ਇਹੁ ਜੀਉ ਵਿਡਾਣੀ ਚਾਕਰੀ ਲਾਇਆ ॥ ਮਹਾ ਦੁਖੁ ਖਟੇ ਬਿਰਥਾ ਜਨਮੁ ਗਵਾਇਆ ॥ ੩ ॥**

ਪ੍ਰਸ਼ਨ-ਆਦਮੀ ਆਪ ਭੁੱਲਿਆ ਹੋਇਆ ਹੈ ਕਿ ਪ੍ਰਮੇਸ਼ਰ ਨੇ ਜੀਵ ਨੂੰ ਆਪ ਭੁਲਾਇਆ ਹੋਇਆ ਹੈ ? ਉਤ੍ਰ-ਇਸ ਆਦਮੀ ਨੇ ਪਰਾਈ ਨੌਕਰੀ ਵਿੱਚ ਆਪਣੇ ਮਨ ਨੂੰ ਲਾਇਆ ਹੋਇਆ ਹੈ ਭਾਵ ਦੇਵੀ, ਦੇਵਤਿਆਂ ਦੀ ਸੇਵਾ ਕਰਦਾ ਹੈ। ਇੱਕੁਰ ਆਪਣਿਆਂ ਕਰਮਾਂ ਕਰਕੇ ਜੀਵ ਭੁੱਲਾ ਹੈ।

ਬਹੁਤਿਆਂ ਦੁੱਖਾਂ ਨੂੰ ਖੱਟਕੇ ਭਾਵ ਕੱਠਿਆਂ ਕਰਕੇ ਜਨਮ ਲਿਆ ਹੈ, ਬਿਅਰਥਾ ਹੀ ਗਵਾ ਲਿਆ ਹੈ, ਇਹ ਮਾਲਕ ਨੇ ਉਸਨੂੰ ਗਲਤੀ ਦੀ ਸਜ਼ਾ ਦਿੱਤੀ ਹੈ।

**ਕਿਰਪਾ ਕਰਿ ਸਤਿਗੁਰੂ ਮਿਲਾਏ ॥ ਏਕੋ ਨਾਮੁ ਚੇਤੇ ਵਿਚਹੁ ਭਰਮੁ ਚੁਕਾਏ ॥ ਨਾਨਕ ਨਾਮੁ ਜਪੇ ਨਾਉ ਨਉਨਿਧਿ ਪਾਏ ॥ ੪ ॥ ੧੧ ॥ ੩੧ ॥**

ਜਿਨ੍ਹਾਂ ਆਦਮੀਆਂ ਨੂੰ ਪ੍ਰਮੇਸ਼ਰ ਨੇ ਕਿਰਪਾ ਕਰਕੇ ਗੁਰੂ ਦੇ ਨਾਲ

Digitized by Panjab Digital Library | www.panjabdigilib.org

ਮਿਲਾ ਦਿੱਤਾ ਹੈ, ਓਹ ਇੱਕ ਨਾਮ ਨੂੰ ਯਾਦ ਕਰਕੇ ਅਪਣੇ ਦਿਲ ਵਿੱਚੋਂ ਭਰਮ ਨੂੰ ਦੂਰ ਕਰ ਦੇਂਦੇ ਹਨ। ਗੁਰੂ ਜੀ-ਨਾਮ ਨੂੰ ਜਪਕੇ ਜੇਹੜਾ ਨੌ ਨਿਧੀਆਂ ਦੇ ਦੇਣ ਵਾਲਾ ਪ੍ਰਮੇਸ਼ਰ ਹੈ, ਉਸ ਨੂੰ ਪਾ ਲੈਂਦੇ ਹਨ।

**ਗਉੜੀ ਗੁਆਰੇਰੀ ਮਹਲਾ ੩ ॥**

**ਜਿਨਾ ਗੁਰਮੁਖਿ ਧਿਆਇਆ ਤਿਨ ਪੂਛਉ ਜਾਇ ॥ ਗੁਰ ਸੇਵਾ ਤੇ ਮਨੁ ਪਤੀਆਇ ॥ ਸੇ ਧਨਵੰਤ ਹਰਿ ਨਾਮੁ ਕਮਾਇ ॥ ਪੂਰੇ ਗੁਰ ਤੇ ਸੋਝੀ ਪਾਇ ॥ ੧ ॥**

ਜਿਨ੍ਹਾਂ ਗੁਰਮੁਖਾਂ ਨੇ ਪ੍ਰਮੇਸ਼ਰ ਨੂੰ ਧਿਆਇਆ ਹੈ। ਓਹਨਾਂ ਦੇ ਪਾਸ ਜਾਕੇ ਓਹਨਾਂ ਪਾਸੋਂ ਪ੍ਰਮੇਸ਼ਰ ਦੇ ਨਾਲ ਮਿਲ ਜਾਣ ਦਾ ਜਤਨ ਪੁੱਛਾਂ।

ਗੁਰਾਂ ਦੀ ਸੇਵਾ ਵਿੱਚ ਓਹਨਾਂ ਗੁਰਮੁਖਾਂ ਦਾ ਮਨ ਮੰਨਿਆਂ ਹੋਇਆ ਹੈ, ਇਸ ਲਈ ਇਸ ਗੱਲ ਨੂੰ ਓਹੋ ਹੀ ਦਸ ਸਕਦੇ ਹਨ, ਜੇਹੜੇ ਆਦਮੀ ਪ੍ਰਮੇਸ਼ਰ ਨਾਮ ਨੂੰ ਯਾਦ ਕਰਦੇ ਹਨ ਅਤੇ ਓਹੋ ਹੀ ਪੂਰੇ ਗੁਰਾਂ ਦੁਆਰੇ ਸੋਝੀ ਪਾਉਂਦੇ ਹਨ ਅਤੇ ਓਹੋ ਹੀ ਆਤਮ ਅਨੰਦ ਧਨ ਵਾਲੇ ਹਨ।

**ਹਰਿ ਹਰਿ ਨਾਮੁ ਜਪਹੁ ਮੇਰੇ ਭਾਈ ॥ ਗੁਰਮੁਖਿ ਸੇਵਾ ਹਰਿ ਘਾਲਿ ਥਾਇ ਪਾਈ ॥ ੧ ॥ ਰਹਾਉ ॥**

ਹੇ ਮੇਰੇ ਭਰਾਓ! ਪ੍ਰਮੇਸ਼ਰ ਦਾ ਨਾਮ ਜਪੋ, ਜਿਨ੍ਹਾਂ ਗੁਰਮੁਖਾਂ ਨੇ ਪ੍ਰਮੇਸ਼ਰ ਦਾ ਨਾਮ ਜਪਿਆ ਹੈ, ਓਹਨਾਂ ਦੀ ਸੇਵਾ ਭਗਤੀ ਘਾਲ ਕਮਾਈ ਸਾਰੀ ਥਾਂ ਪਈ ਹੈ। ਘਾਲ = ਕੀਤੀ ਹੋਈ ਕਮਾਈ।

**ਆਪੁ ਪਛਾਣੈ ਮਨੁ ਨਿਰਮਲੁ ਹੋਇ ॥ ਜੀਵਨ ਮੁਕਤਿ ਹਰਿ ਪਾਵੈ ਸੋਇ ॥ ਹਰਿ ਗੁਣ ਗਾਵੈ ਮਤਿ ਊਤਮ ਹੋਇ ॥ ਸਹਜੇ ਸਹਜਿ ਸਮਾਵੈ ਸੋਇ ॥ ੨ ॥**

ਜੇਹੜੇ ਆਪਣੇ ਆਪ ਨੂੰ ਪਛਾਣਦੇ ਹਨ, ਓਹਨਾਂ ਦਾ ਮਨ ਨਿਰਮਲ ਹੁੰਦਾ ਹੈ। ਓਹ ਜੀਵਣ ਮੁਕਤ ਆਦਮੀ ਪ੍ਰਮੇਸ਼ਰ ਨੂੰ ਪਾ ਲੈਂਦੇ ਹਨ। ਜੇਹੜੇ ਪ੍ਰਮੇਸ਼ਰ ਦੇ ਗੁਣਾਂ ਨੂੰ ਗੌਂਦੇ ਹਨ। ਓਹਨਾਂ ਦੀ ਅਕਲ ਚੰਗੀ ਹੁੰਦੀ ਹੈ। ਓਹ ਆਦਮੀ ਸਹਜੇ ਹੀ ਸਹਿਜ = ਪ੍ਰਮੇਸ਼ਰ ਵਿਚ ਸਮਾ ਜਾਂਦੇ ਹਨ।

**ਦੂਜੈ ਭਾਇ ਨ ਸੇਵਿਆ ਜਾਇ ॥ ਹਉਮੈ ਮਾਇਆ ਮਹਾ ਬਿਖੁ ਖਾਇ ॥ ਪੁਤਿ ਕੁਟੰਬਿ ਗ੍ਰਿਹਿ ਮੋਹਿਆ ਮਾਇ ॥ ਮਨਮੁਖਿ ਅੰਧਾ ਆਵੈ ਜਾਇ ॥ ੩ ॥**

Digitized by Panjab Digital Library | www.panjabdigilib.org

ਦ੍ਵੈਤ ਭਾਵਣਾ ਵਾਲਿਆਂ ਪਾਸੋਂ ਪ੍ਰਮੇਸਰ ਨੂੰ ਨਹੀਂ ਸੇਵਿਆ ਜਾਂਦਾ ਹੈ। ਹੰਗਤਾ ਮਮਤਾ ਦੇ ਵਿਚ ਜੇਹੜੀ ਵੱਡੀ ਵਿਹੁ ਰੂਪ ਮਾਇਆ ਹੈ। ਉਹ ਆਦਮੀ ਉਸਨੂੰ ਹੀ ਖਾਂਦੇ ਹਨ ਤੇ ਦੁਖ ਪਾਂਦੇ ਹਨ ਭਾਵ ਮਨਮੁਖ ਮਾਇਆ ਰੂਪ ਜ਼ਹਿਰ ਨੂੰ ਖਾਂਦੇ ਹਨ। ਪੁਤ੍ਰ, ਟੱਬਰ, ਘਰ ਇਸਤਰਾਂ ਦੀ ਮਾਇਆ ਕਰਕੇ ਆਦਮੀ ਮੋਹਿਆ ਹੋਇਆ ਹੈ। ਇਸ ਲਈ ਮਨਮੁਖ ਅਗਜਾਨੀ ਜੰਮਦਾ ਮਰਦਾ ਹੈ।

**ਹਰਿ ਹਰਿ ਨਾਮੁ ਦੇਵੈ ਜਨੁ ਸੋਇ ॥ ਅਨਦਿਨੁ ਭਗਤਿ ਗੁਰ ਸਬਦੀ ਹੋਇ ॥ ਗੁਰਮਤਿ ਵਿਰਲਾ ਬੂਝੈ ਕੋਇ॥ ਨਾਨਕ ਨਾਮਿ ਸਮਾਵੈ ਸੋਇ ॥ ੪ ॥ ੧੨ ॥ ੩੨ ॥**

ਜਿਸਨੂੰ ਪ੍ਰਮੇਸ਼ਰ ਆਪਣਾ ਹਰਿ ਹਰਿ ਨਾਮ ਦੇਂਦਾ ਹੈ। ਉਸ ਗੁਰਸ਼ਬਦੀ ਆਦਮੀ ਪਾਸੋਂ ਰਾਤ ਦਿਨ ਭਗਤੀ ਹੁੰਦੀ ਹੈ। ਪਰ ਗੁਰਾਂ ਦੇ ਉਪਦੇਸ਼ ਨਾਲ ਕੋਈ ਵਿਰਲਾ ਹੀ ਆਦਮੀ ਇਸ ਗੱਲ ਨੂੰ ਸਮਝਦਾ ਹੈ। ਗੁਰੂ ਜੀ-ਜੇਹੜਾ ਸਮਝਦਾ ਹੈ,ਓਹ ਨਾਮੀ ਵਿਚ ਸਮਾ ਜਾਂਦਾ ਹੈ।

## ਗਉੜੀ ਗੁਆਰੇਰੀ ਮਹਲਾ ੩ ॥

**ਗੁਰ ਸੇਵਾ ਜੁਗ ਚਾਰੇ ਹੋਈ ॥ ਪੂਰਾ ਜਨੁ ਕਾਰ ਕਮਾਵੈ ਕੋਈ ॥ ਅਖੁਟੁ ਨਾਮ ਧਨੁ ਹਰਿ ਤੋਟਿ ਨ ਹੋਈ ॥ ਐਥੈ ਸਦਾ ਸੁਖੁ ਦਰਿ ਸੋਭਾ ਹੋਈ ॥ ੧ ॥**

ਗੁਰੂ ਦੀ ਸੇਵਾ ਚਹੁੰਆਂ ਜੁਗਾਂ ਵਿਚ ਸਫਲੀ ਹੋਈ ਹੈ ਭਾਵ ਫਲ ਦਿੱਤਾ ਹੈ। ਉਸ ਸੇਵਾ ਰੂਪ ਕਾਰ ਨੂੰ ਕੋਈ ਪੂਰਾ ਆਦਮੀ ਹੀ ਕਮਾਉਂਦਾ ਹੈ। ਜੇਹੜਾ ਹਰਿ ਨਾਮ ਧਨ ਅਖੁੱਟ ਹੈ, ਉਸਦਾ ਕਦੀ ਘਾਟਾ ਨਹੀਂ ਪੈਂਦਾ ਹੈ। ਉਸਨੂੰ ਪਾਕੇ ਇਸ ਲੋਕ ਵਿਚ ਸਦਾ ਸੁਖ ਪਾਉਂਦਾ ਹੈ। ਅਤੇਅੱਗੇ ਪ੍ਰਮੇਸਰ ਦੀ ਦਰਗਾਹ ਵਿਚ ਉਸ ਦੀ ਸੋਭਾ ਹੁੰਦੀ ਹੈ।

**ਏ ਮਨ ਮੇਰੇ ਭਰਮੁ ਨ ਕੀਜੈ ॥ ਗੁਰਮੁਖਿ ਸੇਵਾ ਅੰਮ੍ਰਿਤ ਰਸੁ ਪੀਜੈ ॥ ੧ ॥ ਰਹਾਉ ॥**

ਹੇ ਮੇਰੇ ਮਨ ! ਕਿਸੇ ਤਰਾਂ ਦਾ ਭਰਮ ਨ ਕਰ,ਗੁਰਾਂ ਦੀ ਸੇਵਾ ਕਰਕੇ ਅੰਮ੍ਰਿਤ ਰਸ ਰੂਪ ਜੇਹੜਾ ਨਾਮ ਹੈ ਉਸਨੂੰ ਪੀ।

**ਸਤਿਗੁਰੁ ਸੇਵਹਿ ਸੇ ਮਹਾ ਪੁਰਖ ਸੰਸਾਰੇ ॥ ਆਪਿ**

Digitized by Panjab Digital Library | www.panjabdigilib.org

**ਉਧਰੇ ਕੁਲ ਸਗਲ ਨਿਸਤਾਰੇ ॥ ਹਰਿ ਕਾ ਨਾਮੁ ਰਖਹਿ ਉਰਧਾਰੇ ॥ ਨਾਮਿ ਰਤੇ ਭਉਜਲ ਉਤਰਹਿ ਪਾਰੇ ॥ ੨ ॥**

ਜੇਹੜੇ ਸਤਿਗੁਰਾਂ ਦੀ ਸੇਵਾ ਕਰਦੇ ਹਨ ਓਹ ਆਦਮੀ ਸੰਸਾਰ ਵਿੱਚ ਵੱਡੇ ਮਹਾਂ ਪੁਰਖ ਹਨ। ਉਹ ਆਪ ਤਰ ਗਏ ਹਨ ਅਤੇ ਓਹਨਾਂ ਨੇ ਆਪਣੀਆਂ ਸਾਰੀਆਂ ਕੁਲਾਂ ਦਾ ਵੀ ਉਧਾਰ ਕਰ ਲਿਆ ਹੈ। ਓਹ ਪ੍ਰਮੇਸ਼ਰ ਦਾ ਨਾਮ ਦਿਲ ਵਿਚ ਧਾਰਨ ਕਰ ਰੱਖਦੇ ਹਨ, ਪ੍ਰਮੇਸ਼ਰ ਵਿਚ ਰੱਤੇ ਹੋਏ ਸੰਸਾਰ ਸਮੁੰਦਰ ਤੋਂ ਪਾਰ ਹੋ ਜਾਂਦੇ ਹਨ।

**ਸਤਿਗੁਰੁ ਸੇਵਹਿ ਸਦਾ ਮਨਿ ਦਾਸਾ ॥ ਹਉਮੈ ਮਾਰਿ ਕਮਲੁ ਪਰਗਾਸਾ ॥ ਅਨਹਦੁ ਵਾਜੈ ਨਿਜ ਘਰਿ ਵਾਸਾ ॥ ਨਾਮਿ ਰਤੇ ਘਰ ਮਹਿ ਉਦਾਸਾ ॥ ੩ ॥**

ਜੇਹੜੇ ਸਤਿਗੁਰਾਂ ਨੂੰ ਸਦਾ ਮਨ ਵਿਚ ਦਾਸਾ ਭਾਵ ਧਾਰਕੇ ਅਤੇ ਹੰਕਾਰ ਨੂੰ ਮਾਰਕੇ ਸੇਂਵਦੇ ਹਨ, ਓਹਨਾਂ ਦਾ ਦਿਲ ਕਮਲ ਖਿੜ ਆਇਆ ਹੈ ਭਾਵ ਮਨ ਪ੍ਰਸੰਨ ਹੈ। ਜਿੱਥੇ ਲਗਾਤਾਰ ਵਾਜੇ ਵੱਜਦੇ ਹਨ,ਉਸ ਆਪਣੇ ਸਰੂਪ ਵਿੱਚ ਓਹਨਾਂ ਦਾ ਵਾਸਾ ਹੋਇਆ ਹੈ। ਓਹ ਪ੍ਰਮੇਸ਼ਰ ਵਿੱਚ ਰੱਤੇ ਹੋਏ ਆਪਣੇ ਘਰ ਵਿਚ ਹੀ ਉਦਾਸ ਰਹਿੰਦੇ ਹਨ ਭਾਵ ਪ੍ਰਮੇਸ਼ਰ ਨੂੰ ਮਿਲ ਜਾਂਦੇ ਹਨ।

**ਸਤਿਗੁਰੁ ਸੇਵਹਿ ਤਿਨਕੀ ਸਚੀ ਬਾਣੀ ॥ ਜੁਗੁ ਜੁਗੁ ਭਗਤੀ ਆਖਿ ਵਖਾਣੀ ॥ ਅਨਦਿਨੁ ਜਪਹਿ ਹਰਿ ਸਾਰਿੰਗਪਾਣੀ ॥ ਨਾਨਕ ਨਾਮਿ ਰਤੇ ਨਿਹਕੇਵਲ ਨਿਰਬਾਣੀ ॥ ੪ ॥ ੧੩ ॥ ੩੩ ॥**

ਜੇਹੜੇ ਸਤਿਗੁਰਾਂ ਦੀ ਸੇਵਾ ਕਰਦੇ ਹਨ, ਓਹਨਾਂ ਦੀ ਬਾਣੀ ਸੱਚੀ ਹੈ। ਜੁੱਗਾਂ ਜੁੱਗਾਂ ਵਿਚ ਭਗਤਾਂ ਦੇ ਹੀ ਮੂੰਹੋਂ ਉਚਾਰਨ ਕੀਤੀ ਹੈ। ਜਿਸ ਤਰਾਂ ਪਪੀਹਾ ਪਾਣੀ ਨੂੰ ਯਾਦ ਕਰਦਾ ਹੈ,ਇਕੁੱਰ ਹੀ ਓਹ ਰਾਤ ਦਿਨ ਪ੍ਰਮੇਸ਼ਰ ਨੂੰ ਜਪਦੇ ਹਨ। ਗੁਰੂ ਜੀ-ਓਹ ਆਦਮੀ ਨਾਮ ਵਿੱਚ ਰੱਤੇ ਹੋਏ ਸੁਖ ਦੁਖ ਤੋਂ ਰਹਿਤ ਮੁਰਾਤਬੇ ਨੂੰ ਪੁੱਜ ਜਾਂਦੇ ਹਨ।

**ਗਉੜੀ ਗੁਆਰੇਰੀ ਮਹਲਾ ੩ ॥**

**ਸਤਿਗੁਰੁ ਮਿਲੈ ਵਡਭਾਗਿ ਸੰਜੋਗ ॥ ਹਿਰਦੈ ਨਾਮੁ ਨਿਤ ਹਰਿ ਰਸ ਭੋਗ ॥ ੧ ॥**

Digitized by Panjab Digital Library | www.panjabdigilib.org

ਜਿਨ੍ਹਾਂ ਨੂੰ ਸਤਿਗੁਰੂ ਵੱਡਿਆਂ ਭਾਗਾਂ ਦੇ ਸੰਬੰਧ ਕਰਕੇ ਮਿਲਿਆ ਹੈ, ਓਹਨਾਂ ਦੇ ਦਿਲ ਵਿੱਚ ਨਾਮ ਹੈ ਅਤੇ ਓਹ ਰੋਜ਼ ਪ੍ਰਮੇਸ਼ਰ ਦੇ ਰਸ ਨੂੰ ਭੋਗਦੇ ਭਾਵ ਅਨੰਦ ਲੈਂਦੇ ਹਨ।

**ਗੁਰਮੁਖਿ ਪ੍ਰਾਣੀ ਨਾਮੁ ਹਰਿ ਧਿਆਇ ॥ ਜਨਮੁ ਜੀਤਿ ਲਾਹਾ ਨਾਮੁ ਪਾਇ ॥ ੧ ॥ ਰਹਾਉ ॥**

ਹੇ ਪ੍ਰਾਣੀ ਗੁਰਾਂ ਦੁਆਰੇ ਪ੍ਰਮੇਸ਼ਰ ਦੇ ਨਾਮ ਨੂੰ ਯਾਦ ਕਰ, ਨਾਮ ਰੂਪ ਲਾਭ ਨੂੰ ਲੈਕ ਆਪਣੇ ਜਨਮ ਨੂੰ ਜਿੱਤ ਭਾਵ ਸਫਲਾ ਕਰ।

**ਗਿਆਨੁ ਧਿਆਨੁ ਗੁਰ ਸਬਦੁ ਹੈ ਮੀਠਾ ॥ ਗੁਰ ਕਿਰਪਾ ਤੇ ਕਿਨੈ ਵਿਰਲੈ ਚਖਿ ਡੀਠਾ ॥ ੨ ॥**

ਜਿਨ੍ਹਾਂ ਨੂੰ ਗੁਰਾਂ ਦਾ ਉਪਦੇ ਪਿਆਰਾ ਲੱਗਦਾ ਹੈ, ਓਹਨ ਨੂੰ ਗਿਆਨ ਧਿਆਨ ਮਿਲਿਆ ਹੈ।

ਪਰ ਗੁਰਾਂ ਦੀ ਕਿਰਪਾ ਨਾਲ ਕਿਸੇ ਵਿਰਲੇ ਨੇ ਹੀ ਗਿਆਨ ਧਿਆਨ ਦਾ ਸਵਾਦ ਚੱਖਕੇ ਵੇਖਿਆ ਹੈ।

**ਕਰਮ ਕਾਂਡ ਬਹੁ ਕਰਹਿ ਅਚਾਰ ॥ ਬਿਨੁ ਨਾਵੈ ਧ੍ਰਿਗੁ ਧ੍ਰਿਗੁ ਅਹੰਕਾਰ ॥ ੩ ॥**

ਜਿਨ੍ਹਾਂ ਦੇ ਮਨ ਦੀ ਲਗਨ ਪ੍ਰਮੇਸ਼ਰ ਦੇ ਨਾਮ ਤੋਂ ਬਿਨਾ ਹੰਕਾਰ ਵਾਲੀ ਕਰਮਾਂ ਕਾਂਡਾਂ ਵਿੱਚ ਹੈ, ਓਹ ਬਹੁਤ ਤਰਾਂ ਦੇ ਕਰਮ ਕਰਦੇ ਹਨ, ਓਹਨਾਂ ਹੰਕਾਰੀਆਂ ਨੂੰ ਮੁੜ ੨ ਧਿਰਕਾਰ ਹੈ।

**ਬੰਧਨਿ ਬਾਧਿਓ ਮਾਇਆ ਫਾਸ ॥ ਜਨ ਨਾਨਕ ਛੂਟੈ ਗੁਰ ਪਰਗਾਸ ॥ ੪ ॥ ੧੪ ॥ ੩੪ ॥**

ਓਹ ਹੰਕਾਰੀ ਬੰਨ੍ਹਣਾਂ ਵਿੱਚ ਬੱਧੇ ਹੋਏ ਮਾਇਆ ਰੂਪ ਫਾਹੀ ਵਿੱਚ ਫਸਦੇ ਹਨ। ਗੁਰੂ ਜੀ-ਜਦੋਂ ਗੁਰਾਂ ਦੁਆਰੇ ਗਿਆਨ ਰੂਪ ਚਾਨਣ ਹੋਵੇਗਾ ਤਾਂ ਓਹ ਬੰਨ੍ਹਣਾਂ ਤੋਂ ਛੁੱਟਣਗੇ।

**ਮਹਲਾ ੩ ਗਉੜੀ ਬੈਰਾਗਣਿ ॥**

**ਜੈਸੀ ਧਰਤੀ ਊਪਰ ਮੇਘੁਲਾ ਬਰਸਤੁ ਹੈ ਕਿਆ ਧਰਤੀ ਮਧੇ ਪਾਣੀ ਨਾਹੀ ॥ ਜੈਸੇ ਧਰਤੀ ਮਧੇ ਪਾਣੀ ਪਰਗਾਸਿਆ ਬਿਨੁ ਪਗਾ ਵਰਸਤ ਫਿਰਾਹੀ ॥ ੧ ॥**

Digitized by Panjab Digital Library | www.panjabdigilib.org

{ ਸ੍ਰੀ ਗੁਰੂ ਅਮਰਦਾਸ ਜੀ ਜੀਵਾਂ ਦਾ ਉਧਾਰ ਕਰਨ ਵਾਸਤੇ ਗੰਗਾ ਉੱਤੇ ਗਏ। ਉਸ ਵੇਲੇ ਪੰਡਤਾਂ ਨੇ ਬਹੁਤ ਤਰਾਂ ਦੇ ਉੱਤਰ ਪ੍ਰਸ਼ਨ ਕੀਤੇ ਕਿ ਆਪ ਨੇ ਵੇਦਾਂ ਸ਼ਾਸਤ੍ਰਾਂ ਦੇ ਹੁੰਦਿਆਂ ਪੰਜਾਬੀ ਕਿਉਂ ਬਣਾਈ ਹੈ, ਗੁਰਮੁਖੀ ਅੱਖਰ ਬਣਾਉਣ ਦੀ ਕੀ ਲੋੜ ਸੀ ਤਾਂ ਗੁਰੂ ਜੀ ਨੇ ਸ਼ਬਦ ਉਚਾਰਿਆ:- }

ਜਿਸਤਰਾਂ ਸਾਰੀ ਧਰਤੀ ਉੱਤੇ ਬੱਦਲ ਬਰਖਾ ਕਰਦਾ ਹੈ।

ਤੁਸੀ ਦੱਸੋ, ਕੀ ਜ਼ਮੀਨ ਵਿੱਚ ਪਾਣੀ ਨਹੀਂ ਹੈ, ਭਾਵ ਇੱਕੁਰ ਹੀ ਗੁਰੂ ਦੀ ਕਿਰਪਾ ਕਰਕੇ ਬਾਣੀ ਬਣਾਈ ਹੈ ਕਿ ਜੀਵਾਂ ਦਾ ਉਧਾਰ ਹੋਵੇ।

ਜਿਸਤਰਾਂ ਜ਼ਮੀਨ ਵਿੱਚੋਂ ਬੜੇ ਜਤਨ ਨਾਲ ਪਾਣੀ ਕੱਢੀ ਦਾ ਹੈ, ਫਿਰ ਖੂਹ ਵਿੱਚੋਂ ਡੋਲ ਤੇ ਲੱਜ ਬਿਨਾ ਪਾਣੀ ਨਹੀ। ਨਿਕਲ ਸਕਦਾ ਅਤੇ ਪੈਰਾਂ ਤੋਂ ਬਿਨਾ ਹੈ, ਇਹ ਕਿਸੇ ਹੋਰ ਥਾਂ ਜਾਕੇ ਪਿਆਸੇ ਦੀ ਤੇਹ ਨਹੀਂ ਦੂਰ ਕਰ ਸੱਕਦਾ। ਜੇਹੜਾ ਬੱਦਲ ਹੈ ਇਹ ਥਾਂ ਥਾਂ ਵਰ੍ਹਦਾ ਫਿਰਦਾ ਹੈ। ਇੱਕੁਰ ਹੀ ਸੰਸਕ੍ਰਿਤ ਬਾਣੀ ਜ਼ਮੀਨ ਦੇ ਪਾਣੀ ਵਰਗੀ ਹੈ, ਬਹੁਤ ਔਖੀ ਪੜ੍ਹੀ ਜਾਂਦੀ ਹੈ। ਇਸ ਲਈ ਗੁਰੂ ਜੀ ਨੇ ਗੁਰਮੁਖੀ ਬਾਣੀ ਮੀਂਹ ਦੇ ਪਾਣੀ ਵਰਗੀ ਬਣਾਈ ਹੈ, ਜੇਹੜੀ ਸਾਰਿਆਂ ਨੂੰ ਸਾਰੀਆਂ ਥਾਵਾਂ ਵਿੱਚ ਸੁਖਦਾਈ ਹੈ।

**ਬਾਬਾ ਤੂੰ ਐਸੇ ਭਰਮੁ ਚੁਕਾਹੀ ॥ ਜੋ ਕਿਛੁ ਕਰਤੁ ਹੈ ਸੋਈ ਕੋਈ ਹੈ ਰੇ ਤੈਸੇ ਜਾਇ ਸਮਾਹੀ ॥ ੧ ॥ ਰਹਾਉ ॥**

ਹੇ ਭਰਾਵਾ ਜੇਹੜਾ ਸੰਸਕ੍ਰਿਤ, ਭਾਸ਼ਾ ਦੇ ਭੇਦ ਦਾ ਤੈਨੂੰ ਭਰਮ ਹੈ, ਇੱਕੁਰ ਦੇ ਭਰਮ ਨੂੰ ਤੂੰ ਦਿਲ ਤੋਂ ਦੂਰ ਕਰ ਦੇਹ ਹੇ ਪੰਡਤ ਜੀ ਜੇਹੜਾ ਕੋਈ ਕਰਦਾ ਹੈ ਓਹ ਪ੍ਰਮੇਸ਼ਰ ਹੀ ਹੈ, ਪ੍ਰਸ਼ਨ-ਜੇ ਸਾਰਿਆਂ ਵਿੱਚ ਪ੍ਰਮੇਸ਼ਰ ਹੈ ਤਾਂ ਜੀਵ ਨਰਕ ਸੁਰਗ ਵਿੱਚ ਕਿਉਂ ਜਾਂਦੇ ਹਨ ? ਉੱਤਰ-ਜਿਸ ਜਿਸ ਤਰਾਂ ਦੀ ਜੀਵ ਭਾਵਨਾ ਕਰਦਾ ਹੈ, ਉਸੇਤਰਾਂ ਦੇ ਥਾਂ ਵਿੱਚ ਜਾਕੇ ਸਮਾ ਜਾਂਦਾ ਹੈ, ਭਾਵ ਸਾਰਾ ਸੰਸਾਰ ਭਾਵਨਾ ਮਾਤ੍ਰ ਹੀ ਹੈ।

**ਇਸਤਰੀ ਪੁਰਖ ਹੋਇ ਕੈ ਕਿਆ ਓਇ ਕਰਮ ਕਮਾਹੀ ॥ ਨਾਨਾ ਰੂਪ ਸਦਾ ਹਹਿ ਤੇਰੇ ਤੁਝ ਹੀ ਮਾਹਿ ਸਮਾਹੀ ॥ ੨ ॥**

ਇਸਤ੍ਰੀ ਤੇ ਪੁਰਖ ਹੋ ਕੇ ਭਾਵ ਮਾਇਆ ਤੇ ਪ੍ਰਮੇਸ਼ਰ ਨੇ ਰਲ ਕੇ ਸਾਰਾ ਸੰਸਾਰ ਪੈਦਾ ਕੀਤਾ ਹੈ, ਫਿਰ ਓਹੋ ਹੀ ਕਰਮ ਕਮਾਉਂਦਾ ਹੈ। ਹੇ ਪੰਡਤ ਜੀ ! ਤੁਸੀਂ ਪ੍ਰਮੇਸ਼ਰ ਦੇ ਪਾਸ ਬੇਨਤੀ ਕਰੋ। ਅਨੇਕ ਤਰਾਂ

Digitized by Panjab Digital Library | www.panjabdigilib.org

ਸਰੂਪ ਜੜ ਜੰਗਮ ਸਦਾ ਹੀ ਤੇਰੇ ਹਨ ਅਤੇ ਓੜਕ ਨੂੰ ਤੇਰੇ ਹੀ ਵਿੱਚ ਸਮਾ ਜਾਂਦੇ ਹਨ।

**ਇਤਨੇ ਜਨਮ ਭੂਲਿ ਪਰੇਸੇ ਜਾ ਪਾਇਆ ਤਾ ਭੂਲੇ ਨਾਹੀ ॥ ਜਾਕਾ ਕਾਰਜੁ ਸੋਈ ਪਰੁ ਜਾਣੈ ਜੇ ਗੁਰ ਕੈ ਸਬਦਿ ਸਮਾਹੀ ॥ ੩ ॥**

ਅਸੀਂ ਇਤਨੇ ਬਹੁਤ ਸਾਰੇ ਜਨਮ ਭੁੱਲਦੇ ਪਏ ਰਹੇ ਸੀ, ਜਦੋਂ ਤੈਨੂੰ ਪਾਇਆ ਹੈ ਤਾਂ ਹੁਣ ਭੁੱਲਦੇ ਨਹੀਂ ਹਾਂ, ਭਾਵ ਹੁਨ ਭਰਮ ਨਹੀਂ ਹੁੰਦਾ ਹੈ। ਇੱਕੁਰ ਜਾਣਦੇ ਹਾਂ ਕਿ ਜਿਸ ਪ੍ਰਮੇਸ਼ਰ ਦਾ ਇਹ ਜਗਤ ਸਾਰਾ ਕਾਰਜ ਹੈ,ਵਿਸ਼ੇਸ਼ ਕਰਕੇ ਓਹੋਹੀ ਇਸ ਨੂੰ ਜਾਣਦਾ ਹੈ,ਜੇਹੜਾ ਗੁਰਾਂ ਦੇ ਉਪਦੇਸ਼ ਵਿਚ ਸਮਾਉਂਦਾ ਹੈ।

**ਤੇਰਾ ਸਬਦੁ ਤੂੰਹੈ ਹਹਿ ਆਪੇ ਭਰਮੁ ਕਹਾਹੀ ॥ ਨਾਨਕ ਤਤੁ ਤਤ ਸਿਉ ਮਿਲਿਆ ਪੁਨਰਪਿ ਜਨਮਿ ਨ ਆਹੀ ॥ ੪ ॥ ੧ ॥ ੧੫ ॥ ੩੫ ॥**

ਪੁਨਰਪਿ = ਫੇਰ ਜਾਂ ਪੁਨਾ ਅਪਿ = ਨਿਸਚੇ ਕਰਕੇ।

ਤੇਰਾ ਹੀ ਸ਼ਬਦ – ਸੰਸਾਰ ਬਣਾਇਆ ਹੋਇਆ ਹੈ ਅਤੇ ਤੂੰ ਆਪ ਹੀ ਸੰਸਾਰ ਰੂਪ ਹੋਕੇ ਸਾਰੇ ਵਰਤਦਾ ਹੈਂਇਸ ਵਿਚ ਭਰਮ ਕੀ ਹੈ। ਗੁਰੂ ਜੀ–ਜਦੋਂ ਜੀਵ ਪ੍ਰਮੇਸ਼ਰ ਦੇ ਨਾਲ ਮਿਲਿਆ ਤਾਂ ਫਿਰ ਮੁੜਕੇ ਉਸ ਦਾ ਜਨਮ ਨਹੀਂ ਹੁੰਦਾ ਹੈ॥

## ਗਉੜੀ ਬੈਰਾਗਣਿ ਮਹਲਾ ੩ ॥

**ਸਭੁ ਜਗੁ ਕਾਲੈ ਵਸਿਹੈ ਬਾਧਾ ਦੂਜੈ ਭਾਇ ॥ ਹਉਮੈ ਕਰਮ ਕਮਾਵਦੇ ਮਨਮੁਖਿ ਮਿਲੈ ਸਜਾਇ ॥ ੧ ॥**

ਸਾਰਾ ਸੰਸਾਰ ਨਾਮ ਤੋਂ ਬਿਨਾ ਦ੍ਵੈਤ ਭਾਵਣਾਕਰਕੇ ਬੰਨਿਆਂ ਹੋਇਆ ਕਾਲ ਦੇ ਵੱਸ ਹੈ। ਜੇਹੜੇ ਹੰਗਤਾ ਮਮਤਾ ਕਰਕੇ ਕਰਮ ਕਮਾਉਂਦੇ ਹਨ ਓਹਨਾਂ ਮਨਮੁਖਾਂ ਨੂੰ ਸਜ਼ਾ ਮਿਲਦੀ ਹੈ।

**ਮੇਰੇ ਮਨ ਗੁਰ ਚਰਣੀ ਚਿਤੁ ਲਾਇ ॥ ਗੁਰਮੁਖਿ ਨਾਮੁ ਨਿਧਾਨੁ ਲੈ ਦਰਗਹ ਲਏ ਛਡਾਇ ॥ ੧ ਰਹਾਉ ॥**

ਹੇ ਮੇਰੇ ਮਨ ਗੁਰਾਂ ਦੇ ਚਰਨਾਂ ਨਾਲ ਚਿਤ ਲਾ ,ਜੇਹੜਾ ਨਾਮ ਰੂਪ

Digitized by Panjab Digital Library | www.panjabdigilib.org

ਖਜ਼ਾਨਾ ਹੈ। ਓਹ ਗੁਰਾਂ ਦੁਆਰੇ ਉਸ ਨੂੰ ਲੈ ਓਹ ਤੈਨੂੰ ਦਰਗਾਹ ਵਿਚ ਛੁਡਾ ਲਵੇਗਾ।

**ਲਖ ਚਉਰਾਸੀਹ ਭਰਮਦੇ ਮਨ ਹਠਿ ਆਵੈ ਜਾਇ ॥ ਗੁਰ ਕਾ ਸਬਦੁ ਨ ਚੀਨਿਓ ਫਿਰਿ ਫਿਰਿ ਜੋਨੀ ਪਾਇ ॥ ੨ ॥**

ਚੁਰਾਸੀ ਲੱਖ ਜੂਨੀਆਂ ਵਿਚ ਮਨ ਦੇ ਹਠ ਕਰਕੇ ਜੀਵ ਪਏ ਭੌਂਦੇ ਹਨ। ਕਦੀ ਜਮਦੇ ਹਨ ਕਦੀ ਮਰਦੇ ਹਨ। ਜਿਨ੍ਹਾਂ ਨੇ ਗੁਰੂ ਦਾ ਉਪਦੇਸ਼ ਜਾਣਿਆਂ ਨਹੀਂ ਹੈ ਓਹ ਮੁੜਰਜੂਨੀਆਂ ਵਿਚ ਪੈਂਦੇ ਹਨ।

**ਗੁਰਮੁਖਿ ਆਪੁ ਪਛਾਣਿਆ ਹਰਿ ਨਾਮੁ ਵਸਿਆ ਮਨਿ ਆਇ ॥ ਅਨ ਦਿਨੁ ਭਗਤੀ ਰਤਿਆ ਹਰਿ ਨਾਮਿ ਸੁਖਿ ਸਮਾਇ ॥ ੩ ॥**

ਗੁਰਮੁਖਾਂਨੇ ਆਪਣੇ ਅਸਲੀ ਰੂਪ ਨੂੰ ਪਛਾਣਿਆਂ ਹੈ। ਓਹਨਾਂ ਦੇ ਮਨ ਵਿਚ ਪ੍ਰਮੇਸ਼ਰ ਦਾ ਨਾਮ ਆ ਵੱਸਿਆ ਹੈ। ਲਗਾਤਾਰ ਰਾਤ ਦਿਨ ਪਰਮੇਸ਼ਰ ਦੇ ਨਾਮ ਵਿਚ ਰਤਿਆਂ ਹੋਇਆਂ ਦਾ ਸੁਖ ਨਾਲ ਪ੍ਰਮੇਸ਼ਰ ਦੇ ਨਾਮ ਵਿਚ ਸਮਾਉਣਾ ਹੋਇਆ ਹੈ ਭਾਵ ਮਿਲ ਗਏ ਹਨ।

**ਮਨੁ ਸਬਦਿ ਮਰੈ ਪਰਤੀਤਿ ਹੋਇ ਹਉਮੈ ਤਜੇ ਵਿਕਾਰ ॥ ਜਨ ਨਾਨਕ ਕਰਮੀ ਪਾਈਅਨਿ ਹਰਿ ਨਾਮਾ ਭਗਤਿ ਭੰਡਾਰ ॥ ੪ ॥ ੨ ॥ ੧੬ ॥ ੩੬ ॥**

ਜੇਮਨ ਗੁਰ ਉਪਦੇਸ ਦੁਆਰਾ ਮਰੇ ਅਤੇ ਹੰਕਾਰ ਆਦ ਵਿਕਾਰਾਂ ਨੂੰ ਛੱਡੇ ਤਾਂ ਪਰਤੀਤ ਆਉਂਦੀ ਹੈ। ਗੁਰੂ ਜੀ-ਜਿੰਨ੍ਹਾਂ ਗੁਰਾਂ ਦੇ ਪਾਸ ਪ੍ਰਮੇਸ਼ਰ ਦੇ ਨਾਮ ਰੂਪ ਭਗਤੀ ਦੇ ਖਜ਼ਾਨੇ ਹਨ ਓਹ ਉਤਮ ਕਰਮਾਂ ਦੇ ਨਾਲ ਮਿਲਦੇ ਹਨ।

**ਗਉੜੀ ਬੈਰਾਗਣਿ ਮਹਲਾ ੩ ॥**

**ਪੇਈਅੜੈ ਦਿਨ ਚਾਰਿ ਹੈ ਹਰਿ ਹਰਿ ਲਿਖਿ ਪਾਇਆ ॥ ਸੋਭਾਵੰਤੀ ਨਾਰਿ ਹੈ ਗੁਰਮੁਖਿ ਗੁਣ ਗਾਇਆ ॥ ਪੇਵਕੜੈ ਗੁਣ ਸੰਮਲੈ ਸਾਹੁਰੈ ਵਾਸੁ ਪਾਇਆ ॥ ਗੁਰਮੁਖਿ ਸਹਜਿ ਸਮਾਣੀਆ ਹਰਿ ਹਰਿ ਮਨਿ ਭਾਇਆ ॥ ੧ ॥**

ਇਸ ਲੋਕ ਵਿਚ ਚਹੁੰ ਦਿਨਾਂ ਦਾ ਰਹਿਣਾ ਹੈ। ਇਹ ਪ੍ਰਮੇਸ਼ਰ ਨੇ

Digitized by Panjab Digital Library | www.panjabdigilib.org

ਹਰ ਇਕ ਆਦਮੀ ਦੇ ਨਾਲ ਲਿਖ ਪਾਇਆ ਹੈ। ਭਾਵ ਲਿੱਖ ਦਿੱਤਾ ਹੈ।

ਇਕੁੱਰ ਸਮਝਕੇ ਜਿਸਨੇ ਗੁਰਾਂਦੁਆਰੇ ਪ੍ਰਮੇਸ਼ਰ ਦੇ ਗੁਣਾਂਨੂੰ ਗਾਇਆ ਹੈ,ਓਹ ਸਿਖ ਰੂਪੀ ਇਸਤਰੀ ਸੋਭਾ ਵਾਲੀ ਹੈ।

ਜੇਹੜੀ ਇਸਤ੍ਰੀ ਇਸ ਲੋਕ ਵਿਚ ਸਤ ਸੰਤੋਖ ਆਦਕ ਗੁਣਾਂ ਨੂੰ ਸੰਭਾਲਦੀ ਭਾਵ ਸਿੱਖ ਦੀ ਹੈ, ਦਿਲ ਵਿਚ ਕੱਠਿਆਂ ਕਰਦੀ ਹੈ, ਉਸਨੇ ਪ੍ਰਲੋਕ ਵਿਚ ਸੁਖ ਨਾਲ ਵਾਸਾ ਪਾਇਆ ਹੈ। ਜਿਨ੍ਹਾਂ ਦੇ ਮਨ ਵਿਚ ਗੁਰਾਂ ਦੁਆਰੇ ਪ੍ਰਮੇਸ਼ਰ ਦਾ ਨਾਮ ਚੰਗਾ ਲੱਗਾ ਹੈ, ਓਹ ਪਰਮੇਸ਼ਰ ਪਤੀ ਦੇ ਨਾਲ ਮਿਲ ਗਈਆਂ ਹਨ।

**ਸਸੁਰੈ ਪੇਈਐ ਪਿਰੁ ਵਸੈ ਕਹੁ ਕਿਤੁਬਿਧਿ ਪਾਈਐ॥ ਆਪਿ ਨਿਰੰਜਨੁ ਅਲਖੁ ਹੈ ਆਪੇ ਮੇਲਾਈਐ॥ ੧ ॥ ਰਹਾਉ ॥**

ਪ੍ਰਸ਼ਨਃ–ਲੋਕ ਪ੍ਰਲੋਕ ਵਿਚ ਪਤੀ ਪਰਮੇਸ਼ਰ ਵੱਸਦਾ ਹੈ, ਪਰ ਦੱਸੋ ਉਸਨੂੰ ਕਿਸਤਰਾਂ ਪਾਇਅ ਜਾਵੇ। ਉਤਰ ਜੇਹੜਾ ਓਹ ਮਾਇਆ ਤੋਂ ਰਹਿਤ ਤੇ ਨਾਂ ਵੇਖਿਆ ਜਾਣ ਵਾਲਾ ਹੈ,ਜਦੋਂ ਓਹ ਆਪ ਮਿਲਾਉਂਦਾ ਹੈ ਤੇ ਤਾਂ ਮਿਲ ਜਾਈਦਾ ਹੈ।

**ਆਪੇ ਹੀ ਪ੍ਰਭੁ ਦੇਹ ਮਤਿ ਹਰਿਨਾਮੁ ਧਿਆਈਐ॥ ਵਡਭਾਗੀ ਸਤਿਗੁਰੁ ਮਿਲੈ ਮੁਖਿ ਅੰਮ੍ਰਿਤੁ ਪਾਈਐ॥ ਹਉਮੈ ਦੁਬਿਧਾ ਬਿਨਸਿ ਜਾਇ ਸਹਜੇ ਸੁਖਿ ਸਮਾਈਐ॥ ਸਭੁ ਆਪੇ ਆਪਿ ਵਰਤਦਾ ਆਪੇ ਨਾਇ ਲਾਈਐ॥ ੨ ॥**

ਪਰ ਜੇਕਰ ਆਪ ਹੀ ਓਹ ਮਾਲਕ ਇੱਕੁਰ ਦੀ ਅਕਲ ਦੇਵੇ ਤੇ ਤਾਂ ਪ੍ਰਮੇਸ਼ਰ ਦੇ ਨਾਮ ਨੂੰ ਧਿਆਈਦਾ ਹੈ। ਜਦੋਂ ਵੱਡਿਆਂ ਭਾਗਾਂ ਨਾਲ ਸਤਿਗੁਰੂ ਮਿਲਦਾ ਹੈ, ਤਾਂ ਨਾਮ ਅੰਮ੍ਰਿਤ ਨੂੰ ਮੂੰਹ ਵਿੱਚ ਪਾਈਦਾ ਹੈ।

ਹੰਕਾਰ ਤੇ ਦ੍ਵੈਤ ਅਕਲ ਨਾਸ ਹੋ ਜਾਂਦੀ ਹੈ ਅਤੇ ਜੇਹੜਾ ਸੁਖ ਰੂਪ ਵਾਹਿਗੁਰੂ ਹੈ, ਉਸ ਵਿੱਚ ਮਿਲ ਜਾਈਦਾ।

ਓਹ ਸਾਰੇ ਆਪ ਹੀ ਆਪ ਵਰਤਦਾ ਹੈ ਅਤੇ ਆਪ ਹੀ ਆਪਣੇ ਨਾਮ ਵਿੱਚ ਲਗਾ ਲੈਂਦਾ ਹੈ।

**ਮਨਮੁਖਿ ਗਰਬਿ ਨ ਪਾਇਓ ਅਗਿਆਨ ਇਆਣੇ॥ ਸਤਿਗੁਰ ਸੇਵਾ ਨਾ ਕਰਹਿ ਫਿਰਿ ਫਿਰਿ ਪਛੁਤਾਣੇ॥ ਗਰਭ**

Digitized by Panjab Digital Library | www.panjabdigilib.org

**ਜੋਨੀ ਵਾਸੁ ਪਾਇਦੇ ਗਰਭੇ ਗਲਿ ਜਾਣੇ ॥ ਮੇਰੇ ਕਰਤੇ ਏਵੈ ਭਾਵਦਾ ਮਨਮੁਖ ਭਰਮਾਣੇ ॥ ੩ ॥**

ਮਨਮੁਖ ਹੰਕਾਰੀਆਂ ਨੇ ਨਹੀਂ ਪਾਇਆ ਹੈ, ਓਹ ਅੰਗਿਆਨ ਕਰਕੇ ਮੂਰਖ ਹਨ। ਓਹ ਸਤਿਗੁਰਾਂ ਦੀ ਸੇਵਾ ਨਹੀਂ ਕਰਦੇ ਹਨ, ਇਸ ਲਈ ਮੁੜ ਮੁੜ ਪਛਾਤਾਪ ਕਰਦੇ ਹਨ। ਓਹ ਗਰਭ ਜੂਨੀਆਂ ਵਿੱਚ ਵਾਸਾ ਪਾਉਂਦੇ ਹਨ। ਅਤੇ ਗਰਭਵਿਚ ਹੀ ਜੰਮਦੇ ਹੋਏ ਗਲ ਜਾਂਦੇਹਨ।

ਮੇਰੇ ਪ੍ਰਮੇਸ਼ਰ ਨੂੰ ਮਨਮੁਖਾਂ ਦਾ ਭਰਮਾਉਣਾ ਹੀ ਇਸਤਰਾਂ ਚੰਗਾ ਲੱਗਦਾ ਹੈ।

**ਮੇਰੈ ਹਰਿ ਪ੍ਰਭਿ ਲੇਖੁ ਲਿਖਾਇਆ ਧੁਰਿ ਮਸਤਕਿ ਪੂਰਾ ॥ ਹਰਿ ਹਰਿ ਨਾਮੁ ਧਿਆਇਆ ਭੇਟਿਆ ਗੁਰੁ ਸੂਰਾ ॥ ਮੇਰਾ ਪਿਤਾ ਮਾਤਾ ਹਰਿ ਨਾਮੁ ਹੈ ਹਰਿ ਬੰਧਪੁ ਬੀਰਾ ॥ ਹਰਿ ਹਰਿ ਬਖਸਿ ਮਿਲਾਇ ਪ੍ਰਭ ਜਨੁ ਨਾਨਕੁ ਕੀਰਾ ॥ ੪ ॥ ੩ ॥ ੧੭ ॥ ੩੭ ॥**

ਜਿਨ੍ਹਾਂ ਨੇ ਮੇਰੇ ਪ੍ਰਮੇਸ਼ਰ ਮਾਲਕ ਤੋਂ ਪੂਰਾ ਮੱਥੇ ਉਤੇ ਧੁਰੋਂ ਹੀ ਲੇਖ ਲਿਖਾਇਆ ਹੈ। ਓਹਨਾਂ ਨੂੰ ਗੁਰ ਸੂਰਮਾ ਮਿਲਿਆ ਹੈ ਅਤੇ ਫਿਰ ਓਹਨਾਂ ਨੇ ਹੀ ਪ੍ਰਮੇਸ਼ਰ ਦਾ ਨਾਮ ਧਿਆਇਆ ਹੈ।

ਹੇ ਭਰਾ! ਮੇਰਾ ਤਾਂ ਪਿਤਾ ਮਾਤਾ ਪ੍ਰਮੇਸ਼ਰ ਦਾ ਨਾਮ ਹੀ ਹੈ ਅਤੇ ਸਰਬੰਧੀ ਭਰਾ ਵੀ ਪ੍ਰਮੇਸ਼ਰ ਹੀ ਹੈ। ਗੁਰੂ ਜੀ–ਮੈਂ ਦਾਸ ਕੀੜਾ ਹਾਂ, ਭਾਵ ਬਹੁਤ ਛੋਟਾ ਦਾਸ ਹਾਂ ਹੇ ਪ੍ਰਮੇਸ਼ਰਾ! ਮੈਨੂੰ ਬਖਸ਼ਕੇ ਆਪਣੇ ਨਾਲ ਮਿਲਾ ਲੈ।

## ਗਉੜੀ ਬੈਰਾਗਣਿ ਮਹਲਾ ੩ ॥

**ਸਤਿਗੁਰ ਤੇ ਗਿਆਨੁ ਪਾਇਆ ਹਰਿ ਤਤੁ ਬੀਚਾਰਾ ॥ ਮਤਿ ਮਲੀਣ ਪਰਗਟੁ ਭਈ ਜਪਿ ਨਾਮੁ ਮੁਰਾਰਾ ॥ ਸਿਵਿ ਸਕਤਿ ਮਿਟਾਈਆ ਚੂਕਾ ਅੰਧਿਆਰਾ ॥ ਧੁਰਿ ਮਸਤਕਿ ਜਿਨ ਕਉ ਲਿਖਿਆ ਤਿਨ ਹਰਿ ਨਾਮੁ ਪਿਆਰਾ ॥ ੧ ॥**

ਜਦੋਂ ਸਤਿਗੁਰਾਂ ਤੋਂ ਧਰਮ ਅਧਰਮ ਦਾ ਗਿਅਨਿ ਪਾਇਆ ਤਾਂ ਪ੍ਰਮੇਸ਼ਰ ਸਾਰ ਰੂਪ ਦਾ ਵਿਚਾਰ ਕੀਤਾ। (ਫਿਰ ਕੀ ਫ਼ਲ ਹੋਯਾ ?)

Digitized by Panjab Digital Library | www.panjabdigilib.org

ਮੈਲੀ ਅਕਲ ਨਾਸ ਹੋ ਗਈ ਤੇ ਚੰਗੀ ਅਕਲ ਪ੍ਰਗਟ ਹੋ ਗਈ, ਪਰ ਇਹ ਸਾਰੀ ਗੱਲ ਪ੍ਰਮੇਸ਼ਰ ਦਾ ਨਾਮ ਜਪਣ ਨਾਲ ਹੋਈ ਹੈ।

ਸ਼ਿਵ = ਪ੍ਰਮੇਸ਼ਰ ਦੇ ਨਾਮ ਦੇ ਜਾਪ ਨੇ ਮਨ ਦੀ ਦੌੜਨਾ ਰੂਪ ਜੇਹੜੀ ਸ਼ਕਤੀ ਸੀ,ਓਹ ਸਾਰੀ ਦੂਰ ਕਰ ਦਿੱਤੀ ਤਾਂ ਸੁੱਧ ਦਿਲ ਤੋਂ ਹੰਕਾਰ ਦੂਰ ਹੋ ਗਿਆ ਜਾਂ ਸ਼ਾਂਤੀ ਗੁਣ ਨੇ ਹੰਕਾਰ ਤਮੋ ਗੁਣ ਨੂੰ ਦੂਰ ਕਰ ਦਿੱਤਾ ਤਾਂ ਅਗਜਾਨ :ਦੂਰ ਹੋਇਆ।

ਪਰ ਧੁਰੋਂ ਹੀ ਜਿਨ੍ਹਾਂ ਦੇ ਮੱਥੇ ਉਤੇ ਚੰਗਾ ਲੇਖ ਲਿਖਿਆ ਸੀ, ਓਹਨਾਂ ਦੇ ਦਿਲ ਵਿੱਚ ਪ੍ਰਮੇਸ਼ਰ ਦਾ ਨਾਮ ਪਿਆਰਾ ਲੱਗਦਾ ਹੈ।

**ਹਰਿ ਕਿਤੁ ਬਿਧਿ ਪਾਈਐ ਸੰਤ ਜਨਹੁ ਜਿਸੁ ਦੇਖਿ ਹਉ ਜੀਵਾ॥ ਹਰਿ ਬਿਨੁ ਚਸਾ ਨ ਜੀਵਤੀ ਗੁਰ ਮੇਲਿਹੁ ਹਰਿ ਰਸੁ ਪੀਵਾ॥ ੧ ॥ ਰਹਾਉ ॥**

ਹੇ ਸੰਤੋਂ ਜਿਸਨੂੰ ਵੇਖਕੇ ਮੈਂ ਜੀਵਾਂ ਓਹ ਪ੍ਰਮੇਸ਼ਰ ਕਿਸਤਰਾਂ ਪਾਇਆ ਜਾਂਦਾ ਹੈ ? ਮੈਂ ਪ੍ਰਮੇਸ਼ਰ ਤੋਂ ਬਿਨਾਂ ਇੱਕ ਥੋੜਾ ਚਿਰ ਵੀ ਨਹੀਂ ਜੀਉਂਦੀ ਹਾਂ, ਇਸ ਲਈ ਹੇ ਗੁਰੂਜੀ ! ਪ੍ਰਮੇਸ਼ਰ ਦੇ ਨਾਮ ਨਾਲ ਮੇਲ ਦਿਓ, ਮੈਂ ਪ੍ਰਮੇਸ਼ਰ ਦੇ ਨਾਮ ਅੰਮ੍ਰਿਤ ਨੂੰ ਪੀਵਾਂ।

**ਹਉ ਹਰਿ ਗੁਣ ਗਾਵਾ ਨਿਤ ਹਰਿ ਸੁਣੀ ਹਰਿ ਹਰਿ ਗਤਿ ਕੀਨੀ॥ ਹਰਿ ਰਸੁ ਗੁਰ ਤੇ ਪਾਇਆ ਮੇਰਾ ਮਨੁ ਤਨੁ ਲੀਨੀ॥ ਧਨੁ ਧਨੁ ਗੁਰੁ ਸਤਿ ਪੁਰਖੁ ਹੈ ਜਿਨਿ ਭਗਤਿ ਹਰਿ ਦੀਨੀ॥ ਜਿਸੁ ਗੁਰ ਤੇ ਹਰਿ ਪਾਇਆ ਸੋ ਗੁਰੁ ਹਮ ਕੀਨੀ॥ ੨ ॥**

ਮੈਂ ਰੋਜ ਪ੍ਰਮੇਸ਼ਰ ਦੇ ਗੁਣਾਂ ਨੂੰ ਗਾਵਾਂ ਅਤੇ ਪ੍ਰਮੇਸਰ ਦੇ ਨਾਮ ਨੂੰ ਸੁਣ ਕਿਉਂਕਿ ਪ੍ਰਮੇਸ਼ਰ ਦੇ ਨਾਮ ਨੇ ਹੀ ਮੇਰੀ ਗਤੀ ਕੀਤੀ ਹੈ।

ਇੱਕੁਰ ਦਾ ਹਰੀ ਦਾ ਰਸ ਮੈਂ ਗੁਰਾਂ ਤੋਂ ਪਾਇਆ ਹੈ। ਮੇਰਾ ਮਨ ਤਨ ਅਕਲ ਉਸ ਵਿਚ ਲੀਨ ਹੋ ਗਈ ਹੈ। ਜੇਹੜਾ ਸੱਚਾ ਆਦਮੀ ਗੁਰੂ ਹੈ ਜਿਸ ਨੇ ਮੈਨੂੰ ਪ੍ਰਮੇਸ਼ਰ ਦੀ ਭਗਤੀ ਦਿੱਤੀ ਹੈ ਉਹ ਧੰਨ ਧੰਨ ਹੈ। ਜਿਸ ਗੁਰੂ ਦੀ ਕਿਰਪਾਲਤਾ ਨਾਲ ਮੈਂ ਪ੍ਰਮੇਸ਼ਰ ਨੂੰ ਪਾਇਆ ਹੈ ਉਸ ਗੁਰੂ ਵਿਚ ਸ਼ਰਧਾ ਕੀਤੀ ਹੈ ਜਾਂ ਜਿਸ ਗੁਰੂ ਦੀ ਕਿਰਪਾ ਨਾਲ ਪ੍ਰਮੇਸ਼ਰ ਪਾਇਆ ਜਾਂਦਾ ਹੈ, ਉਸ ਗੁਰੂ ਨੇ ਸਾਰਿਆਂ ਜੀਵਾਂ ਦੀ ਗਤੀ ਕੀਤੀ ਹੈ।

Digitized by Panjab Digital Library | www.panjabdigilib.org

ਗੁਣ ਦਾਤਾ ਹਰਿ ਰਾਇ ਹੈ ਹਮ ਅਵਗਣਿਆਰੇ ॥ ਪਾਪੀ ਪਾਥਰ ਡੂਬਦੇ ਗੁਰਮਤਿ ਹਰਿ ਤਾਰੇ ॥ ਤੂੰ ਗੁਣ ਦਾਤਾ ਨਿਰਮਲਾ ਹਮ ਅਵਗਣਿਆਰੇ ॥ ਹਰਿ ਸਰਣਾਗਤਿ ਰਾਖਿ ਲੇਹੁ ਮੂੜ ਮੁਗਧ ਨਿਸਤਾਰੇ ॥ ੩ ॥

ਅਸੀਂ ਔਗੁਣਾਂ ਦੇ ਭਰਿਆਂ ਹੋਇਆਂ ਨੂੰ ਗੁਣ ਦੇਣ ਵਾਲਾ ਹਰੀ ਪ੍ਰਕਾਸ਼ਕ ਪ੍ਰਮੇਸ਼ਰ ਹੀ ਹੈ। ਅਸੀਂ ਪਾਪਾਂ ਨਾਲ ਪੱਥਰਾਂ ਵਰਗੇ ਭਾਰੇ ਹੋਕੇ ਸੰਸਾਰ ਸਮੁੰਦਰ ਵਿਚ ਡੁਬਦੇ ਜਾਂਦੇ ਸਾਂ। ਗੁਰਾਂਨੇ ਅਕਲ ਦੇਕੇ ਸਾਨੂੰ ਤਾਰ ਲਿਆ ਹੈ। ਤੂੰ ਗੁਣ ਦਾਤਾ ਤੇ ਨਿਰਮਲ ਹੈਂ ਅਤੇ ਅਸੀਂ ਔਗੁਣਾਂ ਵਾਲੇ ਹਾਂ।

ਹੇ ਪ੍ਰਮੇਸ਼ਰਾ ! ਤੇਰੀ ਸ਼ਰਣ ਆਏ ਹਾਂ,ਰੱਖਿਆ ਕਰ ਲ ਜੇਹੜੇ ਮੂਰਖ ਤੋਂ ਮੂਰਖ ਸੀ ਓਹ ਵੀ ਆਪਨੇ ਤਾਰੇ ਹਨ।

ਸਹਜੁ ਅਨੰਦੁ ਸਦਾ ਗੁਰਮਤੀ ਹਰਿ ਹਰਿ ਮਨਿ ਧਿਆਇਆ ॥ ਸਜਣੁ ਹਰਿ ਪ੍ਰਭੁ ਪਾਇਆ ਘਰਿ ਸੋਹਿਲਾ ਗਾਇਆ ॥ ਹਰਿ ਦਇਆ ਧਾਰਿ ਪ੍ਰਭ ਬੇਨਤੀ ਹਰਿ ਹਰਿ ਚੇਤਾਇਆ ॥ ਜਨ ਨਾਨਕੁ ਮੰਗੈ ਧੂੜਿ ਤਿਨ ਜਿਨ ਸਤਿਗੁਰੁ ਪਾਇਆ ॥ ੪ ॥ ੪ ॥ ੧੮ ॥ ੩੮ ॥

ਜਿਨ੍ਹਾਂ ਨੇ ਗੁਰਾਂ ਦੀ ਸਿਖਿਆ ਲੈਕੇ ਹਰੀ ਦੇ ਨਾਮ ਨੂੰ ਮਨ ਵਿਚ ਧਿਆਇਆ ਹੈ,ਓਹਨਾਂ ਆਦਮੀਆਂਨੂੰ ਸਦਾ ਸੁਭਾਵਕ ਹੀ ਅਨੰਦ ਹੋਇਆਹੈ। ਜੇਹੜਾ ਸੱਜਣ ਪ੍ਰਮੇਸ਼ਰ ਹੈ ਓਹ ਮਾਲਕ ਪਾਇਆ ਹੈ ਅਤੇ ਦਿਲ ਵਿਚ ਹੀ ਉਸਦਾ ਜਸ ਗਾਇਆ ਹੈ। ਹੇ ਪ੍ਰਮੇਸ਼ਰਾ ! ਸਾਡੀ ਇਹ ਬੇਨਤੀ ਹੈਕਿ ਸਾਡੇ ਉਤੇ ਕਿਰਪਾ ਕਰੋ,ਜਿਸ ਕਰਕੇ ਤੇਰੇ ਹਰਿ ਹਰਿ ਨਾਮਦਾ ਸਿਮਰਨਾ ਸਾਨੂੰ ਚੇਤੇ ਆਉਂਦਾ ਰਹੇ ਗੁਰੂ ਜੀ–ਮੈਂ ਉਹਨਾਂ ਦੀ ਧੂੜ ਮੰਗਦਾ ਹਾਂ,ਜਿਨ੍ਹਾਂ ਨੇ ਸਤਿਗੁਰੂ ਨੂੰ ਪਾਇਆ ਹੈ।

ਗਉੜੀ ਗੁਆਰੇਰੀ ਮਹਲਾ ੪ ਚਉਥਾ ਚਉਪਦੇ

ੴ ਸਤਿਗੁਰਪ੍ਰਸਾਦਿ ॥ ॥ ਪੰਡਿਤੁ ਸਾਸਤ ਸਿਮ੍ਰਿਤਿ ਪੜਿਆ ॥ ਜੋਗੀ ਗੋਰਖੁ ਗੋਰਖੁ ਕਰਿਆ ॥ ਮੈ ਮੂਰਖ ਹਰਿ ਹਰਿ ਜਪੁ ਪੜਿਆ ॥ ੧ ॥

Digitized by Panjab Digital Library | www.panjabdigilib.org

ਪੰਡਤਾਂ ਨੇ ਸ਼ਾਸਤ੍ਰਾਂ ਸਿਮ੍ਰਤੀਆਂ ਨੂੰ ਪੜ੍ਹਿਆ ਹੈ। ਜੋਗੀਆਂ ਨੇ ਗੋਰਖ ਗੋਰਖ ਕੀਤਾ ਹੈ। ਮੈਂ ਮੂਰਖ ਨੇ ਪ੍ਰਮੇਸ਼ਰ ਦੇ ਨਾਮ ਦਾ ਜ਼ਾਪ ਪੜ੍ਹਿਆ ਹੈ।

**ਨਾ ਜਾਨਾ ਕਿਆ ਗਤਿ ਰਾਮ ਹਮਾਰੀ ॥ ਹਰਿ ਭਜੁ ਮਨ ਮੇਰੇ ਤਰੁ ਭਉਜਲੁ ਤੂ ਤਾਰੀ ॥ ੧ ॥ ਰਹਾਉ ॥**

ਹੇ ਪ੍ਰਮੇਸ਼ਰਾ ! ਮੈਂ ਨਹੀਂ ਜਾਣਦਾ ਕਿ ਮੇਰੀ ਕੀ ਗਤੀ ਹੋਣੀ ਹੈ। ਹੇ ਮੇਰੇ ਮਨ ! ਤੂੰ ਪ੍ਰਮੇਸ਼ਰ ਨੂੰ ਯਾਦ ਕਰ ਤੈਨੂ ਸੰਸਾਰ ਸਮੁਦਰ ਤੋਂ ਤਰ ਜਾਣ ਵਾਸਤੇ ਪ੍ਰਮੇਸ਼ਰ ਦੇ ਨਾਮ ਦੀ ਤਾਰੀ = ਬੇੜੀ ਮਿਲ ਜਾਵੇਗੀ ਜਾਂ ਹੇ ਪਰਮੇਸ਼ਰਾ ! ਤੂੰ ਤਾਰੀ = ਨਦੀ ਸੰਸਾਰ ਜੇਹੜੀ ਹੈ ਇਸਤੋਂ ਤਾਰ ਲਵੇਂਗਾ ਜਾਂ ਹੇ ਜੀਵ ! ਤੂੰ ਤਾਰੀ ਤਰ ਜਾਵੇਂਗਾ।

**ਸੰਨਿਆਸੀ ਬਿਭੂਤ ਲਾਇ ਦੇਹ ਸਵਾਰੀ ॥ ਪਰ ਤ੍ਰਿਅ ਤਿਆਗੁ ਕਰੀ ਬ੍ਰਹਮਚਾਰੀ ॥ ਮੈ ਮੂਰਖ ਹਰਿ ਆਸ ਤੁਮਾਰੀ ॥ ੨ ॥**

ਸੰਨਿਆਸੀਆਂ ਨੇ ਸੁਆਹ ਲਾਕੇ ਦੇਹ ਸਵਾਰ ਰੱਖੀ ਹੈ। ਬ੍ਰਹਮ-ਚਾਰੀਆਂ ਨੇ ਪਰ = ਵਿਸ਼ੇਸ਼ ਕਰਕੇ ਆਪਣੀ ਜਾਂ ਪਰਾਈ ਵੀ ਇਸਤਰੀ ਛੱਡ ਦਿੱਤੀ ਹੈ। ਮੈਨੂੰ ਮੂਰਖ ਨੂੰ ਆਪ ਦੀ ਆਸ ਹੈ।

**ਖਤ੍ਰੀ ਕਰਮ ਕਰੇ ਸੂਰਤਨੁ ਪਾਵੈ ॥ ਸੂਦੁ ਵੈਸੁ ਪਰ ਕਿਰਤਿ ਕਮਾਵੈ ॥ ਮੈ ਮੂਰਖ ਹਰਿ ਨਾਮੁ ਛਡਾਵੈ ॥ ੩ ॥**

ਛੱਤ੍ਰੀ ਜੰਗ ਰੂਪ ਕਰਮ ਕਰਕੇ ਸੂਰਬੀਰਤਾ ਨੂੰ ਪਾਉਂਦਾ ਹੈ। ਵੈਸ, ਪਰ = ਵਿਸ਼ੇਸ਼ ਕਰਕੇ ਕਿਰਤ ਕਮਾਉਂਦਾ ਹੈ, ਭਾਵ ਖੇਤੀ ਵਾੜੀ ਆਦਿਕ ਅਤੇ ਸੂਦਰ ਪਰਾਈ ਖੇੜੀ ਵੈਸ਼ ਆਦਿਕ ਦੀ ਸੇਵਾ ਕਮਾਈ ਕਮਾਉਂਦਾ ਹੈ, ਭਾਵ ਓਹ ਇਹਨਾਂ ਕਾਰਾਂ ਨੂੰ ਆਪਣਾ ਆਸਰਾ ਸਮਝਦੇ ਹਨ।

ਮੈਨੂੰ ਮੂਰਖ ਨੂੰ ਤੇਰਾ ਨਾਮ ਛੁਡਾਵੇਗਾ। ਭਾਵ ਮੈਂ ਇੱਕੁਰ ਤੇਰੇ ਨਾਮ ਦੇ ਆਸਰੇ ਤਰਾਂਗਾ।

**ਸਭ ਤੇਰੀ ਸ੍ਰਿਸਟਿ ਤੂੰ ਆਪਿ ਰਹਿਆ ਸਮਾਈ ॥ ਗੁਰਮੁਖਿ ਨਾਨਕ ਦੇ ਵਡਿਆਈ ॥ ਮੈ ਅੰਧੁਲੇ ਹਰਿ ਟੇਕ ਟਿਕਾਈ ॥ ੪ ॥ ੧ ॥ ੩੯ ॥**

Digitized by Panjab Digital Library | www.panjabdigilib.org

ਸਾਰੀ ਦੁਨੀਆਂ ਤੇਰੀ ਹੈ ਤੂੰ ਸਾਰਿਆਂ ਵਿੱਚ ਸਮਾਇਆ ਹੋਇਆ ਹੈਂ। ਗੁਰੂ ਜੀ–ਗੁਰਾਂ ਦੁਆਰੇ ਆਪਣੇ ਨਾਮ ਦੀ ਵਡਿਆਈ ਦੇਂਦਾ ਹੈਂ। ਮੈਂ ਅੰਨ੍ਹੇਂ ਨੇ ਤਾਂ ਪ੍ਰਮੇਸ਼ਰ ਦੇ ਨਾਮ ਦੀ ਟੇਕ ਦਿਲ ਵਿੱਚ ਟਿਕਾਈ ਹੈ।

## ਗਉੜੀ ਗੁਆਰੇਰੀ ਮਹਲਾ ੪ ॥

**ਨਿਰਗੁਣ ਕਥਾ ਕਥਾ ਹੈ ਹਰਿਕੀ ॥ ਭਜੁ ਮਿਲਿ ਸਾਧੂ ਸੰਗਤਿ ਜਨਕੀ ॥ ਤਰੁ ਭਉਜਲੁ ਅਕਥ ਕਥਾ ਸੁਨਿ ਹਰਿ ਕੀ॥ ੧ ॥**

ਹੇ ਭਰਾ ! ਸਾਰੀਆਂ ਕਥਾਂ ਵਿੱਚੋਂ ਜੇਹੜੀ ਹਰੀ ਨਿਰਗੁਣ ਦੀ ਕਥਾ ਹੈ, ਸੰਤਾਂ ਦੀ ਸੰਗਤ ਵਿੱਚ ਮਿਲ ਕੇ ਉਸ ਨੂੰ ਯਾਦ ਕਰ, ਭਾਵ ਸੁਣ। ਹਰੀ ਅਕੱਥ ਦੀ ਕਥਾ ਨੂੰ ਸੁਣਕੇ ਸੰਸਾਰ ਸਮੁੰਦਰ ਤੋਂ ਤਰ।

**ਗੋਬਿੰਦ ਸਤਸੰਗਤਿ ਮੇਲਾਏ ॥ ਹਰਿ ਰਸੁ ਰਸਨ ਰਾਮ ਗੁਨ ਗਾਇ ॥ ੧ ॥ ਰਹਾਉ ॥**

ਹੇ ਭਰਾ ! ਆਪਣੇ ਆਪ ਨੂੰ ਪ੍ਰਮੇਸ਼ਰ ਦੀ ਸਤਿ ਸੰਗਤ ਵਿੱਚ ਮਿਲਾ ਦੇਹ। ਫਿਰ ਸਤਿ ਸੰਗਤ ਵਿੱਚ ਜਾ ਕੇ ਪ੍ਰਮੇਸ਼ਰ ਦੇ ਗੁਣਾਂ ਨੂੰ ਪ੍ਰੇਮ ਨਾਲ ਜ਼ਬਾਨ ਨਾਲ ਗਾ।

**ਜੋ ਜਨ ਧਿਆਵਹਿ ਹਰਿ ਹਰਿ ਨਾਮਾ ॥ ਤਿਨ ਦਾਸਨਿਦਾਸ ਕਰਹੁ ਹਮ ਰਾਮਾ ॥ ਜਨਕੀ ਸੇਵਾ ਊਤਮ ਕਾਮਾ ॥ ੨ ॥**

ਜੇਹੜੇ ਆਦਮੀ ਪ੍ਰਮੇਸ਼ਰ ਦੇ ਨਾਮ ਨੂੰ ਧਿਆਉਂਦੇ ਹਨ। ਹੇ ਪ੍ਰਮੇਸ਼ਰਾ ! ਸਾਨੂੰ ਓਹਨਾਂ ਦੇ ਦਾਸਾਂ ਦੇ ਦਾਸ ਬਣਾਓ। ਭਗਤਾਂ ਦੀ ਸੇਵਾ ਬੜਾ ਚੰਗਾ ਕੰਮ ਹੈ।

**ਜੋ ਹਰਿਕੀ ਹਰਿ ਕਥਾ ਸੁਣਾਵੈ ॥ ਸੋ ਜਨੁ ਹਮਰੈ ਮਨਿ ਚਿਤਿ ਭਾਵੈ ॥ ਜਨ ਪਗ ਰੇਣੁ ਵਡਭਾਗੀ ਪਾਵੈ ॥ ੩ ॥**

ਜੇਹੜਾ ਕੋਈ ਆਦਮੀ ਪ੍ਰਮੇਸ਼ਰ ਦੀ ਕਥਾ ਸੁਣਾ ਦੇਵੇ।

ਓਹ ਆਦਮੀ ਸਾਡੇ ਮਨ ਚਿੱਤ ਨੂੰ ਚੰਗਾ ਲੱਗਦਾ ਹੈ, ਦਾਸਾਂ ਦੇ ਚਰਨਾਂ ਦੀ ਧੂੜ ਕੋਈ ਵੱਡਿਆਂ ਭਾਗਾਂ ਵਾਲਾ ਹੀ ਪਾਉਂਦਾ ਹੈ।

Digitized by Panjab Digital Library | www.panjabdigilib.org

**ਸੰਤ ਜਨਾ ਸਿਉ ਪ੍ਰੀਤਿ ਬਨਿ ਆਈ ॥ ਜਿਨ ਕਉ ਲਿਖਤੁ ਲਿਖਿਆ ਧੁਰਿ ਪਾਈ ॥ ਤੇ ਜਨ ਨਾਨਕ ਨਾਮਿ ਸਮਾਈ ॥ ੪ ॥ ੨ ॥ ੪੦**

ਜਿਨ੍ਹਾਂ ਨੇ ਧੁਰੋਂ ਹੀ ਚੰਗੇ ਲੇਖ ਦੀ ਲਿਖਤ ਪਾਈ ਹੈ, ਓਹਨਾਂ ਦੀ ਪ੍ਰੀਤੀ ਸੰਤਾਂ ਦੇ ਨਾਲ ਬਣ ਆਈ ਹੈ। ਗੁਰੂ ਜੀ-ਓਹਨਾਂ ਆਦਮੀਆਂ ਦੀ ਪ੍ਰਮੇਸ਼ਰ ਵਿੱਚ ਸਮਾਈ ਹੋਈ ਹੈ।

## ਗਉੜੀ ਗੁਆਰੇਰੀ ਮਹਲਾ ੪

**ਮਾਤਾ ਪ੍ਰੀਤਿ ਕਰੇ ਪੁਤੁ ਖਾਇ ॥ ਮੀਨੇ ਪ੍ਰੀਤਿ ਭਈ ਜਲਿ ਨਾਇ ॥ ਸਤਿਗੁਰ ਪ੍ਰੀਤਿ ਗੁਰ ਸਿਖ ਮੁਖਿ ਪਾਇ ॥੧॥**

ਜਿਸ ਤਰਾਂ ਮਾਂ ਪ੍ਰੀਤੀ ਕਰਦੀ ਹੈ ਕਿ ਮੇਰਾ ਪੁੱਤ ਖਾਵੇਗਾ, ਭਾਵ ਮਾਂ ਪੁੱਤ੍ਰ ਨੂੰ ਖੁਆਕੇ ਰਾਜ਼ੀ ਹੁੰਦੀ ਹੈ। ਮੱਛੀ ਦੀ ਪ੍ਰੀਤੀ ਪਾਣੀ ਦੇ ਨ੍ਹਾਉਣ ਨਾਲ ਹੈ, ਭਾਵ ਪਾਣੀ ਵਿੱਚ ਰਹਿਣ ਨਾਲ ਰਾਜ਼ੀ ਹੁੰਦੀ ਹੈ। ਇੱਕੁਰ ਹੀ ਗੁਰੂ ਸਿੱਖਾਂ ਦੇ ਮੂੰਹ ਵਿੱਚ ਪਦਾਰਥ ਪਾ ਕੇ ਪ੍ਰਸੰਨ ਹੁੰਦੇ ਹਨ, ਭਾਵ ਬੜੀ ਪ੍ਰੀਤੀ ਕਰਦੇ ਹਨ। ਜਿੰਨਾਂ ਚਿਰ ਕੁਛ ਸਿੱਖ ਦੇ ਮੂੰਹ ਨਾ ਪਾ ਲੈਣ ਰਾਜ਼ੀ ਨਹੀਂ ਹੁੰਦੇ।

**ਤੇ ਹਰਿ ਜਨ ਹਰਿ ਮੇਲਹੁ ਹਮ ਪਿਆਰੇ ॥ ਜਿਨ ਮਿਲਿਆ ਦੁਖ ਜਾਹਿ ਹਮਾਰੇ ॥ ੧ ॥ ਰਹਾਉ ॥**

ਹੇ ਪ੍ਰਮੇਸ਼ਰਾ ! ਓਹ ਇਕੁਰ ਦੇ ਪਿਆਰੇ ਭਗਤ ਸਾਨੂੰ ਮਿਲਾਓ, ਜਿਨ੍ਹਾਂ ਦੇ ਮਿਲਿਆਂ ਸਾਡੇ ਸਾਰੇ ਦੁੱਖ ਜਾਂਦੇ ਰਹਿਣ।

**ਜਿਉ ਮਿਲਿ ਬਛਰੇ ਗਊ ਪ੍ਰੀਤਿ ਲਗਾਵੈ ॥ ਕਾਮਨਿ ਪ੍ਰੀਤਿ ਜਾ ਪਿਰੁ ਘਰਿ ਆਵੈ ॥ ਹਰਿ ਜਨ ਪ੍ਰੀਤਿ ਜਾ ਹਰਿ ਜਸੁ ਗਾਵੈ ॥ ੨ ॥**

ਪ੍ਰੀਤ = ਪ੍ਰਸੰਨਤਾ ਦਾ ਅਰਥ ਹੈ।

ਜਿਸਤਰਾਂ ਵੱਛੇ ਦੇ ਨਾਲ ਮਿਲ ਕੇ ਗਾਂ ਪੀਤੀ ਲਾਉਂਦੀ, ਭਾਵ ਕਰਦੀ ਹੈ।ਇਸਤ੍ਰੀ ਦੀ ਖੁਸ਼ੀ ਓਦੋਂ ਹੁੰਦੀ ਹੈ ਜਦੋਂ ਪਰਦੇਸ ਗਿਆ ਹੋਇਆ ਪਤੀ ਘਰ ਆਉਂਦਾ ਹੈ। ਇੱਕੁਰ ਹੀ ਪ੍ਰਮੇਸ਼ਰ ਦੇ ਭਗਤਾਂ ਦੀ ਪ੍ਰਸੰਨਤਾ ਤਾਂ ਹੁੰਦੀ ਹੈ ਜਦੋਂ ਉਹ ਪ੍ਰਮੇਸ਼ਰ ਦੇ ਜੱਸ ਨੂੰ ਗਾਉਂਦੇ ਹਨ।

Digitized by Panjab Digital Library | www.panjabdigilib.org

**ਸਾਰਿੰਗ ਪ੍ਰੀਤਿ ਬਸੈ ਜਲਧਾਰਾ ॥ ਨਰਪਤਿ ਪ੍ਰੀਤਿ ਮਾਇਆ ਦੇਖਿ ਪਸਾਰਾ ॥ ਹਰਿਜਨ ਪ੍ਰੀਤਿ ਜਪੈ ਨਿਰੰਕਾਰਾ ॥ ੩ ॥**

ਬੱਦਲ ਜਦੋਂ ਪਾਣੀ ਦੀ ਧਾਰ ਵਰ੍ਹਾਂਦਾ ਹੈ ਤਾਂ ਪਪੀਹੇ ਦੀ ਪ੍ਰੀਤੀ ਉਸ ਨਾਲ ਹੁੰਦੀ ਹੈ, ਭਾਵ ਪਪੀਹੇ ਦੀ ਪ੍ਰਸੰਨਤਾ ਬੂੰਦ ਨਾਲ ਹੈ।

ਰਾਜੇ ਦੀ ਪ੍ਰਸੰਨਤਾ ਮਾਇਆ ਦਾ ਪਸਾਰਾ ਭਾਵ ਖਜ਼ਾਨਾ, ਫੌਜ ਆਦਿਕ ਵੇਖਕੇ ਹੁੰਦੀ ਹੈ।

ਭਗਤਾਂ ਦੀ ਪ੍ਰਸੰਨਤਾ ਪ੍ਰਮੇਸ਼ਰ ਦਾ ਨਾਮ ਜਪਣ ਨਾਲ ਹੁੰਦੀ ਹੈ।

**ਨਰ ਪ੍ਰਾਣੀ ਪ੍ਰੀਤਿ ਮਾਇਆ ਧਨੁ ਖਾਟੇ ॥ ਗੁਰ ਸਿਖ ਪ੍ਰੀਤਿ ਗੁਰੁ ਮਿਲੈ ਗਲਾਟੇ॥ ਜਨ ਨਾਨਕ ਪ੍ਰੀਤਿ ਸਾਧ ਪਗ ਚਾਟੇ ॥ ੪ ॥ ੩ ॥ ੪੧ ॥**

ਸਾਰਿਆਂ ਆਦਮੀਆਂ ਦੀ ਪ੍ਰਸੰਨਤਾ ਤਾਂ ਹੁੰਦੀ ਹੈ ਜਦੋਂ ਓਹ ਮਾਇਆ ਧਨ ਪਦਾਰਥ ਆਦਿਕ ਰੋਕ ਰੁਪੱਯਾਂ ਨੂੰ ਖੱਟਦੇ, ਭਾਵ ਕੱਠਿਆਂ ਕਰਦੇ ਹਨ । ਗੁਰ ਸਿੱਖਾਂ ਨੂੰ ਪ੍ਰਸੰਨਤਾ ਤਾਂ ਹੁੰਦੀ ਹੈ, ਜਦੋਂ ਉਹ ਗੁਰੂ ਦੇ ਗਲ ਨਾਲ ਮਿਲਦੇ ਹਨ।

ਗੁਰੂ ਜੀ–ਮੈਂ ਦਾਸ ਦੀ ਜਾਂ ਕੁੱਲ ਭਗਤਾਂ ਦੀ ਪ੍ਰੀਤੀ ਸੰਤਾਂ ਦੇ ਚਰਨਾਂ ਦੀ ਧੂੜ ਨੰ ਚੱਟਣ ਨਾਲ ਹੈ। ਭਾਵ ਓਹ ਚਰਨ ਧੂੜ ਚੱਟ ਕੇ ਪ੍ਰਸੰਨ ਹੁੰਦੇ ਹਨ।

## ਗਉੜੀ ਗੁਆਰੇਰੀ ਮਹਲਾ ੪ ॥

**ਭੀਖਕ ਪ੍ਰੀਤਿ ਭੀਖ ਪ੍ਰਭ ਪਾਇ ॥ ਭੂਖੇ ਪ੍ਰੀਤਿ ਹੋਵੈ ਅੰਨੁ ਖਾਇ॥ ਗੁਰ ਸਿਖ ਪ੍ਰੀਤਿ ਗੁਰ ਮਿਲਿ ਆਘਾਇ॥ ੧ ॥**

ਮੰਗਤੇ ਨੂੰ ਖੁਸ਼ੀ ਤਾਂ ਹੁੰਦੀ ਹੈ ਜਦੋਂ ਓਹ ਚੰਗਾ ਦਾਤਾ ਲੱਭ ਲੈਂਦਾ ਹੈ। ਭੁੱਖੇ ਦੀ ਪ੍ਰਸੰਨਤਾ ਅੰਨ ਖਾਣ ਨਾਲ ਹੁੰਦੀ ਹੈ। ਇੱਕੁਰ ਹੀ ਗੁਰ ਸਿੱਖਾਂ ਦੀ ਪ੍ਰਸੰਨਤਾ ਤਾਂ ਹੁੰਦੀ ਹੈ ਜਦੋਂ ਓਹ ਗੁਰੂ ਨਾਲ ਮਿਲਦੇ ਹਨ, ਗੁਰ ਦਰਸ਼ਨ ਕਰਕੇ ਰੱਜਦੇ ਹਨ।

**ਹਰਿ ਦਰਸਨੁ ਦੇਹੁ ਹਰਿ ਆਸ ਤੁਮਾਰੀ ॥ ਕਰਿ ਕਿਰਪਾ ਲੋਚ ਪੂਰਿ ਹਮਾਰੀ ॥ ੧ ॥ ਰਹਾਉ ॥**

Digitized by Panjab Digital Library | www.panjabdigilib.org

ਹੇ ਹਰੀ! ਦਰਸ਼ਨ ਦੇਹ ਸਾਨੂੰ ਤੇਰੇ ਦਰਸ਼ਨ ਦੀ ਆਸਾ ਹੈ, ਕਿਰਪਾ ਕਰਕੇ ਸਾਡੀ ਇੱਛਿਆ ਪੂਰੀ ਕਰ।

**ਚਕਵੀ ਪ੍ਰੀਤਿ ਸੂਰਜੁ ਮੁਖਿ ਲਾਗੈ॥ ਮਿਲੈ ਪਿਆਰੇ ਸਭ ਦੁਖ ਤਿਆਗੈ ॥ ਗੁਰ ਸਿਖ ਪ੍ਰੀਤਿ ਗੁਰੂ ਮੁਖਿ ਲਾਗੈ॥ ੨ ॥**

ਜਦੋਂ ਸੂਰਜ ਮੂੰਹ ਲੱਗਦਾ, ਭਾਵ ਦਿਨ ਚੜ੍ਹਦਾ ਹੈ ਤਾਂ ਚਕਵੀ ਦੀ ਪ੍ਰਸੰਨਤਾ ਹੁੰਦੀ ਹੈ। ਆਪਣੇ ਪਿਆਰੇ ਨੂੰ ਮਿਲ ਕੇ ਓਹ ਸਾਰੇ ਦੁੱਖਾਂ ਨੂੰ ਦੂਰ ਕਰ ਦੇਂਦੀ ਹੈ।

ਇੱਕੁਰ ਗੁਰ ਸਿੱਖਾਂ ਦੀ ਪ੍ਰੀਤੀ ਗੁਰਾਂ ਦੇ ਮੂੰਹ ਲੱਗਣ ਨਾਲ ਭਾਵ ਦਰਸ਼ਨ ਕਰਨ ਨਾਲ ਪ੍ਰਸੰਨਤਾ ਹੁੰਦੀ ਹੈ।

**ਬਛਰੇ ਪ੍ਰੀਤਿ ਖੀਰੁ ਮੁਖਿ ਖਾਇ॥ ਹਿਰਦੈ ਬਿਗਸੈ ਦੇਖੈ ਮਾਇ॥ ਗੁਰ ਸਿਖ ਪ੍ਰੀਤਿ ਗੁਰੂ ਮੁਖਿ ਲਾਇ॥ ੩ ॥**

ਜਿਸਤਰਾਂ ਵੱਛੇ ਦੀ ਪ੍ਰੀਤੀ ਗਊ ਦਾ ਦੁੱਧ ਮੂੰਹ ਨਾਲ ਖਾ ਕੇ ਹੁੰਦੀ ਹੈ। ਓਹ ਆਪਣੀ ਮਾਂ ਨੂੰ ਦਿਲ ਵਿੱਚ ਵੇਖਕੇ ਪ੍ਰਸੰਨ ਹੁੰਦਾ ਹੈ। ਜੇਕਰ ਗੁਰੂ ਮੂੰਹ ਲਾਉਣ ਭਾਵ ਦਰਸ਼ਨ ਦੇਣ ਤੇ ਤਾਂ ਗੁਰ ਸਿੱਖਾਂ ਦੀ ਪ੍ਰਸੰਨਤਾ ਹੁੰਦੀ ਹੈ।

**ਹੋਰੁ ਸਭ ਪ੍ਰੀਤਿ ਮਾਇਆ ਮੋਹੁ ਕਾਚਾ ॥ ਬਿਨਸਿ ਜਾਇ ਕੂਰਾ ਕਚੁ ਪਾਚਾ ॥ ਜਨ ਨਾਨਕ ਪ੍ਰੀਤਿ ਤ੍ਰਿਪਤਿ ਗੁਰੁ ਸਾਚਾ॥ ੪ ॥ ੪ ॥ ੪੨ ॥**

ਹੋਰ ਜਿਤਨੀ ਪ੍ਰੀਤੀ ਜਾਂ ਪ੍ਰਸੰਨਤਾ ਹੈ ਓਹ ਸਾਰੀ ਮਾਇਆ ਦੇ ਮੋਹ ਕਰਕੇ ਸਾਰਾ ਹੀ ਵਿਹਾਰ ਕੱਚਾ ਹੈ।

ਮਾਇਆ ਦਾ ਮੋਹ ਝੂਠਾ ਅਤੇ ਕੱਚੇ ਪਾਜ ਵਰਗਾ ਨਾਸ ਹੋ ਜਾਵੇਗਾ। ਗੁਰੂ ਜੀ-ਜਿਸ ਕਰਕੇ ਸੱਚਾ ਗੁਰੂ ਪ੍ਰਸੰਨ ਹੁੰਦਾ ਹੈ, ਓਹ ਸੱਚੀ ਪੀਤੀ ਹੈ।

### ਗਉੜੀ ਗੁਆਰੇਰੀ ਮਹਲਾ ੪

**ਸਤਿਗੁਰ ਸੇਵਾ ਸਫਲ ਹੈ ਬਣੀ॥ ਜਿਤੁ ਮਿਲਿ ਹਰਿਨਾਮੁ ਧਿਆਇਆ ਹਰਿ ਧਣੀ॥ ਜਿਨ ਹਰਿ ਜਪਿਆ ਤਿਨ ਪੀਛੈ ਛੂਟੀ ਘਣੀ॥ ੧ ॥**

Digitized by Panjab Digital Library | www.panjabdigilib.org

ਹੋਰ ਸਾਰੀਆਂ ਸੇਵਾ ਵਿਚੋਂ ਸਤਿਗੁਰਾਂ ਦੀ ਸੇਵਾ ਸਫਲ ਬਣੀ ਹੈ, ਜਿਨ੍ਹਾਂ ਸਤਿਗੁਰਾਂ ਨੂੰ ਮਿਲਕੇ ਪ੍ਰਮੇਸ਼ਰ ਮਾਲਕ ਦਾ ਨਾਮ ਧਿਆਇਆ ਹੈ।

ਜਿਨ੍ਹਾਂ ਆਦਮੀਆਂ ਨੇ ਪ੍ਰਮੇਸ਼ਰ ਦਾ ਨਾਮ ਜਪਿਆ ਹੈ, ਓਹਨਾਂ ਦੇ ਮਗਰ ਲੱਗ ਕੇ ਬਹੁਤ ਸਾਰੀ ਦੁਨੀਆਂ ਬੰਧਨਾਂ ਤੋਂ ਛੁਟ ਗਈ ਹੈ ਭਾਵ ਤਰ ਗਈ ਹੈ।

**ਗੁਰ ਸਿਖ ਹਰਿ ਬੋਲਹੁ ਮੇਰੇ ਭਾਈ॥ ਹਰਿ ਬੋਲਤ ਸਭ ਪਾਪ ਲਹਿ ਜਾਈ॥ ੧ ॥ ਰਹਾਉ ॥**

ਹੇ ਮੇਰੇ ਭਰਾਓ,ਗੁਰੂ ਦੇ ਸਿਖੋ,ਪ੍ਰਮੇਸ਼ਰ ਦੇ ਨਾਮ ਨੂੰ ਬੋਲੋ,ਪ੍ਰਮੇਸ਼ਰ ਦਾ ਨਾਮ ਬੋਲਣ ਨਾਲ ਸਾਰੇ ਪਾਪ ਦੂਰ ਹੋ ਜਾਂਦੇ ਹਨ।

**ਜਬ ਗੁਰੁ ਮਿਲਿਆ ਤਬ ਮਨੁ ਵਸਿ ਆਇਆ ॥ ਧਾਵਤ ਪੰਚ ਰਹੇ ਹਰਿ ਧਿਆਇਆ ॥ ਅਨ ਦਿਨੁ ਨਗਰੀ ਹਰਿ ਗੁਣ ਗਾਇਆ ॥ ੨ ॥**

ਜਦੋਂ ਗੁਰੂ ਮਿਲਿਆ ਤਾਂ ਮਨ ਵੱਸ ਵਿਚ ਆ ਗਿਆ ਜੇਹੜੇ ਪੰਜ ਵਿਸ਼ੇ ਆਪਣਿਆਂ ੨ ਵਿਸ਼ਿਆਂ ਵਲ ਦੌੜਦੇ ਸੀ ਓਹ ਥਕ ਗਏ ਭਾਵ ਰੁਕ ਗਏ, ਭਾਵ ਰੁਕ ਬੈਠੇ ਹਨ ਤਾਂ ਅਸਾਂ ਪ੍ਰਮੇਸ਼ਰ ਦੇ ਨਾਮ ਨੂੰ ਧਿਆਇਆ ਹੈ। ਦਿਨ ਦੇਹ ਰੂਪ ਨਗਰੀ ਵਿਚ ਪ੍ਰਮੇਸ਼ਰ ਦੇ ਗੁਣਾਂ ਨੂੰ ਗਾਇਆ ਹੈ।

**ਸਤਿਗੁਰ ਪਗ ਧੂਰਿ ਜਿਨਾ ਮੁਖਿ ਲਾਈ ॥ ਤਿਨ ਕੂੜ ਤਿਆਗੇ ਹਰਿ ਲਿਵ ਲਾਈ ॥ ਤੇ ਹਰਿ ਦਰਗਹ ਮੁਖ ਊਜਲ ਭਾਈ ॥ ੩ ॥**

ਜਿਨ੍ਹਾਂ ਨੇ ਆਪਣੇ ਮੂੰਹ ਉਤੇ ਸਤਿਗੁਰੂ ਦੇ ਚਰਨਾਂ ਦੀ ਧੂੜੀ ਲਾਈ ਹੈ। ਉਹਨਾਂ ਨੇ ਝੂਠ ਆਦਕ ਵਿਕਾਰ ਛੱਡ ਦਿੱਤੇ ਹਨ ਅਤੇ ਪ੍ਰਮੇਸ਼ਰ ਦੇ ਨਾਮ ਵਿਚ ਬ੍ਰਿਤੀ ਲਾਈ ਹੈ। ਹੇ ਭਰਾਵੋ!ਉਹ ਆਦਮੀ ਪ੍ਰਮੇਸ਼ਰ ਦੀ ਦਰਗਾਹ ਵਿਚ ਮੂੰਹ ਉੱਜਲੇ ਵਾਲ਼ੇ ਹੋਏ ਹਨ।

**ਗੁਰ ਸੇਵਾ ਆਪਿ ਹਰਿ ਭਾਵੈ ॥ ਕ੍ਰਿਸਨੁ ਬਲ-ਭਦ੍ਰ ਗੁਰ ਪਗ ਲਗਿ ਧਿਆਵੈ ॥ ਨਾਨਕ ਗੁਰਮੁਖਿ ਹਰਿ ਆਪਿ ਤਰਾਵੈ ॥ ੪ ॥ ੫ ॥ ੪੩ ॥**

ਗੁਰਾਂ ਦੀ ਸੇਵਾ ਆਪ ਪ੍ਰਮੇਸ਼ਰ ਨੂੰ ਚੰਗੀ ਲੱਗਦੀ ਹੈ। ਕ੍ਰਿਸਨ ਜੀ ਅਤੇ ਬਲਭੱਦ੍ਰ ਜੀ ਆਦਿਕ ਆਪਣਿਆਂ ਗੁਰਾਂ ਦੇ ਚਰਨਾਂ ਨਾਲ ਲਗਕੇ

Digitized by Panjab Digital Library | www.panjabdigilib.org

ਪ੍ਰਮੇਸਰ ਨੂੰ ਧਿਆਉਣ ਵਾਲੇ ਹੋਇ ਹਨ।

ਗੁਰੂ ਜੀ–ਹੇ ਭਰਾਵਾ ਗੁਰਾਂ ਦੁਆਰੇ ਆਪ ਪ੍ਰਮੇਸ਼ਰ ਤਰਾ ਲੈਂਦਾ ਹੈ।

**ਗਉੜੀ ਗੁਆਰੇਰੀ ਮਹਲਾ ੪**

**ਹਰਿ ਆਪੇ ਜੋਗੀ ਡੰਡਾ ਧਾਰੀ ॥ ਹਰਿ ਆਪੇ ਰਵਿ ਰਹਿਆ ਬਨਵਾਰੀ ॥ ਹਰਿ ਆਪੇ ਤਪੁ ਤਾਪੈ ਲਾਇ ਤਾਰੀ ॥ ੧ ॥**

ਪ੍ਰਮੇਸ਼ਰ ਆਪੇ ਹੀ ਜੋਗੀ ਤੇ ਡੰਡੇ ਨੂੰ ਧਾਰਨ ਵਾਲਾ ਸੰਨਿਆਸੀ ਹੈ। ਸੰਸਾਰ ਜੰਗਲ ਦਾ ਮਾਲੀ ਆਪ ਹੀ ਸਾਰਿਆਂ ਵਿਚ ਮਿਲਿਆ ਹੋਇਆ ਹੈ।

ਆਪ ਹੀ ਪ੍ਰਮੇਸ਼ਰ ਤਾੜੀ ਲਾਕੇ ਤਪੱਸਿਆ ਨੂੰ ਤਪਦਾ ਹੈ।

**ਐਸਾ ਮੇਰਾ ਰਾਮ ਰਹਿਆ ਭਰਪੂਰਿ ॥ ਨਿਕਟਿ ਵਸੈ ਨਾਹੀ ਹਰਿ ਦੂਰਿ ॥ ੧ ॥ ਰਹਾਉ ॥**

ਇੱਕੁਰਦਾ ਮੇਰਾ ਰਾਮ ਸਾਰਿਆਂ ਵਿਚ ਮਿਲਿਆ ਹੋਇਆਹੈ। ਉਹ ਪ੍ਰਮੇਸ਼ਰ ਪਾਸ ਵੱਸਦਾ ਹੈ ਦੂਰ ਨਹੀਂ ਹੈ।

**ਹਰਿ ਆਪੇ ਸਬਦੁ ਸੁਰਤਿ ਧੁਨਿ ਆਪੇ ॥ ਹਰਿ ਆਪੇ ਵੇਖੈ ਵਿਗਸੈ ਆਪੇ ॥ ਹਰਿ ਆਪਿ ਜਪਾਇ ਆਪੇ ਹਰਿ ਜਾਪੇ ॥ ੨ ॥**

ਪ੍ਰਮੇਸ਼ਰ ਆਪੇਪ੍ਰਮੇਸ਼ਸ਼ਰ ਹੈ ਭਾਵ ਗੁਰੂਰੂਪ ਆਪਹੀ ਹੈ ਅਤੇ ਆਪੇਹੀ ਧੁਨ = ਬਾਣੀ ਵਿਚ ਚੰਗੀ ਤਰਾਂ ਪ੍ਰੀਤੀ ਕਰਨ ਵਾਲਾ ਸਿਖ ਹੈ।

ਆਪੇ ਹੀ ਪ੍ਰਮੇਸ਼ਰ ਆਪਣੀ ਬਣਾਈ ਹੋਈ ਦੁਨੀਆਂ ਨੂੰ ਵੇਖਦਾ ਹੈ ਅਤੇ ਆਪ ਹੀ ਖੁਸ਼ੀ ਹੁੰਦਾ ਹੈ। ਗੁਰੂ ਰੂਪ ਹੋਕੇ ਨਾਮ ਨੂੰ ਆਪੇ ਹੀ ਜਪਾਉਣ ਵਾਲਾ ਹੈ ਅਤੇ ਆਪ ਹੀ ਸਿਖ ਹੋਕੇ ਜਪਣ ਵਾਲਾ ਹੈ ਅਤੇ ਆਪ ਹੀ ਪ੍ਰਮੇਸ਼ਰ ਹੈ।

**ਹਰਿ ਆਪੇ ਸਾਰਿੰਗ ਅੰਮ੍ਰਿਤਧਾਰਾ ॥ ਹਰਿ ਅੰਮ੍ਰਿਤੁ ਆਪਿ ਪੀਆਵਣਹਾਰਾ ॥ ਹਰਿ ਆਪਿ ਕਰੇ ਆਪੇ ਨਿਸਤਾਰਾ ॥ ੩ ॥**

ਆਪੇ ਹੀ ਪ੍ਰਮੇਸ਼ਰ ਸਿਖ ਰੂਪ ਪਪੀਹਾ ਹੈ ਅਤੇ ਆਪੇ ਹੀ ਅੰਮ੍ਰਿਤ ਦੀ ਧਾਰਾ "ਬੂੰਦ" ਉਪਦੇਸ਼ ਹੈ ਜਾਂ ਨਾਮ ਹੈ। ਨਾਮ ਅੰਮ੍ਰਿਤ ਨੂੰ ਪਿਆ-

Digitized by Panjab Digital Library | www.panjabdigilib.org

ਉਣ ਵਾਲਾ ਜੇਹੜਾ ਗੁਰੂ ਹੈ ਓਹ ਵੀ ਆਪ ਹੀ ਹੈ।

ਪ੍ਰਮੇਸ਼ਰ ਆਪੇ ਹੀ ਬੰਨਣਾ ਕਰਦਾ ਹੈ ਅਤੇ ਆਪੇ ਹੀ ਬੰਧਨਾਂ ਤੋਂ ਨਿਸਤਾਰਾ = ਛੁਟਕਾਰਾ ਕਰਦਾ ਹੈ ਭਾਵ ਸੰਸਾਰ ਤੋਂ ਮੁਕਤ ਕਰਦਾ ਹੈ।

**ਹਰਿ ਆਪੇ ਬੇੜੀ ਤੁਲਹਾ ਤਾਰਾ॥ ਹਰਿ ਆਪੇ ਗੁਰਮਤੀ ਨਿਸਤਾਰਾ ॥ ਹਰਿ ਆਪੇ ਨਾਨਕ ਪਾਵੈ ਪਾਰਾ॥ ੪ ॥ ੬ ॥ ੪੪ ॥**

ਭਗਤੀ ਰੂਪ ਬੇੜੀ, ਪ੍ਰਮੇਸ਼ਰ ਰੂਪ ਤੁਲਹ ਅਤੇ ਗੁਰੂ ਰੂਪ ਤਾਰਾ = ਮਲਾਹ ਜਾਂ ਜਹਾਜ਼ ਵੀ ਆਪ ਹੀ ਹੈ, ਆਪੇ ਹੀ ਪ੍ਰਮੇਸ਼ਰ ਗੁਰ ਸਿੱਖਿਆ ਦੇ ਕੇ ਨਿਸਤਾਰਾ ਕਰਦਾ ਹੈ।

ਗੁਰੂ ਜੀ-ਆਪੇ ਹੀ ਪ੍ਰਮੇਸ਼ਰ ਸਿੱਖ ਰੂਪ ਹੋਕੇ ਪਾਰਾ = ਪਰਾ ਰੂਪ ਪ੍ਰਮੇਸ਼ਰ ਨੂੰ ਪਾਉਂਦਾ ਹੈ।

## ਗਉੜੀ ਬੈਰਾਗਣਿ ਮਹਲਾ ੪

**ਸਾਹੁ ਹਮਾਰਾ ਤੂੰ ਧਣੀ ਜੈਸੀ ਤੂੰ ਰਾਸਿ ਦੇਹਿ ਤੈਸੀ ਹਮ ਲੇਹਿ॥ ਹਰਿਨਾਮੁ ਵਣੰਜਹ ਰੰਗ ਸਿਉ ਜੇ ਆਪਿ ਦਇਆਲੁ ਹੋਇ ਦੇਹਿ॥ ੧ ॥**

ਹੇ ਮਾਲਕਾ! ਤੂੰ ਸਾਡਾ ਸ਼ਾਹ ਹੈਂ, ਜਿਸਤਰਾਂ ਦੀ ਤੂੰ ਸਾਨੂੰ ਰਾਸ ਪੂੰਜੀ ਦੇਂਦਾ ਹੈਂ, ਉਸੇ ਤਰਾਂ ਦੀ ਅਸੀਂ ਲੈਂਦੇ ਹਾਂ।

ਹੇ ਪ੍ਰਮੇਸ਼ਰਾ! ਜੇ ਤੂੰ ਆਪ ਦਿਆਲੁ ਹੋ ਕੇ ਆਪਣਾ ਨਾਮ ਦੇਵੇਂ ਤੇ ਤਾਂ ਅਸੀਂ ਨਾਮ ਦਾ ਸੌਦਾ ਪ੍ਰੇਮ ਨਾਲ ਲੈਂਦੇ ਹਾਂ।

**ਹਮ ਵਣਜਾਰੇ ਰਾਮ ਕੇ॥ ਹਰਿ ਵਣਜੁ ਕਰਾਵੈ ਦੇ ਰਾਸਿਰੇ॥ ੧ ॥ ਰਹਾਉ ॥**

ਹੇ ਰਾਮ! ਅਸੀਂ ਤੇਰੇ ਨਾਮ ਦੇ ਲੈਣ ਵਾਲੇ ਹਾਂ। ਹੇ ਪ੍ਰਮੇਸ਼ਰਾ ਤੂੰ ਸਾਨੂੰ ਸ੍ਵਾਸਾਂ ਜਾਂ ਚੰਗੇ ਗੁਣਾਂ ਰੂਪ ਰਾਸ ਦੇ ਕੇ ਭਗਤੀ ਰੂਪ ਜਾਂ ਸਮਾਨ ਸਾਧਾਰਨ ਵਿਹਾਰ ਆਪ ਹੀ ਕਰਾਉਂਦਾ ਹੈਂ।

**ਲਾਹਾ ਹਰਿ ਭਗਤਿ ਧਨੁ ਖਟਿਆ ਹਰਿ ਸਚੇ ਸਾਹ ਮਨਿ ਭਾਇਆ॥ ਹਰਿ ਜਪਿ ਹਰਿ ਵਖਰੁ ਲਦਿਆ ਜਮੁ ਜਾਗਾਤੀ ਨੇੜਿ ਨ ਆਇਆ॥ ੨ ॥**

ਹੇ ਪ੍ਰਮੇਸ਼ਰਾ! ਜਿਸਨੇ ਤੇਰੀ ਭਗਤੀ ਰੂਪ ਧਨ ਦਾ ਲਾਭ ਖੱਟਿਆ

Digitized by Panjab Digital Library | www.panjabdigilib.org

ਹੈ । ਹੇ ਪ੍ਰਮੇਸ਼ਰਾ ਸੱਚਿਆ ਸ਼ਾਹੂਕਾਰਾ ! ਓਹ ਆਦਮੀ ਤੇਰੇ ਮਨ ਨੂੰ ਚੰਗਾ ਲੱਗਾ ਹੈ ।

ਹੇ ਪ੍ਰਮੇਸ਼ਰਾ ! ਜਿਨ੍ਹਾਂ ਨੇ ਤੇਰੇ ਨਾਮ ਦੇ ਜਾਪ ਦਾ ਸੌਦਾ ਲੱਦਿਆ ਹੈ, ਉਹਨਾਂ ਆਦਮੀਆਂ ਦੇ ਨੇੜੇ ਜਮ ਰੂਪ ਮਸੂਲੀਆ ਨਹੀਂ ਆਯਾ ਹੈ ।

**ਹੋਰੁ ਵਣਜੁ ਕਰਹਿ ਵਾਪਾਰੀਏ ਅਨੰਤ ਤਰੰਗੀ ਦੁਖੁ ਮਾਇਆ ॥ ਓਇ ਜੇਹੈ ਵਣਜਿ ਹਰਿ ਲਾਇਆ ਫਲੁ ਤੇਹਾ ਤਿਨ ਪਾਇਆ ॥ ੩ ॥**

ਜੇਹੜੇ ਮਨਮੁਖ ਵਪਾਰੀ ਅਨੇਕ ਤਰਾਂ ਦੇ ਤਰੰਗਾਂ ਵਾਲੀ ਮਾਇਆ ਦੇ ਵਣਜ ਕਰਦੇ ਹਨ, ਓਹ ਦੁੱਖ ਪਾਉਂਦੇ ਹਨ।

ਹੇ ਪ੍ਰਮੇਸ਼ਰਾ ਓਹਨਾਂ ਆਦਮੀਆਂ ਨੂੰ ਜਿਸਤਰਾਂ ਦੇ ਵਣਜ ਵਿੱਚ ਤੂੰ ਲਾਇਆ ਹੈ ਓਸੇ ਹੀ ਤਰਾਂ ਦਾ ਦੁੱਖਾਂ ਰੂਪ ਫਲ ਓਹਨਾਂ ਮਨਮੁਖਾਂ ਨੇ ਪਾਇਆ ਹੈ ।

**ਹਰਿ ਹਰਿ ਵਣਜੁ ਸੋ ਜਨੁ ਕਰੇ ਜਿਸੁ ਕ੍ਰਿਪਾਲੁ ਹੋਇ ਪ੍ਰਭੁ ਦੇਈ ॥ ਜਨ ਨਾਨਕ ਸਾਹੁ ਹਰਿ ਸੇਵਿਆ ਫਿਰਿ ਲੇਖਾ ਮੂਲਿ ਨ ਲੇਈ ॥ ੪ ॥ ੧ ॥ ੭ ॥ ੪੫ ॥**

ਹੇ ਮਾਲਕਾ ਜਿਸਨੂੰ ਕ੍ਰਿਪਾਲੂ ਹੋਕੇ ਤੂੰ ਆਪ ਦੇਂਦਾ ਹੈਂ, ਓਹ ਆਦਮੀ ਹਰਿ ਹਰਿ ਨਾਮ ਦਾ ਵਣਜ ਕਰਦਾ ਹੈ। ਗੁਰੂ ਜੀ–ਜਿਸਨੇ ਪ੍ਰਮੇਸ਼ਰ ਮਾਲਕ ਸ਼ਾਹੂਕਾਰ ਨੂੰ ਸੇਵਿਆ ਹੈ, ਉਹ ਉਸਦਾ ਲੇਖਾ ਫੇਰ ਕਦੀ ਨਹੀਂ ਲੈਂਦਾ ਹੈ।

## ਗਉੜੀ ਬੈਰਾਗਣਿ ਮਹਲਾ ੪ ॥

**ਜਿਉ ਜਨਨੀ ਗਰਭੁ ਪਾਲਤੀ ਸੁਤ ਕੀ ਕਰਿ ਆਸਾ ॥ ਵਡਾ ਹੋਇ ਧਨੁ ਖਾਟਿ ਦੇਇ ਕਰਿ ਭੋਗ ਬਿਲਾਸਾ ॥ ਤਿਉ ਹਰਿ ਜਨ ਪ੍ਰੀਤਿ ਹਰਿ ਰਾਖਦਾ ਦੇ ਆਪਿ ਹਥਾਸਾ ॥ ੧ ॥**

ਜਿਸਤਰਾਂ ਮਾਂ ਪੁੱਤ ਦੀ ਆਸਾ ਕਰਕੇ ਗਰਭ ਦੀ ਪਾਲਣਾ ਕਰਦੀ ਹੈ, ਭਾਵ ਪੇਟ ਦੀ ਰੱਖਿਆ ਕਰਦੀ ਹੈ, ਮਾੜੀ ਭੈੜੀ ਵਸਤੂ ਨਹੀਂ ਖਾਂਦੀ।

ਰਿਦੇ ਵਿੱਚ ਜਾਣਦੀ ਹੈ ਕਿ ਪੁੱਤ ਵੱਡਾ ਹੋ ਕੇ ਧਨ ਖੱਟਕੇ ਦੇਵੇਗਾ ਅਸੀਂ ਉਸ ਧਨ ਨਾਲ ਭੋਗ ਬਿਲਾਸ ਕਰਾਂਗੇ ! ਭਾਵ ਸੁਖ ਨਾਲ ਖਾ ਕੇ ਅਨੰਦ ਨਾਲ ਸਮਾ ਬਿਤਾਵਾਂਗੇ।

Digitized by Panjab Digital Library | www.panjabdigilib.org

ਇੱਕੁਰ ਹੀ ਪ੍ਰਮੇਸ਼ਰ ਆਪਣਿਆਂ ਦਾਸਾਂ ਨੂੰ ਆਸਰਾ ਦੇ ਕੇ ਓਹਨਾਂ ਦੀ ਪ੍ਰੀਤੀ ਆਪਣੇ ਵਿੱਚ ਰੱਖਦਾ ਹੈ ਜਾਂ ਹੱਥ ਦੇ ਕੇ ਰੱਖਿਆ ਕਰਦਾ ਹੈ, ਕਿਉਂ ਜੋ ਓਹ ਪ੍ਰੀਤੀ ਕਰਦੇ ਹਨ।

**ਮੇਰੇ ਰਾਮ ਮੈ ਮੂਰਖ ਹਰਿ ਰਾਖੁ ਮੇਰੇ ਗੁਸਈਆ ॥ ਜਨ ਕੀ ਉਪਮਾ ਤੁਝਹਿ ਵਡਈਆ ॥ ੧ ॥ ਰਹਾਉ ॥**

ਹੇ ਰਾਮ! ਹੇ ਪ੍ਰਮੇਸ਼ਰ!! ਮੇਰੇ ਮਾਲਕਾ ਮੈਨੂੰ ਮੂਰਖ ਨੂੰ ਰੱਖ ਲੈ ਜੇਹੜੀ ਦਾਸ ਦੀ ਉਪਮਾ ਹੈ,ਏਹੋ ਹੀ ਆਪ ਦੀ ਵਡਿਆਈ ਹੈ।

**ਮੰਦਰਿ ਘਰਿ ਆਨੰਦੁ ਹਰਿ ਹਰਿ ਜਸੁ ਮਨਿ ਭਾਵੈ ॥ ਸਭ ਰਸ ਮੀਠੇ ਮੁਖਿ ਲਗਹਿ ਜਾ ਹਰਿ ਗੁਣ ਗਾਵੈ ॥ ਹਰਿ ਜਨੁ ਪਰਵਾਰੁ ਸਧਾਰੁ ਹੈ ਇਕੀਹ ਕੁਲੀ ਸਭੁ ਜਗਤੁ ਛਡਾਵੈ ॥ ੨ ॥**

ਹੇ ਹਰਿਆਂ ਕਰਨ ਵਾਲਿਆ ਪ੍ਰਮੇਸ਼ਰਾ ਮੰਦਰ = ਸਰੀਰ ਤੇ ਘਰ = ਰਿਦਾ ਇਸ ਵਿੱਚ ਤਾਂ ਅਨੰਦ ਹੁੰਦਾ ਹੈ, ਜੇ ਜੱਸ ਮਨ ਵਿੱਚ ਚੰਗਾ ਲੱਗੇ ਸਾਰੇ ਰਸ ਮਿੱਠੇ ਮੂੰਹ ਵਿੱਚ ਤਾਂ ਲੱਗਦੇ ਹਨ ਜੇ ਪ੍ਰਮੇਸ਼ਰ ਦੇ ਗੁਣਾਂ ਨੂੰ ਗਾਵੇ। ਹੇ ਪ੍ਰਮੇਸ਼ਰਾ ਤੇਰਾ ਦਾਸ ਆਪ ਤਾਂ ਪਰਵਾਰ ਅਤੇ ਇੱਕੀ ਕੁਲਾਂ ਨਾਲ ਉਧਾਰ ਸਹਿਤ ਹੈ ਅਗੇ ਸਗੋਂ ਨਾਮ ਦਾ ਉਪਦੇਸ਼ ਦੇਕੇ ਸਾਰੇ ਜਗਤ ਨੂੰ ਛੁਡਾ ਲੈਂਦਾ ਹੈ।

**ਜੋ ਕਿਛੁ ਕੀਆ ਸੋ ਹਰਿ ਕੀਆ ਹਰਿ ਕੀ ਵਡਿਆਈ ॥ ਹਰਿ ਜੀਅ ਤੇਰੇ ਤੂੰ ਵਰਤਦਾ ਹਰਿ ਪੂਜ ਕਰਾਈ ॥ ਹਰਿ ਭਗਤਿ ਭੰਡਾਰ ਲਹਾਇਦਾ ਆਪੇ ਵਰਤਾਈ ॥ ੩ ॥**

ਜੋ ਕੁਝ ਕੀਤਾ ਹੈ ਸੋ ਸਭ ਪ੍ਰਮੇਸ਼ਰ ਨੇ ਹੀ ਕੀਤਾ ਹੈ, ਇਹ ਸਾਰੀ ਪ੍ਰਮੇਸ਼ਰ ਦੀ ਹੀ ਵਡਿਆਈ ਹੈ,ਮੇਰੇ ਪਾਸੋਂ ਕੁਛ ਨਹੀਂ ਹੋ ਸਕਦਾ ਹੈ।

ਹੇ ਪ੍ਰਮੇਸ਼ਰਾ ਸਾਰੇ ਆਦਮੀ ਤੇਰੇ ਬਣਾਏ ਹੋਇ ਹਨ ਤੂੰ ਸਾਰਿਆਂ ਵਿਚ ਵਰਤਦਾ ਹੈਂ ਅਤੇ ਪੂਜਾ ਕਰਾਉਂਦਾ ਹੈਂ। ਆਪ ਹੀ ਭਗਤੀ ਰੂਪ ਖਜ਼ਾਨੇ ਨੂੰ ਲੱਭਦਾ ਹੈਂ ਅਤੇ ਆਪ ਹੀ ਗੁਰੂ ਰੂਪ ਹੋਕੇ ਵਰਤਾਂਦਾ ਹੈਂ।

**ਲਾਲਾ ਹਾਟਿ ਵਿਹਾਝਿਆ ਕਿਆ ਤਿਸੁ ਚਤਰਾਈ ॥ ਜੇ ਰਾਜਿ ਬਹਾਲੇ ਤਾ ਹਰਿ ਗੁਲਾਮੁ ਘਾਸੀ ਕਉ ਹਰਿ ਨਾਮੁ**

Digitized by Panjab Digital Library | www.panjabdigilib.org

**ਕਢਾਈ ॥ ਜਨੁ ਨਾਨਕੁ ਹਰਿ ਕਾ ਦਾਸੁ ਹੈ ਹਰਿ ਕੀ ਵਡਿਆਈ ॥ ੪ ॥ ੨ ॥ ੮ ॥ ੪੬ ॥**

ਕਢਾਈ = ਪ੍ਰਗਟ ਕਰਨਾ।

ਮੈਨੂੰ ਦਾਸ ਗੁਲਾਮ ਨੂੰ ਜੇਹੜਾ ਤੂੰ ਸਤਸੰਗ ਰੂਪ ਹੱਟੀ ਤੋਂ ਖਰੀਦਿਆ ਹੈ ਉਸ ਦਾਸ ਦੀ ਉਸ ਮਾਲਕ ਦੇ ਅੱਗੇ ਕੀ ਚਤਰਾਈ ਹੈ ਭਾਵ ਮੈਂ ਤੇਰੇ ਅੱਗੇ ਕੀ ਬੋਲ ਸੱਕਦਾ ਹਾਂ।

ਜੇ ਰਾਜ ਸਿੰਘਾਸਨ ਉਤੇ ਬਹਾਵੇਂ ਤੇ ਤਾਂ ਵੀ ਤੇਰੀ ਹੀ ਵਡਿਆਈ ਹੈ ਮੈਂ ਤੇਰਾ ਦਾਸ ਹਾਂ। ਜੇ ਘਾਹ ਖੋਤਣ ਡਾਹ ਦੇਵੇਂਗਾ ਤੇ ਤਾਂ ਵੀ ਤੇਰਾ ਹੀ ਨਾਮ ਪ੍ਰਗਟ ਕਰਾਂਗਾ ਕਿ ਮੈਂ ਪ੍ਰਮੇਸਰ ਦਾ ਦਾਸ ਹਾਂ।

ਗੁਰੂ ਜੀ–ਮੈ ਤਾਂ ਪ੍ਰਮੇਸਰ ਦਾ ਦਾਸ ਹਾਂ ਇਸ ਲਈ ਹੇ ਪ੍ਰਮੇਸਰਾ! ਮੈ ਤੇਰੀ ਵਡਿਆਈ ਕਰਦਾ ਹਾਂ।

## ਗਉੜੀ ਗੁਆਰੇਰੀ ਮਹਲਾ ੪ ॥

**ਕਿਰਸਾਣੀ ਕਿਰਸਾਣੁ ਕਰੇ ਲੋਚੈ ਜੀਉ ਲਾਇ ॥ ਹਲੁ ਜੋਤੈ ਉਦਮੁ ਕਰੇ ਮੇਰਾ ਪੁਤੁ ਧੀ ਖਾਇ ॥ ਤਿਉ ਹਰਿ ਜਨੁ ਹਰਿ ਹਰਿ ਜਪੁ ਕਰੇ ਹਰਿ ਅੰਤਿ ਛਡਾਇ ॥ ੧ ॥**

ਜਿਸ ਤਰਾਂ ਜ਼ਿਮੀਦਾਰ ਖੇਤੀ ਕਰਦਾ ਹੈ ਅਤੇ ਦਿਲ ਲਾਕੇ ਚਾਹੁੰਦਾ ਹੈ,

ਉੱਦਮ ਕਰਕੇ ਹਲ ਨੂੰ ਜੋਂਦਾ ਹੈ ਕਿ ਮੇਰਾ ਪੁਤ੍ਰ ਧੀ ਖਾਵੇ ਗਾ ਇੱਕੁਰ ਹੀ ਹੇ ਪ੍ਰਮੇਸ਼ਰਾ ਤੇਰੇ ਦਾਸ ਇਹ ਜਾਣਕੇ ਤੇਰਾ ਹਰਿ ਹਰਿ ਜਾਪ ਕਰਦੇ ਹਨ ਕਿ ਸਾਨੂੰ ਅੰਤ ਨੂੰ ਛੁਡਾ ਲਏਗਾ।

**ਮੈ ਮੂਰਖ ਕੀ ਗਤਿ ਕੀਜੈ ਮੇਰੇ ਰਾਮ ॥ ਗੁਰ ਸਤਿਗੁਰ ਸੇਵਾ ਹਰਿ ਲਾਇ ਹਮ ਕਾਮ ॥ ੧ ॥ ਰਹਾਉ ॥**

ਹੇ ਮੇਰੇ ਰਾਮ ਮੈਂ ਮੂਰਖ ਦੀ ਗਤੀ ਕਰ। ਜੇਹੜੇ ਸਤਿਗੁਰੂ ਪੂਜਣ ਜੋਗ ਹਨ ਓਹਨਾਂ ਦੀ ਸੇਵਾ ਰੂਪ ਕੰਮ ਵਿਚ ਮੈਨੂੰ ਲਾ ਦੇਹ।

**ਲੈ ਤੁਰੇ ਸਉਦਾਗਰੀ ਸਉਦਾਗਰੁ ਧਾਵੈ ॥ ਧਨੁ ਖਟੈ ਆਸਾ ਕਰੈ ਮਾਇਆ ਮੋਹੁ ਵਧਾਵੈ ॥ ਤਿਉ ਹਰਿ ਜਨੁ ਹਰਿ ਹਰਿ ਬੋਲਤਾ ਹਰਿ ਬੋਲਿ ਸੁਖੁ ਪਾਵੈ ॥ ੨ ॥**

ਜਿਸਤਰਾਂ ਸੁਦਾਗਰ ਘੋੜੇ ਲੈਕੇ ਸੁਦਾਗਰੀ ਨੂੰ ਜਾਂਦਾ ਹੈ।

ਧਨ ਖੱਟਣ ਦੀ ਆਸਾ ਕਰਦਾ ਹੈ ਅਤੇ ਮਾਇਆ ਵਿਚ ਮੋਹ ਵਧਾ-

Digitized by Panjab Digital Library | www.panjabdigilib.org

ਉਂਦਾ ਹੈ। ਇੱਕੁਰ ਹੀ ਪ੍ਰਮੇਸ਼ਰ ਦਾ ਦਾਸ ਪ੍ਰਮੇਸ਼ਰ ਦਾ ਨਾਮ ਜਪਦਾ ਹੈ ਅਤੇ ਨਾਮ ਨੂੰ ਜਪਕੇ ਸੁਖ ਪਾਉਂਦਾ ਹੈ।

**ਬਿਖੁ ਸੰਚੈ ਹਟਵਾਣੀਆ ਬਹਿ ਹਾਟਿ ਕਮਾਇ ॥ ਮੋਹ ਝੂਠੁ ਪਸਾਰਾ ਝੂਠ ਕਾ ਝੂਠੇ ਲਪਟਾਇ ॥ ਤਿਉ ਹਰਿ ਜਨਿ ਹਰਿ ਧਨੁ ਸੰਚਿਆ ਹਰਿ ਖਰਚੁ ਲੈ ਜਾਇ ॥ ੩ ॥**

ਜਿਸਤਰਾਂ ਬਾਣੀਆਂ ਦੁਕਾਨ ਵਿਚ ਬੈਠਕੇ ਕਾਰ ਕਮਾਉਂਦਾ ਹੈ ਅਤੇ ਵਿਹੁ ਰੂਪ ਧਨ ਨੂੰ ਕੱਠਾ ਕਰਦਾ ਹੈ। ਜੇਹੜਾ ਸੰਸਾਰ ਝੂਠ ਦਾ ਪਸਾਰਾ ਹੈ ਉਸ ਵਿਚ ਮੋਹ ਕਰਕੇ ਜਿਸ ਤਰਾਂ ਝੂਠੇ ਆਦਮੀ ਚੰਬੜੇ ਰਹਿੰਦੇ ਹਨ।

ਏਸੇਤਰਾਂ ਪ੍ਰਮੇਸ਼ਰ ਦੇ ਦਾਸਾਂ ਨੇ ਪ੍ਰਮੇਸ਼ਰ ਦਾ ਨਾਮ ਧਨ ਕੱਠਾ ਕੀਤਾ ਹੈ, ਓਹੋ ਹੀ ਨਾਮ ਰੂਪ ਖਰਚ ਅੰਤ ਨੂੰ ਨਾਲ ਲੈ ਜਾਂਦੇ ਹਨ।

**ਇਹੁ ਮਾਇਆ ਮੋਹ ਕੁਟੰਬੁ ਹੈ ਭਾਇ ਦੂਜੈ ਫਾਸ ॥ ਗੁਰਮਤੀ ਸੋ ਜਨੁ ਤਰੈ ਜੋ ਦਾਸਨਿਦਾਸ ॥ ਜਨਿ ਨਾਨਕਿ ਨਾਮੁ ਧਿਆਇਆ ਗੁਰਮੁਖਿ ਪਰਗਾਸ ॥ ੪ ॥ ੩ ॥ ੯ ॥ ੪੭ ॥**

ਇਹ ਮਾਇਆ ਦਾ ਬਣਾਇਆ ਹੋਇਆ ਜੇਹੜਾ ਟੱਬਰ ਹੈ ਜੇਹੜਾ ਦ੍ਵੈਤ ਭਾਵਨਾ ਕਰਕੇ ਉਸ ਵਿਚ ਮੋਹ ਕਰਨਾ ਹੈ, ਇਹ ਇੱਕ ਤਰਾਂ ਦੀ ਜੀਵ ਦੇ ਵਾਸਤੇ ਫਾਹੀ ਹੈ।

ਇਸ ਮਾਇਆ ਦੇ ਮੋਹ ਵਿਚੋਂ ਓਹ ਆਦਮੀ ਤਰਦਾ ਹੈ ਜੇਹੜਾ ਗੁਰਾਂ ਦੀ ਸਿਖਿਆ ਲੈਕੇ ਦਾਸਾਂ ਦਾ ਦਾਸ ਹੁੰਦਾ ਹੈ। ਗੁਰੂ ਜੀ–ਜਿਨ੍ਹਾਂ ਗੁਰਮੁਖਾਂ ਨੇ ਤੇਰਾ ਨਾਮ ਧਿਆਇਆ ਹੈ ਓਹਨਾਂ ਨੂੰ ਚਾਨਣਾ ਹੋਇਆ ਹੈ।

## ਗਉੜੀ ਬੈਰਾਗਣਿ ਮਹਲਾ ੪ ॥

**ਨਿਤ ਦਿਨਸੁ ਰਾਤਿ ਲਾਲਚੁ ਕਰੇ ਭਰਮੈ ਭਰਮਾਇਆ ॥ ਵੇਗਾਰਿ ਫਿਰੈ ਵੇਗਾਰੀਆ ਸਿਰਿ ਭਾਰੁ ਉਠਾਇਆ ॥ ਜੋ ਗੁਰ ਕੀ ਜਨੁ ਸੇਵਾ ਕਰੇ ਸੋ ਘਰ ਕੈ ਕੰਮਿ ਹਰਿ ਲਾਇਆ ॥ ੧ ॥**

ਰੋਜ ਦਿਨ ਰਾਤ ਲਾਲਚ ਕਰਦਾ ਹੈ, ਇਸਤਰੀ ਪੁਤ੍ਰ ਆਦਿਕਾਂ ਦਾ ਭਰਮਾਇਆ ਹੋਇਆ ਭਰਮਦਾ ਹੈ।

ਵਿਗਾਰੀ ਆਦਮੀ ਟੱਬਰ ਦੀ ਵਿਗਾਰ ਵਿਚ ਫਿਰਦਾ ਹੈ, ਸਿਰ ਉੱਤੇ ਵਿਹਾਰਾਂ ਦਾ ਭਾਰ ਚੁੱਕਿਆ ਹੋਇਆ ਹੈ। ਜੇਹੜਾ ਆਦਮੀ

Digitized by Panjab Digital Library | www.panjabdigilib.org

ਗੁਰਾਂ ਦੀ ਸੇਵਾ ਕਰਦਾ ਹੈ ਓਹ ਪ੍ਰਮੇਸ਼ਰ ਨੇ ਘਰ ਦੇ ਭਾਵ ਆਪਣੇ ਕੰਮ ਲਾਇਆ ਹੈ।

**ਮੇਰੇ ਰਾਮ ਤੋੜਿ ਬੰਧਨ ਮਾਇਆ ਘਰ ਕੈ ਕੰਮਿ ਲਾਇ ॥ ਨਿਤ ਹਰਿਗੁਨ ਗਾਵਹ ਹਰਿ ਨਾਮਿ ਸਮਾਇ ॥ ੧ ॥ ਰਹਾਉ ॥**

ਹੇ ਮੇਰੇ ਪ੍ਰਮੇਸਰਾ! ਮੇਰੇ ਮਾਇਆ ਦੇ ਬੰਧਨਾਂ ਨੂੰ ਤੋੜ ਕੇ ਮੈਨੂੰ ਵੀ ਆਪਣੇ ਕੰਮ ਵਿਚ ਲਾ ਲੈ। ਹ ਪ੍ਰਮਾਤਮਾ! ਮੈਂ ਰੋਜ ਤੇਰੇ ਗੁਣਾਂ ਨੂੰ ਗਾਵਾਂ ਅਤੇ ਤੇਰੇ ਹਰੀ ਨਾਮੀ ਵਿਚ ਹੀ ਸਮਾਇਆ ਰਹਾਂ।

**ਨਰੁ ਪ੍ਰਾਣੀ ਚਾਕਰੀ ਕਰੇ ਨਰਪਤਿ ਰਾਜੇ ਅਰਥਿ ਸਭ ਮਾਇਆ ॥ ਕੈ ਬੰਧੈ ਕੈ ਡਾਨਿ ਲੇਇ ਕੈ ਨਰਪਤਿ ਮਰਿ ਜਾਇਆ ॥ ਧੰਨੁ ਧਨੁ ਸੇਵਾ ਸਫਲ ਸਤਿਗੁਰੂ ਕੀ ਜਿਤੁ ਹਰਿ ਹਰਿ ਨਾਮੁ ਜਪਿ ਹਰਿ ਸੁਖੁ ਪਾਇਆ ॥ ੨ ॥**

ਜੇਹੜਾ ਮਨੁਖਾਂ ਦਾ ਮਾਲਕ ਰਾਜਾ ਹੈ ਉਸਦੀ ਨੌਕਰੀ ਆਦਮੀ ਆਪਣੇ ਪ੍ਰਾਣਾਂ ਦੇ ਅੰਤ ਹੋਣ ਤਕ ਭਾਵ ਨੌਕਰੀ ਕਰਦਾ ੨ ਮਰ ਜਾਂਦਾ ਹੈ ਪਰ ਓਹ ਸਾਰੀ ਨੌਕਰੀ ਮਾਇਆ ਦੇ ਵਾਸਤੇ ਹੈ, ਉਹ ਸਾਰੀ ਮਾਇਆ ਰਾਜਿਆਂ ਦੇ ਕੰਮ ਆਉਂਦੀ ਹੈ।

ਜੇ ਤਾਂ ਕਿਸੇ ਔਗੁਣ ਕਰਕੇ ਰਾਜਾ ਬੰਨ੍ਹ ਲਵੇਗਾ ਤੇ ਓਹ ਆਦਮੀ ਬੱਧਾ ਹੀ ਮਰ ਜਾਵੇਗਾ। ਜੋੜਿਆ ਹੋਇਆ ਧਨ ਡੰਡ ਵਿਚ ਲੈਕੇ ਛਡੇਗਾ ਜਾਂ ਰਾਜਾ ਹੀ ਮਰ ਗਿਆ ਦੇਸ ਵਿਚ ਰੌਲਾ ਪੈ ਗਿਆ ਤਾਂ ਤਲਬ ਛੱਡਕੇ ਚਲਿਆ ਜਾਵੇਗਾ। ਮੇਰੇ ਖਿਆਲ ਵਿਚ ਤਾਂ ਪ੍ਰਮੇਸ਼ਰ ਦੀ ਸਤਿਗੁਰਾਂ ਦੀ ਸੇਵਾ ਧੰਨ ਧੰਨ ਅਤੇ ਸਫਲੀ ਹੈ, ਜਿਸ ਕਰਕੇ ਅਸਾਂ ਤੇਰਾ ਹਰਿ ਹਰਿ ਨਾਮ ਜਪਕੇ ਹਰ ਤਰਾਂ ਨਾਲ ਸੁਖ ਪਾਇਆ ਹੈ।

**ਨਿਤ ਸਉਦਾ ਸੂਦੁ ਕੀਚੈ ਬਹੁ ਭਾਤਿ ਕਰਿ ਮਾਇਆ ਕੈ ਤਾਈ ॥ ਜਾ ਲਾਹਾ ਦੇਇ ਤਾ ਸੁਖੁ ਮਨੇ ਤੋਟੈ ਮਰਿ ਜਾਈ ॥ ਜੋ ਗੁਣ ਸਾਝੀ ਗੁਰ ਸਿਉ ਕਰੇ ਨਿਤ ਨਿਤ ਸੁਖੁ ਪਾਈ ॥ ੩ ॥**

ਗੁਰਾਂ ਦੀ ਸੇਵਾ ਤੋਂ ਬਿਨਾ ਜੇਹੜਾ ਸਦਾ ਮਾਇਆ ਦੇ ਵਾਸਤੇ ਬਹੁਤ ਤਰਾਂ ਕਰਕੇ ਸੌਦਾਗਰ ਹੋਕੇ ਸੌਦਾ ਕਰੀਦਾ ਹੈ ਅਤੇ ਰੁਪੱਏ ਦੇਕੇ ਬਿਆਜ

Digitized by Panjab Digital Library | www.panjabdigilib.org

ਲੈਣਾ ਕਰੀਦਾ ਹੈ। ਸੋ ਜੇਕਰ ਓਹ ਸੌਦਾ ਆਦਮੀ ਨੂੰ ਕੋਈ ਲਾਭ ਦੇਵੇ ਤੇ ਤਾਂ ਸੁਖ ਮੰਨਦਾ ਹੈ ਅਤੇ ਜੇ ਘਾਟਾ ਪਵੇ ਤੇ ਤਾਂ ਮਰ ਜਾਂਦਾ ਹੈ ਭਾਵ ਸੁਖ ਦੁਖ ਦੋਵੇਂ ਉਸ ਵਿਚ ਬਣੇ ਰਹਿੰਦੇ ਹਨ।

ਜੇਹੜਾ ਆਦਮੀ ਗੁਣਾਂ ਦੀ ਸਾਂਝ ਪਿਹਾਲੀ ਗੁਰਾਂ ਦੇ ਨਾਲ ਕਰਦਾ ਹੈ ਭਾਵ ਗੁਰਾਂ ਪਾਸੋਂ ਗੁਣ ਸਿਖਦਾ ਹੈ ਓਹ ਰੋਜ ਹੀ ਸੁਖ ਪਾਉਂਦਾ ਹੈ।

**ਜਿਤਨੀ ਭੂਖ ਅਨੁਰਸ ਸਾਦ ਹੈ ਤਿਤਨੀ ਭੂਖ ਫਿਰਿ ਲਾਗੈ ॥ ਜਿਸੁ ਹਰਿ ਆਪਿ ਕ੍ਰਿਪਾ ਕਰੇ ਸੋ ਵੇਚੇ ਸਿਰੁ ਗੁਰ ਆਗੈ ॥ ਜਨ ਨਾਨਕ ਹਰਿ ਰਸਿ ਤ੍ਰਿਪਤਿਆ ਫਿਰਿ ਭੂਖ ਨ ਲਾਗੈ ॥ ੪ ॥ ੪ ॥ ੧੦ ॥ ੪੮ ॥**

ਜਿਤਨੀ ਭੁਖ = ਤ੍ਰਿਸ਼ਨਾ ਹੋਰ ਰਸਾਂ ਦੇ ਸ੍ਵਾਦ ਲੈਣ ਦੀ ਹੈ ਓਹਨਾਂ ਨੂੰ ਖਾਕੇ ਉਤਨੀ ਹੀ ਭੁਖ ਫਿਰ ਆ ਲਗਦੀ ਹੈ ਭਾਵ ਵਿਸ਼ਿਆਂ ਨਾਲ ਤ੍ਰਿਸ਼ਨਾ ਦੂਰ ਨਹੀ ਹੁੰਦੀ ਹੈ।

ਜਿਸਦੇ ਉਤੇ ਆਪ ਪ੍ਰਮੇਸ਼ਰ ਕਿਰਪਾ ਕਰਦਾ ਹੈ, ਸਤਿਗੁਰਾਂ ਦੇ ਅਗੇ ਸਿਰ ਵੇਚਦਾ ਹੈ ਭਾਵ ਹੰਕਾਰ ਛੱਡਦਾ ਹੈ।

ਗੁਰੂ ਜੀ—ਹੇ ਪ੍ਰਮੇਸ਼ਰਾ ਓਹ ਜੇਹੜਾ ਤੇਰੇ ਨਾਮ ਰਸ ਵਿੱਚ ਰੱਜਿਆ ਹੋਇਆ ਹੈ, ਉਸ ਆਦਮੀ ਨੂੰ ਫਿਰ ਕਿਸੇਤਰਾਂ ਦੀ ਭੁੱਖ ਨਹੀਂ ਲੱਗਦੀ ਹੈ।

## ਗਉੜੀ ਬੈਰਾਗਣਿ ਮਹਲਾ ੪ ॥

**ਹਮਰੈ ਮਨਿ ਚਿਤਿ ਹਰਿ ਆਸ ਨਿਤ ਕਿਉ ਦੇਖਾ ਹਰਿ ਦਰਸੁ ਤੁਮਾਰਾ ॥ ਜਿਨਿ ਪ੍ਰੀਤਿ ਲਾਈ ਸੋ ਜਾਣਤਾ ਹਮਰੈ ਮਨਿ ਚਿਤਿ ਹਰਿ ਬਹੁਤੁ ਪਿਆਰਾ ॥ ਹਉ ਕੁਰਬਾਨੀ ਗੁਰ ਆਪਣੇ ਜਿਨਿ ਵਿਛੁੜਿਆ ਮੇਲਿਆ ਮੇਰਾ ਸਿਰਜਨਹਾਰਾ ॥ ੧ ॥**

ਮੇਰੇ ਮਨ ਚਿੱਤ ਵਿੱਚ ਰੋਜ਼ ਪ੍ਰਮੇਸ਼ਰ ਦੇ ਦਰਸ਼ਨ ਦੀ ਆਸਾ ਹੈ। ਹੇ ਪ੍ਰਮੇਸ਼ਰਾ ਤੇਰਾ ਦਰਸ਼ਨ ਕਿਸਤਰਾਂ ਦੇਖਾਂ।

ਜਿਸ ਆਦਮੀ ਨੇ ਪ੍ਰੀਤੀ ਲਾਈ ਹੇ, ਓਹ ਜਾਣਦਾ ਹੈ। ਇਸ ਲਈ ਹੇ ਪ੍ਰਮੇਸ਼ਰਾ ਮੇਰੇ ਮਨ ਚਿੱਤ ਵਿੱਚ ਤੂੰ ਬਹੁਤ ਪਿਆਰਾ ਹੈਂ।

ਮੈਂ ਆਪਣਿਆਂ ਗੁਰਾਂ ਤੋਂ ਕੁਰਬਾਨ ਜਾਂਦਾ ਹਾਂ, ਜਿਨ੍ਹਾਂ ਨੇ ਪੈਦਾ

Digitized by Panjab Digital Library | www.panjabdigilib.org

ਕਰਨ ਵਾਲਾ ਪ੍ਰਮੇਸ਼ਰ ਮੇਰੇ ਤੋਂ ਵਿੱਛੜਿਆ ਹੋਯਾ ਮੇਰੇ ਨਾਲ ਮੇਲ ਦਿੱਤਾ ਹੈ।

**ਮੇਰੇ ਰਾਮ ਹਮ ਪਾਪੀ ਸਰਣਿ ਪਰੇ ਹਰਿ ਦੁਆਰਿ॥ ਮਤੁ ਨਿਰਗੁਣ ਹਮ ਮੇਲੈ ਕਬਹੂੰ ਅਪੁਨੀ ਕਿਰਪਾ ਧਾਰਿ ॥ ੧ ॥ ਰਹਾਉ ॥**

ਹੇ ਮੇਰੇ ਰਾਮ ਹੇ ਮੇਰੇ ਹਰੀ ਪ੍ਰਮੇਸ਼ਰਾ ! ਅਸੀਂ ਪਾਪੀ ਤੇਰੇ ਦਰਵਾਜ਼ੇ ਦੀ ਸ਼ਰਨ ਪਏ ਹਾਂ । ਮਤਿ = ਭਲਾ ਜੇ ਆਪਣੀ ਕਿਰਪਾ ਕਰਕੇ ਕਦੀ ਸਾਨੂੰ ਨਿਰਗੁਣਿਆਰਿਆਂ ਨੂੰ ਵੀ ਮੇਲ ਲਵੇਂ ।

**ਹਮਰੇ ਅਵਗੁਣ ਬਹੁਤੁ ਬਹੁਤੁ ਹੈ ਬਹੁ ਬਾਰ ਬਾਰ ਹਰਿ ਗਣਤ ਨ ਆਵੈ ॥ ਤੂੰ ਗੁਣਵੰਤਾ ਹਰਿ ਹਰਿ ਦਇਆਲੁ ਹਰਿ ਆਪੇ ਬਖਸਿ ਲੈਹਿ ਹਰਿ ਭਾਵੈ ॥ ਹਮ ਅਪਰਾਧੀ ਰਾਖੇ ਗੁਰ ਸੰਗਤੀ ਉਪਦੇਸੁ ਦੀਓ ਹਰਿਨਾਮੁ ਛਡਾਵੈ ॥ ੨ ॥**

ਹੇ ਪ੍ਰਮੇਸ਼ਰਾ ਸਾਡੇ ਔਗੁਣ ਬਹੁਤ ਬਾਰ ਬਾਰ ਕੀਤੇ ਹੋਏ ਬਹੁਤ ਬਹੁਤ ਹਨ, ਗਿਣਤੀ ਨਹੀਂ ਆਉਂਦੀ ਹੈ।

ਹੇ ਪ੍ਰਮੇਸ਼ਰਾ ਤੂੰ ਗੁਣ ਦਾਤਾ ਦਿਆਲੂ ਹੈਂ । ਜਿਨ੍ਹਾਂ ਨੂੰ ਤੇਰਾ ਹਰਿ ਹਰਿ ਨਾਮ ਚੰਗਾ ਲੱਗਦਾ ਹੈ, ਉਹਨਾਂ ਨੂੰ ਤੂੰ ਆਪੇ ਬਖਸ਼ ਲੈਂਦਾ ਹੈਂ । ਹੇ ਪ੍ਰਮੇਸ਼ਰਾ ਸਾਨੂੰ ਅਪਰਾਧੀਆਂ ਨੂੰ ਗੁਰਾਂ ਦੀ ਸੰਗਤ ਦਵਾਰਾ ਨਾਮ ਦਾ ਉਪਦੇਸ਼ ਦੇ ਕੇ ਰੱਖ ਲਿਆ ਹੈ ਅਤੇ ਸੰਸਾਰ ਦੇ ਬੰਧਨਾਂ ਤੋਂ ਛੁਡਾ ਲਿਆ ਹੈ।

**ਤੁਮਰੇ ਗੁਣ ਕਿਆ ਕਹਾ ਮੇਰੇ ਸਤਿਗੁਰਾ ਜਬ ਗੁਰੁ ਬੋਲਹ ਤਬ ਬਿਸਮੁ ਹੋਇ ਜਾਇ ॥ ਹਮ ਜੈਸੇ ਅਪਰਾਧੀ ਅਵਰੁ ਕੋਈ ਰਾਖੈ ਜੈਸੇ ਹਮ ਸਤਿਗੁਰਿ ਰਾਖਿ ਲੀਏ ਛਡਾਇ ॥ ਤੂੰ ਗੁਰੁ ਪਿਤਾ ਤੂੰ ਹੈ ਗੁਰੁ ਮਾਤਾ ਤੂੰ ਗੁਰੁ ਬੰਧਪੁ ਮੇਰਾ ਸਖਾ ਸਖਾਇ ॥ ੩ ॥**

ਹੇ ਮੇਰੇ ਸਤਿਗੁਰਾ ਮੈਂ ਆਪ ਦੇ ਗੁਣਾਂ ਨੂੰ ਕੀ ਕਥਨ ਕਰਾਂ। ਜਦੋਂ ਆਪ ਆਦਰ ਦੇ ਨਾਲ ਬੁਲਾਉਂਦੇ ਹੋ ਤਾਂ ਮੇਰਾ ਮਨ ਅਸਚਰਜ ਹੋ ਜਾਂਦਾ ਹੈ ਕਿ ਦੇਖੋ ਮੈਂ ਐਡਾ ਔਗੁਣ ਭਰਿਆ ਹਾਂ, ਪਰ ਗੁਰੂ ਕਿੱਡੀ ਕਿਰਪਾ ਕਰਦੇ ਹਨ, ਇਸ ਲਈ ਅਸਚਰਜ ਹਾਂ।

ਮੇਰੇ ਵਰਗਿਆਂ ਅਪਰਾਧੀਆਂ ਨੂੰ ਜਿਸਤਰਾਂ ਮੈਨੂੰ ਸਤਿਗੁਰਾਂ ਨੇ

Digitized by Panjab Digital Library | www.panjabdigilib.org

ਸੰਸਾਰ ਦੇ ਬੰਧਨਾਂ ਤੋਂ ਛੁਡਾ ਕੇ ਰੱਖ ਲਿਆ ਹੈ। ਦੱਸੋ ਖਾਂ ਹੋਰ ਕੋਈ ਰੱਖ ਸੱਕਦਾ ਹੈ, ਭਾਵ ਕੋਈ ਨਹੀਂ ਰੱਖ ਸੱਕਦਾ ਹੈ।

ਹੇ ਗੁਰੂ ਜੀ! ਤੂੰ ਹੀ ਮੇਰਾ ਪਿਤਾ ਹੈਂ ਅਤੇ ਤੂੰ ਹੀ ਗੁਰੂ ਮਾਤਾ ਵਰਗਾ ਹੈਂ ਅਤੇ ਤੂੰ ਹੀ ਗੁਰੂ ਭਰਾ ਵਰਗਾ ਹੈਂ ਅਤੇ ਸਹਾਇਤਾ ਕਰਨ ਵਾਲਾ ਮਿੱਤ੍ਰ ਵੀ ਤੂੰ ਹੀ ਹੈਂ।

**ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ ਸਾ ਬਿਧਿ ਤੁਮ ਹਰਿ ਜਾਣਹੁ ਆਪੇ ॥ ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ ॥ ਧੰਨੁ ਧੰਨੁ ਗੁਰੂ ਨਾਨਕ ਜਨ ਕੇਰਾ ਜਿਤੁ ਮਿਲਿਐ ਚੂਕੇ ਸਭਿ ਸੋਗ ਸੰਤਾਪੇ ॥ ੪ ॥ ੫ ॥ ੧੧ ॥ ੪੯ ॥**

ਹੇ ਸਤਿਗੁਰੂ ਜੀ! ਜੇਹੜੀ ਜਿਸਤਰਾਂ ਦੀ ਮੇਰੀ ਬਿਧੀ ਹੁੰਦੀ ਸੀ, ਓਹ ਹਰ ਤਰਾਂ ਨਾਲ ਤੁਸੀਂ ਆਪ ਹੀ ਸਾਰੀ ਰੀਤੀ ਜਾਣਦੇ ਹੋ।

ਅਸੀਂ ਰੁਲਦੇ ਫਿਰਦੇ ਸੀ, ਕੋਈ ਬਾਤ ਨਹੀਂ ਪੁੱਛਦਾ ਸੀ। ਹੇ ਪੂਜਨੀਕ ਗੁਰੂ ਜੀ! ਸਾਨੂੰ ਆਪਣੀ ਸੰਗਤ ਦੇ ਕੇ ਸਾਨੂੰ ਕੀੜਿਆਂ ਭਾਵ ਦਾਸਾਂ ਨੂੰ ਉੱਚੇ ਥਾਂ ਗੱਦੀ ਉੱਤੇ ਬਹਾ ਕੇ ਰੱਖਿਆ ਹੈ।

ਗੁਰੂ ਜੀ—ਮੇਰੇ ਵਰਗੇ ਦਾਸਾਂ ਦਾ ਗੁਰੂ ਧੰਨ ਧੰਨ ਹੈ, ਜਿਸਦੇ ਨਾਲ ਮਿਲਨ ਨਾਲ ਸਾਰੇ ਸੋਗ ਸੰਤਾਪ ਨਾਸ ਹੋ ਜਾਂਦੇ ਹਨ।

## ਗਉੜੀ ਬੈਰਾਗਣਿ ਮਹਲਾ ੪ ॥

**ਕੰਚਨ ਨਾਰੀ ਮਹਿ ਜੀਉ ਲੁਭਤੁ ਹੈ ਮੋਹੁ ਮੀਠਾ ਮਾਇਆ ॥ ਘਰ ਮੰਦਰ ਘੋੜੇ ਖੁਸੀ ਮਨੁ ਅਨਰਸਿ ਲਾਇਆ ॥ ਹਰਿ ਪ੍ਰਭੁ ਚਿਤਿ ਨ ਆਵਈ ਕਿਉ ਛੂਟਾ ਮੇਰੇ ਹਰਿ ਰਾਇਆ ॥ ੧ ॥**

ਹੇ ਮਹਾਰਾਜ! ਸਾਡਾ ਜੀਅ ਸੋਨੇ ਅਤੇ ਇਸਤ੍ਰੀ ਵਿੱਚ ਲੋਭਦਾ ਹੈ ਅਤੇ ਮਾਇਆ ਦਾ ਮੋਹ ਮਿੱਠਾ ਲੱਗਦਾ ਹੈ।

ਘਰ ਮੰਦਰ ਘੋੜੇ ਇਨ੍ਹਾਂ ਵਿੱਚ ਅਤੇ ਹੋਰ ਕਈਆਂ ਤਰਾਂ ਦੇ ਰਸਾਂ ਦੀਆਂ ਖੁਸ਼ੀਆਂ ਵਿੱਚ ਮਨ ਨੂੰ ਲਗਾ ਰੱਖਿਆ ਹੈ।

ਹੇ ਹਰੀ ਪ੍ਰਕਾਸ਼ਕਾ! ਤੇਰਾ ਹਰੀ ਅਤੇ ਮਾਲਕ ਨਾਮ ਚਿਤ ਚੇਤੇ ਨਹੀਂ ਆਉਂਦਾ ਹੈ, ਕਿਸ ਤ੍ਰਾਂ ਸੰਸਾਰ ਤੋਂ ਛੁੱਟਾਂਗਾ।

Digitized by Panjab Digital Library | www.panjabdigilib.org

**ਮੇਰੇ ਰਾਮ ਇਹ ਨੀਚ ਕਰਮ ਹਰਿ ਮੇਰੇ ॥ ਗੁਣਵੰਤਾ ਹਰਿ ਹਰਿ ਦਇਆਲੁ ਕਰਿ ਕਿਰਪਾ ਬਖਸਿ ਅਵਗਣ ਸਭਿ ਮੇਰੇ ॥ ੧ ॥ ਰਹਾਉ ॥**

ਹੇ ਮੇਰੇ ਰਾਮ ਪ੍ਰਮੇਸ਼ਰਾ ! ਇਹ ਮੇਰੇ ਨੀਚਾਂ ਵਾਲੇ ਕੰਮ ਹਨ, ਹੇ ਹਰੀ ਹਰਿਆਂ ਕਰਨ ਵਾਲਿਆ ! ਤੂੰ ਦਿਆਲੂ ਗੁਣ ਵਾਲਾ ਹੈਂ,ਕਿਰਪਾ ਕਰਕੇ ਮੇਰੇ ਸਾਰੇ ਔਗੁਣ ਬਖਸ਼ ਲੈ ।

**ਕਿਛੁ ਰੂਪੁ ਨਹੀ ਕਿਛੁ ਜਾਤਿ ਨਾਹੀ ਕਿਛੁ ਢੰਗੁ ਨ ਮੇਰਾ ॥ ਕਿਆ ਮੁਹੁ ਲੈ ਬੋਲਹ ਗੁਣ ਬਿਹੂਨ ਨਾਮੁ ਜਪਿਆ ਨ ਤੇਰਾ ॥ ਹਮ ਪਾਪੀ ਸੰਗਿ ਗੁਰ ਉਬਰੇ ਪੁੰਨੁ ਸਤਿਗੁਰ ਕੇਰਾ ॥ ੨ ॥**

ਨਾ ਮੇਰਾ ਕੁਛ ਰੂਪ ਹੈ ਅਤੇ ਨ ਕੁਛ ਜਾਤੀ ਹੈ, ਅਤੇ ਕੁਛ ਢੰਗ = ਕੰਮ ਕ ਜ ਵਜਾ ਕਤਾ ਵੀ ਚੰਗੀ ਨਹੀਂ ਹੈ । ਮੈਂ ਗੁਣਾਂ ਤੋਂ ਬਿਹੂਣਾ ਹਾਂ, ਇਸ ਲਈ ਕੀ ਮੂੰਹ ਲੈਕੇ ਬੋਲਾਂ ਅਤੇ ਤੇਰਾ ਨਾਮ ਵੀ ਨਹੀਂ ਜਪਿਆ ਹੈ । ਇੱਕੁਰ ਦੇ ਅਸੀਂ ਪਾਪੀ ਸਤਿਗੁਰਾਂ ਦੇ ਨਾਲ ਲਗਕੇ ਤਰ ਗਏ ਹਾਂ, ਇਹ ਸਾਰਾ ਪੁੰਨ ਪ੍ਰਤਾਪ ਸਤਿਗੁਰਾਂ ਦਾ ਹੈ ।

**ਸਭੁ ਜੀਉ ਪਿੰਡੁ ਮੁਖੁ ਨਕੁ ਦੀਆ ਵਰਤਣ ਕਉ ਪਾਣੀ ॥ ਅੰਨੁ ਖਾਣਾ ਕਪੜੁ ਪੈਨਣੁ ਦੀਆ ਰਸ ਅਨਿ ਭੋਗਾਣੀ ॥ ਜਿਨਿ ਦੀਏ ਸੁ ਚਿਤਿ ਨ ਆਵਈ ਪਸੂ ਹਉ ਕਰਿ ਜਾਣੀ ॥ ੩ ॥**

ਆਦਮੀ ਨੂੰ ਸਰੀਰ, ਮੂੰਹ, ਨੱਕ ਦਿੱਤਾ ਹੈ ਅਤੇ ਪਾਣੀ ਵਰਤਣ ਨੂੰ ਦਿੱਤਾ ਹੈ, ਇੱਕੁਰ ਸਭ ਕੁਛ ਦਿੱਤਾ ਹੈ, ਜਾਂ ਸਾਰਿਆਂ ਨੂੰ ਦਿੱਤਾ ਹੈ ।

ਅੰਨ ਖਾਣ ਨੂੰ ਕਪੜਾ ਪਾਉਣ ਨੂੰ ਦਿੱਤਾ ਹੈ ਅਤੇ ਹੋਰ ਅਨੇਕ ਤਰਾਂ ਦੇ ਅੰਨ ਰਸ ਖਾਣ ਨੂੰ ਦਿੱਤੇ ਹਨ, ਜਾਂ ਛਕਣ ਛਕਾਉਣ ਨੂੰ ।

ਇੱਕੁਰ ਦੇ ਪਦਾਰਥ ਜਿਸ ਨੇ ਦਿੱਤੇ ਹਨ, ਓਹ ਚਿਤ ਚੇਤੇ ਨਹੀਂ ਆਉਂਦਾ ਹੈ, ਇਹ ਆਦਮੀ ਪਸ਼ੂ ਹੰਗਤਾ ਕਰਕੇ ਭਾਵ ਆਪਣੇ ਉੱਦਮ ਨਾਲ ਮਿਲੇ ਜਾਣਦਾ ਹੈ ।

**ਸਭੁ ਕੀਤਾ ਤੇਰਾ ਵਰਤਦਾ ਤੂੰ ਅੰਤਰਜਾਮੀ ॥ ਹਮ ਜੰਤ ਵਿਚਾਰੇ ਕਿਆ ਕਰਹ ਸਭੁ ਖੇਲੁ ਤੁਮ ਸੁਆਮੀ ॥**

Digitized by Panjab Digital Library | www.panjabdigilib.org

**ਜਨ ਨਾਨਕੁ ਹਾਟਿ ਵਿਹਾਝਿਆ ਹਰਿ ਗੁਲਮ ਗੁਲਾਮੀ ॥ ੪ ॥ ੬ ॥ ੧੨ ॥ ੫੦ ॥**

ਹੇ ਪ੍ਰਮੇਸ਼ਰਾ ! ਤੂੰ ਅੰਤਰਜਾਮੀ ਹੈਂ, ਸਾਰਾ ਤੇਰਾ ਕੀਤਾ ਹੋਇਆ ਵਰਤਦਾ ਹੈ। ਹੇ ਮਾਲਕਾ ! ਅਸੀਂ ਜੰਤ ਵਿਚਾਰੇ ਕੀ ਕਰੀਏ, ਇਹ ਸਾਰਾ ਖੇਲ ਤੇਰਾ ਹੈ। ਗੁਰੂ ਜੀ–ਮੈਂ ਤੇਰਾ ਦਾਸ ਹੱਟੀ ਤੋਂ ਮੁੱਲ ਲਿਆ ਹੋਇਆ ਹਾਂ, ਏਸੇ ਲਈ ਮੈਂ ਤੇਰੇ ਦਾਸਾਂ ਦਾ ਦਾਸ ਹਾਂ।

## ਗਉੜੀ ਬੈਰਾਗਣਿ ਮਹਲਾ ੪ ॥

**ਜਿਉ ਜਨਨੀ ਸੁਤੁ ਜਣਿ ਪਾਲਤੀ ਰਾਖੈ ਨਦਰਿ ਮਝਾਰਿ ॥ ਅੰਤਰਿ ਬਾਹਰਿ ਮੁਖਿ ਦੇ ਗਿਰਾਸੁ ਖਿਨੁ ਖਿਨੁ ਪੋਚਾਰਿ ॥ ਤਿਉ ਸਤਿਗੁਰੁ ਗੁਰੁ ਸਿਖ ਰਾਖਤਾ ਹਰਿ ਪ੍ਰੀਤਿ ਪਿਆਰਿ ॥ ੧ ॥**

ਜਿਸ ਤਰਾਂ ਮਾਂ ਪੁਤ ਨੂੰ ਪੈਦਾ ਕਰਕੇ ਪਾਲਦੀ ਹੈ ਅਤੇ ਆਪਣੀ ਨਜ਼ਰ ਵਿੱਚ ਰੱਖਦੀ ਹੈ। ਅੰਦਰ ਬਾਹਰ ਫਿਰਦੀ ਹੋਈ ਮੂੰਹ ਵਿੱਚ ਮੰਮਾ ਰੂਪ ਬੁਰਕੀ ਦੇਂਦੀ ਹੈ ਅਤੇ ਛਿਨ ਛਿਨ ਵਿੱਚ ਹੱਥ ਨਾਲ ਪਿਆਰ ਦਿਲਾਸਾ ਦੇਂਦੀ ਅਤੇ ਪਾਲਦੀ ਹੈ। ਇੱਕੁਰ ਹੀ ਪੂਜਨੀਕ ਸਤਿਗੁਰੂ ਸਿੱਖਾਂ ਨੂੰ ਮਨ ਬਾਣੀ ਕਰਕੇ ਹਰੀ ਦਾ ਪਰੇਮ ਦੇਕੇ ਪ੍ਰੀਤ ਨਾਲ ਰੱਖਿਆ ਕਰਦਾ ਹੈ।

**ਮੇਰੇ ਰਾਮ ਹਮ ਬਾਰਿਕ ਹਰਿ ਪ੍ਰਭ ਕੇ ਹੈ ਇਆਣੇ ॥ ਧੰਨੁ ਧੰਨੁ ਗੁਰੂ ਗੁਰੁ ਸਤਿਗੁਰੁ ਪਾਧਾ ਜਿਨ ਹਰਿ ਉਪਦੇਸੁ ਦੇ ਕੀਏ ਸਿਆਣੇ ॥ ੧ ॥ ਰਹਾਉ ॥**

ਹੇ ਮੇਰੇ ਰਾਮ = ਭਰਾ ਅਸੀਂ ਪਹਿਲੇ ਛੋਟੇ ਬੜੇ ਇਆਣੇ ਬਾਲਕ ਸਾਂ, ਜਦੋਂ ਹਰੀ ਮਾਲਕ ਦੇ ਬਣ ਗਏ ਤਾਂ ਮਨ ਤਨ ਕਰਕੇ ਧੰਨਤਾ ਯੋਗ ਜੇਹੜੇ ਪੂਜਨੀਕ ਸਤਿਗੁਰੂ ਵੱਡੇ ਪਾਂਧੇ ਹਨ, ਓਹਨਾਂ ਨੇ ਪ੍ਰਮੇਸ਼ਰ ਦਾ ਉਪਦੇਸ਼ ਦੇਕੇ ਸਾਨੂੰ ਸਿਆਣੇ ਕਰ ਲਿਆ।

**ਜੈਸੀ ਗਗਨਿ ਫਿਰੰਤੀ ਊਡਤੀ ਕਪਰੇ ਬਾਗੇ ਵਾਲੀ ॥ ਓਹ ਰਾਖੈ ਚੀਤੁ ਪੀਛੈ ਬਿਚਿ ਬਚਰੇ ਨਿਤ ਹਿਰਦੈ ਸਾਰਿ ਸਮਾਲੀ ॥ ਤਿਉ ਸਤਿਗੁਰ ਸਿਖ ਪ੍ਰੀਤਿ ਹਰਿ ਹਰਿ ਕੀ ਗੁਰੁ ਸਿਖ ਰਖੈ ਜੀਅ ਨਾਲੀ ॥ ੨ ॥**

Digitized by Panjab Digital Library | www.panjabdigilib.org

ਜਿਸ ਤਰਾਂ ਕੂੰਜ ਚਿੱਟਿਆਂ ਕਪੜਿਆਂ, ਭਾਵ ਖੰਭਾਂ ਵਾਲੀ ਅਕਾਸ਼ ਵਿੱਚ ਉਡਦੀ ਫਿਰਦੀ ਹੋਈ। ਓਹ ਪਿੱਛੋਂ ਬੱਚਿਆਂ ਵਿੱਚ ਚਿੱਤ ਨੂੰ ਰੱਖਦੀ ਹੈ, ਰੋਜ਼ ਦਿਲ ਵਿੱਚ ਸਾਰ ਸੰਭਾਲਦੀ ਹੈ, ਭਾਵ ਖਬਰ ਰੱਖਦੀ ਹੈ।

ਏਸੇ ਤਰਾਂ ਜੇਹੜਾ ਸਤਿਗੁਰੂ ਹੈ, ਜਿਸ ਨੂੰ ਹਰਿ ਹਰਿ ਨਾਮ ਦੇ ਜਪਨ ਦੀ ਪ੍ਰੀਤੀ ਦੇਂਦਾ ਹੈ ਅਤੇ ਗੁਰਸਿਖ ਨੂੰ ਜੀਅ ਦੇ ਨਾਲ ਰੱਖਦਾ ਹੈ ਭਾਵ ਰੱਖਿਆ ਕਰਦਾ ਹੈ।

**ਜੈਸੇ ਕਾਤੀ ਤੀਸ ਬਤੀਸ ਹੈ ਵਿਚਿ ਰਾਖੈ ਰਸਨਾ ਮਾਸੁ ਰਤੁ ਕੇਰੀ ॥ ਕੋਈ ਜਾਣਹੁ ਮਾਸ ਕਾਤੀ ਕੈ ਕਿਛੁ ਹਾਥਿ ਹੈ ਸਭ ਵਸਗਤਿ ਹੈ ਹਰਿ ਕੇਰੀ ॥ ਤਿਉ ਸੰਤ ਜਨਾ ਕੀ ਨਰ ਨਿੰਦਾ ਕਰਹਿ ਹਰਿ ਰਾਖੈ ਪੈਜ ਜਨ ਕੇਰੀ ॥ ੩ ॥**

ਗਤਿ = ਹਿੱਲਣਾ ਚੱਲਣਾ॥

ਜਿਸ ਤਰਾਂ ਦੰਦਾਂ ਰੂਪ ਕੈਂਚੀ ਤੀਹਾਂ ਬੱਤੀਆਂ ਦੰਦਾਂ ਦੀ ਹੈ ਭਾਵ ਕਿਸੇ ਦੇ ਤੀਹ ਕਿਸੇ ਦੀ ਬੱਤੀ ਦੰਦ ਹੁੰਦੇ ਹਨ,ਓਹਨਾਂ ਇੱਕੁਰ ਦੇ ਦੰਦਾਂ ਦੇ ਵਿਚ ਜੇਹੜੀ ਜ਼ਬਾਨ ਮਾਸ, ਰਤ = ਮਾਸ ਅਤੇ ਲਹੂ ਦੀ ਬਣੀ ਹੋਈ ਭਾਵ ਬਹੁਤ ਕੂਲੀ ਹੁੰਦੀ ਹੈ ਉਸ ਨੂੰ ਪ੍ਰਮੇਸਰ ਰੱਖਦਾ ਹੈ ਭਾਵ ਇੱਕੁਰ ਦੇ ਕਰੜੇ ਦੰਦਾਂ ਵਿਚ ਨਰਮ ਜ਼ਬਾਨ ਨੂੰ ਬਚਾਉਂਦਾ ਹੈ। ਜੇਕਰ ਕੋਈ ਸਮਝੇ ਕਿ ਮਾਸ = ਜ਼ਬਾਨ ਅਤੇ ਕਾਤੀ = ਕੈਂਚੀ ਦੇ ਕੁਝ ਹੱਥ ਵਿਚ ਭਾਵ ਵੱਸ ਵਿਚ ਹੈ ਭਾਵ ਮਤੇ ਜ਼ਬਾਨ ਆਖੇ ਕਿ ਮੈਂ ਆਪਣੇ ਜ਼ੋਰ ਨਾਲ ਦੰਦਾਂ ਦੇ ਕੱਟਣ ਤੋਂ ਬਚਦੀ ਹਾਂ, ਭਾਵ ਮੈਂ ਆਪ ਹੀ ਬਚੀ ਰਹਿੰਦੀ ਹਾਂ ਅਤੇ ਮਤੇ ਇਹ ਦੰਦ ਹੀ ਆਖਣ ਕਿ ਸਾਡੇ ਵਿਚ ਜੇਹੜੀ ਜ਼ਬਾਨ ਹੈ ਅਸ। ਇਸਨੂੰ ਨਹੀਂ ਕੱਟਦੇ ਵੱਢਦੇ ਹਾਂ,ਕਿਰਪਾ ਕਰਦੇ ਹਾਂ,ਇਹ ਸਾਰਾ ਝੂਠ ਸਮਝਣਾ। ਇਹਨਾਂ ਦੰਦਾਂ ਤੇ ਜ਼ਬਾਨ ਦਾ ਹਿੱਲਣਾ ਚੱਲਣਾ ਸਾਰਾ ਪ੍ਰਮੇਸਰ ਦੇ ਵੱਸ ਹੈ। ਇੱਕੁਰ ਹੀ ਲੋਕ ਸੰਤਾਂ ਦੀ ਨਿੰਦਿਆ ਕਰਦੇ ਹਨ, ਪਰ ਹਰੀ ਆਪਣੇ ਦਾਸਾਂ ਦੀ ਪੈਜ = ਇੱਜ਼ਤ ਰੱਖਦਾ ਹੈ।

**ਭਾਈ ਮਤ ਕੋਈ ਜਾਣਹੁ ਕਿਸੀ ਕੈ ਕਿਛੁ ਹਾਥਿ ਹੈ ਸਭ ਕਰੇ ਕਰਾਇਆ ॥ ਜਰਾ ਮਰਾ ਤਾਪੁ ਸਿਰਤਿ ਸਾਪੁ ਸਭੁ ਹਰਿ ਕੈ ਵਸਿ ਹੈ ਕੋਈ ਲਾਗਿ ਨ ਸਕੈ ਬਿਨੁ ਹਰਿਕਾ ਲਾਇਆ ॥ ਐਸਾ ਹਰਿਨਾਮੁ ਮਨਿ ਚਿਤਿ ਨਿਤਿ ਧਿਆਵਹੁ**

Digitized by Panjab Digital Library | www.panjabdigilib.org

**ਜਨ ਨਾਨਕ ਜੋਅੰਤੀ ਅਉਸਰਿ ਲਏ ਛਡਾਇਆ ॥ ੪ ॥ ੭ ॥ ੧੩ ॥ ੫੧ ॥**

ਜਰਾ = ਬੁਢੇਪਾ । ਮਰਾ = ਮਰਨਾ ਤਪਣਾ । ਸਿਰਤਿ = ਛਿਲਤ ॥

ਹੇ ਭਰਾਓ! ਮਤ ਕੋਈ ਸਮਝੋ ਕਿ ਕਿਸੇਦੇ ਕੁਛ ਹੱਥ ਹੈ,ਸਾਰੇ ਆਦਮੀ ਉਸਦਾ ਕਰਾਇਆ ਕਰਦੇ ਹਨ,ਸਿਰਤਿ = ਬਹੁਤ ਨਿੱਕਾ ਕੰਡਾ ਜਾਂ ਅੱਧਾ ਸਿਰ ਦੁਖਦਾ ਅਤੇ ਸਰਾਪ ਦਾ ਲੱਗਣਾ ਜਾਂ ਸੱਪ ਆਦਕ ਦਾ ਵੱਢਣਾ ਸਭ ਪ੍ਰਮੇਸਰ ਦੇ ਵੱਸ ਹੈ,ਕੋਈਪ੍ਰਮੇਸਰ ਦੇ ਲਗਾਇਆਂ ਬਿਨਾਂ ਨਹੀਂ ਲੱਗ ਸੱਕਦਾ ਹੈ, ਭਾਵ ਕੋਈ ਦੁਖ ਨਹੀਂ ਦੇ ਸੱਕਦਾ ਹੈ। ਇੱਕੁਰ ਦਾ ਪ੍ਰਮੇਸਰ ਦਾ ਨਾਮ ਰੋਜ ਮੂਨ ਚਿਤ ਨਾਲ ਯਾਦ ਕਰੋ। ਗੁਰੂ ਜੀ-ਜੇਹੜਾ ਓੜਕ ਦੇ ਵੇਲੇ ਜਮਦੂਤਾਂ ਤੋਂ ਛੁਡਾ ਲਵੇ।

## ਗਉੜੀ ਬੈਰਾਗਣਿ ਮਹਲਾ ੪

**ਜਿਸੁ ਮਿਲਿਐ ਮਨਿ ਹੋਇ ਅਨੰਦੁ ਸੋ ਸਤਿਗੁਰੁ ਕਹੀਐ ॥ ਮਨਕੀ ਦੁਬਿਧਾ ਬਿਨਸਿ ਜਾਇ ਹਰਿ ਪਰਮਪਦੁ ਲਹੀਐ ॥ ੧ ॥**

ਜਿਸਦੇ ਨਾਲ ਮਿਲਕੇ ਮਨ ਨੂੰ ਅਨੰਦ ਹੁੰਦਾ ਹੈ ਉਸ ਨੂੰ ਸਤਿਗੁਰੂ ਆਖੀਦਾ ਹੈ ਭਾਵ ਓਹ ਗੁਰੂ ਕਹਾ ਸੱਕਦਾ ਹੈ। ਇੱਕੁਰ ਦੇ ਗੁਰਾਂ ਨਾਲ ਮਿਲਕੇ ਜਦੋਂ ਮਨ ਦੀ ਦ੍ਵੈਤ ਦੂਰ ਹੋ ਜਾਂਦੀ ਹੈ ਤਾਂ ਪ੍ਰਮੇਸਰ ਦੀ ਪਰਮ ਪਦਵੀ ਨੂੰ ਲੱਭ ਲਈਦਾ ਹੈ ਭਾਵ ਪ੍ਰਮੇਸਰ ਦੇ ਨਾਲ ਮਿਲ ਜਾਵੀਦਾ ਹੈ।

**ਮੇਰਾ ਸਤਿਗੁਰੁ ਪਿਆਰਾ ਕਿਤੁ ਬਿਧਿ ਮਿਲੈ ॥ ਹਉ ਖਿਨੁ ਖਿਨੁ ਕਰੀ ਨਮਸਕਾਰੁ ਮੇਰਾ ਗੁਰ ਪੂਰਾ ਕਿਉ ਮਿਲੈ ॥ ੧ ॥ ਰਹਾਉ ॥**

ਮੇਰਾ ਸਤਿਗੁਰੂ ਪਿਆਰਾ ਮੈਨੂੰ ਕਿਸ ਤਰਾਂ ਮਿਲੇ ਮੈਂ ਮੁੜ ਮੁੜ ਨਮਸਕਾਰ ਕਰਦਾ ਹਾਂ। ਮੇਰਾ ਪੂਰਾ ਗੁਰੂ ਕਿਸਤਰਾਂ ਮਿਲੇ। ਪ੍ਰਮੇਸਰ ਨੇ ਕਿਰਪਾ ਕਰਕੇ ਮੇਰਾ ਪੂਰਾ ਸਤਿਗੁਰੂ ਮੇਰੇ ਨਾਲ ਮਿਲਾ ਦਿਤਾ ਹੈ।

**ਕਰਿ ਕਿਰਪਾ ਹਰਿ ਮੇਲਿਆ ਮੇਰਾ ਸਤਿਗੁਰ ਪੂਰਾ॥ ਇਛ ਪੁੰਨੀ ਜਨ ਕੇਰੀਆ ਲੇ ਸਤਿਗੁਰ ਧੂੜਾ ॥ ੨ ॥**

ਓਹਨਾਂ ਸਤਿਗੁਰਾਂ ਦੀ ਚਰਨਧੂੜ ਲੈਕੇ ਦਾਸ ਦੀ ਸਾਰੀ ਇੱਛਿਆ ਪੂਰੀ ਹੋ ਗਈ ਹੈ।

Digitized by Panjab Digital Library | www.panjabdigilib.org

ਹਰਿ ਭਗਤਿ ਦ੍ਰਿੜਾਵੈ ਹਰਿ ਭਗਤਿ ਸੁਣੈ ਤਿਸੁ ਸਤਿਗੁਰ ਮਿਲੀਐ ॥ ਤੋਟਾ ਮੂਲਿ ਨ ਆਵਈ ਹਰਿ ਲਾਭੁ ਨਿਤ ਦ੍ਰਿੜੀਐ ॥ ੩ ॥

ਉਸ ਸਤਿਗੁਰੂ ਨੂੰ ਮਿਲੀਏ ਜੋਹੜਾ ਪ੍ਰਮੇਸਰ ਦੀ ਭਗਤੀ ਦ੍ਰਿੜ੍ਹ ਕਰਾਉਂਦਾ ਹੈ ਅਤੇ ਆਪਣੀ ਭਗਤੀ ਦਾ ਹੀ ਬਚਨ ਸੁਣਦਾ ਹੈ ਜਾਂ ਕਰਾਵੇ ਤੇ ਸੁਣੇ ਅਰਥ ਕਰਨਾ। ਜਿਸਦਾ ਕਦੇ ਵੀ ਟੋਟਾ ਨਹੀਂ ਆਉਂਦਾ ਹੈ, ਉਸ ਨਾਮ ਦਾ ਲਾਭ ਹੀ ਉਹਨਾਂ ਗੁਰਾਂ ਪਾਸੋਂ ਰੋਜ ਪੱਕਾ ਕਰੀਏ।

ਜਿਸ ਕਉ ਰਿਦੈ ਵਿਗਾਸੁ ਹੈ ਭਾਉ ਦੂਜਾ ਨਾਹੀ ॥ ਨਾਨਕ ਤਿਸੁ ਗੁਰ ਮਿਲਿ ਉਧਰੈ ਹਰਿ ਗੁਣ ਗਾਵਾਹੀ ॥ ੪ ॥ ੧੪ ॥ ੫੨ ॥

ਜਿਸਦੇ ਦਿਲ ਵਿਚ ਗਿਆਨ ਰੂਪ ਚਾਨਣ ਹੋਇਆ ਹੈ ਅਤੇ ਦ੍ਵੈਤ ਭਾਵ ਨਹੀਂ ਹੈ। ਗੁਰੂ ਜੀ-ਜੇਹੜਾ ਪ੍ਰਮੇਸਰ ਦੇ ਗੁਣਾਂ ਨੂੰ ਉਚਾਰਨ ਕਰਵਾਉਂਦਾ ਹੈ ਉਸ ਗੁਰੂ ਨੂੰ ਮਿਲਕੇ ਤਰ ਜਾਈਦਾ ਹੈ।

## ਮਹਲਾ ੪ ॥ ਗਉੜੀ ਪੂਰਬੀ ॥

ਹਰਿ ਦਇਆਲਿ ਦਇਆ ਪ੍ਰਭਿ ਕੀਨੀ ਮੇਰੈ ਮਨਿ ਤਨਿ ਮੁਖਿ ਹਰਿ ਬੋਲੀ ॥ ਗੁਰਮੁਖਿ ਰੰਗੁ ਭਇਆ ਅਤਿ ਗੂੜਾ ਹਰਿ ਰੰਗਿ ਭੀਨੀ ਮੇਰੀ ਚੋਲੀ ॥ ੧ ॥

ਜਦੋਂ ਦਿਆਲੂ ਮਾਲਕ ਨੇ ਦਇਆ ਕੀਤੀ ਤਾਂ ਮੇਰੇ ਮਨ ਵਿਚ ਪ੍ਰਮੇਸਰ ਦਾ ਧਿਆਨ ਹੋਇਆ ਅਤੇ ਸਰੀਰ ਨਾਲ ਭਗਤੀ ਪੂਜਣਾ ਆਦਕ ਅਤੇ ਮੂੰਹ ਨਾਲ ਪ੍ਰਮੇਸਰ ਦਾ ਨਾਮ ਉਚਾਰਨਾ ਹੋਇਆ ਭਾਵ ਕਿ ਜੇਹੜੀ ਗੱਲ ਕੀਤੀ ਪ੍ਰਮੇਸਰ ਦੇ ਪਾਸੇ ਦੀ ਹੀ ਕੀਤੀ। ਗੁਰਾਂ ਦੀ ਕਿਰਪਾ ਨਾਲ ਬੜਾ ਚੰਗਾ ਪ੍ਰੇਮ ਹੋਇਆ, ਓਸੇ ਪ੍ਰਮੇਸਰ ਦੇ ਪ੍ਰੇਮ ਅਨੰਦ ਵਿਚ ਮੇਰੀ ਚੋਲੀ = ਅਕਲ ਭਿੱਜ ਗਈ ਹੈ।

ਅਪੁਨੇ ਹਰਿ ਪ੍ਰਭ ਕੀ ਹਉ ਗੋਲੀ ॥ ਜਬ ਹਮ ਹਰਿ ਸੇਤੀ ਮਨੁ ਮਾਨਿਆ ਕਰਿ ਦੀਨੋ ਜਗਤੁ ਸਭੁ ਗੋਲੁ ਅਮੋਲੀ ॥ ੧ ॥ ਰਹਾਉ ॥

ਮੈਂ ਆਪਣੇ ਪ੍ਰਮੇਸਰ ਪਤੀ ਦੀ ਦਾਸੀ ਹਾਂ। ਜਦੋਂ ਮੇਰਾ ਮਨ ਪ੍ਰਮੇਸਰ

Digitized by Panjab Digital Library | www.panjabdigilib.org

ਦੇ ਨਾਲ ਮੰਨਿਆਂ ਤਾਂ ਮਾਲਕ ਨੇ ਸਾਰਾ ਜਗਤ ਸਾਡਾ ਬਿਨ ਮੁਲ ਤੋਂ ਦਾਸ ਕਰ ਦਿੱਤਾ ਭਾਵ ਸਾਰਾ ਜਗਤ ਸਾਨੂੰ ਮੰਨਣ ਲੱਗ ਪਿਆ।

**ਕਰਹੁ ਬਿਬੇਕੁ ਸੰਤ ਜਨ ਭਾਈ ਖੋਜਿ ਹਿਰਦੈ ਦੇਖਿ ਢੰਢੋਲੀ ॥ ਹਰਿ ਹਰਿ ਰੂਪੁ ਸਭ ਜੋਤਿ ਸਬਾਈ ਹਰਿ ਨਿਕਟਿ ਵਸੈ ਹਰਿ ਕੋਲੀ ॥ ੨ ॥**

ਹੇ ਭਰਾਓ ! ਸੰਤਾਂ ਨਾਲ ਮਿਲਕੇ ਵਿਚਾਰ ਕਰੋ, ਪ੍ਰਮੇਸਰ ਨੂੰ ਲੱਭੋ।

ਜਿਸ ਪ੍ਰਮੇਸਰ ਨੂੰ ਬਾਹਰ ਤੀਰਥਾਂ ਉਤੇ ਲੱਭਦੇ ਹੋ ਉਸਨੂੰ ਅੰਦਰ ਹੀ ਲੱਭ ਲਵੋਗੇ ਭਾਵ ਦਿਲ ਵਿਚ ਵੇਖੋਗੇ। ਹਰ ਤਰਾਂ ਨਾਲ ਸਾਰੇ ਰੂਪ ਪ੍ਰਮੇਸਰ ਦੇ ਹਨ। ਸਾਰਿਆਂ ਵਿਚ ਪ੍ਰਮੇਸਰ ਦੀ ਜੋਤ ਆਕੇ ਵੱਸੀ ਹੋਈ ਹੈ ਅਤੇ ਆਪ ਵੀ ਪ੍ਰਮੇਸਰ ਸਾਰਿਆਂ ਦੇ ਪਾਸ ਤੋਂ ਪਾਸ ਆਕੇ ਵੱਸਿਆ ਹੋਇਆ ਹੈ।

**ਹਰਿ ਹਰਿ ਨਿਕਟਿ ਵਸੈ ਸਭ ਜਗ ਕੈ ਅਪਰੰਪਰ ਪੁਰਖੁ ਅਤੋਲੀ ॥ ਹਰਿ ਹਰਿ ਪ੍ਰਗਟੁ ਕੀਓ ਗੁਰਿ ਪੂਰੈ ਸਿਰੁ ਵੇਚਿਓ ਗੁਰ ਪਹਿ ਮੋਲੀ ॥ ੩ ॥**

ਜੇਹੜਾ ਸਾਰਿਆਂ ਨੂੰ ਹਰਿਆ ਕਰਨ ਵਾਲਾ ਸੰਸਾਰ ਦਾ ਪਰਾ ਨਾ ਤੋਲਿਆ ਜਾਣ ਵਾਲਾ ਅਕਾਲ ਪੁਰਖ ਹੈ ਓਹ ਸਾਰੇ ਜਗਤ ਦੇ ਪਾਸ ਵੱਸਦਾ ਹੈ। ਜਦੋਂ ਪੂਰਿਆਂ ਗੁਰਾਂ ਦੇ ਪਾਸ ਅਸਾਂ ਮੁੱਲ ਸਿਰ ਵੇਚ ਦਿੱਤਾ ਭਾਵ ਹੰਕਾਰ ਛੱਡ ਦਿੱਤਾ ਤਾਂ ਗੁਰੂ ਨੇ ਪ੍ਰਮੇਸ਼ਰ ਨੂੰ ਪ੍ਰਗਟ ਕਰਕੇ ਵਿਖਾ ਦਿਤਾ ਹੈ।

**ਹਰਿ ਜੀ ਅੰਤਰਿ ਬਾਹਰਿ ਤੁਮ ਸਰਣਾਗਤਿ ਤੁਮ ਵਡ ਪੁਰਖ ਵਡੋਲੀ ॥ ਜਨੁ ਨਾਨਕੁ ਅਨਦਿਨੁ ਹਰਿਗੁਣ ਗਾਵੈ ਮਿਲਿ ਸਤਿਗੁਰ ਗੁਰ ਵੇਚੋਲੀ ॥੪॥੧ ॥੧੫॥ ੫੩॥**

ਜੇਹੜਾ ਪ੍ਰਮੇਸਰ ਅੰਦਰ ਬਾਹਰ ਹਰ ਮਿਲਿਆ ਹੋਇਆ ਹੈ ਭਾਵ ਸਰੀਰ ਤੇ ਜਗਤ ਵਿਚ ਹੈ, ਹੇ ਭਰਾਓ ! ਤੁਸੀ ਉਸਦੀ ਸ਼ਰਨ ਵਿਚ ਆਓ ਅਤੇ ਉਸਨੂੰ ਇੱਕੁਰ ਜਾਣੋ ਕਿ ਓਹ ਵੱਡਿਆਂ ਤੋਂ ਵੱਡਾ ਹੈ। ਤੁਮ = ਤੁਹਾਡੀ ਤੁਸੀਂ ਇੱਕੁਰ ਜੀਵਾਂ ਨੂੰ ਸੰਬੋਧਨ ਕਰਕੇ ਅਰਥ ਕਰਨਾ ਹੈ।

ਗੁਰੂ ਜੀ–ਸਤਿਗੁਰਾਂ ਦੇ ਨਾਲ ਮਿਲਕੇ ਲਗਾਤਾਰ ਦਾਸ ਪ੍ਰਮੇਸਰ ਦੇ ਗੁਣ ਗਾਉਂਦੇ ਹਨ। ਗੁਰੂ ਕਿਸਤਰਾਂ ਦੇ ਹਨ ? ਪ੍ਰਮੇਸਰ ਦੇ ਨਾਲ ਮਿਲੌਣ ਵਾਲੇ ਵੱਡੇ ਵਕੀਲ ਵਕੀਲੀ ਕਰਨ ਵਾਲੇ ਹਨ।

Digitized by Panjab Digital Library | www.panjabdigilib.org

ਗਉੜੀ ਪੂਰਬੀ ਮਹਲਾ ੪ ॥

ਜਗ ਜੀਵਨ ਅਪਰੰਪਰ ਸੁਆਮੀ ਜਗਦੀਸੁਰ ਪੁਰਖ ਬਿਧਾਤੇ ॥ ਜਿਤੁ ਮਾਰਗਿ ਤੁਮ ਪ੍ਰੇਰਹੁ ਸੁਆਮੀ ਤਿਤੁ ਮਾਰਗਿ ਹਮ ਜਾਤੇ ॥ ੧ ॥

ਹੇ ਜਗਤ ਜੀਵਣ ਸੰਸਾਰ ਦਾ ਪਰਾ ਮਾਲਕ ਹੇ ਜਗਤ ਦੇ ਈਸਰ ਮਨ ਭਾਉਂਦੇ ਫਲ ਦੇਣ ਵਾਲੇ ਹੇ ਮਾਲਕਾ ਜਿਸ ਰਸਤੇ ਵਿਚ ਤੁਸੀ ਪ੍ਰੇਰਦੇ ਹੋ ਓਸੇ ਰਸਤੇ ਅਸੀਂ ਜਾਂਦੇ ਹਾਂ।

ਰਾਮ ਮੇਰਾ ਮਨੁ ਹਰਿ ਸੇਤੀ ਰਾਤੇ ॥ ਸਤਸੰਗਤਿ ਮਿਲਿ ਰਾਮੁ ਰਸੁ ਪਾਇਆ ਹਰਿ ਰਾਮੈ ਨਾਮਿ ਸਮਾਤੇ ॥ ੧ ॥ ਰਹਾਉ ॥

ਹੇ ਰਾਮ ਮੇਰੇ ਪ੍ਰਮੇਸਰਾ ਮੇਰਾ ਮਨ ਆਦਿਕ ਸਾਰੇ ਇੰਦਰੇ ਤੇਰੇ ਨਾਮ ਨਾਲ ਰੱਤੇ ਰਹਿੰਦੇ ਹਨ ਜਾਂ ਮਨੁ = ਸਿਰੋਮਣੀ ਪ੍ਰਮੇਸਰਾ ਤੇਰੇ ਨਾਲ ਜੇਹੜੇ ਰੱਤੇ ਹਨ ਅਤੇ ਸਤਸੰਗ ਵਿਚ ਮਿਲਕੇ ਵਿਆਪਕ ਰੂਪ ਜਾਣਕੇ ਅਨੰਦ ਪਾਇਆ ਹੈ, ਓਹ ਆਦਮੀ ਸਾਰੇ ਮਿਲੇ ਹੋਏ ਪ੍ਰਮੇਸਰ ਵਿਚ ਸਮਾ ਗਏ ਹਨ ਜਾਂ ਹੇ ਹਰੀ ਨਾਮੀ ਤੇਰੇ ਨਾਲ ਮਿਲ ਗਏ ਹਨ।

ਹਰਿ ਹਰਿ ਨਾਮੁ ਹਰਿ ਹਰਿ ਜਗਿ ਅਵਖਧੁ ਹਰਿ ਹਰਿ ਨਾਮੁ ਹਰਿ ਸਾਤੇ ॥ ਤਿਨਕੇ ਪਾਪ ਦੋਖ ਸਭਿ ਬਿਨਸੇ ਜੋ ਗੁਰਮਤਿ ਰਾਮ ਰਸੁ ਖਾਤੇ ॥ ੨ ॥

ਹੇ ਹਰੀ ਜੇਹੜਾ ਤੇਰਾ ਹਰਿ ਹਰਿ ਨਾਮ ਹੈ, ਇਹ ਸਾਰੇ ਜਗਤ ਦੇ ਹਰ ਤਰਾਂ ਦੇ ਦੁਖਾਂ ਨੂੰ ਹਰਨ ਵਾਲੀ ਦਵਾਈ ਹੈ ਅਤੇ ਤੇਰਾ ਹਰਿ ਹਰਿ ਨਾਮ ਹੀ ਸੱਚਾ ਹੈ। ਜੇਹੜੇ ਆਦਮੀ ਗੁਰਾਂ ਦੀ ਸਿਖਿਆ ਲੈਕੇ ਤੇਰੇ ਰਾਮ ਨਾਮ ਰੂਪ ਰਸ ਨੂੰ ਖਾਂਦੇ ਹਨ ਓਹਨਾਂ ਦੇ ਪਾਪ ਅਤੇ ਸਾਰੇ ਦੋਖ ਨਾਸ ਹੋ ਜਾਂਦੇ ਹਨ।

ਜਿਨ ਕਉ ਲਿਖਤੁ ਲਿਖੇ ਧੁਰਿ ਮਸਤਕਿ ਤੇ ਗੁਰ ਸੰਤੋਖਸਰਿ ਨਾਤੇ ॥ ਦੁਰਮਤਿ ਮੈਲੁ ਗਈ ਸਭ ਤਿਨਕੀ ਜੋ ਰਾਮ ਨਾਮ ਰੰਗਿ ਰਾਤੇ ॥ ੩ ॥

ਜਿਨ੍ਹਾਂ ਦੇ ਮੱਥੇ ਉਤੇ ਧੁਰੋਂ ਹੀ ਚੰਗੇ ਲੇਖ ਲਿਖੇ ਹਨ, ਓਹ ਆਦਮੀ

Digitized by Panjab Digital Library | www.panjabdigilib.org

ਜੇਹੜਾ ਗੁਰੂ ਸੰਤੋਖ ਆਦਕ ਗੁਣਾਂ ਵਾਲੇ ਜਲ ਦਾ ਸਰੋਵਰ ਹੈ ਉਸ ਵਿਚ ਨ੍ਹਾਉਂਦੇ ਹਨ ਭਾਵ ਗੁਰ ਉਪਦੇਸ਼ ਨੂੰ ਸੁਣਦੇ ਹਨ। ਜੇਹੜੇ ਪ੍ਰਮੇਸਰ ਦੇ ਨਾਮ ਦੇ ਪ੍ਰੇਮ ਵਿਚ ਰੰਗੇ ਹੋਏ ਹਨ, ਓਹਨਾਂ ਦੀ ਖੋਟੀ ਅਕਲ ਰੂਪ ਸਾਰੀ ਮੈਲ ਦੂਰ ਹੋ ਗਈ ਹੈ।

**ਰਾਮ ਤੁਮ ਆਪੇ ਆਪਿ ਆਪਿ ਪ੍ਰਭੁ ਠਾਕੁਰ ਤੁਮ ਜੇਵਡ ਅਵਰੁ ਨ ਦਾਤੇ ॥ ਜਨੁ ਨਾਨਕੁ ਨਾਮੁ ਲਏ ਤਾ ਜੀਵੈ ਹਰਿ ਜਪੀਐ ਹਰਿ ਕਿਰਪਾਤੇ ॥ ੪ ॥੨॥੧੬॥ ੫੪॥**

ਹੇ ਪ੍ਰਮੇਸਰ ਦਾਤੇ ਤੁਸੀ ਆਪ ਹੀ ਤਿੰਨਾਂ ਲੋਕਾਂ ਵਿਚ ਦਾਨ ਦੇਂਦੇ ਹੋ, ਇਸ ਲਈ ਹੇ ਠਾਕਰ ਤੇਰੇ ਜਿੱਡਾ ਵੱਡਾ ਸਮਰੱਥ ਹੋਰ ਕੋਈ ਨਹੀਂ ਹੈ।

ਗੁਰੂ ਜੀ–ਹੇ ਪ੍ਰਮੇਸਰਾ ਜੇਹੜੇ ਤੇਰੇ ਦਾਸ ਹਨ, ਓਹ ਤੇਰਾ ਹਰੀ ਨਾਮ ਜਪਕੇ ਜਿਊਂਦੇ ਹਨ, ਪਰ ਤੇਰੀ ਕਿਰਪਾ ਨਾਲ ਹਰਿ ਹਰਿ ਨਾਮ ਜਪਿਆ ਜਾਂਦਾ ਹੈ।

## ਗਉੜੀ ਪੂਰਬੀ ਮਹਲਾ ੪ ॥

**ਕਰਹੁ ਕਿਰਪਾ ਜਗਜੀਵਨ ਦਾਤੇ ਮੇਰਾ ਮਨੁ ਹਰਿ ਸੇਤੀ ਰਾਚੇ ॥ ਸਤਿਗੁਰਿ ਬਚਨੁ ਦੀਓ ਅਤਿ ਨਿਰਮਲੁ ਜਪਿ ਹਰਿ ਹਰਿ ਹਰਿ ਮਨੁ ਮਾਚੇ ॥ ੧ ॥**

ਹੇ ਜਗਤ ਜੀਵਣ ਦਾਤੇ ਹਰੀ ਤੁਸੀ ਇੱਕੁਰਦੀ ਕਿਰਪਾ ਕਰੋ ਜੋ ਮੇਰਾ ਮਨ ਤੇਰੇ ਨਾਲ ਰਚਿਆ ਰਹੇ ਭਾਵ ਬਹੁਤ ਪ੍ਰੇਮ ਕਰਦਾ ਰਹੇ।

ਹੇ ਪ੍ਰਮੇਸ਼ਰਾ ਜਦੋਂ ਮੇਰੇ ਮਨ ਵਿੱਚ ਸਤਿਗੁਰਾਂ ਨੇ ਬਹੁਤ ਹੀ ਨਿਰਮਲ ਬਚਨ ਦਿੱਤਾ ਤਾਂ ਤੇਰੇ ਹਰੇਕ ਨਾਮ ਜੇਹੜੇ ਜੀਵਾਂ ਨੂੰ ਹਰਿਆਂ ਕਰਨ ਵਾਲੇ ਹਨ,ਓਹਨਾਂ ਨਾਵਾਂ ਦਾ ਜਾਪ ਕਰਕੇ ਮੇਰਾ ਮਨ ਮੱਚਦਾ ਭਾਵ ਬਹੁਤ ਖ਼ੁਸ਼ ਹੁੰਦਾ ਹੈ।

**ਰਾਮ ਮੇਰਾ ਮਨੁ ਤਨੁ ਬੇਧਿ ਲੀਓ ਹਰਿ ਸਾਚੇ ॥ ਜਿਹ ਕਾਲ ਕੈ ਮੁਖਿ ਜਗਤੁ ਸਭੁ ਗ੍ਰਸਿਆ ਗੁਰ ਸਤਿਗੁਰ ਕੈ ਬਚਨਿ ਹਰਿ ਹਮ ਬਾਚੇ ॥ ੧ ॥ ਰਹਾਉ ।**

ਹੇ ਭਰਾ ਮੇਰਾ ਮਨ ਤਨ ਪ੍ਰਮੇਸ਼ਰ ਸੱਚੇ ਨੇ ਵਿੰਨ੍ਹ ਲਿਆ ਭਾਵ ਵੱਸ ਕਰ ਲਿਆ ਹੈ। ਜਿਸ ਕਾਲ ਦੇ ਮੂੰਹ ਵਿੱਚ ਸਾਰਾ ਜਗਤ ਫੜਿਆ ਹੋਯਾ ਹੈ ਉਸ ਮੌਤ ਦੇ ਮੂੰਹ ਵਿੱਚੋਂ ਵੱਡਿਆਂ ਪੂਜਨੀਕ ਸਤਿਗੁਰਾਂ ਦੇ ਬਚਨਾਂ ਨਾਲ ਅਸੀਂ ਬਚ ਗਏ ਹਾਂ। ਹੇ ਹਰੀ ਸੰਬੋਧਨ ਹੈ।

Digitized by Panjab Digital Library | www.panjabdigilib.org

ਜਿਨ ਕਉ ਪ੍ਰੀਤਿ ਨਾਹੀ ਹਰਿ ਸੇਤੀ ਤੇ ਸਾਕਤ ਮੂੜ ਨਰ ਕਾਚੇ ॥ ਤਿਨ ਕਉ ਜਨਮੁ ਮਰਣੁ ਅਤਿ ਭਾਰੀ ਵਿਚਿ ਵਿਸਟਾ ਮਰਿ ਮਰਿ ਪਾਚੇ ॥ ੨ ॥

ਪਾਚੇ = ਸੜਨਾ

ਹੇ ਹਰੀ ਜਿਨ੍ਹਾਂ ਨੂੰ ਤੇਰੇ ਨਾਲ ਪ੍ਰੀਤੀ ਨਹੀਂ ਹੈ ਓਹ ਆਦਮੀ ਸ਼ਕਤੀ ਦੇ ਉਪਾਸ਼ਕ ਮੂਰਖ ਕੱਚੇ ਹਨ। ਓਹਨਾਂ ਆਦਮੀਆਂ ਨੂੰ ਜਨਮ ਮਰਨ ਦਾ ਬੜਾ ਭਾਰਾ ਦੁੱਖ ਹੋਵੇਗਾ ਅਤੇ ਗਰਭ ਵਿਸ਼ਟਾ ਦੀ ਅੱਗ ਵਿੱਚ ਸੜ ਸੜ ਮਰਨਗੇ।

ਤੁਮ ਦਇਆਲ ਸਰਣਿ ਪ੍ਰਤਿਪਾਲਕ ਮੋਕਉ ਦੀਜੈ ਦਾਨੁ ਹਰਿ ਹਮ ਜਾਚੇ ॥ ਹਰਿ ਕੇ ਦਾਸ ਦਾਸ ਹਮ ਕੀਜੈ ਮਨੁ ਨਿਰਤਿ ਕਰੇ ਕਰਿ ਨਾਚੇ ॥ ੩ ॥

ਹੇ ਹਰੀ ਦਿਆਲੂ ਤੂੰ ਸਰਨ ਆਇਆਂ ਦੀ ਪਾਲਨਾ ਕਰਨ ਵਾਲਾ ਹੈਂ। ਹੇ ਹਰੀ ਮੈਨੂੰ ਦਾਨ ਦੇਹ ਮੈਂ ਮੰਗਦਾਹਾਂ, ਹੇ ਪ੍ਰਮੇਸ਼ਰਸਾਨੂੰ ਆਪਣੇ ਦਾਸਾਂ ਦਾ ਦਾਸ ਕਰ, ਮੇਰਾ ਮਨ ਭਗਤੀ ਵਿੱਚ ਨਿਰਤਿ = ਨਿਰਨਾ ਕਰਕੇ ਪ੍ਰੀਤੀ ਨਾਲ ਨੱਚਣਾ ਕਰਦਾ ਰਹੇ।

ਆਪੇ ਸਾਹ ਵਡੇ ਪ੍ਰਭ ਸੁਆਮੀ ਹਮ ਵਣਜਾਰੇ ਹਹਿ ਤਾਚੇ ॥ ਮੇਰਾ ਮਨੁ ਤਨੁ ਜੀਉ ਰਾਸਿ ਸਭ ਤੇਰੀ ਜਨ ਨਾਨਕ ਕੇ ਸਾਹ ਪ੍ਰਭ ਸਾਚੇ ॥ ੪ ॥ ੩ ॥ ੧੭ ॥ ੫੫ ॥

ਹੇ ਮਾਲਕ ਜੀ ਤੁਸੀਂ ਆਪ ਹੀ ਵੱਡੇ ਸ਼ਾਹ ਹੋ ਅਤੇ ਅਸੀਂ ਤਾਚੇ = ਤੇਰੇ ਨਾਮ ਦੇ ਵਣਜਾਰੇ ਹਾਂ!

ਗੁਰੂ ਜੀ - ਹੇ ਮਾਲਕ ਮੇਰੇ ਦਾਸ ਦੇ ਵੱਡੇ ਸ਼ਾਹ ਮੇਰਾ ਮਨ ਤਨ ਜੀਅ ਸਾਰੀ ਤੇਰੀ ਦਿੱਤੀ ਹੋਈ ਰਾਸ ਹੈ ਭਾਵ ਤੂੰ ਹੀ ਸਭ ਕੁਛ ਦਿੱਤਾ ਹੋਇਆ ਹੈ।

ਗਉੜੀ ਪੂਰਬੀ ਮਹਲਾ ੪ ॥

ਤੁਮ ਦਇਆਲ ਸਰਬ ਦੁਖ ਭੰਜਨ ਇਕ ਬਿਨਉ ਸੁਨਹੁ ਦੇ ਕਾਨੇ ॥ ਜਿਸ ਤੇ ਤੁਮ ਹਰਿ ਜਾਨੇ ਸੁਆਮੀ ਸੋ ਸਤਿਗੁਰੁ ਮੇਲਿ ਮੇਰਾ ਪ੍ਰਾਨੇ ॥ ੧ ॥

ਹੇ ਮਹਾਰਾਜ ਜੀ ਤੁਸੀ ਦਿਆਲੂ ਸਾਰਿਆਂ ਦੁਖਾਂ ਦਾ ਨਾਸ ਕਰਨ ਵਾਲੇ ਹੋ, ਮੇਰੀ ਇਕ ਬੇਨਤੀ ਕੰਨ ਦੇਕੇ ਸੁਣੋ। ਹੇ ਮਾਲਕਾ ਜਿਸ

Digitized by Panjab Digital Library | www.panjabdigilib.org

ਕਰਕੇ ਆਪ ਜਾਣੋ ਜਾਓ ਓਹ ਸਤਿਗੁਰੂ ਮੇਰੇ ਪ੍ਰਾਣਾਂ ਦਾ ਪਿਆਰਾ ਮੈਨੂੰ ਮਿਲਾ ਦਿਓ।

**ਰਾਮ ਹਮ ਸਤਿਗੁਰ ਪਾਰਬ੍ਰਹਮ ਕਰਿ ਮਾਨੇ ॥ ਹਮ ਮੂੜ ਮੁਗਧ ਅਸੁਧ ਮਤਿ ਹੋਤੇ ਗੁਰ ਸਤਿਗੁਰ ਕੈ ਬਚਨਿ ਹਰਿ ਹਮ ਜਾਨੇ ॥ ੧ ॥ ਰਹਾਉ ॥**

ਹੇ ਪ੍ਰਮੇਸਰਾ ਅਸਾਂ ਸਤਿਗੁਰੂ ਪਾਰਬ੍ਰਹਮ ਕਰਕੇ ਮੰਨੇ ਹਨ ਭਾਵ ਗੁਰੂ ਨੂੰ ਪ੍ਰਮੇਸਰ ਜਾਣਿਆ ਹੈ। ਅਸੀਂ ਮੂਰਖ ਤੋਂ ਮੂਰਖ ਬਹੁਤ ਹੀ ਮਾੜੀ ਅਕਲ ਵਾਲੇ ਹੁੰਦੇ ਸਾਂ, ਵੱਡਿਆਂ ਸਤਿਗੁਰਾਂ ਦੇ ਉਪਦੇਸ਼ ਕਰਕੇ ਪ੍ਰਮੇਸ਼ਰ ਨੂੰ ਜਾਣਿਆ ਹੈ।

**ਜਿਤਨੇ ਰਸ ਅਨਰਸ ਹਮ ਦੇਖੇ ਸਭ ਤਿਤਨੇ ਫੀਕ ਫੀਕਾਨੇ ॥ ਹਰਿਕਾ ਨਾਮੁ ਅੰਮ੍ਰਿਤ ਰਸੁ ਚਾਖਿਆ ਮਿਲਿ ਸਤਿਗੁਰ ਮੀਠ ਰਸ ਗਾਨੇ ॥ ੨ ॥**

ਜਿਤਨੇ ਸੰਸਾਰ ਵਿਚ ਛੇ ਰਸ ਜਾਂ ਹੋਰ ਅਨੇਕ ਤਰਾਂ ਦੇ ਸੁਾਦੀ ਰਸ ਦੇਖੇ ਹਨ, ਓਹ ਸਾਰੇ ਫਿੱਕਿਆਂ ਤੋਂ ਫਿੱਕੇ ਹਨ ਭਾਵ ਛਿਨ ਵਿਚ ਨਾਸ ਹੋਜਾਣ ਵਾਲੇ ਤੇ ਮਾੜੇ ਹਨ। ਜਦੋਂ ਸਤਿਗੁਰਾਂਦੇ ਨਾਲ ਮਿਲਕੇ ਪ੍ਰਮੇਸਰ ਦਾ ਅੰਮ੍ਰਿਤ ਰੂਪ ਹਰਿ ਨਾਮ ਚੱਖਿਆ ਤਦੋਂ ਤੋਂ ਹੀ ਉਸ ਮਿਠੇ ਸੁਾਦ ਵਾਲੇ ਨਾਮ ਰਸ ਦੀ ਉਸਤਤੀ ਗੌਂਦੇ ਹਾਂ।

**ਜਿਨ ਕਉ ਗੁਰੁ ਸਤਿਗੁਰੁ ਨਹੀ ਭੇਟਿਆ ਤੇ ਸਾਕਤ ਮੂੜ ਦਿਵਾਨੇ ॥ ਤਿਨਕੇ ਕਰਮ ਹੀਨ ਧੁਰ ਪਾਏ ਦੇਖਿ ਦੀਪਕੁ ਮੋਹਿ ਪਚਾਨੇ ॥ ੩ ॥**

ਜਿਨ੍ਹਾਂ ਨੂੰ ਪੂਜਨੀਕ ਸਤਿਗੁਰੂ ਨਹੀਂ ਮਿਲਿਆ ਹੈ, ਓਹ ਆਦਮੀ ਸ਼ਕਤੀ ਦੇ ਦਾਸ ਮੂਰਖ ਕਮਲੇ ਹਨ। ਓਹਨਾਂ ਦੇ ਧੁਰ ਤੋਂ ਹੀ ਪ੍ਰਮੇਸਰ ਨੇ ਭੈੜੇ ਕਰਮ ਲਿਖ ਪਾਏ ਹਨ, ਇਸ ਲਈ ਓਹ ਕੁਟੰਬ ਨੂੰ ਮੋਹ ਨਾਲ ਵੇਖਕੇ ਇੱਕੁਰ ਸੜਦੇ ਹਨ ਜਿਸਤਰਾਂ ਦੀਵੇ ਨੂੰ ਵੇਖਕੇ ਪਤੰਗੇ ਸੜਦੇ ਜਾਂਦੇ ਹਨ।

**ਜਿਨ ਕਉ ਤੁਮ ਦਇਆ ਕਰਿ ਮੇਲਹੁ ਤੇ ਹਰਿ ਹਰਿ ਸੇਵ ਲਗਾਨੇ ॥ ਜਨ ਨਾਨਕ ਹਰਿ ਹਰਿ ਹਰਿ ਜਪਿ ਪ੍ਰਗਟੇ ਮਤਿ ਗੁਰਮਤਿ ਨਾਮਿ ਸਮਾਨੇ ॥ ੪॥ ੪॥੧੮॥੫੬॥**

Digitized by Panjab Digital Library | www.panjabdigilib.org

ਹੇ ਪ੍ਰਮੇਸ਼ਰਾ! ਜਿਨ੍ਹਾਂ ਨੂੰ ਤੁਸੀ ਕਿਰਪਾ ਕਰਕੇ ਗੁਰੂ ਦੇ ਨਾਲ ਮੇਲਦੇ ਹੋ, ਓਹ ਆਦਮੀ ਤੇਰੀ ਸੇਵਾ ਵਿਚ ਲੱਗਦੇ ਹਨ ਭਾਵ ਭਗਤੀ ਕਰਨ।

ਗੁਰੂ ਜੀ–ਹੇ ਪ੍ਰਮੇਸ਼ਰਾ ਤੇਰਾ ਹਰਿ ਹਰਿ ਨਾਮ ਮਨ ਬਾਣੀ ਸਰੀਰ ਕਰਕੇ ਜਪਕੇ ਸਾਰਿਆਂ ਲੋਕਾਂ ਵਿਚ ਪ੍ਰਗਟ ਹੋਏ ਹਾਂ ਅਤੇ ਅਕਲ ਵਿਚ ਗੁਰ ਸਿਖਿਆ ਨੂੰ ਧਾਰਕੇ ਨਾਮੀ ਪ੍ਰਮੇਸ਼ਰ ਵਿਚ ਮਿਲ ਗਏ ਹਾਂ।

## ਗਉੜੀ ਪੂਰਬੀ ਮਹਲਾ ੪ ॥

**ਮੇਰੇ ਮਨ ਸੋ ਪ੍ਰਭੁ ਸਦਾ ਨਾਲਿ ਹੈ ਸੁਆਮੀ ਕਹੁ ਕਿਥੈ ਹਰਿ ਪਹੁ ਨਸੀਐ ॥ ਹਰਿ ਆਪੇ ਬਖਸਿ ਲਏ ਪ੍ਰਭੁ ਸਾਚਾ ਹਰਿ ਆਪਿ ਛਡਾਏ ਛੁਟੀਐ ॥ ੧ ॥**

ਹੇ ਮੇਰੇ ਮਨ ਓਹ ਮਾਲਕ ਸਦਾ ਨਾਲ ਹੈ ਤਾਂ ਫਿਰ ਦੱਸੋ ਉਸ ਮਾਲਕ ਪ੍ਰਮੇਸਰ ਪਾਸੋਂ ਪਾਪ ਕਰਕੇ ਨੱਸਕੇ ਕਿੱਥੇ ਜਾਈਏ। ਪਰ ਓਹ ਸੱਚਾ ਮਾਲਕ ਪ੍ਰਮੇਸਰ ਆਪੇ ਹੀ ਬਖਸ਼ ਲਵੇ ਅਤੇ ਸੰਸਾਰ ਦੇ ਬੰਧਨਾਂ ਤੋਂ ਛੁੜਾ ਲਵੇ ਤੇ ਤਾਂ ਮੁਕਤ ਹੋਈਦਾ ਹੈ।

**ਮੇਰੇ ਮਨੁ ਜਪਿ ਹਰਿ ਹਰਿ ਹਰਿ ਮਨਿ ਜਪੀਐ ॥ ਸਤਿਗੁਰ ਕੀ ਸਰਣਾਈ ਭਜਿ ਪਉ ਮੇਰੇ ਮਨਾ ਗੁਰ ਸਤਿ-ਗੁਰ ਪੀਛੈ ਛੁਟੀਐ ॥ ੧ ॥ ਰਹਾਉ ॥**

ਹੇ ਮੇਰੇ ਮਨ ਜੇਹੜਾ ਪ੍ਰਮੇਸਰ ਦਾ ਨਾਮ ਹਰ ਤਰਾਂ ਦੇ ਦੁਖਾਂ ਨੂੰ ਹਰਨ ਵਾਲਾ ਹੈ ਅਤੇ ਮਨਿ = ਸਿਰੋਮਣੀ ਹੈ ਉਸਨੂੰ ਜਪੀਏ। ਹੇ ਮੇਰੇ ਮਨਾ ਭੱਜਕੇ ਸਤਿਗੁਰਾਂ ਦੀ ਸ਼ਰਨ ਪਓ,ਕਿਉਂ ਜੋ ਵੱਡਿਆਂ ਸਤਿਗੁਰਾਂ ਦੇ ਮਗਰ ਲੱਗਕੇ ਸੰਸਾਰ ਦੇ ਬੰਧਨਾਂ ਤੋਂ ਛੁਟ ਜਾਈਦਾ ਹੈ।

**ਮੇਰੇ ਮਨ ਸੇਵਹੁ ਸੋ ਪ੍ਰਭ ਸ੍ਰਬ ਸੁਖ ਦਾਤਾ ਜਿਤੁ ਸੇਵਿਐ ਨਿਜ ਘਰਿ ਵਸੀਐ ॥ ਗੁਰਮੁਖਿ ਜਾਇ ਲਹਹੁ ਘਰੁ ਅਪਨਾ ਘਸਿ ਚੰਦਨੁ ਹਰਿ ਜਸੁ ਘਸੀਐ ॥ ੨ ॥**

ਹੇ ਮੇਰੇ ਮਨ! ਜੇਹੜਾ ਮਾਲਕ ਸਾਰਿਆਂ ਸੁਖਾਂ ਦੇ ਦੇਣ ਵਾਲਾ ਹੈ ਉਸ ਨੂੰ ਸੇਵੋ,ਜਿਸਦੀ ਸੇਵਾ ਕਰਨ ਨਾਲ ਆਪਣੇਅਸਲੀ ਘਰ ਵਿਚ ਜਾਵੱਸੀਦਾਹੈ।

ਸਿਰੋਮਣੀ ਗੁਰੂ ਦੇ ਪਾਸ ਜਾਕੇ ਆਪਣਾ ਘਰ ਲੱਭ ਲਵੋ ਭਾਵ ਵਾਹਿਗੁਰੂ ਦੇ ਨਾਲ ਮਿਲ ਜਾਓ ਅਤੇ ਏਹੋ ਹੀ ਚੰਦਨ ਦਾ ਘਸਾਕੇ ਲੌਣਾ ਹੈ, ਜੇਹੜਾ ਮੁੜ ਮੁੜ ਪ੍ਰਮੇਸ਼ਰ ਦੇ ਜਸ ਨੂੰ ਘਸਣਾ = ਉਚਾਰਨਾ ਹੈ।

Digitized by Panjab Digital Library | www.panjabdigilib.org

**ਮੇਰੇ ਮਨ ਹਰਿ ਹਰਿ ਹਰਿ ਹਰਿ ਹਰਿ ਜਸੁ ਊਤਮੁ ਲੈ ਲਾਹਾ ਹਰਿ ਮਨਿ ਹਸੀਐ ॥ ਹਰਿ ਹਰਿ ਆਪਿ ਦਇਆ ਕਰਿ ਦੇਵੈ ਤਾ ਅੰਮ੍ਰਿਤੁ ਹਰਿ ਰਸੁ ਚਖੀਐ ॥ ੩ ॥**

ਹੇ ਮੇਰੇ ਮਨ ਭਗਤਾਂ ਦੇ ਦੁੱਖ ਹਰਨ ਵਾਲਾ ਜੇਹੜਾ ਹਰੀ ਦਾ ਹਰਿ ਹਰਿ ਨਾਮ ਅਤੇ ਹਰੀ ਦਾ ਜੱਸ ਹੈ। ਸੋ ਓਹ ਦੋਵੇਂ ਹੀ ਉੱਤਮ ਹਨ, ਇਸ ਤਰ੍ਹਾਂ ਦੇ ਹਰੀ ਨਾਮ ਦਾ ਲਾਭ ਲੈਕੇ ਮਨ ਵਿੱਚ ਹੱਸੀਦਾ ਹੈ।

ਪਰ ਜੇਕਰ ਆਪ ਪ੍ਰਮੇਸ਼ਰ ਦਯਾ ਕਰਕੇ ਦੇਵੇ ਤੇ ਤਾਂ ਅੰਮ੍ਰਿਤ ਰੂਪ ਹਰੀ ਦੇ ਹਰਿਨਾਮ ਰਸ ਨੂੰ ਚੱਖੀਦਾ ਹੈ।

**ਮੇਰੇ ਮਨ ਨਾਮ ਬਿਨਾ ਜੋ ਦੂਜੈ ਲਾਗੇ ਤੇ ਸਾਕਤ ਨਰ ਜਮਿ ਘੁਟੀਐ ॥ ਤੇ ਸਾਕਤ ਚੋਰ ਜਿਨਾ ਨਾਮੁ ਵਿਸਾ-ਰਿਆ ਮਨ ਤਿਨਕੈ ਨਿਕਟਿ ਨ ਭਿਟੀਐ ॥ ੪ ॥**

ਹੇ ਮੇਰੇ ਮਨ ਜੇਹੜੇ ਨਾਮ ਤੋਂ ਬਿਨਾਂ ਦ੍ਵੈਤ ਭਾਵਣਾ ਵਿੱਚ ਲੱਗੇ ਹੋਏ ਹਨ ਓਹ ਆਦਮੀ ਸ਼ਕਤੀ ਦੇ ਚੇਲੇ ਹਨ ਭਾਵ ਮਾਇਆ ਦੇ ਦਾਸ ਹਨ,ਇਸ ਲਈ ਓਹਨਾਂ ਨੂੰ ਜਮ ਘੁੱਟੇਗਾ ਭਾਵ ਗਲ ਘੁੱਟਕੇ ਮਾਰੇਗਾ।

ਜਿਨ੍ਹਾਂ ਨੇ ਨਾਮ ਵਿਸਾਰਿਆ ਹੈ ਓਹ ਸਾਕਤ ਆਦਮੀ ਚੋਰ ਹਨ। ਹੇ ਮਨ ਓਹਨਾਂ ਦੇ ਨੇੜੇ ਨ ਛੋਹੀਏ ਭਾਵ ਨਾਲ ਨ ਲੱਗੀਏ।

**ਮੇਰੇ ਮਨ ਸੇਵਹੁ ਅਲਖ ਨਿਰੰਜਨ ਨਰ ਹਰਿ ਜਿਤੁ ਸੇਵਿਐ ਲੇਖਾ ਛੂਟੀਐ ॥ ਜਨ ਨਾਨਕ ਹਰਿ ਪ੍ਰਭਿ ਪੂਰੇ ਕੀਏ ਖਿਨੁ ਮਾਸਾ ਤੋਲੁ ਨ ਘਟੀਐ ॥ ੫ ॥ ੫ ॥ ੧੯ ॥ ੫੭॥**

ਹੇ ਮੇਰੇ ਮਨ ਜੇਹੜਾ ਪ੍ਰਮੇਸ਼ਰ ਨ ਵੇਖਿਆ ਜਾਣ ਵਾਲਾ ਮਾਇਆ ਤੋਂ ਰਹਿਤ ਨਰਸਿੰਘ ਰੂਪ ਹੈ,ਉਸਦੀ ਸੇਵਾ ਕਰਨ ਨਾਲ ਸਾਰਿਆਂ ਲੇਖਿਆਂ ਤੋਂ ਛੁੱਟ ਜਾਈਦਾ ਹੈ। ਗੁਰੂ ਜੀ–ਜਦੋਂ ਅਸੀਂ ਦਾਸ ਹਰੀ ਮਾਲਕ ਨੇ ਪੂਰੇ ਕਰ ਦਿੱਤੇ ਭਾਵ ਆਪਣੇ ਵਰਗੇ ਬਣਾ ਲਏ ਭਾਵੇਂ ਅਸੀਂ ਪਿੱਛੇ ਕਿਸੇ ਛਿਨ ਪਲ, ਘੜੀ ਵਿੱਚ ਮਾਸਾ ਭਾਵ ਬੜੇ ਛੋਟੇ ਸੀ, ਪਰ ਹੁਣ ਤੋਲ = ਵਿਚਾਰ ਕਰਨ ਨਾਲ ਨਹੀਂ ਘੱਟ ਹੋਵਾਂਗੇ ਭਾਵ ਪੂਰੇ ਹੋ ਗਏ ਹਾਂ।

**ਗਉੜੀ ਪੂਰਬੀ ਮਹਲਾ ੪ ॥**

**ਹਮਰੇ ਪ੍ਰਾਨ ਵਸਗਤਿ ਪ੍ਰਭ ਤੁਮਰੈ ਮੇਰਾ ਜੀਉ ਪਿੰਡੁ ਸਭ ਤੇਰੀ ॥ ਦਇਆ ਕਰਹੁ ਹਰਿ ਦਰਸੁ ਦਿਖਾਵਹੁ**

Digitized by Panjab Digital Library | www.panjabdigilib.org

**ਮੇਰੇ ਮਨ ਤਨਿ ਲੋਚ ਘਣੇਰੀ ॥ ੧ ॥**

ਹੇ ਮਾਲਕਾ ਜੇਹੜੇ ਸਾਡੇ ਪ੍ਰਾਣ ਹਨ, ਓਹਨਾਂ ਦੀ ਗਤੀ = ਚਾਲ ਆਪਦੇ ਹੁਕਮ ਦੇ ਵੱਸ ਹੈ ਅਤੇ ਮੇਰਾ ਜੀਓ ਸਰੀਰ ਵੀ ਸਭ ੇਰੀ ਦਾਤ ਹੀ ਹੈ ਭਾਵ ਮੇਰੇ ਪ੍ਰਾਣ ਸਰੀਰ ਜੀਵ ਸਭ ਆਪ ਦੀ ਦਾਤ ਹੈ।

ਹੇ ਪ੍ਰਮੇਸ਼ਰ ਜੀ ਦਯਾ ਕਰੋ,ਮੈਨੂੰ ਅਪਣਾ ਦਰਸ਼ਨ ਵਿਖਾਓ,ਮੇਰੇ ਮਨ ਤਨ ਦੇ ਅੰਦਰ ਆਪ ਦੇ ਮਿਲਨ ਦੀ ਬੜੀ ਇੱਛਿਆ ਲੱਗੀ ਹੋਈ ਹੈ।

**ਰਾਮ ਮੇਰੈ ਮਨਿ ਤਨਿ ਲੋਚਿ ਮਿਲਣ ਹਰਿ ਕੇਰੀ ॥ ਗੁਰ ਕ੍ਰਿਪਾਲਿ ਕ੍ਰਿਪਾ ਕਿੰਚਤ ਗੁਰਿ ਕੀਨੀ ਹਰਿ ਮਿਲਿਆ ਆਇ ਪ੍ਰਭੁ ਮੇਰੀ ॥ ੧ ॥ ਰਹਾਉ ॥**

ਹੇ ਰਾਮ ਹਰੀ ਮੇਰੇ ਮਨ ਤਨ ਦੇ ਅੰਦਰ ਤੇਰੇ ਮਿਲਨ ਦੀ ਇੱਛਿਅ ਲੱਗੀ ਹੋਈ ਹੈ, ਪਰ ਜਿਨ੍ਹਾਂ ਉਤੇ ਵੱਡਿਆਂ ਕਿਰਪਾਲੂ ਗੁਰਾਂ ਨੇ ਥੋੜਾ ਜਿਹਾ ਚਿਰ ਵੀ ਕਿਰਪਾ ਕੀਤੀ ਹੈ ਜਾਂ ਥੋੜੀ ਕੀਤੀ ਹੈ ਤਾਂ ਓਹਨਾਂ ਨੂੰ ਹੇ ਸਮਰਥਾ ਹਰੀ ਮੇਰੀ = ਮੇਲੀ ਤੂੰ ਆਕੇ ਮਿਲ ਪਿਆ ਹੈਂ। ਕਿੰਚਤ = ਥੋੜੀ।

**ਜੋ ਹਮਰੈ ਮਨ ਚਿਤਿ ਹੈ ਸੁਆਮੀ ਸਾ ਬਿਧਿ ਤੁਮ ਹਰਿ ਜਾਨਹੁ ਮੇਰੀ ॥ ਅਨਦਿਨੁ ਨਾਮੁ ਜਪੀ ਸੁਖੁ ਪਾਈ ਨਿਤ ਜੀਵਾ ਆਸ ਹਰਿ ਤੇਰੀ ॥ ੨ ॥**

ਹੇ ਹਰੀ ਮਾਲਕਾ ਜੇਹੜੀ ਮੇਰੇ ਮਨ ਵਿੱਚ ਯਾਦਗਾਰ ਹੈ ਉਸ ਮੇਰੀ ਚਿੱਤਵਣੀ ਦੀ ਰੀਤੀ ਤੁਸੀਂ ਆਪ ਹੀ ਜਾਣਦੇ ਹੋ। ਰਾਤ ਦਿਨ ਤੇਰੇ ਨਾਮ ਨੂੰ ਜਪਕੇ ਸੁਖ ਪਵਾਂ। ਹੇ ਮਹਾਰਾਜ! ਰੋਜ਼ ਤੇਰੀ ਆਸਾ ਵਿੱਚ ਜੀਉਂਦਾ ਰਹਾਂ।

**ਗੁਰਿ ਸਤਿਗੁਰਿ ਦਾਤੈ ਪੰਥੁ ਬਤਾਇਆ ਹਰਿ ਮਿਲਿਆ ਆਇ ਪ੍ਰਭੁ ਮੇਰੀ ॥ ਅਨਦਿਨੁ ਅਨਦੁ ਭਇਆ ਵਡਭਾਗੀ ਸਭ ਆਸ ਪੁਜੀ ਜਨ ਕੇਰੀ ॥ ੩ ॥**

ਜਦੋਂ ਪੂਜਨੀਕ ਸਤਿਗੁਰ ਦਾਤੇ ਨੇ ਰਸਤਾ ਦੱਸਿਆ ਕਿ ਓਹ ਇਸ ਤਰ੍ਹਾਂ ਮਿਲਦਾ ਹੈ ਤੇ ਤਾਂ ਹੇ ਹਰੀ ਮਾਲਕਾ ਮੇਰੀ – ਮੇਲੀ ਜਾਂ ਮੇਰੀਆਂ ਜਾਂ ਮੇਰੀ ਸਰਧਾ ਵੇਖਕੇ ਤੂੰ ਆਕੇ ਮਿਲਿਆ ਹੈਂ। ਜਦੋਂ ਤੂੰ ਆਕੇ ਮੈਨੂੰ ਮਿਲਿਆ ਤੇ ਤਾਂ ਅਸੀਂ ਵੱਡਿਆਂ ਭਾਗਾਂ ਵਾਲੇ ਹੋ ਗਏ ਅਤੇ ਰਾਤ ਦਿਨ ਅਨੰਦ ਹੋਇਆ ਅਤੇ ਮੇਰੀ ਦਾਸ ਦੀ ਸਾਰੀ ਆਸਾ ਪੂਰੀ ਹੋ ਗਈ।

Digitized by Panjab Digital Library | www.panjabdigilib.org

ਜਗੰਨਾਥ ਜਗਦੀਸੁਰ ਕਰਤੇ ਸਭ ਵਸਗਤਿ ਹੈ ਹਰਿ ਕੇਰੀ ॥ ਜਨ ਨਾਨਕ ਸਰਣਾਗਤਿ ਆਏ ਹਰਿ ਰਾਖਹੁ ਪੈਜ ਜਨ ਕੇਰੀ ॥ ੪ ॥ ੬ ॥ ੨੦ ॥ ੫੮ ॥

ਹੇ ਜਗਤ ਦੇ ਮਾਲਕ ਹੇ ਜਗਤ ਦੇ ਈਸ਼ਰ ਕਰਤੇ ਹੇ ਹਰੀ ਪ੍ਰਮੇਸ਼ਰ ਸਾਰਿਆਂ ਦੇ ਗਤੀ = ਤੁਰਨ, ਫਿਰਨ, ਖਾਣ, ਪੀਣ ਦੀ ਰੀਤੀ ਸਭ ਆਪ ਦੇ ਵੱਸ ਹੈ। ਗੁਰੂ ਜੀ-ਹੇ ਹਰੀ ਅਸੀਂ ਤੇਰੀ ਸਰਨ ਆਏ ਹਾਂ, ਆਪਣਿਆਂ ਦਾਸਾਂ ਦੀ ਲਾਜ ਇੱਜ਼ਤ ਵਡਿਆਈ ਰੱਖੋ।

ਗਉੜੀ ਪੂਰਬੀ ਮਹਲਾ ੪ ॥

ਇਹੁ ਮਨੂਆ ਖਿਨੁ ਨ ਟਿਕੈ ਬਹੁਰੰਗੀ ਦਹ ਦਹ ਦਿਸਿ ਚਲਿ ਚਲਿ ਹਾਢੇ ॥ ਗੁਰੁ ਪੂਰਾ ਪਾਇਆ ਵਡਭਾਗੀ ਹਰਿ ਮੰਤ੍ਰੁ ਦੀਆ ਮਨੁ ਠਾਢੇ ॥ ੧ ॥

ਇਹ ਮੇਰਾ ਮਨ ਬਹੁਤਿਆਂ ਰੰਗਾਂ ਤੇ ਬਹੁਤਿਆਂ ਅਨੇਕ ਤਰਾਂ ਦੇ ਖਿਆਲਾਂ ਵਾਲਾ ਹੈ,ਸੋ ਇਹ ਪਲ ਵੀ ਨਹੀਂ ਟਿਕਦਾਹੈ ਅਤੇ ਦਹ = ਵਾਸ਼ਨਾ ਨਾਲ ਸੜਿਆ ਹੋਇਆ ਦਸਾਂ ਦਿਸ਼ਾਂ ਵੱਲ ਚਲਿ = ਭੰਬੀਰੀ ਦੇ ਬਰਾਬਰ ਜੇਹੜਾ ਲਕੜ ਦਾ ਖਡੌਣਾ ਹੁੰਦਾ ਹੈ ਚਲਦਾ ਹੈ ਭਾਵ ਭੌਂਦਾ ਹੋਇਆ ਭਾਵ ਬਹੁਤ ਚੰਚਲ ਹੋਇਆ ੨ ਠਾਢੇ = ਫਿਰਦਾ ਭਾਵ ਸਾਰੀ ਦੁਨੀਆਂ ਦੇ ਪਦਾਰਥ ਚਾਹੁੰਦਾ ਸੀ। ਅਸਾਂ ਜਦੋਂ ਪੂਰਾ ਗੁਰੂ ਵੱਡਿਆਂ ਭਾਗਾਂ ਨਾਲ ਪਾਇਆ ਭਾਵ ਲੱਭ ਲਿਆ ਹੇਹਰੀ ਉਸ ਨੇ ਤੇਰਾ ਨਾਮ ਮੰਤ੍ਰ ਦਿੱਤਾ ਜਾਂ ਮਨ ਖੜੋ ਗਿਆ ਭਾਵ ਸੀਤਲ ਹੋ ਗਿਆ।

ਰਾਮ ਹਮ ਸਤਿਗੁਰ ਲਾਲੇ ਕਾਂਢੇ ॥ ੧ ॥ ਰਹਾਉ ।

ਹਮਰੈ ਮਸਤਕਿ ਦਾਗੁ ਦਗਾਨਾ ਹਮ ਕਰਜ ਗੁਰੂ ਬਹੁ ਸਾਢੇ ॥ ਪਰਉਪਕਾਰੁ ਪੁੰਨੁ ਬਹੁ ਕੀਆ ਭਉ ਦੁਤਰੁ ਤਾਰਿ ਪਰਾਢੇ ॥ ੨ ॥

ਹੇ ਪ੍ਰਮੇਸ਼ਰਾ ਅਸੀਂ ਗੁਰੂ ਦੇ ਦਾਸ ਕਰਕੇ ਆਖੇ ਜਾਂਦੇ ਹਾਂ।

ਸਾਡੇ ਮੱਥੇ ਉੱਤੇ ਪ੍ਰੇਮ ਰੂਪ ਦਾਗ = ਨਿਸ਼ਾਨਾ ਦਗਾਨਾ = ਲੱਗਾ ਹੋਇਆ ਹੈ। ਅਸੀਂ ਗੁਰਾਂ ਦਾ ਬਹੁਤ ਸਾਰਾ ਕਰਜਾ ਸਾਢੇ = ਭਰਦੇ ਹਾਂ ਭਾਵ ਗੁਰਾਂ ਦੇ ਕਰਜ਼ਾਈ ਹਾਂ॥

ਗੁਰਾਂ ਨੇ ਸਾਡੇ ਉੱਤੇ ਬਹੁਤ ਸਾਰਾ ਪਰਉਪਕਾਰ ਦੇ ਪੁੰਨ ਭਲਾ

Digitized by Panjab Digital Library | www.panjabdigilib.org

ਕੀਤਾ ਹੈ ਜਿਸ ਸੰਸਾਰ ਸਮੁੰਦਰ ਦਾ ਤਰਨਾ ਬੜਾ ਔਖਾ ਹੈ,ਇੱਕਰ ਦੇ ਭਉਜਲ ਤੋਂ ਤਾਰਕੇ ਪਰਾਵੇ = ਪਾਰਲੇ ਬੰਨੇ ਪੁਜਾ ਦਿੱਤਾ ਹੈ ਭਾਵ ਪ੍ਰਮੇਸ਼ਰ ਦੇ ਮੇਲੀ ਕਰ ਦਿੱਤਾ ਹੈ।

**ਜਿਨ ਕਉ ਪ੍ਰੀਤਿ ਰਿਦੈ ਹਰਿ ਨਾਹੀ ਨਿਤ ਕੂਰੇ ਗਾਵਨ ਗਾਵੇ ॥ ਜਿਉ ਪਾਨੀ ਕਾਗਦੁ ਬਿਨਸਿ ਜਾਤ ਹੈ ਤਿਉ ਮਨਮੁਖ ਗਰਭਿ ਗਲਾਵੇ ॥ ੩ ॥**

ਹੇ ਹਰੀ ਜਿਨ੍ਹਾਂ ਨੂੰ ਰਿਦੇ ਵਿੱਚ ਤੇਰੀ ਪ੍ਰੀਤੀ ਨਹੀਂ ਓਹਨਾਂ ਆਦਮੀਆਂ ਨੇ ਝੂਠਿਆਂ ਗੰਵਣਾਂ ਨੂੰ ਗੰਵਿਆ ਹੈ ਭਾਵ ਪਖੰਡ ਕਰਦੇ ਫਿਰਦੇ ਹਨ।

ਜਿਸ ਤਰ੍ਹਾਂ ਪਾਣੀ ਵਿੱਚ ਭਿੱਜਣ ਨਾਲ ਜਾਂ ਪਾਣੀ ਦੇ ਉੱਤੇ ਡਿੱਗਣ ਨਾਲ ਕਾਗ਼ਜ਼ ਨਾਸ ਹੋ ਜਾਂਦਾ ਹੈ, ਇੱਕਰ ਹੀ ਮਨਮੁਖ ਗਰਭ ਜੂਨੀਆਂ ਵਿੱਚ ਗਲਦੇ ਰਹਿੰਦੇ ਹਨ ਭਾਵ ਜੰਮਦੇ ਮਰਦੇ ਹਨ।

**ਹਮ ਜਾਨਿਆ ਕਛੂ ਨ ਜਾਨਹ ਆਗੈ ਜਿਉ ਹਰਿ ਰਾਖੈ ਤਿਉ ਠਾਵੇ ॥ ਹਮ ਭੂਲ ਚੂਕ ਗੁਰ ਕਿਰਪਾ ਧਾਰਹੁ ਜਨ ਨਾਨਕ ਕੁਤਰੇ ਕਾਵੇ ॥ ੪ ॥ ੭ ॥ ੨੧ ॥ ੫੯ ॥**

ਪਿੱਛੇ ਅਸਾਂ ਆਪਤੋਂ ਬਿਨਾਂ ਕੁਛ ਨਹੀਂ ਜਾਣਿਆ ਹੈ ਅਤੇ ਅੱਗੇ ਵੀ ਆਪ ਤੋਂ ਬਿਨਾਂ ਕੁਝ ਨਹੀਂ ਜਾਣਾਂਗੇ ਅਤੇ ਹੁਣ ਵੀ ਕੁਛ ਨਹੀਂ ਜਾਣਿਆ ਹੈ। ਹੇ ਪ੍ਰਮੇਰਸ਼ਰਾ ਜਿਸ ਤਰ੍ਹਾਂ ਤੂੰ ਸਾਨੂੰ ਰਖਿਆ ਹੈ ਓਸੇ ਹੀ ਤਰ੍ਹਾਂ ਇੱਕ ਥਾਂ ਉੱਤੇ ਖੜੋਤੇ ਹੋਏ ਹਾਂ। ਗੁਰੂ ਜੀ–ਹੇ ਪ੍ਰਮੇਸ਼ਰ ਵੱਡਿਆ ਅਸੀਂ ਮਨ ਬਾਣੀ ਕਰਕੇ ਭੁਲਣ ਵਾਲੇਹਾਂ ਅਤੇ ਕੁਤਰ ਕਰਕੇ ਕੱਢਣ ਵਾਲੇ ਹਾਂ ਜਾਂ ਕੁਤੱਰਕਾਂ ਨਿੰਦਿਆ ਚੁਗਲੀਆਂ ਕਰਨ ਵਾਲੇ ਹਾਂ ਜਾਂ ਆਪਦੇ ਕੁੱਤੇ ਹਾਂ ਨਰਕਾਂ ਵਿੱਚੋਂ ਕੱਢ ਲਵੋ,ਅਸੀ ਆਪਦੇ ਦਾਸਾਂ ਦੇ ਦਾਸ ਹਾਂ,ਸਾਨੂੰ ਦਾਸਾਂ ਨੂੰ ਕਿਰਪਾ ਕਰਕੇ ਬਚਾਓ ਜਾਂ ਕੁੱਤਾਰੂ ਹਾਂ ਡੁਬਦਿਆਂ ਨੂੰ ਬਚਾ ਲਵੋ ਜਾਂ ਕੁਤਰੇ = ਬੜੇ ਔਖੇ ਜੇਹੜੇ ਵਿਸ਼ੇ ਵਿਕਾਰ ਹਨ ਓਹਨਾਂ ਤੋਂ ਬਚਾ ਲੋ। ਜਾਂ ਕੁਤਰੇ – ਧਰਤੀ ਦੇ ਥੱਲੇ ਨਰਕਾਂ ਵਿੱਚ ਜਾਂਦੇ ਹਾਂ ਬਚਾ ਲਓ । ਅਸਾਂ ਆਪ ਨੂੰ ਭੁਲਾ ਦਿੱਤਾ ਹੈ, ਇਹ ਸਾਡੀ ਵੱਡੀ ਭੁਲ ਹੈ, ਇਸ ਲਈ ਮਾਫ ਕਰਕੇ ਰੱਖਿਆ ਕਰੋ।

(ਇਸ ਸ਼ਬਦ ਦਾ ਅਰਥ ਪਹਿਲੀ ਜਿਲਦ ਸੋਹਲੇ ਵਿੱਚ ਦੇਖੋ।)

**ਗਉੜੀ ਪੂਰਬੀ ਮਹਲਾ ੪ ॥**

**ਕਾਮਿ ਕਰੋਧਿ ਨਗਰੁ ਬਹੁ ਭਰਿਆ ਮਿਲਿ ਸਾਧੂ**

Digitized by Panjab Digital Library | www.panjabdigilib.org

ਖੰਡਲ ਖੰਡਾ ਹੇ ॥ ਪੂਰਬਿ ਲਿਖਤ ਲਿਖੇ ਗੁਰੁ ਪਾਇਆ ਮਨਿ ਹਰਿ ਲਿਵ ਮੰਡਲ ਮੰਡਾਹੇ ॥ ੧ ॥

ਕਰਿ ਸਾਧੂ ਅੰਜੁਲੀ ਪੁੰਨੁ ਵਡਾ ਹੇ ॥ ਕਰਿ ਡੰਡਉਤ ਪੁਨੁ ਵਡਾ ਹੇ ॥ ੧ ॥ ਰਹਾਉ ॥

ਸਾਕਤ ਹਰਿ ਰਸ ਸਾਦੁ ਨ ਜਾਨਿਆ ਤਿਨ ਅੰਤਰਿ ਹਉਮੈ ਕੰਡਾ ਹੇ ॥ ਜਿਉ ਜਿਉ ਚਲਹਿ ਚੁਭੈ ਦੁਖੁ ਪਾਵਹਿ ਜਮ ਕਾਲੁ ਸਹਹਿ ਸਿਰਿ ਡੰਡਾ ਹੇ ॥ ੨ ॥

ਹਰਿ ਜਨ ਹਰਿ ਹਰਿ ਨਾਮਿ ਸਮਾਣੇ ਦੁਖੁ ਜਨਮ ਮਰਣ ਭਵ ਖੰਡਾ ਹੇ ॥ ਅਬਿਨਾਸੀ ਪੁਰਖੁ ਪਾਇਆ ਪਰਮੇ-ਸਰੁ ਬਹੁ ਸੋਭ ਖੰਡ ਬ੍ਰਹਮੰਡਾ ਹੇ ॥ ੩ ॥

ਹਮ ਗਰੀਬ ਮਸਕੀਨ ਪ੍ਰਭ ਤੇਰੇ ਹਰਿ ਰਾਖੁ ਰਾਖੁ ਵਡ ਵਡਾ ਹੇ ॥ ਜਨ ਨਾਨਕ ਨਾਮੁ ਅਧਾਰੁ ਟੇਕ ਹੈ ਹਰਿ ਨਾਮੇ ਹੀ ਸੁਖੁ ਮੰਡਾ ਹੇ ॥ ੪ ॥ ੯ ॥ ੨੨ ॥ ੬੦ ॥

ਗਉੜੀ ਪੂਰਬੀ ਮਹਲਾ ੪ ॥

ਇਸੁ ਗੜ ਮਹਿ ਹਰਿ ਰਾਮ ਰਾਇ ਹੈ ਕਿਛੁ ਸਾਦੁ ਨ ਪਾਵੈ ਧੀਠਾ ॥ ਹਰਿ ਦੀਨ ਦਇਆਲਿ ਅਨੁਗ੍ਰਹੁ ਕੀਆ ਹਰਿ ਗੁਰ ਸਬਦੀ ਚਖਿ ਡੀਠਾ ॥ ੧ ॥

ਪ੍ਰਮੇਸ਼ਰ ਰਾਮ ਪ੍ਰਕਾਸ਼ਕ ਇਸ ਸਰੀਰ ਰੂਪ ਕਿਲੇ ਵਿੱਚ ਬਿਰਾਜਮਾਨ ਹੈ, ਪਰ ਧੀਠਾ = ਹਠੀਆ ਆਦਮੀ ਕੁਛ ਸੁਾਦ ਨਹੀਂ ਪਾਉਂਦਾ ਹੈ।

ਜਦੋਂ ਹਰੀ ਦੀਨ ਦਿਆਲੂ ਨੇ ਕਿਰਪਾ ਕੀਤੀ ਤਾਂ ਗੁਰਾਂ ਦੇ ਉਪਦੇਸ਼ ਦੁਆਰਾ ਹਰੀ ਦੇ ਨਾਮ ਦਾ ਰਸ ਹਰ ਤਰ੍ਹਾਂ ਨਾਲ ਚੱਖਕੇ ਵੇਖਿਆ।

ਰਾਮ ਹਰਿ ਕੀਰਤਨੁ ਗੁਰ ਲਿਵ ਮੀਠਾ ॥੧॥ਰਹਾਉ॥

ਹੇ ਭਰਾ ਹਰੀ ਨਾਮ ਦਾ ਕੀਰਤਨ ਗੁਰਾਂ ਦੁਆਰੇ ਬ੍ਰਿਤੀ ਲਾਉਣ ਨਾਲ ਮਿੱਠਾ ਲੱਗਾ ਹੈ।

ਹਰਿ ਅਗਮੁ ਅਗੋਚਰੁ ਪਾਰਬ੍ਰਹਮੁ ਹੈ ਮਿਲਿ ਸਤਿ-

Digitized by Panjab Digital Library | www.panjabdigilib.org

**ਗੁਰ ਲਾਗਿ ਬਸੀਠਾ ॥ ਜਿਨ ਗੁਰ ਬਚਨ ਸੁਖਾਨੇ ਹੀਅਰੈ ਤਿਨ ਆਗੈ ਆਣਿ ਪਰੀਠਾ ॥ ੨ ॥**

ਅਗਮ ਅਗੋਚਰ = ਜਿਸ ਪਾਸ ਪੁੱਜਿਆ ਨ ਜਾਵੇ, ਜਿਸ ਨੂੰ ਅੱਖਾਂ ਨਾਲ ਵੇਖਿਆ ਨ ਜਾਵੇ, ਉਹ ਪਰੇ ਰਹਿਣ ਵਾਲਾ ਹਰੀ ਉਸ ਨੂੰ ਮਿਲਿਆ ਹੈ, ਜੇਹੜਾ ਆਦਮੀ ਗੁਰੂ ਵਕੀਲ ਦੇ ਚਰਨਾਂ ਉੱਤੇ ਜਾ ਲੱਗਾ ਹੈ ਭਾਵ ਡਿਗ ਪਿਆ ਹੈ। ਜਿਨ੍ਹਾਂ ਦੇ ਦਿਲ ਵਿੱਚ ਗੁਰਾਂ ਦੇ ਬਚਨ ਸੁਖਾਏ ਹਨ, ਓਹਨਾਂ ਦੇ ਅੱਗੇ ਗੁਰਾਂ ਨੇ ਆਤਮ ਅਨੰਦ ਅੰਨ ਖਾਣ ਨੂੰ ਲਿਆਕੇ ਪਰੀਠਾ = ਥਾਲ ਵਿੱਚ ਪਾਕੇ ਰੱਖ ਦਿੱਤਾ ਹੈ।

**ਮਨਮੁਖ ਹੀਅਰਾ ਅਤਿ ਕਠੋਰੁ ਹੈ ਤਿਨ ਅੰਤਰਿ ਕਾਰ ਕਰੀਠਾ ॥ ਬਿਸੀਅਰ ਕਉ ਬਹੁ ਦੂਧੁ ਪੀਆਈਐ ਬਿਖੁ ਨਿਕਸੈ ਫੋਲਿ ਫੁਲੀਠਾ ॥ ੩ ॥**

ਮਨਮੁਖਾਂ ਦਾ ਦਿਲ ਬੜਾ ਕਰੜਾ ਹੈ, ਜਿਸ ਤਰ੍ਹਾਂ ਦਾ ਕਾਲਾ ਠੀਕਰ ਹੁੰਦਾ ਹੈ, ਉਸੇ ਤਰ੍ਹਾਂ ਦਾ ਓਹਨਾਂ ਦਾ ਅੰਦਰ ਕਾਰ = ਕਾਲਾ ਸਿਆਹ ਅਤੇ ਕਰੀਠਾ = ਕਰੜਾ ਹੈ। ਜਿਸ ਤਰ੍ਹਾਂ ਸੱਪ ਨੂੰ ਬਹੁਤ ਦੁੱਧ ਪਿਆਈਏ, ਪਰ ਅੰਤ ਨੂੰ ਉਸਦਾ ਫੋਲਣਾ ਫੋਲਣ ਨਾਲ ਵਿਹੁ ਹੀ ਨਿਕਲਦੀ ਹੈ,ਇੱਕੁਰ ਹੀ ਮਨਮੁਖਾਂ ਨੂੰ ਚੰਗੀ ਸਿਖਿਆ ਦੇਣ ਨਾਲ ਓਹਨਾਂ ਤੋਂ ਬੁਰਾ ਹੀ ਹੁੰਦਾ ਹੈ।

**ਹਰਿ ਪ੍ਰਭੁ ਆਨਿ ਮਿਲਾਵਹੁ ਗੁਰੁ ਸਾਧੂ ਘਸਿ ਗਰੁੜੁ ਸਬਦੁ ਮੁਖਿ ਲੀਠਾ ॥ ਜਨ ਨਾਨਕ ਗੁਰ ਕੇ ਲਾਲੇ ਗੋਲੇ ਲਗਿ ਸੰਗਤਿ ਕਰੂਆ ਮੀਠਾ ॥ ੪ ॥ ੯ ॥ ੨੩ ॥ ੬੧ ॥**

ਹੇ ਹਰੀ ! ਸਾਨੂੰ ਮਾਲਕ ਗੁਰੂ ਸੰਤ ਆਕੇ ਮਿਲਾਓ,ਜਿਨ੍ਹਾਂ ਨੂੰ ਤੂੰ ਗੁਰੂ ਮਿਲਾਇਆ ਹੈ, ਓਹਨਾਂ ਨੇ ਜੇਹੜਾ ਗੁਰ ਉਪਦੇਸ਼ ਨੂੰ ਘਸਿ = ਜਪਿਆ ਹੈ ਓਹ ਵਿਕਾਰ ਰੂਪ ਵਿਹੁ ਲਾਹੁਣ ਵਾਲਾ ਗਰੜ ਮੰਤ੍ਰ ਹੈ। ਓਹ ਓਹਨਾਂ ਮੂੰਹ ਵਿੱਚ ਲਿਆ ਹੈ ਭਾਵ ਨਾਮ ਜਪਿਆ ਹੈ।

ਗੁਰੂ ਜੀ–ਜੇਹੜੇ ਗੁਰਾਂ ਦੇ ਦਾਸਾਂ ਦੇ ਦਾਸ ਹੋਏ ਹਨ, ਓਹ ਸੰਗਤ ਦੇ ਨਾਲ ਲਗਕੇ ਜੇਹੜਾ ਓਹਨਾਂ ਦਾ ਕਰੂਆ = ਕੌੜਾ ਸੁਭਾਵ ਸੀ, ਮਿੱਠਾ ਹੋ ਗਿਆ ਹੈ।

**ਗਉੜੀ ਪੂਰਬੀ ਮਹਲਾ ੪ ॥**

**ਹਰਿ ਹਰਿ ਅਰਥਿ ਸਰੀਰੁ ਹਮ ਬੇਚਿਆ ਪੂਰੇ**

Digitized by Panjab Digital Library | www.panjabdigilib.org

**ਗੁਰਕੈ ਆਗੇ ॥ ਸਤਿਗੁਰ ਦਾਤੈ ਨਾਮੁ ਦਿੜਾਇਆ ਮੁਖਿ ਮਸਤਕਿ ਭਾਗ ਸਭਾਗੇ ॥ ੧ ॥**

ਪ੍ਰਮੇਸ਼ਰ ਦੇ ਨਾਮ ਦੇ ਵਾਸਤੇ ਅਸਾਂ ਨੇ ਪੂਰਿਆਂ ਗੁਰੂਆਂ ਦੇ ਅੱਗੇ ਸਰੀਰ ਵੇਚ ਦਿੱਤਾ ਹੈ, ਪਰ ਸਾਡੇ ਮੱਥੇ ਉੱਤੇ ਜੇਹੜੇ ਚੰਗੇ ਮੁਖੀ ਲੇਖ ਲਿਖੇ ਹੋਏ ਸੀ, ਇਸ ਲਈ ਸਤਿਗੁਰੂ ਦਾਤੇ ਨੇ ਸਾਨੂੰ ਨਾਮ ਦ੍ਰਿੜ ਕਰਾਇਆ ਹੈ ਅਤੇ ਅਸੀਂ ਚੰਗਿਆਂ ਭਾਗਾਂ ਵਾਲੇ ਹੋ ਗਏ ਹਾਂ।

**ਰਾਮ ਗੁਰਮਤਿ ਹਰਿ ਲਿਵ ਲਾਗੇ ॥ ੧ ॥ ਰਹਾਉ ॥**

ਹੇ ਭਰਾ! ਗੁਰਾਂ ਦੀ ਸਿਖਿਆ ਨਾਲ ਹਰੀ ਨਾਮ ਵਿੱਚ ਬ੍ਰਿਤੀ ਲੱਗਦੀ ਹੈ।

**ਘਟਿ ਘਟਿ ਰਮਈਆ ਰਮਤ ਰਾਮ ਰਾਇ ਗੁਰ ਸਬਦਿ ਗੁਰੂ ਲਿਵ ਲਾਗੇ ॥ ਹਉ ਮਨੁ ਤਨੁ ਦੇਵਉ ਕਾਟਿ ਗੁਰੂ ਕਉ ਮੇਰਾ ਭ੍ਰਮੁ ਭਉ ਗੁਰਬਦਨੀ ਭਾਗੇ ॥ ੨ ॥**

ਜਦੋਂ ਗੁਰ ਉਪਦੇਸ਼ ਵਿੱਚ ਗੁਰੂ ਵੱਡੀ ਭਾਵ ਸ਼ੁੱਧ ਬ੍ਰਿਤੀ ਹੋਕੇ ਲੱਗੀ ਹੈ ਤਦ ਤੋਂ ਜੇਹੜਾ ਰਾਮ ਰਾਜਾ ਘਟਾਂ ੨ ਵਿੱਚ ਮਿਲਿਆ ਹੋਇਆ ਹੈ ਸੋ ਉਸਨੂੰ ਰਮਤ = ਜਪਦੇ ਹਾਂ। ਇਸ ਲਈ ਮੈਂ ਮਨ ਤਨ ਕੱਟਕੇ ਗੁਰਾਂ ਨੂੰ ਦੇਵਾਂ, ਕਿਉਂਕਿ ਮੇਰਾ ਭਰਮ ਤੇ ਡਰ ਗੁਰਾਂ ਦੇ ਬਚਨਾਂ ਨਾਲ ਦੌੜ ਜਾਵੇਗਾ।

**ਅੰਧਿਆਰੈ ਦੀਪਕ ਆਨਿ ਜਲਾਏ ਗੁਰ ਗਿਆਨਿ ਗੁਰੂ ਲਿਵ ਲਾਗੇ ॥ ਅਗਿਆਨ ਅੰਧੇਰਾ ਬਿਨਸਿ ਬਿਨਾ-ਸਿਓ ਘਰਿ ਵਸਤੁ ਲਹੀ ਮਨ ਜਾਗੇ ॥ ੩ ॥**

ਜਦੋਂ ਪੂਜਨੀਕ ਗੁਰਾਂ ਦੁਆਰੇ ਪ੍ਰਮੇਸ਼ਰ ਦੇ ਵਿੱਚ ਚਿੱਤ ਬ੍ਰਿਤੀ ਆਕੇ ਲਗਾਵੇ ਸਾਵਧਾਨ ਹੋਏ ਭਾਵ ਤਿਆਰ ਬਰ ਤਿਆਰ ਹੋਏ ਤਾਂ ਗੁਰਾਂ ਨੇ ਅਗਯਾਨ ਰੂਪ ਹਨੇਰਾ ਦੂਰ ਕਰਨ ਵਾਸਤੇ ਵੈਰਾਗ ਵਿਵੇਕ ਰੂਪ ਦੀਵਾ ਦਿਲ ਵਿੱਚ ਲਿਆਕੇ ਬਾਲ ਦਿੱਤਾ ਹੈ।

ਜੇਹੜਾ ਅਗਯਾਨ ਜਗਤ ਦੇ ਨਾਸ ਕਰਨ ਵਾਲਾ ਹੈ ਸੋ ਜਦੋਂ ਓਹ ਅਗਯਾਨ ਨਾਸ ਹੋ ਗਿਆ ਤਾਂ ਆਤਮ ਰੂਪ ਵਸਤੂ ਘਰ = ਸਰੀਰ ਦੇ ਅੰਦਰ ਹੀ ਲੱਭ ਲਈ ਅਤੇ ਮਨ ਨੀਂਦ ਤੋਂ ਜਾਗ ਪਿਆ।

**ਸਾਕਤ ਬਧਿਕ ਮਾਇਆਧਾਰੀ ਤਿਨ ਜਮ ਜੋਹਨਿ**

Digitized by Panjab Digital Library | www.panjabdigilib.org

ਲਾਗੇ ॥ ਉਨ ਸਤਿਗੁਰ ਆਗੈ ਸੀਸੁ ਨ ਬੇਚਿਆ ਓਇ ਆਵਹਿ ਜਾਹਿ ਅਭਾਗੇ ॥ ੪ ॥

ਜੇਹੜੇ ਸਾਕਤ ਸ਼ਿਕਾਰੀ ਮਾਇਆਧਾਰੀ ਹਨ, ਓਹਨਾਂ ਨੂੰ ਜਮ ਆਕੇ ਦੇਖਣ ਲੱਗਾ ਹੈ ਭਾਵ ਜਾਂ ਸ਼ਿਕਾਰੀ ਜਮ ਮਨਮੁਖਾਂ ਨੂੰ ਮ ਰਨ ਆਯਾ ਹੈ ।

ਓਹਨਾਂ ਆਦਮੀਆਂ ਨੇ ਸਤਿਗੁਰਾਂ ਦੇ ਅੱਗੇ ਸਿਰ ਨਹੀਂ ਵੇਚਿਆ ਹੈ, ਇਸ ਲਈ ਓਹ ਅਭਾਗੇ ਜੰਮਦੇ ਮਰਦੇ ਹਨ।

ਹਮਰਾ ਬਿਨਉ ਸੁਨਹੁ ਪ੍ਰਭ ਠਾਕੁਰ ਹਮ ਸਰਣਿ ਪ੍ਰਭੂ ਹਰਿ ਮਾਗੇ ॥ ਜਨ ਨਾਨਕ ਕੀ ਲਜ ਪਾਤਿ ਗੁਰੂ ਹੈ ਸਿਰੁ ਬੇਚਿਓ ਸਤਿਗੁਰ ਆਗੇ ॥ ੫ ॥ ੧੦ ॥ ੨੪ ॥ ੬੨ ॥

ਹੇ ਹਰੀ ਮਾਲਕ ਠਾਕਰ ਸਮਰੱਥ ਸਾਡੀ ਹਰ ਤਰ੍ਹਾਂ ਦੀ ਬੇਨਤੀ ਦਾ ਸਾਡਾ ਇਹ ਬਚਨ ਜ਼ਰੂਰ ਸੁਣੋ ਜੋ ਅਸੀਂ ਆਪ ਦੀ ਸ਼ਰਨ ਮੰਗਦੇ ਹਾਂ, ਕਿਰਪਾ ਕਰਕੇ ਦਿਓ । ਗੁਰੂ ਜੀ—ਹੇ ਭਗਵਨ ! ਮੇਰੀ ਤਾਂ ਲੱਜ ਇੱਜ਼ਤ ਜਾਂ ਪੰਗਤੀ ਗੁਰੂ ਹੀ ਹੈ, ਕਿਉਂਕਿ ਮੈਂ ਸਤਿਗੁਰਾਂ ਦੇ ਅੱਗੇ ਸਿਰ ਵੇਚ ਦਿੱਤਾ ਹੈ।

ਗਉੜੀ ਪੂਰਬੀ ਮਹਲਾ ੪ ॥

ਹਮ ਅਹੰਕਾਰੀ ਅਹੰਕਾਰ ਅਗਿਆਨ ਮਤਿ ਗੁਰਿ ਮਿਲਿਐ ਆਪੁ ਗਵਾਇਆ ॥ ਹਉਮੈ ਰੋਗੁ ਗਇਆ ਸੁਖੁ ਪਾਇਆ ਧਨੁ ਧੰਨੁ ਗੁਰੂ ਹਰਿ ਰਾਇਆ ॥ ੧ ॥

ਅਸੀਂ ਪਹਿਲੇ ਹੰਕਾਰ ਨਾਲ ਭਰੇ ਹੋਏ ਹੰਕਾਰੀ ਸਾਂ, ਅਗਜਾਨ ਵਾਲੀ ਅਕਲ ਵਾਲੇ ਸਾਂ, ਪਰ ਹੁਣ ਗੁਰਾਂ ਦੇ ਨਾਲ ਮਿਲਕੇ ਹੰਕਾਰ ਨੂੰ ਦੂਰ ਕੀਤਾ ਹੈ, ਹੰਕਾਰ ਰੋਗ ਨਾਸ ਹੋਣ ਨਾਲ ਸੁਖ ਪਾਇਆ ਹੈ, ਇਸ ਲਈ ਮਨ ਬਾਣੀ ਕਰਕੇ ਗੁਰੂ ਪ੍ਰਮੇਸ਼ਰ ਦੇ ਰੂਪ ਧੰਨ ਧੰਨ ਹਨ।

ਰਾਮ ਗੁਰ ਕੈ ਬਚਨਿ ਹਰਿ ਪਾਇਆ ॥ ੧ ॥ ਰਹਾਉ ॥

ਹੇ ਭਰਾ ! ਗੁਰਾਂ ਦੇ ਉਪਦੇਸ਼ ਨਾਲ ਪ੍ਰਮੇਸ਼ਰ ਨੂੰ ਲੱਭਿਆ ਹੈ ।

ਮੇਰੈ ਹੀਅਰੈ ਪ੍ਰੀਤਿ ਰਾਮ ਰਾਇ ਕੀ ਗੁਰਿ ਮਾਰਗੁ ਪੰਥੁ ਬਤਾਇਆ ॥ ਮੇਰਾ ਜੀਉ ਪਿੰਡੁ ਸਭੁ ਸਤਿਗੁਰ ਆਗੈ ਜਿਨਿ ਵਿਛੁੜਿਆ ਹਰਿ ਗਲਿ ਲਾਇਆ ॥ ੨ ॥

ਮੇਰੇ ਦਿਲ ਵਿੱਚ ਰਾਮ ਰਾਜਾ ਦੀ ਪ੍ਰੀਤੀ ਲੱਗੀ ਹੋਈ ਸੀ, ਗੁਰਾਂ ਨੇ

Digitized by Panjab Digital Library | www.panjabdigilib.org

ਸੰਸਾਰ ਰਸਤੇ ਤੋਂ ਹਟਾਕੇ ਪ੍ਰਮੇਸ਼ਰ ਦਾ ਰਸਤਾ ਦੱਸਿਆ ਹੈ । ਮੇਰਾ ਜੀਅ ਸਰੀਰ ਸਭ ਕੁਛ ਸਤਿਗੁਰਾਂ ਦੇ ਅੱਗੇ ਭੇਟਾ ਹੈ। ਮੈਂ ਪ੍ਰਮੇਸ਼ਰ ਤੋਂ ਵਿਛ- ੜਿਆ ਹੋਇਆ ਸੀ, ਗੁਰਾਂ ਨੇ ਕਿਰਪਾ ਕਰਕੇ ਮੈਨੂੰ ਪ੍ਰਮੇਸ਼ਰ ਦੇ ਗਲ ਨਾਲ ਮਿਲਾ ਦਿੱਤਾ ਹੈ ।

**ਮੇਰੈ ਅੰਤਰਿ ਪ੍ਰੀਤਿ ਲਗੀ ਦੇਖਨ ਕਉ ਗੁਰਿ ਹਿਰਦੈ ਨਾਲਿ ਦਿਖਾਇਆ ॥ ਸਹਜ ਅਨੰਦੁ ਭਇਆ ਮਨਿ ਮੋਰੈ ਗੁਰ ਆਗੈ ਆਪੁ ਵੇਚਾਇਆ ॥ ੩ ॥**

ਜਦੋਂ ਮੇਰੇ ਦਿਲ ਦੇ ਅੰਦਰ ਗੁਰਾਂ ਦੇ ਦੇਖਣ ਦੀ ਪ੍ਰੀਤੀ ਲੱਗੀ ਅਤੇ ਗੁਰਾਂ ਦੇ ਅੱਗੇ ਆਪਾ ਵੇਚ ਦਿੱਤਾ ਭਾਵ ਸਭ ਕੁਛ ਆਪ ਹੀ ਦੇ ਦਿੱਤਾ ਤਾਂ ਗੁਰਾਂ ਨੇ ਪ੍ਰਮੇਸ਼ਰ ਨੂੰ ਮੇਰੇ ਦਿਲ ਦੇ ਨਾਲ ਹੀ ਵਿਖਾ ਦਿੱਤਾ,ਇਸ ਲਈ ਮੇਰੇ ਮਨ ਵਿੱਚ ਸੁਭਾਵਕ ਹੀ ਬੜਾ ਅਨੰਦ ਹੋਇਆ ।

**ਹਮ ਅਪਰਾਧ ਪਾਪ ਬਹੁ ਕੀਨੇ ਕਰਿ ਦੁਸਟੀ ਚੋਰ ਚੁਰਾਇਆ ॥ ਅਬ ਨਾਨਕ ਸਰਣਾਗਤਿ ਆਏ ਹਰਿ ਰਾਖਹੁ ਲਾਜ ਹਰਿ ਭਾਇਆ ॥ ੪ ॥ ੧੧ ॥ ੨੫ ॥ ੬੩ ॥**

ਅਸਾਂ ਬੜੀਆਂ ਬੇਅਦਬੀਆਂ ਅਤੇ ਬੜੇ ਪਾਪ ਕੀਤੇ ਹਨ ਅਤੇ ਦੁਸ਼ਟੀ = ਨਿੰਦਿਆ ਆਦਿਕ ਹੋਰ ਵੀ ਬੁਰੀਆਂ ਗੱਲਾਂ ਕੀਤੀਆਂ ਹਨ ਤੇ ਚੋਰ ਬਣਕੇ ਲੋਕਾਂ ਦੇ ਧਨ ਨੂੰ ਵੀ ਚੁਰਾਇਆ ਹੈ। ਹੁਣ ਗੁਰੂ ਨਾਨਕ ਦਾ ਸ਼ਰਨ ਆਏ ਹਾਂ ਅਤੇ ਹੇ ਪ੍ਰਮੇਸ਼ਰਾ ਤੇਰਾ ਹਰਿ ਹਰਿ ਨਾਮ ਸਾਨੂੰ ਚੰਗਾ ਲੱਗਾ ਹੈ,ਕਿਰਪਾ ਕਰਕੇ ਤੂੰ ਸਾਡੀ ਲੱਜਿਆ ਰੱਖ।

## ਗਉੜੀ ਪੂਰਬੀ ਮਹਲਾ ੪ ॥

**ਗੁਰਮਤਿ ਬਾਜੈ ਸਬਦੁ ਅਨਾਹਦੁ ਗੁਰਮਤਿ ਮਨੂਆ ਗਾਵੈ ॥ ਵਡਭਾਗੀ ਗੁਰ ਦਰਸਨੁ ਪਾਇਆ ਧਨੁ ਧੰਨੁ ਗੁਰੂ ਲਿਵ ਲਾਵੈ ॥ ੧ ॥**

ਬਾਜੇ = ਪ੍ਰਗਟ ਕਰਨਾ । ਸ਼ਬਦ = ਪ੍ਰਮੇਸ਼ਰ । ਅਨਾਹਦ = ਲਗਾਤਾਰ ਮਨੂਆ = ਮੰਨਣਾ ਜਾਂ ਮਨ ।

ਜੇਹੜਾ ਇੱਕ ਪ੍ਰਮੇਸ਼ਰ ਲਗਾਤਾਰ ਦੁਨੀਆਂ ਵਿੱਚ ਮਿਲਿਆ ਹੋਯਾ ਹੈ, ਉਸਨੂੰ ਗੁਰਾਂ ਦੀ ਸਿਖਿਆ ਲੈਣ ਵਾਲੇ ਪ੍ਰਗਟ ਕਰਦੇ ਹਨ ਅਤੇ ਓਹੋ ਹੀ ਗੁਰਮਤੀਏ ਮੰਨਣਾ ਕਰਦੇ ਹਨ ਅਤੇ ਬਾਣੀ ਨਾਲ ਜੱਸ ਨੂੰ ਗਾਉਂਦੇ ਹਨ

Digitized by Panjab Digital Library | www.panjabdigilib.org

ਪਰ ਵੱਡਿਆਂ ਭਾਗਾਂ ਵਾਲਿਆਂ ਨੇ ਗੁਰਾਂ ਦਾ ਦਰਸ਼ਨ ਪਾਇਆ ਹੈ, ਜੇਹੜੇ ਗੁਰੂ ਪ੍ਰਮੇਸ਼ਰ ਦੇ ਨਾਲ ਚਿੱਤ ਬ੍ਰਿਤੀ ਨੂੰ ਲਗਾ ਦੇਂਦੇ ਹਨ, ਓਹ ਧੰਨ ਧੰਨ ਹਨ।

**ਗੁਰਮੁਖਿ ਹਰਿ ਲਿਵ ਲਾਵੈ ॥ ੧ ॥ ਰਹਾਉ ॥**

ਗੁਰਮੁਖ ਹੀ ਪ੍ਰਮੇਸ਼ਰ ਨਾਲ ਬ੍ਰਿਤੀ ਲਗਾਉਂਦੇ ਹਨ।

**ਹਮਰਾ ਠਾਕੁਰੁ ਸਤਿਗੁਰੁ ਪੂਰਾ ਮਨੁ ਗੁਰ ਕੀ ਕਾਰ ਕਮਾਵੈ ॥ ਹਮ ਮਲਿ ਮਲਿ ਧੋਵਹ ਪਾਵ ਗੁਰੂ ਕੇ ਜੋ ਹਰਿ ਹਰਿ ਕਥਾ ਸੁਨਾਵੈ ॥ ੨ ॥**

ਸਾਡਾ ਮਾਲਕ ਤਾਂ ਸਤਿਗੁਰੂ ਪੂਰਾ ਹੈ, ਇਸ ਲਈ ਮੇਰਾ ਮਨ ਤਾਂ ਗੁਰਾਂ ਦੀ ਹੀ ਕਾਰ ਕਮਾਉਂਦਾ ਹੈ। ਜੇਹੜਾ ਗੁਰੂ ਪ੍ਰਮੇਸ਼ਰ ਦੀ ਕਥਾ ਸੁਣਾਉਂਦਾ ਹੈ,ਅਸੀਂ ਉਸ ਦੇ ਪੈਰ ਮਲ ਮਲਕੇ ਧੋਂਦੇ ਹਾਂ।

**ਹਿਰਦੈ ਗੁਰਮਤਿ ਰਾਮ ਰਸਾਇਣੁ ਜਿਹਵਾ ਹਰਿ ਗੁਣ ਗਾਵੈ ॥ਮਨ ਰਸਕਿ ਰਸਕਿ ਹਰਿ ਰਸਿ ਆਘਾਨੇ ਫਿਰਿ ਬਹੁਰਿ ਨ ਭੂਖ ਲਗਾਵੈ ॥ ੩ ॥**

ਦਿਲ ਵਿੱਚ ਵੀ ਗੁਰਾਂ ਦੇ ਉਪਦੇਸ਼ ਦੁਆਰਾ ਪ੍ਰਮੇਸ਼ਰ ਰਸਾਂ ਦਾ ਘਰ ਟਿਕਿਆ ਤੇ ਚੰਗਾ ਲਗਿਆ ਹੋਇਆ ਹੈ ਅਤੇ ਜ਼ਬਾਨ ਨਾਲਵੀ ਉਸਦਾ ਜੱਸ ਗੌਂਦੇ ਹਾਂ। ਸਾਡੇ ਮਨ ਦਿਲ ਆਦਿਕ ਇੰਦ੍ਰੇ ਪ੍ਰੇਮੀ ਹੋਕੇ ਪ੍ਰਮੇਸ਼ਰ ਦੇ ਨਾਮ ਦਾ ਰਸ ਲੈਣ ਵਾਲੇ ਹੋਕੇ ਬਹੁਤ ਹੀ ਰੱਜ ਗਏ ਹਨ ਅਤੇ ਹੁਣ ਤ੍ਰਿਸ਼ਨਾ ਰੂਪ ਭੁੱਖ ਨਹੀਂ ਲੱਗਦੀ ਹੈ ਅਤੇ ਨਾ ਹੀ ਹੁਣ ਭੌਣਾ ਭਰਮਣਾ ਹੁੰਦਾ ਹੈ।

**ਕੋਈ ਕਰੈ ਉਪਾਵ ਅਨੇਕ ਬਹੁ ਤੇਰੇ ਬਿਨੁ ਕਿਰਪਾ ਨਾਮੁ ਨ ਪਾਵੈ ॥ ਜਨ ਨਾਨਕ ਕਉ ਹਰਿ ਕਿਰਪਾ ਧਾਰੀ ਮਤਿ ਗੁਰਮਤਿ ਨਾਮੁ ਦ੍ਰਿੜਾਵੈ ॥ ੪॥ ੧੨ ॥ ੨੬ ॥ ੬੪ ॥**

ਭਾਵੇਂ ਕੋਈ ਹਰ ਤਰ੍ਹਾਂ ਬਹੁਤੇ ਹੀ ਉਪਾਵਾਂਨੂੰ ਕਰਦਾ ਰਹੇ,ਪਰ ਗੁਰਾਂ ਦੀ ਕਿਰਪਾ ਬਿਨਾਂ ਨਾਮ ਨਹੀਂ ਪਾਵੇਗਾ। ਗੁਰੂ ਜੀ-ਸਾਡੇ ਉੱਤੇ ਜਦੋਂ ਪ੍ਰਮੇਸ਼ਰ ਨੇ ਕਿਰਪਾ ਕੀਤੀ ਤਾਂ ਅਕਲ ਵਿੱਚ ਗੁਰਾਂ ਦੀ ਸਿੱਖਿਆ ਦੁਆਰੇ ਨਾਮ ਨੂੰ ਦ੍ਰਿੜ੍ਹ ਕੀਤਾ।

Digitized by Panjab Digital Library | www.panjabdigilib.org

ਰਾਗੁ ਗਉੜੀ ਮਾਝ ਮਹਲਾ ੪ ॥

ਗੁਰਮੁਖਿ ਜਿੰਦੂ ਜਪਿ ਨਾਮੁ ਕਰੰਮਾ ॥ ਮਤਿ ਮਾਤਾ ਮਤਿ ਜੀਉ ਨਾਮੁ ਮੁਖਿ ਰਾਮਾ ॥ ਸੰਤੋਖੁ ਪਿਤਾ ਕਰਿ ਗੁਰੁ ਪੁਰਖੁ ਅਜਨਮਾ ॥ ਵਡਭਾਗੀ ਮਿਲੁ ਰਾਮਾ ॥ ੧ ॥

ਜਿੰਦੂ = ਹੇ ਚੰਗਿਆਂ ਕਰਮਾਂ ਵਾਲਿਆ ਜੀਵਾ ਨਾਮ ਨੂੰ ਜਪ, ਹੇ ਜੀਵ ਜੇਹੜੀ ਅਕਲ ਵਿੱਚ ਚੰਗੀ ਸਿੱਖਿਆ ਧਾਰਨੀ ਹੈ ਅਤੇ ਜਿਸ ਅਕਲ ਕਰਕੇ ਮੂੰਹੋਂ ਪ੍ਰਮੇਸ਼ਰ ਦਾ ਨਾਮ ਉਚਾਰਨਾ ਹੈ,ਓਹ ਮਾਤਾ ਜਾਣ।

ਸੰਤੋਖ ਨੂੰ ਪਿਤਾ ਬਣਾ ਅਤੇ ਜੇਹੜਾ ਅਜਨਮਾ ਅਕਾਲ ਪੁਰਖ ਹੈ। ਉਸ ਨੂੰ ਗੁਰੂ ਬਣਾ ਲੈ, ਫਿਰ ਵੱਡਿਆਂ ਭਾਗਾਂ ਨਾਲ ਰਾਮ ਦੇ ਨਾਲ ਮਿਲ ਜਾਹ।

ਗੁਰੁ ਜੋਗੀ ਪੁਰਖੁ ਮਿਲਿਆ ਰੰਗੁ ਮਾਣੀ ਜੀਉ ॥ ਗੁਰੁ ਹਰਿ ਰੰਗਿ ਰਤੜਾ ਸਦਾ ਨਿਰਬਾਣੀ ਜੀਉ ॥ ਵਡ-ਭਾਗੀ ਮਿਲੁ ਸੁਘੜ ਸੁਜਾਣੀ ਜੀਉ ॥ ਮੇਰਾ ਮਨੁ ਤਨੁ ਹਰਿ ਰੰਗਿ ਭਿੰਨਾ ॥ ੨ ॥

ਜੇਹੜਾ ਗੁਰੂ ਪ੍ਰਮੇਸਰ ਨਾਲ ਜੁੜਿਆ ਹੋਇਆ ਹੈ, ਓਹ ਜਿਸਨੂੰ ਮਿਲਿਆ ਹੈ,ਉਸ ਜੀਵ ਨੇ ਆਤਮ ਸੁਖ ਨੂੰ ਮਾਣਿਆ ਭਾਵ ਅਨੰਦ ਲਿਆਹੈ,

ਓਹ ਗੁਰੂ ਕਿਸਤਰਾਂ ਦਾ ਹੈ ਜੇਹੜਾ ਸਦਾ ਹੀ ਨਿਰਬਾਣੀ = ਦੁਖਾਂ ਤੋਂ ਰਹਿਤ ਪ੍ਰਮੇਸ਼ਰ ਵਿਚ ਪ੍ਰੇਮ ਕਰਕੇ ਰੱਤਾ ਹੋਇਆ ਹੈ ਭਾਵ ਮਿਲਿਆ ਹੋਇਆ ਹੈ।

ਇੱਕੁਰ ਦਾ ਗੁਰੂ ਬਹੁਤਿਆਂ ਸਿਆਣਿਆਂ ਤੋਂ ਸਿਆਣਾ ਹੈ ਜਾਂ ਅੰਦਰ ਬਾਹਰ ਦੀ ਸਾਰੀ ਗੱਲ ਸਮਝ ਵਾਲਾ ਹੈ,ਪਰ ਵੱਡਿਆਂ ਭਾਗਾਂ ਵਾਲਿਆਂ ਨੂੰ ਮਿਲਦਾ ਹੈ, ਮੇਰਾ ਮਨ ਤਨ ਪ੍ਰਮੇਸ਼ਰ ਦੇ ਪ੍ਰੇਮ ਵਿੱਚ ਭਿੱਜਾ ਹੋਇਆ ਹੈ। ਜੀਉ = ਸੰਬੋਧਨ ਹੈ।

ਆਵਹੁ ਸੰਤਹੁ ਮਿਲਿ ਨਾਮੁ ਜਪਾਹਾ ॥ ਵਿਚਿ ਸੰਗਤਿ ਨਾਮੁ ਸਦਾ ਲੈ ਲਾਹਾ ਜੀਉ ॥ ਕਰਿ ਸੇਵਾ ਸੰਤਾ ਅੰਮ੍ਰਿਤੁ ਮੁਖਿ ਪਾਹਾ ਜੀਉ ॥ ਮਿਲੁ ਪੂਰਬਿ ਲਿਖਿਅੜੇ ਧੁਰਿ ਕਰਮਾ ॥ ੩ ॥

ਹੇ ਭਰਾਓ ! ਆਓ ਸੰਤਾਂਦੇ ਨਾਲ ਮਿਲਕੇ ਨਾਮ ਨੂੰ ਜਪੀਏ ਅਤੇ ਸਤ

Digitized by Panjab Digital Library | www.panjabdigilib.org

ਸੰਗਤ ਵਿੱਚ ਸਦਾ ਨਾਮ ਦਾ ਲਾਭ ਲਈਏ। ਸੰਤਾਂ ਦੀ ਸੇਵਾ ਕਰੋ,ਓਹਨਾਂ ਦੀ ਸੇਵਾ ਨਾਲ ਨਾਮ ਅੰਮ੍ਰਿਤ ਮੂੰਹ ਵਿੱਚ ਪੈਂਦਾ ਹੈ। ਧੁਰ ਤੋਂ ਚੰਗੇ ਕਰਮ ਲਿਖੇ ਹੋਣ ਤੇ ਤਾਂ ਸੰਗਤ ਮਿਲਦੀ ਹੈ ।

**ਸਾਵਣਿ ਵਰਸੁ ਅੰਮ੍ਰਿਤਿ ਜਗੁ ਛਾਇਆ ਜੀਉ ॥ ਮਨੁ ਮੋਰੁ ਕੁਹੁ ਕਿਅੜਾ ਸਬਦੁ ਮੁਖਿ ਪਾਇਆ ॥ ਹਰਿ ਅੰਮ੍ਰਿਤੁ ਵੁਠੜਾ ਮਿਲਿਆ ਹਰਿ ਰਾਇਆ ਜੀਉ ॥ ਜਨ ਨਾਨਕ ਪ੍ਰੇਮਿ ਰਤੰਨਾ ॥ ੪ ॥ ੧ ॥ ੨੭ ॥ ੬੫ ॥**

ਵੁਠੜਾ = ਵੱਸਿਆ ਅੰਦਰ ਆਕੇ ਰਿਹਾ।

ਜਦੋਂ ਗੁਰਾਂ ਨੇ ਮਨੁਖ ਜਨਮ ਰੂਪ ਸੌਣ ਮਹੀਨੇ ਵਿੱਚ ਅੰਮ੍ਰਿਤ ਦੀ ਵਰਖਾ ਕੀਤੀ ਭਾਵ ਉਪਦੇਸ਼ ਦਿੱਤਾ ਤੇ ਜਗਤ ਵਿੱਚ ਜੇਹੜਾ ਅੰਮ੍ਰਿਤ = ਮੌਤ ਤੋਂ ਬਿਨਾਂ ਪ੍ਰਮੇਸ਼ਰ ਹੈ, ਓਹ ਸਾਰੇ ਛਾਇਆ = ਪੂਰਨ ਹੋਇਆ ੨ ਹੈ, ਓਹ ਦਿਸ ਪਿਆ ਅਤੇ ਜਦੋਂ ਉਪਦੇਸ਼ ਮੂੰਹ ਵਿੱਚ ਪਾਇਆ ਤਾਂ ਮਨ ਰੂਪ ਮੋਰ ਬੜਾ ਅਨੰਦਤ ਹੋਇਆ ੨ ਬੋਲਿਆ।

ਪ੍ਰਮੇਸ਼ਰ ਦਾ ਨਾਮ ਅੰਮ੍ਰਿਤ ਮਿਲਿਆ ਅਤੇ ਆਪ ਵੀ ਪ੍ਰਮੇਸ਼ਰ ਪ੍ਰਕਾਸ਼ਕ ਆਕੇ ਮਿਲਿਆ ।

ਗੁਰੂ ਜੀ-ਪ੍ਰੇਮ ਵਿੱਚ ਮਨ ਰੱਤਾ ਹੋਇਆ ਹੈ ਜਾਂ ਪ੍ਰੇਮ ਹੀ ਰਤਨ ਹੈ, ਕਿਉਂਕਿ ਪ੍ਰਮੇਸ਼ਰ ਦੇ ਮਿਲਾਪ ਨੂੰ ਪ੍ਰੇਮ ਹੀ ਚਾਹੀਦਾ ਹੈ, ਏਹੋ ਹੀ ਕਾਰਨ ਰੂਪ ਹੈ।

## ਗਉੜੀ ਮਾਝ ਮਹਲਾ ੪ ॥

**ਆਉ ਸਖੀ ਗੁਣ ਕਾਮਣ ਕਰੀਹਾ ਜੀਉ ॥ ਮਿਲਿ ਸੰਤ ਜਨਾ ਰੰਗੁ ਮਾਣਿਹ ਰਲੀਆ ਜੀਉ ॥ ਗੁਰ ਦੀਪਕੁ ਗਿਆਨੁ ਸਦਾ ਮਨਿ ਬਲੀਆ ਜੀਉ ॥ ਹਰਿ ਤੁਠੈ ਢੁਲਿ ਢੁਲਿ ਮਿਲੀਆ ਜੀਉ ॥ ੧ ॥**

ਤੁੱਠੈ = ਪ੍ਰਸੰਨ ਹੋਣਾ ॥ ਢੁਲਿ = ਉਛਲਕੇ ਜਾਂ ਉਲਟਕੇ।

ਆਓ ਸਖੀਏ ਭਾਵ ਸੰਤੋ ! ਪ੍ਰਮੇਸ਼ਰ ਪਤੀ ਦੇ ਵੱਸ ਕਰਨ ਵਾਸਤੇ ਗੁਣਾਂ ਰੂਪ ਕਾਮਣ = ਟੂਣਾ ਜੇਹੜਾ ਇਸਤ੍ਰੀਆਂ ਕਰਦੀਆਂ ਹਨ, ਅਸੀਂ ਵੀ ਕਰੀਏ । ਪ੍ਰਮੇਸ਼ਰ ਦਿਆਂ ਪਿਆਰਿਆਂ ਭਗਤਾਂ ਸੰਤਾਂ ਦੇ ਨਾਲ ਮਿਲਕੇ ਆਤਮ ਅਨੰਦ ਦੀਆਂ ਖੁਸ਼ੀਆਂ ਮਾਣੀਏ, ਭਾਵ ਅਨੰਦ ਲਈਏ।

ਜਿਨ੍ਹਾਂ ਨੇ ਸੰਤਾਂ ਦੇ ਨਾਲ ਪ੍ਰੇਮ ਕੀਤਾ ਹੈ, ਓਹਨਾਂ ਦੇ ਮਨ ਵਿਚ

Digitized by Panjab Digital Library | www.panjabdigilib.org

ਗਿਆਨ ਰੂਪ ਗੁਟ = ਵੱਡਾ ਦੀਵਾ ਬਲਿਆ ਹੈ ਅਤੇ ਗਿਆਨ ਦੇ ਕਾਰਨ ਪ੍ਰਸੰਨ ਹੋਕੇ ਪ੍ਰਮੇਸ਼ਰ ਨੂੰ ਉਲਟ ੨ ਕੇ ਜਾਂ ਉਛਲ ੨ ਕੇ ਮਿਲਦੇ ਹਨ ਭਾਵ ਬਹੁਤ ਅਨੰਦ ਹੋਕੇ ਮਿਲਦੇ ਹਨ।

**ਮੇਰੈ ਮਨਿ ਤਨਿ ਪ੍ਰੇਮੁ ਲਗਾ ਹਰਿ ਢੋਲੇ ਜੀਉ ॥ ਮੈ ਮੇਲੇ ਮਿਤ੍ਰੁ ਸਤਿਗੁਰੁ ਵੇਚੋਲੇ ਜੀਉ ॥ ਮਨੁ ਦੇਵਾਂ ਸੰਤਾ ਮੇਰਾ ਪ੍ਰਭੁ ਮੇਲੇ ਜੀਉ ॥ ਹਰਿ ਵਿਟੜਿਅਹੁ ਸਦਾ ਘੋਲੇ ਜੀਉ ॥ ੨ ॥**

ਓਹਨਾਂ ਪ੍ਰੇਮੀਆਂ ਨੂੰ ਇੱਕੁਰ ਦਾ ਫਲ ਮਿਲਿਆ ਵੇਖਕੇ ਮੇਰੇ ਮਨ ਤਨ ਵਿਚ ਹਰੀ ਪਿਆਰੇ ਦਾ ਪ੍ਰੇਮ ਲਗਾ ਹੈ, ਪਰ ਜੇਹੜਾ ਸਤਿਗੁਰੂ ਮੇਰਾ ਮਿਤ੍ਰ ਹੈ, ਮੈਨੂੰ ਵਕੀਲਾਂ ਵਰਗਾ ਮਿਲਕੇ ਮਿਲਾ ਦੇਵੇਗਾ। ਇੱਕੁਰ ਦੇ ਸੰਤਾਂ ਨੂੰ ਮੈਂ ਆਪਣਾ ਮਨ ਦੇਵਾਂ ਜੋ ਮੈਨੂੰ ਮਾਲਕ ਮਿਲਾ ਦੇਵੇ ਜਾਂ ਉਸਦੇ ਨਾਲ ਮੇਲ ਦੇਵੇ ਅਤੇ ਪ੍ਰਮੇਸ਼ਰ ਦੇ ਉਤੋਂ ਦੀ ਮੈਂ ਸਦਾ ਵਾਰਨੇ ਜਾਵਾਂ।

**ਵਸੁ ਮੇਰੇ ਪਿਆਰਿਆ ਵਸੁ ਮੇਰੇ ਗੋਵਿਦਾ ਹਰਿ ਕਰਿ ਕਿਰਪਾ ਮਨਿ ਵਸੁ ਜੀਉ ॥ ਮਨਿ ਚਿੰਦਿਅੜਾ ਫਲੁ ਪਾਇਆ ਮੇਰੇ ਗੋਵਿੰਦਾ ਗੁਰੁ ਪੂਰਾ ਵੇਖਿ ਵਿਗਸੁ ਜੀਉ ॥ ਹਰਿ ਨਾਮੁ ਮਿਲਿਆ ਸੋਹਾਗਣੀ ਮੇਰੇ ਗੋਵਿੰਦਾ ਮਨਿ ਅਨ-ਦਿਨੁ ਅਨਦੁ ਰਹਸੁ ਜੀਉ॥ ਹਰਿ ਪਾਇਅੜਾ ਵਡਭਾਗੀਈ ਮੇਰੇ ਗੋਵਿੰਦਾ ਨਿਤ ਲੈ ਲਾਹਾ ਮਨਿ ਹਸੁ ਜੀਉ ॥ ੩ ॥**

ਵਿਗਸ = ਪ੍ਰਸੰਨ ਹੋਣਾ।

ਹੇ ਮੇਰੇ ਪਿਆਰਿਆ ਬਾਣੀ ਵਿਚ ਵੱਸ। ਹੇ ਮੇਰੇ ਗੋਵਿੰਦਾ ਸਰੀਰ ਵਿਚ ਵੱਸ। ਹੇ ਹਰੀ ਕਿਰਪਾ ਕਰਕੇ ਤੂੰ ਮੇਰੇ ਮਨ ਵਿਚ ਵੀ ਵੱਸ। ਹੇ ਮੇਰੇ ਗੋਵਿੰਦ ਦੇ ਪਿਆਰਿਆ ਭਰਾਵਾ ਜੇਹੜੇ ਪੂਰਿਆਂ ਗੁਰਾਂ ਨੂੰ ਵੇਖਕੇ ਪ੍ਰਸੰਨ ਹੋਏ ਹਨ ਓਹਨਾਂ ਨੇ ਮਨ ਭੌਂਦਾ ਫਲ ਪਾਇਆ ਹੈ॥

ਹੇ ਮੇਰੇ ਗੋਵਿੰਦ ਦੇ ਪਿਆਰਿਆ ਭਰਾਵਾ ਜਿ ੍ਹਾਂ ਸੁਹਾਗਣੀਆਂ ਨੂੰਹਰੀਪਤੀ ਦਾ ਨਾਮ ਮਿਲਿਆ ਹੈ, ਓਹਨਾਂ ਦੇ ਮਨ ਵਿਚ ਰਾਤ ਦਿਨ ਬਹੁਤ ਵੱਡਾ ਅਨੰਦ ਤੇ ਰਹਸੁ = ਖੁਸ਼ੀਆਂ ਹਨ ਜਾਂ ਆਤਮ ਸੁਖਹੈ।

ਹੇ ਮੇਰੇ ਗੋਵਿੰਦ ਦਿਆ ਪਿਆਰਿਆ ਭਰਾਵਾ ਜਿਨ੍ਹਾਂ ਨੇ ਵੱਡਿਆਂ ਭਾਗਾਂ ਕਰਕੇ ਪਮੇਸ਼ਰ ਨੂੰ ਪਾਇਆ ਹੈ,ਓਹ ਰੋਜ ਆਤਮ ਲਾਭ ਨੂੰ ਲੈਕੇ ਮਨ ਵਿਚ ਪ੍ਰਸੰਨ ਹੁੰਦੇ ਹਨ। ਈ = ਸੰਬੋਧਨ ਦਾ ਅਰਥ ਲੱਗਦਾ ਹੈ।

Digitized by Panjab Digital Library | www.panjabdigilib.org

ਹਰਿ ਆਪਿ ਉਪਾਏ ਹਰਿ ਆਪੇ ਵੇਖੈ ਹਰਿ ਆਪੇ ਕਾਰੈ ਲਾਇਆ ਜੀਉ ॥ ਇਕਿ ਖਾਵਹਿ ਬਖਸ ਤੋਟਿ ਨ ਆਵੈ ਇਕਨਾ ਫਕਾ ਪਾਇਆ ਜੀਉ ॥ ਇਕਿ ਰਾਜੇ ਤਖਤਿ ਬਹਹਿ ਨਿਤ ਸੁਖੀਏ ਇਕਨਾ ਭਿਖ ਮੰਗਾਇਆ ਜੀਉ ॥ ਸਭੁ ਇਕੋ ਸਬਦੁ ਵਰਤਦਾ ਮੇਰੇ ਗੋਵਿਦਾ ਜਨ ਨਾਨਕ ਨਾਮੁ ਧਿਆਇਆ ਜੀਉ ॥ ੪ ॥ ੨ ॥ ੨੯ ॥ ੬੬ ॥

ਆਪੇ ਹੀ ਪ੍ਰਮੇਸ਼ਰ ਦੁਨੀਆਂ ਨੂੰ ਪੈਦਾ ਕਰਦਾ ਹੈ ਅਤੇ ਆਪਹੀ ਵੇਖਦਾ ਹੈ ਅਤੇ ਆਪ ਹੀ ਕਾਰਾਂ ਵਿਚ ਲਾਇਆ ਹੋਇਆ ਹੈ। ਇੱਕ ਪ੍ਰਮੇਸ਼ਰ ਦੀ ਦਾਤ ਨੂੰ ਖਾਂਦੇ ਹਨ, ਸੋ ਉਸਦੀ ਟੋਟ ਨਹੀਂ ਆਉਂਦੀ ਹੈ ਅਤੇ ਇਕਨਾਂ ਨੂੰ ਫਾਕਾ ਭੁੱਖ ਨੰਗ ਹੈ ਜਾਂ ਚਾਰ ੨ ਦਾਣੇ ਘਰ ੨ ਤੋਂ ਮੰਗਣ ਦਾ ਲਿਖ ਲਿਖਕੇ ਫੱਕਾ ਪਾਇਆ ਹੈ। ਇਕ ਰਾਜੇ ਹੋਕੇ ਤਖਤ ਉਤੇ ਬੈਠੇ ਹੋਏ ਹਨ ਅਤੇ ਸਦਾ ਹੀ ਸੁਖ ਪਾਉਂਦੇ ਹਨ ਅਤੇ ਇਕਨਾਂ ਤੋਂ ਭਿੱਖਿਆ ਮੰਗਾਉਂਦਾ ਹੈ। ਗੁਰੂ ਜੀ–ਜਿਨ੍ਹਾਂ ਦਾਸਾਂ ਨੇ ਨਾਮਨੂੰ ਧਿਆਇਆ ਹੈ,ਓਹਨਾਂਦਾ ਇੱਕਰਦਾ ਨਿਸਚਾ ਹੋਇਆ ਹੈ ਕਿ ਸਾਰਿਆਂ ਵਿਚ ਇਕ ਗੋਬਿੰਦ ਦਾ ਸ਼ਬਦ = ਹੁਕਮ ਵਰਤਦਾ ਹੈ ਜਾਂ ਸਾਰਿਆਂ ਵਿਚ ਇਕ ਸ਼ਬਦ = ਪ੍ਰਮੇਸ਼ਰ ਹੀ ਮਿਲਿਆ ਹੋਇਆ ਹੈ।

## ਗਉੜੀ ਮਾਝ ਮਹਲਾ ੪ ॥

ਮਨ ਮਾਹੀ ਮਨ ਮਾਹੀ ਮੇਰੇ ਗੋਵਿੰਦਾ ਹਰਿ ਰੰਗਿ ਰਤਾ ਮਨ ਮਾਹੀ ਜੀਉ ॥ ਹਰਿ ਰੰਗੁ ਨਾਲਿ ਨ ਲਖੀਐ ਮੇਰੇ ਗੋਵਿਦਾ ਗੁਰੁ ਪੂਰਾ ਅਲਖੁ ਲਖਾਹੀਂ ਜੀਉ ॥ ਹਰਿ ਹਰਿ ਨਾਮੁ ਪਰਗਾਸਿਆ ਮੇਰੇ ਗੋਵਿੰਦਾ ਸਭ ਦਾਲਦ ਦੁਖ ਲਹਿ ਜਾਹੀ ਜੀਉ ॥ ਹਰਿ ਪਦੁ ਊਤਮੁ ਪਾਇਆ ਮੇਰੇ ਗੋਵਿੰਦਾ ਵਡਭਾਗੀ ਨਾਮਿ ਸਮਾਹੀ ਜੀਉ ॥ ੧ ॥

ਹੇ ਮੇਰੇ ਪਿਆਰਿਓ ਭਰਾਓ ! ਜੇਹੜਾ ਰੰਗ ਰੱਤਾ ਪ੍ਰਮੇਸ਼ਰ ਹੈ, ਓਹ ਤਿੱਨਾਂ ਸਮਿਆਂ ਵਿਚ ਮਨ ਦੇ ਵਿੱਚ ਹੈ।(ਪ੍ਰੇਮ ਦੇ ਅੰਦਰ ਬਾਰ ਬਾਰ ਇਕ ਸ਼ਬਦ ਆਵੇ ਤੇ ਤਾਂ ਦੋਸ਼ ਨਹੀਂ ਹੁੰਦਾ ਹੈ,ਇਸ ਲਈ ਸਿਖ ਦੀ ਪਕਿਆਈ ਲਈ ਮਨ ਮਾਹੀ ਮੁੜ ਮੁੜ ਆਖਿਆ ਹੈ)।

Digitized by Panjab Digital Library | www.panjabdigilib.org

ਹੇ ਭਰਾਵਾ ! ਹਰੇਕ ਰੰਗਾਂ ਵਾਲਾ ਪ੍ਰਮੇਸ਼ਰ ਨਾਲ ਹੈ। ਵੇਖਿਆ ਨਹੀਂ ਜਾਂਦਾ ਹੈ,ਪਰ ਪੂਰਾ ਗੁਰੂ ਉਸ ਅਲੱਖ ਨੂੰ ਵਿਖਾ ਦੇਂਦਾ ਹੈ। ਹੇ ਮੇਰੇ ਭਰਾਵਾ ! ਜਦੋਂ ਗੁਰਾਂ ਦਾ ਵਿਖਾਇਆ ਹੋਇਆ ਹਰਿ ਹਰਿ ਨਾਮ ਦਾ ਚਾਨਣ ਹੋਇਆ ਤਾਂ ਸਾਰੇ ਦਰਿੱਦ੍ਰ ਅਤੇ ਦੁੱਖ ਲਹਿ ਜਾਂਦੇ ਹਨ। ਹੇ ਮੇਰੇ ਭਰਾਵਾ! ਜਿਨ੍ਹਾਂ ਨੇ ਪ੍ਰਮੇਸ਼ਰ ਉੱਤਮ ਪਦ ਨੂੰ ਪਾਇਆ ਹੈ,ਓਹ ਵੱਡਿਆਂ ਭਾਗਾਂ ਵਾਲੇ ਨਾਮੀ = ਵਾਹਿਗੁਰੂ ਵਿਚ ਸਮਾ ਗਏ ਹਨ ।

**ਨੈਣੀ ਮੇਰੇ ਪਿਆਰਿਆ ਨੈਣੀ ਮੇਰੇ ਗੋਵਿਦਾ ਕਿਨੈ ਹਰਿ ਪ੍ਰਭੁ ਡਿਠੜਾ ਨੈਣੀ ਜੀਉ ॥ ਮੇਰਾ ਮਨੁ ਤਨੁ ਬਹੁਤੁ ਬੈਰਾਗਿਆ ਮੇਰੇ ਗੋਵਿੰਦਾ ਹਰਿ ਬਾਝਹੁ ਧਨ ਕੁਮਲੈਣੀ ਜੀਉ ॥ ਸੰਤਜਨਾ ਮਿਲਿ ਪਾਇਆ ਮੇਰੇ ਗੋਵਿਦਾ ਮੇਰਾ ਹਰਿ ਪ੍ਰਭੁ ਸਜਣੁ ਸੈਣੀ ਜੀਉ ॥ ਹਰਿ ਆਇ ਮਿਲਿਆ ਜਗਜੀਵਨੁ ਮੇਰੇ ਗੋਵਿੰਦਾ ਮੈ ਸੁਖਿ ਵਿਹਾਣੀ ਰੈਣੀ ਜੀਉ ॥ ੨ ॥**

ਸੈਣੀ = ਸਕਾ ਜਾਂ ਸਾਥੀ ।

ਹੇ ਮੇਰੇ ਭਰਾਵਾ ਪਿਆਰਿਆ ਜੇਹੜਾ ਗਿਆਨ ਨੇਤ੍ਰਾਂ ਵਾਲਾ ਮੇਰੇ ਗੋਬਿੰਦ ਦਾ ਰੂਪ ਗੁਰੂ ਹੈ, ਓਹਨਾਂ ਦੀ ਕਿਰਪਾ ਨਾਲ ਸਾਰਿਆਂ ਨੇਤ੍ਰਾਂ ਵਾਲੇ ਮੇਰੇ ਮਾਲਕ ਪ੍ਰਮੇਸ਼ਰ ਨੂੰ ਕਿਨੈ = ਕਿਸੇ ਨੈਣੀ = ਚੰਗੀਆਂ ਸੁਧ ਬੁਧੀ ਵਾਲੀਆਂ ਅੱਖਾਂ ਵਾਲਿਆਂ ਨੇ ਵੇਖਿਆ ਹੈ।

ਹੇ ਮੇਰਿਆ ਪਿਆਰਿਆ! ਮੇਰਾ ਮਨ ਤਨ ਬਹੁਤ ਪ੍ਰੇਮ ਵਾਲਾ ਹੋਇਆ ਹੈ, ਹਰੀ ਪਤੀ ਤੋਂ ਬਿਨਾਂ ਅਕਲ ਰੂਪ ਇਸਤ੍ਰੀ ਮੁਰਝਾਉਂਦੀ ਜਾਂਦੀ ਹੈ।

ਜਿਸ ਲਈ ਇਹ ਹਾਲ ਹੋਇਆ ਸੀ ਓਹ ਹੇ ਮੇਰੇ ਭਰਾਵਾ ਮੇਰਾ ਹਰੀ ਮਾਲਕ ਸੱਜਣ ਅਤੇ ਸਾਥੀ ਸੰਤ ਜਨਾ ਨੂੰ ਮਿਲਕੇ ਪ੍ਰਾਪਤਿ ਹੋਇਆ ਹੈ। ਹੇ ਮੇਰੇ ਭਰਾਵਾ ! ਜਦੋਂ ਹਰੀ ਜਗਤ ਜੀਵਣ ਆਕੇ ਮਿਲਿਆ ਤਾਂ ਬੜੇ ਸੁਖ ਅਰਾਮ ਨਾਲ ਸਾਰੀ ਉਮਰ ਰੂਪ ਰਾਤ ਬਤੀਤ ਹੋ ਗਈ ਜਾਂ ਅਵਿਦਯਾ ਰਾਤ ਦੂਰ ਹੋ ਗਈ ਅਤੇ ਮੈਨੂੰ ਬੜਾ ਸੁਖ ਹੋਇਆ ਹੈ।

**ਮੈ ਮੇਲਹੁ ਸੰਤ ਮੇਰਾ ਹਰਿ ਪ੍ਰਭੁ ਸਜਣੁ ਮੈ ਮਨਿ ਤਨਿ ਭੁਖ ਲਗਾਈਆ ਜੀਉ ॥ ਹਉ ਰਹਿ ਨ ਸਕਉ ਬਿਨੁ ਦੇਖੇ ਮੇਰੇ ਪ੍ਰੀਤਮ ਮੈ ਅੰਤਰਿ ਬਿਰਹੁ ਹਰਿ ਲਾਈਆ ਜੀਉ ॥**

Digitized by Panjab Digital Library | www.panjabdigilib.org

ਹਰਿ ਰਾਇਆ ਮੇਰਾ ਸਜਣੁ ਪਿਆਰਾ ਗੁਰ ਮੇਲੇ ਮੇਰਾ ਮਨੁ ਜੀਵਾਇਆ ਜੀਉ ॥ ਮੇਰੈ ਮਨਿ ਤਨਿ ਆਸਾ ਪੂਰੀਆ ਮੇਰੇ ਗੋਵਿੰਦਾ ਹਰਿ ਮਿਲਿਆ ਮਨਿ ਵਾਧਾਈਆ ਜੀਉ ॥ ੩ ॥

ਹੇ ਸੰਤੋ ਮੈਨੂੰ ਮੇਰਾ ਮਾਲਕ ਸੱਜਣ ਮੇਲੋ ਕਿਉਂਕਿ ਮੇਰੇ ਮਨ ਤਨ ਵਿਚ ਬੜੀ ਇੱਛਿਆ ਲੱਗੀ ਹੋਈ ਹੈ। ਮੈਂ ਆਪਣੇ ਪ੍ਰੀਤਮ ਦੇ ਵੇਖਿਆਂ ਬਿਨਾ ਰਹਿ ਨਹੀਂ ਸੱਕਦੀ ਹਾਂ, ਕਿਉਂਕਿ ਮੇਰੇ ਦਿਲ ਵਿਚ ਪ੍ਰਮੇਸ਼ਰ ਨੇ ਪ੍ਰੀਤੀ ਲਾਈ ਹੈ, ਮੇਰਾ ਪਿਆਰਾ ਜੇਹੜਾ ਹਰੀ ਰਾਜਾ ਸੱਜਣ ਹੈ,ਉਸ ਨੂੰ ਗੁਰਾਂ ਨੇ ਮਿਲਾਕੇ ਮੇਰੇ ਮਨ ਨੂੰ ਜੀਵਾਇਆ ਹੈ। ਹੇ ਮੇਰੇ ਭਰਾਵਾ ਹੁਣ ਮੇਰੇ ਮਨ ਤਨ ਦੀਆਂ ਇਛਿਆ ਸਾਰੀਆਂ ਪੂਰੀਆਂ ਹੋ ਗਈਆਂ ਹਨ, ਪ੍ਰਮੇਸਰ ਨੂੰ ਮਿਲਕੇ ਮੇਰੇ ਮਨ ਵਿਚ ਵਧਾਈਆਂ ਭਾਵ ਖੁਸ਼ੀਆਂ ਹੋਈਆਂ ਹਨ।

ਵਾਰੀ ਮੇਰੇ ਗੋਵਿੰਦਾ ਵਾਰੀ ਮੇਰੇ ਪਿਆਰਿਆ ਹਉ ਤੁਧੁ ਵਿਟੜਿਅਹੁ ਸਦ ਵਾਰੀ ਜੀਉ ॥ ਮੇਰੈ ਮਨਿ ਤਨਿ ਪ੍ਰੇਮੁ ਪਿਰੰਮ ਕਾ ਮੇਰੇ ਗੋਵਿੰਦਾ ਹਰਿ ਪੂੰਜੀ ਰਾਖੁ ਹਮਾਰੀ ਜੀਉ ॥ ਸਤਿਗੁਰੁ ਵਿਸਟੁ ਮੇਲਿ ਮੇਰੇ ਗੋਵਿੰਦਾ ਹਰਿ ਮੇਲੇ ਕਰਿ ਰੈਬਾਰੀ ਜੀਉ ॥ ਹਰਿ ਨਾਮੁ ਦਇਆ ਕਰਿ ਪਾਇਆ ਮੇਰੇ ਗੋਵਿੰਦਾ ਜਨ ਨਾਨਕੁ ਸਰਣਿ ਤੁਮਾਰੀ ਜੀਉ ॥੪॥੩॥੨੯॥੬੭॥

ਹੇ ਮੇਰੇ ਪਿਆਰੇ ਗੋਬਿੰਦ ਤੇਰੇ ਉਤੋਂ ਦੀ ਮਨ ਤਨ ਬਾਣੀ ਕਰਕੇ ਸਦਾ ਵਾਰੀ ਵਾਰੀ ਜਾਂਦੀ ਹਾਂ। ਹੇ ਮੇਰੇ ਹਰੀ ਗੋਬਿੰਦ ਮੇਰੇ ਪਤੀ ਮੇਰੇ ਮਨ ਤਨ ਵਿਚ ਆਪ ਦਾ ਪ੍ਰੇਮ ਹੈ,ਸਾਡੀ ਸਰਧਾ ਰੂਪ ਰਾਸ ਰੱਖੋ ਜੀ।

ਹੇ ਮੇਰੇ ਹਰੀ ਗੋਬਿੰਦ ਜੀ ਜੇਹੜੇ ਸਤਿਗੁਰੂ ਜੀ ਵਿਸਟੁ = ਵਕੀਲ ਹਨ ਓਹਨਾਂ ਦੇ ਨਾਲ ਮੈਨੂੰ ਮੇਲ ਦੇਹ,ਕਿਉਂਕਿ ਓਹ ਰੈਬਾਰੀ = ਵਕੀਲਗੀ ਕਰਕੇ ਆਪਦੇ ਨਾਲ ਮਿਲਾ ਦੇਣਗੇ। ਗੁਰੂ ਜੀ–ਹੇ ਹਰੀ ਗੋਬਿੰਦ ਮੈਂ ਆਪ ਦਾ ਨਾਮ ਗੁਰਾਂ ਦੀ ਕਿਰਪਾ ਨਾਲ ਪਾਇਆ ਹੈ। ਹੇ ਮਹਾਰਾਜ ਅਸੀਂ ਆਪਦੀ ਸਰਨ ਹਾਂ।

ਗਉੜੀ ਮਾਝ ਮਹਲਾ ੪ ॥

ਚੋਜੀ ਮੇਰੇ ਗੋਵਿੰਦਾ ਚੋਜੀ ਮੇਰੇ ਪਿਆਰਿਆ ਹਰਿ ਪ੍ਰਭੁ ਮੇਰਾ ਚੋਜੀ ਜੀਉ ॥ ਹਰਿ ਆਪੇ ਕਾਨ੍ਹੁ ਉਪਾਇਦਾ ਮੇਰੇ

Digitized by Panjab Digital Library | www.panjabdigilib.org

**ਗੋਵਿਦਾ ਹਰਿ ਆਪੇ ਗੋਪੀ ਖੋਜੀ ਜੀਉ ॥ ਹਰਿ ਆਪੇ ਸਭ ਘਟ ਭੋਗਦਾ ਮੇਰੇ ਗੋਵਿੰਦਾ ਆਪੇ ਰਸੀਆ ਭੋਗੀ ਜੀਉ ॥ ਹਰਿ ਸੁਜਾਣੁ ਨ ਭੁਲਈ ਮੇਰੇ ਗੋਵਿੰਦਾ ਆਪੇ ਸਤਿਗੁਰੁ ਜੋਗੀ ਜੀਉ ॥ ੧ ॥**

ਰਸੀਆ ਭੋਗੀ = ਬਹੁਤ ਰਸ ਲੈਣ ਵਾਲਾ ਭੋਗੀ ਅਰਥ ਕੀਤਾ ਹੈ।

ਹੇ ਮੇਰੇ ਗੋਵਿੰਦਾ = ਪਿਆਰਿਆ ਮੇਰਾ ਪ੍ਰਮੇਸ਼ਰ ਮਾਲਕ ਤਿੰਨਾਂ ਸਮਿਆਂ ਵਿਚ ਚੋਜੀ = ਕੌਤਕੀ ਹੈ ਭਾਵ ਮਾਇਆ ਨਾਲ ਸੁੰਦਰ ਸੰਸਾਰ ਨੂੰ ਪੈਦਾ ਕਰਦਾ ਪਾਲਦਾ ਤੇ ਮਾਰਦਾ ਤਮਾਸ਼ੇ ਕਰਦਾ ਹੈ,ਆਪੇ ਹੀ ਮੇਰਾ ਗੋਵਿੰਦ ਕਾਨ੍ = ਕ੍ਰਿਸ਼ਨ ਨੂੰ ਪੈਦਾ ਕਰਨ ਵਾਲਾ ਹੈ ਅਤੇ ਆਪੇ ਹੀ ਪ੍ਰਮੇਸਰ ਗੋਪੀ = ਰਾਧਕਾਂ ਰੂਪ ਹੋਕੇ ਮਾਨ ਕਰਦਾ ਹੈ ਅਤੇ ਜਦੋਂ ਕ੍ਰਿਸ਼ਨ ਲੁਕ ਜਾਂਦਾ ਹੈ ਤਦੋਂ ਆਪ ਹੀ ਰਾਧਕਾਂ ਮਾਨ ਨੂੰ ਛੱਡਕੇ ਕ੍ਰਿਸ਼ਨ ਦੀ ਖੋਜ ਕੱਢਣ ਵਾਲੀ ਹੁੰਦੀ ਹੈ, ਓਹ ਵੀ ਆਪਦਾ ਹੀ ਕੰਮ ਹੈ। ਹੇ ਮੇਰੇ ਭਰਾਵਾ ਪ੍ਰਮੇਸ਼ਰ ਆਪ ਹੀ ਬਹੁਤ ਵੱਡਾ ਭੋਗੀ ਹੋਕੇ ਆਪੇ ਹੀ ਸਾਰਿਆਂ ਸਰੀਰਾਂ ਵਿੱਚ ਭੋਗਦਾ ਹੈ।

ਹੇ ਮੇਰੇ ਪਿਆਰਿਆ ਭਰਾਵਾ ਪਰਮੇਸ਼ਰ ਆਪ ਹੀ ਜੇਹੜਾ ਸਤਿਗੁਰੂ ਜੋਗ ਵਾਲਾ ਤੇ ਵੱਡੀ ਸਮਝ ਵਾਲਾ ਹੈ,ਓਹ ਕਿਸੇ ਨੂੰ ਭੁਲਦਾ ਨਹੀਂ ਹੈ।

**ਆਪੇ ਜਗਤੁ ਉਪਾਇਦਾ ਮੇਰੇ ਗੋਵਿਦਾ ਹਰਿ ਆਪਿ ਖੇਲੈ ਬਹੁਰੰਗੀ ਜੀਉ ॥ ਇਕਨਾ ਭੋਗ ਭੋਗਾਇਦਾ ਮੇਰੇ ਗੋਵਿੰਦਾ ਇਕਿ ਨਗਨ ਫਿਰਹਿ ਨੰਗ ਨੰਗੀ ਜੀਉ ॥ ਆਪੇ ਜਗਤੁ ਉਪਾਇਦਾ ਮੇਰੇ ਗੋਵਿਦਾ ਹਰਿ ਦਾਨੁ ਦੇਵੈ ਸਭ ਮੰਗੀ ਜੀਉ ॥ ਭਗਤਾ ਨਾਮੁ ਅਧਾਰੁ ਹੈ ਮੇਰੇ ਗੋਵਿੰਦਾ ਹਰਿ ਕਥਾ ਮੰਗਹਿ ਹਰਿ ਚੰਗੀ ਜੀਉ ॥ ੨ ॥**

ਹੇ ਮੇਰੇ ਭਰਾਵਾ ਆਪੇ ਹੀ ਜਗਤ ਨੂੰ ਪੈਦਾ ਕਰਦਾ ਹੈ ਅਤੇ ਆਪੇ ਹੀ ਬਹੁਤਿਆਂ ਰੰਗਾਂ ਵਿੱਚ ਖੇਡਦਾ ਹੈ,ਇਕਨਾਂ ਨੂੰ ਮੇਰਾ ਗੋਬਿੰਦ ਅਨੇਕ ਤਰਾਂ ਦੇ ਭੋਗ ਭੁਗਾਉਂਦਾ ਹੈ। ਇਕ ਸਰੀਰ ਤੋਂ ਕਪੜੇ ਬਿਨਾ ਨੰਗੀ ਪੈਰੀਂ ਨੰਗ = ਕੰਗਾਲ ਹੋਕੇ ਫਿਰਦੇ ਹਨ ਜਾਂ ਨਗਨ = ਨੰਗੇ। ਨੰਗ = ਕੰਗਾਲ । ਨੰਗੀ = ਨੰਗੇ ਪੈਰੀਂ ॥

ਹੇ ਭਰਾਵਾ ! ਆਪੇ ਹੀ ਜਗਤ ਨੂੰ ਪੈਦਾ ਕਰਦਾ ਹੈ ਅਤੇ ਆਪ ਹੀ ਸਾਰਿਆਂ ਨੂੰ ਦਾਨ ਦੇਂਦਾ ਹੈ। ਸਾਰੇ ਉਸੇ ਤੋਂ ਮੰਗਦੇ ਹਨ। ਹੇ ਮੇਰੇ

Digitized by Panjab Digital Library | www.panjabdigilib.org

ਭਰਾਵਾ ਭਗਤਾਂ ਨੂੰ ਨਾਮ ਦਾ ਆਸਰਾ ਹੈ, ਓਹ ਹਰ ਤਰਾਂ ਨਾਲ ਜੇਹੜੀ ਪ੍ਰਮੇਸਰ ਦੀ ਚੰਗੀ ਕਥਾ ਹੈ, ਉਸਨੂੰ ਮੰਗਦੇ ਹਨ।

ਹਰਿ ਆਪੇ ਭਗਤਿ ਕਰਾਇਦਾ ਮੇਰੇ ਗੋਵਿੰਦਾ ਹਰਿ ਭਗਤਾ ਲੋਚ ਮਨਿ ਪੂਰੀ ਜੀਉ ॥ ਆਪੇ ਜਲਿਥਲਿ ਵਰਤਦਾ ਮੇਰੇ ਗੋਵਿਦਾ ਰਵਿ ਰਹਿਆ ਨਹੀ ਦੂਰੀ ਜੀਉ ॥ ਹਰਿ ਅੰਤਰਿ ਬਾਹਰਿ ਆਪਿ ਹੈ ਮੇਰੇ ਗੋਵਿਦਾ ਹਰਿ ਆਪਿ ਰਹਿਆ ਭਰਪੂਰੀ ਜੀਉ ॥ ਹਰਿ ਆਤਮੁ ਰਾਮੁ ਪਸਾਰਿਆ ਮੇਰੇ ਗੋਵਿੰਦਾ ਹਰਿ ਵੇਖੈ ਆਪਿ ਹਦੂਰੀ ਜੀਉ ॥ ੩ ॥

ਹੇ ਭਰਾਵਾ ਆਪੇ ਹੀ ਪ੍ਰਮੇਸਰ ਭਗਤੀ ਕਰਾਉਂਦਾ ਹੈ ਅਤੇ ਆਪੇ ਹੀ ਪ੍ਰਮੇਸਰ ਭਗਤਾਂ ਦੇ ਮਨ ਦੀਆਂ ਇੱਛਿਆ ਪੂਰੀਆਂ ਕਰਦਾ ਹੈ।

ਹੇ ਮੇਰੇ ਭਰਾਵਾ ਆਪੇ ਹੀ ਪ੍ਰਮੇਸਰ ਜਲਾਂ ਥਲਾਂ ਵਿਚ ਵਰਤਦਾ ਹੈ ਅਤੇ ਸਾਰਿਆਂ ਥਾਵਾਂ ਵਿਚ ਮਿਲਿਆ ਹੋਇਆ ਹੈ, ਦੂਰ ਨਹੀਂ ਹੈ।

ਹੇ ਮੇਰੇ ਭਰਾਵਾ ਪ੍ਰਮੇਸਰ ਆਪੇ ਹੀ ਅੰਦਰ ਬਾਹਰ ਭਾਵ ਸਰੀਰ ਤੇ ਸੰਸਾਰ ਵਿਚ ਹੈ ਅਤੇ ਆਪੇ ਹੀ ਲਬਾ ਲਬ ਹੋਕੇ ਲਗਾਤਾਰ ਸਾਰੇ ਮਿਲਿਆ ਹੋਇਆ ਹੈ, ਹੇ ਮੇਰੇ ਭਰਾਵਾ ਪ੍ਰਮੇਸਰ ਰਾਮ ਨੇ ਆਪਣਾ ਆਪ ਰੂਪ ਪਸਾਰਿਆ ਭਾਵ ਬਣਾਇਆ ਹੋਇਆ ਹੈ ਅਤੇ ਆਪ ਹੀ ਹਰੀ ਜੇਹੜਾ ਸਾਰਿਆਂ ਦੇ ਪਾਸ ਹੈ ਸਾਰਿਆਂ ਨੂੰ ਵੇਖਦਾ ਹੈ।

ਹਰਿ ਅੰਤਰਿ ਵਾਜਾ ਪਉਣੁ ਹੈ ਮੇਰੇ ਗੋਵਿੰਦਾ ਹਰਿ ਆਪਿ ਵਜਾਏ ਤਿਉ ਵਾਜੈ ਜੀਉ ॥ ਹਰਿ ਅੰਤਰਿ ਨਾਮੁ ਨਿਧਾਨੁ ਹੈ ਮੇਰੇ ਗੋਵਿੰਦਾ ਗੁਰ ਸਬਦੀ ਹਰਿ ਪ੍ਰਭੁ ਗਾਜੈ ਜੀਉ ॥ ਆਪੇ ਸਰਣਿ ਪਵਾਇਦਾ ਮੇਰੇ ਗੋਵਿੰਦਾ ਹਰਿ ਭਗਤ ਜਨਾ ਰਾਖੁ ਲਾਜੈ ਜੀਉ ॥ ਵਡਭਾਗੀ ਮਿਲੁ ਸੰਗਤੀ ਮੇਰੇ ਗੋਵਿੰਦਾ ਜਨ ਨਾਨਕ ਨਾਮ ਸਿਧਿ ਕਾਜੈ ਜੀਉ ॥ ੪ ॥ ੪ ॥ ੩੦ ॥ ੬੮ ॥

ਹੇ ਮੇਰੇ ਭਰਾਵਾ ਸਰੀਰ ਦੇ ਅੰਦਰ ਪੌਣ ਕਲਾ ਦਾ ਵਾਜਾ ਵੱਜਦਾ ਹੈ ਭਾਵ ਪ੍ਰਾਣਾਂ ਨਾਲ ਜੀਵ ਬੋਲਦਾ ਹੈ। ਸਾਰੀਆਂ ਗੱਲਾਂ ਦਾ ਕਾਰਨ ਪ੍ਰਾਣ ਹਨ, ਪਰ ਜਿਸਤਰਾਂ ਪ੍ਰਮੇਸਰ ਆਪ ਵਜਾਉਂਦਾ ਹੈ, ਉਸੇ ਤਰਾਂ ਵੱਜਦਾ ਹੈ ਭਾਵ

Digitized by Panjab Digital Library | www.panjabdigilib.org

ਆਪ ਪ੍ਰਾਣ ਜੜ ਹਨ ਚੇਤਨ ਦੇ ਆਸਰੇ ਕੰਮ ਕਰਦੇ ਹਨ। ਹੇ ਮੇਰੇ ਭਰਾਵਾ ਜਿਸਦਾ ਨਾਮ ਹੀ ਸੁਖਾਂ ਦਾ ਖਜ਼ਾਨਾ ਹੈ ਓਹ ਪ੍ਰਮੇਸਰ ਅੰਦਰ ਹੀ ਹੈ, ਪਰ ਗੁਰ ਸ਼ਬਦੀਆਂ ਨੂੰ ਹਰੀ ਮਾਲਕ ਗਾਜੈ = ਪਰਗਟ ਹੁੰਦਾ ਹੈ।

ਹੇ ਮੇਰੇ ਪਿਆਰਿਆ ਭਰਾਵਾ ਆਪੇ ਹੀ ਪ੍ਰਮੇਸ਼ਰ ਸੰਤਾਂ ਦੀ ਸ਼ਰਨ ਪਵਾ ਦੇਂਦਾ ਹੈ ਅਤੇ ਆਪੇ ਹੀ ਪਰਮੇਸਰ ਭਗਤਾਂ ਦੀ ਲੱਜਿਆ ਰਖਦਾ ਹੈ।

ਗੁਰੂ ਜੀ-ਹੇ ਭਰਾਵਾ ਉਸ ਸਤ ਸੰਗਤ ਵਿੱਚ ਵੱਡਿਆਂ ਭਾਗਾਂ ਨਾਲ ਮਿਲਿਆ ਜਾਂਦਾ ਹੈ, ਜਿਸਦੇ ਅੰਦਰ ਪ੍ਰਮੇਸਰ ਦਾ ਨਾਮ ਹੁੰਦਾ ਹੈ,ਉਸ ਦੇ ਸਾਰੇ ਕਾਰਜ ਸਿੱਧ ਹੁੰਦੇ ਹਨ ਭਾਵ ਸੌਰ ਜਾਂਦੇ ਹਨ।

## ਗਉੜੀ ਮਾਝ ਮਹਲਾ ੪ ॥

**ਮੈ ਹਰਿਨਾਮੈ ਹਰਿ ਬਿਰਹੁ ਲਗਾਈ ਜੀਉ ॥ ਮੇਰਾ ਹਰਿ ਪ੍ਰਭੁ ਮਿਤੁ ਮਿਲੈ ਸੁਖੁ ਪਾਈ ਜੀਉ ॥ ਹਰਿ ਪ੍ਰਭੁ ਦੇਖਿ ਜੀਵਾ ਮੇਰੀ ਮਾਈ ਜੀਉ ॥ ਮੇਰਾ ਨਾਮੁ ਸਖਾ ਹਰਿ ਭਾਈ ਜੀਉ ॥ ੧ ॥**

ਮੈਨੂੰ ਪ੍ਰਮੇਸਰ ਨੇ ਆਪਣੇ ਹਰਿਨਾਮ ਦੀ ਪ੍ਰੀਤੀ ਲਾਈ ਹੈ, ਜੇਕਰ ਮੇਰਾ ਪ੍ਰਮੇਸ਼ਰ ਮਾਲਕ ਮਿੱਤ੍ਰ ਮਿਲ ਜਾਵੇ ਤੇ ਤਾਂ ਮੈਂ ਸੁਖ ਨੂੰ ਪਾਵਾਂ।

ਹੇ ਮੇਰੀ ਮਾਂ!ਭਾਵ ਸੰਤੋ ਮੈਂ ਆਪਣੇ ਪਤੀ ਮਾਲਕ ਨੂੰ ਵੇਖਕੇ ਜਿਊਂਦੀ ਹਾਂ। ਮੇਰੀ ਸਹੈਤਾ ਕਰਨ ਵਾਲਾ ਮਿੱਤ੍ਰ ਤੇ ਭਰਾ ਪ੍ਰਮੇਸ਼ਰ ਦਾ ਨਾਮ ਹੀ ਹੈ।

**ਗੁਣ ਗਾਵਹੁ ਸੰਤ ਜੀਉ ਮੇਰੇ ਹਰਿ ਪ੍ਰਭ ਕੇਰੇ ਜੀਉ ॥ ਜਪਿ ਗੁਰਮੁਖਿ ਨਾਮੁ ਜੀਉ ਭਾਗ ਵਡੇਰੇ ਜੀਉ ॥ ਹਰਿ ਹਰਿ ਨਾਮੁ ਜੀਉ ਪ੍ਰਾਨ ਹਰਿ ਮੇਰੇ ਜੀਉ ॥ ਫਿਰਿ ਬਹੁੜਿ ਨ ਭਵਜਲ ਫੇਰੇ ਜੀਉ ॥ ੨ ॥**

ਹੇ ਮੇਰੇ ਸੰਤ ਜੀਉ ! ਮੇਰੇ ਪ੍ਰਮੇਸ਼ਰ ਮਾਲਕ ਦੇ ਗੁਣ ਗਾਓ, ਜਿਨ੍ਹਾਂ ਨੇ ਗੁਰਾਂ ਦੁਆਰੇ ਨਾਮ ਨੂੰ ਜਪਿਆ ਹੈ, ਓਹਨਾਂ ਦੇ ਵੱਡੇ ਭਾਗ ਹਨ।

ਹੇ ਭਰਾ ਜੇਹੜਾ ਹਰਿ ਹਰਿ ਨਾਮ ਹੈ, ਇਹ ਮੇਰੇ ਪ੍ਰਾਣ ਹਨ ਅਤੇ ਹਰੀ ਹੀ ਮੇਰਾ ਜੀਉ ਹੈ, ਉਸਦਾ ਜਾਪ ਕਰਨ ਨਾਲ ਮੁੜ ੨ ਸੰਸਾਰ ਵਿੱਚ ਜਨਮ ਨਹੀਂ ਹੋਵੇਗਾ।

**ਕਿਉ ਹਰਿ ਪ੍ਰਭ ਵੇਖਾ ਮੇਰੈ ਮਨਿ ਤਨਿ ਚਾਉ ਜੀਉ ॥ ਹਰਿ ਮੇਲਹੁ ਸੰਤ ਜੀਉ ਮਨਿ ਲਗਾ ਭਾਉ ਜੀਉ ॥**

Digitized by Panjab Digital Library | www.panjabdigilib.org

ਗੁਰ ਸਬਦੀ ਪਾਈਐ ਹਰਿ ਪ੍ਰੀਤਮ ਰਾਉ ਜੀਉ ॥ ਵਡ-ਭਾਗੀ ਜਪਿ ਨਾਉ ਜੀਉ ॥ ੩ ॥

ਮੇਰੇ ਮਨ ਤਨ ਦੇ ਅੰਦਰ ਪ੍ਰਮੇਸ਼ਰ ਦੇ ਦਰਸ਼ਨ ਦਾ ਬੜਾ ਚਾਉ ਹੈ, ਪਰ ਕਿਸ ਤਰ੍ਹਾਂ ਦੇਖਾਂ ਹੇ ਸੰਤ ਜੀ ਆਪ ਮੇਲੋ ਮੇਰੇ ਮਨ ਵਿੱਚ ਬੜਾ ਪ੍ਰੇਮ ਲੱਗਾ ਹੈ। ਹਰੀ ਪ੍ਰੀਤਮ ਪ੍ਰਕਾਸ਼ਕ ਨੂੰ ਗੁਰ ਉਪਦੇਸ਼ ਨਾਲ ਪਾਈਦਾ ਹੈ, ਪਰ ਵੱਡਿਆਂ ਭਾਗਾਂ ਵਾਲੇ ਉਸਦੇ ਨਾਮ ਨੂੰ ਜਪਦੇ ਹਨ।

ਮੇਰੈ ਮਨਿ ਤਨਿ ਵਡੜੀ ਗੋਵਿੰਦ ਪ੍ਰਭ ਆਸਾ ਜੀਉ ॥ ਹਰਿ ਮੇਲਹੁ ਸੰਤ ਜੀਉ ਗੋਵਿਦ ਪ੍ਰਭ ਪਾਸਾ ਜੀਉ ॥ ਸਤਿਗੁਰ ਮਤਿ ਨਾਮੁ ਸਦਾ ਪਰਗਾਸਾ ਜੀਉ ॥ ਜਨ ਨਾਨਕ ਪੂਰਿ ਅੜੀ ਮਨਿ ਆਸਾ ਜੀਉ ॥ ੪ ॥ ੫ ॥ ੩੧ ॥ ੬੯ ॥

ਗੋਬਿੰਦ ਮਾਲਕ ਦੇ ਮਿਲਨ ਦੀ ਮੇਰੇ ਮਨ ਤਨ ਦੇ ਅੰਦਰ ਬੜੀ ਵੱਡੀ ਆਸਾ ਲੱਗੀ ਹੋਈ ਹੈ।

ਸਤਿਗੁਰਾਂ ਦੀ ਸਿਖਿਆ ਕਰਕੇ ਨਾਮ ਦਾ ਸਦਾ ਪ੍ਰਕਾਸ਼ ਕਰਕੇ ਸ਼ਾਂਤਿ ਰੂਪ ਸਤਿਗੁਰਾਂ ਨੇ ਜਦੋਂ ਗੋਵਿੰਦ ਮਾਲਕ ਦੇ ਨਾਲ ਮੇਲਿਆ ਜਾਂ ਪਾਸ ਮੇਲ ਦਿਓ। ਗੁਰੂ ਜੀ-ਤਾਂ ਸਾਡੀਆਂ ਸਾਰੀਆਂ ਮਨ ਦੀਆਂ ਆਸਾ ਪੂਰੀਆਂ ਹੋ ਗਈਆਂ ਹਨ।

ਗਉੜੀ ਮਾਝ ਮਹਲਾ ੪ ॥

ਮੇਰਾ ਬਿਰਹੀ ਨਾਮੁ ਮਿਲੈ ਤਾ ਜੀਵਾ ਜੀਉ ॥ ਮਨ ਅੰਦਰਿ ਅੰਮ੍ਰਿਤੁ ਗੁਰਮਤਿ ਹਰਿ ਲੀਵਾ ਜੀਉ ॥ ਮਨੁ ਹਰਿ ਰੰਗਿ ਰਤੜਾ ਹਰਿ ਰਸੁ ਸਦਾ ਪੀਵਾ ਜੀਉ ॥ ਹਰਿ ਪਾਇ-ਅੜਾ ਮਨਿ ਜੀਵਾ ਜੀਉ ॥ ੧ ॥

ਮੇਰਾ ਮਨ ਬੜਾ ਪ੍ਰੇਮੀ ਹੋਇਆ ੨ ਹੈ, ਜੇ ਮੈਨੂੰ ਨਾਮ ਮਿਲੇਗਾ ਤੇ ਤਾਂ ਮੈਂ ਜੀਵਾਂਗਾ। ਜੇਹੜਾ ਮਨ ਦੇ ਅੰਦਰ ਹੀ ਅੰਮ੍ਰਿਤ ਹੈ, ਪਰ ਮੈਂ ਗੁਰ ਸਿਖਿਆ ਲੈਕੇ ਓਹ ਹਰਿ ਨਾਮ ਅੰਮ੍ਰਿਤ ਲਵਾਂਗਾ। ਜਦੋਂ ਮੇਰਾ ਮਨ ਪ੍ਰਮੇਸ਼ਰ ਦੇ ਪ੍ਰੇਮ ਵਿੱਚ ਮਸਤ ਹੋਇਆ, ਤਦੋਂ ਪ੍ਰਮੇਸ਼ਰ ਦਾ ਨਾਮ ਰਸ ਸਦਾ ਹੀ ਪੀਵਾਂਗਾ, ਜਦੋਂ ਇੱਕੁਰ ਦੀ ਰੀਤੀ ਨਾਲ ਪ੍ਰਮੇਸ਼ਰ ਨੂੰ ਮਨ ਵਿੱਚ ਪਾ ਲਿਆ ਤਾਂ ਸਦਾ ਲਈ ਅਮਰ ਹੋ ਜਾਵਾਂਗਾ।

ਮੇਰੈ ਮਨਿ ਤਨਿ ਪ੍ਰੇਮੁ ਲਗਾ ਹਰਿ ਬਾਣੁ ਜੀਉ ॥

Digitized by Panjab Digital Library | www.panjabdigilib.org

**ਮੇਰਾ ਪ੍ਰੀਤਮੁ ਮਿਤ੍ਰੁ ਹਰਿ ਪੁਰਖੁ ਸੁਜਾਣੁ ਜੀਉ ॥ ਗੁਰੁ ਮੇਲੇ ਸੰਤ ਹਰਿ ਸੁਘੜੁ ਸੁਜਾਣੁ ਜੀਉ ॥ ਹਉ ਨਾਮ ਵਿਟਹੁ ਕੁਰਬਾਣੁ ਜੀਉ ॥ ੨ ॥**

ਮੇਰੇ ਮਨ ਤਨ ਦੇ ਅੰਦਰ ਪ੍ਰਮੇਸ਼ਰ ਦੇ ਪ੍ਰੇਮ ਦਾ ਬਾਣ ਲੱਗਾ ਹੈ, ਜੇਹੜਾ ਪ੍ਰਮੇਸ਼ਰ ਬੜਾ ਸਿਆਣਾ ਅਕਾਲ ਪੁਰਖ ਹੈ, ਓਹੋ ਹੀ ਮੇਰਾ ਪਿਆਰਾ ਮਿੱਤ੍ਰ ਹੈ। ਜੇਹੜੇ ਗੁਰੂ ਸੰਤ ਹਨ, ਓਹ ਸਿਆਣਿਆਂ ਤੋਂ ਸਿਆਣੇ ਪ੍ਰਮੇਸ਼ਰ ਦੇ ਨਾਲ ਮਿਲਾ ਦੇਂਦੇ ਹਨ। ਮੈਂ ਨਾਮ ਦੇ ਉਤੋਂ ਦੀ ਸਦਾ ਹੀ ਕੁਰਬਾਨ ਜਾਂਦਾ ਹਾਂ।

**ਹਉ ਹਰਿ ਹਰਿ ਸਜਣੁ ਹਰਿ ਮੀਤੁ ਦਸਾਈ ਜੀਉ ॥ ਹਰਿ ਦਸਹੁ ਸੰਤਹੁ ਜੀ ਹਰਿ ਖੋਜੁ ਪਵਾਈ ਜੀਉ ॥ ਸਤਿਗੁਰੁ ਤੁਠੜਾ ਦਸੇ ਹਰਿ ਪਾਈ ਜੀਉ ॥ ਹਰਿਨਾਮੇ ਨਾਮਿ ਸਮਾਈ ਜੀਉ ॥ ੩ ॥**

ਜੇਹੜਾ ਪ੍ਰਮੇਸ਼ਰ ਮਨ ਦਾ ਸੱਜਣ ਤੇ ਤਨ ਦਾ ਮਿੱਤ੍ਰ ਹੈ, ਉਸਨੂੰ ਦਸਾਈ = ਪੁਛਦਾ ਫਿਰਦਾ ਹਾਂ, ਹੇ ਹਰੀ ਦੇ ਸੰਤੋ ਮੈਂ ਖੋਜ ਪਵਾਉਂਦਾ, ਤਲਾਸ਼ਕਰਦਾ ਫਿਰਦਾਹਾਂ,ਕਿਰਪਾ ਕਰਕੇਮੈਨੂੰ ਕੋਈਪ੍ਰਮੇਸ਼ਰ ਦਾਰਸਤਾਦੱਸੋ। ਪਰ ਜਦੋਂ ਸਤਿਗੁਰੂ ਪ੍ਰਸੰਨ ਹੋਇਆ ੨ ਦੱਸੇਗਾ ਤੇ ਤਾਂ ਪ੍ਰਮੇਸਰ ਨੂੰ ਪਾਈਦਾ ਹੈ। ਜਦੋਂ ਪ੍ਰਮੇਸਰ ਨੂੰ ਲੱਭਿਆ ਤੇ ਤਾਂ ਕੀ ਫਲ ਹੋਇਆ,ਪ੍ਰਮੇਸਰ ਦੇ ਨਾਮ ਦੇ ਪ੍ਰਤਾਪ ਨਾਲ ਪ੍ਰਮੇਸਰ ਦੇ ਨਾਲ ਹੀ ਮਿਲ ਗਏ।

**ਮੈ ਵੇਦਨ ਪ੍ਰੇਮੁ ਹਰਿ ਬਿਰਹੁ ਲਗਾਈ ਜੀਉ ॥ ਗੁਰ ਸਰਧਾ ਪੂਰਿ ਅੰਮ੍ਰਿਤੁ ਮੁਖਿ ਪਾਈ ਜੀਉ ॥ ਹਰਿ ਹੋਹੁ ਦਇਆਲੁ ਹਰਿਨਾਮੁ ਧਿਆਈ ਜੀਉ ॥ ਜਨ ਨਾਨਕ ਹਰਿ ਰਸੁ ਪਾਈ ਜੀਉ ॥ ੪ ॥ ੬ ॥ ੨੦ ॥ ੧੮॥੩੨॥੭੦॥**

ਮੈਨੂੰ ਪ੍ਰਮੇਸਰ ਦੇ ਬਿਰਹੁ = ਵਿਛੋੜੇ ਨੇ ਪ੍ਰੇਮ ਰੂਪ ਵੇਦਨ = ਪੀੜਾ ਲਾਈ ਹੈ। ਗੁਰੂ ਜੀ–ਮੇਰੀ ਸਰਧਾ ਪੂਰੀ ਕਰੋ, ਕੀ ਸਰਧਾ ਹੈ ? ਮੈਂ ਨਾਮ ਅੰਮ੍ਰਿਤ ਨੂੰ ਮੂੰਹ ਵਿਚ ਪਾਵਾਂ ਭਾਵ ਜਪਾਂ। ਹੇ ਪ੍ਰਮੇਸਰ ਰੂਪ ਸਤਿਗੁਰੂ ਜੀ, ਮੇਰੇ ਉਤੇ ਦਿਆਲੂ ਹੋਵੋ ਤਾਂ ਮੈਂ ਹਰੀ ਨਾਮ ਨੂੰ ਜੀਅ ਦੇ ਅੰਦਰ ਧਿਆਵਾਂਗਾ। ਗੁਰੂ ਜੀ–ਅਸੀਂ ਦਾਸ ਉਸ ਧਿਆਨ ਦੇ ਨਾਲ ਪ੍ਰਮੇਸਰੁ ਦੇ ਅਨੰਦ ਨੂੰ ਪਾਵਾਗੇ ਜਾਂ ਪਾਇਆ ਹੈ।

Digitized by Panjab Digital Library | www.panjabdigilib.org

ਮਹਲਾ ੫ ਰਾਗੁ ਗਉੜੀ ਗੁਆਰੇਰੀ ਚਉਪਦੇ

**੧ ੴ ਸਤਿਗੁਰਪ੍ਰਸਾਦਿ ॥ ਕਿਨ ਬਿਧਿ ਕੁਸਲੁ ਹੋਤ ਮੇਰੇ ਭਾਈ ॥ ਕਿਉ ਪਾਈਐ ਹਰਿ ਰਾਮ ਸਹਾਈ ॥ ੧ ॥ ਰਹਾਉ ॥**

"ਗੁਰਸਿਖ ਪ੍ਰਸ਼ਨੋਤ੍ਰੀ"

ਹੇ ਮੇਰੇ ਭਰਾ ਕਿਸ ਰੀਤੀ ਨਾਲ ਸੁਖ ਹੁੰਦਾ ਹੈ ਜਾਂ ਭਾਈ ਹੇ ਗੁਰੂ ਜੀ ਇਹ ਗੱਲ ਮੈਨੂੰ ਪੁਛਣੀ ਬੜੀ ਚੰਗੀ ਲੱਗੀ ਹੈ; ਕਿ ਆਦਮੀ ਨੂੰ ਸੁਖ ਕਿਸ ਤਰਾਂ ਹੁੰਦਾ ਹੈ ਅਤੇ ਜੇਹੜਾ ਪ੍ਰਮੇਸਰ ਹਰ ਥਾਂ ਸਹਾਈ ਹੁੰਦਾ ਹੈ, ਉਸਨੂੰ ਕਿਸ ਤਰਾਂ ਲੱਭੀਏ

**ਕੁਸਲੁਨ ਗ੍ਰਿਹਿ ਮੇਰੀ ਸਭ ਮਾਇਆ ॥ ਊਚੇ ਮੰਦਰ ਸੁੰਦਰ ਛਾਇਆ ॥ ਝੂਠੇ ਲਾਲਚਿ ਜਨਮੁ ਗਵਾਇਆ ॥੧॥**

ਹੇ ਭਰਾ ਗ੍ਰਹਸਤ ਵਿਚ ਸੁਖ ਨਹੀਂ ਹੈ, ਕਿਉਂਕਿ ਜਾਣਦਾ ਹੈ ਕਿ ਸਾਰੀ ਮਾਇਆ ਮੇਰੀ ਹੈ, ਫਿਰ ਵੀ ਦੁਖੀ ਰਹਿੰਦਾ ਹੈ। ਉੱਚਿਆਂ ਮੰਦਰਾਂ ਅਤੇ ਬਾਗਾਂ ਦੀਆਂ ਸੁੰਦਰ ਛਾਵਾਂ ਵਿਚ ਵੀ ਸੁਖ ਨਹੀਂ ਹੈ। (ਨੋ:੨ ਪਦ ਉਤੋਂ ਅਰਥ ਲਈ ਕੀਤਾ ਹੈ)। ਇੱਕੁਰ ਦਿਆਂ ਝੂਠਿਆਂ ਪਦਾਰਥਾਂ ਦੇ ਲਾਲਚ ਵਿਚ ਆਦਮੀ ਨੇ ਜਨਮ ਗਵਾ ਲਿਆ ਹੈ।

**ਹਸਤੀ ਘੋੜੇ ਦੇਖਿ ਵਿਗਾਸਾ ॥ ਲਸਕਰ ਜੋੜੇ ਨੇਬ ਖਵਾਸਾ ॥ ਗਲਿ ਜੇਵੜੀ ਹਉਮੈ ਕੇ ਫਾਸਾ ॥ ੨ ॥**

ਜੇਹੜਾ ਹਾਥੀਆਂ ਘੋੜਿਆਂ ਨੂੰ ਵੇਖਕੇ ਖੁਸ਼ੀ ਹੋਣਾ ਹੈ, ਲਸ਼ਕਰ ਕੱਠੇ ਕਰਨੇ ਨੇਬ = ਚੋਬਦਾਰ ਖਵਾਸਾ = ਚੌਰੀ ਕਰਨ ਵਾਲਾ ਨੌਕਰ। ਇੱਕੁਰ ਦੇ ਪਦਾਰਥਾਂ ਨੂੰ ਕੱਠਿਆਂ ਕਰਕੇ ਆਦਮੀ ਹੰਕਾਰ ਫਾਹਾਂ ਵਿਚ ਫਸਿਆ ਹੋਇਆ ਹੈ ਅਤੇ ਗਲ ਵਿਚ ਮੋਹ ਰੂਪ ਰੱਸੀ ਪਈ ਹੋਈ ਹੈ।

**ਰਾਜੁ ਕਮਾਵੈ ਦਹਦਿਸ ਸਾਰੀ ॥ ਮਾਣੈ ਰੰਗ ਭੋਗ ਬਹੁ ਨਾਰੀ ॥ ਜਿਉ ਨਰਪਤਿ ਸੁਪਨੈ ਭੇਖਾਰੀ ॥ ੩ ॥**

ਦਸਾਂ ਪਾਸਿਆਂ ਦੀ ਸਾਰੀ ਦੁਨੀਆਂ ਉਤੇ ਰਾਜ ਕਮਾਵੇ ਜਾਂ ਕਮਾਉਂਦਾ ਹੈ। ਬਹੁਤ ਸਾਰੀਆਂ ਇਸਤ੍ਰੀਆਂ ਨੂੰ ਭੋਗਕੇ ਅਨੰਦ ਮਾਣਦਾ ਹੈ। ਇਹ ਤਾਂ ਇਸਤਰਾਂ ਹੈ, ਜਿਸਤਰਾਂ ਕੋਈ ਮੰਗਤਾ ਸੁਫਨੇ ਵਿਚ

Digitized by Panjab Digital Library | www.panjabdigilib.org

ਰਾਜਾ ਹੋ ਜਾਂਦਾ ਹੈ, ਓਹ ਸੁਫਨੇ ਦੇ ਰਾਜ ਦਾ ਸੁਖ ਮਾਣ ਲਵੇ, ਜਦੋਂ ਜਾਗੇਗਾ ਓਦੋਂ ਹੀ ਗਰੀਬੀ ਦਾ ਦੱਬਿਆ ਹੋਇਆ ਹੈ, ਇਸ ਲਈ ਇੱਕੁਰ ਸੁਖ ਨਹੀਂ ਹੈ।

**ਏਕੁ ਕੁਸਲੁ ਮੋਕਉ ਸਤਿਗੁਰੂ ਬਤਾਇਆ ॥ ਹਰਿ ਜੋ ਕਿਛੁ ਕਰੇ ਸੁ ਹਰਿ ਕਿਆ ਭਗਤਾ ਭਾਇਆ ॥ ਜਨ ਨਾਨਕ ਹਉਮੈ ਮਾਰਿ ਸਮਾਇਆ ॥ ੪ ॥**

ਹੇ ਭਰਾ ਇਕ ਸੁਖ ਮੈਨੂੰ ਗੁਰੂ ਜੀ ਨੇ ਦੱਸਿਆ ਹੈ ਜੋ ਕੁਛ ਪ੍ਰਮੇਸਰ ਕਰਦਾ ਹੈ ਓਹ ਉਸਦੇ ਭਗਤਾਂ ਨੂੰ ਚੰਗਾ ਲੱਗਾ ਹੈ ਭਾਵ ਭਾਣਾ ਮੰਨਣ ਨਾਲ ਸੁਖ ਹੁੰਦਾ ਹੈ। ਗੁਰੂ ਜੀ-ਜਿਸ ਆਦਮੀ ਨੇ ਹੰਕਾਰ ਨੂੰ ਮਾਰਿਆ ਹੈ ਓਹ ਪ੍ਰਮੇਸਰ ਦੇ ਨਾਲ ਮਿਲਿਆ ਹੈ।

**ਇਨਿ ਬਿਧਿ ਕੁਸਲ ਹੋਤ ਮੇਰੇ ਭਾਈ ॥ ਇਉ ਪਾਈਐ ਹਰਿ ਰਾਮ ਸਹਾਈ ॥ ੧ ॥ ਰਹਾਉ ਦੂਜਾ ॥ ੧ ॥**

ਹੇ ਭਰਾ ਇੱਕੁਰ ਸੁਖ ਹੁੰਦਾ ਹੈ ਕਿ ਪ੍ਰਮੇਸਰ ਦਾ ਭਾਣਾ ਮੰਨੋ, ਹੰਕਾਰ ਨੂੰ ਮਾਰਕੇ ਪ੍ਰਮੇਸ਼ਰ ਦੇ ਵਿੱਚ ਸਮਾ ਜਾਣਾ ਇੱਕੁਰ ਪ੍ਰਮੇਸ਼ਰ ਰਾਮ ਸਹਾਈ ਨੂੰ ਪਾਈਦਾ ਹੈ।

## ਗਉੜੀ ਗੁਆਰੇਰੀ ਮਹਲਾ ੫ ॥

**ਕਿਉ ਭ੍ਰਮੀਐ ਭ੍ਰਮੁ ਕਿਸਕਾ ਹੋਈ ॥ ਜਾ ਜਲਿਥਲਿ ਮਹੀਅਲਿ ਰਵਿਆ ਸੋਈ ॥ ਗੁਰਮੁਖਿ ਉਬਰੇ ਮਨਮੁਖ ਪਤਿ ਖੋਈ ॥ ੧ ॥**

ਬਹੁਤਾ ਕਿਉਂ ਭਵੀਏਂ ਅਤੇ ਕਿਸ ਵਸਤੁ ਦਾ ਭਰਮ ਹੁੰਦਾ ਹੈ, ਭਾਵ ਪ੍ਰਮੇਸ਼ਰ ਤੋਂ ਬਿਨਾ ਦੂਸਰਾ ਕੋਈ ਨਹੀਂ ਹੈ, ਓਹ ਜਲਾਂ ਥਲਾਂ ਧਰਤੀ ਅਕਾਸ਼ ਵਿੱਚ ਮਿਲਿਆ ਹੋਇਆ ਹੈ। ਹੇ ਭਰਾ ਸੰਸਾਰ ਨੂੰ ਭਰਮ ਰੂਪ ਜਾਣਕੇ ਗੁਰਮੁਖ ਤਾਂ ਬਚ ਗਏ ਹਨ ਅਤੇ ਮਨਮੁਖਾਂ ਨੇ ਸੰਸਾਰ ਨੂੰ ਸੱਚਾ ਜਾਣਕੇ ਆਪਣੀ ਇੱਜ਼ਤ ਨਾਸ ਕਰ ਲਈ ਹੈ।

**ਜਿਸੁ ਰਾਖੈ ਆਪਿ ਰਾਮੁ ਦਇਆਰਾ ॥ ਤਿਸੁ ਨਹੀ ਦੂਜਾ ਕੋ ਪਹੁਚਨਹਾਰਾ ॥ ੧ ॥ ਰਹਾਉ ॥**

ਜਿਸਨੂੰ ਆਪ ਦਿਆਲੂ ਪ੍ਰਮੇਸਰ ਰੱਖਦਾ ਹੈ, ਭਾਵ ਸਹਾਇਤਾ ਕਰਦਾ ਹੈ, ਉਸਦੇਪਾਸ ਦੂਸਰਾ ਕੋਈ ਪੁੱਜਣ ਵਾਲਾ ਨਹੀਂ ਹੈ, ਭਾਵ ਉਸਦੀ ਬਰਬਰੀ ਤੇ ਦੁਸ਼ਮਨੀ ਕੋਈ ਨਹੀਂ ਕਰ ਸਕਦਾ ਹੈ।

Digitized by Panjab Digital Library | www.panjabdigilib.org

**ਸਭ ਮਹਿ ਵਰਤੈ ਏਕੁ ਅਨੰਤਾ ॥ ਤਾ ਤੂੰ ਸੁਖਿ ਸੋਉ ਹੋਇ ਅਚਿੰਤਾ ॥ ਓਹੁ ਸਭੁ ਕਿਛੁ ਜਾਣੈ ਜੋ ਵਰਤੰਤਾ ॥ ੨ ॥**

ਇੱਕ ਬਿਅੰਤ ਪ੍ਰਮੇਸ਼ਰ ਸਾਰਿਆਂ ਵਿੱਚ ਵਰਤਦਾ ਹੈ, ਜੇ ਤੂੰ ਉਸਨੂੰ ਜਾਣ ਲਏਂ ਤੇ ਤਾਂ ਸੁਖ ਵਾਲਾ ਹੋਕੇ ਬੇਫਿਕਰ ਸੁੱਤਾ ਰਹੋ ਜਾਂ ਬਿਫਿਕਰ ਹੋਕੇ ਸੁਖ ਨਾਲ ਸੌਂ ਰਹੋ, ਜੋ ਕੁਛ ਹੋ ਰਿਹਾ ਹੈ, ਓਹ ਸਭ ਕੁਛ ਜਾਣਦਾ ਹੈ।

**ਮਨਮੁਖ ਮੁਏ ਜਿਨ ਦੂਜੀ ਪਿਆਸਾ ॥ ਬਹੁ ਜੋਨੀ ਭਵਹਿ ਧੁਰਿ ਕਿਰਤਿ ਲਿਖਿਆਸਾ ॥ ਜੈਸਾ ਬੀਜਹਿ ਤੈਸਾ ਖਾਸਾ ॥ ੩ ॥**

ਜਿਨ੍ਹਾਂ ਮਨਮੁਖਾਂ ਨੂੰ ਦੂਸਰੀ ਪਿਆਸ ਲੱਗੀ ਹੋਈ ਹੈ, ਓਹ ਭਰਮਕੇ ਮਰਦੇ ਜੰਮਦੇ ਹਨ। ਧੁਰ ਦਿਆਂ ਕਰਮਾਂ ਲਿਖਿਆਂ ਅਨੁਸਾਰ ਬਹੁਤ ਤਰਾਂ ਦੀਆਂ ਜੂਨੀਆਂ ਵਿਚ ਭਰਮਦੇ ਹਨ, ਜਿਸਤਰਾਂ ਦਾ ਬੀਜਦੇ ਹਨ, ਉਸੇ ਤਰਾਂ ਦਾ ਫਲ ਖਾਂਦੇ ਹਨ, ਭਾਵ ਦੁਖ ਭੋਗਦੇ ਹਨ।

**ਦੇਖਿ ਦਰਸੁ ਮਨਿ ਭਇਆ ਵਿਗਾਸਾ ॥ ਸਭੁ ਨਦਰੀ ਆਇਆ ਬ੍ਰਹਮੁ ਪ੍ਰਗਾਸਾ ॥ ਜਨ ਨਾਨਕ ਕੀ ਹਰਿ ਪੂਰਨ ਆਸਾ ॥ ੪ ॥ ੨ ॥ ੭੧ ॥**

ਗੁਰਮੁਖਾਂ ਨੂੰ ਵਾਹਿਗੁਰੂ ਦਾ ਦਰਸ਼ਨ ਵੇਖਣ ਨਾਲ ਮਨ ਵਿੱਚ ਬੜੀ ਖੁਸ਼ੀ ਹੋਈ ਹੈ। ਗੁਰਮੁਖਾਂ ਦੀ ਨਜ਼ਰ ਵਿੱਚ ਸਾਰਾ ਪ੍ਰਮੇਸ਼ਰ ਦਾ ਚਾਨਣ ਆਇਆ ਹੈ, ਭਾਵ ਸਾਰੇ ਜੀਵ ਹਰੀ ਰੂਪ ਹਨ। ਗੁਰੂ ਜੀ–ਪ੍ਰਮੇਸ਼ਰ ਦੇ ਮਿਲਨ ਨਾਲ ਦਾਸਾਂ ਦੀ ਆਸਾ ਪੂਰੀ ਹੋ ਗਈ ਹੈ।

## ਗਉੜੀ ਗੁਆਰੇਰੀ ਮਹਲਾ ੫ ॥

**ਕਈ ਜਨਮ ਭਏ ਕੀਟ ਪਤੰਗਾ ॥ ਕਈ ਜਨਮ ਗਜ ਮੀਨ ਕੁਰੰਗਾ ॥ ਕਈ ਜਨਮ ਪੰਖੀ ਸਰਪ ਹੋਇਓ ॥ ਕਈ ਜਨਮ ਹੈਵਰ ਬ੍ਰਿਖ ਜੋਇਓ ॥ ੧ ॥**

ਅਸੀਂ ਕਈ ਜਨਮ ਕੀੜੇ ਤੇ ਦੀਵੇ ਉਤੇ ਸੜਨ ਵਾਲੇ ਪਤੰਗੇ ਹੋਏ ਹਾਂ। ਕਈ ਜਨਮ ਹਾਥੀ, ਮੱਛ, ਹਰਨ ਹੋਏ ਹਾਂ, ਕਈ ਜਨਮ ਪੰਛੀ ਸੱਪ ਹੋਏ ਹਾਂ। ਕਈ ਜਨਮ ਚੰਗੇ ਘੋੜੇ ਬਲ਼ੇ ਹਾਂ ਅਤੇ ਕਈਆਂ ਜਨਮਾਂ ਵਿੱਚ ਆਦਮੀ ਨੇ ਆਪਣੇ ਆਪ ਨੂੰ ਬ੍ਰਿਛ ਰੂਪ ਜੋਇਓ = ਵੇਖਿਆ

Digitized by Panjab Digital Library | www.panjabdigilib.org

ਹੈ, ਭਾਵ ਰੁੱਖਾਂ ਦੀ ਸ਼ਕਲ ਵਿੱਚ ਜਾਂ ਹਲ ਅਤੇ ਖੂਹ ਆਦਿਕ ਦੇ ਨਾਲ ਦਿਖ = ਬੈਲ ਹੋਕੇ ਆਪਣੇ ਆਪ ਨੂੰ ਜੋਇਓ = ਜੋੜਿਆ ਹੈ।

**ਮਿਲੁ ਜਗਦੀਸ ਮਿਲਨ ਕੀ ਬਰੀਆ ॥ ਚਿਰੰਕਾਲ ਇਹ ਦੇਹ ਸੰਜਰੀਆ ॥ ੧ ॥ ਰਹਾਉ ॥**

ਹੇ ਭਰਾ ਪ੍ਰਮੇਸ਼ਰ ਨੂੰ ਮਿਲ ਇਹ ਪ੍ਰਮੇਸ਼ਰ ਦੇ ਮਿਲਨ ਦਾ ਸਮਾ ਮਨੁੱਖਾ ਜਨਮ ਹੀ ਹੈ। ਕਿਉਂਕਿ ਬਹੁਤ ਸਾਰਾ ਸਮਾ ਚੁਰਾਸੀ ਵਿੱਚ ਭੌਂਦਿਆਂ ਨੂੰ ਇਹ ਮਨੁੱਖਾ ਦੇਹ ਸੰਜਰੀਆ = ਮਿਲੀ ਹੈ।

**ਕਈ ਜਨਮ ਸੈਲ ਗਿਰਿ ਕਰਿਆ ॥ ਕਈ ਜਨਮ ਗਰਭ ਹਿਰਿ ਖਰਿਆ ॥ ਕਈ ਜਨਮ ਸਾਖ ਕਰਿ ਉਪਾਇਆ ॥ ਲਖ ਚਉਰਾਸੀਹ ਜੋਨਿ ਭ੍ਰਮਾਇਆ ॥ ੨ ॥**

ਕਈਆਂ ਜਨਮਾਂ ਵਿੱਚ ਸੈਲ = ਪੱਥਰ, ਨਿੱਕੇ ੨ ਵੱਟੇ ਅਤੇ ਗਿਰ = ਪਹਾੜ, ਵਡੇ ੨ ਪਰਬਤ ਜੀਵ ਨੇ ਆਪਣੇ ਆਪ ਨੂੰ ਕੀਤਾ ਹੈ, ਭਾਵ ਪੱਥਰਾਂ ਦੀਆਂ ਵੀ ਜੂਨੀਆਂ ਹਨ।

ਕਈਆਂ ਜਨਮਾਂ ਵਿਚ ਮਾਂ ਦੇ ਅੰਦਰ ਪੇਟ ਵਿਚ ਹੀ ਖੁਰਕੇ ਨਾਸ ਹੋ ਗਿਆ ਭਾਵ ਗਰਭ ਛਣ ਗਿਆ।

{ ਨੋਟ—ਛਿਆਂ ਸੱਤਾਂ ਮਹੀਨਿਆਂ ਦਾ ਹੋਕੇ ਨਿਕਲ ਜਾਣਾ, ਇਹ ਹਿਰਨਾ ਹੈ, ਦੋ ਤਿੰਨਾਂ ਮਹੀਨਿਆਂ ਦਾ ਹੋਕੇ ਜਲ ਬਣਕੇ ਗਰਭ ਨੇ ਚਲਿਆ ਜਾਣਾ ਇਹ ਖੁਰਨਾ ਹੈ। }

ਜੀਵ ਨੇ ਕਈ ਜਨਮ ਸਾਖ = ਖੇਤੀ ਰੂਪ ਹੋਕੇ ਅਪਣੇ ਆਪ ਨੂੰ ਪੈਦਾ ਕੀਤਾ। ਏਸੇ ਰੀਤੀ ਨਾਲ ਚੁਰਾਸੀ ਲੱਖ ਜੂਨੀਆਂ ਵਿੱਚ ਭੌਂਦਾ ਹੋਇਆ ਮਨੁੱਖਾ ਜਨਮ ਵਿਚ ਆਇਆ ਹੈ।

**ਸਾਧ ਸੰਗਿ ਭਇਓ ਜਨਮੁ ਪਰਾਪਤਿ ॥ ਕਰਿ ਸੇਵਾ ਭਜੁ ਹਰਿ ਹਰਿ ਗੁਰਮਤਿ ॥ ਤਿਆਗਿ ਮਾਨੁ ਝੂਠੁ ਅਭਿ-ਮਾਨੁ ॥ ਜੀਵਤ ਮਰਹਿ ਦਰਗਹ ਪਰਵਾਨੁ ॥ ੩ ॥**

ਸੰਤਾਂ ਦੀ ਸੰਗਤ ਕਰਨ ਵਾਸਤੇ ਜਨਮ ਮਿਲਿਆ ਹੈ, ਇਸਲਈ ਸੰਤਾਂ ਦੀ ਸੇਵਾ ਕਰ ਅਤੇ ਗੁਰ ਸਿੱਖਿਆ ਲੈਕੇ ਹਰਿ ਹਰਿ ਨਾਮ ਨੂੰ ਜਪ।

ਮਾਨ ਅਭਿਮਾਨ ਝੂਠ ਨੂੰ ਛੱਡ ਦੇਹ। ਜੇ ਜੀਵਤ ਭਾਵ ਤੋਂ ਮਰੇਂਗਾ ਤੇ ਤਾਂ ਦਰਗਹ ਵਿਚ ਪਰਵਾਨ ਹੋਵੇਂਗਾ।

Digitized by Panjab Digital Library | www.panjabdigilib.org

ਜੋ ਕਿਛੁ ਹੋਆ ਸੁ ਤੁਝ ਤੇ ਹੋਗੁ ॥ ਅਵਰੁ ਨ ਦੂਜਾ ਕਰਣੈ ਜੋਗੁ ॥ ਤਾ ਮਿਲੀਐ ਜਾ ਲੈਹਿ ਮਿਲਾਇ ॥ ਕਹੁ ਨਾਨਕ ਹਰਿ ਹਰਿ ਗੁਣ ਗਾਇ ॥ ੪ ॥ ੩ ॥ ੭੨ ॥

ਹੇ ਪ੍ਰਮੇਸ਼ਰਾ ਜੋ ਕੁਛ ਪਿੱਛੇ ਹੋਇਆ ਹੈ, ਅੱਗੇ ਹੋਵੇਗਾ, ਸੋ ਸਾਰਾ ਆਪ ਤੋਂ ਹੀ ਹੋਵੇਗਾ। ਹੋਰ ਕੋਈ ਦੂਸਰਾ ਤੈਥੋਂ ਬਿਨਾ ਕਰਨ ਜੋਗਾ ਨਹੀਂ ਹੈ। ਓਦੋਂ ਮਿਲੀਦਾ ਹੈ, ਜਦੋਂ ਆਪ ਕਿਰਪਾ ਕਰਕੇ ਆਪਣੇ ਨਾਲ ਮਿਲਾ ਲੈਂਦਾ ਹੈ। ਗੁਰੂ ਜੀ–ਇਕੁਰ ਬੇਨਤੀ ਕਰਦਾ ਹੋਇਆ ਪ੍ਰਮੇਸ਼ਰ ਦੇ ਗੁਣ ਗਾ।

ਗਉੜੀ ਗੁਆਰੇਰੀ ਮਹਲਾ ੫ ॥

ਕਰਮ ਭੂਮਿ ਮਹਿ ਬੋਅਹੁ ਨਾਮੁ ॥ ਪੂਰਨ ਹੋਇ ਤੁਮਾਰਾ ਕਾਮੁ ॥ ਫਲ ਪਾਵਹਿ ਮਿਟੈ ਜਮ ਤ੍ਰਾਸ ॥ ਨਿਤ ਗਾਵਹਿ ਹਰਿ ਹਰਿ ਗੁਣ ਜਾਸ ॥ ੧ ॥

ਕਰਮ ਧਰਤੀ ਭਾਵ ਚੰਗੇ ਕਰਮਾਂ ਨਾਲ ਜਨਮ ਮਿਲਿਆ ਹੈ। ਇਸ ਲਈ ਹੁਣ ਵੀ ਸੰਸਾਰ ਵਿਚ ਜੰਮ ਕੇ ਚੰਗੇ ਕਰਮਾਂ ਦਾ ਬੀਜ ਬੀਜੋ ਭਾਵ ਨਾਮ ਜਪੋ। ਤੁਹਾਡਾ ਸਾਰਾ ਕੰਮ ਪੂਰਾ ਹੋ ਜਾਵੇਗਾ।

ਚੰਗਾ ਫਲ ਸੁਖ ਪਾਓਗੇ ਜਮ ਦਾ ਡਰ ਦੂਰ ਹੋ ਜਾਵੇਗਾ। ਜਦੋਂ ਰੋਜ ਪਰਮੇਸ਼ਰ ਦੇ ਗੁਣਾਂ ਦਾ ਜੱਸ ਗਾਓਗੇ।

ਹਰਿ ਹਰਿ ਨਾਮੁ ਅੰਤਰਿ ਉਰਿਧਾਰਿ ॥ ਸੀਘਰ ਕਾਰਜੁ ਲੇਹੁ ਸਵਾਰਿ ॥ ੧ ॥ ਰਹਾਉ ॥

ਹੇ ਭਰਾ ! ਹਰਿ ਹਰਿ ਨਾਮ ਨੂੰ ਦਿਲ ਵਿਚ ਧਾਰਕੇ ਆਪਣਾ ਕੰਮ ਛੇਤੀ ਨਾਲ ਸਵਾਰ ਲੌ।

ਅਪਨੇ ਪ੍ਰਭ ਸਿਉ ਹੋਹੁ ਸਾਵਧਾਨੁ ॥ ਤਾ ਤੂੰ ਦਰਗਹ ਪਾਵਹਿ ਮਾਨੁ ॥ ਉਕਤਿ ਸਿਆਣਪ ਸਗਲੀ ਤਿਆਗੁ ॥ ਸੰਤ ਜਨਾ ਕੀ ਚਰਣੀ ਲਾਗੁ ॥ ੨ ॥

ਆਪਣੇ ਮਾਲਕ ਨਾਲ ਸਾਵਧਾਨ ਹੋਵੋ ਭਾਵ ਭਜਨ ਕਰੋ ਤਾਂ ਤੁਸੀ ਦਰਗਾਹ ਵਿਚ ਆਦਰ ਪਾਓਗੇ।

ਚੰਗੀ ਕਥਨੀ ਤੇ ਚਤਰਾਈ ਸਾਰੀ ਛੱਡਕੇ ਸੰਤਾਂ ਭਗਤਾਂ ਦੀ ਚਰਨੀ ਲੱਗ ਰਹੋ।

Digitized by Panjab Digital Library | www.panjabdigilib.org

ਸਰਬ ਜੀਅਹਹਿ ਜਾਕੈ ਹਾਥਿ ॥ ਕਦੇ ਨ ਵਿਛੁੜੈ ਸਭ ਕੈ ਸਾਥਿ ॥ ਉਪਾਵ ਛੋਡਿ ਗਹੁ ਤਿਸਕੀ ਓਟ ॥ ਨਿਮਖ ਮਾਹਿ ਹੋਵੈ ਤੇਰੀ ਛੋਟ ॥ ੩ ॥

ਸਾਰੇ ਆਦਮੀ ਜਿਸਦੇ ਹੱਥ = ਵੱਸ ਹਨ, ਓਹ ਸਾਰਿਆਂ ਦੇ ਨਾਲ ਹੈ, ਕਦੀ ਵੱਖਰਾ ਨਹੀਂ ਹੁੰਦਾ ਹੈ। ਸਾਰੇ ਉਪਾ ਛੱਡਕੇ ਉਸਦੀ ਸ਼ਰਨ ਲੈ, ਅੱਖ ਦੇ ਫਰਕਣ ਵਿਚ ਤੇਰੀ ਛੋਟ ਹੋ ਜਾਵੇਗੀ।

ਸਦਾ ਨਿਕਟਿ ਕਰਿ ਤਿਸਨੋ ਜਾਣੁ ॥ ਪ੍ਰਭ ਕੀ ਆਗਿਆ ਸਤਿ ਕਰਿ ਮਾਨੁ ॥ ਗੁਰਕੈ ਬਚਨਿ ਮਿਟਾਵਹੁ ਆਪੁ ॥ ਹਰਿ ਹਰਿ ਨਾਮੁ ਨਾਨਕ ਜਪਿ ਜਾਪੁ ॥ ੪ ॥ ੪ ॥ ੭੩ ॥

ਉਸ ਪ੍ਰਮੇਸ਼ਰ ਨੂੰ ਸਦਾ ਨੇੜੇ ਕਰਕੇ ਜਾਣ,ਉਸ ਮਾਲਕ ਦੀ ਆਗਯਾ ਸੱਚੀ ਕਰਕੇ ਮੰਨ। ਗੁਰ ਉਪਦੇਸ਼ ਨਾਲ ਹੰਕਾਰ ਨੂੰ ਦੂਰ ਕਰ ਦੇਹ। ਗੁਰੂ ਜੀ-ਹਰਿ ਹਰਿ ਨਾਮ ਦਾ ਜਾਪ ਜਪ।

## ਗਉੜੀ ਗੁਆਰੇਰੀ ਮਹਲਾ ੫ ॥

ਗੁਰਕਾ ਬਚਨੁ ਸਦਾ ਅਬਿਨਾਸੀ ॥ ਗੁਰਕੈ ਬਚਨਿ ਕਟੀ ਜਮ ਫਾਸੀ ॥ ਗੁਰਕਾ ਬਚਨੁ ਜੀਅਕੈ ਸੰਗਿ ॥ ਗੁਰਕੈ ਬਚਨਿ ਰਚੈ ਰਾਮ ਕੈ ਰੰਗਿ ॥ ੧ ॥

ਗੁਰਾਂ ਦਾ ਬਚਨ ਸਦਾ ਅਬਨਾਸ਼ੀ ਹੈ। ਗੁਰਾਂ ਦੇ ਬਚਨਾਂ ਨਾਲ ਜਮ ਦੀ ਫਾਹੀ ਕੱਟੀ ਜਾਂਦੀ ਹੈ। ਗੁਰੂ ਦਾ ਬਚਨ ਹਰ ਥਾਂ ਆਦਮੀ ਦੇ ਨਾਲ ਰਹਿੰਦਾ ਹੈ। ਗੁਰਾਂ ਦੇ ਬਚਨ ਨਾਲ ਹੀ ਪ੍ਰਮੇਸਰ ਦੇ ਪ੍ਰੇਮ ਵਿਚ ਰਚਦਾ = ਲੱਗਦਾ ਹੈ।

ਜੋ ਗੁਰਿ ਦੀਆ ਸੁ ਮਨ ਕੈ ਕਾਮਿ ॥ ਸੰਤ ਕਾ ਕੀਆ ਸਤਿ ਕਰਿ ਮਾਨਿ ॥ ੧ ॥ ਰਹਾਉ ॥

ਹੇ ਭਰਾ ਜੇਹੜਾ ਗੁਰਾਂ ਨੇ ਨਾਮ ਦਿਤਾ ਹੈ ਓਹ ਪ੍ਰਲੋਕ ਵਿਚ ਆਦਮੀ ਦੇ ਮਨ ਦੇ ਕੰਮ ਆਵੇਗਾ। ਜੇਹੜਾ ਸੰਤਾਂ ਦਾ ਹੁਕਮ ਕੀਤਾ ਹੋਇਆ ਹੈ ਜਾਂ ਜੇਹੜਾ ਓਹਨਾਂ ਦਾ ਨਿਸਚਾ ਹੈ ਓਹ ਸੱਚਾ ਕਰਕੇ ਮੰਨੋ।

ਗੁਰਕਾ ਬਚਨੁ ਅਟਲ ਅਛੇਦ ॥ ਗੁਰ ਕੈ ਬਚਨਿ

Digitized by Panjab Digital Library | www.panjabdigilib.org

ਕਟੇ ਭ੍ਰਮ ਭੇਦ ॥ ਗੁਰਕਾ ਬਚਨੁ ਕਤਹੁ ਨ ਜਾਇ ॥ ਗੁਰਕੈ ਬਚਨਿ ਹਰਿਕੇ ਗੁਣ ਗਾਇ ॥ ੨ ॥

ਗੁਰਾਂ ਦਾ ਬਚਨ ਸਦਾ ਰਹਿਣ ਵਾਲਾ ਹੈ ਤੇ ਨਾਸ ਰਹਿਤ ਹੈ। ਗੁਰਾਂ ਦਾ ਬਚਨ ਭਰਮ ਅਤੇ ਫਰਕ ਨੂੰ ਕੱਟ ਦੇਂਦਾ ਹੈ। ਗੁਰਾਂ ਦਾ ਬਚਨ ਕਦੀ ਬਿਅਰਥ ਨਹੀਂ ਜਾਂਦਾ ਹੈ, ਗੁਰਾਂ ਦੇ ਬਚਨ ਨਾਲ ਹੀ ਪ੍ਰਮੇਸ਼ਰ ਦੇ ਗੁਣ ਗਾਈਦੇ ਹਨ ।

ਗੁਰਕਾ ਬਚਨੁ ਜੀਅਕੈ ਸਾਥ ॥ ਗੁਰਕਾ ਬਚਨੁ ਅਨਾਥ ਕੋ ਨਾਥ ॥ ਗੁਰਕੈ ਬਚਨਿ ਨਰਕਿ ਨ ਪਵੈ ॥ ਗੁਰਕੈ ਬਚਨਿ ਰਸਨਾ ਅੰਮ੍ਰਿਤੁ ਰਵੈ ॥ ੩ ॥

ਗੁਰਾਂ ਦਾ ਬਚਨ ਸਦਾ ਆਦਮੀ ਦੇ ਨਾਲ ਹੈ। ਗੁਰਾਂ ਦਾ ਬਚਨ ਗਰੀਬਾਂ ਦਾ ਮਾਲਕ ਹੈ। ਗੁਰਾਂ ਦੇ ਬਚਨ ਨਾਲ ਆਦਮੀ ਨਰਕ ਵਿਚ ਨਹੀਂ ਪੈਂਦਾ ਹੈ। ਗੁਰਾਂ ਦੇ ਬਚਨ ਨਾਲ ਜ਼ਬਾਨ ਅੰਮ੍ਰਿਤ ਨਾਮ ਨੂੰ ਬੋਲਦੀ ਹੈ।

ਗੁਰਕਾ ਬਚਨੁ ਪਰਗਟੁ ਸੰਸਾਰਿ ॥ ਗੁਰਕੈ ਬਚਨਿ ਨ ਆਵੈ ਹਾਰਿ ॥ ਜਿਸੁ ਜਨ ਹੋਇ ਆਪਿ ਕ੍ਰਿਪਾਲ ॥ ਨਾਨਕ ਸਤਿਗੁਰ ਸਦਾ ਦਇਆਲ ॥ ੪ ॥ ੫ ॥ ੭੪ ॥

ਗੁਰਾਂ ਦਾ ਬਚਨ ਸੰਸਾਰ ਵਿਚ ਪਰਗਟ ਹੈ। ਗੁਰਾਂ ਦਾ ਬਚਨ ਮੰਨਣ ਨਾਲ ਹਾਰ ਨਹੀਂ ਆਉਂਦੀ ਹੈ। ਪਰ ਜਿਸ ਆਦਮੀ ਉੱਤੇ ਆਪ ਵਾਹਿਗੁਰੂ ਕ੍ਰਿਪਾਲੂ ਹੁੰਦਾ ਹੈ। ਗੁਰੂ ਨਾਨਕ ਸਤਿਗੁਰੂ ਉਸ ਉਤੇ ਸਦਾ ਦਿਆਲੂ ਹੁੰਦਾ ਹੈ।

## ਗਉੜੀ ਗੁਆਰੇਰੀ ਮਹਲਾ ੫ ॥

ਜਿਨਿ ਕੀਤਾ ਮਾਟੀ ਤੇ ਰਤਨੁ ॥ ਗਰਭ ਮਹਿ ਰਾਖਿਆ ਜਿਨਿ ਕਰਿ ਜਤਨੁ ॥ ਜਿਨਿ ਦੀਨੀ ਸੋਭਾ ਵਡਿ-ਆਈ ॥ ਤਿਸੁ ਪ੍ਰਭ ਕਉ ਆਠ ਪਹਰ ਧਿਆਈ ॥ ੧ ॥

ਜਿਸ ਪ੍ਰਮੇਸ਼ਰ ਨੇ ਮਿੱਟੀ ਆਦਿਕ ਪੰਜਾਂ ਤੱਤਾਂ ਤੋਂ ਆਦਮੀ ਨੂੰ ਅਮੋਲਕ ਰਤਨ ਮਨੁਖ ਜਨਮ ਬਣਾ ਦਿੱਤਾ ਹੈ ਭਾਵ ਚੰਗੀ ਮਨੁਖ ਦੇਹ ਮਿਲੀ ਹੈ। ਜਿਸਨੇ ਮਾਂ ਦੇ ਪੇਟ ਵਿਚ ਬੜੇ ਜਤਨ ਨਾਲ ਰੱਖਿਆ

Digitized by Panjab Digital Library | www.panjabdigilib.org

ਕੀਤੀ ਹੈ। ਜਿਸਨੇ ਉਸਤਤੀ ਵਡਿਆਈ ਇੱਜ਼ਤ ਦਿੱਤੀ ਹੈ, ਉਸ ਮਾਲਕ ਨੂੰ ਅੱਠੇ ਪਹਿਰ ਯਾਦ ਕਰ।

**ਰਮਈਆ ਰੇਨੁ ਸਾਧ ਜਨ ਪਾਵਉ ॥ ਗੁਰ ਮਿਲਿ ਅਪੁਨਾ ਖਸਮੁ ਧਿਆਵਉ ॥ ੧ ॥ ਰਹਾਉ ॥**

ਹੇ ਭਰਾ ! ਹਰ ਇਕ ਥਾਂ ਮਿਲੇ ਹੋਏ ਪ੍ਰਮੇਸ਼ਰ ਵਿਚ ਜਿਨ੍ਹਾਂ ਦਾ ਨਿਸਚਾ ਹੈ, ਓਹਨਾਂ ਸੰਤਾਂ ਭਗਤਾਂ ਦੇ ਚਰਨਾਂ ਦੀ ਧੂੜ ਨੂੰ ਪਾਓ ਅਤੇ ਓਹਨਾਂ ਸੰਤ ਰੂਪ ਗੁਰਾਂ ਦੇ ਨਾਲ ਮਿਲਕੇ ਆਪਣੇ ਮਾਲਕ ਪ੍ਰਮੇਸ਼ਰ ਦਾ ਧਿਆਨ ਕਰੋ।

**ਜਿਨਿ ਕੀਤਾ ਮੂੜ ਤੇ ਬਕਤਾ ॥ ਜਿਨਿ ਕੀਤਾ ਬੇਸੁਰਤ ਤੇ ਸੁਰਤਾ ॥ ਜਿਸੁ ਪਰਸਾਦਿ ਨਵੈ ਨਿਧਿ ਪਾਈ ॥ ਸੋ ਪ੍ਰਭੁ ਮਨ ਤੇ ਬਿਸਰਤ ਨਾਹੀ ॥ ੨ ॥**

ਜਿਸਨੇ ਮੂਰਖ ਤੋਂ ਜਿਆਣਾ ਬਣਾ ਦਿੱਤਾ ਹੈ। ਜਿਸਨੇ ਬਿਸਮਝ ਤੋਂ ਸਮਝ ਵਾਲਾ ਬਣਾ ਦਿਤਾ ਹੈ। ਜਿਸਦੀ ਕਿਰਪਾ ਨਾਲ ਨੌ ਨਿਧੀਆਂ ਪਾਈਦੀਆਂ ਹਨ, ਓਹ ਇਕੁਰ ਦਾ ਮਾਲਕ ਭਗਤਾਂ ਨੂੰ ਮਨ ਤੋਂ ਬਿਸਾਰਦਾ ਨਹੀਂ ਹੈ ਜਾਂ ਭਗਤਾਂ ਦੇ ਮਨ ਤੋਂ ਭੁਲਦਾ ਨਹੀਂ ਹੈ।

**ਜਿਨਿ ਦੀਆ ਨਿਥਾਵੇ ਕਉ ਥਾਨੁ ॥ ਜਿਨਿ ਦੀਆ ਨਿਮਾਨੇ ਕਉ ਮਾਨੁ ॥ ਜਿਨਿ ਕੀਨੀ ਸਭ ਪੂਰਨ ਆਸਾ ॥ ਸਿਮਰਉ ਦਿਨੁ ਰੈਨਿ ਸਾਸ ਗਿਰਾਸਾ ॥ ੩ ॥**

ਜਿਸਨੇ ਨਿਥਾਵੇਂ ਆਦਮੀ ਨੂੰ ਥਾਂ ਦਿੱਤੀ ਹੈ, ਜਿਸਨੇ ਨਿਮਾਣੇ ਨੂੰ ਆਦਰ ਦਿੱਤਾ ਹੈ। ਜਿਸਨੇ ਭਗਤਾਂ ਦੀ ਸਾਰੀ ਆਸਾ ਪੂਰੀ ਕੀਤੀ ਹੈ, ਉਸਨੂੰ ਦਿਨ ਰਾਤ ਤੇ ਸਾਹ ਲੈਂਦਿਆਂ ਰੋਟੀ ਖਾਦਿਆਂ ਸਦਾ ਯਾਦ ਕਰੋ।

**ਜਿਸੁ ਪ੍ਰਸਾਦਿ ਮਾਇਆ ਸਿਲਕ ਕਾਟੀ॥ਗੁਰਪ੍ਰਸਾਦਿ ਅੰਮ੍ਰਿਤੁ ਬਿਖੁ ਖਾਟੀ ॥ ਕਹੁ ਨਾਨਕ ਇਸਤੇ ਕਿਛੁ ਨਾਹੀ ॥ ਰਾਖਨਹਾਰੇ ਕਉ ਸਾਲਾਹੀ ॥ ੪ ॥ ੬ ॥ ੭੫ ॥**

ਜਿਸਦੀ ਕਿਰਪਾ ਨਾਲ ਸੰਤਾਂ ਨੇ ਮਾਇਆਰੂਪਸਿਲਕ = ਫਾਹੀ ਕਟੀ ਹੈ। ਗੁਰੂ ਦੀ ਕਿਰਪਾ ਨਾਲ ਓਹਨਾਂ ਨੂੰ ਹੀ ਅੰਮ੍ਰਿਤ ਅਤੇ *ਵਿਹ ਮਿਲੀ

*ਵਿਹੁ ਰੂਪ ਸੰਸਾਰ ਵਿਚੋਂ ਅੰਮ੍ਰਿਤ ਰੂਪ ਨਾਮ ਵਸਤੂ ਓਹਨਾਂ ਨੇ ਖੱਟੀ = ਲੱਭ ਲਈ, ਖੱਟ ਲਈ ਹੈ।

Digitized by Panjab Digital Library | www.panjabdigilib.org

ਹੋਈ ਦਿਸ ਪਈਹੈ ਭਾਵ ਦੁਖ ਸੁਖਨੂੰ ਬਰਾਬਰ ਜਾਣਦੇ ਹਨ।

ਗੁਰੂ ਜੀ–ਜ਼ੋਰ ਨਾਲ ਪ੍ਰਮੇਸ਼ਰ ਤੋਂ ਬਿਨਾ ਇਸ ਆਦਮੀਤੋਂ ਕੁਛ ਨਹੀਂ ਹੋ ਸਕਦਾ ਹੈ। ਇਸ ਲਈ ਰਖਿਆ ਕਰਨ ਵਾਲੇ ਪ੍ਰਮੇਸ਼ਰ ਦੀ ਉਸਤਤੀ ਕਰੋ।

## ਗਉੜੀ ਗੁਆਰੇਰੀ ਮਹਲਾ ੫॥

**ਤਿਸਕੀ ਸਰਣਿ ਨਾਹੀ ਭਉ ਸੋਗੁ ॥ ਉਸਤੇ ਬਾਹਰਿ ਕਛੂ ਨ ਹੋਗੁ ॥ ਤਜੀ ਸਿਆਣਪ ਬਲ ਬੁਧਿ ਬਿਕਾਰ ॥ ਦਾਸ ਅਪਨੇ ਕੀ ਰਾਖਨਹਾਰ ॥ ੧ ॥**

ਉਸ ਵਾਹਿਗੁਰੂ ਦੀ ਸ਼ਰਨ ਲੈਣ ਨਾਲ ਡਰਅਤੇ ਸ਼ੋਕ ਨਹੀਂ ਰਹਿੰਦਾ ਹੈ। ਉਸਦੇ ਹੁਕਮ ਤੋਂ ਬਿਨਾ ਕੁਛ ਨਹੀਂ ਹੁੰਦਾ ਹੈ, ਜਿਸ ਨੇ ਬਲ ਬੁਧੀ ਦੀ ਚਤਰਾਈ ਤੇ ਵਿਕਾਰਾਂ ਦੀ ਪੰਗਤੀ ਛੱਡ ਦਿੱਤੀ ਹੈ। ਉਸ ਆਪਣੇ ਦਾਸ ਦੀ ਇਜ਼ਤ ਰੱਖਣ ਵਾਲਾ ਆਪ ਪ੍ਰਮੇਸ਼ਰ ਹੋਯਾ ਹੈ।

**ਜਪਿ ਮਨ ਮੇਰੇ ਰਾਮ ਰਾਮ ਰੰਗਿ ॥ ਘਰਿ ਬਾਹਰਿ ਤੇਰੈ ਸਦ ਸੰਗਿ ॥ ੧ ॥ ਰਹਾਉ ॥**

ਹੇ ਮਨ ਮੇਰੇ ਜੇਹੜਾ ਵਾਹਿਗੁਰੂ ਘਰ ਬਾਹਰ ਸਦਾ ਤੇਰੇ ਨਾਲ ਹੈ ਉਸ ਰਮੇ ਹੋਏ ਸੀਤਲ ਸੁਭਾਵ ਵਾਲੇ ਰਾਮ ਨੂੰ ਪ੍ਰੇਮ ਨਾਲ ਜਪ।

**ਤਿਸਕੀ ਟੇਕ ਮਨੈ ਮਹਿ ਰਾਖੁ ॥ ਗੁਰਕਾ ਸਬਦੁ ਅੰਮ੍ਰਿਤ ਰਸੁ ਚਾਖੁ ॥ ਅਵਰਿ ਜਤਨ ਕਹਹੁ ਕਉਨ ਕਾਜ ॥ ਕਰਿ ਕਿਰਪਾ ਰਾਖੈ ਆਪਿ ਲਾਜ ॥ ੨ ॥**

ਉਸਦੀ ਟੇਕ ਵੀ ਮਨ ਵਿੱਚ ਰੱਖ, ਗੁਰਾਂ ਦਾ ਉਪਦੇਸ਼ ਲੈਕੇ ਅੰਮ੍ਰਤ ਰਸ ਜੇਹੜਾ ਨਾਮ ਹੈ ਉਸਨੂੰ ਚੱਖ। ਹੇ ਭਰਾ ਦਸ ਖਾਂ ਹੋਰ ਯਤਨ ਕਿਸ ਕੰਮ ਹਨ ਭਾਵ ਨਿਕੰਮੇ, ਕਿਰਪਾ ਕਰਕੇ ਪ੍ਰਮੇਸ਼ਰ ਆਪ ਹੀ ਲਜਿਆ ਰਖਦਾ ਹੈ।

**ਕਿਆ ਮਾਨੁਖ ਕਹਹੁ ਕਿਆ ਜੋਰੁ ॥ ਝੂਠਾ ਮਾਇਆ ਕਾ ਸਭੁ ਸੋਰੁ ॥ ਕਰਣ ਕਰਾਵਨ ਹਾਰ ਸੁਆਮੀ ॥ ਸਗਲ ਘਟਾ ਕੇ ਅੰਤਰਜਾਮੀ ॥ ੩ ॥**

ਭਲਾ ਦਸ ਖਾਂ ਮਨੁੱਖ ਕੀ ਹੈ ਤੇ ਉਸਦਾ ਜ਼ੋਰ ਕੀ ਹੈ, ਇਹ ਸਾਰਾ ਮਾਇਆ ਦਾ ਝੂਠਾ ਹੀ ਸ਼ੋਰ ਸ਼ਰਾਬਾ ਹੈ।

Digitized by Panjab Digital Library | www.panjabdigilib.org

ਜੇਹੜਾ ਕਰਨ ਕਰਾਉਣ ਵਾਲਾ ਮਾਲਕ ਹੈ, ਓਹ ਸਾਰਿਆਂ ਦੇ ਦਿਲਾਂ ਦੀਆਂ ਜਾਨਣ ਵਾਲਾ ਹੈ।

**ਸਰਬ ਸੁਖਾ ਸੁਖ ਸਾਚਾ ਏਹੁ ॥ ਗੁਰ ਉਪਦੇਸ ਮਨਿ ਮਹਿ ਲੇਹੁ ॥ ਜਾਕਉ ਰਾਮ ਨਾਮ ਲਿਵ ਲਾਗੀ ॥ ਕਹੁ ਨਾਨਕ ਸੋ ਧੰਨੁ ਵਡਭਾਗੀ ॥ ੪ ॥ ੭ ॥ ੭੬ ॥**

ਹੇ ਭਰਾ ! ਗੁਰਾਂ ਦਾ ਉਪਦੇਸ਼ ਮਨ ਵਿਚ ਧਾਰ ਲੈ, ਸਾਰਿਆਂ ਸੁਖਾਂ ਵਿਚੋਂ ਸੱਚਾ ਸੁਖ ਦੇਣ ਵਾਲਾ ਇਹ ਜਤਨ ਹੈ। ਜਿਸਨੂੰ ਰਾਮ ਨਾਮ ਜਪਣ ਦੀ ਪ੍ਰੀਤੀ ਲੱਗੀ ਹੋਈ ਹੈ। ਗੁਰੂ ਜੀ–ਓਹ ਵਡਭਾਗਾ ਆਦਮੀ ਧੰਨ ਧੰਨ ਹੈ।

## ਗਉੜੀ ਗੁਆਰੇਰੀ ਮਹਲਾ ੫ ॥

**ਸੁਣਿ ਹਰਿ ਕਥਾ ਉਤਾਰੀ ਮੈਲੁ ॥ ਮਹਾ ਪੁਨੀਤ ਭਏ ਸੁਖ ਸੈਲੁ ॥ ਵਡੈ ਭਾਗਿ ਪਾਇਆ ਸਾਧ ਸੰਗੁ ॥ ਪਾਰਬ੍ਰਹਮ ਸਿਉ ਲਾਗੋ ਰੰਗੁ ॥ ੧ ॥**

ਜਿਨ੍ਹਾਂ ਨੇ ਪ੍ਰਮੇਸ਼ਰ ਦੀ ਕਥਾ ਸੁਣੀ ਹੈ ਓਹਨਾਂ ਨੇ ਦਿਲ ਦੀ ਮੈਲ ਉਤਾਰ ਦਿੱਤੀ ਹੈ। ਓਹ ਬੜੇ ਪਵਿੱਤ੍ਰ ਹੋ ਗਏ ਹਨ ਤੇ ਵੱਡਾ ਸੁਖ ਪਾਇਆ ਹੈ ਭਾਵ ਪਹਾੜ ਸਮਾਨ ਜਾਂ ਸੁਖ ਦਾ ਸੈਲ ਕਰ ਲਿਆ ਹੈ।

ਜਦੋਂ ਵੱਡਿਆਂ ਭਾਗਾਂ ਨਾਲ ਸਤਸੰਗ ਪਾਇਆ ਤਾਂ ਪਾਰਬ੍ਰਹਮ ਦੇ ਨਾਲ ਪ੍ਰੇਮ ਲੱਗ ਗਿਆ।

**ਹਰਿ ਹਰਿ ਨਾਮੁ ਜਪਤ ਜਨੁ ਤਾਰਿਓ ॥ ਅਗਨਿ ਸਾਗਰੁ ਗੁਰਿ ਪਾਰਿ ਉਤਾਰਿਓ ॥ ੧ ॥ ਰਹਾਉ ॥**

ਹੇ ਮਨ ! ਜੇਹੜਾ ਆਦਮੀ ਗੁਰਾਂ ਪਾਸੋਂ ਪੁੱਛਕੇ ਹਰਿ ਹਰਿ ਨਾਮ ਨੂੰ ਜਪਦਾ ਹੈ ਓਹ ਨਾਮ ਨੇ ਤਾਰ ਲਿਆ ਹੈ। ਉਸ ਭਗਤ ਨੇ ਅੱਗੇ ਅੱਗ ਦੇ ਸਮੁੰਦਰ ਤੋਂ ਹੋਰਨਾਂ ਨੂੰ ਵੀ ਪਾਰ ਕਰ ਲਿਆ ਹੈ ਜਾਂ ਹਰ ਨਾਮ ਜਪਣ ਵਾਲੇ ਆਦਮੀ ਨੂੰ ਗੁਰਾਂ ਨੇ ਸੰਸਾਰ ਸਮੁੰਦਰ ਤੋਂ ਤਾਰਕੇ ਪਾਰ ਕਰ ਲੀਤਾ ਹੈ।

**ਕਰਿ ਕੀਰਤਨੁ ਮਨੁ ਸੀਤਲ ਭਏ ॥ ਜਨਮ ਜਨਮ ਕੇ ਕਿਲ ਬਿਖ ਗਏ ॥ ਸਰਬ ਨਿਧਾਨ ਪੇਖੇ ਮਨ ਮਾਹਿ ॥ ਅਬ ਢੂਢਨ ਕਾਹੇ ਕਉ ਜਾਹਿ ॥ ੨ ॥**

Digitized by Panjab Digital Library | www.panjabdigilib.org

ਵਾਹਿਗੁਰੂ ਦਾ ਕੀਰਤਨ ਕਰਕੇ ਦਿਲ ਤੋਂ ਲੈਕੇ ਸਾਰੇ ਅੰਗਾਂ ਤਕ ਸੀਤਲ ਹੋ ਗਏ ਹਾਂ। ਜਨਮਾਂ ੨ ਦੇ ਪਾਪ ਚਲੇ ਗਏ ਹਨ।

ਸਾਰੀਆਂ ਨਿਧੀਆਂ ਰੂਪ ਪਰਮੇਸ਼ਰ ਮਨ ਵਿਚ ਵੇਖਿਆ ਹੈ, ਹੁਣ ਕਿਤੇ ਲੱਭਣ ਵਾਸਤੇ ਕਿਸ ਲਈ ਜਾਣਾ ਹੈ।

**ਪ੍ਰਭ ਅਪੁਨੇ ਜਬ ਭਏ ਦਇਆਲ ॥ ਪੂਰਨ ਹੋਈ ਸੇਵਕ ਘਾਲ ॥ ਬੰਧਨ ਕਾਟਿ ਕੀਏ ਅਪਨੇ ਦਾਸ ॥ ਸਿਮਰਿ ਸਿਮਰਿ ਸਿਮਰਿ ਗੁਣਤਾਸ ॥ ੩ ॥**

ਜਦੋਂ ਆਪਣੇ ਮਾਲਕ ਦਿਆਲੂ ਹੋ ਗਏ ਤਾਂ ਸੇਵਕ ਦੀ ਸੇਵਾ ਕੀਤੀ ਹੋਈ ਸਫਲ ਹੋ ਗਈ ਹੈ,ਬੰਧਨ ਕੱਟਕੇ ਆਪਣੇ ਦਾਸ ਕਰ ਲਏ ਹਨ, ਇਸ ਲਈ ਉਸ ਗੁਰੂ ਗੁਣਾਂ ਦੇ ਸਮੁੰਦਰ ਨੂੰ ਮਨ ਬਾਣੀ ਕਰਕੇ ਸਦਾ ਯਾਦ ਕਰਦੇ ਹਾਂ।

**ਏਕੋ ਮਨਿ ਏਕੋ ਸਭ ਠਾਇ ॥ ਪੂਰਨ ਪੂਰਿ ਰਹਿਓ ਸਭ ਜਾਇ ॥ ਗੁਰਿ ਪੂਰੈ ਸਭੁ ਭਰਮੁ ਚੁਕਾਇਆ ॥ ਹਰਿ ਸਿਮਰਤ ਨਾਨਕ ਸੁਖੁ ਪਾਇਆ ॥ ੪ ॥ ੮ ॥ ੭੭ ॥**

ਇੱਕ ਪ੍ਰਮੇਸ਼ਰ ਹੀ ਮਨ ਵਿਚਹੈ ਅਤੇ ਓਹੋ ਇਕ ਇੰਦ੍ਰੇ ਰੂਪ ਸਾਰਿਆਂ ਥਾਵਾਂ ਵਿਚ ਹੈ,ਓਹ ਪੂਰਨ ਪ੍ਰਮੇਸ਼ਰ ਮਿਲਿਆ ਹੋਇਆ ਹੈ। ਪੂਰਿਆਂ ਗੁਰਾਂ ਨੇ ਸਾਰਾ ਭਰਮ ਦੂਰ ਕਰ ਦਿੱਤਾ ਹੈ, ਗੁਰੂ ਜੀ-ਪ੍ਰਮੇਸ਼ਰ ਦਾ ਸਿਮਰਨ ਕਰਕੇ ਸੁਖ ਪਾਇਆ ਹੈ।

## ਗਉੜੀ ਗੁਆਰੇਰੀ ਮਹਲਾ ੫

**ਅਗਲੇ ਮੁਏ ਸਿ ਪਾਛੈ ਪਰੇ ॥ ਜੋ ਉਬਰੇ ਸੇ ਬੰਧਿ ਲਕੁਖਰੇ ॥ ਜਿਹ ਧੰਧੇ ਮਹਿ ਓਇ ਲਪਟਾਏ ॥ ਉਨਤੇ ਦੁਗੁਣਦਿੜੀ ਉਨਮਾਏ ॥ ੧ ॥**

ਜੇਹੜੇ ਪਹਿਲੇ ਆਪਣੇ ਵੱਡੇ ਵਡੇਰੇ ਮਰ ਗਏ ਹਨ ਓਹ ਪਿੱਛੇ ਪੈ ਗਏ ਹਨ ਭਾਵ ਭੁਲ ਗਏ ਹਨ। ਜੇਹੜੇ ਮੌਤ ਤੋਂ ਕੋਈ ਥੋੜਾ ਜਿਹਾ ਸਮਾ ਬਚੇ ਹੋਏ ਹਨ, ਓਹ ਲੱਕ ਬੰਨ੍ਹਕੇ ਤਕੜੇ ਹੋ ਖੜੋਤੇ ਭਾਵ ਪਾਪ ਕਰਨ ਲਗ ਪਏ ਹਨ। ਜਿਨ੍ਹਾਂ ਧੰਧਿਆਂ ਵਿਚ ਓਹ ਚੰਬੜੇ ਹੋਏ ਸੀ,ਓਹਨਾਂ ਨੇ ਓਹਨਾਂ ਤੋਂ ਦੂਣੀ ਮਾਇਆ ਪੱਕੀ ਕਰ ਲਈ ਹੈ ਭਾਵ ਬਹੁਤੇ ਪਾਪ ਕਰਨ ਲੱਗ ਪਏ ਹਨ।

Digitized by Panjab Digital Library | www.panjabdigilib.org

**ਓਹ ਬੇਲਾ ਕਛੁ ਚੀਤਿ ਨ ਆਵੈ ॥ ਬਿਨਸਿ ਜਾਇ ਤਾਹੂ ਲਪਟਾਵੈ ॥ ੧ ॥ ਰਹਾਉ ॥**

ਜੇਹੜਾ ਓਹ ਮਰਨ ਦਾ ਵੇਲਾ ਹੈ ਓਹ ਆਦਮੀ ਨੂੰ ਚਿੱਤ ਚੇਤੇ ਨਹੀਂ ਆਉਂਦਾ ਹੈ। ਜੇਹੜਿਆਂ ਪਦਾਰਥਾਂ ਨੇ ਨਾਸ ਹੋ ਜਾਣਾ ਹੈ ਓਹਨਾਂ ਵਿਚ ਚੰਬੜਿਆ ਹੋਇਆ ਹੈ।

**ਆਸਾ ਬੰਧੀ ਮੂਰਖ ਦੇਹ ॥ ਕਾਮ ਕ੍ਰੋਧ ਲਪਟਿਓ ਅਸਨੇਹ ॥ ਸਿਰ ਊਪਰਿ ਠਾਢੋ ਧਰਮਰਾਇ ॥ ਮੀਠੀ ਕਰਿ ਕਰਿ ਬਿਖਿਆ ਖਾਇ ॥ ੨ ॥**

ਮੂਰਖ ਆਦਮੀ ਨੇ ਮਨੁੱਖ ਦੇਹ ਪਾਕੇ ਦਿਲ ਵਿਚ ਆਸਾ ਦੀ ਪੰਡ ਬੰਨ੍ਹਕੇ ਰੱਖੀ ਹੋਈ ਹੈ। ਕਾਮ ਕ੍ਰੋਧ ਅਤੇ ਮੋਹ ਪਿਆਰ ਜਾਂ ਪ੍ਰੇਮ ਵਿਚ ਚੰਬੜਿਆ ਹੋਇਆ ਹੈ ਭਾਵ ਵਿਸ਼ਿਆਂ ਕਰਕੇ ਝੂਠਿਆਂ ਪਿਆਰਾਂ ਵਿਚ ਪਿਆ ਹੋਇਆ ਹੈ। ਹਿਸਾਬ ਲੈਣ ਵਾਸਤੇ ਸਿਰ ਉਤੇ ਧਰਮ ਰਾਜਾ ਖੜੋਤਾ ਹੈ, ਮਿੱਠੀ ਜਾਣਕੇ ਵਿਹੁ ਰੂਪ ਵਿਹੁ ਨੂੰ ਖਾਂਦਾ ਹੈ ਭਾਵ ਵਿਸ਼ਿਆਂ ਦਾ ਸੁਖ ਭੋਗਦਾ ਹੈ ਜੋ ਦੁਖਦਾਈ ਹੈ।

**ਹਉ ਬੰਧਉ ਹਉ ਸਾਧਉ ਬੈਰੁ ॥ ਹਮਰੀ ਭੂਮਿ ਕਉਣੁ ਘਾਲੈ ਪੈਰੁ ॥ ਹਉ ਪੰਡਿਤੁ ਹਉ ਚਤੁਰੁ ਸਿਆਣਾ ॥ ਕਰਣੈਹਾਰੁ ਨ ਬੁਝੈ ਬਿਗਾਨਾ ॥ ੩ ॥**

ਮੈਂ ਉਸ ਫਲਾਣੇ ਆਦਮੀ ਨੂੰ ਬੰਨ੍ਹ ਲਵਾਂਗਾ ਅਤੇ ਉਸ ਪਾਸੋਂ ਆਪਣੇ ਵੱਡਿਆਂ ਦਾ ਪੁਰਾਣਾ ਵੈਰ ਲੈ ਲਵਾਂਗਾ। ਸਾਡੀ ਜ਼ਮੀਨ ਵਿਚ ਕੌਣ ਪੈਰ ਪਾ ਸਕਦਾ ਹੈ, ਇੱਕੁਰ ਹੰਕਾਰ ਨਾਲ ਦਾਵੇ ਬੰਨ੍ਹਦਾ ਹੈ। ਮੈਂ ਪੰਡਤ ਹਾਂ,ਮੈਂ ਬੜਾ ਸਿਆਣਿਆਂ ਤੋਂ ਸਿਆਣਾ ਹਾਂ, ਇੱਕੁਰ ਹੰਕਾਰ ਵਾਲਾ ਹੋਇਆ ੨ ਬਿਗਾਨਾ = ਜੇਹੜਾ ਜਮ ਆਦਿਕਾਂ ਦਾ ਬਿਗਾਨਾ ਹੈ ਜਾਂ ਮੂਰਖ ਹੈ, ਪਰਮੇਸ਼ਰ ਨੂੰ ਨਹੀਂ ਜਾਣਦਾ ਹੈ।

**ਅਪੁਨੀ ਗਤਿ ਮਿਤਿ ਆਪੇ ਜਾਨੈ ॥ ਕਿਆ ਕੋ ਕਹੈ ਕਿ ਆਖਿ ਵਖਾਨੈ ॥ ਜਿਤੁ ਜਿਤੁ ਲਾਵਹਿ ਤਿਤੁ ਤਿਤੁ ਲਗਨਾ ॥ ਅਪਨਾ ਭਲਾ ਸਭ ਕਾਹੂ ਮੰਗਨਾ ॥ ੪ ॥**

ਆਪਣੀ ਬੈਠ ਰਹਿਣ ਦੀ ਮਰਯਾਦਾ ਨੂੰ ਆਪ ਹੀ ਜਾਣਦਾ ਹੈ, ਉਸ ਦੀ ਗਤੀ ਦੀ ਕਵੀਸ਼ਰੀ ਕੀ ਕੋਈ ਕਥ ਸਕਦਾ ਹੈ ਤੇ ਉਸ ਕਵੀਸ਼ਰੀ ਦੀ

Digitized by Panjab Digital Library | www.panjabdigilib.org

ਕਥਨ ਕਰਕੇ ਕੀ ਕੋਈ ਕਿਸੇ ਨੂੰ ਸੁਣਾਵੇ। ਵਾਹਿਗੁਰੂ ਜਿਸ ੨ ਕੰਮ ਵਿਚ ਲਾਉਂਦਾ ਹੈ, ਉਸ ੨ ਕੰਮ ਵਿਚ ਹਰ ਇੱਕ ਆਦਮੀ ਨੂੰ ਲਗਣਾ ਪੈਂਦਾ ਹੈ, ਪਰ ਅਪਣਾ ਭਲਾ ਹਰ ਕੋਈ ਮੰਗਣਾ ਕਰਦਾ ਹੈ । ਭਾਵ ਸਭ ਕੋਈ ਸੁਖ ਮੰਗਦਾ ਹੈ। "ਪਰ ਸੁਖ ਕਿਸਤਰਾਂ ਹੋਵੇਗਾ ਕਿ ਬਿਨਤੀ ਕਰਦਾ ਰਹੇ।"

**ਸਭ ਕਿਛੁ ਤੇਰਾ ਤੂੰ ਕਰਣੈਹਾਰੁ ॥ ਅੰਤੁ ਨਾਹੀ ਕਿਛੁ ਪਾਰਾਵਾਰੁ ॥ ਦਾਸ ਅਪਨੇ ਕਉ ਦੀਜੈ ਦਾਨੁ ॥ ਕਬਹੂ ਨ ਵਿਸਰੈ ਨਾਨਕ ਨਾਮੁ ॥ ੫ ॥ ੯ ॥ ੭੮ ।**

ਹੇ ਪ੍ਰਮੇਸ਼ਰਾ ! ਸਭ ਕੁਛ ਤੇਰਾ ਬਖਸ਼ਿਆ ਹੋਇਆ ਹੈ ਤੇ ਤੂੰ ਸਾਰਿਆਂ ਦੇ ਕਰਨ ਵਾਲਾ ਹੈਂ, ਤੇਰੇ ਪਾਰ ਉਰਾਰ ਦਾ ਕੁਛ ਅੰਤ ਨਹੀਂ ਹੈ, ਤੂੰ ਬੇਅੰਤ ਹੈਂ, ਇਸ ਲਈ ਆਪਣੇ ਦਾਸ ਨੂੰ ਨਾਮ ਦਾਨ ਦੇਹ। ਗੁਰੂ ਜੀ—ਮੈਨੂੰ ਤੇਰਾ ਨਾਮ ਕਦੀ ਨ ਵਿਸਰੇ ।

**ਗਉੜੀ ਗੁਆਰੇਰੀ ਮਹਲਾ ੫ ॥**

**ਅਨਿਕ ਜਤਨ ਨਹੀ ਹੋਤ ਛੁਟਾਰਾ ॥ ਬਹੁਤੁ ਸਿਆਨਪ ਆਗਲ ਭਾਰਾ ॥ ਹਰਿ ਕੀ ਸੇਵਾ ਨਿਰਮਲ ਹੇਤ ॥ ਪ੍ਰਭ ਕੀ ਦਰਗਹ ਸੋਭਾ ਸੇਤ ॥ ੧ ॥**

ਨਾਮ ਤੋਂ ਬਿਨਾ ਹੋਰ ਅਨੇਕਾਂ ਜਤਨਾਂ ਨਾਲ ਛੁਟਕਾਰਾ ਨਹੀਂ ਹੁੰਦਾ ਹੈ, ਕਿਉਂਕਿ ਬਹੁਤੀਆਂ ਚਤਰਾਈਆਂ ਨਾਲ ਆਗਲ = ਬਹੁਤਾ ਪਾਪ ਰੂਪ ਭਾਰ ਜਾਂ ਵਿਹਾਰਾਂ ਦਾ ਭਾਰ ਹੀ ਹੁੰਦਾ ਹੈ। ਇਸ ਲਈ ਪ੍ਰਮੇਸਰ ਦੀ ਸੇਵਾ = ਭਗਤੀ ਨਿਰਮਲ ਹੋਣੇ ਦਾ ਹੇਤ = ਕਾਰਨ ਹੈ ਅਤੇ ਉਸਦੀ ਭਗਤੀ ਕਰਕੇ ਦਰਗਾਹ ਵਿਚ ਸੇਤ = ਚਿੱਟੇ ਨਿਰਮਲ ਭਾਵ ਦੋਸ਼ ਤੋਂ ਬਿਨਾਂ ਸੋਭਾ ਹੁੰਦੀ ਹੈ ਜਾਂ ਸੋਭਾ ਵਾਲਾ ਹੋਵੇਗਾ ਜਾਂ ਪੁਲ ਸਮਾਨ, ਸੋਭਾ ਹੀ ਪਾਰ ਕਰਨ ਵਾਲੀ ਹੈ।

**ਮਨ ਮੇਰੇ ਗਹੁ ਹਰਿ ਨਾਮ ਕਾ ਓਲਾ ॥ ਤੁਝੈ ਨ ਲਾਗੈ ਤਾਤਾ ਝੋਲਾ ॥ ੧ ॥ ਰਹਾਉ ॥**

ਹੇ ਮੇਰੇ ਮਨ ਹਰੀ ਨਾਮ ਦਾ ਆਸਰਾ ਲੈ ਭਾਵ ਓਹ ਹਰੀ ਹੀਰਾ ਹੈ, ਫੇਰ ਤੈਨੂੰ ਤਾਤਾ = ਤੱਤਾ ਭਾਵ ਦੁੱਖਾਂ ਦਾ ਝੋਲਾ ਭਾਵ ਬੁੱਲਾ ਨਹੀਂ ਲੱਗੇਗਾ।

**ਜਿਉ ਬੋਹਿਥੁ ਭੈ ਸਾਗਰ ਮਾਹਿ ॥ ਅੰਧਕਾਰ ਦੀਪਕ ਦੀਪਾਹਿ ॥ ਅਗਨਿ ਸੀਤ ਕਾ ਲਾਹਸਿ ਦੂਖ ॥ ਨਾਮੁ ਜਪਤ**

Digitized by Panjab Digital Library | www.panjabdigilib.org

ਮਨਿ ਹੋਵਤ ਸੂਖ ॥ ੨ ॥

ਜਿਸ ਤਰਾਂ ਜਹਾਜ਼ ਡਰ ਦੇਣ ਵਾਲੇ ਸਮੁੰਦਰ ਵਿੱਚ ਰੱਖਿਆ ਕਰਨ ਵਾਲਾ ਹੁੰਦਾ ਹੈ। ਜਿਸ ਤਰਾਂ ਹਨੇਰੇ ਵਿੱਚ ਦੀਵਾ ਚਾਨਣ ਕਰਦਾ ਹੈ, ਜਿਸਤਰਾਂ ਅੱਗ ਠੰਢ ਦਾ ਦੁੱਖ ਲਾਹੁੰਦੀ ਹੈ, ਇੱਕੁਰ ਹੀ ਹੇ ਮਨ ਨਾਮ ਜਪਣ ਨਾਲ ਸੁਖ ਹੁੰਦਾ ਹੈ।

ਉਤਰਿ ਜਾਇ ਤੇਰੇ ਮਨ ਕੀ ਪਿਆਸ ॥ ਪੂਰਨ ਹੋਵੈ ਸਗਲੀ ਆਸ ॥ ਡੋਲੈ ਨਾਹੀ ਤੁਮਰਾ ਚੀਤੁ ॥ ਅੰਮ੍ਰਿਤ ਨਾਮੁ ਜਪਿ ਗੁਰਮੁਖਿ ਮੀਤੁ ॥ ੩ ॥

ਤੇਰੇ ਮਨ ਦੀ ਤ੍ਰਿਸ਼ਨਾ ਲਹਿ ਜਾਵੇਗੀ, ਤੇਰੀਆਂ ਸਾਰੀਆਂ ਆਸਾਂ ਪੂਰੀਆਂ ਹੋ ਜਾਣਗੀਆਂ। ਤੇਰਾ ਚਿੱਤ ਵੀ ਨਹੀ ਡੋਲੇਗਾ, ਇਸ ਲਈ ਹੇ ਮਿੱਤ੍ਰ ਗੁਰਾਂ ਦੁਆਰੇ ਨਾਮ ਅੰਮ੍ਰਿਤ ਨੂੰ ਜਪ।

ਨਾਮੁ ਅਉਖਧੁ ਸੋਈ ਜਨੁ ਪਾਵੈ ॥ ਕਰਿ ਕਿਰਪਾ ਜਿਸੁ ਆਪਿ ਦਿਵਾਵੈ ॥ ਹਰਿ ਹਰਿ ਨਾਮੁ ਜਾਕੈ ਹਿਰਦੈ ਵਸੈ॥ ਦੂਖੁ ਦਰਦੁ ਤਿਹ ਨਾਨਕ ਨਸੈ ॥ ੪ ॥ ੧੦ ॥ ੭੯ ॥

ਪਰ ਜਿਸ ਨੂੰ ਗੁਰਾਂ ਦੁਆਰੇ ਆਪ ਕਿਰਪਾ ਕਰਕੇ ਦਵਾਉਂਦਾ ਹੈ, ਓਹ ਆਦਮੀ ਨਾਮ ਰੂਪ ਦਵਾਈ ਨੂੰ ਪਾਉਂਦਾ ਹੈ, ਜਿਸ ਦੇ ਦਿਲ ਵਿੱਚ ਹਰਿ ਹਰਿ ਨਾਮ ਵੱਸਦਾ ਹੈ,ਗੁਰੂਜੀ-ਉਸ ਆਦਮੀ ਦਾ ਦੁੱਖਦਰਦ ਨਾਸਹੋ ਜਾਂਦਾਹੈ

ਗਉੜੀ ਗੁਆਰੇਰੀ ਮਹਲਾ ੫ ॥

ਬਹੁਤੁ ਦਰਬੁ ਕਰਿ ਮਨੁ ਨ ਅਘਾਨਾ ॥ ਅਨਿਕ ਰੂਪ ਦੇਖਿ ਨਹਿ ਪਤੀਆਨਾ ॥ ਪੁਤ੍ਰ ਕਲਤ੍ਰ ਉਰਝਿਓ ਜਾਨਿ ਮੇਰੀ ॥ ਓਹ ਬਿਨਸੈ ਓਇ ਭਸਮੈ ਢੇਰੀ ॥ ੧ ॥

ਬਹੁਤਾ ਧਨ ਕੱਠਾ ਕਰਕੇ ਮਨ ਨਹੀਂ ਰੱਜਿਆ ਹੈ, ਅਨੇਕ ਤਰਾਂ ਦੇ ਰੂਪ ਵੇਖਕੇ ਨਹੀਂ ਨਿਸਚਾ ਹੋਇਆ ਹੈ,ਪੁਤ੍ਰ ਇਸਤ੍ਰੀ ਸਾਰੀ ਵਸਤੂ ਮੇਰੀ ਹੈ, ਇਹ ਜਾਣਕੇ ਫਸ ਗਿਆ ਹੈ, ਓਹ ਸਾਰੇ ਪਦਾਰਥ ਨਾਸ ਹੋ ਜਾਣਗੇ ਅਤੇ ਇਸਤ੍ਰੀ ਪੁਤ੍ਰ ਆਦਿਕ ਵੀ ਸੁਆਹ ਦੀ ਢੇਰੀ ਹੋ ਜਾਣਗੇ।

ਬਿਨੁ ਹਰਿ ਭਜਨ ਦੇਖਉ ਬਿਲਲਾਤੇ ॥ ਧ੍ਰਿਗੁ ਤਨੁ ਧ੍ਰਿਗੁ ਧਨੁ ਮਾਇਆ ਸੰਗਿ ਰਾਤੇ ॥ ੧ ਰਹਾਉ ॥

Digitized by Panjab Digital Library | www.panjabdigilib.org

ਹੇ ਭਰਾ ਪ੍ਰਮੇਸ਼ਰ ਦੇ ਭਜਨ ਬਿਨਾ ਆਦਮੀ ਰੋਦੇ ਵੇਖੀਦੇ ਹਨ, ਉਸ ਸਰੀਰ ਨੂੰ ਧਿਰਕਾਰ ਹੈ ਅਤੇ ਉਸ ਧਨ ਨੂੰ ਵੀ ਧਿਰਕਾਰ ਹੈ, ਜਿਸ ਨੂੰ ਪਾਕੇ ਆਦਮੀ ਮਾਇਆ = ਛਲਾਂ ਫਰੇਬਾਂ ਦੇ ਨਾਲ ਰੱਤੇ ਹੋਏ ਹਨ ਭਾਵ ਛਲ ਕਰਦੇ ਹਨ।

**ਜਿਉ ਬਿਗਾਰੀ ਕੈ ਸਿਰਿ ਦੀਜਹਿ ਦਾਮ ॥ ਓਇ ਖਸਮੈ ਕੈ ਗ੍ਰਿਹਿ ਉਨ ਦੂਖ ਸਹਾਮ ॥ ਜਿਉ ਸੁਪਨੈ ਹੋਇ ਬੈਸਤ ਰਾਜਾ ॥ ਨੇਤ੍ਰ ਪਸਾਰੈ ਤਾ ਨਿਰਾਰਥ ਕਾਜਾ ॥ ੨ ॥**

ਜਿਸਤਰਾਂ ਵਿਗਾਰੀ ਦੇ ਸਿਰ ਉਤੇ ਰੁਪਏ ਚੁਕਾ ਦੇਈਦੇ ਹਨ,ਓਹ ਰੁਪਏ ਤਾਂ ਮਾਲਕ ਦੇ ਘਰ ਵਿਚ ਰਹਿ ਜਾਂਦੇ ਹਨ ਅਤੇ ਓਹ ਵਿਹਾਰੀ ਭਾਰ ਚੁੱਕਣ ਦਾ ਦੁੱਖ ਹੀ ਸਹਾਰਦਾ ਹੈ। ਜਿਸ ਤਰਾਂ ਕੋਈ ਕੰਗਾਲ ਸੁਫਨੇ ਵਿੱਚ ਰਾਜਾ ਹੋਕੇ ਬਹਿ ਜਾਂਦਾ ਹੈ। ਜਦੋਂ ਉਹ ਅੱਖਾਂ ਖੋਲਦਾ ਹੈ ਤਾ ਸਾਰੇ ਰਾਜ ਕਾਜ ਨਿਸਫਲ ਦਿਖਾਈ ਦੇਂਦੇ ਹਨ।

**ਜਿਉ ਰਾਖਾ ਖੇਤ ਊਪਰਿ ਪਰਾਏ ॥ ਖੇਤੁ ਖਸਮ ਕਾ ਰਾਖਾ ਉਠਿ ਜਾਏ ॥ ਉਸੁ ਖੇਤ ਕਾਰਣਿ ਰਾਖਾ ਕੜੈ ॥ ਤਿਸਕੈ ਪਾਲੈ ਕਛੂ ਨ ਪੜੈ ॥ ੩ ॥**

ਜਿਸਤਰਾਂ ਪਰਾਏ ਖੇਤ ਉਤੇ ਰਾਖਾ ਰਾਖੀ ਕਰਦਾ ਹੁੰਦਾ ਹੈ, ਖੇਤ ਤਾਂ ਮਾਲਕ ਦਾ ਸੀ ਸੋ ਮਾਲਕ ਨੇ ਸਾਂਭ ਲਿਆ ਅਤੇ ਰਾਖਾ ਖਾਲੀ ਉਠਕੇ ਚਲਿਆ ਜਾਂਦਾ ਹੈ। ਉਸ ਖੇਤ ਦੇ ਵਾਸਤੇ ਰਾਖਾ ਕੜੈ = ਝੂਰਦਾ, ਤਪਦਾ, ਦੁਖ ਪਾਉਂਦਾ ਹੈ ਤਾਂ ਵੀ ਉਸਦੇ ਪੱਲੇ ਕੁਛ ਨਹੀਂ ਪੈਂਦਾ ਹੈ ਭਾਵ ਮਜੂਰੀ ਤੋਂ ਵਾਧੂ ਕੁਛ ਨਹੀਂ ਮਿਲਦਾ ਹੈ,ਇਕੁਰ ਹੀ ਇਹ ਆਦਮੀ ਝੂਠਿਆਂ ਪਦਾਰਥਾਂ ਦੇ ਵਾਸਤੇ ਮਰਦਾ ਹੈ,ਪਰ ਪੱਲੇ ਕੁਛ ਨਹੀਂ ਪੈਂਦਾ, ਮਜੂਰ ਵਾਂਗ ਖਾਣ ਪੀਣ ਤੋਂ ਬਹੁਤਾ ਆਦਮੀ ਦੇ ਨਾਲ ਅਗੇ ਕੁਛ ਨਹੀਂ ਜਾਂਦਾ ਹੈ।

**ਜਿਸਕਾ ਰਾਜੁ ਤਿਸੈ ਕਾ ਸੁਪਨਾ ॥ ਜਿਨਿ ਮਾਇਆ ਦੀਨੀ ਤਿਨਿ ਲਾਈ ਤ੍ਰਿਸਨਾ ॥ ਆਪਿ ਬਿਨਾਹੇ ਆਪਿ ਕਰੇ ਰਾਸਿ ॥ ਨਾਨਕ ਪ੍ਰਭ ਆਗੈ ਅਰਦਾਸਿ ॥੪॥੧੧॥੮੦॥**

ਜਿਸ ਵਾਹਿਗੁਰੂ ਦਾ ਸਾਰਿਆਂ ਸਰੀਰਾਂ ਵਿਚ ਰਾਜ = ਪ੍ਰਕਾਸ਼ ਹੈ ਓਸੇ ਦਾ ਹੀ ਸੁਫਨਾ ਰੂਪ ਸੰਸਾਰ ਪੈਦਾ ਕੀਤਾ ਹੋਇਆ ਹੈ ਜਾਂ ਜਿਸ ਖਿਆਲ ਦਾ ਜਾਗਣ ਵੇਲੇ ਰਾਜ = ਪ੍ਰਤਾਪ ਹੁੰਦਾ ਭਾਵ ਖਿਆਲ ਹੁੰਦਾ ਹੈ, ਓਸੇ ਦਾ ਸੁਫਨਾ ਆਉਂਦਾ ਹੈ। ਜਿਸਨੇ ਮਾਇਆ ਦਿੱਤੀ ਹੈ,ਓਸੇ ਨੇ ਹੀ ਤ੍ਰਿਸ਼ਨਾ ਅਗ

Digitized by Panjab Digital Library | www.panjabdigilib.org

ਲਾ ਦਿੱਤੀ ਹੈ। ਪ੍ਰਮੇਸ਼ਰ ਆਪੇ ਹੀ ਨਾਸ ਕਰਦਾ ਹੈ, ਅਤੇ ਆਪੇ ਹੀ ਰਾਸ = ਪੈਦਾ ਕਰਦਾ ਹੈ। ਗੁਰੂ ਜੀ—ਇਸ ਲਈ ਇੱਕੁਰ ਦੇ ਮਾਲਕ ਅੱਗੇ ਬੇਨਤੀ ਕਰੀਏ ਅਤੇ ਇਸਤ੍ਰੀ ਪੁਤ੍ਰ ਆਦਿਕ ਵਸਤੂਆਂਨੂੰਕੁਛ ਨ ਸਮਝੀਏ।

**ਗਉੜੀ ਗੁਆਰੇਰੀ ਮਹਲਾ ੫ ॥**

**ਬਹੁ ਰੰਗ ਮਾਇਆ ਬਹੁ ਬਿਧਿ ਪੇਖੀ ॥ ਕਲਮ ਕਾਗਦ ਸਿਆਨਪ ਲੇਖੀ ॥ ਮਹਰ ਮਲੂਕ ਹੋਇ ਦੇਖਿਆ ਖਾਨ ॥ ਤਾ ਤੇ ਨਾਹੀ ਮਨੁ ਤ੍ਰਿਪਤਾਨ ॥ ੧ ॥**

ਜੇਹੜੀ ਬਹੁਤਿਆਂ ਰੰਗਾਂ ਵਾਲੀ ਮਾਇਆ ਹੈ, ਓਹ ਬਹੁਤ ਵਿਧੀਆਂ ਕਰਕੇ ਸੁਖ ਦੇ ਵਾਸਤੇ ਦੇਖੀ ਹੈ, ਪਰ ਇਸ ਪਾਸੋਂ ਸੁਖ ਕਿਸੇ ਨੂੰ ਨਹੀਂ ਹੋਇਆ ਹੈ। ਕਲਮ ਕਾਗਦ ਅਤੇ ਲਿਖਣ ਦੀ ਚਤਰਾਈ ਇਹ ਸਾਰੀ ਮਾਇਆ ਦੀ ਹੀ ਹੈ। ਮਹਰ ਤੇ ਮੁਲਕ ਦਾ ਰਾਜਾ ਤੇ ਖਾਨ ਹੋਕੇ ਵੀ ਵੇਖਿਆ ਹੈ, ਇਸ ਲਈ ਇਹਨਾਂ ਹਕੂਮਤਾਂ ਕਰਕੇ ਵੀ ਮਨ ਨਹੀਂ ਰੱਜਦਾ ਹੈ।

**ਸੋ ਸੁਖੁ ਮੋਕਉ ਸੰਤ ਬਤਾਵਹੁ ॥ ਤ੍ਰਿਸਨਾ ਬੂਝੈ ਮਨੁ ਤ੍ਰਿਪਤਾਵਹੁ ॥ ੧ ॥ ਰਹਾਉ ॥**

ਹੇ ਸੰਤੋ ! ਮੈਨੂੰ ਓਹ ਸੁਖ ਦੱਸੋ ਜਿਸਨੂੰ ਪਾਕੇ ਤ੍ਰਿਸ਼ਨਾ ਦੂਰ ਹੋ ਜਾਵੇ ਅਤੇ ਮਨ ਰੱਜ ਜਾਵੇ।

**ਅਸੁ ਪਵਨ ਹਸਤਿ ਅਸਵਾਰੀ ॥ ਚੋਆ ਚੰਦਨੁ ਸੇਜ ਸੁੰਦਰਿ ਨਾਰੀ॥ ਨਟ ਨਾਟਿਕ ਆਖਾਰੇ ਗਾਇਆ ॥ ਤਾ ਮਹਿ ਮਨਿ ਸੰਤੋਖੁ ਨ ਪਾਇਆ ॥ ੨ ॥**

ਪੌਣ ਵਰਗੇ ਚੱਲਣ ਵਾਲੇ ਘੋੜੇ ਅਤੇ ਹਾਥੀ ਦੀ ਅਸਵਾਰੀ ਵੀ ਕੀਤੀ ਹੈ ਅਤੇ ਚੰਦਨ ਦਾ ਅਤਰ ਚੋਇਕੇ ਸਰੀਰ ਉੱਤੇ ਮਲਿਆ ਹੈ ਅਤੇ ਬਹੁਤ ਹੀ ਸੁੰਦਰ ਰੂਪ ਵਾਲੀ ਇਸਤ੍ਰੀ ਸੇਜ ਉਤੇ ਮਿਲੀ ਹੈ।

ਮਦਾਰੀਆਂ ਦੇ ਤਮਾਸ਼ਿਆਂ ਨੂੰ ਵੇਖਿਆ ਹੈ ਤੇ ਗਾਉਣ ਵਾਲਿਆਂ ਦੇ ਅਖਾੜਿਆਂ ਵਿਚ ਜਾਕੇ ਰਾਗ ਸੁਣੇ ਹਨ। ਉਸ ਵਿਚ ਵੀ ਮਨ ਨੇ ਸੰਤੋਖ ਨਹੀਂ ਪਾਇਆ ਹੈ।

**ਤਖਤੁ ਸਭਾ ਮੰਡਨ ਦੋਲੀਚੇ ॥ ਸਗਲ ਮੇਵੇ ਸੁੰਦਰ ਬਾਗੀਚੇ ॥ ਆਖੇੜ ਬਿਰਤਿ ਰਾਜਨ ਕੀ ਲੀਲਾ ॥ ਮਨੁ ਨ**

Digitized by Panjab Digital Library | www.panjabdigilib.org

**ਸੁਹੇਲਾ ਪਰਪੰਚੁ ਹੀਲਾ ॥ ੩ ॥**

ਸਭਾ = ਰਾਜ ਦਰਬਾਰਾਂ ਵਿਚ ਤਖਤਾਂ ਉਤੇ ਅਤ ਗਲੀਚਿਆਂ ਦੇ ਫਰਸ਼ ਵਿਛਾਕੇ ਮੰਡਨ = ਗਹਿਣੇ ਪਾਕੇ ਵੀ ਬੈਠਿਆ ਹਾਂ ਅਤੇ ਜਿਨ੍ਹਾਂ ਬਗੀਚਿਆਂ ਵਿਚ ਬਹੁਤ ਸਾਰੇ ਮੇਵੇ ਸੀ, ਇੱਕੁਰ ਦੇ ਸੁੰਦਰ ਬਗੀਚਿਆਂ ਦਾ ਵੀ ਸੈਲ ਕੀਤਾ ਹੈ।

ਸ਼ਿਕਾਰ ਖੇਡਣ ਦੀ ਬ੍ਰਿਤੀ ਧਾਰੀ ਭਾਵ ਸੁਭਾ ਨੂੰ ਬਣਾਯਾ ਹੋਰ ਵੀ ਜੋਹੜੇ ਰਾਜਿਆਂ ਦੇ ਤਮਾਸ਼ੇ ਕੌਤਕ ਹੁੰਦੇ ਹਨ,ਵੇਖੇ,ਪਰ ਮਨ ਸੁਖੀ ਨ ਹੋਇਆ, ਕੀ ਕਾਰਨ ਹੈ ? ਇਹ ਜੋਹੜਾ ਜਗਤ ਹੈ, ਇਹ ਹੀਲਾ = ਦੁਖ ਰੂਪ ਹੈ।

**ਕਰਿ ਕਿਰਪਾ ਸੰਤਨ ਸਚੁ ਕਹਿਆ ॥ ਸਰਬ ਸੂਖ ਇਹੁ ਆਨਦੁ ਲਹਿਆ ॥ ਸਾਧ ਸੰਗਿ ਹਰਿ ਕੀਰਤਨੁ ਗਾਈਐ ॥ ਕਹੁ ਨਾਨਕ ਵਡਭਾਗੀ ਪਾਈਐ ॥ ੪ ॥**

ਕਿਰਪਾ ਕਰਕੇ ਸੰਤਾਂ ਨੇ ਸੱਚ ਆਖਿਆ ਹੈ, ਜਿਤਨੇ ਕੁ ਵਿਹਾਰਕ ਸਾਰੇ ਸੁਖ ਹਨ ਅਤੇ ਆਤਮਾ ਅਨੰਦ ਹੈ,ਇਸ ਵਿੱਚ ਲਹਿਆ = ਜਾਣ ਲਿਆ ਹੈ। ਹੇ ਭਰਾ ਸੰਤਾਂ ਦਾ ਸੰਗ ਕਰਕੇ ਹਰੀ ਦਾ ਜਸ ਗਾਈਏ। ਗੁਰੂ ਜੀ–ਪਰ ਵੱਡਿਆਂ ਪੁੰਨਾਂ ਭਾਗਾਂ ਨਾਲ ਸਤਸੰਗ ਪਾਈਦਾ ਹੈ।

**ਜਾਕੈ ਹਰਿ ਧਨੁ ਸੋਈ ਸੁਹੇਲਾ ॥ ਪ੍ਰਭ ਕਿਰਪਾ ਤੇ ਸਾਧ ਸੰਗਿ ਮੇਲਾ ॥ ੧ ॥ ਰਹਾਉ ਦੂਜਾ ॥ ੧੨ ॥ ੮੧ ॥**

ਜਿਸਦੇ ਦਿਲ ਵਿੱਚ ਹਰੀ ਧਨ ਹੈ ਓਹੋ ਹੀ ਸੁਖੀਆ ਹੈ, ਪਰ ਮਾਲਕ ਦੀ ਕਿਰਪਾ ਨਾਲ ਸਾਧ ਸੰਗ ਪ੍ਰਾਪਤ ਹੁੰਦਾ ਹੈ।

**ਗਉੜੀ ਗੁਆਰੇਰੀ ਮਹਲਾ ੫ ॥**

**ਪ੍ਰਾਣੀ ਜਾਣੈ ਇਹੁ ਤਨੁ ਮੇਰਾ ॥ ਬਹੁਰਿ ਬਹੁਰਿ ਉਆਹੂ ਲਪਟੇਰਾ ॥ ਪੁਤ੍ਰ ਕਲਤ੍ਰ ਗਿਰਸਤ ਕਾ ਫਾਸਾ ॥ ਹੋਨੁ ਨ ਪਾਈਐ ਰਾਮਕੇ ਦਾਸਾ ॥ ੧ ॥**

ਹੇ ਭਰਾ ਆਦਮੀ ਜਾਣਦਾ ਹੈ ਕਿ ਇਹ ਸਰੀਰ ਮੇਰਾ ਮੁੜ ਮੁੜ ਓਸੇ ਦੇ ਨਾਲ ਹੀ ਚੰਬੜਦਾ ਹੈ। ਪੁਤ੍ਰ ਇਸਤ੍ਰੀ ਗ੍ਰਹਸਤ ਦਾ ਫਾਹਾ ਪਿਆ ਹੋਇਆ ਹੈ, ਇਸ ਲਈ ਰਾਮ ਦੇ ਦਾਸ ਹੋਣਾ ਨਹੀਂ ਪਾਇਆ ਜਾਂਦਾ ਹੈ।

**ਕਵਨ ਸੁ ਬਿਧਿ ਜਿਤੁ ਰਾਮ ਗੁਣ ਗਾਇ ॥ ਕਵਨ ਸੁਮਤਿ ਜਿਤੁ ਤਰੈ ਇਹ ਮਾਇ ॥ ੧ ॥ ਰਹਾਉ ॥**

Digitized by Panjab Digital Library | www.panjabdigilib.org

ਓਹ ਕੇਹੜੀ ਰੀਤੀ ਹੈ ਜਿਸ ਕਰਕੇ ਜੀਵ ਰਾਮ ਦੇ ਗੁਣ ਗਾਵੇ? ਓਹ ਕੇੜ੍ਹਾ ਸਿਖਿਆ ਹੈ ਜਿਸ ਕਰਕੇ ਮਾਇਆ ਨਦੀ ਤੋਂ ਤਰ ਜਾਵੇ ?

**ਜੋ ਭਲਾਈ ਸੋ ਬੁਰਾ ਜਾਨੈ ॥ ਸਾਚੁ ਕਹੈ ਸੁ ਬਿਖੈ ਸਮਾਨੈ ॥ ਜਾਣੈ ਨਾਹੀ ਜੀਤ ਅਰੁਹਾਰ ॥ ਇਹੁ ਵਲੇਵਾ ਸਾਕਤ ਸੰਸਾਰ ॥ ੨ ॥**

ਜੇਹੜਾ ਭਲਾ ਕੰਮ ਹੈ ਉਸਨੂੰ ਆਦਮੀ ਬੁਰਾ ਜਾਣਦਾ ਹੈ। ਜੇਹੜਾ ਸੱਚ ਦਾ ਆਖਣਾ ਹੈ ਓਹ ਵਿਹੁ ਵਰਗਾ ਹੈ ਭਾਵ ਦੁਖ ਦੇਂਦਾ ਹੈ। ਜਿੱਤ ਹਾਰ ਨੂੰ ਜਾਣਦਾ ਨਹੀਂ ਹੈ ਭਾਵ ਮਨੁਖਾ ਜਨਮ ਦਾ ਸਫਲ ਹੋਣਾ ਨ ਸਫਲ ਹੋਣਾ ਸਮਝਦਾ ਨਹੀਂ ਹੈ। ਸੰਸਾਰ ਵਿਚ ਸਾਕਤਾਂ ਆਦਮੀਆਂ ਦਾ ਇਹ ਵਲੇਵਾ = ਵਰਤਾਰਾ ਹੈ।

**ਜੋ ਹਲਾਹਲ ਸੋ ਪੀਵੈ ਬਉਰਾ ॥ ਅੰਮ੍ਰਿਤੁ ਨਾਮੁ ਜਾਨੈ ਕਰਿ ਕਉਰਾ ॥ ਸਾਧ ਸੰਗਕੈ ਨਾਹੀ ਨੇਰਿ ॥ ਲਖ ਚਉਰਾਸੀਹ ਭ੍ਰਮਤਾ ਫੇਰਿ ॥ ੩ ॥**

ਜੇਹੜੀ ਵਿਸ਼ਿਆਂ ਰੂਪ ਵਿਹੁ ਹੈ, ਉਸਨੂੰ ਕਮਲਾ ਆਦਮੀ ਪੀਂਦਾ ਹੈ ਭਾਵ ਸੁਖ ਜਾਣਕੇ ਭੋਗਦਾ ਹੈ। ਜੇਹੜਾ ਅੰਮ੍ਰਿਤ ਰੂਪ ਨਾਮ ਹੈ ਉਸਨੂੰ ਕੌੜਾ ਕਰਕੇ ਜਾਣਦਾ ਹੈ। ਸੰਤਾਂ ਦੀ ਸੰਗਤ ਦੇ ਨੇੜੇ ਨਹੀਂ ਆਉਂਦਾ ਹੈ। ਇਸ ਲਈ ਚੁਰਾਸੀ ਲੱਖ ਜੂਨੀਆਂ ਵਿਚ ਭਰਮਦਾ ਫਿਰਦਾ ਹੈ।

**ਏਕੈ ਜਾਲਿ ਫਹਾਏ ਪੰਖੀ ॥ ਰਸਿ ਰਸਿ ਭੋਗ ਕਰਹਿ ਬਹੁਰੰਗੀ ॥ ਕਹੁ ਨਾਨਕ ਜਿਸੁ ਭਏ ਕ੍ਰਿਪਾਲ ॥ ਗੁਰਿ ਪੂਰੈ ਤਾਕੇ ਕਾਟੇ ਜਾਲ ॥ ੪ ॥ ੧੩ ॥ ੯੨ ॥**

ਇੱਕ ਹੀ ਮੋਹ ਰੂਪ ਜਾਲ ਵਿਚ ਜੀਵ ਰੂਪ ਪੰਛੀ ਮਾਇਆ ਸ਼ਿਕਾਰ ਨੇ ਫਸਾਏ ਹੋਏ ਹਨ। ਇਸ ਲਈ ਬਹੁਤਿਆਂ ਰੰਗਾਂ ਵਾਲੇ ਜੇਹੜੇ ਆਦਮੀ ਹਨ ਭਾਵ ਰਜੋ ਸਤੋ ਤਮੋ ਵਾਲੇ ਜੇਹੜੇ ਰਸ ਆਦਕ ਪੰਜ ਵਿਸ਼ੇਹਨ, ਓਹਨਾਂ ਨੂੰ ਰਸੀਏ ਹੋਕੇ ਭੋਗਣਾ ਕਰਦੇ ਹਨ। ਗੁਰੂ ਜੀ–ਜਿਸ ਤੇ ਵਾਹਿਗੁਰੂ ਕਿਰਪਾਲੂ ਹੋਇਆ ਹੈ, ਉਸ ਆਦਮੀ ਦੇ ਫਾਹ ਪੂਰੇ ਗੁਰੂ ਨੇ ਕੱਟ ਦਿਤੇ ਹਨ।

**ਗਉੜੀ ਗੁਆਰੇਰੀ ਮਹਲਾ ੫ ॥**

**ਤਉ ਕਿਰਪਾ ਤੇ ਮਾਰਗੁ ਪਾਈਐ ॥ ਪ੍ਰਭ ਕਿਰਪਾ**

Digitized by Panjab Digital Library | www.panjabdigilib.org

**ਤੇ ਨਾਮੁ ਧਿਆਈਐ ॥ ॥ ਪ੍ਰਭ ਕਿਰਪਾ ਤੇ ਬੰਧਨ ਛੁਟੈ ॥ ਤਉ ਕਿਰਪਾ ਤੇ ਹਉਮੈ ਤੁਟੈ ॥ ੧ ॥**

ਤੇਰੀ ਕਿਰਪਾ ਨਾਲ ਗਿਆਨ ਰਸਤਾ ਪਾਈਦਾ ਹੈ। ਮਾਲਕ ਦੀ ਕਿਰਪਾ ਨਾਲ ਨਾਮ ਧਿਆਈਦਾ ਹੈ। ਮਾਲਕ ਦੀ ਕਿਰਪਾ ਨਾਲ ਸੰਸਾਰ ਬੰਧਨਾਂ ਤੋਂ ਛੁਟੀਦਾ ਹੈ। ਤੇਰੀ ਕਿਰਪਾ ਨਾਲ ਹੰਕਾਰ ਟੁੱਟ ਜਾਂਦਾ ਹੈ।

**ਤੁਮ ਲਾਵਹੁ ਤਉ ਲਾਗਹ ਸੇਵ ॥ ਹਮਤੇ ਕਛੂ ਨ ਹੋਵੈ ਦੇਵ ॥ ੧ ॥ ਰਹਾਉ ॥**

ਹੇ ਦੇਵ = ਪ੍ਰਕਾਸ਼ਕ ਵਾਹਿਗੁਰੂ ਤੁਸੀ ਮੈਨੂੰ ਆਪਣੀ ਸੇਵਾ = ਭਗਤੀ ਵਿਚ ਲਾਓਗੇ ਤਾਂਮੈਂ ਲੱਗਸੱਕਦਾ ਹਾਂ,ਹੋਰ ਸਾਡੇ ਆਪਣੇ ਕੁਛ ਵੱਸ ਨਹੀਂ ਹੈ।

**ਤੁਧੁ ਭਾਵੈ ਤਾ ਗਾਵਾ ਬਾਣੀ ॥ ਤੁਧੁ ਭਾਵੈ ਤਾ ਸਚੁ ਵਖਾਣੀ ॥ ਤੁਧੁ ਭਾਵੈ ਤਾ ਸਤਿਗੁਰ ਮਇਆ ॥ ਸਰਬ ਸੁਖਾ ਪ੍ਰਭ ਤੇਰੀ ਦਇਆ ॥ ੨ ॥**

ਜੇ ਤੈਨੂੰ ਚੰਗਾ ਲੱਗਾ ਤਾਂ ਬਾਣੀ ਦਾ ਗੌਣਾ ਵੀ ਚੰਗਾ ਹੈ। ਜੇ ਤੈਨੂੰ ਚੰਗਿਆਂ ਲੱਗੀਏ ਤੇ ਤਾਂ ਸੱਚ ਦਾ ਬੋਲਣਾ ਵੀ ਚੰਗਾ ਹੈ। ਜੇ ਤੈਨੂੰ ਚੰਗਾ ਲੱਗਦਾ ਹੈ ਤਾਂ ਗੁਰੂ ਜੀ ਕਿਰਪਾ ਕਰਦੇ ਹਨ। ਹੇ ਮਾਲਕਾ ਸਾਰਿਆਂ ਸੁਖਾਂ ਦਾ ਕਾਰਨ ਤੇਰੀ ਕਿਰਪਾ ਹੀ ਹੈ।

**ਜੋ ਤੁਧੁ ਭਾਵੈ ਸੋ ਨਿਰਮਲ ਕਰਮਾ ॥ ਜੋ ਤੁਧੁ ਭਾਵੈ ਸੋ ਸਚੁ ਧਰਮਾ ॥ ਸਰਬ ਨਿਧਾਨ ਗੁਣ ਤੁਮਹੀ ਪਾਸਿ ॥ ਤੂੰ ਸਾਹਿਬੁ ਸੇਵਕ ਅਰਦਾਸਿ ॥ ੩ ॥**

ਜੇ ਤੈਨੂੰ ਭਾਵੇ ਤੇ ਤਾਂ ਚੰਗਿਆਂ ਕਰਮਾਂ ਵਾਲਾ ਹੈ। ਜੇ ਤੈਨੂੰ ਭਾਉਂਦਾ ਹੈ ਤਾਂ ਸੱਚਾ ਧਰਮਾਤਮਾ ਆਦਮੀ ਹੈ। ਹੇ ਮਾਲਕਾ ਸਾਰੀਆਂ ਨਿਧੀਆਂ ਤੇ ਗੁਣ ਤੇਰੇ ਹੀ ਪਾਸ ਹਨ। ਤੂੰ ਸਾਡਾ ਮਾਲਕ ਹੈਂ, ਇਸ ਲਈ ਸਾਡੀ ਸੇਵਕਾਂ ਦੀ ਇਹ ਬੇਨਤੀ ਹੈ।

**ਮਨੁ ਤਨੁ ਨਿਰਮਲੁ ਹੋਇ ਹਰਿ ਰੰਗਿ ॥ ਸਹਜਸੁਖਾ ਪਾਵਉ ਸਤਸੰਗਿ ॥ ਨਾਮਿ ਤੇਰੈ ਰਹੈ ਮਨੁ ਰਾਤਾ ॥ ਇਹੁ ਕਲਿਆਣੁ ਨਾਨਕ ਕਰਿ ਜਾਤਾ ॥ ੪ ॥ ੧੪ ॥ ੮੩ ॥**

ਹੇ ਪ੍ਰਮੇਸਰਾ ਤੇਰੇ ਪ੍ਰੇਮ ਨਾਲ ਮਨ ਤਨ ਨਿਰਮਲ ਹੁੰਦਾ ਹੈ ਅਤੇ ਸਾਰਿਆਂ

Digitized by Panjab Digital Library | www.panjabdigilib.org

ਸੁਖਾਂ ਦੇ ਦੇਣ ਵਾਲਾ ਸਤਸੰਗ ਪਾਵਾਂ। ਹੇ ਨਾਮੀ ਤੇਰੇ ਵਿੱਚ ਮੇਰਾ ਇਹ ਮਨ ਰੱਤਾ ਰਹੇ। ਗੁਰੂ ਜੀ-ਅਸਾਂ ਤਾਂ ਇਹ ਨਾਮ ਹੀ ਕਲਿਆਨ ਕਰਨ ਵਾਲਾ ਜਾਣਿਆ ਹੈ ਜਾਂ ਸੁਖ ਕਰਕੇ ਜਾਣਿਆ ਹੈ।

## ਗਉੜੀ ਗੁਆਰੇਰੀ ਮਹਲਾ ੫ ॥

**ਆਨਰਸਾ ਜੇਤੇ ਤੈ ਚਾਖੇ ॥ ਨਿਮਖ ਨ ਤ੍ਰਿਸਨਾ ਤੇਰੀ ਲਾਥੇ ॥ ਹਰਿ ਰਸਿ ਕਾ ਤੂੰ ਚਾਖਹਿ ਸਾਦੁ ॥ ਚਾਖਤ ਹੋਇ ਰਹਹਿ ਬਿਸਮਾਦੁ ॥ ੧ ॥**

ਪ੍ਰਮੇਸਰ ਤੋਂ ਬਿਨਾ ਹੋਰ ਜਿਤਨੇ ਰਸਾਂ ਦੇ ਸਮੂਹ ਤੂੰ ਚੱਖੇ ਹਨ, ਓਹਨਾਂ ਨਾਲ ਅੱਖ ਦਾ ਫਰਕਨ ਜਿਤਨਾ ਚਿਰ ਵੀ ਤੇਰੀ ਤ੍ਰਿਸ਼ਨਾ ਨਹੀਂ ਲੱਥੀ ਹੈ। ਜੇਕਰ ਤੂੰ ਪ੍ਰਮੇਸਰ ਦੇ ਨਾਮ ਰਸ ਦਾ ਸੁਾਦ ਚੱਖੇਂਗਾ ਤਾਂ ਚੱਖਦਾ ਹੀ ਅਸਚਰਜ ਹੈਰਾਨ ਹੋ ਰਹੇਂਗਾ।

**ਅੰਮ੍ਰਿਤੁ ਰਸਨਾ ਪੀਉ ਪਿਆਰੀ ॥ ਇਹ ਰਸ ਰਾਤੀ ਹੋਇ ਤ੍ਰਿਪਤਾਰੀ ॥ ੧ ॥ ਰਹਾਉ ॥**

ਹੇ ਪਿਆਰੀ ਜ਼ਬਾਨ ਨਾਮ ਅੰਮ੍ਰਿਤ ਨੂੰ ਪੀ, ਇਸ ਰਸ ਅੰਮ੍ਰਿਤ ਵਿਚ ਰੱਤੀ ਹੋਈ ਤੂੰ ਰੱਜ ਜਾਵੇਂਗੀ।

**ਹੇ ਜਿਹਵੇ ਤੂੰ ਰਾਮਗੁਣ ਗਾਉ ॥ ਨਿਮਖ ਨਿਮਖ ਹਰਿ ਹਰਿ ਧਿਆਉ ॥ ਆਨ ਨ ਸੁਨੀਐ ਕਤਹੂੰ ਜਾਈਐ ॥ ਸਾਧੁ ਸੰਗਤਿ ਵਡਭਾਗੀ ਪਾਈਐ ॥ ੨ ॥**

ਹੇ ਜ਼ਬਾਨ ਤੂੰ ਰਾਮ ਦੇ ਗੁਣ ਗਾ, ਪਲ ਪਲ ਪ੍ਰਮੇਸਰ ਦੇ ਨਾਮ ਨੂੰ ਯਾਦ ਕਰ, ਪ੍ਰਮੇਸਰ ਤੋਂ ਬਿਨਾ ਹੋਰ ਕੋਈ ਨਹੀਂ ਸੁਣੀਦਾ ਹੈ, ਭਾਵੇਂ ਕਿਤੇ ਚਲੇ ਜਾਈਏ, ਜਿਥੇ ਜਾਈਏ ਪ੍ਰਮੇਸਰ ਹੀ ਪ੍ਰਮੇਸਰ ਹੈ ਜਾਂ ਸਤਸੰਗਤ ਤੋਂ ਬਿਨਾ ਪ੍ਰਮੇਸਰ ਦਾ ਜਸ ਕਿਤੋਂ ਵੀ ਕਿਸੇ ਪਾਸੋਂ ਨਹੀਂ ਸੁਣਿਆ ਜਾਂਦਾ। ਸੰਤਾਂ ਦਾ ਸੰਗ ਵੱਡਿਆਂ ਭਾਗਾਂ ਨਾਲ ਪਾਈਦਾ ਹੈ।

**ਆਠ ਪਹਰ ਜਿਹਵੇ ਆਰਾਧਿ ॥ ਪਾਰਬ੍ਰਹਮ ਠਾਕੁਰ ਆਗਾਧਿ ॥ ਈਹਾ ਊਹਾ ਸਦਾ ਸੁਹੇਲੀ ॥ ਹਰਿ ਗੁਣ ਗਾਵਤ ਰਸਨ ਅਮੋਲੀ ॥ ੩ ॥**

ਹੇ ਜ਼ਬਾਨ ਠਾਕਰ ਪਾਰਬ੍ਰਹਮ ਬੇਅੰਤ ਨੂੰ ਅੱਠ ਪਹਿਰ ਯਾਦ ਕਰ,

Digitized by Panjab Digital Library | www.panjabdigilib.org

ਲੋਕ ਪ੍ਰਲੋਕ ਵਿੱਚ ਤੂੰ ਸਦਾ ਸੁਖੀ ਰਹੇਂਗੀ। ਹੇ ਜ਼ਬਾਨ ਪਰਮੇਸਰ ਦੇ ਗੁਣ ਗਾਕੇ ਤੂੰ ਅਮੋਲਕ ਹੋਵੇਂਗੀ।

**ਬਨਸਪਤਿ ਮਉਲੀ ਫਲ ਫੁਲ ਪੇਡੇ ॥ ਇਹ ਰਸ ਰਾਤੀ ਬਹੁਰਿ ਨ ਛੋਡੇ ॥ ਆਨ ਨ ਰਸ ਕਸ ਲਵੈ ਨ ਲਾਈ ॥ ਕਹੁ ਨਾਨਕ ਗੁਰ ਭਏ ਹੈ ਸਹ ਈ॥੪॥੧੫॥੮੪॥**

ਜਿਸਦੀ ਸ਼ਕਤੀ ਨਾਲ ਸ ਰੀ ਬਨਾਸਪਤੀ ਫੁੱਲੀ ਹੋਈ ਹੈ ਅਤੇ ਰੁੱਖਾਂ ਨੂੰ ਫਲ ਫੁਲ ਲੱਗਦੇ ਹਨ ਭਾਵ ਗਿਆਨ ਫਲ ਧਰਮ ਫੁਲ ਬ੍ਰਿਛ ਤੇ ਬਨਾਸ-ਪਤੀ ਸਾਧ ਸੰਗਤ ਇਹ ਪ੍ਰਮੇਸਰ ਦੇ ਸ੍ਵਾਦ ਵਿੱਚ ਰੱਤੀ ਹੋਈ ਤੂੰ ਫਿਰ ਇਸ ਰਸ ਨੂੰ ਨਹੀਂ ਛੱਡੇਂਗੀ। ਪ੍ਰਮੇਸਰ ਦੇ ਨਾਮ ਦੇ ਸ੍ਵਾਦ ਦੇ ਬਰਾਬਰ ਹੋਰ ਕੋਈ ਰਸ ਨਹੀਂ ਹੈ। ਕਸ = ਕਿਸੇ ਤਰਾਂ ਦਾ ਵੀ ਭਾਵੇਂ ਹੋਵੇ ਜਾਂ ਜੇਹੜੇ ਮੁਖੀ ਰਸ ਕਸ ਹਨ ਜਾਂ ਜੇਹੜੇ ਖਿੱਚਕੇ ਰਸ ਕੱਢੇ ਹੋਏ ਹਨ, ਸੋ ਉਸਦੇ ਬਰਾਬਰ ਜਾਂ ਪਾਸ ਨਹੀਂ ਲਾਏ ਜਾਂਦੇ ਹਨ। ਉਹ ਰਸ ਉਸ ਨੂੰ ਮਿਲਿਆ ਹੈ, ਗੁਰੂ ਜੀ–ਜਿਸ ਆਦਮੀ ਦੇ ਗੁਰੂ ਜੀ ਆਪ ਸਹਾਇਕ ਹੁੰਦੇ ਹਨ ।

## ਗਉੜੀ ਗੁਆਰੇਰੀ ਮਹਲਾ ੫ ॥

**ਮਨੁ ਮੰਦਰੁ ਤਨੁ ਸਾਜੀ ਬਾਰਿ ॥ ਇਸਹੀ ਮਧੇ ਬਸਤੁ ਅਪਾਰ ॥ ਇਸਹੀ ਭੀਤਰਿ ਸੁਨੀਅਤਿ ਸਾਹੁ॥ ਕਵਨੁ ਬਪਾਰੀ ਜਾਕਾ ਊਹਾ ਵਿਸਾਹੁ ॥ ੧ ॥**

"ਪ੍ਰਸ਼ਨੋਤਰੀ ਹੈ" ਹੇ ਪ੍ਰਮੇਸਰਾ ਮਨ = ਲਿੰਗ ਸਰੀਰ ਮੰਦਰ ਹੈ ਅਤੇ ਤਨ = ਅਸਥੂਲ ਸਰੀਰ ਬਾਹਰ ਵਾੜ ਬਣਾਈ ਹੋਈ ਹੈ ਭਾਵ ਅਸਥੂਲ ਸਰੀਰ ਬਾਹਰ ਹ ਅਤੇ ਨਿੱਕਾ ਜੇਰਾ ਸਰੀਰ ਅੰਦਰ ਹੈ। ਇਸ ਦਿਲ ਵਿੱਚ ਭਾਵ ਲਿੰਗ ਸਰੀਰ ਵਿਚ ਗੁਣਾਂ ਰੂਪ ਬੜੀ ਅਪਾਰ ਵਸਤੂ ਪ੍ਰਮੇਸਰ ਦਾ ਨਾਮ ਹੈ, ਇਸਦੇ ਅੰਦਰ ਹੀ ਪ੍ਰਮੇਸਰ ਸ਼ਾਹੂਕਾਰ ਸੁਣੀਦਾ ਹੈ, ਉਹ ਬਪਾਰੀ ਕੇਹੜਾ ਹੈ, ਜਿਸਦਾ ਓਥੇ ਓਹਦੇ ਨਾਲ ਭਰੋਸਾ ਭਾਵ ਮਨ ਮੰਨਿਆ ਹੋਯਾ ਹੈ।

**ਨਾਮ ਰਤਨ ਕੋਕੋ ਬਿਉਹਾਰੀ ॥ ਅੰਮ੍ਰਿਤ ਭੋਜਨੁ ਕਰੇ ਆਹਾਰੀ ॥ ੧ ॥ ਰਹਾਉ ॥**

(ਪਿਛਲੇ ਪ੍ਰਸ਼ਨ ਦਾ ਉਤਰ ਦੇਂਦੇ ਹਨ) ਜੇਹੜਾ ਕੋਈ ਨਾਮ ਰਤਨ ਦਾ ਬਪਾਰੀ ਹੈ,ਉਹੋ ਹੀ ਅੰਮ੍ਰਿਤ ਭੋਜਨ ਭਾਵ ਆਤਮਾ ਨੰਦ ਅੰਨ ਦੇ ਖਾਣ ਵਾਲਾ ਹੈ ਭਾਵ ਇੱਕੁਰ ਦੇ ਅੰਨ ਨੂੰ ਖਾਇਆ ਕਰਦਾ ਹੈ।

Digitized by Panjab Digital Library | www.panjabdigilib.org

**ਮਨੁ ਤਨੁ ਅਰਪੀ ਸੇਵ ਕਰੀਜੈ॥ ਕਵਨ ਸੁ ਜੁਗਤਿ ਜਿਤੁ ਕਰਿ ਭੀਜੈ ॥ ਪਾਇ ਲਗਉ ਤਜਿ ਮੇਰਾ ਤੇਰੈ॥ ਕਵਨੁ ਸੁ ਜਨੁ ਜੋ ਸਉਦਾ ਜੋਰੈ॥ ੨॥**

ਓਹ ਕੇਹੜੀ ਜੁਗਤੀ ਹੈ, ਜਿਸ ਕਰਕੇ ਹੇ ਪ੍ਰਮੇਸ਼ਰਾ ਤੂੰ ਭਿੱਜਦਾ, ਭਾਵ ਖੁਸ਼ੀ ਹੁੰਦਾ ਹੈਂ, ਸਤਿਗੁਰਾਂ ਨੂੰ ਤਨ ਮਨ ਦੇਕੇ ਓਹਨਾਂ ਦੀ ਸੇਵਾ ਕਰੀਏ, ਇੱਕੁਰ ਤੂੰ ਪ੍ਰਸੰਨ ਹੁੰਦਾ ਹੈਂ। ਜੇਹੜਾ ਤੇਰੇ ਗੁਣਾਂ ਦਾ ਸੌਦਾ ਜੇਹੜਾ ਮੇਰ ਤੇਰ ਨੂੰ ਛੱਡਕੇ ਚਰਨੀ ਲੱਗਾ ਹੈ, ਓਹ ਸੌਦਾ ਜੋੜਦਾ ਹੈ, ਜੇਹੜਾ ਪ੍ਰਮੇਸ਼ਰ ਦੇ ਨਾਲ ਮਿਲਾ ਦੇਵੇ,ਓਹ ਆਦਮੀ ਕੇਹੜਾ ਹੈ।

**ਮਹਲੁ ਸਾਹ ਕਾ ਕਿਨ ਬਿਧਿ ਪਾਵੈ॥ ਕਵਨੁ ਸੁ ਬਿਧਿ ਜਿਤੁ ਭੀਤਰਿ ਬੁਲਾਵੈ ॥ ਤੂੰ ਵਡਸਾਹੁ ਜਾਕੇ ਕੋਟਿ ਵਣਜਾਰੇ॥ ਕਵਨੁ ਸੁ ਦਾਤਾ ਲੇ ਸੰਚਾਰੇ॥ ੩॥**

ਹੇ ਸ਼ਾਹ ਪ੍ਰਮੇਸ਼ਰਾ ਆਪ ਦਾ ਮਹਿਲ ਅਸਲੀ ਥਾਂ ਬ੍ਰਹਿਣ ਵਾਲਾ ਕਿਸ ਰੀਤੀ ਨਾਲ ਆਦਮੀ ਪਾਉਂਦਾ ਹੈ, ਓਹ ਕੇਹੜੀ ਰੀਤੀ ਹੈ, ਜਿਸ ਕਰਕੇ ਵਾਹਿਗੁਰੂ ਅੰਦਰ ਬੁਲਾ ਲਵੇ, ਭਾਵ ਆਪਣੇ ਨਾਲ ਮਿਲਾ ਲਵੇ।

ਹੇ ਪ੍ਰਮੇਸ਼ਰਾ ਤੂੰ ਐਡਾ ਵੱਡਾ ਸ਼ਾਹੂਕਾਰ ਹੈਂ, ਜਿਸ ਦੇ ਕ੍ਰੋੜਾਂ ਸਿੱਖ ਵਣਜਾਰੇ ਹਨ, ਓਹ ਤੈਥੋਂ ਬਿਨਾ ਕੇਹੜਾ ਦਾਤਾ ਹੈ, ਜੇਹੜਾ ਲੈਕੇ ਕੱਠਾ ਕਰ ਦੇਵੇ, ਭਾਵ ਤੇਰੇ ਨਾਲ ਮੇਲ ਦੇਵੇ।

**ਖੋਜਤ ਖੋਜਤ ਨਿਜ ਘਰੁ ਪਾਇਆ॥ ਅਮੋਲ ਰਤਨੁ ਸਾਚੁ ਦਿਖਲਾਇਆ॥ ਕਰਿ ਕਿਰਪਾ ਜਬ ਮੇਲੇ ਸਾਹਿ॥ ਕਹੁ ਨਾਨਕ ਗੁਰਕੈ ਵੇਸਾਹਿ॥ ੪॥ ੧੬॥ ੮੫॥**

ਗੁਰੂ ਜੀ ਨੇ ਅਮੋਲਕ ਰਤਨ ਸੱਚ ਦਿਖਾਇਆ, ਤਾਂ ਫਿਰ ਲੱਭਦਿਆਂ ੨ ਸਰੀਰ ਅੰਦਰ ਹੀ ਪਾ ਲਿਆ ਹੈ, ਜਦੋਂ ਵਾਹਿਗੁਰੂ ਸ਼ਾਹ ਕਿਰਪਾ ਕਰਕੇ ਮੇਲਦਾ ਹੈ, ਗੁਰੂ ਜੀ-ਤਦੋਂ ਗੁਰਾਂ ਦੇ ਬਚਨਾਂ ਉਤੇ ਭਰੋਸਾ ਹੋਇਆ ਹੈ।

**ਗਉੜੀ ਮਹਲਾ ੫ ਗੁਆਰੇਰੀ॥**

**ਰੈਣਿ ਦਿਨਸੁ ਰਹੈ ਇਕਰੰਗਾ॥ ਪ੍ਰਭ ਕਉ ਜਾਣੈ**

Digitized by Panjab Digital Library | www.panjabdigilib.org

**ਸਦ ਹੀ ਸੰਗਾ ॥ ਠਾਕੁਰ ਨਾਮੁ ਕੀਓ ਉਨਿ ਵਰਤਨਿ ॥ ਤ੍ਰਿਪਤਿ ਅਘਾਵਨੁ ਹਰਿਕੈ ਦਰਸਨਿ ॥ ੧ ॥**

ਰਾਤ ਦਿਨ ਇੱਕ ਪ੍ਰੇਮ ਜਾਂ ਅਨੰਦ ਵਿੱਚ ਰਹਿੰਦੇ ਹਨ, ਮਾਲਕ ਨੂੰ ਸਦਾ ਨਾਲ ਜਾਣਦੇ ਹਨ।

ਓਹਨਾਂ ਨੇ ਪ੍ਰਮੇਸ਼ਰ ਨੂੰ ਘਰ ਦੇ ਵਰਤਣ ਵਾਲੀ ਚੀਜ਼ ਵਸਤ ਬਣਾਇਆ ਹੈ। ਪ੍ਰਮੇਸ਼ਰ ਦੇ ਦਰਸ਼ਨ ਨਾਲ ਮਨ ਤਨ ਦੇ ਅੰਦਰ ਬਹੁਤ ਰੱਜ ਗਏ ਹਨ।

**ਹਰਿ ਸੰਗਿ ਰਾਤੇ ਮਨ ਤਨ ਹਰੇ ॥ ਗੁਰ ਪੂਰੇ ਕੀ ਸਰਨੀ ਪਰੇ ॥ ੧ ॥ ਰਹਾਉ ॥**

ਓਹ ਆਦਮੀ ਪੂਰਿਆਂ ਗੁਰਾਂ ਦੀ ਸ਼ਰਨੀ ਪੈ ਗਏ ਹਨ ਅਤੇ ਪ੍ਰਮੇਸ਼ਰ ਨਾਲ ਰੱਤੇ ਗਏ ਹਨ, ਮਨ ਤਨ ਕਰਕੇ ਹਰੇ ਹੋ ਗਏ ਹਨ, ਭਾਵ ਬਹੁਤ ਰਾਜੀ ਪ੍ਰਸੰਨ ।

**ਚਰਣ ਕਮਲ ਆਤਮ ਆਧਾਰ ॥ ਏਕੁ ਨਿਹਾਰਹਿ ਆਗਿਆਕਾਰ ॥ ਏਕੋ ਬਨਜੁ ਏਕੋ ਬਿਉਹਾਰੀ ॥ ਅਵਰੁ ਨ ਜਾਨਹਿ ਬਿਨੁ ਨਿਰੰਕਾਰੀ ॥ ੨ ॥**

ਪ੍ਰਮੇਸ਼ਰ ਦੇ ਚਰਨਾਂ ਕਮਲਾਂ ਨੂੰ ਮਨ ਦਾ ਆਸਰਾ ਕੀਤਾ ਹੈ, ਇੱਕ ਰੂਪ ਨੂੰ ਵੇਖਦੇ ਹਨ ਅਤੇ ਆਗਿਆ ਵਿੱਚ ਰਹਿੰਦੇ ਹਨ, ਇੱਕ ਨਾਮ ਦਾ ਜਪਣਾ ਜਪਾਉਣਾ ਰੂਪ ਵਣਜ ਕਰਦੇ ਹਨ ਅਤੇ ਸਾਰਿਆਂ ਬਪਾਰਾਂ ਵਾਲਾ ਇੱਕ ਇੱਕ ਨਿਸਚਾ ਕੀਤਾ ਹੈ, ਇੱਕੁਰ ਦੇ ਓਹ ਨਿਰੰਕਾਰ ਦੇ ਦਾਸ ਹਨ, ਓਹ ਇੱਕ ਨਿਰੰਕਾਰ ਤੋਂ ਬਿਨਾ ਕਿਸੇ ਦੂਸਰੇ ਨੂੰ ਨਹੀਂ ਜਾਣਦੇ ਹਨ।

**ਹਰਖ ਸੋਗ ਦੁਹਹੂੰ ਤੇ ਮੁਕਤੇ ॥ ਸਦਾ ਅਲਿਪਤੁ ਜੋਗ ਅਰੁ ਜੁਗਤੇ ॥ ਦੀਸਹਿ ਸਭ ਮਹਿ ਸਭ ਤੇ ਰਹਤੇ ॥ ਪਾਰਬ੍ਰਹਮ ਕਾ ਓਇ ਧਿਆਨੁ ਧਰਤੇ ॥ ੩ ॥**

ਹਰਖ ਸ਼ੋਕ ਦੋਹਾਂ ਤੋਂ ਛੁੱਟੇ ਹੋਏ ਹਨ, ਸਦਾ ਅਸੰਗ ਰਹਿੰਦੇ ਹਨ, ਜੋਗ ਵਿੱਚ ਜੁੜੇ ਰਹਿੰਦੇ ਹਨ, ਉਂਞ ਤਾਂ ਸਾਰਿਆਂ ਦੇ ਵਿੱਚ ਵੇਖੀ ਦੇ ਹਨ ਅਤੇ ਮਨ ਕਰਕੇ ਸਾਰਿਆਂ ਤੋਂ ਵੱਖਰੇ ਰਹਿੰਦੇ ਹਨ, ਓਹ ਵਾਹਿਗੁਰੂ ਦਾ ਧਿਆਨ ਧਰਦੇ ਹਨ।

Digitized by Panjab Digital Library | www.panjabdigilib.org

ਸੰਤਨ ਕੀ ਮਹਿਮਾ ਕਵਨ ਵਖਾਨਉ ॥ ਅਗਾਧਿ ਬੋਧਿ ਕਿਛੁ ਮਿਤਿ ਨਹੀ ਜਾਨਉ ॥ ਪਾਰਬ੍ਰਹਮ ਮੋਹਿ ਕਿਰਪਾ ਕੀਜੈ ॥ ਧੂਰਿ ਸੰਤਨ ਕੀ ਨਾਨਕ ਦੀਜੈ ॥ ੪ ॥ ੧੭ ॥ ੮੬ ॥

ਇੱਕੁਰ ਦੇ ਸੰਤਾਂ ਦੀ ਮਹਿਮਾ ਕਿਸਤਰਾਂ ਆਖਾਂ, ਉਸਦਾ ਬੋਧ = ਜਾਨਣਾ ਅਗਾਧ = ਬੜਾ ਔਖਾ ਹੈ, ਇਸ ਲਈ ਮੈਂ ਕੋਈ ਮਰਯਾਦਾ ਨਹੀਂ ਜਾਣਦਾ ਹਾਂ। ਗੁਰੂ ਜੀ—ਹੇ ਪਾਰਬ੍ਰਹਮ ਪ੍ਰਮੇਸ਼ਰਾ ਮੇਰੇ ਉਤੇ ਕਿਰਪਾ ਕਰ, ਇੱਕੁਰ ਦੇ ਸੰਤਾਂ ਦੀ ਚਰਨ ਧੂੜ ਦੇਹ।

ਗਉੜੀ ਗੁਆਰੇਰੀ ਮਹਲਾ ੫ ॥

ਤੂੰ ਮੇਰਾ ਸਖਾ ਤੂੰ ਹੀ ਮੇਰਾ ਮੀਤੁ ॥ ਤੂੰ ਮੇਰਾ ਪ੍ਰੀਤਮੁ ਤੁਮ ਸੰਗਿ ਹੀਤੁ ॥ ਤੂੰ ਮੇਰੀ ਪਤਿ ਤੂ ਹੈ ਮੇਰਾ ਗਹਣਾ ॥ ਤੁਝ ਬਿਨੁ ਨਿਮਖ ਨ ਜਾਈ ਰਹਣਾ ॥ ੧ ॥

ਤੂੰਹੀ ਮੇਰਾ ਛੋਟੀ ਉਮਰ ਦਾ ਪਿਆਰਾ ਸਖਾ ਹੈਂ ਅਤੇ ਤੂੰਹੀ ਮੇਰਾ ਮਿੱਤ੍ਰ ਹੈਂ ਜਾਂ ਮਨ ਬਾਣੀ ਦਾ ਪਿਆਰਾ ਹੈਂ, ਤੂੰ ਹੀ ਮੇਰੇ ਸਰੀਰ ਦਾ ਪ੍ਰੀਤਮ ਹੈਂ, ਇਸ ਲਈ ਤੇਰੇ ਨਾਲ ਹੀ ਮੇਰਾ ਪਿਆਰ ਹੈ। ਤੂੰਹੀ ਮੇਰੀ ਇੱਜ਼ਤ ਹੈਂ ਤੂੰਹੀ ਮੇਰਾ ਗਹਿਣਾ ਹੈਂ ਭਾਵ ਮੈਨੂੰ ਆਪ ਉਤੇ ਮਾਣ ਹੈ ਜਾਂ ਤੂੰ ਮੇਰਾ ਸੌਦਾ ਹੈਂ। ਤੈਥੋਂ ਬਿਨਾਂ ਅੱਖ ਦਾ ਫਰਕਣ ਜਿਤਨਾ ਚਿਰ ਵੀ ਮੇਰੇ ਪਾਸੋਂ ਰਿਹਾ ਨਹੀਂ ਜਾਂਦਾ ਹੈ।

ਤੂੰ ਮੇਰੇ ਲਾਲਨ ਤੂੰ ਮੇਰੇ ਪ੍ਰਾਨ ॥ ਤੂੰ ਮੇਰੇ ਸਾਹਿਬ ਤੂੰ ਮੇਰੇ ਖਾਨ ॥ ੧ ॥ ਰਹਾਉ ॥

ਤੂੰ ਮੈਨੂੰ ਲਾਡ ਕਰਾਉਣ ਵਾਲਾ ਹੈਂ ਅਤੇ ਤੂੰ ਹੀ ਮੇਰੇ ਪ੍ਰਾਣ ਹੈਂ, ਤੂੰ ਮੇਰਾ ਮਾਲਕ ਹੈਂ, ਤੂੰਹੀ ਮੈਨੂੰ ਖਾਨ ਪੀਣ ਨੂੰ ਦੇਂਦਾ ਹੈਂ, ਜਾਂ ਖਾਨ = ਸਰਦਾਰ ਪਾਤਸ਼ਾਹ ਹੈਂ।

ਜਿਉ ਤੁਮ ਰਾਖਹੁ ਤਿਵ ਹੀ ਰਹਨਾ ॥ ਜੋ ਤੁਮ ਕਹਹੁ ਸੋਈ ਮੋਹਿ ਕਰਨਾ ॥ ਜਹ ਪੇਖਉ ਤਹਾ ਤੁਮ ਬਸਨਾ ॥ ਨਿਰਭਉ ਨਾਮੁ ਜਪਉ ਤੇਰਾ ਰਸਨਾ ॥ ੨ ॥

ਜਿਸ ਤਰਾਂ ਤੁਸੀਂ ਮੈਨੂੰ ਰਖਦੇ ਹੋ, ਓਸੇ ਤਰਾਂ ਮੇਰਾ ਰਹਿਣਾ ਹੁੰਦਾ ਹੈ, ਜੋ ਤੁਸੀਂ ਆਖੋ ਓਹੀ ਮੈਨੂੰ ਕਰਨਾ ਯੋਗ ਹੈ। ਮੈਂ ਜਿੱਥੇ ਵੇਖਦਾ ਹਾਂ ਓਥੇ ਹੀ ਤੁਹਾਡਾ ਵੱਸਣਾ ਦੀਹਦਾ ਹੈ ਭਾਵ ਤੂੰ ਹਰ ਥਾਂ ਹੈ।

Digitized by Panjab Digital Library | www.panjabdigilib.org

ਜੇਹੜਾ ਤੇਰਾ ਨਾਮ ਨਿਰਭੌ ਕਰਨ ਵਾਲਾ ਹੈ,ਓਹਮੈਂ ਜ਼ਬਾਨ ਨਾਲਜਪਦਾਹਾਂ।

ਤੂੰ ਮੇਰੀ ਨਵਨਿਧਿ ਤੂੰ ਭੰਡਾਰੁ ॥ ਰੰਗ ਰਸਾ ਤੂੰ ਮਨਹਿ ਆਧਾਰੁ ॥ ਤੂੰ ਮੇਰੀ ਸੋਭਾ ਤੁਮ ਸੰਗਿ ਰਚੀਆ ॥ ਤੂੰ ਮੇਰੀ ਓਟ ਤੂੰ ਹੈ ਮੇਰਾ ਤਕੀਆ ॥ ੩ ॥

ਮੇਰੀ ਨੌਨਿਧੀ ਵੀ ਤੂੰ ਹੈਂ,ਚੰਗਿਆਂ ਗੁਣਾਂ ਦਾ ਖਜ਼ਾਨਾ ਵੀ ਤੂੰ ਹੈਂ,ਤੇਰੇ ਪ੍ਰੇਮ ਵਿੱਚ ਅਨੰਦਤ ਹੋਯਾ ੨ ਹਾਂ, ਮੈਂ ਤੈਨੂੰ ਹੀ ਆਪਣੇ ਮਨ ਦਾ ਆਸਰਾ ਸਮਝਦਾ ਹਾਂ। ਤੂੰ ਹੀ ਮੇਰੀ ਸੋਭਾ ਹੈਂ, ਮੈਂ ਤੇਰੇ ਹੀ ਨਾਲ ਪ੍ਰੇਮ ਰਚਾ-ਉਣ ਵਾਲਾ ਹਾਂ। ਤੂੰਹੀ ਮੇਰੇ ਮਨ ਦੀ ਓਟ ਹੈਂ, ਤੂੰਹੀ ਮੇਰੇ ਸਰੀਰ ਦਾ ਆਸਰਾ ਹੈਂ।

ਮਨ ਤਨ ਅੰਤਰਿ ਤੁਹੀ ਧਿਆਇਆ ॥ ਮਰਮੁ ਤੁਮਾਰਾ ਗੁਰ ਤੇ ਪਾਇਆ ॥ ਸਤਿਗੁਰ ਤੇ ਦ੍ਰਿੜਿਆ ਇਕੁ ਏਕੈ ॥ ਨਾਨਕ ਦਾਸ ਹਰਿ ਹਰਿ ਹਰਿ ਟੇਕੈ॥੪॥੧੮॥੮੭॥

ਮੈਂ ਮਨ ਤਨ ਦੇ ਅੰਦਰ ਤੈਨੂੰ ਹੀ ਧਿਆਇਆ ਹੈ, ਪਰ ਇਹ ਤੁਹਾਡੇ ਮਿਲਨਦਾ ਭੇਦ ਗੁਰਾਂ ਤੋਂ ਪਾਇਆ ਹੈ। ਤੂੰ ਇਕ ਹੀ ਇਕ ਸਾਰੇ ਰੂਪ ਸਾਡੇ ਦਿਲ ਵਿੱਚ ਸਤਿਗੁਰਾਂ ਤੋਂ ਦ੍ਰਿੜ੍ਹ ਹੋਇਆ ਹੈਂ। ਗੁਰੂ ਜੀ-ਮੈਨੂੰ ਦਾਸ ਨੂੰ ਤਾਂ ਮਨ ਬਾਣੀ ਕਰਕੇ ਤੇਰੇ ਹਰਿ ਹਰਿ ਨਾਮ ਦੀ ਹੀ ਟੇਕ ਹੈ।

## ਗਉੜੀ ਗੁਆਰੇਰੀ ਮਹਲਾ ੫ ॥

ਬਿਆਪਤ ਹਰਖ ਸੋਗ ਬਿਸਥਾਰ ॥ ਬਿਆਪਤ ਸੁਰਗ ਨਰਕ ਅਵਤਾਰ ॥ ਬਿਆਪਤ ਧਨ ਨਿਰਧਨ ਪੇਖਿ ਸੋਭਾ ॥ ਮੂਲੁ ਬਿਆਧੀ ਬਿਆਪਸਿ ਲੋਭਾ ॥ ੧ ॥

ਜੀਵਾਂ ਨੂੰ ਮਾਇਆ ਕਿਤੇ ਅਨੰਦ ਹੋਕੇ ਅਤੇ ਕਿਤੇ ਸੋਗ ਦਾ ਫੈਲਾਓ ਰੂਪ ਹੋਕੇ ਚੰਬੜੀ ਹੋਈ ਹੈ। ਕਿਤੇ ਨਰਕ ਸੁਰਗ ਵਿੱਚ ਪੁਚਾਉਣ ਵਾਸਤੇ ਚੰਬੜੀ ਹੋਈ ਹੈ। ਕਿਤੇ ਧਨ ਰੂਪ ਹੋਕੇ ਕਿਤੇ ਕੰਗਾਲਤਾ ਹੋਕੇ ਕਿਤੇ ਸੋਭਾ ਹੋਕੇ ਚੰਬੜੀ ਹੋਈ ਦੇਖੀਦੀ ਹੈ। ਸਾਰਿਆਂ ਰੋਗਾਂ ਦਾ ਮੁੱਢ ਭਾਵ ਔਗਣ ਰੂਪ ਲੋਭ ਹੋਕੇ ਚੰਬੜੀ ਹੋਈ ਹੈ।

ਮਾਇਆ ਬਿਆਪਤ ਬਹੁ ਪਰਕਾਰੀ ॥ ਸੰਤ ਜੀਵਹਿ ਪ੍ਰਭ ਓਟ ਤੁਮਾਰੀ ॥ ੧ ॥ ਰਹਾਉ ॥

Digitized by Panjab Digital Library | www.panjabdigilib.org

ਹੇ ਮਹਾਰਾਜ ਬਹੁਤ ਤਰਾਂ ਕਰਕੇ ਮਾਇਆ ਚੰਬੜੀ ਹੋਈ ਹੈ, ਪਰ ਹੇ ਮਾਲਕਾ ਸੰਤ ਤੇਰੀ ਓਟ ਦੇ ਆਸਰੇ ਜੀਉਂਦੇ ਹਨ ਭਾਵ ਮਾਇਆ ਤੋਂ ਬਚੇ ਹੋਏ ਹਨ।

**ਬਿਆਪਤ ਅਹੰਬੁਧਿ ਕਾ ਮਾਤਾ ॥ ਬਿਆਪਤ ਪੁਤ੍ਰ ਕਲਤ੍ਰ ਸੰਗਿ ਰਾਤਾ॥ ਬਿਆਪਤ ਹਸਤਿ ਘੋੜੇ ਅਰੁ ਬਸਤਾ॥ ਬਿਆਪਤ ਰੂਪ ਜੋਬਨ ਮਦ ਮਸਤਾ ॥ ੨ ॥**

ਜੇਹੜਾ ਕੋਈ ਹੰਕਾਰ ਵਾਲੀ ਅਕਲ ਦਾ ਮੱਤਾ ਹੋਇਆ ਆਦਮੀ ਹੈ, ਉਸਨੂੰ ਕਿਤੇ ਹੰਕਾਰ ਹੋਕੇ ਚੰਬੜੀ ਹੋਈ ਹੈ। ਜੇਹੜਾ ਆਦਮੀ ਪੁੱਤ੍ਰ ਇਸਤ੍ਰੀ ਨਾਲ ਰੱਤਾ ਹੋਯਾ ਹੈ ਕਿਤੇ ਉਸਨੂੰ ਪ੍ਰੀਤੀ ਰੂਪ ਹੋਕੇ ਚੰਬੜੀ ਹੋਈ ਹੈ। ਹਾਥੀ ਘੋੜੇ ਅਤੇ ਕਪੜੇ ਜਾਂ ਕਾਗ਼ਜ਼ ਬੰਨ੍ਹਣ ਵਾਲਾ ਬਸਤਾ ਜਾਂ ਧਰਤੀ ਉਤੇ ਵੱਸਣ ਵਾਲਾ ਹੋਕੇ ਚੰਬੜੀ ਹੋਈ ਹੈ। ਕਿਤੇ ਰੂਪ ਜੋਬਨ ਹੰਕਾਰ ਹੋਕੇ ਚੰਬੜੀ ਹੈ। ਜਿਸ ਕਰਕੇ ਆਦਮੀ ਮਸਤ ਰਹਿੰਦਾ ਹੈ।

**ਬਿਆਪਤ ਭੂਮਿ ਰੰਕ ਅਰੁ ਰੰਗਾ॥ ਬਿਆਪਤ ਗੀਤ ਨਾਦ ਸੁਣਿ ਸੰਗਾ ॥ ਬਿਆਪਤ ਸੇਜ ਮਹਲ ਸੀਗਾਰ॥ ਪੰਚ ਦੂਤ ਬਿਆਪਤ ਅੰਧਿਆਰ॥ ੩ ॥**

ਕਿਤੇ ਧਰਤੀ, ਕੰਗਾਲਤਾ, ਚਿੱਟਾ ਆਦਕ ਰੰਗ ਹੋਕੇ ਚੰਬੜੀ ਹੋਈ ਹੈ। ਕਿਤੇ ਕੰਨਾਂ ਨਾਲ ਗੀਤ ਤੇ ਨਾਦ ਵਾਜੇ ਹੋਕੇ ਚੰਬੜੀ ਹੋਈ ਹੈ। ਕਿਤੇ ਸੇਜਾ ਮਹਿਲ ਸਿੰਗਾਰ ਹੋਕੇ ਚੰਬੜੀ ਹੋਈ ਹੈ। ਕਿਤੇ ਪੰਜ ਦੂਤ ਕਾਮ ਆਦਕ ਵਿਕਾਰ ਅਤੇ ਹਨੇਰਾ ਅਗਜਾਨ ਹੋਕੇ ਚੰਬੜੀ ਹੋਈ ਹੈ।

**ਬਿਆਪਤ ਕਰਮ ਕਰੈ ਹਉ ਫਾਸਾ ॥ ਬਿਆਪਤਿ ਗਿਰਸਤ ਬਿਆਪਤ ਉਦਾਸਾ ॥ ਆਚਾਰ ਬਿਉਹਾਰ ਬਿਆਪਤ ਇਹ ਜਾਤਿ॥ ਸਭ ਕਿਛੁ ਬਿਆਪਤ ਬਿਨੁ ਹਰਿ ਰੰਗ ਰਾਤ॥ ੪ ॥**

ਕਿਤੇ ਕਰਮ ਕਰਕੇ ਹੰਕਾਰ ਫਾਹਾ ਹੋਕੇ ਚੰਬੜੀ ਹੋਈ ਹੈ, ਕਿਤੇ ਗ੍ਰਿਸਤ ਹੋਕੇ ਚੰਬੜੀ ਹੋਈ ਹੈ, ਕਿਤੇ ਉਦਾਸੀ ਤਿਆਗੀ ਸੰਤ ਬਣਕੇ ਚੰਬੜੀ ਹੋਈ ਹੈ ਭਾਵਕਈਆਂ ਸੰਤਾਂ ਨੂੰ ਮਾਇਆ ਬੜਾ ਦੁਖ ਦੇਂਦੀ ਹੈ। ਸਾਰੇ ਵਿਹਾਰਾਂ ਦੇ ਕੰਮਾਂ ਵਿਚ ਅਤੇ ਜਾਤੀ ਹੰਕਾਰ ਹੋਕੇ ਚੰਬੜੀ ਹੋਈ ਹੈ ਜਾਂ ਹਰ ਥਾਂ ਚੰਬੜਦੀ ਜਾਂਦੀ ਹੈ। ਪ੍ਰਮੇਸਰ ਦੇ ਪ੍ਰੇਮ ਦੇ ਵਿਚ ਰੱਤਿਆਂ

Digitized by Panjab Digital Library | www.panjabdigilib.org

ਬਿਨਾ ਮਾਇਆ ਕਰਕੇ ਸਭ ਕੁਛ ਢੱਕਿਆ ਹੋਇਆ ਹੈ ਜਾਂ ਲਿਬੜਿਆ ਹੋਇਆ ਹੈ ਭਾਵ ਹਰ ਇਕ ਤਰਾਂ ਦੇ ਪਦਾਰਥ ਹੋਕੇ ਸਾਰਿਆਂ ਜੀਵਾਂ ਨੂੰ ਚੰਬੜੀ ਹੋਈ ਹੈ।

**ਸੰਤਨ ਕੇ ਬੰਧਨ ਕਾਟੇ ਹਰਿ ਰਾਇ ॥ ਤਾਕਉ ਕਹਾ ਬਿਆਪੈ ਮਾਇ ॥ ਕਹੁ ਨਾਨਕ ਜਿਨਿ ਧੂਰਿ ਸੰਤ ਪਾਈ ॥ ਤਾਕੈ ਨਿਕਟਿ ਨ ਆਵੈ ਮਾਈ ॥ ੫ ॥ ੧੯ ॥ ੮੮ ॥**

ਪ੍ਰਮੇਸਰ ਪ੍ਰਕਾਸ਼ਕ ਨੇ ਜਿਨ੍ਹਾਂ ਸੰਤਾਂ ਦੇ ਬੰਧਨ ਕੱਟ ਦਿਤੇ ਹਨ,ਓਹਨਾਂ ਨੂੰ ਮਾਇਆ ਕਿਥੇ ਚੰਬੜਦੀ ਹੈ। ਗੁਰੂ ਜੀ-ਇੱਕੁੱਰ ਦੇ ਸੰਤਾਂ ਦੀ ਚਰਨ ਧੂੜ ਜਿਸਨੇ ਪਾਈ ਹੈ। ਉਸ ਆਦਮੀ ਦੇ ਨੇੜੇ ਮਾਇਆ ਨਹੀਂ ਆਉਂਦੀ ਹੈ।

**ਗਉੜੀ ਗੁਆਰੇਰੀ ਮਹਲਾ ੫ ॥**

**ਨੈਨਹੁ ਨੀਦ ਪਰ ਦ੍ਰਿਸਟਿ ਵਿਕਾਰ ॥ ਸ੍ਰਵਣ ਸੋਏ ਸੁਣਿ ਨਿੰਦ ਵੀਚਾਰ ॥ ਰਸਨਾ ਸੋਈ ਲੋਭਿ ਮੀਠੈ ਸਾਦਿ ॥ ਮਨੁ ਸੋਇਆ ਮਾਇਆ ਬਿਸਮਾਦਿ ॥ ੧ ॥**

ਅੱਖਾਂ ਵਿਚ ਏਹੋ ਹੀ ਭਾਰੀ ਨੀਂਦ ਹੈ ਜੇਹੜੀ ਪਰਾਈ ਇਸਤ੍ਰੀ ਦੇ ਵੇਖਣ ਵਿਚ ਵਿਕਾਰ ਨਾਲ ਨਜ਼ਰ ਕਰਨੀ ਹੈ। ਨਿੰਦਿਆ ਦੇ ਵਾਕ ਵਿਚਾਰ ਸੁਣਨ ਅੰਦਰ ਭਾਵ ਨਿੰਦਿਆ ਨੂੰ ਪ੍ਰੇਮ ਨਾਲ ਸੁਣਨਾ ਇਹ ਦੋਵੇਂ ਕੰਨ ਸੁੱਤੇ ਹੋਏ ਹਨ। ਜ਼ਬਾਨ ਮਿੱਠਿਆਂ ਸ੍ਵਾਦਾਂ ਦੇ ਲੋਭ ਕਰਕੇ ਸੁੱਤੀ ਹੋਈ ਹੈ, ਮਨ ਮਾਇਆ ਦੀ ਅਸਚਰਜਤਾ ਵਿਚ ਸੁੱਤਾ ਹੋਇਆ ਹੈ।

**ਇਸੁ ਗ੍ਰਹ ਮਹਿ ਕੋਈ ਜਾਗਤੁ ਰਹੈ ॥ ਸਾਬਤੁ ਵਸਤੁ ਓਹੁ ਅਪਨੀ ਲਹੈ ॥ ੧ ॥ ਰਹਾਉ ॥**

ਇਸ ਸਰੀਰ ਘਰ ਵਿਚ ਜੇਹੜਾ ਕੋਈ ਨੀਂਦ ਤੋਂ ਜਾਗਦਾ ਰਹਿੰਦਾ ਹੈ, ਉਹ ਆਦਮੀ ਆਪਣੀ ਵਸਤੂ ਨੂੰ ਸਾਬਤ ਲੱਭ ਲੈਂਦਾ ਹੈ ਭਾਵ ਓਹ ਆਪਣੇ ਪ੍ਰਮੇਸਰ ਨੂੰ ਮਿਲ ਪੈਂਦਾ ਹੈ।

**ਸਗਲ ਸਹੇਲੀ ਅਪਨੈ ਰਸਮਾਤੀ ॥ ਗ੍ਰਿਹ ਅਪੁਨੇ ਕੀ ਖਬਰਿ ਨ ਜਾਤੀ ॥ ਮੁਸਨਹਾਰ ਪੰਚ ਬਟਵਾਰੇ ॥ ਸੂਨੇ ਨਗਰਿ ਪਰੇ ਠਗਹਾਰੇ ॥ ੨ ॥**

ਸਾਰੀਆਂ ਸਖੀਆਂ ਭਾਵ ਇੰਦ੍ਰੀਆਂ ਆਪਣਿਆਂ ੨ ਸ੍ਵਾਦਾਂ ਵਿਚ

Digitized by Panjab Digital Library | www.panjabdigilib.org

ਮੱਤੀਆਂ ਹੋਈਆਂ ਹਨ। ਆਪਣੇ ਦਿਲ ਰੂਪ ਘਰ ਦੀ ਖਬਰ ਨਹੀਂ ਜਾਣੀ ਹੈ ਭਾਵ ਮੇਰੇ ਅੰਦਰੋਂ ਜੇਹੜਾ ਚੰਗਾ ਗੁਣ ਰੂਪ ਧਨ ਲੁੱਟਿਆ ਜਾਂਦਾ ਹੈ। ਕੌਣ ਲੁੱਟਦਾ ਹੈ ? ਉਸਦਾ ਉਤ੍ਰ ਦੇਂਦੇ ਹਨ। ਲੁੱਟਣ ਵਾਲੇ ਪੰਜ ਕਾਮ ਆਦਕ ਧਾੜਵੀ ਹਨ। ਓਹ ਠੱਗਣ ਵਾਲੇ ਪੰਜ ਚੋਰ ਸੁੰਞੇਂ ਪਿੰਡ ਵਿਚ ਆਕੇ ਪੈਂਦੇ ਹਨ ਭਾਵ ਜਿੱਥੇ ਕੋਈ ਨ ਹੋਵੇ ਭਾਵ ਮਨਮੁਖਾਂ ਦੇ ਦਿਲ ਨੂੰ ਲੁੱਟਦੇ ਹਨ। "ਉਹਨਾਂ ਤੋਂ ਕੀਕੂੰ ਬਚੀਏ ?"

**ਉਨ ਤੇ ਰਾਖੈ ਬਾਪੁ ਨ ਮਾਈ॥ ਉਨ ਤੇ ਰਾਖੈ ਮੀਤੁ ਨ ਭਾਈ॥ ਦਰਬਿ ਸਿਆਣਪ ਨਾ ਓਇ ਰਹਤੇ॥ ਸਾਧ ਸੰਗਿ ਓਇ ਦੁਸਟ ਵਸਿ ਹੋਤੇ ॥ ੩ ॥**

ਓਹਨਾਂ ਤੋਂ ਮਾਤਾ ਪਿਤਾ ਵੀ ਨਹੀਂ ਰੱਖ ਸੱਕਦੇ ਹਨ। ਓਹਨਾਂ ਤੋਂ ਮਿੱਤ੍ਰ ਤੇ ਭਰਾ ਵੀ ਨਹੀਂ ਬਚਾ ਸੱਕਦੇ ਹਨ। ਧਨ ਚਤਰਾਈ ਕਰਕੇ ਵੀ ਓਹ ਰੁਕੇ ਨਹੀਂ ਰਹਿੰਦੇ ਹਨ।ਓਹ ਦੁਸ਼ਟ ਤਾਂ ਸੰਤਾਂ ਦੇ ਸੰਗ ਕਰਕੇ ਵੱਸ ਹੁੰਦੇ ਹਨ।

**ਕਰਿ ਕਿਰਪਾ ਮੋਹਿ ਸਾਰਿੰਗ ਪਾਣਿ॥ ਸੰਤਨ ਧੂਰਿ ਸਰਬ ਨਿਧਾਨ॥ ਸਾਬਤੁ ਪੂੰਜੀ ਸਤਿਗੁਰ ਸੰਗਿ॥ ਨਾਨਕੁ ਜਾਗੈ ਪਾਰਬ੍ਰਹਮ ਕੈ ਰੰਗਿ॥ ੪ ॥**

ਜਿਸ ਤਰਾਂ ਪਪੀਹੇ ਦੀ ਨਾ ਪਾਣੀ ਨਾਲ ਪ੍ਰੀਤੀ ਹੁੰਦੀ ਹੈ, ਹੇ ਮਹਾ-ਰਾਜ ਉਸਤਰਾਂ ਮੇਰੀ ਤੇਰੇ ਨਾਲ ਹੈ।ਹੇ ਪ੍ਰਮੇਸਰਾ ਤੂੰ ਮੇਰੇ ਉਤੇ ਕਿਰਪਾ ਕਰ।

ਜੇਹੜੀ ਸੰਤਾਂ ਦੇ ਚਰਨਾਂ ਦੀ ਧੂੜ ਸਾਰੀਆਂ ਨਿਧੀਆਂ ਦਾ ਘਰ ਹੈ,ਓਹ ਮੈਨੂੰ ਦੇਹ।

ਜੇਹੜੇ ਸਤਿਗੁਰਾਂ ਦੇ ਨਾਲ ਮਿਲ ਗਏ ਹਨ, ਉਹਨਾਂ ਦੀ ਸਰਧਾ ਜੀ ਪ੍ਰਾਣਾ ਰੂਪ ਰਾਸ ਸਾਬਤ ਬਚ ਗਈ ਹੈ, ਭਾਵ ਸਫਲੀ ਹੋਈ ਹੈ।

ਗੁਰੂ ਜੀ–ਓਹ ਸਤਸੰਗੀ ਆਦਮੀ ਪ੍ਰਮੇਸ਼ਰ ਦੇ ਪ੍ਰੇਮ ਵਿੱਚ ਜਾਗਦੇ ਰਹਿੰਦੇ ਹਨ।

**ਸੋ ਜਾਗੈ ਜਿਸੁ ਪ੍ਰਭੁ ਕਿਰਪਾਲੁ॥ ਇਹ ਪੂੰਜੀ ਸਾਬਤੁ ਧਨੁ ਮਾਲੁ॥੧॥ ਰਹਾਉ ਦੂਜਾ॥ ੨੦॥੮੯॥**

ਜਿਨ੍ਹਾਂ ਉਤੇ ਮਾਲਕ ਕਿਰਪਾਲੂ ਹੋਇਆ ਹੈ, ਓਹ ਜਾਗਦੇ ਹਨ, ਇਹ ਗੁਣਾਂ ਰੂਪ ਰਾਸ ਜਿਸਦੇ ਵਿੱਚ ਧਨ ਮਾਲ ਬੜਾ ਹੈ, ਇਹ ਸਾਬਤ ਰਹਿ ਜਾਈ ਹੈ।

Digitized by Panjab Digital Library | www.panjabdigilib.org

ਗਉੜੀ ਗੁਆਰੇਰੀ ਮਹਲਾ ੫ ॥

ਜਾਕੈ ਵਸਿ ਖਾਨ ਸੁਲਤਾਨ ॥ ਜਾਕੈ ਵਸਿ ਹੈ ਸਗਲ ਜਹਾਨ ॥ ਜਾਕਾ ਕੀਆ ਸਭੁ ਕਿਛੁ ਹੋਇ ॥ ਤਿਸਤੇ ਬਾਹਰਿ ਨਾਹੀ ਕੋਇ ॥ ੧ ॥

ਜਿਸਦੇ ਵੱਸ ਸਰਦਾਰ ਪਾਤਸ਼ਾਹ ਹਨ, ਜਿਸਦੇ ਵੱਸ ਸਾਰਾ ਜਹਾਨ ਹੈ। ਜਿਸਦਾ ਕੀਤਾ ਹੋਇਆ ਸਭ ਕੁੱਛ ਹੁੰਦਾ ਹੈ, ਉਸ ਵਾਹਿਗੁਰੂ ਤੋਂ ਬਾਹਰ ਕੋਈ ਨਹੀਂ ਹੈ।

ਕਹੁ ਬੇਨੰਤੀ ਅਪੁਨੇ ਸਤਿਗੁਰ ਪਾਹਿ ॥ ਕਾਜ ਤੁਮਾਰੇ ਦੇਇ ਨਿਬਾਹਿ ॥ ੧ ॥ ਰਹਾਉ ॥

ਹੇ ਭਰਾ ਆਪਣਿਆਂ ਸਤਿਗੁਰਾਂ ਪਾਸ ਬੇਨਤੀ ਆਖ, ਅਰਦਾਸ ਕਰ। ਤੇਰਿਆਂ ਸਾਰਿਆਂ ਕੰਮਾਂ ਦਾ ਨਿਰਬਾਹ ਕਰ ਦੇਵੇਗਾ, ਭਾਵ ਸਾਰੇ ਕੰਮ ਸਵਾਰ ਦੇਵੇਗਾ।

ਸਭ ਤੇ ਊਚ ਜਾਕਾ ਦਰਬਾਰੁ ॥ ਸਗਲ ਭਗਤ ਜਾਕਾ ਨਾਮੁ ਅਧਾਰੁ ॥ ਸਰਬ ਬਿਆਪਤ ਪੂਰਨ ਧਨੀ ॥ ਜਾਕੀ ਸੋਭਾ ਘਟਿ ਘਟਿ ਬਨੀ ॥ ੨ ॥

ਜਿਸਦਾ ਸਤਸੰਗ ਰੂਪ ਦਰਬਾਰ ਸਭ ਤੋਂ ਉੱਚਾ, ਹੈ ਜਿਸਦੇ ਨਾਮ ਦਾ ਆਸਰਾ ਸਾਰੇ ਭਗਤ ਰੱਖਦੇ ਹਨ, ਜੇਹੜਾ ਪੂਰਾ ਧਨੀ ਸਾਰਿਆਂ ਵਿੱਚ ਵਿਆਪਿਆ ਹੋਯਾ ਹੈ; ਭਾਵ ਮਿਲਿਆ। ਜਿਸ ਦੀ ਸੋਭਾ ਘਟਾਂ ੨ ਵਿੱਚ ਬਣੀ ਹੋਈ ਹੈ।

ਜਿਸੁ ਸਿਮਰਤ ਦੁਖ ਡੇਰਾ ਢਹੈ ॥ ਜਿਸੁ ਸਿਮਰਤ ਜਮੁ ਕਿਛੂ ਨ ਕਹੈ ॥ ਜਿਸੁ ਸਿਮਰਤ ਹੋਤ ਸੂਕੇ ਹਰੇ ॥ ਜਿਸੁ ਸਿਮਰਤ ਡੂਬਤ ਪਾਹਨ ਤਰੇ ॥ ੩ ॥

ਜਿਸਨੂੰ ਸਿਮਰਦਿਆਂ ਹੋਇਆਂ ਦੁੱਖਾਂ ਦਾ ਡੇਰਾ ਢੱਠ ਜਾਂਦਾ ਹੈ, ਜਿਸ ਨੂੰ ਸਿਮਰਦਿਆਂ ਹੋਇਆਂ ਜਮ ਕੁਛ ਨਹੀਂ ਆਖਦਾ। ਡੇਰਾ = ਅਗਜਾਨ ਦਾ।

ਜਿਸਦੇ ਸਿਮਰਨ ਨਾਲ ਸੁੱਕੇ ਹੋਏ ਹਰੇ ਹੋ ਜਾਂਦੇ ਹਨ, ਭਾਵ ਗੁਣ ਹੀਨ ਗੁਣ ਵਾਲੇ ਹੋ ਜਾਂਦੇ ਹਨ। ਜਿਸਦੇ ਸਿਮਰਨ ਨਾਲ ਪੱਥਰ ਡੁੱਬਦੇ ਤਰ ਜਾਂਦੇ ਹਨ,ਭਾਵ ਭਾਰਿਆਂ ਭਾਰਿਆਂ ਪਾਪਾਂ ਵਾਲੇ ਪਾਪੀਤਰ ਜਾਂਦੇ ਹਨ।

Digitized by Panjab Digital Library | www.panjabdigilib.org

ਸੰਤ ਸਭਾ ਕਉ ਸਦਾ ਜੈਕਾਰੁ ॥ ਹਰਿ ਹਰਿ ਨਾਮੁ ਜਨ ਪ੍ਰਾਨ ਅਧਾਰੁ ॥ ਕਹੁ ਨਾਨਕ ਮੇਰੀ ਸੁਣੀ ਅਰਦਾਸਿ ॥ ਸੰਤ ਪ੍ਰਸਾਦਿ ਮੋਕਉ ਨਾਮ ਨਿਵਾਸਿ॥ ੪॥ ੨੧ ॥ ੯੦ ॥

ਜਿਨ੍ਹਾਂ ਸੰਤਾਂ ਦੇ ਪ੍ਰਾਣਾਂ ਦਾ ਆਸਰਾ ਹਰਿ ਹਰਿ ਨਾਮ ਹੈ, ਇੱਕਰ ਦੀ ਸੰਤਾਂ ਦੀ ਸਭਾ ਨੂੰ ਸਦਾ ਨਮਸ਼ਕਾਰ ਹੈ । ਗੁਰੂ ਜੀ–ਜਦੋਂ ਸੰਤਾਂ ਨੇ ਮੇਰੀ ਬੇਨਤੀ ਸੁਣੀ, ਤਾਂ ਓਹਨਾਂ ਸੰਤਾਂ ਨੇ ਕਿਰਪਾ ਕਰਕੇ ਮੇਰਾ ਨਾਮ ਦੇ ਵਿੱਚ ਨਿਵਾਸ ਕਰ ਦਿੱਤਾ।

## ਗਉੜੀ ਗੁਆਰੇਰੀ ਮਹਲਾ ੫ ॥

ਸਤਿਗੁਰ ਦਰਸਨਿ ਅਗਨਿ ਨਿਵਾਰੀ ॥ ਸਤਿਗੁਰ ਭੇਟਤ ਹਉਮੈ ਮਾਰੀ ॥ ਸਤਿਗੁਰ ਸੰਗਿ ਨਾਹੀ ਮਨੁ ਡੋਲੈ ॥ ਅੰਮ੍ਰਿਤ ਬਾਣੀ ਗੁਰਮੁਖਿ ਬੋਲੈ ॥ ੧ ॥

ਸਤਿਗੁਰਾਂ ਦੇ ਦਰਸ਼ਨ ਨੇ ਮੇਰੀ ਤ੍ਰਿਸ਼ਨਾਂ ਅੱਗ ਦੂਰ ਕਰ ਦਿੱਤੀ , ਸਤਿਗੁਰਾਂ ਦੇ ਨਾਲ ਮਿਲਦਿਆਂ ਹੀ ਹੰਗਤਾ ਮਾਰੀ ਗਈ ਹੈ।

ਸਤਿਗੁਰਾਂ ਦੀ ਸੰਗਤ ਨਾਲ ਮਨ ਨਹੀਂ ਡੋਲਦਾ ਹੈ, ਗੁਰਮੁਖ ਸਤਿਗੁਰੂ ਅੰਮ੍ਰਤ ਬਾਣੀ ਬੋਲਦੇ ਹਨ।

ਸਭੁ ਜਗ ਸਾਚਾ ਜਾ ਸਚ ਮਹਿ ਰਾਤੇ ॥ ਸੀਤਲ ਸਤਿਗੁਰ ਤੇ ਪ੍ਰਭ ਜਾਤੇ ॥ ੧ ॥ ਰਹਾਉ ॥

ਹੇ ਭਰਾ ਜਦ ਤੋਂ ਸੱਚ ਵਿੱਚ ਰੱਤੇ ਹਾਂ, ਤਦ ਤੋਂ ਸਾਰਾ ਜਗਤ ਸੱਚਾ ਦੀਹਦਾ ਹੈ। ਜਿਨ੍ਹਾਂ ਸੰਤਾਂ ਨੇ ਗੁਰ ਉਪਦੇਸ਼ ਨਾਲ ਮਾਲਕ ਨੂੰ ਜਾਣਿਆ ਹੈ, ਉਹ ਆਪ ਸ਼ਾਂਤੀ ਹੋ ਗਏ ਹਨ ਤੇ ਹੋਰਨਾਂ ਨੂੰ ਸ਼ਾਂਤ ਕਰਦੇ ਹਨ।

ਸੰਤ ਪ੍ਰਸਾਦਿ ਜਪੈ ਹਰਿ ਨਾਉ ॥ ਸੰਤ ਪ੍ਰਸਾਦਿ ਹਰਿ ਕੀਰਤਨੁ ਗਾਉ ॥ ਸੰਤ ਪ੍ਰਸਾਦਿ ਸਗਲ ਦੁਖ ਮਿਟੇ॥ ਸੰਤ ਪ੍ਰਸਾਦਿ ਬੰਧਨ ਤੇ ਛੁਟੇ॥ ੨ ॥

ਸੰਤਾਂ ਦੀ ਕਿਰਪਾ ਨਾਲ ਪ੍ਰਮੇਸ਼ਰ ਦਾ ਨਾਮ ਜਪਦੇ ਹਨ, ਸੰਤਾਂ ਦੀ ਕਿਰਪਾ ਨਾਲ ਪ੍ਰਮੇਸ਼ਰ ਦੇ ਗੁਣਾਂ ਦਾ ਜੱਸ ਗੌਂਦੇ ਹਨ । ਸੰਤਾਂ ਦੀ ਕਿਰਪਾ ਨਾਲ ਸਾਰੇ ਦੁੱਖ ਦੂਰ ਹੋ ਗਏ ਹਨ, ਸੰਤਾਂ ਦੀ ਕਿਰਪਾ ਨਾਲ ਬੰਧਨਾਂ ਤੋਂ ਛੁੱਟ ਗਏ ਹਨ।

Digitized by Panjab Digital Library | www.panjabdigilib.org

**ਸੰਤ ਕ੍ਰਿਪਾ ਤੇ ਮਿਟੇ ਮੋਹ ਭਰਮ ॥ ਸਾਧ ਰੇਣ ਮਜਨ ਸਭਿ ਧਰਮ ॥ ਸਾਧ ਕ੍ਰਿਪਾਲ ਦਇਆਲ ਗੋਵਿੰਦੁ ॥ ਸਾਧਾ ਮਹਿ ਇਹ ਹਮਰੀ ਜਿੰਦੁ ॥ ੩ ॥**

ਸੰਤਾਂ ਦੀ ਕ੍ਰਿਪਾ ਨਾਲ ਮੋਹ ਅਤੇ ਭ੍ਰਮ ਮਿਟ ਗਏ ਹਨ ਜਿਨ੍ਹਾਂ ਨੇ ਸੰਤਾਂ ਦੀ ਚਰਨ ਧੂੜ ਵਿੱਚ ਇਸ਼ਨਾਨ ਕੀਤਾ ਹੈ, ਓਹਨਾਂ ਨੇ ਸਾਰੇ ਦਯਾ ਆਦਕ ਧਰਮ ਕਰ ਲਏ ਹਨ। ਜਿਨ੍ਹਾਂ ਉਤੇ ਸੰਤ ਕਿਰਪਾਲੂ ਹੋਏ ਹਨ,ਓਹਨਾਂ ਉਤੇ ਵਾਹਿਗੁਰੂ ਦਿਆਲੂ ਹੋਇਆ ਹੈ। ਇਸ ਲਈ ਇਹ ਸਾਡੀ ਜਿੰਦ ਸਾਧਾਂ ਦੇ ਵਿੱਚ ਵੱਸਦੀ ਹੈ।

**ਕਿਰਪਾ ਨਿਧਿ ਕਿਰਪਾਲ ਧਿਆਵਉ ॥ ਸਾਧ ਸੰਗਿ ਤਾ ਬੈਠਣੁ ਪਾਵਉ ॥ ਮੋਹਿ ਨਿਰਗੁਣ ਕਉ ਪ੍ਰਭਿ ਕੀਨੀ ਦਇਆ ॥ ਸਾਧ ਸੰਗਿ ਨਾਨਕ ਨਾਮੁ ਲਇਆ ॥ ੪ ॥ ੨੨ ॥ ੯੧ ॥**

ਜਦੋਂ ਕਿਰਪਾ ਦੀ ਨਿਧੀ ਕਿਰਪਾਲੂ ਵਾਹਿਗੁਰੂ ਨੂੰ ਧਿਆਓਗੇ। ਤਾਂ ਸੰਤਾਂ ਦੀ ਸੰਗਤ ਵਿੱਚ ਬਹਿਣਾ ਪਾਓਗੇ। ਜਦੋਂ ਮੈਂ ਨਿਰਗੁਣਿਆਰੇ ਉਤੇ ਵਾਹਿਗੁਰੂ ਨੇ ਕਿਰਪਾ ਕੀਤੀ ਹੈ, ਤਾਂ ਗੁਰੂ ਜੀ ਸਾਧ ਸੰਗਤ ਦੇ ਨਾਲ ਮਿਲਕੇ ਨਾਮ ਜਪਿਆ ਹੈ।

## ਗਉੜੀ ਗੁਆਰੇਰੀ ਮਹਲਾ ੫ ॥

**ਸਾਧ ਸੰਗਿ ਜਪਿਓ ਭਗਵੰਤੁ ॥ ਕੇਵਲ ਨਾਮੁ ਦੀਓ ਗੁਰਿ ਮੰਤੁ ॥ ਤਜਿ ਅਭਿਮਾਨ ਭਏ ਨਿਰਵੈਰ ॥ ਆਠ ਪਹਰ ਪੂਜਹੁ ਗੁਰ ਪੈਰ ॥ ੧ ॥**

ਜਦੋਂ ਸਾਧੂਆਂ ਦੀ ਸੰਗਤ ਕਰਕੇ ਪ੍ਰਮੇਸ਼ਰ ਦਾ ਜਾਪ ਕੀਤਾ, ਇੱਕ ਪਵਿੱਤ੍ਰ ਨਾਮ ਦਾ ਉਪਦੇਸ਼ ਗੁਰਾਂ ਨੇ ਦਿੱਤਾ। ਤਦੋਂ ਅਸੀਂ ਹੰਕਾਰ ਨੂੰ ਛੱਡਕੇ ਨਿਰਵੈਰ ਹੋ ਗਏ ਹਾਂ। ਇਸ ਲਈ ਮੈਂ ਅੱਠੇ ਪਹਿਰ ਗੁਰਾਂ ਦੇ ਚਰਨਾਂ ਨੂੰ ਪੂਜਦਾ ਹਾਂ ਜਾਂ ਤੁਸੀ ਪੂਜੋ।

**ਅਬ ਮਤਿ ਬਿਨਸੀ ਦੁਸਟ ਬਿਗਾਨੀ ॥ ਜਬ ਤੇ ਸੁਣਿਆ ਹਰਿ ਜਸੁ ਕਾਨੀ ॥ ੧ ॥ ਰਹਾਉ ॥**

ਜੇਹੜੀ ਅਕਲ ਸਾਨੂੰ ਬਿਗਾਨਿਆਂ ਕਰਨ ਵਾਲੀ ਭਾਵ ਮਾੜਿਆਂ ਖਿਆਲਾਂ ਵਾਲੀ ਜਮ ਦੇ ਵੱਸ ਪਾਉਣ ਵਾਲੀ ਸੀ, ਓਹ ਹੁਣ

Digitized by Panjab Digital Library | www.panjabdigilib.org

ਨਾਸ ਹੋ ਗਈ ਹੈ (ਕਦੋਂ ਨਾਸ ਹੋਈ) ਜਦੋਂ ਤੋਂ ਹਰੀ ਦਾ ਜਸ ਕੰਨਾਂ ਵਿੱਚ ਸੰਤਾਂ ਪਾਸੋਂ ਸੁਣਿਆ ਹੈ।

**ਸਹਜ ਸੂਖ ਆਨੰਦ ਨਿਧਾਨ ॥ ਰਾਖਨ ਹਾਰ ਰਖਿ ਲੇਇ ਨਿਦਾਨ ॥ ਦੂਖ ਦਰਦ ਬਿਨਸੇ ਭੈ ਭਰਮ ॥ ਆਵਣ ਜਾਣ ਰਖੇ ਕਰ ਕਰਮ ॥ ੨ ॥**

ਜੇਹੜਾ ਅਨੰਦ ਦਾ ਖਜ਼ਾਨਾ ਵਾਹਿਗੁਰੂ ਹੈ, ਹੇ ਭਰਾਓ ਉਸਦਾ ਸੁਖ ਤੁਹਾਨੂੰ ਸਹਿਜੇ ਹੀ ਹੋਵੇਗਾ। ਰੱਖਿਆ ਕਰਨ ਵਾਲਾ ਵਾਹਿਗੁਰੂ ਨਿਦਾਨ = ਓੜਕ ਨੂੰ ਰੱਖਿਆ ਕਰੇਗਾ ਜਾਂ ਬਚਾ ਲਏਗਾ।

ਜਨਮਾਂ ਦਾ ਦੁੱਖ ਈਰਖਾ ਆਦਕ ਦਰਦਾਂ ਅਤੇ ਹੋਰ ਅਨੇਕਾਂ ਜੀਵ ਦਾ ਡਰ ਤੇ ਭਰਮ ਅਤੇ ਆਉਣਾ ਜਾਣਾ, 'ਜੰਮਣਾ ਮਰਣਾ' ਆਦਕ ਤੋਂ ਕਰਮ = ਕਿਰਪਾ ਕਰਕੇ ਰੱਖ ਲਏਗਾ 'ਓਹ ਕਿਰਪਾਲੂ ਪ੍ਰਮੇਸ਼ਰ ਕਿਥੇ ਹੈ?'

**ਪੇਖੈ ਬੋਲੈ ਸੁਣੈ ਸਭੁ ਆਪਿ ॥ ਸਦਾ ਸੰਗਿ ਤਾਕਉ ਮਨ ਜਾਪਿ ॥ ਸੰਤ ਪ੍ਰਸਾਦਿ ਭਇਓ ਪਰਗਾਸੁ ॥ ਪੂਰਿ ਰਹੇ ਏਕੈ ਗੁਣ ਤਾਸੁ ॥ ੩ ॥ ਕਹਤ ਪਵਿਤ੍ਰ ਸੁਣਤ ਪੁਨੀਤ ॥ ਗੁਣ ਗੋਵਿੰਦ ਗਾਵਹਿ ਨਿਤ ਨੀਤ ॥ ਕਹੁ ਨਾਨਕ ਜਾਕਉ ਹੋਹ ਕ੍ਰਿਪਾਲ ॥ ਤਿਸੁ ਜਨ ਕੀ ਸਭ ਪੂਰਨ ਘਾਲ ॥ ੪ ॥ ੨੩ ॥ ੯੨ ॥**

ਓਹ ਸਰਗੁਣ ਰੂਪ ਫੈਲਿਆ ਹੋਇਆ ਹੋਕੇ ਆਪੇ ਹੀ ਵੇਖਦਾ, ਸੁਣਦਾ ਬੋਲਦਾ ਹੈ ਭਾਵ ਸਾਰੀਆਂ ਇੰਦ੍ਰੀਆਂ ਨੂੰ ਸ਼ਕਤੀ ਦੇਂਦਾ ਹੈ। ਹੇ ਮਨਾ ਜੇਹੜਾ ਸਦਾ ਨਾਲ ਰਹਿੰਦਾ ਹੈ ਉਸ ਨੂੰ ਜਪ। ਜਿਨ੍ਹਾਂ ਨੇ ਜਪਿਆ ਹੈ, ਓਹਨਾਂ ਸੰਤਾਂ ਦੀ ਕਿਰਪਾ ਨਾਲ ਗਿਆਨ ਰੂਪ ਚਾਨਣ ਹੋਯਾ ਹੈ, ਇੱਕ ਗੁਣ ਦਾ ਸਮੁੰਦ੍ਰ ਪ੍ਰਮੇਸ਼ਰ ਸਾਰੇ ਪੂਰਨ ਹੋਇਆ ੨ ਵੇਖਿਆ ਹੈ।

ਪ੍ਰਮੇਸ਼ਰ ਦਾ ਨਾਮ ਆਖਣ ਵਾਲੇ ਵੀ ਪਵਿੱਤ੍ਰ ਹਨ ਅਤੇ ਸੁਣਨ ਵਾਲੇ ਵੀ ਪਵਿੱਤ੍ਰ ਹਨ। ਇੱਕੁਰ ਜਾਣਕੇ ਗੋਬਿੰਦ ਸੱਚੇ ਨੂੰ ਰੋਜ਼ ਸੰਤਜਨ ਗਾਉਂਦੇ ਹਨ। ਗੁਰੂ ਜੀ—ਜਿਸ ਉਤੇ ਵਾਹਿਗੁਰੂ ਕਿਰਪਾਲੂ ਹੋਇਆ ਹੈ, ਉਸ ਆਦਮੀ ਦੀ ਸਾਰੀ ਸੇਵਾ ਸਫਲੀ ਹੁੰਦੀ ਹੈ।

**ਗਉੜੀ ਗੁਆਰੇਰੀ ਮਹਲਾ ੫ ॥**

**ਬੰਧਨ ਤੋੜਿ ਬੋਲਾਵੈ ਰਾਮੁ ॥ ਮਨ ਮਹਿ ਲਾਗੈ**

Digitized by Panjab Digital Library | www.panjabdigilib.org

**ਸਾਚੁ ਧਿਆਨੁ ॥ ਮਿਟਹਿ ਕਲੇਸ ਸੁਖੀ ਹੋਇ ਰਹੀਐ ॥ ਐਸਾ ਦਾਤਾ ਸਤਿਗੁਰੁ ਕਹੀਐ ॥ ੧ ॥**

ਜਦੋਂ ਬੰਧਨਾਂ ਨੂੰ ਤੋੜਕੇ ਰਾਮ ਨਾਮ ਜਪਾਉਂਦੇ ਹਨ, ਤਾਂ ਮਨ ਵਿੱਚ ਸੱਚੇ ਵਾਹਿਗੁਰੂ ਦਾ ਧਿਆਨ ਲੱਗਦਾ ਹੈ। ਸਾਰੇ ਕਲੇਸ਼ ਮਿਟ ਜਾਂਦੇ ਹਨ ਤੇ ਸੁਖੀ ਹੋ ਰਹੀਦਾ ਹੈ, ਰਾਮ ਨਾਮ ਦੇ ਦੇਣ ਵਾਲਾ ਇੱਕੁਰ ਦਾ ਸਤਿਗੁਰੂ ਦਾਤਾ ਆਖਿਆ ਜਾਂਦਾ ਹੈ।

**ਸੋ ਸੁਖਦਾਤਾ ਜੇ ਨਾਮੁ ਜਪਾਵੈ ॥ ਕਰਿ ਕਿਰਪਾ ਤਿਸੁ ਸੰਗਿ ਮਿਲਾਵੈ ॥ ੧ ॥ ਰਹਾਉ ॥**

ਜੇਹੜਾ ਕਿਰਪਾ ਕਰਕੇ ਨਾਮ ਜਪਾਕੇ ਉਸ ਵਾਹਿਗੁਰੂ ਦੇ ਨਾਲ ਮਿਲਾ ਦੇਵੇ, ਓਹ ਸੁਖਦਾਤਾ ਗੁਰੂ ਹੈ।

**ਜਿਸੁ ਹੋਇ ਦਇਆਲੁ ਤਿਸੁ ਆਪਿ ਮਿਲਾਵੈ ॥ ਸਰਬ ਨਿਧਾਨ ਗੁਰੂ ਤੇ ਪਾਵੈ ॥ ਆਪੁ ਤਿਆਗਿ ਮਿਟੈ ਆਵਣ ਜਾਣਾ ॥ ਸਾਧਕੈ ਸੰਗਿ ਪਾਰਬ੍ਰਹਮੁ ਪਛਾਣਾ ॥ ੨ ॥**

ਪਰ ਜਿਸ ਦੇ ਉਤੇ ਆਪ ਵਾਹਿਗੁਰੂ ਦਿਆਲੂ ਹੁੰਦਾ ਹੈ, ਉਸ ਨੂੰ ਸਤਿਗੁਰੂ ਮਿਲਾ ਦੇਂਦਾ ਹੈ।

ਸਾਰੀਆ ਨਿਧੀਆਂਦਾ ਘਰ ਰਾਮ ਨਾਮ ਜੀਵ ਗੁਰਾਂ ਪਾਸੋਂ ਪਾ ਲੈਂਦਾ ਹੈ। ਜਦੋਂ ਸਤਿਗੁਰਾਂ ਦੇ ਸੰਗ ਕਰਕੇ ਪ੍ਰਮੇਸ਼ਰ ਨੂੰ ਪਛਾਣਿਆਂ ਤਾਂ ਹੰਕਾਰ ਨੂੰ ਛੱਡ ਦੇਂਦਾ ਹੈ ਅਤੇ ਜੰਮਣਾ ਮਰਨਾ ਦੂਰ ਹੋ ਜਾਂਦਾ ਹੈ।

**ਜਨ ਊਪਰਿ ਪ੍ਰਭ ਭਏ ਦਇਆਲ ॥ ਜਨਕੀ ਟੇਕ ਏਕ ਗੋਪਾਲ ॥ ਏਕਾ ਲਿਵ ਏਕੋ ਮਨਿ ਭਾਉ ॥ ਸਰਬ ਨਿਧਾਨ ਜਨ ਕੈ ਹਰਿ ਨਾਉ ॥ ੩ ॥**

ਜਿਸ ਆਦਮੀ ਉਤੇ ਮਾਲਕ ਜੀ ਦਿਆਲੂ ਹੋਏ ਹਨ, ਉਸ ਆਦਮੀ ਨੇ ਇੱਕ ਪ੍ਰਮੇਸ਼ਰ ਦੀ ਓਟ ਰੱਖੀ ਜਾਂ ਲਈ ਹੈ। ਇੱਕ ਹੀ ਪ੍ਰਮੇਸ਼ਰ ਵਿੱਚ ਬ੍ਰਿਤੀ ਲਾਈ ਹੈ, ਇੱਕ ਦਾ ਹੀ ਮਨ ਵਿੱਚ ਪ੍ਰੇਮ ਲੱਗਾ ਹੋਇਆ ਹੈ।

ਉਸ ਆਦਮੀ ਦੇ ਦਿਲ ਵਿੱਚ ਸਾਰੀਆਂ ਨਿਧੀਆਂ ਦਾ ਘਰ ਪ੍ਰਮੇਸ਼ਰ ਦਾ ਨਾਮ ਹੈ।

**ਪਾਰਬ੍ਰਹਮ ਸਿਉ ਲਾਗੀ ਪ੍ਰੀਤਿ ॥ ਨਿਰਮਲ ਕਰਣੀ ਸਾਚੀ ਰੀਤਿ ॥ ਗੁਰਿ ਪੂਰੈ ਮੇਟਿਆ ਅੰਧਿਆਰਾ ॥**

Digitized by Panjab Digital Library | www.panjabdigilib.org

ਨਾਨਕ ਕਾ ਪ੍ਰਭੁ ਅਪਰਅਪਾਰਾ ॥ ੪ ॥ ੨੪ ॥ ੯੩ ॥

ਜਿਨ੍ਹਾਂ ਦੀ ਪ੍ਰੀਤੀ ਪ੍ਰਮੇਸ਼ਰ ਦੇ ਨਾਲ ਲੱਗੀ ਹੈ, ਓਹਨਾਂ ਦੀ ਜਪਾਂ ਤਪਾਂ ਰੂਪ ਕਰਨੀ ਨਿਰਮਲ ਹੈ ਅਤੇ ਵਿਹਾਰਾਂ ਦੀ ਰੀਤੀ ਵੀ ਸੱਚੀ ਹੈ।

ਜਿਨ੍ਹਾਂ ਦਾ ਅਗਜਾਨ ਹਨੇਰਾ ਪੂਰਿਆਂ ਗੁਰਾਂ ਨੇ ਦੂਰ ਕਰ ਦਿੱਤਾ ਹੈ, ਗੁਰੂ ਜੀ-ਜੇਹੜਾ ਪ੍ਰਮੇਸ਼ਰ ਮਾਲਕ ਪਰੇ ਤੋਂ ਪਰੇ ਹੈ, ਉਸਨੂੰ ਜਣ ਲਿਆ ਹੈ, ( ਓਹਨਾਂ ਸੰਤਾਂ ਨੇ)

## ਗਉੜੀ ਗੁਆਰੇਰੀ ਮਹਲਾ ੫ ॥

ਜਿਸੁ ਮਨਿ ਵਸੈ ਤਰੈ ਜਨੁ ਸੋਇ ॥ ਜਾਕੈ ਕਰਮਿ ਪਰਾਪਤਿ ਹੋਇ ॥ ਦੂਖੁ ਰੋਗੁ ਕਛੁ ਭਉ ਨ ਬਿਆਪੈ॥ ਅੰਮ੍ਰਿਤ ਨਾਮੁ ਰਿਦੈ ਹਰਿ ਜਾਪੈ ॥ ੧ ॥

ਜਿਸਦੇ ਮਨ ਵਿੱਚ ਵੱਸਦਾ ਹੈ, ਓਹ ਆਦਮੀ ਤਰ ਜਾਂਦਾ ਹੈ, ਉਸਦੇ ਮਨ ਵਿੱਚ ਵੱਸਦਾ ਹੈ, ਜਿਸਦੇ ਮੱਥੇ ਉਤੇ ਪੂਰਬ ਜਨਮ ਦੇ ਵਿੱਚ ਵਾਹਿਗੁਰੂ ਨੂੰ ਮਿਲਨ ਦਾ ਚੰਗਾ ਕਰਮ ਲਿਖਿਆ ਹੋਇਆ ਹੋਵੇ। ਮਨ ਵਿੱਚ ਵਸਾਉਣ ਦਾ ਇਹ ਫਲ ਹੈ ਕਿ ਦੁਖ ਰੋਗ ਭੈ ਕੁਛ ਨਹੀਂ ਛੋਂਹਦਾ ਹੈ।

ਇਸ ਲਈ ਪ੍ਰਮੇਸ਼ਰ ਦਾ ਅੰਮ੍ਰਤ ਨਾਮ ਆਦਮੀ ਰਿਦੇ ਵਿੱਚ ਜਪੇ।

ਪਾਰਬ੍ਰਹਮੁ ਪ੍ਰਮੇਸੁਰੁ ਧਿਆਈਐ ॥ ਗੁਰ ਪੂਰੇ ਤੇ ਇਹ ਮਤਿ ਪਾਈਐ ॥ ੧ ॥ ਰਹਾਉ ॥

ਪਰੇ ਰਹਿਣ ਵਾਲੇ ਵਾਹਿਗੁਰੂ ਨੂੰ ਹਰ ਥਾਂ ਵਿੱਚ ਵਿਆਪਕ ਨੂੰ ਯਾਦ ਕਰੀਏ, ਪਰ ਇਹ ਸਿੱਖਿਆ ਪੂਰੇ ਗੁਰੂ ਤੋਂ ਪਾਈ ਦੀ ਹੈ।

ਕਰਨ ਕਰਾਵਨਹਾਰ ਦਇਆਲ ॥ ਜੀਅ ਜੰਤ ਸਗਲੇ ਪ੍ਰਤਿਪਾਲ ॥ ਅਗਮ ਅਗੋਚਰ ਸਦਾ ਬਿਅੰਤਾ ॥ ਸਿਮਰਿ ਮਨਾ ਪੂਰੇ ਗੁਰਮੰਤਾ ॥ ੨ ॥

ਜੇਹੜਾ ਦਿਆਲੂ ਪ੍ਰਮੇਸ਼ਰ ਕਰਨ ਕਰਾਉਣ ਵਾਲਾ ਹੈ, ਸਾਰਿਆਂ ਜੀਆਂ ਜੰਤਾਂ ਦੀ ਪਾਲਨਾ ਕਰਨ ਵਾਲਾ, ਮਨ ਬਾਣੀ ਤੋਂ ਪਰੇ ਸਦਾ ਹੀ ਬਿਅੰਤ ਹੈ, ਹੇ ਮਨ ਇੱਕੂਰ ਦੇ ਪ੍ਰਮੇਸ਼ਰ ਨੂੰ ਪੂਰੇ ਗੁਰੂ ਦੇ ਉਪਦੇਸ਼ ਨਾਲ ਯਾਦ ਕਰ।

ਜਾਕੀ ਸੇਵਾ ਸਰਬ ਨਿਧਾਨੁ ॥ ਪ੍ਰਭ ਕੀ ਪੂਜਾ ਪਾਈਐ ਮਾਨੁ ॥ ਜਾਕੀ ਟਹਲ ਨ ਬਿਰਥੀ ਜਾਇ ॥ ਸਦਾ

Digitized by Panjab Digital Library | www.panjabdigilib.org

**ਸਦਾ ਹਰਿਕੇ ਗੁਣ ਗਾਇ ॥ ੩ ॥**

ਜਿਸਦੀ ਸੇਵਾ = ਭਗਤੀ ਸਾਰੀਆਂ ਨਿਧੀਆਂ ਦਾ ਰੂਪ ਹੈ ਜਿਸ ਮਾਲਕ ਦੀ ਪੂਜਾ ਕਰਨ ਨਾਲ਼ ਨਾਮ ਪਾਈਦਾ ਹੈ। ਜਿਸਦੀ ਸੇਵਾ ਕੀਤੀ ਹੋਈ ਬਿਅਰਥ ਨਹੀਂ ਜਾਂਦੀ ਹੈ, ਇੱਕੁਰ ਦੇ ਪ੍ਰਮੇਸ਼ਰ ਦੇ ਗੁਣ ਸਦਾ ਸਦਾ ਗਾਓ।

**ਕਰਿ ਕਿਰਪਾ ਪ੍ਰਭ ਅੰਤਰਜਾਮੀ ॥ ਸੁਖ ਨਿਧਾਨ ਹਰਿ ਅਲਖ ਸੁਆਮੀ ॥ ਜੀਅ ਜੰਤ ਤੇਰੀ ਸਰਣਾਈ ॥ ਨਾਨਕ ਨਾਮੁ ਮਿਲੈ ਵਡਿਆਈ ॥ ੪ ॥ ੨੫ ॥ ੯੪ ॥**

ਹੇ ਅੰਤਰਜਾਮੀ ਮਾਲਕਾ ਕਿਰਪਾ ਕਰ, ਹੇ ਹਰੀ ਮਾਲਕ ਅਲੱਖ ਸੁਖਾਂ ਦੀ ਨਿਧੀ ਸਾਰੇ ਜੀਵ ਜੰਤ ਤੇਰੀ ਸ਼ਰਨ ਹਨ। ਗੁਰੂ ਜੀ–ਮੈਨੂੰ ਤੇਰੇ ਨਾਮ ਦੀ ਵਡਿਆਈ ਮਿਲੇ।

**ਗਉੜੀ ਗੁਆਰੇਰੀ ਮਹਲਾ ੫ ॥**

**ਜੀਅ ਜੁਗਤਿ ਜਾਕੈ ਹੈ ਹਾਥ ॥ ਸੋ ਸਿਮਰਹੁ ਅਨਾਥ ਕੋ ਨਾਥੁ ॥ ਪ੍ਰਭ ਚਿਤਿ ਆਏ ਸਭੁ ਦੁਖੁ ਜਾਇ ॥ ਭੈ ਸਭ ਬਿਨਸਹਿ ਹਰਿਕੈ ਨਾਇ ॥ ੧ ॥**

ਜਿਸ ਦੇ ਹੱਥ ਵਿੱਚ ਜੀਆਂ ਦੀ ਜੁਗਤੀ ਹੈ, ਜੋਹੜਾ ਗਰੀਬਾਂ ਯਤੀਮਾਂ ਦਾ ਮਾਲਕ ਹੈ, ਉਸ ਨੂੰ ਯਾਦ ਕਰੋ। ਉਸ ਮਾਲਕ ਦੇ ਚਿਤ ਆਉਣ ਨਾਲ ਸਾਰੇ ਦੁਖ ਚਲੇ ਜਾਂਦੇ ਹਨ, ਪਰਮੇਸ਼ਰ ਦਾ ਨਾਮ ਯਾਦ ਕਰਨ ਨਾਲ ਸਾਰੇ ਡਰ ਦੂਰ ਹੋ ਜਾਂਦੇ ਹਨ।

**ਬਿਨੁ ਹਰਿ ਭਉ ਕਾਹੇ ਕਾ ਮਾਨਹਿ ॥ ਹਰਿ ਬਿਸਰਤ ਕਾਹੇ ਸੁਖੁ ਜਾਨਹਿ ॥ ੧ ॥ ਰਹਾਉ ॥**

ਹੇ ਭਰਾ ਪਰਮੇਸ਼ਰ ਤੋਂ ਬਿਨਾ ਕਿਸ ਦਾ ਡਰ ਮੰਨਦਾ ਹੈਂ, ਪਰਮੇਸ਼ਰ ਦੇ ਭੁੱਲ ਜਾਣ ਨਾਲ ਕਿਉਂ ਸੁਖ ਜਾਣਦਾ ਹੈਂ।

**ਜਿਨਿ ਧਾਰੇ ਬਹੁ ਧਰਣਿ ਅਗਾਸ ॥ ਜਾਕੀ ਜੋਤਿ ਜੀਅ ਪਰਗਾਸ ॥ ਜਾਕੀ ਬਖਸ ਨ ਮੇਟੈ ਕੋਇ ॥ ਸਿਮਰਿ ਸਿਮਰਿ ਪ੍ਰਭੁ ਨਿਰਭਉ ਹੋਇ ॥ ੨ ॥**

ਜਿਸ ਨੇ ਬਹੁਤ ਧਰਤੀ ਅਕਾਸ਼ ਧਾਰਨ ਕੀਤੇ ਹਨ, ਭਾਵ ਆਪਣੇ ਆਸਰੇ ਰੱਖੇ ਹੋਏ ਹਨ। ਜਿਸ ਦੀ ਜੋਤਿ ਦਾ ਸਾਰਿਆਂ ਜੀਵਾਂ ਦੇ

Digitized by Panjab Digital Library | www.panjabdigilib.org

ਅੰਦਰ ਚਾਨਣਾ ਹੋਇਆ ਹੋਇਆ ਹੈ, ਭਾਵ ਹਰ ਇੱਕ ਇੰਦ੍ਰੇ ਉਸ ਦੀ ਕਿਰਪਾ ਨਾਲ ਕੰਮ ਕਰਦੇ ਹਨ। ਜਿਸ ਦੀ ਬਖਸ਼ਸ਼ ਕੋਈ ਮੇਟ ਨਹੀਂ ਸੱਕਦਾ ਹੈ, ਉਸ ਮਾਲਕ ਨੂੰ ਸਦਾ ਯਾਦ ਕਰਕੇ ਨਿਰਭੌ ਹੋਈਦਾ ਹੈ।

**ਆਠ ਪਹਰ ਸਿਮਰਹੁ ਪ੍ਰਭ ਨਾਮੁ ॥ ਅਨਿਕ ਤੀਰਥ ਮਜਨੁ ਇਸਨਾਨੁ ॥ ਪਾਰਬ੍ਰਹਮ ਕੀ ਸਰਣੀ ਪਾਹਿ॥ ਕੋਟਿ ਕਲੰਕ ਖਿਨ ਮਹਿ ਮਿਟਿ ਜਾਹਿ ॥ ੩ ॥**

ਇਸ ਲਈ ਉਸ ਮਾਲਕ ਦਾ ਨਾਮ ਅੱਠ ਪਹਿਰ ਯਾਦ ਕਰੋ,ਅਨੇਕ ਤੀਰਥਾਂ ਦੇ ਪੁਰਬਾਂ ਦੇ ਇਸ਼ਨਾਨ ਦਾ ਫਲ ਹੋਵੇਗਾ।

ਜੇਹੜੇ ਪਰਮੇਸ਼ਰ ਦੀ ਸ਼ਰਨ ਵਿੱਚ ਪਏ ਹਨ, ਓਹਨਾਂ ਦੇ ਕ੍ਰੋੜਾਂ ਹੀ ਕਲੰਕ ਛਿਨ ਵਿੱਚ ਦੂਰ ਹੋ ਜਾਂਦੇ ਹਨ।

**ਬੇਮੁਹਤਾਜੁ ਪੂਰਾ ਪਾਤਿਸਾਹੁ ॥ ਪ੍ਰਭ ਸੇਵਕ ਸਾਚਾ ਵੇਸਾਹੁ ॥ ਗੁਰਿ ਪੂਰੈ ਰਾਖੇ ਦੇ ਹਾਥ ॥ ਨਾਨਕ ਪਾਰਬ੍ਰਹਮ ਸਮਰਾਥ ॥ ੪ ॥ ੨੬ ॥ ੯੫ ॥**

ਓਹ ਪੂਰਾ ਪਾਤਸ਼ਾਹ ਬੇਮੁਹਤਾਜ ਹੈ,ਮਾਲਕ ਦੇ ਦਾਸਨੂੰ ਸੱਚਾ ਭਰੋਸਾ ਹੈ, ਪੂਰੇ ਗੁਰੂ ਨੇ ਹੱਥ ਦੇਕੇ ਰੱਖੇ ਹਨ, ਭਾਵ ਪਰਮੇਸ਼ਰ ਦੇ ਨਾਲ ਮੇਲ ਦਿੱਤੇ ਹਨ, ਕਿਸ ਦੇ ਨਾਲ ਮੇਲੇ ਹਨ ? ਗੁਰੂ ਜੀ–ਜੇਹੜਾ ਪਾਰਬ੍ਰਹਮ ਸਾਰੀਆਂ ਸ਼ਕਤੀਆਂ ਵਾਲਾ ਹੈ।

## ਗਉੜੀ ਗੁਆਰੇਰੀ ਮਹਲਾ ੫ ॥

**ਗੁਰਪ੍ਰਸਾਦਿ ਨਾਮਿ ਮਨੁ ਲਾਗਾ ॥ ਜਨਮ ਜਨਮ ਕਾ ਸੋਇਆ ਜਾਗਾ ॥ ਅੰਮ੍ਰਿਤ ਗੁਣ ਉਚਰੈ ਪ੍ਰਭ ਬਾਣੀ ॥ ਪੂਰੇ ਗੁਰ ਕੀ ਸੁਮਤਿ ਪਰਾਣੀ ॥ ੧ ॥**

ਪਰਾਣੀ = ਪਛਾਣੀ ਹੈ ॥

ਜਦੋਂ ਗੁਰਾਂ ਦੀ ਕਿਰਪਾ ਨਾਲ ਨਾਮ ਜਪਣ ਵਿੱਚ ਮਨ ਲੱਗ ਗਿਆ। ਤਾਂ ਅਵਿਦਯਾ ਨੀਂਦ ਤੋਂ ਜਨਮ ਜਨਮ ਦਾ ਸੁੱਤਾ ਹੋਇਆ ਮਨ ਜਾਗ ਪਿਆ। ਬਾਣੀ ਕਰਕੇ ਮਾਲਕ ਦੇ ਅੰਮ੍ਰਿਤ ਗੁਣ ਉਚਾਰਨ ਕਰਦੇ ਹਨ, ਜਦੋਂ ਤੋਂ ਪੂਰਿਆਂ ਗੁਰਾਂ ਦੀ ਸਿੱਖਿਆ ਪਛਾਣੀ ਹੈ, ਓਦੋਂ ਤੋਂ ਗੁਣ ਉਚਾਰਦੇ ਹਨ ॥

**ਪ੍ਰਭ ਸਿਮਰਤ ਕੁਸਲ ਸਭਿ ਪਾਏ ॥ ਘਰਿ ਬਾਹਰਿ**

Digitized by Panjab Digital Library | www.panjabdigilib.org

**ਸਖ ਸਹਜ ਸਬਾਏ ॥ ੧ ॥ ਰਹਾਉ ॥**

ਮਾਲਕ ਨੂੰ ਯਾਦ ਕਰਕੇ ਸਭ ਸੁਖ ਪਾਏ ਹਨ, ਸਬਾਏ = ਸਾਰੇ। ਸੁਖ ਘਰ ਬਾਹਰ ਸੁਭਾਵਕ ਹੀ ਆ ਮਿਲੇ ਹਨ।

**ਸੋਈ ਪਛਾਤਾ ਜਿਨਹਿ ਉਪਾਇਆ ॥ ਕਰਿ ਕਿਰਪਾ ਪ੍ਰਭਿ ਆਪਿ ਮਿਲਾਇਆ ॥ ਬਾਹ ਪਕਰਿ ਲੀਨੋ ਕਰਿ ਅਪਨਾ ॥ ਹਰਿ ਹਰਿ ਕਥਾ ਸਦਾ ਜਪੁ ਜਪਨਾ ॥ ੨ ॥**

ਜਿਸ ਨੇ ਜੀਵ ਨੂੰ ਪੈਦਾ ਕੀਤਾ ਹੈ, ਉਸ ਨੂੰ ਪਛਾਣ ਲਿਆ ਹੈ, ਕਿਰਪਾ ਕਰਕੇ ਮਾਲਕ ਨੇ ਆਪਣੇ ਨਾਲ ਮਿਲਾ ਲਿਆ ਹੈ।

ਬਾਂਹ ਫੜਕੇ ਆਪਣਾ ਦਾਸ ਕਰ ਲਿਆ ਹੈ, ਇਸ ਲਈ ਪਰਮੇਸ਼ਰ ਦੀ ਕਥਾ ਕਹਿੰਦਾ ਸੁਣਦਾ ਹਾਂ ਅਤੇ ਸਦਾ ਪਰਮੇਸ਼ਰ ਦੇ ਜਾਪ ਦਾ ਜਪਣਾ ਕਰਦਾ ਹਾਂ।

**ਮੰਤ੍ਰੁ ਤੰਤ੍ਰੁ ਅਉਖਧੁ ਪੁਨਹ ਚਾਰੁ ॥ ਹਰਿ ਹਰਿ ਨਾਮੁ ਜੀਅ ਪ੍ਰਾਨ ਅਧਾਰੁ ॥ ਸਾਚਾ ਧਨੁ ਪਾਇਓ ਹਰਿ ਰੰਗਿ ॥ ਦੁਤਰੁ ਤਰੇ ਸਾਧ ਕੈ ਸੰਗਿ ॥ ੩ ॥**

ਮੰਤ੍ਰ ਸਿਖਣਾ ਕੋਈ ਤੰਤ੍ਰ ਲਿਖਕੇ ਕਰਨਾ ਰੋਗ ਨੂੰ ਦੂਰ ਕਰਨ ਦੀ ਦਵਾਈ ਅਤੇ ਪਾਪਾਂ ਨੂੰ ਦੂਰ ਕਰਨ ਦਾ ਉਪਾ ਭਾਵ ਗੰਗਾ ਆਦਿਕ ਤੇ ਨ੍ਹਾਉਣਾ ਸੋ ਸਾਰੇ ਇਹ ਕਰ ਲਏ ਹਨ, ਜੇਹੜਾ ਹਰਿ ਹਰਿ ਨਾਮ ਰਿਦੇ ਵਿੱਚ ਪ੍ਰਾਣਾਂ ਦਾ ਆਸਰਾ ਕਰ ਲਿਆ ਹੈ। ਜੇਹੜਾ ਸੱਚਾ ਧਨ ਗਿਆਨ ਹੈ, ਓਹ ਪ੍ਰਮੇਸ਼ਰ ਵਿੱਚ ਪ੍ਰੇਮ ਕਰਕੇ ਪਾਇਆ ਹੈ। ਜਿਸ ਸੰਸਾਰ ਦਾ ਤਰਨਾ ਗਿਆਨ ਤੋਂ ਬਿਨਾ ਬੜਾ ਔਖਾ ਹੈ, ਉਸਨੂੰ ਸਾਧੂਆਂ ਦੇ ਸੰਗ ਕਰਕੇ ਤਰ ਲਿਆ ਹੈ।

**ਸੁਖਿ ਬੈਸਹੁ ਸੰਤ ਸਜਨ ਪਰਵਾਰੁ ॥ ਹਰਿ ਧਨੁ ਖਟਿਓ ਜਾ ਕਾ ਨਾਹਿ ਸੁਮਾਰੁ ॥ ਜਿਸਹਿ ਪਰਾਪਤਿ ਤਿਸੁ ਗੁਰੁ ਦੇਇ ॥ ਨਾਨਕ ਬਿਰਥਾ ਕੋਇ ਨ ਹੋਇ ॥ ੪ ॥ ੨੭ ॥ ੯੬ ॥**

ਜੇਹੜੇ ਸੰਤ ਸੱਜਣ ਹਨ, ਓਹਨਾਂ ਦੇ ਨਾਲ ਮਿਲਕੇ ਪਰਵਾਰ ਦੇ ਸਹਿਤ ਸੁਖ ਆਰਾਮ ਨਾਲ ਬੈਠ ਜਾਓ ਜਾਂ ਬੈਠੇ ਹਾਂ ਜਿਸ ਦਾ ਅੰਤ ਨਹੀਂ ਹੈ ਓਹ ਹਰੀ ਧਨ ਖੱਟ ਲਿਆ ਹੈ, ਪਰ ਜਿਸ ਨੂੰ ਮਿਲਨ ਦਾ ਲੇਖ ਲਿਖਿਆ ਹੈ ਉਸ ਨੂੰ ਹਰੀ ਧਨ ਗੁਰੂ ਜੀ ਦੇਂਦੇ ਹਨ। ਗੁਰੂ ਜੀ–ਹੇ ਭਰਾ ਗੁਰੂ ਦੇ ਬੂਹੇ ਤੋਂ ਖਾਲੀ ਕੋਈ ਨਹੀ ਜਾਂਦਾ ਹੈ।

Digitized by Panjab Digital Library | www.panjabdigilib.org

ਗਉੜੀ ਗੁਆਰੇਰੀ ਮਹਲਾ ੫ ॥

ਹਸਤ ਪੁਨੀਤ ਹੋਹਿ ਤਤਕਾਲ ॥ ਬਿਨਸਿ ਜਾਇ ਮਾਇਆ ਜੰਜਾਲ ॥ ਰਸਨਾ ਰਮਹੁ ਰਾਮ ਗੁਣ ਨੀਤ ॥ ਸੁਖੁ ਪਾਵਹੁ ਮੇਰੇ ਭਾਈ ਮੀਤ ॥ ੧ ॥

ਛੇਤੀ ਨਾਲ ਹੱਥ ਪਵਿੱਤ੍ਰ ਹੋਣਗੇ, ਮਾਇਆ ਦੇ ਜੰਜਾਲ ਬੰਧਨ ਟੁੱਟ ਜਾਣਗੇ। ਹੇ ਭਰਾਓ ਮਿੱਤ੍ਰੋ! ਜ਼ਬਾਨ ਨਾਲ ਰੋਜ਼ ਰਾਮ ਦੇ ਗੁਣ ਜਪੋ, ਤੁਸੀਂ ਸੁਖ ਪਾਓਗੇ।

ਲਿਖੁ ਲੇਖਣਿ ਕਾਗਦਿ ਮਸਵਾਣੀ ॥ ਰਾਮ ਨਾਮ ਹਰਿ ਅੰਮ੍ਰਿਤ ਬਾਣੀ ॥ ੧ ॥ ਰਹਾਉ ॥

ਹੇ ਭਰਾਓ ਮਸਵਾਣੀ = ਦੁਾਤ ਅਤੇ ਕਲਮ ਨਾਲ ਕਾਗਜ਼ ਉਤੇ ਜੇਹੜੀ ਪ੍ਰਮੇਸ਼ਰ ਦੀ ਰਾਮ ਨਾਮ ਰੂਪ ਅੰਮ੍ਰਿਤ ਬਾਣੀ ਹੈ, ਉਸਨੂੰ ਲਿਖੋ।

ਇਹ ਕਾਰਜਿ ਤੇਰੇ ਜਾਹਿ ਬਿਕਾਰ ॥ ਸਿਮਰਤ ਰਾਮ ਨਾਹੀ ਜਮ ਮਾਰ ॥ ਧਰਮਰਾਇ ਕੇ ਦੂਤ ਨ ਜੋਹੈ ॥ ਮਾਇਆ ਮਗਨ ਨ ਕਛੂਆ ਮੋਹੈ ॥ ੨ ॥

ਇਹ ਕੰਮ ਕਰਨ ਨਾਲ ਭਾਵ ਨਾਮ ਜਪਣ ਨਾਲ ਤੇਰੇ ਸਾਰੇ ਵਿਕਾਰ ਚਲੇ ਜਾਣਗੇ। ਪ੍ਰਮੇਸ਼ਰ ਨੂੰ ਯਾਦ ਕਰਨ ਨਾਲ ਜਮ ਦੀ ਮਾਰ ਨਹੀਂ ਹੋਵੇਗੀ, ਤੈਨੂੰ ਧਰਮਰਾਜ ਦੇ ਦੂਤ ਦੇਖ ਨਹੀਂ ਸੱਕਣਗੇ,ਮਾਇਆ ਦੀ ਮਸਤੀ ਕੁਛ ਮੋਹ ਨਹੀਂ ਸੱਕੇਗੀ।

ਉਧਰਹਿ ਆਪਿ ਤਰੈ ਸੰਸਾਰੁ ॥ ਰਾਮ ਨਾਮ ਜਪਿ ਏਕੰਕਾਰੁ ॥ ਆਪਿ ਕਮਾਉ ਅਵਰਾ ਉਪਦੇਸ ॥ ਰਾਮ ਨਾਮ ਹਿਰਦੈ ਪਰਵੇਸ ॥ ੩ ॥

ਹੇ ਭਰਾ ਜੇਹੜੇ ਏਕੰਕਾਰ ਦੇ ਨਾਮ ਨੂੰ ਜਪਣ ਵਾਲੇ ਹਨ, ਓਹ ਆਪ ਤੇ ਸੰਸਾਰ ਤੋਂ ਤਰ ਗਏ ਹਨ ਅਤੇ ਹੋਰਨਾਂ ਨੂੰ ਵੀ ਤਾਰ ਲੈਣਗੇ।

ਇਸ ਲਈ ਰਾਮ ਨਾਮ ਦਿਲ ਵਿੱਚ ਪ੍ਰਵੇਸ਼ ਕਰਕੇ ਆਪ ਕਮਾਓ ਅਤੇ ਹੋਰਨਾਂ ਨੂੰ ਉਪਦੇਸ਼ ਕਰੋ।

ਜਾ ਕੈ ਮਾਥੈ ਏਹੁ ਨਿਧਾਨੁ ॥ ਸੋਈ ਪੁਰਖੁ ਜਪੈ ਭਗਵਾਨੁ ॥ ਆਠ ਪਹਰ ਹਰਿ ਹਰਿ ਗੁਣ ਗਾਉ ॥ ਕਹੁ

Digitized by Panjab Digital Library | www.panjabdigilib.org

**ਨਾਨਕ ਹਉ ਤਿਸੁ ਬਲਿ ਜਾਉ ॥ ੪ ॥ ੨੮ ॥ ੯੭ ॥**

ਪਰ ਜਿਸ ਦੇ ਮੱਥੇ ਉਤੇ ਇਹ ਨਾਮ ਦਾ ਖਜ਼ਾਨਾ ਮਿਲਨਾ ਲਿਖਿਆ ਹੋਇਆ ਹੈ। ਓਹ ਆਦਮੀ ਭਗਵਾਨ ਦੇ ਨਾਮ ਨੂੰ ਜਪਦਾ ਹੈ।

ਜੇਹੜੇ ਆਦਮੀ ਅੱਠੇ ਪਹਿਰ ਪ੍ਰਮੇਸ਼ਰ ਦੇ ਗੁਣ ਗਾਉਂਦੇ ਹਨ, ਗੁਰੂ ਜੀ–ਮੈਂ ਓਹਨਾਂ ਤੋਂ ਬਲਿਹਾਰ ਜਾਂਦਾ ਹਾਂ।

## ਰਾਗੁ ਗਉੜੀ ਗੁਆਰੇਰੀ ਮਹਲਾ ੫ ਚਉਪਦੇ ਦੁਪਦੇ

**੧ ਓ ਸਤਿਗੁਰਪ੍ਰਸਾਦਿ ॥ ਜੋ ਪਰਾਇਓ ਸੋਈ ਅਪਨਾ ॥ ਜੋ ਤਜਿ ਛੋਡਨ ਤਿਸੁ ਸਿਉ ਮਨੁ ਰਚਨਾ ॥ ੧ ॥**

ਇਸ ਮੂਰਖ ਆਦਮੀ ਨੇ ਜੇਹੜਾ ਸਰੀਰ ਪਰਾਇਆ ਹੈ, ਉਸ ਨੂੰ ਆਪਣਾ ਜਾਣਿਆ ਹੈ ਭਾਵ ਕਾਵਾਂ ਕੁੱਤਿਆਂ ਨੇ ਖਾ ਜਾਣਾ ਹੈ,ਰਾਜਾ ਆਦਕ ਇਸ ਨੂੰ ਡੰਨ ਲਾਉਂਦੇ ਹਨ,ਜੇਹੜਾ ੨ ਟੱਬਰ ਜਾਂ ਪਦਾਰਥ ਛੱਡ ਦੇਣਾ ਹੈ, ਉਸ ਨੂੰ ਆਦਮੀ ਆਪਣੇ ਮਨ ਦੇ ਨਾਲ ਰਚਣਾ ਭਾਵ ਲਾਉਣਾ ਕੀਤਾ ਹੈ ਭਾਵ ਮਨ ਲਾਇਆ ਹੈ।

**ਕਹਹੁ ਗੁਸਾਈ ਮਿਲੀਐ ਕੇਹ ॥ ਜੋ ਬਿਬਰਜਤ ਤਿਸ ਸਿਉ ਨੇਹ ॥ ੧ ॥ ਰਹਾਉ ॥**

ਹੇ ਭਰਾ ਦੱਸ ਖਾਂ ਉਸ ਪ੍ਰਮੇਸ਼ਰ ਨੂੰ ਕਿਸ ਤਰਾਂ ਮਿਲੀਏ ਜਿਸ ਕੰਮ ਤੋਂ ਗੁਰਾਂ ਨੇ ਰੋਕਿਆ ਹੈ, ਉਸ ਨਾਲ ਆਦਮੀ ਪ੍ਰੇਮ ਪ੍ਰੀਤੀ ਕਰਦਾ ਹੈ।

**ਝੂਠੁ ਬਾਤ ਸਾ ਸਚੁ ਕਰਿ ਜਾਤੀ ॥ ਸਤਿ ਹੋਵਨੁ ਮਨਿ ਲਗੈ ਨ ਰਾਤੀ ॥ ੨ ॥**

ਜੇਹੜੀ ਜੀਉਂਣ ਦੀ ਗੱਲ ਝੂਠੀ ਹੈ,ਓਹ ਸੱਚੀ ਕਰਕੇ ਜਾਣੀਹੈ।ਜੇਹੜਾ ਠੀਕ ਇਕ ਦਿਨ ਮਰਨਾ ਹੋਵੇਗਾ,ਓਹ ਮਨਵਿਚਰਤਾਜਿੰਨਾਂਵੀ।ਨਹੀਂਲੱਗਦਾ ਹੈ।

**ਬਾਵੈ ਮਾਰਗੁ ਟੇਢਾ ਚਲਨਾ ॥ ਸੀਧਾ ਛੋਡਿ ਅਪੂਠਾ ਬੁਨਨਾ ॥ ੩ ॥**

ਜੇਹੜਾ ਵਿੰਗਾ ਰਸਤਾ ਹੈ "ਬਾਮੀਆਂ ਦਾ ਰਸਤਾ ਸ਼ਰਾਬ" ਪੀਣੀ, ਪਰ ਇਸਤ੍ਰੀ ਗਮਨ ਜਾਂ ਜੇਹੜਾ ਪ੍ਰਮੇਸਰ ਤੋਂ ਬੇਮੁਖ ਹੋਂਦਾ ਹੈ, ਇੱਕੁਰ ਦੇ ਰਸ-ਤਿਆਂ ਵਿਚ ਟੇਢਾ = ਵਿੰਗਾ ਆਦਮੀ ਚਲਣਾ ਕਰਦਾ ਹੈ ਭਾਵ ਤੁਰਦਾ ਹੈ। ਸਿੱਧਾ ਛੱਡਕੇ ਪੁੱਠਾ ਉਲਟਾ ਹੈ ਭਾਵ ਚੰਗਿਆਂ ਕਰਮਾਂ ਨੂੰ ਛੱਡਕੇ

Digitized by Panjab Digital Library | www.panjabdigilib.org

ਬੁਰਿਆਂ ਕੰਮਾਂ ਵੱਲ ਜਾਂਦਾ ਹੈ।

**ਦੁਹਾ ਸਿਰਿਆ ਕਾ ਖਸਮੁ ਪ੍ਰਭੁ ਸੋਈ॥ ਜਿਸੁ ਮੇਲੇ ਨਾਨਕ ਸੋ ਮੁਕਤਾ ਹੋਈ॥ ੪॥ ੨੯॥ ੯੮॥**

ਹੇ ਭਰਾ ਦੋਹਾਂ ਪਾਸਿਆਂ ਲੋਕ ਪ੍ਰਲੋਕ ਜਾਂ ਗੁਰਮੁਖਾਂ ਮਨਮੁਖਾਂਦਾ ਓਹ ਆਪੇ ਹੀ ਮਾਲਕ ਹੈ। ਗੁਰੂ ਜੀ–ਜਿਸਨੂੰ ਕਿਰਪਾ ਕਰਕੇ ਆਪਣੇ ਨਾਲ ਮੇਲਦੇ ਹਨ, ਓਹ ਆਦਮੀ ਮੁਕਤਾ ਹੁੰਦਾ ਹੈ।

## ਗਉੜੀ ਗੁਆਰੇਰੀ ਮਹਲਾ ੫ ॥

**ਕਲਿਜੁਗ ਮਹਿ ਮਿਲਿ ਆਏ ਸੰਜੋਗ॥ ਜਿਚਰੁ ਆਗਿਆ ਤਿਚਰੁ ਭੋਗਹਿ ਭੋਗ॥ ੧॥**

"ਸਤੀ ਪ੍ਰਥਾਇ ਉਪਦੇਸ਼ ਹੈ"

ਕਲਜੁਗ ਭਾਵ ਸਾਰਿਆਂ ਚਹੁਆਂ ਹੀ ਜੁੱਗਾਂ ਵਿਚ ਜੀਵ ਕਰਮਾਂ ਦੇ ਸੰਜੋਗ ਕਰਕੇ ਆਨ ਮਿਲੇ ਹਨ। ਜਿੰਨਾਂ ਚਿਰ ਪ੍ਰਮੇਸਰ ਦੀ ਆਗਿਆ ਹੈ,ਓਨਾਂ ਚਿਰ ਏਥੇ ਭੋਗ ਭੋਗਦੇ ਹਨ ਭਾਵ ਸੁਖ ਨਾਲ ਰਹਿੰਦੇ ਪਦਾਰਥ ਖਾਂਦੇ ਹਨ।

**ਜਲੈ ਨ ਪਾਈਐ ਰਾਮ ਸਨੇਹੀ॥ ਕਿਰਤਿ ਸੰਜੋਗਿ ਸਤੀ ਉਠਿ ਹੋਈ॥ ੧॥ ਰਹਾਉ॥**

ਸੜਨ ਨਾਲ ਪਿਆਰੇ ਵਾਹਿਗੁਰੂ ਨੂੰ ਨਹੀਂ ਪਾਈਦਾ ਹੈ, ਕਰਮਾਂ ਦੇ ਸੰਬੰਧ ਕਰਕੇ ਉਠਕੇ ਸਤੀ ਹੋਈ ਹੈ ਭਾਵ ਉਸਦੇ ਕਰਮਾਂ ਵਿਚ ਸੜਨਾ ਹੀ ਲਿਖਿਆ ਹੋਇਆ ਹੈ।

**ਦੇਖਾ ਦੇਖੀ ਮਨਹਠਿ ਜਲਿ ਜਾਈਐ॥ ਪ੍ਰਿਅ ਸੰਗੁ ਨ ਪਾਵੈ ਬਹੁ ਜੋਨਿ ਭਵਾਈਐ॥ ੨॥**

ਹੋਰਾਂ ਨੂੰ ਵੇਖ ਵੇਖਕੇ ਮਨ ਦੇ ਹਠ ਕਰਕੇ ਸੜ ਜਾਂਦੀਆਂ ਹਨ। ਹੋਰ ਕਿਤੇ ਲਿਖਿਆ ਹੋਇਆ ਨਹੀਂ ਹੈ। ਕਈ ਪਖੰਡੀ ਸਾਧ ਵੀ ਬਹੁਤ ਧੂਣੀਆਂ ਤਪਾਕੇ ਸਰੀਰ ਨੂੰ ਦੁਖ ਦੇਂਦੇ ਹਨ। ਓਹਨਾਂ ਦਾ ਵੀ ਦੇਖਾ ਦੇਖੀ ਇਹ ਕਰਮ ਲਿਖਿਆ ਹੋਇਆ ਹੈ। ਇੱਕੁਰ ਹੀ ਪ੍ਰੇਮ ਤੋਂ ਰਹਿਤ ਖਰਾਬ ਇਸਤ੍ਰੀਆਂ ਦਾ ਹਾਲ ਹੈ।

ਓਹ ਪਤੀ ਦਾ ਸੰਗ ਨਹੀਂ ਪਾਉਂਦੀਆਂ ਹਨ, ਸਗੋਂ ਬਹੁਤੀਆਂ ਜੂਨੀਆਂ ਵਿਚ ਭਰਮਾਈਆਂ ਜਾਂਦੀਆਂ ਹਨ,ਇੱਕੁਰ ਹੀ ਪਖੰਡੀ ਪ੍ਰਮੇਸਰ ਨੂੰ ਨਹੀਂ ਮਿਲਦਾ ਹੈ,ਸਗੋਂ ਦੁਖ ਪਾਉਂਦਾ ਹੈ।

Digitized by Panjab Digital Library | www.panjabdigilib.org

**ਸੀਲ ਸੰਜਮਿ ਪ੍ਰਿਅ ਆਗਿਆ ਮਾਨੈ ॥ ਤਿਸੁ ਨਾਰੀ ਕਉ ਦੁਖੁ ਨ ਜਮਾਨੈ ॥ ੩ ॥**

ਸੀਤਲ ਸੁਭਾ ਬਣਾਵੇ,ਇੰਦ੍ਰੀਆਂ ਨੂੰ ਰੋਕਣਾ ਕਰੇ,ਪਤੀ ਦੀ ਆਗਿਆ ਮੰਨੇ,ਉਸ ਜੀਵ ਇਸਤ੍ਰੀ ਨੂੰ ਕਿਸੇ ਵੀ ਸਮੇਂ ਵਿਚ ਦੁਖ ਨਹੀਂ ਹੁੰਦਾ ਹੈ ਜਾਂ ਜਮਾਂ ਦਾ ਦੁਖ ਨਹੀਂ ਹੁੰਦਾ ਹੈ।

**ਕਹੁ ਨਾਨਕ ਜਿਨਿ ਪ੍ਰਿਉ ਪ੍ਰਮੇਸਰੁ ਕਰਿ ਜਾਨਿਆ॥ ਧੰਨੁ ਸਤੀ ਦਰਗਹ ਪਰਵਾਨਿਆ ॥ ੪ ॥ ੩੦ ॥ ੯੯ ॥**

ਗੁਰੂ ਜੀ--ਜਿਸ ਜੀਵ ਰੂਪ ਇਸਤ੍ਰੀ ਨੇ ਪਤੀ ਨੂੰ ਪ੍ਰਮੇਸਰ ਕਰਕੇ ਜਾਣਿਆਂ ਹੈ। ਓਹ ਸਤੀ ਰੂਪ ਸੱਚਾ ਆਦਮੀ ਧੰਨ ਹੈ ਅਤੇ ਪ੍ਰਲੋਕ ਵਿਚ ਪਰਵਾਨ ਹੈ।

**ਗਉੜੀ ਗੁਆਰੇਰੀ ਮਹਲਾ ੫ ॥**

**ਹਮ ਧਨਵੰਤ ਭਾਗਠ ਸਚ ਨਾਇ ॥ ਹਰਿ ਗੁਣ ਗਾਵਹ ਸਹਜਿ ਸੁਭਾਇ ॥ ੧ ॥ ਰਹਾਉ ॥**

ਭਾਗਠ = ਸ਼ਾਹੂਕਾਰ ਜਾਂ ਭਾਗਾਂ ਵਾਲੇ ॥ ਅਸੀ ਸੱਚੇ ਨਾਮ ਧਨ ਕਰਕੇ ਸ਼ਾਹੂਕਾਰ ਹਾਂ। ਸਹਿਜ ਸੁਭਾਵਕ ਹੀ ਪ੍ਰਮੇਸਰ ਦੇ ਗੁਣ ਗੌਂਦੇ ਹਾਂ,ਇਹ ਵਣਜ ਕਰਦੇ ਹਾਂ।

**ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ ॥ ਤਾ ਮੇਰੈ ਮਨਿ ਭਇਆ ਨਿਧਾਨਾ ॥ ੧ ॥**

ਗੁਰੂ ਰਾਮਦਾਸ ਜੀ ਪਿਤਾ ਅਤੇ ਗੁਰੂ ਅਮਰ ਦਾਸ ਜੀ ਦਾਦੇ ਦਾ ਭਗਤੀ ਰੂਪ ਜਾਂ ਜੇਹੜੇ ਗੁਰੂ ਦੀ ਬਾਣੀ ਦੇ ਪੁਸਤਕ ਮੋਹਨ ਜੀ ਦੇ ਪਾਸ ਗੋਇੰਦਵਾਲ ਵਿਚ ਸੀ, ਸੋ ਓਹ ਜਦੋਂ ਖੋਲ੍ਹਕੇ ਭਾਵ ਵਿਚਾਰਕੇ ਵੇਖੇ ਹਨ ਤਾਂ ਮਨ ਗੁਣਾਂ ਦਾ ਖਜ਼ਾਨਾ ਹੋ ਗਿਆ ਹੈ ਜਾਂ ਬਹੁਤ ਹੀ ਸੁਖ ਪਾਇਆ ਹੈ।

**ਰਤਨ ਲਾਲ ਜਾਕਾ ਕਛੂ ਨ ਮੋਲੁ ॥ ਭਰੇ ਭੰਡਾਰ ਅਖੂਟ ਅਤੋਲ ॥ ੨ ॥**

ਪ੍ਰੇਮ ਵਿਰਾਗ ਰਤਨ ਲਾਲ ਹਨ, ਜਿਨ੍ਹਾਂ ਦਾ ਕੁਛ ਵੀ ਮੁਲ ਨਹੀਂ ਹੈ, ਇੱਕੁਰ ਦੇ ਗੁਣਾਂ ਦੇ ਬਾਣੀ ਰੂਪ ਖਜ਼ਾਨੇ ਦੇ ਭਰੇ ਹਨ ਕਿ ਓਹ ਮੁਕਦੇ ਨਹੀਂ ਹਨ, ਤੋਲੇ ਮਿਣੇ ਨਹੀਂ ਜਾਂਦੇ ਹਨ, ਹੇ ਭਰਾ ਸਾਧ ਸੰਗਤ ਨਾਲ ਰਲ ਮਿਲਕੇ ਖਰਚਦੇ ਖਾਂਦੇ ਹਾਂ ਭਾਵ ਨਾਮ ਜਪਦੇ ਜਪਾਉਂਦੇ ਹਾਂ।

Digitized by Panjab Digital Library | www.panjabdigilib.org

**ਖਾਵਹਿ ਖਰਚਹਿ ਰਲਿ ਮਿਲਿ ਭਾਈ ॥ ਤੋਟਿ ਨ ਆਵੈ ਵਧਦੋ ਜਾਈ ॥ ੩ ॥**

ਉਸ ਖਜ਼ਾਨੇ ਦੀ ਟੋਟ ਨਹੀਂ ਆਉਂਦੀ ਸਗੋਂ ਵਧਾ ਹੁੰਦਾ ਜਾਂਦਾ ਹੈ।

**ਕਹੁ ਨਾਨਕ ਜਿਸੁ ਮਸਤਕਿ ਲੇਖੁ ਲਿਖਾਇ ॥ ਸੋ ਏਤੁ ਖਜਾਨੈ ਲਇਆ ਰਲਾਇ ॥ ੪ ॥ ੩੧ ॥ ੧੦੦॥**

ਗੁਰੂ ਜੀ-ਜਿਸਨੇ ਆਪਣੇ ਮੱਥੇ ਉਤੇ ਚੰਗਾ ਲੇਖ ਲਿਖਾਇਆ ਹੈ ਭਾਵ ਜਿਸਨੇ ਪਹਿਲੇ ਬੜੇ ਭਲੇ ਕੰਮ ਕੀਤੇ ਹਨ, ਉਹ ਆਦਮੀ ਇਸ ਖਜ਼ਾਨੇ ਵਿੱਚ ਰਲਾ ਲਿਆ ਭਾਵ ਗੁਰਬਾਣੀ ਨਾਲ ਪਿਆਰ ਕਰਨ ਵਾਲਾ ਹੈ।

## ਗਉੜੀ ਮਹਲਾ ੫ ॥

**ਡਰਿ ਡਰਿ ਮਰਤੇ ਜਬ ਜਾਨੀਐ ਦੂਰਿ ॥ ਡਰੁ ਚੂਕਾ ਦੇਖਿਆ ਭਰਪੂਰਿ ॥੧ ॥**

ਜਦੋਂ ਪਰਮੇਸਰ ਨੂੰ ਦੂਰ ਜਾਣਿਆ ਸੀ ਤੇ ਤਾਂ ਡਰ ਨਾਲ ਡਰਦੇ ਮਰਦੇ ਸਾਂ। ਹੁਣ ਡਰ ਦੂਰ ਹੋਗਿਆ ਹੈ,ਕਿਉਂਕਿ ਵਾਹਿਗੁਰੂ ਨੂੰ ਸਾਰੇ ਪੂਰਨ ਵੇਖਿਆ ਹੈ।

**ਸਤਿਗੁਰ ਅਪਨੇ ਕਉ ਬਲਿਹਾਰੈ ॥ ਛੋਡਿ ਨ ਜਾਈ ਸਰਪਰ ਤਾਰੈ ॥ ੧ ॥ ਰਹਾਉ ॥**

ਮੈਂ ਆਪਣਿਆਂ ਸਤਿਗੁਰਾਂ ਤੋਂ ਬਲਿਹਾਰ ਜਾਂਦਾ ਹਾਂ। ਗੁਰੂ ਸਰਨ ਆਏ ਸਿੱਖ ਨੂੰ ਛੱਡਦਾ ਭਾਵ ਤਿਆਗਦਾ ਭਾਵ ਕਿ ਜਾਹ ਪਰੇ ਕਿਧਰੇ ਚਲਿਆ ਜਾਹ, ਇਸ ਤਰਾਂ ਨਹੀਂ ਕਰਦਾ ਹੈ ਸਗੋਂ ਜ਼ਰੂਰ ਤਾਰ ਲੈਂਦਾ ਹੈ।

**ਦੂਖੁ ਰੋਗੁ ਸੋਗੁ ਬਿਸਰੈ ਜਬ ਨਾਮੁ ॥ ਸਦਾ ਅਨੰਦੁ ਜਾ ਹਰਿ ਗੁਣ ਗਾਮੁ ॥ ੨ ॥**

ਜਦੋਂ ਨਾਮ ਭੁੱਲ ਜਾਵੇ ਤੇ ਤਾਂ ਦੁੱਖ, ਰੋਗ,ਸੋਗ ਅਨੇਕ ਆਦਮੀਆਂ ਨੂੰ ਆ ਚੰਬੜਦੇ ਹਨ। ਜਦੋਂ ਪ੍ਰਮੇਸਰ ਦੇ ਗੁਣ ਗਾਮੁ = ਗੌਂਦਾ ਹੈ ਤਾਂ ਸਦਾ ਅਨੰਦ ਨਾਲ ਰਹਿੰਦਾ ਹੈ।

**ਬੁਰਾ ਭਲਾ ਕੋਈ ਨ ਕਹੀਜੈ ॥ ਛੋਡਿ ਮਾਨੁ ਹਰਿ ਚਰਨ ਗਹੀਜੈ ॥ ੩ ॥**

ਬੁਰਾ ਭਲਾ ਕੋਈ ਕਿਸੇ ਨੂੰ ਨਾ ਆਖੇ। ਮਾਨ ਨੂੰ ਛੱਡਕੇ ਪ੍ਰਮੇਸਰ ਦੇ ਪੈਰ ਫੜ ਲਈਏ।

Digitized by Panjab Digital Library | www.panjabdigilib.org

ਕਹੁ ਨਾਨਕ ਗੁਰ ਮੰਤ੍ਰੁ ਚਿਤਾਰਿ ॥ ਸੁਖੁ ਪਾਵਹਿ ਸਾਚੈ ਦਰਬਾਰਿ ॥ ੪ ॥ ੩੨ ॥ ੧੦੧ ॥

ਗੁਰੂ ਜੀ–ਗੁਰਾਂਦਾ ਉਪਦੇਸ਼ ਲੈਕੇ ਜਦੋਂ ਵਾਹਿਗੁਰੂ ਨੂੰ ਯਾਦ ਕਰੇਂਗਾ ਤਾਂ ਤੂੰ ਸਚੇ ਦਰਬਾਰ ਵਿੱਚ ਸੁਖ ਪਾਵੇਂਗਾ ।

ਗਉੜੀ ਮਹਲਾ ੫ ॥

ਜਾ ਕਾ ਮੀਤੁ ਸਾਜਨੁ ਹੈ ਸਮੀਆ ॥ ਤਿਸੁ ਜਨ ਕਉ ਕਹੁ ਕਾ ਕੀ ਕਮੀਆ ॥ ੧ ॥

ਜਿਸਦਾ ਮਿੱਤ੍ਰ ਅਤੇ ਸੱਜਣ ਸਮੀਆ = ਮਿਲਿਆ ਹੋਇਆ ਹੈ ਭਾਵ ਪ੍ਰਮੇਸਰ ਹਰ ਥਾਂ ਹੈ,ਦੱਸ ਖਾਂ ਫਿਰ ਉਸ ਆਦਮੀਨੂੰ ਕਿਸਵਸਤੂ ਦੀ ਕਮੀ ਹੈ।

ਜਾ ਕੀ ਪ੍ਰੀਤਿ ਗੋਬਿੰਦ ਸਿਉ ਲਾਗੀ ॥ ਦੂਖੁ ਦਰਦੁ ਭ੍ਰਮੁ ਤਾ ਕਾ ਭਾਗੀ ॥ ੧ ॥ ਰਹਾਉ ॥

ਜਿਸ ਆਦਮੀ ਦੀ ਪ੍ਰੀਤੀ ਗੋਬਿੰਦ ਨਾਲ ਲੱਗੀ ਹੈ। ਉਸ ਆਦਮੀ ਦਾ ਦੁੱਖ ਦਰਦ ਭਰਮ ਗਿਆ ਹੈ ਅਤੇ ਅਵਿਦਆ ਵੀ ਦੌੜ ਗਈ ਹੈ ਜਾਂ ਉਹ ਦੁਖਾਂ ਦਾ ਭਾਗੀ ਨਹੀਂ ਹੈ ਭਾਵ ਸਦਾ ਸੁਖੀ ਹੈ।

ਜਾ ਕਉ ਰਸੁ ਹਰਿ ਰਸੁ ਹੈ ਆਇਓ ॥ ਸੋ ਅਨ ਰਸ ਨਾਹੀ ਲਪਟਾਇਓ ॥ ੨ ॥

ਜਿਸਨੂੰ ਸਾਰਿਆਂ ਰਸਾਂ ਵਿੱਚੋਂ ਪਰਮੇਸਰ ਦਾ ਰਸ ਆਇਆ ਹੈ। ਉਹ ਆਦਮੀ ਹੋਰਨਾਂ ਰਸਾਂ ਵਿੱਚ ਨਹੀਂ ਚੰਬੜਿਆ ਹੈ।

ਜਾ ਕਾ ਕਹਿਆ ਦਰਗਹ ਚਲੈ ॥ ਸੋ ਕਿਸ ਕਉ ਨਦਰਿ ਲੈ ਆਵੈ ਤਲੈ ॥ ੩ ॥

ਜਿਸ ਦਾ ਆਖਿਆ ਦਰਗਾਹ ਵਿੱਚ ਮੰਨੀਦਾ ਹੈ ਉਹ ਸੰਤ ਕਿਸ ਨੂੰ ਨਜ਼ਰ ਤਲੇ ਲਿਆਉਂਦਾ ਹੈ, ਭਾਵ ਕਿਸੇ ਨੂੰ ਨਹੀਂ ਜਾਣਦਾ ਹੈ।

ਜਾ ਕਾ ਸਭੁ ਕਿਛੁ ਤਾ ਕਾ ਹੋਇ ॥ ਨਾਨਕ ਤਾ ਕਉ ਸਦਾ ਸੁਖੁ ਹੋਇ ॥ ੪ ॥ ੩੩ ॥ ੧੦੨ ॥

ਜਿਸ ਵਾਹਿਗੁਰੂ ਦਾ ਸਭ ਕੁਛ ਕੀਤਾ ਹੋਇਆ ਹੈ, ਜੇਹੜਾ ਉਸ ਦਾ ਦਾਸ ਹੂੰਦਾ ਹੈ, ਗੁਰੂ ਜੀ–ਉਸਨੂੰ ਸਦਾ ਸੁਖ ਹੂੰਦਾ ਹੈ।

Digitized by Panjab Digital Library | www.panjabdigilib.org

ਗਉੜੀ ਮਹਲਾ ੫ ॥

ਜਾਕੈ ਦੁਖੁ ਸੁਖੁ ਸਮ ਕਰਿ ਜਾਪੈ ॥ ਤਾਕਉ ਕਾੜਾ ਕਹਾ ਬਿਆਪੈ॥ ੧ ॥

ਜਿਸਦੇ ਦਿਲ ਵਿੱਚ ਦੁਖ ਸੁਖ ਬਰਾਬਰ ਜਾਣਿਆ ਜਾਂਦਾ ਹੈ । ਉਸ ਨੂੰ ਝੋਰਾ ਕਿਥੇ ਚੰਬੜਦਾ ਹੈ।

ਸਹਜ ਅਨੰਦ ਹਰਿ ਸਾਧੂ ਮਾਹਿ ॥ ਆਗਿਅਕਾਰੀ ਹਰਿ ਹਰਿ ਰਾਇ ॥ ੧ ॥ ਰਹਾਉ ॥

ਜੇਹੜੇ ਪ੍ਰਮੇਸ਼ਰ ਪ੍ਰਕਾਸ਼ਕ ਦੀ ਆਗਿਆ ਮੰਨਣ ਵਾਲੇ ਹਨ, ਓਹਨਾਂ ਪ੍ਰਮੇਸ਼ਰ ਦੇ ਸੰਤਾਂ ਵਿੱਚ ਸਦਾ ਹੀ ਅਨੰਦ ਹੈ।

ਜਾਕੈ ਅਚਿੰਤੁ ਵਸੈ ਮਨਿ ਆਇ ॥ ਤਾਕਉ ਚਿੰਤਾ ਕਤਹੂੰ ਨਾਹਿ ॥ ੨ ॥

ਜਿਸਦੇ ਮਨ ਵਿੱਚ ਅਚਿੰਤ = ਪ੍ਰਮੇਸ਼ਰ ਆ ਵੱਸਦਾ ਹੈ, ਉਸ ਆਦਮੀ ਨੂੰ ਚਿੰਤਾ ਕਦੀ ਨਹੀਂ ਹੈ।

ਜਾਕੈ ਬਿਨਸਿਓ ਮਨ ਤੇ ਭਰਮਾ ॥ ਤਾਕੈ ਕਛੂ ਨਾਹੀ ਡਰੁ ਜਮਾ ॥ ੩ ॥

ਜਿਸਦੇ ਮਨ ਤੋਂ ਭਰਮ ਦੂਰ ਹੋ ਗਿਆ ਹੈ, ਉਸਨੂੰ ਜਮ ਦਾ ਡਰ ਕੁਛ ਨਹੀਂ ਹੈ।

ਜਾਕੈ ਹਿਰਦੈ ਦੀਓ ਗੁਰਿ ਨਾਮਾ ॥ ਕਹੁ ਨਾਨਕ ਤਾਕੈ ਸਗਲ ਨਿਧਾਨਾ ॥ ੪ ॥ ੩੪ ॥ ੧੦੩ ॥

ਜਿਸਦੇ ਦਿਲ ਵਿੱਚ ਗੁਰਾਂ ਨੇ ਨਾਮ ਦਿੱਤਾ ਹੈ, ਗੁਰੂ ਜੀ–ਉਸਦੇ ਪਾਸ ਸਾਰੇ ਖ਼ਜ਼ਾਨੇ ਹਨ।

ਗਉੜੀ ਮਹਲਾ ੫ ॥

ਅਗਮ ਰੂਪ ਕਾ ਮਨ ਮਹਿ ਥਾਨਾ ॥ ਗੁਰਪ੍ਰਸਾਦਿ ਕਿਨੈ ਵਿਰਲੈ ਜਾਨਾ ॥ ੧ ॥

ਜੇਹੜਾ ਅਗੰਮ ਰੂਪ ਪ੍ਰਮੇਸ਼ਰ ਹੈ, ਉਸਦਾ ਮਨ ਵਿੱਚ ਥਾਂ ਹੈ। ਪਰ ਗੁਰੂ ਦੀ ਕਿਰਪਾ ਨਾਲ ਉਸਨੂੰ ਕਿਸੇ ਵਿਰਲੇ ਨੇ ਹੀ ਜਾਣਿਆ ਹੈ।

Digitized by Panjab Digital Library | www.panjabdigilib.org

**ਸਹਜ ਕਥਾ ਕੇ ਅੰਮ੍ਰਿਤ ਕੁੰਟਾ ॥ ਜਿਸਹਿ ਪਰਾਪਤਿ ਤਿਸੁ ਲੈ ਭੁੰਚਾ ॥ ੧ ॥ ਰਹਾਉ ॥**

ਜੇਹੜੇ ਸੰਤ ਅੰਮ੍ਰਿਤ ਦੇ ਕੁੰਡ ਭਾਵ ਤਾਲ ਹਨ, ਉਹਨਾਂ ਦੀ ਕਥਾ ਸ਼ਾਂਤੀ ਵਾਲੀ ਹੈ। ਪਰ ਜਿਸਨੂੰ ਉਸ ਤਾਲ ਵਿਚੋਂ ਅੰਮ੍ਰਿਤ ਕਥਾ ਦਾ ਅਨੰਦ ਲੈਣ ਦਾ ਚੰਗਾ ਲੇਖ ਲਿਖਿਆ ਹੋਇਆ ਹੈ, ਓਥੋਂ ਉਸਨੇ ਉਸਨੂੰ ਲੈਕੇ ਭੁੰਚਾ = ਭੋਗਿਆ ਖਾਧਾ ਹੈ।

**ਅਨਹਤ ਬਾਣੀ ਥਾਨੁ ਨਿਰਾਲਾ ॥ ਤਾਕੀ ਧੁਨਿ ਮੋਹੇ ਗੋਪਾਲਾ ॥ ੨ ॥**

ਲਗਾਤਾਰ ਬਾਣੀ ਨਾਮ ਦੀ ਬੋਲੀ ਜਾਂਦੀ ਹੈ, ਰਾਜਿਆਂ ਆਦਕਾਂ ਦੇ ਥਾਂ ਤੋਂ ਓਹ ਥਾਂ ਵੱਖਰਾ, ਭਾਵ ਸੁੰਦਰ ਹੈ, ਉਸ ਬਾਣੀ ਦੀ ਅਵਾਜ਼ ਨਾਲ ਪ੍ਰਮੇਸ਼ਰ ਵੱਸ ਹੋ ਜਾਂਦਾ ਹੈ।

**ਤਹ ਸਹਜ ਅਖਾਰੇ ਅਨੇਕ ਅਨੰਤਾ ॥ ਪਾਰਬ੍ਰਹਮ ਕੇ ਸੰਗੀ ਸੰਤਾ ॥ ੩ ॥**

ਉਸ ਸਤਸੰਗ ਵਿੱਚ ਪ੍ਰਮੇਸ਼ਰ ਦੇ ਮਿਲਨ ਵਾਸਤੇ ਸੁਭਾਵਕ ਹੀ ਅਨੇਕ ਤਰਾਂ ਦੇ ਅਖਾੜੇ, ਭਾਵ ਜੋੜ ਮੇਲ ਹੁੰਦੇ ਹਨ, ਓਹ ਸੰਤ ਪ੍ਰਮੇਸ਼ਰ ਦੇ ਸੰਗੀ ਹਨ।

**ਹਰਖ ਅਨੰਤ ਸੋਗ ਨਹੀ ਬੀਆ ॥ ਸੋ ਘਰੁ ਗੁਰਿ ਨਾਨਕ ਕਉ ਦੀਆ ॥ ੪ ॥ ੩੫ ॥ ੧੦੪ ॥**

ਉਸ ਸਤਸੰਗ ਵਿੱਚ ਅਨੰਦ ਤਾਂ ਬਿਅੰਤ ਹੀ ਹੈ, ਪਰ ਸੋਗ ਤੇ ਓਥੇ ਬੀਆ = ਪੈਦਾ ਹੀ ਨਹੀਂ ਹੁੰਦਾ। ਗੁਰੂ ਜੀ-ਓਹ ਸਤਸੰਗ ਰੂਪ ਘਰ ਮੈਨੂੰ ਗੁਰੂ ਨੇ ਦਿੱਤਾ ਹੈ।

## ਗਉੜੀ ਮਃ ੫ ॥

**ਕਵਨ ਰੂਪੁ ਤੇਰਾ ਆਰਾਧਉ ॥ ਕਵਨੁ ਜੋਗੁ ਕਾਇਆ ਲੇ ਸਾਧਉ ॥ ੧ ॥**

ਹੇ ਮਹਾਰਾਜ ਤੇਰਾ ਕੇਹੜਾ ਰੂਪ ਅਰਾਧਾਂ, ਭਾਵ ਤੈਨੂੰ ਕਿਸਤਰਾਂ ਯਾਦ ਕਰਾਂ, ਤੂੰ ਕਿਥੇ ਹੈਂ, ਨਿਰਗੁਣ ਹੈਂ, ਜਾਂ ਸਰਗੁਣ ਜਾਂ ਤੂੰ ਕੇਹੜਾ ਅਵਤਾਰ ਹੈਂ ?

ਕੇਹੜਾ ਜੋਗ ਲੈਕੇ ਕਾਇਆਂ ਨੂੰ ਵੱਸ ਕਰਾਂ, ਭਾਵ ਹਠ ਜੋਗ ਜਾਂ ਪ੍ਰਾਣਾਯਾਮ ਤੈਨੂੰ ਕੇਹੜਾ ਚੰਗਾ ਲੱਗਦਾ ਹੈ।

Digitized by Panjab Digital Library | www.panjabdigilib.org

**ਕਵਨੁ ਗੁਨੁ ਜੋ ਤੁਝੁ ਲੈ ਗਾਵਉ ॥ ਕਵਨ ਬੋਲ ਪਾਰਬ੍ਰਹਮ ਰੀਝਾਵਉ ॥ ॥ ੧ ॥ ਰਹਾਉ ॥**

ਓਹ ਕੇਹੜਾ ਗੁਣ ਹੈ, ਜਿਸਨੂੰ ਸਿਖਕੇ ਤੇਰੇ ਗੁਣਾਂ ਤੇ ਜੱਸ ਨੂੰ ਗਾਵਾਂ। ਓਹ ਕੇਹੜਾ ਬੋਲ = ਬਚਨ ਹੈ,ਜਿਸਤਰ੍ਹਾਂ ਤੈਨੂੰ ਰਾਜੀ ਕਰਾਂ।

**ਕਵਨ ਸੁ ਪੂਜਾ ਤੇਰੀ ਕਰਉ ॥ ਕਵਨ ਸੁ ਬਿਧਿ ਜਿਤੁ ਭਵਜਲ ਤਰਉ ॥ ੨ ॥**

ਤੇਰੀ ਕੇਹੜੀ ਕਿਸ ਤਰ੍ਹਾਂ ਦੀ ਪੂਜਾ ਕਰਾਂ। ਓਹ ਕੇਹੜੀ ਰੀਤੀ ਹੈ, ਜਿਸ ਤਰ੍ਹਾਂ ਸੰਸਾਰ ਤੋਂ ਤਰ ਜਾਵਾਂ।

**ਕਵਨ ਤਪੁ ਜਿਤੁ ਤਪੀਆ ਹੋਇ॥ ਕਵਨ ਸੁ ਨਾਮ ਹਉਮੈ ਮਲੁ ਖੋਇ ॥ ੩ ॥**

ਓਹ ਕੇਹੜਾ ਤਪ ਹੈ, ਜਿਸ ਕਰਕੇ ਤਪੀਆ ਹੋਵਾਂ, ਓਹ ਕੇਹੜਾ ਨਾਮ ਹੈ, ਜਿਸ ਕਰਕੇ ਹੰਕਾਰ ਮੈਲ ਨੂੰ *ਦੂਰ ਕਰਾਂ।

**ਗੁਣ ਪੂਜਾ ਗਿਆਨ ਧਿਆਨ ਨਾਨਕ ਸਗਲ ਘਾਲ ॥ ਜਿਸੁ ਕਰ ਕਿਰਪਾ ਸਤਿਗੁਰੁ ਮਿਲੈ ਦਇਆਲ ॥ ੪ ॥**

ਗੁਰੂ ਜੀ—ਗੁਣ, ਪੂਜਾ, ਗਿਆਨ, ਧਿਆਨ ਜਾਣ ਲੌ, ਉਸਦੀ ਸਾਰੀ ਕਮਾਈ ਸਫਲ ਹੋਈ ਹੈ। ਹੇ ਦਿਆਲੂ ਤੇਰੀ ਕਿਰਪਾ ਕਰਕੇ ਜਿਸਨੂੰ ਸਤਿਗੁਰੂ ਮਿਲਦੇ ਹਨ।

**ਤਿਸਹੀ ਗੁਨੁ ਤਿਨ ਹੀ ਪ੍ਰਭੁ ਜਾਤਾ ॥ ਜਿਸਕੀ ਮਾਨਿ ਲੇਇ ਸੁਖਦਾਤਾ ॥੧ ॥ ਰਹਾਉ ਦੂਜਾ ॥੩੬॥੧੦੫॥**

ਹੇ ਸੁਖਦਾਤਾ ਵਾਹਿਗੁਰੂ, ਜਿਸ ਦੀ ਸੇਵਾ ਭਾਵ ਗੁਣ ਰੂਪ ਧਿਆਨ ਜੋਗ ਤਪ ਆਦਿਕ ਕੀਤੇ ਹੋਏ ਓਹੋ ਹੀ ਸਫਲੇ ਹਨ, ਜਿਸਦੇ ਤੂੰ ਮੰਨ ਲੈਂਦਾ ਹੈਂ, ਓਹਨਾਂ ਦੇ ਵਿੱਚ ਹੀ ਚੰਗੇ ਗੁਣ ਹਨ, ਓਹਨਾਂ ਨੇ ਹੀ ਤੈਨੂੰ ਜਾਣਿਆ ਹੈ

**ਗਉੜੀ ਮਹਲਾ ੫ ॥**

**ਆਪਨ ਤਨੁ ਨਹੀ ਜਾਕੋ ਗਰਬਾ ॥ ਰਾਜ ਮਿਲਖ**

---

*ਭਾਵ ਓਹੋ ਹੀ ਰੀਤੀ ਚੰਗੀ ਹੈ, ਜਿਸ ਕਰਕੇ ਤੂੰ ਮਿਲ਼ਦਾ ਹੈਂ, ਇਹ ਸਭੁ ਬ੍ਰਿਅਰਥ ਹਨ।

Digitized by Panjab Digital Library | www.panjabdigilib.org

**ਨਹੀ ਆਪਨ ਦਰਬਾ ॥ ੧ ॥**

ਆਦਮੀ ਜਿਸ ਸਰੀਰ ਦਾ ਹੰਕਾਰ ਕਰਦਾ ਹੈ,ਓਹ ਆਪਣਾ ਨਹੀਂ ਹੈ। ਰਾਜ ਮੁਲਕਾਂ ਦੀਆਂ ਜਾਗੀਰਾਂ, ਧਨ ਵੀ ਆਪਣਾ ਨਹੀਂ ਹੈ।

**ਆਪਨ ਨਹੀ ਕਾਕਉ ਲਪਟਾਇਓ ॥ ਆਪਨ ਨਾਮੁ ਸਤਿਗੁਰ ਤੇ ਪਇਓ ॥ ੧ ॥ ਰਹਾਉ ॥**

ਆਪਣਾ ਤਾਂ ਕੁਛ ਵੀ ਨਹੀਂ ਹੈ, ਫਿਰ ਕਿਸ ਲਈ ਤੂੰ ਇਹਨਾਂ ਝੂਠਿਆਂ ਪਦਾਰਥਾਂ ਨਾਲ ਮਨ ਕਰਕੇ ਚੰਬੜਿਆ ਹੋਇਆ ਹੈਂ।

ਆਪਦਾ ਤਾਂ ਨਾਮ ਹੈ,ਪਰ ਓਹ ਜਿਸ ਨੇ ਪਾਇਆ ਹੈ, ਸਤਿਗੁਰਾਂ ਤੋਂ ਪਾਇਆ ਹੈ।

**ਸੁਤ ਬਨਿਤਾ ਆਪਨ ਨਹੀ ਭਾਈ ॥ ਇਸਟ ਮੀਤ ਆਪ ਬਾਪੁ ਨ ਮਾਈ ॥ ੨ ॥**

ਪੁੱਤ੍ਰ, ਇਸਤ੍ਰੀ ਭਾਈ ਭੀ ਅਪਣਾ ਨਹੀਂ ਹੈ, ਪਿਆਰੇ ਮਿੱਤ੍ਰ, ਮਾਤਾ, ਪਿਤਾ ਵੀ ਆਪਣੇ ਨਹੀਂ ਹਨ।

**ਸੁਇਨਾ ਰੂਪਾ ਫੁਨਿ ਨਹੀ ਦਾਮ ॥ ਹੈਵਰ ਗੈਵਰ ਆਪਨ ਨਹੀ ਕਾਮ ॥ ੩ ॥**

ਸੋਨਾ, ਚਾਂਦੀ ਅਤੇ ਰੁਪਏ ਵੀ ਆਪਣੇ ਨਹੀਂ ਹਨ, ਚੰਗੇ ਘੋੜੇ ਚੰਗੇ ਹਾਥੀ ਅਪਣੇ ਕਿਸੇ ਕੰਮ ਨਹੀਂ ਹਨ।

**ਕਹੁ ਨਾਨਕ ਜੋ ਗੁਰਿ ਬਖਸਿ ਮਿਲਾਇਆ ॥ ਤਿਸਕਾ ਸਭੁ ਕਿਛੁ ਜਿਸਕਾ ਹਰਿ ਰਾਇਆ ॥ ੪ ॥ ੩੭ ॥੧੦੬ ॥**

ਗੁਰੂ ਜੀ—ਜੇਹੜਾ ਆਦਮੀ ਬਖਸ਼ਕੇ ਗੁਰਾਂ ਨੇ ਪ੍ਰਮੇਸ਼ਰ ਦੇ ਨਾਲ ਮਿਲਾ ਦਿੱਤਾ ਹੈ, ਜਿਸਦਾ ਨਿਸਚਾ ਹਰੀ ਰਾਜਾ ਦੇ ਵਿੱਚ ਹੋਇਆ ਹੈ, ਉਸ ਆਦਮੀ ਦਾ ਸਭ ਕੁਛ ਸਫਲ ਹੈ ਜਾਂ ਪ੍ਰਮੇਸ਼ਰ ਰੂਪ ਹੋ ਜਾਣ ਨਾਲ ਸਭ ਕੁਛ ਉਸਦਾ ਹੈ।

## ਗਉੜੀ ਮਹਲਾ ੫ ॥

**ਗੁਰਕੇ ਚਰਣ ਊਪਰਿ ਮੇਰੇ ਮਾਥੇ ॥ ਤਾਤੇ ਦੁਖ ਮੇਰੇ ਸਗਲੇ ਲਾਥੇ ॥ ੧ ॥**

ਗੁਰਾਂ ਦੇ ਪੈਰ ਮੇਰੇ ਸਿਰ ਮੱਥੇ ਉਤੇ ਹਨ, ਉਸ ਕਰਕੇ ਮੇਰੇ ਸਾਰੇ ਦੁੱਖ ਲੱਥ ਗਏ ਹਨ।

Digitized by Panjab Digital Library | www.panjabdigilib.org

**ਸਤਿਗੁਰ ਅਪਨੇ ਕਉ ਕੁਰਬਾਨੀ ॥ ਆਤਮ ਚੀਨਿ ਪਰਮ ਰੰਗ ਮਾਨੀ ॥ ੧ ॥ ਰਹਾਉ ॥**

ਮੈਂ ਆਪਣੇ ਸਤਿਗੁਰਾਂ ਤੋ ਕੁਰਬਾਨ ਜਾਂਦਾ ਹਾਂ ਜਿਨ੍ਹਾਂ ਦੀ ਕਿਰਪਾ ਨਾਲ ਅਪਣੇ ਆਪ ਨੂੰ ਜਾਣਕੇ ਪਰਮ ਅਨੰਦ ਨੂੰ ਮੰਨੀਦਾ ਹੈ।

**ਚਰਣ ਰੇਣੁ ਗੁਰ ਕੀ ਮੁਖਿ ਲਾਗੀ ॥ ਅਹੰਬੁਧਿ ਤਿਨਿ ਸਗਲ ਤਿਆਗੀ ॥ ੨ ॥**

ਮੇਰੇ ਮੂੰਹ ਉੱਤੇ ਗੁਰਾਂ ਦੇ ਪੈਰਾਂ ਦੀ ਧੂੜ ਲੱਗੀ ਹੈ, ਉਸ ਕਰਕੇ ਮੈਂ ਸਾਰੀ ਹੰਕਾਰ ਵਾਲੀ ਅਕਲ ਛੱਡ ਦਿੱਤੀ ਹੈ।

**ਗੁਰ ਕਾ ਸਬਦੁ ਲਗੋ ਮਨ ਮੀਠਾ ॥ ਪਾਰਬ੍ਰਹਮੁ ਤਾਤੇ ਮੋਹਿ ਡੀਠਾ ॥ ੩ ॥**

ਗੁਰਾਂ ਦਾ ਉਪਦੇਸ਼ ਮਨ ਵਿੱਚ ਮਿੱਠਾ ਲੱਗਾ ਹੈ, ਉਸ ਕਰ ਮੈਂ ਪ੍ਰਮੇਸ਼ਰ ਨੂੰ ਦੇਖ ਲਿਆ ਹੈ।

**ਗੁਰੁ ਸੁਖਦਾਤਾ ਗੁਰੁ ਕਰਤਾਰੁ ॥ ਜੀਅ ਪ੍ਰਾਣ ਨਾਨਕ ਗੁਰੁ ਆਧਾਰੁ ॥ ੪ ॥ ੩੯ ॥ ੧੦੮ ॥**

ਗੁਰੂ ਹੀ ਸੁਖਦਾਤਾ ਹੈ, ਗੁਰੂ ਹੀ ਕਰਤਾਰ ਹੈ। ਗੁਰੂ ਜੀ–ਜੀਅ ਅਤੇ ਪ੍ਰਾਣਾਂ ਦਾ ਦਾਤਾ ਵੀ ਗੁਰੂ ਹੀ ਹੈ ਜਾਂ ਆਸਰਾ ਗੁਰੂ ਹੀ ਹ।

**ਗਉੜੀ ਮਹਲਾ ੫ ॥**

**ਰੇ ਮਨ ਮੇਰੇ ਤੂੰ ਤਾ ਕਉ ਆਹਿ ॥ ਜਾ ਕੈ ਊਣਾ ਕਛਹੂ ਨਾਹਿ ॥ ੧ ॥**

ਆਹਿ = ਚਾਹ ਲੋੜ ਜਾਂ ਉਚਾਰਨਾ ਕਰ। ਹੇ ਮਨ ਮੇਰੇ ਤੂੰ ਉਸ ਨੂੰ ਲੋੜ। ਜਿਸ ਦੇ ਘਰ ਵਿੱਚ ਕਾਸੇ ਦਾ ਵੀ ਟੋਟਾ ਨਹੀਂ ਹੈ।

**ਹਰਿ ਸਾ ਪ੍ਰੀਤਮੁ ਕਰਿ ਮਨ ਮੀਤ ॥ ਪ੍ਰਾਨ ਅਧਾਰੁ ਰਾਖਹੁ ਸਦ ਚੀਤ ॥ ੧ ॥ ਰਹਾਉ ॥**

ਹੇ ਮਨ ਪ੍ਰਮੇਸ਼ਰ ਵਰਗਾ ਮਿੱਤ੍ਰ ਬਣਾ ਜੇਹੜਾ ਪ੍ਰਾਣਾਂ ਦਾ ਆਸਰਾ ਹੈ, ਉਸਨੂੰ ਸਦਾ ਚਿੱਤ ਵਿੱਚ ਰੱਖ।

Digitized by Panjab Digital Library | www.panjabdigilib.org

**ਰੇ ਮਨ ਮੇਰੇ ਤੂੰ ਤਾਕਉ ਸੇਵਿ ॥ ਆਦਿ ਪੁਰਖ ਅਪਰੰਪਰ ਦੇਵ ॥ ੨ ॥**

ਹੇ ਮਨ ਮੇਰੇ ਤੂੰ ਉਸ ਦੀ ਸੇਵਾ ਕਰ, ਜੇਹੜਾ ਸਾਰਿਆਂ ਤੋਂ ਪਹਿਲੇ ਦਾ ਤੇ ਸਾਰਿਆਂ ਦਾ ਪਰਾ ਅਤੇ ਪ੍ਰਕਾਸ਼ਕ ਹੈ ।

**ਤਿਸੁ ਊਪਰਿ ਮਨ ਕਰਿ ਤੂੰ ਆਸਾ ॥ ਆਦਿ ਜੁਗਾਦਿ ਜਾਕਾ ਭਰਵਾਸਾ ॥ ੩ ॥**

ਹੇ ਮਨ ਤੂੰ ਉਸਦੇ ਉਤੇ ਆਸ ਕਰ,ਜਿਸਦਾ ਆਦਿ ਜੁਗਾਦ – ਸਦਾ ਸਦਾ ਭਰੋਸਾ ਹੈ ।

**ਜਾਕੀ ਪ੍ਰੀਤਿ ਸਦਾ ਸੁਖੁ ਹੋਇ ॥ ਨਾਨਕੁ ਗਾਵੈ ਗੁਰ ਮਿਲਿ ਸੋਇ ॥ ੪ ॥ ੩੯ ॥ ੧੦੮ ॥**

ਜਿਸਦੀ ਪ੍ਰੀਤੀ ਨਾਲ ਸਦਾ ਸੁਖ ਹੁੰਦਾ ਹੈ । ਗੁਰੂ ਜੀ–ਉਸ ਪ੍ਰਮੇਸ਼ਰ ਨੂੰ ਗੁਰਾਂ ਨਾਲ ਮਿਲਕੇ ਆਦਮੀ ਗਾਉਂਦਾ ਰਹੇ ।

**ਗਉੜੀ ਮਹਲਾ ੫ ॥**

**ਮੀਤੁ ਕਰੈ ਸੋਈ ਹਮ ਮਾਨਾ ॥ ਮੀਤ ਕੇ ਕਰਤਬ ਕੁਸਲ ਸਮਾਨਾ ॥ ੧ ॥**

ਹੇ ਮਿੱਤ੍ਰ ਜੋ ਤੂੰ ਕੀਤਾ ਹੈ, ਓਹ ਅਸਾਂ ਚੰਗਾ ਮੰਨਿਆਂ ਹੈ, ਭਾਵ ਜੋ ਤੂੰ ਕਰਦਾ ਹੈਂ, ਸਾਨੂੰ ਚੰਗਾ ਲੱਗਦਾ ਹੈ । ਹੇ ਮਿੱਤ੍ਰ ਆਪਣੇ ਕੰਮਾਂ ਨੂੰ ਚੰਗਾ ਮੰਨਕੇ ਮੇਰਾ ਮਨ ਸੁਖ ਵਿੱਚ ਸਮਾਇਆ ਹੈ ।

**ਏਕਾ ਟੇਕ ਮੇਰੈ ਮਨਿ ਚੀਤ ॥ ਜਿਸੁ ਕਿਛੁ ਕਰਣਾ ਸੁ ਹਮਰਾ ਮੀਤ ॥ ੧ ॥ ਰਹਾਉ ॥**

ਮੇਰੇ ਮਨ ਚਿਤ ਵਿੱਚ ਇੱਕ ਤੇਰਾ ਹੀ ਆਸਰਾ ਹੈ, ਜਿਸ ਪ੍ਰਮੇਸ਼ਰ ਨੇ ਕੁਛ ਭਗਤਾਂ ਉਤੇ ਕਿਰਪਾ ਕੀਤੀ ਹੈ, ਓਹ ਸਾਡਾ ਮਿੱਤ੍ਰ ਹੈ ।

**ਮੀਤੁ ਹਮਾਰਾ ਵੇਪਰਵਾਹਾ ॥ ਗੁਰ ਕਿਰਪਾ ਤੇ ਮੋਹਿ ਅਸਨਾਹਾ ॥ ੨ ॥**

ਸਾਡਾ ਮਿੱਤ੍ਰ ਬੇਪਰਵਾਹ ਹੈ । ਗੁਰਾਂ ਦੀ ਕਿਰਪਾ ਨਾਲ ਮੇਰਾ ਪ੍ਰੇਮ ਉਸਦੇ ਨਾਲ ਹੈ ।

**ਮੀਤੁ ਹਮਾਰਾ ਅੰਤਰਜਾਮੀ ॥ ਸਮਰਥ ਪੁਰਖੁ ਪਾਰ-**

Digitized by Panjab Digital Library | www.panjabdigilib.org

ਬ੍ਰਹਮੁ ਸੁਆਮੀ ॥ ੩ ॥

ਸਾਡਾ ਮਿੱਤ੍ਰ ਅੰਤਰਜਾਮੀ ਹੈ, ਸਮਰੱਥ ਹੈ, ਪਰੇ ਤੇ ਮਿਲਿਆ ਹੋਇਆ ਹੈ ਤੇ ਮਾਲਕ ਹੈ।

ਹਮ ਦਾਸੇ ਤੁਮ ਠਾਕੁਰ ਮੇਰੇ ॥ ਮਾਨੁ ਮਹਤੁ ਨਾਨਕ ਪ੍ਰਭੁ ਤੇਰੇ ॥ ੪ । ੪੦ ॥ ੧੦੯ ॥

ਅਸੀਂ ਆਪ ਦੇ ਦਾਸ ਹਾਂ, ਤੁਸੀਂ ਸਾਡੇ ਮਾਲਕ ਹੋ। ਗੁਰੂ ਜੀ–ਹੇ ਮਾਲਕਾ ਮਾਨ ਵਡਿਆਈ ਸਭ ਕੁਝ ਸਾਡਾ ਆਪ ਦੇ ਪ੍ਰਤਾਪ ਕਰਕੇ ਹੀ ਹੈ।

ਗਉੜੀ ਮਹਲਾ ੫ ॥

ਜਾਕਉ ਤੁਮ ਭਏ ਸਮਰਥ ਅੰਗਾ ॥ ਤਾਕਉ ਕਛੁ ਨਾਹੀ ਕਾਲੰਗਾ ॥ ੧ ॥

ਹੇ ਸਮਰਥ ਪ੍ਰਮੇਸ਼ਰ ਜਿਸਦੇ ਅੰਗਾ = ਪਖ ਭਾਵ ਮੱਦਤ ਕਰਨ ਵਾ ੇ ਤੁਸੀ ਹੋਏ ਹੋ। ਉਸਨੂੰ ਕਲੰਕ ਕੁਛ ਨਹੀਂ ਹੈ।

ਮਾਧਉ ਜਾਕਉ ਹੈ ਆਸ ਤੁਮਾਰੀ ॥ ਤਾਕਉ ਕਛੁ ਨਾਹੀ ਸੰਸਾਰੀ ॥ ੧ ॥ ਰਹਾਉ ॥

ਹੇ ਪ੍ਰਮੇਸ਼ਰ ! ਲੱਛਮੀ ਦੇ ਪਤੀ ਜਿਸਨੂੰ ਤੇਰੀ ਆਸ ਹੈ, ਉਸ ਆਦਮੀ ਨੂੰ ਸੰਸਾਰ ਪ੍ਰਾਪਤ ਕਰਨ ਵਾਲੇ ਕਰਮ ਕੁਛ ਨਹੀਂ ਕਰ ਸੱਕਦੇ ਹਨ।

ਜਾਕੈ ਹਿਰਦੈ ਠਾਕੁਰੁ ਹੋਇ ॥ ਤਾਕਉ ਸਹਸਾ ਨਾਹੀ ਕੋਇ ॥ ੨ ॥

ਜਿਸਦੇ ਦਿਲ ਵਿੱਚ ਮਾਲਕ ਦਾ ਧਿਆਨ ਹੁੰਦਾ ਹੈ,ਉਸ ਧਿਆਨੀ ਨੂੰ ਕੋਈ ਸੰਸਾ ਨਹੀਂ ਰਹਿੰਦਾ ਹੈ।

ਜਾਕਉ ਤੁਮ ਦੀਨੀ ਪ੍ਰਭ ਧੀਰ ॥ ਤਾਕੈ ਨਿਕਟਿ ਨ ਆਵੈ ਪੀਰ ॥ ੩ ॥

ਹੇ ਮਾਲਕਾ ਜਿਸਨੂੰ ਤੂੰ ਧੀਰਜ ਦਿਤੀ ਹੈ, ਉਸਦੇ ਨੇੜੇ ਜਮ ਆਦਕਾਂ ਦੀ ਪੀੜਾ ਨਹੀਂ ਆਉਂਦੀ ਹੈ।

ਕਹੁ ਨਾਨਕ ਮੈ ਸੋ ਗੁਰੁ ਪਾਇਆ ॥ ਪਾਰਬ੍ਰਹਮ ਪੂਰਨ ਦੇਖਾਇਆ ॥ ੪ ॥ ੪੧ ॥ ੧੧੦ ॥

Digitized by Panjab Digital Library | www.panjabdigilib.org

ਗੁਰੂ ਜੀ–ਮੈਂ ਓਹ ਗੁਰੂ ਪਾਇਆ ਹੈ, ਜਿਸਨੇ ਪ੍ਰਮੇਸ਼ਰ ਨੂੰ ਹਰ ਥਾਂ ਪੂਰਨ ਵਿਖਾਇਆ ਹੈ।

## ਗਉੜੀ ਮਹਲਾ ੫ ॥

**ਦੁਲਭ ਦੇਹ ਪਾਈ ਵਡਭਾਗੀ ॥ ਨਾਮੁ ਨ ਜਪਹਿ ਤੇ ਆਤਮਘਾਤੀ ॥ ੧ ॥**

ਇਹ ਮਨੁਖ ਦੁਰਲੱਭ ਦੇਹ ਵੱਡਿਆਂ ਭਾਗਾਂ ਨਾਲ ਪਾਈਦੀ ਹੈ, ਇਸ ਦੇਹ ਨੂੰ ਪਾਕੇ ਜੇਹੜੇ ਨਾਮ ਨਹੀਂ ਜਪਦੇ ਹਨ, ਓਹ ਆਪਣੇ ਆਪ ਆਪਣੇ ਸਰੀਰ ਆਤਮਾਂ ਨੂੰ ਮਾਰਨ ਵਾਲੇ ਹਨ।

**ਮਰਿ ਨ ਜਾਹੀ ਜਿਨਾ ਬਿਸਰਤ ਰਾਮ ॥ ਨਾਮ ਬਿਹੂਨ ਜੀਵਨ ਕਉਨ ਕਾਮ ॥ ੧ ॥ ਰਹਾਉ ॥**

ਓਹ ਮਰ ਕਿਉਂ ਨਹੀਂ ਜਾਂਦੇ ਹਨ,ਜਿਨ੍ਹਾਂ ਨੇ ਪ੍ਰਮੇਸ਼ਰ ਨੂੰ ਵਿਸਾਰਿਆ ਹੈ। ਕਿਉਂਕਿ ਨਾਮ ਜਪਣ ਤੋਂ ਬਿਨਾ ਜੀਉਣਾ ਕਿਸ ਕੰਮ ਹੈ।

**ਖਾਤਪੀਤ ਖੇਲਤ ਹਸਤ ਬਿਸਥਾਰ ॥ ਕਵਨ ਅਰਥ ਮਿਰਤਕ ਸੀਗਾਰ ॥ ੨ ॥**

ਬੜੇ ਬਿਸਥਾਰ ਨਾਲ ਖਾਂਦਾ ਹੈ, ਪੀਂਦਾ ਹੈ, ਖੇਡਦਾ ਹੈ, ਸਿੰਗਾਰ ਕਰਦਾ ਹੈ, ਹੱਸਦਾ ਹੈ, ਇੱਕੁਰ ਦੇ ਕੰਮ ਕਰਦਾ ਹੈ। ਓਹ ਕਿਸ ਲੇਖੇ ਹਨ, ਭਾਵ ਵਿਅਰਥ ਹਨ, ਕਿਸ ਤਰ੍ਹਾਂ ਜਿਸਤਰ੍ਹਾਂ ਮੁਰਦੇ ਨੂੰ ਸਿੰਗਾਰ ਕਰਨਾ ਬਿਅਰਥ ਹੈ।

**ਜੋ ਨ ਸੁਨਹਿ ਜਸੁ ਪਰਮਾਨੰਦਾ ॥ ਪਸੁ ਪੰਖੀ ਤ੍ਰਿਗਦ ਜੋਨਿ ਤੇ ਮੰਦਾ ॥ ੩ ॥**

ਜੇਹੜੇ ਆਦਮੀ ਪ੍ਰਮੇਸਰ ਦਾ ਜੱਸ ਨਹੀਂ ਸੁਣਦੇ ਹਨ, ਓਹ ਆਦਮੀ ਪਸੂਆਂ ਪੰਛੀਆਂ ਸੱਪ ਆਦਕ ਟੇਢੀਆਂ ਜੂਨੀਆਂ ਤੋਂ ਵੀ ਮੰਦੇ ਹਨ।

**ਕਹੁ ਨਾਨਕ ਗੁਰਿ ਮੰਤ੍ਰੁ ਦ੍ਰਿੜਾਇਆ ॥ ਕੇਵਲ ਨਾਮੁ ਰਿਦ ਮਾਹਿ ਸਮਾਇਆ ॥ ੪ ॥ ੪੨ ॥ ੧੧੧ ॥**

ਗੁਰੂ ਜੀ–ਜਿਨ੍ਹਾਂ ਨੂੰ ਗੁਰਾਂ ਨੇ ਉਪਦੇਸ਼ ਦ੍ਰਿੜ ਕਰਵਾਇਆ ਹੈ,ਓਹਨਾਂ ਦੇ ਦਿਲ ਵਿਚ ਸ਼ੁੱਧ ਨਾਮ ਸਮਾਇਆ ਹੈ।

Digitized by Panjab Digital Library | www.panjabdigilib.org

ਗਉੜੀ ਮਹਲਾ ੫ ॥

ਕਾਕੀ ਮਾਈ ਕਾਕੋ ਬਾਪ ॥ ਨਾਮ ਧਾਰੀਕ ਝੂਠੇ ਸਭਿ ਸਾਕ ॥ ੧ ॥

"ਇੱਕ ਸ਼ਾਹੂਕਾਰ ਦਾ ਪਿਤਾ ਮਰ ਗਿਆ ਸੀ, ਉਸ ਪ੍ਰਥਾਇ"

ਕਿਸਦੀ ਮਾਂ ਹੈ ਕਿਸਦਾ ਪਿਓ ਹੈ। ਸਾਰੇ ਸਾਕ ਨਾਮ ਮਾਤਰ ਹੀ ਹਨ ਭਾਵ ਝੂਠੇ ਹਨ।

ਕਾਹੇ ਕਉ ਮੂਰਖ ਭਖਲਾਇਆ ॥ ਮਿਲਿ ਸੰਜੋਗਿ ਹੁਕਮਿ ਤੂੰ ਆਇਆ ॥ ੧ ॥ ਰਹਾਉ ॥

ਹੇ ਮੂਰਖ ਤੂੰ ਕਿਸਲਈ ਭਰਮਿਆਂ ਜਾਂ ਤਪਦਾ ਹੈਂ,ਪ੍ਰਮੇਸਰ ਦੇ ਹੁਕਮ ਨਾਲ ਆਇਆ ਹੈਂ ਅਤੇ ਚੰਗਿਆਂ ਕਰਮਾਂ ਦੇ ਮੇਲ ਕਰਕੇ ਸਬੰਧੀਆਂ ਨਾਲ ਮਿਲਿਆ ਹੈਂ।

ਏਕਾ ਮਾਟੀ ਏਕਾ ਜੋਤਿ ॥ ਏਕੋ ਪਵਨੁ ਕਹਾ ਕਉਨੁ ਰੋਤਿ ॥ ੨ ॥

ਜੇ ਵਿਚਾਰੀਏ ਤੇ ਤਾਂ ਇੱਕ ਹੀ ਮਿੱਟੀ, ਪੰਜਾਂ ਤੱਤ ਦੀ ਘਾੜਤਾਂ ਹੈ ਤੇ ਇੱਕ ਹੀ ਵਿਚ ਜੋਤ ਹੈ। ਪ੍ਰਾਣ ਪੌਣ ਵੀ ਸਾਰਿਆਂ ਵਿਚ ਇੱਕ ਹੀ ਹੈ, ਫਿਰ ਕਿਥੇ ਕਿਸ ਲਈ ਕੋਈ ਰੋਂਦਾ ਹੈ, ਇਸ ਲਈ ਵਿਚਾਰੋ ਕੌਣ ਮੋਇਆ ਹੈ ਜੀਵ ਨਹੀਂ ਮੋਇਆ ਹੈ।

ਮੇਰਾ ਮੇਰਾ ਕਰਿ ਬਿਲਲਾਹੀ ॥ ਮਰਣਹਾਰੁ ਇਹੁ ਜੀਅਰਾ ਨਾਹੀ ॥ ੩ ॥

ਵਿਚਾਰ ਤੋਂ ਬਿਨਾ ਬੇਸਮਝ ਆਦਮੀ ਮੇਰਾ ੨ ਕਰਕੇ ਰੋਂਦੇ ਹਨ,ਇਹ ਜੀਵ ਤਾਂ ਮਰਨ ਵਾਲਾ ਨਹੀਂ ਹੈ, ਇਹ ਅਬਨਾਸ਼ੀ ਹੈ।

ਕਹੁ ਨਾਨਕ ਗੁਰਿ ਖੋਲੇ ਕਪਾਟ ॥ ਮੁਕਤੁ ਭਏ ਬਿਨਸੇ ਭ੍ਰਮ ਥਾਟ ॥ ੪ ॥ ੪੩ ॥ ੧੧੨ ॥

ਗੁਰੂ ਜੀ-ਜਿਨ੍ਹਾਂ ਦੇ ਗੁਰਾਂ ਨੇ ਪੰਜ ਕੋਸ ਜਾਂ ਅਗਗਿਆਨ ਦੇ ਜੜਤਾ ਦੇ ਤਖਤੇ ਖੋਹਲ ਦਿੱਤੇ ਹਨ। ਓਹਨਾਂ ਦੇ ਭਰਮ ਦੇ ਅਕੱਠ ਨਾਸ ਹੋ ਗਏ ਹਨ, ਇਸ ਲਈ ਓਹ ਮੁਕਤੀ ਹੋ ਗਏ ਹਨ।

ਗਉੜੀ ਮਹਲਾ ੫ ॥

ਵਡੇ ਵਡੇ ਜੋ ਦੀਸਹਿ ਲੋਗ ॥ ਤਿਨ ਕਉ

Digitized by Panjab Digital Library | www.panjabdigilib.org

**ਬਿਆਪੈ ਚਿੰਤਾ ਰੋਗ ॥ ੧ ॥**

ਜੇਹੜੇ ਲੋਕ ਵੱਡੇ ੨ ਦੀਹਦੇ ਹਨ, ਓਹਨਾਂ ਨੂੰ ਚਿੰਤਾ ਰੋਗ ਚੰਬੜਿਆ ਹੋਇਆ ਹੈ ਜਾਂ ਕਈ ਰੋਗ ਚੰਬੜੇ ਹੋਏ ਹਨ।

**ਕਉਨੁ ਵਡਾ ਮਾਇਆ ਵਡਿਆਈ ॥ ਸੋਈ ਵਡਾ ਜਿਨਿ ਰਾਮ ਲਿਵ ਲਾਈ ॥ ੧ ॥ ਰਹਾਉ ॥**

ਮਾਇਆ ਦੀ ਵਡਿਆਈ ਕਰਕੇ ਵੱਡਾ ਕੋਈ ਨਹੀਂ ਹੈ, ਓਹ ਵੱਡਾ ਹੈ ਜਿਸਨੇ ਪ੍ਰਮੇਸਰ ਨਾਲ ਪ੍ਰੀਤੀ ਲਾਈ ਹੈ।

**ਭੂਮੀਆ ਭੂਮਿ ਊਪਰਿ ਨਿਤ ਲੁਝੈ ॥ ਛੋਡਿ ਚਲੈ ਤ੍ਰਿਸਨਾ ਨਹੀ ਬੁਝੈ ॥ ੨ ॥**

ਜ਼ਿਮੀਦਾਰ ਧਰਤੀ ਉਤੇ ਰੋਜ ਝਗੜਦੇ ਖਪਦੇ ਖਪਾਂਦੇ ਹਨ, ਛੱਡਕੇ ਮਰ ਜਾਂਦੇ ਹਨ, ਤ੍ਰਿਸ਼ਨਾ ਨਹੀਂ ਬੁਝਦੀ ਹੈ।

**ਕਹੁ ਨਾਨਕ ਇਹੁ ਤਤੁ ਬੀਚਾਰਾ ॥ ਬਿਨੁ ਹਰਿ ਭਜਨ ਨਾਹੀ ਛੁਟਕਾਰਾ ॥ ੩ ॥ ੪੪ ॥ ੧੧੩ ॥**

ਗੁਰੂ ਜੀ-ਇਹ ਠੀਕ ਵਿਚਾਰਿਆ ਹੈ। ਪ੍ਰਮੇਸਰ ਦੇ ਭਜਨ ਬਿਨਾ ਬੰਧਨਾਂ ਤੋਂ ਛੁਟਕਾਰਾ ਨਹੀਂ ਹੈ।

## ਗਉੜੀ ਮਹਲਾ ੫ ॥

**ਪੂਰਾ ਮਾਰਗੁ ਪੂਰਾ ਇਸਨਾਨੁ ॥ ਸਭੁ ਕਿਛੁ ਪੂਰਾ ਹਿਰਦੈ ਨਾਮੁ ॥ ੧ ॥**

ਪ੍ਰਮੇਸਰ ਦੇ ਮਿਲਨ ਦਾ ਪੂਰਾ ਰਸਤਾ ਮਿਲਿਆ ਹੈ, ਇਸ ਰਸਤੇ ਉਤੇ ਤੁਰਨ ਨਾਲ ਇਸਨਾਨ ਵੀ ਪੂਰਾ ਹੋਯਾ ਹੈ ਭਾਵ ਸਾਰਿਆਂ ਤੀਰਥਾਂ ਦਾ ਵਿਧੀ ਨਾਲ ਇਸ਼ਨਾਨ ਕਰਨਾ ਸਾਨੂੰ ਫਲ ਮਿਲ ਗਿਆ ਹੈ ਜੋ ਨਾਮ ਦੇ ਰਸਤੇ ਚੱਲੇ ਹਾਂ। ਸਭ ਕੁਛ ਪੂਰਾ ਹੋ ਗਿਆ ਹੈ ਜੋ ਦਿਲ ਵਿਚ ਪ੍ਰਮੇਸਰ ਦਾ ਨਾਮ ਹੈ।

**ਪੂਰੀ ਰਹੀ ਜਾ ਪੂਰੈ ਰਾਖੀ ॥ ਪਾਰਬ੍ਰਹਮ ਕੀ ਸਰਣਿ ਜਨ ਤਾਕੀ ॥ ੧ ॥ ਰਹਾਉ ॥**

ਜਦੋਂ ਪੂਰਿਆਂ ਗੁਰਾਂ ਨੇ ਰੱਖੀ ਹੈ ਤੇ ਤਾਂ ਪੂਰੀ ਇਜ਼ਤ ਰਹੀ ਹੈ। ਦਾਸਾਂ ਨੇ ਤਾਂ ਪ੍ਰਮੇਸਰ ਦੀ ਸ਼ਰਨ ਵੇਖੀ ਹੈ।

Digitized by Panjab Digital Library | www.panjabdigilib.org

**ਪੂਰਾ ਸੁਖੁ ਪੂਰਾ ਸੰਤੋਖੁ॥ ਪੂਰਾ ਤਪੁ ਪੂਰਨ ਰਾਜੁਜੋਗੁ॥੨॥**

ਪੂਰਾ ਆਤਮ ਸੁਖ ਸਾਰਿਆਂ ਦੁਖਾਂ ਤੋਂ ਰਹਿਤ ਹੈ ਅਤੇ ਪੂਰਾ ਹੀ ਸੰਤੋਖ ਹੈ,ਕਿਸੇ ਚੀਜ਼ ਦੀ ਲੋੜ ਨਹੀਂ ਹੈ, ਪੂਰਾ ਹੀ ਤਪ ਹੈ ਭਾਵ ਮਨ ਟਿਕ ਗਿਆ ਹੈ ਅਤੇ ਪੂਰਾ ਹੀ ਰਾਜ ਜੋਗ ਹੈ ਕਿ ਘਰ ਦੇ ਵਿਚ ਹੀ ਰਹਿੰਦਿਆਂ ਪ੍ਰਮੇਸਰ ਨਾਲ ਮਨ ਜੁੜਿਆ ਹੋਇਆ ਹੈ।

**ਹਰਿਕੈ ਮਾਰਗਿ ਪਤਿਤ ਪੁਨੀਤ ॥ ਪੂਰੀ ਸੋਭਾ ਪੂਰਾ ਲੋਕੀਕ ॥ ੩ ॥**

ਪ੍ਰਮੇਸ਼ਰ ਦੇ ਰਸਤੇ ਤੁਰਨ ਨਾਲ ਪਾਪੀ ਵੀ ਪਵਿੱਤ੍ਰ ਹੋ ਜਾਂਦੇ ਹਨ, ਓਹਨਾਂ ਦੀ ਸੋਭਾ ਵੀ ਪੂਰੀ ਹੀ ਹੈ, ਜਿਸ ਤਰ੍ਹਾਂ ਦੀ ਸੁਣੀ ਹੈ, ਓਸੇ ਤਰਾਂ ਦੀ ਵੇਖੀ ਹੈ, ਇੱਕੁਰ ਦਾ ਕੋਈ ਲੋਕ ਸੰਤ ਜਨ ਵਿਰਲਾ ਹੀ ਹੈ ਜਾਂ ਲੋਕੀਕ = ਲੋਕਕ ਸ਼ਾਸਤ੍ਰ ਵਪਾਰ ਵੀ ਪੂਰਾ ਹੀ ਹੈ।

**ਕਰਣਹਾਰੁ ਸਦ ਵਸੈ ਹਦੂਰਾ ॥ ਕਹੁ ਨਾਨਕ ਮੇਰਾ ਸਤਿਗੁਰੁ ਪੂਰਾ ॥ ੪ ॥ ੪੫ ॥ ੧੧੪ ॥**

ਇੱਕੁਰ ਦੇ ਭਗਤਾਂ ਨੇ ਕਰਨ ਵਾਲੇ ਪ੍ਰਮੇਸ਼ਰ ਨੂੰ ਸਦਾ ਪਾਸ ਵੱਸਦਾ ਸਮਝਿਆ ਹੈ। ਗੁਰੂ ਜੀ—ਇੱਕੁਰ ਦਾ ਪੂਰਾ ਮੇਰਾ ਸਤਿਗੁਰੂ ਹੈ ਜੋ ਵਾਹਿਗੁਰੂ ਨੂੰ ਪਾਸ ਵਿਖਾਉਂਦਾ ਹੈ।

## ਗਉੜੀ ਮਹਲਾ ੫ ॥

**ਸੰਤ ਕੀ ਧੂਰਿ ਮਿਟੇ ਅਘ ਕੋਟ ॥ ਸੰਤ ਪ੍ਰਸਾਦਿ ਜਨਮ ਮਰਣ ਤੇ ਛੋਟ॥ ੧॥**

ਸੰਤਾਂ ਦੀ ਚਰਨ ਧੂੜ ਕਰੋੜਾਂ ਪਾਪਾਂ ਦਾ ਨਾਸ ਕਰਦੀ ਹੈ, ਸੰਤਾਂ ਦੀ ਕਿਰਪਾ ਨਾਲ ਜਨਮ ਮਰਨ ਤੋਂ ਛੁੱਟ ਜਾਈਦਾ ਹੈ।

**ਸੰਤ ਕਾ ਦਰਸੁ ਪੂਰਨ ਇਸਨਾਨੁ ॥ ਸੰਤ ਕ੍ਰਿਪਾ ਤੇ ਜਪੀਐ ਨਾਮੁ॥ ੧ ॥ ਰਹਾਉ ॥**

ਜੇਹੜਾ ਸੰਤਾਂ ਦਾ ਦਰਸ਼ਨ ਹੈ, ਏਹੋ ਹੀ ਪੂਰਾ ਇਸ਼ਨਾਨ ਹੈ, ਸੰਤਾਂ ਦੀ ਕਿਰਪਾ ਨਾਲ ਨਾਮ ਜਪੀਦਾ ਹੈ।

**ਸੰਤ ਕੈ ਸੰਗਿ ਮਿਟਿਆ ਅਹੰਕਾਰੁ॥ ਦ੍ਰਿਸਟਿ ਆਵੈ ਸਭੁ ਏਕੰਕਾਰੁ ॥ ੨ ॥**

Digitized by Panjab Digital Library | www.panjabdigilib.org

ਸੰਤਾਂ ਦੇ ਸੰਗ ਕਰਕੇ ਹੰਕਾਰ ਦੂਰ ਹੋ ਜਾਂਦਾ ਹੈ, ਸਾਰਿਆਂ ਵਿੱਚ ਇੱਕ ਪ੍ਰਮੇਸ਼ਰ ਨਜ਼ਰ ਆਉਂਦਾ ਹੈ।

**ਸੰਤ ਸੁ ਪ੍ਰਸਿਨ ਆਏ ਵਸਿ ਪੰਚਾ ॥ ਅੰਮ੍ਰਿਤੁ ਨਾਮੁ ਰਿਦੈ ਲੈ ਸਿੰਚਾ ॥ ੩ ॥**

ਜਦੋਂ ਸੰਤ ਪ੍ਰਸੰਨ ਹੁੰਦੇ ਹਨ, ਤਾਂ ਕਾਮ ਆਦਿਕ ਪੰਜੇ ਵੱਸ ਆ ਜਾਂਦੇ ਹਨ, ਨਾਮ ਰੂਪ ਅੰਮ੍ਰਿਤ ਦਿਲ ਵਿੱਚ ਕੱਠਾ ਕਰਕੇ ਧਾਰਿਆ ਹੈ।

**ਕਹੁ ਨਾਨਕ ਜਾ ਕਾ ਪੂਰਾ ਕਰਮ ॥ ਤਿਸੁ ਭੇਟੇ ਸਾਧੂ ਕੇ ਚਰਨ ॥ ੪ ॥ ੪੬ ॥ ੧੧੫ ॥**

ਗੁਰੂ ਜੀ–ਜਿਸ ਆਦਮੀ ਦਾ ਪੂਰਨ ਭਾਗ ਹੈ, ਉਸਨੂੰ ਸਾਧੂਆਂ ਦੇ ਚਰਨ ਮਿਲਦੇ ਹਨ।

## ਗਉੜੀ ਮਹਲਾ ੫ ॥

**ਹਰਿ ਗੁਣ ਜਪਤ ਕਮਲੁ ਪਰਗਾਸੈ ॥ ਹਰਿ ਸਿਮਰਤ ਤ੍ਰਾਸ ਸਭ ਨਾਸੈ ॥ ੧ ॥**

ਪ੍ਰਮੇਸਰ ਦੇ ਗੁਣ ਆਖਣ ਨਾਲ ਦਿਲ ਕੌਲ ਵਿਚ ਚਾਨਣ ਹੁੰਦਾ ਹੈ, ਪ੍ਰਮੇਸਰ ਦਾ ਸਿਮਰਨ ਕਰਨ ਨਾਲ ਸਾਰੇ ਡਰ ਨਾਸ ਹੋ ਜਾਂਦੇ ਹਨ।

**ਸਾ ਮਤਿ ਪੂਰੀ ਜਿਤੁ ਹਰਿਗੁਣ ਗਾਵੈ ॥ ਵਡੇ ਭਾਗਿ ਸਾਧੂ ਸੰਗੁ ਪਾਵੈ ॥ ੧ ॥ ਰਹਾਉ ॥**

ਓਹ ਸਿੱਖਿਆ ਪੂਰੀ ਹੈ ਜਿਸ ਕਰਕੇ ਜੀਵ ਪ੍ਰਮੇਸਰ ਦੇ ਗੁਣ ਗੌਂਦਾ ਹੈ। ਓਹ ਪ੍ਰਮੇਸਰ ਸੰਤਾਂ ਦਾ ਸੰਗ ਕਰਕੇ ਬੜਿਆਂ ਭਲਿਆਂ ਕਰਮਾਂ ਕਰਕੇ ਮਿਲਦਾ ਹੈ।

**ਸਾਧ ਸੰਗਿ ਪਾਈਐ ਨਿਧਿ ਨਾਮਾ ॥ ਸਾਧ ਸੰਗਿ ਪੂਰਨ ਸਭਿ ਕਾਮਾ ॥ ੨ ॥**

ਸੰਤਾਂ ਦਾ ਸੰਗ ਕਰਕੇ ਨਾਮ ਰੂਪ ਨਿਧੀ = ਭਗਤੀ ਪਾਈਦੀ ਹੈ। ਸੰਤਾਂ ਦਾ ਸੰਗ ਕਰਕੇ ਸਾਰੀਆਂ ਕਾਮਣਾਂ ਪੂਰੀਆਂ ਹੁੰਦੀਆਂ ਹਨ।

**ਹਰਿ ਕੀ ਭਗਤਿ ਜਨਮੁ ਪਰਵਾਣੁ ॥ ਗੁਰ ਕਿਰਪਾ ਤੇ ਨਾਮੁ ਵਖਾਣੁ ॥ ੩ ॥**

ਪ੍ਰਮੇਸਰ ਦੀ ਭਗਤੀ ਕਰਨ ਨਾਲ ਜਨਮ ਸਫਲ ਹੁੰਦਾ ਹੈ। ਗੁਰਾਂ ਦੀ

Digitized by Panjab Digital Library | www.panjabdigilib.org

ਕਿਰਪਾ ਨਾਲ ਨਾਮ ਜਪਿਆ ਜਾਂਦਾ ਹੈ।

**ਕਹੁ ਨਾਨਕ ਸੋ ਜਨੁ ਪਰਵਾਨੁ ॥ ਜਾਕੈ ਰਿਦੈ ਵਸੈ ਭਗਵਾਨੁ ॥ ੪ ॥ ੪੭ ॥ ੧੧੬ ॥**

ਗੁਰੂ ਜੀ—ਓਹ ਆਦਮੀ ਹਰ ਥਾਂ ਪਰਵਾਣ ਹੈ ਜਿਸਦੇ ਦਿਲ ਵਿਚ ਪ੍ਰਮੇਸਰ ਵੱਸਦਾ ਹੈ।

**ਗਉੜੀ ਮਹਲਾ ੫ ॥**

**ਏਕਸੁ ਸਿਉ ਜਾਕਾ ਮਨੁ ਰਾਤਾ ॥ ਵਿਸਰੀ ਤਿਸੈ ਪਰਾਈ ਤਾਤਾ ॥ ੧ ॥**

ਜਿਸਦਾ ਮਨ ਇਕ ਪ੍ਰਮੇਸਰ ਨਾਲ ਰੱਤਾ ਹੈ, ਉਸ ਆਦਮੀ ਨੂੰ ਪਰਾਈ ਤਾਤਾ = ਲੋੜ ਜਾਂ ਤਪਸ਼ ਕਿਸੇ ਅਮੀਰ ਨੂੰ ਦੇਖਕੇ ਦੁਖੀ ਹੋਣਾ ਜਾਂ ਨਿੰਦਿਆ ਵਿਸਰ ਗਈ ਹੈ।

**ਬਿਨੁ ਗੋਬਿੰਦ ਨ ਦੀਸੈ ਕੋਈ ॥ ਕਰਨ ਕਰਾਵਨ ਕਰਤਾ ਸੋਈ ॥ ੧ ॥ ਰਹਾਉ ॥**

ਓਹਨਾਂ ਭਰਾਵਾਂ ਨੂੰ ਪ੍ਰਮੇਸਰ ਤੋਂ ਬਿਨਾ ਹੋਰ ਕੋਈ ਨਜ਼ਰ ਨਹੀਂ ਆਉਂਦਾ ਹੈ = ਜਗਤ ਦੇ ਪੈਦਾ ਕਰਨ ਵਾਲਾ ਅਤੇ ਅਗੇ ਜੇਹੜੇ ਪੰਜ ਤੱਤ ਹਨ ਓਹਨਾਂ ਤੋਂ ਸਭ ਕੁਛ ਕਰਾਣ ਵਾਲਾ ਹਰ ਇੱਕ ਦਾ ਓਹੋ ਹੀ ਕਰਤਾ ਪੁਰਖ ਹੈ।

**ਮਨਹਿ ਕਮਾਵੈ ਮੁਖਿ ਹਰਿ ਹਰਿ ਬੋਲੈ ॥ ਸੋ ਜਨੁ ਇਤ ਉਤ ਕਤਹਿ ਨ ਡੋਲੈ ॥ ੨ ॥**

ਜੇਹੜਾ ਮਨ ਨਾਲ ਕਮਾਉਂਦਾ ਹੈ, ਭਾਵ ਮਨ ਵਿੱਚ ਵੱਸਦਾ ਹੈ ਅਤੇ ਮੂੰਹ ਤੋਂ ਹਰਿ ਹਰਿ ਨਾਮ ਬੋਲਦਾ ਹੈ। ਓਹ ਆਦਮੀ ਐਧਰ ਓਧਰ = ਲੋਕ ਪ੍ਰਲੋਕ ਵਿੱਚ ਕਦੀ ਕਿਤੇ ਨਹੀਂ ਡੋਲਦਾ ਹੈ।

**ਜਾਕੈ ਹਰਿ ਧਨੁ ਸੋ ਸਚ ਸਾਹੁ ॥ ਗੁਰਿ ਪੂਰੈ ਕਰਿ ਦੀਨੋ ਵਿਸਾਹੁ ॥ ੩ ॥**

ਜਿਸਦੇ ਪਾਸ ਹਰੀ ਨਾਮ ਧਨ ਹੈ, ਓਹ ਸੱਚਾ ਸ਼ਾਹੂਕਾਰ ਹੈ, ਉਸਨੂੰ ਪੂਰਿਆਂ ਗੁਰਾਂ ਨੇ ਭਰੋਸਾ ਕਰ ਦਿੱਤਾ ਹੈ।

**ਜੀਵਨ ਪੁਰਖੁ ਮਿਲਿਆ ਹਰਿ ਰਾਇਆ ॥ ਕਹੁ ਨਾਨਕ ਪਰਮ ਪਦੁ ਪਾਇਆ ॥ ੪ ॥ ੪੮ ॥ ੧੧੭ ॥**

Digitized by Panjab Digital Library | www.panjabdigilib.org

ਇਸ ਲਈ ਉਸਨੂੰ ਜੀਵਣ ਪੁਰਖ ਪ੍ਰਮੇਸ਼ਰ ਪ੍ਰਕਾਸ਼ਕ ਮਿਲਿਆ ਹੈ। ਗੁਰੂ ਜੀ--ਇਸ ਕਰਕੇ ਉਸਨੇ ਉੱਤਮ ਮੋਖ ਪਦ ਨੂੰ ਪਾਇਆ ਹੈ।

## ਗਉੜੀ ਮਹਲਾ ੫ ॥

**ਨਾਮੁ ਭਗਤ ਕੈ ਪ੍ਰਾਨ ਅਧਾਰੁ ॥ ਨਾਮੋ ਧਨੁ ਨਾਮੋ ਬਿਉਹਾਰੁ ॥ ੧ ॥**

ਨਾਮ ਹੀ ਭਗਤਾਂ ਦੇ ਪ੍ਰਾਣਾਂ ਦਾ ਆਸਰਾ ਹੈ, ਨਾਮ ਹੀ ਓਹਨਾਂ ਦਾ ਧਨ ਤੇ ਨਾਮ ਹੀ ਬਪਾਰ ਹੈ।

**ਨਾਮੁ ਵਡਾਈ ਜਨੁ ਸੋਭਾ ਪਾਏ ॥ ਕਰਿ ਕਿਰਪਾ ਜਿਸੁ ਆਪਿ ਦਿਵਾਏ ॥ ੧ ॥ ਰਹਾਉ ॥**

ਨਾਮ ਦੀ ਵਡਿਆਈ ਕਰਕੇ ਦਾਸ ਸੋਭਾ ਪਾਉਂਦੇ ਹਨ, ਪਰ ਜਿਸ ਨੂੰ ਕਿਰਪਾ ਕਰਕੇ ਪ੍ਰਮੇਸ਼ਰ ਆਪ ਸਤਿਗੁਰਾਂ ਪਾਸੋਂ ਨਾਮ ਦਵਾਉਂਦਾ ਹੈ, ਉਸਨੂੰ ਨਾਮ ਮਿਲਦਾ ਹੈ।

**ਨਾਮ ਭਗਤ ਕੈ ਸੁਖ ਅਸਥਾਨੁ ॥ ਨਾਮ ਰਤੁ ਸੋ ਭਗਤੁ ਪਰਵਾਨੁ ॥ ੨ ॥**

ਨਾਮ ਭਗਤਾਂ ਦੇ ਸੁਖ ਦਾ ਥਾਂ ਹੈ, ਜਿਸਦੀ ਬ੍ਰਿਤੀ ਨਾਮ ਦੇ ਵਿੱਚ ਹੈ, ਓਹ ਭਗਤ ਪਰਵਾਣ ਹੈ ।

**ਹਰਿਕਾ ਨਾਮੁ ਜਨ ਕਉ ਧਾਰੈ ॥ ਸਾਸਿ ਸਾਸਿ ਜਨੁ ਨਾਮੁ ਸਮਾਰੈ ॥ ੩ ॥**

ਜੇਹੜਾ ਪ੍ਰਮੇਸ਼ਰ ਦਾ ਨਾਮ ਹੈ, ਉਸਨੇ ਜਨਕ ਆਦਕ ਰਾਜੇ ਤਾਰੇ ਹਨ, ਜਾਂ ਜਨਕ ਨੇ ਜੀਵਾਂ ਦਾ ਨਰਕ ਤੋਂ ਉਧਾਰ ਕੀਤਾ ਹੈ, ਜਾਂ ਜਨਕ = ਜਨਾਂ, ਦਾਸਾਂ ਦਾ ਆਸਰਾ ਹੈ, ਇਸ ਲਈ ਸਦਾ ਸਦਾ ਸਾਸ ਸਾਸ ਭਗਤ ਨਾਮ ਨੂੰ ਯਾਦ ਕਰਦੇ ਹਨ।

**ਕਹੁ ਨਾਨਕ ਜਿਸੁ ਪੂਰਾ ਭਾਗੁ ॥ ਨਾਮ ਸੰਗਿ ਤਾਕਾ ਮਨੁ ਲਾਗੁ ॥ ੪ ॥ ੪੯ ॥ ੧੧੮ ॥**

ਗੁਰੂ ਜੀ--ਜਿਸ ਦਾ ਪੂਰਨ ਭਾਗ ਹੈ, ਪ੍ਰਮੇਸ਼ਰ ਦੇ ਨਾਮ ਨਾਲ ਉਸਦਾ ਮਨ ਲੱਗਾ ਹੈ।

Digitized by Panjab Digital Library | www.panjabdigilib.org

ਗਉੜੀ ਮਹਲਾ ੫ ॥

ਸੰਤ ਪ੍ਰਸਾਦਿ ਹਰਿ ਨਾਮੁ ਧਿਆਇਆ ॥ ਤਬ ਤੇ ਧਾਵਤੁ ਮਨੁ ਤ੍ਰਿਪਤਾਇਆ ॥ ੧ ॥

ਜਦੋਂ ਸੰਤਾਂ ਦੀ ਕਿਰਪਾ ਨਾਲ ਹਰੀ ਨਾਮ ਧਿਆਇਆ ਤਾਂ ਮਨ ਦੌੜਨ ਤੋਂ ਰੱਜ ਗਿਆ ਤੇ ਖੜੋ ਗਿਆ।

ਸੁਖ ਬਿਸ੍ਰਾਮੁ ਪਾਇਆ ਗੁਣ ਗਾਇ ॥ ਸ੍ਰਮੁ ਮਿਟਿਆ ਮੇਰੀ ਹਤੀ ਬਲਾਇ ॥ ੧ ॥ ਰਹਾਉ ॥

ਪ੍ਰਮੇਸ਼ਰ ਦੇ ਗੁਣ ਗਾਕੇ ਸੁਖ ਵਿੱਚ ਬਿਸ੍ਰਾਮ ਪਾਇਆ, ਫਿਰ ਚੁਰਾਸੀ ਦੇ ਭੌਣ ਦਾ ਥਕੇਵਾਂ ਦੂਰ ਹੋ ਗਿਆ ਅਤੇ ਮੇਰੀ ਬਲਾ = ਅਵਿਦਜਾ ਵੀ ਹਤੀ = ਨਾਸ ਹੋ ਗਈ।

ਚਰਨ ਕਮਲ ਅਰਾਧਿ ਭਗਵੰਤਾ ॥ ਹਰਿ ਸਿਮਰਨ ਤੇ ਮਿਟੀ ਮੇਰੀ ਚਿੰਤਾ ॥ ੨ ॥

ਭਗਵੰਤ ਦੇ ਚਰਨਾਂ ਕਮਲਾਂ ਦਾ ਅਰਾਧਣ ਕਰਕੇ ਅਤੇ ਪ੍ਰਮੇਸ਼ਰ ਦਾ ਸਿਮਰਨ ਕਰਕੇ ਮੇਰੀ ਚਿੰਤਾ ਮਿਟ ਗਈ ਹੈ।

ਸਭ ਤਜਿ ਅਨਾਥੁ ਏਕ ਸਰਣਿ ਆਇਓ ॥ ਊਚ ਅਸਥਾਨੁ ਤਬ ਸਹਜੇ ਪਾਇਓ ॥ ੩ ॥

ਪਰ ਜਦੋਂ ਮੈਂ ਗਰੀਬ ਸਭ ਕੁਛ ਛੱਡਕੇ ਇੱਕ ਪ੍ਰਮੇਸ਼ਰ ਦੀ ਸ਼ਰਨ ਵਿੱਚ ਆਇਆ ਤਾਂ ਸੁਭਾਵਕ ਹੀ ਉੱਚਾ ਥਾਂ, ਭਾਵ ਮੁਕਤੀ ਪਦ ਨੂੰ ਪਾ ਲਿਆ।

ਦੂਖੁ ਦਰਦੁ ਭ੍ਰਮੁ ਭਉ ਨਸਿਆ ॥ ਕਰਣਹਾਰੁ ਨਾਨਕ ਮਨਿ ਬਸਿਆ ॥ ੪ ॥ ੫੦ ॥ ੧੧੯ ॥

ਜਨਮ ਮਰਨ ਦਾ ਦੁਖ, ਈਰਖਾ ਆਦਿਕ ਪੀੜਾ ਅਤੇ ਪੰਜ ਤਰ੍ਹਾਂ ਦਾ ਭਰਮ ਅਤੇ ਜਮਾਂ ਦਾ ਡਰ ਸਾਰਾ ਨੱਸ ਗਿਆ। ਗੁਰੂ ਜੀ–ਸਾਰੇ ਜਗਤ ਦੇ ਬਣਾਉਣ ਵਾਲਾ ਮੇਰੇ ਮਨ ਵਿੱਚ ਵੱਸਿਆ ਹੈ।

ਗਉੜੀ ਮਹਲਾ ੫ ॥

ਕਰ ਕਰਿ ਟਹਲ ਰਸਨਾ ਗੁਣ ਗਾਵਉ ॥ ਚਰਨ ਠਾਕੁਰ ਕੈ ਮਾਰਗਿ ਧਾਵਉ ॥ ੧ ॥

Digitized by Panjab Digital Library | www.panjabdigilib.org

ਹੱਥਾਂ ਨਾਲ ਸੰਤਾਂ ਦੀ ਸੇਵਾ ਕਰਾਂ ਜੀਭ ਨਾਲ ਹਰੀ ਦੇ ਗੁਣ ਗਾਵਾਂ ਜਾਂ ਕਰੋ, ਗਾਓ। ਪੈਰਾਂ ਨਾਲ ਪ੍ਰਮੇਸਰ ਦੇ ਰਸਤੇ ਚੱਲੋ।

**ਭਲੋ ਸਮੋ ਸਿਮਰਨ ਕੀ ਬਰੀਆ ॥ ਸਿਮਰਤ ਨਾਮੁ ਭੈ ਪਾਰਿ ਉਤਰੀਆ ॥ ੧ ॥ ਰਹਾਉ ॥**

ਇਹ ਬੜਾ ਚੰਗਾ ਸਮਾਂ ਹੈ, ਪ੍ਰਮੇਸਰ ਦੇ ਸਿਮਰਨ ਦੀ ਵਾਰੀ ਮਨੁੱਖਾ ਜਨਮ ਹੀ ਹੈ। ਪ੍ਰਮੇਸਰ ਦਾ ਨਾਮ ਹੀ ਸਿਮਰਕੇ ਸੰਸਾਰ ਰੂਪ ਡਰ ਦੇ ਸਮੁੰਦਰ ਤੋਂ ਪਾਰ ਹੋਈਦਾ ਹੈ।

**ਨੇਤ੍ਰ ਸੰਤਨ ਕਾ ਦਰਸਨੁ ਪੇਖੁ ॥ ਪ੍ਰਭ ਅਵਿਨਾਸੀ ਮਨ ਮਹਿ ਲੇਖੁ ॥ ੨ ॥**

ਅੱਖਾਂ ਨਾਲ ਸੰਤਾਂ ਦਾ ਦਰਸ਼ਨ ਵੇਖੋ। ਮਾਲਕ ਨ ਮਰਨ ਵਾਲੇ ਨੂੰ ਮਨ ਵਿਚ ਲੇਖ = ਵੇਖੋ ਜਾਂ ਲਿਖੋ ਜਾਂ ਜਾਣੋ।

**ਸੁਣਿ ਕੀਰਤਨੁ ਸਾਧ ਪਹਿ ਜਾਇ ॥ ਜਨਮ ਮਰਣ ਕੀ ਤ੍ਰਾਸ ਮਿਟਾਇ ॥ ੩ ॥**

ਸਾਧੂ ਦੇ ਪਾਸ ਜਾਕੇ ਹਰੀ ਦਾ ਕੀਰਤਨ ਸੁਣੋ, ਇੱਕੁਰ ਜਨਮ ਮਰਨ ਦਾ ਡਰ ਦੂਰ ਕਰੋ।

**ਚਰਣ ਕਮਲ ਠਾਕੁਰ ਉਰਿਧਾਰਿ ॥ ਦੁਲਭ ਦੇਹ ਨਾਨਕ ਨਿਸਤਾਰਿ ॥ ੪ ॥ ੫੧ ॥ ੧੨੦ ॥**

ਮਾਲਕ ਦੇ ਚਰਨ ਕਮਲ ਦਿਲ ਵਿੱਚ ਧਾਰੋ। ਗੁਰੂ ਜੀ—ਇਸ ਮਨੁਖ ਦੇਹ ਦੁਰਲਭ ਦਾ ਉਧਾਰ ਕਰੋ।

**ਗਉੜੀ ਮਹਲਾ ੫ ॥**

**ਜਾਕਉ ਅਪਨੀ ਕਿਰਪਾ ਧਾਰੈ ॥ ਸੋ ਜਨੁ ਰਸਨਾ ਨਾਮੁ ਉਚਾਰੈ ॥ ੧ ॥**

ਜਿਸਦੇ ਉਤੇ ਪਰਮੇਸਰ ਆਪਣੀ ਕਿਰਪਾ ਕਰਦਾ ਹੈ, ਉਹ ਦਾਸ ਜੀਭ ਨਾਲ ਨਾਮ ਬੋਲਦਾ ਹੈ।

**ਹਰਿ ਬਿਸਰਤ ਸਹਸਾ ਦੁਖੁ ਬਿਆਪੈ ॥ ਸਿਮਰਤ ਨਾਮੁ ਭਰਮੁ ਭਉ ਭਾਗੈ ॥ ੧ ॥ ਰਹਾਉ ॥**

Digitized by Panjab Digital Library | www.panjabdigilib.org

ਪ੍ਰਮੇਸਰ ਦੇ ਭੁੱਲਣ ਨਾਲ ਸੰਸਾ ਤੇ ਦੁੱਖ ਚੰਬੜਦਾ ਹੈ। ਨਾਮ ਨੂੰ ਸਿਮਰਦਿਆਂ ਭਰਮ ਡਰ ਨਾਸ ਹੁੰਦਾ ਹੈ।

**ਹਰਿ ਕੀਰਤਨੁ ਸੁਣੈ ਹਰਿ ਕੀਰਤਨੁ ਗਾਵੈ ॥ ਤਿਸੁ ਜਨੁ ਦੂਖੁ ਨਿਕਟਿ ਨਹੀ ਆਵੈ ॥ ੨ ॥**

ਜੇਹੜਾ ਆਦਮੀ ਹਰੀ ਦਾ ਕੀਰਤਨ ਸੁਣਦਾ ਤੇ ਗਾਉਂਦਾ ਹੈ,ਉਸਦੇ ਨੇੜੇ ਦੁਖ ਨਹੀਂ ਆਉਂਦਾ ਹੈ।

**ਹਰਿਕੀ ਟਹਲ ਕਰਤ ਜਨੁ ਸੋਹੈ ॥ ਤਾਕਉ ਮਾਇਆ ਅਗਨਿ ਨ ਪੋਹੈ ॥ ੩ ॥**

ਹਰੀ ਦੀ ਭਗਤੀ ਕਰਦਾ ਹੋਇਆ ਆਦਮੀ ਸੋਹਣਾ ਲੱਗਦਾ ਹੈ, ਉਸ ਨੂੰ ਮਾਇਆ ਅੱਗ ਨਹੀਂ ਛੋਂਹਦੀ ਹੈ ।

**ਮਨਿ ਤਨਿ ਮੁਖਿ ਹਰਿਨ ਮੁ ਦਇਆਲ ॥ ਨਾਨਕ ਤਜੀਅਲੇ ਅਵਰਿ ਜੰਜਾਲ ॥ ੪ ॥ ੫੨ ॥ ੧੨੧ ॥**

ਜੇਹੜਾ ਆਦਮੀ ਮਨ ਤਨ ਨਾਲ ਮੂੰਹ ਕਰਕੇ ਪਰਮੇਸਰ ਦਾ ਨਾਮ ਜਪਦਾ ਹੈ। ਗੁਰੂ ਜੀ-ਉਸ ਆਦਮੀ ਨੇ ਹੋਰ ਸਾਰੇ ਜੰਜਾਲ ਛੱਡ ਦਿੱਤੇ ਹਨ

**ਗਉੜੀ ਮਹਲਾ ੫ ॥**

**ਛਾਡਿ ਸਿਆਨਪ ਬਹੁ ਚਤੁਰਾਈ ॥ ਗੁਰ ਪੂਰੇ ਕੀ ਟੇਕ ਟਿਕਾਈ ॥ ੧ ॥**

ਬਹੁਤੀ ਚਤੁਰਾਈ ਤੇ ਸਿਆਣਪ ਛੱਡ ਦਿਤੀ ਹੈ, ਪੂਰਿਆਂ ਗੁਰਾਂ ਦੀ ਸ਼ਰਨ ਟਿਕਾਈ = ਲਈ ਹੈ ।

**ਦੁਖ ਬਿਨਸੇ ਸੁਖ ਹਰਿ ਗੁਣ ਗਾਇ ॥ ਗੁਰੁ ਪੂਰਾ ਭੇਟਿਆ ਲਿਵ ਲਾਇ ॥ ੧ ॥ ਰਹਾਉ ॥**

ਹਰੀ ਦੇ ਗੁਣ ਗਾਉਣ ਨਾਲ ਦੁਖ ਦੂਰ ਹੋ ਗਏ ਹਨ ਅਤੇ ਸੁਖ ਆ ਮਿਲੇ ਹਨ। ਜਦੋਂ ਪੂਰਨ ਗੁਰਾਂ ਦਾ ਮਿਲਾਪ ਹੋਇਆ ਹੈ ਤਦੋਂ ਬ੍ਰਿਤੀ ਜਾਂ ਪ੍ਰੀਤੀ ਲਗ ਗਈ ਹੈ।

**ਹਰਿਕਾ ਨਾਮੁ ਦੀਓ ਗੁਰਿ ਮੰਤ੍ਰੁ ॥ ਮਿਟੇ ਵਿਸੂਰੇ ਉਤਰੀ ਚਿੰਤ ॥**

ਗੁਰਾਂ ਨੇ ਹਰਿ ਨਾਮ ਰੂਪ ਮੰਤ੍ਰ = ਉਪਦੇਸ਼ ਦਿੱਤਾ ਹ,ਉਸ ਕਰਕੇ ਝੋਰੇ

Digitized by Panjab Digital Library | www.panjabdigilib.org

ਅਫਸੋਸ ਕਰਨੇ ਤੇ ਚਿੰਤਾ ਦੂਰ ਹੋ ਗਈ ਹੈ।

**ਅਨਦ ਭਏ ਗੁਰ ਮਿਲਤ ਕ੍ਰਿਪਾਲ ॥ ਕਰਿ ਕਿਰਪਾ ਕਾਟੇ ਜਮ ਜਾਲ ॥ ੩ ॥**

ਕਿਰਪਾਲੂ ਗੁਰਾਂ ਦੇ ਮਿਲਨ ਕਰਕੇ ਅਨੰਦ ਹੋਇਆ ਹੈ। ਗੁਰਾਂ ਨੇ ਕਿਰਪਾ ਕਰਕੇ ਜਮ ਦੇ ਫਾਹ ਕੱਟ ਦਿਤੇ ਹਨ।

**ਕਹੁ ਨਾਨਕ ਗੁਰੁ ਪੂਰਾ ਪਾਇਆ ॥ ਤਾਤੇ ਬਹੁਰਿ ਨ ਵਿਆਪੈ ਮਾਇਆ ॥ ੪ ॥ ੫੩ ॥ ੧੨੨ ॥**

ਗੁਰੂ ਜੀ–ਜਦੋਂ ਪੂਰਾ ਗੁਰੂ ਪਾਇਆ ਹੈ, ਇਸ ਲਈ ਸਾਨੂੰ ਮੁੜਕੇ ਆਕੇ ਮਾਇਆ ਨਹੀਂ ਚੰਬੜੀ ਹੈ।

## ਗਉੜੀ ਮਹਲਾ ੫ ॥

**ਰਾਖਿ ਲੀਆ ਗੁਰਿ ਪੂਰੈ ਆਪਿ ॥ ਮਨਮੁਖ ਕਉ ਲਾਗਉ ਸੰਤਾਪੁ ॥ ੧ ॥**

ਪੂਰਿਆਂ ਗੁਰਾਂ ਨੇ ਆਪ ਹੀ ਬਚਾ ਲਿਆ ਹੈ। ਜੇਹੜਾ ਮਨਮੁਖ ਦੁੱਖ ਦੇਣ ਲੱਗਾ ਸੀ, ਉਸਨੂੰ ਚੰਗੀ ਤਰਾਂ ਤਪਣਾ ਭਾਵ ਦੁੱਖ ਲੱਗਾ ਹੈ।

**ਗੁਰੂ ਗੁਰੂ ਜਪਿ ਮੀਤ ਹਮਾਰੇ ॥ ਮੁਖ ਊਜਲ ਹੋਵਹਿ ਦਰਬਾਰੇ ॥ ੧ ॥ ਰਹਾਉ ॥**

ਹੇ ਮੇਰੇ ਮਿਤ੍ਰ ਗੁਰੂ ਗੁਰੂ ਜਪ। ਜਿਸ ਕਰਕੇ ਪ੍ਰਮੇਸਰ ਦੇ ਦੇ ਦਰਬਾਰ ਵਿਚ ਤੇਰਾ ਮੂੰਹ ਨਿਰਮਲ ਹੋਵੇਗਾ।

**ਗੁਰ ਕੇ ਚਰਣ ਹਿਰਦੈ ਵਸਾਇ ॥ ਦੁਖ ਦੁਸਮਨ ਤੇਰੀ ਹਤੈ ਬਲਾਇ ॥ ੨ ॥**

ਗੁਰਾਂ ਦੇ ਚਰਨ ਦਿਲ ਵਿਚ ਵਸਾ। ਇਸ ਕਰਕੇ ਤੇਰੇ ਦੁਖ, ਵੈਰੀ ਬਲਾ = ਅਵਿਦਯਾ ਆਦਕ ਸਭ ਦੁਸ਼ਮਨ ਨਾਸ ਹੋ ਜਾਣਗੇ।

**ਗੁਰ ਕਾ ਸਬਦੁ ਤੇਰੈ ਸੰਗਿ ਸਹਾਈ ॥ ਦਇਆਲ ਭਏ ਸਗਲੇ ਜੀਅ ਭਾਈ ॥ ੩ ॥**

ਗੁਰਾਂ ਦਾ ਉਪਦੇਸ਼ ਤੇਰੇ ਨਾਲ ਸਹਾਈ ਹੋਵੇਗਾ। ਹੇ ਭਰਾ ਪ੍ਰਮੇਸਰ ਦਾ ਨਾਮ ਜਪਣ ਨਾਲ ਸਾਰੇ ਆਦਮੀ ਭੀ ਦਿਆਲੂ ਹੋ ਗਏ ਹਨ।

Digitized by Panjab Digital Library | www.panjabdigilib.org

**ਗੁਰਿ ਪੂਰੈ ਜਬ ਕਿਰਪਾ ਕਰੀ ॥ ਭਨਤਿ ਨਾਨਕ ਮੇਰੀ ਪੂਰੀ ਪਰੀ ॥ ੪ ॥ ੫੪ ॥ ੧੨੩ ॥**

ਜਦੋਂ ਪੂਰਿਆਂ ਗੁਰਾਂ ਨੇ ਕਿਰਪਾ ਕੀਤੀ ਹੈ। ਗੁਰੂ ਜੀ–ਤਾਂ ਮੇਰੀ ਸਾਰੀ ਪੂਰੀ ਪਈ ਹੈ ਭਾਵ ਸਾਰੀਆਂ ਇੱਛਿਆ ਪੂਰੀਆਂ ਹੋ ਗਈਆਂ ਹਨ, ਭਨਤ = ਆਖਦੇ ਹਨ।

## ਗਉੜੀ ਮਹਲਾ ੫ ॥

**ਅਨਿਕ ਰਸਾ ਖਾਇ ਜੈਸੇ ਢੋਰ ॥ ਮੋਹ ਕੀ ਜੇਵਰੀ ਬਾਧਿਓ ਚੋਰ ॥ ੧ ॥**

ਪ੍ਰਮੇਸਰ ਦਾ ਨਾਮ ਜਪਿਆਂ ਬਿਨਾ ਆਦਮੀ ਦਾ ਅਨੇਕਾਂ ਰਸਾਂ ਦਾ ਖਾਣਾ ਇਸਤਰਾਂ ਦਾ ਹੈ, ਜਿਸਤਰਾਂ ਢੋਰ = ਪਸ਼ੂ ਖਾਂਦਾ ਹੈ "ਪਸ਼ੂ ਨੂੰ ਤਾਂ ਰੱਸਾ ਹੁੰਦਾ ਹੈ, ਉਸ ਨੂੰ ਕੇਹੜਾ ਰੱਸਾ ਹੈ ? ਸੋ ਦੱਸਦੇ ਹਨ" ਪ੍ਰਮੇਸਰ ਦੇ ਦਰਵਾਜ਼ੇ ਦਾ ਚੋਰ ਓਹ ਵੀ ਮੋਹ ਰੂਪ ਰੱਸੀ ਨਾਲ ਬੱਧਾ ਹੋਇਆ ਹੁੰਦਾ ਹੈ।

**ਮਿਰਤਕ ਦੇਹ ਸਾਧ ਸੰਗ ਬਿਹੂਨਾ ॥ ਆਵਤ ਜਾਤ ਜੋਨੀ ਦੁਖ ਖੀਨਾ ॥ ੧ ॥ ਰਹਾਉ ॥**

ਸਾਧ ਸੰਗ ਬਿਨਾ ਸਰੀਰ ਮੁਰਦਾ ਹੈ, ਜੂਨੀਆਂ ਦੇ ਦੁੱਖਾਂ ਵਿਚ ਪੈਂਦਾ ਆਉਂਦਾ ਜਾਂਦਾ ਅਤੇ ਖੀਨਾ = ਨਾਸ ਹੁੰਦਾ ਹੈ।

**ਅਨਿਕ ਬਸਤ੍ਰ ਸੁੰਦਰ ਪਹਿਰਾਇਆ ॥ ਜਿਉ ਡਰਨਾ ਖੇਤ ਮਾਹਿ ਡਰਾਇਆ ॥ ੨ ॥**

ਅਨੇਕਾਂ ਸੁੰਦਰ ੨ ਕਪੜਿਆਂ ਨੂੰ ਪਾਇਆ ਹੋਇਆ ਹੈ,ਪਰ ਨਾਮ ਤੋਂ ਬਿਨਾ ਇਸਤਰਾਂ ਦਾ ਹੈ, ਜਿਸਤਰਾਂ ਦਾ ਖੇਤ ਦੇ ਅੰਦਰ ਜਾਨਵਰਾਂ ਨੂੰ ਡਰਾਉਣ ਵਾਸਤੇ ਡਰਨਾ ਡਰਾਇਆ ਕਰਦਾ ਹੈ।

**ਸਗਲ ਸਰੀਰ ਆਵਤ ਸਭ ਕਾਮ ॥ ਨਿਹਫਲ ਮਾਨੁਖੁ ਜਪੈ ਨਹੀ ਨਾਮੁ ॥ ੩ ॥**

ਸਾਰੇ ਸਰੀਰ ਸਾਰਿਆਂ ਕੰਮਾਂ ਵਿਚ ਲੱਗ ਜਾਂਦੇ ਹਨ ਭਾਵ ਸਫਲ ਹਨ। ਪਰ ਨਾਮ ਦੇ ਨਾ ਜਪਣ ਕਰਕੇ ਮਨੁਖ ਸਰੀਰ ਨਿਸਫਲ ਹੈ।

**ਕਹੁ ਨਾਨਕ ਜਾਕਉ ਭਏ ਦਇਆਲਾ ॥ ਸਾਧ ਸੰਗਿ ਮਿਲਿ ਭਜਹਿ ਗੋੁਪਾਲਾ ॥ ੪ ॥ ੫੫ ॥ ੧੨੪ ॥**

Digitized by Panjab Digital Library | www.panjabdigilib.org

ਗੁਰੂ ਜੀ–ਜਿਸ ਨੂੰ ਪ੍ਰਮੇਸਰ ਦਿਆਲੂ ਹੋਇਆ ਹੈ, ਓਹ ਆਦਮੀ ਸਾਧ ਸੰਗਤ ਵਿਚ ਮਿਲਕੇ ਗੁਪਾਲ ਨੂੰ ਯਾਦ ਕਰਦਾ ਹੈ।

**ਗਉੜੀ ਮਹਲਾ ੫ ॥**

**ਕਲਿ ਕਲੇਸ ਗੁਰ ਸਬਦਿ ਨਿਵਾਰੇ ॥ ਆਵਣ ਜਾਣ ਰਹੇ ਸੁਖ ਸਾਰੇ ॥ ੧ ॥**

ਕਲੇਸ਼ = ਰਾਗ ੧, ਦ੍ਵੈਖ ੨, ਅਵਿਦ੍ਯਾ ੩, ਅਸਮਮਤਾ ੪, ਅਭਿਨਵੇਸ ੫, ਬਹੁਤ ਤਰਾਂ ਦੀਆਂ ਕਲਪਣਾਂ ਅਤੇ ਸਾਰੇ ਕਲੇਸ ਗੁਰੂ ਦੇ ਉਪਦੇਸ਼ ਨੇ ਦੂਰ ਕਰ ਦਿੱਤੇ ਹਨ। ਆਉਣ ਜਾਣ ਤੋਂ ਰਹਿਤ ਹੋ ਗਏ ਹਾਂ ਅਤੇ ਸਾਰੇ ਸੁਖ ਮਿਲ ਗਏ ਹਨ ਜਾਂ ਚੰਗਾ ਸੁਖ ਮਿਲਿਆ ਹੈ।

**ਭੈ ਬਿਨਸੇ ਨਿਰਭਉ ਹਰਿ ਧਿਆਇਆ ॥ ਸਾਧ ਸੰਗਿ ਹਰਿਕੇ ਗੁਣ ਗਾਇਆ ॥ ੧ ॥ ਰਹਾਉ ॥**

ਸਤਿਸੰਗ ਕਰਕੇ ਨਿਰਭੈ ਹਰੀ ਨੂੰ ਧਿਆਇਆ ਹੈ ਅਤੇ ਪ੍ਰਮੇਸਰ ਦੇ ਗੁਣਾਂ ਨੂੰ ਗਾਇਆ ਹੈ, ਇਸ ਲਈ ਸਾਰੇ ਡਰ ਦੂਰ ਹੋ ਗਏ ਹਨ।

**ਚਰਨ ਕਵਲ ਰਿਦ ਅੰਤਰਿ ਧਾਰੇ ॥ ਅਗਨਿ ਸਾਗਰ ਗੁਰਿ ਪਾਰਿ ਉਤਾਰੇ ॥ ੨ ॥**

ਜਦੋਂ ਗੁਰੂ ਪ੍ਰਮੇਸਰ ਦੇ ਚਰਨ ਕੌਲ ਦਿਲ ਵਿਚ ਧਾਰੇ ਹਨ ਤਾਂ ਜੇਹੜਾ ਸੰਸਾਰ ਅੱਗ ਦਾ ਸਮੁੰਦਰ ਹੈ, ਉਸ ਵਿਚੋਂ ਗੁਰਾਂ ਨੇ ਪਾਰ ਉਤਾਰ ਲਿਆ ਹੈ ਭਾਵ ਪ੍ਰਮੇਸਰ ਦੇ ਨਾਲ ਮਿਲਾ ਦਿਤਾ ਹੈ।

**ਬੂਡਤ ਜਾਤ ਪੂਰੈ ਗੁਰਿ ਕਾਢੇ ॥ ਜਨਮ ਜਨਮ ਕੇ ਟੂਟੇ ਗਾਢੇ ॥ ੩ ॥**

ਉਸ ਸੰਸਾਰ ਸਮੁੰਦਰ ਵਿੱਚ ਡੁੱਬਦੇ ਜਾਂਦੇ ਸੀ, ਪੂਰਿਆਂ ਗੁਰਾਂ ਨੇ ਕੱਢ ਲਿਆ ਹੈ। ਜਨਮਾਂ ੨ ਦੇ ਟੁੱਟਿਆਂ ਹੋਇਆਂ ਨੂੰ ਗੁਰਾਂ ਨੇ ਪ੍ਰਮੇਸ਼ਰ ਦੇ ਨਾਲ ਮਿਲਾ ਦਿੱਤਾ ਹੈ।

**ਕਹੁ ਨਾਨਕ ਤਿਸੁ ਗੁਰਿ ਬਲਿਹਾਰੀ ॥ ਜਿਸੁ ਭੇਟਤ ਗਤਿ ਭਈ ਹਮਾਰੀ ॥ ੪ ॥ ੫੬ ॥ ੧੨੫ ॥**

ਗੁਰੂ ਜੀ–ਮੈਂ ਉਸ ਗੁਰੂ ਤੋਂ ਬਲਿਹਾਰ ਜਾਂਦਾ ਹਾਂ, ਜਿਸ ਨੂੰ ਮਿਲਕੇ ਮੇਰੀ ਮੁਕਤੀ ਹੋਈ ਹੈ।

Digitized by Panjab Digital Library | www.panjabdigilib.org

ਗਉੜੀ ਮਹਲਾ ੫ ॥

ਸਾਧ ਸੰਗਿ ਤਾਕੀ ਸਰਨੀ ਪਰਹੁ ॥ ਮਨੁ ਤਨੁ ਅਪਨਾ ਆਗੈ ਧਰਹੁ ॥ ੧ ॥

ਜੇਹੜਾ ਸਾਧਸੰਗ ਦਾ ਮਾਲਕ ਹੈ, ਉਸਦੀ ਸ਼ਰਨੀ ਪਵੋ, ਜਾਂ ਸਾਧ ਸੰਗ ਕਰੋ ਤੇ ਪ੍ਰਮੇਸ਼ਰ ਦੀ ਸ਼ਰਨੀ ਪਵੋ। ਆਪਣਾ ਮਨ ਤਨ ਸਭ ਕੁਛ ਅੱਗੇ ਧਰੋ ।

ਅੰਮ੍ਰਿਤ ਨਾਮੁ ਪੀਵਹੁ ਮੇਰੇ ਭਾਈ ॥ ਸਿਮਰਿ ਸਿਮਰਿ ਸਭ ਤਪਤਿ ਬੁਝਾਈ ॥ ੧ ॥ ਰਹਾਉ ॥

ਹੇ ਮੇਰੇ ਭਰਾਓ ! ਹਰੀ ਨਾਮ ਅੰਮ੍ਰਿਤ ਨੂੰ ਪੀਓ, ਜਿਨ੍ਹਾਂ ਆਦਮੀਆਂ ਨੇ ਮਨ ਬਾਣੀ ਨਾਲ ਹਰੀ ਨਾਮ ਨੂੰ ਸਿਮਰਿਆ ਹੈ,ਓਹਨਾਂ ਨੇ ਸਾਰੀ ਤਪਤ ਦੂਰ ਕਰ ਲਈ ਹੈ।

ਤਜਿ ਅਭਿਮਾਨੁ ਜਨਮ ਮਰਣੁ ਨਿਵਾਰਹੁ ॥ ਹਰਿਕੇ ਦਾਸ ਕੇ ਚਰਣ ਨਮਸਕਾਰਹੁ ॥ ੨ ॥

ਹੰਕਾਰ ਨੂੰ ਛੱਡੋ ਤੇ ਜਨਮ ਮਰਨ ਨੂੰ ਦੂਰ ਕਰ ਲੌ,ਪ੍ਰਮੇਸ਼ਰ ਦੇ ਦਾਸਾਂ ਦੇ ਚਰਨਾਂ ਕਮਲਾਂ ਨੂੰ ਨਮਸ਼ਕਾਰ ਕਰੋ।

ਸਾਸਿ ਸਾਸਿ ਪ੍ਰਭੁ ਮਨਹਿ ਸਮਾਲੇ ॥ ਸੋ ਧਨੁ ਸੰਚਹੁ ਜੋ ਚਾਲੈ ਨਾਲੇ ॥ ੩ ॥

ਸਾਸ ਸਾਸ ਮਾਲਕ ਨੂੰ ਮਨ ਵਿੱਚ ਯਾਦ ਕਰੋ, ਓਹ: ਨਾਮ ਰੂਪ ਧਨ ਕੱਠਾ ਕਰੋ, ਜੇਹੜਾ ਲੋਕ ਵਿੱਚ ਨਾਲ ਚੱਲੇਗਾ।

ਤਿਸਹਿ ਪਰਾਪਤਿ ਜਿਸੁ ਮਸਤਕਿ ਭਾਗੁ ॥ ਕਹੁ ਨਾਨਕ ਤਾਕੀ ਚਰਣੀ ਲਾਗੁ ॥ ੪ ॥ ੫੭ ॥ ੧੨੬ ॥

ਨਾਮ ਧਨ ਉਸਨੂੰ ਮਿਲਦਾ ਜਿਸਦੇ ਮੱਥੇ ਉਤੇ ਪੂਰਨ ਭਾਗ ਹਨ। ਗੁਰੂ ਜੀ–ਨਾਮ ਨੂੰ ਲੈਣ ਵਾਲਿਆਂ ਦੀ ਚਰਨੀ ਲੱਗੋ।

ਗਉੜੀ ਮਹਲਾ ੫ ॥

ਸੂਕੇ ਹਰੇ ਕੀਏ ਖਿਨ ਮਾਹੇ ॥ ਅੰਮ੍ਰਿਤ ਦ੍ਰਿਸਟਿ ਸੰਚਿ ਜੀਵਾਏ ॥ ੧ ॥

ਸੁੱਕਿਆਂ ਨੂੰ ਛਿਨ ਵਿੱਚ ਹਰਿਆਂ ਕਰ ਦਿੱਤਾ ਹੈ, ਭਾਵ ਪ੍ਰੇਮ

Digitized by Panjab Digital Library | www.panjabdigilib.org

ਵਾਲਿਆਂ ਕੀਤਾ ਹੈ। ਅੰਮ੍ਰਿਤ ਰੂਪ ਦ੍ਰਿਸ਼ਟੀ ਕਰਕੇ, ਭਾਵ ਮਿਹਰ ਦੀ ਨਜ਼ਰ ਨਾਲ ਸਿੰਚਕੇ, ਜਿਸ ਤਰ੍ਹਾਂ ਖੇਤੀ ਸਿੰਜੀਦੀ ਹੈ ਤੇ ਹਰੀ ਹੋ ਜਾਂਦੀ ਹੈ, ਇੱਕੁਰ ਹੀ ਗੁਰੂ ਨੇ ਮੋਏ ਹੋਏ ਆਦਮੀ ਜੀਊਂਦੇ ਕਰ ਦਿੱਤੇ ਹਨ।

**ਕਾਟੇ ਕਸਟ ਪੂਰੇ ਗੁਰਦੇਵ ॥ ਸੇਵਕ ਕਉ ਦੀਨੀ ਅਪੁਨੀ ਸੇਵ ॥ ੧ ॥ ਰਹਾਉ ॥**

ਪੂਰਨ ਗੁਰਦੇਵ ਨੇ ਸਾਰੇ ਕਸ਼ਟ ਕੱਟ ਦਿੱਤੇ ਹਨ। ਸੇਵਕ ਨੂੰ ਆਪਣੀ ਸੇਵਾ ਦਿੱਤੀ ਹੈ।

**ਮਿਟਿ ਗਈ ਚਿੰਤ ਪੁਨੀ ਮਨ ਆਸਾ ॥ ਕਰੀ ਦਇਆ ਸਤਿਗੁਰਿ ਗੁਣਤਾਸਾ ॥ ੨ ॥**

ਸਾਰੀ ਚਿੰਤਾ ਦੂਰ ਹੋ ਗਈ ਹੈ ਅਤੇ ਸਾਰੀਆਂ ਮਨ ਦੀਆਂ ਆਸਾਂ ਪੂਰੀਆਂ ਹੋ ਗਈਆਂ ਹਨ। ਸਰਬ ਗੁਣ ਸਮੁੰਦਰ ਪੂਰਿਆਂ ਗੁਰਾਂ ਨੇ ਕਿਰਪਾ ਕੀਤੀ ਹੈ।

**ਦੁਖ ਨਾਠੇ ਸੁਖ ਆਇ ਸਮਾਏ ॥ ਢੀਲ ਨ ਪਰੀ ਜਾ ਗੁਰਿ ਫੁਰਮਾਏ ॥ ੩ ॥**

ਦਿਲ ਤੋਂ ਦੁਖ ਦੌੜ ਗਏ ਹਨ ਅਤੇ ਸੁਖ ਆਕੇ ਅੰਦਰ ਬੈਠ ਗਏ ਹਨ। ਜਦੋਂ ਗੁਰਾਂ ਨੇ ਬਚਨ ਫਰਮਾਏ ਤੇ ਤਾਂ ਫਿਰ ਕੁਛ ਵੀ ਢਿੱਲ ਨਹੀਂ ਪਈ ਹੈ, ਭਾਵ ਚਿਰ ਨਹੀਂ ਲੱਗਾ ਹੈ।

**ਇਛ ਪੁਨੀ ਪੂਰੇ ਗੁਰ ਮਿਲੇ ॥ ਨਾਨਕ ਤੇ ਜਨ ਸੁਫਲ ਫਲੇ ॥ ੪ ॥ ੫੮ ॥ ੧੨੭ ॥**

ਜਦੋਂ ਪੂਰਨ ਗੁਰੂ ਮਿਲ ਗਏ ਤੇ ਸਾਰੀਆਂ ਇੱਛਾ ਪੂਰੀਆਂ ਹੋ ਗਈਆਂ ਹਨ। ਗੁਰੂ ਜੀ—ਓਹੋ ਹੀ ਆਦਮੀ ਚੰਗਿਆਂ ਫਲਾਂ ਨਾਲ ਫਲੇ ਹਨ।

**ਗਉੜੀ ਮਹਲਾ ੫ ॥**

**ਤਾਪ ਗਏ ਪਾਈ ਪ੍ਰਭਿ ਸਾਂਤਿ ॥ ਸੀਤਲ ਭਏ ਕੀਨੀ ਪ੍ਰਭ ਦਾਤਿ ॥ ੧ ॥**

ਸਾਰੇ ਤਾਪ = ਦੁਖ ਚਲੇ ਗਏ ਹਨ, ਮਾਲਕ ਨੇ ਮਨ ਵਿੱਚ ਸ਼ਾਂਤੀ ਪਾਈ ਹੈ। ਅਸੀਂ ਸੀਤਲ ਹੋ ਗਏ, ਜਦੋਂ ਮਾਲਕ ਨੇ ਦਾਤ ਕੀਤੀ ਹੈ।

Digitized by Panjab Digital Library | www.panjabdigilib.org

ਪ੍ਰਭ ਕਿਰਪਾ ਤੇ ਭਏ ਸੁਹੇਲੇ ॥ ਜਨਮ ਜਨਮ ਕੇ ਬਿਛੁਰੇ ਮੇਲੇ ॥ ੧ ॥ ਰਹਾਉ ॥

ਮਾਲਕ ਦੀ ਕਿਰਪਾ ਨਾਲ ਸੁਖੀ ਹੋਇਆ ਹਾਂ, ਅਸੀਂ ਜਨਮਾਂ ੨ ਦੇ ਵਿੱਛੜੇ ਹੋਏ ਸੀ, ਪ੍ਰਮੇਸ਼ਰ ਨੇ ਸਾਨੂੰ ਨਾਲ ਮਿਲਾ ਲਿਆ ਹੈ।

ਸਿਮਰਤ ਸਿਮਰਤ ਪ੍ਰਭ ਕਾ ਨਾਉ ॥ ਸਗਲ ਰੋਗ ਕਾ ਬਿਨਸਿਆ ਥਾਉ ॥ ੨ ॥

ਮਾਲਕ ਦਾ ਨਾਮ ਸਿਮਰਦਿਆਂ ੨ ਹੋਇਆਂ, ਜੇਹੜਾ ਅਗਿਆਨ ਸਾਰਿਆਂ ਰੋਗਾਂ ਦਾ ਥਾਂ ਸੀ, ਓਹ ਨਾਸ ਹੋ ਗਿਆ ਹੈ।

ਸਹਜਿ ਸੁਭਾਇ ਬੋਲੈ ਹਰਿ ਬਾਣੀ ॥ ਆਠ ਪਹਰ ਪ੍ਰਭ ਸਿਮਰਹੁ ਪ੍ਰਾਣੀ ॥ ੩ ॥

ਸਹਿਜ ਸੁਭਾਵਕ ਹੀ ਪ੍ਰਮੇਸ਼ਰ ਸੰਬੰਧੀ ਬਾਣੀ ਬੋਲਦੇ ਹਨ, ਹੇ ਪ੍ਰਾਣੀਓਂ ਅੱਠ ਪਹਿਰ ਮਾਲਕ ਦਾ ਨਾਮ ਯਾਦ ਕਰੋ।

ਦੂਖੁ ਦਰਦੁ ਜਮਿ ਨੇੜਿ ਨ ਆਵੈ ॥ ਕਹੁ ਨਾਨਕ ਜੋ ਹਰਿ ਗੁਨ ਗਾਵੈ ॥ ੪ ॥ ੫੯ ॥ ੧੨੮ ॥

ਗੁਰੂ ਜੀ-ਜੇਹੜਾ ਆਦਮੀ ਪ੍ਰਮੇਸ਼ਰ ਦੇ ਗੁਣ ਗਾਉਂਦਾ ਹੈ, ਉਸਦੇ ਨੇੜੇ ਦੁਖ ਪੀੜਾ ਜਮ ਕੋਈ ਨਹੀਂ ਆਉਂਦਾ ਹੈ।

ਗਉੜੀ ਮਹਲਾ ੫ ॥

ਭਲੇ ਦਿਨਸ ਭਲੇ ਸੰਜੋਗ ॥ ਜਿਤੁ ਭੇਟੇ ਪਾਰਬ੍ਰਹਮ ਨਿਰਜੋਗ ॥ ੧ ॥

ਓਹ ਚੰਗੇ ਦਿਨ ਅਤੇ ਚੰਗੇ ਮਿਲਾਪ ਹਨ, ਜਿਸ ਵਿੱਚ ਪ੍ਰਮੇਸ਼ਰ ਨਿਰਯੋਗ = ਵਖਰਾ ਰਹਿਣ ਵਾਲਾ ਜਾਂ ਨਿਰਜਤਨ ਹੀ ਆਕੇ ਮਿਲ ਜਾਵੇ।

ਓਹ ਬੇਲਾ ਕਉ ਹਉ ਬਲਿ ਜਾਉ ॥ ਜਿਤੁ ਮੇਰਾ ਮਨੁ ਜਪੈ ਹਰਿ ਨਾਉ ॥ ੧ ॥ ਰਹਾਉ ॥

ਮੈਂ ਉਸ ਵੇਲੇ ਤੋਂ ਬਲਿਹਾਰ ਜਾਂਦਾ ਹਾਂ, ਜਿਸ ਵਿੱਚ ਮੇਰਾ ਮਨ ਪ੍ਰਮੇਸ਼ਰ ਦਾ ਨਾਮ ਜਪਦਾ ਹੈ।

ਸਫਲ ਮੂਰਤੁ ਸਫਲ ਓਹ ਘਰੀ ॥ ਜਿਤੁ ਰਸਨਾ ਉਚਰੈ ਹਰਿ ਹਰੀ ॥ ੨ ॥

Digitized by Panjab Digital Library | www.panjabdigilib.org

ਓਹ ਮਹੂਰਤ ਵੀ ਸਫਲ ਹੈ, ਘੜੀ ਵੀ ਸਫਲ ਹੈ, ਜਿਸ ਵਿੱਚ ਜੀਭ ਪ੍ਰਮੇਸ਼ਰ ਦਾ ਨਾਮ ਉਚਾਰਨ ਕਰਦੀ ਹੈ।

**ਸਫਲੁ ਓਹੁ ਮਾਥਾ ਸੰਤ ਨਮਸਕਾਰਸਿ ॥ ਚਰਣ ਪੁਨੀਤ ਚਲਹਿ ਹਰਿ ਮਾਰਗਿ ॥ ੩ ॥**

ਓਹ ਮੱਥਾ ਸਫਲ ਹੈ, ਜੇਹੜਾ ਸੰਤਾਂ ਨੂੰ ਨਮਸ਼ਕਾਰ ਕਰਦਾ ਹੈ, ਓਹ ਪੈਰ ਪਵਿੱਤ੍ਰ ਹਨ, ਜੇਹੜੇ ਪ੍ਰਮੇਸ਼ਰ ਦੇ ਰਸਤੇ ਚੱਲਦੇ ਹਨ।

**ਕਹੁ ਨਾਨਕ ਭਲਾ ਮੇਰਾ ਕਰਮ ॥ ਜਿਤੁ ਭੇਟੇ ਸਾਧੂ ਕੇ ਚਰਨ ॥ ੪ ॥ ੬੦ ॥ ੧੨੯ ॥**

ਗੁਰੂ ਜੀ-ਮੇਰਾ ਇਹ ਕਰਮ ਚੰਗਾ ਹੈ, ਜਿਸ ਕਰਕੇ ਸਾਧੂ ਦੇ ਚਰਨ ਮੈਨੂੰ ਮਿਲ ਗਏ ਹਨ।

## ਗਉੜੀ ਮਹਲਾ ੫ ॥

**ਗੁਰ ਕਾ ਸਬਦੁ ਰਾਖੁ ਮਨ ਮਾਹਿ ॥ ਨਾਮੁ ਸਿਮਰਿ ਚਿੰਤਾ ਸਭ ਜਾਹਿ ॥ ੨ ॥**

ਗੁਰਾਂ ਦਾ ਉਪਦੇਸ਼ ਮਨ ਵਿੱਚ ਰੱਖ, ਭਾਵ ਯਾਦ ਕਰ, ਨਾਮ ਨੂੰ ਯਾਦ ਕਰਨ ਨਾਲ ਸਾਰੀ ਚਿੰਤਾ ਚਲੀ ਜਾਂਦੀ ਹੈ।

**ਬਿਨੁ ਭਗਵੰਤ ਨਾਹੀ ਅਨ ਕੋਇ ॥ ਮਾਰੈ ਰਾਖੈ ਏਕੋ ਸੋਇ ॥ ੧ ॥ ਰਹਾਉ ॥**

ਪ੍ਰਮੇਸ਼ਰ ਤੋਂ ਬਿਨਾ ਹੋਰ ਕੋਈ ਨਹੀਂ ਹੈ, ਇੱਕ ਓਹੋ ਹੀ ਪ੍ਰਮੇਸ਼ਰ ਮਾਰਨ ਅਤੇ ਰੱਖਣ ਵਾਲਾ ਹੈ।

**ਗੁਰ ਕੇ ਚਰਣ ਰਿਦੈ ਉਰਿ ਧਾਰਿ ॥ ਅਗਨਿ ਸਾਗਰੁ ਜਪਿ ਉਤਰਹਿ ਪਾਰਿ ॥ ੨ ॥**

ਗੁਰਾਂ ਦੇ ਚਰਨ ਦਿਲ ਵਿੱਚ ਧਾਰ, ਭਾਵ ਚੰਗੇ ਜਾਣ, ਨਾਮ ਜਪਕੇ ਅੱਗ ਦੇ ਸੰਸਾਰ ਸਮੁੰਦਰ ਤੋਂ ਪਾਰ ਹੋਵੇਂਗਾ।

**ਗੁਰ ਮੂਰਤਿ ਸਿਉ ਲਾਇ ਧਿਆਨੁ ॥ ਈਹਾ ਊਹਾ ਪਾਵਹਿ ਮਾਨੁ ॥ ੩ ॥**

ਗੁਰਾਂ ਦੀ ਮੂਰਤ ਨਾਲ ਧਿਆਨ ਲਾ। ਇਸ ਕਰਕੇ ਏਥੇ ਓਥੇ ਆਦਰੁ ਪਾਵੇਂਗਾ।

Digitized by Panjab Digital Library | www.panjabdigilib.org

ਸਗਲ ਤਿਆਗਿ ਗੁਰ ਸਰਣੀ ਆਇਆ ॥ ਮਿਟੇ ਅੰਦੇਸੇ ਨਾਨਕ ਸੁਖੁ ਪਾਇਆ ॥ ੪ ॥ ੬੧ ॥ ੧੩੦ ॥

ਜੇਹੜਾ ਸਭ ਕੁਛ ਛੱਡਕੇ ਗੁਰਾਂ ਦੀ ਸ਼ਰਨ ਆਇਆ ਹੈ। ਗੁਰੂ ਜੀ–ਉਸਦੇ ਸਾਰੇ ਸੰਸੇ ਦੂਰ ਹੋ ਗਏ ਹਨ ਅਤੇ ਉਸਨੇ ਸੁਖ ਪਾਇਆ ਹੈ।

ਗਉੜੀ ਮਹਲਾ ੫ ॥

ਜਿਸੁ ਸਿਮਰਤ ਦੂਖੁ ਸਭੁ ਜਾਇ ॥ ਨਾਮੁ ਰਤਨੁ ਵਸੈ ਮਨਿ ਆਇ ॥ ੧ ॥

ਜਿਸਨੂੰ ਯਾਦ ਕਰਨ ਨਾਲ ਸਾਰਾ ਦੁਖ ਜਾਂਦਾ ਰਹਿੰਦਾ ਹੈ, ਉਸਦਾ ਰਤਨ ਰੂਪ ਨਾਮ ਮਨ ਵਿੱਚ ਆ ਵੱਸੇਗਾ।

ਜਪਿ ਮਨ ਮੇਰੇ ਗੋਵਿੰਦ ਕੀ ਬਾਣੀ ॥ ਸਾਧੂ ਜਨ ਰਾਮੁ ਰਸਨ ਵਖਾਣੀ ॥ ੧ ॥ ਰਹਾਉ ॥

ਹੇ ਮਨ ਜੇਹੜਾ ਨਾਮ ਗੋਬਿੰਦ ਦੀ ਬਾਣੀ ਹੈ, ਉਸ ਨੂੰ ਜਪ, ਜੇਹੜੇ ਸਾਧੂ ਹਨ, ਓਹ ਜੀਭ ਨਾਲ ਨਾਮ ਨੂੰ ਜਪਦੇ ਹਨ।

ਇਕਸੁ ਬਿਨੁ ਨਾਹੀ ਦੂਜਾ ਕੋਇ ॥ ਜਾਕੀ ਦ੍ਰਿਸਟਿ ਸਦਾ ਸੁਖੁ ਹੋਇ ॥ ੨ ॥

ਇੱਕ ਪ੍ਰਮੇਸ਼ਰ ਤੋਂ ਬਿਨਾ ਦੂਸਰਾ ਕੋਈ ਨਹੀਂ ਹੈ, ਉਸ ਦੀ ਕਿਰਪਾ ਦ੍ਰਿਸ਼ਟੀ ਨਾਲ ਸਦਾ ਸੁਖ ਹੁੰਦਾ ਹੈ।

ਸਾਜਨੁ ਮੀਤੁ ਸਖਾ ਕਰਿ ਏਕੁ ॥ ਹਰਿ ਹਰਿ ਅਖਰ ਮਨ ਮਹਿ ਲੇਖੁ ॥ ੩ ॥

ਮਨ ਬਾਣੀ ਕਰਕੇ ਇੱਕ ਪ੍ਰਮੇਸ਼ਰਨੂੰਸੱਜਣਮਿੱਤ੍ਰ ਬਣਾ, ਪ੍ਰਮੇਸ਼ਰ ਦੇ ਨਾਮ ਦੇ ਅੱਖਰਾਂ ਨੂੰ ਮਨ ਵਿੱਚ ਲਿਖ ਲੈ, ਅਖਰ = ਅਖਰ ਜਾਂ ਨ ਖਰਨ ਵਾਲਾ, ਭਾਵ ਨ ਨਾਸ ਹੋਣ ਵਾਲਾ ਜਾਂ ਦੁਖਾਂ ਨੂੰ ਹਰਨ ਵਾਲਾ ਵੀ ਅਰਥ ਹੈ।

ਰਵਿ ਰਹਿਆ ਸਰਬਤ ਸੁਆਮੀ ॥ ਗੁਣ ਗਾਵੈ ਨਾਨਕੁ ਅੰਤਰਜਾਮੀ ॥ ੪ ॥ ੬੨ ॥ ੧੩੧ ॥

ਜੇਹੜਾ ਮਾਲਕ ਲਗਾਤਾਰ ਸਾਰਿਆਂ ਵਿੱਚ ਮਿਲਿਆ ਹੋਯਾ ਹੈ, ਗੁਰੂ ਜੀ–ਚੰਗਾ ਤਾਂ ਏਹੋ ਹੀ ਹੈ, ਕਿ ਉਸ ਅੰਤਰਜਾਮੀ ਦੇ ਜੀਵ੍ਹ ਗੁਣ ਗਾਵੇ।

Digitized by Panjab Digital Library | www.panjabdigilib.org

ਗਉੜੀ ਮਹਲਾ ੫ ॥

ਭੈ ਮਹਿ ਰਚਿਓ ਸਭੁ ਸੰਸਾਰਾ ॥ ਤਿਸੁ ਭਉ ਨਾਹੀ ਜਿਸੁ ਨਾਮੁ ਅਧਾਰਾ ॥ ੧ ॥

ਹੇ ਮਹਾਰਾਜ ਸਾਰਾ ਸੰਸਾਰ ਭੈ ਵਿੱਚ ਰਚਿਆ ਹੋਇਆ ਹੈ, ਭਾਵ ਰਚਦਾ ਹੈ । ਪਰ ਜਿਸਨੂੰ ਤੇਰੇ ਨਾਮ ਦਾ ਆਸਰਾ ਹੈ, ਉਸਨੂੰ ਕੋਈ ਡਰ ਨਹੀਂ ਹੈ।

ਭਉ ਨ ਵਿਆਪੈ ਤੇਰੀ ਸਰਣਾ ॥ ਜੋ ਤੁਧੁ ਭਾਵੈ ਸੋਈ ਕਰਣਾ ॥ ੧ ॥ ਰਹਾਉ ॥

ਹੇ ਪ੍ਰਮੇਸ਼ਰਾ ! ਤੇਰੀ ਸ਼ਰਨ ਵਿੱਚ ਡਰ ਨਹੀਂ ਲੱਗਦਾ ਹੈ, ਜੋ ਤੈਨੂੰ ਚੰਗਾ ਲੱਗਦਾ ਹੈ, ਓਹੋ ਹੀ ਕਰੀਦਾ ਹੈ।

ਸੋਗ ਹਰਖ ਮਹਿ ਆਵਣ ਜਾਣਾ ॥ ਤਿਨਿ ਸੁਖੁ ਪਾਇਆ ਜੋ ਪ੍ਰਭ ਭਾਣਾ ॥ ੨ ॥

ਸੋਗ ਹਰਖ ਵਿੱਚ ਜੰਮਣਾ ਮਰਨਾ ਹੁੰਦਾ ਹੈ, ਜੇਹੜਾ ਮਾਲਕ ਨੂੰ ਭਾਇਆ ਹੈ, ਉਸਨੇ ਸੁਖ ਪਾਇਆ ਹੈ।

ਅਗਨਿ ਸਾਗਰ ਮਹਾ ਵਿਆਪੈ ਮਾਇਆ ॥ ਸੇ ਸੀਤਲ ਜਿਨ ਸਤਿਗੁਰੁ ਪਾਇਆ ॥ ੩ ॥

ਸੰਸਾਰ ਸਮੁੰਦਰ ਵਿੱਚ ਆਦਮੀਆਂ ਦੇ ਦਿਲ ਵਿੱਚ ਵੱਡੀ ਅੱਗ ਰੂਪ ਮਾਇਆ ਲੱਗੀ ਹੋਈ ਹੈ। ਓਹ ਆਦਮੀ ਸੀਤਲ ਹਨ ਜਿਨ੍ਹਾਂ ਨੇ ਸਤਿਗੁਰੂ ਨੂੰ ਪਾਇਆ ਹੈ।

ਰਾਖਿ ਲੇਇ ਪ੍ਰਭੁ ਰਾਖਨਹਾਰਾ ॥ ਕਹੁ ਨਾਨਕ ਕਿਆ ਜੰਤ ਵਿਚਾਰਾ ॥ ੪ ॥ ੬੩ ॥ ੧੩੨ ॥

ਹੇ ਰੱਖਿਆ ਕਰਨ ਵਾਲਿਆ ਮਾਲਕਾ ਤੂੰ ਸਾਡੀ ਰੱਖਿਆ ਕਰ ਲੈ॥ ਗੁਰੂ ਜੀ–ਇਹ ਵਿਚਾਰਾ ਜੀਵ ਕੀ ਚੀਜ਼ ਹੈ ਭਾਵ ਤੁੱਛ ਹੈ।

ਗਉੜੀ ਮਹਲਾ ੫ ॥

ਤੁਮਰੀ ਕ੍ਰਿਪਾ ਤੇ ਜਪੀਐ ਨਾਉ ॥ ਤੁਮਰੀ ਕ੍ਰਿਪਾ ਤੇ ਦਰਗਹ ਥਾਉ ॥ ੧ ॥

Digitized by Panjab Digital Library | www.panjabdigilib.org

ਆਪਦੀ ਕਿਰਪਾ ਨਾਲ ਨਾਮ ਜਪੀਦਾ ਹੈ। ਤੇਰੀ ਕਿਰਪਾ ਨਾਲ ਦਰਬਾਰ ਵਿੱਚ ਥਾਂ ਮਿਲਦਾ ਹੈ।

**ਤੁਝ ਬਿਨੁ ਪਾਰਬ੍ਰਹਮ ਨਹੀ ਕੋਇ॥ ਤੁਮਰੀ ਕ੍ਰਿਪਾ ਤੇ ਸਦਾ ਸੁਖੁ ਹੋਇ ॥ ੧ ॥ ਰਹਾਉ ॥**

ਹੇ ਪਾਰਬ੍ਰਹਮ ਪ੍ਰਮੇਸਰ ਆਪ ਤੋਂ ਬਿਨਾ ਹੋਰ ਕੋਈ ਨਹੀਂ ਹੈ। ਤੇਰੀ ਕਿਰਪਾ ਨਾਲ ਸਦਾ ਸੁਖ ਹੁੰਦਾ ਹੈ।

**ਤੁਮ ਮਨਿ ਵਸੇ ਤਉ ਦੂਖੁ ਨ ਲਾਗੈ ॥ ਤੁਮਰੀ ਕ੍ਰਿਪਾ ਤੇ ਭ੍ਰਮ ਭਉ ਭਾਗੈ ॥ ੨ ॥**

ਜਦੋਂ ਤੂੰ ਮਨ ਵਿੱਚ ਵੱਸਦਾ ਹੈਂ,ਓਦੋਂ ਦੁਖ ਕੋਈ ਨਹੀਂ ਲੱਗਦਾ ਹੈ। ਤੇਰੀ ਕਿਰਪਾ ਨਾਲ ਭਰਮ ਤੇ ਡਰ ਦੌੜ ਜਾਂਦਾ ਹੈ।

**ਪਾਰਬ੍ਰਹਮ ਅਪਰੰਪਰ ਸੁਆਮੀ ॥ ਸਗਲ ਘਟਾ ਕੇ ਅੰਤਰਜਾਮੀ ॥ ੩ ॥**

ਹੇ ਪਾਰਬ੍ਰਹਮ ਸਾਰਿਆਂ ਤੋਂ ਪਰੇ ਰਹਿਣ ਵਾਲਿਆ ਮਾਲਕਾ! ਸਾਰਿਆਂ ਆਦਮੀਆਂ ਦੇ ਦਿਲ ਦੀਆਂ ਜਾਨਣ ਵਾਲਿਆ।

**ਕਰਉ ਅਰਦਾਸਿ ਅਪਨੇ ਸਤਿਗੁਰ ਪਾਸਿ॥ ਨਾਨਕ ਨਾਮੁ ਮਿਲੈ ਸਚੁ ਰਾਸਿ॥ ੪ ॥ ੬੪ ॥ ੧੩੩ ॥**

ਮੈਂ ਆਪਣਿਆਂ ਸਤਿਗੁਰਾਂ ਦੇ ਪਾਸ ਇੱਕੁਰ ਬੇਨਤੀ ਕਰਦਾ ਹਾਂ ਮੈਨੂੰ "ਗੁਰੂ ਜੀ" ਨਾਮ ਦੀ ਸੱਚੀ ਰਾਸ ਮਿਲ ਜਾਵੇ।

## ਗਉੜੀ ਮਹਲਾ ੫ ॥

**ਕਣ ਬਿਨਾ ਜੈਸੇ ਥੋਥਰ ਤੁਖਾ ॥ ਨਾਮ ਬਿਹੂਨ ਸੂਨੇ ਸੇ ਮੁਖਾ ॥ ੧ ॥**

ਅਨ ਦੇ ਦਾਣੇ ਬਿਨਾ ਜਿਸਤਰਾਂ ਭੁਹ ਖਾਲੀ ਹੈ, ਇੱਕੁਰ ਹੀ ਜੇਹੜਾ ਨਾਮ ਤੋਂ ਬਿਨਾ ਮੂੰਹ ਹੈ, ਉਹ ਖਾਲੀ ਹੈ।

**ਹਰਿ ਹਰਿ ਨਾਮੁ ਜਪਹੁ ਨਿਤ ਪ੍ਰਾਣੀ ॥ ਨਾਮ ਬਿਹੂਨ ਧ੍ਰਿਗੁ ਦੇਹ ਬਿਗਾਨੀ ॥ ੧ ॥ ਰਹਾਉ ॥**

ਹੇ ਪ੍ਰਾਣੀ ਹਰਿ ਨਾਮ ਰੋਜ ਜਪੋ। ਨਾਮ ਤੋਂ ਬਿਨਾ ਦੇਹੁ

Digitized by Panjab Digital Library | www.panjabdigilib.org

ਬਗਾਨੀ ਹੈ। ਭਾਵ ਜਮਾਂ ਦਾ ਜਾਂ ਅੱਗ ਦਾ ਖਾਣਾ ਹੈ,ਅੱਗ ਵਿੱਚ ਸੜ ਜਾਣੀ ਹੈ, ਇਸ ਲਈ ਇਸਨੂੰ ਧਿਰਕਾਰ ਹੈ ।

**ਨਾਮ ਬਿਨਾ ਨਾਹੀ ਮੁਖਿ ਭਾਗੁ ॥ ਭਰਤ ਬਿਹੂਨ ਕਹਾ ਸੋਹਾਗੁ ॥ ੨ ॥**

ਨਾਮ ਤੋਂ ਬਿਨਾਂ ਮੂੰਹ ਭਾਗਾਂ ਵਾਲਾ ਨਹੀਂ ਹੈ, ਜਿਸਤਰਾਂ ਪਤੀ ਤੋਂ ਬਿਨਾਂ ਸੁਹਾਗ ਨਹੀਂ ਹੋ ਸੱਕਦਾ ਹੈ ।

**ਨਾਮੁ ਬਿਸਾਰਿ ਲਗੈ ਅਨ ਸੁਆਇ ॥ ਤਾਕੀ ਆਸ ਨ ਪੂਜੈ ਕਾਇ ॥ ੩ ॥**

ਜੇਹੜੇ ਨਾਮ ਨੂੰ ਵਿਸਾਰਕੇ ਹੋਰਨਾਂ ਸੁਆਦਾਂ ਜਾਂ ਪ੍ਰਯੋਜਨਾਂ ਵਿਚ ਲਗਦੇ ਹਨ। ਓਹਨਾਂ ਦੀ ਆਸਾ ਕੋਈ ਹੀ ਪੂਰੀ ਨਹੀਂ ਹੁੰਦੀ ਹੈ।

**ਕਰਿ ਕਿਰਪਾ ਪ੍ਰਭ ਅਪਨੀ ਦਾਤਿ ॥ ਨਾਨਕ ਨਾਮੁ ਜਪੈ ਦਿਨ ਰਾਤਿ ॥ ੪ ॥ ੬੫ ॥ ੧੩੪ ॥**

ਹੇ ਮਾਲਕਾ ਕਿਰਪਾ ਕਰਕੇ ਆਪਣੀ ਦਾਤ ਦੇਹ, ਮੈਂ ਦਿਨੇ ਰਾਤ ਨਾਨਕ ਦਾ ਨਾਮ ਜਪਦਾ ਰਹਾਂ।

## ਗਉੜੀ ਮਹਲਾ ੫ ॥

**ਤੂੰ ਸਮਰਥੁ ਤੂੰ ਹੈ ਮੇਰਾ ਸੁਆਮੀ ॥ ਸਭੁ ਕਿਛੁ ਤੁਮਤੇ ਤੂੰ ਅੰਤਰਜਾਮੀ ॥ ੧ ॥**

ਤੂੰ ਹਰ ਕੰਮ ਕਰਨ ਨੂੰ ਸਮਰੱਥ ਹੈਂ,ਇਸ ਲਈ ਤੂੰ ਹੀ ਮੇਰਾ ਮਾਲਕ ਹੈਂ । ਸਾਰਾ ਜਗਤ ਤੈਥੋਂ ਪੈਦਾ ਹੋਇਆ ਹੈ, ਤੂੰ ਸਾਰਿਆਂ ਦਾ ਅੰਤਰਜਾਮੀ ਹੈਂ ।

**ਪਾਰਬ੍ਰਹਮ ਪੂਰਨ ਜਨ ਓਟ ॥ ਤੇਰੀ ਸਰਣਿ ਉਧਰਹਿ ਜਨ ਕੋਟਿ ॥ ੧ ॥ ਰਹਾਉ ॥**

ਹੇ ਪੂਰਨ ਪ੍ਰਮੇਸਰ ਤੂੰ ਹੀ ਦਾਸਾਂ ਦਾ ਆਸਰਾ ਹੈਂ, ਤੇਰੀ ਸ਼ਰਨ ਕਰਕੇ ਕਰੋੜਾਂ ਆਦਮੀਆਂ ਦਾ ਉਧਾਰ ਹੁੰਦਾ ਹੈ।

**ਜੇਤੇ ਜੀਅ ਤੇਤੇ ਸਭਿ ਤੇਰੇ ॥ ਤੁਮਰੀ ਕ੍ਰਿਪਾ ਤੇ ਸੂਖ ਘਨੇਰੇ ॥ ੨ ॥**

Digitized by Panjab Digital Library | www.panjabdigilib.org

ਜਿਤਨੇ ਆਦਮੀ ਹਨ, ਸਾਰੇ ਤੇਰੇ ਹੀ ਦਾਸ ਹਨ, ਤੇਰੀ ਕਿਰਪਾ ਨਾਲ ਬਹੁਤ ਸੁਖ ਹੁੰਦੇ ਹਨ।

**ਜੋ ਕਿਛੁ ਵਰਤੈ ਸਭ ਤੇਰਾ ਭਾਣਾ ॥ ਹੁਕਮੁ ਬੂਝੈ ਸੋ ਸਚਿ ਸਮਾਣਾ ॥ ੩ ॥**

ਜੋ ਕੁਛ ਵਰਤਦਾ ਹੈ, ਸਾਰਾ ਤੇਰਾ ਹੁਕਮ ਹੀ ਹੈ। ਹੇ ਸਚਿਆ ਜੇਹੜਾ ਤੇਰੇ ਹੁਕਮ ਨੂੰ ਸਮਝਦਾ ਹੈ, ਓਹ ਤੇਰੇ ਵਿਚ ਸਮਾ ਜਾਂਦਾ ਹੈ।

**ਕਰਿ ਕਿਰਪਾ ਦੀਜੈ ਪ੍ਰਭ ਦਾਨੁ ॥ ਨ ਨਕ ਸਿਮਰੈ ਨਾਮੁ ਨਿਧਾਨੁ ॥ ੪ ॥ ੬੬ ॥ ੧੩੫ ॥**

ਹੇ ਮਾਲਕਾ ਆਪਣੀ ਕਿਰਪਾ ਕਰਕੇ ਇਹ ਦਾਨ ਦੇਹ। ਗੁਰੂ ਜੀ -ਜੇਹੜਾ ਤੇਰਾ ਨਾਮ ਖਜ਼ਾਨਾ ਹੈ, ਉਸਨੂੰ ਦਿਨੇ ਰਾਤ ਜਪਦਾ ਰਹਾਂ।

## ਗਉੜੀ ਮਹਲਾ ੫ ॥

**ਤਾਕਾ ਦਰਸੁ ਪਾਈਐ ਵਡਭਾਗੀ ॥ ਜਾਕੀ ਰਾਮ ਨਾਮਿ ਲਿਵ ਲਾਗੀ ॥ ੧ ॥**

ਜਿਨ੍ਹਾਂ ਦੀ ਪ੍ਰੀਤੀ ਰਾਮ ਨਾਮ ਵਿੱਚ ਲੱਗੀ ਹੈ। ਓਹਨਾਂ ਦਾ ਦਰਸ਼ਨ ਵੱਡਿਆਂ ਭਾਗਾਂ ਨਾਲ ਪਾਈਦਾ ਹੈ ।

**ਜਾਕੈ ਹਰਿ ਵਸਿਆ ਮਨ ਮਾਹੀ ॥ ਤਾਕਉ ਦੁਖੁ ਸੁਪਨੈ ਭੀ ਨਾਹੀ ॥ ੧ ॥ ਰਹਾਉ ॥**

ਜਿਸਦੇ ਮਨ ਵਿਚ ਪ੍ਰਮੇਸਰ ਵੱਸਿਆ ਹੈ। ਉਸਨੂੰ ਸੁਫਨੇ ਵਿਚ ਵੀ ਦੁਖ ਨਹੀਂ ਹੈ ਜਾਂ ਸੁਫਨੇ ਜਿਤਨਾ ਵੀ ਦੁਖ ਨਹੀਂ ਹੈ।

**ਸਰਬ ਨਿਧਾਨ ਰਾਖੇ ਜਨ ਮਾਹਿ ॥ ਤਾਕੈ ਸੰਗਿ ਕਿਲ ਵਿਖ ਦੁਖ ਜਾਹਿ ॥ ੨ ॥**

ਪ੍ਰਮੇਸਰ ਨੇ ਆਪਣਿਆਂ ਦਾਸਾਂ ਦੇ ਮਨ ਵਿਚ ਸਾਰੀਆਂ ਵਸਤੂਆਂ ਦੇ ਖਜ਼ਾਨੇ ਰੱਖੇ ਹਨ। ਓਹਨਾਂ ਭਗਤਾਂ ਦੇ ਸਾਥ ਕਰਨ ਨਾਲ ਸਾਰੇ ਪਾਪ ਅਤੇ ਸਾਰੇ ਦੁਖ ਚਲੇ ਜਾਂਦੇ ਹਨ।

**ਜਨਕੀ ਮਹਿਮਾ ਕਥੀ ਨ ਜਾਇ ॥ ਪਾਰਬ੍ਰਹਮੁ ਜਨੁ ਰਹਿਆ ਸਮਾਇ ॥ ੩ ॥**

Digitized by Panjab Digital Library | www.panjabdigilib.org

ਦਾਸ ਦੀ ਮਹਿਮਾਂ ਕਥੀ ਨਹੀਂ ਜਾਂਦੀ ਹੈ। ਪ੍ਰਮੇਸ਼ਰ ਦੇ ਨਾਲ ਦਾਸ ਮਿਲਿਆ ਹੋਇਆ ਹੈ।

**ਕਰਿ ਕਿਰਪਾ ਪ੍ਰਭ ਬਿਨਉ ਸੁਨੀਜੈ ॥ ਦਾਸ ਕੀ ਧੂਰਿ ਨਾਨਕ ਕਉ ਦੀਜੈ ॥ ੪ ॥ ੬੭ ॥ ੧੩੬ ॥**

ਹੇ ਪ੍ਰਮੇਸ਼ਰਾ! ਕਿਰਪਾ ਕਰਕੇ ਮੇਰੀ ਬੇਨਤੀ ਸੁਣ। ਗੁਰੂ ਜੀ–ਆਪ-ਣਿਆਂ ਦਾਸਾਂ ਦੀ ਚਰਨ ਧੂੜ ਮੈਨੂੰ ਦੇਹ।

## ਗਉੜੀ ਮਹਲਾ ੫ ॥

**ਹਰਿ ਸਿਮਰਤ ਤੇਰੀ ਜਾਇ ਬਲਾਇ ॥ ਸਰਬ ਕਲਿਅ ਣ ਵਸੈ ਮਨਿ ਆਇ ॥ ੧ ॥**

ਪ੍ਰਮੇਸ਼ਰ ਨੂੰ ਸਿਮਰਦਿਆਂ ਤੇਰੀ ਬਲਾ = ਅਵਿਦਜਾ ਚਲੀ ਜਾਂਦੀ ਹੈ, ਜਾਂ ਚਲੀ ਜਾਵੇਗੀ ਸਾਰੇ ਸੁਖ ਮਨ ਵਿਚ ਆ ਵੱਸਣਗੇ।

**ਭਜੁ ਮਨ ਮੇਰੇ ਏਕੋ ਨਾਮ ॥ ਜੀਅ ਤੇਰੇ ਕੈ ਆਵੈ ਕਾਮ ॥ ੧ ॥ ਰਹਾਉ ॥**

ਹੇ ਮੇਰੇ ਮਨ ! ਇਕ ਨਾਮ ਨੂੰ ਯਾਦ ਕਰ। ਤੇਰੇ ਜੀਅ ਦੇ ਕੰਮ ਆਵੇਗਾ ਭਾਵ ਤੇਰੀ ਸਹੈਤਾ ਕਰੇਗਾ।

**ਰੈਣਿ ਦਿਨਸੁ ਗੁਣ ਗਾਉ ਅਨੰਤਾ ॥ ਗੁਰ ਪੂਰੇ ਕਾ ਨਿਰਮਲ ਮੰਤਾ ॥ ੨ ॥**

ਪੂਰਿਆਂ ਗੁਰਾਂ ਦਾ ਮੂਲ ਮੰਤ੍ਰ = ਉਪਦੇਸ਼ ਲੈਕੇ ਉਸ ਅਨੰਤ = ਪ੍ਰਮੇਸ਼ਰ ਦੇ ਗੁਣ ਗਾਓ।

**ਛੋਡ ਉਪਾਵ ਏਕ ਟੇਕ ਰਾਖੁ ॥ ਮਹਾ ਪਦਾਰਥੁ ਅੰਮ੍ਰਿਤ ਰਸੁ ਚਾਖੁ ॥ ੩ ॥**

ਸਾਰੇ ਉਪਾ ਛੱਡਕੇ ਇੱਕ ਪ੍ਰਮੇਸ਼ਰ ਦਾ ਆਸਰਾ ਰੱਖ, ਜੇਹੜਾ ਗਿਆਨ ਮਹਾਂ ਪਦਾਰਥ ਹੈ ਉਸਦਾ ਰਸ ਜੇਹੜਾ ਬ੍ਰਹਮਾ ਅਨੰਦ ਰੂਪ ਅੰਮ੍ਰਿਤ ਹੈ, ਉਸ ਦਾ ਸੁਆਦ ਲੈ।

**ਬਿਖਮ ਸਾਗਰੁ ਤੇਈ ਜਨੁ ਤਰੇ ॥ ਨਾਨਕ ਜਾਕਉ ਨਦਰਿ ਕਰੇ ॥ ੪ ॥ ੬੮ ॥ ੧੩੭ ॥**

Digitized by Panjab Digital Library | www.panjabdigilib.org

ਔਖੇ ਸੰਸਾਰ ਸਮੁੰਦਰ ਤੋਂ ਓਹ ਆਦਮੀ ਗਿਆਨ ਕਰਕੇ ਸੌਖੇ ਹੀ ਤਰ ਗਏ ਹਨ । ਗੁਰੂ ਜੀ-ਜਿਨ੍ਹਾਂ ਨੂੰ ਆਪ ਪ੍ਰਮੇਸ਼ਰ ਨੇ ਕਿਰਪਾ ਕੀਤੀ ਹੈ।

ਗਉੜੀ ਮਹਲਾ ੫ ॥

ਹਿਰਦੈ ਚਰਨ ਕਮਲ ਪ੍ਰਭ ਧਾਰੇ ॥ ਪੂਰੇ ਸਤਿਗੁਰ ਮਿਲਿ ਨਿਸਤਾਰੇ ॥ ੧ ॥

ਅਸਾਂ ਦਿਲ ਵਿੱਚ ਮਾਲਕ ਦੇ ਚਰਨ ਕਵਲ ਧਾਰੇ ਹਨ, ਪੂਰਿਆਂ ਸਤਿਗੁਰਾਂ ਦੇ ਨਾਲ ਮਿਲੇ ਹਾਂ, ਇਸ ਲਈ ਓਹਨਾਂ ਨੇ ਸਾਨੂੰ ਤਾਰਿਆ ਹੈ।

ਗੋਬਿੰਦ ਗੁਣ ਗਾਵਹੁ ਮੇਰੇ ਭਾਈ ॥ ਮਿਲਿ ਸਾਧੂ ਹਰਿਨਾਮੁ ਧਿਆਈ ॥ ੧ ॥ ਰਹਾਉ ॥

ਹੇ ਮੇਰੇ ਭਰਾਓ ! ਗੋਬਿੰਦ ਦੇ ਗੁਣ ਗਾਓ, ਸੰਤਾਂ ਨੂੰ ਮਿਲਕੇ ਨਾਮ ਨੂੰ ਧਿਆਉ ।

ਦੁਲਭ ਦੇਹ ਹੋਈ ਪਰਵਾਨੁ ॥ ਸਤਿਗੁਰ ਤੇ ਪਾਇਆ ਨਾਮ ਨੀਸਾਨੁ ॥ ੨ ॥

ਓਹਨਾਂ ਆਦਮੀਆਂ ਦੀ ਦੁਰਲੱਭ ਦੇਹ ਪਰਵਾਣ ਹੋਈ ਹੈ, ਜਿਨ੍ਹਾਂ ਨੇ ਸਤਿਗੁਰਾਂ ਤੋਂ ਨਾਮ ਰੂਪ ਪਰਵਾਨਾ ਪਾਇਆ ਹੈ ।

ਹਰਿ ਸਿਮਰਤ ਪੂਰਨ ਪਦੁ ਪਾਇਆ ॥ ਸਾਧ ਸੰਗਿ ਭੈ ਭਰਮ ਮਿਟਾਇਆ ॥ ੩ ॥

ਪ੍ਰਮੇਸ਼ਰ ਨੂੰ ਸਿਮਰਕੇ ਪੂਰਨ ਪਦ ਨੂੰ ਪਾਇਆ ਹੈ, ਸਾਧੂਆਂ ਦੀ ਸੰਗਤ ਕਰਕੇ ਭਰਮ ਤੇ ਡਰ ਦੂਰ ਹੋ ਗਿਆ ਹੈ।

ਜਤ ਕਤ ਦੇਖਉ ਤਤ ਰਹਿਆ ਸਮਾਇ ॥ ਨਾਨਕ ਦਾਸ ਹਰਿ ਕੀ ਸਰਣਾਇ ॥ ੪ ॥ ੬੯ ॥ ੧੩੮ ॥

ਮੈਂ ਜਿਧਰ ੨ ਦੇਖਦਾ ਹਾਂ,ਓਧਰ ੨ ਹੀ ਪ੍ਰਮੇਸ਼ਰ ਸਮਾਇਆ ਹੋਇਆ ਹੈ। ਗੁਰੂ ਜੀ–ਇਸ ਲਈ ਮੈਂ ਦਾਸ ਉਸ ਪ੍ਰਮੇਸ਼ਰ ਦੀ ਸ਼ਰਨ ਹਾਂ।

ਗਉੜੀ ਮਹਲਾ ੫ ॥

ਗੁਰ ਜੀ ਕੇ ਦਰਸਨ ਕਉ ਬਲਿ ਜਾਉ ॥ ਜਪਿ ਜਪਿ ਜੀਵਾ ਸਤਿਗੁਰ ਨਾਉ ॥ ੧ ॥

Digitized by Panjab Digital Library | www.panjabdigilib.org

ਮੈਂ ਗੁਰਾਂ ਦੇ ਦਰਸ਼ਨ ਤੋਂ ਬਲਿਹਾਰ ਜਾਂਦਾ ਹਾਂ, ਸਤਗੁਰਾਂ ਦਾ ਨਾਮ ਜਪ ਜਪਕੇ ਜਿਊਂਦਾ ਹਾਂ।

**ਪਾਰਬ੍ਰਹਮ ਪੂਰਨ ਗੁਰਦੇਵ ॥ ਕਰਿ ਕਿਰਪਾ ਲਾਗਉ ਤੇਰੀ ਸੇਵ ॥ ੧ ॥ ਰਹਾਉ ॥**

ਹੇ ਪ੍ਰਮੇਸ਼ਰ ਸਾਰਿਆਂ ਵਿਚ ਪੂਰਨ ਤੇ ਵੱਡੇ ਪ੍ਰਕਾਸ਼ਕ! ਮੇਰੇ ਉਤੇ ਕਿਰਪਾ ਕਰ, ਮੈਂ ਤੇਰੀ ਭਗਤੀ ਵਿਚ ਲੱਗਾਂ।

**ਚਰਨ ਕਮਲ ਹਿਰਦੈ ਉਰਧਾਰੀ ॥ ਮਨ ਤਨ ਧਨ ਗੁਰ ਪ੍ਰਾਨ ਅਧਾਰੀ ॥ ੨ ॥**

ਗੁਰਾਂ ਦੇ ਚਰਨਾਂ ਕਵਲਾਂ ਨੂੰ ਦਿਲ ਵਿਚ ਧਾਰਾਂ। ਹੇ ਗੁਰੂ ਜੀ! ਤਨ ਮਨ ਧਨ ਅਤੇ ਪ੍ਰਾਣਾਂ ਦਾ ਆਸਰਾ ਤੁਸੀ ਹੋ।

**ਸਫਲ ਜਨਮੁ ਹੋਵੈ ਪਰਵਾਣੁ ॥ ਗੁਰੁ ਪਾਰਬ੍ਰਹਮੁ ਨਿਕਟਿ ਕਰਿ ਜਾਣੁ ॥ ੩ ॥**

ਜਨਮ ਪਰਵਾਣ = ਨਿਸਚੇ ਕਰਕੇ ਸਫਲ ਹੁੰਦਾ ਹੈ। ਹੇ ਗੁਰੂ ਪ੍ਰਮੇਸ਼ਰ ਮੈਂ ਤੈਨੂੰ ਨੇੜੇ ਤੋਂ ਨੇੜੇ ਕਰਕੇ ਜਾਣਾ।

**ਸੰਤ ਧੂਰਿ ਪਾਈਅ ਵਡਭਾਗੀ ॥ ਨਾਨਕ ਗੁਰ ਭੇਟਤ ਹਰਿ ਸਿਉ ਲਿਵ ਲਾਗੀ ॥ ੪ ॥ ੭੦ ॥ ੧੩੯ ॥**

ਸੰਤਾਂ ਦੀ ਚਰਨ ਧੂੜ ਵੱਡਿਆਂ ਭਾਗਾਂ ਨਾਲ ਪਾਈਦੀ ਹੈ।

ਗੁਰੂ ਜੀ-ਗੁਰੂ ਨਾਲ ਮਿਲਦਿਆਂ ਹੀ ਓਨ੍ਹਾਂ ਦੀ ਪ੍ਰੀਤੀ ਪ੍ਰਮੇਸਰ ਦੇ ਨਾਲ ਲੱਗ ਗਈ ਹੈ।

## ਗਉੜੀ ਮਹਲਾ ੫ ॥

**ਕਰੈ ਦੁਹ ਕਰਮ ਦਿਖਾਵੈ ਹੋਰੁ ॥ ਰਾਮ ਕੀ ਦਰਗਹ ਬਾਧਾ ਚੋਰੁ ॥ ੧ ॥**

ਜੇਹੜਾ ਦੁਹਕਰਮ = ਖੋਟੇ ਕੰਮ ਕਰਦਾ ਹੈ ਅਤੇ ਆਪਣੇਆਪਨੂੰ ਹੋਰ ਹੀ ਤਰਾਂ ਵਿਖਾਉਂਦਾ ਹੈ ਭਾਵ ਬਾਹਰੋਂ ਭਲਾ ਵਿਖਾਉਂਦਾ ਹੈਕਿ ਮੈਂ ਬੜਾ ਚੰਗਾ ਹਾਂ। ਓਹ ਪ੍ਰਮੇਸ਼ਰ ਦੀ ਦਰਗਾਹ ਵਿਚ ਚੋਰ ਵਾਂਗ ਬੱਧਾ ਜਾਵੇਗਾ।

**ਰਾਮੁ ਰਮੈ ਸੋਈ ਰਾਮਾਣਾ ॥ ਜਲਿਥਲਿ ਮਹੀਅਲਿ ਏਕੁ ਸਮਾਣਾ ॥ ੧ ॥ ਰਹਾਉ ॥**

Digitized by Panjab Digital Library | www.panjabdigilib.org

ਜੇਹੜਾ ਪ੍ਰਮੇਸਰ ਦੇ ਨਾਲ ਰਮੈ = ਮਿਲਦਾ ਹੈ,ਓਹੋ ਹੀ ਰਮਾਣਾ = ਰਾਮ ਦਾ ਦਾਸ ਹੈ, ਓਹ ਜਲਾਂ ਥਲਾਂ ਧਰਤੀ ਅਕਾਸ਼ ਹਰ ਥਾਂ ਇਕ ਪ੍ਰਮੇਸ਼ਰ ਨੂੰ ਸਮਾਇਆ ਹੋਇਆ ਜਾਣਦਾ ਹੈ।

**ਅੰਤਰਿ ਬਿਖੁ ਮੁਖਿ ਅੰਮ੍ਰਿਤੁ ਸੁਣਾਵੈ ॥ ਜਮ ਪੁਰਿ ਬਾਧਾ ਚੋਟਾ ਖਾਵੈ ॥ ੨ ॥**

ਆਪਣੇ ਅੰਦਰ ਵਿਚ ਤਾਂ ਵਿਸ਼ੇ ਵਿਕਾਰਾਂ ਦੀ ਲਾਲਸਾ ਰੂਪ ਵਿਹੁ ਭਰੀ ਹੋਈ ਹੈ ਅਤੇ ਬਾਹਰੋਂ ਮੂੰਹੋਂ ਅੰਮ੍ਰਿਤ ਰੂਪ ਉਪਦੇਸ਼ ਕਰਕੇ ਸੁਣਾਉਂਦਾ ਹੈ, ਉਹ ਆਦਮੀ ਜਮ ਦੀ ਪੁਰੀ ਵਿਚ ਬੰਨ੍ਹਿਆਂ ਹੋਇਆ ਚੋਟਾਂ ਖਾਂਦਾ ਹੈ।

**ਅਨਿਕ ਪੜਦੇ ਮਹਿ ਕਮਾਵੈ ਵਿਕਾਰ ॥ ਖਿਨ ਮਹਿ ਪ੍ਰਗਟ ਹੋਹਿ ਸੰਸਾਰ ॥ ੩ ॥**

ਜੇਹੜਾ ਅਨੇਕਾਂ ਪੜਦਿਆਂ ਦੇ ਅੰਦਰ ਲੁਕ ਕੇ ਖੋਟਾ ਕੰਮ ਕਮਾਉਂਦਾ ਹੈ, ਉਹ ਇਕ ਛਿਨ ਵਿੱਚ ਸੰਸਾਰ ਦੇ ਅੰਦਰ ਪਰਗਟ ਹੋ ਜਾਂਦਾ ਹੈ।

**ਅੰਤਰਿ ਸਾਚਿ ਨਾਮਿ ਰਸਿ ਰਾਤਾ ॥ ਨਾਨਕ ਤਿਸੁ ਕਿਰਪਾਲੁ ਬਿਧਾਤਾ ॥ ੪ ॥ ੭੧ ॥ ੧੪੦ ॥**

ਜੇਹੜਾ ਆਦਮੀ ਦਿਲ ਦੇ ਅੰਦਰੋਂ ਸਚੇ ਨਾਮ ਦੇ ਰਸ ਵਿੱਚ ਰੱਤਾ ਹੈ। ਗੁਰੂ ਜੀ-ਉਸ ਆਦਮੀ ਉਤੇ ਪ੍ਰਮੇਸ਼ਰ ਕਿਰਪਾਲੂ ਹੈ।

## ਗਉੜੀ ਮਹਲਾ ੫ ॥

**ਰਾਮ ਰੰਗੁ ਕਦੇ ਉਤਰਿ ਨ ਜਾਇ ॥ ਗੁਰੁ ਪੂਰਾ ਜਿਸੁ ਦੇਇ ਬੁਝਾਇ ॥ ੧ ॥**

ਪ੍ਰਮੇਸ਼ਰ ਦਾ ਰੰਗ ਕਦੀ ਉੱਤਰ ਨਹੀਂ ਜਾਂਦਾ ਹੈ, ਪਰ ਜਿਸਨੂੰ ਪੂਰਾ ਗੁਰੂ ਸਮਝਾ ਦੇਂਦਾ ਹੈ, ਉਸਨੂੰ ਮਿਲਦਾ ਹੈ।

**ਹਰਿ ਰੰਗਿ ਰਾਤਾ ਸੋ ਮਨੁ ਸਾਚਾ ॥ ਲ਼ਾਲ ਰੰਗ ਪੂਰਨ ਪੁਰਖੁ ਬਿਧਾਤਾ ॥ ੧ ॥ ਰਹਾਉ ॥**

ਜੇਹੜਾ ਆਦਮੀ ਪ੍ਰਮੇਸਰ ਦੇ ਰੰਗ ਵਿੱਚ ਰੱਤਾ ਹੈ, ਉਸਦਾ ਮਨ ਸੱਚਾ ਹੈ, ਉਸਨੂੰ ਪੂਰਨ ਪ੍ਰਮੇਸ਼ਰ ਦੇ ਪ੍ਰੇਮ ਦਾ ਲਾਲ ਰੰਗ ਚੜ੍ਹਿਆ ਹੈ।

**ਸੰਤਹ ਸੰਗਿ ਬੈਸਿ ਗੁਨ ਗਾਇ ॥ ਤਾਕਾ ਰੰਗੁ ਨ ਉਤਰੈ ਜਾਇ ॥ ੨ ॥**

Digitized by Panjab Digital Library | www.panjabdigilib.org

ਜੇਹੜਾ ਆਦਮੀ ਸੰਤਾਂ ਦੇ ਨਾਲ ਬਹਿਕੇ ਪ੍ਰਮੇਸ਼ਰਦੇ ਗੁਣ ਗਾਉਂਦਾਹੈ, ਉਸਦਾ ਰੰਗ ਕਦੀ ਉਤਰ ਨਹੀਂ ਜਾਂਦਾ ਹੈ।

**ਬਿਨੁ ਹਰਿ ਸਿਮਰਨ ਸੁਖੁ ਨਹੀ ਪਾਇਆ ॥ ਆਨ ਰੰਗਿ ਫੀਕੇ ਸਭ ਮਾਇਆ ॥ ੩ ॥**

ਪ੍ਰਮੇਸਰ ਦੇ ਸਿਮਰਨ ਬਿਨਾ ਕਦੀ ਕਿਸੇ ਨੇ ਕਿਤੇ ਸੁਖ ਨਹੀਂ ਪਾਇਆ ਹੈ,ਹੋਰ ਜੇਹੜੇ ਮਾਇਆ ਦੇ ਅਨੇਕਾਂ ਰੰਗਹਨ ਉਹ ਸਾਰੇ ਫਿੱਕੇਹਨ।

**ਗੁਰਿ ਰੰਗੇ ਸੇ ਭਏ ਨਿਹਾਲ ॥ ਕਹੁ ਨਾਨਕ ਗੁਰ ਭਏ ਹੈ ਦਇਅ ਲ ॥ ੪ ॥ ੭੨ ॥ ੧੪੧ ॥**

ਜੇਹੜੇ ਗੁਰਾਂ ਦੇ ਰੰਗ ਹਨ । ਉਹ ਦੁੱਖਾਂ ਤੋਂ ਬਿਨਾ ਹੋ ਗਏ ਹਨ। ਗੁਰੂ ਜੀ–ਉਹ ਗੁਰਾਂ ਦੇ ਰੰਗ ਹਨ,ਜਿਨ੍ਹਾਂ ਦੇ ਉਤੇ ਗੁਰੂਜੀ ਦਿਆਲੂ ਹੋਏ ਹਨ।

## ਗਉੜੀ ਮਹਲਾ ੫ ॥

**ਸਿਮਰਤਿ ਸੁਆਮੀ ਕਿਲ ਵਿਖ ਨਾਸੇ ॥ ਸੁਖ ਸਹਜ ਆਨੰਦ ਨਿਵਾਸੇ ॥ ੧ ॥**

ਪ੍ਰਮੇਸਰ ਦਾ ਸਿਮਰਨ ਕਰਦਿਆਂ ਸਾਰੇ ਪਾਪ ਨੱਸ ਜਾਂਦੇ ਹਨ।ਆਤਮਾ ਅਨੰਦ ਸੁਖ ਦੇ ਅੰਦਰ ਸੁਭਾਵਕ ਹੀ ਸੁਖਾਂ ਨਾਲ ਨਿਵਾਸ ਰਹਿੰਦਾ ਹੈ ਭਾਵ ਮਨ ਸੁਭਾਵਕ ਹੀ ਸੁਖਾਂ ਵਿੱਚ ਰਹਿੰਦਾ ਹੈ।

**ਰਾਮ ਜਨਾ ਕਉ ਰਾਮ ਭਰੋਸਾ ॥ ਨਾਮੁ ਜਪਤ ਸਭੁ ਮਿਟਿਓ ਅੰਦੇਸਾ ॥ ੧ ॥ ਰਹਾਉ ॥**

ਪ੍ਰਮੇਸਰ ਦੇ ਦਾਸਾਂ ਨੂੰ ਪ੍ਰਮੇਸਰ ਦਾ ਹੀ ਭਰੋਸਾ ਹੈ। ਨਾਮ ਨੂੰ ਜਪਕੇ ਹਰ ਤਰਾਂ ਦਾ ਸੰਸਾ ਦੂਰ ਹੋ ਗਿਆ ਹੈ।

**ਸਾਧ ਸੰਗਿ ਕਛੁ ਭਉ ਨ ਭਰਾਤੀ ॥ ਗੁਣ ਗੋਪਾਲ ਗਾਈਅਹਿ ਦਿਨੁ ਰਾਤੀ ॥ ੨ ॥**

ਸਾਧ ਸੰਗ ਕਰਕੇ ਕੁਛ ਡਰ ਤੇ ਭਰਮ ਨਹੀਂ ਰਿਹਾ ਹੈ, ਇਸ ਲਈ ਦਿਨ ਰਾਤ ਗੁਪਾਲ ਦੇ ਗੁਣ ਗਾਈਏ।

**ਕਰਿ ਕਿਰਪਾ ਪ੍ਰਭ ਬੰਧਨ ਛੋਟ ॥ ਚਰਨ ਕਮਲ ਕੀ ਦੀਨੀ ਓਟ ॥ ੩ ॥**

Digitized by Panjab Digital Library | www.panjabdigilib.org

ਮਾਲਕ ਨੇ ਕਿਰਪਾ ਕਰਕੇ ਬੰਧਨਾਂ ਤੋਂ ਛੁਡਾ ਲਿਆ ਹੈ,ਆਪਣਿਆਂ ਚਰਨਾਂ ਕਮਲਾਂ ਦੀ ਓਟ ਦਿੱਤੀ ਹੈ।

**ਕਹੁ ਨਾਨਕ ਮਨਿ ਭਈ ਪਰਤੀਤਿ ॥ ਨਿਰਮਲ ਜਸੁ ਪੀਵਹਿ ਜਨ ਨੀਤਿ ॥ ੪ ॥ ੭੩ ॥ ੧੪੨ ॥**

ਗੁਰੂ ਜੀ-ਮੇਰੇ ਮਨ ਵਿੱਚ ਇੱਕਰ ਦੀ ਪ੍ਰਤੀਤ ਆ ਗਈ ਹੈ, ਜੇਹੜਾ ਪ੍ਰਮੇਸਰ ਦਾ ਜਸ ਮੈਲ ਤੋਂ ਰਹਿਤ ਹੈ ਉਸਨੂੰ ਦਾਸ ਰੋਜ ਪੀਂਦੇ ਹਨ।

**ਗਉੜੀ ਮਹਲਾ ੫ ॥**

**ਹਰਿ ਚਰਣੀ ਜਾਕਾ ਮਨੁ ਲਾਗਾ ॥ ਦੂਖੁ ਦਰਦੁ ਭ੍ਰਮੁ ਤਾਕਾ ਭਾਗਾ ॥ ੧ ॥**

ਜਿਸਦਾ ਮਨ ਪ੍ਰਮੇਸਰ ਦੇ ਚਰਨਾਂ ਵਿੱਚ ਲੱਗਾ ਹੈ, ਉਸਦਾ ਦੁਖ ਦਰਦ ਭਰਮ ਸਾਰਾ ਦੂਰ ਹੋ ਗਿਆ ਹੈ।

**ਹਰਿ ਧਨ ਕੋ ਵਾਪਾਰੀ ਪੂਰਾ ॥ ਜਿਸਹਿ ਨਿਵਾਜੇ ਸੋ ਜਨੁ ਸੂਰਾ ॥ ੧ ॥ ਰਹਾਉ ॥**

ਜਿਹੜਾ ਹਰਿ ਧਨ ਦਾ ਵਪਾਰੀ ਹੈ, ਉਹ ਹਰਤਰਾਂ ਪੂਰਾ ਹੈ ਭਾਵ ਸਾਰਿਆਂ ਗੁਣਾਂ ਵਾਲਾ ਹੈ,ਉਹ ਆਦਮੀ ਜਿਸਨੂੰ ਨਿਵਾਜਦਾ ਭਾਵ ਵਡਿਆਈ ਦੇਂਦਾ ਹੈ, ਉਹ ਆਦਮੀ ਵੀ ਇੰਦ੍ਰੀਆਂ ਦੇ ਜਿੱਤਣ ਨੂੰ ਸੂਰਮਾ ਹੋਜਾਂਦਾ ਹੈ।

**ਜਾਕਉ ਭਏ ਕ੍ਰਿਪਾਲ ਗੁਸਾਈ ॥ ਸੇ ਜਨ ਲਾਗੇ ਗੁਰ ਕੀ ਪਾਈ ॥ ੨ ॥**

ਜਿਸਨੂੰ ਮਾਲਕ ਕਿਰਪਾਲੂ ਹੋਇਆ ਹੈ, ਉਹ ਦਾਸ ਗੁਰਾਂ ਦੀ ਚਰਨੀ ਲੱਗਾ ਹੈ।

**ਸੂਖ ਸਹਜ ਸਾਂਤਿ ਅਨੰਦਾ ॥ ਜਪਿ ਜਪਿ ਜੀਵੇ ਪਰਮਾਨੰਦਾ ॥ ੩ ॥**

ਜਿਸਨੂੰ ਸਹਿਜ = ਗਿਆਨ ਜਾਂ ਆਤਮ ਅਨੰਦ ਦਾ ਸੁਖ ਅਤੇ ਸ਼ਾਂਤੀ ਸੁਖ ਮਿਲਿਆ ਹੈ, ਉਹ ਆਦਮੀ ਪਰਮ ਅਨੰਦ ਸਰੂਪ ਪ੍ਰਮੇਸਰ ਨੂੰ ਦਾ ਜਪ ਜਪ ਕੇ ਜੀਉਂਦਾ ਹੈ।

**ਨਾਮ ਰਾਸਿ ਸਾਧ ਸੰਗਿ ਖਾਟੀ ॥ ਕਹੁ ਨਾਨਕ ਪ੍ਰਭਿ ਅਪਦਾ ਕਾਟੀ ॥ ੪ ॥ ੭੪ ॥ ੧੪੩ ॥**

Digitized by Panjab Digital Library | www.panjabdigilib.org

ਜਿਨ੍ਹਾਂ ਨੇ ਸਾਧ ਸੰਗ ਕਰਕੇ ਪ੍ਰਮੇਸ਼ਰ ਦੇ ਨਾਮ ਦੀ ਰਾਸ ਖੱਟੀ ਹੈ, ਗੁਰੂ ਜੀ–ਓਹਨਾਂ ਦੀ ਜਨਮ ਮਟਨ ਦੀ ਅਪਦਾ ਪ੍ਰਭੂ ਨੇ ਕੱਟੀ ਹੈ।

**ਗਉੜੀ ਮਹਲਾ ੫ ॥**

**ਹਰਿ ਸਿਮਰਤ ਸਭਿ ਮਿਟਹਿ ਕਲੇਸ ॥ ਚਰਣ ਕਮਲ ਮਨ ਮਹਿ ਪਰਵੇਸ ॥ ੧ ॥**

ਪ੍ਰਮੇਸ਼ਰ ਨੂੰ ਸਿਮਰਦਿਆਂ ਸਾਰੇ ਕਲੇਸ਼ ਮਿਟ ਜਾਂਦੇ ਹਨ,ਇਸ ਲਈ ਪ੍ਰਮੇਸ਼ਰ ਦੇ ਚਰਨਾਂ ਕਮਲਾਂ ਨੂੰ ਰਿਦੇ ਵਿੱਚ ਪ੍ਰਵੇਸ਼ ਕਰੀਏ।

**ਉਚਰਹੁ ਰਾਮ ਨਾਮੁ ਲਖ ਬਾਰੀ ॥ ਅੰਮ੍ਰਿਤ ਰਸੁ ਪੀਵਹੁ ਪ੍ਰਭ ਪਿਆਰੀ ॥ ੧ ॥ ਰਹਾਉ ॥**

ਪ੍ਰਮੇਸ਼ਰ ਦੇ ਨਾਮ ਨੂੰ ਲੱਖਾਂ ਵਾਰੀ ਉਚਰਿਆ ਕਰੋ, ਨਾਮ ਅੰਮ੍ਰਤ ਦਾ ਰਸ ਪੀਓ, ਮਾਲਕ ਦੀ ਭਗਤੀ ਹੀ ਪਿਆਰੀ ਹੈ।

**ਸੂਖ ਸਹਜ ਰਸ ਮਹਾ ਅਨੰਦਾ ॥ ਜਪਿ ਜਪਿ ਜੀਵੇ ਪਰਮਾਨੰਦਾ ॥ ੨ ॥**

ਜਿਨ੍ਹਾਂ ਨੂੰ ਪ੍ਰਮੇਸ਼ਰ ਦਾ ਧਿਆਨ ਹੋਇਆ ਹੈ, ਓਹਨਾਂ ਨੂੰ ਸਹਿਜੇ ਸੁਖ ਹੋਇਆ ਹੈ, ਓਹ ਦੁਨੀਆਂ ਦੇ ਰਸਾਂ ਵਿੱਚ ਹੀ ਵੱਡਾ ਅਨੰਦ ਲੈਂਦੇ ਹਨ ਭਾਵ ਭਜਨ ਕਰਦੇ ਹਨ,ਪਰਮ ਅਨੰਦ ਪ੍ਰਮੇਸ਼ਰ ਨੂੰ ਜਪਕੇ ਜੀਉਂਦੇ ਹਨ।

**ਕਾਮ ਕ੍ਰੋਧ ਲੋਭ ਮਦ ਖੋਏ ॥ ਸਾਧਕੈ ਸੰਗਿ ਕਿਲ ਬਿਖ ਸਭ ਧੋਇ ॥ ੩ ॥**

ਓਹਨਾਂ ਭਗਤਾਂ ਨੇ ਕਾਮ, ਕ੍ਰੋਧ, ਲੋਭ, ਹੰਕਾਰ ਸਾਰੇ ਵਿਸ਼ੇ ਨਾਸ ਕਰਦਿੱਤੇ ਹਨ। ਸਾਧਸੰਗ ਕਰਕੇ ਸਾਰਿਆਂ ਪਾਪਾਂਦੀ ਮੈਲ ਨੂੰਧੋ ਦਿੱਤਾਹੈ।

**ਕਰਿ ਕਿਰਪਾ ਪ੍ਰਭ ਦੀਨ ਦਇਆਲਾ ॥ ਨਾਨਕ ਦੀਜੈ ਸਾਧ ਰਵਾਲਾ ॥ ੪ ॥ ੭੫ ॥ ੧੪੪ ॥**

ਹੇਦੀਨ ਦਿਆਲੂ ਮਾਲਕ ਕਿਰਪਾ ਕਰ। ਗੁਰੂ ਜੀ–ਮੈਨੂੰ ਆਪਣਿਆਂ ਸੰਤਾਂ ਦੀ ਚਰਨ ਧੂੜ ਦੇਹ।

**ਗਉੜੀ ਮਹਲਾ ੫ ॥**

**ਜਿਸਕਾ ਦੀਆ ਪੈਨੈ ਖਾਇ ॥ ਤਿਸੁ ਸਿਉ ਆਲਸੁ ਕਿਉ ਬਨੈ ਮਾਇ ॥ ੧ ॥**

Digitized by Panjab Digital Library | www.panjabdigilib.org

ਜਿਸ ਦਾ ਦਿੱਤਾ ਪਹਿਨਦਾ ਖਾਂਦਾ ਹੈ। ਹੇ ਮਾਂ ਭਾਵ ਭਰਾ ਉਸ ਨਾਲ ਆਲਸ ਕਰਨਾ ਕਿਉਂ ਬਣ ਆਉਂਦਾ ਹੈ ਭਾਵ ਉਸਦਾ ਭਜਨ ਕਰਨ ਵਿਚ ਚਿਰ ਲਾਉਣਾ ਚੰਗਾ ਨਹੀਂ ਹੈ।

ਖਸਮੁ ਬਿਸਾਰਿ ਆਨ ਕੰਮਿ ਲਾਗਹਿ ॥ ਕਉਡੀ ਬਦਲੇ ਰਤਨੁ ਤਿਆਗਹਿ ॥ ੧ ॥ ਰਹਾਉ ॥

ਜੇਹੜੇ ਖਸਮ ਨੂੰ ਵਿਸਾਰਕੇ ਹੋਰਨਾਂ ਕੰਮਾਂ ਵਿੱਚ ਲੱਗੇ ਹਨ, ਕੌਡੀ ਦੇ ਬਦਲੇ ਰਤਨ ਨੂੰ ਛੱਡਦੇ ਹਨ, ਭਾਵ ਵਿਸ਼ਿਆਂ ਦੇ ਸੁਖ ਵਿੱਚ ਪ੍ਰਮੇਸ਼ਰ ਦੇ ਨਾਮ ਨੂ ਤਿਆਗਦੇ ਹਨ।

ਪ੍ਰਭੂ ਤਿਆਗਿ ਲਾਗਤ ਅਨਲੋਭਾ ॥ ਦਾਸਿ ਸਲਾਮੁ ਕਰਤ ਕਤ ਸੋਭਾ ॥ ੨ ॥

ਜੇਹੜੇ ਮਾਲਕ ਨੂੰ ਤਿਆਗਕੇ ਹੋਰਨਾਂ ਲੋਭਾਂ ਵਿੱਚ ਲੱਗਦੇ ਹਨ, ਮਾਇਆ ਦਾਸੀ ਨੂੰ ਸਲਾਮ ਕਰਦਿਆਂ ਹੋਇਆਂ ਕਦ ਸੋਭਾ ਪਾਉਂਦੇ ਹਨ ?

ਅੰਮ੍ਰਿਤ ਰਸੁ ਖਾਵਹਿ ਖਾਨ ਪਾਨ ॥ ਜਿਨਿ ਦੀਏ ਤਿਸਹਿ ਨ ਜਾਨਹਿ ਸੁਆਨ ॥ ੩ ॥

ਅੰਮ੍ਰਿਤ ਵਰਗੇ ਰਸ ਵਾਲੇ ਖਾਣੇ ਖਾਂਦੇ ਤੇ ਪੀਂਦੇ ਹਨ, ਜਿਸਨੇ ਦਿੱਤੇ ਹਨ ਉਸ ਨੂੰ ਕੁੱਤੇ ਨਹੀਂ ਜਾਣਦੇ ਹਨ।

ਕਹੁ ਨਾਨਕ ਹਮ ਲੂਣ ਹਰਾਮੀ ॥ ਬਖਸਿ ਲੇਹੁ ਪ੍ਰਭ ਅੰਤਰਜਾਮੀ ॥ ੪ ॥ ੭੬ ॥ ੧੪੫ ॥

ਗੁਰੂ ਜੀ–ਅਸੀਂ ਲੂਣ ਹਰਾਮੀ ਆਦਮੀਹਾਂ,ਕੀਤੇ ਉਪਕਾਰਾਂ ਨੂੰ ਨਹੀਂ ਜਾਣਦੇ ਹਾਂ। ਹੇ ਅੰਤਰਜਾਮੀ ਮਾਲਕ ਜੀ ਤੁਸੀਂ ਬਖਸ਼ ਲੌ।

ਗਉੜੀ ਮਹਲਾ ੫ ॥

ਪ੍ਰਭ ਕੇ ਚਰਨ ਮਨਿ ਮਾਹਿ ਧਿਆਨੁ ॥ ਸਗਲ ਤੀਰਥ ਮਜਨ ਇਸਨਾਨੁ ॥ ੧ ॥

ਮਨ ਵਿੱਚ ਮਾਲਕ ਦੇ ਚਰਨਾਂ ਦਾ ਧਿਆਨ ਕਰਨ ਨਾਲ ਸਾਰਿਆਂ ਤੀਰਥਾਂ ਦੇ ਇਸ਼ਨਾਨ ਦਾ ਫਲ ਹੋ ਜਾਂਦਾ ਹੈ।

ਹਰਿ ਦਿਨੁ ਹਰਿ ਸਿਮਰਨੁ ਮੇਰੇ ਭਾਈ ॥ ਕੋਟਿ ਜਨਮ ਕੀ ਮਲੁ ਲਹਿ ਜਾਈ ॥ ੧ ॥ ਰਹਾਉ ॥

Digitized by Panjab Digital Library | www.panjabdigilib.org

ਹੇ ਭਰਾ ਸਾਰਿਆਂ ਦਿਨਾਂ ਵਿੱਚ ਪ੍ਰਮੇਸ਼ਰ ਦਾ ਸਿਮਰਨ ਕਰਨ ਨਾਲ ਕਰੋੜਾਂ ਜਨਮਾਂ ਦੀ ਮੈਲ ਉਤਰ ਜਾਂਦੀ ਹੈ।

**ਹਰਿ ਕੀ ਕਥਾ ਰਿਦ ਮਾਹਿ ਬਸਾਈ ॥ ਮਨ ਬਾਂਛਤ ਸਗਲੇ ਫਲ ਪਾਈ ॥ ੨ ॥**

ਪ੍ਰਮੇਸ਼ਰ ਦੀ ਕਥਾ ਦਿਲ ਵਿੱਚ ਵਸਾਉਣ ਨਾਲ ਮਨ ਭਾਉਂਦਿਆਂ ਧਰਮ ਮੁਕਤੀ ਆਦਿਕ ਸਾਰਿਆਂ ਫਲਾਂ ਨੂੰ ਪਾਈਦਾ ਹੈ

**ਜੀਵਨ ਮਰਣੁ ਜਨਮੁ ਪਰਵਾਨੁ ॥ ਜਾਕੈ ਰਿਦੈ ਵਸੈ ਭਗਵਾਨੁ ॥ ੩ ॥**

ਜਿਨ੍ਹਾਂ ਦੇ ਦਿਲ ਵਿੱਚ ਭਗਵਾਨ ਦਾ ਵਾਸਾ ਹੋਇਆ ਹੈ। ਜੀਵਤ ਭਾਵ ਤੋਂ ਮਰਨ ਨਾਲ ਓਹਨਾਂ ਦਾ ਮਨੁਖਾ ਜਨਮ ਪਰਵਾਨ ਹੋਇਆ ਹੈ ਜਾਂ ਓਹ ਦੋਹਾਂ ਸਮਿਆਂ ਵਿੱਚ ਪ੍ਰਵਾਨ ਹਨ ਜੀਊਣਵੇਲੇ ਮਰਨਵੇਲੇ ਹਰਵੇਲੇ ਸੁਖੀਹਨ।

**ਕਹੁ ਨਾਨਕ ਸੇਈ ਜਨ ਪੂਰੇ ॥ ਜਿਨਾ ਪਰਾਪਤਿ ਸਾਧੂ ਧੂਰੇ ॥ ੪ ॥ ੭੭ ॥ ੧੪੬ ॥**

ਗੁਰੂ ਜੀ-ਓਹੋ ਹੀ ਦਾਸ ਪੂਰੇ ਹਨ। ਜਿਨ੍ਹਾਂ ਨੂੰ ਸੰਤਾਂ ਦੀ ਚਰਨ ਧੂੜ ਮਿਲੀ ਹੈ।

**ਗਉੜੀ ਮਹਲਾ ੫ ॥**

**ਖਾਦਾ ਪੈਨਦਾ ਮੂਕਰਿ ਪਾਇ ॥ ਤਿਸਨੋ ਜੋਹਹਿ ਦੂਤ ਧਰਮਰਾਇ । ੧ ॥**

ਮਨੁਖ ਪ੍ਰਮੇਸ਼ਰ ਦਾ ਦਿੱਤਾ ਹੋਇਆ ਖਾਂਦਾ ਪਹਿਨਦਾ ਹੈ ਅਤੇ ਫਿਰ ਮੁੱਕਰ ਪੈਂਦਾ ਹੈ, ਆਖਦਾ ਹੈ ਮੈਂ ਨਹੀਂ ਖਾਧਾ ਹੈ; ਉਸਨੂੰ ਧਰਮ ਰਾਜਾ ਦੇ ਦੂਤ ਬੁਰੀ ਨਜ਼ਰ ਨਾਲ ਵੇਖਦੇ ਹਨ।

**ਤਿਸੁ ਸਿਉ ਬੇਮੁਖੁ ਜਿਨਿ ਜੀਉ ਪਿੰਡੁ ਦੀਨਾ ॥ ਕੋਟਿ ਜਨਮ ਭਰਮਹਿ ਬਹੁ ਜੂਨਾ ॥ ੧ ॥ ਰਹਾਉ ॥**

ਜਿਸ ਵਾਹਿਗੁਰੂਨੇ ਜੀਵਨੂੰ ਸਰੀਰ ਦਿੱਤਾਹੈ। ਜਿਹੜੇ ਆਦਮੀ ਉਸਤੋਂ ਬੇਮੁਖ ਹੁੰਦੇ ਹਨ,ਉਹ ਕਰੋੜਾਂ ਜਨਮ ਅਨੇਕਾਂ ਦੁਨੀਆਂ ਵਿੱਚ ਪਏਭੌਂਦੇ ਹਨ।

**ਸਾਕਤ ਕੀ ਐਸੀ ਹੈ ਰੀਤਿ ॥ ਜੋ ਕਿਛੁ ਕਰੈ ਸਗਲ ਬਿਪਰੀਤਿ ॥ ੨ ॥**

Digitized by Panjab Digital Library | www.panjabdigilib.org

ਸਾਕਤਾਂ ਦੀ ਇੱਕੁਰ ਦੀ ਰੀਤੀ ਹੈ ਜੋ ਕੁਛ ਕਰਦੇ ਹਨ। ਉਹ ਕੁਛ ਉਲਟਾ ਹੀ ਕਰਦੇ ਹਨ।

**ਜੀਉ ਪ੍ਰਾਣ ਜਿਨਿ ਮਨੁ ਤਨੁ ਧਾਰਿਆ ॥ ਸੋਈ ਠਾਕੁਰੁ ਮਨਹੁ ਬਿਸਾਰਿਆ ॥ ੩ ॥**

ਜਿਸਨੇ ਜੀਅ ਪ੍ਰਾਣ ਅਤੇ ਸਰੀਰ ਤੇ ਮਨ ਧਾਰਿਆ ਭਾਵ ਬਣਾਇਆ ਹੈ। ਉਹ ਮਾਲਕ ਮਨ ਤੋਂ ਵਿਸਾਰਿਆ ਹੈ।

**ਬਧੇ ਬਿਕਾਰ ਲਿਖੇ ਬਹੁ ਕਾਗਰ ॥ ਨਾਨਕ ਉਧਰੋ ਕ੍ਰਿਪਾ ਸੁਖ ਸਾਗਰ ॥ ੪ ॥**

ਸਾਕਤਾਂ ਦੇ ਐਨੇ ਵਿਕਾਰ ਕਰਮ ਵਧ ਗਏ ਹਨ ਕਿ ਚਿਤ੍ਰ ਗੁਪਤਾਂ ਦੇ ਦਫਤ੍ਰ ਵਿਚ ਬਹੁਤ ਕਾਗਜ਼ ਲਿਖੇ ਹਨ, ਫਿਰ ਇੱਕੁਰ ਦੇ ਸਾਕਤਾਂ ਦਾ ਉਧਾਰ ਕਿਸਤਰਾਂ ਹੁੰਦਾ ਹੈ ? ਗੁਰੂ ਜੀ - ਆਖਦੇ ਹਨ ਸੁਖਾਂ ਦਾ ਸਮੁੰਦਰ ਪ੍ਰਮੇਸ਼ਰ ਆਪ ਹੀ ਕਿਰਪਾ ਕਰੇ ਤੇ ਤਾਂ ਉਹਨਾਂ ਸਾਕਤਾਂ ਦਾ ਉਧਾਰ ਹੁੰਦਾ ਹੈ।

**ਪਾਰਬ੍ਰਹਮ ਤੇਰੀ ਸਰਣਾਇ ॥ ਬੰਧਨ ਕਾਟਿ ਤਰੈ ਹਰਿ ਨਾਇ ॥ ੧ ॥ ਰਹਾਉ ਦੂਜਾ ॥ ੭੯ ॥ ੧੪੮ ॥**

ਹੇ ਮਾਲਕ ! ਮੈਂ ਤੇਰੀ ਸ਼ਰਨ ਆਇਆ ਹਾਂ। ਇੱਕੁਰ ਬੇਨਤੀ ਕਰਦਾ ਹੋਇਆ ਬੰਧਨਾਂ ਨੂੰ ਕੱਟਕੇ ਪ੍ਰਮੇਸ਼ਰ ਦਾ ਨਾਮ ਜਪਕੇ ਸੰਸਾਰ ਤੋਂ ਤਰ ਜਾਂਦਾ ਹੈ।

## ਗਉੜੀ ਮਹਲਾ ੫ ॥

**ਅਪਨੇ ਲੋਭ ਕਉ ਕੀਨੋ ਮੀਤੁ ॥ ਸਗਲ ਮਨੋਰਥ ਮੁਕਤਿ ਪਦੁ ਦੀਤੁ ॥ ੧ ॥**

ਜੇਕਰ ਕਿਸੇ ਨੇ ਆਪਣੇ ਲੋਭ ਵਾਸਤੇ ਹੀ ਪ੍ਰਮੇਸਰ ਨੂੰ ਮਿੱਤਰ ਬਣਾਇਆ ਹੈ ਭਾਵ ਕੁਛ ਮੰਗਣ ਵਾਸਤੇ ਭਜਨ ਕਰਦਾ ਹੈ,ਪ੍ਰਮੇਸ਼ਰ ਨੇ ਉਸ ਦੇ ਵੀ ਸਾਰੇ ਮਨੋਰਥ ਪੂਰੇ ਕਰਕੇ ਫਿਰ ਸਗੋਂ ਹੋਰ ਵਾਸ਼ਾ ਉਸਨੂੰ ਮੁਕਤੀ ਦਾ ਪਦ ਵੀ ਦਿੱਤਾ ਹੈ।

**ਐਸਾ ਮੀਤੁ ਕਰਹੁ ਸਭੁ ਕੋਇ ॥ ਜਾ ਤੇ ਬਿਰਥਾ ਕੋਇ ਨ ਹੋਇ ॥ ੧ ॥ ਰਹਾਉ ॥**

ਹੇ ਭਰਾ ਹਰ ਕੋਈ ਇੱਕੁਰ ਦਾ ਮਿੱਤਰ ਕਰੋ। ਜਿਸਤੋਂ ਖਾਲੀ ਕੋਈ ਨਹੀਂ ਹੁੰਦਾ ਹੈ ਭਾਵ ਸਭ ਕੁਛ ਮਿਲਦਾ ਹੈ।

Digitized by Panjab Digital Library | www.panjabdigilib.org

**ਅਪੁਨੈ ਸੁਆਇ ਰਿਦੈ ਲੈ ਧਾਰਿਆ ॥ ਦੂਖ ਦਰਦ ਰੋਗ ਸਗਲ ਬਿਦਾਰਿਆ ॥ ੨ ॥**

ਜਿਸ ਕਿਸੇ ਨੇ ਆਪਣੇ ਕਿਸੇ ਸੁਆਇ – ਪ੍ਰਯੋਜਨ, ਮਤਲਬ ਵਾਸਤੇ ਵੀ ਪ੍ਰਮੇਸ਼ਰ ਨੂੰ ਦਿਲ ਵਿੱਚ ਲੈ ਧਾਰਿਆ ਭਾਵ ਧਿਆਇਆ ਹੈ। ਪ੍ਰਮੇਸ਼ਰ ਨੇ ਉਸਦੇ ਸਾਰੇ'ਅਰਥ'ਮਤਬਲ ਪੂਰੇ ਕਰ ਦਿਤੇ ਸਗੋਂ ਹੋਰ ਦੁਖ ਦਰਦ ਰੋਗ ਸਾਰਿਆਂ ਨੂੰ ਨਾਸ ਕਰ ਦਿੱਤਾ ਹੈ।

**ਰਸਨਾ ਗੀਧੀ ਬੋਲਤ ਰਾਮ ॥ ਪੂਰਨ ਹੋਏ ਸਗਲੇ ਕਾਮ ॥ ੩ ॥**

ਜਿਸ ਆਦਮੀ ਦੀ ਜੀਭ ਪ੍ਰਮੇਸ਼ਰ ਦਾ ਨਾਮ ਜਪਣੇ ਵਿੱਚ ਗਿੱਝ ਗਈ ਹੈ। ਉਸਦੇ ਸਾਰੇ ਕੰਮ ਪੂਰੇ ਹੋ ਗਏ ਹਨ।

**ਅਨਿਕ ਬਾਰ ਨਾਨਕ ਬਲਿਹਾਰਾ ॥ ਸਫਲ ਦਰ-ਸਨੁ ਗੋਬਿੰਦੁ ਹਮਾਰਾ ॥ ੪ ॥ ੭੯ ॥ ੧੪੮ ॥**

ਗੁਰੂ ਜੀ–ਮੈਂ ਅਨੇਕ ਵਾਰ ਬਲਿਹਾਰ ਜਾਂਦਾ ਹਾਂ, ਜੇਹੜਾ ਸਾਡਾ ਮਾਲਕ ਹੈ, ਉਸਦਾ ਦਰਸ਼ਨ ਸਫਲ ਹੈ।

## ਗਉੜੀ ਮਹਲਾ ੫ ॥

**ਕੋਟਿ ਬਿਘਨ ਹਿਰੇ ਖਿਨ ਮਾਹਿ ॥ ਹਰਿ ਹਰਿ ਕਥਾ ਸਾਧ ਸੰਗਿ ਸੁਨਾਹਿ ॥ ੧ ॥**

ਓਹ ਆਦਮੀ ਕਰੋੜਾਂ ਵਿਘਨਾਂ ਨੂੰ ਇੱਕ ਛਿਨ ਵਿਚ ਨਾਸ ਕਰ ਦੇਂਦਾ ਹੈ, ਜੇਹੜਾ ਹਰਿ ਹਰਿ ਕਥਾ ਨੂੰ ਸਾਧ ਸੰਗਤ ਵਿਚ ਜਾਕੇ ਸੁਣਦਾ ਹੈ।

**ਪੀਵਤ ਰਾਮ ਰਸੁ ਅੰਮ੍ਰਿਤ ਗੁਣ ਜਾਸੁ ॥ ਜਪਿ ਹਰਿ ਚਰਣ ਮਿਟੀ ਖੁਧਿ ਤਾਸੁ ੧ ॥ ਰਹਾਉ ॥**

ਜੇਹੜਾ ਰਾਮ ਦੇ ਗੁਣਾਂ ਦਾ ਜਸ ਰੂਪ ਅੰਮ੍ਰਿਤ ਰਸ ਪੀਂਦਾ ਹੈ। ਓਹ ਨਾਮ ਨੂੰ ਜਪਕੇ ਪ੍ਰਮੇਸ਼ਰ ਦੇ ਚਰਨਾਂ ਦਾ ਧਿਆਨ ਧਰਦਾ ਹੈ, ਇਸ ਲਈ ਉਸਦੀ ਸਾਰੀ ਭੁਖ ਦੂਰ ਹੋ ਗਈ ਹੈ।

**ਸਰਬ ਕਲਿਆਣ ਸੁਖ ਸਹਜ ਨਿਧਾਨ ॥ ਜਾਕੈ ਰਿਦੈ ਵਸਹਿ ਭਗਵਾਨ ॥ ੨ ॥**

Digitized by Panjab Digital Library | www.panjabdigilib.org

ਜਿਸਦੇ ਦਿਲ ਵਿਚ ਭਗਵਾਨ ਆਕੇ ਵੱਸਿਆ ਹੈ, ਸਰੂਪ, ਸਲੋਕ, ਸਾਜੁਜ, ਕੈਵਲ ਮੁਕਤੀਆਂ ਸਾਰੇ ਸੁਖਾਂ ਦਾ ਖਜ਼ਾਨਾ ਜੇਹੜਾ ਹੈ ਓਹ ਉਸ ਨੂੰ ਆਕੇ ਮਿਲਿਆ ਹੈ ।

**ਅਉਖਧ ਮੰਤ੍ਰ ਤੰਤ ਸਭਿ ਛਾਰੁ ॥ ਕਰਣੈਹਾਰੁ ਰਿਦੇ ਮਹਿ ਧਾਰੁ ॥ ੩ ॥**

ਸਾਰੀਆਂ ਦਵਾਈਆਂ ਸਾਰਿਆਂ ਮੰਤ੍ਰਾਂ ਤੰਤ੍ਰਾਂਨੂੰ ਸੁਆਹ ਕਰ ਦੇਹ ਭਾਵ ਮਿੱਟੀ ਵਾਂਗ ਸਮਝ । ਇੱਕ ਸਾਰਿਆਂ ਨੂੰ ਕਰਨ ਵਾਲੇ ਪ੍ਰਮੇਸ਼ਰ ਨੂੰ ਦਿਲ ਵਿਚ ਧਾਰਕੇ ਰੱਖ ਭਾਵ ਯਾਦ ਕਰ ।

**ਤਜਿ ਸਭਿ ਭਰਮ ਭਜਿਓ ਪਾਰਬ੍ਰਹਮੁ ॥ ਕਹੁ ਨਾਨਕ ਅਟਲ ਇਹੁ ਧਰਮੁ ॥ ੪ ॥ ੮੦ ॥ ੧੪੯ ॥**

ਸਾਰੇ ਭਰਮਾਂ ਨੂੰ ਛੱਡਕੇ ਪ੍ਰਮੇਸ਼ਰ ਦਾ ਨਾਮ ਜਪੋ। ਗੁਰੂ ਜੀ–ਇਹ ਜੇਹੜਾ ਭਗਤੀ ਧਰਮ ਹੈ, ਇਹ ਸਦਾ ਅਟੱਲ ਰਹਿਣ ਵਾਲਾ ਹੈ।

## ਗਉੜੀ ਮਹਲਾ ੫ ॥

**ਕਰਿ ਕਿਰਪਾ ਭੇਟੇ ਗੁਰ ਸੋਈ ॥ ਤਿਤੁ ਬਲਿ ਰੋਗੁ ਨ ਬਿਆਪੈ ਕੋਈ ॥ ੧ ॥**

ਕਿਰਪਾ ਕਰਕੇ ਜਦੋਂ ਓਹ ਇੱਕੁਰ ਦਾ ਪੂਰਾ ਗੁਰੂ ਮਿਲ ਜਾਵੇ ਜਾਂ ਮਿਲ ਗਿਆ ਹੈ ਅਤੇ ਉਸਨੇ ਇੱਕੁਰ ਦੀ ਸ਼ਕਤੀ ਦਿੱਤੀ ਹੈ, ਜਿਸਦੇ ਬਲ ਕਰਕੇ ਹੰਕਾਰ ਆਦਕ ਕੋਈ ਰੋਗ ਨਹੀਂ ਚੰਬੜ ਸਕਦਾ ਹੈ।

**ਰਾਮ ਰਮਣ ਤਰਣ ਭੈ ਸਾਗਰ ॥ ਸਰਣਿ ਸੂਰ ਫਾਰੇ ਜਮ ਕਾਗਰ ॥ ੧ ॥ ਰਹਾਉ ॥**

ਜਿਨ੍ਹਾਂ ਨੇ ਪ੍ਰਮੇਸ਼ਰ ਦਾ ਰਮਣ = ਜਪਣਾ ਕੀਤਾ ਹੈ, ਉਹਨਾਂ ਦਾ ਸੰਸਾਰ ਸਮੁੰਦਰ ਤੋਂ ਤਰਨਾ ਹੋਇਆ ਹੈ। ਜੇਹੜੇ ਸ਼ਰਨ ਆਇਆਂ ਦੀ ਰਖਿਆ ਕਰਨ ਵਾਲੇ ਗੁਰੂ ਸੂਰਮੇ ਹਨ, ਓਹਨਾਂ ਨੇ ਸਾਡੇ ਜਮਾਂ ਦੇ ਕਾਗਜ਼ ਸਾਰੇ ਹੀ ਫਾੜ ਦਿੱਤੇ ਹਨ।

**ਸਤਿਗੁਰ ਮੰਤ੍ਰ ਦੀਓ ਹਰਿਨਾਮ ॥ ਇਹ ਆਸਰ ਪੂਰਨ ਭਏ ਕਾਮ ॥ ੨ ॥**

ਸਤਿਗੁਰਾਂ ਨੇ ਹਰੀ ਨਾਮ ਮੰਤ੍ਰ ਦਿੱਤਾ ਹੈ। ਇਸ ਆਸਰੇ ਕਰਕੇ ਸਾਰੇ ਕੰਮ ਪੂਰੇ ਹੋ ਗਏ ਹਨ।

Digitized by Panjab Digital Library | www.panjabdigilib.org

**ਜਪ ਤਪ ਸੰਜਮ ਪੂਰੀ ਵਡਿਆਈ ॥ ਗੁਰ ਕਿਰ-ਪਾਲ ਹਰਿ ਭਏ ਸਹਾਈ ॥ ੩ ॥**

ਜਪ ਤਪ ਇੰਦ੍ਰੀਆਂ ਦਾ ਜੋੜਨਾ ਜੇਹੜੀ ਸਾਰੀ ਪੂਰੀ ਵਡਿਆਈ ਹੈ ਓਹ ਮਿਲ ਗਈ ਹੈ। ਜਦੋਂ ਗੁਰੂ ਕਿਰਪਾਲੂ ਹੋਏ ਤੇ ਤਾਂ ਪ੍ਰਮੇਸਰ ਵੀ ਸਹਾਇਕ ਹੋਯਾ।

**ਮਾਨ ਮੋਹ ਖੋਏ ਗੁਰਿ ਭਰਮ ॥ ਪੇਖੁ ਨਾਨਕ ਪਸਰੇ ਪਾਰਬ੍ਰਹਮ ॥ ੪ ॥ ੯੧ ॥ ੧੫੦ ॥**

ਮਾਨ ਮੋਹ ਭਰਮ ਇਹ ਜਦੋਂ ਗੁਰਾਂ ਨੇ ਨਾਸ ਕਰ ਦਿਤੇ ਗੁਰੂ ਜੀ-ਤਦੋਂ ਗੁਰਾਂ ਨੇ ਆਖਿਆ ਹੇ ਭਾਈ ਹਰ ਥਾਂ ਮਿਲੇ ਹੋਏ ਪ੍ਰਮੇਸਰ ਨੂੰ ਵੇਖ

## ਗਉੜੀ ਮਹਲਾ ੫ ॥

**ਬਿਖੈ ਰਾਜ ਤੇ ਅੰਧੁਲਾ ਭਾਰੀ ॥ ਦੁਖਿ ਲਾਗੈ ਰਾਮ ਨਾਮੁ ਚਿਤਾਰੀ ॥ ੧ ॥**

ਵਿਸ਼ਿਆਂ ਦੇ ਰਾਜ ਭਾਵ ਜ਼ੋਰ ਕਰਕੇ ਜਾਂ ਚਾਨਣ ਕਰਕੇ ਜੀਵ ਬੜਾ ਅੰਨ੍ਹਾ ਹੋਇਆ ੨ ਹੈ ਜਾਂ ਵਿਸ਼ਿਆਂ ਨੂੰ ਭੋਗਣ ਵਾਲੇ ਰਾਜੇ ਤੋਂ ਅੰਨ੍ਹਾ ਆਦਮੀ ਬੜਾ ਚੰਗਾ ਹੈ। ਕਿਉਂਕਿ ਓਸ ਅੰਨ੍ਹੇ ਨੂੰ ਦੁਖ ਲੱਗਦਾ ਹੈ ਤਾਂ ਪ੍ਰਮੇਸਰ ਦੇ ਨਾਮ ਨੂੰ ਚੇਤੇ ਕਰਦਾ ਹੈ।

**ਤੇਰੇ ਦਾਸ ਕਉ ਤੁਹੀ ਵਡਿਆਈ ॥ ਮਾਇਆ ਮਗਨੁ ਨਰਕਿ ਲੈ ਜਾਈ ॥ ੧ ॥ ਰਹਾਉ ॥**

ਜੇਹੜੇ ਤੇਰੇ ਦਾਸ ਹਨ ਉਹਨਾਂ ਨੂੰ ਤੂੰ ਹੀ ਵਡਿਆਈ ਦੇਂਦਾ ਹੈਂ। ਜੇਹੜੇ ਆਦਮੀ ਮਾਇਆ ਵਿੱਚ ਲੱਗੇ ਹੋਏ ਹਨ, ਉਹਨਾਂ ਨੂੰ ਮਾਇਆ ਨਰਕਾਂ ਵਿਚ ਲੈ ਜਾਂਦੀ ਹੈ।

**ਰੋਗ ਗਿਰਸਤ ਚਿਤਾਰੇ ਨਾਉ ॥ ਬਿਖੁ ਮਾਤੇ ਕਾ ਠਉਰ ਨ ਠਾਉ ॥ ੨ ॥**

ਜਿਸ ਆਦਮੀ ਨੂੰ ਰੋਗ ਨੇ ਫੜਿਆ ਹੋਇਆ ਹੈ ਓਹ ਨਾਮ ਨੂੰ ਯਾਦ ਕਰਦਾ ਹੈ ਓਹ ਚੰਗਾ ਹੈ। ਅਤੇ ਵਿਸ਼ਿਆਂ ਵਿਚ ਮੱਤਿਆਂ ਹੋਇਆਂ ਆਦਮੀਆਂ ਦਾ ਏਥੇ ਓਥੇ ਖੜੋਣ ਨੂੰ ਕੋਈ ਥਾਂ ਨਹੀਂ ਹੈ।

Digitized by Panjab Digital Library | www.panjabdigilib.org

ਚਰਨ ਕਮਲ ਸਿਉ ਲਾਗੀ ਪ੍ਰੀਤਿ ॥ ਆਨ ਸੁਖਾ ਨਹੀ ਆਵਹਿ ਚੀਤਿ ॥ ੩ ॥

ਜਿਨ੍ਹਾਂ ਦੀ ਪ੍ਰੀਤੀ ਤੇਰੇ ਚਰਨਾਂ ਕਮਲਾਂ ਨਾਲ ਲੱਗੀ ਹੈ, ਓਹਨਾਂ ਨੂੰ ਹੋਰ ਸੁਖਾਂ ਦੇ ਅਕੱਠ ਚਿੱਤ ਵਿਚ ਨਹੀਂ ਆਉਂਦੇ ਹਨ।

ਸਦਾ ਸਦਾ ਸਿਮਰਉ ਪ੍ਰਭ ਸੁਆਮੀ ॥ ਮਿਲਿ ਨਾਨਕ ਹਰਿ ਅੰਤਰਜਾਮੀ ॥ ੪ ॥ ੮੨ ॥ ੧੫੧ ॥

ਮੈਂ ਆਪਣੇ ਮਾਲਕ ਨੂੰ ਸਦਾ ੨ ਯਾਦ ਕਰਦਾ ਹਾਂ। ਗੁਰੂ ਜੀ—ਹੇ ਅੰਤਰਜਾਮੀ ਪ੍ਰਮੇਸਰ ਤੂੰ ਮੈਨੂੰ ਮਿਲ।

ਗਉੜੀ ਮਹਲਾ ੫ ॥

ਆਠ ਪਹਿਰ ਸੰਗੀ ਬਟਵਾਰੇ ॥ ਕਰਿ ਕਿਰਪਾ ਪ੍ਰਭਿ ਲਏ ਨਿਵਾਰੇ ॥ ੧ ॥

ਜੇਹੜੇ ਕਾਮ ਆਦਕ ਧਾੜਵੀ ਅੱਠੇ ਪਹਿਰ ਨਾਲ ਰਹਿੰਦੇ ਹਨ,ਮਾਲਕ ਨੇ ਕਿਰਪਾ ਕਰਕੇ ਸਾਥੋਂ ਓਹ ਦੂਰ ਕਰ ਲਏ ਹਨ ਭਾਵ ਦੁੜਾ ਦਿੱਤੇ।

ਐਸਾ ਹਰਿ ਰਸੁ ਰਮਹੁ ਸਭੁ ਕੋਇ ॥ ਸਰਬ ਕਲਾ ਪੂਰਨ ਪ੍ਰਭੁ ਸੋਇ॥ ੧ ॥ ਰਹਾਉ ॥

ਜੇਹੜਾ ਇੱਕੁਰ ਦਾ ਪ੍ਰਮੇਸ਼ਰ ਹੈ ਉਸਨੂੰ ਪ੍ਰੇਮ ਨਾਲ ਹਰ ਕੋਈ ਜਪੋ, ਓਹ ਮਾਲਕ ਸਾਰੀਆਂ ਸ਼ਕਤੀਆਂ ਨਾਲ ਭਰਿਆ ਹੋਇਆ ਹੈ।

ਮਹਾ ਤਪਤਿ ਸਾਗਰ ਸੰਸਾਰ ॥ ਪ੍ਰਭ ਖਿਨ ਮਹਿ ਪਾਰਿ ਉਤਾਰਣਹਾਰ ॥ ੨ ॥

ਜੇਹੜਾ ਸੰਸਾਰ ਸਮੁੰਦਰ ਹੈ ਇਹ ਬੜਾ ਤੱਤਾ ਹੈ। ਉਸ ਵਿੱਚੋਂ ਮੇਰਾ ਮਾਲਕ ਛਿਨ ਵਿੱਚ ਪਾਰ ਉਤਾਰਨ ਵਾਲਾ ਹੈ।

ਅਨਿਕ ਬੰਧਨ ਤੋਰੇ ਨਹੀ ਜਾਹਿ ॥ ਸਿਮਰਤ ਨਾਮ ਮੁਕਤਿ ਫਲ ਪਾਹਿ ॥ ੩ ॥

ਜੇਹੜੇ ਅਨੇਕ ਪ੍ਰਕਾਰ ਦੇ ਬੰਧਨ ਹਨ, ਓਹ ਅਨੇਕਾਂ ਕਰਮਾਂ ਨਾਲ ਤੋੜੇ ਨਹੀਂ ਜਾਂਦੇ ਹਨ। ਨਾਮ ਨੂੰ ਯਾਦ ਕਰਕੇ ਆਦਮੀ ਓਹਨਾਂ ਬੰਧਨਾਂ ਨੂੰ ਤੋੜਕੇ ਮੁਕਤੀ ਫਲ ਨੂੰ ਪਾ ਲੈਂਦਾ ਹੈ।

Digitized by Panjab Digital Library | www.panjabdigilib.org

ਉਕਤਿ ਸਿਆਨਪ ਇਸੁਤੇ ਕਛੂ ਨਾਹਿ ॥ ਕਰਿ ਕਿਰਪਾ ਨਾਨਕ ਗੁਣ ਗਾਹਿ ॥ ੪ ॥ ੯੩ ॥ ੧੫੨ ॥

ਬਾਣੀ ਬੋਲਣ ਦੀ ਚੰਚਲਤਾ ਬੁੱਧੀ ਦੀ ਸਿਆਣਪ ਚਤਰਾਈ। ਦਲੀਲ ਦੇਣੀ ਇਸ ਕਰਕੇ ਇਸ ਆਦਮੀ ਤੋਂ ਕੁਛ ਨਹੀਂ ਹੋ ਸਕਦਾ ਹੈ। ਗੁਰੂ ਜੀ- ਜਦੋਂ ਆਪਹੀ ਪ੍ਰਮੇਸ਼ਰ ਕਿਰਪਾ ਕਰਦਾ ਹੈ ਤਾਂ ਆਦਮੀ ਆਪ ਹੀ ਉਸ ਦੇ ਗੁਣਾਂ ਦੀ ਗਾਹ = ਕਥਾ ਕਰਦਾ ਹੈ ਜਾਂ ਗੁਣ ਗੌਂਦਾ ਹੈ ਜਾਂ ਗੁਣਾਂ ਦਾ ਅਕੱਠ ਹੋ ਜਾਂਦਾ ਹੈ।

## ਗਉੜੀ ਮਹਲਾ ੫ ॥

ਥਾਤੀ ਪਾਈ ਹਰਿਕੋ ਨਾਮ ॥ ਬਿਚਰੁ ਸੰਸਾਰ ਪੂਰਨ ਸਭਿ ਕਾਮ ॥ ੧ ॥

ਜਿਸ ਆਦਮੀ ਨੇ ਪ੍ਰਮੇਸ਼ਰ ਦੇ ਨਾਮ ਰੂਪ ਧਨ ਦੀ ਥੈਲੀ ਲੱਭੀ ਹੈ ਓਹ ਆਦਮੀ ਸੰਸਾਰ ਵਿੱਚ ਖੁਲੇ ਫਿਰਦੇ ਹਨ, ਓਹਨਾਂ ਦੇ ਸਾਰੇ ਕੰਮ ਸੌਰ ਗਏ ਹਨ।

ਵਡਭਾਗੀ ਹਰਿ ਕੀਰਤਨੁ ਗਾਈਐ ॥ ਪਾਰਬ੍ਰਹਮ ਤੂੰ ਦੇਹਿ ਤ ਪਾਈਐ ॥ ੧ ॥ ਰਹਾਉ ॥

ਵੱਡਿਆਂ ਨਾਮਾਂ ਕਰਕੇ ਪ੍ਰਮੇਸ਼ਰ ਦਾ ਕੀਰਤਨ ਗਾਈਦਾ ਹੈ। ਇੱਕੁਰ ਬੇਨਤੀ ਕਰਦਾ ਰਹੇ ਕਿ ਹੇ ਪ੍ਰਮੇਸ਼ਰ ਜਦੋਂ ਤੂੰ ਦੇਂਦਾ ਹੈਂ ਤੇ ਤਾਂ ਤੇਰਾ ਜਸ ਪਾਈਦਾ ਹੈ।

ਹਰਿਕੇ ਚਰਣ ਹਿਰਦੈ ਉਰਿਧਾਰਿ ॥ ਭਵ ਸਾਗਰੁ ਚੜਿਉਤਰਹਿ ਪਾਰਿ ॥ ੨ ॥

ਪ੍ਰਮੇਸ਼ਰ ਦੇ ਚਰਨ ਦਿਲ ਵਿੱਚ ਧਾਰ ਭਾਵ ਯਾਦ ਕਰ। ਪ੍ਰਮੇਸ਼ਰ ਦੇ ਚਰਨ ਰੂਪ ਜਹਾਜ਼ ਉਤੇ ਚੜ੍ਹਕੇ ਸੰਸਾਰ ਸਮੁੰਦਰ ਤੋਂ ਪਾਰ ਹੋਵੇਂਗਾ।

ਸਾਧੂ ਸੰਗੁ ਕਰਹੁ ਸਭੁ ਕੋਇ ॥ ਸਦਾ ਕਲਿਆਣ ਫਿਰਿ ਦੂਖੁ ਨ ਹੋਇ ॥ ੩ ॥

ਹਰ ਕੋਈ ਸਾਧੂਆਂ ਦੀ ਸੰਗਤ ਕਰੋ। ਸੰਗਤ ਕਰਕੇ ਇਕੁਰ ਦੇ ਸੁਖੀ ਹੋਵੋਗੇ, ਫਿਰ ਤੁਹਾਨੂੰ ਜਨਮ ਆਦਕ ਦਾ ਕੋਈ ਦੁਖ ਨਹੀਂ ਹੋਵੇਗਾ।

ਪ੍ਰੇਮ ਭਗਤਿ ਭਜੁ ਗੁਣੀ ਨਿਧਾਨੁ ॥ ਨਾਨਕ

Digitized by Panjab Digital Library | www.panjabdigilib.org

**ਦਰਗਹ ਪਾਈਐ ਮਾਨੁ ॥ ੪ ॥ ੯੪ ॥ ੧੫੩ ॥**

ਪ੍ਰੇਮ ਭਗਤੀ ਕਰਕੇ ਗੁਣਾਂ ਦੇ ਖਜ਼ਾਨੇ ਪ੍ਰਮੇਸ਼ਰ ਨੂੰ ਯਾਦ ਕਰੋ ਗੁਰੂ ਜੀ - ਨਾਮ ਜਪਕੇ ਪ੍ਰਮੇਸਰ ਦੇ ਦਰਬਾਰ ਵਿੱਚ ਆਦਰ ਪਾਈਦਾ ਹੈ।

## ਗਉੜੀ ਮਹਲਾ ੫ ॥

**ਜਲਿਥਲਿ ਮਹੀਅਲਿ ਪੂਰਨ ਹਰਿ ਮੀਤ॥ ਭ੍ਰਮ ਬਿਨਸੇ ਗਾਇ ਗੁਣ ਨੀਤ॥ ੧ ॥**

ਜੇਹੜਾ ਸਾਡਾ ਮਿੱਤ੍ਰ ਇਕ ਪ੍ਰਮੇਸ਼ਰ ਹੈ ਓਹ ਜਲਾਂ ਥਲਾਂ ਧਰਤੀ ਆਕਾਸ ਵਿੱਚ ਹਰ ਥਾਂ ਪੂਰਨ ਹੋਯਾ ੨ ਹੈ। ਅਸੀਂ ਉਸ ਦੇ ਗੁਣ ਸਦਾ ਗੌਂਦੇ ਹਾਂ,ਇਸ ਲਈ ਸਾਡੇ ਭਰਮ ਦੂਰ ਹੋਗਏ ਹਨ।

**ਊਠਤ ਸੋਵਤ ਹਰਿ ਸੰਗਿ ਪਹਰੂਆ ॥ ਜਾਕੈ ਸਿਮਰਣਿ ਜਮ ਨਹੀ ਡਰੂਆ॥ ੧ ॥ ਰਹਾਉ ॥**

ਉਠਦਿਆਂ ਭਾਵ ਜਾਗਦਿਆਂ ਸੌਂਦਿਆਂ ਹਰ ਵੇਲੇ ਪ੍ਰਮੇਸਰ ਸਾਡੇ ਨਾਲ ਸਾਡਾ ਪਹਿਰੇਦਾਰ ਭਾਵ ਰਾਖਾ ਹੈ, ਜਿਸ ਦੇ ਯਾਦ ਕਰਨ ਨਾਲ ਸਾਨੂੰ ਜਮ ਦਾ ਡਰ ਨਹੀਂ ਰਿਹਾ ਹੈ।

**ਚਰਣ ਕਮਲ ਪ੍ਰਭ ਰਿਦੈ ਨਿਵਾਸੁ ॥ ਸਗਲ ਦੂਖ ਕਾ ਹੋਇਆ ਨਾਸੁ ॥ ੨ ॥**

ਮਾਲਕ ਦੇ ਚਰਨਾਂ ਕਮਲਾਂ ਦਾ ਸਾਡੇ ਦਿਲ ਵਿੱਚ ਵਾਸਾ ਹੈ, ਇਸ ਲਈ ਸਾਰਿਆਂ ਦੁਖਾਂ ਦਾ ਨਾਸ ਹੋਗਿਆ ਹੈ।

**ਆਸਾ ਮਾਣੁ ਤਾਣੁ ਧਨੁ ਏਕ ॥ ਸਾਚੇ ਸਾਹ ਕੀ ਮਨ ਮਹਿ ਟੇਕ ॥ ੩ ॥**

ਸਾਨੂੰ ਇਕ ਪ੍ਰਮੇਸ਼ਰ ਦੀ ਹੀ ਆਸਾ ਹੈ ਅਤੇ ਓਹੋ ਹੀ ਇਕ ਮਾਣ ਤਾਣੁ = ਜ਼ੋਰ ਤੇ ਧਨ ਹੈ, ਓਸੇ ਸੱਚੇ ਪਾਤਸ਼ਾਹ ਦੀ ਮਨ ਵਿੱਚ ਓਟ ਹੈ।

**ਮਹਾ ਗਰੀਬ ਜਨ ਸਾਧ ਅਨਾਥ ॥ ਨਾਨਕ ਪ੍ਰਭਿ ਰਾਖੇ ਦੇ ਹਾਥ ॥ ੪ ॥ ੯੫ ੧੫੪ ॥**

ਜੇਹੜੇ ਵੱਡੇ ਗਰੀਬ ਦਾਸ ਸਾਧੂ ਯਤੀਮ ਸਨ, ਭਾਵ ਜੇਹੜੇ ਆਦਮੀ ਬਹੁਤ ਗਰੀਬ ਤੋਂ ਗਰੀਬ ਸਨ। ਗੁਰੂ ਜੀ–ਓਹ ਪ੍ਰਮੇਸ਼ਰ ਇੱਕੁਰ ਦਾ ਹੈ ਕਿ ਉਸਨੇ ਇੱਕੂਰ ਦੇ ਗਰੀਬਾਂ ਯਤੀਮਾਂ ਨੂੰ ਹੱਥ ਦੇਕੇ ਰੱਖ ਲਿਆ ਹੈ।

Digitized by Panjab Digital Library | www.panjabdigilib.org

## ਗਉੜੀ ਮਹਲਾ ੫ ॥

**ਹਰਿ ਹਰਿ ਨਾਮਿ ਮਜਨੁ ਕਰਿ ਸੂਚੇ ॥ ਕੋਟਿ ਗ੍ਰਹਣ ਪੁੰਨ ਫਲ ਮੂਚੇ ॥ ੧ ॥ ਰਹਾਉ ॥**

ਮੂਚੇ = ਬਹੁਤ ਵੱਡੇ ਫਲ।

ਜੇਹੜਾ ਪ੍ਰਮੇਸ਼ਰ ਦਾ ਨਾਮ ਸਾਰਿਆਂ ਪਾਪਾਂ ਦੇ ਹਰਨ ਵਾਲਾ ਹੈ। ਉਸਦਾ ਜਾਪ ਰੂਪ ਇਸ਼ਨਾਨ ਕਰਕੇ ਪਵਿੱਤ੍ਰ ਹੋਏ ਹਾਂ, ਜੇਹੜਾ ਕਰੋੜਾਂ ਹੀ ਸੂਰਜ ਗ੍ਰਹਿਣ ਆਦਿਕ ਪੁੰਨਾਂ ਦਾ ਫਲ ਹੈ, ਪ੍ਰਮੇਸ਼ਰ ਦਾ ਨਾਮ ਜਪਣਾ ਓਹਨਾਂ ਸਾਰਿਆਂ ਪੁੰਨਾਂ ਨਾਲੋਂ ਬਹੁਤਾ ਵੱਡਾ ਫਲ ਦੇਣ ਵਾਲਾ ਹੈ।

**ਹਰਿ ਕੇ ਚਰਣ ਰਿਦੇ ਮਹਿ ਬਸੇ ॥ ਜਨਮ ਜਨਮ ਕੇ ਕਿਲ ਵਿਖ ਨਸੇ ॥ ੧ ॥**

ਹਰੀ ਦੇ ਚਰਨ ਦਿਲ ਵਿੱਚ ਵੱਸੇ ਹਨ, ਇਸ ਕਰਕੇ ਜਨਮਾਂ ੨ ਦੇ ਪਾਪ ਨੱਸ ਗਏ ਹਨ।

**ਸਾਧ ਸੰਗਿ ਕੀਰਤਨ ਫਲੁ ਪਾਇਆ ॥ ਜਮ ਕਾ ਮਾਰਗੁ ਦ੍ਰਿਸਟਿ ਨ ਆਇਆ ॥ ੨ ॥**

ਸਾਧ ਸੰਗ ਵਿੱਚ ਜਾਕੇ ਪ੍ਰਮੇਸ਼ਰ ਦਾ ਜਸ ਕਰਕੇ ਉੱਤਮ ਫਲ ਸੁਖ ਪਾਇਆ ਹੈ, ਹੋਰ ਕੀ ਫਲ ਪਾਇਆ ਹੈ, ਕਿ ਸਾਨੂੰ ਜਮ ਦਾ ਰਸਤਾ ਨਜ਼ਰ ਵਿੱਚ ਵੀ ਨਹੀਂ ਆਇਆ ਹੈ।

**ਮਨ ਬਚ ਕ੍ਰਮ ਗੋਵਿੰਦ ਅਧਾਰੁ ॥ ਤਾਤੇ ਛੁਟਿਓ ਬਿਖੁ ਸੰਸਾਰੁ ॥ ੩ ॥**

ਮਨ ਬਾਣੀ ਸਰੀਰ ਕਰਕੇ ਪ੍ਰਮੇਸ਼ਰ ਦੇ ਨਾਮ ਦਾ ਆਸਰਾ ਲਿਆ ਹੈ। ਇਸ ਲਈ ਵਿਹੁ ਰੂਪ ਸੰਸਾਰ ਛੁੱਟ ਗਿਆ ਹੈ।

**ਕਰਿ ਕਿਰਪਾ ਪ੍ਰਭਿ ਕੀਨੋ ਅਪਨਾ ॥ ਨਾਨਕ ਜਾਪੁ ਜਪੇ ਹਰਿ ਜਪਨਾ ॥ ੪ ॥ ੯੬ ॥ ੧੫੫ ॥**

ਮਾਲਕ ਨੇ ਆਪਣੀ ਕਿਰਪਾ ਕਰਕੇ ਮੈਨੂੰ ਆਪਣਾ ਦਾਸ ਬਣਾ ਲਿਆ ਹੈ। ਗੁਰੂ ਜੀ-ਇਸ ਲਈ ਮੈਂ ਜੇਹੜਾ ਹਰੀ ਦਾ ਜਪ ਜਪਣ ਦੇ ਜੋਗ ਹੈ, ਉਸਨੂੰ ਮੈਂ ਜਪਣਾ ਕੀਤਾ ਹੈ।

Digitized by Panjab Digital Library | www.panjabdigilib.org

ਗਉੜੀ ਮਹਲ ੫ ॥

ਪਉ ਸਰਣਾਈ ਜਿਨਿ ਹਰਿ ਜਾਤੇ ॥ ਮਨੁ ਤਨੁ ਸੀਤਲੁ ਚਰਣ ਹਰਿ ਰਾਤੇ ॥ ੧ ॥

ਹੇ ਭਰਾ ਜਿਨ੍ਹਾਂ ਆਦਮੀਆਂ ਨੇ ਪ੍ਰਮੇਸ਼ਰ ਨੂੰ ਜਾਣਿਆ ਹੈ, ਓਹਨਾਂ ਦੀ ਸ਼ਰਨੀ ਪੈ ਜਾਹ। ਜੇਹੜੇ ਪ੍ਰਮੇਸ਼ਰ ਦੇ ਚਰਨਾਂ ਵਿੱਚ ਰੱਤੇ ਹਨ, ਓਹਨਾਂ ਦਾ ਤਨ ਮਨ ਸੀਤਲ ਹੋਇਆ ਹੈ।

ਭੈ ਭੰਜਨ ਪ੍ਰਭ ਮਨਿ ਨ ਬਸਾਹੀ ॥ ਡਰਪਤ ਡਰਪਤ ਜਨਮ ਬਹੁਤੁ ਜਾਹੀ ॥ ੧ ॥ ਰਹਾਉ ॥

ਜੇਹੜੇ ਆਦਮੀ ਡਰ ਦੇ ਨਾਸ ਕਰਨ ਵਾਲੇ ਪ੍ਰਮੇਸ਼ਰ ਨੂੰ ਮਨ ਵਿੱਚ ਨਹੀਂ ਵਸਾਉਂਦੇ ਹਨ। ਓਹਨਾਂ ਨੂੰ ਡਰਦਿਆਂ ੨ ਹੀ ਅਨੇਕਾਂ ਜਨਮ ਬੀਤ ਜਾਂਦੇ ਹਨ, ਭਾਵ ਚੁਰਾਸੀ ਵਿੱਚ ਭੌਂਦੇ ਫਿਰਦੇ ਹਨ।

ਜਾਕੈ ਰਿਦੈ ਬਸਿਓ ਹਰਿ ਨਾਮ ॥ ਸਗਲ ਮਨੋਰਥ ਤਾਕੇ ਪੂਰਨ ਕਾਮ ॥ ੨ ॥

ਜਿਸਦੇ ਦਿਲ ਵਿੱਚ ਪ੍ਰਮੇਸ਼ਰ ਦਾ ਨਾਮ ਵੱਸਿਆ ਹੈ, ਓਹਨਾਂ ਦੇ ਸਾਰੇ ਮਤਲਬ ਤੇ ਕੰਮ ਪੂਰੇ ਹੋ ਗਏ ਹਨ।

ਜਨਮੁ ਜਰਾ ਮਿਰਤੁ ਜਿਸੁ ਵਾਸਿ ॥ ਸੋ ਸਮਰਥੁ ਸਿਮਰਿ ਸਾਸਿ ਗਿਰਾਸਿ ॥ ੩ ॥

ਜਨਮ, ਬੁਢੇਪਾ, ਮੌਤ ਜਿਸ ਪ੍ਰਮੇਸ਼ਰ ਦੇ ਵੱਸ ਹਨ, ਉਸ ਵਾਹਿਗੁਰੂ ਦਾ ਨਾਮ ਸਾਸ ਗਿਰਾਸ ਯਾਦ ਕਰ।

ਮੀਤੁ ਸਾਜਨੁ ਸਖਾ ਪ੍ਰਭੁ ਏਕ ॥ ਨਾਮੁ ਸੁਆਮੀ ਕਾ ਨਾਨਕ ਟੇਕ ॥ ੪ ॥ ੯੭ ॥ ੧੫੬ ॥

ਮਨ ਬਾਣੀ ਸਰੀਰ ਦਾ ਮਿੱਤ੍ਰ ਸੱਜਨ ਪਿਆਰਾ ਸਖਾ ਸਭ ਕੁਛ ਇੱਕ ਹੀ ਪ੍ਰਮੇਸ਼ਰ ਹੈ। ਗੁਰੂ ਜੀ–ਉਸ ਉੱਕਰ ਦੇ ਮਾਲਕਦਾ ਇੱਕ ਨਾਮ ਹੀ ਟੇਕ ਹੈ।

ਗਉੜੀ ਮਹਲਾ ੫ ॥

ਬਾਹਰਿ ਰਾਖਿਓ ਰਿਦੈ ਸਮਾਲਿ ॥ ਘਰਿ ਆਏ ਗੋਵਿੰਦੁ ਲੈ ਨਾਲਿ ॥ ੧ ॥

Digitized by Panjab Digital Library | www.panjabdigilib.org

ਭਗਤ ਜਦੋਂ ਘਰ ਤੋਂ ਬਾਹਰ ਜਾਂਦੇ ਹਨ, ਤਦੋਂ ਵੀ ਪ੍ਰਮੇਸ਼ਰ ਨੂੰ ਦਿਲ ਵਿੱਚ ਸੰਭਾਲ ਰੱਖਦੇ ਹਨ, ਜਦੋਂ ਘਰ ਆਉਂਦੇ ਹਨ, ਤਦੋਂ ਵੀ ਪ੍ਰਮੇਸ਼ਰ ਨੂੰ ਨਾਲ ਹੀ ਲੈ ਆਉਂਦੇ ਹਨ।

**ਹਰਿ ਹਰਿ ਨਾਮੁ ਸੰਤਨ ਕੈ ਸੰਗਿ ॥ ਮਨੁ ਤਨੁ ਰਾਤਾ ਰਾਮ ਕੈ ਰੰਗਿ ॥ ੧ ॥ ਰਹਾਉ ॥**

ਹਰਿ ਹਰਿ ਨਾਮ ਸੰਤਾਂ ਦੇ ਸਦਾ ਹੀ ਨਾਲ ਰਹਿੰਦਾ ਹੈ, ਸੰਤਾਂ ਦਾ ਮਨ ਤਨ ਪ੍ਰਮੇਸ਼ਰ ਦੇ ਪ੍ਰੇਮ ਵਿੱਚ ਰੱਤਾ ਹੈ।

**ਗੁਰ ਪਰਸਾਦੀ ਸਾਗਰੁ ਤਰਿਆ ॥ ਜਨਮ ਜਨਮ ਕੇ ਕਿਲ ਵਿਖ ਸਭਿ ਹਿਰਿਆ ॥ ੨ ॥**

ਸੰਤਾਂ ਨੇ ਗੁਰਾਂ ਦੀ ਕਿਰਪਾ ਨਾਲ ਸੰਸਾਰ ਸਮੁੰਦਰ ਨੂੰ ਤਰਿਆ ਹੈ। ਸੰਤਾਂ ਨੇ ਜਨਮਾਂ ੨ ਦੇ ਸਾਰਿਆਂ ਪਾਪਾਂ ਨੂੰ ਨਾਸ ਕਰ ਲਿਆ ਹੈ।

**ਸੋਭਾ ਸੁਰਤਿ ਨਾਮਿ ਭਗਵੰਤੁ ॥ ਪੂਰੇ ਗੁਰ ਕਾ ਨਿਰਮਲ ਮੰਤੁ ॥ ੩ ॥**

ਜਦੋਂ ਪੂਰਿਆਂ ਗੁਰਾਂ ਦਾ ਨਿਰਮਲ ਮੰਤ੍ਰ ਧਾਰਨ ਕੀਤਾ ਹੈ, ਤਦ ਤੋਂ ਸੋਭਾ – ਉਸਤਤੀ ਸੁਰਤਿ = ਗਿਆਤ ਇੱਕ ਪ੍ਰਮੇਸ਼ਰ ਦੇ ਨਾਮ ਦੀ ਹੀ ਕਰਦੇ ਹਨ।

**ਚਰਨ ਕਮਲ ਹਿਰਦੇ ਮਹਿ ਜਾਪੁ ॥ ਨਾਨਕੁ ਪੇਖਿ ਜੀਵੈ ਪਰਤਾਪੁ ॥ ੪ ॥ ੮੯ ॥ ੧੫੮ ॥**

ਜੇਹੜੇ ਪ੍ਰਮੇਸਰ ਦੇ ਚਰਨਾਂ ਕਮਲਾਂ ਦਾ ਦਿਲ ਵਿਚ ਧਿਆਨ ਧਰਦੇ ਹਨ। ਗੁਰੂ ਜੀ–ਮੈਂ ਓਹਨਾਂ ਦੇ ਇੱਕੁਰ ਦੇ ਸੰਤਾਂ ਦੇ ਪ੍ਰਤਾਪ ਨੂੰ ਵੇਖਕੇ ਜੀਊਂਦਾ ਹਾਂ।

## ਗਉੜੀ ਮਹਲਾ ੫ ॥

**ਧੰਨੁ ਇਹੁ ਥਾਨੁ ਗੋਵਿੰਦ ਗੁਣ ਗਾਏ ॥ ਕੁਸਲ ਖੇਮ ਪ੍ਰਭਿ ਆਪਿ ਬਸਾਏ ॥ ੧ ॥ ਰਹਾਉ ॥**

ਇਹ ਸਤਸੰਗ ਥਾਂ ਧੰਨ ਹੈ, ਜਿਸਦੇ ਵਿਚ ਗੋਬਿੰਦ ਦੇ ਗੁਣ ਗਾਏ ਜਾਂਦੇ ਹਨ। ਜਿਥੇ ਕੁਸਲ = ਸੁਖ ਤੇ ਖੇਮ = ਕਲਿਆਣਾ ਜਾਂ ਰੱਖਿਆ ਦੇ ਸਹਿਤ ਮਾਲਕ ਨੇ ਸੰਤ ਵਸਾਏ ਹਨ ਜਾਂ ਸਤਿਸੰਗ ਹੀ ਸੁਖਾਂ ਦਾ ਥਾਂ ਵੱਸਦਾ ਹੈ।

Digitized by Panjab Digital Library | www.panjabdigilib.org

**ਬਿਪਤਿ ਤਹਾ ਜਹਾ ਹਰਿ ਸਿਮਰਨੁ ਨਾਹੀ ॥ ਕੋਟਿ ਅਨੰਦ ਜਹ ਹਰਿ ਗੁਨ ਗਾਹੀ ॥ ੧ ॥**

ਜਿਥੇ ਪ੍ਰਮੇਸਰ ਦਾ ਸਿਮਰਨ ਨਹੀਂ ਹੁੰਦਾ,ਓਥੇਹੀ ਬਿਪਤਾ ਵੱਸਦੀ ਹੈ। ਜਿਥੇ ਪ੍ਰਮੇਸਰ ਦੇ ਗੁਣ ਗਾਏ ਜਾਂਦੇ ਹਨ ਓਥੇ ਕ੍ਰੋੜਾਂ ਅਨੰਦ ਹੁੰਦੇ ਹਨ।

**ਹਰਿ ਬਿਸਰਿਐ ਦੁਖ ਰੋਗ ਘਨੇਰੇ ॥ ਪ੍ਰਭ ਸੇਵਾ ਜਮੁ ਲਗੈ ਨ ਨੇਰੈ ॥ ੨ ॥**

ਪ੍ਰਮੇਸਰ ਦੇ ਵਿਸਰਨ ਕਰਕੇ ਦੁਖ ਤੇ ਰੋਗ ਬਹੁਤੇ ਆ ਚੰਬੜਦੇ ਹਨ। ਮਾਲਕ ਦੀ ਸੇਵਾ = ਭਗਤੀ ਕਰਨ ਨਾਲ ਜਮ ਨੇੜੇ ਨਹੀਂ ਆਉਂਦਾਹੈ।

**ਸੋ ਵਡਭਾਗੀ ਨਿਹਚਲ ਥਾਨੁ ॥ ਜਹ ਜਪੀਐ ਪ੍ਰਭ ਕੇਵਲ ਨਾਮੁ ॥ ੩ ॥**

ਓਹ ਵੱਡਿਆਂ ਭਾਗਾਂ ਵਾਲਾ ਨਿਹਚਲ ਥਾਂ ਹੈ। ਜਿਥੇ ਕੇਵਲ ਮਾਲਕ ਦਾ ਨਾਮ ਜਪਿਆ ਜਾਂਦਾ ਹੈ।

**ਜਹ ਜਾਈਐ ਤਹ ਨਾਲਿ ਮੇਰਾ ਸੁਆਮੀ ॥ ਨਾਨਕ ਕਉ ਮਿਲਿਆ ਅੰਤਰਜਾਮੀ ॥ ੪॥੯੯॥ ੧੫੮ ॥**

ਮੈਂ ਜਿੱਥੇ ਜਾਂਦਾ ਹਾਂ ਓਥੇ ਹੀ ਮੇਰਾ ਮਾਲਕ ਮੇਰੇ ਨਾਲ ਹੁੰਦਾ ਹੈ। ਹਰ ਵੇਲੇ ਮੇਰੀ ਰਾਖੀ ਕਰਦਾ ਹੈ। ਮੈਨੂੰ ਵੀ ਕਦੀ ਨਹੀਂ ਭੁੱਲਦਾ ਹੈ। ਗੁਰੂਜੀ–ਓਹ ਅੰਤਰਜਾਮੀ ਮੈਨੂੰ ਸਤਿਸੰਗ ਦੀ ਕਿਰਪਾ ਨਾਲ ਮਿਲਿਆ ਹੈ।

## ਗਉੜੀ ਮਹਲਾ ੫ ॥

**ਜੋ ਪ੍ਰਾਣੀ ਗੋਵਿੰਦੁ ਧਿਆਵੈ ॥ ਪੜਿਆ ਅਣ ਪੜਿਆ ਪਰਮ ਗਤਿ ਪਾਵੈ ॥ ੧ ॥**

ਜੇਹੜਾ ਆਦਮੀ ਪ੍ਰਮੇਸਰ ਨੂੰ ਧਿਆਉਂਦਾ ਹੈ। ਓਹ ਭਾਵੇਂ ਪੜ੍ਹਿਆ ਹੋਇਆ ਹੋਵੇ ਭਾਵੇਂ ਨ ਪੜ੍ਹਿਆ ਹੋਇਆ ਹੋਵੇ, ਜ਼ਰੂਰ ਹੀ ਮੁਕਤੀ ਨੂੰ ਪਾ ਲੈਂਦਾ ਹੈ।

**ਸਾਧੂ ਸੰਗਿ ਸਿਮਰਿ ਗੋਪਾਲ ॥ ਬਿਨੁ ਨਾਵੈ ਝੂਠਾ ਧਨੁ ਮਾਲੁ ॥ ੧ ॥ ਰਹਾਉ ॥**

ਸੰਤਾਂ ਦੇ ਸੰਗ ਕਰਕੇ ਗੁਪਾਲ ਦਾ ਸਿਮਰਨ ਕਰ। ਨਾਮ ਤੋਂ ਬਿਨਾ ਰੋਕ ਧਨ ਤੇ ਹਾਥੀ ਘੋੜੇ ਆਦਕ ਮਾਲ ਸਾਰਾ ਝੂਠਾ ਹੈ।

Digitized by Panjab Digital Library | www.panjabdigilib.org

ਰੂਪਵੰਤੁ ਸੋ ਚਤੁਰੁ ਸਿਆਣਾ ॥ ਜਿਨਿ ਜਨਿ ਮਾਨਿਆ ਪ੍ਰਭ ਕਾ ਭਾਣਾ ॥ ੨ ॥

ਜਿਸ ਆਦਮੀ ਨੇ ਪ੍ਰਮੇਸਰ ਦਾ ਹੁਕਮ ਮੰਨਿਆਂ ਹੈ। ਓਹੋ ਹੀ ਸੁੰਦਰ ਰੂਪ ਵਾਲਾ ਤੇ ਓਹੋ ਹੀ ਬੜਿਆਂ ਸਿਆਣਿਆਂ ਤੋਂ ਸਿਆਣਾ ਹੈ।

ਜਗੁ ਮਹਿ ਆਇਆ ਸੋ ਪਰਵਾਣੁ ॥ ਘਟਿ ਘਟਿ ਅਪਨਾ ਸੁਆਮੀ ਜਾਣੁ ॥ ੩ ॥

ਜਿਸਨੇ ਹਰ ਇਕ ਦਿਲ ਵਿਚ ਅਪਣੇ ਮਾਲਕ ਨੂੰ ਜਾਣਿਆ ਹੈ। ਜਗਤ ਵਿਚ ਆਇਆ ਹੋਇਆ ਭਾਵ ਜੰਮਿਆ ਓਹੋ ਹੀ ਪਰਵਾਣ ਹੈ ਭਾਵ ਓਸੇ ਦਾ ਜੰਮਣਾ ਲੇਖੇ ਲੱਗਾ ਹੈ ਜਾਂ ਸਫਲ ਹੈ।

ਕਹੁ ਨਾਨਕ ਜਾਕੇ ਪੂਰਨ ਭਾਗ ॥ ਹਰਿ ਚਰਣੀ ਤਾਕਾ ਮਨੁ ਲਾਗ ॥ ੪ ॥ ੯੦ ॥ ੧੫੯ ॥

ਗੁਰੂ ਜੀ-ਜਿਸ ਆਦਮੀ ਦੇ ਪੂਰਨ ਭਾਗ ਹਨ। ਪ੍ਰਮੇਸਰ ਦੇ ਚਰਨਾਂ ਵਿਚ ਉਸਦਾ ਮਨ ਲੱਗਾ ਹੈ।

## ਗਉੜੀ ਮਹਲਾ ੫ ॥

ਹਰਿ ਕੇ ਦਾਸ ਸਿਉ ਸਾਕਤ ਨਹੀ ਸੰਗੁ ॥ ਓਹ ਬਿਖਈ ਓਸੁ ਰਾਮ ਕੋ ਰੰਗੁ ॥ ੧ ॥ ਰਹਾਉ ॥

ਪ੍ਰਮੇਸਰ ਦੇ ਦਾਸਾਂ ਨਾਲ ਸਾਕਤਾਂ ਦਾ ਮੇਲ ਨਹੀਂ ਹੁੰਦਾ, ਓਹ ਵਿਸ਼ਈ ਹੁੰਦਾ ਹੈ, ਉਸਨੂੰ ਪ੍ਰਮੇਸਰ ਦਾ ਪ੍ਰੇਮ ਹੁੰਦਾ ਹੈ।

ਮਨ ਅਸਵਾਰ ਜੈਸੇ ਤੁਰੀ ਸੀਗਾਰੀ ॥ ਜਿਉਕਾ ਪੁਰਖੁ ਪੁਚਾਰੈ ਨਾਰੀ ॥ ੧ ॥

ਜਿਸਤਰਾਂ ਮਨ ਨ ਘੋੜੀ ਸਿੰਗਾਰ ਹੋਈ ਉਤੇ ਨਹੀਂ ਅਸਵਾਰ ਹੋ ਸੱਕਦਾ ਹੈ, ਜਿਸਤਰਾਂ ਘੋੜੀ ਸਿੰਗਾਰ ਹੋਈ ਉਤੇ ਮਨ ਕਿਸਤਰਾਂ ਸਵਾਰ ਹੋ ਸੱਕਦਾ ਹੈ ਭਾਵ ਨਹੀਂ ਜਿਸਤਰਾਂ ਜੇਹੜਾ ਆਦਮੀ ਨਹੀਂ ਹੈ ਭਾਵ ਖੁਸਰਾ ਹੈ ਓਹ ਇਸਤ੍ਰੀ ਨੂੰ ਕੀ ਪਰਚਾ ਸੱਕਦਾ ਹੈ ਭਾਵ ਅਨੰਦ ਸੁਖ ਦੇਕੇ ਦਿਲਾਸਾ ਦੇ ਸੱਕਦਾ ਹੈ ਕਿ ਮੈ ਤੈਨੂੰ ਸੁਖ ਦਿਆਂਗਾ।

ਬੈਲ ਕਉ ਨੇਤਰਾ ਪਾਇ ਦੁਹਾਵੈ ॥ ਗਊ ਚਰਿ ਸਿੰਘ ਪਾਛੈ ਪਾਵੈ ॥ ੨ ॥

Digitized by Panjab Digital Library | www.panjabdigilib.org

ਜਿਸਤਰਾਂ ਕੋਈ ਬੋਲਦ ਨੂੰ ਨਿਆਣਾ ਪਾਕੇ ਚੁਆਉਣ ਲੱਗੇ, ਉਸ ਨੂੰ ਦੁੱਧ, ਦਹੀ ਨਹੀਂ ਮਿਲ ਸੱਕਦਾ ਹੈ। ਜਿਸ ਤਰ੍ਹਾਂ ਕੋਈ ਗਊ ਉਤੇ ਚੜ੍ਹਕੇ ਸ਼ੇਰ ਦੇ ਪਿੱਛੇ ਪਾਵੇ, ਭਾਵ ਮਗਰ ਦੁੜਾਵੇ,ਉਸਦਾ ਸ਼ੇਰ ਦੇ ਨਾਲ ਸੰਗ ਨਹੀਂ ਹੋ ਸੱਕਦਾ ਹੈ, ਸਗੋਂ ਗਾਂ ਡਰਦੀ ਹੈ

**ਗਾਡਰ ਲੇ ਕਾਮ ਧੇਨੁ ਕਰਿ ਪੂਜੀ ॥ ਸਉਦੇ ਕਉ ਧਾਵੈ ਬਿਨੁ ਪੂੰਜੀ ॥ ੩ ॥**

ਗਾਡਰ = ਭੇਡ ਜਿਸ ਤਰ੍ਹਾਂ ਮਨ ਦੀਆਂ ਲੋੜਾਂ ਪੂਰੀਆਂ ਕਰਨ ਵਾਲੀ ਗਾਂ ਜੇਹੜੀ ਦੇਵਤਿਆਂ ਪਾਸ ਸੁਰਗ ਵਿੱਚ ਹੈ। ਉਸਦੀ ਥਾਂ ਭੇਡ ਨੂੰ ਪੂਜਿਆ, ਭਾਵ ਭੇਡ ਨੂੰ ਗਾਂ ਜਾਣਕੇ ਪੂਜਿਆ। ਜਿਸ ਤਰ੍ਹਾਂ ਕੋਈ ਸੌਦਾ ਲੈਣ ਵਾਸਤੇ ਰਾਸ ਪੂੰਜੀ = ਰੁਪੱਯਾਂ ਤੋਂ ਬਿਨਾ ਹੀ ਦੌੜਦਾ ਹੈ, ਉਸਨੂੰ ਸੌਦਾ ਨਹੀਂ ਮਿਲ ਸੱਕਦਾ ਹੈ, ਇੱਕੁਰ ਹੀ ਸੰਤਾਂ ਤੇ ਸਾਕਤਾਂ ਦਾ ਸੰਗ ਨਹੀਂ ਹੋ ਸੱਕਦਾ ਹੈ।

**ਨਾਨਕ ਰਾਮ ਨਾਮੁ ਜਪਿ ਚੀਤ ॥ ਸਿਮਰਿ ਸੁਆਮੀ ਹਰਿ ਸਾਮੀਤ ॥ ੪ ॥ ੯੧ ॥ ੧੬੦ ॥**

ਗੁਰੂ ਜੀ–ਇੱਕੁਰ ਹੀ ਸਾਕਤਾਂ ਦਾ ਸੰਗ ਛੱਡਕੇ ਸੰਤਾਂ ਦਾ ਸੰਗ ਕਰ, ਚਿੱਤ ਨਾਲ ਪ੍ਰਮੇਸ਼ਰ ਦੇ ਨਾਮ ਦਾ ਸਿਮਰਨ ਅਤੇ ਬਾਨੀ ਕਰਕੇ ਮਾਲਕ ਦਾ ਜਾਪ ਕਰ, ਕਿਉਂਕਿ ਓਹ ਪ੍ਰਮੇਸ਼ਰ ਹੀ ਮਿੱਤ੍ਰ ਹੈ।

## ਗਉੜੀ ਮਹਲਾ ੫ ॥

**ਸਾਮਤਿ ਨਿਰਮਲ ਕਹੀ ਅਤ ਧੀਰ ॥ ਰਾਮ ਰਸਾ-ਇਣ ਪੀਵਤ ਬੀਰ ॥ ੧ ॥**

ਓਹ ਅਕਲ ਨਿਰਮਲ ਧੀਰਜ ਵਾਲੀ ਆਖੀ ਦੀ ਹੈ, ਜੇਹੜਾ ਪ੍ਰਮੇਸ਼ਰ ਦਾ ਨਾਮ ਰਸਾਂ ਦਾ ਘਰ ਹੈ, ਜੇਹੜੀ ਉਸਨੂੰ ਪੀਂਦੀ ਹੈ, ਬੀਰ = ਹੇ ਭ੍ਰਰਾ।

**ਹਰਿ ਕੇ ਚਰਣ ਹਿਰਦੈ ਕਰਿ ਓਟ ॥ ਜਨਮ ਮਰਨ ਤੇ ਹੋਵਤ ਛੋਟ ॥ ੧ ॥ ਰਹਾਉ ॥**

ਪ੍ਰਮੇਸ਼ਰ ਦੇ ਚਰਨਾਂਦਾ ਦਿਲ ਵਿੱਚ ਆਸਰਾ ਕਰ, ਤੇਰਾ ਜਨਮ ਮਰਨ ਤੋਂ ਛੁਟਕਾਰਾ ਹੋਵੇਗਾ।

**ਸੋ ਤਨੁ ਨਿਰਮਲੁ ਜਿਤੁ ਉਪਜੈ ਨ ਪਾਪੁ ॥ ਰਾਮ ਰੰਗਿ ਨਿਰਮਲ ਪਰਤਾਪੁ ॥ ੨ ॥**

Digitized by Panjab Digital Library | www.panjabdigilib.org

ਓਹ ਸਰੀਰ ਨਿਰਮਲ ਹੈ, ਜਿਸ ਵਿੱਚ ਪਾਪ ਨਹੀਂ ਪੈਦਾ ਹੁੰਦਾ ਹੈ, ਪ੍ਰਮੇਸ਼ਰ ਵਿੱਚ ਪ੍ਰੇਮ ਕਰਨ ਨਾਲ ਸੁਧ ਪ੍ਰਤਾਪ ਹੁੰਦਾ ਹੈ।

**ਸਾਧ ਸੰਗਿ ਮਿਟਿ ਜਾਤ ਬਿਕਾਰ ॥ ਸਭ ਤੇ ਊਚ ਏਹੋ ਉਪਕਾਰੁ ॥ ੩ ॥**

ਸਾਧ ਸੰਗ ਕਰਕੇ ਵਿਕਾਰ ਮਿਟ ਜਾਂਦੇ ਹਨ, ਆਪਣੇ ਉਤੇ ਸਾਰਿਆਂ ਤੋਂ ਵੱਡਾ ਉੱਚਾ ਏਹੋ ਹੀ ਉਪਕਾਰ ਹੈ, ਜੋ ਵਿਕਾਰਾਂ ਨੂੰ ਛੱਡਣਾ।

**ਪ੍ਰੇਮ ਭਗਤਿ ਰਾਤੇ ਗੋਪਾਲ ॥ ਨਾਨਕੁ ਜਾਚੈ ਸਾਧ ਰਵਾਲ ॥ ੪ ॥ ੯੨ ॥ ੧੬੧ ॥**

ਜੇਹੜੇ ਸੰਤ ਗੁਪਾਲ ਦੀ ਪ੍ਰੇਮਾ ਭਗਤੀ ਵਿੱਚ ਰੱਤੇ ਹਨ। ਗੁਰੂਜੀ–ਮੈਂ ਓਹਨਾਂ ਸੰਤਾਂ ਦੀ ਚਰਨ ਧੂੜ ਮੰਗਦਾ ਹਾਂ।

**ਗਉੜੀ ਮਹਲਾ ੫ ॥**

**ਐਸੀ ਪ੍ਰੀਤਿ ਗੋਵਿੰਦ ਸਿਉ ਲਾਗੀ ॥ ਮੇਲਿ ਲਏ ਪੂਰਨ ਵਡਭਾਗੀ ॥ ੧ ॥ ਰਹਾਉ ॥**

ਜਿਨ੍ਹਾਂ ਭਗਤਾਂ ਦੀ ਇੱਕੁਰ ਦੀ ਪ੍ਰੀਤੀ ਪ੍ਰਮੇਸ਼ਰ ਦੇ ਨਾਲ ਲੱਗੀ ਹੈ, ਜਿਸ ਤਰ੍ਹਾਂ ਦੀ ਅੱਗੇ ਦੱਸੀ ਹੈ। ਓਹ ਵੱਡਿਆਂ ਭਾਗਾਂ ਵਾਲੇ ਪ੍ਰਮੇਸ਼ਰ ਨੇ ਆਪਣੇ ਨਾਲ ਮੇਲ ਲਏ ਹਨ। ਪੂਰਨ ਸ਼ਬਦ ਪ੍ਰਮੇਸ਼ਰ ਬੋਧਕ ਹੈ।

**ਭਰਤਾ ਪੇਖਿ ਬਿਗਸੈ ਜਿਉ ਨਾਰੀ ॥ ਤਿਉ ਹਰਿ ਜਨੁ ਜੀਵੈ ਨਾਮੁ ਚਿਤਾਰੀ ॥ ੧ ॥**

ਜਿਸ ਤਰ੍ਹਾਂ ਪਤੀ ਵੇਖਕੇ ਇਸਤ੍ਰੀ ਖੁਸ਼ੀ ਹੁੰਦੀ ਹੈ, ਇੱਕੁਰ ਹੀ ਸੰਤ ਪ੍ਰਮੇਸ਼ਰ ਦੇ ਨਾਮ ਨੂੰ ਯਾਦ ਕਰਕੇ ਜੀਉਂਦੇ ਹਨ।

**ਪੂਤ ਪੇਖਿ ਜਿਉ ਜੀਵਤ ਮਾਤਾ ॥ ਓਤਿ ਪੋਤਿ ਜਨੁ ਹਰਿ ਸਿਉ ਰਾਤਾ ॥ ੨ ॥**

ਜਿਸ ਤਰ੍ਹਾਂ ਮਾਂ ਪੁੱਤਰ ਨੂੰ ਵੇਖਕੇ ਜੀਉਂਦੀ ਹੈ, ਇੱਕੁਰ ਹੀ ਤਾਣੇ ਪੇਟੇ ਵਾਂਗ ਪ੍ਰਮੇਸ਼ਰ ਦੇ ਨਾਲ ਪ੍ਰਮੇਸ਼ਰ ਦੇ ਦਾਸ ਰੱਤੇ ਹਨ, ਜਾਂ ਪ੍ਰਮੇਸ਼ਰ ਦਾਸਾਂ ਨਾਲ ਰੱਤਾ ਹੈ।

**ਲੋਭੀ ਅਨਦੁ ਕਰੈ ਪੇਖਿ ਧਨਾ । ਜਨ ਚਰਨ ਕਮਲ ਸਿਉ ਲਾਗੋ ਮਨਾ ॥ ੩ ॥**

Digitized by Panjab Digital Library | www.panjabdigilib.org

ਜਿਸ ਤਰ੍ਹਾਂ ਲੋਭੀ ਧਨ ਨੂੰ ਵੇਖਕੇ ਅਨੰਦ ਕਰਦਾ ਹੈ, ਇੱਕੁਰ ਹੀ ਭਗਤ ਜਨਾਂ ਦਾ ਮਨ ਪ੍ਰਮੇਸ਼ਰ ਦੇ ਚਰਨਾਂ ਕਮਲਾਂ ਨਾਲ ਲੱਗਾ ਹੋਇਆ ਹੈ।

**ਖਿਸਰੁ ਨਹੀ ਇਕੁ ਤਿਲੁ ਦਾਤਾਰ ॥ ਨਾਨਕ ਕੇ ਪ੍ਰਭ ਪ੍ਰਾਣ ਅਧਾਰ ॥ ੪ ॥ ੯੩ ॥ ੧੬੨ ॥**

ਹੇ ਦਾਤਿਆ ਮੈਨੂੰ ਇੱਕ ਤਿਲ ਜਿਤਨਾ ਚਿਰ ਵੀ ਨ ਭੁੱਲ।
ਗੁਰੂ ਜੀ--ਤੁਸੀ ਮੇਰੇ ਪ੍ਰਾਣਾਂ ਦਾ ਆਸਰਾ ਹੋ।

## ਗਉੜੀ ਮਹਲਾ ੫ ॥

**ਰਾਮ ਰਸਾਇਣਿ ਜੋ ਜਨ ਗੀਧੇ ॥ ਚਰਨ ਕਮਲ ਪ੍ਰੇਮ ਭਗਤੀ ਬੀਧੇ ॥ ੧ ॥ ਰਹਾਉ ॥**

ਜੇਹੜੇ ਪ੍ਰਮੇਸ਼ਰ ਦਾ ਨਾਮ ਰਸਾਂ ਦਾ ਘਰ ਹੈ, ਜੇਹੜੇ ਉਸ ਨਾਲ ਗਿੱਝੇ ਜਾਂ ਮਿਲੇ ਹਨ। ਓਹ ਪ੍ਰਮੇਸ਼ਰ ਦੇ ਚਰਨਾਂ ਕਮਲਾਂ ਦੀ ਪ੍ਰੇਮਾ ਭਗਤੀ ਕਰਕੇ ਉਸਦੇ ਨਾਲ ਹੀ ਬੀਧੇ = ਮਿਲ ਗਏ ਹਨ।

**ਆਨ ਰਸਾਦੀ ਸਹਿ ਸਭਿ ਛਾਰੁ ॥ ਨਾਮ ਬਿਨਾ ਨਿਹਫਲ ਸੰਸਾਰ ॥ ੧ ॥**

ਉਹਨਾਂ ਨੂੰ ਪ੍ਰਮੇਸ਼ਰ ਦੇ ਰਸ ਤੋਂ ਬਿਨਾ ਹੋਰ ਸਾਰੇ ਹੀ ਰਸ ਸੁਆਹ ਵਰਗੇ ਦੋਂਹਦੇ ਹਨ, ਨਾਮ ਤੋਂ ਬਿਨਾਂ ਜੇਹੜੇ ਸੰਸਾਰ ਵਿੱਚ ਹੋਰ ਕੰਮ ਹਨ, ਓਹ ਸਾਰੇ ਹੀ ਨਿਸ਼ਫਲ ਹਨ, ਓਹਨਾਂ ਇੱਕੁਰ ਓਹਨਾਂ ਨੂੰ ਜਾਣਿਆ ਹੈ।

**ਅੰਧ ਕੂਪ ਤੇ ਕਾਢੇ ਆਪ ॥ ਗੁਣ ਗੋਵਿੰਦ ਅਚਰਜ ਪਰਤਾਪ ॥ ੨ ॥**

ਸੰਸਾਰ ਰੂਪ ਉਜਾੜ ਦੇ ਅੰਨ੍ਹੇ ਖੂਹ ਤੋਂ ਆਪ ਪ੍ਰਮੇਸ਼ਰ ਨੇ ਭਗਤਾਂ ਨੂੰ ਬਾਹਰ ਕੱਢਿਆ ਹੈ, ਪ੍ਰਮੇਸ਼ਰ ਦੇ ਗੁਣ ਗਾਕੇ ਓਹਨਾਂ ਭਗਤਾਂ ਦਾ ਅਸਚਰਜ ਪ੍ਰਤਾਪ ਹੋ ਗਿਆ ਹੈ।

**ਵਣਿ ਤ੍ਰਿਣਿ ਤ੍ਰਿਭਵਣਿ ਪੂਰਨ ਗੋਪਾਲ ॥ ਬ੍ਰਹਮ ਪਸਾਰੁ ਜੀਅ ਸੰਗਿ ਦਇਆਲ ॥ ੩॥**

ਜੰਗਲ ਘਾਹ ਤਿੰਨਾਂ ਲੋਕਾਂ ਵਿੱਚ ਹਰ ਥਾਂ ਵਿੱਚ ਪ੍ਰਮੇਸ਼ਰ ਪੂਰਨ ਹੋਕੇ ਮਿਲਿਆ ਹੋਇਆ ਹੈ, ਜਿਸ ਪ੍ਰਮੇਸ਼ਰ ਦਾ ਇਹ ਸੰਸਾਰ ਰੂਪ ਸਾਰਾ ਪਸਾਰਾ ਹੈ, ਉਸ ਦਿਆਲੂ ਨੂੰ ਸਾਰਿਆਂ ਜੀਵਾਂ ਦੇ ਨਾਲ ਹੀ ਜਾਣਿਆ ਹੈ।

Digitized by Panjab Digital Library | www.panjabdigilib.org

**ਕਹੁ ਨਾਨਕ ਸਾ ਕਥਨੀਸਾਰੁ ॥ ਮਾਨਿ ਲੇਤੁ ਜਿਸੁ ਸਿਰਜਨਹਾਰੁ ॥ ੪ ॥ ੯੪ ॥ ੧੬੩ ॥**

ਜਿਸਨੂੰ ਪੈਦਾ ਕਰਨ ਵਾਲਾ ਮੰਨ ਲੈਂਦਾ ਹੈ, ਭਾਵ ਬਹੁਤਿਆਂ ਸਿਆਣਿਆਂ ਦੀਆਂ ਕਥਨੀਆਂ ਨੂੰ ਛੱਡਕੇ ਗੁਰੂ ਜੀ ਆਖਦੇ ਹਨ ਜਿਸਦੀ ਕਥਨੀ ਨੂੰ ਮੰਨ ਲੈਂਦਾ ਹੈ, ਉਸ ਆਦਮੀ ਦੀ ਓਹ ਕਥਨੀ ਚੰਗੀ ਹੈ।

## ਗਉੜੀ ਮਹਲਾ ੫ ॥

{ ਸ੍ਰੀ ਅੰਮ੍ਰਿਤਸਰ ਦੇ ਦੱਖਣ ਪਾਸੇ ਛੋਟਾ ਜਿਹਾ ਇੱਕ ਰਾਮਸਰ ਤੀਰਥ ਹੈ,ਜਿੱਥੇ ਬੈਠਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਭਾਈ ਗੁਰਦਾਸਜੀ ਤੋਂ ਲਿਖਵਾਯਾ ਹੈ,ਜਦੋਂ ਗੁਰੂਜੀਨੇ ਉਸ ਤਾਲ ਨੂੰ ਤਿਆਰ ਕਰਵਾਇਆ ਤਾਂ ਸੰਗਤਾਂ ਨੇ ਮਹਾਤਮ ਪੁੱਛਿਆ ਤੇ ਤਾਂ ਗੁਰੂ ਜੀ ਸ਼ਬਦ ਆਖਿਆ । ਇਸ ਸ਼ਬਦ ਤੋਂ ਸਤਸੰਗ ਦਾ ਅਰਥ ਵੀ ਕਰਦੇ ਹਨ । }

**ਨਿਤ ਪ੍ਰਤਿ ਨਾਵਣੁ ਰਾਮ ਸਰਿ ਕੀਜੈ ॥ ਝੋਲਿ ਮਹਾ ਰਸੁ ਹਰਿ ਅੰਮ੍ਰਿਤੁ ਪੀਜੈ ॥ ੧ ॥ ਰਹਾਉ ॥**

ਰੋਜ਼ ਰਾਮ ਸਰ ਵਿੱਚ ਇਸ਼ਨਾਨ ਕਰੋ, ਭਾਵ ਸਤਸੰਗ ਵਿੱਚ ਜਾਕੇ ਹਰ ਕੀਰਤਨ ਸੁਣੋ। ਵਿਸ਼ਿਆਂ ਰੂਪ ਜਾਲੇ ਨੂੰ ਹਟਾਕੇ ਬਹੁਤ ਹੀ ਸੁਆਦੀ ਪ੍ਰਮੇਸ਼ਰ ਦਾ ਨਾਮ ਅੰਮ੍ਰਿਤ ਪੀਓ ।

**ਨਿਰਮਲ ਉਦਕੁ ਗੋਵਿੰਦ ਕਾ ਨਾਮ ॥ ਮਜਨੁ ਕਰਤ ਪੂਰਨ ਸਭਿ ਕਾਮ ॥ ੧ ॥**

ਸਤਸੰਗ ਰੂਪ ਰਾਮਸਰ ਵਿੱਚ ਗੋਬਿੰਦ ਦਾ ਨਾਮ ਨਿਰਮਲ ਪਾਣੀ ਹੈ। ਜਿਸ ਵਿੱਚ ਇਸ਼ਨਾਨ ਕਰਦਿਆਂ ਹੀ ਸਾਰੇ ਕੰਮ ਪੂਰੇ ਹੋ ਜਾਂਦੇ ਹਨ, ਜਾਂ ਸਾਰੀਆਂ ਕਾਮਨਾਂ ਪੂਰਨ ਹੁੰਦੀਆਂ ਹਨ।

**ਸੰਤ ਸੰਗਿ ਤਹ ਗੋਸਟਿ ਹੋਇ ॥ ਕੋਟਿ ਜਨਮ ਕੇ ਕਿਲ ਵਿਖ ਖੋਇ ॥ ੨ ॥ ਸਿਮਰਹਿ ਸਾਧ ਕਰਹਿ ਅਨੰਦੁ ॥ ਮਨਿ ਤਨਿ ਰਵਿਆ ਪਰਮਾਨੰਦੁ ॥ ੩ ॥**

ਜਿੱਥੇ ਸਤਸੰਗ ਹੈ, ਓਥੇ ਸਿੱਖ ਨੂੰ ਪ੍ਰਮੇਸ਼ਰ ਦੇ ਨਾਮ ਦੀ ਚਰਚਾ ਹੁੰਦੀ ਸੁਣਾਈ ਦੇਂਦੀ ਹੈ। ਓਹ ਚਰਚਾ ਕਰੋੜਾਂ ਜਨਮਾਂ ਦੇ ਪਾਪਾਂ ਨੂੰ ਨਾਸ ਕਰ ਦੇਂਦੀ ਹੈ। ਸਾਧ ਪ੍ਰਮੇਸ਼ਰ ਨੂੰ ਸਿਮਰਦੇ ਹਨ ਤੇ ਅਨੰਦ ਕਰਦੇ

Digitized by Panjab Digital Library / www.panjabdigilib.org

ਹਨ। ਮਨ ਤਨ ਕਰਕੇ ਬਹੁਤ ਸੁਖ ਪਾਇਆ ਹੈ ਜਾਂ ਪਰਮ ਅਨੰਦ ਰੂਪ ਪ੍ਰਸ਼ਮੇਰ ਦੇ ਨਾਮ ਨੂੰ ਉਚਾਰਿਆ ਹੈ।

**ਜਿਸਹਿ ਪਰਾਪਤਿ ਹਰਿ ਚਰਣ ਨਿਧਾਨ ॥ ਨਾਨਕ ਦਾਸ ਤਿਸਹਿ ਕੁਰਬਾਨ ॥ ੪ ॥ ੯੫ ॥ ੧੬੪ ॥**

ਜਿਸਨੂੰ ਹਰੀ ਦੇ ਚਰਨ ਸਾਰੇ ਸੁਖਾਂ ਦਾ ਖ਼ਜ਼ਾਨਾ ਗੁਰਾਂ ਦੀ ਕਿਰਪਾ ਨਾਲ ਮਿਲੇ ਹਨ। ਗੁਰੂ ਜੀ-ਮੈਂ ਉਸ ਦਾਸਦੇ ਉਤੋਂ ਕੁਰਬਾਨਜਾਂਦਾ ਹਾਂ।

## ਗਉੜੀ ਮਹਲਾ ੫ ॥

"ਵੈਸ਼ਨੋ ਪ੍ਰਥਾਇ ਉਪਦੇਸ਼ ਹੈ"

**ਸੋ ਕਿਛੁ ਕਰਿ ਜਿਤੁ ਮੈਲ ਨ ਲਾਗੈ ॥ ਹਰਿ ਕੀਰ- ਤਨ ਮਹਿ ਏਹੁ ਮਨੁ ਜਾਗੈ ॥ ੧ ॥ ਰਹਾਉ ॥**

ਓਹ ਕੁਛ ਚੰਗੇ ਕੰਮ ਕਰ, ਜਿਸ ਕਰਕੇ ਤੇਰੇ ਮਨ ਨੂੰ ਕਾਮਨਾਂ ਜਾਂ ਪਾਪ ਰੂਪ ਮੈਲ ਨ ਲੱਗੇ। ਤੇਰਾ ਇਹ ਮਨ ਹਰੀ ਦੇ ਕੀਰਤਨ ਵਿੱਚ ਜਾਗਦਾ ਰਹੇਗਾ, ਭਾਵ ਭਗਤੀ ਕਰਕੇ ਫਲ ਨ ਮੰਗਣਾ, ਇਹ ਕੰਮ ਕਰ ਤਾਂ ਤੇਰਾ ਮਨ ਜਾਗੇਗਾ।

**ਏਕੋ ਸਿਮਰਿ ਨ ਦੂਜਾ ਭਾਉ ॥ ਸੰਤ ਸੰਗਿ ਜਪਿ ਕੇਵਲ ਨਾਉ ॥ ੧ ॥**

ਇੱਕ ਪ੍ਰਮੇਸ਼ਰ ਨੂੰ ਯਾਦ ਕਰ,ਜੇਹੜਾ ਦੂਸਰਾ ਹੈ ਉਸ ਵਿੱਚ ਪ੍ਰੇਮ ਨ ਕਰ, ਸਰੀਰ ਕਰਕੇ ਸੰਤਾਂ ਦਾ ਸੰਗ ਕਰ ਤੇ ਕੇਵਲ ਸੁੱਧ ਇੱਕ ਨਾਮ ਨੂੰ ਜਪ, ਭਾਵ ਨਿਸਕਾਮ ਹੋਕੇ ਜਾਪ ਕਰ।

**ਕਰਮ ਧਰਮ ਨੇਮ ਬ੍ਰਤ ਪੂਜਾ ॥ ਪਾਰਬ੍ਰਹਮ ਬਿਨੁ ਜਾਨੁ ਨ ਦੂਜਾ ॥ ੨ ॥**

ਕਰਮ = ਜੱਗ ਆਦਕ ਕਰਨੇ, ਧਰਮ = ਆਪਣੇ ਮਤ ਦੇ ਅਨੁਸਾਰ ਕੰਮ, ਨੇਮ = ਚਾਰ ਮਹੀਨੇ ਪਿੱਛੋਂ ਲੂਣ ਆਦਕਨੂੰ ਛੱਡਣਾ, ਇਕਾਦਸ਼ ਆਦਕ ਬਰਤ, ਪੱਥਰਾਂ ਦੀ ਪੂਜਾ,ਏਹੋ ਹੀ ਹੈ ਭਾਵ ਇਹਨਾਂ ਕੰਮਾਂ ਨੂੰ ਛੱਡਕੇ ਪ੍ਰਮੇਸ਼ਰ ਤੋਂ ਬਿਨਾਂ ਹੋਰ ਕੋਈ ਦੂਸਰਾ ਨ ਜਾਣ ।

**ਤਾਕੀ ਪੂਰਨ ਹੋਈ ਘਾਲ ॥ ਜਾਕੀ ਪ੍ਰੀਤਿ ਅਪੁਨੇ ਪ੍ਰਭ ਨਾਲਿ ॥ ੩ ॥**

ਜਿਸਦੀ ਪ੍ਰੀਤੀ ਆਪਣੇ ਮਾਲਕਦੇ ਨਾਲਹੈ,ਉਸਦੀ ਕੀਤੀ ਸੇਵਸਫਲੀ ਹੋਈਹੈ।

Digitized by Panjab Digital Library | www.panjabdigilib.org

**ਸੋ ਬੈਸਨੋ ਹੈ ਅਪਰ ਅਪਾਰੁ ॥ ਕਹੁ ਨਾਨਕ ਜਿਨਿ ਤਜੇ ਬਿਕਾਰ ॥ ੪ ॥ ੯੬ ॥ ੧੬੫ ॥**

ਓਹ ਵੈਸ਼ਨੋ ਬਹੁਤ ਹੀ ਚੰਗਾ ਹੈ, ਗੁਰੂ ਜੀ-ਜਿਸਨੇਵਿਕਾਰਛੱਡੇਹਨ।

**ਗਉੜੀ ਮਹਲਾ ੫ ॥**

**ਜੀਵਤ ਛਾਡਿ ਜਾਹਿ ਦੇਵਾਨੇ ॥ ਮੁਇਆ ਉਨਤੇ ਕੋ ਵਰਸਾਨੇ ॥ ੧ ॥**

ਓਏ ਬੌਰਿਆ ਜੇਹੜੇ ਸਰਬੰਧੀ ਤੈਨੂੰ ਕਿਸੇ ਨਿਕੇ ਜਹੇ ਦੁਖ ਦੇ ਵੇਲੇ ਜੀਉਂਦਿਆਂ ਨੂੰ ਹੀ ਛੱਡਕੇ ਚਲੇ ਜਾਂਦੇ ਹਨ।

ਮੋਇਆਂ ਹੋਇਆਂ ਪ੍ਰਲੋਕ ਵਿੱਚ ਜਾਕੇ ਓਹਨਾਂ ਸਰਬੰਧੀਆਂ ਤੋਂ ਕੌਣ ਵਰਸਾਇਆ ਹੈ ਭਾਵ ਕਿਸੇ ਨੇ ਕੀ ਸੁਖ ਪਾਇਆ ਹੈ।

**ਸਿਮਰਿ ਗੋਵਿੰਦੁ ਮਨਿ ਤਨਿ ਧੁਰਿ ਲਿਖਿਆ ॥ ਕਾਹੂ ਕਾਜ ਨ ਆਵਤ ਬਿਖਿਆ ॥ ੧ ॥ ਰਹਾਉ ॥**

ਮਨ ਤਨ ਕਰਕੇ ਪ੍ਰਮੇਸ਼ਰ ਨੂੰ ਯਾਦ ਕਰ, ਕਿਉਂਕਿ ਪ੍ਰਮੇਸ਼ਰ ਨੇ ਧੁਰ ਤੋਂ ਲਿਖਆ ਹੋਇਆ ਹੈ ਕਿ ਜੀਵ ਦਾ ਨਾਮ ਬਿਨਾਂ ਛੁਟਕਾਰਾ ਨਹੀਂ ਹੈ।

ਵਿਸ਼ਿਆਂ ਦੇ ਕੰਮ ਤਾਂ ਕਿਸੇ ਕੰਮ ਨਹੀਂ ਆਉਣੇ ਹਨ।

**ਬਿਖੈ ਠਗਉਰੀ ਜਿਨਿ ਜਿਨਿ ਖਾਈ ॥ ਤਾਕੀ ਤ੍ਰਿਸਨਾ ਕਬਹੂੰ ਨ ਜਾਈ ॥ ੨ ॥**

ਵਿਸ਼ੇ ਰੂਪ ਠੱਗ ਬੂਟੀ(ਜਿਸ ਬੂਟੀ ਨੂੰ ਠੱਗ ਖੁਆਕੇ ਲੁੱਟ ਲੈਂਦੇ ਹਨ, ਉਸ ਬੂਟੀ ਦਾ ਨਾਮ ਠੱਗ ਬੂਟੀ ਹੈ) ਜਿਸ ਜਿਸ ਨੇ ਖਾਧੀ ਹੈ।

ਓਹਨਾਂ ਦੀ ਤ੍ਰਿਸ਼ਨਾ ਕਦੀ ਵੀ ਨਹੀਂ ਜਾਂਦੀ ਹੈ।

**ਦਾਰਨ ਦੁਖ ਦੁਤਰ ਸੰਸਾਰੁ ॥ ਰਾਮ ਨਾਮ ਬਿਨ ਕੈਸੇ ਉਤਰਸਿ ਪਾਰਿ ॥ ੩ ॥**

ਇਹ ਸੰਸਾਰ ਸਮੁੰਦਰ ਬੜਾ ਔਖਾ ਤਰਿਆ ਜਾਂਦਾ ਹੈ ਅਤੇ ਇਸ ਵਿਚ ਬੜਾ ਡਰੌਣਾ ਪਾਣੀ ਦੁਖ ਹੈ,ਇਸ ਸੰਸਾਰ ਤੋਂ ਪ੍ਰਮੇਸ਼ਰ ਦੇ ਨਾਮ ਬਿਨਾਂ ਕਿਸ ਤਰਾਂ ਪਾਰ ਉਤਰੇਗਾ ਭਾਵ ਨਹੀਂ।

**ਸਾਧ ਸੰਗਿ ਮਿਲਿ ਦੁਇ ਕੁਲ ਸਾਧਿ ॥ ਰਾਮ ਨਾਮ ਨਾਨਕ ਆਰਾਧਿ ॥ ੪ ॥ ੯੭ ॥ ੧੬੬ ॥**

ਇਸ ਲਈ ਸੰਤਾਂ ਦੇ ਨਾਲ ਮਿਲਕੇ ਦੋਹਾਂ ਕਲਾਂ ਭਾਵ ਨਾਨਕੇ

Digitized by Panjab Digital Library | www.panjabdigilib.org

ਦਾਦਕੇ ਜਾਂ ਲੋਕ ਪ੍ਰਲੋਕ ਜਾਂ ਰਾਗ ਦ੍ਵੈਖ ਦੋਵੇਂ ਕੁਲ = ਸਮੂੰਹ ਨੂੰ ਵੱਸ ਕਰ ਭਾਵ ਮਾਇਆ ਖਿਆਲਾਂ ਨੂੰ ਵੱਸ ਕਰਕੇ ਆਪਣੀਆਂ ਸਾਰੀਆਂ ਕੁਲਾਂ ਦਾ ਉਧਾਰ ਕਰ। ਗੁਰੂ ਜੀ ਪ੍ਰਮੇਸ਼ਰ ਦੇ ਨਾਮ ਨੂੰ ਯਾਦ ਕਰ।

## ਗਉੜੀ ਮਹਲਾ ੫ ॥

ਪ੍ਰਿਥੀਆ ਦਿੱਲੀ ਚੁਗਲੀ ਕਰਨ ਗਿਆ, ਉਸਦੇ ਯਾਰ ਸੁਲਹੀ ਨੇ ਦਾੜ੍ਹੀ ਉਤੇ ਹੱਥ ਧਰਕੇ ਆਖਿਆ ਮੈਂ ਤੈਨੂੰ ਗੱਦੀ ਲੈਦਿਆਂਗਾ ਤਾਂ ਤੂੰ ਮੈਨੂੰ ਪਨਾਨ ਜਾਣੀ।ਉਹ ਪਾਤਸ਼ਾਹ ਤੋਂ ਮਨਜ਼ੂਰੀ ਲੈਕੇ ਸੈਲ ਕਰਨ ਦੇ ਬਹਾਨੇ ਲਾਹੌਰ ਨੂੰ ਆਇਆ। ਉਸ ਵੇਲੇ ਦਿੱਲੀ ਦੇ ਸਿੱਖਾਂ ਨੇ ਸਾਰਾ ਹਾਲ ਗੁਰੂ ਜੀ ਨੂੰ ਲਿਖਿਆ ਕਿ ਤੁਰਕ ਨੇ ਦਾੜ੍ਹੀ ਉਤੇ ਹੱਥ ਮਾਰਿਆ ਹੈ ਅਤੇ ਅੰਮ੍ਰਿਤਸਰ ਆਉਂਦਾ ਹੈ। ਗੁਰੂ ਜੀ ਦਿਲੀ ਦੇ ਸਿੱਖਾਂ ਦੀ ਅਰਜ਼ੀ ਪੜ੍ਹਕੇ ਸੁਲਹੀ ਦੇ ਮਰਨ ਦਾ ਭਵਿੱਖਤ ਦਾ ਹਾਲ ਸ਼ਬਦ ਵਿੱਚ ਸੂਚਨ ਕਰਦੇ ਹਨ । ਓਹ ਸੁਲਹੀ ਪਿੱਛੋਂ ਗੁਰੂ ਦੇ ਕੋਠੇ ਆਕੇ ਆਵੇ ਵਿੱਚ ਸੜਕੇ ਮਰ ਗਿਆ।

**ਗਰੀਬਾ ਉਪਰਿ ਜਿ ਖਿੰਜੈ ਦਾੜੀ ॥ ਪਾਰਬ੍ਰਹਮਿ ਸਾ ਅਗਨਿ ਮਹਿ ਸਾੜੀ ॥ ੧ ॥**

ਜੇਹੜਾ ਆਪਣੀ ਦਾੜ੍ਹੀ ਨੂੰ ਗਰੀਬਾਂ ਉਤੇ ਖਿੱਚਦਾ ਹੈ,ਓਹ ਦਾੜ੍ਹੀ ਪ੍ਰਮੇਸ਼ਰ ਨੇ ਅੱਗ ਵਿੱਚ ਸਾੜ ਦੇਣੀ ਹੈ ਜਾਂ ਸਮਝੋ ਹੁਣ ਹੀ ਜਦੋਂ ਖਿੱਚੀ ਹੈ, ਸਾੜ ਦਿੱਤੀ ਹੈ।

**ਪੂਰਾ ਨਿਆਉ ਕਰੇ ਕਰਤਾਰੁ ॥ ਅਪੁਨੇ ਦਾਸ ਕਉ ਰਾਖਨਹਾਰੁ ॥ ੧ ॥ ਰਹਾਉ ॥**

ਪ੍ਰਮੇਸ਼ਰ ਪੂਰਾ ਨਿਆਉਂ ਕਰਦਾ ਹੈ, ਓਹ ਅਪਣਿਆਂ ਦਾਸਾਂ ਨੂੰ ਰੱਖਣ ਵਾਲਾ ਹੈ।

**ਆਦਿ ਜੁਗਾਦਿ ਪ੍ਰਗਟਿ ਪਰਤਾਪੁ ॥ ਨਿੰਦਕੁ ਮੁਆ ਉਪਜਿ ਵਡ ਤਾਪੁ ॥ ੨ ॥**

ਦਾਸਾਂ ਦਾਂ ਪਤਾਪ ਆਦਿ ਜੁਗਾਦ = ਸਦਾ ਸਦਾ ਪ੍ਰਗਟ ਹੈ। ਸੁਲਹੀ ਦੁਸ਼ਟ ਨੂੰ ਵੱਡਾ ਤਾਪ ਪੈਦਾ ਹੋਇਆ ਭਾਵ ਬਹੁਤ ਅੱਗ ਨਾਲ ਤਪਕੇ ਮੋਇਆ।

**ਤਿਨਿ ਮਾਰਿਆ ਜਿ ਰਖੈ ਨ ਕੋਇ ॥ ਆਗੈ ਪਾਛੈ ਮੰਦੀ ਸੋਇ ॥ ੩ ॥**

Digitized by Panjab Digital Library | www.panjabdigilib.org

ਜਿਸਦਾ ਮਾਰਿਆ ਹੋਇਆ ਕੋਈ ਨਹੀਂ ਬਚਾ ਸੱਕਦਾ ਹੈ, ਉਸ ਪ੍ਰਮੇਸ਼ਰ ਨੇ ਮਾਰਿਆ ਹੈ। ਅੱਗੇ ਪਿਛੇ, ਭਾਵ ਲੋਕ ਪ੍ਰਲੋਕ ਵਿੱਚ ਉਸਦੀ ਖੋਟੀ ਹੀ ਸੋਭਾ ਹੈ, ਭਾਵ ਨਿੰਦਿਆ ਹੀ ਹੁੰਦੀ ਹੈ।

**ਅਪੁਨੇ ਦਾਸ ਰਾਖੈ ਕੰਠਿ ਲਾਇ ॥ ਸਰਣਿ ਨਾਨਕ ਹਰਿ ਨਾਮੁ ਧਿਆਇ ॥ ੪ ॥ ੯੯ ॥ ੧੬੭ ॥**

ਜੇਹੜਾ ਆਪਣੇ ਦਾਸਾਂ ਨੂੰ ਗਲ ਨਾਲ ਲਾਕੇ ਰੱਖਦਾ ਹੈ, ਗੁਰੂ ਜੀ-- ਅਸਾਂ ਉਸ ਪ੍ਰਮੇਸ਼ਰ ਦੀ ਸ਼ਰਨ ਲਈ ਹੈ। ਉਸ ਪ੍ਰਮੇਸ਼ਰ ਦਾ ਹੀ ਮਨ ਨਾਲ ਨਾਮ ਜਪਦੇ ਹਾਂ ਅਤੇ ਧਿਆਨ ਧਰਦੇ ਹਾਂ।

**ਗਉੜੀ ਮਹਲਾ ੫॥**

{ "ਸ੍ਰੀਗੁਰੂ ਅਰਜਨ ਦੇਵ ਜੀ ਸਿੱਖਾਂਨੂੰ ਉਪਦੇਸ਼ ਕਰਦੇ ਕਰਦੇ ਆਖਦੇ ਹਨ, "ਹੇ ਭਾਈ ਜਦੋਂ ਸ੍ਰੀ ਗੁਰੂ ਅਮਰ ਦਾਸ ਜੀ ਉਤੇ ਮਰਵਾਹਿਆਂ ਖੱਤ੍ਰੀਆਂ ਨੇ ਦਿੱਲੀ ਜਾਕੇ ਸ਼ਕੈਤ ਕੀਤੀ ਸੀ, ਤਦੋਂ ਵੀ ਹੁਣ ਦੀ ਤਰ੍ਹਾਂ ਪ੍ਰਮੇਸ਼ਰ ਨੇ ਸਹੈਤਾ ਕੀਤੀ ਸੀ।" }

**ਮਹਜਰੁ ਝੂਠਾ ਕੀਤੋਨੁ ਆਪਿ ॥ ਪਾਪੀ ਕਉ ਲਾਗਾ ਸੰਤਾਪੁ ॥ ੧ ॥**

ਮਹਜਰੁ = ਜਿਸ ਕਾਗਜ਼ ਉਤੇ ਬਹੁਤ ਸਾਰਿਆਂ ਲੋਕਾਂ ਦੇ ਦਸਖਤ ਅਤੇ ਆਸ ਪਾਸ ਦੇ ਲੋਕਾਂ ਦੀਆਂ ਮੁਹਰਾਂ ਲਗਾਈਆਂ ਹੁੰਦੀਆਂ ਹਨ, ਆਪਣੇ ਆਪ ਨੂੰ ਸੱਚਿਆਂ ਦੱਸਣ ਵਾਸਤੇ ਦਾਵਾ ਕਰਨਾ ਹੁੰਦਾ ਹੈ, ਉਸਦਾ ਨਾਮ ਮਹਜਰ ਨਾਮਾ ਹੁੰਦਾ ਹੈ,ਓਹ ਮਹਜਰ ਬਣਾਕੇ ਦਿੱਲੀ ਵਿੱਚ ਲੈ ਗਿਆ ਸੀ ਕਿ ਬੋਲੀ ਦੀ ਪੂਜਾ ਮੇਰੀ ਹੈ, ਉਸਨੂੰ ਆਪ ਪ੍ਰਮੇਸ਼ਰ ਨੇ ਅਕਬਰ ਬਾਦਸ਼ਾਹ ਦੁਆਰਾ ਝੂਠਾ ਕਰ ਦਿੱਤਾ, ਉਸ ਪਾਪੀ ਆਦਮੀ ਨੂੰ ਇੱਕੁਰ ਦਾ ਦੁੱਖ ਲੱਗਾ ਕਿ ਗਲ ਥਾਣੀ ਅੰਦਰ ਅੰਨ ਪਾਣੀ ਨ ਲੰਘੇ।

**ਜਿਸਹਿ ਸਹਾਈ ਗੋਬਿੰਦੁ ਮੇਰਾ ॥ ਤਿਸੁ ਕਉ ਜਮੁ ਨਹੀ ਆਵੈ ਨੇਰਾ ॥ ੧ ॥ ਰਹਾਉ ॥**

ਜਿਸਦੀ ਸਹੈਤਾ ਕਰਨ ਵਾਲਾ ਮੇਰਾ ਮਾਲਕ ਹੋਵੇ,ਉਸਦੇਨੇੜੇਜਮਨਹੀਓਂਦਾ

**ਸਾਚੀ ਦਰਗਹ ਬੋਲੈ ਕੂੜੁ ॥ ਸਿਰੁ ਹਾਥ ਪਛੋੜੈ ਅੰਧਾ ਮੂੜੁ ॥ ੧ ॥**

ਪਛੋੜੈ = ਪਛਾੜਦਾ ਹੈ, ਭਾਵ ਸਿਰ ਨੂੰ ਮਾਰਦਾ ਹੈ।

ਓਹ ਸੱਚ ਬੋਲਣ ਵਾਲੀ ਪਾਤਸ਼ਾਹ ਦੀ ਕਚੈਹਰੀ ਵਿੱਚ ਜ ਸੱਚੀ

Digitized by Panjab Digital Library | www.panjabdigilib.org

ਦਰਗਾਹ ਦੇ ਮਾਲਕ ਗੁਰੂ ਅਮਰ ਦਾਸ ਜੀ ਉਤੇ ਝੂਠ ਬੋਲਦਾ ਸੀ, ਕਿ ਬੋਲੀ ਉਤੇ ਮੇਰਾ ਹੱਕਹੈ,ਜਦੋਂ ਬਾਦਸ਼ਾਹਨੇ ਕਚੈਹਰੀ ਤੋਂ ਧੱਕੇ ਮਾਰਕੇ ਬਾਹਰ ਕੱਢ ਦਿੱਤਾ ਤਾਂ ਮੂਰਖ ਬੇਸਮਝ ਆਪਣੇ ਹੱਥਾਂਨਾਲ ਸਿਰਨੂੰਕੁੱਟਣ ਮਾਰਨ ਲਗਾ।

**ਰੋਗ ਬਿਆਪੇ ਕਰਦੇ ਪਾਪ ॥ ਅਦਲੀ ਹੋਇ ਬੈਠਾ ਪ੍ਰਭੁ ਆਪਿ ॥ ੩ ॥**

ਗੁਰੂ ਜੀ ਦੇ ਨਾਲ ਵਿਰੋਧ ਰੂਪ ਪਾਪ ਕਰਦਿਆਂ ਸਾਰ ਹੀ ਭਾਵ ਦੇਰ ਤੋਂ ਬਿਨਾ ਹੀ ਅਨੇਕਾਂ ਰੋਗ ਲੱਗ ਗਏ। ਆਪ ਹੀ ਮਾਲਕ ਪ੍ਰਮੇਸ਼ਰ ਅਕਬਰ ਬਣਕੇ ਤਖ਼ਤ ਉਤੇ ਸੱਚਾ ਨਿਆਉਂ ਕਰਨ ਵਾਸਤੇਹੋਬੈਠਾਹੈ

**ਅਪਨ ਕਮਾਇਐ ਆਪਿ ਬਾਧੇ ॥ ਦਰਬੁ ਗਇਆ ਸਭੁ ਜੀਅ ਕੈ ਸਾਥੈ ॥ ੪ ॥**

ਆਪਣਿਆਂ ਭੈੜਿਆਂ ਕਰਮਾਂ ਦੇ ਕਰਨ ਨਾਲ ਆਪ ਹੀ ਮਰਵਾਹ ਬਾਧੇ = ਮਰ ਗਏ ਜਾਂ ਬੰਨ੍ਹੇ ਗਏ, ਕਿਉਂਕਿ ਮਰਵਾਹਿਆਂ ਦੇ ਅੰਦਰੋ ਬਾਦਸ਼ਾਹ ਦੇ ਖਜ਼ਾਨੇ ਦੇ ਰੁਪਏ ਲੱਦੇ ਹੋਏ ਇੱਕ ਖੱਚਰ ਫੜੀ ਗਈ ਸੀ, ਸਗੋਂ ਜੇਹੜਾ ਧਨ ਘਰ ਸੀ, ਓਹ ਵੀ ਪ੍ਰਾਣਾਂ ਦੇ ਨਾਲ ਹੀ ਗਿਆ। ਪਿਛੇ ਗਰੀਬ ਇਸਤ੍ਰੀ ਅਤੇ ਇੱਕ ਪੋਤਰਾ ਗੋਂਦੇ ਦਾ ਰਹਿ ਗਿਆ ਸੀ, ਓਹ ਵੀ ਗੁਰੂ ਦੀ ਕਿਰਪਾ ਨਾਲ।

**ਨਾਨਕ ਸਰਨਿ ਪਰਿ ਦਰਬਾਰਿ ॥ ਰਾਖੀ ਪੈਜ ਮੇਰੈ ਕਰਤਾਰਿ ॥ ੫ ॥ ੯੯ ॥ ੧੬੮ ॥**

ਗੁਰੂ ਜੀ-ਜੇਹੜੇ ਗੁਰੂ ਅਮਰਦਾਸ ਜੀ ਪ੍ਰਮੇਸ਼ਰ ਦੇ ਦਰਬਾਰ ਦੀ ਸ਼ਰਨ ਵਿੱਚ ਪਏ ਹੋਏ ਸੀ, ਓਹਨਾਂ ਦੀ ਇੱਜ਼ਤ ਜਾਂ ਪਰਤੱਗਿਆ ਮੇਰੇ ਕਰਤਾਰ ਨੇ ਰੱਖ ਲਈ ਸੀ।

## ਗਉੜੀ ਮਹਲਾ ੫ ॥

**ਜਨਕੀ ਧੂਰਿ ਮਨ ਮੀਠ ਖਟਾਨੀ ਪੂਰਬਿ ਕਰਮਿ ਲਿਖਿਆ ਧੁਰਿ ਪ੍ਰਾਨੀ ॥ ੧ ॥ ਰਹਾਉ ॥**

ਜਿਨ੍ਹਾਂ ਆਦਮੀਆਂ ਦੇ ਮਥੇ ਉਤੇ ਆਦ ਰੂਪ ਪ੍ਰਮੇਸ਼ਰ ਨੇ ਪੂਰਬ ਜਨਮਾਂ ਦਾ ਹੀ ਉੱਤਮ ਲੇਖ ਲਿਖਿਆ ਹੈ, ਉਸਦੇ ਮਨ ਵਿੱਚ ਪ੍ਰਮੇਸ਼ਰ ਦੇਦਾਸਾਂ ਦੀ ਚਰਨ ਧੂੜ ਬੜੀ ਮਿੱਠੀ ਪਿਆਰੀ ਲੱਗੀ ਹੈ, ਜਾਂ ਖਟਾਨੀ = ਮਿਲੀ ਹੈ।

Digitized by Panjab Digital Library | www.panjabdigilib.org

**ਅਹੰਬੁਧਿ ਮਨ ਪੂਰਿ ਥਿਧਾਈ ॥ ਸਾਧ ਧੂਰਿ ਕਰਿ ਸੁਧ ਮੰਜਾਈ ॥ ੧ ॥**

ਜੇਹੜੀ ਹੰਕਾਰ ਰੂਪ ਮੈਲ ਅਕਲ ਵਿੱਚ ਪੂਰਨ ਹੋਕੇ, ਭਾਵ ਲਬਾ ਲਬਾ ਹੋਕੇ, ਬਿਧਾਈਂ ਮਿਲੀ ਹੋਈ ਸੀ, ਜਾਂ ਪੂਰੀ ਬੱਧੀ ਹੋਈ ਸੀ, ਸੋ ਓਹ ਸੰਤਾਂ ਦੀ ਚਰਨ ਧੂੜ ਨਾਲ ਮਾਂਜੀ ਹੋਈ ਸੁੱਧ ਹੋ ਗਈ ਹੈ, ਜੇਹੜਾ ਬੁੱਧੀ ਦਾ ਸੰਤਾਂ ਦੀ ਚਰਨ ਧੂੜ ਵਿੱਚ ਨਿਸਚਾ ਹੋਣਾ ਹੈ, ਏਹੋ ਹੀ ਮਾਂਜਣਾ ਹੈ।

**ਅਨਿਕ ਜਲਾ ਜੇ ਧੋਵੈ ਦੇਹੀ ॥ ਮੈਲੁ ਨ ਉਤਰੈ ਸੁਧੁ ਨ ਤੇਹੀ ॥ ੨ ॥**

ਹੋਰ ਜੇ ਅਨੇਕਾਂ ਤੀਰਥਾਂ ਦੇ ਪਾਣੀ ਨਾਲ ਦੇਹੀ ਨੂੰ ਧੋਵੇ ਤਾਂ ਨ ਹੀ ਹੰਗਤਾ ਮੈਲ ਉਤਰਦੀ ਹੈ ਅਤੇ ਨ ਹੀ ਦੇਹੀ ਪਵਿੱਤ੍ਰ ਹੁੰਦੀ ਹੈ ਜਾਂ ਓਹੋ ਜਹੀ ਸੁੱਧ ਨਹੀਂ ਹੁੰਦੀ ਜਿਸਤਰਾਂ ਦੀ ਸਤਸੰਗ ਕਰਕੇ ਹੁੰਦੀ ਹੈ।

**ਸਤਿਗੁਰੁ ਭੇਟਿਓ ਸਦਾ ਕ੍ਰਿਪਾਲ ॥ ਹਰਿ ਸਿਮਰਿ ਸਿਮਰਿ ਕਾਟਿਆ ਭਉ ਕਾਲ ॥ ੩ ॥**

ਜੇਹੜਾ ਸਤਿਗੁਰੂ ਦਿਆਲੂ ਹੈ, ਜਦੋਂ ਓਹ ਮਿਲਿਆ ਤਦੋਂ ਪ੍ਰਮੇ-ਸਰ ਦੇ ਸਿਮਰਨ ਨੂੰ ਸਿਮਰਕੇ ਕਾਲ ਦਾ ਡਰ ਕੱਟ ਦਿਤਾ ਭਾਵ ਮਰਨ ਤੋਂ ਰਹਿਤ ਹੋ ਗਏ।

**ਮੁਕਤਿ ਭੁਗਤਿ ਜੁਗਤਿ ਹਰਿ ਨਾਉ ॥ ਪ੍ਰੇਮ ਭਗਤਿ ਨਾਨਕ ਗੁਣ ਗਾਉ ॥ ੪ ॥ ੧੦੦ ॥ ੧੬੯ ॥**

ਮੁਕਤੀ ਅਤੇ ਭੋਗ ਦੀ ਜੁਗਤੀ ਪ੍ਰਮੇਸਰ ਦੇ ਨਾਮ ਨਾਲ ਹੀ ਮਿਲਦੀ ਹੈ ਜਾਂ ਪ੍ਰਮੇਸਰ ਦੇ ਨਾਮ ਦੇ ਨਾਲ ਮਾਨੋ ਜੁੜੇ ਹੋਏ ਹਨ ਭਾਵ ਨਾਮ ਜਪਕੇ ਭਗਤੀਆਂ ਮੁਕਤੀਆਂ ਦੋਵੇਂ ਹੀ ਮਿਲਦੀਆਂ ਹਨ। ਇਸ ਲਈ ਗੁਰੂ ਜੀ-ਹੇ ਭਾਈ ਜੀ ਜੇ ਤੂੰ ਭਗਤੀਆਂ ਮੁਕਤੀਆਂ ਨੂੰ ਚਾਹੁੰਦਾ ਹੈਂ ਤਾਂ ਪ੍ਰੇਮਾ ਭਗਤੀ ਨਾਲ ਵਾਹਿਗੁਰੂ ਦੇ ਗੁਣਾਂ ਨੂੰ ਗਾ।

## ਗਉੜੀ ਮਹਲਾ ੫ ॥

**ਜੀਵਨ ਪਦਵੀ ਹਰਿ ਕੇ ਦਾਸ ॥ ਜਿਨ ਮਿਲਿਆ ਆਤਮ ਪਰਗਾਸੁ ॥ ੧ ॥**

ਜੇਹੜੇ ਪ੍ਰਮੇਸਰ ਦੇ ਦਾਸ ਜੀਵਣ ਪਦਵੀ ਦੇਣ ਵਾਲੇ ਹਨ, ਓਹਨਾਂ ਦੇ

Digitized by Panjab Digital Library | www.panjabdigilib.org

ਨਾਲ ਮਿਲ, ਜਿਨ੍ਹਾਂ ਦੇ ਮਿਲਿਆਂ ਸਿਖ ਦੇ ਆਤਮਾਂ ਵਿਚ ਗਿਆਨ ਚਾਨਣ ਹੋ ਜਾਵੇ ਓਹ ਪ੍ਰਮੇਸਰ ਦੇ ਦਾਸ ਹਨ।

**ਹਰਿ ਕਾ ਸਿਮਰਨੁ ਸੁਨਿ ਮਨ ਕਾਨੀ ॥ ਸੁਖੁ ਪਾਵਹਿ ਹਰਿ ਦੁਆਰ ਪਰਾਨੀ ॥ ੧॥ ਰਹਾਉ ॥**

ਹੇ ਭਰਾ ਪ੍ਰਮੇਸਰ ਦਾ ਸਿਮਰਨ ਮਨ ਵਿਚ ਕਰ ਅਤੇ ਕੰਨਾਂ ਦੁਆਰਾ ਜਸ ਸੁਣ,ਤੂੰ ਹਰੀ ਦੇ ਦਰਵਾਜ਼ੇ ਉਤੇ ਸੁਖ ਪਾਵੇਂਗਾ ॥ ਪਰਾਨੀ = ਆਦਮੀ ॥

**ਆਠ ਪਹਰ ਧਿਆਈਐ ਗੋਪਾਲੁ ॥ ਨਾਨਕ ਦਰ- ਸਨੁ ਦੇਖਿ ਨਿਹਾਲੁ ॥ ੨ ॥ ੧੦੧ ॥ ੧੭੦ ॥**

ਅਠੇ ਪਹਿਰ ਗੁਪਾਲ ਨੂੰ ਯਾਦ ਕਰੀਏ। ਗੁਰੂ ਜੀ ਜਿਸਦਾ ਦਰਸ਼ਨ ਦੇਖਕੇ ਨਿਹਾਲ ਹੋਈਦਾ ਹੈ।

## ਗਉੜੀ ਮਹਲਾ ੫ ॥

{ ਜਦੋਂ ਗੁਰੂ ਹਰ ਗੋਬਿੰਦ ਸਾਹਿਬ ਜੀ ਦਾ ਤਾਪ ਲੱਥ ਗਿਆ ਤਾਂ ਬਹੁਤ ਸਾਰੇ ਸਿਖ ਆਏ, ਸੁਖ ਅਨੰਦ ਦੀ ਬਾਤ ਪੁੱਛੀ ਤਾਂ ਸਾਰੇ ਪਰਵਾਰ ਨੂੰ ਸ਼ਾਂਤੀ ਹੋਈ ਤਾਂ ਗੁਰੂ ਜੀ ਸ਼ਬਦ ਉਚਾਰਿਆ। }

**ਸਾਂਤਿ ਭਈ ਗੁਰ ਗੋਬਿਦਿ ਪਾਈ ॥ ਤਾਪ ਪਾਪ ਬਿਨਸੇ ਮੇਰੇ ਭਾਈ ॥ ੧ ॥ ਰਹਾਉ ॥**

ਹੇ ਭਾਈ ਗੁਰੂ ਰਾਮ ਦਾਸ ਤੇ ਪ੍ਰਮੇਸਰ ਦੀ ਕਿਰਪਾ ਨਾਲ ਸਾਰੇ ਪ੍ਰਵਾਰ ਨੇ ਸ਼ਾਂਤੀ ਪਾਈ ਹੈ। ਇਹ ਸਾਰੀ ਗੁਰੂ ਪ੍ਰਮੇਸਰ ਦੀ ਕਿਰਪਾ ਹੋਈ ਹੈ। ਹੇ ਮੇਰੇ ਭਰਾਵਾ ਤਾਪ ਪਾਪ ਸਭ ਨਾਸ ਹੋ ਗਏ ਹਨ।

**ਰਾਮ ਨਾਮੁ ਨਿਤ ਰਸਨ ਬਖਾਨ ॥ ਬਿਨਸੇ ਰੋਗ ਭਏ ਕਲਿਆਨ ॥ ੧ ॥**

ਇਸ ਲਈ ਪ੍ਰਮੇਸਰ ਦੇ ਨਾਮ ਨੂੰ ਰੋਜ ਜੀਭ ਨਾਲ ਆਖ, ਸਾਰੇ ਰੋਗ ਨਾਸ ਹੋ ਗਏ ਹਨ ਅਤੇ ਸਾਰੇ ਸੁਖ ਆ ਮਿਲੇ ਹਨ।

**ਪਾਰਬ੍ਰਹਮ ਗੁਣ ਅਗਮ ਬੀਚਾਰ ॥ ਸਾਧੂ ਸੰਗਮਿ ਹੈ ਨਿਸਤਾਰ ॥ ੨ ॥**

ਜੇਹੜਾ ਪਾਰਬ੍ਰਹਮ ਬਿਅੰਤ ਹੈ, ਉਸਦੇ ਗੁਣ ਵਿਚਾਰੋ, ਸੰਤਾਂ ਦੇ ਸੰਗ ਕਰਕੇ ਨਿਸਤਾਰਾ ਹੁੰਦਾ ਹੈ।

Digitized by Panjab Digital Library | www.panjabdigilib.org

**ਨਿਰਮਲ ਗੁਣ ਗਾਵਹੁ ਨਿਤ ਨੀਤ ॥ ਗਈ ਬਿਆਧਿ ਉਬਰੇ ਜਨ ਮੀਤ ॥ ੩ ॥**

ਵਾਹਿਗੁਰੂ ਦੇ ਨਿਰਮਲ ਗੁਣਾਂ ਨੂੰ ਰੋਜ਼ ਗਾਓ। ਜਿਨ੍ਹਾਂ ਦਾਸਾਂ ਨੇ ਪ੍ਰਮੇਸਰ ਨੂੰ ਮਿੱਤ੍ਰ ਕੀਤਾ ਹੈ ਜਾਂ ਤੇ ਮਿੱਤ੍ਰ ਓਹ ਦਾਸ ਰੋਗਾਂ ਤੋਂ ਬਚ ਗਏ ਹਨ, ਓਹਨਾਂ ਦੀਆਂ ਸਾਰੀਆਂ ਵਿਆਧੀਆਂ ਚਲੀਆਂ ਗਈਆਂ ਹਨ।

**ਮਨ ਬਚ ਕ੍ਰਮ ਪ੍ਰਭੁ ਅਪਨਾ ਧਿਆਈ॥ ਨਾਨਕ ਦਾਸ ਤੇਰੀ ਸਰਣਾਈ ॥ ੪ ॥ ੧੦੨ ॥ ੧੭੧ ॥**

ਮਨ ਬਾਣੀ ਸਰੀਰ ਕਰਕੇ ਆਪਣੇ ਮਾਲਕ ਨੂੰ ਧਿਆਇਆ ਹੈ। ਗੁਰੂ ਜੀ–ਮੈਂ ਦਾਸ ਆਪ ਦੀ ਸ਼ਰਨ ਆਇਆ ਹਾਂ। ਇੱਕੁਰ ਬੇਨਤੀ ਕਰਨੀ ਚਾਹਦੀ ਹੈ।

## ਗਉੜੀ ਮਹਲਾ ੫ ॥

{ ਸੀਤਲਾ ਕਰਕੇ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਨੇਤ੍ਰ ਮੂੰਦੇ ਗਏ ਸਨ, ਲੋਕ ਕਈ ਤਰਾਂ ਦੀਆਂ ਗੱਲਾਂ ਕਰਨ ਲੱਗੇ ਤਾਂ ਨੇਤ੍ਰ ਉੱਘੜ ਆਏ। ਸੀਤਲਾ ਤੋਂ ਅਰਾਮ ਆਇਆ ਤਾਂ ਗੁਰੂ ਜੀ ਸ਼ਬਦ ਉਚਾਰਿਆ }

**ਨੇਤ੍ਰ ਪਰਗਾਸੁ ਕੀਆ ਗੁਰਦੇਵ ॥ ਭਰਮ ਗਏ ਪੂਰਨ ਭਈ ਸੇਵ ॥ ੧ ॥ ਰਹਾਉ ॥**

ਗੁਰੂ ਰਾਮਦਾਸ ਜੀ ਨੇ ਨੇਤ੍ਰਾਂ ਵਿਚ ਚਾਨਣ ਕੀਤਾ ਹੈ। ਨੇਤ੍ਰਾਂ ਦੇ ਚਲਿਆਂ ਜਾਣ ਦਾ ਜਾਂ ਹਰ ਗੋਬਿੰਦ ਦੇ ਨ ਬਚਣ ਦਾ ਕਈਆਂ ਨੂੰ ਭਰਮ ਸੀ ਗੁਰੂ ਜੀ ਆਖਦੇ ਹਨ, ਓਹ ਭਰਮ ਸਾਰਾ ਗੁਰੂ ਦੀ ਕਿਰਪਾ ਨਾਲ ਚਲਿਆ ਗਿਆ ਹੈ, ਜੇਹੜੀ ਟਹਿਲ ਗੁਰੂ ਅਰਜਨ ਜੀ ਦੇ ਮਹਿਲਾਂ ਨੇ ਬਾਬੇ ਬੁੱਢੇ ਜੀ ਦੀ ਬਬਾਲ ਦੀ ਬੀੜ ਅੰਮ੍ਰਿਤਸਰ ਤੋਂ ਸਤ ਕੋਹ ਨੰਗੀ ਪੈਰੀਂ ਜਾਕੇ ਪ੍ਰਸ਼ਾਦ ਲੱਸੀ ਗੰਡੇ ਖੁਆਕੇ ਕੀਤੀ ਸੀ, ਓਹ ਸੇਵਾ ਸਫਲ ਹੋਈ ਹੈ।

**ਸੀਤਲਾ ਤੇ ਰਖਿਆ ਬਿਹਾਰੀ ॥ ਪਾਰਬ੍ਰਹਮ ਪ੍ਰਭ ਕਿਰਪਾ ਧਾਰੀ ॥ ੧ ॥**

ਬਿਹਾਰੀ = ਸੰਸਾਰ ਵਿੱਚ ਫਿਰਨ ਵਾਲੇ ਪ੍ਰਮੇਸਰ ਨੇ ਸੀਤਲਾ ਤੋਂ ਰੱਖਿਆ ਕੀਤੀ ਹੈ, ਜਾਂ ਬਿਹਾਰੀ = ਵਿਹਾਰ ਕੁਸ਼ਲ ਵਾਲੇ ਬਾਲ ਨੂੰ। ਪਾਰਬ੍ਰਹਮ ਪ੍ਰਮੇਸ਼ਰ ਨੇ ਕਿਰਪਾ ਧਾਰੀ ਹੈ ਤੇ ਰੱਖਿਆ ਹੈ।

Digitized by Panjab Digital Library | www.panjabdigilib.org

ਨਾਨਕ ਨਾਮੁ ਜਪੈ ਸੋ ਜੀਵੈ ॥ ਸਾਧ ਸੰਗਿ ਹਰਿ ਅੰਮ੍ਰਿਤੁ ਪੀਵੈ ॥ ੨ ॥ ੧੦੩ ॥ ੧੭੨ ॥

ਗੁਰੂ ਜੀ - ਜੇਹੜੇ ਸਾਧ ਸੰਗਤ ਦੁਆਰਾ ਹਰੀ ਨਾਮ ਅੰਮ੍ਰਿਤ ਨੂੰ ਜਪਕੇ ਪੀਂਦੇ ਹਨ, ਓਹ ਜੀਵਨ ਰੂਪ ਹੋ ਜਾਂਦੇ ਹਨ, ਭਾਵ ਮੁਕਤੀ।

ਗਉੜੀ ਮਹਲਾ ੫ ॥

ਧਨ ਓਹੁ ਮਸਤਕੁ ਧਨੁ ਤੇਰੇ ਨੇਤ ॥ ਧਨ ਓਇ ਭਗਤ ਜਿਨ ਤੁਮ ਸੰਗਿ ਹੇਤ ॥ ੧ ॥

ਓਹ ਮੱਥਾ ਧੰਨ ਹੈ, ਜੇਹੜਾ ਤੈਨੂੰ ਨਿਉਂਦਾ ਹੈ ਅਤੇ ਓਹ ਅੱਖਾਂ ਧੰਨ ਹਨ, ਜੇਹੜੀਆਂ ਤੈਨੂੰ ਦੇਖਦੀਆਂ ਹਨ ਅਤੇ ਓਹ ਭਗਤ ਧੰਨ ਹਨ, ਜਿਨ੍ਹਾਂ ਦਾ ਤੇਰੇ ਨਾਲ ਪਿਆਰ ਹੈ।

ਨਾਮ ਬਿਨਾ ਕੈਸੇ ਸੁਖੁ ਲਹੀਐ ॥ ਰਸਨਾ ਰਾਮ ਨਾਮ ਜਸੁ ਕਹੀਐ ॥ ੧ ॥ ਰਹਾਉ ॥

ਵਾਹਿਗੁਰੂ ਦੇ ਨਾਮ ਬਿਨਾਂ ਕਿਸਤਰਾਂ ਸੁਖ ਲਭੀਏ, ਭਾਵ ਕਿਤੇ ਨਹੀਂ ਹੈ। ਜੀਭ ਨਾਲ ਰਾਮ ਦਾ ਨਾਮ ਤੇ ਜਸ ਆਖੀਏ।

ਤਿਨ ਊਪਰਿ ਜਾਈਐ ਕੁਰਬਾਣੁ ॥ ਨਾਨਕ ਜਿਨਿ ਜਪਿਆ ਨਿਰਬਾਣੁ ॥ ੨ ॥ ੧੦੪ ॥ ੧੭੩ ॥

ਓਹਨਾਂ ਦੇ ਉਤੋਂ ਕੁਰਬਾਨ ਜਾਈਏ। ਗੁਰੂ ਜੀ-ਹੇ ਨਿਰ-ਬਾਣ = ਦੁਖਾਂ ਤੋਂ ਰਹਿਤ ਵਾਹਿਗੁਰੂ ਜਿਨ੍ਹਾਂ ਨੇ ਤੈਨੂੰ ਜਪਿਆ ਹੈ।

ਗਉੜੀ ਮਹਲਾ ੫ ॥

ਤੂੰਹੈ ਮਸਲਤਿ ਤੂੰਹੈ ਨਾਲਿ ॥ ਤੂੰਹੈ ਰਾਖਹਿ ਸਾਰਿ ਸਮਾਲਿ ॥ ੧ ॥

ਹੇ ਵਾਹਿਗੁਰੂ ਭਗਤਾਂ ਦਾ ਸਲਾਹਕਾਰ ਵੀ ਤੂੰ ਹੀ ਹੈਂ ਅਤੇ ਤੂੰ ਹੀ ਸਦਾ ਨਾਲ਼ ਹੈਂ ਅਤੇ ਤੂੰ ਹੀ ਹਰ ਤਰ੍ਹਾਂ ਦੀ ਖਬਰ ਰੱਖਦਾ ਹੈਂ।
ਮਸਲਤ = ਵਖਰਿਆਂ ਬੈਠਕੇ ਸਲਾਹ ਕਰਨ ਦਾ ਨਾਮ ਹੈ।

ਐਸਾ ਰਾਮੁ ਦੀਨ ਦੁਨੀ ਸਹਾਈ ॥ ਦਾਸ ਕੀ ਪੈਜ ਰਖੈ ਮੇਰੇ ਭਾਈ ॥ ੧ ॥ ਰਹਾਉ ॥

Digitized by Panjab Digital Library | www.panjabdigilib.org

ਜੇਹੜਾ ਇੱਕੁਰ ਦਾ ਪ੍ਰਮੇਸ਼ਰ ਦਿਆਲੂ ਹੈ, ਓਹ ਲੋਕ ਪ੍ਰਲੋਕ ਦਾ ਸਹਾਇਕ ਹੈ, ਜਾਂ ਧਾਰਮਕ ਤੇ ਮਾਇਆ ਦੇ ਕੰਮਾਂ ਵਿੱਚ ਸਹਾਇਕ ਹੈ।

ਹੇ ਮੇਰੇ ਭਰਾ ਦਾਸਾਂ ਦੀ ਇੱਜ਼ਤ ਜਾਂ ਪਰਤੱਗਿਆ ਰੱਖਦਾ ਹੈ ਅਤੇ ਮੇਰੇ ਮਨ ਨੂੰ ਚੰਗਾ ਲੱਗਦਾ ਹੈ ।

**ਆਗੈ ਆਪਿ ਇਹੁ ਥਾਨੁ ਵਸਿ ਜਾਕੈ ॥ ਆਠ ਪਹਰ ਮਨੁ ਹਰਿ ਕਉ ਜਾਪੈ ॥ ੨ ॥**

ਅੱਗੇ ਉਸ ਲੋਕ ਵਿੱਚ ਵੀ ਓਹ ਆਪ ਹੀ ਵਾਹਿਗੁਰੂ ਹੈ ਅਤੇ ਇਹ ਥਾਂ ਵੀ ਸਾਰਾ ਜਿਸਦੇ ਵੱਸ ਹੈ। ਹੇ ਮਨ ਇੱਕੁਰ ਦੇ ਪ੍ਰਮੇਸ਼ਰ ਨੂੰ ਅੱਠੇ ਪਹਿਰ ਜਪ।

**ਪਤਿ ਪਰਵਾਣੁ ਸਚੁ ਨੀਸਾਣੁ ॥ ਜਾਕਉ ਆਪਿ ਕਰਹਿ ਫੁਰਮਾਣੁ ॥ ੩ ॥**

ਜਿਸਨੂੰ ਆਪ ਪ੍ਰਮੇਸ਼ਰ ਗੁਰਉਪਦੇਸ਼ ਰੂਪ ਹੁਕਮ ਕਰਦਾ ਹੈ। ਉਸ ਆਦਮੀ ਦੀ ਇੱਜ਼ਤ ਪਰਵਾਣ ਹੈ ਅਤੇ ਸੱਚੇ ਨਾਮ ਦਾ ਪਰਵਾਨਾ ਵੀ ਓਸੇ ਦੇ ਹੀ ਪਾਸ ਹੈ।

**ਆਪਿ ਦਾਤਾ ਆਪਿ ਪ੍ਰਤਿਪਾਲਿ ॥ ਨਿਤ ਨਿਤ ਨਾਨਕ ਰਾਮ ਨਾਮੁ ਸਮ੍ਹਾਲਿ ॥ ੪ ॥ ੧੦੫ ॥ ੧੭੪ ॥**

ਆਪੇ ਹੀ ਵਾਹਿਗੁਰੂ ਦਾਤਾ ਹੋਕੇ ਸਾਰਿਆਂ ਦੀ ਪਾਲਨਾ ਕਰਦਾ ਹੈ। ਗੁਰੂ ਜੀ—ਰੋਜ ਰੋਜ ਪ੍ਰਮੇਸ਼ਰ ਦੇ ਨਾਮ ਨੂੰ ਯਾਦ ਕਰਦੇ ਹਾਂ।

## ਗਉੜੀ ਮਹਲਾ ੫ ॥

**ਸਤਿਗੁਰੁ ਪੂਰਾ ਭਇਆ ਕ੍ਰਿਪਾਲੁ ॥ ਹਿਰਦੈ ਵਸਿਆ ਸਦਾ ਗੁਪਾਲੁ ॥ ੧ ॥**

ਜਿਸਦੇ ਉਤੇ ਪੂਰਾ ਸਤਿਗੁਰੂ ਕਿਰਪਾਲੂ ਹੋਇਆ ਹੈ, ਉਸਦੇ ਦਿਲ ਵਿੱਚ ਸਦਾ ਗੁਪਾਲ ਵੱਸਿਆ ਹੈ।

**ਰਾਮੁ ਰਵਤ ਸਦ ਹੀ ਸੁਖੁ ਪਾਇਆ ॥ ਮਇਆ ਕਰੀ ਪੂਰਨ ਹਰਿ ਰਾਇਆ ॥ ੧ ॥ ਰਹਾਉ ॥**

ਜਿਸ ਉਤੇ ਪੂਰਨ ਪ੍ਰਮੇਸ਼ਰ ਪ੍ਰਕਾਸ਼ਕ ਨੇ ਕ੍ਰਿਪਾ ਕੀਤੀ ਹੈ, ਉਸ ਆਦਮੀ ਨੇ ਪ੍ਰਮੇਸ਼ਰ ਨੂੰ ਜਪਿਆ ਤੇ ਸਦਾ ਸੁਖ ਪਾਇਆ ਹੈ।

Digitized by Panjab Digital Library | www.panjabdigilib.org

**ਕਹੁ ਨਾਨਕ ਜਾਕੇ ਪੂਰੇ ਭਾਗ ॥ ਹਰਿ ਹਰਿ ਨਾਮੁ ਅਸਥਿਰੁ ਸੋਹਾਗੁ ॥ ੨ ॥ ੧੦੬ ॥**

ਗੁਰੂ ਜੀ–ਜਿਸਦੇ ਪੂਰਨ ਭਾਗ ਹਨ, ਉਸਨੂੰ ਹਰਿ ਹਰਿ ਨਾਮ ਜਪਣ ਨਾਲ ਸਦਾ ਰਹਿਣ ਵਾਲਾ ਪ੍ਰਮੇਸ਼ਰ ਪਤੀ ਮਿਲਿਆ ਹੈ।

## ਗਉੜੀ ਮਹਲਾ ੫ ॥

{ ਇਕ ਪਾਖੰਡੀ ਾਹਮਣ ਪ੍ਰਥਾਇ–ਸ਼ਬਦ ਉਚਾਰਿਆ ਹੈ। }

**ਧੋਤੀ ਖੋਲਿ ਵਿਛਾਏ ਹੇਠਿ ॥ ਗਰਧਪ ਵਾਂਗੂ ਲਾਹੇ ਪੇਟਿ ॥ ੧ ॥**

ਧੋਤੀ ਖੋਲ੍ਹਕੇ ਹੇਠਾਂ ਵਿਛਾ ਲੈਂਦਾ ਹੈ, ਖੋਤੇ ਵਾਂਗ ਪੇਟ ਲਾਹ ਲੈਂਦਾ ਹ, ਭਾਵ ਢਿੱਡ ਭਰ ਲੈਂਦਾ ਹੈ।

**ਬਿਨੁ ਕਰਤੂਤੀ ਮੁਕਤਿ ਨ ਪਾਈਐ ॥ ਮੁਕਤਿ ਪਦਾਰਥੁ ਨਾਮੁ ਧਿਆਈਐ ॥ ੧ ॥ ਰਹਾਉ ॥**

ਚੰਗੀ ਕਰਤੂਤ = ਕਰਨੀ ਤੋਂ ਬਿਨਾ ਮੁਕਤੀ ਨਹੀਂ ਪਾਈ ਜਾਂਦੀ ਹੈ। ਨਾਮ ਧਿਆਉਣ ਨਾਲ ਮੁਕਤੀ ਪਦਾਰਥ ਮਿਲਦਾ ਹੈ।

**ਪੂਜਾ ਤਿਲਕ ਕਰਤ ਇਸਨਾਂਨਾ ॥ ਛੁਰੀ ਕਾਢਿ ਲੇਵੈ ਹਥਿ ਦਾਨਾ ॥ ੨ ॥**

ਪੂਜਾ, ਤਿਲਕ, ਇਸ਼ਨਾਨ ਕਰਦਾ ਹੈ। ਹੱਥ ਵਿੱਚ ਛੁਰੀ ਫੜਦਾ ਹ, ਛੁਰੀ ਕੱਢਕੇ ਵਿਖਾਕੇ ਜਾਂ ਮਰ ਜਾਵਾਂਗਾ ਜਾਂ ਮਾਰ ਦਿਆਂਗਾ, ਆਪ ਦੇ ਬੂਹੇ ਅੱਗੇ ਇੱਕੁਰ ਲੋਕਾਂ ਨੂੰ ਤੰਗ ਕਰਕੇ ਦਾਨ ਲੈਂਦਾ ਹੈ।

**ਬੇਦੁ ਪੜੈ ਮੁਖਿ ਮੀਠੀ ਬਾਣੀ ॥ ਜੀਆਂ ਕੁਹਤ ਨ ਸੰਗੈ ਪਰਾਣੀ ॥ ੩ ॥**

ਮੂੰਹੋਂ ਮਿੱਠੀ ਬਾਣੀ ਬੋਲਕੇ ਬੇਦ ਪੜ੍ਹਦਾਹੈ,ਇੱਕੁਰ ਦਾ ਇਹਬ੍ਰਾਹਮਣ ਆਦਮੀ। ਜੀਆਂ ਨੂੰ ਮਾਰਦਾ ਹੋਇਆ ਸ਼ਰਮ ਨਹੀਂ ਕਰਦਾ ਹੈ।

**ਕਹੁ ਨਾਨਕ ਜਿਸੁ ਕਿਰਪਾ ਧਾਰੈ ॥ ਹਿਰਦਾ ਸੁਧੁ ਬ੍ਰਹਮੁ ਬੀਚਾਰੈ ॥ ੪ ॥ ੧੦੭ ॥**

ਗੁਰੂ ਜੀ–ਜਿਸ ਉਤੇ ਪ੍ਰਮੇਸ਼ਰ ਕਿਰਪਾ ਕਰਦਾ ਹੈ, ਉਸਦਾ ਦਿਲ ਸੁੱਧ ਹੁੰਦਾ ਹੈ ਅਤੇ ਓਹ ਪ੍ਰਮੇਸ਼ਰ ਦਾ ਵਿਚਾਰ ਕਰਦਾ ਹੈ।

Digitized by Panjab Digital Library | www.panjabdigilib.org

## ਗਉੜੀ ਮਹਲਾ ੫ ॥

[ ਜਦੋਂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਮਹਿਲ ਬਾਬਾ ਬੁਢਾ ਜੀ ਦੇ ਪਾਸ ਬੜੀ ਧੂਮ ਧਾਮ ਨਾਲ ਝੁਬਾਲ ਦੀ ਬੀੜ ਵਿੱਚ ਸੇਵਾ ਕਰਨ ਗਏ ਸੀ, ਉਸ ਵੇਲੇ ਭਾਈ ਬੁੱਢੇ ਨੇ ਬੜੀ ਧੂੜ ਉੱਡਦੀ ਵੇਖਕੇ ਸਿੱਖਾਂ ਨੂੰ ਪੁਛਿਆ, ਤਾਂ ਓਹਨਾਂ ਦੱਸਿਆ, ਬਾਬੇ ਨੇ ਭਾਜੜ ਪਈ ਸਰਾਪ ਦਿੱਤਾ, ਗੁਰੂ ਜੀ ਵਡਾਲੀ ਵਿੱਚ ਜਾ ਰਹੇ ਸੀ, ਓਥੇ ਹੀ ਗੁਰੂ ਹਰਗੋਬਿੰਦ ਜੀ ਜਨਮੇ, ਜਦੋਂ ਮੁੜਕੇ ਸ੍ਰੀ ਅੰਮ੍ਰਿਤਸਰ ਆਏ ਤਾਂ ਸੁਲਹੀ ਆਦਕ ਬਾਦਸ਼ਾਹ ਦਾ ਦੁਖ ਦੂਰ ਹੋਯਾ ਤੇ ਤਾਂ ਗੁਰੂ ਜੀ ਸ਼ਬਦ ਉਚਾਰਿਆ ਹੈ। ]

**ਥਿਰੁ ਘਰਿ ਬੈਸਹੁ ਹਰਿ ਜਨੁ ਪਿਆਰੇ ॥ ਸਤਿਗੁਰਿ ਤੁਮਰੇ ਕਾਜ ਸਵਾਰੇ ॥ ੧ ॥ ਰਹਾਉ ॥**

ਹੇ ਹਰੀ ਜਨ ਪਿਆਰੇ ਹੁਣ ਤੁਸੀ ਆਪਣੇ ਘਰ ਵਿੱਚ ਚੰਗੀ ਤਰ੍ਹਾਂ ਆਰਾਮ ਨਾਲ ਟਿਕਕੇ ਬੈਠ ਜਾਓ। ਸਤਿਗੁਰਾਂ ਨੇ ਤੁਹਾਡੇ ਕੰਮ ਸਵਾਰ ਦਿੱਤੇ ਹਨ।

**ਦੁਸਟ ਦੂਤ ਪਰਮੇਸਰਿ ਮਾਰੇ ॥ ਜਨਕੀ ਪੈਜ ਰਖੀ ਕਰਤਾਰੇ ॥ ੧ ॥**

ਦੁਸ਼ਟਤਾ ਕਰਨ ਵਾਲੇ ਦੂਤ = ਚੁਗਲ ਖੋਰ ਜਾਂ ਜੇਹੜੇ ਦਿੱਲੀ ਤੋਂ ਬਾਦਸ਼ਾਹ ਦੇ ਘੱਲੇ ਹੋਏ ਆਏ ਸੀ, ਓਹ ਵਾਹਿਗੁਰੂ ਨੇ ਮਾਰ ਦਿੱਤੇ ਹਨ। ਕਰਤਾਰ ਨੇ ਦਾਸ ਦੀ ਇੱਜ਼ਤ ਜਾਂ ਪਰਤੱਗਿਆ ਰੱਖੀ ਹੈ।

**ਬਾਦਿਸਾਹ ਸਾਹ ਸਭ ਵਸਿ ਕਰ ਦੀਨੇ ॥ ਅੰਮ੍ਰਿਤ ਨਾਮੁ ਮਹਾ ਰਸ ਪੀਨੇ ॥ ੨ ॥**

ਬਾਦਸ਼ਾਹ ਅਤੇ ਸ਼ਾਹੂਕਾਰ ਸਾਰੇ ਸਾਡੇ ਵੱਸ ਕਰ ਦਿੱਤੇ ਹਨ। ਅਸੀ ਹੁਣ ਨਾਮ ਅੰਮ੍ਰਿਤ ਜੋ ਬੜਾ ਸੁਾਦੀ ਹੈ, ਪੀਂਦੇ ਹਾਂ।

**ਨਿਰਭਉ ਹੋਇ ਭਜਹੁ ਭਗਵਾਨ ॥ ਸਾਧ ਸੰਗਤਿ ਮਿਲਿ ਕੀਨੋ ਦਾਨੁ ॥ ੩ ॥**

ਇਸ ਲਈ ਨਿਰਭੌ ਹੋਕੇ ਵਾਹਿਗੁਰੂ ਦਾ ਭਜਨ ਕਰੋ। ਅਸੀਂ ਸੰਤਾਂ ਦੀ ਸੰਗਤ ਵਿੱਚ ਮਿਲੇ ਹਾਂ, ਇਸ ਲਈ ਸਾਨੂੰ ਇਹ ਸੰਤਾਂ ਦੀ ਸੰਗਤ ਨੇ ਦਾਨ ਕੀਤਾ ਹੈ, ਭਾਵ ਪ੍ਰਮੇਸ਼ਰ ਦੇ ਨਾਲ ਮਿਲਾਕੇ ਨਿਰਭੌ ਕਰ ਦਿੱਤਾ

Digitized by Panjab Digital Library | www.panjabdigilib.org

ਹੈ, ਜਾਂ ਤੁਸੀ ਸਤਸੰਗ ਨਾਲ ਮਿਲਕੇ ਦਾਨ ਕਰੋ।

**ਸਰਣਿ ਪਰੇ ਪ੍ਰਭ ਅੰਤਰ ਜਾਮੀ ॥ ਨਾਨਕ ਓਟ ਪਕਰੀ ਪ੍ਰਭ ਸੁਆਮੀ ॥ ੪ ॥ ੧੦੯ ॥**

ਅਸੀਂ ਅੰਤਰਜਾਮੀ ਮਾਲਕ ਦੀ ਸ਼ਰਨੀ ਪਏ ਹਾਂ, ਗੁਰੂ ਜੀ—ਸਮਰੱਥ ਮਾਲਕ ਦੀ ਓਟ ਫੜ ਲਈ ਹੈ।

**ਗਉੜੀ ਮਹਲਾ ੫ ॥**

**ਹਰਿ ਸੰਗਿ ਰਾਤੇ ਭਾਹਿ ਨ ਜਲੈ ॥ ਹਰਿ ਸੰਗਿ ਰਾਤੇ ਮਾਇਆ ਨਹੀ ਛਲੈ ॥ ਹਰਿ ਸੰਗਿ ਰਾਤੇ ਨਹੀ ਡੂਬੈ ਜਲਾ॥ ਹਰਿ ਸੰਗਿ ਰਾਤੇ ਸੁਫਲ ਫਲਾ ॥ ੧ ॥**

ਪ੍ਰਮੇਸ਼ਰ ਦੇ ਨਾਲ ਪ੍ਰੇਮ ਕਰਨ ਨਾਲ ਜਾਂ ਰੰਗਿਆਂ ਜਾਣ ਨਾਲ ਤ੍ਰਿਸ਼ਨਾ ਅੱਗ ਨਹੀਂ ਸਾੜ ਸੱਕਦੀ ਹੈ, ਜਾਂ ਨਹੀਂ ਸੜ ਸੱਕਦਾ। ਪ੍ਰਮੇਸ਼ਰ ਦੇ ਨਾਲ ਰੰਗਿਆਂ ਜਾਣ ਨਾਲ ਮਾਇਆ ਨਹੀਂ ਛਲਦੀ ਹੈ।

ਪ੍ਰਮੇਸ਼ਰ ਦੇ ਨਾਲ ਰੱਤਿਆਂ ਪਾਣੀ ਨਹੀਂ ਡੋਬ ਸੱਕਦਾ,ਜਿਸ ਤਰਾਂ ਕਬੀਰ ਪ੍ਰਹਲਾਦ ਦੀਆਂ ਸਾਖੀਆਂ ਹਨ ਜਾਂ ਵਿਸ਼ਿਆਂ ਰੂਪ ਪਾਣੀ ਵਿਚ ਆਦਮੀ ਨਹੀਂ ਡੁੱਬਦਾ। ਪ੍ਰਮੇਸ਼ਰ ਦੇ ਨਾਲ ਰੱਤਿਆਂ ਚੰਗਿਆਂ ਫਲਾਂ ਨਾਲ ਫਲਦਾ ਹੈ ਭਾਵ ਵੈਰਾਗ ਬਿਬੇਕ ਗੁਣ।

**ਸਭ ਭੈ ਮਿਟਹਿ ਤੁਮਾਰੈ ਨਾਇ ॥ ਭੇਟਤ ਸੰਗਿ ਹਰਿ ਹਰਿ ਗੁਣ ਗਾਇ ॥ ਰਹਾਉ ॥**

ਹੇ ਭਰਾ ਨਾਮ ਜਪਣ ਨਾਲ ਤੁਹਾਡੇ ਸਾਰੇ ਡਰ ਦੂਰ ਹੋ ਜਾਣਗੇ। ਸਤ-ਸੰਗ ਨਾਲ ਮਿਲਕੇ ਪ੍ਰਮੇਸਰ ਦੇ ਗੁਣ ਗਾਓ।

**ਹਰਿ ਸੰਗਿ ਰਾਤੇ ਮਿਟੈ ਸਭਿ ਚਿੰਤਾ ॥ ਹਰਿ ਸਿਉ ਸੋ ਰਚੈ ਜਿਸੁ ਸਾਧ ਕਾ ਮੰਤਾ ॥ ਹਰਿ ਸੰਗਿ ਰਾਤੇ ਜਮ ਕੀ ਨਹੀ ਤ੍ਰਾਸ ॥ ਹਰਿ ਸੰਗਿ ਰਾਤੇ ਪੂਰਨ ਆਸ ॥ ੨ ।**

ਪ੍ਰਮੇਸਰ ਦੇ ਨਾਲ ਰੱਤਿਆਂ ਸਾਰੀ ਚਿੰਤਾ ਮਿਟ ਜਾਂਦੀ ਹੈ।

ਪਰ ਪ੍ਰਮੇਸਰ ਦੇ ਨਾਲ ਓਹ ਰਚਦਾ ਹੈ ਭਾਵ ਪ੍ਰੇਮ ਕਰਦਾ ਹੈ,ਜਿਸਨੂੰ ਸੰਤਾਂ ਦਾ ਉਪਦੇਸ਼ ਮਿਲਦਾ ਹੈ। ਪ੍ਰਮੇਸਰ ਦੇ ਨਾਲ ਰੱਤਿਆਂ ਜਮ ਦਾ ਡਰ ਨਹੀਂ ਹੁੰਦਾ ਹੈ। ਪ੍ਰਮੇਸਰ ਦੇ ਨਾਲ ਪ੍ਰੀਤੀ ਕਰਨ ਨਾਲ ਸਾਰੀ ਆਸਾ ਪੂਰੀ ਹੋ ਜਾਂਦੀ ਹੈ।

Digitized by Panjab Digital Library | www.panjabdigilib.org

ਹਰਿ ਸੰਗਿ ਰਾਤੇ ਦੂਖੁ ਨ ਲਾਗੈ॥ ਹਰਿ ਸੰਗਿ ਰਾਤਾ ਅਨ ਦਿਨੁ ਜਾਗੈ ॥ ਹਰਿ ਸੰਗਿ ਰਾਤਾ ਸਹਜ ਘਰਿ ਵਸੈ ॥ ਹਰਿ ਸਗਿ ਰਾਤੇ ਭ੍ਰਮੁ ਭਉ ਨਸੈ ॥ ੩ ॥

ਪ੍ਰਮੇਸਰ ਦੇ ਨਾਲ ਰੱਤਿਆਂ ਦੁਖ ਨਹੀਂ ਲੱਗਦਾ ਹੈ। ਪ੍ਰਮੇਸਰ ਦੇ ਨਾਲ ਰੱਤਿਆਂ ਲਗਾਤਾਰ ਗਿਆਨ ਮਨ ਵਿਚ ਜਾਗਦਾ ਹੈ। ਪ੍ਰਮੇਸਰ ਦੇ ਨਾਲ ਰੱਤਾ ਹੋਇਆ ਸਹਿਜ ਦੇ ਘਰ ਵਿਚ ਵੱਸਦਾ ਹੈ। ਪ੍ਰਮੇਸਰ ਦੇ ਨਾਲ ਰੱਤਿਆਂ ਭਰਮ ਅਤੇ ਡਰ ਨਸ ਜਾਂਦਾ ਹੈ।

ਹਰਿ ਸੰਗਿ ਰਾਤੇ ਮਤਿ ਊਤਮ ਹੋਇ ॥ ਹਰਿ ਸੰਗਿ ਰਾਤੇ ਨਿਰਮਲ ਸੋਇ ॥ ਕਹੁ ਨਾਨਕ ਤਿਨਕਉ ਬਲਿਜਾਈ॥ ਜਿਨ ਕਉ ਪ੍ਰਭੁ ਮੇਰਾ ਬਿਸਰਤ ਨਾਹੀ ॥ ੪॥ ੧੦੯ ॥

ਪ੍ਰਮੇਸਰ ਦੇ ਨਾਲ ਰੱਤਿਆਂ ਅਕਲ ਚੰਗੀ ਹੁੰਦੀ ਹੈ। ਪ੍ਰਮੇਸਰ ਦੇ ਨਾਲ ਰੱਤਿਆਂ ਸੋਇ = ਸੋਭਾ ਨਿਰਮਲ ਹੁੰਦੀ ਹੈ। ਗੁਰੂ ਜੀ-ਮੈਂ ਓਹਨ ਤੋਂ ਬਲਹਾਰ ਜਾਂਦਾ ਹਾਂ। ਜਿਨ੍ਹਾਂ ਨੂੰ ਮੇਰਾ ਮਾਲਕ ਭੁਲਦਾ ਨਹੀਂ ਹੈ

ਗਉੜੀ ਮਹਲਾ ੫ ॥

ਉਦਮੁ ਕਰਤ ਸੀਤਲ ਮਨ ਭਏ ॥ ਮਾਰਗਿ ਚਲਤ ਸਗਲ ਦੂਖ ਗਏ ॥ ਨਾਮੁ ਜਪਤ ਮਨਿ ਭਏ ਅਨੰਦ ॥ ਰਸਿ ਗਾਏ ਗੁਨ ਪਰਮਾਨੰਦ ॥ ੧ ॥

ਸਤਿਸੰਗ ਦਾ ਉੱਦਮ ਕਰਦਿਆਂ ਹੀ ਮਨ ਆਦਕ ਇੰਦ੍ਰੇ ਸੀਤਲ ਹੋ ਗਏ ਹਨ। ਪ੍ਰਮੇਸਰ ਦੇ ਰਸਤੇ ਚਲਦਿਆਂ ਹੀ ਸਾਰੇ ਦੁਖ ਚਲੇ ਗਏ ਹਨ। ਨਾਮ ਜਪਣ ਨਾਲ ਮਨ ਵਿਚ ਬਹੁਤ ਅਨੰਦ ਹੋਏ ਹਨ। ਜਦੋਂ ਰਸ ਪ੍ਰੇਮ ਨਾਲ ਗੁਣ ਗਾਏ ਤਾਂ ਬਹੁਤ ਹੀ ਪਰਮ ਅਨੰਦ ਹੋਇਆ ਹੈ।

ਖੇਮ ਭਇਆ ਕੁਸਲ ਘਰਿ ਆਏ ॥ ਭੇਟਤ ਸਾਧ ਸੰਗਿ ਗਈ ਬਲਾਏ ॥ ਰਹਾਉ ॥

ਮੇਰੇ ਮਨ ਨੂੰ ਖੇਮ = ਕਲਿਆਣ ਹੋਈ ਹੈ ਜਾਂ ਰੱਖਿਆ ਅਤੇ ਅਸੀਂ ਸੁਖੀ ਰਹਿਣ ਵਾਲੇ ਘਰ ਵਿਚ ਆਏ ਹਾਂ। ਸੰਤਾਂ ਦੇ ਸੰਗ ਮਿਲਦਿਆਂ ਹੀ ਅਵਿਦਜਾ ਬਲਾ ਚਲੀ ਗਈ ਹੈ।

Digitized by Panjab Digital Library | www.panjabdigilib.org

ਨੇਤ੍ਰ ਪੁਨੀਤ ਪੇਖਤ ਹੀ ਦਰਸ ॥ ਧਨਿ ਮਸਤਕ ਚਰਨ ਕਮਲ ਹੀ ਪਰਸ ॥

ਸੰਤਾਂ ਦਾ ਦਰਸ਼ਨ ਵੇਖਦਿਆਂ ਹੀ ਨੇਤ੍ਰ ਪਵਿਤ੍ਰ ਹੋ ਗਏ ਹਨ। ਚਰਨ ਕਮਲਾਂ ਨੂੰ ਲੱਗਦਿਆਂ ਹੀ ਮੱਥਾ ਧੰਨ ਹੋਗਿਆ ਹੈ।

ਗੋਬਿੰਦ ਕੀ ਟਹਿਲ ਸਫਲ ਇਹ ਕਾਂਇਆ ॥ ਸੰਤ ਪ੍ਰਸਾਦਿ ਪਰਮ ਪਦੁ ਪਾਇਆ ॥੨॥

ਪ੍ਰਮੇਸਰ ਦੀ ਸੇਵਾ ਭਗਤੀ ਕਰਦਿਆਂ ਹੀ ਇਹ ਕਾਇਆਂ ਸਫਲੀ ਹੋ ਗਈ ਹੈ। ਪਰ ਸੰਤਾਂ ਦੀ ਕਿਰਪਾ ਨਾਲ ਮੁਕਤੀ ਨੂੰ ਪਾਇਆ ਹੈ।

ਜਨਕੀ ਕੀਨੀ ਆਪਿ ਸਹਾਇ ॥ ਸੁਖੁ ਪਾਇਆ ਲਗਿ ਦਾਸਹ ਪਾਇ ॥ ਆਪੁ ਗਿਆ ਤਾ ਆਪਹਿ ਭਏ ॥ ਕ੍ਰਿਪਾ ਨਿਧਾਨ ਕੀ ਸਰਨੀ ਪਏ ॥੩॥

ਮੇਰੀ ਦਾਸ ਦੀ ਵਾਹਿਗੁਰੂ ਨੇ ਆਪ ਸਹਾਇਤਾ ਕੀਤੀ ਹੈ। ਪ੍ਰਮੇਸਰ ਦੇ ਦਾਸਾਂ ਦੀ ਪੈਰੀਂ ਲੱਗਕੇ ਸੁਖ ਪਾਇਆ ਹੈ। ਸੰਤਾਂ ਦੀ ਕਿਰਪਾ ਨਾਲ ਜਦੋਂ ਹੰਕਾਰ ਗਿਆ ਤਾਂ ਅਸੀਂ ਆਪ ਹੀ ਪ੍ਰਮੇਸਰ ਦਾ ਰੂਪ ਹੋ ਗਏ। ਓਦੋਂ ਹੰਕਾਰ ਗਿਆ ਜਦੋਂ ਕਿਰਪਾ ਦੇ ਖਜ਼ਾਨੇ ਸਤਿਗੁਰੂ ਦੀ ਸ਼ਰਨੀ ਪਏ ਹਾਂ।

ਜੋ ਚਾਹਤ ਸੋਈ ਜਬ ਪਾਇਆ ॥ ਤਬ ਢੂੰਢਨ ਕਹਾ ਕੋ ਜਾਇਆ ॥ ਅਸਥਿਰ ਭਏ ਬਸੇ ਸੁਖ ਆਸਨ ॥ ਗੁਰਪ੍ਰਸਾਦਿ ਨਾਨਕ ਸੁਖ ਬਾਸਨ ॥੪॥੧੧੦॥

ਜਿਸਨੂੰ ਲੋੜਦੇ ਸੀ ਜਦੋਂ ਆਪਣੇ ਆਪ ਦੇ ਅੰਦਰ ਉਸ ਪ੍ਰਮੇਸਰ ਨੂੰ ਪਾ ਲਿਆ। ਤਾਂ ਫਿਰ ਹੁਣ ਕੇਹੜੀ ਥਾਂ ਨੂੰ ਲੱਭਣ ਜਾਣਾ ਹੈ। ਜਦੋਂ ਸੁਖਾਂ ਦੇ ਥਾਂ ਪ੍ਰਮੇਸਰ ਦੇ ਵਿਚ ਵੱਸ ਗਏ ਹਾਂ ਤਾਂ ਅਸਥਿਰ ਹੋ ਗਏ ਹਾਂ। ਗੁਰੂ ਜੀ-ਪਰ ਗੁਰਾਂ ਦੀ ਕਿਰਪਾ ਨਾਲ ਸੁਖਾਂ ਦੇ ਬਾਸਨ = ਪਾਤ੍ਰ ਭਾਂਡੇ ਹੋ ਗਏ ਹਾਂ ਜਾਂ ਸੁਖਾਂ ਦੇ ਵਿਚ ਵੱਸੇ ਹਾਂ।

ਗਉੜੀ ਮਹਲਾ ੫ ॥

ਕੋਟਿ ਮਜਨ ਕੀਨੋ ਇਸਨਾਨ ॥ ਲਾਖ ਅਰਬ ਖਰਬ ਦੀਨੋ ਦਾਨੁ ॥ ਜਾ ਮਨਿ ਵਸਿਓ ਹਰਿਕੋ ਨਾਮੁ ॥੧॥

Digitized by Panjab Digital Library | www.panjabdigilib.org

ਪ੍ਰਮੇਸਰ ਦਾ ਨਾਮ ਜਪਣ ਨਾਲ ਕਰੋੜਾਂ ਤੀਰਥਾਂ ਦਾ ਮੱਜਨ ਇਸ਼ਨਾਨ ਕੀਤਾ ਹੈ ਜਾਂ ਕਰ ਲਿਆ ਹੈ। ਪ੍ਰਮੇਸਰ ਦਾ ਨਾਮ ਜਪਣ ਨਾਲ ਲਖਾਂ ਅਰਬਾਂ ਖਰਬਾਂ ਨੂੰ ਦਾਨ ਦਿੱਤਾ ਹੈ, ਇਹ ਸਮਝ ਲਓ, ਜਦੋਂ ਪ੍ਰਮੇਸਰ ਦਾ ਨਾਮ ਮਨ ਵਿਚ ਵੱਸਿਆ।

**ਸਗਲ ਪਵਿਤ ਗੁਨ ਗਾਇ ਗੁਪਾਲ ॥ ਪਾਪ ਮਿਟਹਿ ਸਾਧੂ ਸਰਨਿ ਦਇਆਲ ॥ ਰਹਾਉ ॥**

ਗੁਪਾਲ ਦੇ ਗੁਣ ਗਾਕੇ ਸਾਰੇ ਨੀਚ ਆਦਮੀ ਪਵਿਤ੍ਰ ਹੋ ਗਏ ਹਨ। ਜੇਹੜੇ ਦਿਆਲੂ ਸਾਧੂ ਹਨ ਓਹਨਾਂ ਦੀ ਸਰਨ ਲੈਣ ਨਾਲ ਸਾਰੇ ਪਾਪ ਮਿਟ ਗਏ ਹਨ।

**ਬਹੁਤੁ ਉਰਧ ਤਪ ਸਾਧਨ ਸਾਧੇ ॥ ਅਨਿਕ ਲਾਭ ਮਨੋਰਥ ਲਾਧੇ ॥ ਹਰਿ ਹਰਿ ਨਾਮ ਰਸਨ ਅ ਰਾਧੇ ॥ ੨ ॥**

ਬਾਹਾਂ ਉੱਚੀਆਂ ਕਰਕੇ ਖੜ੍ਹੋਤਿਆਂ ਰਹਿਣਾ ਇੱਕੁਰ ਦੇ ਬਹੁਤ ਹੀ ਤਪ ਕੀਤੇ ਅਤੇ ਸਾਧਨਾਂ ਨੂੰ ਵੀ ਸਾਧ ਲਿਆ। ਅਨੇਕਾਂ ਹੀ ਲਾਭ ਮਨ ਦੇ ਮਤਲਬਾਂ ਨੂੰ ਲੱਭ ਲਿਆ। ਜੇਹੜਾ ਜੀਭ ਨਾਲ ਹਰਿ ਹਰਿ ਦਾ ਨਾਮ ਯਾਦ ਕੀਤਾ ਹੈ।

**ਸਿੰਮ੍ਰਿਤਿ ਸਾਸਤ ਬੇਦ ਬਖਾਨੇ ॥ ਜੋਗ ਗਿਆਨ ਸਿਧ ਸੁਖ ਜਾਨੇ ॥ ਨਾਮੁ ਜਪਤ ਪ੍ਰਭ ਸਿਉ ਮਨ ਮਾਨੇ॥੩॥**

ਸਿੰਮ੍ਰਤੀਆਂ ਸ਼ਾਸਤਰ ਵੇਦ ਸਾਰੇ ਪੜ੍ਹ ਲਏ ਭਾਵ ਪੜ੍ਹਨ ਦਾ ਫਲ ਮਿਲ ਗਿਆ। ਜੋਗ ਦਾ ਗਿਆਨ ਅਤੇ ਸਾਰੀਆਂ ਸਿੱਧੀਆਂ ਦੇ ਸੁਖਾਂ ਨੂੰ ਜਾਣ ਲਿਆ। ਜਦੋਂ ਨਾਮ ਜਪਣ ਨਾਲ ਮਨ ਆਦਕ ਇੰਦ੍ਰੇ ਪ੍ਰਮੇਸ਼ਰ ਦੇ ਨਾਲ ਮੰਨ ਗਏ ਭਾਵ ਭਰੋਸਾ ਹੋਯਾ।

**ਅਗਾਧਿ ਬੋਧਿ ਹਰਿ ਅਗਮ ਅਪਾਰੇ ॥ ਨਾਮੁ ਜਪਤ ਨਾਮੁ ਰਿਦੇ ਬੀਚਾਰੇ ॥ ਨਾਨਕ ਕਉ ਪ੍ਰਭ ਕਿਰਪਾ ਧਾਰੇ ॥ ੪ ॥ ੧੧੧ ॥**

ਜਿਸਦੇ ਗਿਆਨ ਨੂੰ ਜਾਣਨਾ ਬੜਾ ਔਖਾ ਹੈ, ਜਿਸ ਪ੍ਰਮੇਸਰ ਦੇ ਪਾਸ ਜਾਇਆ ਨਹੀਂ ਜਾਂਦਾ ਜੋ ਬਹੁਤ ਹੀ ਵੱਡਾ ਹੈ। ਉਸ ਇੱਕੁਰ ਦੇ ਪ੍ਰਮੇਸਰ ਦਾ ਨਾਮ ਜਿਸਨੇ ਜਪਿਆ ਹੈ ਅਤੇ ਦਿਲ ਵਿਚ ਨਾਮ ਨੂੰ ਵਿਚਾਰਿਆ ਹੈ। ਗੁਰੂ ਜੀ–ਉਸ ਆਦਮੀ ਉਤੇ ਪ੍ਰਮੇਸਰ ਕਿਰਪਾ ਕਰੇਗਾ

Digitized by Panjab Digital Library | www.panjabdigilib.org

ਤੇ ਹੁਣ ਕਰਦਾ ਹੈ, ਜਾਂ ਜਿਨ੍ਹਾਂ ਆਦਮੀਆਂ ਉਤੇ ਪ੍ਰਮੇਸ਼ਰ ਕਿਰਪਾ ਕਰਦਾ ਹੈ, ਓਹ ਨਾਮ ਨੂੰ ਜਪਦੇ ਹਨ ਅਤੇ ਦਿਲ ਵਿਚ ਵੀ ਨਾਮ ਦਾ ਵਿਚਾਰ ਕਰਦੇ ਹਨ।

**ਗਉੜੀ ਮਃ ੫**

**ਸਿਮਰਿ ਸਿਮਰਿ ਸਿਮਰਿ ਸੁਖੁ ਪਾਇਆ ॥ ਚਰਨ ਕਮਲ ਗੁਰ ਰਿਦੈ ਬਸਾਇਆ ॥ ੧ ॥**

ਜਦੋਂ ਗੁਰਾਂ ਦੇ ਚਰਨਾਂ ਕਮਲਾਂ ਨੂੰ ਦਿਲ ਵਿਚ ਵਸਾਇਆ ਤਾਂ ਸਿਮਰਨ ਵਾਲੇ ਦੇ ਸਿਮਰਨ ਨੂੰ ਸਿਮਰਕੇ ਸੁਖ ਪਾਇਆ।

**ਗੁਰ ਗੋਬਿੰਦੁ ਪਾਰਬ੍ਰਹਮੁ ਪੂਰਾ ॥ ਤਿਸਹਿ ਅਰਾਧਿ ਮੇਰਾ ਮਨੁ ਧੀਰਾ ॥ ਰਹਾਉ ॥**

ਗੁਰੂ ਗੋਬਿੰਦ ਤੇ ਪੂਰੇ ਪਾਰਬ੍ਰਹਮ ਦਾ ਰੂਪ ਹੈ ਜਾਂ ਵੱਡਾ ਪ੍ਰਮੇਸਰ ਸਾਰਿਆਂ ਵਿਚ ਮਿਲਿਆ ਹੋਇਆ ਹੈ, ਉਸਨੂੰ ਯਾਦ ਕਰਕੇ ਮੇਰਾ ਮਨ ਧੀਰਜ ਵਾਲਾ ਹੋਇਆ ਹੈ।

**ਅਨ ਦਿਨੁ ਜਪਉ ਗੁਰੂ ਗੁਰ ਨਾਮ ॥ ਤਾਤੇ ਸਿਧਿ ਭਏ ਸਗਲ ਕਾਂਮ ॥ ੨ ॥**

ਮੈਂ ਰਾਤ ਦਿਨ ਗੁਰੂ ਗੁਰੂ ਨਾਮ ਜਪਦਾ ਹਾਂ, ਇਸ ਲਈ ਮੇਰੇ ਸਾਰੇ ਕੰਮ ਸੌਰ ਗਏ ਹਨ।

**ਦਰਸਨ ਦੇਖਿ ਸੀਤਲ ਮਨ ਭਏ ॥ ਜਨਮ ਜਨਮ ਕੇ ਕਿਲ ਬਿਖ ਗਏ ॥ ੩ ॥**

ਦਰਸ਼ਨ ਕਰਕੇ ਮਨ ਤਨ ਸੀਤਲ ਹੋ ਗਏ, ਜਨਮਾਂ ੨ ਦੇ ਪਾਪ ਚਲੇ ਗਏ।

**ਕਹੁ ਨਾਨਕ ਕਹਾ ਭੈ ਭਾਈ ॥ ਅਪਨੇ ਸੇਵਕ ਕੀ ਆਪਿ ਪੈਜ ਰਖਾਈ ॥ ੪ ॥ ੧੧੨ ॥**

ਗੁਰੂ ਜੀ—ਹੇ ਭਰਾ ਹੁਣ ਡਰ ਕਿੱਥੇ ਹੈ, ਪ੍ਰਮੇਸ਼ਰ ਨੇ ਆਪਣੇ ਦਾਸ ਦੀ ਪਤ ਰੱਖੀ ਹੈ।

**ਗਉੜੀ ਮਹਲਾ ੫ ॥**

**ਅਪਨੇ ਸੇਵਕ ਕਉ ਆਪਿ ਸਹਾਈ ॥ ਨਿਤ ਪ੍ਰਤਿਪਾਰੈ ਬਾਪ ਜੈਸੇ ਮਾਈ ॥ ੧ ॥**

Digitized by Panjab Digital Library | www.panjabdigilib.org

ਆਪਣੇ ਦਾਸ ਨੂੰ ਆਪ ਸਹਾਈ ਹੋਇਆ ਹੈ, ਜਿਸ ਤਰ੍ਹਾਂ ਮਾਤਾ ਪਿਤਾ ਪਾਲਦੇ ਹਨ, ਉਸ ਤਰਾਂ ਪਾਲਦਾ ਹੈ।

**ਪ੍ਰਭ ਕੀ ਸਰਨਿ ਉਬਰੈ ਸਭ ਕੋਇ ॥ ਕਰਨ ਕਰਾਵਨ ਪੂਰਨ ਸਚੁ ਸੋਇ ॥ ਰਹਾਉ ॥**

ਮਾਲਕ ਦੀ ਸ਼ਰਨ ਵਿੱਚ ਹਰ ਕੋਈ ਬਚਦਾ ਹੈ, ਸਾਰਿਆਂ ਕੰਮਾਂ ਤੇ ਸਾਰਿਆਂ ਜੀਵਾਂ ਦੇ ਕਰਨ ਕਰਾਉਣ ਨੂੰ ਓਹ ਸੱਚਾ ਪੂਰਨ ਸਮਰੱਥ ਹੈ।

**ਅਬ ਮਨਿ ਬਸਿਆ ਕਰਨੈਹਾਰਾ ॥ ਭੈ ਬਿਨਸੇ ਆਤਮ ਸੁਖ ਸਾਰਾ ੨ ॥**

ਹੁਣ ਸਾਡੇ ਮਨ ਵਿੱਚ ਪੈਦਾ ਕਰਨ ਵਾਲਾ ਪ੍ਰਮੇਸ਼ਰ ਵੱਸਿਆ ਹੈ।
ਸਾਰੇ ਡਰ ਨਾਸ਼ ਹੋ ਗਏ ਹਨ ਅਤੇ ਚੰਗਾ ਸੋਹਣਾ ਸੁਖ ਪਾਇਆ ਹੈ।

**ਕਰਿ ਕਿਰਪਾ ਅਪਨੇ ਜਨ ਰਾਖੇ ॥ ਜਨਮ ਜਨਮ ਕੇ ਕਿਲ਼ ਬਿਖ ਲਾਥੇ ॥ ੩ ॥**

ਕਿਰਪਾ ਕਰਕੇ ਆਪਣੇ ਦਾਸ ਬਚਾ ਰੱਖੇ ਹਨ, ਜਨਮਾਂ ੨ ਦੇ ਪਾਪ ਲੱਥ ਗਏ ਹਨ।

**ਕਹਨੁ ਨ ਜਾਇ ਪ੍ਰਭ ਕੀ ਵਡਿਆਈ ॥ ਨਾਨਕ ਦਾਸ ਸਦਾ ਸਰਨਾਈ ॥ ੪ ॥ ੧੧੩ ॥**

ਇਸ ਲਈ ਪ੍ਰਮੇਸ਼ਰ ਦੀ ਵਡਿਆਈ ਆਖੀ ਨਹੀਂ ਜਾਂਦੀ ਹੈ।
ਗੁਰੂ ਜੀ-ਅਸੀਂ ਦਾਸ ਸ਼ਰਨ ਦੇ ਵਿਚ ਹਾਂ।

## ਰਾਗੁ ਗਉੜੀ ਚੇਤੀ ਮਹਲਾ ੫ ਦੁਪਦੇ

**੧ ਓ ਸਤਿਗੁਰਪ੍ਰਸਾਦਿ ॥ ਰਾਮ ਕੋ ਬਲ ਪੂਰਨ ਭਾਈ ॥ ਤਾਤੇ ਬ੍ਰਿਥਾ ਨ ਬਿਆਪੈ ਕਾਈ ॥ ੧ ॥ ਰਹਾਉ ॥**

ਹੇ ਭਰਾ ਰਾਮ ਦਾ ਬਲ ਹਰ ਥਾਂ ਪੂਰਨ ਹੈ, ਓਸੇ ਬਲ ਕਰਕੇ ਸਾਨੂੰ ਕਿਸੇ ਤਰਾਂ ਦੇ ਰੋਗ ਦੀ ਵੀ ਕੋਈ ਪੀੜਾ ਨਹੀਂ ਚੰਬੜਦੀ ਹੈ।

**ਜੋ ਜੋ ਚਿਤਵੈ ਦਾਸੁ ਹਰਿ ਮਾਈ ॥ ਸੋ ਸੋ ਕਰਤਾ ਆਪਿ ਕਰਾਈ ॥ ੧ ॥**

ਮਾਈ = ਭਾਈ ਪ੍ਰਮੇਸ਼ਰ ਦਾ ਦਾਸ ਜੋ ਜੋ ਕੁਛ ਚਾਹੁੰਦਾ ਹੈ ਜਾਂ ਮਾਇਆ

Digitized by Panjab Digital Library | www.panjabdigilib.org

ਦਾ ਪਤੀ ਵੀ ਮਾਈ = ਸ਼ਬਦ ਦਾ ਅਰਥ ਹੈ। ਓਹ ਓਹ ਕੰਮ ਪੂਰੇ ਕਰਤਾ ਅਕਾਲ ਪੁਰਖ ਦਾਸਾਂ ਦੇ ਆਪ ਕਰਵਾ ਦੇਂਦਾ ਹੈ।

**ਨਿੰਦਕ ਕੀ ਪ੍ਰਭਿ ਪਤਿ ਗਵਾਈ ॥ ਨਾਨਕ ਹਰਿ ਗੁਣ ਨਿਰਭਉ ਗਾਈ ॥ ੨ ॥ ੧੧੪ ॥**

ਪ੍ਰਮੇਸ਼ਰ ਨੇ ਨਿੰਦਕ ਦੀ ਇੱਜ਼ਤ ਗਵਾ ਦਿੱਤੀ ਹੈ। ਗੁਰੂ ਜੀ–ਹਰੀ ਦੇ ਦਾਸ ਨਿਰਭੌ ਹੋਕੇ ਗੁਣ ਗਾਉਂਦੇ ਹਨ।

## ਗਉੜੀ ਮਹਲਾ ੫ ॥

### "ਬੇਨਤੀ"

**ਭੁਜ ਬਲਬੀਰ ਬ੍ਰਹਮ ਸੁਖ ਸਾਗਰ ॥ ਗਰਤ ਪਰਤ ਗਹਿ ਲੇਹੁ ਅੰਗੁਰੀਆ ॥ ੧ ॥ ਰਹਾਉ ॥**

ਭੁਜ = ਬਾਂਹ। ਸਾਗਰ = ਸਮੁੰਦਰ। ਗਰਤ = ਟੋਆ। ਪਰਤ = ਪੈਂਦਾ।

ਹੇ ਪ੍ਰਮੇਸ਼ਰ ਸੁਖਾਂ ਦੇ ਸਮੁੰਦਰ ਬੜੇ ਭਾਰੇ ਸੂਰਮੇ ਸੰਸਾਰ ਰੂਪ ਟੋਏ ਵਿੱਚ ਪੈਂਦਿਆਂ ਦੀ ਆਪਣੀ ਬਾਂਹ ਦੇ ਜ਼ੋਰ ਨਾਲ ਮੇਰੀ ਉਂਗਲੀ ਫੜ ਲਓ ਭਾਵ ਅਕਲ ਨੂੰ ਵਿਸ਼ਿਆਂ ਵਿੱਚੋਂ ਕੱਢ ਲਓ, ਇਹ ਆਪ ਦੀ ਸ਼ਕਤੀ ਦਾ ਬਲ ਹੈ।

**ਸ੍ਰਵਨਿ ਨ ਸੁਰਤਿ ਨੈਨ ਸੁੰਦਰ ਨਹੀ ॥ ਆਰਤ ਦੁਆਰਿ ਰਟਤ ਪਿੰਗੁਰੀਆ ॥ ੧ ॥**

ਮੇਰੇ ਚੰਗੇ ਕੰਨ ਵੀ ਨਹੀਂ, ਚੰਗੀ ਪੀਤੀ ਵੀ ਨਹੀਂ ਹੈ ਅਤੇ ਗਿਆਨ ਰੂਪ ਨੇਤ੍ਰ ਵੀ ਚੰਗੇ ਸੁੰਦਰ ਨਹੀਂ ਹਨ, ਮੈਂ ਬੜਾ ਆਰਤ = ਦੁਖੀ ਹੋਇਆ ੨ ਹਾਂ, ਤੇਰੇ ਦਰਵਾਜ਼ੇ ਸਤਸੰਗ ਉਤੇ ਤੇਰਾ ਨਾਮ ਰਟਤ = ਉਚਾਰਦਾ ਬੋਲਦਾ ਹਾਂ, ਮੈਂ ਪਿੰਗਲਾ ਹਾਂ, ਮੇਰੇ ਚੰਗੇ ਕਰਮਾਂ ਰੂਪ ਪੈਰ ਨਹੀਂ ਹਨ।

**ਦੀਨਾ ਨਾਥ ਅਨਾਥ ਕਰੁਣਾ ਮੈ ਸਾਜਨ ਮੀਤ ਪਿਤਾ ਮਹਤਰੀਆ ॥ ਚਰਨ ਕਵਲ ਹਿਰਦੈ ਗਹਿ ਨਾਨਕ ਭੈ ਸਾਗਰ ਸੰਤ ਪਾਰਿ ਉਤਰੀਆ ॥ ੨ ॥ ੨ ॥ ੧੧੫ ॥**

ਹੇ ਗਰੀਬਾਂ ਦੇ ਮਾਲਕ ਮੈਂ ਗਰੀਬ ਉੱਤੇ ਕਿਰਪਾ ਕਰਨ ਵਾਲਾ ਸੱਜਨ ਮਿੱਤ੍ਰ ਮੇਰਾ ਮਾਤਾ ਪਿਤਾ ਤੂੰ ਆਪ ਹੀ ਹੈਂ। ਗੁਰੂ ਜੀ-ਜਿਨ੍ਹਾਂ ਨੇ ਤੇਰੇ ਚਰਨ ਕਮਲਾਂ ਨੂੰ ਦਿਲ ਵਿੱਚ ਫੜਿਆ ਹੈ, ਓਹਨਾਂ ਭਗਤਾਂ ਨੂੰ ਤੂੰ ਡਰੌਣੇ ਸੰਸਾਰ ਸਮੁੰਦਰ ਤੋਂ ਪਾਰ ਉਤਾਰ ਲਿਆ ਹੈ ਸਾਨੂੰ ਵੀ ਤਾਰ।

Digitized by Panjab Digital Library | www.panjabdigilib.org

ੴ ਰਾਗੁ ਗਉੜੀ ਬੈਰਾਗਣਿ ਮਹਲਾ ੫
੧ ਓ ਸਤਿਗੁਰਪ੍ਰਸਾਦਿ ॥ ਦਯ ਗੁਸਾਈ ਮੀਤੁਲਾ ਤੂੰ ਸੰਗਿ ਹਮਾਰੈ ਬਾਸੁ ਜੀਉ ॥ ੧ ॥ ਰਹਾਉ ॥

ਹੇ ਪ੍ਰੇਰਕ ਧਰਤੀ ਦੇ ਮਾਲਕਾ = ਮਿੱਤ੍ਰਾ ਤੂੰ ਸਦਾ ਸਾਡੇ ਨਾਲ ਵੱਸ।

ਤੁਝ ਬਿਨੁ ਘਰੀ ਨ ਜੀਵਨਾ ਧ੍ਰਿਗੁ ਰਹਣਾ ਸੰਸਾਰਿ॥ ਜੀਅ ਪ੍ਰਾਣ ਸੁਖ ਦਾਤਿਆ ਨਿਮਖ ਨਿਮਖ ਬਲਿਹਾਰਿ ਜੀ ॥ ੧ ॥

ਤੇਰੇ ਬਿਨਾ ਸਾਡਾ ਜੀਊਣਾ ਘੜੀ ਵੀ ਨਹੀਂ ਹੁੰਦਾ ਹੈ। ਜਿਨ੍ਹਾਂ ਨੂੰ ਤੇਰਾ ਵਿਛੋੜਾ ਹੈ, ਓਹਨਾਂ ਦਾ ਸੰਸਾਰ ਵਿੱਚ ਜੀਉਣਾ ਰਹਿਣਾ ਧਿਰਕਾਰ ਹੈ। ਹੇ ਜੀਆਂ ਦੇ ਪ੍ਰਾਣਾਂ ਨੂੰ ਸੁਖ ਦੇਣ ਵਾਲਿਆ ਮੈਂ ਪਲ ਪਲ ਬਲਹਾਰ ਜਾਂਦਾ ਹਾਂ।

ਹਸਤ ਅਲੰਬਨੁ ਦੇਹੁ ਪ੍ਰਭ ਗਰਤਹੁ ਉਧਰੁ ਗੋਪਾਲ॥ ਮੋਹਿ ਨਿਰਗੁਨ ਮਤਿ ਥੋਰੀਆ ਤੂੰ ਸਦਹੀ ਦੀਨ ਦਇ-ਆਲ ॥ ੨ ॥

ਹੇ ਮਾਲਕਾ ਆਪਣਿਆਂ ਹੱਥਾਂ ਦਾ ਆਸਰਾ ਦੇਹ। ਹੇ ਗੁਪਾਲ ਸੰਸਾਰ ਰੂਪ ਟੋਏ ਤੋਂ ਕੱਢ। ਮੈਂ ਨਿਰਗੁਣਿਆਰੇ ਦੀ ਥੋੜੀ ਅਕਲ ਹੈ,ਤੂੰ ਸਦਾ ਦੀਨ ਦਿਆਲੂ ਹੈਂ।

ਕਿਆ ਸੁਖ ਤੇਰੇ ਸੰਮਲਾ ਕਵਨ ਬਿਧੀ ਬੀਚਾਰ ॥ ਸਰਣਿ ਸਮਾਈ ਦਾਸ ਹਿਤ ਊਚੇ ਅਗਮ ਅਪਾਰ ॥ ੩ ॥

ਮੈਂ ਤੇਰੇ ਦਿਤੇ ਹੋਏ ਸੁਖਾਂ ਨੂੰ ਕੀ ਕੀ ਕਰਕੇ ਯਾਦ ਕਰਾਂ, ਭਾਵ ਬਿਅੰਤ ਹਨ ਅਤੇ ਕੇਹੜੀਆਂ ਰੀਤੀਆਂ ਨਾਲ ਤੇਰਾ ਵਿਚਾਰ ਕਰਾਂ।

ਹੇ ਸਾਰਿਆਂ ਤੋਂ ਉੱਚੇ ਅਗੰਮ ਅਪਾਰ ਤੁਸੀਂ ਆਪਣਿਆਂ ਦਾਸਾਂ ਵਿੱਚ ਪ੍ਰੀਤੀ ਕਰਦੇ ਹੋ ਅਤੇ ਸ਼ਰਨ ਆਇਆਂ ਨੂੰ ਆਪਣੇ ਵਿੱਚ ਸਮਾ ਲੈਂਦੇ ਹੋ, ਭਾਵ ਮੇਲ।

ਸਗਲ ਪਦਾਰਥ ਅਸਟ ਸਿਧਿ ਨਾਮ ਮਹਾਰਸ ਮਾਹਿ ॥ ਸੁ ਪ੍ਰਸੰਨ ਭਏ ਕੇਸਵਾ ਸੇ ਜਨ ਹਰਿ ਗੁਣ ਗਾਹਿ ॥ ੪ ॥

Digitized by Panjab Digital Library | www.panjabdigilib.org

ਸਾਰੇ ਧਰਮ ਆਦਿਕ ਪਦਾਰਥ ਮਹਿਮਾ ਆਦਿਕ ਸਾਰੀਆਂ ਅੱਠ ਸਿੱਧੀਆਂ ਅਤੇ ਜੇਹੜਾ ਵੱਡਾ ਅਨੰਦ ਓਹ ਸਾਰਾ ਤੇਰੇ ਨਾਮ ਉਚਾਰਨ ਦੇ ਅੰਦਰ ਹੀ ਹੈ। ਹੇ ਕੇਸਵ = ਪ੍ਰਮੇਸ਼ਰ ਜਿਨ੍ਹਾਂ ਉਤੇ ਆਪ ਪ੍ਰਸੰਨ ਹੋਏ ਹੋ, ਹੇ ਹਰੀ ਓਹ ਆਦਮੀ ਤੇਰੇ ਗੁਣਾਂ ਨੂੰ ਗਾਉਂਦੇ ਹਨ।

**ਮਾਤ ਪਿਤਾ ਸੁਤ ਬੰਧਪੋ ਤੂੰ ਮੇਰੇ ਪ੍ਰਾਣ ਅਧਾਰ ॥ ਸਾਧ ਸੰਗਿ ਨਾਨਕ ਭਜੈ ਬਿਖੁ ਤਰਿਆ ਸੰਸਾਰੁ ॥ ੫ ॥ ੧॥ ੧੧੬ ॥**

ਮਾਤਾ ਪਿਤਾ, ਪੁਤ, ਭਾਈ ਅਤੇ ਮੇਰੇ ਪ੍ਰਾਣਾਂ ਦਾ ਆਸਰਾ ਸਭ ਕੁਛ ਤੂੰ ਆਪ ਹੀ ਹੈਂ। ਗੁਰੂ ਜੀ-ਮੈਂ ਤੈਨੂੰ ਸਾਧ ਸੰਗਤ ਦੀ ਕਿਰਪਾ ਨਾਲ ਯਾਦ ਕਰਦਾ ਹਾਂ, ਤੇਰੇ ਹੀ ਭਜਨ ਨਾਲ ਵਿਹੁ ਰੂਪ ਔਖਾ ਸੰਸਾਰ ਸਮੁੰਦਰ ਤਰਿਆ ਹੈ।

## ਗਉੜੀ ਬੈਰਾਗਣਿ ਰਹੋਏ ਕੇ ਛੰਤ ਕੇ ਘਰਿ ਮਃ ੫

- ਰਹੋਇਆ ਇੱਕ ਤਰ੍ਹਾਂ ਦੇ ਛੰਦਾਂ ਦੀ ਜਾਤੀ ਹੈ।

**੧ ੴ ਸਤਿਗੁਰਪ੍ਰਸਾਦਿ ॥ ਹੈ ਕੋਈ ਰਾਮ ਪਿਆਰੋ ਗਾਵੈ ॥ ਸਰਬ ਕਲਿਆਣ ਸੂਖ ਸਚੁ ਪਾਵੈ ॥ ਰਹਾਉ ॥**

ਹੇ ਭਰਾ ਜੇਹੜਾ ਪ੍ਰਮੇਸ਼ਰ ਦੇ ਗੁਣਾਂ ਨੂੰ ਗਾਵੇ ਸੋ ਓਹ ਪ੍ਰਮੇਸ਼ਰ ਦਾ ਪਿਆਰਾ ਕੋਈ ਵਿਰਲਾ ਹੀ ਹੈ। ਜਸ ਗੌਣ ਵਾਲਾ ਸਾਰਿਆਂ ਕਲਿ-ਆਣਾ ਭਾਵ ਹਰ ਤਰ੍ਹਾਂ ਦੀਆਂ ਮੁਕਤੀਆਂ ਨੂੰ ਤੇ ਨਿਸਚੇ ਕਰਕੇ ਚੰਗਿਆਂ ਉੱਤਮ ਸੁਖਾਂ ਨੂੰ ਪਾ ਲੈਂਦਾ ਹ।

**ਬਨੁ ਬਨੁ ਖੋਜਤ ਫਿਰਤ ਬੈਰਾਗੀ ॥ ਬਿਰਲੇ ਕਾਹੂ ਏਕ ਲਿਵਲਾਗੀ॥ਜਿਨਿ ਹਰਿ ਪਾਇਆ ਸੇ ਵਡਭਾਗੀ॥੧॥**

ਉਦਾਸੀ ਸੰਨਿਆਸੀ ਬਣਕੇ ਬਣਾਂ ਬਣਾਂ ਵਿੱਚ ਲੱਭਦੇ ਫਿਰਦੇ ਹਨ, ਪਰ ਪ੍ਰੀਤੀ ਕਿਸੇ ਵਿਰਲੇ ਇੱਕ ਦੀ ਹੀ ਪ੍ਰਮੇਸ਼ਰ ਨਾਲ ਲੱਗੀ ਹੈ।

ਜਿਨ੍ਹਾਂ ਨੇ ਪ੍ਰਮੇਸ਼ਰ ਨੂੰ ਪਾਇਆ ਹੈ, ਓਹ ਵਡ ਭਾਗੀ ਹਨ।

**ਬ੍ਰਹਮਾਦਿਕ ਸਨਕਾਦਿਕ ਚਾਹੈ ॥ ਜੋਗੀ ਜਤੀ ਸਿਧ ਹਰਿਆਹੈ ॥ ਜਿਸਹਿ ਪਰਾਪਤਿ ਸੋ ਹਰਿ ਗੁਣ ਗਾਹੈ ॥ ੨ ॥**

Digitized by Panjab Digital Library | www.panjabdigilib.org

ਬ੍ਰਹਮਾ ਆਦਕ ਬ੍ਰਹਮਾਂ ਦੇ ਚਾਰੇ ਪੁਤ੍ਰ ਸਨਕ ਆਦਕ ਚਾਹੁੰਦੇ ਹਨ। ਜੋਗੀ ਜਤੀ ਸਿੱਧ ਵੀ ਪ੍ਰਮੇਸ਼ਰ ਨੂੰ ਆਹਿ = ਚਾਹੁੰਦੇ ਹਨ, ਜਾਂ ਉਚਾਰਦੇ ਹਨ, ਪਰ ਜਿਸਨੂੰ ਗੁਰੂ ਮਿਲਦਾ ਹੈ, ਓਹ ਪ੍ਰਮੇਸ਼ਰ ਦੇ ਗੁਣਾਂ ਨੂੰ ਗਾਹੈ = ਉਚਾਰਦਾ ਜਾਂ ਵਿਚਾਰਦਾ ਜਾਂ ਗੌਂਦਾ ਹੈ।

**ਤਾਕੀ ਸਰਣਿ ਜਿਨ ਬਿਸਰਤ ਨਾਹੀ ॥ ਵਡਭਾਗੀ ਹਰਿ ਸੰਤ ਮਿਲਾਹੀ ॥ ਜਨਮ ਮਰਣ ਤਿਹ ਮੂਲੇ ਨਾਹੀ ॥ ੩ ॥**

ਜਿਨ੍ਹਾਂ ਨੂੰ ਪ੍ਰਮੇਸ਼ਰ ਭੁੱਲਦਾ ਨਹੀਂ ਹੈ, ਉਹਨਾਂ ਦੀ ਸ਼ਰਨ ਲਈ ਹੈ। ਵੱਡਿਆਂ ਭਾਗਾਂ ਵਾਲੇ ਪ੍ਰਮੇਸ਼ਰ ਦੇ ਸੰਤ ਨੂੰ ਮਿਲਦੇ ਹਨ, ਫਿਰ ਓਹਨਾਂ ਮਿਲਨ ਵਾਲਿਆਂ ਨੂੰ ਜਨਮ ਮਰਨ ਕਦੀ ਨਹੀਂ ਹੁੰਦਾ ਹੈ।

**ਕਰਿ ਕਿਰਪਾ ਮਿਲੁ ਪ੍ਰੀਤਮੁ ਪਿਆਰੇ ॥ ਬਿਨਉ ਸੁਨਹੁ ਪ੍ਰਭ ਊਚ ਅਪਾਰੇ ॥ ਨਾਨਕੁ ਮਾਂਗਤੁ ਨਾਮੁ ਅਧਾਰੇ ॥ ੪ ॥ ੧ ॥ ੧੧੭ ॥**

ਓਹਨਾਂ ਸੰਤਾਂ ਨਾਲ ਮਿਲ ਮਿਲਕੇ ਇੱਕੁਰ ਬੇਨਤੀ ਕਰੋ, ਹੇ ਮੇਰੇ ਪ੍ਰੀਤਮ ਪਿਆਰੇ ਮੈਨੂੰ ਕਿਰਪਾ ਕਰਕੇ ਮਿਲ, ਹੇ ਉਚੇ ਅਪਾਰ ਮਾਲਕ ਮੇਰੀ ਬੇਨਤੀ ਸੁਣ। ਗੁਰੂ ਜੀ–ਮੈਂ ਦਾਸ ਤੇਰੇ ਨਾਮ ਦਾ ਆਸਰਾ ਮੰਗਦਾ ਹਾਂ।

## ਰਾਗੁ ਗਉੜੀ ਪੂਰਬੀ ਮਹਲਾ ੫

**੧ਓ ਸਤਿਗੁਰਪ੍ਰਸਾਦਿ ॥ ਕਵਨ ਗੁਨ ਪ੍ਰਾਨ ਪਤਿ ਮਿਲਉ ਮੇਰੀ ਮਾਈ ॥ ੧ ॥ ਰਹਾਉ ॥**

ਹੇ ਮਾਂ ਕੇਹੜਿਆਂ ਗੁਣਾਂ ਕਰਕੇ ਮੈਂ ਆਪਣੇ ਪ੍ਰਾਣਾਂ ਦੇ ਪਿਆਰੇ ਪਤੀ ਪ੍ਰਮੇਸ਼ਰ ਨੂੰ ਮਿਲਾਂ ਜਾਂ ਪ੍ਰਾਣਪਤਿ ਵਾਹਿਗੁਰੂ ਦਾ ਹੀਨਾਮ ਹੈ। ਮਾਈ = ਸੰਤ

**ਰੂਪ ਹੀਨ ਬੁਧਿ ਬਲਹੀਨੀ ਮੋਹਿ ਪਰਦੇਸਨਿ ਦੂਰ ਤੇ ਆਈ ॥ ੧ ॥**

ਮੈਂ ਸੁੰਦਰ ਰੂਪ ਤੋਂ ਹੀਣੀ ਹਾਂ, ਅਕਲ ਦੇ ਜ਼ੋਰ ਤੋਂ ਵੀ ਹੀਣੀ ਹਾਂ, ਮੈਂ ਪਰਦੇਸਨ ਬਹੁਤ ਦੂਰ ਤੋਂ ਆਈ ਹਾਂ, ਭਾਵ ਵਾਹਿਗੁਰੂ ਤੋਂ ਵਿਛੜਕੇ ਚੁਰਾਸੀ ਵਿੱਚ ਪਈ ਹਾਂ।

Digitized by Panjab Digital Library | www.panjabdigilib.org

**ਨਾਹਿਨ ਦਰਬੁ ਨ ਜੋਬਨ ਮਾਤੀ ਮੋਹਿ ਅਨਾਥ ਕੀ ਕਰਹੁ ਸਮਾਈ ॥ ੨ ॥**

ਮੇਰੇ ਪਾਸ ਗੁਣ ਰੂਪ ਧਨ ਨਹੀਂ ਹੈ ਅਤੇ ਨਾ ਹੀ ਪ੍ਰੇਮ ਰੂਪ ਜਵਾਨੀ ਵਿੱਚ ਮਸਤ ਹਾਂ, ਮੈਂ ਗਰੀਬਨੀ ਦੀ ਆਪਣੇ ਵਿੱਚ ਸਮਾਈ ਕਰੋ, ਭਾਵ ਆਪਣੇ ਨਾਲ ਮਿਲਾ ਲੌ।

**ਖੋਜਤ ਖੋਜਤ ਭਈ ਬੈਰਾਗਨਿ ॥ ਪ੍ਰਭ ਦਰਸਨ ਕਉ ਹਉ ਫਿਰਤ ਤਿਸਾਈ ॥ ੩ ॥**

ਲੱਭਦੀ ੨ ਵੈਰਾਗਨ ਹੋ ਗਈ ਹਾਂ, ਮੈਂ ਪ੍ਰਮੇਸ਼ਰ ਦੇ ਦਰਸ਼ਨ ਦੀ ਪਿਆਸੀ ਫਿਰਦੀ ਹਾਂ।

**ਦੀਨ ਦਇਆਲ ਕ੍ਰਿਪਾਲ ਪ੍ਰਭ ਨਾਨਕ ਸਾਧ ਸੰਗਿ ਮੇਰੀ ਜਲਨਿ ਬੁਝਾਈ ॥ ੪ ॥ ੧ ॥ ੧੧੯ ॥**

ਗੁਰੂ ਜੀ-ਜਦੋਂ ਮੈਂ ਇੱਕੁਰ ਗਰੀਬ ਹੋਕੇ ਸਾਧਸੰਗਤ ਦੇ ਅੱਗੇ ਬੇਨਤੀ ਕੀਤੀ, ਤਾਂ ਦਿਆਲੂ ਸੰਤਾਂ ਨੇ ਕਿਰਪਾਲੂ ਮਾਲਕ ਨੂੰ ਮਿਲਾਕੇ ਮੇਰੀ ਤ੍ਰਿਸ਼ਨਾ ਅੱਗ ਬੁਝਾ ਦਿੱਤੀ।

## ਗਉੜੀ ਮਹਲਾ ੫ ॥

**ਪ੍ਰਭ ਮਿਲਬੇ ਕਉ ਪ੍ਰੀਤਿ ਮਨਿ ਲਾਗੀ ॥ ਪਾਇ ਲਗਉ ਮੋਹਿ ਕਰਉ ਬੇਨਤੀ ॥ ਕੋਊ ਸੰਤੁ ਮਿਲੈ ਬਡਭਾਗੀ ॥ ੧ ॥ ਰਹਾਉ ॥**

ਮਾਲਕ ਨੂੰ ਮਿਲਨ ਵਾਸਤੇ ਮੇਰੇ ਮਨ ਵਿੱਚ ਪ੍ਰੀਤੀ ਲੱਗੀ ਹੈ। ਕੋਈ ਵੱਡਿਆਂ ਭਾਗਾਂ ਵਾਲਾ ਸੰਤ ਮੈਨੂੰ ਆਕੇ ਮਿਲੇ, ਮੈਂ ਪੈਰੀਂ ਲੱਗਕੇ ਬੇਨਤੀ ਕਰਦੀ ਹਾਂ।

**ਮਨੁ ਅਰਪਉ ਧਨੁ ਰਾਖਉ ਆਗੈ ਮਨਕੀ ਮਤਿ ਮੋਹਿ ਸਗਲ ਤਿਆਗੀ ॥ ਜੋ ਪ੍ਰਭ ਕੀ ਹਰਿ ਕਥਾ ਸੁਨਾਵੈ ਅਨ ਦਿਨੁ ਫਿਰਉ ਤਿਸੁ ਪਿਛੈ ਵਿਰਾਗੀ ॥ ੧ ॥**

ਮਨ ਵੀ ਦੇਂਦੀ ਹਾਂ, ਧਨ ਵੀ ਅੱਗੇ ਰੱਖਦੀ ਹਾਂ ਅਤੇ ਮਨ ਦੀ ਅਕਲ ਵੀ ਸਾਰੀ ਛੱਡ ਦਿੱਤੀ ਹੈ। ਜੇਹੜਾ ਕੋਈ ਮਾਲਕ ਦੀ ਕਥਾ ਸੁਣਾ ਦੇਵੇ, ਉਸ ਸੰਤ ਦੇ ਮਗ਼ਰ ਦਿਨ ਰਾਤ ਵੈਰਾਗਣ ਹੋਕੇ ਫਿਰਦੀ ਹਾਂ।

Digitized by Panjab Digital Library | www.panjabdigilib.org

**ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ ॥ ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ ॥ ੨ ॥ ੨ ॥ ੧੧੯ ॥**

ਪਹਿਲੇ ਦੇ ਚੰਗੇ ਕਰਮ ਕੀਤੇ ਹੋਏ ਓਹਨਾਂ ਦੇ ਜਿਸ ਵੇਲੇ ਅੰਗੂਰ ਫੁੱਟੇ, ਭਾਵ ਜਦੋਂ ਉਗੇ ਤਦੋਂ ਰਸ ਦੇਣ ਵਾਲਾ ਭਾਵ ਆਤਮ ਅਨੰਦ ਦੇਣ ਵਾਲਾ ਤੇ ਵੈਰਾਗਵਾਨ = ਪ੍ਰੇਮੀ ਗੁਰੂ ਮਿਲ ਪਿਆ। ਗੁਰੂ ਜੀ--ਉਸ ਸੰਤ ਗੁਰੂ ਨੂੰ ਮਿਲਦਿਆਂ ਹੀ ਅਗਜਾਨ ਹਨੇਰਾ ਦੂਰ ਹੋ ਗਿਆ, ਜੇਹੜੀ ਅਕਲ ਜਨਮਾਂ ੨ ਦੀ ਸੁੱਤੀ ਹੋਈ ਸੀ, ਜਾਗ ਪਈ, ਭਾਵ ਪ੍ਰਮੇਸ਼ਰ ਦੇ ਪਾਸੇ ਲੱਗ ਪਈ। **ਗਉੜੀ ਮਹਲਾ ੫ ॥**

**ਨਿਕਸੁ ਰੇ ਪੰਖੀ ਸਿਮਰਿ ਹਰਿ ਪਾਂਖ ॥ ਮਿਲਿ ਸਾਧੂ ਸਰਣਿ ਗਹੁ ਪੂਰਨ ਰਾਮ ਰਤਨੁ ਹੀਅਰੇ ਸੰਗਿ ਰਾਖੁ ॥ ੧ ॥ ਰਹਾਉ ॥**

ਹੇ ਜੀਵ ਰੂਪ ਪੰਛੀ ਪ੍ਰਮੇਸਰ ਦਾ ਸਿਮਰਨ ਰੂਪ ਜੇਹੜੇ ਤੇਰੇ ਖੰਭ ਹਨ, ਇਹਨਾਂ ਦੇ ਜ਼ੋਰ ਨਾਲ ਬੁਰਿਆਂ ਵਿਸ਼ਿਆਂ ਵਿਚੋਂ ਬਾਹਰ ਨਿਕਲ ਆ। ਸੰਤਾਂ ਨਾਲ ਮਿਲਕੇ ਓਹਨਾਂ ਦੀ ਸਰਣ ਦਾ ਆਸਰਾ ਰੱਖ ਜੇਹੜਾ ਪੂਰਨ ਪ੍ਰਮੇਸਰ ਰਤਨ ਰੂਪ ਨਾਮ ਹੈ, ਉਸਨੂੰ ਦਿਲ ਦੇ ਨਾਲ ਫੜ ਜਾਂ ਪ੍ਰਮੇਸਰ ਦੇ ਨਾਮ ਦਾ ਧਿਆਨ ਸਿਮਰਨ ਮਨ ਬਾਣੀ ਕਰਕੇ ਜੇਹੜਾ ਕਾਰਨ ਹੈ, ਇਹ ਦੋ ਖੰਭ ਹਨ।

**ਭ੍ਰਮ ਕੀ ਕੂਈ ਤ੍ਰਿਸਨਾ ਰਸ ਪੰਕਜ ਅਤਿ ਤੀਖ੍ਣ ਮੋਹ ਕੀ ਫਾਸ ॥ ਕਾਟਨਹਾਰ ਜਗਤ ਗੁਰ ਗੋਬਿਦ ॥ ਚਰਨ ਕਮਲ ਤਾਕੇ ਕਰਹੁ ਨਿਵਾਸ ॥ ੧ ॥**

ਭਰਮ ਦੀ ਖੂਹੀ ਛੋਟੀ ਜਹੀ ਛੱਪੜੀ ਹੈ ਭਾਵ ਸੰਸਾਰ ਭਰਮ ਰੂਪ ਹੀ ਹੈ, ਜੇਹੜੀ ਵਿਸ਼ਿਆਂ ਦੇ ਰਸ ਦੀ ਤ੍ਰਿਸ਼ਨਾ ਹੈ, ਏਹੋ ਹੀ ਪੰਕਜ = ਚਿੱਕੜ ਹੈ ਅਤੇ ਬਹੁਤੀ ਹੀ ਤਿੱਖੀ ਜੇਹੜੀ ਮੋਹ ਦੀ ਫਾਹੀ ਹੈ, ਇਹ ਸ਼ਿਕਾਰੀ ਨੇ ਫਾਹੀ ਪਸਾਰੀ ਹੋਈ ਹੈ ਭਾਵ ਮੌਤ ਮਾਰਨ ਨੂੰ ਤਿਆਰ ਹੈ। ਉਸ ਫਾਹੀ ਦੇ ਕੱਟਣ ਵਾਲਾ ਜਗਤ ਦਾ ਗੁਰੂ ਗੋਬਿੰਦ ਹੈ। ਉਸਦੇ ਚਰਨਾਂ ਕਮਲਾਂ ਵਿਚ ਨਿਵਾਸ ਕਰੋ ਭਾਵ ਆਸਰਾ ਲੋ ਤਾਂ ਮੋਹ ਦੂਰ ਹੋਵੇਗਾ।

Digitized by Panjab Digital Library | www.panjabdigilib.org

ਕਰਿ ਕਿਰਪਾ ਗੋਬਿੰਦ ਪ੍ਰਭ ਪ੍ਰੀਤਮ ਦੀਨਾ ਨਾਥ ਸੁਨਹੁ ਅਰਦਾਸਿ ॥ ਕਰੁ ਗਹਿ ਲੇਹੁ ਨਾਨਕ ਕੇ ਸੁਆਮੀ ਜੀਉ ਪਿੰਡੁ ਸਭੁ ਤੁਮਰੀ ਰਾਸਿ ॥ ੨ ॥ ੩ ॥ ੧੨੦ ॥

ਇੱਕੁਰ ਬੇਨਤੀ ਕਰੋ ਕਿ ਹੇ ਗੋਬਿੰਦ ਪਿਆਰੇ ਗਰੀਬਾਂ ਦੇ ਪਾਲਕ ਕਿਰਪਾ ਕਰਕੇ ਅਰਦਾਸ ਸੁਣੋ। ਗੁਰੂ ਜੀ–ਹੇ ਮਾਲਕਾ ਮੇਰਾ ਹੱਥ ਫੜ ਲਵੋ ਜੀਅ ਅਤੇ ਸਰੀਰ ਸਭ ਕੁਝ ਆਪਦੀ ਹੀ ਰਾਸ ਬਖਸ਼ੀ ਹੈ।

ਗਉੜੀ ਮਹਲਾ ੫ ॥

ਹਰਿ ਪੇਖਨ ਕਉ ਸਿਮਰਤ ਮਨੁ ਮੇਰਾ ॥ ਆਸ ਪਿਆਸੀ ਚਿਤਵਉ ਦਿਨੁ ਰੈਨੀ ਹੈ ਕੋਈ ਸੰਤੁ ਮਿਲਾਵੈ ਨੇਰਾ ॥ ੧ ॥ ਰਹਾਉ ॥

ਮੇਰਾ ਮਨ ਪ੍ਰਮੇਸਰ ਦੇ ਦਰਸਨ ਦੇਖਣ ਨੂੰ ਪ੍ਰਮੇਸਰ ਨੂੰ ਯਾਦ ਕਰਦਾ ਹੈ। ਆਸਾ ਕਰਕੇ ਪਿਆਸੀ ਹੋਈ ੨ ਦਿਨੇ ਰਾਤ ਯਾਦ ਕਰਦੀ ਹਾਂ, ਇੱਕੁਰਦਾ ਕੋਈ ਸੰਤ ਹੈ ਜੇਹੜਾ ਮੈਨੂੰ ਪਾਸ ਹੀ ਮਿਲਾ ਦੇਵੇ ?

ਸੇਵਾ ਕਰਉ ਦਾਸ ਦਾਸਨ ਕੀ ਅਨਿਕ ਭਾਂਤਿ ਤਿਸੁ ਕਰਉ ਨਿਹੋਰਾ ॥ ਤੁਲਾ ਧਾਰ ਤੋਲੇ ਸੁਖ ਸਗਲੇ ਬਿਨੁ ਹਰਿ ਦਰਸ ਸਭੋ ਹੀ ਥੋਰਾ ॥ ੧ ॥

ਉਹਨਾਂ ਸੰਤਾਂ ਦੇ ਦਾਸਾਂ ਦੀ ਦਾਸੀ ਹੋਕੇ ਸੇਵਾ ਕਰਾਂ ਅਤੇ ਅਨੇਕਾਂ ਤਰਾਂ ਦੇ ਅਹਿਸਾਨ ਮੰਨਿਆਂ ਕਰਾਂ। ਅਕਲ ਰੂਪ ਤੱਕੜੀ ਵਿਕਾਰ ਰੂਪ ਵੱਟਾ ਪਾਕੇ ਸਾਰੇ ਦੋਹਾਂ ਦੁਨੀਆਂ ਦੇ ਸੁਖ ਤੋਲੇ = ਵਿਚਾਰੇ ਹਨ। ਪ੍ਰਮੇਸਰ ਦੇ ਦਰਸ਼ਨ ਦੇ ਸੁਖ ਤੋਂ ਬਿਨਾ ਜਿਤਨਾ ਵਿਸ਼ਿਆਂ ਦਾ ਸੁਖ ਹੈ ਓਹ ਸਾਰਾ ਥੋੜਾ ਭਾਵ ਕੁਛ ਨਹੀਂ ਹੈ। ਭਾਵ ਵਿਸ਼ਿਆਂ ਦਾ ਸੁਖ ਥੋੜਾ ਤੇ ਮਰਨ ਵਾਲਾ ਹੈ, ਪ੍ਰਮੇਸਰ ਦਾ ਸੁਖ ਬਹੁਤਾ ਤੇ ਸਦਾ ਰਹਿਣ ਵਾਲਾ ਹੈ।

ਸੰਤ ਪ੍ਰਸਾਦਿ ਗਾਏ ਗੁਨ ਸਾਗਰ ਜਨਮ ਜਨਮ ਕੋ ਜਾਤ ਬਹੋਰਾ ॥ ਆਨਦ ਸੂਖ ਭੇਟਤ ਹਰਿ ਨਾਨਕ ਜਨਮੁ ਕ੍ਰਿਤਾਰਥੁ ਸਫਲੁ ਸਵੇਰਾ ॥ ੨ ॥ ੪ ॥ ੧੨੧ ॥

ਸੰਤਾਂ ਦੀ ਕਿਰਪਾ ਨਾਲ ਸਮੁੰਦਰ ਰੂਪ ਪ੍ਰਮੇਸਰ ਦੇ ਗੁਣ ਗਾਏ ਹਨ, ਜੇਹੜਾ ਜਨਮਾਂ ਜਨਮਾਂ ਦਾ ਮਨ ਸੰਸਾਰ ਦੇ ਵੱਲ ਜਾਂਦਾ ਸੀ ਉਸ

Digitized by Panjab Digital Library | www.panjabdigilib.org

ਨੂੰ ਮੋੜ ਲਿਆ ਹੈ। ਗੁਰੂ ਜੀ-ਪ੍ਰਮੇਸਰ ਦੇ ਮਿਲਦਿਆਂ ਹੀ ਬਹੁਤ ਸਾਰਾ ਸੁਖ ਤੇ ਅਨੰਦਹੋਇਆ ਹੈ,ਅਤੇ ਜਨਮਕਿਰਤਾਰਥ = ਸਫਲਾ ਹੋਇਆ ਹੈ ਅਤੇ ਸਵੇਰਾ = ਇਹ ਮਨੁੱਖ ਜਨਮ ਵੇਲਾ ਵੀ ਸਫਲਾ ਹੋਇਆ ਹੈ।

## ਰਾਗੁ ਗਉੜੀ ਪੂਰਬੀ ਮਹਲਾ ੫ ॥

**੧ ਓ ਸਤਿਗੁਰਪ੍ਰਸਾਦਿ ॥ ਕਿਨ ਬਿਧਿ ਮਿਲੈ ਗੁਸਾਈ ਮੇਰੇ ਰਾਮ ਰਾਇ ॥ ਕੋਈ ਐਸਾ ਸੰਤੁ ਸਹਜ ਸੁਖ ਦਾਤਾ ਮੋਹਿ ਮਾਰਗੁ ਦੇਇ ਬਤਾਈ ॥ ੧ ॥ ਰਹਾਉ ॥**

ਹੇ ਮੇਰੇ ਸੰਤੋ ਪਿਆਰਿਓ ! ਮੈਨੂੰ ਪ੍ਰਕਾਸ਼ਕ ਵਾਹਿਗੁਰੂ ਦੁਨੀਆਂ ਦਾ ਮਾਲਕ ਕਿਸ ਤਰ੍ਹਾਂ ਮਿਲੇ ? ਤੁਹਾਡੇ ਵਿੱਚ ਕੋਈ ਇੱਕੁਰ ਦਾ ਸੰਤ ਹੈ ਜੇਹੜਾ ਆਤਮ ਸੁਖ ਦਾ ਦਾਤਾ ਹੋਵੇ ਅਤੇ ਮੈਨੂੰਪ੍ਰਮੇਸ਼ਰ ਦਾ ਰਸਤਾ ਦੱਸ ਦੇਵੇ?

**ਅੰਤਰਿ ਅਲਖੁ ਨ ਜਾਈ ਲਖਿਆ ਵਿਚਿ ਪੜਦਾ ਹਉਮੈ ਪਾਈ ॥ ਮਾਇਆ ਮੋਹਿ ਸਭੋ ਜਗੁ ਸੋਇਆ ਇਹੁ ਭਰਮੁ ਕਹਹੁ ਕਿਉ ਜਾਈ ॥ ੧ ॥**

ਦਿਲ ਦੇ ਅੰਦਰ ਹੀ ਅਲੱਖ ਰੂਪ ਆਤਮਾ ਹੈ, ਪਰ ਵੇਖਿਆ ਨਹੀਂ ਜਾਂਦਾ ਹੈ, ਇਸ ਕਰਕੇ ਵੇਖਿਆ ਨਹੀਂ ਜਾਂਦਾ ਕਿ ਮਾਇਆ ਨੇ ਅੰਦਰ ਹੰਗਤਾ ਮਮਤਾ ਰੂਪ ਪੜਦਾ ਕਰਕੇ ਕੰਧ ਪਾਈ ਹੋਈ ਹੈ। ਮਾਇਆ ਦੇ ਮੋਹ ਵਿੱਚ ਸਾਰਾ ਜਗਤ ਸੁੱਤਾ ਹੋਇਆ ਹੈ, ਦੱਸੋ ਖਾਂ ਫਿਰ ਏਹ ਭਰਮ ਰੂਪ ਮਾਇਆ ਕਿਸ ਤਰ੍ਹਾਂ ਜਾਵੇ ?

**ਏਕਾ ਸੰਗਤਿ ਇਕਤੁ ਗ੍ਰਿਹਿ ਬਸਤੇ ਮਿਲਿ ਬਾਤ ਨ ਕਰਤੇ ਭਾਈ ॥ ਏਕ ਬਸਤੁ ਬਿਨੁ ਪੰਚ ਦੁਹੇਲੇ ਓਹ ਬਸਤੁ ਅਗੋਚਰ ਠਾਈ ॥ ੨ ॥**

ਇਕ ਹੀ ਚੇਤਨ ਸਾਖੀ ਦੇ ਸੰਬੰਧ ਕਰਕੇ ਜੜ੍ਹ ਇੰਦ੍ਰੇ ਚੇਤਨ ਹੋਏ ਹੋਏ ਹਨ ਅਤੇ ਇਕ ਹੀ ਸਰੀਰ ਰੂਪ ਘਰ ਦੇ ਅੰਦਰ ਵੱਸਦੇ ਹਨ, ਹੇ ਭਰਾ ! ਆਪੋ ਵਿੱਚ ਦੀ ਮਿਲਕੇ ਗਲ ਬਾਤ ਨਹੀਂ ਕਰਦੇ। ਆਪਣੇ ੨ ਵਿਸ਼ਿਆਂ ਨੂੰ ਤਾਂ ਲੈਂਦੇ ਹਨ,ਪਰ ਪ੍ਰਮੇਸ਼ਰ ਮਿਲਨ ਦੀ ਗੱਲ ਨਹੀਂ ਕਰਦੇ। ਇਕ ਆਤਮ ਵਸਤੂ ਦੇ ਮਿਲਿਆਂ ਬਿਨਾਂ ਪੰਜੇ ਹੀ ਗਿਆਨ ਇੰਦ੍ਰੇ ਦੁਖੀ ਰਹਿੰਦੇ ਹਨ ਅਤੇ ਓਹ ਵਸਤੂ ਸਰੀਰ ਥਾਂ ਦੇ ਅੰਦਰ ਹੀ ਹੈ, ਪਰ ਹੈ ਛੁਪੀ ਹੋਈ।

Digitized by Panjab Digital Library | www.panjabdigilib.org

**ਜਿਸਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ ॥ ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ ॥ ੩ ॥**

ਇਸ ਕਰਕੇ ਨਹੀਂ ਵੇਖੀ ਜਾਂਦੀ ਕਿ ਜਿਸ ਪ੍ਰਮੇਸਰ ਦਾ ਘਰ ਹੈ ਉਸ ਨੇ ਅਗਜ਼ਾਨ ਰੂਪ ਜੰਦਰਾ ਮਾਰਿਆ ਹੈ ਅਤੇ ਬ੍ਰਹਮ ਵਿਦਿਆ ਦੀ ਕੁੰਜੀ ਗੁਰੂ ਨੂੰ ਸੌਂਪੀ ਹੋਈ ਹੈ ਜਾਂ ਗੁਰਾਂ ਤੋਂ ਮਿਲਦੀ ਹੈ। ਸਤਿਗੁਰਾਂ ਦੇ ਆਸਰੇ ਬਿਨਾਂ ਭਾਵੇਂ ਅਨੇਕਾਂ ਹੀ ਜਤਨ ਕਰੇ, ਵਿਦਜਾ ਰੂਪ ਕੁੰਜੀ ਨੂੰ ਨਹੀਂ ਪਾਵੇਗਾ।

**ਜਿਨਕੇ ਬੰਧਨ ਕਾਟੇ ਸਤਿਗੁਰ ਤਿਨ ਸਾਧ ਸੰਗਤਿ ਲਿਵ ਲਾਈ ॥ ਪੰਚ ਜਨਾ ਮਿਲਿ ਮੰਗਲੁ ਗਾਇਆ ਹਰਿ ਨਾਨਕ ਭੇਦੁ ਨ ਭਾਈ ॥ ੪ ॥**

ਜਿਨ੍ਹਾਂ ਦੇ ਬੰਧਨ ਸਤਿਗੁਰਾਂ ਨੇ ਕੱਟ ਦਿੱਤੇ ਹਨ,ਓਹਨਾਂਨੇ ਸਤਸੰਗਤ ਵਿੱਚ ਮਿਲਕੇ ਵਾਹਿਗੁਰੂ ਨਾਲ ਪ੍ਰੀਤੀ ਲਾਈ ਹੈ। ਗੁਰੂ ਜੀ—ਜਿਨ੍ਹਾਂ ਨੇ ਸੰਤਾਂ ਪੈਂਚਾਂ ਨਾਲ ਮਿਲਕੇ ਪ੍ਰਮੇਸ਼ਰ ਦੇ ਜਸ ਦਾ ਮੰਗਲ ਗਾਇਆਹੈ,ਹੇ ਭਰਾ! ਓਹਨਾਂ ਆਦਮੀਆਂਤੇਪ੍ਰਮੇਸ਼ਰਵਿੱਚ ਕੋਈਫਰਕਨਹੀਂਹੈ,ਦੋਵੇਂ ਇੱਕ ਰੂਪ ਹਨ।

**ਮੇਰੇ ਰਾਮ ਰਾਇ ਇਨ ਬਿਧਿ ਮਿਲੈ ਗੁਸਾਈ ॥ ਸਹਜੁ ਭਇਆ ਭ੍ਰਮੁ ਖਿਨ ਮਹਿ ਨਾਠਾ ਮਿਲਿ ਜੋਤੀ ਜੋਤਿ ਸਮਾਈ ॥ ੧ ॥ ਰਹਾਉ ਦੂਜਾ ॥ ੧ ॥ ੧੨੨ ॥**

ਇਸ ਰੀਤੀ ਨਾਲ ਮੇਰੇ ਰਾਮ ਪ੍ਰਕਾਸ਼ਕ ਧਰਤੀ ਦੇ ਮਾਲਕ ਮਿਲਦੇ ਹਨ। ਜਦੋਂ ਗਿਆਨ ਹੋਇਆ ਤਾਂ ਭਰਮ ਉਸੇ ਵੇਲੇ ਨੱਸ ਗਿਆ, ਜਿਸ ਤਰ੍ਹਾਂ ਸੂਰਜ ਚੜ੍ਹਦਿਆਂ ਹੀ ਹਨੇਰਾ ਨੱਸ ਜਾਂਦਾ ਹੈ, ਪ੍ਰਮੇਸ਼ਰ ਜੋਤੀ ਵਿੱਚ ਜੀਵ ਦੀ ਜੋਤ ਮਿਲਕੇ ਰਲ ਗਈ ਹੈ।

## ਗਉੜੀ ਮਹਲਾ ੫ ॥

**ਐਸੋ ਪਰਚਉ ਪਾਇਓ ॥ ਕਰੀ ਕ੍ਰਿਪਾ ਦਇਆਲ ਬੀਠੁਲੈ ਸਤਿਗੁਰ ਮੁਝਹਿ ਬਤਾਇਓ ॥ ੧ ॥ ਰਹਾਉ ॥**

ਹੇ ਮਹਾਰਾਜ ਪਹਿਲੇ ਆਪ ਨੇ ਸਾਡੇ ਦਿਲ ਵਿੱਚ ਇੱਕੁਰ ਦਾ ਪ੍ਰੇਮ ਦਾ ਪਰਚਾ ਪਾਇਆ ਸੀ ਜਦੋਂ ਤੋਂ ਦਿਆਲੂ ਬੀਠਲੈ = ਉਤਪਤੀ ਪਾਲਣਾ ਮਾਰਨਾ ਆਦਿਕ ਕੰਮ ਕਰਨ ਵਾਲੇ ਪ੍ਰਮੇਸ਼ਰ ਨੇ ਕਿਰਪਾ ਕੀਤੀ ਹੈ,ਤਦੋਂ ਤੋਂ ਹੀ ਸਤਿਗੁਰਾਂ ਨੇ ਮੈਨੂੰ ਪ੍ਰਮੇਸ਼ਰ ਦਾ ਰੂਪ ਦੱਸ ਦਿੱਤਾ ਹੈ।

Digitized by Panjab Digital Library | www.panjabdigilib.org

**ਜਤ ਕਤ ਦੇਖਉ ਤਤ ਤਤ ਤੁਮਹੀ ਮੋਹਿ ਇਹੁ ਬਿਸੁਆਸੁ ਹੋਇ ਆਇਓ ॥ ਕੈ ਪਹਿ ਕਰਉ ਅਰਦਾਸਿ ਬੇਨਤੀ ਜਉ ਸੁਨਤੋ ਹੈ ਰਘੁਰਾਇਓ ॥ ੧ ॥**

ਹੁਣ ਜਿਧਰ ਕਿਧਰ ਵੇਖਦਾ ਹਾਂ ਓਧਰ ਤੂੰ ਹੀ ਨਜ਼ਰ ਆਉਂਦਾ ਹੈਂ ਹੁਣ ਮੈਂ ਕਿਸ ਦੇ ਪਾਸ ਨਿੰਮ੍ਰਤਾ ਨਾਲ ਬੇਨਤੀ ਕਰਾਂ ਜੋ ਪ੍ਰਮੇਸ਼ਰ, ਆਪ ਹੀ ਸੁਣਦਾ ਹੈ ਫਿਰ ਕਿਸੇ ਅੱਗੇ ਆਖਣ ਦੀ ਕੀ ਲੋੜ ਹੈ ?

**ਲਹਿਓ ਸਹਸਾ ਬੰਧਨ ਗੁਰਿ ਤੋਰੇ ਤਾਂ ਸਦਾ ਸਹਜ ਸੁਖੁ ਪਾਇਓ ॥ ਹੋਣਾ ਸਾ ਸੋਈ ਫੁਨਿ ਹੋਸੀ ਸੁਖੁ ਦੁਖੁ ਕਹਾ ਦਿਖਾਇਓ ॥ ੨ ॥**

ਜਦੋਂ ਗੁਰਾਂ ਨੇ ਬੰਧਨ ਤੋੜ ਦਿੱਤੇ ਤਾਂ ਸੰਸਾ ਲਹਿ ਗਿਆ ਅਤੇ ਸਦਾ ਰਹਿਣ ਵਾਲਾ ਆਤਮ ਸੁਖ ਸੁਭਾਵਕ ਹੀ ਪਾਇਆ ਹੈ। ਜੇਹੜਾ ਪ੍ਰਮੇਸ਼ਰ ਪਿਛੇ ਸੀ, ਓਹੋ ਹੀ ਹੁਣ ਹੈ ਅਤੇ ਓਹੋ ਹੀ ਅੱਗੇ ਆਉਣ ਵਾਲੇ ਸਮੇ ਵਿੱਚ ਹੋਵੇਗਾ, ਜਾਂ ਜੋ ਕੁਛ ਹੋਣਾ ਸੀ, ਓਹ ਹੋਇਆ ਹੈ ਅਤੇ ਜੋ ਕੁਛ ਤੂੰ ਕਰੇਂਗਾ ਓਹ ਅੱਗੇ ਨੂੰ ਹੋਵੇਗਾ ਜਦੋਂ ਇਕੁਰ ਦੀ ਭਾਵਣਾ ਹੋ ਗਈ ਤਾਂ ਦੁਖ ਸੁਖ ਫਿਰ ਕਿਥੇ ਵੇਖਣ ਵਿੱਚ ਆਇਆ ਹੈ, ਭਾਵ ਦੁਖਾਂ ਤੋਂ ਬਿਨਾ ਹੋ ਗਏ।

**ਖੰਡ ਬ੍ਰਹਮੰਡ ਕਾ ਏਕੋ ਠਾਣਾ ਗੁਰਿ ਪਰਦਾ ਖੋਲਿ ਦਿਖਾਇਓ ॥ ਨਉਨਿਧਿ ਨਾਮੁ ਨਿਧਾਨੁ ਇਕ ਠਾਈ ਤਉ ਬਾਹਰਿ ਕੈਠੈ ਜਾਇਓ ॥ ੩ ॥**

ਜੇਹੜਾ ਪ੍ਰਮੇਸ਼ਰ ਨਵਾਂ ਖੰਡਾਂ ਤੇ ਸਾਰਿਆਂ ਲੋਕਾਂ ਦਾ ਮਾਲਕ ਹੈ, ਉਸ ਦਾ ਟਿਕਾਣਾ ਦਿਲ ਵਿੱਚ ਹੀ ਸੀ, ਪਰ ਗੁਰਾਂ ਬਿਨਾ ਨਹੀਂ ਜਾਣਿਆ ਸੀ, ਅਗਜਾਨ ਪੜਦਾ ਖੋਹਲਕੇ ਗੁਰਾਂ ਨੇ ਵਿਖਾਇਆ ਹੈ। ਜੇਹੜਾ ਨੌ ਨਿਧੀ ਰੂਪ ਨਾਮ ਦਾ ਖਜ਼ਾਨਾ ਇੱਕ ਥਾਂ ਦਿਲ ਵਿੱਚ ਹੈ, ਉਸਨੂੰ ਜਾਣ ਲਿਆ ਹੈ ਤਾਂ ਫਿਰ ਬਾਹਰ ਲੱਭਣ ਵਾਸਤੇ ਕੀ ਜਾਣਾ ਹੈ, ਜਾਂ ਕਿੱਥੇ ਕਿਸ ਥਾਂ ਜਾਣਾ ਹੈ, ਅਸੀਂ ਲੱਭਣ ਨਹੀਂ ਜਾਂਦੇ, ਸਾਡੇ ਅੰਦਰ ਹੀ ਹੈ।

**ਏਕੈ ਕਨਿਕ ਅਨਿਕ ਭਾਤਿ ਸਾਜੀ ਬਹੁ ਪਰਕਾਰ ਰਚਾਇਓ ॥ ਕਹੁ ਨਾਨਕ ਭਰਮੁ ਗੁਰਿ ਖੋਈ ਹੈ ਇਵ ਤਤੈ ਤਤੁ ਮਿਲਾਇਓ ॥ ੪ ॥ ੨ । ੧੨੩ ॥**

Digitized by Panjab Digital Library | www.panjabdigilib.org

ਜਿਸ ਤਰ੍ਹਾਂ ਇੱਕ ਹੀ ਸੋਨੇ ਦੀ ਡਲੀ ਕਈਆਂ ਤਰ੍ਹਾਂ ਕਰਕੇ ਬਣਾਈ ਹੈ, ਭਾਵ ਕਈ ਗਹਿਣੇ ਕੜੇ, ਮੁੰਦਰੀ ਆਦਿਕ ਬਣਾਏ ਹਨ, ਓਹਨਾ ਗਹਣਿਆਂ ਦਾ ਅਸਲ ਰੂਪ ਵੇਖੀਏ ਤੇ ਤਾਂ ਸੋਨਾ ਹੀ ਸੋਨਾ ਹੈ, ਇੱਕੁਰ ਹਾਂ ਸਾਰੀਆਂ ਖਾਣੀਆਂ ਦੇ ਸਾਰਿਆਂ ਜੀਵਾਂ ਨੂੰ ਵੇਖੀਏ ਤੇ ਤਾਂ ਸਭ ਪ੍ਰਮੇਸ਼ਰ ਦੀ ਹੀ ਰੂਪ ਹਨ। ਗੁਰੂ ਜੀ–ਇੱਕੁਰ ਗੁਰਾਂ ਨੇ ਭ੍ਰਮ ਦੀ ਪੰਡ ਦਿਲ ਵਿਚੋਂ ਨਾਸ਼ ਕਰ ਦਿੱਤੀ ਹੈ ਅਤੇ ਪ੍ਰਮੇਸ਼ਰ ਦੇ ਨਾਲ ਜੀਵ ਨੂੰ ਮਿਲਾ ਦਿੱਤਾਹੈ।

(ਇਸ ਅਗਲੇ ਸ਼ਬਦ ਦਾ ਅਰਥ ਪਹਿਲੀ ਜਿਲਦ ਵਿੱਚ ਵੇਖੋ)

ਗਉੜੀ ਮਹਲਾ ੫ ॥

ਅਉਧ ਘਟੈ ਦਿਨਸੁ ਰੈਣਾ ਰੇ ॥ ਮਨ ਗੁਰ ਮਿਲਿ ਕਾਜ ਸਵਾਰੇ ॥ ੧ ॥ ਰਹਾਉ ॥

ਕਰਉ ਬੇਨਤੀ ਸੁਨਹੁ ਮੇਰੇ ਮੀਤਾ ਸੰਤ ਟਹਲ ਕੀ ਬੇਲਾ ॥ ਈਹਾਂ ਖਾਟਿ ਚਲਹੁ ਹਰਿ ਲਾਹਾ ਆਗੈ ਬਸਨੁ ਸੁਹੇਲਾ ॥ ੧ ॥

ਇਹੁ ਸੰਸਾਰੁ ਬਿਕਾਰੁ ਸਹਸੇ ਮਹਿ ਤਰਿਓ ਬ੍ਰਹਮ ਗਿਆਨੀ ॥ ਜਿਸਹਿ ਜਗਾਇ ਪੀਆਏ ਹਰਿ ਰਸੁ ਅਕਥ ਕਥਾ ਤਿਨਿ ਜਾਨੀ ॥ ੨ ॥

ਜਾਕਉ ਆਏ ਸੋਈ ਵਿਹਾਝਹੁ ਹਰਿ ਗੁਰ ਤੇ ਮਨਹਿ ਬਸੇਰਾ ॥ ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ ਬਹੁਰਿ ਨ ਹੋਇਗੋ ਫੇਰਾ ॥ ੩ ॥

ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ ॥ ਨਾਨਕੁ ਦਾਸੁ ਇਹੀ ਸੁਖੁ ਮਾਗੈ ਮੋਕਉ ਕਰਿ ਸੰਤਨ ਕੀ ਧੂਰੇ ॥ ੪ ॥ ੩ ॥ ੧੨੪ ॥

ਗਉੜੀ ਮਹਲਾ ੫ ॥

ਰਾਖੁ ਪਿਤਾ ਪ੍ਰਭ ਮੇਰੇ ॥ ਮੋਹਿ ਨਿਰਗੁਨੁ ਸਭ ਗੁਨ ਤੇਰੇ ॥ ੧ ॥ ਰਹਾਉ ॥

Digitized by Panjab Digital Library | www.panjabdigilib.org

ਹੇ ਮੇਰੇ ਪਿਤਾ ਜੀ ਮੈਨੂੰ ਬਚਾ ਲਵੋ, ਮੈਂ ਗੁਣ ਹੀਨਾ ਹਾਂ, ਤੇਰੇ ਵਿੱਚ ਸਾਰੇ ਗੁਣ ਹਨ।

**ਪੰਚ ਬਿਖਾਦੀ ਏਕੁ ਗਰੀਬਾ ਰਾਖਹੁ ਰਾਖਨਹਾਰੇ ॥ ਖੇਦੁ ਕਰਹਿ ਅਰੁ ਬਹੁਤੁ ਸੰਤਾਵਹਿ ਆਇਓ ਸਰਨਿ ਤੁਹਾਰੇ ॥ ੧ ॥**

ਕਾਮ ਆਦਕ ਪੰਜ ਬਿਖਾਦੀ ਸ਼ੋਕ ਦੇਣ ਵਾਲੇ ਹਨ ਭਾਵ ਦੁਖਦਾਈ ਹਨ ਅਤੇ ਮੈਂ ਇਕ ਗਰੀਬ ਹਾਂ। ਹੇ ਭਗਤਾਂ ਦੀ ਰੱਖਿਆ ਕਰਨ ਵਾਲਿਆ ਮੈਨੂੰ ਇਹਨਾਂ ਪਾਪੀਆਂ ਤੋਂ ਬਚਾ ਲੈ। ਇਹ ਪੰਜੇ ਮੈਨੂੰ ਬਹੁਤ ਦੁਖ ਦੇਂਦੇ ਹਨ ਅਤੇ ਮੁੜ ੨ ਬਹੁਤ ਸਤਾਉਂਦੇ ਹਨ ਭਾਵ ਹਰ ਵੇਲੇ ਅਕਾਉਂਦੇ ਰਹਿੰਦੇ ਹਨ, ਇਹਨਾਂ ਤੋਂ ਡਰਦਾ ਤੇਰੇ ਚਰਨਾਂ ਦੀ ਸਰਨ ਆਇਆ ਹਾਂ।

**ਕਰਿ ਕਰਿ ਹਾਰਿਓ ਅਨਿਕ ਬਹੁ ਭਾਤੀ ਛੋਡਹਿ ਕਤਹੂੰ ਨਾਹੀ ॥ ਏਕ ਬਾਤ ਸੁਨਿ ਤਾਕੀ ਓਟਾ ਸਾਧ ਸੰਗਿ ਮਿਟਿ ਜਾਹੀ ॥ ੨ ॥**

ਬਹੁਤੇ ਜਤਨ ਕਰਕੇ ਥੱਕਾ ਹੋਇਆ ਹਾਂ ਭਾਵ ਕਈ ਪੁੰਨ ਦਾਨ ਕੀਤੇ ਹਨ, ਪਰ ਕਿਸੇ ਤਰ੍ਹਾਂ ਦੇ ਜਤਨ ਕਰਕੇ ਵੀ ਪੰਜ ਵਿਕਾਰ ਮੈਨੂੰ ਛੱਡਦੇ ਨਹੀਂ ਹਨ। ਇੱਕ ਬਾਤ ਸੁਣਕੇ ਓਟ ਤੱਕੀ ਹੈ, ਕੀ ਬਾਤ ਸੁਣੀ ਹੈ ਕਿ ਸੰਤਾਂ ਦੀ ਸੰਗਤ ਕਰਕੇ ਮਿਟ ਜਾਂਦੇ ਹਨ।

**ਕਰਿ ਕਿਰਪਾ ਸੰਤ ਮਿਲੇ ਮੋਹਿ ਤਿਨ ਤੇ ਧੀਰਜੁ ਪਾਇਆ ॥ ਸੰਤੀ ਮੰਤੁ ਦੀਓ ਮੋਹਿ ਨਿਰਭਉ ਗੁਰਕਾ ਸਬਦੁ ਕਮਾਇਆ ॥ ੩ ॥**

ਜਦੋਂ ਤੁਸਾਂ ਮੇਰੇ ਉਤੇ ਕਿਰਪਾ ਕੀਤੀ ਤਾਂ ਮੈਨੂੰ ਸੰਤ ਆ ਮਿਲੇ। ਓਹਨਾਂ ਤੋਂ ਮੈਂ ਧੀਰਜ ਪਾਇਆ ਭਾਵ ਕਾਮ ਆਦਕਾਂ ਤੋਂ ਬਚਿਆ। ਜਦੋਂ ਮੈਨੂੰ ਸੰਤਾਂ ਨੇ ਉਪਦੇਸ਼ ਦਿੱਤਾ ਤੇ ਮੈਂ ਓਹ ਉਪਦੇਸ਼ ਕਮਾਇਆ ਤਾਂ ਨਿਰਭੌ ਹੋਇਆ।

**ਜੀਤਿ ਲਏ ਓਇ ਮਹਾ ਬਿਖਾਦੀ ਸਹਜ ਸੁਹੇਲੀ ਬਾਣੀ ॥ ਕਹੁ ਨਾਨਕ ਮਨ ਭਇਆ ਪਰਗਾਸਾ ਪਾਇਆ ਪਦੁ ਨਿਰਬਾਣੀ ॥ ੪ ॥ ੪ ॥ ੧੨੫ ॥**

Digitized by Panjab Digital Library | www.panjabdigilib.org

ਫਿਰ ਮੈਂ ਓਹ ਮਹਾਂ ਬਿਖਾਦੀ ਜਿੱਤ ਲਏ ਅਤੇ ਉਪਦੇਸ਼ ਰੂਪ ਬਾਣੀ ਕਰਕੇ ਸੁਭਾਵਕ ਹੀ ਬੁੱਧੀ ਸੁਖੀ ਹੋਈ। ਗੁਰੂ ਜੀ–ਮਨ ਵਿਚ ਗਿਆਨ ਰੂਪ ਚਾਨਣ ਹੋਇਆ ਅਤੇ ਦੁਖਾਂ ਤੋਂ ਰਹਤ ਪਦ ਨੂੰ ਪਾ ਲਿਆ।

## ਗਉੜੀ ਮਹਲਾ ੫ ॥

**ਓਹੁ ਅਬਿਨਾਸੀ ਰਾਇਆ ॥ ਨਿਰਭਉ ਸੰਗਿ ਤੁਮਾਰੈ ਬਸਤੇ ਇਹੁ ਡਰਨੁ ਕਹਾ ਤੇ ਆਇਆ॥੧॥ਰਹਾਉ॥**

ਓਹ ਨ ਮਰਨ ਵਾਲਾ ਪ੍ਰਕਾਸ਼ਕ ਸਾਰੇ ਆਪ ਹੀ ਹੈ।

ਹੇ ਪ੍ਰਮੇਸ਼ਰਾ ਸਾਨੂੰ ਤੇਰੇ ਨਾਲ ਵਸਦਿਆਂ ਹੋਇਆਂ ਇਹ ਜਨਮ ਦਾ ਜਾਂ ਜਮਾਂ ਦਾ ਡਰ ਕਿੱਥੋਂ ਆਇਆ ਹੈ ਭਾਵ ਇਹ ਡਰ ਕੀ ਹੈ ਕੁਛ ਨਹੀਂ ਹੈ, ਅਸੀਂ ਡਰ ਤੋ ਰਹਿਤ ਹਾਂ, ਓਹ ਜਨਮ ਦਾ ਡਰ ਅਤੇ ਇਹ ਮਰਨ ਦਾ ਡਰ ਫਿਰ ਸਾਨੂੰ ਕਦੀ ਨਹੀਂ ਹੁੰਦਾ ਹੈ, ਇੱਕੁਰ ਵੀ ਕਰਦੇ ਹਨ।

**ਏਕ ਮਹਲਿ ਤੂੰ ਹੋਹਿ ਅਫਾਰੋ ਏਕ ਮਹਲਿ ਨਿਮਾਨੋ ॥ ਏਕ ਮਹਲਿ ਤੂੰ ਆਪੇ ਆਪੇ ਏਕ ਮਹਲਿ ਗਰੀਬਾਨੋ ॥ ੧ ॥**

ਹੇ ਪ੍ਰਮੇਸ਼ਰ ਅਸੀਂ ਤੈਨੂੰ ਇਕੁਰ ਆਪ ਦੇ ਨਾਲ ਵੱਸਦਾ ਜਾਣਿਆ ਹੈ ਕਿ ਤੂੰ ਇਕ ਸਰੀਰ ਰੂਪ ਮੰਦਰ ਵਿੱਚ ਅਫਾਰੋ = ਅਮੋੜ ਮੂਰਖ ਹੋਕੇ ਵੱਸਦਾ ਹੈਂ ਅਤੇ ਇਕ ਸਰੀਰ ਵਿਚ ਤੂੰ ਨਿਮਾਣਾ ਗਰੀਬ ਤੋਂ ਗਰੀਬ ਹੋਕੇ ਵੱਸਦਾ ਹੈਂ। ਇੱਕ ਸਰੀਰ ਵਿੱਚ ਤੂੰ ਆਪੇ ਹੰਕਾਰ ਵਾਲਾ ਹੋਇਆ ਹੋਇਆ ਹੈਂ ਅਤੇ ਇੱਕ ਵਿੱਚ ਗਰੀਬ ਤੋਂ ਗਰੀਬ ਬਣਿਆ ਹੋਇਆ ਹੈਂ।

**ਏਕ ਮਹਲਿ ਤੂੰ ਪੰਡਿਤੁ ਬਕਤਾ ਏਕ ਮਹਲਿ ਖਲੁ ਹੋਤਾ ॥ ਏਕ ਮਹਲਿ ਤੂੰ ਸਭੁ ਕਿਛੁ ਗ੍ਰਾਹਜ ਏਕ ਮਹਲਿ ਕਛੂ ਨ ਲੇਤਾ ॥ ੨ ॥**

ਇੱਕ ਸਰੀਰ ਵਿੱਚ ਤੂੰ ਪੰਡਤ ਹੋਕੇ ਬੋਲਦਾ ਫਿਰਦਾ ਹੈਂ ਅਤੇ ਇੱਕ ਸਰੀਰ ਵਿੱਚ ਤੂੰ ਮੂਰਖ ਹੁੰਦਾ ਫਿਰਦਾ ਹੈਂ। ਇੱਕ ਸਰੀਰ ਵਿੱਚ ਤੂੰ ਸਭ ਕੁਛ ਲੈ ਲੈਂਦਾ ਹੈਂ ਅਤੇ ਇੱਕ ਸਰੀਰ ਵਿੱਚ ਤੂੰ ਕੁਛ ਨਹੀਂ ਲੈਂਦਾ ਹੈਂ।

**ਕਾਠ ਕੀ ਪੁਤਰੀ ਕਹਾ ਕਰੈ ਬਪੁਰੀ ਖਿਲਾਵਨਹਾਰੋ ਜਾਨੈ ॥ ਜੈਸਾ ਭੇਖ ਕਰਾਵੈ ਬਾਜੀਗਰੁ ਓਹੁ ਤੈਸੋ ਹੀ ਸਾਜੁ ਆਨੈ ॥ ੩ ॥**

Digitized by Panjab Digital Library | www.panjabdigilib.org

ਲੱਕੜ ਦੀ ਪੁਤਲੀ ਵਿਚਾਰੀ ਕੀ ਕਰੇ,ਖਿਡਾਉਣ ਵਾਲਾ ਹੀ ਜਾਣਦਾ ਹੈ। ਜਿਸ ਤਰ੍ਹਾਂ ਦਾ ਸਾਂਗ ਬਾਜੀਗਰ ਕਰਾਉਂਦਾ ਹੈ, ਓਹ ਓਸੇਤਰ੍ਹਾਂ ਦਾ ਸਾਜ ਬਣਾ ਲਿਆਉਂਦੀ ਹੈ, ਭਾਵ ਸਾਰੀਆਂ ਦੇਹੀਆਂ ਨਿਰਮਲ ਹਨ, ਪ੍ਰਮੇਸ਼ਰ ਦੇ ਵੱਸ ਹਨ, ਜਿਧਰ ੨ ਪ੍ਰਮੇਸ਼ਰ ਲਾਉਂਦਾ ਹੈ, ਓਧਰ ੨ ਓਹ ਲੱਗਦੀਆਂ ਹਨ।

**ਅਨਿਕ ਕੋਠਰੀ ਬਹੁਤੁ ਭਾਤਿ ਕਰੀਆ ਆਪਿ ਹੋਆ ਰਖਵਾਰਾ ॥ ਜੈਸੇ ਮਹਲਿ ਰਾਖੈ ਤੈਸੈ ਰਹਨਾ ਕਿਆ ਇਹੁ ਕਰੈ ਬਿਚਾਰਾ ॥ ੪ ॥**

ਅਨੇਕਾਂ ਕੋਠੜੀਆਂ = ਦੇਹਾਂ ਬਹੁਤ ਤਰ੍ਹਾਂ ਦੀਆਂ ਅੰਡਜ, ਜੇਰਜ ਆਦਿਕ ਫਰਕ ਕਰਕੇ ਕੀਤੀਆਂ ਹਨ ਅਤੇ ਆਪੇ ਹੀ ਰਾਖਾ ਹੋਇਆ ੨ ਹੈ। ਜਿਸ ਤਰ੍ਹਾਂ ਦੇ ਸਰੀਰਾਂ ਵਿੱਚ ਰੱਖਦਾ ਹੈ, ਓਥੇ ਓਸੇ ਤਰਾਂ ਰਹਿਣਾ ਹੁੰਦਾ ਹੈ। ਇਹ ਜੀਅ ਵਿਚਾਰਾ ਕੀ ਸਕਦਾ ਹੈ।

**ਜਿਨਿ ਕਿਛੁ ਕੀਆ ਸੋਈ ਜਾਨੈ ਜਿਨਿ ਇਹ ਸਭ ਬਿਧਿ ਸਾਜੀ ॥ ਕਹੁ ਨਾਨਕ ਅਪਰੰਪਰ ਸੁਆਮੀ ਕੀਮਤਿ ਅਪੁਨੇ ਕਾਜੀ ॥ ੫॥ ੫ ॥ ੧੨੬ ॥**

ਜਿਸ ਪ੍ਰਮੇਸ਼ਰ ਨੇ ਸਾਰਾ ਸੰਸਾਰ ਬਣਾਇਆ ਹੈ, ਜਿਸ ਓਸ ਪ੍ਰਮੇਸ਼ਰ ਦੀ ਸ਼ਕਤੀ ਤੋਂ ਬਿਨਾ ਇਹ ਜੀਵ ਕੁਛ ਵੀ ਨਹੀਂ ਹੈ ਅਤੇ ਜਿਸਨੇ ਇਹ ਹਰ ਤਰ੍ਹਾਂ ਦੀ ਦੁਨੀਆਂ ਬਣਾਈ ਹੈ, ਓਹੋ ਹੀ ਇਸ ਦੀ ਹਰ ਤਰ੍ਹਾਂ ਦੀ ਰੀਤੀ ਜਾਣਦਾ ਹੈ। ਗੁਰੂ ਜੀ-ਪ੍ਰਮੇਸ਼ਰ ਸਾਰਿਆਂ ਵੱਡਿਆਂ ਵੱਡਿਆਂ ਦੇਵਤਿਆਂ ਤੇ ਸੰਸਾਰ ਦਾ ਪਰਾ ਹੈ ਅਤੇ ਆਪਣੇ ਬਣਾਏ ਸੰਸਾਰ ਦੀ ਕੀਮਤ ਆਪੇ ਹੀ ਜਾਣਦਾ ਹੈ, ਭਾਵ ਜੀਵਾਂ ਦੇ ਮਾੜੇ ਚੰਗੇ ਕਰਮਾਂ ਦਾ ਮੁਲ, ਭਾਵ ਫਲ ਦੇਂਦਾ ਹੈ, ਜਾਂ ਕਾਜੀ = ਕੰਮਾਂ ਦੀ ਕੀਮਤ ਜਾਣਦਾ ਹੈ, ਜਾਂ ਆਪਣੇ ਕੰਮ ਦੀ। ਜੀ = ਪਦ ਸੰਬੋਧਨ ਹੈ।

**ਗਉੜੀ ਮਹਲਾ ੫ ॥**

**ਛੋਡਿ ਛੋਡਿ ਰੇ ਬਿਖਿਆ ਕੇ ਰਸੂਆ ॥ ਉਰਝਿ ਰਹਿਓ ਰੇ ਬਾਵਰ ਗਾਵਰ ਜਿਉ ਕਿਰਖੈ ਹਰਿ ਆਇਓ ਪਸੂਆ ॥ ੧ ॥ ਰਹਾਉ ॥**

ਹੇ ਕਮਲਿਆ ਜੀਵਾ ਵਿਸ਼ਿਆਂ ਦੇ ਰਸਾਂ ਨੂੰ ਛੱਡ ਦੇ। ਹੇ ਕਮਲੇ

Digitized by Panjab Digital Library | www.panjabdigilib.org

ਮੂਰਖ ਤੂੰ ਵਿਸ਼ਿਆਂ ਦੀ ਫਾਹੀ ਵਿੱਚ ਕਿਸ ਤਰ੍ਹਾਂ ਫਸਿਆ ਹੋਇਆ ਹੈਂ, ਜਿਸ ਤਰਾਂ ਕਿਰਖੈ = ਖੇਤੀ ਵਿੱਚ ਹਰਿਆਉ ਪਸ਼ੂ ਫਸ ਜਾਂਦਾ ਹੈ, ਭਾਵ ਮਾਰ ਖਾਂਦਾ ਹੈ, ਪਰ ਬਾਹਰ ਨਹੀਂ ਨਿਕਲਦਾ ਹੈ।

**ਜੋ ਜਾਨਹਿ ਤੂੰ ਅਪੁਨੇ ਕਾਜੈ ਸੋ ਸੰਗਿ ਨ ਚਾਲੈ ਤੇਰੈ ਤਸੂਆ ॥ ਨਾਗੋ ਆਇਓ ਨਾਗ ਸਿਧਾਸੀ ਫੇਰਿ ਫਿਰਿਓ ਅਰੁ ਕਾਲਿ ਗਰਸੂਆ ॥ ੧ ॥**

ਜੇਹੜੇ ਘਰ ਦੇ ਪਦਾਰਥ ਤੂੰ ਆਪਣੇ ਜਾਣਦਾ ਹੈਂ ਕਿ ਕਿਸੇ ਵੇਲੇ ਇਹ ਮੇਰੇ ਕੰਮ ਆਉਣਗੇ, ਸੋ ਇਹ ਤੇਰੇ ਨਾਲ ਤਸੂਆ = ਰਾਜ ਦੇ ੨੪ਵੇਂ ਹਿੱਸੇ ਜਿਤਨਾ ਵੀ ਤੇਰੇ ਨਾਲ ਨਹੀਂ ਚੱਲਣਗੇ, ਭਾਵ ਤਸੂ ਬਹੁਤ ਹੀ ਥੋੜੀ ਮਿਣਤੀ ਦਾ ਨਾਮ ਹੈ। ਨੰਗਾ ਹੀ ਆਇਆ ਹੈ ਅਤੇ ਨੰਗਾ ਹੀ ਚਲਿਆ ਜਾਵੇਗਾ, ਚੁਰਾਸੀ ਦੇ ਫੇਰਾਂ ਵਿੱਚ ਭਰਮਿਆ ਹੈ ਅਤੇ ਮੁੜ ੨ ਕਾਲ ਗ੍ਰਾਸ ਕਰ ਲੈਂਦਾ ਹੈ।

**ਪੇਖਿ ਪੇਖਿ ਰੇ ਕਸੁੰਭ ਕੀ ਲੀਲਾ ਰਾਚਿ ਮਾਚਿ ਤਿਨਹੂੰ ਲਉ ਹਸੂਆ ॥ ਛੀਜਤ ਡੋਰਿ ਦਿਨਸੁ ਅਰੁ ਰੈਨੀ ਜੀਅ ਕੋ ਕਾਜੁ ਨ ਕੀਨੋ ਕਛੂਆ ॥ ੨ ॥**

ਲੀਲਾ = ਤਮਾਸ਼ਾ। ਰੈਨੀ = ਰਾਤ, ਉਮਰ।

ਹੇ ਜੀਵ ਜਿਨ੍ਹਾਂ ਇਸਤ੍ਰੀ ਪੁਤ੍ਰ ਆਦਿਕਾਂ ਦਾ ਅਨੰਦ ਕਸੁੰਭੇ ਦੇ ਰੰਗ ਥੋੜੇ ਦਿਨ ਰਹਿਣ ਵਾਲਾ ਹੈ, ਉਸਨੂੰ ਵੇਖ ਵੇਖਕੇ ਰਾਚ = ਮਿਲਕੇ ਮਾਚ = ਖੁਸ਼ੀ ਹੁੰਦਾ ਹੋਇਆ ਜਿਤਨਾ ਚਿਰ ਓਹਨਾਂ ਨਾਲ ਮਿਲਿਆ ਰਹਿੰਦਾ ਹੈਂ, ਹੱਸਦਾ ਹੈਂ, ਉਮਰ ਰੂਪ ਡੋਰੀ ਲੱਜ ਦਿਨੇ ਰਾਤ ਨਾਸ ਹੁੰਦੀ ਹੈ, ਜੇਹੜਾ ਕੰਮ ਆਪਣੇ ਜੀਆਂ ਨੂੰ ਸੁਖ ਭੁਗਾਉਣ ਵਾਲਾ ਸੀ, ਓਹ ਚੰਗਾ ਕੰਮ ਭਜਨ, ਸੋ ਤੂੰ ਥੋੜਾ ਵੀ ਨਹੀਂ ਕੀਤਾ ਹੈ।

**ਕਰਤ ਕਰਤ ਇਵਹੀ ਬਿਰਧਾਨੋ ਹਾਰਿਓ ਉਕਤੇ ਤਨੁ ਖੀਨਸੂਆ ॥ ਜਿਉ ਮੋਹਿਓ ਉਨ ਮੋਹਨੀ ਬਾਲਾ ਉਸਤੇ ਘਟੈ ਨਾਹੀ ਰੁਚ ਚਸੂਆ ॥ ੩ ॥**

ਵਿਹਾਰਾਂ ਨੂੰ ਕਰਦਿਆਂ ੨ ਇੱਕੁਰ ਬੁੱਢਾ ਹੋ ਗਿਆ ਉਕਤੇ = ਬੋਲ ਬੋਲਨ ਤੋਂ ਵੀ ਥੱਕ ਗਿਆ ਅਤੇ ਸਰੀਰ ਵੀ ਬਹੁਤ ਹੀ ਘਟ ਗਿਆ ਭਾਵ ਕਮਜ਼ੋਰ ਹੋ ਗਿਆ ਅਤੇ ਅੱਖਾਂ ਤੋਂ ਪਾਣੀ ਵਗਣ ਲੱਗ ਪਿਆ ਖੀਨਸੂਆ = ਖੀਨ = ਨਾਸ ਅਸੀਆ = ਅੱਥਰੂ ਪਾਣੀ। ਜਿਸਤਰਾਂ ਬਾਲ ਅਵਸਥਾ

Digitized by Panjab Digital Library | www.panjabdigilib.org

ਤੋਂ ਉਸ ਮੋਹਣੀ ਇਸਤ੍ਰੀ ਮਾਇਆ ਨੇ ਮੋਹਿਆ ਹੈ। ਹੁਣ ਬੁਢੇਪੇ ਵਿਚ ਉਸ ਤੋਂ ਥੋੜਾ ਜੇਹਾ ਚਿਰ ਵੀ ਚਾਹ ਘਟ ਨਹੀਂ ਹੁੰਦੀ ਹੈ, ਭਾਵ ਪ੍ਰੀਤੀ ਘਟਦੀ ਨਹੀਂ ਹੈ।

**ਜਗੁ ਐਸਾ ਮੋਹਿ ਗੁਰਹਿ ਦਿਖਾਇਓ ਤਉ ਸਰਣਿ ਪਰਿਓ ਤਜਿ ਗਰਬਸੂਆ॥ ਮਾਰਗੁ ਪ੍ਰਭ ਕੋ ਸੰਤਿ ਬਤਾਇਓ ਦ੍ਰਿੜੀ ਨਾਨਕ ਦਾਸ ਭਗਤਿ ਹਰਿ ਜਸੂਆ॥ ੪॥ ੬॥ ੧੨੭॥**

ਜਦੋਂ ਇਸਤਰਾਂ ਦਾ ਜਗਤ ਗੁਰਾਂ ਨੇ ਮੈਨੂੰ ਵਿਖਾਇਆ ਤਾਂ ਮੈਂ ਹੰਕਾਰ ਕਰਕੇ ਹੋਰਨਾਂ ਦੇ ਗੁਣਾਂ ਵਿਚ ਔਗੁਣ ਕੱਢਣ ਵਿਚ ਪੈ ਗਿਆ ਜਾਂ ਹੰਕਾਰ ਨੂੰ ਛੱਡਕੇ ਆਪ ਦੀ ਸ਼ਰਨ ਪਿਆ ਹਾਂ। ਗੁਰੂ ਜੀ-ਜਦੋਂ ਸ਼ਾਂਤੀ ਵਾਲੇ ਗੁਰਾਂ ਨੇ ਭਗਤੀ ਰੂਪ ਰਸਤਾ ਦੱਸਿਆ ਪਈ ਮਾਲਕ ਦਾ ਇਹ ਰਸਤਾ ਹੈ ਤਾਂ ਮੈਂ ਦਾਸ ਨੇ ਪ੍ਰਮੇਸਰ ਦਾ ਜਸ ਰੂਪ ਭਗਤੀ ਨਿਸਚੇ ਕਰ ਲਈ ਭਾਵ ਭਗਤੀ ਤੇ ਹਰਿ ਜਸ ਨੂੰ ਪੱਕ ਕਰ ਲਿਆ।

## ਗਉੜੀ ਮਹਲਾ ੫॥

**ਤੁਝ ਬਿਨੁ ਕਵਨੁ ਹਮਾਰਾ॥ ਮੇਰੇ ਪ੍ਰੀਤਮ ਪ੍ਰਾਨ ਅਧਾਰਾ॥ ੧ ॥ ਰਹਾਉ॥**

ਹੇ ਮੇਰੇ ਪ੍ਰਾਣਾਂ ਦੇ ਆਸਰਾ ਰੂਪ ਵਾਹਿਗੁਰੂ ਤੇਰੇ ਬਿਨਾ ਮੇਰਾ ਕੌਣ ਹੈ, ਕੋਈ ਨਹੀਂ ਹੈ।

**ਅੰਤਰਿ ਕੀ ਬਿਧਿ ਤੁਮ ਹੀ ਜਾਨੀ ਤੁਮ ਹੀ ਸਜਨ ਸੁਹੇਲੇ॥ ਸਰਬ ਸੁਖਾ ਮੈ ਤੁਝ ਤੇ ਪਾਏ ਮੇਰੇ ਠਾਕੁਰ ਅਗਹ ਅਤੋਲੇ॥ ੧॥**

ਮੇਰੇ ਮਨ ਦੇ ਅੰਦਰ ਦੀ ਰੀਤੀ ਤੁਸਾਂ ਹੀ ਜਾਣੀ ਹੈ ਅਤੇ ਤੁਸੀ ਹੀ ਸੁਖੀ ਕਰਨ ਵਾਲੇ ਸੱਜਣ ਹੋ। ਹੇ ਮੇਰੇ ਮਾਲਕ ਨ ਫੜੇ ਜਾਣ ਵਾਲੇ ਤੇ ਨ ਤੋਲੇ ਜਾਣ ਵਾਲੇ ਮੈਂ ਸਾਰੇ ਸੁਖ ਆਪ ਤੋਂ ਹੀ ਪਾਏ ਹਨ।

**ਬਰਨਿ ਨ ਸਾਕਉ ਤੁਮਰੇ ਰੰਗਾ ਗੁਣ ਨਿਧਾਨ ਸੁਖ ਦਾਤੇ॥ ਅਗਮ ਅਗੋਚਰ ਪ੍ਰਭ ਅਬਿਨਾਸੀ ਪੂਰੇ ਗੁਰ ਤੇ ਜਾਤੇ ॥ ੨ ॥**

Digitized by Panjab Digital Library | www.panjabdigilib.org

ਹੇ ਗੁਣਾਂ ਦੇ ਖਜ਼ਾਨੇ ਸੁਖ ਦਾਤੇ ਮੈਂ ਤੁਹਾਡੇ ਰੰਗਾਂ ਨੂੰ ਵਰਨਨ ਨਹੀਂ ਕਰ ਸੱਕਦਾ ਹਾਂ। ਮਨ ਬਾਣੀ ਤੋਂ ਪਰੇ ਰਹਿਣ ਵਾਲੇ ਮਾਲਕ ਨ ਮਰਨ ਵਾਲੇ ਨੂੰ ਮੈਂ ਪੂਰਿਆਂ ਗੁਰਾਂ ਦੀ ਕਿਰਪਾ ਨਾਲ ਜਾਣਿਆ ਹੈ।

**ਭ੍ਰਮੁ ਭਉ ਕਾਟਿ ਕੀਏ ਨਿਹਕੇਵਲ ਜਬ ਤੇ ਹਉਮੈ ਮਾਰੀ ॥ ਜਨਮ ਮਰਣ ਕੋ ਚੂਕੋ ਸਹਸਾ ਸਾਧ ਸੰਗਤਿ ਦਰਸਾਰੀ ॥ ੩ ॥**

ਜਦੋਂ ਤੋਂ ਮੈਂ ਹੰਗਤਾ ਮਾਰੀ ਹੈ ਤਦ ਤੋਂ ਡਰ ਭਰਮ ਅਤੇ ਹੋਰ ਡਰ ਵੀ ਕੱਟਕੇ ਗੁਰਾਂ ਨੇ ਬਹੁਤ ਹੀ ਸੁਧ ਕਰ ਦਿੱਤਾ ਹੈ। ਜਦ ਤੋਂ ਸੰਤਾਂ ਦਾ ਸੰਗ ਕਰਕੇ ਤੇਰਾ ਦਰਸ਼ਨ ਕੀਤਾ ਹੈ ਤਦ ਤੋਂ ਜਨਮ ਮਰਨ ਦਾ ਸੰਸਾ ਦੂਰ ਹੋ ਗਿਆ ਹੈ।

**ਚਰਣ ਪਖਾਰਿ ਕਰਉ ਗੁਰ ਸੇਵਾ ਬਾਰਿ ਜਾਉ ਲਖਬਰੀਆ ॥ ਜਿਹ ਪ੍ਰਸਾਦਿ ਇਹੁ ਭਉਜਲੁ ਤਰਿਆ ਜਨ ਨਾਨਕ ਪ੍ਰਿਅ ਸੰਗਿ ਮਿਰੀਆ ॥ ੪ ॥ ੭ ॥ ੧੨੯ ॥**

ਇਸ ਲਈ ਗੁਰਾਂ ਦੇ ਚਰਨ ਧੋਵਾਂ, ਸੇਵਾ ਕਰਾਂ ਅਤੇ ਲੱਖਾਂ ਵਾਰ ਬਲਿਹਾਰ ਜਾਂਦਾ ਹਾਂ। ਗੁਰੂ ਜੀ-ਜਿਸਦੀ ਕਿਰਪਾ ਨਾਲ ਇਹ ਸੰਸਾਰ ਸਮੁੰਦਰ ਤਰਿਆ ਹੈ ਅਤੇ ਹੇ ਪ੍ਰਮੇਸਰਾ ਤੇਰੇ ਨਾਲ ਮਿਲਿਆ ਹਾਂ, ਓਹ ਗੁਰੂ ਹੀ ਹੈ।

## ਗਉੜੀ ਮਹਲਾ ੫ ॥

**ਤੁਝ ਬਿਨੁ ਕਵਨੁ ਰੀਝਾਵੈ ਤੋਹੀ ॥ ਤੇਰੋ ਰੂਪੁ ਸਗਲ ਦੇਖਿ ਮੋਹੀ ॥ ੧ ॥ ਰਹਾਉ ॥**

ਤੇਰੀ ਕਿਰਪਾ ਤੋਂ ਬਿਨਾ ਤੈਨੂੰ ਕੌਣ ਪ੍ਰਸੰਨ ਕਰ ਸੱਕਦਾ ਹੈ ਭਾਵ ਕੋਈ ਨਹੀਂ ਹੈ ਕਿ ਸਾਰੇ ਪਦਾਰਥ ਤੇਰੇ ਬਣਾਏ ਹੋਏ ਹਨ, ਓਹਨਾਂ ਨੂੰ ਵੇਖਕੇ ਤੇਰੀ ਪ੍ਰਸੰਨਤਾ ਕੋਈ ਕਿਸਤਰਾਂ ਕਰ ਸੱਕਦਾ ਹੈ, ਸਾਰੀ ਦੁਨੀਆਂ ਨੂੰ ਤੇਰਾ ਰੂਪ ਵੇਖਕੇ ਮੇਰੀ ਅਕਲ ਮੋਹੀ ਗਈ ਹੈ।

**ਸੁਰਗ ਪਇਆਲ ਮਿਰਤ ਭੂਅ ਮੰਡਲ ਸਰਬ ਸਮਾਨੋ ਏਕੈ ਓਹੀ ॥ ਸਿਵ ਸਿਵ ਕਰਤ ਸਗਲ ਕਰ ਜੋਰਹਿ ਸਰਬ ਮਇਆ ਠਾਕੁਰ ਤੇਰੀ ਦੋਹੀ ॥ ੧ ॥**

ਸੁਰਗ ਪਤਾਲ ਮਾਤ ਲੋਕ ਹੋਰ ਜਿਤਨਾ ਮੰਡਲ ਧਰਤੀ ਦਾ ਹੈ

Digitized by Panjab Digital Library | www.panjabdigilib.org

ਇੱਕ ਤੂੰ ਸਾਰਿਆਂ ਵਿਚ ਸਮਾਇਆ ਹੋਇਆ ਹੈਂ। ਓਹੀ = ਓਹ ਜਿਸਨੇ ਆਪਣੀ ਸ਼ਕਤੀ ਨਾਲ ਜਗਤ ਬਣਾਇਆ ਹੈ, ਹੇ ਸ਼ਿਵ = ਸੁਖ ਦੇਣ ਵਾਲਿਆ ਜੇਹੜੇ ਤੇਰੇ ਅੱਗੇ ਹੱਥ ਜੋੜਦੇ ਹਨ ਓਨ੍ਹਾਂ ਸਾਰਿਆਂ ਨੂੰ ਤੂੰ ਸਿਵ = ਸੁਖੀ ਕਰ ਦੇਂਦਾ ਹੈਂ,ਹੇ ਸਾਰਿਆਂ ਉਤੇ ਕਿਰਪਾ ਕਰਨਵਾਲਿਆ ਤੇਰੀ ਭਾਵਨਾ ਰੂਪ ਦੋਹਾਈ ਸਾਰੇ ਲੋਕ ਮੱਨਦੇ ਹਨ ਭਾਵ ਤੇਰੀ ਆਗਿਆ ਮੰਨਦੇ ਹਨ।

**ਪਤਿਤ ਪਾਵਨ ਠਾਕੁਰ ਨਾਮੁ ਤੁਮਰਾ ਸੁਖਦਾਈ ਨਿਰਮਲ ਸੀਤਲੋਹੀ ॥ ਗਿਆਨ ਧਿਆਨ ਨਾਨਕ ਵਡਿਆਈ ਸੰਤ ਤੇਰੇ ਸਿਉ ਗਾਲ ਗਲੋਹੀ ॥੨॥੮॥੧੨੯॥**

ਹੇ ਮਾਲਕਾ ਪਾਪੀਆਂ ਦੇ ਪਵਿਤਰ ਕਰਨ ਵਾਲਾ ਤੇਰਾ ਨਾਮ ਹੈ ਅਤੇ ਸੁਖਦਾਈ ਤੇ ਨਿਰਮਲ ਕਰਨ ਵਾਲਾ ਹੈ ਅਤੇ ਓਹੋ ਹੀ ਨਾਮ ਤੇਰਾ ਸੀਤਲ ਕਰਨ ਵਾਲਾ ਹੈ। ਗੁਰੂ ਜੀ–ਜੇਹੜੀ ਤੇਰੇ ਸੰਤਾਂ ਨਾਲ ਗੱਲ ਗਲੋਹੀ = ਕਰਨੀ ਹੈ ਓਹੋ ਹੀ ਗਿਆਨ ਧਿਆਨ ਤੇ ਵਡਿਆਈ ਹੈ, ਸਭ ਕੁਛ ਇਸਦੇ ਅੰਦਰ ਹੀ ਹੈ।

**ਗਉੜੀ ਮਹਲਾ ੫ ॥**

**ਮਿਲਹੁ ਪਿਆਰੇ ਜੀਆ ॥ ਪ੍ਰਭ ਕੀਆ ਤੁਮਾਰਾ ਥੀਆ ॥ ੧ ॥ ਰਹਾਉ ॥**

ਹੇ ਸਾਰਿਆਂ ਜੀਵਾਂ ਦਿਆ ਪਿਆਰਿਆ ਮੈਨੂੰ ਮਿਲ। ਹੇ ਮਾਲਕਾ ਤੇਰਾ ਕੀਤਾ ਹੋਇਆ ਸਭ ਕੁਛ ਹੋਇਆ ਹੈ।

**ਅਨਿਕ ਜਨਮ ਬਹੁ ਜੋਨੀ ਭ੍ਰਮਿਆ ਬਹੁਰਿ ਬਹੁਰਿ ਦੁਖੁ ਪਾਇਆ ॥ ਤੁਮਰੀ ਕ੍ਰਿਪਾ ਤੇ ਮਾਨੁਖ ਦੇਹ ਪਾਈ ਹੈ ਦੇਹੁ ਦਰਸੁ ਹਰਿ ਰਾਇਆ ॥ ੧ ॥**

ਅਨੇਕਾਂ ਜਨਮਾਂ ਕਰਕੇ ਬਹੁਤੀਆਂ ਜੂਨਾਂ ਵਿਚ ਜੀਵ ਭਰਮਿਆ ਹੈ, ਇਸ ਲਈ ਫਿਰ ੨ ਦੁਖ ਪਾਇਆ ਹੈ। ਹੇ ਪ੍ਰਮੇਸਰ ਪ੍ਰਕਾਸ਼ਕਾ! ਤੇਰੀ ਕਿਰਪਾ ਨਾਲ ਮਨੁੱਖ ਦੇਹ ਪਾਈ ਹੈ, ਮੈਨੂੰ ਦਰਸ਼ਨ ਦੇਹ।

**ਸੋਈ ਹੋਆ ਜੋ ਤਿਸੁ ਭਾਣਾ ਅਵਰੁ ਨ ਕਿਨਹੀ ਕੀਤਾ ॥ ਤੁਮਰੈ ਭਾਣੈ ਭਰਮਿ ਮੋਹਿ ਮੋਹਿਆ ਜਾਗਤੁ ਨਾਹੀ ਸੂਤਾ ॥ ੨ ॥**

Digitized by Panjab Digital Library | www.panjabdigilib.org

ਜਿਸਨੇ ਪੈਦਾ ਕੀਤਾ ਹੈ ਉਸਨੂੰ ਜੋ ਕੁਛ ਚੰਗਾ ਲੱਗਦਾ ਹੈ ਓਹੋ ਹੀ ਹੁੰਦਾ ਹੈ, ਹੋਰ ਕਿਸੇ ਨੇ ਨਹੀਂ ਕੀਤਾ ਹੈ, ਹੋਰ ਕੋਈ ਕਰਨ ਹੀ ਜੋਗਾ ਨਹੀਂ ਹੈ। ਤੇਰੇ ਹੁਕਮ ਦੇ ਅੰਦਰ ਭਰਮ ਅਤੇ ਮੋਹ ਦਾ ਮੋਹਿਆ ਹੋਇਆ ਇਸਤਰਾਂ ਦਾ ਅਵਿਦਯਾ ਨੀਂਦ ਵਿਚ ਸੁੱਤਾ ਹੋਇਆ ਹੈ ਕਿ ਗਿਆਨ ਜਾਗ੍ਰਤ ਅਵਸਥਾ ਵਿਚ ਕਦੀ ਨਹੀਂ ਜਾਗਦਾ ਹੈ।

**ਬਿਨਉ ਸੁਨਹੁ ਤੁਮ ਪ੍ਰਾਨਪਤਿ ਪਿਆਰੇ ਕਿਰਪਾ ਨਿਧਿ ਦਇਆਲਾ ॥ ਰਾਖਿ ਲੇਹੁ ਪਿਤਾ ਪ੍ਰਭ ਮੇਰੇ ਅਨਾਥਹ ਕਰਿ ਪ੍ਰਤਿਪਾਲਾ ॥ ੩ ॥**

ਹੇ ਕਿਰਪਾ ਦੇ ਸਮੁੰਦਰ ਦੀਨ ਦਿਆਲੂ ਪ੍ਰਾਣਾਂ ਦੇ ਪਤੀ ਤੇ ਪਿਆਰੇ ਵਾਹਿਗੁਰੂ ਤੁਸੀ ਸਾਡੀ ਬੇਨਤੀ ਸੁਣੋ। ਹੇ ਮੇਰੇ ਮਾਲਕ ਪਿਤਾ ਰੂਪ ਮੈਂ ਗਰੀਬ ਦੀ ਪਾਲਨਾ ਕਰਨ ਵਾਲਿਆ ਜਨਮ ਮਰਨ ਤੋਂ ਬਚਾ ਲੈ।

**ਜਿਸ ਨੋ ਤੁਮਹਿ ਦਿਖਾਇਓ ਦਰਸਨੁ ਸਾਧ ਸੰਗਤਿ ਕੈ ਪਾਛੈ ॥ ਕਰਿ ਕਿਰਪਾ ਧੂਰਿ ਦੇਹੁ ਸੰਤਨ ਕੀ ਸੁਖੁ ਨਾਨਕੁ ਇਹੁ ਬਾਛੈ ॥ ੪ ॥ ੯ ॥ ੧੩੦ ॥**

ਬਾਛੈ = ਚਾਹੁੰਦਾ ਹਾਂ।

ਜਿਸਨੂੰ ਤੁਸਾਂ ਦਰਸ਼ਨ ਵਿਖਾਇਆ ਹੈ। ਉਸਨੂੰ ਸਾਧ ਸੰਗਤ ਦੇ ਪਿੱਛੇ ਭਾਵ ਆਸਰੇ ਦਰਸ਼ਨ ਵਿਖਾਇਆ ਹੈ। ਗੁਰੂ ਜੀ–ਇਸ ਲਈ ਮੈਂ ਇਹ ਸੁਖ ਰੂਪ ਜਾਣਕੇ ਚਾਹੁੰਦਾ ਹਾਂ ਕਿ ਕਿਰਪਾ ਕਰਕੇ ਮੈਨੂੰ ਸੰਤਾਂ ਦੇ ਚਰਨਾਂ ਦੀ ਧੂੜ ਦੇਹ।

## ਗਉੜੀ ਮਹਲਾ ੫ ॥

**ਹਉ ਤਾਕੈ ਬਲਿਹਾਰੀ ॥ ਜਾਕੈ ਕੇਵਲ ਨਾਮੁ ਅਧਾਰੀ ॥ ੧ ॥ ਰਹਾਉ ॥**

ਜੇਹੜੇ ਇਕ ਨਾਮ ਦਾ ਹੀ ਆਸਰਾ ਕਰਨ ਵਾਲੇ ਹਨ, ਮੈਂ ਓਹਨਾਂ ਤੋਂ ਬਲਿਹਾਰ ਜਾਂਦਾ ਹਾਂ।

**ਮਹਿਮਾ ਤਾਕੀ ਕੇਤਕ ਗਨੀਐ ਜਨ ਪਾਰਬ੍ਰਹਮ ਰੰਗਿ ਰਾਤੇ ॥ ਸੂਖ ਸਹਜ ਆਨੰਦ ਤਿਨਾ ਸੰਗਿ ਉਨ ਸਮਸਰਿ ਅਵਰ ਨ ਦਾਤੇ ॥ ੧ ॥**

ਜੇਹੜੇ ਆਦਮੀ ਪ੍ਰਮੇਸਰ ਦੇ ਪ੍ਰੇਮ ਵਿਚ ਰੱਤੇ ਹਨ, ਓਹਨਾਂ ਦੀ

Digitized by Panjab Digital Library | www.panjabdigilib.org

ਮਹਿਮਾ ਕਿਤਨੀ ਕੁ ਗਿਣੀਏ ਭਾਵ ਬਿਅੰਤ ਹੈ।

ਓਹਨਾਂ ਸੰਤਾਂ ਦੇ ਨਾਲ ਹੀ ਰਹਿਣ ਨਾਲ ਸੁਖ ਸ਼ਾਂਤੀ ਅਨੰਦ ਹੁੰਦਾ ਹੈ, ਹੋਰ ਸਾਰੇ ਹੀ ਜਿਤਨੇ ਕੁ ਦਾਤੇ ਹਨ ਉਹਨਾਂ ਦੇ ਬਰਾਬਰ ਕੋਈ ਵੀ ਨਹੀਂ ਹੈ।

**ਜਗਤ ਉਧਾਰਣ ਸੇਈ ਆਏ ਜੋ ਜਨ ਦਰਸ ਪਿਆਸਾ ॥ ਉਨ ਕੀ ਸਰਣਿ ਪਰੈ ਸੋ ਤਰਿਆ ਸੰਤ ਸੰਗਿ ਪੂਰਨ ਆਸਾ ॥ ੨ ॥**

ਜਿਨ੍ਹਾਂ ਨੂੰ ਪ੍ਰਮੇਸਰ ਦੇ ਦਰਸਨ ਦੀ ਪਿਆਸਾ ਹੈ, ਜਗਤ ਨੂੰ ਤਾਰਨ ਵਾਸਤੇ ਓਹੋ ਹੀ ਆਏ ਹਨ। ਜੇਹੜਾ ਓਹਨਾਂ ਦੀ ਸਰਨ ਪਿਆ ਹੈ ਓਹ ਤਰਿਆ ਹੈ, ਅਤੇ ਸੰਤਾਂ ਦੇ ਸੰਗ ਕਰਕੇ ਹੀ ਸਾਰੀਆਂ ਆਸਾਂ ਪੂਰੀਆਂ ਹੁੰਦੀਆਂ ਹਨ।

**ਤਾਕੈ ਚਰਣਿ ਪਰਉ ਤਾ ਜੀਵਾ ਜਨਕੈ ਸੰਗਿ ਨਿਹਾਲਾ ॥ ਭਗਤਨ ਕੀ ਰੇਣੁ ਹੋਇ ਮਨੁ ਮੇਰਾ ਹੋਹੁ ਪ੍ਰਭੂ ਕਿਰਪਾਲਾ ॥ ੩ ॥**

ਮੈਂ ਓਹਨਾਂ ਸੰਤਾਂ ਦੇ ਚਰਨੀ ਪਵਾਂ ਤੇ ਤਾਂ ਹੀ ਜੀਵਾਂਗਾ ਅਤੇ ਦਾਸਾਂ ਦਾ ਸੰਗ ਕਰਕੇ ਹੀ ਨਿਹਾਲ ਹੋਈਦਾ ਹੈ।

ਪਰ ਤਦੋਂ ਮੇਰਾ ਮਨ ਭਗਤਾਂ ਦੇ ਚਰਨਾਂ ਦੀ ਧੂੜ ਹੋ ਜਾਵੇ ਜਦੋਂ ਮਾਲਕ ਦਿਆਲੂ ਹੋਵੇਗਾ।

**ਰਾਜੁ ਜੋਬਨੁ ਅਵਧ ਜੋ ਦੀਸੈ ਸਭੁ ਕਿਛੁ ਜੁਗ ਮਹਿ ਘਾਟਿਆ ॥ ਨਾਮੁ ਨਿਧਾਨੁ ਸਦ ਨਵਤਨੁ ਨਿਰਮਲੁ ਇਹੁ ਨਾਨਕ ਹਰਿ ਧਨੁ ਖਾਟਿਆ ॥ ੪ ॥ ੧੦ ॥ ੧੩੧ ॥**

ਰਾਜ, ਜੋਬਨ ਅਵਸਥਾ ਜੋ ਕੁਛ ਵੀ ਇਹ ਨਜ਼ਰ ਆਇਆ ਹੋਇਆ ਹੈ ਭਾਵ ਸਾਰੇ ਪਦਾਰਥ ਸਾਰਿਆਂ ਜੁਗਾਂ ਵਿੱਚ ਘਾਟਾ ਹੀ ਪਾਉਣ ਵਾਲੇ ਹਨ ਜਾਂ ਸਭ ਕੁਝ ਘਟਿਆ ਹੀ ਘਟਿਆ ਜਾਣੋ ਭਾਵ ਨਾਸ ਰੂਪ ਹੈ, ਫਿਰ ਇਹਨਾਂ ਪਦਾਰਥਾਂ ਦਾ ਕੀ ਮੰਨਣਾ ਹੈ।

ਗੁਰੂ ਜੀ—ਜੇਹੜਾ ਨਾਮ ਰੂਪ ਖਜ਼ਾਨਾ ਸਦਾ ਰਹਿਣ ਵਾਲਾ ਹੈ ਭਾਵ ਸਾਰਿਆਂ ਜੁਗਾਂ ਵਿਚ ਲਗਾਤਾਰ ਮਿਲਦਾ ਹੈ, ਸੋ ਓਹ ਅਸਾਂ ਹਰਿਨਾਮ ਰੂਪ ਧਨ ਹੀ ਖੱਟਿਆ ਹੈ। ਨਵੱਤਨ = ਨਰੋਆ।

Digitized by Panjab Digital Library | www.panjabdigilib.org

ਗਉੜੀ ਮਹਲਾ ੫ ॥

ਜੋਗ ਜੁਗਤਿ ਸੁਨਿ ਆਇਓ ਗੁਰ ਤੇ ॥ ਮੋਕਉ ਸਤਿਗੁਰ ਸਬਦਿ ਬੁਝਾਇਓ ॥ ੧ ॥ ਰਹਾਉ ॥

{ਜੋਗੀ ਨੂੰ ਅੰਤ੍ਰੀਵ ਜੋਗ ਦਾ ਉਪਦੇਸ਼ ਹੈ
ਗੁਰੂ ਜੀ ਨੇ ਜੋਗੀ ਨੂੰ ਆਖਿਆ ਕਿ ਹੇ ਜੋਗੀ ਮੈ ਇੱਕੁਰ ਦਾ ਜੋਗੀ ਹਾਂ}

ਮੈਂ ਜੋਗ ਦੀ ਰੀਤੀ ਗੁਰਾਂ ਤੋਂ ਸੁਣਕੇ ਪ੍ਰਮੇਸਰ ਦੀ ਸਰਨ ਆਇਆ ਹਾਂ। ਮੈਨੂੰ ਸਤਿਗੁਰਾਂ ਨੇ ਉਪਦੇਸ਼ ਦੇਕੇ ਸਮਝਾਇਆ ਹੈ।

ਨਉਖੰਡ ਪ੍ਰਿਥਮੀ ਇਸੁ ਤਨ ਮਹਿ ਰਵਿਆ ਨਿਮਖ ਨਿਮਖ ਨਮਸਕਾਰਾ ॥ ਦੀਖਿਆ ਗੁਰ ਕੀ ਮੁੰਦ੍ਰਾ ਕਾਨੀ ਦ੍ਰਿੜਿਓ ਏਕੋ ਨਿਰੰਕਾਰਾ ॥ ੧ ॥

(ਜੋਗੀ-ਤੁਸੀ ਕਿਸਤਰਾਂ ਸਮਝਿਆ ਹੈ?) ਗੁਰੂ ਜੀ-ਜਿਤਨੀ ਨਵਾਂ ਖੰਡਾਂ ਵਾਲੀ ਧਰਤੀ ਭਾਵ ਸੱਤੇ ਹੀ ਦੀਪ ਹਨ। ਜੇਹੜਾ ਪ੍ਰਮੇਸਰ ਇਹਨਾਂ ਸਾਰਿਆਂ ਥਾਵਾਂ ਵਿਚ ਪੂਰਨ ਹੈ ਓਹੋ ਹੀ ਇਸ ਸਰੀਰ ਵਿਚ ਮਿਲਿਆ ਹੋਇਆ ਹੈ, ਅਸੀਂ ਇਕੁੱਰ ਸਮਝਕੇ ਨਿਮਖ ੨ ਨਮਸਕਾਰ ਕਰਦੇ ਹਾਂ।

ਜੇਹੜੀ ਗੁਰਾਂ ਦੀ ਸਿੱਖਿਆ ਸੁਣੀ ਹੈ ਇਹ ਕੰਨਾਂ ਵਿਚ ਮੁੰਦਰਾਂ ਪਾਈਆਂ ਹਨ। (ਜੋਗੀ-ਓਹ ਸਿਖਿਆ ਕਿਸਤਰਾਂ ਦੀ ਹੈ?)

ਗੁਰੂ ਜੀ-ਜਿਸ ਸਿਖਿਆ ਨਾਲ ਇਕ ਅਕਾਰ ਤੋਂ ਰਹਿਤ ਪ੍ਰਮਾਤਮਾਂ ਨੂੰ ਨਿਸਚੇ ਕੀਤਾ ਹੈ ਭਾਵ ਦਿਲ ਵਿਚ ਪੱਕਾ ਕਰਕੇ ਸਮਝਿਆ ਹੈ।

ਪੰਚ ਚੇਲੇ ਮਿਲਿ ਭਏ ਇਕਤ੍ਰਾ ਏਕਸੁ ਕੈ ਵਸਿ ਕੀਏ ॥ ਦਸ ਬੈਰਾਗਨਿ ਆਗਿਆਕਾਰੀ ਤਬ ਨਿਰਮਲ ਜੋਗੀ ਥੀਏ ॥ ੨ ॥

ਜੇਹੜੇ ਪੰਜ ਵਿਕਾਰ ਕਾਮ ਆਦਕ ਹਨ, ਸੋ ਇਹਨਾਂ ਨੂੰ ਕੱਠਿਆਂ ਕਰਕੇ ਇਕ ਸੁਧ ਮਨ ਦੇ ਵੱਸ ਕੀਤਾ ਹੈ, ਇਹ ਪੰਜ ਚੇਲੇ ਸਾਨੂੰ ਮਿਲ ਗਏ ਹਨ ਜਾਂ ਪੰਜ ਚੇਲੇ ਕਾਮ ਆਦਕ ਮਿਲਕੇ ਇਕ ਮਨ ਦੇ ਪਾਸ ਕੱਠੇ ਹੋ ਗਏ ਹਨ। ਜਦ ਤੋਂ ਦਸੇ ਇੰਦ੍ਰੀਆਂ ਆਗਿਆਕਾਰੀ ਹੋ ਗਈਆਂ ਹਨ ਭਾਵ ਵੱਸ ਕਰ ਲਈਆਂ ਹਨ ਤਦ ਤੋਂ ਨਿਰਮਲ ਜੋਗੀ ਹੋਏ ਹਾਂ।

ਭਰਮੁ ਜਰਾਇ ਚਰਾਈ ਬਿਭੂਤਾ ਪੰਥੁ ਏਕੁ ਕਰਿ

Digitized by Panjab Digital Library | www.panjabdigilib.org

**ਪੇਖਿਆ ॥ ਸਹਜ ਸੂਖ ਸੋ ਕੀਨੀ ਭੁਗਤਾ ਜੋ ਠਾਕੁਰਿ ਮਸਤਕਿ ਲੇਖਿਆ ॥ ੩ ॥**

ਹਰ ਤਰਾਂ ਦੇ ਭਰਮਾਂ ਦਾ ਸਾੜਨਾ ਕਰਕੇ ਪਿੰਡੇ ਉਤੇ ਸੁਆਹ ਦਾ ਮਲਨਾ ਕੀਤਾ ਹੈ ਜੇਹੜਾ ਸਾਰਿਆਂ ਜਗਤ ਜੀਵਾਂ ਨੂੰ ਇਕ ਨਜ਼ਰ ਨਾਲ ਵੇਖਦਾ ਹੈ। ਇਹ ਸਾਡਾ ਪੰਥ ਹੈ ਜੇਹੜਾ ਤੁਹਾਡੇ ਬਾਰਾਂ ਪੰਥਾਂ ਤੋਂ ਵੱਡਾ ਹੈ। ਜੇਹੜਾ ਸਾਨੂੰ ਸਹਿਜੇ ਹੀ ਸੁਖ ਹੈ ਇਹ ਅਸਾਂ ਭੁਗਤਾ = ਰਸੋਈ ਖਾਣੀ ਕੀਤੀ ਹੈ। ਜੇਹੜਾ ਪ੍ਰਮੇਸਰ ਨੇ ਮੱਥੇ ਉਤੇ ਚੰਗਾ ਲੇਖ ਲਿਖਿਆ ਹੈ ਇਹ ਜਰੂਰ ਕੁਛ ਮਿਲਨਾ ਹੈ, ਇਹ ਸਾਨੂੰ ਹਿੱਸਾ ਆਉਂਦਾ ਹੈ ਅਤੇ ਤ੍ਰਿਸ਼ਨਾ ਨ ਕਰਨੀ ਏਹੋ ਹੀ ਸਾਡਾ ਹਿੱਸਾ ਹੈ।

**ਜਹ ਭਉ ਨਾਹੀ ਤਹ ਆਸਨੁ ਬਾਧਿਓ ਸਿੰਗੀ ਅਨਹਤ ਬਾਨੀ॥ ਤਤੁ ਬੀਚਾਰੁ ਡੰਡਾ ਕਰਿ ਰਾਖਿਓ ਜੁਗਤਿ ਨਾਮੁ ਮਨਿ ਭਾਨੀ ॥ ੪ ॥**

ਜਿਸ ਵਿੱਚ ਮਿਲਨ ਨਾਲ ਜਨਮ ਮਰਨ ਦਾ ਡਰ ਨਹੀਂ ਰਹਿੰਦਾ ਉਸ ਪ੍ਰਮੇਸ਼ਰ ਵਿੱਚ ਆਸਨ ਬੱਧਾ ਹੈ, ਭਾਵ ਮਿਲਕੇ ਬੈਠੇ ਹਾਂ, ਜੋਗੀਆਂ ਦੇ ਪਾਸ ਇੱਕ ਸਿੰਙੀ ਹੁੰਦੀ ਹੈ, ਜੇਹੜੀ ਅੰਨ ਖਾਣ ਵੇਲੇ ਵਜਾ ਲੈਂਦੇ ਹਨ, ਜੇਹੜਾ ਲਗਾਤਾਰ ਪ੍ਰਮੇਸ਼ਰ ਦੀ ਬਾਣੀ ਦਾ ਉਚਾਰਨ ਕਰਨਾ ਹੈ, ਇਹ ਸਿੰਙੀ ਹੈ। ਜੇਹੜਾ ਮਨ ਵਿਚ ਸਚ ਝੂਠ ਦਾ ਵਿਚਾਰ ਕਰਨਾ ਹੈ,ਇਹ ਅਸਾਂ ਹੱਥ ਵਿੱਚ ਸੋਟਾ ਫੜ ਰੱਖਿਆ ਹੈ ਅਤੇ ਨਾਮ ਜਪਣ ਦੀ ਮਰਯਾਦਾ ਮਨ ਨੂੰ ਚੰਗੀ ਲੱਗੀ ਹੈ।

**ਐਸਾ ਜੋਗੀ ਵਡਭਾਗੀ ਭੇਟੈ ਮਾਇਆ ਕੇ ਬੰਧਨ ਕਾਟੈ ॥ ਸੇਵਾ ਪੂਜ ਕਰਉ ਤਿਸੁ ਮੂਰਤਿ ਕੀ ਨਾਨਕੁ ਤਿਸੁ ਪਗ ਚਾਟੈ ॥ ੫ ॥ ੧੧ ॥ ੧੩੨ ॥**

ਇੱਕੁਰ ਦਾ ਜੋਗੀ ਸਤਿਗੁਰੂ ਜਿਸਦੀ ਕਿਰਪਾ ਨਾਲ ਸਾਨੂੰ ਇੱਕੁਰ ਦਾ ਜੋਗ ਮਿਲਿਆ ਹੈ,ਵੱਡਿਆਂ ਭਾਗਾਂ ਨਾਲ ਮਿਲਦਾ ਹੈ।ਜੇਹੜਾ ਮਾਇਆ ਦੇ ਬੰਧਨਾਂ ਅਗਯਾਨ ਨੂੰ ਕੱਟ ਦੇਂਦਾ ਹੈ।

ਗੁਰੂ ਜੀ–ਉਸ ਜੋਗੀ ਦੀ ਮੂਰਤੀ ਦੀ ਸੇਵਾ ਤੇ ਪੂਜਾ ਕਰਾਂ ਅਤੇ ਉਸ ਦੇ ਪੈਰਾਂ ਨੂੰ ਜੀਭ ਨਾਲ ਚੱਟਾਂ।

Digitized by Panjab Digital Library | www.panjabdigilib.org

ਗਉੜੀ ਮਹਲਾ ੫ ॥

ਅਨੂਪ ਪਦਾਰਥੁ ਨਾਮੁ ਸੁਨਹੁ ਸਗਲ ਧਿਆਇ ਲੇ ਮੀਤਾ ॥ ਹਰਿ ਅਉਖਧੁ ਜਾਕਉ ਗੁਰਿ ਦੀਆ ਤਾਕੇ ਨਿਰ-ਮਲ ਚੀਤਾ ॥ ੧ ॥ ਰਹਾਉ ॥

ਹੇ ਮਿਤ੍ਰੋ! ਬੜਾ ਸੁੰਦਰ ਨਾਮ ਪਦਾਰਥ ਹੈ, ਉਸਨੂੰ ਸੁਣੋ ਅਤੇ ਸਾਰੇ ਹੀ ਉਸਦਾ ਧਿਆਨ ਕਰੋ। ਜਿਸਨੂੰ ਗੁਰਾਂ ਨੇ ਹਰਿ ਨਾਮ ਦਵਾਈ ਦਿੱਤੀ ਹੈ, ਉਸ ਦੇ ਦਿਲ ਆਦਿਕ ਨਿਰਮਲ ਹੋ ਗਏ ਹਨ।

ਅੰਧਕਾਰੁ ਮਿਟਿਓ ਤਿਹ ਤਨ ਤੇ ਗੁਰਿ ਸਬਦਿ ਦੀਪਕੁ ਪਰਗਾਸਾ ॥ ਭ੍ਰਮ ਕੀ ਜਾਲੀ ਤਾਕੀ ਕਾਟੀ ਜਾਕਉ ਸਾਧ ਸੰਗਤਿ ਬਿਸ੍ਵਾਸਾ ॥ ੧ ॥

ਜਿਸਦੇ ਮਨ ਵਿੱਚ ਗੁਰਾਂ ਨੇ ਉਪਦੇਸ਼ ਕਰਕੇ ਗਿਆਨ ਰੂਪ ਦੀਵਾ ਬਾਲਿਆ ਹੈ, ਉਸਦੇ ਸਰੀਰ ਤੇ ਦਿਲ ਆਦਿਕ ਇੰਦ੍ਰਿਆਂ ਤੋਂ ਅਗਜਾਨ ਹਨੇਰਾ ਦੂਰ ਹੋ ਗਿਆ ਹੈ। ਜਿਸਨੂੰ ਸਤਸੰਗ ਕਰਕੇ ਆਪਣੇ ਦਿਲ ਅੰਦਰ ਪ੍ਰਮੇਸ਼ਰ ਉਤੇ ਭਰੋਸਾ ਹੋਇਆ ਹੈ, ਉਸਦੀ ਭਰਮ ਰੂਪ ਜਾਲੀ ਕੱਟੀ ਗਈ ਹੈ।

ਤਾਰੀ ਲੇ ਭਵਜਲੁ ਤਾਰੂ ਬਿਖੜਾ ਬੋਹਿਥ ਸਾਧੂ ਸੰਗਾ ॥ ਪੂਰਨ ਹੋਈ ਮਨ ਕੀ ਆਸਾ ਗੁਰੁ ਭੇਟਿਓ ਹਰਿ ਰਗਾ ॥ ੨ ॥

ਜਿਸ ਸੰਸਾਰ ਸਮੁੰਦਰ ਦਾ ਤਰਨਾ ਬੜਾ ਔਖਾ ਤੇ ਅਥਾਹ ਸੀ, ਉਸ ਤੋਂ ਤਰਨ ਦੀ ਵਿਦਿਆ ਜਾਨਣ ਵਾਲਿਆਂ ਨੇ ਤਾਰ ਲਿਆ ਹੈ, ਕਿਸ ਤਰ੍ਹਾਂ ਤਰਿਆ ਹੈ? ਸੰਤਾਂ ਨਾਲ ਰਲਾਕੇ ਗਿਆਨ ਜਹਾਜ਼ ਦੇਕੇ। ਜਿਸ ਵੇਲੇ ਪ੍ਰਮੇਸ਼ਰ ਦੇ ਅਨੰਦ ਲੈਣ ਵਾਲਾ ਭਾਵ ਆਤਮ ਅਨੰਦੀ ਗੁਰੂ ਮਿਲਿਆ ਤਾਂ ਮਨ ਦੀਆਂ ਸਾਰੀਆਂ ਆਸਾ ਪੂਰੀਆਂ ਹੋ ਗਈਆਂ।

ਨਾਮ ਖਜਾਨਾ ਭਗਤੀ ਪਾਇਆ ਮਨ ਤਨ ਤ੍ਰਿਪਤ ਅਘਾਏ ॥ ਨਾਨਕ ਹਰਿ ਜੀਉ ਤਾਕਉ ਦੇਵੈ ਜਾਕਉ ਹੁਕਮੁ ਮਨਾਏ ॥ ੩ ॥ ੧੨ ॥ ੧੩੩ ॥

ਜਦੋਂ ਭਗਤੀ ਕਰਕੇ ਨਾਮ ਖਜ਼ਾਨਾ ਪਾਇਆ ਤਾਂ ਮਨ ਵੀ ਰੱਜ

Digitized by Panjab Digital Library | www.panjabdigilib.org

ਗਿਆ, ਤਨ ਵੀ ਰੱਜ ਗਿਆ। ਪਰ ਗੁਰੂ ਜੀ-ਪ੍ਰਮੇਸ਼ਰ ਨਾਮ ਦਾ ਖਜ਼ਾਨਾ ਉਸਨੂੰ ਦੇਂਦਾ ਹੈ, ਜਿਸ ਨੂੰ ਆਪਣਾ ਹੁਕਮ ਮਨਾਉਂਦਾ ਹੈ।

## ਗਉੜੀ ਮਹਲਾ ੫ ॥

**ਦਇਆ ਮਇਆ ਕਰਿ ਪ੍ਰਾਨਪਤਿ ਮੋਰੇ ਮੋਹਿ ਅਨਾਥ ਸਰਣਿ ਪ੍ਰਭ ਤੋਰੀ ॥ ਅੰਧਕੂਪ ਮਹਿ ਹਾਥ ਦੇ ਰਾਖਹੁ ਕਛੂ ਸਿਆਨਪ ਉਕਤਿ ਨ ਮੋਰੀ ॥ ੧ ॥ ਰਹਾਉ ॥**

ਹੇ ਕਿਰਪਾ ਕਰਨ ਵਾਲੇ ਮੇਰੇ ਪ੍ਰਾਣਪਤੀ = ਵਾਹਿਗੁਰੂ ਮਾਲਕ ਮੈਂ ਗਰੀਬ ਆਪ ਦੀ ਸਰਣ ਆਇਆ ਹਾਂ, ਮੇਰੇ ਉਤੇ ਕਿਰਪਾ ਕਰ "ਕੀ ਕਿਰਪਾ ਕਰਾਂ" ਸੰਸਾਰ ਰੂਪ ਉਜਾੜ ਦੇ ਖੂਹ ਵਿਚੋਂ ਕਿਰਪਾ ਰੂਪ ਹੱਥ ਦੇਕੇ ਕੱਢ ਲੈ! "ਤੇਰੇ ਵਿੱਚ ਕੁਛ ਸਿਆਣਪ ਨਹੀਂ ਹੈ" ਮੇਰੇ ਵਿੱਚ ਕੁਛ ਵੀ ਸਿਆਣਪ ਤੇ ਬੋਲਣ ਦੀ ਚਤਰਾਈ ਨਹੀਂ ਹੈ।

**ਕਰਨ ਕਰਾਵਨ ਸਭ ਕਿਛੁ ਤੁਮਹੀ ਤੁਮ ਸਮਰਥ ਨਾਹੀ ਅਨ ਹੋਰੀ ॥ ਤੁਮਰੀ ਗਤਿ ਮਿਤਿ ਤੁਮਹੀ ਜਾਨੀ ਸੇ ਸੇਵਕ ਜਿਨ ਭਾਗ ਮਥੋਰੀ ॥ ੧ ॥**

ਕਰਨ ਕਰਾਉਣ ਵਾਲੇ ਸਭ ਕੁਛ ਆਪ ਹੀ ਸਮਰੱਥ ਹੋ, ਕਿਸੇ ਹੋਰ ਥਾਂ ਵਿੱਚ ਤੁਹਾਡੇ ਵਰਗਾ ਹੋਰ ਕੋਈ ਨਹੀਂ ਹੈ। ਤੁਸੀ ਆਪਣੀ ਚਾਲ ਤੇ ਰੀਤੀ ਤੁਸੀ ਆਪ ਹੀ ਜਾਣਦੇ ਹੋ ਅਤੇ ਦਾਸ ਆਪ ਦਾ ਓਹੋ ਹੀ ਹੈ, ਜਿਸਦੇ ਮੱਥੇ ਉਤੇ ਪੂਰਨ ਭਾਗ ਹ।

**ਅਪੁਨੇ ਸੇਵਕ ਸੰਗਿ ਤੁਮ ਪ੍ਰਭ ਰਾਤੇ ਓਤਿ ਪੋਤਿ ਭਗਤਨ ਸੰਗਿ ਜੋਰੀ ॥ ਪ੍ਰਿਉ ਪ੍ਰਿਉ ਨਾਮੁ ਤੇਰਾ ਦਰਸਨੁ ਚਾਹੈ ਜੈਸੇ ਦ੍ਰਿਸਟਿ ਓਹ ਚੰਦ ਚਕੋਰੀ ॥ ੨ ॥**

ਹੇ ਮਾਲਕ ਜੀ! ਤੁਸੀ ਆਪਣੇ ਦਾਸ ਨਾਲ ਸੂਤ ਦੇ ਤਾਣੇ ਪੇਟੇ ਵਾਂਗ ਰੱਤੇ ਹੋਏ ਹੋ ਅਤੇ ਓਹਨਾਂ ਹੀ ਭਗਤਾਂ ਦੇ ਨਾਲ ਤੁਸਾਂ ਪ੍ਰੀਤੀ ਜੋੜੀ ਹੈ, ਭਾਵ ਪ੍ਰਮੇਸ਼ਰ ਭਗਤਾਂ ਨਾਲ ਪ੍ਰੀਤੀ ਕਰਦਾ ਹੈ, ਭਗਤ ਪ੍ਰਮੇਸ਼ਰ ਨਾਲ।

ਪਪੀਹੇ ਵਾਂਗ ਪਤੀ੨ ਕਰਦੇ ਫਿਰਦੇ ਹਨ ਅਤੇ ਦਰਸ਼ਨ ਦੀ ਇੱਛਿਆ ਲਈ ਤੇਰਾ ਨਾਮ ਜਪਦੇ ਹਨ, ਜਿਸ ਤਰਾਂ ਚਕੋਰ ਚਕੋਰੀ ਚੰਦ੍ਰਮਾਂ ਵੱਲ ਨਜ਼ਰ ਲਗਾ ਰੱਖਦੇ ਹਨ, ਇੱਕੁਰ ਹੀ ਓਹ ਭਗਤ ਤੇਰੇ ਨਾਲ ਪ੍ਰੀਤੀ ਕਰਦੇ ਹਨ।

Digitized by Panjab Digital Library | www.panjabdigilib.org

**ਰਾਮ ਸੰਤ ਮਹਿ ਭੇਦੁ ਕਿਛੁ ਨਾਹੀ ਏਕੁ ਜਨੁ ਕਈ ਮਹਿ ਲਾਖ ਕਰੋਰੀ ॥ ਜਾਕੈ ਹੀਐ ਪ੍ਰਗਟੁ ਪ੍ਰਭੁ ਹੋਆ ਅਨਦਿਨੁ ਕੀਰਤਨੁ ਰਸਨ ਰਮੋਰੀ ॥ ੩ ॥**

ਰਾਮ ਤੇ ਸੰਤ ਵਿੱਚ ਫਰਕ ਕੁਛ ਨਹੀਂ ਹੈ, ਜਾਂ ਹੇ ਰਾਮ ਜਿਸ ਸੰਤ ਦਾ ਤੇਰੇ ਨਾਲ ਕੋਈ ਫਰਕ ਨਹੀਂ ਹੈ, ਇੱਕੁਰ ਦਾ ਆਦਮੀ ਕਈਆਂ ਲੱਖਾਂ ਕਰੋੜਾਂ ਵਿਚੋਂ ਕੋਈ ਇੱਕ ਹੀ ਹੈ, ਜੇਹੜਾ ਕਰੋੜਾਂ ਵਿੱਚ ਇੱਕ ਹੈ। ਉਸ ਦਾ ਕੀ ਨਿਸ਼ਾਨ ਹੈ ? ਜਿਸਦੇ ਦਿਲ ਅੰਦਰ ਮ ਲਕ ਪ੍ਰਗਟ ਹੋਇਆ ਹੈ, ਜੇਹੜਾ ਰਾਤ ਦਿਨ ਪ੍ਰਮੇਸ਼ਰ ਦਾ ਜਸ ਜ਼ਬਾਨ ਨਾਲ ਰਮੋਰੀ = ਉਚਾਰਦਾ ਰਹਿੰਦਾ ਹੈ।

**ਤੁਮ ਸਮਰਥ ਅਪਾਰ ਅਤਿ ਊਚੇ ਸੁਖਦਾਤੇ ਪ੍ਰਭ ਪ੍ਰਾਨ ਅਧੋਰੀ ॥ ਨਾਨਕ ਕਉ ਪ੍ਰਭ ਕੀਜੈ ਕਿਰਪਾ ਉਨ ਸੰਤਨ ਕੈ ਸੰਗਿ ਸੰਗੋਰੀ ॥ ੪ ॥ ੧੩ ॥ ੧੩੪ ॥**

ਹੇ ਮਾਲਕ ਜੀ ਤੁਸੀ ਸਮਰੱਥ ਵੱਡੇ ਤੇ ਬੜੇ ਉੱਚੇ ਹੋ, ਸੁਖਦਾਤੇ ਤੇ ਪ੍ਰਾਣਾਂ ਦੇ ਆਸਰਾ ਰੂਪ ਹੋ। ਗੁਰੂ ਜੀ-ਮੈਂ ਦਾਸ ਉਤੇ ਕਿਰਪਾ ਕਰੋ, ਮੈਂ ਓਹਨਾਂ ਸੰਤਾਂ ਦੇ ਨਾਲ ਮਿਲਿਆ ਰਹਾਂ।

## ਗਉੜੀ ਮਹਲਾ ੫ ॥

**ਤੁਮ ਹਰਿ ਸੇਤੀ ਰਾਤੇ ਸੰਤਹੁ ॥ ਨਿਬਾਹਿ ਲੇਹੁ ਮੋਕਉ ਪੁਰਖ ਬਿਧਾਤੇ ਓੜਿ ਪਹੁਚਾਵਹੁ ਦਾਤੇ ॥ ੧ ॥ ਰਹਾਉ ॥**

ਹੇ ਸੰਤੋ ਤੁਸੀ ਪ੍ਰਮੇਸ਼ਰ ਨਾਲ ਰੱਤੇ ਹੋਏ ਹੋ। ਮੈਨੂੰ ਵੀ ਤੋੜ ਨਿਬਾਹ ਲਵੋ, ਭਾਵ ਨਾਲ ਲਈ ਚੱਲੋ ਜਿਥੇ ਜਾਣਾ ਜੇ ਓਥੇ ਤੋੜ ਪੁਚਾ ਦਿਓ। ਓੜ = ਸਿਰੇ ਧੁਰ ਦਰਗਾਹੇ ਪੁਚਾ ਦਿਓ, ਤੁਸੀ ਅਕਾਲ ਪੁਰਖ ਮਨ ਭਾਉਂਦੇ ਫਲਾਂ ਨੂੰ ਦੇਣ ਵਾਲੇ ਦਾ ਰੂਪ ਹੋ, ਇਸ ਲਈ ਪ੍ਰਮੇਸ਼ਰ ਦੇ ਕੋਲ ਪੁਚਾ ਦਿਓ, ਤੁਸੀ ਦਾਤੇ ਹੋ।

**ਤੁਮਰਾ ਮਰਮੁ ਤੁਮਾ ਹੀ ਜਾਨਿਆ ਤੁਮ ਪੂਰਨ ਪੁਰਖ ਬਿਧਾਤੇ ॥ ਰਾਖਹੁ ਸਰਣਿ ਅਨਾਥ ਦੀਨ ਕਉ ਕਰਹੁ ਹਮਾਰੀ ਗਾਤੇ ॥ ੧ ॥**

ਤੁਹਾਡਾ ਭੇਤ ਤੁਸਾਂ ਆਪ ਹੀ ਜਾਣਿਆ ਹੈ, ਕਿਉਂ ਹੋਰ ਸਾਡਾ ਭੇਤ ਨਹੀਂ ਜਾਣ ਸੱਕਦੇ ? ਉੱਤਰ-ਤੁਸੀ ਪੂਰਨ ਅਕਾਲ ਪੁਰਖ

Digitized by Panjab Digital Library | www.panjabdigilib.org

ਵਿਧਾਤੇ ਦਾ ਰੂਪ ਹੋ। ਮੈਨੂੰ ਬਹੁਤ ਗਰੀਬ ਤੋਂ ਗਰੀਬ ਨੂੰ ਆਪਣੀ ਸ਼ਰਨ ਵਿਚ ਰੱਖਕੇ ਮੇਰੀ ਮੁਕਤੀ ਕਰੋ।

**ਤਰਣ ਸਾਗਰ ਬੋਹਿਥ ਚਰਣ ਤੁਮਾਰੇ ਤੁਮ ਜਾਨਹੁ ਅਪੁਨੀ ਭਾਤੇ ॥ ਕਰਿ ਕਿਰਪਾ ਜਿਸੁ ਰਾਖਹੁ ਸੰਗੇ ਤੇ ਤੇ ਪਾਰਿ ਪਰਾਤੇ ॥ ੨ ॥**

ਸੰਸਾਰ ਸਮੁੰਦਰ ਤਰਨ ਨੂੰ ਆਪ ਦੇ ਚਰਨ ਜਹਾਜ਼ ਹਨ। ਤੁਸੀ ਆਪਣੀ ਰੀਤੀ ਨੂੰ ਆਪ ਹੀ ਜਾਣਦੇ ਹੋ ਭਾਵ ਤੁਸੀ ਪਰਾਈ ਰੀਤੀ ਵੀ ਜਾਣਦੇ ਹੋ। ਹਰ ਇੱਕ ਦੇ ਦਿਲ ਦੀ ਸਮਝਦੇ ਹੋ। ਜਿਸ ਜਿਸ ਨੂੰ ਕਿਰਪਾ ਕਰਕੇ ਆਪਣੇ ਨਾਲ ਰੱਖਦੇ ਹੋ ਓਹ ਓਹ ਆਦਮੀ ਸੰਸਾਰ ਸਮੁੰਦਰ ਤੋਂ ਪਾਰ ਪਿਆ ਹੈ ਜਾਂ ਪੈ ਗਏ ਹਨ।

**ਈਤ ਊਤ ਪ੍ਰਭ ਤੁਮ ਸਮਰਥਾ ਸਭੁ ਕਿਛੁ ਤੁਮਰੈ ਹਾਥੇ ॥ ਐਸਾ ਨਿਧਾਨੁ ਦੇਹੁ ਮੋ ਕਉ ਹਰਿ ਜਨ ਚਲੈ ਹਮਾਰੈ ਸਾਥੇ ॥ ੩ ॥**

ਹੇ ਸੰਤੋ ਲੋਕ ਪ੍ਰਲੋਕ ਵਿਚ ਤੁਸੀ ਹੀ ਹਰ ਇਕ ਕੰਮ ਦੇ ਕਰਨ ਨੂੰ ਸਮਰੱਥ ਹੋ। ਸਭ ਕੁਛ ਆਪ ਦੇ ਹੱਥ ਵਿਚ ਹੈ ਭਾਵ ਧਰਮ ਅਰਥ ਕਾਮ ਮੋਖ ਆਦਕ ਆਪਦੀ ਕਿਰਪਾ ਬਿਨਾਂ ਜੀਵਾਂ ਨੂੰ ਨਹੀਂ ਮਿਲਦੇ ਹਨ। ਹੇ ਹਰੀ ਦੇ ਪਿਆਰਿਓ ਭਰਾਤੋ! ਇੱਕੁਹ ਦਾ ਖਜ਼ਾਨਾ ਭਾਵ ਨਾਮ ਧਨ ਮੈਨੂੰ ਦਿਓ, ਜੇਹੜਾ ਮੇਰੇ ਨਾਲ ਲੋਕ ਪ੍ਰਲੋਕ ਵਿਚ ਚੱਲੇ।

**ਨਿਰਗੁਨੀਆਰੇ ਕਉ ਗੁਨੁ ਕੀਜੈ ਹਰਿ ਨਾਮੁ ਮੇਰਾ ਮਨੁ ਜਾਪੇ ॥ ਸੰਤ ਪ੍ਰਸਾਦਿ ਨਾਨਕ ਹਰਿ ਭੇਟੇ ਮਨ ਤਨ ਸੀਤਲ ਧ੍ਰਾਪੇ ॥ ੪ ॥ ੧੪ ॥ ੧੩੫ ॥**

ਮੈ ਨਿਰਗੁਣਿਆਰੇ ਉਤੇ ਗੁਣ ਕਰੋ ਕਿ ਮੇਰਾ ਮਨ ਹਰੀ ਦੇ ਨਾਮ ਨੂੰ ਜਪੇ। ਗੁਰੂ ਜੀ—ਸੰਤਾਂ ਨੇ ਕ੍ਰਿਪਾ ਕਰਕੇ ਪ੍ਰਮੇਸਰ ਦੇ ਨਾਲ ਮਿਲਾਇਆ ਹੈ। ਜਦੋਂ ਪ੍ਰਮੇਸ਼ਰ ਮਿਲਿਆ ਤੇ ਤਾਂ ਤਨ ਮਨ ਸੀਤਲ ਹੋਇਆ ਅਤੇ ਰੱਜ ਗਏ, ਸਾਨੂੰ ਕਿਸੇ ਵੀ ਤਰਾਂ ਦੀ ਲੋੜ ਨ ਰਹੀ।

**ਗਉੜੀ ਮਹਲਾ ੫ ॥**

**ਸਹਜਿ ਸਮਾਇਓ ਦੇਵ ॥ ਮੋ ਕਉ ਸਤਿਗੁਰ ਭਏ ਦਇਆਲ ਦੇਵ ॥ ੧ ॥ ਰਹਾਉ ॥**

Digitized by Panjab Digital Library | www.panjabdigilib.org

ਹੇ ਭਰਾ ਜਦੋਂ ਮੈਨੂੰ ਸਤਿਗੁਰੂ ਦੇਵ ਰੂਪ ਦਿਆਲੂ ਹੋਏ ਤਾਂ ਸੁਭਾਵਕ ਹੀ ਦੇਵ = ਪ੍ਰਕਾਸ਼ਕ ਵਾਹਿਗੁਰੂ ਮੈਨੂੰ ਮਿਲ ਗਿਆ "ਤੈਨੂੰ ਸਤਿਗੁਰਾਂ ਨੇ ਕੀ ਕੀਤਾ ?"

**ਕਾਟਿ ਜੇਵਰੀ ਕੀਓ ਦਾਸਰੋ ਸੰਤਨ ਟਹਲਾਇਓ ॥ ਏਕ ਨਾਮ ਕੋ ਥੀਓ ਪੂਜਾਰੀ ਮੋਕਉ ਅਚਰਜੁ ਗੁਰਹਿ ਦਿਖਾਇਓ ॥ ੧ ॥**

ਵਾਸ਼ਨਾ ਰੂਪ ਰੱਸੀ ਭਾਵ ਫਾਹੀ ਕੱਟਕੇ ਦਾਸ ਬਣਾ ਲਿਆ ਅਤੇ ਸੰਤਾਂ ਦੀ ਟਹਿਲ ਵਿੱਚ ਲਾ ਦਿੱਤਾ। ਲਾ = ਇਹ ਦੋਹਾਂ ਪਾਸਿਆਂ ਵੱਲ ਅਰਥ ਕਰੌਂਦਾ ਹੈ। ਮੈਂ ਇੱਕ ਨਾਮ ਦਾ ਹੀ ਪੂਜਣ ਵਾਲਾ ਬਣ ਗਿਆ, ਗੁਰਾਂ ਨੇ ਅਸਚਰਜ ਰੂਪ ਪ੍ਰਮੇਸ਼ਰ ਨੂੰ ਵਿਖਾ ਦਿੱਤਾ ਹੈ।

**ਭਇਓ ਪ੍ਰਗਾਸੁ ਸਰਬ ਉਜੀਆਰਾ ਗੁਰ ਗਿਆਨੁ ਮਨਹਿ ਪ੍ਰਗਟਾਇਓ ॥ ਅੰਮ੍ਰਿਤੁ ਨਾਮੁ ਪੀਓ ਮਨੁ ਤ੍ਰਿਪਤਿਆ ਅਨਭੈ ਠਹਰਾਇਓ ॥ ੨ ॥**

ਸਾਰਿਆਂ ਦੇ ਪ੍ਰਕਾਸ਼ ਕਰਨ ਵਾਲਾ ਵੱਡਾ ਜੋਤੀ ਰੂਪ ਜੇਹੜਾ ਪ੍ਰਮੇਸ਼ਰ ਹੈ, ਉਸ ਦਾ ਚਾਨਣ ਗੁਰਾਂ ਨੇ ਕਰ ਦਿੱਤਾ ਤਦੋਂ ਓਹ ਪ੍ਰਮੇਸ਼ਰ ਮਨ ਵਿੱਚ ਹੀ ਪ੍ਰਗਟ ਹੋ ਗਿਆ। ਜਦੋਂ ਅੰਮ੍ਰਿਤ ਪੀਤਾ ਤਾਂ ਮਨ ਰੱਜ ਗਿਆ ਅਤੇ ਹੋਰਨਾਂ ਦਰਾਂ ਵੱਲੋਂ ਮਨ ਨੂੰ ਰੋਕ ਲਿਆ।

**ਮਾਨਿ ਆਗਿਆ ਸਰਬ ਸੁਖ ਪਾਏ ਦੂਖਹ ਠਾਉ ਗਵਾਇਓ ॥ ਜਉ ਸੁਪ੍ਰਸੰਨ ਭਏ ਪ੍ਰਭ ਠਾਕੁਰ ਸਭੁ ਆਨਦ ਰੂਪੁ ਦਿਖਾਇਓ ॥ ੩ ॥**

ਆਗਿਆ ਮੰਨਕੇ ਸਾਰੇ ਸੁਖ ਪਾ ਲਏ। ਦੁਖਾਂ ਦਾ ਥਾਂ ਅਗਜਾਨ ਗਵਾ ਦਿੱਤਾ। ਜਦੋਂ ਮਾਲਕ ਪ੍ਰਮੇਸ਼ਰ ਆਪ ਪ੍ਰਸੰਨ ਹੋਇਆ ਤਾਂ ਗੁਰਾਂ ਦੁਆਰੇ ਸਾਰਾ ਸੰਸਾਰ ਆਪਣਾ ਹੀ ਰੂਪ ਵਿਖਾ ਦਿੱਤਾ ਅਤੇ ਅਨੰਦ ਕਰ ਦਿੱਤਾ।

**ਨਾ ਕਿਛੁ ਆਵਤ ਨਾ ਕਿਛੁ ਜਾਵਤ ਸਭੁ ਖੇਲੁ ਕੀਓ ਹਰਿ ਰਾਇਓ ॥ ਕਹੁ ਨਾਨਕ ਅਗਮ ਅਗਮ ਹੈ ਠਾਕੁਰ ਭਗਤ ਟੇਕ ਹਰਿ ਨਾਇਓ ॥ ੪ ॥ ੧੫ ॥ ੧੩੬ ॥**

Digitized by Panjab Digital Library | www.panjabdigilib.org

ਅਸਲ ਕੀ ਹੈ, ਨ ਕੁਛ ਆਉਂਦਾ ਹੈ, ਨ ਕੁਛ ਜਾਂਦਾ ਹੈ, ਪ੍ਰਮੇਸ਼ਰ ਪ੍ਰਕਾਸ਼ਕ ਨੇ ਸਾਰਾ ਜਗਤ ਰੂਪ ਇਹ ਤਮਾਸ਼ਾ ਬਣਾ ਰੱਖਿਆ ਹੈ ਗੁਰੂ ਜੀ– ਪ੍ਰਮੇਸ਼ਰ ਪਰੇ ਤੋਂ ਪਰੇ ਹੈ ਅਤੇ ਉਸਦਿਆਂ ਭਗਤਾਂ ਨੂੰ ਆਸਰਾ ਨਾਮ ਦਾ ਹੀ ਹੈ।

**ਗਉੜੀ ਮਹਲਾ ੫ ॥**

**ਪਾਰਬ੍ਰਹਮ ਪੂਰਨ ਪਰਮੇਸੁਰ ਮਨ ਤਾਕੀ ਓਟ ਗਹੀਜੈ ਰੇ ॥ ਜਿਨਿ ਧਾਰੇ ਬ੍ਰਹਮੰਡ ਖੰਡ ਹਰਿ ਤਾਕੋ ਨਾਮੁ ਜਪੀਜੈ ਰੇ ॥ ੧ ॥ ਰਹਾਉ ॥**

ਜੇਹੜਾ ਪ੍ਰਮੇਸ਼ਰ ਪਰੇ ਤੋਂ ਪਰੇ ਤੇ ਸਾਰਿਆਂ ਵਿੱਚ ਮਿਲਿਆ ਹੋਇਆ ਹੈ, ਹੇ ਮਨ ਉਸਦੀ ਓਟ ਫੜ। ਜਿਸ ਪ੍ਰਮੇਸ਼ਰ ਨੇ ਸਾਰੇ ਲੋਕ ਤੇ ਨੌਂ ਖੰਡ ਆਪਣੇ ਆਸਰੇ ਖੜੇ ਕਰ ਰੱਖੇ ਹਨ, ਹੇ ਮਨ ਉਸਦਾ ਨਾਮ ਜਪ।

**ਮਨ ਕੀ ਮਤਿ ਤਿਆਗਹੁ ਹਰਿ ਜਨ ਹੁਕਮੁ ਬੂਝਿ ਸੁਖੁ ਪਾਈਐ ਰੇ ॥ ਜੋ ਪ੍ਰਭੁ ਕਰੈ ਸੋਈ ਭਲ ਮਾਨਹੁ ਸੁਖਿ ਦੁਖਿ ਓਹੀ ਧਿਆਈਐ ਰੇ ॥ ੧ ॥**

ਪ੍ਰਮੇਸ਼ਰ ਦੇ ਪਿਆਰਿਆਂ ਨਾਲ ਮਿਲਕੇ ਮਨ ਦੀ ਮੱਤ ਛੱਡ ਦਿਓ, ਓਹਨਾਂ ਦਾ ਹੁਕਮ ਸਮਝ ਕੇ, ਭਾਵ ਮੰਨਕੇ ਸੁਖ ਪਾਈਦਾ ਹੈ। ਜੋ ਕੁਛ ਮਾਲਕ ਕਰਦਾ ਹੈ, ਉਸ ਨੂੰ ਚੰਗਾ ਕਰਕੇ ਮੰਨੋ, ਸੁਖ ਦੁਖ ਵਿੱਚ ਓਸੇ ਨੂੰ ਯਾਦ ਕਰੋ।

**ਕੋਟਿ ਪਤਿਤ ਉਧਾਰੇ ਖਿਨ ਮਹਿ ਕਰਤੇ ਬਾਰ ਨ ਲਾਗੈ ਰੇ ॥ ਦੀਨ ਦਰਦ ਦੁਖ ਭੰਜਨ ਸੁਆਮੀ ਜਿਸੁ ਭਾਵੈ ਤਿਸਹਿ ਨਿਵਾਜੈ ਰੇ ॥ ੨ ॥**

ਕ੍ਰੋੜਾਂ ਪਾਪੀਆਂ ਨੂੰ ਇੱਕ ਛਿਨ ਵਿੱਚ ਤਾਰ ਲੈਂਦਾ ਹੈ, ਤਾਰਦੇ ਨੂੰ ਦੇਰ ਨਹੀਂ ਲੱਗਦੀ ਹੈ। ਗ਼ਰੀਬਾਂ ਦੇ ਦੁੱਖਾਂ ਦਰਦਾਂ ਦਾ ਨਾਸ ਕਰਤਾ ਮਾਲਕ ਅਕਾਲ ਪੁਰਖ ਹੈ, ਓਹ ਜਿਸ ਨੂੰ ਚਾਹੁੰਦਾ ਹੈ, ਉਸ ਨੂੰ ਵਡਿਆਉਂਦਾ ਹੈ।

**ਸਭ ਕੋ ਮਾਤ ਪਿਤਾ ਪ੍ਰਤਿਪਾਲਕ ਜੀਅ ਪ੍ਰਾਨ ਸੁਖ ਸਾਗਰੁ ਰੇ ॥ ਦੇਂਦੇ ਤੋਟਿ ਨਾਹੀ ਤਿਸੁ ਕਰਤੇ ਪੂਰਿ ਰਹਿਓ ਰਤਨਾਗਰੁ ਰੇ ॥ ੩ ॥**

Digitized by Panjab Digital Library | www.panjabdigilib.org

ਸਾਰਿਆਂ ਦੀ ਮਾਤਾ ਪਿਤਾ ਵਾਂਗ ਹੋਕੇ ਪਾਲਨਾ ਕਰਨ ਵਾਲਾ ਹੈ, ਅਤੇ ਸੁਖਾਂ ਦਾ ਸਮੁੰਦਰ ਜੀਵਾਂ ਦਾ ਪ੍ਰਾਣ ਰੂਪ ਹੈ। ਉਸ ਕਰਤੇ ਵਾਹਿਗੁਰੂ ਦੇ ਘਰ ਵਿੱਚ ਕੁਛ ਦੇਣ ਲੱਗਿਆਂ ਘਾਟਾ ਨਹੀਂ ਆਉਂਦਾ ਹੈ, ਓਹ ਰਤਨਾਂ ਦੀ ਖਾਣ ਜਾਂ ਸਮੁੰਦਰ ਹੈ ਅਤੇ ਸਾਰਿਆਂ ਵਿੱਚ ਮਿਲਿਆ ਹੋਇਆ ਹੈ।

**ਜਾਚਿਕੁ ਜਾਚੈ ਨਾਮੁ ਤੇਰਾ ਸੁਆਮੀ ਘਟ ਘਟ ਅੰਤਰਿ ਸੋਈ ਰੇ ॥ ਨਾਨਕੁ ਦਾਸੁ ਤਾਕੀ ਸਰਣਾਈ ਜਾਤੇ ਬ੍ਰਿਥਾ ਨ ਕੋਈ ਰੇ ॥ ੪ ॥ ੧੬ ॥ ੧੩੭ ॥**

ਹੇ ਮਾਲਕਾ ਮੈਂ ਮੰਗਤਾ ਤੇਰਾ ਨਾਮ ਮੰਗਦਾ ਹਾਂ ਜਾਂ ਮੰਗਤਾ ਹੋਕੇ ਨਾਮ ਮੰਗ, ਓਹ ਸਾਰਿਆਂ ਸਰੀਰਾਂ ਦੇ ਅੰਦਰ ਹੈ। ਗੁਰੂ ਜੀ-ਮੈਂ ਉਸਦੀ ਸ਼ਰਨ ਹਾਂ ਜਿਸਤੋਂ ਖਾਲੀ ਕੋਈ ਨਹੀਂ ਹੈ ਭਾਵ ਉਸਦੇ ਬੂਹੇ ਤੋਂ ਖਾਲੀ ਕੋਈ ਨਹੀਂ ਜਾਂਦਾ ਹੈ।

**ਰਾਗੁ ਗਉੜੀ ਪੂਰਬੀ ਮਹਲਾ ੫**

**ੴ ਸਤਿਗੁਰਪ੍ਰਸਾਦਿ ॥ ॥ ਹਰਿ ਹਰਿ ਕਬਹੂ ਨ ਮਨਹੁ ਬਿਸਾਰੇ ॥ ਈਹਾ ਊਹਾ ਸਰਬ ਸੁਖਦਾਤਾ ਸਗਲ ਘਟਾ ਪ੍ਰਤਿਪਾਰੇ ॥ ੧ ॥ ਰਹਾਉ ॥**

ਹੇ ਭਰਾਓ ਪ੍ਰਮੇਸਰ ਨੂੰ ਆਪਣੇ ਮਨ ਤੋਂ ਕਦੀ ਨਾ ਭੁਲਾਓ, ਓਹ ਸਾਰਿਆਂ ਨੂੰ ਹਰਿਆਂ ਕਰਨ ਵਾਲਾ ਹੈ। ਲੋਕ ਪ੍ਰਲੋਕ ਵਿਚ ਸਾਰਿਆਂ ਸੁਖਾਂ ਦਾ ਦਾਤਾ ਹੈ, ਕੀੜੀ ਤੋਂ ਲੈਕੇ ਹਾਥੀ ਤਕ ਸਾਰਿਆਂ ਦੀ ਪਾਲਣਾ ਕਰਦਾ ਹੈ।

**ਮਹਾ ਕਸਟ ਕਾਟੈ ਖਿਨ ਭੀਤਰਿ ਰਸਨਾ ਨਾਮੁ ਚਿਤਾਰੇ॥ ਸੀਤਲ ਸਾਂਤਿ ਸੂਖ ਹਰ ਸਰਣੀ ਜਲਤੀ ਅਗਨਿ ਨਿਵਾਰੇ ॥ ੧ ॥**

ਜਿਨ੍ਹਾਂਨੇ ਜੀਭ ਨਾਲ ਨਾਮ ਜਪਿਆ ਹੈ ਓਹਨਾਂ ਦੇ ਵੱਡੇਰ ਦੁਖ ਛਿਨ ਵਿਚ ਕੱਟਦਾ ਹੈ। ਜੇਹੜੇ ਚਿਤ ਨਾਲ ਯਾਦ ਕਰਦੇ ਹਨ ਅਤੇ ਹਰੀ ਦੀ ਸ਼ਰਨ ਆਏ ਹਨ ਓਹ ਆਦਮੀ ਸ਼ਾਂਤੀ ਪਾਕੇ ਸੀਤਲ ਹੋ ਗਏ ਹਨ ਅਤੇ ਸੁਖ ਪਾਇਆ ਹੈ ਅਤੇ ਸੜਦੀ ਅੱਗ ਤੋਂ ਬਚ ਗਏ ਹਨ।

Digitized by Panjab Digital Library | www.panjabdigilib.org

**ਗਰਭ ਕੁੰਡ ਨਰਕ ਤੇ ਰਾਖੈ ਭਵਜਲੁ ਪਾਰਿ ਉਤਾਰੇ ॥ ਚਰਨ ਕਮਲ ਆਰਾਧਤ ਮਨ ਮਹਿ ਜਮ ਕੀ ਤ੍ਰਾਸ ਬਿਦਾਰੇ ॥ ੨ ॥**

ਮਾਂ ਦੇ ਪੇਟ ਦੇ ਦੁਖ ਤੇ ਨਰਕ ਦੀ ਅੱਗ ਤੋਂ ਰੱਖਿਆ ਕਰਦਾ ਹੈ ਅਤੇ ਸੰਸਾਰ ਸਮੁੰਦਰ ਤੋਂ ਪਾਰ ਉਤਾਰਦਾ ਹੈ। ਜੇਹੜਾ ਮਨ ਵਿਚ ਚਰਨਾਂ ਕਮਲਾਂ ਨੂੰ ਯਾਦ ਕਰਦਾ ਹੈ। ਉਸਦਾ ਜਮ ਦਾ ਡਰ ਤੇ ਸਾਰੀ ਪੀੜਾ ਦੂਰ ਕਰਦਾ ਹੈ

**ਪੂਰਨ ਪਾਰਬ੍ਰਹਮ ਪਰਮੇਸੁਰ ਊਚਾ ਅਗਮ ਅਪਾਰੇ ॥ ਗੁਣ ਗਾਵਤ ਧਿਆਵਤ ਸੁਖ ਸਾਗਰ ਜੂਏ ਜਨਮੁ ਨ ਹਾਰੇ ॥ ੩ ॥**

ਓਹ ਪ੍ਰਮੇਸਰ ਪਰੇ ਤੋਂ ਪਰੇ ਉਚਾ, ਅਪੁੱਜ, ਵੱਡਾ, ਸਾਰਿਆਂ ਵਿਚ ਮਿਲਿਆ ਹੋਇਆ ਹੈ। ਜੇਹੜੇ ਇੱਕੁਰ ਦੇ ਸੁਖਾਂ ਦੇ ਸਮੁੰਦਰ ਦੇ ਗੁਣਾਂ ਨੂੰ ਗਾਉਂਦੇ ਅਤੇ ਧਿਆਉਂਦੇ ਹਨ ਓਹ ਆਦਮੀ ਆਪਣੇ ਜਨਮ ਨੂੰ ਜੂਏ ਵਿਚ ਨਹੀਂ ਹਾਰਦੇ ਹਨ ਭਾਵ ਸੰਸਾਰ ਰੂਪ ਛਲ ਵਿਚ ਜਨਮ ਨਹੀਂ ਗਵਾਉਂਦੇ ਹਨ।

**ਕਾਮਿ ਕ੍ਰੋਧਿ ਲੋਭਿ ਮੋਹਿ ਮਨੁ ਲੀਨੋ ਨਿਰਗੁਣ ਕੇ ਦਾਤਾਰੇ ॥ ਕਰਿ ਕਿਰਪਾ ਅਪੁਨੋ ਨਾਮੁ ਦੀਜੈ ਨਾਨਕ ਸਦ ਬਲਿਹਾਰੇ ॥ ੪ ॥ ੧ ॥ ੧੩੮ ॥**

ਹੇ ਨਿਰਗੁਣਿਆਰਿਆਂ ਨੂੰ ਦਾਤਾਂ ਦੇਣ ਵਾਲਿਆ ਮੇਰਾ ਮਨ ਕਾਮ ਕਰੋਧ ਲੋਭ ਮੋਹ ਨੇ ਸਬੂਤ ਹੀ ਨਿਗਲ ਲਿਆ ਹੈ। ਆਪ ਕਿਰਪਾ ਕਰਕੇ ਬਚਾ। ਇੱਕੁਰ ਬੇਨਤੀ ਕਰਕੇ ਗੁਣ ਗਾਵੇ।

ਗੁਰੂ ਜੀ-ਕਿਰਪਾ ਕਰਕੇ ਆਪਣਾ ਨਾਮ ਦੇਹ, ਮੈਂ ਸਦਾ ਬਲਿਹਾਰ ਜਾਂਦਾ ਹਾਂ।

### ਰਾਗੁ ਗਉੜੀ ਚੇਤੀ ਮਹਲਾ ੫

**ੴ ਸਤਿਗੁਰਪ੍ਰਸਾਦਿ ॥ ॥ ਸੁਖੁ ਨਾਹੀ ਰੇ ਹਰਿ ਭਗਤਿ ਬਿਨਾ ॥ ਜੀਤਿ ਜਨਮੁ ਇਹੁ ਰਤਨੁ ਅਮੋਲਕੁ ਸਾਧਸੰਗਤਿ ਜਪਿ ਇਕ ਖਿਨਾ ॥ ੧ ॥ ਰਹਾਉ ॥**

Digitized by Panjab Digital Library | www.panjabdigilib.org

ਹੇ ਭਰਾ ਹਰੀ ਦੀ ਭਗਤੀ ਬਿਨਾ ਕਿਤੇ ਵੀ ਸੁਖ ਨਹੀਂ ਹੁੰਦਾ ਹੈ। ਸੰਤਾਂ ਦੇ ਸੰਗ ਤਲਕੇ ਇਕ ਛਿਨ ਨਾਮ ਜਪਕੇ ਅਮੋਲਕ ਰਤਨ ਜਨਮ ਜਿੱਤ ਲੈ।

**ਸੁਤ ਸੰਪਤਿ ਬਨਿਤਾ ਬਿਨੋਦ ॥ ਛੋਡਿ ਗਏ ਬਹੁ ਲੋਗ ਭੋਗ ॥ ੧ ॥**

ਪੁਤ੍ਰ, ਘਰ ਦੀ ਸਮੱਗਰੀ, ਇਸਤਰੀਆਂ ਦੇ ਹਾਸ ਬਿਲਾਸ। ਇੱਕੁਰ ਦੇ ਭੋਗਾਂ ਨੂੰ ਬਹੁਤ ਸਾਰੇ ਆਦਮੀ ਛੱਡਕੇ ਚਲੇ ਗਏ ਹਨ।

**ਹੈਵਰ ਗੈਵਰ ਰਾਜ ਰੰਗ ॥ ਤਿਆਗਿ ਚਲਿਓ ਹੈ ਮੂੜ ਨੰਗ ॥ ੨ ॥**

ਚੰਗੇ ੨ ਸੁੰਦਰ ਘੋੜੇ ਚੰਗੇ ੨ ਸੁੰਦਰ ਹਾਥੀ ਰਾਜ ਦੇ ਅਨੰਦ ਮੂਰਖ ਆਦਮੀ ਛੱਡਕੇ ਨੰਗਾ ਚਲਿਆ ਜਾਂਦਾ ਹੈ।

**ਚੋਆ ਚੰਦਨ ਦੇਹ ਫੂਲਿਆ ॥ ਸੋ ਤਨੁ ਧਰ ਸੰਗਿ ਰੂਲਿਆ ॥ ੩ ॥**

ਜਿਸ ਦੇਹ ਨੂੰ ਬੜੀਆਂ ੨ ਅਤਰ ਫੁਲੇਲ ਸੁਗੰਧੀਆਂ ਵਾਲਾ ਤੇਲ ਲਾਕੇ ਫੁੱਲਿਆ ਫਿਰਦਾ ਹੈ। ਓਹ ਸਰੀਰ ਓੜਕ ਨੂੰ ਧਰਤੀ ਨਾਲ ਮਿਲਕੇ ਮਿੱਟੀ ਹੋਇਆ ਹੋਇਆ ਰੁਲਦਾ ਵੇਖਿਆ ਹੈ।

**ਮੋਹਿ ਮੋਹਿਆ ਜਾਨੈ ਦੂਰਿ ਹੈ ॥ ਕਹੁ ਨਾਨਕ ਸਦਾ ਹਦੂਰਿ ਹੈ ॥ ੪ ॥ ੧ ॥ ੧੩੯ ॥**

ਜੇਹੜਾ ਅਗਜਾਨ ਕਰਕੇ ਮੋਇਆ ਹੋਇਆ ਹੈ,ਓਹ ਪ੍ਰਮੇਸ਼ਰ ਨੂੰ ਦੂਰ ਜਾਣਦਾ ਹੈ। ਗੁਰੂ ਜੀ-ਓਹ ਸਦਾ ਹੀ ਨੇੜੇ ਤੋਂ ਨੇੜੇ ਹੈ।

**ਗਉੜੀ ਮਹਲਾ ੫ ॥**

**ਮਨ ਧਰ ਤਰਬੇ ਹਰਿ ਨਾਮ ਨੋ ॥ ਸਾਗਰ ਲਹਰਿ ਸੰਸਾ ਸੰਸਾਰੁ ਗੁਰੁ ਬੋਹਿਥੁ ਪਾਰਗਰਾਮ ਨੋ ॥ ੧ ॥ ਰਹਾਉ ॥**

ਹੇ ਪਿਆਰਿਆ ਮਨਾ ! ਜੇ ਤੂੰ ਸੰਸਾਰ ਤੋਂ ਤਰਨਾ ਚਾਹੁੰਦਾ ਹੈਂ, ਤੇ ਤਾਂ ਹਰੀ ਨਾਮ ਨੂੰ ਦਿਲ ਵਿੱਚ ਧਾਰ, ਭਾਵ ਯਾਦ ਕਰ। ਜਿਸ ਸੰਸਾਰ ਸਮੁੰਦਰ ਵਿੱਚ ਸੰਸਾਰੀ ਲਹਿਰਾਂ ਹਨ, ਗੁਰੂ ਗਿਆਨ ਜਹਾਜ਼ ਦੇ ਦੇਣ ਵਾਲੇ ਹਨ, ਸੰਸਿਆਂ ਦੇ ਗਰਾਮ = ਪਿੰਡ, ਭਾਵ ਬਹੁਤ ਅਕੱਠ ਤੋਂ ਪਾਰ ਕਰ ਦੇਂਦੇ ਹਨ (ਕੌਣ ? ਗੁਰੂ ਜੀ)।

Digitized by Panjab Digital Library | www.panjabdigilib.org

**ਕਲਿ ਕਾਲਖ ਅੰਧਿਆਰੀਆ ॥ ਗੁਰ ਗਿਆਨ ਦੀਪਕ ਉਜਿਆਰੀਆ ॥ ੧ ॥**

ਜੀਵਾਂ ਦੀ ਅਕਲ ਕਲਜੁਗ ਵਿੱਚ ਜਾਂ ਕਲਪਣਾ ਜਾਂ ਪਾਪ ਰੂਪ ਕਾਲਖ ਕਰਕੇ ਹਨੇਰੇ ਵਰਗੀ ਹੋਈ ੨ ਹੈ। ਪਰ ਜਿਨ੍ਹਾਂ ਨੂੰ ਗੁਰਾਂ ਨੇ ਗਿਆਨ ਦੀਵਾ ਦਿੱਤਾ ਹੈ, ਓਹਨਾਂ ਦੀ ਅਕਲ ਵਿੱਚ ਚਾਨਣ ਹੋਯਾ ਹੈ।

**ਬਿਖੁ ਬਿਖਿਆ ਪਸਰੀ ਅਤਿ ਘਨੀ ॥ ਉਬਰੇ ਜਪਿ ਜਪਿ ਹਰਿ ਗੁਨੀ ॥ ੨ ॥**

ਜੇਹੜੀ ਵਿਸ਼ਿਆਂ ਦੀ ਵਾਸ਼ਨਾ ਜ਼ਹਿਰ ਮਾਰਨ ਵਾਲੀ ਹੈ, ਓਹ ਬਹੁਤ ਹੀ ਫੈਲੀ ਹੋਈ ਹੈ, ਉਸ ਤੋਂ ਕੌਣ ਬਚਿਆ ਹੈ, ਕੋਈ ਗੁਣ ਵਾਲਾ ਪ੍ਰਮੇਸ਼ਰ ਦੇ ਨਾਮ ਨੂੰ ਜਪ ਜਪਕੇ ਬਚਿਆ ਹੈ।

**ਮਤਵਾਰੋ ਮਾਇਆ ਸੋਇਆ ॥ ਗੁਰ ਭੇਟਤ ਭ੍ਰਮੁ ਭਉ ਖੋਇਆ ॥ ੩ ॥**

ਜੇਹੜਾ ਸੁਸਤ ਮਾਇਆ ਦੀ ਮਸਤੀ ਵਿੱਚ ਸੁੱਤਾ ਹੋਇਆ ਸੀ, ਉਸਨੇ ਵੀ ਗੁਰਾਂ ਨੂੰ ਮਿਲਦਿਆਂ ਹੀ ਭਰਮ ਤੇ ਡਰ ਨਾਸ ਕਰ ਦਿੱਤਾ ਹੈ, ਭਰਮ ਕਿਸਤਰਾਂ ਗਿਆ ਸੋ ਅਗੇ ਦੱਸਦੇ ਹਨ।

**ਕਹੁ ਨਾਨਕ ਏਕੁ ਧਿਆਇਆ ॥ ਘਟਿ ਘਟਿ ਨਦਰੀ ਆਇਆ ॥ ੪ ॥ ੨ ॥ ੧੪੦ ॥**

ਗੁਰੂ ਜੀ--ਇੱਕ ਪ੍ਰਮੇਸ਼ਰ ਦਾ ਧਿਆਨ ਕੀਤਾ, ਓਹੋ ਹੀ ਘਟ ਘਟ ਵਿੱਚ ਨਜ਼ਰ ਆਇਆ ਹੈ।

**ਗਉੜੀ ਮਹਲਾ ੫ ॥**

**ਦੀਬਾਨੁ ਹਮਾਰੋ ਤੁਹੀ ਏਕ ॥ ਸੇਵਾ ਥਾਰੀ ਗੁਰਹਿ ਟੇਕ ॥ ੧ ॥ ਰਹਾਉ ॥**

ਹੇ ਮਹਾਰਾਜ ਤੂੰ ਹੀ ਇੱਕ ਸਾਡਾ ਆਸਰਾ ਹੈਂ। ਦੀਬਾਨੁ = ਆਸਰਾ। ਆਪ ਦੀ ਹੀ ਮੈਂ ਸੇਵਾ ਕਰਦਾ ਹਾਂ ਅਤੇ ਆਪ ਦਾ ਹੀ ਆਸਰਾ ਹੈ।

**ਅਨਿਕ ਜੁਗਤਿ ਨਹੀ ਪਾਇਆ ॥ ਗੁਰਿ ਚਾਕਰ ਲੈ ਲਾਇਆ ॥ ੧ ॥**

ਪਹਿਲੇ ਅਨੇਕਾਂ ਜੁਗਤੀਆਂ ਨਾਲ ਨਹੀਂ ਪਾਇਆ ਸੀ, ਹੇ ਵਾਹਿਗੁਰੂ ਗੁਰਾਂ

Digitized by Panjab Digital Library | www.panjabdigilib.org

ਨੇ ਮੈਨੂੰ ਆਪਣਾ ਨੌਕਰ ਬਣਾਕੇ, ਭਾਵ ਮੈਨੂੰ ਮੁਲ, ਲੈਕੇ ਦਾਸ = ਭਾਵ ਵਿੱਚ ਲਗਾ ਲਿਆ ਹੈ, ਭਾਵ ਸੇਵਾਵਿੱਚ।

**ਮਾਰੇ ਪੰਚ ਬਿਖਾਦੀਆ ॥ ਗੁਰ ਕਿਰਪਾ ਤੇ ਦਲੁ ਸਾਧਿਆ ॥ ੨ ॥**

ਕਾਮ ਆਦਿਕ ਪੰਜ ਦੁਖਦਾਈ ਆਦਮੀ ਮਾਰ ਦਿੱਤੇ ਹਨ। ਗੁਰਾਂ ਦੀ ਕਿਰਪਾ ਨਾਲ ਹੀ ਬੁਰਿਆਂ ੨ ਔਗੁਣਾਂ ਦਾ ਦਲ ਵੱਸ ਕਰ ਲਿਆ ਹੈ।

**ਬਖਸੀਸ ਵਜਹੁ ਮਿਲਿ ਏਕੁ ਨਾਮ ॥ ਸੂਖ ਸਹਿਜ ਆਨੰਦ ਬਿਸ੍ਰਾਮ ॥ ੩ ॥**

ਬਖਸ਼ਸ ਅਤੇ ਵਜਹੁ = ਜੋ ਦੋ ਮਹੀਨਿਆਂ ਜਾਂ ਛਿਆਂ ਮਹੀਨਿਆਂ ਪਿਛੋਂ ਮਿਲਦਾ ਹੈ, ਓਹ ਮੈਨੂੰ ਤੇਰਾ ਇੱਕ ਨਾਮ ਹੀ ਮਿਲਿਆ ਹੈ।

ਨਾਮ ਦੀ ਕਿਰਪਾ ਨਾਲ ਆਤਮ ਸੁਖ ਤੇ ਅਨੰਦ ਵਿੱਚ ਬਿਸ੍ਰਾਮ ਹੋਇਆ ਹੈ, ਭਾਵ ਮਨ ਵਿੱਚ ਟਿਕਿਆ ਹੈ।

**ਪ੍ਰਭ ਕੇ ਚਾਕਰ ਸੇ ਭਲੇ ॥ ਨਾਨਕ ਤਿਨ ਮੁਖ ਊਜਲੇ ॥ ੪ ॥ ੩ ॥ ੧੪੧ ॥**

ਜੇਹੜੇ ਮਾਲਕ ਦੇ ਨੌਕਰ ਹਨ, ਓਹ ਬੜੇ ਚੰਗੇ ਹਨ। ਗੁਰੂ ਜੀ– ਓਹਨਾਂ ਦੇ ਮੂੰਹ ਪ੍ਰਕਾਸ਼ ਵਾਲੇ ਹਨ।

## ਗਉੜੀ ਮਹਲਾ ੫ ॥

**ਜੀਅਰੇ ਓਲ੍ਹਾ ਨਾਮ ਕਾ ॥ ਅਵਰੁ ਜਿ ਕਰਨ ਕਰਾਵਨੋ ਤਿਨ ਮਹਿ ਭਉ ਹੈ ਜਾਮ ਕਾ ॥ ੧ ॥ ਰਹਾਉ ॥**

ਹੇ ਜੀਵ ! ਨਾਮ ਦਾ ਆਸਰਾ ਲੈ, ਹੋਰ ਜੇਹੜਾ ਕਰਨ ਕਰਾਉਣਾ ਹੈ, ਓਹਨਾਂ ਸਾਰਿਆ ਕੰਮਾਂ ਵਿੱਚ ਜਮ ਦਾ ਡਰ ਹੈ।

**ਅਵਰ ਜਤਨਿ ਨਹੀ ਪਾਈਐ ॥ ਵਡੈ ਭਾਗਿ ਹਰਿ ਧਿਆਈਐ ॥ ੧ ॥**

ਹੋਰਨਾਂ ਜਤਨਾਂ ਨਾਲ ਨਹੀਂ ਪਾਇਆ ਜਾਂਦਾ ਹੈ, ਵੱਡਿਆਂ ਭਾਗਾਂ ਨਾਲ ਪ੍ਰਮੇਸ਼ਰ ਨੂੰ ਧਿਆਈਦਾ ਹੈ।

**ਲਾਖ ਹਿਕਮਤੀ ਜਾਨੀਐ ॥ ਆਗੈ ਤਿਲੁ ਨਹੀ ਮਾਨੀਐ ॥ ੨ ॥**

Digitized by Panjab Digital Library | www.panjabdigilib.org

ਨਾਮ ਤੋਂ ਬਿਨਾ ਲੱਖਾਂ ਹੀ ਸਿਆਣਪਾਂ ਜਾਣੀਏ। ਓਹ ਅੱਗੇ ਤਿਲ ਭਰ ਵੀ ਨਹੀਂ ਮੰਨੀਆਂ ਜਾਂਦੀਆਂ ਹਨ।

**ਅਹੰਬੁਧਿ ਕਰਮ ਕਮਾਵਨੇ ॥ ਗ੍ਰਿਹ ਬਾਲੂ ਨੀਰਿ ਬਹਾਵਨੇ ॥ ੩ ॥**

ਜੇਹੜੇ ਅਕਲ ਵਿਚ ਹੰਕਾਰ ਕਰਕੇ ਕਰਮ ਕਮਾਉਣੇ ਹਨ,ਓਹ ਇਕੁਰ ਦੇ ਨਾਸ ਵਾਲੇ ਫਲ ਦੇਣ ਵਾਲੇ ਹਨ। ਜਿਸਤਰਾਂ ਰੇਤ ਦੇ ਬਣਾਇਆਂ ਹੋਇਆਂ ਘਰਾਂ ਨੂੰ ਪਾਣੀ ਰੋੜ੍ਹ ਦੇਂਦਾ ਹੈ।

**ਪ੍ਰਭੁ ਕ੍ਰਿਪਾਲੁ ਕਿਰਪਾ ਕਰੈ ॥ ਨਾਮੁ ਨਾਨਕ ਸਾਧੂ ਸੰਗਿ ਮਿਲੈ ॥ ੪ ॥ ੪ ॥ ੧੪੨ ॥**

ਪਰ ਜੇ ਮਾਲਕ ਕਿਰਪਾਲੂ ਕਿਰਪਾ ਕਰੇ, ਗੁਰੂ ਜੀ--ਤੇ ਤਾਂ ਸੰਤਾਂ ਦੇ ਸੰਗ ਕਰਕੇ ਨਾਮ ਮਿਲਦਾ ਹੈ।

## ਗਉੜੀ ਮਹਲਾ ੫ ॥

**ਬਾਰਨੈ ਬਲਿਹਾਰਨੈ ਲਖ ਬਰੀਆ ॥ ਨਾਮੋ ਹੋ ਨਾਮੁ ਸਾਹਿਬ ਕੋ ਪ੍ਰਾਨ ਅਧਰੀਆ ॥ ੧ ॥ ਰਹਾਉ ॥**

ਹੇ ਸਾਹਿਬਾ! ਸਾਡੇ ਪ੍ਰਾਣਾਂ ਦਾ ਆਸਰਾ ਤੇਰਾ ਨਾਮ ਹੀ ਨਾਮ ਹੈ, ਮੈਂ ਲੱਖਾਂ ਵਾਰੀ ਤਨ ਮਨ ਕਰਕੇ ਵਾਰਨੇ ਬਲਿਹਾਰਨੇ ਜਾਂਦਾ ਹਾਂ।

**ਕਰਨ ਕਰਾਵਨ ਤੁਹੀ ਏਕ ॥ ਜੀਅ ਜੰਤ ਕੀ ਤੁਹੀ ਟੇਕ॥ ੧ ॥**

ਹਰ ਕੰਮ ਦੇ ਕਰਨ ਕਰਾਉਣੇ ਵਾਲਾ ਤੂੰ ਇੱਕ ਹੀ ਹੈਂ, ਸਾਰਿਆਂ ਛੋਟਿਆਂ ਵੱਡਿਆਂ ਜੀਆਂ ਨੂੰ ਤੂੰ ਇਕ ਹੀ ਆਸਰਾ ਦੇਣ ਵਾਲਾ ਹੈਂ।

**ਰਾਜ ਜੋਬਨ ਪ੍ਰਭ ਤੂੰ ਧਨੀ ॥ ਤੂੰ ਨਿਰਗੁਨ ਤੂੰ ਸਰਗੁਨੀ ॥ ੨ ॥**

ਹੇ ਮਾਲਕ, ਰਾਜ, ਜੋਬਨ, ਧਨੀ – ਮਾਲਕ ਸਭ ਕੁਛ ਤੂੰ ਆਪ ਹੀ ਹੈਂ। ਤੂੰ ਹੀ ਸ਼ਕਲਾਂ ਤੋਂ ਬਿਨਾ ਅਤੇ ਤੂੰ ਹੀ ਸ਼ਕਲਾਂ ਵਾਲਾ ਹੈ।

**ਈਹਾ ਊਹਾ ਤੁਮ ਰਖੇ ॥ ਗੁਰ ਕਿਰਪਾ ਤੇ ਕੋ ਲਖੇ॥ ੩ ॥**

Digitized by Panjab Digital Library | www.panjabdigilib.org

ਲੋਕ ਪ੍ਰਲੋਕ ਵਿਚ ਤੁਸੀ ਰੱਖਿਆ ਕਰਨ ਵਾਲੇ ਹੋ, ਪਰ ਗੁਰਾਂ ਦੀ ਕਿਰਪਾ ਨਾਲ ਕੋਈ ਹੀ ਜਾਣਦਾ ਹੈ ।

**ਅੰਤਰਜਾਮੀ ਪ੍ਰਭ ਸੁਜਾਨੁ ॥ ਨਾਨਕ ਤਕੀਆ ਤੁਹੀ ਤਾਣੁ ॥ ੪ ॥ ੫ ॥ ੧੪੩ ॥**

ਤੂੰ ਅੰਤਰਜਾਮੀ ਮਾਲਕ ਬੜਾ ਸਿਆਣਾ ਹੈਂ । ਗੁਰੂ ਜੀ- ਤੂੰ ਮੇਰਾ ਆਸਰਾ ਤੂੰ ਹੀ ਮੇਰਾ ਬਲ ਹੈਂ ।

## ਗਉੜੀ ਮਹਲਾ ੫ ॥

**ਹਰਿ ਹਰਿ ਹਰਿ ਆਰਾਧੀਐ ॥ ਸੰਤ ਸੰਗਿ ਹਰਿ ਮਨਿ ਵਸੈ ਭਰਮੁ ਮੋਹੁ ਭਉ ਸਾਧੀਐ ॥ ੧ ॥ ਰਹਾਉ ॥**

ਜੇਹੜਾ ਹਰੀ ਦਾ ਹਰਿ ਹਰਿ ਜਾਪ ਹੈ, ਉਸਨੂੰ ਅਰਾਧੀਏ । ਅਰਾ- ਧਣਾ ਕੇਹੜਾ ਚੰਗਾ ਹੈ ? ਜੇਕਰ ਸੰਤਾਂ ਦੇ ਸੰਗ ਕਰਕੇ ਗੁਰਾਂ ਦੁਆਰਾ ਹਰੀ ਮਨ ਵਿਚ ਆ ਵੱਸੇ ਤੇ ਤਾਂ ਸਫਲ ਹੁੰਦਾ ਹੈ, ਫਿਰ ਭਰਮ ਤੇ ਮੋਹ ਡਰ ਵੱਸ ਕਰ ਲਈਦੇ ਹਨ ਭਾਵ ਦੂਰ ਹੋ ਜਾਂਦੇ ਹਨ।

**ਬੇਦ ਪੁਰਾਣ ਸਿਮ੍ਰਿਤਿ ਭਨੇ ॥ ਸਭ ਊਚ ਬਿਰਾਜਿਤ ਜਨ ਸੁਨੇ ॥ ੧ ॥**

ਵੇਦ ਪੁਰਾਨ ਸਿੰਮ੍ਰਤੀਆਂ ਸਾਰੀਆਂ ਆ ਜਾਂਦੀਆਂ ਹਨ ਭਾਵ ਸੰਤਾਂ ਦੀ ਉਸਤਤੀ ਕਰਦੀਆਂ ਹਨ। ਸੰਤ ਮਹਾਤਮਾਂ ਸਾਰਿਆਂ ਤੋਂ ਉਚੇ ਬਿਰਾਜਦੇ ਸੁਣੇ ਜਾਂਦੇ ਹਨ ।

**ਸਗਲ ਅਸਥਾਨ ਭੈ ਭੀਤ ਚੀਨ ॥ ਰਾਮ ਸੇਵਕ ਭੈ ਰਹਤ ਕੀਨ ॥ ੨ ॥**

ਸੁਰਗ ਆਦਕ ਸਾਰੇ ਥਾਂ ਬਹੁਤ ਹੀ ਡਰ ਤੋਂ ਡਰ ਵਾਲੇ ਜਾਣੇ ਹਨ ਭਾਵ ਹਰ ਥਾਂ ਡਰ ਖਤਰਾ ਹੈ । ਪਰ ਪ੍ਰਮੇਸ਼ਰ ਨੇ ਆਪਣੇ ਸੇਵਕ ਡਰ ਤੋਂ ਰਹਿਤ ਕੀਤੇ ਹਨ ।

**ਲਖ ਚਉਰਾਸੀਹ ਜੋਨਿ ਫਿਰਹਿ ॥ ਗੋਬਿੰਦ ਲੋਕ ਨਹੀ ਜਨਮਿ ਮਰਹਿ ॥ ੩ ॥**

ਸਾਰੇ ਲੋਕ ਚੁਰਾਸੀ ਲਖ ਜੂਨੀਆਂ ਵਿਚ ਫਿਰਦੇ ਹਨ, ਪਰ ਪਰਮੇਸ਼ਰ ਦੇ ਲੋਕ ਜੰਮਦੇ ਮਰਦੇ ਨਹੀਂ ਹਨ।

Digitized by Panjab Digital Library | www.panjabdigilib.org

ਬਲ ਬੁਧਿ ਸਿਆਨਪ ਹਉਮੈ ਰਹੀ ॥ ਹਰਿ ਸਾਧ ਸਰਣਿ ਨਾਨਕ ਗਹੀ ॥ ੪ ॥ ੬ ॥ ੧੪੪ ॥

ਸਰੀਰ ਦਾ ਜੋਰ ਅਕਲ ਦੀ ਚਤੁਰਾਈ ਸਾਰੀ ਸਾਡੀ ਰਹਿ ਚੁੱਕੀ ਹੈ। ਗੁਰੂ ਜੀ-ਮੈਂ ਸੰਤਾਂ ਦੀ ਸ਼ਰਨ ਫੜੀ ਹੈ।

ਗਉੜੀ ਮਹਲਾ ੫ ॥

ਮਨ ਰਾਮ ਨਾਮ ਗੁਨ ਗਾਈਐ ॥ ਨੀਤ ਨੀਤ ਹਰਿ ਸੇਵੀਐ ਸਾਸਿ ਸਾਸਿ ਹਰਿ ਧਿਆਈਐ ॥ ੧ ॥ ਰਹਾਉ ॥

ਮਨ ਵਿੱਚ ਰਾਮ ਨਾਮ ਦੇ ਗੁਣਾਂ ਨੂੰ ਗਾਈਏ ਜਾਂ ਨਾਮ ਜਪੀਏ ਤੇ ਗੁਣ ਗਾਈਏ। ਰੋਜ਼ ਰੋਜ਼ ਹਰੀ ਦੀ ਸੇਵਾ ਕਰੀਏ ਭਾਵ ਭਗਤੀ ਅਤੇ ਸਾਸ ਸਾਸ ਹਰੀ ਨੂੰ ਧਿਆਈਏ।

ਸੰਤ ਸੰਗਿ ਹਰਿ ਮਨਿ ਵਸੈ ॥ ਦੁਖੁ ਦਰਦੁ ਅਨੇਰਾ ਭ੍ਰਮੁ ਨਸੈ ॥ ੧ ॥

ਜਦੋਂ ਸੰਤਾਂ ਦਾ ਸੰਗ ਕਰਕੇ ਹਰਿ ਮਨ ਵਿਚ ਆ ਵੱਸਦਾ ਹੈ ਤਾਂ ਦੁਖ ਦਰਦ ਹਨੇਰਾ ਭਰਮ ਸਭ ਨੱਸ ਜਾਂਦਾ ਹੈ।

ਸੰਤ ਪ੍ਰਸਾਦਿ ਹਰਿ ਜਾਪੀਐ ॥ ਸੋ ਜਨੁ ਦੂਖਿ ਨ ਵਿਆਪੀਐ ॥ ੨ ॥

ਜੇਹੜਾ ਸੰਤਾਂ ਦੀ ਕਿਰਪਾ ਨਾਲ ਪ੍ਰਮੇਸ਼ਰ ਨੂੰ ਜਪਦਾ ਹੈ, ਉਸ ਆਦਮੀ ਨੂੰ ਕੋਈ ਦੁਖ ਨਹੀਂ ਚੰਬੜਦਾ ਹੈ।

ਜਾਕਉ ਗੁਰੁ ਹਰਿ ਮੰਤ੍ਰੁ ਦੇ ॥ ਸੋ ਉਬਰਿਆ ਮਾਇਆ ਅਗਨਿ ਤੇ ॥ ੩ ॥

ਜਿਸ ਨੂੰ ਗੁਰਾਂ ਨੇ ਹਰੀ ਨਾਮ ਮੰਤ੍ਰ ਦਿੱਤਾ ਹੈ, ਓਹ ਆਦਮੀ ਮਾਇਆ ਅੱਗ ਤੋਂ ਬਚ ਗਿਆ ਹੈ।

ਨਾਨਕ ਕਉ ਪ੍ਰਭ ਮਇਆ ਕਰਿ ॥ ਮੇਰੈ ਮਨਿ ਤਨਿ ਵਾਸੈ ਨਾਮੁ ਹਰਿ ॥ ੪ ॥ ੭ ॥ ੧੪੫ ॥

ਗੁਰੂ ਜੀ-ਮਾਲਕਾ ਮੇਰੇ ਉਤੇ ਇਹ ਕਿਰਪਾ ਕਰ ਕਿ ਤੇਰਾ ਨਾਮ ਮੇਰੇ ਮਨ ਤਨ ਵਿੱਚ ਵੱਸਿਆ ਰਹੇ।

Digitized by Panjab Digital Library | www.panjabdigilib.org

ਗਉੜੀ ਮਹਲਾ ੫ ॥

ਰਸਨਾ ਜਪੀਐ ਏਕੁ ਨਾਮ ॥ ਈਹਾ ਸੁਖੁ ਆਨੰਦੁ ਘਨਾ ਆਗੈ ਜੀਅ ਕੈ ਸੰਗਿ ਕਾਮ ॥ ੧ ॥ ਰਹਾਉ ॥

ਜੀਭ ਨਾਲ ਇੱਕ ਨਾਮ ਨੂੰ ਜਪੀਏ। ਇਸ ਲੋਕ ਵਿੱਚ ਬਹੁਤ ਸੁਖ ਅਤੇ ਆਤਮ ਅਨੰਦ ਹੁੰਦਾ ਹੈ ਅਤੇ ਪ੍ਰਲੋਕ ਵਿੱਚ ਜੀਵ ਦੇ ਨਾਲ ਕੰਮ ਆਉਂਦਾ ਹੈ।

ਕਟੀਐ ਤੇਰਾ ਅਹੰਰੋਗੁ ॥ ਤੂੰ ਗੁਰਪ੍ਰਸਾਦਿ ਕਰਿ ਰਾਜ ਜੋਗੁ ॥ ੧ ॥

ਤੇਰਾ ਹੰਕਾਰ ਰੂਪ ਰੋਗ ਕੱਟਿਆ ਜਾਵੇਗਾ, ਤੂੰ ਗੁਰਾਂ ਦੀ ਕਿਰਪਾ ਨਾਲ ਰਾਜ ਵਿੱਚ ਜੋਗ ਕਰ, ਭਾਵ ਘਰ ਵਿੱਚ ਰਹਿਕੇ ਹੀ ਪ੍ਰਮੇਸ਼ਰ ਨੂੰ ਜਪ।

ਹਰਿ ਰਸੁ ਜਿਨਿ ਜਨਿ ਚਾਖਿਆ ॥ ਤਾਕੀ ਤ੍ਰਿਸਨਾ ਲਾਥੀਆ ॥ ੨ ॥

ਜਿਸ ਆਦਮੀ ਨੇ ਹਰੀ ਦਾ ਰਸ ਚੱਖਿਆ ਹੈ, ਉਸ ਦੀ ਸਾਰੀ ਤ੍ਰਿਸ਼ਨਾ ਲੱਥ ਗਈ ਹੈ।

ਹਰਿ ਬਿਸ੍ਰਾਮ ਨਿਧਿ ਪਾਇਆ ॥ ਸੋ ਬਹੁਰਿ ਨ ਕਤਹੀ ਧਾਇਆ ॥ ੩ ॥

ਜਿਸਨੇ ਪ੍ਰਮੇਸ਼ਰ ਸੁਖਾਂ ਦਾ ਖਜ਼ਾਨਾ ਪਾਇਆ ਹੈ,ਓਹ ਆਦਮੀ ਫੇਰ ਕਿਤੇ ਨਹੀਂ ਦੌੜਿਆ ਹੈ। ਬਿਸ੍ਰਾਮ = ਜੋ ਟਿਕਿਆ ਰਹੇ,ਕਿਧਰੇਗਵਾਚੇ ਨ।

ਹਰਿ ਹਰਿ ਨਾਮੁ ਜਾਕਉ ਗੁਰਿ ਦੀਆ ॥ ਨਾਨਕ ਤਾਕਾ ਭਉ ਗਇਆ ॥ ੪ ॥ ੮ ॥ ੧੪੬ ॥

ਜਿਸ ਨੂੰ ਗੁਰਾਂ ਨੇ ਹਰਿ ਹਰਿ ਨਾਮ ਦਿੱਤਾ ਹੈ। ਗੁਰੂ ਜੀ-ਉਸ ਦਾ ਸਾਰਾ ਡਰ ਚਲਿਆ ਗਿਆ ਹੈ।

ਗਉੜੀ ਮਹਲਾ ੫ ॥

ਜਾਕਉ ਬਿਸਰੈ ਰਾਮ ਨਾਮ ਤਾਹੂ ਕਉ ਪੀਰ ॥ ਸਾਧ ਸੰਗਤਿ ਮਿਲਿ ਹਰਿ ਰਵਹਿ ਸੇ ਗੁਣੀ ਗਹੀਰ ॥ ੧ ॥ ਰਹਾਉ ॥

Digitized by Panjab Digital Library | www.panjabdigilib.org

ਜਿਸ ਨੂੰ ਵਾਹਿਗੁਰੂ ਦਾ ਨਾਮ ਭੁਲ ਜਾਂਦਾ ਹੈ, ਉਸ ਨੂੰ ਹਰ ਤਰ੍ਹਾਂ ਦੀ ਪੀੜ ਹੁੰਦੀ ਹੈ। ਜੇਹੜਾ ਸਾਧ ਸੰਗਤ ਵਿੱਚ ਮਿਲਕੇ ਪ੍ਰਮੇਸ਼ਰ ਦੇ ਗੁਣਾਂ ਨੂੰ ਉਚਾਰਦਾ ਹੈ, ਓਹ ਆਦਮੀ ਗੁਣਾਂ ਦਾ ਸਮੁੰਦਰ ਹੈ।

**ਜਾਕਉ ਗੁਰਮੁਖਿ ਰਿਦੈ ਬੁਧਿ ॥ ਤਾਕੈ ਕਰਤਲ ਨਵਨਿਧਿ ਸਿਧਿ ॥ ੧ ॥**

ਜਿਸਨੂੰ ਗੁਰਾਂ ਦੀ ਕਿਰਪਾ ਨਾਲ ਦਿਲ ਵਿੱਚ ਪ੍ਰਮੇਸ਼ਰ ਦੇ ਭਜਨ ਦੀ ਅਕਲ ਆਈ ਹੈ। ਉਸ ਦੀ ਹੱਥ ਦੀ ਤਲੀ ਉਤੇ ਨੌਨਿਧੀਆਂ ਅਠਾਰਾਂ ਸਿੱਧੀਆਂ ਹਨ, ਭਾਵ ਵੱਸ, ਹੁਕਮ ਦੇ ਅੰਦਰ।

**ਜੋ ਜਾਨਹਿ ਹਰਿ ਪ੍ਰਭ ਧਨੀ ॥ ਕਿਛੁ ਨਾਹੀ ਤਾਕੈ ਕਮੀ ॥ ੨ ॥**

ਜੇਹੜਾ ਆਦਮੀ ਪ੍ਰਮੇਸ਼ਰ ਨੂੰ ਆਪਣਾ ਮਾਲਕ ਜਾਣਦਾ ਹੈ। ਉਸਦੇ ਘਰ ਜਾਂ ਕੋਲ ਕਾਸੇ ਦੀ ਵੀ ਕਮੀ ਨਹੀਂ ਹੈ।

**ਕਰਣੁ ਹਾਰੁ ਪਛਾਨਿਆ ॥ ਸਰਬ ਸੂਖ ਰੰਗ ਮਾਣਿਆ ॥ ੩ ॥**

ਜਿਸਨੇ ਪੈਦਾ ਕਰਨ ਵਾਲਾ ਪਛਾਣਿਆ ਹੈ, ਉਸਨੇ ਸਾਰਿਆਂ ਸੁਖਾਂ ਦੇ ਅਨੰਦਾਂ ਨੂੰ ਮਾਣਿਆ ਹੈ।

**ਹਰਿ ਧਨੁ ਜਾਕੈ ਗ੍ਰਿਹਿ ਵਸੈ ॥ ਕਹੁ ਨਾਨਕ ਤਿਨ ਸੰਗਿ ਦੁਖੁ ਨਸੈ ॥ ੪ ॥ ੯ ॥ ੧੪੭ ॥**

ਜਿਸਦੇ ਘਰ ਅੰਦਰ ਹਰੀ ਨਾਮ ਧਨ ਵੱਸਦਾ ਹੈ। ਗੁਰੂ ਜੀ- ਓਹਨਾਂ ਦਾ ਸੰਤਾਂ ਦੇ ਸੰਗ ਕਰਕੇ ਦੁਖ ਦੂਰ ਹੁੰਦਾ ਹੈ।

**ਗਉੜੀ ਮਹਲਾ ੫ ॥**

**ਗਰਬੁ ਬਡੋ ਮੂਲੁ ਇਤਨੋ ॥ ਰਹਨੁ ਨਹੀ ਗਹੁ ਕਿਤਨੋ ॥ ੧ ॥ ਰਹਾਉ ॥**

ਦੇਹ ਦਾ ਹੰਕਾਰ ਤਾਂ ਬੜਾ ਵੱਡਾ ਕਰਦਾ ਹੈ ਅਤੇ ਮੂਲ = ਮੁੱਢ ਕਾਰਣ ਇਸਦਾ ਇਤਨਾ ਕੁ, ਭਾਵ ਲਹੂ ਪਾਣੀ ਤੋਂ ਤੁੱਛ ਜਿਹਾ ਬਣਿਆ ਹੋਇਆ ਹੈ, ਗਹੁ = ਮੋਹ ਕਿਤਨਾ ਕਰਦਾ ਹੈ, ਭਾਵ ਬਹੁਤ ਕਰਦਾ ਹੈ, ਤੇ ਏਥੇ ਦੁਨੀਆਂ ਉਤੇ ਰਹਿਣਾ ਨਹੀਂ ਹੈ, ਜਾਂ ਭਾਵੇਂ ਬਹੁਤਾ ਫੜ, ਪਰ ਰਹਿਣਾ ਨਹੀਂ ਹੈ।

Digitized by Panjab Digital Library | www.panjabdigilib.org

ਬੇਬਰਜਤ ਬੇਦ ਸੰਤਨਾ ॥ ਉਆਹੂ ਸਿਉਰੇ ਹਿਤਨੋ ॥ ਹਾਰ ਜੂਆਰ ਜੂਆ ਬਿਧੇ ਇੰਦ੍ਰੀ ਵਸਿ ਲੈ ਜਿਤਨੋ ॥ ੧ ॥

ਜਿਨ੍ਹਾਂ ਕੰਮਾਂ ਤੋਂ ਵੇਦਾਂ ਦੇ ਕਰਤਾ ਤੇ ਸੰਤ ਵਰਜਦੇ ਹਨ ।
ਹੇ ਜੀਵ ! ਓਹਨਾਂ ਵਿੱਚ ਹੀ ਤੂੰ ਹਿਤ ਪਿਆਰ ਕਰਦਾ ਹੈਂ ।
ਹੇ ਜੁਆਰੀਆ ਜੂਏ ਦੀ ਬਿਧੇ = ਤਰਾਂ ਤੂੰ ਆਪਣਾ ਜਨਮ ਵਿਸ਼ਿਆਂ ਵਿੱਚ ਹਾਰ ਦਿੱਤਾ ਹੈ। ਜੇਹੜਾ ਇੰਦ੍ਰੀਆਂ ਨੇ ਤੈਨੂੰ ਆਪਣੇ ੨ ਵਿਸ਼ਿਆਂ ਦੇ ਵੱਸ ਕਰ ਲਿਆ ਹੈ, ਏਹੋ ਹੀ ਤੇਰਾ ਜਿਤਣਾ ਕੀਤਾ ਹੈ।

ਹਰਨ ਭਰਨ ਸੰਪੂਰਨਾ ਚਰਨ ਕਮਲ ਰੰਗਿ ਰਿਤਨੋ ॥ ਨਾਨਕ ਉਧਰੇ ਸਾਧ ਸੰਗਿ ਕਿਰਪਾ ਨਿਧਿ ਮੈ ਦਿਤਨੋ ॥ ੨ ॥ ੧੦ ॥ ੧੪੮ ॥

ਜੇਹੜਾ ਸਾਰਿਆਂ ਨੂੰ ਹਰਨ ਵਾਲਾ ਹੈ ਅਤੇ ਭਰਨ = ਪਾਲਨ ਵਾਲਾ ਹੈ, ਉਸਦੇ ਚਰਨਾਂ ਕਮਲਾਂ ਦੇ ਪ੍ਰੇਮ ਤੋਂ ਤੂੰ ਰਿਤਨੋ = ਖਾਲੀ ਹੈਂ ਜਾਂ ਟਲਦਾ ਜਾਂਦਾ ਹੈਂ। ਗੁਰੂ ਜੀ-ਅਸੀਂ ਤਾਂ ਸੰਤਾਂ ਦੇ ਸੰਗ ਕਰਕੇ ਬਚ ਗਏ ਹਾਂ, ਕਿਰਪਾ ਨਿਧੀ ਪ੍ਰਮੇਸ਼ਰ ਨੇ ਮੈਨੂੰ ਸੰਤਾਂ ਦਾ ਸੰਗ ਹੀ ਦਿੱਤਾ ਹੈ।

## ਗਉੜੀ ਮਹਲਾ ੫ ॥

ਮੋਹਿ ਦਾਸਰੋ ਠਾਕੁਰ ਕੋ ॥ ਧਾਨੁ ਪ੍ਰਭ ਕਾ ਖਾਨਾ ॥ ੧ ॥ ਰਹਾਉ ॥

ਮੈਂ ਪ੍ਰਮੇਸ਼ਰ ਦਾ ਦਾਸ ਹਾਂ,ਮਾਲਕ ਦਾ ਦਿੱਤਾ ਹੋਇਆ ਅੰਨ ਖਾਂਦਾ ਹਾਂ

ਐਸੋ ਹੈ ਰੇ ਖਸਮੁ ਹਮਾਰਾ ॥ ਖਿਨ ਮਹਿ ਸਾਜਿ ਸਵਾਰਣ ਹਾਰਾ ॥ ੧ ॥

ਹੇ ਭਰਾ ਇੱਕੁਰ ਦਾ ਸਾਡਾ ਖਸਮ ਹੈ ਜੇਹੜਾ ਛਿਨ ਵਿੱਚ ਬਣਾਕੇ ਦੁਨੀਆਂ ਨੂੰ ਪਾਲਨਾ ਕਰਨ ਵਾਲਾ ਹੈ।

ਕਾਮੁ ਕਰੀਜੈ ਠਾਕੁਰ ਭਾਵਾ ॥ ਗੀਤ ਚਰਿਤ ਪ੍ਰਭ ਕੇ ਗੁਨ ਗਾਵਾ ॥ ੨ ॥

ਓਹੋ ਹੀ ਕੰਮ ਕਰਦਾ ਹਾਂ, ਜੇਹੜਾ ਪ੍ਰਮੇਸ਼ਰ ਨੂੰ ਚੰਗਾ ਲੱਗਦਾ ਹੈ। ਜੇਹੜੇ ਪ੍ਰਮੇਸ਼ਰ ਨੇ ਦੁਨੀਆਂ ਉੱਤੇ ਆਕੇ ਭਗਤਾਂ ਦੀ ਰੱਖਿਆ

Digitized by Panjab Digital Library | www.panjabdigilib.org

ਵਾਸਤੇ ਤਮਾਸ਼ੇ ਕੀਤੇ ਹਨਤੇ ਜੇਹੜੇ ਉਹਨਾਂ ਉਤੇ ਗੁਣ = ਪਰਉਪਕਾਰ ਕੀਤ ਹਨ,ਮੈਂ ਓਹਨਾਂ ਗੀਤਾਂ ਨੂੰ ਹੀ ਗੌਂਦਾ ਹਾਂ।

**ਸਰਣਿ ਪਰਿਓ ਠਾਕੁਰ ਵਜੀਰਾ ॥ ਤਿਨਾ ਦੇਖਿ ਮੇਰਾ ਮਨੁ ਧੀਰਾ ॥ ੩ ॥**

ਜੇਹੜੇ ਨਾਮ ਦਾ ਉਪਦੇਸ਼ ਦੇਣ ਵਾਲੇ ਪ੍ਰਮੇਸ਼ਰ ਦੇ ਵਜ਼ੀਰ ਸੰਤ ਹਨ ਓਹਨਾਂ ਦੀ ਸਰਨ ਪੈਂਦਾ ਹਾਂ ਅਤੇ ਓਹਨਾਂ ਦਾ ਹੀ ਦਰਸ਼ਨ ਕਰਕੇ ਮੇਰਾ ਮਨ ਧੀਰਜ ਵਾਲਾ ਹੋਇਆ ਹੈ।

**ਏਕ ਟੇਕ ਏਕੋ ਆਧਾਰਾ ॥ ਜਨ ਨਾਨਕ ਹਰਿ ਕੀ ਲਾਗਾ ਕਾਰਾ ॥ ੪ ॥ ੧੧ ॥ ੧੪੯ ॥**

ਮਨ ਕਰਕੇ ਇੱਕ ਵਾਹਿਗੁਰੂ ਦੀ ਸ਼ਰਨ ਲਈ ਹੈ ਅਤੇ ਬਾਣੀ ਕਰਕੇ ਵੀ ਓਸੇਦਾ ਹੀ ਆਸਰਾ ਲਿਆ ਹੈ। ਗੁਰੂ ਜੀ–ਮੈਂ ਦਾਸ ਉਸ ਇਕ ਪ੍ਰਮੇਸ਼ਰ ਦੀ ਕਾਰ ਵਿੱਚ ਲੱਗਾ ਹੋਇਆ ਹਾਂ।

**ਗਉੜੀ ਮਹਲਾ ੫ ॥**

**ਹੈ ਕੋਈ ਐਸਾ ਹਉਮੈ ਤੋਰੈ ॥ ਇਸੁ ਮੀਠੀ ਤੇ ਇਹੁ ਮਨੁ ਹੋਰੈ ॥ ੧ ॥ ਰਹਾਉ ॥**

ਕੋਈ ਇੱਕੁਰ ਦਾ ਹੈ ਜੇਹੜਾ ਹੰਗਤਾ ਨੂੰ ਤੋੜ ਦੇਵੇ ਅਤੇ ਇਸ ਮਿੱਠੀ ਮਾਇਆ ਤੋਂ ਇਸ ਮਨ ਨੂੰ ਹਟਾਵੇ ?

**ਅਗਿਆਨੀ ਮਾਨੁਖੁ ਭਇਆ ਜੋ ਨਾਹੀ ਸੋ ਲੋਰੈ ॥ ਰੈਣਿ ਅੰਧਾਰੀ ਕਾਰੀਆ ਕਵਨ ਜੁਗਤਿ ਜਿਤੁ ਭੋਰੈ ॥ ੧ ॥**

ਆਦਮੀ ਬੇਸਮਝ ਹੋਇਆ ੨ ਹੈ, ਜੇਹੜੇ ਪਦਾਰਥ ਨਹੀਂ ਰਹਿਣ ਵਾਲੇ ਹਨ,ਓਹਨਾਂ ਨੂੰ ਚਾਹੁੰਦਾ ਹੈ। ਜਿਸ ਤਰ੍ਹਾਂ ਹਨੇਰੀ ਰਾਤ ਹੁੰਦੀ ਹੈ, ਇੱਕੁਰ ਹੀ ਪਾਪਾਂ ਨਾਲ ਅਕਲ ਕਾਲੀ ਹੋਈ ਹੈ ਓਹ ਕੇਹੜੀ ਰੀਤੀ ਹੈ ਜਿਸਨੂੰ ਸਮਝਕੇ ਗਿਆਨ ਰੂਪ ਭੋਰੇ = ਦਿਨ ਚੜ੍ਹ ਆਵੇ ਅਤੇ ਅਗਜਾਨ ਹਨੇਰਾ ਨਾਸ ਹੋ ਜਾਵੇ ?

**ਭ੍ਰਮਤੋ ਭ੍ਰਮਤੋ ਹਾਰਿਆ ਅਨਿਕ ਬਿਧੀ ਕਰਿ ਟੋਰੈ ॥ ਕਹੁ ਨਾਨਕ ਕਿਰਪਾ ਭਈ ਸਾਧ ਸੰਗਤਿ ਨਿਧਿ ਮੋਰੈ ॥ ੨ ॥ ੧੨ ॥ ੧੫੦ ॥**

Digitized by Panjab Digital Library | www.panjabdigilib.org

ਮੈਂ ਅਨੇਕਾਂ ਜੂਨੀਆਂ ਵਿੱਚ ਫਿਰਦਾ ੨ ਹਾਰ ਗਿਆ ਹਾਂ ਅਤੇ ਅਨੇਕਾਂ ਰੀਤੀਆਂ ਕਰਕੇ ਸੰਤ ਲੱਭੇ ਹਨ। ਗੁਰੂ ਜੀ—ਜਦੋਂ ਸੰਤਾਂ ਦੀ ਕਿਰਪਾ ਹੋਈ ਤਾਂ ਸੰਤਾਂ ਦਾ ਸੰਗ ਕਰਕੇ ਮੈਨੂੰ ਨਿਧ: ਰੂਪ ਪ੍ਰਮੇਸ਼ਰ ਦਾ ਗਿਆਨ ਹੋਇਆ। ਸੋ ਤੂੰ ਵੀ ਸਾਧ ਸੰਗਤ ਕਰ ਤੇ ਤਾਂ ਤੇਰੀ ਹੰਗਤਾ ਟੁੱਟੇਗੀ ਅਤੇ ਵਿਸ਼ਿਆਂ ਤੋਂ ਮਨ ਮੁੜੇਂਗਾ

ਗਉੜੀ ਮਹਲਾ ੫ ॥

ਚਿੰਤਾਮਣਿ ਕਰੁਣਾ ਮਏ ॥ ੧ ॥ ਰਹਾਉ ॥

ਹੇ ਚਿੰਤਾਮਣੀ = ਮਣੀ ਦੇ ਬਰਾਬਰ ਮਨ ਦੀਆਂ ਇੱਛਿਆਂ ਪੂਰੀਆਂ ਕਰਨ ਵਾਲੇ ਕਿਰਪਾ ਦਾ ਰੂਪ।

ਦੀਨ ਦਇਆਲਾ ਪਾਰ ਬ੍ਰਹਮ ॥ ਜਾਕੈ ਸਿਮਰਣਿ ਸੁਖ ਭਏ ॥ ੧ ॥

ਹੇ ਗਰੀਬਾਂ ਉੱਤੇ ਕਿਰਪਾ ਕਰਨ ਵਾਲਿਆ ਪ੍ਰਮੇਸਰਾ, ਜਿਸ ਤੇਰੇ ਭਜਨ ਸਿਮਰਨ ਕਰਕੇ ਭਗਤ ਸੁਖੀ ਹੋ ਗਏ ਹਨ, ਓਹ ਭਜਨ ਮੈਨੂੰ ਦੇਹ।

ਅਕਾਲ ਪੁਰਖ ਅਗਾਧਿ ਬੋਧ ॥ ਸੁਨਤ ਜਸੁ ਕੋਟਿ ਅਘਖਏ ॥ ੨ ॥

ਹੇ ਅਕਾਲ ਪੁਰਖ ਤੈਨੂੰ ਜਾਨਣਾ ਬੜਾ ਔਖਾ ਹੈ ਜਾਂ ਤੇਰਾ ਗਿਆਨ ਬਿਅੰਤ ਹੈ। ਤੇਰਾ ਜਸ ਸੁਣਕੇ ਕਰੋੜਾਂ ਪਾਪ ਨਾਸ ਹੋ ਜਾਂਦੇ ਹਨ।

ਕਿਰਪਾ ਨਿਧਿ ਪ੍ਰਭ ਮਇਆ ਧਾਰਿ ॥ ਨਾਨਕ ਹਰਿ ਹਰਿ ਨਾਮ ਲਏ ॥ ੩ ॥ ੧੩ ॥ ੧੫੧ ॥

ਗੁਰੂ ਜੀ—ਹੇ ਕਿਰਪਾ ਕਰਨ ਵਾਲਿਆ ਪ੍ਰਮੇਸਰਾ ਜਿਨ੍ਹਾਂ ਉਤੇ ਤੂੰ ਕਿਰਪਾ ਕੀਤੀ ਹੈ, ਓਹ ਆਦਮੀ ਤੇਰਾ ਹਰਿ ਹਰਿ ਨਾਮ ਲੈਂਦੇ ਹਨ।

ਗਉੜੀ ਪੂਰਬੀ ਮਹਲਾ ੫ ॥

ਮੇਰੇ ਮਨ ਸਰਣਿ ਪ੍ਰਭੂ ਸੁਖ ਪਾਏ ॥ ਜਾ ਦਿਨਿ ਬਿਸਰੈ ਪ੍ਰਾਨ ਸੁਖ ਦਾਤਾ ਸੋ ਦਿਨੁ ਜਾਤ ਅਜਾਏ ॥ ੧ ॥ ਰਹਾਉ ॥

ਮੇਰੇ ਮਨ ਨੇ ਮਾਲਕ ਦੀ ਸ਼ਰਨ ਵਿਚ ਜਾਕੇ ਸੁਖ ਪਾਏ ਹਨ। ਜਿਸ ਦਿਨ ਪ੍ਰਾਣਾਂ ਦੇ ਸੁਖ ਦੇਣ ਵਾਲਾ ਪ੍ਰਮੇਸਰ ਭੁੱਲ ਜਾਂਦਾ ਹੈ, ਓਹ ਦਿਨ ਬਿਅਰਥ ਜਾਂਦਾ ਹੈ।

Digitized by Panjab Digital Library | www.panjabdigilib.org

**ਏਕ ਰੈਣ ਕੇ ਪਾਹੁਨ ਤੁਮ ਆਏ ਬਹੁ ਜੁਗ ਆਸ ਬਧਾਏ ॥ ਗ੍ਰਿਹ ਮੰਦਰ ਸੰਪੈ ਜੋ ਦੀਸੈ ਜਿਉ ਤਰਵਰ ਕੀ ਛਾਏ ॥ ੧ ॥**

ਤੁਸੀ ਇੱਕ ਰਾਤ ਦੇ ਪਰਾਹੁਣੇ ਆਏ ਹੋ ਭਾਵ ਰਾਹੀਆਂ ਵਾਂਗ ਥੋੜਾ ਚਿਰ ਰਹਿਣਾ ਹੈ ਅਤੇ ਬਹੁਤਿਆਂ ਜੁੱਗਾਂ ਦੀਆਂ ਆਸਾਂ ਵੰਨ੍ਹਦੇ ਹੋ। ਭਾਵ ਜੱਗ ਆਦਕ ਕਰਮ ਕਰਦੇ ਹਾਂ ਕਿ ਸੁਰਗ ਦੇ ਸੁਖ ਭੋਗੀਏ। ਛੋਟੇ ਵੱਡੇ ਜਾਂ ਕੱਚੇ ਪੱਕੇ ਜਿਤਨੇ ਘਰ ਤੇ ਸਮੱਗਰੀ ਦੀਹਦੀ ਹੈ ਸੋ ਇੱਕੁਰ ਥੋੜਾ ਚਿਰ ਰਹਿਣ ਵਾਲੀ ਹੈ,ਜਿਸਤਰਾਂ ਬ੍ਰਿਛ ਦੀ ਛਾਇਆ ਨਾਸਵੰਤ ਹੁੰਦੀ ਹੈ।

**ਤਨੁ ਮੇਰਾ ਸੰਪੈ ਸਭ ਮੇਰੀ ਬਾਗ ਮਿਲਖ ਸਭ ਜਾਏ ॥ ਦੇਵਨਹਾਰਾ ਬਿਸਰਿਓ ਠਾਕੁਰੁ ਖਿਨ ਮਹਿ ਹੋਤ ਪਰਾਏ ॥ ੨ ॥**

ਮੇਰਾ ਸਰੀਰ ਮੇਰੀ ਸਮੱਗਰੀ ਮੇਰਾ ਬਾਗ ਮੇਰਾ ਮੁਲਕ ਅਤੇ ਸਾਰੀਆਂ ਜਗਾ ਮੇਰੀਆਂ ਹਨ, ਇੱਕੁਰ ਹੰਕਾਰੀ ਹੋਕੇ। ਦੇਣ ਵਾਲਾ ਵਾਹਿਗੁਰੂ ਭੁੱਲ ਗਿਆ ਹੈ। ਪਿੱਛੇ ਦੱਸੇ ਸਾਰੇ ਚੰਗੇ ੨ ਪਦਾਰਥ ਮਰਨ ਦੇ ਵੇਲੇ ਛਿਨ ਵਿਚ ਪਰਾਏ ਹੋ ਜਾਂਦੇ ਹਨ ਜਾਂ ਪ੍ਰਾਣਾਂ ਦੇ ਹੁੰਦਿਆਂ ਹੀ ਚੋਰ ਰਾਜਾ ਆਦਕ ਖੋਹ ਲੈਂਦੇ ਹਨ।

**ਪਹਿਰੈ ਬਾਗਾ ਕਰ ਇਸਨਾਨਾ ਚੋਆ ਚੰਦਨ ਲਾਏ ॥ ਨਿਰਭਉ ਨਿਰੰਕਾਰ ਨਹੀ ਚੀਨਿਆ ਜਿਉ ਹਸਤੀ ਨਾਵਾਏ ॥ ੩ ॥**

ਨ੍ਹਾ ਕੇ ਪੁਸ਼ਾਕਾਂ ਪਾਉਂਦਾ ਹੈ, ਬੜੀਆਂ ੨ ਸੁਗੰਧੀਆਂ ਸਰੀਰ ਨੂੰ ਲਾਉਂਦਾ ਹੈ। ਜਦੋਂ ਨਿਰਭੈ ਨਿਰੰਕਾਰ ਨੂੰ ਨਹੀਂ ਜਾਣਿਆ ਹੈ ਤਾਂ ਓਹਨਾਂ ਕਰਮਾਂ ਤੋਂ ਦੁਖ ਪਾਉਂਦਾ ਹੈ,ਓਹ ਕਰਮ ਇੱਕੁਰ ਹਨ,ਜਿੱਕੁਰ ਹਾਥੀ ਨ੍ਹਾਕੇ ਸ਼ੁਧ ਨਹੀਂ ਹੁੰਦਾ ਹੈ, ਆਪਣੇ ਉਤੇ ਸੁਆਹ ਪਾ ਲੈਂਦਾ ਹੈ, ਇਸੇਤਰਾਂ ਇਹ ਆਦਮੀ ਜਾਣੋ।

**ਜਉ ਹੋਇ ਕ੍ਰਿਪਾਲ ਤ ਸਤਿਗੁਰ ਮੇਲੈ ਸਭਿ ਸੁਖ ਹਰਿ ਕੇ ਨਾਏ ॥ ਮੁਕਤੁ ਭਇਆ ਬੰਧਨ ਗੁਰਿ ਖੋਲੇ ਜਨ ਨਾਨਕ ਹਰਿ ਗੁਣ ਗਾਏ ॥ ੪ ॥ ੧੪ ॥ ੧੫੨ ॥**

ਜਦੋਂ ਵਾਹਿਗੁਰੂ ਕਿਰਪਾਲੂ ਹੁੰਦਾ ਹੈ ਤੇ ਤਾਂ ਜੀਵ ਸਤਿਗੁਰੂ ਨੂੰ

Digitized by Panjab Digital Library | www.panjabdigilib.org

ਮਿਲਦਾ ਹੈ ਅਤੇ ਗੁਰੂ ਜੀ ਨਾਮ ਨੂੰ ਦੇਂਦੇ ਹਨ, ਕਿਉਂਕਿ ਸਾਰੇ ਸੁਖ ਪ੍ਰਮੇਸਰ ਦੇ ਨਾਮ ਦੇ ਅੰਦਰ ਹੀ ਹਨ। ਗੁਰੂ ਜੀ-ਜਦੋਂ ਗੁਰਾਂ ਦੀ ਕਿਰਪਾ ਨਾਲ ਪ੍ਰਮੇਸ਼ਰ ਦੇ ਗੁਣ ਗਾਏ ਤਾਂ ਗੁਰਾਂ ਨੇ ਬੰਧਨ ਖੋਹਲ ਦਿਤੇ ਤੇ ਤਾਂ ਫਿਰ ਮੁਕਤੀ ਹੋ ਗਿਆ।

### ਗਉੜੀ ਪੂਰਬੀ ਮਹਲਾ ੫ ॥

**ਮੇਰੇ ਮਨ ਗੁਰੁ ਗੁਰੁ ਗੁਰੁ ਸਦ ਕਰੀਐ ॥ ਰਤਨ ਜਨਮੁ ਸਫਲੁ ਗੁਰਿ ਕੀਆ ਦਰਸਨ ਕਉ ਬਲਿਹਰੀਐ ॥ ੧ ॥ ਰਹਾਉ ॥**

ਹੇ ਮਨ ਜੇਹੜੇ ਗੁਰੂ ਸਾਰਿਆਂ ਤੋਂ ਵੱਡੇ ਹਨ, ਉਹਨਾਂ ਦਾ ਸਦਾ ਹੀ ਜਾਪ ਕਰੀਏ। ਗੁਰਾਂ ਨੇ ਰਤਨ = ਅਮੋਲਕ ਜਨਮ ਸਫਲ ਕੀਤਾ ਹੈ, ਇਸ ਲਈ ਗੁਰਾਂ ਦੇ ਦਰਸ਼ਨ ਤੋਂ ਬਲਹਾਰ ਜਾਈਏ।

**ਜੇਤੇ ਸਾਸ ਗ੍ਰਾਸ ਮਨੁ ਲੇਤਾ ਤੇਤੇ ਹੀ ਗੁਨ ਗਾਈਐ ॥ ਜਉ ਹੋਇ ਦੈਆਲੁ ਸਤਿਗੁਰੁ ਅਪੁਨਾ ਤਾ ਇਹ ਮਤਿ ਬੁਧਿ ਪਾਈਐ ॥ ੧ ॥**

ਮਨਾ ਤੂੰ ਜਿਤਨੇ ਸਾਸ ਗ੍ਰਾਸ ਲੈਂਦਾ ਹੈਂ ਉਤਨੇ ਹੀ ਗੁਣ ਗਾਇਆ ਕਰ ਭਾਵ ਹਰ ਵੇਲੇ ਪ੍ਰਮੇਸਰ ਦਾ ਭਜਨ ਕਰਿਆ ਕਰ। ਜਦੋਂ ਆਪਣਾ ਵਾਹਿਗੁਰੂ ਦਿਆਲੂ ਹੁੰਦਾ ਹੈ, ਤਾਂ ਇਹ ਗੁਣ ਗੌਣ ਦੀ ਸਿੱਖਿਆ ਅਕਲ ਵਿੱਚ ਪਾਈਦੀ ਹੈ।

**ਮੇਰੇ ਮਨ ਨਾਮਿ ਲਏ ਜਮਬੰਧ ਤੇ ਛੂਟਹਿ ਸਰਬ ਸੁਖਾ ਸੁਖ ਪਾਈਐ ॥ ਸੇਵਿ ਸੁਆਮੀ ਸਤਿਗੁਰ ਦਾਤਾ ਮਨ ਬੰਛਤ ਫਲ ਆਈਐ ॥ ੨ ॥**

ਹੇ ਮੇਰੇ ਮਨ,ਨਾਮ ਜਪਣ ਨਾਲ ਤੂੰ ਜਮ ਦੇ ਬੰਧਨਾਂ ਤੋਂ ਛੁੱਟੇਂਗਾਅਤੇ ਜੇਹੜਾ ਸਾਰਿਆਂ ਸੁਖਾਂ ਤੋਂ ਚੰਗਾ ਆਤਮ ਸੁਖ ਹੈ, ਓਹ ਪਾਵੇਂਗਾ। ਇਸ ਲਈ ਸਤਿਗੁਰੂ ਦਾਤਾ ਮਾਲਕ ਦੀਸੇਵਾਕਰ,ਤੈਨੂੰਮਨਭਾਉਂਦੇਫਲ ਆਉਣਗੇ।

**ਨਾਮੁ ਇਸਟੁ ਮੀਤ ਸੁਤ ਕਰਤਾ ਮਨ ਸੰਗਿ ਤੁਹਾਰੈ ਚਾਲੈ ॥ ਕਰਿ ਸੇਵਾ ਸਤਿਗੁਰ ਅਪੁਨੇ ਕੀ ਗੁਰ ਤੇ ਪਾਈਐ ਪਾਲੈ ॥ ੩ ॥**

Digitized by Panjab Digital Library | www.panjabdigilib.org

ਕਰਤਾ ਅਕਾਲ ਪੁਰਖ ਦਾ ਨਾਮ ਹੀ ਇਸ਼ਟ = ਕੁਲ ਦਾ ਚੰਗਾ ਦੇਵਤਾ ਪੂਜਣ ਯੋਗ ਹੈ ਅਤੇ ਮਿੱਤ੍ਰ ਤੇ ਪੁਤ੍ਰ ਵੀ ਨਾਮ ਹੀ ਹੈ, ਭਾਵ ਜਿਤਨਾ ਪਿਆਰ ਪੁਤ੍ਰ ਆਦਿਕਾਂ ਵਿਚ ਕਰਨਾ ਹੈ ਉਤਨਾ ਹੀ ਨਾਮ ਵਿੱਚ ਕਰ,ਹੇ ਮਨ ਨਾਮ ਪ੍ਰਲੋਕ ਵਿੱਚ ਤੇਰੇ ਨਾਲ ਚੱਲੇਗਾ।

ਆਪਣੇ ਸਤਿਗੁਰਾਂ ਦੀ ਸੇਵਾ ਕਰ, ਗੁਰਾਂ ਤੋਂ ਹੀ ਨਾਮ ਰਿਦੇ ਰੂਪ ਪੱਲੇ ਵਿੱਚ ਪਾਈਦਾ ਹੈ।

**ਗੁਰਿ ਕਿਰਪਾਲ ਕ੍ਰਿਪਾ ਪ੍ਰਭਿ ਧਾਰੀ ਬਿਨਸੇ ਸਰਬ ਅੰਦੇਸਾ ॥ ਨਾਨਕ ਸੁਖੁ ਪਾਇਆ ਹਰਿ ਕੀਰਤਨਿ ਮਿਟਿਓ ਸਗਲ ਕਲੇਸਾ ॥ ੪ ॥ ੧੫ ॥ ੧੫੩ ॥**

ਜਦੋਂ ਗੁਰੂ ਸਮਰੱਥ ਦਿਆਲੂ ਨੇ ਤੇਰੇ ਉਤੇ ਕਿਰਪਾ ਕੀਤੀ ਤਾਂ ਤੇਰਾ ਸਾਰਾ ਸੰਸਾ ਨਾਸ ਹੋ ਜਾਵੇਗਾ। ਗੁਰੂ ਜੀ-ਜਿਸ ਨੇ ਹਰੀ ਦੇ ਕੀਰਤਨ ਨੂੰ ਗਾਇਆ ਹੈ, ਉਸ ਨੇ ਸੁਖ ਪਾਇਆ ਹੈ ਅਤੇ ਸਾਰਾ ਹਰ ਤਰ੍ਹਾਂ ਦਾ ਕਲੇਸ਼ਾਂ ਦਾ ਅਕੱਠ ਦੂਰ ਹੋ ਗਿਆ ਹੈ।

## ਰਾਗੁ ਗਉੜੀ ਮਹਲਾ ੫

**ੴ ਸਤਿਗੁਰਪ੍ਰਸਾਦਿ ॥ ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ ॥ ੧ ॥ ਰਹਾਉ ॥**

ਹੇ ਭਰਾਵਾ! ਕਿਸੇ ਵਿਰਲੇ ਆਦਮੀ ਦੀ ਹੀ ਤ੍ਰਿਸ਼ਨਾ ਬੁਝੀ ਹੈ।

**ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ ॥ ਪਰੈ ਪਰੈ ਹੀ ਕਉ ਲੁਝੀ ਹੇ ॥ ੧ ॥**

ਲੱਖਾਂ ਰੁਪਏ ਜੋੜਕੇ ਕਰੋੜਾਂ ਪਤੀ ਹੋਣ ਦੀ ਇਛਿਆ ਕਰਕੇ ਕਰੋੜਾਂ ਰੁਪਏ ਚਾਹੁੰਦਾ ਹੈ ਅਤੇ ਵਿਚਾਰ ਕਰਕੇ ਆਪਣੇ ਮਨ ਨੂੰ ਨਹੀਂ ਹਟਾਉਂਦਾ ਹੈ, ਪਰੇ ਪਰੇ ਨੂੰ ਹੀ ਲੁਝੀ = ਚਾਹੁੰਦਾ ਜਾਂ ਖਪਦਾ ਹੈ, ਭਾਵ ਜਦੋਂ ਕਰੋੜ ਹੋਇਆ ਤਾਂ ਦੋ ਕਰੋੜ ਚਾਹੁੰਦਾ ਹੈ, ਜਦੋਂ ਦੋ ਹੋਯਾ, ਤਿੰਨ ਚਾਹੁੰਦਾ ਹੈ, ਅੱਗੇ ਅੱਗੇ ਹੋਰ ਹੋਰ ਹੀ ਚਾਹੁੰਦਾ ਹੈ।

**ਸੁੰਦਰ ਨਾਰੀ ਅਨਿਕ ਪਰਕਾਰੀ ਪਰ ਗ੍ਰਿਹ ਬਿਕਾਰੀ ॥ ਬੁਰਾ ਭਲਾ ਨਹੀ ਸੁਝੀ ਹੇ ॥ ੨ ॥**

ਅਨੇਕ ਤਰ੍ਹਾਂ ਦੀਆਂ ਸੁੰਦਰ ਇਸਤ੍ਰੀਆਂ ਆਪਣੇ ਘਰ ਵਿੱਚ ਹਨ, ਫਿਰ ਵੀ ਪਰਾਏ ਘਰ ਵਿੱਚ ਵਿਕਾਰਾਂ ਵਾਲੀ ਨਜ਼ਰ ਕਰਕੇ ਜਾਂਦਾ ਹੈ, ਦੇਖੋ

Digitized by Panjab Digital Library | www.panjabdigilib.org

ਕਾਮੀ ਆਦਮੀ ਨੂੰ ਬੁਰਾ ਭਲਾ ਨਹੀਂ ਨਜ਼ਰ ਆਉਂਦਾ ਹੈ'(ਇੰਦ੍ਰ ਅਹਿਲਿਆ ਗੋਤਮ ਦੀ ਇਸਤ੍ਰੀ ਦੀ ਸਾਖੀ ਦੇਖੋ)।'

**ਅਨਿਕ ਬੰਧਨ ਮਾਇਆ ਭਰਮਤੁ ਭਰਮਾਇਆ ਗੁਣ ਨਿਧਿ ਨਹੀ ਗਾਇਆ ॥ ਮਨ ਬਿਖੈ ਹੀ ਮਹਿ ਲੁਝੀ ਹੇ॥੩॥**

ਮਾਇਆ ਦੇ ਬਣਾਏ ਹੋਏ ਅਨੇਕਾਂ ਬੰਧਨ ਪਏ ਹੋਏ ਹਨ, ਪਿਛਲਿਆਂ ਕਰਮਾਂ ਦਾ ਭਰਮਾਇਆ ਹੋਇਆ ਭਰਮਦਾ ਫਿਰਦਾ ਹੈ ਅਤੇ ਗੁਣਾਂ ਦੇ ਸਮੁੰਦਰ ਪ੍ਰਮੇਸ਼ਰ ਦਾ ਜਸ ਨਹੀਂ ਗਾਇਆ ਹੈ, ਮਨ ਦੀ ਚਾਹ ਵਿਸ਼ਿਆਂ ਵਿੱਚ ਰਹਿੰਦੀ ਹੈ।

**ਜਾਕਉ ਰੇ ਕਿਰਪਾ ਕਰੈ ਜੀਵਤ ਸੋਈ ਮਰੈ ਸਾਧ ਸੰਗ ਮਾਇਆ ਤਰੈ ॥ ਨਾਨਕ ਸੋ ਜਨੁ ਦਰਿ ਹਰਿ ਸਿਝੀ ਹੇ ॥ ੪ ॥ ੧ ॥ ੧੫੪ ॥**

ਹੇ ਭਰਾ! ਜਿਸ ਉਤੇ ਵਾਹਿਗੁਰੂ ਕਿਰਪਾ ਕਰਦਾ ਹੈ, ਜੀਵਤ ਭਾਵ ਤੋਂ ਓਹੋ ਹੀ ਮਰਦਾ ਹੈ ਅਤੇ ਸਾਧ ਸੰਗਤ ਕਰਕੇ ਮਾਇਆ ਨਦੀ ਤੋਂ ਤਰ ਜਾਂਦਾ ਹੈ। ਗੁਰੂ ਜੀ–ਓਹੋ ਹੀ ਆਦਮੀ ਪ੍ਰਮੇਸ਼ਰ ਨੂੰ ਦਰ = ਦਿਲ ਦੇ ਅੰਦਰ ਸਮਝਕੇ ਤਰ ਜਾਂਦਾ ਹੈ।

**ਗਉੜੀ ਮਹਲਾ ੫ ॥**

**ਸਬਹੂ ਕੋ ਰਸੁ ਹਰਿ ਹੋ ॥ ੧ ॥ ਰਹਾਉ ॥**

ਹੇ ਭਰਾ! ਸਾਰਿਆਂ ਦਾ ਅਨੰਦ ਭੋਗਣ ਵਾਲਾ ਪ੍ਰਮੇਸ਼ਰ ਹੀ ਹੈ।

**ਕਾਹੂ ਜੋਗ ਕਾਹੂ ਭੋਗ ਕਾਹੂ ਗਿਆਨ ਕਾਹੂ ਧਿਆਨ ॥ ਕਾਹੂ ਹੋ ਡੰਡ ਧਰਿਹੋ ॥ ੧ ॥**

ਕਿਤੇ ਜੋਗ ਦਾ ਅਨੰਦ ਲੈਂਦਾ ਹੈ ਅਤੇ ਕਿਸੇ ਥਾਂ ਵਿੱਚ ਵਿਸ਼ਿਆਂ ਵਿੱਚ ਚੰਬੜਿਆ ਹੋਇਆ ਹੈ, ਕਿਤੇ ਗਿਆਨ ਰਸ ਦਾ ਅਨੰਦ ਲੈਂਦਾ ਹੈ, ਕਿਤੇ ਧਿਆਨ ਲਾਕੇ ਅਨੰਦ ਲੈਂਦਾ ਹੈ, ਕਿਤੇ ਡੰਡਾ ਫੜਕੇ ਸੰਨਿਆਸੀ ਹੋਇਆ ੨ ਹੈ।

**ਕਾਹੂ ਜਾਪ ਕਾਹੂ ਤਾਪ ਕਾਹੂ ਪੂਜਾ ਹੋਮ ਨੇਮ ॥ ਕਾਹੂ ਹੋ ਗਉਨੁ ਕਰਿਹੋ ॥ ੨ ॥**

ਕਿਤੇ ਜਪ ਕਰਦਾ ਹੈ, ਕਿਤੇ ਤਪ ਕਰਦਾ ਹੈ, ਕਿਸੇ ਥਾਂ ਤੀਰਥਾਂ ਉੱਤੇ ਜਾਕੇ ਮੰਦਰਾਂ ਵਿੱਚ ਪੂਜਾ ਕਰਦਾ ਹੈ, ਕਿਤੇ ਹੋਮ = ਘਿਓ ਨੂੰ ਸਾੜਨਾ,

Digitized by Panjab Digital Library | www.panjabdigilib.org

ਜੱਗ ਕਰਨਾ, ਇਹ ਕਰਦਾ ਹੈ, ਕਿਤੇ ਨੇਮ ਕਰਦਾ ਹੈ ਕਿ ਮੈਂ ਫਲਾਣਾ ਕੰਮ ਇਸ ਤਰਾਂ ਕਰਾਂਗਾ ਅਤੇ ਕਿਸੇ ਜਗਾ ਤੀਰਥ ਜਾਤ੍ਰੀ ਹੋਕੇ ਭੌਂਦਾ ਫਿਰਦਾ ਹੈ।

**ਕਾਹੂ ਤੀਰ ਕਾਹੂ ਨੀਰ ਕਾਹੂ ਬੇਦ ਬੀਚਾਰ ॥**
**ਨਾਨਕਾ ਭਗਤਿ ਪ੍ਰਿਅ ਹੇ ॥ ੩ ॥ ੨ ॥ ੧੫੫ ॥**

ਕਿਤੇ ਗੰਗਾ ਆਦਿਕ ਨਦੀਆਂ ਦੇ ਕੰਢੇ ਉਤੇ ਬੈਠਾ ਹੈ, ਕਿਤੇ ਕਿਸੇ ਥਾਂ ਪਾਣੀ ਵਿੱਚ ਖੜੋਤਾ ਹੋਇਆ ਤਪ ਕਰਦਾ ਹੈ, ਕਸੇ ਥਾਂ ਵੇਦਾਂ ਦਾ ਵਿਚਾਰ ਕਰਦਾ ਹੈ। ਗੁਰੂ ਜੀ ਸਾਰੇ ਰੂਪ ਪਰਮੇਸ਼ਰ ਹੀ ਹੈ, ਪਰ ਉਸ ਨੂੰ ਭਗਤੀ ਪਿਆਰੀ ਹੈ, ਜਾਂ ਮੈਨੂੰ ਤਾਂ ਭਗਤੀ ਹੀ ਪਿਆਰੀ ਹੈ।

## ਗਉੜੀ ਮਹਲਾ ੫ ॥

**ਗੁਨ ਕੀਰਤਿ ਨਿਧਿ ਮੋਰੀ ॥ ੧ ॥ ਰਹਾਉ ॥**

ਹੇ ਮਹਾਰਾਜ! ਜੇਹੜੀ ਤੇਰੇ ਗੁਣਾਂ ਦੀ ਕੀਰਤੀ ਕਰਨੀ ਹੈ, ਮੇਰੀ ਤਾਂ ਏਹੋ ਹੀ ਨਿਧੀ ਹੈ (ਪਰਮੇਸ਼ਰ ਨੇ ਆਖਿਆ ਮੇਰੀ ਕੀਰਤੀ ਤੂੰ ਕਿਸ ਤਰਾਂ ਕਰਦਾ ਹੈਂ ? ਤਾਂ ਫਿਰ ਜੀਵ ਨੇ ਆਖਿਆ।)

**ਤੂੰ ਹੀ ਰਸ ਤੂੰ ਹੀ ਜਸ ਤੂੰ ਹੀ ਰੂਪ ਤੂੰ ਹੀ ਰੰਗ ॥**
**ਆਸ ਓਟ ਪ੍ਰਭ ਤੇਰੀ ॥ ੧ ॥**

ਤੂੰ ਹੀ ਖੱਟੇ ਮਿੱਠੇ ਛੇ ਰਸ ਹੈਂ, ਜਾਂ ਸਿੰਗਾਰ ਆਦਿਕ ਨੌ ਰਸ ਹੈਂ ਅਤੇ ਤੂੰ ਹੀ ਜਸ ਰੂਪ ਹੈਂ ਅਤੇ ਤੂੰ ਹੀ ਰੂਪ = ਸ਼ਕਲਾਂ ਅਕਾਰਾਂ ਵਾਲਾ ਹੈਂ ਅਤੇ ਤੂੰ ਹੀ ਚਿੱਟਾ ਕਾਲਾ ਲਾਲ ਆਦਿਕ ਰੰਗ ਵਾਲਾ ਹੈਂ, ਹੇ ਮਾਲਕ! ਤੇਰੀ ਹੀ ਆਸਾ ਹੈ, ਤੇਰੀ ਹੀ ਓਟ ਹੈ।

**ਤੂ ਹੀ ਮਾਨ ਤੂੰ ਹੀ ਧਾਨ ਤੂ ਹੀ ਪਤਿ ਤੂ ਹੀ ਪ੍ਰਾਨ ॥**
**ਗੁਰਿ ਤੂਟੀ ਲੈ ਜੋਰੀ ॥ ੨ ॥**

ਤੂੰ ਹੀ ਆਦਰ ਦੇਣ ਵਾਲਾ ਹੈਂ, ਤੂੰ ਹੀ ਅੰਨ ਦੇਣ ਵਾਲਾ ਹੈਂ, ਜਾਂ ਧਾਨ = ਧਿਆਨ ਕਰਨ ਜੋਗ ਹੈਂ, ਤੂੰਹੀ ਇੱਜ਼ਤ ਤੂੰਹੀ ਪ੍ਰਾਣ ਰੂਪ ਹੈਂ। ਤੇਰੇ ਨਾਲੋਂ ਟੁੱਟੀ ਹੋਈ ਪ੍ਰੀਤੀ ਲੈਕੇ ਗੁਰਾਂ ਨੇ ਫੇਰ ਤੇਰੇ ਨਾਲ ਜੋੜ ਦਿੱਤੀ ਹੈ।

**ਤੂਹੀ ਗ੍ਰਿਹਿ ਤੂਹੀ ਬਨਿ ਤੂਹੀ ਗਾਉ ਤੂਹੀ ਸੁਨਿ ॥**
**ਹੈ ਨਾਨਕ ਨੇਰ ਨੇਰੀ ॥ ੩ ॥ ੩ ॥ ੧੫੬ ॥**

ਤੂੰ ਹੀ ਘਰ ਵਿੱਚ ਹੈਂ, ਤੂੰ ਹੀ ਬਾਗ ਵਿੱਚ ਹੈਂ, ਤੂੰ ਹੀ ਪਿੰਡ ਵਿੱਚ

Digitized by Panjab Digital Library | www.panjabdigilib.org

ਹੈਂ, ਤੂੰ ਹੀ ਉਜਾੜ ਵਿੱਚ ਹੈਂ, ਜਾਂ ਤੂੰ ਹੀ ਗਾਉਣ ਤੇ ਸੁਣਨ ਵਾਲਾ ਹੈਂ।

ਗੁਰੂ ਜੀ-ਹੇ ਮਹਾਰਾਜ!ਜੇਹੜੇ ਅੰਗ ਸਾਡੇ ਨੇੜੇ ਹਨ, ਭਾਵ ਹੱਥ ਮੂੰਹ ਨੱਕ ਆਦਿਕ ਤੂੰ ਓਹਨਾਂ ਤੋਂ ਵੀ ਨੇੜੇ ਹੈਂ।

## ਗਉੜੀ ਮਹਲਾ ੫ ॥

**ਮਾਤੋ ਹਰਿ ਰੰਗਿ ਮਾਤੋ ॥ ੧ ॥ ਰਹਾਉ ॥**

ਪਰਮੇਸ਼ਰ ਦੇ ਰੰਗ ਰੂਪ ਮਾਤੋ = ਹੰਕਾਰ ਵਿਖੇ ਮਨ ਮਸਤ ਹੋਇਆ ਹੈ, ਜਾਂ ਪ੍ਰਮੇਸ਼ਰ ਦੀ ਮਸਤੀ ਦੇ ਪ੍ਰੇਮ ਵਿਚ ਮਨ ਮਸਤ ਹੋਇਆ ਹੈ।

**ਓੁਹੀ ਪੀਓ ਓੁਹੀ ਖੀਓ ਗੁਰਹਿ ਦੀਓ ਦਾਨੁ ਕੀਓ ॥ ਓੁਆਹੂ ਸਿਉ ਮਨੁ ਰਾਤੋ ॥ ੧ ॥**

ਓਹੋ ਹੀ ਪਰਮੇਸ਼ਰ ਦਾ ਰੰਗ ਰੂਪ ਅੰਮ੍ਰਿਤ ਪੀਤਾ ਹੈ, ਜਾਂ ਮਦ ਪੀਤਾ ਹੈ, ਓਸੇ ਮਦ ਵਿੱਚ ਮਨ ਖੀਓ = ਮਸਤ ਹੋਇਆ ਹੈ, ਓਹ ਇੱਕੁਰ ਦਾ ਮਦ ਗੁਰਾਂ ਪਾਸੋਂ ਲਿਆ ਹੈ, ਮੁਲ ਕੁਛ ਨਹੀਂ ਦਿੱਤਾ,ਸਗੋਂ ਗੁਰਾਂ ਨੇ ਦਾਨ ਕੀਤਾ ਹੈ, ਭਾਵ ਐਵੇਂ ਹੀ ਦਿੱਤਾ ਹੈ, ਉਸ ਦਾ ਮੁਲ ਕਿਸੇ ਪਾਸੋਂ ਨਹੀਂ ਦਿੱਤਾ ਜਾਂਦਾ ਹੈ, ਓਸੇ ਹੀ ਅਨੰਦ ਦੇ ਨਾਲ ਮਨ ਰੱਤਾ ਹੈ।

**ਓੁਹੀ ਭਾਠੀ ਓੁਹੀ ਪੋਚਾ ਓੁਹੀ ਪਿਆਰੋ ਓੁਹੀ ਰੂਚਾ॥ ਮਨਿ ਓਹੋ ਸੁਖੁ ਜਾਤੋ ॥ ੨ ॥**

ਓਹੋ ਹੀ ਭੱਠੀ ਹੈ, ਓਹੋ ਹੀ ਪੋਚਾ ਹੈ, ਓਹੋ ਹੀ ਪਿਆਲਾ ਹੈ, ਓਹੋ ਹੀ ਰੂਚਾ = ਚਾਹ ਜਾਂ ਲੋੜ ਹੈ, ਓਸੇ ਨੂੰ ਮਨ ਵਿੱਚ ਸੁਖਦਾਈ ਜਾਣਿਆ ਹੈ।

**ਸਹਜ ਕੇਲ ਅਨਦ ਖੇਲ ਰਹੇ ਫੇਰ ਭਏ ਮੇਲ ॥ ਨਾਨਕ ਗੁਰ ਸਬਦਿ ਪਰਾਤੇ ॥ ੩ ॥ ੪ ॥ ੧੫੭ ॥**

ਗਿਆਨ ਦੇ ਬਿਲਾਸ ਕਰਕੇ ਅਨੰਦ ਵਿੱਚ ਖੇਡਣਾ ਹੋਇਆ ਹੈ ਅਤੇ ਜਦੋਂ ਅਸੀਂ ਉਸ ਦੇ ਨਾਲ ਮੇਲ ਕਰ ਲਿਆ ਤਾਂ ਚੁਰਾਸੀ ਦਿਆਂ ਫੇਰਿਆਂ ਤੋਂ ਰਹਿਤ ਹੋ ਗਏ। ਗੁਰੂ ਜੀ-ਓਦੋਂ ਤੋਂ ਅਸੀਂ ਉਸ ਦੇ ਨਾਲ ਮਿਲੇ ਹਾਂ, ਜਦੋਂ ਤੋਂ ਗੁਰਾਂ ਤੋਂ ਉਪਦੇਸ਼ ਲੈਕੇ ਵਾਹਿਗੁਰੂ ਨੂੰ ਚੰਗੀ ਤਰਾਂ ਪਛਾਣਿਆ ਜਾਂ ਉਸ ਵਿੱਚ ਰੱਤੇ ਹਾਂ।

## ਰਾਗੁ ਗੌੜੀ ਮਾਲਵਾ ਮਹਲਾ ੫ ॥

**ੴ ਸਤਿਗੁਰਪ੍ਰਸਾਦਿ ॥ ॥ ਹਰਿ ਨਾਮੁ ਲੇਹੁ ਮੀਤਾ ਲੇਹੁ ॥ ਆਗੈ ਬਿਖਮ ਪੰਥੁ ਭੈ ਆਨ ॥ ੧ ॥ ਰਹਾਉ ॥**

Digitized by Panjab Digital Library | www.panjabdigilib.org

ਹੇ ਮਿਤ੍ਰ ! ਮਨ ਕਰਕੇ ਹਰੀ ਦਾ ਨਾਮ ਲਵੋ ਅਤੇ ਬਾਣੀ ਕਰਕੇ ਵੀ ਲਵੋ। ਅੱਗੇ ਜਮ ਦੇ ਲੋਕ ਦਾ ਰਸਤਾ ਬੜਾ ਔਖਾ ਡਰੌਣਾ ਹੈ।

**ਸੇਵਤ ਸੇਵਤ ਸਦਾ ਸੇਵਿ ਤੇਰੈ ਸੰਗਿ ਬਸਤੁ ਹੈ ਕਾਲੁ ॥ ਕਰਿ ਸੇਵਾ ਤੂੰ ਸਾਧ ਕੀ ਹੋ ਕਾਟੀਐ ਜਮ ਜਾਲੁ ॥ ੧ ॥**

ਵੱਡੇ ਵੱਡੇ ਦੇਵਤੇ ਜਿਨ੍ਹਾਂ ਨੂੰ ਜਗਤ ਸੇਂਵਦਾ ਹੈ, ਓਹ ਵੀ ਉਸ ਦੀ ਸੇਵਾ ਕਰਦੇ ਹਨ, ਇਸ ਲਈ ਤੂੰ ਵੀ ਉਸ ਦੀ ਸਦਾ ਸੇਵਾ ਕਰ, ਜੇਹੜਾ ਹਰ ਵੇਲੇ ਤੇਰੇ ਨਾਲ ਵੱਸਦਾ ਹੈ, ਜਾਂ ਤੇਰੇ ਨਾਲ ਕਾਲ = ਮਾਰਨ ਵਾਲਾ ਜਮ ਹੈ, ਉਸ ਦੀ ਸੇਵਾ ਕਰਕੇ ਛੁਟਕਾਰਾ ਹੋਵੇਗਾ। ਹੇ ਭਰਾ ! ਤੂੰ ਸੰਤਾਂ ਦੀ ਸੇਵਾ ਕਰ, ਤੇਰਾ ਜਮ ਦਾ ਜਾਲ ਕੱਟਿਆ ਜਾਵੇਗਾ।

**ਹੋਮ ਜਗ ਤੀਰਥ ਕੀਏ ਬਿਚਿ ਹਉਮੈ ਬਧੇ ਬਿਕਾਰ ॥ ਨਰਕੁ ਸੁਰਗੁ ਦੁਇ ਭੁੰਚਨਾ ਹੋਇ ਬਹੁਰਿ ਬਹੁਰਿ ਅਵਤਾਰ ॥੨ ॥**

ਹੋਮ ਕਰਨਾ, ਜੱਗ ਕਰਨਾ, ਤੀਰਥਾਂ ਦੇ ਇਸ਼ਨਾਨ ਕਰਨੇ, ਇਹਨਾਂ ਗੱਲਾਂ ਨਾਲ ਮਨ ਦੇ ਅੰਦਰ ਹੰਕਾਰ ਆਦਿਕ ਵਿਕਾਰ ਵੱਧ ਜਾਂਦੇ ਹਨ, ਇਸ ਲਈ ਸਾਧਾਂ ਦੀ ਸੇਵਾ ਚੰਗੀ ਹੈ ਅਤੇ ਜੱਗਾਂ ਦੇ ਫਲਾਂ ਦਾ ਸਿੱਟਾ ਅੱਗੇ ਦੇਖੋ ਕੀ ਹੈ। ਨਰਕ ਤੇ ਸੁਰਗ ਦੋਹਾਂ ਦਾ ਭੋਗਣਾ ਹੁੰਦਾ ਹੈ, ਭਾਵ ਕਦੀ ਆਦਮੀ ਦੁਖੀ, ਕਦੀ ਸੁਖੀ ਹੁੰਦਾ ਹੈ, ਮੁੜ ੨ ਚੁਰਾਸੀ ਵਿੱਚ ਆਉਂਦਾ ਜਾਂਦਾ ਹੈ, ਭਾਵ ਜੰਮਣਾ ਹੁੰਦਾ ਹੈ।

**ਸਿਵ ਪੁਰੀ ਬ੍ਰਹਮ ਇੰਦ੍ਰ ਪੁਰੀ ਨਿਹਚਲੁ ਕੋ ਥਾਉ ਨਾਹਿ ॥ ਬਿਨੁ ਹਰਿ ਸੇਵਾ ਸੁਖੁ ਨਹੀ ਹੋ ਸਾਕਤ ਆਵਹਿ ਜਾਹਿ ॥ ੩ ॥**

ਸ਼ਿਵਜੀ ਦੀ ਪੁਰੀ, ਬ੍ਰਹਮਾ ਦੀ ਪੁਰੀ, ਇੰਦ੍ਰ ਦੀ ਪੁਰੀ ਇਹਨਾਂ ਸਾਰੀਆਂ ਪੁਰੀਆਂ ਵਿੱਚ ਟਿਕਿਆ ਰਹਿਣ ਵਾਲਾ ਕੋਈ ਥਾਂ ਨਹੀਂ ਹੈ, ਭਾਵ ਜਿਥੇ ਆਦਮੀ ਜਾਵੇਗਾ ਓਥੇ ਹੀ ਮਾਰਿਆ ਜਾਵੇਗਾ। ਪ੍ਰਮੇਸ਼ਰ ਦੀ ਭਗਤੀ ਬਿਨਾ ਸੁਖ ਨਹੀਂ ਹੁੰਦਾ ਹੈ, ਏਸੇ ਲਈ ਸਾਕਤ = ਸ਼ਕਤੀ ਮਾਇਆ ਦੇ ਉਪਾਸ਼ਕ ਮਨਮੁਖ ਆਦਮੀ ਜੰਮਦੇ ਮਰਦੇ ਹਨ।

**ਜੈਸੋ ਗੁਰਿ ਉਪਦੇਸਿਆ ਮੈ ਤੈਸੋ ਕਹਿਆ ਪੁਕਾਰਿ॥ ਨਾਨਕੁ ਕਹੈ ਸੁਨਿ ਰੇ ਮਨਾ ਕਰਿ ਕੀਰਤਨੁ ਹੋਇ ਉਧਾਰੁ ॥ ੪ ॥ ੧ ॥ ੧੫੯ ॥**

Digitized by Panjab Digital Library / www.panjabdigilib.org

ਜਿਸ ਤਰਾਂ ਦਾ ਮੈਨੂੰ ਗੁਰੂ ਨੇ ਉਪਦੇਸ਼ ਕੀਤਾ ਹੈ, ਮੈਂ ਓਹੋ ਹੀ ਜੇਹਾ ਪੁਕਾਰਕੇ ਆਖ ਦਿੱਤਾ ਹੈ। ਗੁਰੂ ਜੀ-ਹੇ ਪਿਆਰਿਆ ! ਸੁਣ, ਪ੍ਰਮੇਸ਼ਰ ਦਾ ਜਸ ਉਚਾਰਨਾ ਕਰ, ਤੇ ਤਾਂ ਤੇਰਾ ਉਧਾਰ ਹੋਵੇਗਾ।

## ਰਾਗੁ ਗਉੜੀ ਮਾਲਾ ਮਹਲਾ ੫

**੧ ਓ ਸਤਿਗੁਰਪ੍ਰਸਾਦਿ ॥ ॥ ਪਾਇਓ ਬਾਲ ਬੁਧਿ ਸੁਖੁ ਰੇ ॥ ਹਰਖ ਸੋਗ ਹਾਨਿ ਮਿਰਤੁ ਦੂਖ ਸੁਖ ਚਿਤਿ ਸਮ ਸਰਿ ਗੁਰ ਮਿਲੇ ॥ ੧ ॥ ਰਹਾਉ ॥**

ਹੇ ਭਰਾ ! ਬਾਲਕ ਉਮਰ ਵਾਲੀ ਅਕਲ ਵਿੱਚ ਬੜਾ ਸੁਖ ਪਾਇਆ ਹੈ, ਜਾਂ ਬਾਲ = ਵੱਡੀ ਅਕਲ ਕਰਕੇ ਸੁਖ ਪਾਇਆ ਹੈ। (ਸੁਖ ਕੀ ਹੈ?) ਅਨੰਦ ਖੁਸ਼ੀ, ਸ਼ੋਕ, ਹਾਨਿ = ਨੁਕਸਾਨ, ਲਾਭ, ਜੰਮਣਾ, ਮਰਨਾ, ਦੁਖ ਸੁਖ ਇਹ ਚਿਤ ਵਿੱਚ ਬਰਾਬਰ ਹੋ ਗਏ ਹਨ,ਜਦੋਂ ਤੋਂ ਗੁਰੂ ਜੀ ਮਿਲੇ ਹਨ।

**ਜਉ ਲਉ ਹਉ ਕਿਛੁ ਸੋਚਉ ਚਿਤਵਉ ਤਉ ਲਉ ਦੁਖ ਨ ਭਰੇ ॥ ਜਉ ਕ੍ਰਿਪਾਲੁ ਗੁਰੁ ਪੂਰਾ ਭੇਟਿਆ ਤਉ ਆਨਦ ਸਹਜੇ ॥ ੧ ॥**

ਜਿੰਨਾ ਚਿਰ ਮੈਂ ਹੰਕਾਰ ਨੂੰ ਲੈਕੇ ਸੋਚਾਂ ਵਾਲਾ ਹੋਇਆ ੨ ਕੁਛ ਚਿੰਤਾ ਕਰਦਾ ਸੀ ਕਿ ਇਹ ਕੰਮ ਇਸ ਤਰ੍ਹਾਂ ਹੁੰਦਾ ਜਾਂ ਹੋਵੇ, ਓਨਾ ਚਿਰ ਦੁਖ ਹੀ ਭਰਦਾ ਰਿਹਾ ਹਾਂ। ਜਦੋਂ ਪੂਰਾ ਕਿਰਪਾਲੂ ਗੁਰੂ ਮਿਲਿਆ ਤਾਂ ਹੰਕਾਰ ਨੂੰ ਛੱਡਕੇ ਸੁਭਾਵਕ ਹੀ ਅਨੰਦਨੂੰਪੁੱਜ ਗਏ, ਭਾਵ ਅਨੰਦ ਹੋਗਏ।

**ਜੇਤੀ ਸਿਆਨਪ ਕਰਮ ਹਉ ਕੀਏ ਤੇਤੇ ਬੰਧ ਪਰੇ ॥ ਜਉ ਸਾਧੂ ਕਰੁ ਮਸਤਕਿ ਧਰਿਓ ਤਬ ਹਮ ਮੁਕਤ ਭਏ ॥੨॥**

ਜਿਤਨੀ ਚਤਰਾਈ ਕਰਕੇ ਮੈਂ ਕਾਮਣਾ ਧਾਰਕੇ ਜੱਗ ਤਪ ਆਦਿਕ ਕਰਮ ਕੀਤੇ ਹਨ, ਓਹਨੇ ਹੀ ਮੇਰੇ ਮਨ ਅੰਦਰ ਬੰਧਨ ਰੂਪ ਹੋਕੇ ਪੈ ਗਏ ਹਨ। ਜਦੋਂ ਸੰਤਾਂ ਨੇ ਕਿਰਪਾ ਕਰਕੇ ਮੇਰੇ ਮੱਥੇ ਉਤੇ ਹੱਥ ਧਰਿਆ ਹੈ, ਤਾਂ ਅਸੀਂ ਓਹਨਾਂ ਬੰਧਨਾਂ ਤੋਂ ਛੁੱਟ ਗਏ ਹਾਂ।

**ਜਉ ਲਉ ਮੇਰੋ ਮੇਰੋ ਕਰਤੋ ਤਉ ਲਉ ਬਿਖੁ ਘੇਰੇ ॥ ਮਨੁ ਤਨੁ ਬੁਧਿ ਅਰਪੀ ਠਾਕੁਰ ਕਉ ਤਬ ਹਮ ਸਹਜਿ ਸੋਏ ॥ ੩ ॥**

Digitized by Panjab Digital Library | www.panjabdigilib.org

ਜਿੰਨਾ ਚਿਰ ਇਹ ਮਨ ਮੇਰਾ ਮੇਰਾ ਕਰਦਾ ਸੀ, ਓਨਾਂ ਚਿਰ ਵਿਸ਼ਿਆਂ ਦੇ ਘੇਰੇ ਵਿੱਚ ਆਇਆ ਹੋਇਆ ਦੁਖ ਪਾਉਂਦਾ ਸੀ। ਜਦੋਂ ਤੋਂ ਮਾਲਕ ਨੂੰ ਮਨ ਤਨ ਬੁੱਧੀ ਅਰਪਣ ਕਰ ਦਿੱਤੀ, ਤਦੋਂ ਤੋਂ ਅਸੀਂ ਸੌਂ ਗਏ, ਭਾਵ ਸੁਖ ਹੋਇਆ।

**ਜਉ ਲਉ ਪੋਟ ਉਠਾਈ ਚਲਿਅਉ ਤਉ ਲਉ ਡਾਨ ਭਰੇ ॥ ਪੋਟ ਡਾਰਿ ਗੁਰੁ ਪੂਰਾ ਮਿਲਿਆ ਤਉ ਨਾਨਕ ਨਿਰਭਏ ॥ ੪ ॥ ੧ ॥ ੧੫੯ ॥**

ਜਿੰਨਾ ਚਿਰ ਪਾਪਾਂ ਪੁੰਨਾਂ ਦੀ ਪੰਡ ਚੁੱਕਕੇ ਤੁਰਿਆ ਜਾਂਦਾ ਸੀ, ਭਾਵ ਮੈਂ ਚਲਿਆ ਜਾਂਦਾ ਸਾਂ, ਓਨਾ ਚਿਰ ਧਰਮ ਰਾਜ ਦਾ ਡੰਡ ਭਰਦਾ ਸਾਂ।

ਗੁਰੂ ਜੀ-ਜਦੋਂ ਪੂਰਾ ਗੁਰੂ ਮਿਲਿਆ ਤਦੋਂ ਹੀ ਕਰਮਾਂ ਦੀ ਪੰਡ ਸੁੱਟ ਦਿੱਤੀ, ਭਾਵ ਅਪਣੇ ਆਪ ਨੂੰ ਨ ਕਰਨ ਵਾਲਾ, ਨ ਖਾਣ ਵਾਲਾ ਸਮਝ ਲਿਆ ਅਤੇ ਧਰਮਰਾਜਾ ਦੇ ਡਰ ਤੋਂ ਬਿਨਾ ਹੋ ਗਿਆ।

## ਗਉੜੀ ਮਾਲਾ ਮਹਲਾ ੫ ॥

**ਭਾਵਨੁ ਤਿਆਗਿਓ ਰੀ ਤਿਆਗਿਓ ॥ ਤਿਆਗਿਓ ਮੈ ਗੁਰ ਮਿਲਿ ਤਿਆਗਿਓ ॥ ਸਰਬ ਸੂਖ ਆਨੰਦ ਮੰਗਲ ਰਸ ਮਾਨਿ ਗੋਬਿੰਦੈ ਆਗਿਓ ॥ ੧ ॥ ਰਹਾਉ ॥**

ਭਾਵਨ = ਖਿਆਲ, ਭਾਵ ਜੇਹੜਾ ਮਾੜਾ ਖਿਆਲ ਛੱਡਣ ਵਾਲਾ ਸੀ, ਉਸਨੂੰ ਛੱਡ ਦਿੱਤਾ। (ਰੀ = ਸੰਬੋਧਨ ਹੈ, ਭਾਵ ਹੇ ਮੇਰੇ ਭਰਾ ! ਕਰਕੇ ਸੰਬੋਧਨ ਹੈ।) ਜੇਹੜਾ ਛੱਡਣ ਦਾ ਹੰਕਾਰ ਸੀ, ਓਹ ਵੀ ਛੱਡ ਦਿੱਤਾ, ਪਰ ਗੁਰਾਂ ਨਾਲ ਮਿਲਕੇ ਛੱਡਿਆ ਹੈ, ਫਿਰ ਛੱਡਣ ਦਾ ਸੁਖ ਕੀ ਮਿਲਿਆ? ਸੁਣੋ,ਇਸ ਲੋਕ ਦੇ ਸਾਰੇ ਸੁਖ ਅਤੇ ਆਤਮ ਸੁਖ ਮੰਗਲ = ਉਤਸ਼ਵ ਅਨੰਦ ਰਸ = ਪ੍ਰੇਮ ਸਮਝੋ ਇਹ ਸਾਰੇ ਹੀ ਮਿਲ਼ ਗਏ ਹਨ, (ਫਿਰ ਹੋਰ ਵੀ ਕੁਛ ਕੀਤਾ ਹੈ? ਓਹ ਦੱਸਦੇ ਹਨ) ਜਦੋਂ ਆਪਣਾ ਖਿਆਲ ਛੱਡਕੇ ਪ੍ਰਮੇਸ਼ਰ ਦੇ ਹੁਕਮਾਂ ਨੂੰ ਮੰਨਿਆ ਤਾਂ ਉਸਨੂੰ ਮਿਲ ਗਏ।

**ਮਾਨੁ ਅਭਿਮਾਨੁ ਦੋਊ ਸਮਾਨੇ ਮਸਤਕੁ ਡਾਰਿ ਗੁਰ ਪਾਗਿਓ ॥ ਸੰਪਤ ਹਰਖੁ ਨ ਆਪਤ ਦੂਖਾ ਰੰਗੁ ਠਾਕੁਰੈ ਲਾਗਿਓ ॥ ੧ ॥**

ਪਾਗਿਓ = ਪੈਰ।

Digitized by Panjab Digital Library | www.panjabdigilib.org

ਆਦਰ ਅਤੇ ਨਿਰਾਦਰ ਦੋਵੇਂ ਬਰਾਬਰ ਹੋ ਗਏ ਹਨ, ਮੱਥਾ ਗੁਰਾ ਦੇ ਚਰਨਾਂ ਉਤੇ ਰੱਖ ਦਿੱਤਾ ਹੈ। ਬਹੁਤੀ ਚੰਗੀ ੨ ਸਮੱਗਰੀ ਦੇ ਮਿਲ ਜਾਣ ਨਾਲ ਮਨ ਅਨੰਦ ਨਹੀਂ ਹੁੰਦਾ ਹੈ ਅਤੇ ਬਿਪਤਾ ਪੈ ਜਾਣ ਤੋਂ ਦੁਖ ਨਹੀਂ ਮੰਨਦੇ ਹਨ, ਪ੍ਰਮੇਸ਼ਰ ਦੇ ਨਾਲ ਪ੍ਰੇਮ ਲੱਗਾ ਹੋਇਆ ਹੈ, ਇਸ ਕਰਕੇ ਹਰਖ ਸ਼ੋਕ ਨਹੀਂ ਹੁੰਦਾ ਹੈ, (ਉਸ ਪ੍ਰਮੇਸ਼ਰ ਨੂੰ ਕਿਥੇ ਕਿਸ ਥਾਂ ਵਿੱਚ ਜਾਣਿਆ ਹੈ? ਸੋ ਦੱਸਦੇ ਹਨ।)

**ਬਾਸ ਬਾਸਰੀ ਏਕੈ ਸੁਆਮੀ ਉਦਿਆਨ ਦ੍ਰਿਸਟਾਗਿਓ॥ ਨਿਰਭਉ ਭਏ ਸੰਤ ਭ੍ਰਮੁ ਡਾਰਿਓ ਪੂਰਨ ਸਰਬਾਗਿਓ ॥੨॥**

ਜੇਹੜਾ ਬਾਸ = ਵੱਸਣ ਵਾਲਾ ਘਰ ਦਿਲ ਹੈ, ਉਸ ਘਰ ਵਿੱਚ ਬਾਸਰੀ = ਵੱਸਣ ਵਾਲਾ ਇੱਕ ਪ੍ਰਮੇਸ਼ਰ ਹੀ ਹੈ, ਓਹੋ ਹੀ ਸਾਰਿਆਂ ਵਿੱਚ ਵੱਸਿਆ ਹੋਇਆ ਹੈ, ਓਹ ਜੰਗਲ ਵਿੱਚ ਵੀ ਨਜ਼ਰ ਆਉਂਦਾ ਹੈ, ਜਾਂ ਜਦੋਂ ਇੱਕ ਮਾਲਕ ਦੀ ਵਾਸ਼ਨਾ ਸਾਰੇ ਵੱਸ ਗਈ, ਤਾਂ ਬਸਤੀ ਵਿੱਚ, ਜੰਗਲ ਵਿੱਚ ਇੱਕ ਪ੍ਰਮੇਸ਼ਰ ਨਜ਼ਰ ਆਇਆ ਹੈ। ਜਦੋਂ ਸੰਤਾਂ ਦੀ ਕਿਰਪਾ ਨਾਲ ਭਰਮ ਨੂੰ ਛੱਡ ਦਿੱਤਾ, ਤੇ ਤਾਂ ਡਰ ਤੋਂ ਰਹਿਤ ਹੋ ਗਏ। ਫਿਰ ਭਰਮ ਨੂੰ ਛੱਡਕੇ ਕੀ ਜਾਣਿਆ ? ਸਾਰਿਆਂ ਵਿੱਚ ਮਿਲਿਆ ਤੇ ਸਾਰਿਆਂ ਨੂੰ ਜਾਨਣ ਵਾਲਾ ਇੱਕ ਪ੍ਰਮੇਸ਼ਰ ਹੀ ਪ੍ਰਮੇਸ਼ਰ ਜਾਣਿਆ।

**ਜੋ ਕਿਛੁ ਕਰਤੈ ਕਾਰਣੁ ਕੀਨੋ ਮਨਿ ਬੁਰੋ ਨ ਲਾਗਿਓ ॥ ਸਾਧ ਸੰਗਤਿ ਪਰਸਾਦਿ ਸੰਤਨ ਕੈ ਸੋਇਓ ਮਨੁ ਜਾਗਿਓ ॥ ੩ ॥**

ਕਰਤੇ ਅਕਾਲ ਪੁਰਖ ਨੇ ਜੋ ਕੁਛ ਕਾਰਨ ਕਾਰਜ = ਜਗਤ ਕੀਤਾ ਹੈ, ਮਨ = ਆਤਮਾ ਮੰਨਕੇ ਜਾਂ ਮਨ ਦੇ ਵਿੱਚ ਬੁਰਾ ਨਹੀਂ ਲਗਦਾ ਹੈ। ਜਦੋਂ ਸੰਤਾਂ ਦੀ ਸੰਗਤ ਕੀਤੀ ਤਾਂ ਓਹਨਾਂ ਸੰਤਾਂ ਦੇ ਪ੍ਰਸੰਨ ਹੋਣ ਤੋਂ ਜੇਹੜਾ ਅਵਿਦਜਾ ਨੀਂਦ ਵਿੱਚ ਮਨ ਸੁੱਤਾ ਹੋਇਆ ਸੀ, ਸੋ ਓਹ ਗਿਆਨ ਦਿਨ ਵਿੱਚ ਜਾਗ ਪਿਆ।

**ਜਨ ਨਾਨਕ ਓੜਿ ਤੁਹਾਰੀ ਪਰਿਓ ਆਇਓ ਸਰਣਾਗਿਓ ॥ ਨਾਮ ਰੰਗ ਸਹਜ ਰਸ ਮਾਣੇ ਫਿਰਿ ਦੂਖੁ ਨ ਲਾਗਿਓ ॥ ੪ ॥ ੨ ॥ ੧੬੦ ॥**

ਓੜਿ = ਸ਼ਰਨ ਜਾਂ ਆਸਰੇ।

ਗੁਰੂ ਜੀ—ਮੈਂ ਦਾਸ ਆਪ ਦੀ ਸ਼ਰਨ ਆ ਪਿਆ ਹਾਂ, ਜੇਹੜੇ ਤੇਰੀ

Digitized by Panjab Digital Library | www.panjabdigilib.org

ਆਗਜ਼ਾ ਮੰਨਣ ਵਾਲੇ ਸੰਤ ਹਨ, ਓਹਨਾਂ ਦੀ ਸ਼ਰਨ ਆਇਆ ਹਾਂ।

ਜੇਹੜੇ ਨਾਮ ਵਿੱਚ ਪ੍ਰੇਮ ਕਰਕੇ ਸੁਭਾਵਕ ਹੀ ਰਸ = ਅਨੰਦ ਮਾਣਦੇ ਹਨ, ਓਹਨਾਂ ਨੂੰ ਫਿਰ ਕੋਈ ਦੁੱਖ ਨਹੀਂ ਲੱਗਦਾ ਹੈ।

## ਗਉੜੀ ਮਾਲਾ ਮਹਲਾ ੫ ॥

**ਪਾਇਆ ਲਾਲੁ ਰਤਨੁ ਮਨਿ ਪਾਇਆ ॥ ਤਨੁ ਸੀਤਲੁ ਮਨੁ ਸੀਤਲੁ ਥੀਆ ਸਤਗੁਰ ਸਬਦਿ ਸਮਾਇਆ ॥ ੧ ॥ ਰਹਾਉ ॥**

ਜਦੋਂ ਸਤਿਗੁਰਾਂ ਦਾ ਉਪਦੇਸ਼ ਮਨ ਵਿੱਚ ਸਮਾਇਆ ਤਾਂ ਅਮੋਲਕ ਰਤਨ ਰੂਪ ਪਿਆਰਾ ਮਨ ਵਿੱਚ ਹੀ ਪਾ ਲਿਆ ਅਤੇ ਮਨ ਤਨ ਸੀਤਲ ਹੋ ਗਿਆ।

**ਲਾਥੀ ਭੂਖ ਤ੍ਰਿਸਨ ਸਭ ਲਾਥੀ ਚਿੰਤਾ ਸਗਲ ਬਿਸਾਰੀ ॥ ਕਰੁ ਮਸਤਕਿ ਗੁਰਿ ਪੂਰੈ ਧਰਿਓ ਮਨੁ ਜੀਤੋ ਜਗੁ ਸਾਰੀ ॥ ੧ ॥**

ਇਸ ਲੋਕ ਦੇ ਪਦਾਰਥਾਂ ਦੀ ਸਾਰੀ ਭੁੱਖ ਲੱਥ ਗਈ, ਸੁਰਗ ਦੇ ਭੋਗਾਂ ਦੀ ਤ੍ਰਿਸ਼ਨਾ ਸਾਰੀ ਦੂਰ ਹੋ ਗਈ ਅਤੇ ਚਿੰਤਾ ਵੀ ਸਾਰੀ ਵਿਸਾਰ ਦਿੱਤੀ ਹੈ। ਜਦੋਂ ਪੂਰਿਆਂ ਗੁਰਾਂ ਨੇ ਮੱਥੇ ਉਤੇ ਹੱਥ ਰੱਖਿਆ ਤਾਂ ਮਨ ਵੱਸ ਕਰ ਲਿਆ ਅਤੇ ਜਗਤ ਰੂਪ ਨਰਦ ਦੀ ਬਾਜੀ ਵੀ ਜਿੱਤ ਲਈ ਜਾਂ ਸਾਰੀ ਦੁਨੀਆਂ ਜਿੱਤ ਲਈ।

**ਤ੍ਰਿਪਤਿ ਅਘਾਇ ਰਹੇ ਰਿਦ ਅੰਤਰਿ ਡੋਲਨ ਤੇ ਅਬ ਚੂਕੇ ॥ ਅਖੁਟੁ ਖਜਾਨਾ ਸਤਿਗੁਰਿ ਦੀਆ ਤੋਟਿ ਨਹੀ ਰੇ ਮੂਕੇ ॥ ੨ ॥**

ਜਦੋਂ ਸੰਤੋਖ ਨੂੰ ਦਿਲ ਵਿੱਚ ਧਾਰਿਆ ਤਦੋਂ ਮਨ ਬਾਣੀ ਕਰਕੇ ਬਹੁਤ ਹੀ ਰੱਜ ਗਏ ਅਤੇ ਹੁਣ ਡੋਲਣ ਤੋਂ ਰਹਿ ਚੁਕੇ ਹਾਂ। (ਸੰਤੋਖ ਸ਼ਬਦ ਨੂੰ ਅਰਥ ਲਈ ਉਪਰੋਂ ਆਂਦਾ ਹੈ।) ਸਤਿਗੁਰਾਂ ਨੇ ਨ ਮੁਕਣ ਵਾਲਾ ਸੁਖਾਂ ਦਾ ਖਜ਼ਾਨਾ ਦਿੱਤਾ ਹੈ ,ਆਪ ਖਾਈਏ ਤੇ ਤਾਂ ਵੀ ਟੋਟ ਨਹੀਂ ਆਉਂਦੀ ਹੈ ਅਤੇ ਹੋਰਨਾਂ ਨੂੰ ਦੇਵੀਏ ਤੇ ਤਾਂ ਵੀ ਘਾਟਾ ਨਹੀਂ ਪੈਂਦਾ ਹੈ।

**ਅਚਰਜੁ ਏਕੁ ਸੁਨਹੁ ਰੇ ਭਾਈ ਗੁਰਿ ਐਸੀ ਬੂਝ**

Digitized by Panjab Digital Library | www.panjabdigilib.org

ਬੁਝਾਈ ॥ ਲਾਹਿ ਪਰਦਾ ਠਾਕੁਰੁ ਜਉ ਭੇਟਿਓ ਤਉ ਬਿਸਰੀ ਤਾਤਿ ਪਰਾਈ ॥ ੩ ॥

ਹੇ ਭਰਾ ! ਇੱਕ ਵੱਡੀ ਅਸਚਰਜ ਗੱਲ ਸੁਣੋ ਗੁਰਾਂ ਨੇ ਇਕੂਰ ਦੀ ਸਮਝ ਸਮਝਾ ਦਿੱਤੀ ਹੈ। ਅਗਜ਼ਾਨ ਰੂਪ ਪੜਦਾ ਦੂਰ ਕਰਕੇ ਜਦੋਂ ਮਾਲਕ ਦੇ ਨਾਲ ਮਿਲ ਗਿਆ ਤਾਂ ਦੇਵੀ ਦੇਵਤਿਆਂ ਦੀ ਤਾਤਿ = ਚਾਹ ਕੁਸ਼ਾਮਤ,ਲੋੜ ਭੁਲਗਈ ਭਾਵ ਪਰਾਈ ਲੋੜ ਨਾ ਰਹੀ ਜਾਂ ਤਾਤਿ = ਨਿੰਦਿਆਂ ਭੁਲ ਗਈ,ਜਦੋਂ ਸਭ ਨੂੰ ਹਰੀ ਰੂਪ ਵੇਖਿਆ।

ਕਹਿਓ ਨ ਜਾਈ ਏਹੁ ਅਚੰਭਉ ਸੋ ਜਾਨੈ ਜਿਨਿ ਚਾਖਿਆ ॥ ਕਹੁ ਨਾਨਕ ਸਚ ਭਏ ਬਿਗਾਸਾ ਗੁਰਿ ਨਿਧਾਨੁ ਰਿਦੈ ਲੈ ਰਾਖਿਆ ॥ ੪ ॥ ੩ ॥ ੧੬੧ ॥

ਇਹ ਅਸਚਰਜ ਰੂਪ ਆਤਮ ਅਨੰਦ ਦਾ ਰਸ ਓਹ ਜਾਣਦਾ ਹੈ, ਜਿਨ੍ਹਾਂ ਆਤਮ ਦਰਸੀਆਂ ਨੇ ਭੋਗਿਆ ਹੈ ਭਾਵ ਇਹ ਸ੍ਵਾਦ ਆਖਿਆ ਨਹੀਂ ਜਾਂਦਾ,ਇਹ ਅਸਚਰਜ ਹੈ। ਜਿਸਨੇ ਚੱਖਿਆ ਹੈ,ਓਹੋ ਹੀ ਜਾਣਦਾ ਹੈ।

ਗੁਰੂ ਜੀ–ਜਦੋਂ ਗੁਰਾਂ ਨੇ ਨਾਮ ਰੂਪ ਖਜ਼ਾਨਾ ਲੈਕੇ ਰਿਦੇ ਵਿੱਚ ਰੱਖ ਦਿੱਤਾ ਤਾਂ ਸੱਚੇ ਅਨੰਦ ਨੂੰ ਪੁੱਜ ਗਏ ਤੇ ਮਨ ਖੁਸ਼ੀ ਹੋ ਗਿਆ।

## ਗਉੜੀ ਮਾਲਾ ਮਹਲਾ ੫ ॥

ਉਬਰਤ ਰਾਜਾ ਰਾਮ ਕੀ ਸਰਣੀ ॥ ਸਰਬ ਲੋਕ ਮਾਇਆ ਕੇ ਮੰਡਲ ਗਿਰਗਿਰ ਪਰਤੇ ਧਰਣੀ ॥੧॥ਰਹਾਉ॥

ਹੇ ਭਰਾ ! ਵਿਆਪਕ ਪ੍ਰਮੇਸ਼ਰ ਦੀ ਸ਼ਰਨ ਲੈਣ ਨਾਲ ਜੀਵ ਬਚਦਾ ਹੈ। ਜੇਹੜੇ ਇੰਦ੍ਰ ਆਦਿਕ ਸਾਰੇ ਲੋਕ ਮਾਇਆ ਦੇ ਮੰਡਲ = ਚੱਕਰ ਵਿੱਚ, ਭਾਵ ਗੇੜ ਫੇਰੇ ਵਿੱਚ ਆਏ ਹੋਏ ਹਨ, ਓਹ ਨਾਸ ਹੋਕੇ ਧਰਤੀ ਉਤੇ ਡਿਗ ਡਿਗਕੇ ਪੈਂਦੇ ਹਨ, ਭਾਵ ਖੁਆਰ ਹੁੰਦੇ ਹਨ।

ਸਾਸਤ ਸਿੰਮ੍ਰਿਤਿ ਬੇਦ ਬੀਚਾਰੇ ਮਹਾ ਪੁਰਖਨ ਇਉ ਕਹਿਆ ॥ ਬਿਨੁ ਹਰਿ ਭਜਨ ਨਾਹੀ ਨਿਸਤਾਰਾ ਸੂਖੁ ਨ ਕਿਨਹੂ ਲਹਿਆ ॥ ੧ ॥

ਨਿਰਾ ਮੈਂ ਹੀ ਨਹੀਂ ਆਖਦਾ ਸਗੋਂ ਛੇ ਸ਼ਾਸਤ੍ਰ ੨੭ ਸਿੰਮ੍ਰਤੀਆਂ ਦੇ ਕਰਤਾ ਚਹੁੰ ਵੇਦਾਂ ਦੇ ਵਕਤਿਆਂ ਨੇ ਵੀ ਵਿਚਾਰਿਆ ਹੈ ਅਤੇ ਹੋਰਨਾਂ ਚੰਗਿਆਂ ੨ ਆਦਮੀਆਂ ਨੇ ਵੀ ਇੱਕੂਰ ਹੀ ਆਖਿਆ ਹੈ, ਜਾਂ ਸਾਰੇ ਪੁਸਤਕਾਂ

Digitized by Panjab Digital Library | www.panjabdigilib.org

ਨੂੰ ਪੜ੍ਹਕੇ ਚੰਗਿਆਂ ਲੋਕਾਂ ਨੇ ਇੱਕੁਰ ਆਖਿਆ ਹੈ। ਪ੍ਰਮੇਸ਼ਰ ਦੇ ਭਜਨ ਤੋਂ ਬਿਨਾ ਜੀਵ ਦਾ ਤਰਨਾ ਕਿਸੇ ਤਰ੍ਹਾਂ ਕਿਸੇ ਥਾਂ ਵਿੱਚ ਵੀ ਨਹੀਂ ਹੁੰਦਾ ਹੈ ਅਤੇ ਕਿਸੇ ਨੇ ਵੀ ਨਹੀਂ ਪਾਇਆ ਹੈ।

**ਤੀਨਿ ਭਵਨ ਕੀ ਲਖਮੀ ਜੋਰੀ ਬੂਝਤ ਨਾਹੀ ਲਹਰੇ ॥ ਬਿਨੁ ਹਰਿ ਭਗਤਿ ਕਹਾ ਥਿਤਿ ਪਾਵੈ ਫਿਰਤੋ ਪਹਰੇ ਪਹਰੇ ॥ ੨ ॥**

ਤਿੰਨਾਂ ਲੋਕਾਂ ਦੀ ਮਾਇਆ ਅਕੱਠੀ ਕਰ ਲਈਏ ਤਾਂ ਭੀ ਲੋਭ ਦੀ ਲਹਿਰ ਦੂਰ ਨਹੀਂ ਹੁੰਦੀ ਹੈ।

ਪ੍ਰਮੇਸ਼ਰ ਦੀ ਭਗਤੀ ਬਿਨਾਂ ਕਿੱਥੇ ਟਿਕਣਾ ਪਾਵੇ,ਪਾਹਰਿਆ ਪਾਹਰਿਆ ਕਰਦਾ ਫਿਰਦਾ ਹੈ ਜਾਂ ਲੋਭ ਕਰਕੇ ਸਾਰਿਆਂ ਅੱਠਾਂ ਪਹਿਰਾਂ ਵਿੱਚ ਭੌਂਦਾ ਹੈ ਜਾਂ ਪਏ ਪਏ ਫਿਰਦੇ ਹਨ,ਮਾਇਆ ਨੂੰ ਲੱਭਦੇ ਰਸਤਿਆਂ ਵਿੱਚ ਜਾਂ ਭੇਖਾਂ ਨੂੰ ਪਾ ਪਾਕੇ ਭਾਵ ਤਰ੍ਹਾਂ ੨ ਦੇ ਕਪੜੇ ਪਾਕੇ ।

**ਅਨਿਕ ਬਿਲਾਸ ਕਰਤੁ ਮਨ ਮੋਹਨ ਪੂਰਨ ਹੋਤ ਨ ਕਾਮਾ ॥ ਜਲਤੋ ਜਲਤੋ ਕਬਹੂ ਨ ਬੂਝਤ ਸਗਲ ਬ੍ਰਿਥੇ ਬਿਨੁ ਨਾਮਾ ॥ ੩ ॥**

ਜੇਹੜੀ ਮਨ ਦੀ ਮੋਹਨ ਵਾਲੀ ਮਾਇਆ ਹੈ, ਉਸ ਵਿੱਚ ਅਨੇਕ ਹੀ ਬਿਲਾਸ ਕਰਦਾ ਹੈ ਤੇ ਤਾਂ ਵੀ ਇਛਿਆ ਪੂਰੀਆਂ ਨਹੀਂ ਹੁੰਦੀਆਂ ਹਨ। ਕਾਮ = ਕਾਮਣਾ। ਮਨ ਕਰਕੇ ਕੜ੍ਹਦਾ ਹੈ ਤਨ ਕਰਕੇ ਸੜਦਾ ਹੈ, ਓਹ ਤ੍ਰਿਸ਼ਨਾ ਅੱਗ ਕਦੀ ਵੀ ਕਿਸੇ ਤਰ੍ਹਾਂ ਨਹੀਂ ਬੁਝਦੀ ਹੈ, ਭਾਵੇਂ ਸੁਖ ਵਾਸਤੇ ਕਈ ਜਤਨ ਕਰਦਾ ਹੈ,ਪਰ ਨਾਮ ਤੋਂ ਬਿਨਾਂ ਸਾਰੇ ਬ੍ਰਿਥਾ ਹਨ,ਇਸ ਲਈ ਨਾਮ ਜਪਣਾ ਬਹੁਤ ਚੰਗਾ ਹੈ।

**ਹਰਿ ਕਾ ਨਾਮੁ ਜਪਹੁ ਮੇਰੇ ਮੀਤਾ ਇਹੈ ਸਾਰ ਸੁਖੁ ਪੂਰਾ ॥ ਸਾਧ ਸੰਗਤਿ ਜਨਮ ਮਰਣੁ ਨਿਵਾਰੈ ਨਾਨਕੁ ਜਨ ਕੀ ਧੂਰਾ ॥ ੪ ॥ ੪ ॥ ੧੬੨ ॥**

ਹੇ ਮੇਰੇ ਮਿੱਤ੍ਰ! ਪ੍ਰਮੇਸ਼ਰ ਦਾ ਨਾਮ ਜਪ, ਏਹੋ ਹੀ ਚੰਗੇ ਸੁਖਾਂ ਦੇ ਦੇਣ ਵਾਲਾ ਪੂਰਾ ਜਤਨ ਹੈ। ਗੁਰੂ ਜੀ-ਸਾਧ ਸੰਗਤ ਕਰਕੇ ਦਾਸਾਂ ਦੀ ਚਰਨ ਧੂੜ ਲੈਣੀ ਇਹੋ ਹੀ ਜਨਮ ਮਰਨ ਨੂੰ ਦੂਰ ਕਰ ਦੇਂਦੀ ਹੈ।

Digitized by Panjab Digital Library | www.panjabdigilib.org

ਗਉੜੀ ਮਾਲਾ ਮਹਲਾ ੫ ॥

ਮੋਕਉ ਇਹ ਬਿਧਿ ਕੋ ਸਮਝਾਵੈ ॥ ਕਰਤਾ ਹੋਇ ਜਨਾਵੈ ॥ ੧ ॥ ਰਹਾਉ ॥

ਮੈਨੂੰ ਇਹ ਰੀਤੀ ਜੋਹੜੀ ਅੱਗੇ ਪੁੱਛਣੀ ਹੈ, ਕੌਣ ਸਮਝਾਵੇ, ਜਾਂ ਕੋਈ ਸਮਝਾ ਦੇਵੇ, ਪਹਿਲਾਂ ਆਪਣੇ ਮਨ ਵੱਸ ਕਰਨ ਵਾਲਾ ਹੋਵੇ, ਫੇਰ ਸਮਝਾ ਦੇਵੇ, ਜਾਂ ਜਿਸ ਤਰਾਂ ਜੀਵ ਕਰਤਾ ਭੋਗਤਾ ਹੋਇਆ ੨ ਹੈ, ਇਸ ਬਾਤ ਨੂੰ ਕੋਈ ਜਣਾਵੇ।

ਅਨਜਾਨਤ ਕਿਛੁ ਇਨਹਿ ਕਮਾਨੋ ਜਪ ਤਪ ਕਛੂ ਨ ਸਾਧਾ ॥ ਦਹਦਿਸਿ ਲੈ ਇਹੁ ਮਨੁ ਦਉਰਾਇਓ ਕਵਨ ਕਰਮ ਕਰਿ ਬਾਧਾ ॥ ੧ ॥

ਅਣਜਾਣ ਪੁਣੇ ਵਿੱਚ ਕੁਛ ਇਸ ਜੀਵ ਨੇ ਹੀ ਕਮਾਇਆ ਹੈ ਤੇ ਤਾਂ ਇਸ ਨੂੰ ਬੰਧਨ ਪੈ ਗਿਆ ਹੈ, ਜਾਂ ਕੁਛ ਜਪ ਤਪ ਨਹੀਂ ਕੀਤਾ ਹੈ ਤੇ ਤਾਂ ਇਸ ਨੂੰ ਬੰਧਨ ਪਿਆ ਹੈ। ਸਾਧਾ = ਸਾਧਿਆ, ਕੀਤਾ। ਦਸਾਂ ਪਾਸਿਆਂ ਵੱਲ ਲੈਕੇ ਇਸ ਨੂੰ ਮਨ ਨੇ ਦੌੜਾਇਆ, ਜਾਂ ਮਨ ਦੌੜਾਇਆ, ਓਹਨਾਂ ਵਿਚੋਂ ਕੇਹੜੇ ਕਰਮ ਕਰਕੇ ਬੰਨ੍ਹਿਆ ਗਿਆ ਹੈ।

ਮਨ ਤਨ ਧਨ ਭੂਮਿ ਕਾ ਠਾਕੁਰੁ ਹਉ ਇਸਕਾ ਇਹੁ ਮੇਰਾ ॥ ਭਰਮ ਮੋਹ ਕਛੁ ਸੂਝਸਿ ਨਾਹੀ ਇਹ ਪੈਖਰ ਪਏ ਪੈਰਾ ॥ ੨ ॥

ਮਨ ਤਨ ਅਤੇ ਧਰਤੀ ਦਾ ਆਪਣੇ ਖਿਆਲਾਂ ਕਰਕੇ ਮਾਲਕ ਬਣ ਗਿਆ ਹੈ, ਭਾਵ ਸਰੀਰ ਤੇ ਜ਼ਮੀਨ ਆਦਿਕ ਦਾ ਆਪ ਮਾਲਕ ਬਣ ਬੈਠਾ ਹੈ, ਮੈਂ ਇਸ ਸਾਰੀ ਚੀਜ਼ ਦਾ ਮਾਲਕ ਹਾਂ, ਇਹ ਸਾਰਾ ਪਦਾਰਥ ਮੇਰਾ ਹੈ। ਭਰਮ ਤੇ ਮੋਹ ਕਰਕੇ ਇਸ ਨੂੰ ਕੁਛ ਸਮਝ ਨਹੀਂ ਹੈ, ਜਾਂ ਸੁੱਝਦਾ ਨਹੀਂ ਹੈ,ਇਹ ਪੈਰਾਂ ਵਿੱਚ ਪੈਖਰ = ਰੱਸਾ ਬੰਧਨਪਿਆ ਹੋਇਆ ਹੈ, ਭਾਵ ਬੁਧੀ ਰੂਪ ਪੈਰ ਬੱਧੇ ਪਏ ਹਨ।

ਤਬ ਇਹੁ ਕਹਾ ਕਮਾਵਨ ਪਰਿਆ ਜਬ ਇਹੁ ਕਛੂ ਨ ਹੋਤਾ ॥ ਜਬ ਏਕ ਨਿਰੰਜਨ ਨਿਰੰਕਾਰ ਪ੍ਰਭ ਸਭੁ ਕਿਛੁ ਆਪਹਿ ਕਰਤਾ ॥ ੩ ॥

Digitized by Panjab Digital Library | www.panjabdigilib.org

ਜਦੋਂ ਇਹ ਜੰਮਣ ਤੋਂ ਪਹਿਲਾਂ ਕੁਛ ਵੀ ਨਹੀਂ ਹੁੰਦਾ ਸੀ, ਤਾਂ ਇਹ ਕਿਥੇ ਤੇ ਕੀ ਕਮਾਉਣ ਲੱਗ ਪਿਆ ਸੀ, ਭਾਵ ਕੀ ਕਰ ਸੱਕਦਾ ਸੀ। ਜਦੋਂ ਪ੍ਰਲੌ ਕਾਲ ਵਿੱਚ ਇੱਕ ਨਿਰੰਜਨ ਨਿਰੰਕਾਰ ਮਾਲਕ ਸਭ ਕੁਛ ਆਪ ਹੀ ਕਰਤਾ ਸੀ।

**ਅਪਨੇ ਕਰਤਬ ਆਪੇ ਜਾਨੈ ਜਿਨਿ ਇਹੁ ਰਚਨੁ ਰਚਾਇਆ ॥ ਕਹੁ ਨਾਨਕ ਕਰਣਹਾਰੁ ਹੈ ਆਪੇ ਸਤਿਗੁਰਿ ਭਰਮੁ ਚੁਕਾਇਆ ॥ ੪ ॥ ੫ ॥ ੧੬੩ ॥**

ਉੱਤਰ ਦੇਂਦੇ ਹਨ, ਜਿਸ ਪ੍ਰਮੇਸ਼ਰ ਨੇ ਦੁਨੀਆਂ ਨੂੰ ਬਣਾਇਆ ਹੈ, ਓਹ ਆਪਣਿਆਂ ਕੰਮਾਂ ਨੂੰ ਆਪ ਹੀ ਜਾਣਦਾ ਹੈ। ਗੁਰੂ ਜੀ—ਆਪ ਹੀ ਪ੍ਰਮੇਸ਼ਰ ਸਭ ਕੁਛ ਕਰਨ ਵਾਲਾ ਹੈ, ਮੇਰਾ ਭਰਮ ਸਤਿਗੁਰਾਂ ਨੇ ਦੂਰ ਕਰ ਦਿੱਤਾ ਹੈ।

**ਗਉੜੀ ਮਾਲਾ ਮਹਲਾ ੫ ॥**

**ਹਰਿ ਬਿਨੁ ਅਵਰ ਕ੍ਰਿਆ ਬਿਰਥੇ ॥ ਜਪ ਤਪ ਸੰਜਮ ਕਰਮ ਕਮਾਣੇ ਇਹਿ ਓਰੈ ਮੂਸੇ ॥ ੧ ॥ ਰਹਾਉ ॥**

ਪ੍ਰਮੇਸ਼ਰ ਦਾ ਨਾਮ ਜਪਿਆਂ ਬਿਨਾ ਜਾਂ ਹਰੀ ਨੂੰ ਅਰਪਣ ਕੀਤਿਆਂ ਬਿਨਾ ਹੋਰ ਕਰਮ ਸਾਰੇ ਬਿਅਰਥੇ ਹਨ। ਦਿਲ ਵਿਚ ਖਿਆਲ ਕਰਨਾ ਹੈ ਕਿ ਮੈਨੂੰ ਕੁਛ ਫਲ ਮਿਲ ਜਾਵੇ, ਇੱਕੁਰ ਦੇ ਕਰਮ ਜਪ ਤਪ ਇੰਦ੍ਰੀਆਂ ਨੂੰ ਰੋਕਣਾ ਜੇਹੜਾ ਇਸਤਰਾਂ ਦੇ ਕਰਮਾਂ ਦਾ ਕਮੌਣਾ ਹੈ ਇਹ ਕਰਮ ਜਾਂ ਕਰਮਾਂ ਦੇ ਕਰਨ ਵਾਲੇ ਜਮ ਪੁਰੀ ਤੋਂ ਉਰੇ ਹੀ ਮੂਸੇ = ਲੁੱਟੇ ਜਾਂਦੇ ਹਨ, ਭਾਵ ਪੁੰਨਾਂ ਕੀਤਿਆਂ ਦਾ ਫਲ ਮੁਕ ਜਾਂਦਾ ਹੈ। ਜਦੋਂ ਜੀਵ ਪਾਣੀ ਮੰਗਦਾ ਹੈ ਤੇ ਤਾਂ ਪਾਣੀ ਮਹਿੰਗਾ ਮਿਲਦਾ ਹੈ, ਇੱਕੁਰ ਹੀ ਪੁੰਨ ਮੁਕ ਜਾਂਦੇ ਹਨ।

**ਬਰਤ ਨੇਮ ਸੰਜਮ ਮਹਿ ਰਹਤਾ ਤਿਨਕਾ ਆਢੁ ਨ ਪਾਇਆ ॥ ਆਗੈ ਚਲਣੁ ਅਉਰੁ ਹੈ ਭਾਈ ਊਂਹਾ ਕਾਮਿ ਨ ਆਇਆ ॥ ੧ ॥**

ਬਰਤ ਰੱਖਣੇ, ਨੇਮ ਪਾਲਣਾ ਕਿ ਮੈਂ ਐਤਨਾ ਚਿਰ ਧਰਤੀ ਉਤੇ ਸਵਾਂਗਾ, ਸੰਜਮ = ਥੋੜਾ ਖਾਣਾ, ਇੱਕੁਰ ਦੇ ਕਰਮਾਂ ਵਿੱਚ ਜੇਹੜਾ ਰਹਿੰਦਾ ਸੀ, ਇਹਨਾਂ ਦਾ ਆਢ = ਕੌਡੀ ਵੀ ਮੁੱਲ ਨ ਪਾਇਆ, ਭਾਵ ਸੁਖ ਨ ਮਿਲਿਆ। ਹੇ ਭਰਾ ! ਓਥੇ-ਅੱਗੇ ਪ੍ਰਲੋਕ ਵਿੱਚ ਹੋਰ ਨਿਸਕਾਮ

Digitized by Panjab Digital Library | www.panjabdigilib.org

ਕਰਮ ਦਾ ਚੱਲਣਾ = ਵਰਤਣ ਵਿਹਾਰ ਹੈ, ਭਾਵ ਮੁਕਤੀ ਸੁਖ ਦੇਣ ਵਾਲੇ ਨਿਸ਼ਕਾਮ ਕਰਮ ਹਨ ਅਤੇ ਸਕਾਮ ਕੰਮ ਜਾਂ ਪਖੰਡ ਵਾਲੇ ਕੰਮ,ਕੰਮ ਨਹੀਂ ਆਉਂਦੇ ਹਨ, ਜਾਂ ਇੱਕੁਰ ਦਾ ਕੰਮ ਕਿਸੇ ਦੇ ਕੰਮ ਨਹੀਂ ਆਇਆ ਹੈ।

**ਤੀਰਥਿ ਨਾਇ ਅਰੁ ਧਰਨੀ ਭ੍ਰਮਤਾ ਆਗੈ ਠਉਰ ਨ ਪਾਵੈ। ਊਹਾ ਕਾਮਿ ਨ ਆਵੈ ਇਹ ਬਿਧਿ ਓਹੁ ਲੋਗਨ ਹੀ ਪਤੀਆਵੈ ॥ ੨ ॥**

ਤੀਰਥਾਂ ਦੇ ਇਸ਼ਨਾਨ ਕਰਦਾ ਹੈ, ਧਰਤੀ ਉੱਤੇਪਿਆ ਫਿਰਦਾ ਹੈ, ਇਹਨਾਂ ਕੰਮਾਂ ਕਰਕੇ ਪ੍ਰਲੋਕ ਵਿੱਚ ਬਹਿਣ ਨੂੰ ਜਗ੍ਹਾ ਨਹੀਂ ਪਾਉਂਦਾ ਹੈ।

ਓਥੇ ਪਿਛੇ ਦੱਸੇ ਹੋਏ ਕੰਮ ਕੰਮ ਨਹੀਂ ਆਉਂਦੇ ਹਨ, ਇਹ ਜੇਹੜੇ ਇਸਤਰ੍ਹਾਂ ਦੇ ਪਿੱਛੇ ਦੱਸੇ ਹਨ, ਓਹ ਧਰਮ ਰਾਜਾ ਆਦਿਕ ਦੇ ਲੋਕ ਇਹਨਾਂ ਪਖੰਡ ਵਾਲਿਆਂ ਕਰਮਾਂ ਕਰਕੇ ਨਹੀਂ ਪਤਿਆਉਂਦੇ ਹਨ, ਭਾਵ ਓਹਨਾਂ ਦਾ ਮਨ ਨਹੀਂ ਮੰਨਦਾ ਹੈ ਜਾਂ ਓਹ ਜੀਵ ਪਖੰਡ ਵਾਲੇ ਕਰਮਾਂ ਨੂੰ ਵਿਖਾਕੇ ਲੋਕਾਂ ਨੂੰ ਪਤਿਆਉਂਦੇ ਹਨ। ਮੇਰੇ ਕਰਮ ਜਾਣਕੇ ਮੈਨੂੰ ਲੋਕ ਚੰਗਾ ਜਾਨਣ।

**ਚਤੁਰ ਬੇਦ ਮੁਖ ਬਚਨੀ ਉਚਰੈ ਆਗੈ ਮਹਲੁ ਨ ਪਾਈਐ ॥ ਬੂਝੈ ਨਾਹੀ ਏਕੁ ਸੁਧਾਖਰੁ ਓਹੁ ਸਗਲੀ ਝਾਖ ਝਖਾਈਐ ॥ ੩ ॥**

ਚਹੁੰਆਂ ਵੇਦਾਂ ਨੂੰ ਮੂੰਹ ਉੱਤੇ ਕੰਠ ਕੀਤਾ ਹੋਇਆ ਜਾਂ ਮੂੰਹੋਂ ਜ਼ਬਾਨੀ ਬਚਨਾਂ ਦੁਆਰਾ ਬੋਲੀ ਜਾਂਦਾ ਹੈ। ਐਡਾ ਅਭਿਆਸ ਹੈ ਮੁਖ ਬਚਨ = ਬਾਣੀ ਕੰਠ ਕਰਨ ਦਾ ਨਾਮ ਹੈ ਇਕੁਰ ਦਾ ਕੰਮ ਅੱਗੇ ਪ੍ਰਲੋਕ ਵਿੱਚ ਜਾਂ ਸਾਰਿਆਂ ਦੇ ਅੱਗੇ ਜੇਹੜਾ ਅਪਨਾ ਮਹਿਲ = ਸਰੂਪ ਪ੍ਰਮੇਸ਼ਰ ਹੈ ਸੋ ਓਹ ਵੇਦਾਂ ਨੂੰ ਪੜ੍ਹਕੇ ਨਹੀਂ ਪਾਈਦਾ ਹੈ। ਇੱਕ ਸੁਧ ਅੱਖਰ ਜਾਂ ਨਾ ਨਾਸ ਹੋਣ ਵਾਲਾ ਜੇਹੜਾ ਪ੍ਰਮੇਸ਼ਰ ਹੈ, ਉਸ ਨੂੰ ਨਹੀਂ ਸਮਝਦਾ ਹੈ ਤਾਂ ਓਹ ਸਾਰੀ ਕਰਨੀ ਕੀਤੀ ਹੋਈ ਬਿਅਰਥ ਝਖ ਹੀ ਮਾਰਦਾ ਹੈ ਜਾਂ ਝਖਾਂ ਮਾਰਕੇ ਖਪਦਾ ਹੈ।

**ਨਾਨਕੁ ਕਹਤੋ ਇਹੁ ਬੀਚਾਰਾ ਜਿ ਕਮਾਵੈ ਸੁ ਪਾਰ ਗਰਾਮੀ ॥ ਗੁਰੁ ਸੇਵਹੁ ਅਰੁ ਨਾਮੁ ਧਿਆਵਹੁ ਤਿਆਗਹੁ ਮਨਹੁ ਗੁਮਾਨੀ ॥ ੪ ॥ ੬ ॥ ੧੬੪ ॥**

ਗੁਰੂ ਜੀ–ਮੈਂ ਵਿਚਾਰ ਕੇ ਇਹ ਸਿੱਟਾ ਅਸਲੀ ਗੱਲ ਆਖਦਾ ਹਾਂ ਜੇਹੜਾ ਮੇਰੇ ਆਖਣ ਨੂੰ ਕਮਾਂਵੇਗਾ ਓਹ ਸੰਸਾਰ ਦੇ ਗਰਾਮ = ਸਮੂੰਹ ਦੁੱਖਾਂ ਤੋਂ

Digitized by Panjab Digital Library | www.panjabdigilib.org

ਪਾਰ ਹੋਜਾਵੇਗਾ ਜਾਂ ਗਰਾਮੀ = ਪਿੰਡ ਦੇ ਪਾਸ ਜੇਹੜਾ ਦਰਿਆ ਹੁੰਦਾ ਹੈ ਭਾਵ ਸੰਸਾਰ ਉਸ ਤੋਂ ਓਹ ਪਾਰ ਹੋ ਜਾਂਦਾ ਹੈ।

ਗੁਰਾਂ ਦੀ ਸੇਵਾ ਕਰੋ, ਨਾਮ ਨੂੰ ਧਿਆਓ, ਮਨ ਤੋਂ ਹੰਗਤਾ ਨੂੰ ਛੱਡੋ।

ਗਉੜੀ ਮਾਲਾ ੫ ॥

**ਮਾਧਉ ਹਰਿ ਹਰਿ ਹਰਿ ਮੁਖਿ ਕਹੀਐ ॥ ਹਮਤੇ ਕਛੂ ਨ ਹੋਵੈ ਸੁਆਮੀ ਜਿਉ ਰਾਖਹੁ ਤਿਉ ਰਹੀਐ ॥੧॥ਰਹਾਉ ॥**

ਹੇ ਮਾਇਆ ਦੇ ਪਤੀ ਸਾਰਿਆਂ ਦੁੱਖਾਂ ਨੂੰ ਹਰਨ ਵਾਲੇ ਜੀਵਾਂ ਨੂੰ ਹਰਿਆਂ ਕਰਨ ਵਾਲੇ ਹਰੀ ਇੱਕੁਰ ਦੀ ਕਿਰਪਾ ਕਰ, ਕਿ ਮੂੰਹੋਂ ਤੇਰਾ ਨਾਮ ਜਪਦੇ ਰਹੀਏ। ਹੇ ਮੇਰੇ ਮਾਲਕਾ ਮੇਰੇ ਪਾਸੋਂ ਕੁਛ ਨਹੀਂ ਹੁੰਦਾ ਹੈ,ਜਿਸ ਤਰ੍ਹਾਂ ਆਪ ਰੱਖਦੇ ਹੋ ਓਸੇ ਹੀ ਤਰ੍ਹਾਂ ਰਹੀਦਾ ਹੈ।

**ਕਿਆ ਕਿਛੁ ਕਰੈ ਕਿ ਕਰਣੈਹਾਰਾ ਕਿਆ ਇਸੁ ਹਾਥਿ ਬਿਚਾਰੇ ॥ ਜਿਤੁ ਤੁਮ ਲਾਵਹੁ ਤਿਤ ਹੀ ਲਾਗਾ ਪੂਰਨ ਖਸਮ ਹਮਾਰੇ ॥ ੧ ॥**

ਇਹ ਆਦਮੀ ਹੁਣ ਇਹ ਕੀ ਕਰ ਸਕਦਾ ਹੈ ਤੇ ਕੀ ਕਰੇ ਅਤੇ ਅੱਗੇ ਵੀ ਇਹ ਕੀ ਕਰਨ ਵਾਲਾ ਹੋਵੇਗਾ। ਭਾਵ ਕੁਛ ਨਹੀਂ ਕਰ ਸਕਦਾ ਹੈ ਅਤੇ ਪਿੱਛੇ ਕੀਤੇ ਕਰਮਾਂ ਦਾ ਫਲ ਇਸਦੇ ਕੀ ਵੱਸ ਹੈ,ਇਹ ਇਸ ਜੀਵ ਵਿਚਾਰੇ ਦੇ ਕੀ ਵੱਸ ਹੈ ਭਾਵ ਤਿੰਨਾਂ ਸਮਿਆਂ ਵਿੱਚ ਜੀਵ ਪ੍ਰਮੇਸ਼ਰ ਦੇ ਵੱਸ ਹੈ,ਇਸ ਦੇ ਆਪਣੇ ਹੱਥ ਵਿੱਚ ਕੁਛ ਨਹੀਂ ਹੈ। ਹੇ ਸਾਡੇ ਮਾਲਕ ਸਾਰਿਆਂ ਵਿੱਚ ਪੂਰਨ ! ਜਿਸ ਕਰਮ ਵਿੱਚ ਤੁਸੀਂ ਲਾਉਂਦੇ ਹੋ,ਓਸੇ ਵਿੱਚ ਮੈਂ ਲੱਗਦਾ ਹਾਂ।

**ਕਰਹੁ ਕ੍ਰਿਪਾ ਸਰਬ ਕੇ ਦਾਤੇ ਏਕ ਰੂਪ ਲਿਵ ਲਾਵਹੁ ॥ ਨਾਨਕ ਕੀ ਬੇਨੰਤੀ ਹਰਿ ਪਹਿ ਅਪੁਨਾ ਨਾਮੁ ਜਪਾਵਹੁ ॥ ੨ ॥ ੭ ॥ ੧੬੫ ॥**

ਹੇ ਪ੍ਰਮੇਸ਼ਰ ਸਾਰਿਆਂ ਜੀਵਾਂ ਦੇ ਦਾਤੇ ਇੱਕੁਰ ਦੀ ਕਿਰਪਾ ਕਰੋ ਕਿ ਆਪਣੇ ਇੱਕ ਰੂਪ ਵਿੱਚ ਮੇਰੀ ਪ੍ਰੀਤੀ ਲਾਓ। ਗੁਰੂ ਜੀ ਹੇ ਮਹਾਰਾਜ ਮੇਰੀ ਆਪ ਦੇ ਪਾਸ ਇਕ ਇਹ ਬੇਨਤੀ ਹੈ ਕਿ ਮੈਨੂੰ ਆਪਣਾ ਨਾਮ ਜਪਾਓ।

ਰਾਗੁ ਗਉੜੀ ਮਾਝ ਮਹਲਾ ੫ ॥

**੧ ਓ ਸਤਿਗੁਰਪ੍ਰਸਾਦਿ ॥ ਦੀਨ ਦਇਆਲ ਦਮੋਦਰ**

Digitized by Panjab Digital Library | www.panjabdigilib.org

**ਰਾਇਆ ਜੀਉ ॥ ਕੋਟਿ ਜਨਾ ਕਰਿ ਸੇਵ ਲਗਾਇਆ ਜੀਉ ॥ ਭਗਤ ਵਛਲੁ ਤੇਰਾ ਬਿਰਦੁ ਰਖਾਇਆ ਜੀਉ ॥ ਪੂਰਨ ਸਭਨੀ ਜਾਈ ਜੀਉ ॥ ੧ ॥**

ਹੇ ਗਰੀਬਾਂ ਉੱਤੇ ਕ੍ਰਿਪਾ ਕਰਨ ਵਾਲੇ ਮਾਇਆ ਰੂਪ ਰੱਸੀ ਨੂੰ ਆਪਣੇ ਲੱਕ ਨਾਲ ਰੱਖਣ ਵਾਲੇ ਪ੍ਰਕਾਸ਼ਕ ਵਾਹਿਗੁਰੂ ਹੇ ਪ੍ਰਮੇਸ਼ਰਾ ਤੂੰ ਕਰੋੜਾਂ ਦਾਸਾਂ ਨੂੰ ਆਪਣੀ ਭਗਤੀ ਕਰਨ ਵਿਚ ਲਾਇਆ ਹੈ(ਜੀਉ = ਸ਼ਬਦ ਸੰਬੋਧਨ ਹੈ।)

ਭਗਤਾਂ ਦਾ ਪਿਆਰਾ ਤੂੰ ਆਪਣਾ ਇਹ ਬਿਰਦ = ਧਰਮ ਜਾਂ ਪ੍ਰਣ ਰਖਾਇਆ ਹੋਇਆ ਹੈ, ਭਾਵ ਤੇਰਾ ਨਾਮ ਭਗਤਾਂ ਦਾ ਪਿਆਰਾ ਪਿਆ ਹੋਇਆ ਹੈ ਅਤੇ ਤੂੰ ਸਾਰੀਆਂ ਥਾਵਾਂ ਵਿੱਚ ਮਿਲਿਆ ਹੋਇਆ ਹੈਂ।

**ਕਿਉ ਪੇਖਾ ਪ੍ਰੀਤਮੁ ਕਵਣ ਸੁਕਰਣੀ ਜੀਉ ॥ ਸੰਤਾ ਦਾਸੀ ਸੇਵਾ ਚਰਣੀ ਜੀਉ ॥ ਇਹੁ ਜੀਉ ਵਤਾਈ ਬਲਿ ਬਲਿ ਜਾਈ ਜੀਉ ॥ ਤਿਸੁ ਨਿਵਿ ਨਿਵਿ ਲਾਗਉ ਪਾਈ ਜੀਉ ॥ ੨ ॥**

ਹੇ ਪ੍ਰੀਤਮਾ! ਤੈਨੂੰ ਮੈਂ ਕਿਸ ਤਰ੍ਹਾਂ ਵੇਖਾਂ ਅਤੇ ਓਹ ਕੇਹੜੀ ਚੰਗੀ ਕਰਣੀ ਹੈ, ਤੈਨੂੰ ਮਿਲਨ ਵਾਸਤੇ ਮੈਂ ਆਪਣੀ ਬੁੱਧੀ ਸੰਤਾਂ ਦੀ ਦਾਸੀ ਬਣਾ ਦਿੱਤੀ ਹੈ ਅਤੇ ਚਰਣੀ ਲੱਗਕੇ ਸੇਵਾ ਕਰਦੀ ਹੈ। ਇਹ ਆਪਣਾ ਜੀਅ ਤੇਰੇ ਉਤੋਂ ਦੀ ਵਾਟਨੇ ਕਰਦਾ ਹਾਂ ਅਤੇ ਮਨ ਤਨ ਕਰਕੇ ਵਾਰਨੇ ਜਾਂਦਾ ਹਾਂ, ਜੇਹੜਾ ਮੈਨੂੰ ਤੇਰੇ ਨਾਲ ਮਿਲਾ ਦੇਵੇ, ਮੈਂ ਓਹਨਾਂ ਸੰਤਾਂ ਦੇ ਨਿਉਂ ਨਿਉਂਕੇ ਪੈਰੀਂ ਲੱਗਦਾ ਹਾਂ।

**ਪੋਥੀ ਪੰਡਿਤ ਬੇਦ ਖੋਜੰਤਾ ਜੀਉ ॥ ਹੋਇ ਬੈਰਾਗੀ ਤੀਰਥਿ ਨਾਵੰਤਾ ਜੀਉ ॥ ਗੀਤ ਨਾਦ ਕੀਰਤਨੁ ਗਾਵੰਤਾ ਜੀਉ ॥ ਹਰਿ ਨਿਰਭਉ ਨਾਮੁ ਧਿਆਈ ਜੀਉ ॥ ੩ ॥**

ਕੋਈ ਪੰਡਤ ਹੋਕੇ ਵੇਦਾਂ ਤੇ ਪੋਥੀਆਂ ਨੂੰ ਲੱਭਦਾ ਫਿਰਦਾ ਹੈ, ਭਾਵ ਪੜ੍ਹਦਾ ਵਿਚਾਰਦਾ ਹੈ ਅਤੇ ਕੋਈ ਉਦਾਸੀ ਤਿਆਗੀ ਹੋਕੇ ਤੀਰਥਾਂ ਉਤੇ ਨ੍ਹਾਉਂਦਾ ਫਿਰਦਾ ਹੈ। ਕੋਈ ਗੀਤ ਬਣਾਕੇ, ਕੋਈ ਨਾਦ = ਵਾਜੇ ਵਜਾਕੇ ਤੇਰਾ ਜਸ ਗੌਂਦਾ ਹੈ, ਹੇ ਪ੍ਰਮੇਸ਼ਰਾ ਡਰ,ਤੋਂ ਰਹਿਤ ਹੋਕੇ ਅਸਾਂ ਇੱਕ ਤੇਰਾ ਨਾਮ ਹੀ ਧਿਆਇਆ ਹੈ।

Digitized by Panjab Digital Library | www.panjabdigilib.org

ਭਏ ਕ੍ਰਿਪਾਲ ਸੁਆਮੀ ਮੇਰੇ ਜੀਉ ॥ ਪਤਿਤ ਪਵਿਤ ਲਗਿ ਗੁਰਕੇ ਪੈਰੇ ਜੀਉ ॥ ਭ੍ਰਮੁ ਭਉ ਕਾਟਿ ਕੀਏ ਨਿਰ ਵੈਰੇ ਜੀਉ ॥ ਗੁਰ ਮਨ ਕੀ ਆਸ ਪੂਰਾਈ ਜੀਉ ॥ ੪ ॥

ਹੇ ਮੇਰੇ ਮਾਲਕਾ ! ਜਦੋਂ ਤੋਂ ਤੁਸੀ ਮੇਰੇ ਉਤੇ ਕਿਰਪਾਲੂ ਹੋਏ ਹੋ, ਤਦ ਤੋਂ ਅਸੀ ਪਾਪੀ ਗੁਰਾਂ ਦੀ ਚਰਨੀ ਲੱਗਕੇ ਪਵਿੱਤ੍ਰ ਹੋ ਗਏ ਹਾਂ, ਭਰਮ ਡਰ ਕੱਟਕੇ ਗੁਰਾਂ ਨੇ ਨਿਰਵੈਰ ਕਰ ਦਿੱਤਾ ਹੈ, ਮਨ ਦੀ ਸਾਰੀ ਆਸਾ ਪੂਰੀ ਕਰ ਦਿੱਤੀ ਹੈ।

ਜਿਨਿ ਨਾਉ ਪਾਇਆ ਸੋ ਧਨਵੰਤਾ ਜੀਉ ॥ ਜਿਨਿ ਪ੍ਰਭੁ ਧਿਆਇਆ ਸੁ ਸੋਭਾਵੰਤਾ ਜੀਉ ॥ ਜਿਸੁ ਸਾਧੂ ਸੰਗਤਿ ਤਿਸੁ ਸਭੁ ਕਰਨੀ ਜੀਉ ॥ ਜਨ ਨਾਨਕ ਸਹਜਿ ਸਮਾਈ ਜੀਉ ॥ ੫ ॥ ੧ ॥ ੧੬੬ ॥

ਜਿਸਨੇ ਪ੍ਰਮੇਸ਼ਰ ਦਾ ਨਾਮ ਧਨ ਲੱਭਾ ਹੈ, ਓਹ ਧਨ ਵਾਲਾ ਹੈ, ਜਿਸਨੇ ਪ੍ਰਮੇਸ਼ਰ ਨੂੰ ਧਿਆਇਆ ਹੈ, ਓਹ ਸੋਭਾ ਵਾਲਾ ਹੈ। ਜਿਸਨੇ ਸਾਧ ਸੰਗਤ ਕੀਤੀ ਹੈ, ਉਸਦੀ ਸਾਰੀ ਕਰਣੀ ਬੜੀ ਚੰਗੀ ਹੈ। ਗੁਰੂ ਜੀ- ਉਸਦੀ ਬੁੱਧੀ ਸ਼ਾਂਤੀ ਵਾਲੀ ਹੈ, ਜਾਂ ਪ੍ਰਮੇਸ਼ਰ ਨਾਲ ਮਿਲੀ ਹੋਈ ਹੈ।

### ਗਉੜੀ ਮਹਲਾ ੫ ਮਾਝ ॥

ਆਉ ਹਮਾਰੈ ਰਾਮ ਪਿਆਰੇ ਜੀਉ ॥ ਰੈਣਿ ਦਿਨਸੁ ਸਾਸਿ ਸਾਸਿ ਚਿਤਾਰੇ ਜੀਉ ॥ ਸੰਤ ਦੇਉ ਸੰਦੇਸਾ ਪੈ ਚਰਨਾਰੇ ਜੀਉ ॥ ਤੁਧੁ ਬਿਨੁ ਕਿਤੁ ਬਿਧਿ ਤਰੀਐ ਜੀਉ ॥ ੧ ॥

ਸਾਡੇ ਰਾਮ ਦੇ ਪਿਆਰਿਓ ਸੰਤੋ ਆਓ ! ਮੇਰੇ ਪਾਸ ਆਓ। ਤੁਸੀਂ ਅਸੀਂ ਮਿਲਕੇ ਰਾਤ ਦਿਨ ਸਾਸ ਸਾਸ ਪ੍ਰਮੇਸ਼ਰ ਦਾ ਨਾਮ ਯਾਦ ਕਰੀਏ। ਹੇ ਸੰਤੋ ! ਮੈਂ ਤੁਹਾਡੇ ਚਰਨਾਂ ਵਿੱਚ ਪੈਂਦਾ ਹਾਂ, ਤੁਸੀਂ ਮੈਨੂੰ ਇਕੁਰ ਦਾ ਸੰਦੇਸਾ ਦਿਓ, ਜਿਸ ਕਰਕੇ ਮੈਨੂੰ ਪ੍ਰਮੇਸ਼ਰ ਮਿਲ ਜਾਵੇ। ਤੁਹਾਡੇ ਸੰਗ ਤੋਂ ਬਿਨਾ ਕਿਸ ਤਰ੍ਹਾਂ ਤਰੀਏ, ਭਾਵ ਸਤਸੰਗ ਬਿਨਾ ਤਰਨਾ ਨਹੀਂ ਹੁੰਦਾ ਹੈ। ਤੁਸਾਂ ਸਤਸੰਗ ਦੀ ਮਹਿਮਾ ਕਿਸ ਤਰ੍ਹਾਂ ਜਾਣੀ ਹੈ।

ਸੰਗਿ ਤੁਮਾਰੈ ਮੈ ਕਰੇ ਅਨੰਦਾ ਜੀਉ ॥ ਵਣਿ ਤ੍ਰਿਣਿ

Digitized by Panjab Digital Library | www.panjabdigilib.org

**ਤ੍ਰਿਭਵਣਿ ਸੁਖ ਪਰਮਾਨੰਦਾ ਜੀਉ ॥ ਸੇਜ ਸੁਹਾਵੀ ਇਹੁ ਮਨੁ ਬਿਗਸੰਦਾ ਜੀਉ॥ ਪੇਖਿ ਦਰਸਨੁ ਇਹੁ ਸੁਖੁ ਲਹੀਐ ਜੀਉ॥੨॥**

ਉਤਰ ਜੇਹੜੇ ਤੁਹਾਡੇ ਨਾਲ ਆਕੇ ਮਿਲੇ ਹਨ, ਓਹ ਤੁਸਾਂ ਅਨੰਦ ਰੂਪੀ ਕਰ ਦਿੱਤੇ ਹਨ ਅਤੇ ਵਣਾਂ ਤ੍ਰਿਣਾਂ ਤਿੰਨਾਂ ਲੋਕਾਂ ਵਿੱਚ ਜੇਹੜਾ ਪਰਮ ਅਨੰਦ ਸੁਖ ਰੂਪ ਪ੍ਰਮੇਸ਼ਰ ਮਿਲਿਆ ਹੋਇਆ ਹੈ, ਓਹ ਜਾਣ ਲਿਆ ਹੈ।

ਪਰ ਜਿਨ੍ਹਾਂ ਦੀ ਸਰਧਾ ਰੂਪ ਸੇਜਾ ਸੋਹਣੀ ਹੈ, ਓਹਨਾਂ ਦਾ ਮਨ ਬੜਾ ਖਿੜਿਆ ਹੋਇਆ ਹੈ, ਆਪ ਦੇ ਸੰਤਾਂ ਦਾ ਦਰਸ਼ਨ ਵੇਖਕੇ ਇਹ ਆਤਮ ਸੁਖ ਲੱਭਾ ਹੈ।

**ਚਰਣ ਪਖਾਰਿ ਕਰੀ ਨਿਤ ਸੇਵਾ ਜੀਉ ॥ ਪੂਜਾ ਅਰਚਾ ਬੰਦਨ ਦੇਵਾ ਜੀਉ ॥ ਦਾਸਨਿ ਦਾਸੁ ਨਾਮੁ ਜਪਿ ਲੇਵਾ ਜੀਉ ॥ ਬਿਨਉ ਠਾਕੁਰ ਪਹਿ ਕਹੀਐ ਜੀਉ ॥ ੩ ॥**

ਇਸ ਲਈ ਰੋਜ਼ ਆਪ ਦੇ ਚਰਨਾਂ ਨੂੰ ਧੋਵਾਂ ਤੇ ਸੇਵਾ ਕਰਾਂ, ਮੇਰੀ ਇਹੋ ਹੀ ਅਰਚਾ = ਮੂਰਤੀ ਪੂਜਾ ਹੈ, ਏਹੋ ਹੀ ਦੇਵ – ਪ੍ਰਕਾਸ਼ਕ ਵਾਹਿਗੁਰੂ ਨੂੰ ਨਮਸ਼ਕਾਰ ਹੈ। ਤੁਹਾਡੇ ਦਾਸਾਂ ਦਾ ਦਾਸ ਹੋਕੇ ਨਾਮ ਜਪ ਲਵਾਂ, ਤੁਸੀਂ ਮਾਲਕ ਦੇ ਪਾਸ ਮੇਰੇ ਵੱਲੋਂ ਮੇਰੀ ਇਹ ਬੇਨਤੀ ਆਖੋ।

**ਇਛ ਪੁੰਨੀ ਮੇਰੀ ਮਨੁ ਤਨੁ ਹਰਿਆ ਜੀਉ ॥ ਦਰਸਨ ਪੇਖਤ ਸਭ ਦੁਖ ਪਰਹਰਿਆ ਜੀਉ ॥ ਹਰਿ ਹਰਿ ਨਾਮੁ ਜਪੇ ਜਪਿ ਤਰਿਆ ਜੀਉ ॥ ਇਹੁ ਅਜਰੁ ਨਾਨਕ ਸੁਖੁ ਸਹੀਐ ਜੀਉ ॥ ੪ ॥ ੨ ॥ ੧੬੭ ॥**

ਮੇਰੀ ਇੱਛਿਆ ਪੂਰੀ ਹੋ ਗਈ ਹੈ ਅਤੇ ਮੇਰਾ ਮਨ ਪ੍ਰਸੰਨ ਹੋ ਗਿਆ ਹੈ ਅਤੇ ਤਨ ਮੇਰਾ ਸਫਲਾ ਹੋਯਾ ਹੈ। ਮੈਂ ਹਰਿ ਹਰਿ ਨਾਮ ਦਾ ਜਾਪ ਜਪਕੇ ਸੰਸਾਰ ਸਮੁੰਦਰ ਤੋਂ ਤਰਿਆ ਹਾਂ। ਗੁਰੂ ਜੀ–ਜਿਸ ਆਤਮ ਸੁਖ ਦਾ ਸਹਾਰਨਾ ਬੜਾ ਔਖਾ ਹੈ, ਸੋ ਓਹ ਇਹ ਸਹਾਰਿਆ ਭਾਵ ਧਾਰਿਆ ਹੈ।

**ਗਉੜੀ ਮਾਝ ਮਹਲਾ ੫ ॥**

**ਸੁਣਿ ਸੁਣਿ ਸਾਜਨ ਮਨ ਮਿਤ ਪਿਆਰੇ ਜੀਉ ॥**

Digitized by Panjab Digital Library | www.panjabdigilib.org

**ਮਨੁ ਤਨੁ ਤੇਰਾ ਇਹੁ ਜੀਉ ਭਿਵਾਰੇ ਜੀਉ ॥ ਵਿਸਰੁ ਨਾਹੀ ਪ੍ਰਭ ਪ੍ਰਾਣ ਅਧਾਰੇ ਜੀਉ॥ ਸਦਾ ਤੇਰੀ ਸਰਣਾਈ ਜੀਉ॥੧॥**

ਭਿਵਾਰੇ = ਵਾਰਨੇ ਕਰਨਾ।

ਹੇ ਮਨ ਤਨ ਬਾਣੀ ਦੇ ਪਿਆਰੇ ਮੇਰੀ ਬੇਨਤੀ ਕੰਨਾਂ ਨਾਲ ਸੁਣੋ, ਮੈਂ ਇਹ ਮਨ ਤਨ ਤੇਰਾ ਦਾਸ ਕਰ ਦਿੱਤਾ, ਤੈਥੋਂ ਇਹ ਜੀਅ ਵੀ ਵਾਰਨੇ ਕਰਦਾ ਹਾਂ। ਹੇ ਮੇਰੇ ਮਾਲਕਾ ! ਮੇਰੇ ਪ੍ਰਾਣਾਂ ਦੇ ਆਸਰਿਆ ! ਮੈਨੂੰ ਨਾਂ ਭੁਲ, ਮੈਂ ਸਦਾ ਤੇਰੀ ਸ਼ਰਨ ਹਾਂ।

**ਜਿਸੁ ਮਿਲਿਐ ਮਨੁ ਜੀਵੈ ਭਾਈ ਜੀਉ ॥ ਗੁਰ ਪਰਸਾਦੀ ਸੋ ਹਰਿ ਹਰਿ ਪਾਈ ਜੀਉ ॥ ਸਭ ਕਿਛੁ ਪ੍ਰਭ ਕਾ ਪ੍ਰਭ ਕੀਆ ਜਾਈ ਜੀਉ ॥ ਪ੍ਰਭ ਕਉ ਸਦ ਬਲਿ ਜਾਈ ਜੀਉ ॥ ੨ ॥**

ਜਿਸ ਤੇਰੇ ਨਾਲ ਮਿਲਕੇ ਇਹ ਮਨ ਭਾਈ = ਪ੍ਰੇਮੀ ਹੋਕੇ ਮਨ ਜੀਵਣ ਪਦਵੀ ਨੂੰ ਪੁੱਜ ਜਾਂਦਾ ਹੈ ਭਾਵ ਜੀਊਂਦਾ ਹੈ ਪਰ ਜੇਹੜਾ ਤੂੰ ਸਾਰਿਆਂ ਦੁਖਾਂ ਦੇ ਹਰਨ ਵਾਲਾ ਤੇ ਹਰ ਇਕ ਰੂਪ ਧਾਰਨ ਵਾਲਾ ਹੈਂ ਸੋ ਗੁਰਾਂ ਦੀ ਕਿਰਪਾ ਨਾਲ ਪਾਇਆ ਜਾਂਦਾ ਹੈਂ। ਹੇ ਮਾਲਕਾ ਸਭ ਕੁਛ ਆਪਦਾ ਹੈ ਅਤੇ ਮਾਲਕਾ ਸਾਰੀਆਂ ਜਗ੍ਹਾ ਆਪਦੀਆਂ ਹਨ, ਹੇ ਮਾਲਕਾ ਮੈਂ ਸਦਾ ਆਪ ਤੋਂ ਬਲਿਹਾਰ ਜਾਂਦਾ ਹਾਂ।

**ਏਹੁ ਨਿਧਾਨੁ ਜਪੈ ਵਡਭਾਗੀ ਜੀਉ ॥ ਨਾਮ ਨਿਰੰਜਨ ਏਕ ਲਿਵ ਲਾਗੀ ਜੀਉ ॥ ਗੁਰੁ ਪੂਰਾ ਪਾਇਆ ਸਭੁ ਦੁਖੁ ਮਿਟਾਇਆ ਜੀਉ ॥ ਆਠ ਪਹਰ ਗੁਣ ਗਾਇਆ ਜੀਉ ॥ ੩ ॥**

ਤੇਰਾ ਨਾਮ ਸੁਖਾਂ ਦਾ ਖਜ਼ਾਨਾ ਹੈ, ਕੋਈ ਵਡਭਾਗੀ ਹੀ ਜਪਦਾ ਹੈ ਤੇ ਨਿਰੰਜਨ ਦੇ ਨਾਮ ਨਾਲ ਇੱਕ ਕਿਸੇ ਵਿਰਲੇ ਦੀ ਹੀ ਪ੍ਰੀਤੀ ਲਗਦੀ ਹੈ, ਭਾਵ ਨਾਮ ਸੁਖਾਂ ਦਾ ਖਜ਼ਾਨਾ ਹੈ, ਪਰ ਵੱਡਿਆਂ ਭਾਗਾ ਵਾਲਾ ਕੋਈ ਜਪਦਾ ਹੈ, ਮੇਰੀ ਪ੍ਰੀਤੀ ਤੇਰੇ ਨਾਲ ਲੱਗੀ ਹੈ। ਜਿਨ੍ਹਾਂ ਨੇ ਪੂਰਾ ਗੁਰੂ ਪਾਇਆ ਹੈ, ਓਹਨਾਂ ਨੇ ਸਾਰਿਆਂ ਦੁਖਾਂ ਨੂੰ ਮਿਟਾਇਆ ਹੈ ਅਤੇ ਅੱਠੇ ਪਹਿਰ ਗੁਣਾਂ ਨੂੰ ਗਾਇਆ ਹੈ।

**ਰਤਨ ਪਦਾਰਥ ਹਰਿ ਨਾਮੁ ਤੁਮਾਰਾ ਜੀਉ ॥ ਤੂੰ**

Digitized by Panjab Digital Library | www.panjabdigilib.org

ਸਚਾ ਸਾਹੁ ਭਗਤੁ ਵਣਜਾਰਾ ਜੀਉ ॥ ਹਰਿ ਧਨੁ ਰਾਸਿ ਸਚੁ ਵਾਪਾਰਾ ਜੀਉ ॥ ਜਨ ਨਾਨਕ ਸਦ ਬਲਿਹਾਰਾ ਜੀਉ ॥ ੪ ॥ ੩ ॥ ੧੬੯ ॥

ਹੇ ਹਰੀ ਤੇਰਾ ਨਾਮ ਰਤਨ ਪਦਾਰਥ ਹੈ ਅਤੇ ਤੂੰ ਸੱਚਾ ਸ਼ਾਹ ਹੈਂ, ਜੇਹੜਾ ਭਗਤ ਹੈ, ਓਹ ਵਣਜਾਰਾ ਹੈ। ਸਰਧਾ ਰੂਪ ਰਾਸ ਦੇਕੇ ਹਰਿ ਨਾਮ ਧਨ ਦਾ ਸੱਚਾ ਵਪਾਰ ਕੀਤਾ ਹੈ। ਗੁਰੂ ਜੀ—ਮੈਂ ਸਦਾ ਵਾਰਨੇ ਜਾਂਦਾ ਹੈ।

## ਰਾਗੁ ਗਉੜੀ ਮਾਝ ਮਹਲਾ ੫

ੴ ਸਤਿਗੁਰਪ੍ਰਸਾਦਿ ॥ ॥ ਤੂੰ ਮੇਰਾ ਬਹੁ ਮਾਣੁ ਕਰਤੇ ਤੂੰ ਮੇਰਾ ਬਹੁ ਮਾਣੁ ॥ ਜੋਰਿ ਤੁਮਾਰੈ ਸੁਖਿ ਵਸਾ ਸਚੁ ਸਬਦੁ ਨੀਸਾਣੁ ॥ ੧ ॥ ਰਹਾਉ ॥

ਕਰਤੇ ਅਕਾਲ ਪੁਰਖ ਤੂੰ ਮੇਰਾ ਇਸ ਲੋਕ ਵਿੱਚ ਵੀ ਬੜਾ ਮਾਣ ਦੇਣ ਵਾਲਾ ਹੈਂ ਅਤੇ ਉਸ ਲੋਕ ਵਿੱਚ ਵੀ ਆਦਰ ਦੇਣ ਵਾਲਾ ਹੈਂ ਤੁਹਾਡੇ ਜ਼ੋਰ ਕਰਕੇ ਮੈਂ ਸੁਖਾਂ ਵਿੱਚ ਵੱਸਿਆ ਹੋਇਆ ਹਾਂ, ਹੇ ਸੱਚਿਆ ਤੇਰਾ ਜ਼ੋਰ ਪ੍ਰਗਟ ਹੀ ਹੈ। ਸ਼ਬਦ = ਬ੍ਰਹਮ ਵਾਹਿਗੁਰੂ ਨੂੰ ਸੰਬੋਧਨ ਕਰਕੇ ਬੇਨਤੀ ਹੈ।

ਸਭੇ ਗਲਾ ਜਾਤੀਆ ਸੁਣਿਕੈ ਚੁਪ ਕੀਆ ॥ ਕਦ ਹੀ ਸੁਰਤਿ ਨ ਲਧੀਆ ਮਾਇਆ ਮੋਹੜਿਆ ॥ ੧ ॥

ਇਸ ਜੀਵ ਨੇ ਸਾਰੀਆਂ ਗੱਲਾਂ ਜਾਣੀਆਂ ਹਨ, ਸੁਖ ਦੁਖ ਜੇਹੜਾ ਕਰਮ ਅਨੁਸਾਰ ਮਿਲਦਾ ਹੈ, ਇਸ ਲਈ ਚੰਗੇ ਕਰਮ ਕਰਨੇ ਚੰਗੇ ਹਨ, ਪੋਥੀਆਂ ਤੋਂ ਸੁਣਕੇ ਵੀ ਚੁਪ ਹੋਕੇ ਬੈਠਾ ਹੋਇਆ ਹੈ, ਚੰਗੇ ਕੰਮ ਨਹੀਂ ਕਰਦਾ ਹੈ, ਇੱਕਰ ਦਾ ਢੀਠ ਹੈ। ਪ੍ਰਮੇਸ਼ਰ ਦੀ ਗਿਆਤ ਕਦੀ ਵੀ ਨਹੀਂ ਪਾਈ ਹੈ, ਤੇਰੀ ਮਾਇਆ ਕਰਕੇ ਮੋਹਿਆ ਹੋਇਆ ਹੈ।

ਦੇਇ ਬੁਝਾਰਤ ਸਾਰਤਾ ਸੇ ਅਖੀ ਡਿਠੜਿਆ ॥ ਕੋਈ ਜਿ ਮੂਰਖੁ ਲੋਭੀਆ ਮੂਲਿ ਨ ਸੁਣੀ ਕਹਿਆ ॥ ੨ ॥

ਸਿਆਣੇ ੨ ਅਤੇ ਪੋਥੀਆਂ ਇਹ ਬੁਝਾਰਤਾਂ ਬਾਤਾਂ ਸਮਝਾਉਂਦੇ ਹਨ ਅਤੇ ਸਾਰੇ ਸੰਤ ਵੀ ਮੌਤ ਦੀਆਂ ਸੈਨਤਾਂ ਮਾਰਦੇ ਹਨ ਅਤੇ ਮਰਨ ਜੰਮਣ ਦੀਆਂ ਸਾਰੀਆਂ ਗੱਲਾਂ ਆਪ ਅੱਖੀਂ ਡਿੱਠੀਆਂ ਵੀ ਹਨ।

Digitized by Panjab Digital Library | www.panjabdigilib.org

ਇੱਕੁਰ ਦਾ ਕੋਈ ਕੇਹੜਾ ਇਹ ਮਨ ਮੂਰਖ ਲੋਭੀ ਹੈ ਜੋ ਚੰਗਿਆਂ ੨ ਸਿਆਣਿਆਂ ਦਾ ਆਖਿਆ ਕਦੀ ਨਹੀਂ ਸੁਣਦਾ ਹੈ।

**ਇਕ ਸੁ ਦੁਹੁ ਚਹੁ ਕਿਆ ਗਣੀ ਸਭ ਇਕਤੁ ਸ੍ਵਾਦਿ ਮੁਠੀ ॥ ਇਕੁ ਅਧੁ ਨਾਇ ਰਸੀਅੜਾ ਕਾ ਵਿਰਲੀ ਜਾਇ ਵੁਠੀ ॥ ੩ ॥**

ਇੱਕ ਦੋਂ ਚਹੁੰ ਨੂੰ ਕੀ ਗਿਣੀਏ, ਸਾਰੀ ਦੁਨੀਆਂ ਇੱਕ ਮਾਇਆ ਦੇ ਸ੍ਵਾਦ ਵਿੱਚ ਲੁੱਟੀ ਹੋਈ ਹੈ। ਇੱਕ ਅੱਧ ਭਾਵ ਕੋਈ ਵਿਰਲਾ ਹੀ ਗਿਆਨ ਵਾਲਾ ਇਕ ਤੇ ਅੱਧਾ ਕੋਈ ਸਿੱਖ ਤੇਰੇ ਨਾਮ ਦਾ ਰਸ ਲੈਣ ਵਾਲਾ ਹੈ, ਓਹ ਕੋਈ ਵਿਰਲੀ ਹੀ ਜਗ੍ਹਾ ਵੱਸੀ ਹੈ ਭਾਵ ਕੋਈ ਹੀ ਗਿਆਨੀ ਚੰਗਿਆਂ ਕਰਮਾਂ ਵਾਲਾ ਹੈ।

**ਭਗਤ ਸਚੇ ਦਰਿ ਸੋਹਦੇ ਅਨਦ ਕਰਹਿ ਦਿਨ ਰਾਤਿ॥ ਰੰਗਿਰਤੇ ਪਰਮੇਸਰੈ ਜਨ ਨਾਨਕ ਤਿਨ ਬਲਿ ਜਾਤ ॥ ੪ ॥ ੧ ॥ ੧੬੯ ॥**

ਹੇ ਸੱਚਿਆ ਪ੍ਰਮੇਸ਼ਰਾ ਭਗਤ ਤੇਰੇ ਸੰਤ ਰੂਪ ਦਰਵਾਜ਼ੇ ਵਿੱਚ ਸੋਭਦੇ ਹਨ ਅਤੇ ਦਿਨ ਰਾਤ ਅਨੰਦ ਮਾਨਣਾ ਕਰਦੇ ਹਨ। ਗੁਰੂ ਜੀ-ਜੇਹੜੇ ਤੇਰੇ ਅਨੰਦ ਵਿੱਚ ਮਸਤ ਹਨ,ਹੇ ਪ੍ਰਮੇਸ਼ਰਾ ਮੈਂ ਓਹਨਾਂ ਤੋਂ ਬਲਹਾਰ ਜਾਂਦਾ ਹਾਂ।

**ਗਉੜੀ ਮਹਲਾ ੫ ਮਾਂਝ॥**

**ਦੁਖ ਭੰਜਨੁ ਤੇਰਾ ਨਾਮੁ ਜੀ ਦੁਖ ਭੰਜਨੁ ਤੇਰਾ ਨਾਮੁ॥ ਆਠ ਪਹਰ ਆਰਾਧੀਐ ਪੂਰਨ ਸਤਿਗੁਰ ਗਿਆਨੁ ॥ ੧ ॥ ਰਹਾਉ॥**

ਹੇ ਵਾਹਿਗੁਰੂ ਤੇਰਾ ਨਾਮ ਇਸ ਲੋਕ ਵਿੱਚ ਦੁਖਾਂ ਦਾ ਨਾਸ ਕਰਦਾ ਹੈ ਅਤੇ ਪ੍ਰਲੋਕ ਦੇ ਵਿੱਚ ਵੀ ਦੁੱਖਾਂ ਦਾ ਨਾਸ ਕਰਤਾ ਤੇਰਾ ਨਾਮ ਹੀ ਹੈ।

ਪਰ ਜੇ ਪੂਰਿਆਂ ਸਤਿਗੁਰਾਂ ਦੀ ਕਿਰਪਾ ਨਾਲ ਅੱਠੇ ਪਹਿਰ ਤੇਰਾ ਨਾਮ ਜਪੀਏ ਤੇ ਤਾਂ ਗਿਆਨ ਹੁੰਦਾ ਹੈ।

**ਜਿਤੁ ਘਟਿ ਵਸੈ ਪਾਰਬ੍ਰਹਮੁ ਸੋਈ ਸੁਹਾਵਾ ਥਾਉ ॥ ਜਮ ਕੰਕਰੁ ਨੇੜਿ ਨ ਆਵਈ ਰਸਨਾ ਹਰਿ ਗੁਣ ਗਾਉ ॥ ੧ ॥**

Digitized by Panjab Digital Library | www.panjabdigilib.org

ਹੇ ਪ੍ਰਮੇਸ਼ਰ! ਜਿਸ ਜੇ ਰਿਦੇ ਵਿੱਚ ਤੇਰਾ ਨਾਮ ਟਿਕਿਆ ਹੈ,ਓਹ ਰਿਦਾ ਥਾਂ ਸੋਹਣਾ ਹੈ। ਜੇਹੜੇ ਜੀਭ ਨਾਲ ਪ੍ਰਮੇਸ਼ਰ ਦੇ ਗੁਣ ਗਾਉਂਦੇ ਹਨ ਓਹਨਾਂ ਦੇ ਨੇੜੇ ਜਮ ਦੂਤ ਨਹੀਂ ਆਉਂਦੇ ਹਨ। ਕੰਕਰ – ਦਾਸ।

**ਸੇਵਾ ਸੁਰਤਿ ਨ ਜਾਣੀਆ ਨਾ ਜਾਪੈ ਆਰਾਧਿ ॥ ਓਟਿ ਤੇਰੀ ਜਗ ਜੀਵਨਾ ਮੇਰੇ ਠਾਕੁਰ ਅਗਮ ਅਗਾਧਿ ॥ ॥ ੨ ॥**

ਸੋਚ ਸਮਝ ਅਨੁਸਾਰ ਮੈਂ ਤੇਰੀ ਸੇਵਾ ਭਗਤੀ ਨਹੀਂ ਜਾਣੀ ਹੈ। ਬਿਨਾਂ ਗਿਆਤ ਤੋਂ ਹਾਂ, ਤੇਰਾ ਅਰਾਧਣਾ ਨਹੀਂ ਜਾਣਿਆ ਹੈ। ਹੇ ਜਗਤ ਨੂੰ ਜੀਵਾਉਣ ਵਾਲਿਆ ਪ੍ਰਾਣਾਂ ਨੂੰ ਸ਼ਕਤੀ ਦੇਣ ਵਾਲਿਆ ਮੈਂ ਇੱਕ ਤੇਰੀ ਸ਼ਰਨ ਤੱਕੀ ਹੈ, ਤੂੰ ਮੇਰਾ ਮਾਲਕ ਅਤੇ ਮਨ ਬਾਣੀ ਦਾ ਅਪੁੱਜ ਬਿਅੰਤ ਰੂਪ ਹੈਂ।

**ਭਏ ਕ੍ਰਿਪਾਲ ਗੁਸਾਈਆ ਨਠੇ ਸੋਗ ਸੰਤਾਪ ॥ ਤਤੀ ਵਾਉ ਨ ਲਗਈ ਸਤਿਗੁਰਿ ਰਖੇ ਆਪਿ ॥ ੩ ॥**

ਜਿਸਦੇ ਉੱਤੇ ਧਰਤੀ ਦੇ ਮਾਲਕ ਕਿਰਪਾਲੂ ਹੋਏ ਹਨ, ਉਸਦੇ ਸੋਗ ਸੰਤਾਪ ਦੌੜ ਗਏ ਹਨ। ਜੇਹੜੇ ਆਦਮੀ ਆਪ ਗੁਰਾਂ ਨੇ ਕਿਰਪਾ ਕਰਕੇ ਬਚਾ ਰਖੇ ਹਨ, ਓਹਨਾਂ ਨੂੰ ਕੋਈ ਕਿਸੇ ਤਰ੍ਹਾਂ ਦਾ ਦੁੱਖ ਨਹੀਂ ਲੱਗਦਾ ਹੈ, ਤੱਤੀ ਵਾ ਦਾ ਲਗਣਾ ਕੀ ਹੈ ਭਾਵ ਦੁਖ ਨਹੀਂ ਹੈ।

**ਗੁਰੁ ਨਾਰਾਇਣੁ ਦਯੁ ਗੁਰੁ ਗੁਰੁ ਸਚਾ ਸਿਰਜਣਹਾਰੁ ॥ ਗੁਰਿ ਤੁਠੈ ਸਭ ਕਿਛੁ ਪਾਇਆ ਜਨ ਨਾਨਕ ਸਦ ਬਲਿਹਾਰ ॥ ੪ ॥ ੨ ॥ ੧੭੦ ॥**

ਗੁਰੂ ਹੀ ਨਾਰਾਇਣ ਹੈ,ਗੁਰੂ ਹੀ ਪ੍ਰੇਰਕ ਬ੍ਰਹਮਾ ਰੂਪ ਜਾਂ ਵਿਸ਼ਨੂ ਰੂਪ ਹੈ,ਗੁਰੂ ਹੀ ਸੱਚਾ ਮਾਲਕ ਦੁਨੀਆ ਦੇ ਬਣਾਉਣ ਵਾਲਾ ਹੈ, ਭਾਵ ਗੁਰੂ ਜੀ ਵਿਚ ਤੇ ਪ੍ਰਮੇਸ਼ਰ ਵਿਚ ਕੋਈ ਭੇਦ ਨਹੀਂ ਹੈ। ਗੁਰੂ ਜੀ–ਜਦੋਂ ਗੁਰੂ ਪ੍ਰਸੰਨ ਹੁੰਦੇ ਹਨ ਤੇ ਤਾਂ ਸਭ ਕੁਛ ਮਾਲਕ ਦਾ ਹੈ ਭਾਵ ਸਾਰੇ ਪਦਾਰਥ ਤੇ ਭਗਤੀ ਗਿਆਨ ਆਦਿਕ,ਇਸ ਲਈ ਮੈਂ ਇੱਕੁਰ ਦੇ ਗੁਰੂ ਤੋਂ ਬਲਹਾਰ ਜਾਂਦਾ ਹਾਂ।

## ਗਉੜੀ ਮਾਝ ਮਹਲਾ ੫ ॥

**ਹਰਿ ਰਾਮ ਰਾਮ ਰਾਮ ਰਾਮਾ ॥ ਜਪਿ ਪੂਰਨ ਹੋਏ ਕਾਮਾ ॥ ੧ ॥ ਰਹਾਉ ॥**

Digitized by Panjab Digital Library | www.panjabdigilib.org

ਰਾਮਾ = ਹੇ ਭਰਾ ਜੇਹੜਾ ਪ੍ਰਮੇਸ਼ਰ ਸਾਰਿਆਂ ਵਿੱਚ ਰਮਿਆ ਹੋਇਆ ਹੈ, ਓਹੋ ਹੀ ਸਾਰਿਆਂ ਨੂੰ ਰਾਮ = ਸੁਖ ਆਰਾਮ ਦੇਣ ਵਾਲਾ ਹੈ, ਇਸ ਲਈ ਉਸ ਨੂੰ ਜਪਣ ਵਾਲਿਆਂ ਦੇ ਸਾਰੇ ਕੰਮ ਪੂਰੇ ਹੋ ਜਾਂਦੇ ਹਨ।

**ਰਾਮ ਗੋਬਿੰਦ ਜਪੇਦਿਆ ਹੋਆ ਮੁਖੁ ਪਵਿਤ੍ਰੁ ॥ ਹਰਿ ਜਸੁ ਸੁਣੀਐ ਜਿਸਤੇ ਸੋਈ ਭਾਈ ਮਿਤ੍ਰੁ ॥ ੧ ॥**

ਰਾਮ ਗੋਬਿੰਦ ਇੱਕੁਰਦੇ ਪ੍ਰਮੇਸ਼ਰ ਦੇ ਨਾਵਾਂ ਨੂੰ ਜਪਦਿਆਂ ਹੋਇਆਂ ਮੂੰਹ ਪਵਿੱਤ੍ਰ ਹੁੰਦਾ ਹੈ। ਜਿਸ ਤੋਂ ਪ੍ਰਮੇਸ਼ਰ ਦਾ ਜਸ ਸੁਣੀਏ ਓਹੋ ਹੀ ਭਰਾ ਓਹੋ ਹੀ ਮਿੱਤ੍ਰ ਹੈ।

**ਸਭਿ ਪਦਾਰਥ ਸਭਿ ਫਲਾ ਸਰਬ ਗੁਣਾ ਜਿਸੁ ਮਾਹਿ ॥ ਕਿਉ ਗੋਬਿੰਦੁ ਮਨਹੁ ਵਿਸਾਰੀਐ ਜਿਸੁ ਸਿਮਰਤ ਦੁਖ ਜਾਹਿ ॥ ੨ ॥**

ਜਿਸ ਦੇ ਅੰਦਰ ਸਾਰੇ ਪਦਾਰਥ ਅਤੇ ਸਾਰੇ ਫਲ, ਸਾਰੇ ਗੁਣ ਹਨ। ਜਿਸ ਦੇ ਸਿਮਰਦਿਆਂ ਦੁਖ ਜਾਂਦੇ ਰਹਿੰਦੇ ਹਨ, ਇੱਕੁਰ ਦਾ ਗੋਬਿੰਦ ਮਨ ਤੋਂ ਕਿਉਂ ਵਿਸਾਰੀਏ।

**ਜਿਸੁ ਲੜਿ ਲਗਿਐ ਜੀਵੀਐ ਭਵਜਲੁ ਪਈਐ ਪਾਰਿ ॥ ਮਿਲਿ ਸਾਧੂ ਸੰਗਿ ਉਧਾਰੁ ਹੋਇ ਮੁਖ ਊਜਲ ਦਰਬਾਰਿ ॥ ੩ ॥**

ਜਿਸ ਦੇ ਲੜ ਲੱਗਿਆਂ ਜੀਵੀਦਾ ਹੈ ਅਤੇ ਸਾਰੇ ਸੰਸਾਰ ਸਮੁੰਦਰ ਤੋਂ ਪਾਰ ਹੋਈਦਾ ਹੈ। ਜਿਸ ਦੇ ਸਾਧੂਆਂ ਦੇ ਸੰਗ ਨਾਲ ਮਿਲਕੇ ਉਧਾਰ ਹੁੰਦਾ ਹੈ ਤੇ ਸਭਾ ਵਿੱਚ ਮੂੰਹ ਉੱਜਲ ਹੁੰਦਾ ਹੈ।

**ਜੀਵਨ ਰੂਪ ਗੋਪਾਲ ਜਸੁ ਸੰਤ ਜਨਾ ਕੀ ਰਾਸਿ ॥ ਨਾਨਕ ਉਬਰੇ ਨਾਮੁ ਜਪਿ ਦਰਿ ਸਚੈ ਸਾਬਾਸਿ ॥ ੪ ॥ ੩ ॥ ੧੭੧ ॥**

ਗੁਪਾਲ ਦਾ ਜਸ ਜੀਵਾਉਣ ਵਾਲਾ ਹੈ, ਓਹੋ ਜਸ ਹੀ ਸੰਤਾਂ ਦੀ ਰਾਸ ਪੂੰਜੀ ਹੈ। ਗੁਰੂ ਜੀ—ਜਿਨ੍ਹਾਂ ਨੇ ਨਾਮ ਜਪਿਆ ਹੈ, ਓਹ ਦੁੱਖਾਂ ਤੋਂ ਬਚ ਗਏ ਹਨ ਅਤੇ ਸੱਚੇ ਦੇ ਦਰ = ਪ੍ਰਲੋਕ ਵਿੱਚ ਓਹਨਾਂ ਦਾ ਜੱਸ ਹੋਇਆ ਹੈ, ਓਹਨਾਂ ਨੂੰ ਸ਼ਾਬਾਸ਼ੇ ਮਿਲੀ ਹੈ।

Digitized by Panjab Digital Library | www.panjabdigilib.org

ਗਉੜੀ ਮਾਝ ਮਹਲਾ ੫ ॥

ਮੀਠੇ ਹਰਿ ਗੁਣ ਗਾਉ ਜਿੰਦੂ ਤੂੰ ਮੀਠੇ ਹਰਿ ਗੁਣ ਗਾਉ ॥ ਸਚੇ ਸੇਤੀ ਰਤਿਆ ਮਿਲਿਆ ਨਿਥਾਵੇ ਥਾਉ ॥ ੧ ॥ਰਹਾਉ ॥

ਹੇ ਮੇਰੀਏ ਜਿੰਦੇ ਤੂੰ ਮਨ ਨਾਲ ਹਰੀ ਦੇ ਮਿੱਠੇ ੨ ਗੁਣ ਗਾਓ ਤੇ ਬਾਣੀ ਕਰਕੇ ਵੀ ਹਰੀ ਦੇ ਮਿੱਠੇ ੨ ਗੁਣ ਗਾਓ । ਸੱਚੇ ਪ੍ਰਮੇਸ਼ਰ ਦੇ ਨਾਲ ਰੱਤਿਆਂ ਹੋਇਆਂ ਨਿਥਾਵਿਆਂ ਨੂੰ ਥਾਂ ਮਿਲਿਆ ਹੈ, ਭਾਵ ਜੇਹੜੇ ਪਹਿਲੇ ਪ੍ਰਮੇਸ਼ਰ ਨਾਲ ਪ੍ਰੀਤੀ ਕਰਦੇ ਸਨ, ਓਹਨਾਂ ਨੂੰ ਚੁਰਾਸੀ ਤੋਂ ਭੌਂਦਿਆਂ ਨੂੰ ਪ੍ਰਮੇਸ਼ਰ ਨਾਲ ਮਿਲਨ ਦਾ ਵੇਲਾ ਮਿਲ ਗਿਆ ਹੈ।

ਹੋਰਿ ਸੁਆਦ ਸਭਿ ਫਿਕਿਆ ਤਨੁ ਮਨੁ ਫਿਕਾ ਹੋਇ॥ ਵਿਣੁ ਪਰਮੇਸਰ ਜੋ ਕਰੇ ਫਿਟੁ ਸੁ ਜੀਵਣੁ ਸੋਇ ॥ ੧ ॥

ਪ੍ਰਮੇਸ਼ਰ ਦੇ ਗੁਣਾਂ ਦੇ ਰਸ ਤੋਂ ਬਿਨਾ ਹੋਰ ਜਿਤਨੇ ਸੁਆਦ ਹਨ, ਸਾਰੇ ਹੀ ਫਿੱਕਿਆਂ ਰਸਾਂ ਵਾਲੇ ਹਨ,ਜੋ ਓਹਨਾਂ ਨੂੰ ਚੱਖਕੇ ਸੁਆਦ ਲੈਂਦੇ ਹਨ, ਓਹਨਾਂ ਦਾ ਤਨ ਵੀ ਫਿਕਾ ਹੁੰਦਾ ਹੈ। ਪ੍ਰਮੇਸ਼ਰ ਤੋਂ ਬਿਨਾ ਹੋਰਨਾਂ ਵਿੱਚ ਜੇਹੜੀ ਪ੍ਰੀਤੀ ਕਰਦੇ ਹਨ, ਸੋ ਓਹਨਾਂ ਦੇ ਜੀਵਣ ਨੂੰ ਧਿਰਕਾਰ ਹੈ।

ਅੰਚਲੁ ਗਹਿਕੈ ਸਾਧਕਾ ਤਰਨਾ ਇਹੁ ਸੰਸਾਰੁ ॥ ਪਾਰਬ੍ਰਹਮੁ ਆਰਾਧੀਐ ਉਧਰੈ ਸਭ ਪਰਵਾਰੁ ॥ ੨ ॥

ਸੰਤਾਂ ਦਾ ਪੱਲਾ ਫੜਕੇ ਇਸ ਸੰਸਾਰ ਸਮੁੰਦਰ ਤੋਂ ਤਰਨਾ ਹੁੰਦਾ ਹੈ। ਜੇ ਪਰੇ ਰਹਿਣ ਵਾਲੇ ਤੇ ਸਾਰਿਆਂ ਨਾਲ ਮਿਲੇ ਹੋਏ ਦੀ ਅਰਾਧਣਾ ਕਰੀਏ, ਤਾਂ ਸਾਰੇ ਪਰਵਾਰ ਦਾ ਵੀ ਤਰਨਾ ਹੁੰਦਾ ਹ।

ਸਾਜਨੁ ਬੰਧੁ ਸੁਮਿਤ੍ਰੁ ਸੋ ਹਰਿ ਨਾਮੁ ਹਿਰਦੈ ਦੇਇ॥ ਅਉਗਣ ਸਭਿ ਮਿਟਾਇਕੈ ਪਰਉਪਕਾਰੁ ਕਰੇਇ ॥ ੩ ॥

ਓਹੋ ਸੱਜਣ ਹੈ, ਓਹੋ ਹੀ ਪਿਆਰਾ ਸਰਬੰਧੀ ਹੈ, ਓਹੋ ਹੀ ਮਿੱਤ੍ਰ ਹੈ, ਭਾਵ ਜੇਹੜਾ ਕੰਮ ਸਵਾਰਕੇ ਖੁਸ਼ੀ ਹੋਵੇ । ਜੇਹੜਾ ਪ੍ਰਮੇਸ਼ਰ ਦਾ ਨਾਮ ਦਿਲ ਵਿਚ ਦੇਂਦਾ ਹੈ। ਸਾਰਿਆਂ ਔਗਣਾਂ ਨੂੰ ਦੂਰ ਕਰਕੇ ਸਾਰੇ ਗੁਣ ਹੀ ਕਰੇ, ਭਾਵ ਪਰਉਪਕਾਰ ਹੀ ਕਰੇ।

ਮਾਲੁ ਖਜਾਨਾ ਥੇਹੁ ਘਰੁ ਹਰਿਕੇ ਚਰਣ ਨਿਧਾਨ ॥

Digitized by Panjab Digital Library | www.panjabdigilib.org

## ਨਾਨਕੁ ਜਾਚਕੁ ਦਰਿ ਤੇਰੈ ਪ੍ਰਭ ਤੁਧਨੋ ਮੰਗੈ ਦਾਨੁ ॥ ੪ ॥ ੪ ॥ ੧੭੨ ॥

ਥੇਹ = ਪਿੰਡ ਘਰ ਸਾਰੀਆਂ ਨਿਧੀਆਂ ਦਾ ਪਾਰਸ ਜਾਂ ਕਾਮਧੇਨ ਕਲਪ ਬ੍ਰਿਛ ਇਹ ਸਾਰੇ ਪ੍ਰਮੇਸ਼ਰਦੇ ਚਰਨਾਂ ਦੇ ਅੰਦਰ ਹੀ ਜਾਣ ਲਵੇ। ਹੇ ਪ੍ਰਮੇਸ਼ਰਾ ਮੈਂ ਆਪ ਦੇ ਚਰਨ ਹੀ ਸਾਰੇ ਪਦਾਰਥ ਜਾਣੇ ਹਨ।

ਗੁਰੂ ਜੀ–ਮੈਂ ਸੰਗਤਾਂ ਤੇਰੇ ਦਰਵਾਜ਼ੇ ਸਤਸੰਗ ਵਿੱਚ ਖੜੋਤਾ ਹੋਇਆ ਤੇਰਾ ਦਰਸ਼ਨ ਹੀ ਦਾਨ ਮੰਗਦਾ ਹਾਂ।

## ਰਾਗੁ ਗਉੜੀ ਮਹਲਾ ੯ ॥

{ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੇ ਸ਼ਬਦਾਂ ਵਿੱਚ ਵੈਰਾਗ ਵਾਲਾ ਮੁਕਤੀ ਦੇ ਰਸਤੇ ਖੜਨ ਵਾਲਾ ਉਪਦੇਸ਼ ਹੈ ਜਾਂ ਜਦੋਂ ਗੁਰੂਜੀ ਤੀਰਥ ਜਾਤ੍ਰਾ ਦੁਨੀਆਂਦਾ ਉਧਾਰ ਕਰਨ ਗਏ ਸਨ,ਉਸਵੇਲੇ ਬਹੁਤ ਸਾਧੂ ਗੁਰੂ ਜੀ ਦੇ ਨਾਲਸੀ ਅਤੇ ਜਿੱਥੇ ੨ ਕੋਈ ਹੋਰ ਸੰਤ ਮਿਲਿਆ ਓਹਨਾਂ ਨੂੰ ਇਹ ਉਪਦੇਸ਼ ਹੈ। }

## ੧ ੴ ਸਤਿਗੁਰਪ੍ਰਸਾਦਿ।ਸਾਧੋ ਮਨਕਾਮਾਨੁ ਤਿਆਗਉ॥ ਕਾਮ ਕ੍ਰੋਧੁ ਸੰਗਤਿ ਦੁਰਜਨ ਕੀ ਤਾਤੇ ਅਹਿਨਿਸਿ ਭਾਗਉ ॥ ੧ ॥ ਰਹਾਉ ॥

ਸੰਤੋ ਮਨ ਦਾ ਹੰਕਾਰ ਛੋਡੋ। ਜੇਹੜੇ ਕਾਮ ਕਰੋਧ ਅਤੇ ਜੇਹੜੀ ਬੁਰਿਆਂ ਆਦਮੀਆਂ ਦੀ ਸੰਗਤ ਹੈ, ਇਸ ਤੋਂ ਰਾਤ ਦਿਨ ਦੂਰ ਪਰੇ ਦੌੜ ਜਾਓ ਭਾਵ ਅੱਠੇ ਪਹਿਰ ਹੀ ਕੁਸੰਗਤ ਤੋਂ ਦੂਰ ਰਹੋ।

## ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ॥ ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ ॥ ੧ ॥

ਜੇਹੜੇ ਆਦਮੀ ਸੁਖ ਦੁਖ ਦੋਹਾਂ ਨੂੰ ਅਤੇ ਆਦਰ ਨਿਰਾਦਰ ਨੂੰ ਸਮਾਨ ਜਾਣਦੇ ਹਨ।

ਖੁਸ਼ੀ ਅਤੇ ਸ਼ੋਕ ਤੋਂ ਅਤੀਤ = ਰਹਤ ਭਾਵ ਫਕੀਰਾਂ ਵਾਂਗ ਬਣੇ ਰਹਿੰਦੇ ਹਨ,ਓਹਨਾਂ ਆਦਮੀਆਂ ਨੇ ਜਗਤ ਵਿੱਚ ਆਕੇ ਤੱਤ = ਸਾਰ ਸਿੱਟਾ

Digitized by Panjab Digital Library | www.panjabdigilib.org

ਰੂਪ ਭਾਵ ਪ੍ਰਮੇਸ਼ਰ ਨੂੰ ਪਛਾਣ ਲਿਆ ਹੈ ਜਾਂ ਜਗਤ ਦਾ ਸੱਚ ਭਾਵ ਸਤ ਚੇਤਨ ਅਨੰਦ ਜੇਹੜਾ ਹੈ ਤੇ ਜਗਤ ਝੂਠ ਹੈ ਇਕੁਰ ਜਾਣਿਆ ਹੈ।

**ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ ॥ ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂ ਗੁਰਮੁਖਿ ਜਾਨਾ ॥ ੨ ॥ ੧ ॥**

ਜੇਹੜਾ ਉਸਤਤੀ ਤੇ ਨਿੰਦਿਆ ਦੋਹਾਂ ਨੂੰ ਛੱਡੇ। ਜੇਹੜਾ ਨਿਰਬਾਨਾ = ਦੁਖਾਂ ਤੋਂ ਰਹਿਤ ਪਦ ਪ੍ਰਮੇਸ਼ਰ ਹੈ ਉਸਦਾ ਖੋਜ ਲੱਭੇ ਭਾਵ ਉਸ ਨੂੰ ਮਿਲਨ ਦਾ ਜਤਨ ਕਰੇ।

ਗੁਰੂ ਜੀ-ਇਹ ਪਿੱਛੇ ਦੱਸਿਆ ਖੇਲ ਬੜਾ ਔਖਾ ਹੈ। ਗੁਰਾਂ ਦੁਆਰੇ ਕਿਸੇ ਵਿਰਲੇ ਨੇ ਹੀ ਏਹ ਰਸਤਾ ਸਮਝਿਆ ਹੈ।

**ਗਉੜੀ ਮਹਲਾ ੯ ॥**

**ਸਾਧੋ ਰਚਨਾ ਰਾਮ ਬਨਾਈ ॥ ਇਕਿ ਬਿਨਸੈ ਇਕ ਅਸਥਿਰੁ ਮਾਨੈ ਅਚਰਜੁ ਲਖਿਓ ਨ ਜਾਈ ॥ ੧॥ ਰਹਾਉ**

ਹੇ ਸਾਧੋ ਪ੍ਰਮੇਸ਼ਰ ਨੇ ਇਹ ਦੁਨੀਆਂ ਇੱਕੁਰ ਦੀ ਬਣਾਈ ਹੈ ਕਿ ਇਸ ਦਾ ਬੜਾ ਅਸਚਰਜ ਤਮਾਸ਼ਾ ਹੈ। ਇਕ ਆਦਮੀ ਦਾ ਪਿਤਾ ਜਾਂ ਬਾਬਾ ਦਾਦਾ ਮਰਦਾ ਹੈ ਅਤੇ ਇਕ ਉਸ ਮਰਨ ਵਾਲੇ ਦਾ ਪੁੱਤ੍ਰ ਪੋਤਰਾ ਆਪਣੇ ਆਪ ਨੂੰ ਟਿਕਿਆ ਰਹਿਣ ਵਾਲਾ ਮੰਨਦਾ ਹੈ ਭਾਵ ਮੌਤ ਭੁਲਾ ਦੇਂਦਾ ਹੈ, ਇਹ ਬੜਾ ਅਸਚਰਜ ਹੈ ਜਾਣਿਆ ਨਹੀਂ ਜਾਂਦਾ ਹੈ।

**ਕਾਮੁ ਕ੍ਰੋਧੁ ਮੋਹ ਬਸਿ ਪ੍ਰਾਨੀ ਹਰਿ ਮੂਰਤਿ ਬਿਸਰਾਈ ॥ ਝੂਠਾ ਤਨੁ ਸਾਚਾ ਕਰਿ ਮਾਨਿਓ ਜਿਉ ਸੁਪਨਾ ਰੈਨਾਈ ॥ ੧ ॥**

ਜਮ ਕਰੋਧ ਮੋਹ ਦੇ ਵੱਸ ਹੋਕੇ ਇਸ ਆਦਮੀ ਨੇ ਪ੍ਰਮੇਸ਼ਰ ਦੀ ਮੂਰਤੀ ਭੁਲਾ ਦਿੱਤੀ ਹੈ। ਜੇਹੜਾ ਸਰੀਰ ਝੂਠਾ ਹੈ, ਉਸ ਨੂੰ ਸੱਚਾ ਕਰਕੇ ਮੰਨਿਆ,ਜਿਸਤਰ੍ਹਾਂ ਰਾਤ ਦੇ ਆਇਆਂ ਆਦਮੀ ਨੂੰ ਸੁਪਨਾ ਆਉਂਦਾ ਹੈ,ਓਹ ਪਦਾਰਥ ਝੂਠ ਹੈ।

**ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ**

Digitized by Panjab Digital Library | www.panjabdigilib.org

**ਛਾਈ ॥ ਜਨ ਨਾਨਕ ਜਗੁ ਜਾਨਿਓ ਮਿਥਿਆ ਰਹਿਓ ਰਾਮ ਸਰਨਾਈ ॥ ੨ ॥ ੨ ॥**

ਜੋ ਦੀਹਦਾ ਹੈ ਸੋ ਸਾਰਾ ਹੀ ਨਾਸ ਹੋ ਜਾਣ ਵਾਲਾ ਹੈ, ਜਿਸ ਤਰ੍ਹਾਂ ਬੱਦਲ ਦੀ ਛਾਂ ਹੁੰਦੀ ਹੈ,ਓਹ ਛਿਨ ਵਿੱਚ ਨਾਸ ਹੋ ਜਾਂਦੀ ਹੈ। ਗੁਰੂ ਜੀ- ਜਗਤ ਨੂੰ ਝੂਠਾ ਜਾਣੋ ਅਤੇ ਪ੍ਰਮੇਸ਼ਰ ਦੀ ਸ਼ਰਨ ਪੈ ਰਹੋ ਤਾਂ ਸੁਖ ਪਾਓਗੇ।

**ਗਉੜੀ ਮਹਲਾ ੯ ॥**

**ਪ੍ਰਾਨੀ ਕਉ ਹਰਿ ਜਸੁ ਮਨਿ ਨਹੀ ਆਵੈ ॥ ਅਹਿ-ਨਿਸਿ ਮਗਨੁ ਰਹੈ ਮਾਇਆ ਮੈ ਕਹੁ ਕੈਸੇ ਗੁਨ ਗਾਵੈ॥ ੧ ॥ ਰਹਾਉ ॥**

ਜੀਵ ਨੂੰ ਹਰੀ ਦਾ ਜਸ ਮਨ ਵਿੱਚ ਯਾਦ ਨਹੀਂ ਆਉਂਦਾ ਹੈ।

ਰਾਤ ਦਿਨ ਮਾਇਆ ਵਿੱਚ ਮਸਤ ਰਹਿੰਦਾ ਹੈ, ਫਿਰ ਦੱਸੋ ਖਾਂ ਕਿਸ ਤਰ੍ਹਾਂ ਗੁਣਾਂ ਨੂੰ ਗਾਵੇ।

**ਪੂਤ ਮੀਤ ਮਾਇਆ ਮਮਤਾ ਸਿਉ ਇਹ ਬਿਧਿ ਆਪੁ ਬੰਧਾਵੈ ॥ ਮ੍ਰਿਗ ਤ੍ਰਿਸਨਾ ਜਿਉ ਝੂਠੋ ਇਹ ਜਗ ਦੇਖਿ ਤਾਸਿ ਉਠਿ ਧਾਵੈ ॥ ੧ ॥**

ਪੁੱਤ੍ਰ ਮਿੱਤ੍ਰ ਮਾਇਆ ਦੇ ਨਾਲ ਜੇਹੜੀ ਮਮਤਾ ਕਰਨੀ ਹੈ, ਇਸ ਤਰ੍ਹਾਂ ਸਗੋਂ ਆਪਣੇ ਆਪ ਨੂੰ ਬਨ੍ਹਾ ਲੈਂਦਾ ਹੈ। ਹਰਨ ਦੀ ਤ੍ਰਿਸ਼ਨਾ ਦੇ ਪਾਣੀ ਵਰਗਾ ਇਹ ਜਗਤ ਝੂਠਾ ਹੈ, ਇਸ ਨੂੰ ਵੇਖਕੇ ਪਦਾਰਥਾਂ ਦੇ ਵੱਲ ਉਠਕੇ ਦੌੜਦਾ ਹੈ।

**ਭੁਗਤਿ ਮੁਕਤਿ ਕਾ ਕਾਰਨੁ ਸੁਆਮੀ ਮੂੜ ਤਾਹਿ ਬਿਸਰਾਵੈ ॥ ਜਨ ਨਾਨਕ ਕੋਟਨ ਮੈ ਕੋਊ ਭਜਨੁ ਰਾਮ ਕੋ ਪਾਵੈ ॥ ੨ ॥ ੩ ॥**

ਜੇਹੜਾ ਵਾਹਿਗੁਰੂ ਮਾਲਕ ਮੁਕਤੀ ਤੇ ਭੁਗਤੀ ਦਾ ਕਾਰਨ ਹੈ, ਭਾਵ ਸੁਖ ਤੇ ਖਾਣ ਨੂੰ ਦੇਣ ਵਾਲਾ ਹੈ, ਉਸਨੂੰ ਮੂਰਖ ਆਦਮੀ ਵਿਸਾਰ ਦੇਂਦਾ ਹੈ। ਗੁਰੂ ਜੀ-ਪ੍ਰਮੇਸ਼ਰ ਦੇ ਭਜਨ ਨੂੰ ਕਰੋੜਾਂ ਵਿਚੋਂ ਕੋਈ ਵਿਰਲਾ ਹੀ ਪਾਉਂਦਾ ਹੈ।

Digitized by Panjab Digital Library | www.panjabdigilib.org

## ਗਉੜੀ ਮਹਲਾ ੯॥

**ਸਾਧੋ ਇਹੋ ਮਨੁ ਗਹਿਓ ਨ ਜਾਈ॥ਚੰਚਲ ਤ੍ਰਿਸਨਾ ਸੰਗਿ ਬਸਤੁ ਹੈ ਯਾਤੇ ਥਿਰੁ ਨ ਰਹਾਈ ॥ ੧ ॥ ਰਹਾਉ ॥**

ਹੇ ਸੰਤੋ ਇਹ ਮਨ ਫੜਿਆ ਨਹੀਂ ਜਾਂਦਾ ਹੈ, (ਕਿਉਂ ਨਹੀ ਫੜਿਆ ਜਾਂਦਾ ਸੋ ਦੱਸਦੇ ਹਨ) ਜੇਹੜੀ ਪਦਾਰਥਾਂ ਦੀ ਚੰਚਲ ਤ੍ਰਿਸ਼ਨਾ ਹੈ, ਓਹ ਮਨ ਦੇ ਨਾਲ ਵੱਸਦੀ ਹੈ, ਏਸੇ ਲਈ ਇਹ ਟਿਕਦਾ ਨਹੀਂ ਹੈ (ਹੋਰ ਕੀ ਹੈ ਜੋ ਟਿਕਣ ਨਹੀਂ ਦੇਂਦਾ ਹੈ ?)

**ਕਠਨ ਕਰੋਧ ਘਟ ਹੀ ਕੇ ਭੀਤਰਿ ਜਿਹ ਸੁਧਿ ਸਭ ਬਿਸਰਾਈ ॥ ਰਤਨੁ ਗਿਆਨੁ ਸਭਕੋ ਹਿਰਿ ਲੀਨਾ ਤਾਸਿਉ ਕਛੁ ਨ ਬਸਾਈ ॥ ੧ ॥**

ਜਿਸ ਗੁੱਸੇ ਦਾ ਰੋਕਣਾ ਬੜਾ ਔਖਾ ਹੈ, ਦਿਲ ਦੇ ਅੰਦਰ ਹੀ ਰਹਿੰਦਾ ਹੈ, ਜਿਸ ਗੁਸੇ ਨੇ ਸੁਰਤੀ ਜਾ ਸੁਧੀ = ਪਵਿੱਤ੍ਰਤਾ ਸਾਰੀ ਜੀਵ ਦੀ ਭੁਲਾ ਦਿੱਤੀ, ਭਾਵ ਮੱਤ ਮਾਰ ਦਿੱਤੀ ਹੈ। ਰਤਨ ਰੂਪ ਧਰਮ ਦਾ ਗਿਆਨ ਸਭ ਕਿਸੇ ਦਾ ਖੋਹ ਲਿਆ ਹੈ, ਉਸ ਕ੍ਰੋਧ ਜਾਂ ਮਨ ਦੇ ਨਾਲ ਕਿਸੇ ਦਾ ਕੁਛ ਜ਼ੋਰ ਨਹੀਂ ਚੱਲਦਾ ਹੈ।

**ਜੋਗੀ ਜਤਨ ਕਰਤ ਸਭ ਹਾਰੇ ਗੁਨੀ ਰਹੇ ਗੁਨ ਗਾਈ ॥ ਜਨ ਨਾਨਕ ਹਰਿ ਭਏ ਦਇਆਲਾ ਤਉ ਸਭ ਬਿਧਿ ਬਨਿਆਈ ॥ ੨ ॥ ੪ ॥**

ਸਾਰੇ ਜੋਗੀ ਜਤਨ ਕਰਕੇ ਹਾਰ ਗਏ ਹਨ ਅਤੇ ਗੁਣੀ ਗੁਣ ਗਾਕੇ ਥੱਕ ਗਏ ਹਨ, ਭਾਵ ਜੋਗੀਆਂ ਜੋਗ ਕੀਤਾ, ਗੁਣੀਆਂ ਗੁਣਾਂ ਨੂੰ ਗਾਇਆ, ਪਰ ਪ੍ਰਮੇਸ਼ਰ ਵੱਸ ਨਹੀਂ ਆਇਆ ਹੈ। ਗੁਰੂ ਜੀ-ਜਦੋਂ ਹਰੀ ਦਿਆਲੂ ਹੋਏ ਤਾਂ ਸਾਰੀਆਂ ਵਿਧੀਆਂ ਚੰਗੀਆਂ ਬਣ ਗਈਆਂ, ਭਾਵ ਸਾਰੇ ਕੰਮ ਸੌਰ ਗਏ।

## ਗਉੜੀ ਮਹਲਾ ੯ ॥

**ਸਾਧੋ ਗੋਬਿੰਦ ਕੇ ਗੁਨ ਗਾਵਉ॥ ਮਾਨਸ ਜਨਮੁ ਅਮੋਲਕੁ ਪਾਇਓ ਬਿਰਥਾ ਕਾਹਿ ਗਵਾਵਉ ॥੧॥ ਰਹਾਉ ॥**

ਹੇ ਸੰਤੋ ਪ੍ਰਮੇਸ਼ਰ ਦੇ ਗੁਣ ਗਾਓ। ਇਹ ਮਨੁਖ ਜਨਮ ਬੜਾ ਅਮੋਲਕ ਪਾਇਆ ਹੈ, ਐਵੇਂ ਕਿਸ ਲਈ ਗਵਾਉਂਦੇ ਹੋ ?

Digitized by Panjab Digital Library | www.panjabdigilib.org

**ਪਤਿਤ ਪੁਨੀਤ ਦੀਨ ਬੰਧ ਹਰਿ ਸਰਨਿ ਤਾਹਿ ਤੁਮ ਆਵਉ ॥ ਗਜਕੋ ਤ੍ਰਾਸੁ ਮਿਟਿਓ ਜਿਹ ਸਿਮਰਤ ਤੁਮ ਕਾਹੇ ਬਿਸਰਾਵਉ ॥ ੧ ॥**

ਪਾਪੀਆਂ ਦੇ ਪਵਿੱਤ੍ਰ ਕਰਨ ਵਾਲਾ ਗਰੀਬਾਂ ਦਾ ਪਿਆਰਾ ਜੇਹੜਾ ਪ੍ਰਮੇਸ਼ਰ ਹੈ, ਤੁਸੀ ਉਸਦੀ ਸ਼ਰਨ ਵਿੱਚ ਆਓ। ਜਿਸ ਪ੍ਰਮੇਸ਼ਰ ਦਾ ਸਿਮਰਨ ਕਰਨ ਨਾਲ ਹਾਥੀ ਦਾ ਤੰਦੂਏ ਦੇ ਮੂੰਹ ਵਿੱਚ ਪਾ ਲੈਣ ਦਾ ਡਰ ਦੂਰ ਹੋ ਗਿਆ ਸੀ, ਭਾਵ ਤੰਦੂਆ ਹਾਥੀ ਨੂੰ ਮਾਰਨ ਲੱਗਾ ਸੀ, ਉਸ ਤੋਂ ਬਚ ਗਿਆ ਸੀ, ਫਿੱਕਰ ਦੇ ਹਰੀ ਨੂੰ ਤੁਸੀਂ ਕਿਉਂ ਭੁਲਾਉਂਦੇ ਹੋ?

**ਤਜਿ ਅਭਿਮਾਨੁ ਮੋਹ ਮਾਇਆ ਫੁਨਿ ਭਜਨ ਰਾਮ ਚਿਤੁ ਲਾਵਉ ॥ ਨਾਨਕ ਕਹਤ ਮੁਕਤਿ ਪੰਥ ਇਹੁ ਗੁਰਮੁਖਿ ਹੋਇ ਤੁਮ ਪਾਵਉ ॥ ੨ ॥ ੫ ॥**

ਇਸ ਲਈ ਹੰਕਾਰ ਤੇ ਮਾਇਆ ਦੇ ਮੋਹ ਨੂੰ ਛੱਡਕੇ ਤੇ ਰਾਮ ਦੇ ਭਜਨ ਵਿੱਚ ਚਿਤ ਨੂੰ ਲਾਓ। ਗੁਰੂ ਜੀ—ਇਹ ਮੁਕਤੀ ਦਾ ਰਸਤਾ ਹੈ, ਤੁਸੀਂ ਗੁਰਮੁਖ ਹੋਕੇ ਇਸ ਰਸਤੇ ਨੂੰ ਲੱਭੋ।

## ਗਉੜੀ ਮਹਲਾ ੯

**ਕੋਊ ਮਾਈ ਭੂਲਿਓ ਮਨੁ ਸਮਝਾਵੈ ॥ ਬੇਦ ਪੁਰਾਨ ਸਾਧ ਮਗ ਸੁਨਿ ਕਰਿ ਨਿਮਖ ਨ ਹਰਿ ਗੁਨ ਗਾਵੈ ॥ ੧ ॥ ਰਹਾਉ ॥**

ਹੇ *ਮਾਈ ਭੁੱਲੇ ਹੋਏ ਮਨ ਨੂੰ ਕੋਈ ਵਿਰਲਾ ਹੀ ਸਮਝਾਉਂਦਾ ਹੈ।

ਵੇਦ ਪੁਰਾਣ ਅਤੇ ਜੇਹੜੇ ਸੰਤ ਹਨ ਓਹਨਾਂ ਪਾਸੋਂ ਪ੍ਰਮੇਸ਼ਰ ਦਾ ਰਸਤਾ ਸੁਣਕੇ ਆਦਮੀ ਅੱਖ ਦੇ ਫਰਕਣ ਜਿਤਨਾ ਚਿਰ ਵੀ ਪ੍ਰਮੇਸ਼ਰ ਦੇ ਗੁਣ ਨਹੀਂ ਗਾਉਂਦਾ ਹੈ।

---

*ਮਾਈ = ਸੰਤ ਸ਼ਬਦ ਦਾ ਸੰਬੋਧਨ ਹੈ, ਪਈ ਹੇ ਸੰਤੋ ਜਾਂ ਮਾਈ = ਮਾਇਆ ਦੇ ਪਤੀ ਪ੍ਰਮੇਸ਼ਰ ਵਲੋਂ ਕੋਈ ਵਿਰਲਾ ਹੀ ਮਨ ਨੂੰ ਸਮਝਾਉਂਦਾ ਹੈ ਕਿ ਮੁੜ ਉਸ ਪਾਸੇ ਲਾਉਂਦਾ ਹੈ, ਜਾਂ ਗੁਰੂ ਤੇਗ ਬਹਾਦਰ ਜੀ ਬਹੁਤ ਸਾਰਾ ਸਮਾ ਛਪੇ ਰਹਿੰਦੇ ਸਨ, ਉਸ ਵੇਲੇ ਭਜਨ ਕਰਦੇ ੨ ਆਪਣੀ ਮਾਈ ਜੀ ਨਾਲ ਪ੍ਰਮੇਸ਼ਰ ਸੰਬੰਧੀ ਸ਼ਬਦ ਉਚਾਰਕੇ ਦੱਸਦੇ ਹਨ।

Digitized by Panjab Digital Library | www.panjabdigilib.org

ਦੁਰਲਭ ਦੇਹ ਪਾਇ ਮਾਨਸ ਕੀ ਬਿਰਥਾ ਜਨਮੁ ਸਿਰਾਵੈ ॥ ਮਾਇਆ ਮੋਹ ਮਹਾ ਸੰਕਟ ਬਨ ਤਾਸਿਉ ਰੁਚ ਉਪਜਾਵੈ ॥ ੧ ॥

ਸਿਰਾਵੈ = ਗੁਜ਼ਾਰਦਾ ਬਤੀਤ ਕਰਦਾ ਹੈ। ਸੰਕਟ – ਦੁਖ।

ਜਿਸ ਮਨੁਖ ਦੇਹ ਦਾ ਮਿਲਨਾ ਬੜਾ ਔਖਾ ਹੈ, ਉਸਨੂੰ ਪਾਕੇ ਜਨਮ ਐਵੇਂ ਗੁਜ਼ਾਰਦਾ ਜਾਂਦਾ ਹੈ। ਜੇਹੜਾ ਮਾਇਆ ਦਾ ਮੋਹ ਹੈ ਓਹ ਬੜਾ ਦੁਖ ਦੇਣ ਵਾਲਾ ਬਨ = ਜੰਗਲ ਉਜਾੜ ਹੈ,ਉਸਦੇ ਨ ਲ ਰੁਚੀ ਪੈਦਾ ਕਰਦਾ ਹੈ। ਭਾਵ ਬੜੀ ਪ੍ਰੀਤੀ ਕਰਦਾ ਹੈ।

ਅੰਤਰਿ ਬਾਹਰਿ ਸਦਾ ਸੰਗਿ ਪ੍ਰਭੁ ਤਾਸਿਉ ਨੇ ਹੁਨ ਲਾਵੈ॥ ਨਾਨਕ ਮੁਕਤਿ ਤਾਹਿ ਤੁਮ ਮਾਨਹੁ ਜਿਹ ਘਟਿ ਰਾਮੁ ਸਮਾਵੈ ॥ ੨ ॥ ੬ ॥

ਜੇਹੜਾ ਪ੍ਰਮੇਸ਼ਰ ਹਰ ਵੇਲੇ ਅੰਦਰ ਬਾਹਰ ਨਾਲ ਹੈ,ਜੀਵ ਦੀ ਸਹੈਤਾ ਕਰਦਾ ਹੈ,ਉਸਦੇ ਨਾਲ ਪ੍ਰੇਮ ਨਹੀਂ ਲਾਉਂਦਾ ਹੈ। ਗੁਰੂ ਜੀ ਜਿਸਦੇ ਦਿਲ ਵਿੱਚ ਪ੍ਰਮੇਸ਼ਰ ਵੱਸਿਆ ਹੈ ਉਸ ਆਦਮੀ ਨੂੰ ਤੁਸੀਂ ਮੁਕਤੀ ਹੋਇਆ ਹੋਇਆ ਸਮਝੋ।

## ਗਉੜੀ ਮਹਲਾ ੯ ॥

ਸਾਧੋ ਰਾਮ ਸਰਨਿ ਬਿਸਰਾਮਾ ॥ ਬੇਦ ਪੁਰਾਨ ਪੜੇ ਕੋ ਇਹ ਗੁਣ ਸਿਮਰੇ ਹਰਿ ਕੋ ਨਾਮਾ ॥ ੧ ॥ ਰਹਾਉ ॥

ਹੇ ਸੰਤੋ ਜੇ ਸਦਾ ਸੁਖ ਵਿੱਚ ਬੈਠਿਆਂ ਰਹਿਣਾ ਹੈ ਤਾਂ ਪ੍ਰਮੇਸ਼ਰ ਦੀ ਸ਼ਰਨ ਲਵੋ। ਵੇਦਾਂ ਪੁਰਾਣਾਂ ਦੇ ਪੜ੍ਹਨ ਦਾ ਵੀ ਏਹੋ ਹੀ ਗੁਣ ਹੈ ਜੇਹੜਾ ਪ੍ਰਮੇਸ਼ਰ ਦਾ ਨਾਮ ਸਿਮਰਨ ਕਰਨਾ ਹੈ ਭਾਵ ਜੇ ਨਾਮ ਜਪੀਏ ਤੇ ਤਾਂ ਪੜ੍ਹਨ ਦਾ ਵੀ ਲਾਭ ਹੈ।

ਲੋਭ ਮੋਹ ਮਾਇਆ ਮਮਤਾ ਫੁਨਿ ਅਉ ਬਿਖਿਅਨ ਕੀ ਸੇਵਾ ॥ ਹਰਖ ਸੋਗ ਪਰਸੈ ਜਿਹ ਨਾਹਨਿ ਸੋ ਮੂਰਤਿ ਹੈ ਦੇਵਾ ॥ ੧ ॥

ਲੋਭ ਮੋਹ ਮਾਇਆ ਦੀ ਜੇੜ੍ਹੀ ਮਮਤਾ ਹੈ ਅਤੇ ਜੇੜ੍ਹੀ ਵਿਸ਼ਿਆਂਦੀ ਸੇਵਾ ਹੈ ਭਾਵ ਬਹੁਤਾ ਵਿਸ਼ਿਆਂ ਵਿੱਚ ਡਿਗਣਾ ਹੈ। ਹਰਖ ਸ਼ੋਕ ਜਿਸ ਨੂੰ ਨਹੀਂ ਚੰਬੜ ਸਕਦੇ ਓਹ ਆਦਮੀ ਦੇਵਾ = ਪ੍ਰਕਾਸ਼ਕ ਪ੍ਰਮੇਸ਼ਰ ਦਾ ਰੂਪ ਹੈ

Digitized by Panjab Digital Library | www.panjabdigilib.org

ਭਾਵ ਜੇਹੜਾ ਲੋਭ ਆਦਿਕ ਤੇ ਵਿਸ਼ਿਆਂ ਤੋਂ ਪਰੇ ਰਹਿੰਦਾ ਹੈ।

**ਸੁਰਗ ਨਰਕ ਅੰਮ੍ਰਿਤ ਬਿਖੁ ਏ ਸਭ ਤਿਉ ਕੰਚਨ ਅਰੁ ਪੈਸਾ ॥ ਉਸਤਤਿ ਨਿੰਦਾ ਏ ਸਮ ਜਾ ਕੈ ਲੋਭੁ ਮੋਹੁ ਫੁਨਿ ਤੈਸਾ ॥ ੨ ॥**

ਸੁਰਗ ਨਰਕ ਅੰਮ੍ਰਿਤ ਤੇ ਵਿਹੁ ਇਹ ਸਾਰੇ ਜਿਸ ਨੂੰ ਬਰਾਬਰ ਹਨ ਏਸੇ ਤਰ੍ਹਾਂ ਸੋਨਾ ਪੈਸਾ = ਤਾਂਬਾ ਜਿਸਦੇ ਦਿਲ ਅੰਦਰ ਉਸਤਤੀ ਨਿੰਦਿਆ ਵੀ ਬਰਾਬਰ ਹੈ ਭਾਵ ਆਪਣੀ ਉਸਤਤੀ ਸੁਣਕੇ ਖੁਸ਼ੀ ਨਹੀਂ, ਨਿੰਦਿਆ ਸੁਣਕੇ ਗੁੱਸੇ ਨਹੀਂ ਹੁੰਦਾ ਹੈ, ਉੱਕਰ ਹੀ ਲੋਭ ਤੇ ਸੰਤੋਖ ਮੋਹ ਤੇ ਵੈਰਾਗ ਹੈ ਭਾਵ ਕਿਸੇ ਤਰ੍ਹਾਂ ਵੀ ਉਸਨੂੰ ਕੋਈ ਦੁਖ ਸੁਖ ਨਹੀਂ ਹੈ, ਸਭ ਕੁਛ ਉਸ ਨੂੰ ਇਕ ਬਰਾਬਰ ਹੈ।

**ਦੁਖੁ ਸੁਖੁ ਏ ਬਾਧੇ ਜਿਹ ਨਾਹਨਿ ਤਿਹ ਤੁਮ ਜਾਨਹੁ ਗਿਆਨੀ ॥ ਨਾਨਕ ਮੁਕਤਿ ਤਾਹਿ ਤੁਮ ਮਾਨਉ ਇਹ ਬਿਧਿ ਕੋ ਜੋ ਪ੍ਰਾਨੀ ॥ ੩ ॥ ੭ ॥**

ਦੁਖ ਸੁਖ ਜਿਸਨੂੰ ਬਾਧੇ = ਪੀੜਾ ਨਹੀਂ ਕਰ ਸਕਦੇ ਜਾਂ ਬੰਨ੍ਹ ਨਹੀਂ ਸਕਦੇ ਹਨ ਭਾਵ ਜੇਹੜਾ ਸੁਖ ਵਿੱਚ ਹੰਕਾਰੀ ਬਣਕੇ ਕਿਸੇ ਨੂੰ ਮਾਰਨਾ ਹੈ ਇਹ ਵੀ ਦੁਖ ਉਸ ਨੂੰ ਨਹੀਂ ਹੈ ਅਤੇ ਸੁਖ ਭੋਗਣ ਵਾਲਾ ਆਪਣੇ ਆਪ ਨੂੰ ਨਹੀਂ ਮੰਨਦਾ ਹੈ, ਉਸ ਨੂੰ ਤੁਸੀਂ ਗਿਆਨੀ ਸਮਝੋ। ਗੁਰੂ ਜੀ—ਜੇਹੜਾ ਆਦਮੀ ਇਕੁਰ ਦਾ ਹੈ, ਉਸ ਨੂੰ ਤੁਸੀਂ ਮੁਕਤੀ ਰੂਪ ਸਮਝੋ।

## ਗਉੜੀ ਮਹਲਾ ੯ ॥

**ਮਨ ਰੇ ਕਹਾ ਭਇਓ ਤੈ ਬਉਰਾ ॥ ਅਹਿਨਿਸਿ ਅਉਧ ਘਟੈ ਨਹੀ ਜਾਨੈ ਭਇਓ ਲੋਭ ਸੰਗਿ ਹਉਰਾ ॥੧॥ ਰਹਾਉ॥**

ਹੇ ਮਨ ਤੂੰ ਕੀ ਕਮਲਾ ਹੋ ਗਿਆ ਹੈਂ, ਰਾਤ ਦਿਨ ਉਮਰ ਘਟਦੀ ਹੈ ਤੂੰ ਜਾਣਦਾ ਨਹੀਂ ਹੈਂ ਲੋਭ ਦੇ ਨਾਲ ਲਗਕੇ ਹੌਲਾ ਹੁੰਦਾ ਜਾਂਦਾ ਹੈ। ਭਾਵ ਹੰਕਾਰੀ ਬਣਦਾ ਜਾਂਦਾ ਹੈਂ।

**ਜੋ ਤਨੁ ਤੈ ਅਪਨੋ ਕਰਿ ਮਾਨਿਓ ਅਰੁ ਸੁੰਦਰ ਗ੍ਰਿਹ ਨਾਰੀ ॥ ਇਨ ਮੈ ਕਛੁ ਤੇਰੋ ਰੇ ਨਾਹਨਿ ਦੇਖੋ ਸੋਚ ਬਿਚਾਰੀ ॥ ੧ ॥**

Digitized by Panjab Digital Library | www.panjabdigilib.org

ਜੇਹੜਾ ਸਰੀਰ ਤੂੰ ਆਪਣਾ ਜਾਣਿਆ ਹੈ ਅਤੇ ਸੁੰਦਰ ਘਰ ਤੇ ਇਸਤ੍ਰੀ ਆਦਕ ਪਦਾਰਥ ਆਪਣੇ ਸਮਝੇ ਹਨ। ਹੇ ਮਨ ਵਿਚਾਰ ਕਰਨ ਵਾਲਿਆ ਤੂੰ ਸੋਚ ਕੇ ਵੇਖ ਇਹਨਾਂ ਪਿੱਛੇ ਕਥਨ ਕੀਤਿਆਂ ਪਦਾਰਥਾਂ ਵਿਚ ਤੇਰਾ ਕੁਛ ਵੀ ਨਹੀਂ ਹੈ।

**ਰਤਨ ਜਨਮੁ ਅਪਨੋ ਤੈ ਹਾਰਿਓ ਗੋਬਿੰਦ ਗਤਿ ਨਹੀ ਜਾਨੀ ॥ ਨਿਮਖ ਨ ਲੀਨ ਭਇਓ ਚਰਨਨ ਸਿਉਂ ਬਿਰਥਾ ਅਉਧ ਸਿਰਾਨੀ ॥ ੨ ॥**

ਤੂੰ ਆਪਣਾ ਰਤਨ ਜਨਮ ਹਾਰ ਦਿੱਤਾ ਹੈ, ਕਿਉਂਕਿ ਪ੍ਰਮੇਸਰ ਦੇ ਮਿਲਨ ਦੀ ਗਤੀ = ਰੀਤੀ ਨਹੀਂ ਜਾਣੀ ਹੈ। ਅੱਖ ਦੇ ਫਟਕਣ ਜਿਤਨਾ ਚਿਰ ਵੀ ਪ੍ਰਮੇਸਰ ਦੇ ਚਰਨਾਂ ਨਾਲ ਲੀਨ = ਮਸਤ ਨਹੀਂ ਹੋਇਆ ਹੈਂ ਇਸ ਲਈ ਤੇਰੀ ਸਾਰੀ ਉਮਰ ਬਿਅਰਥ ਬੀਤੀ ਹੈ।

**ਕਹੁ ਨਾਨਕ ਸੋਈ ਨਰੁ ਸੁਖੀਆ ਰਾਮ ਨਾਮ ਗੁਨ ਗਾਵੈ ॥ ਅਉਰ ਸਗਲ ਜਗੁ ਮਾਇਆ ਮੋਹਿਆ ਨਿਰਭੈ ਪਦੁ ਨਹੀ ਪਾਵੈ ॥ ੩ ॥ ੮ ॥**

ਗੁਰੂ ਜੀ—ਓਹੋ ਹੀ ਆਦਮੀ ਸੁਖੀਆ ਹੈ ਜੇਹੜਾ ਪ੍ਰਮੇਸਰ ਦੇ ਗੁਣ ਗਾਉਂਦਾ ਹੈ ਜਾਂ ਨਾਮ ਜਪਦਾ ਹੈ ਤੇ ਗੁਣ ਗਾਉਂਦਾ ਹੈ। ਹੋਰ ਸਾਰਾ ਜਗਤ ਮਾਇਆ ਦਾ ਮੋਹਿਆ ਹੋਇਆ ਹੈ। ਏਸੇ ਲਈ ਜੇਹੜਾ ਡਰ ਤੋਂ ਰਹਿਤ ਮੁਕਤੀ ਦਾ ਰਸਤਾ ਹੈ, ਉਸਨੂੰ ਉਹ ਨਹੀਂ ਪਾਉਂਦਾ ਹੈ।

## ਗਉੜੀ ਮਹਲਾ ੯ ॥

**ਨਰ ਅਚੇਤ ਪਾਪ ਤੇ ਡਰੁ ਰੇ ॥ ਦੀਨ ਦਇਆਲ ਸਗਲ ਭੈ ਭੰਜਨ ਸਰਨਿ ਤਾਹਿ ਤੁਮ ਪਰੁ ਰੇ ॥੧ ॥ਰਹਾਉ॥**

ਹੇ ਬਿਸਮਝ ਆਦਮੀ ਪਾਪ ਤੋਂ ਡਰ ਭਾਵ ਜੇਹੜੇ ਬਿਨਾ ਜਾਣਿਆ ਪਾਪ ਹੋ ਜਾਂਦੇ ਹਨ, ਉਹਨਾਂ ਪਾਪਾਂ ਤੋਂ ਵੀ ਡਰ ਜਾਂ ਜੇਹੜਾ ਪ੍ਰਮੇਸਰ ਤੋਂ ਅਚੇਤ ਹੋਣਾ ਹੈ, ਇਸ ਪਾਪ ਤੋਂ ਡਰ ਭਾਵ ਭਜਨ ਕਰ। ਜੇਹੜਾ ਗਰੀਬਾਂ ਉਤੇ ਦਿਆਲੂ ਹੈ ਤੇ ਸਾਰਿਆਂ ਡਰਾਂ ਦੇ ਦੂਰ ਕਰਨ ਵਾਲਾ ਹੈ ਤੂੰ ਉਸਦੀ ਸ਼ਰਨ ਪੌ।

**ਬੇਦ ਪੁਰਾਨ ਜਾਸ ਗੁਨ ਗਾਵਤ ਤਾ ਕੋ ਨਾਮੁ ਹੀਐ ਮੋ ਧਰੁ ਰੇ ॥ ਪਾਵਨ ਨਾਮੁ ਜਗਤਿ ਮੈ ਹਰਿ ਕੋ ਸਿਮਰਿ**

Digitized by Panjab Digital Library | www.panjabdigilib.org

**ਸਿਮਰਿ ਕਸਮਲ ਸਭ ਹਰੁ ਰੇ ॥ ੧ ॥**

ਜਿਸਦੇ ਗੁਣਾਂ ਨੂੰ ਵੇਦ ਪੁਰਾਣ ਗਾਉਂਦੇ ਹਨ, ਉਸਦਾ ਨਾਮ ਦਿਲ ਵਿਚ ਯਾਦ ਰੱਖ। ਪ੍ਰਮੇਸਰ ਦਾ ਨਾਮ ਜਗਤ ਵਿਚ ਪਵਿਤ੍ਰ ਹੈ, ਉਸਨੂੰ ਸਦਾ ਸਦਾ ਸਿਮਰਕੇ ਸਾਰੇ ਪਾਪ ਦੂਰ ਕਰ ਲੈ।

**ਮਾਨਸ ਦੇਹ ਬਹੁਰਿ ਨਹ ਪਾਵੈ ਕਛੂ ਉਪਾਉ ਮੁਕਤਿ ਕਾ ਕਰੁ ਰੇ ॥ ਨਾਨਕ ਕਹਤ ਗਾਇਕਰੁ ਨਾਮੈ ਭਵ ਸਾਗਰ ਕੈ ਪਾਰਿ ਉਤਰੁ ਰੇ ॥ ੨ ॥ ੯ ॥ ੨੫੧ ॥**

ਮਨੁੱਖ ਦੇਹ ਫੇਰ ਨਹੀਂ ਪਾਵੇਂਗਾ, ਇਸ ਲਈ ਕੁਛ ਮੁਕਤੀ ਦਾ ਜਤਨ ਕਰ ਲੈ। ਗੁਰੂ ਜੀ–ਕਿਰਪਾ ਕਰਨ ਵਾਲੇ ਪ੍ਰਮੇਸਰ ਦਾ ਜਸ ਗਾ ਤਾਂ ਤੂੰ ਸੰਸਾਰ ਸਮੁੰਦਰ ਤੋਂ ਪਾਰ ਉਤਰ ਜਾਵੇਂਗਾ।

## ਰਾਗੁ ਗਉੜੀ ਅਸਟਪਦੀਆ ਮਹਲਾ ੧ ਗਉੜੀ ਗੁਆਰੇਰੀ

**੧ ਓ ਸਤਿਨਾਮੁ ਕਰਤਾਪੁਰਖੁ ਗੁਰ ਪ੍ਰਸਾਦਿ ॥**

**ਨਿਧਿ ਸਿਧਿ ਨਿਰਮਲ ਨਾਮੁ ਬੀਚਾਰੁ ॥ ਪੂਰਨ ਪੂਰਿ ਰਹਿਆ ਬਿਖੁ ਮਾਰਿ ॥ ਤ੍ਰਿਕੁਟੀ ਛੂਟੀ ਬਿਮਲ ਮਝਾਰਿ ॥ ਗੁਰ ਕੀ ਮਤਿ ਜੀਇ ਆਈ ਕਾਰਿ ॥ ੧ ॥**

"ਨਾਮ ਦੀ ਮਹਿਮਾ। ਸਿੱਧਾਂ ਨਾਲ ਪ੍ਰਸ਼ਨੋਤ੍ਰੀ"

ਨਿਧੀਆਂ ਸਿਧੀਆਂ ਦਾ ਮੁੱਢ ਇਕ ਨਿਰਮਲ ਨਾਮ ਦਾ ਵਿਚਾਰ ਕੀਤਾ ਹੈ, ਜੇਹੜਾ ਪ੍ਰਮੇਸਰ ਸਾਰਿਆਂ ਵਿਚ ਮਿਲਿਆ ਹੋਇਆ ਹੈ ਅਤੇ ਇਸ ਸਰੀਰ ਵਿਚ ਵੀ ਵਿਆਪਕ ਹੈ ਉਸਨੂੰ ਜਾਣਿਆ ਹੈ, ਜੇਹੜੀਆਂ ਵਿਹੁ ਰੂਪ ਵਿਸ਼ਿਆਂ ਦੀਆਂ ਵਾਸ਼ਨਾ ਹਨ, ਓਹਨਾਂ ਨੂੰ ਮਾਰਿਆ ਹੈ। ਇੱਕੁਰ ਪ੍ਰਮੇਸਰ ਨੂੰ ਜਾਣਿਆ ਹੈ।

ਤਿੰਨ ਕੁਟੀਆਂ ਜੇਹੜੀਆਂ ਮੱਥੇ ਵਿਚ ਤਿੰਨ ਨਾੜੀਆਂ ਜੋਗ ਮਾਰਗ ਦੀਆਂ ਦੱਸੀਆਂ ਹਨ। ਕਰਤਾ, ਕਰਮ, ਕਿਰਿਆ ਆਦਕ ਓਹ ਤ੍ਰਿਕੁਟੀ ਛੁਟ ਗਈ ਹੈ ਭਾਵ ਗੰਢ ਖੁਲ ਗਈ ਹੈ, ਇਸ ਲਈ ਇਕ ਪ੍ਰਮੇਸਰ ਨੂੰ ਨਿਸਚੇ ਕੀਤਾ ਹੈ। ਬਿਮਲ = ਨਿਰਮਲ ਪ੍ਰਮੇਸਰ ਦੇ ਰੂਪ ਵਿਚ ਟਿਕ ਗਏ ਹਾਂ ਜਾਂ ਸ਼ੁੱਧ ਅੰਤਸ਼ ਕਰਣ ਵਿਚ ਉਸਨੂੰ ਜਾਣਿਆ ਹੈ, ਪਰ ਗੁਰਾਂ ਦੀ ਸਿਖਿਆ ਸਾਡੇ ਜੀਅ ਦੇ ਕਾਰ = ਕੰਮ ਆਈ ਹੈ।

Digitized by Panjab Digital Library | www.panjabdigilib.org

**ਇਨ ਬਿਧਿ ਰਾਮ ਰਮਤ ਮਨੁ ਮਾਨਿਆ ॥ ਗਿਆਨ ਅੰਜਨੁ ਗੁਰ ਸਬਦਿ ਪਛਾਨਿਆ ॥ ੧ ॥ ਰਹਾਉ ॥**

ਹੇ ਸਿਧੋ ! ਜੇਹੜਾ ਪ੍ਰਮੇਸਰ ਸਾਰਿਆਂ ਵਿਚ ਮਿਲਿਆ ਹੋਇਆ ਹੈ ਮੇਰਾ ਮਨ ਇਸ ਰੀਤੀ ਨਾਲ ਉਸਦੇ ਵਿਚ ਮੰਨ ਗਿਆ ਹੈ ।

ਪ੍ਰਸ਼ਨ-ਕਿਸਤਰਾਂ ਮੰਨ ਗਿਆ ਹੈ ? ਉਤਰ-ਜੇਹੜਾ ਗਿਆਨ ਰੂਪ ਉਪਦੇਸ਼ ਗੁਰਾਂ ਦੁਆਰੇ ਬੁਧੀ ਰੂਪ ਅੱਖਾਂ ਵਿਚ ਸੁਰਮਾ ਪਾਇਆ ਹੈ, ਇਸ ਲਈ ਉਸਨੂੰ ਪਛਾਣਿਆ ਹੈ ।

**ਇਕੁ ਸੁਖੁ ਮਾਨਿਆ ਸਹਜਿ ਮਿਲਾਇਆ ॥ ਨਿਰਮਲ ਬਾਣੀ ਭਰਮੁ ਚੁਕਾਇਆ ॥ ਲਾਲ ਭਏ ਸੂਹਾ ਰੰਗੁ ਮਾਇਆ ॥ ਨਦਰਿ ਭਈ ਬਿਖੁ ਠਾਕਿ ਰਹਾਇਆ॥੨॥**

ਜਦੋਂ ਤੋਂ ਏਕਤਾ ਵਿਚ ਸੁਖ ਮੰਨਿਆ ਹੈ ਤਦੋਂ ਤੋਂ ਸ਼ਾਂਤੀ ਵਿਚ ਮਨ ਨੂੰ ਮਿਲਾਇਆ ਹੈ। ਜੇਹੜੀ ਬਾਣੀ ਗੁਰੂ ਦੇ ਬਚਨ ਸੁਧ ਰੂਪ ਹੈ, ਉਸ ਕਰਕੇ ਦਿਲ ਤੋਂ ਭਰਮ ਨੂੰ ਦੂਰ ਕਰ ਦਿੱਤਾ ਹੈ।

ਜਦੋਂ ਪ੍ਰਮੇਸ਼ਰ ਦੇ ਰੰਗ ਵਿੱਚ ਲਾਲ ਹੋ ਗਏ, ਤਾਂ ਜੇਹੜਾ ਮਾਇਆ ਦਾ ਰੰਗ ਕਸੁੰਭੇ ਵਰਗਾ ਹੈ, ਉਸਨੂੰ ਸੂਹਾ ਜਾਣਿਆ, ਭਾਵ ਪ੍ਰਮੇਸ਼ਰ ਦਾ ਰੰਗ ਸਦਾ ਰਹਿਣ ਵਾਲਾ ਅਬਨਾਸ਼ੀ ਹੈ ਤੇ ਮਾਇਆ ਦਾ ਰੰਗ ਸੂਹਾ, ਭਾਵ ਨਾਸਵੰਤ ਹੈ, ਇਸ ਲਈ ਉਸਦੀ ਪ੍ਰੀਤੀ ਛੱਡ ਦਿੱਤੀ ਹੈ। ਜਦੋਂ ਪ੍ਰਮੇਸ਼ਰ ਦੀ ਕਿਰਪਾ ਦ੍ਰਿਸ਼ਟੀ ਹੋਈ ਤਾਂ ਵਿਸ਼ਿਆਂ ਵਲੋਂ ਮਨ ਨੂੰ ਰੋਕਕੇ ਰੱਖਿਆ ਜਾਂ ਮੋ ਕੇ ਰੱਖਿਆ।

**ਉਲਟ ਭਈ ਜੀਵਤ ਮਰਿ ਜਾਗਿਆ॥ ਸਬਦਿ ਰਵੇ ਮਨੁ ਹਰਿ ਸਿਉ ਲਾਗਿਆ ॥ ਰਸੁ ਸੰਗ੍ਰਹਿ ਬਿਖੁ ਪਰਹਰਿ ਤਿਆਗਿਆ ॥ ਭਾਇ ਬਸੇ ਜਮ ਕਾ ਭਉ ਭਾਗਿਆ ॥ ੩ ॥**

ਜਦੋਂ ਸੰਸਾਰ ਵੱਲੋਂ ਬ੍ਰਿਤੀ ਉਲਟੀ ਹੋ ਗਈ, ਭਾਵ ਹਟ ਗਈ ਤੇ ਪ੍ਰਮੇਸ਼ਰ ਦੇ ਪਾਸੇ ਲੱਗ ਗਈ ਤਦੋਂ ਜੀਵਤ ਭਾਵ ਤੋਂ ਮਰ ਗਏ ਤੇ ਮਨ ਪ੍ਰਮੇਸ਼ਰ ਦੇ ਪਾਸੇ ਜਾਗ ਪਿਆ । ਗੁਰ ਉਪਦੇਸ਼ ਨੂੰ ਰਵੇ = ਜਪਕੇ ਮਨ ਪ੍ਰਮੇਸ਼ਰ ਦੇ ਪਾਸੇ ਲੱਗ ਗਿਆ ! ਜੇਹੜਾ ਵਿਸ਼ਿਆਂ ਦਾ ਸੁਾਦ ਕੱਠਾ ਕੀਤਾ ਹੋਇਆ ਸੀ, ਓਹ ਜੀਵ ਦੇ ਪਰ ਹਰ = ਨਾਸ ਕਰਨ ਵਾਲਾ

Digitized by Panjab Digital Library | www.panjabdigilib.org

ਸੀ, ਸੋ ਉਸਨੂੰ ਛੱਡ ਦਿੱਤਾ, ਜਾਂ ਆਤਮ ਸੁਖ ਦਾ ਅਕੱਠ ਕੀਤਾ ਤੇ ਵਿਸ਼ੇ ਸੁਖ ਨੂੰ ਤਿਆਗਿਆ। ਹੇ ਭਾਈ ! ਜਦੋਂ ਤੋਂ ਪ੍ਰਮੇਸ਼ਰ ਦੇ ਭਾਇ = ਪ੍ਰੇਮ ਵਿੱਚ ਵੱਸ ਗਏ ਹਾਂ, ਤਦੋਂ ਹੀ ਜਮਾਂ ਦਾ ਡਰ ਦੌੜ ਗਿਆ ਹੈ।

**ਸਾਦ ਰਹੇ ਬਾਦੰ ਅਹੰਕਾਰਾ ॥ ਚਿਤੁ ਹਰਿ ਸਿਉ ਰਾਤਾ ਹੁਕਮਿ ਅਪਾਰਾ ॥ ਜਾਤਿ ਰਹੇ ਪਤਿ ਕੇ ਆਚਾਰਾ ॥ ਦ੍ਰਿਸਟਿ ਭਈ ਸੁਖੁ ਆਤਮ ਧਾਰਾ ॥ ੪ ॥**

ਜੇਹੜੇ ਵਿਸ਼ਿਆਂ ਦੇ ਸ੍ਵਾਦ ਸਨ, ਓਹ ਰਹਿ ਗਏ, ਭਾਵ ਸਾਥੋਂ ਦੂਰ ਪਰੇ ਹਟ ਗਏ ਹਨ ਅਤੇ ਹੰਕਾਰ ਬਾਦੰ = ਝਗੜੇ ਵੀ ਹਟ ਗਏ ਹਨ। ਜੇਹੜਾ ਅਪਾਰ ਪ੍ਰਮੇਸ਼ਰ ਹੈ, ਉਸ ਦੇ ਹੁਕਮ ਨੂੰ ਮੰਨਕੇ ਚਿਤ ਉਸ ਹਰੀ ਦੇ ਨਾਲ ਹੀ ਰੱਤਾ ਗਿਆ ਹੈ। ਜੇਹੜੇ ਸੰਸਾਰ ਦੀ ਇੱਜ਼ਤ ਬਣਾਉਣ ਵਾਲੇ ਕੰਮ ਸੀ, ਸੋ ਓਹ ਜਾਂਦੇ ਰਹੇ, ਜਾਂ ਜੇਹੜੇ ਜਾਤੀ ਦੇ ਹੰਕਾਰ ਤੇ ਇੱਜ਼ਤ ਦੇ ਕੰਮ ਅਸੀਂ ਕਰਦੇ ਸੀ, ਓਹ ਸਾਰੇ ਦੂਰ ਹੋ ਗਏ। ਜਦੋਂ ਗੁਰਾਂ ਦੀ ਕਿਰਪਾ ਦ੍ਰਿਸ਼ਟੀ ਹੋਈ ਤਾਂ ਆਤਮ ਦ੍ਰਿਸ਼ਤੀ ਦੇ ਸੁਖ ਨੂੰ ਧਾਰਿਆ।

**ਤੁਝ ਬਿਨੁ ਕੋਇ ਨ ਦੇਖਉ ਮੀਤੁ ॥ ਕਿਸੁ ਸੇਵਉ ਕਿਸੁ ਦੇਵਉ ਚੀਤੁ ॥ ਕਿਸੁ ਪੂਛਉ ਕਿਸੁ ਲਾਗਉ ਪਾਇ ॥ ਕਿਸ ਉਪਦੇਸਿ ਰਹਾ ਲਿਵਲਾਇ ॥ ੫ ॥**

ਜਦੋਂ ਗੁਰੂ ਜੀ ਦੇ ਚੰਗੇ ੨ ਬਚਨ ਸੁਣੇ ਤੇ ਤਾਂ ਅਨੁਸਾਰੀ ਹੋ ਗਏ ਤਾਂ ਸਰਧਾ ਨਾਲ ਗੁਰੂ ਜੀ ਦੇ ਅੱਗੇ ਬੇਨਤੀ ਕਰਦੇ ਹੋਏ ਆਤਮ ਸੁਖ ਦੀ ਪ੍ਰਾਪਤੀ ਪੁੱਛਦੇ ਹਨ। ਹੇ ਗੁਰੂ ਜੀ ! ਅਸੀਂ ਆਪ ਤੋਂ ਬਿਨਾ ਦੁਨੀਆਂ ਵਿੱਚ ਕੋਈ ਵੀ ਆਪਣਾ ਮਿੱਤ੍ਰ ਨਹੀਂ ਵੇਖਦੇ ਹਾਂ, ਹੁਣ ਅਸੀਂ ਕਿਸ ਦੀ ਸੇਵਾ ਕਰੀਏ ਅਤੇ ਕਿਸਦੇ ਨਾਲ ਚਿਤ ਨੂੰ ਦੇਵੀਏ, ਭਾਵ ਮਨ ਲਾਈਏ ? ਕਿਸ ਦੇ ਪਾਸੋਂ ਪ੍ਰਮੇਸ਼ਰ ਦਾ ਰਸਤਾ ਪੁੱਛਾਂ, ਕਿਸ ਦੇ ਚਰਨੀ ਲੱਗਾਂ। ਕਿਸ ਦੇ ਉਪਦੇਸ਼ ਨੂੰ ਸੁਣਕੇ ਪ੍ਰਮੇਸ਼ਰ ਦੇ ਨਾਲ ਪ੍ਰੀਤੀ ਲਗਾ ਰੱਖਾਂ।

**ਗੁਰ ਸੇਵੀ ਗੁਰ ਲਾਗਉ ਪਾਇ ॥ ਭਗਤਿ ਕਰੀ ਰਾਚਉ ਹਰਿ ਨਾਇ ॥ ਸਿਖਿਆ ਦੀਖਿਆ ਭੋਜਨ ਭਾਉ ॥ ਹੁਕਮਿ ਸੰਜੋਗੀ ਨਿਜ ਘਰਿ ਜਾਉ ॥ ੬ ॥**

Digitized by Panjab Digital Library | www.panjabdigilib.org

ਗੁਰਾਂ ਦੀ ਸੇਵਾ ਕਰੋ, ਗੁਰਾਂ ਦੀ ਚਰਨੀ ਲੱਗੋ, ਗੁਰਾਂ ਤੋਂ ਹੀ ਪੁੱਛੋ, ਗੁਰਾਂ ਨੂੰ ਚਿਤ ਦੇਹ, ਅਤੇ ਜੇਹੜੇ ਭਗਤੀ ਕਰਨ ਵਾਲੇ ਗੁਰੂ ਹਨ, ਓਹਨਾਂ ਦੇ ਹੀ ਉਪਦੇਸ਼ ਨਾਲ ਹਰੀ ਦੇ ਨਾਮ ਵਿੱਚ ਰਚ ਰਹੋ, ਭਾਵ ਪ੍ਰੇਮ ਕਰੋ।

ਗੁਰਾਂ ਦੀ ਦੀਖਿਆ ਨੂੰ ਸਿਖਿਆ = ਲੈਕੇ ਨਿਸਚੇ ਕਰਕੇ ਗਿਆਨ ਰੂਪ ਭੋਜਨ ਕਰੋ, ਭਾਵ ਸਿੱਖਿਆ ਸਿੱਖਕੇ ਪ੍ਰੇਮ ਦਾ ਅੰਨ ਖਾਧਾ, ਜਦੋਂ ਪ੍ਰਮੇਸ਼ਰ ਦੇ ਹੁਕਮ ਦੇ ਸੰਜੋਗੀ = ਮਿਲਾਪੀ, ਭਾਵ ਮੰਨਣ ਵਾਲੇ ਹੋਵੋਗੇ, ਤਾਂ ਆਪਣੇ ਅਸਲੀ ਘਰ,ਭਾਵ ਵਾਹਿਗੁਰੂ ਦੇ ਨਾਲ ਮਿਲ ਜਾਓਗੇ।

**ਗਰਬ ਗਤੰ ਸੁਖ ਆਤਮ ਧਿਆਨਾ ॥ ਜੋਤ ਭਈ ਜੋਤੀ ਮਾਹਿ ਸਮਾਨਾ ॥ ਲਿਖਤੁ ਮਿਟੈ ਨਹੀ ਸਬਦੁ ਨੀਸਾਨਾ ॥ ਕਰਤਾ ਕਰਣਾ ਕਰਤਾ ਜਾਨਾ ॥ ੭ ॥**

ਸਾਨੂੰ ਤਾਂ ਆਤਮ ਗਿਆਨ ਦੇ ਨਾਲ ਸੁਖ ਹੋਇਆ ਹੈ ਅਤੇ ਹੰਕਾਰ ਗਤੰ = ਨਾਸ ਹੋ ਗਿਆ ਹੈ, ਗਿਆਨ ਦੀ ਜੋਤ ਮਿਲ ਗਈ ਹੈ, ਇਸ ਲਈ ਜੋਤੀ ਦੇ ਵਿੱਚ ਸਮਾ ਗਏ, ਭਾਵ ਵਾਹਿਗੁਰੂ ਨਾਲ ਮਿਲ ਗਏ ਹਾਂ। ਜੇਹੜੀ ਕਰਮਾਂ ਦੀ ਲਿਖਤ ਲਿਖੀ ਹੋਈ ਹੈ,ਓਹ ਮਿਟਦੀ ਨਹੀਂ ਹੈ, ਇਹ ਸ਼ਬਦ ਨੀਸਾਨਾ = ਬਚਨ ਲੋਕਾਂ ਵਿੱਚ ਪ੍ਰਗਟ ਹੈ, ਜਾਂ ਗੁਰ ਉਪਦੇਸ਼ ਵਾਲਿਆਂ ਨੇ ਪ੍ਰਗਟ ਕਰਕੇ ਆਖਿਆ ਹੈ, ਕਰਣਾ = ਜਗਤ ਤੇ ਜਗਤ ਦਾ ਕਰਤਾ ਵਾਹਿਗੁਰੂ ਉਸ ਕਰਤਾ ਨੂੰ ਜਾਣਿਆ ਹੈ, ਜਾਂ ਕਰਤਾ ਕਰਤਾ ਜਾਪ ਕਰਨਾ ਅਸਾਂ ਤਾਂ ਇਹੋ ਹੀ ਜਾਣਿਆ ਹੈ, ਜਾਂ ਹੇ ਭਰਾ ਅਸਾਂ ਤਾਂ ਕਾਰਨ ਕਾਰਜ ਰੂਪ ਕਰਤਾ ਪੁਰਖ ਅਕਾਲ ਨੂੰ ਹੀ ਜਾਣਿਆ ਹੈ।

**ਨਹ ਪੰਡਿਤੁ ਨਹ ਚਤੁਰੁ ਸਿਆਨਾ ॥ ਨਹ ਭੂਲੋ ਨਹ ਭਰਮਿ ਭੁਲਾਨਾ ॥ ਕਥਉ ਨ ਕਥਨੀ ਹੁਕਮੁ ਪਛਾਨਾ ॥ ਨਾਨਕ ਗੁਰਮਤਿ ਸਹਜਿ ਸਮਾਨਾ ॥ ੮ ॥੧ ॥**

ਉਸ ਤੋਂ ਬਿਨਾ ਨ ਕੋਈ ਪੰਡਤ ਹੈ, ਨ ਕੋਈ ਸਿਆਣਾ ਹੈ, ਨ ਕੋਈ ਬਹੁਤਾ ਚਤਰ ਹੀ ਹੈ, ਜਾਂ ਬਾਣੀ ਤੇ ਬੁੱਧੀ ਕਰਕੇ ਚਤਰ ਸਿਆਣਾ ਨਹੀਂ ਹੈ ਅਤੇ ਨ ਕੋਈ ਭਰਮ ਹੈ, ਨ ਕੋਈ ਭੁਲਾਉਣ ਹੀ ਵਾਲਾ ਹੈ ਅਤੇ ਨ ਹੀ ਕੋਈ ਭੁੱਲਾ ਹੈ ਜਾਂ ਆਪਣੇ ਵੱਲੋਂ ਨ ਮੈਂ ਪੰਡਤ ਹਾਂ, ਇੱਕੁਰ ਅਰਥ ਕਰਨਾ।

ਮੈਂ ਨਿਰੀਆਂ ਕਹਾਣੀਆਂ ਹੀ ਨਹੀਂ ਕਥਨ ਕਰਦਾ ਹਾਂ, ਉਸਦੇ

Digitized by Panjab Digital Library | www.panjabdigilib.org

ਹੁਕਮ ਨੂੰ ਪਛਾਣਦਾ ਹਾਂ ਭਾਵ ਮੰਨਦਾ ਹਾਂ। ਗੁਰੂ ਜੀ–ਉਸਦੇ ਹੁਕਮ ਮੰਨਣ ਦਾ ਇਹ ਫਲ ਹੈ ਕਿ ਗੁਰਾਂ ਦੀ ਸਿੱਖਿਆ ਲੈਕੇ ਉਸ ਦੇ ਸਹਿਜ ਰੂਪ ਵਿਚ ਸਮਾ ਗਿਆ ਹਾਂ ਭਾਵ ਵਾਹਿਗੁਰੂ ਦੇ ਨਾਲ ਮਿਲ ਗਿਆ ਹਾਂ।

## ਗਉੜੀ ਗੁਆਰੇਰੀ ਮਹਲਾ ੧ ॥

**ਮਨੁ ਕੁੰਚਰੁ ਕਾਇਆ ਉਦਿਆਨੈ ॥ ਗੁਰੁ ਅੰਕਸੁ ਸਚੁ ਸਬਦੁ ਨੀਸਾਨੈ ॥ ਰਾਜ ਦੁਆਰੈ ਸੋਭ ਸੁਮਾਨੈ ॥ ੧ ॥**

ਇਹ ਮਨ ਹਾਥੀ ਸਰੀਰ ਰੂਪ ਜੰਗਲ ਵਿਚ ਰਹਿੰਦਾ ਹੈ। ਗੁਰਾਂ ਦਾ ਸੱਚਾ ਉਪਦੇਸ਼ ਮਨ ਹਾਥੀ ਦੇ ਵੱਸ ਕਰਨ ਨੂੰ ਨੀਸਾਨੇ = ਪ੍ਰਗਟ ਹੀ ਅੰਕਸੁ = ਕੁੰਡਾ ਹੈ।

ਰਾਜੇ ਪ੍ਰਮੇਸਰ ਦਾ ਦਰਵਾਜ਼ਾ ਸਤ ਸੰਗ ਹੈ, ਓਥੇ ਇਹ ਮਨ ਹਾਥੀ ਸੋਭਾ ਨੂੰ ਮੰਨਦਾ ਹੈ ਭਾਵ ਸੋਭਾ ਪਾਉਂਦਾ ਹੈ।

**ਚਤੁਰਾਈ ਨਹ ਚੀਨਿਆ ਜਾਇ ॥ ਬਿਨੁ ਮਾਰੇ ਕਿਉ ਕੀਮਤਿ ਪਾਇ ॥ ੧ ॥ ਰਹਾਉ ॥**

ਚਤੁਰਾਈ ਨਾਲ ਪ੍ਰਮੇਸ਼ਰ ਨਹੀਂ ਜਾਣਿਆ ਜਾਂਦਾ ਹੈ। ਮਨ ਦੇ ਖਿਆਲਾਂ ਨੂੰ ਮਾਰਿਆਂ ਬਿਨਾਂ ਪ੍ਰਮੇਸ਼ਰ ਦੇ ਅਸਲੀ ਸੱਚ ਰੂਪ ਦੀ ਕੀਮਤ ਕਿਸਤਰਾਂ ਪਾ ਸੱਕਦਾ ਹੈ ਭਾਵ ਨਹੀਂ ਜਾਣ ਸਕਦਾ ਹੈ।

**ਘਰ ਮਹਿ ਅੰਮ੍ਰਿਤੁ ਤਸਕਰੁ ਲੇਈ ॥ ਨੰਨਾਕਾਰੁ ਨ ਕੋਇ ਕਰੇਈ ॥ ਰਾਖੈ ਆਪਿ ਵਡਿਆਈ ਦੇਈ ॥ ੨ ॥**

ਘਰ ਰਿਦੇ ਅੰਦਰ ਜੇਹੜਾ ਚੰਗਿਆਂ ਗੁਣਾਂ ਰੂਪ ਜਾਂ ਆਤਮ ਅਨੰਦ ਰੂਪ ਅੰਮ੍ਰਿਤ ਹੈ, ਉਸਨੂੰ ਤਾਂ ਕਾਮ ਆਦਕ ਚੋਰ ਲਈ ਜਾਂਦੇ ਹਨ ਭਾਵ ਪ੍ਰਮੇਸ਼ਰ ਨੂੰ ਮਿਲਨ ਨਹੀਂ ਦੇਂਦੇ ਹਨ।

ਉਹਨਾਂ ਕਾਮ ਆਦਿਕ ਚੋਰਾਂ ਦਾ ਨੰਨਾਕਾਰ = ਨਿਰਾਦਰ ਕੋਈ ਨਹੀਂ ਕਰ ਸਕਦਾ ਹੈ, ਭਾਵ ਓਹਨਾਂ ਨੂੰ ਕੋਈ ਜਿੱਤ ਨਹੀਂ ਸੱਕਦਾ ਹੈ।

ਜਿਨ੍ਹਾਂ ਭਗਤਾਂ ਨੂੰ ਓਹਨਾਂ ਵਿਕਾਰਾਂ ਤੋਂ ਆਪ ਪ੍ਰਮੇਸ਼ਰ ਰੱਖਦਾ ਹੈ, ਓਹਨਾਂ ਨੂੰ ਆਪ ਹੀ ਵਡਿਆਈ ਦੇਂਦਾ ਹੈ, ਭਾਵ ਜੇਹੜੇ ਕਾਮ ਆਦਿਕ ਤੋਂ ਬਚਦੇ ਹਨ।

**ਨੀਲ ਅਨੀਲ ਅਗਨਿ ਇਕਠਾਈ ॥ ਜਲਿਨਿਵਰੀ ਗੁਰ ਬੂਝ ਬੁਝਾਈ ॥ ਮਨੁ ਦੇ ਲੀਆ ਰਹਸਿ ਗੁਣਗਾਈ ॥ ੩ ॥**

Digitized by Panjab Digital Library | www.panjabdigilib.org

ਰਿਦੇ ਰੂਪ ਇੱਕ ਥਾਂ ਵਿੱਚ ਤ੍ਰਿਸ਼ਨਾ ਅੱਗ ਨੀਲ = ਗਿਣਤੀ ਦੀ ਅਨੀਲ = ਅਣਗਿਣਤ ਕੱਠੀ ਹੋਈ ਹੋਈ ਹੈ। ਉਸ ਤ੍ਰਿਸ਼ਨਾ ਤੋਂ ਜਲ = ਜਲਨਤਾ ਭਾਵ ਸੜਨ ਓਹਨਾਂ ਆਦਮੀਆਂ ਦੀ ਨਿਵਰੀ = ਦੂਰ ਹੋਈ ਹੈ, ਜਿਨ੍ਹਾਂ ਨੂੰ ਗੁਰਾਂ ਨੇ ਵਾਹਿਗੁਰੂ ਦੀ ਸਮਝ ਸਮਝਾ ਦਿੱਤੀ ਹੈ। ਪਰ ਗੁਰਾਂਨੂੰ ਆਪਣਾ ਮਨਦੇਕੇਇਹ ਗੁਣਗੌਣਦਾਰਹਸਿ = ਅਨੰਦਲਿਆ ਹੈ।

**ਜੈਸਾ ਘਰਿ ਬਾਹਰਿ ਸੋ ਤੈਸਾ ॥ ਬੈਸਿ ਗੁਫਾ ਮਹਿ ਆਖਉ ਕੈਸਾ ॥ ਸਾਗਰਿ ਡੂਗਰਿ ਨਿਰਭਉ ਐਸਾ ॥ ੪ ॥**

ਹੇ ਭਰਾਵਾ! ਪ੍ਰਮੇਸ਼ਰ ਜਿਸ ਤਰਾਂ ਦਾ ਘਰ ਵਿੱਚ ਪੂਰਨ ਹੈ, ਓਸੇ ਤਰਾਂ ਦਾ ਬਾਹਰ ਜੰਗਲ ਵਿੱਚ ਹੈ। ਇਸ ਲਈ ਮੈਂ ਉਸਨੂੰ ਪਹਾੜਾਂ ਦੀਆਂ ਕੰਦਰਾਂ ਵਿੱਚ ਬੈਠਕੇ ਕਿਸ ਤਰਾਂ ਆਖਾਂ, ਭਾਵ ਜਪਾਂ, ਭਾਵ ਹਰ ਥਾਂ ਵਿੱਚ ਪੂਰਨ ਜਾਣਿਆ ਹੈ। ਓਹ ਨਿਰਭੌ ਰੂਪ ਮੇਸ਼ਰ ਇਸ ਤਰਾਂ ਦਾ ਹੈ ਜੋ ਸਮੁੰਦਰ ਵਿੱਚਅਤੇ ਪਹਾੜ ਵਿੱਚ ਲਗਾਤਾਰ ਪੂਰਨ ਮਿਲਿਆ ਹੋਇਆ ਹੈ, ਜਾਂ ਜਿਸ ਨੇ ਇੱਕੁਰ ਜਾਣਿਆ ਹੈ, ਓਹ ਨਿਰਭੌ ਹੋਇਆ ਹੈ।

**ਮੂਏ ਕਉ ਕਹੁ ਮਾਰੇ ਕਉਨੁ ॥ ਨਿਡਰੇ ਕਉ ਕੈਸਾ ਡਰੁ ਕਵਨੁ ॥ ਸਬਦਿ ਪਛਾਨੈ ਤੀਨੇ ਭਉਨ ॥ ੫ ॥**

ਜੇਹੜਾ ਆਦਮੀ ਜੀਵਤ ਭਾਵ ਤੋਂ ਦੁਨੀਆਂ ਵਿੱਚ ਮਰ ਗਿਆ ਹੈ, ਫਿਰ ਦੱਸ ਖਾਂ ਉਸਨੂੰ ਕੌਣ ਮਾਰ ਸੱਕਦਾ ਹੈ। ਆਪਣੇ ਅਸਲੀ ਰੂਪ ਨੂੰ ਪੁੱਜਕੇ ਜੇਹੜਾ ਨਿਰਭੌ ਹੋਇਆ ਹੈ, ਫਿਰ ਉਸਨੂੰ ਕਿਸ ਤਰਾਂ ਦਾ ਡਰ ਹੈ ਅਤੇ ਜੇਹੜਾ ਉਸਨੂੰ ਡਰਾਉਣ ਵਾਲਾ ਹੈ, ਓਹ ਦੱਸੋ ਖਾਂ ਕੌਣ ਹੈ, ਭਾਵ ਨ ਕੋਈ ਡਰ, ਨ ਕੋਈ ਡਰਾਉਣ ਵਾਲਾ ਹੀ ਹੈ। ਕਿਉਂਕਿ ਉਸ ਆਦਮੀ ਨੇ ਤਿੰਨਾਂ ਲੋਕਾਂ ਨੂੰ ਹੀ ਵਾਹਿਗੁਰੂ ਦਾ ਰੂਪ ਪਛਾਣਿਆ ਹੈ।

**ਜਿਨਿ ਕਹਿਆ ਤਿਨਿ ਕਹਨੁ ਵਖਾਨਿਆ ॥ ਜਿਨਿ ਬੂਝਿਆ ਤਿਨਿ ਸਹਜਿ ਪਛਾਨਿਆ ॥ ਦੇਖਿ ਬੀਚਾਰਿ ਮੇਰਾ ਮਨੁ ਮਨਿਆ ॥ ੬ ॥**

ਜਿਸ ਨੇ ਧਾਰਿਆਂ ਬਿਨਾਂ ਕੇਵਲ ਕਥਨ ਹੀ ਕੀਤਾ ਹੈ,ਉਸਨੇ ਕੇਵਲ ਕਹਣ ਕਹਾਣੀਆਂ ਨੂੰ ਹੀ ਆਖਿਆ ਹੈ। ਜਿਸ ਨੇ ਸੱਚ ਰੂਪ ਨੂੰ ਸਮਝਿਆ ਹੈ ਭਾਵ ਜਾਣਿਆ ਹੈ ਉਸਨੇ ਸਹਿਜ = ਸੁਖ ਨੂੰ ਪਛਾਣ ਲਿਆ ਹੈ। ਚੰਗੀ ਤਰ੍ਹਾਂ ਵਿਚਾਰਕੇ ਵੇਖਿਆ ਹੈ ਤੇ ਤਾਂ ਮੇਰਾ ਮਨ ਵਾਹਿਗੁਰੂ ਵਿੱਚ ਜਾਂ ਨਾਲ ਮੰਨਿਆ ਹੈ।

Digitized by Panjab Digital Library | www.panjabdigilib.org

**ਕੀਰਤਿ ਸੂਰਤਿ ਮੁਕਤਿ ਇਕ ਨਾਈ ॥ ਤਹੀ ਨਿਰੰਜਨੁ ਰਹਿਆ ਸਮਾਈ॥ਨਿਜ ਘਰਿ ਬਿਆਪਿ ਰਹਿਆ ਨਿਜ ਠਾਈ ॥ ੭ ॥**

ਜਸ, ਸੁੰਦਰਤਾ, ਮੁਕਤੀ ਇਹ ਸਾਰੀਆਂ ਇਕ ਪ੍ਰਮੇਸ਼ਰ ਦੇ ਨਾਮ ਨਾਲ ਮਿਲ ਜਾਂਦੀਆਂ ਹਨ, ਇਸ ਲਈ ਜਿਨ੍ਹਾਂ ਨੇ ਨਾਮ ਨੂੰ ਜਪਿਆ ਹੈ, ਓਹਨਾਂ ਵਿੱਚ ਨਿਰੰਜਨ ਸਮਾਇਆ ਭਾਵ ਮਿਲਿਆ ਹੋਇਆ ਹੈ।

ਆਪਣਿਆਂ ਥਾਵਾਂ ਵਾਲਾ ਪ੍ਰਮੇਸ਼ਰ ਜਿਸ ਦੇ ਸਾਰੇ ਆਪਣੇ ਬਣਾਏ ਹੋਏ ਥਾਂ ਹਨ, ਓਹ ਆਪਣੇ ਮੇਰੇ ਦਿਲ ਦੇ ਅੰਦਰ ਮਿਲਿਆ ਹੋਇਆ ਹੈ,ਮੈਂ ਆਪ ਜਾਣ ਲਿਆ ਹੈ।

**ਉਸਤਤਿ ਕਰਹਿ ਕੇਤੇ ਮੁਨਿ ਪ੍ਰੀਤਿ॥ ਤਨਿ ਮਨਿ ਸੂਚੈ ਸਾਚੁ ਸੁਚੀਤਿ ॥ ਨਾਨਕ ਹਰਿ ਭਜੁ ਨੀਤਾ ਨੀਤਿ ॥ ੮ ॥ ੨ ॥**

ਉਸਦੀ ਉਪਮਾ ਨੂੰ ਪ੍ਰੀਤੀ ਨਾਲ ਕਈ ਮੁਨੀ ਕਰਦੇ ਹਨ, ਚਿੱਤ ਵਿਚ ਸੱਚ ਨੂੰ ਧਾਰਨ ਨਾਲ ਓਹਨਾਂ ਦੇ ਮਨ ਤਨ ਪਵਿੱਤ੍ਰ ਹੋ ਗਏ ਹਨ। ਗੁਰੂ ਜੀ-ਇਸ ਲਈ ਹੇ ਭਰਾ ਤੁਸੀਂ ਵੀ ਰੋਜ਼ ਰੋਜ਼ ਹਰੀ ਨੂੰ ਯਾਦ ਕਰੋ।

## ਗਉੜੀ ਗੁਆਰੇਰੀ ਮਹਲਾ ੧ ॥

**ਨਾ ਮਨੁ ਮਰੈ ਨ ਕਾਰਜੁ ਹੋਇ ॥ ਮਨੁ ਵਸਿ ਦੂਤਾ ਦੁਰਮਤਿ ਦੋਇ ॥ ਮਨੁ ਮਾਨੈ ਗੁਰ ਤੇ ਇਕੁ ਹੋਇ ॥ ੧ ॥**

ਨ ਮਨ ਦੇ ਖਿਆਲ ਮਰਦੇ ਹਨ ਅਤੇ ਨ ਮੁਕਤੀ ਰੂਪ ਕਾਰਜ ਹੁੰਦਾ ਹੈ। ਕਿਉਂਕਿ ਮਨ ਤਾਂ ਖੋਟੀ ਅਕਲ ਕਰਕੇ ਕਾਮ ਆਦਕ ਮਾਇਆ ਦੇ ਦੂਤਾਂ ਦੇ ਵੱਸ ਹੋਕੇ ਦੂਜਾ ਹੋਇਆ ੨ ਹੈ ਭਾਵ ਆਪਣੇ ਆਪਨੂੰ ਵੱਖਰਾ ਮੰਨਦਾ ਹੈ। ਪਰ ਜਦੋਂ ਗੁਰਾਂ ਦੇ ਉਪਦੇਸ਼ ਕਰਕੇ ਮਨ ਪ੍ਰਮੇਸ਼ਰ ਦੇ ਨਾਲ ਮੰਨ ਗਿਆ ਤਾਂ ਇਕ ਰੂਪ ਏਕਤਾ ਵਾਲਾਹੋ ਗਿਆ ਜਾਂ ਇਕ ਪ੍ਰਮੇਸ਼ਰ ਦੇ ਨਾਲ ਹੀ ਮਿਲ ਗਿਆ।

**ਨਿਰਗੁਣ ਰਾਮੁ ਗੁਣਹ ਵਸਿ ਹੋਇ ॥ ਆਪੁ ਨਿਵਾਰਿ ਬੀਚਾਰੇ ਸੋਇ ॥ ੧ ॥ ਰਹਾਉ ॥**

ਨਿਰਗੁਣ ਪ੍ਰਮੇਸ਼ਰਤਾਂ ਭਗਤੀਗਿਆਨ ਆਦਿਕਗੁਣਾਂ ਕਰਕੇਭਗਤਾਂਦੇ

Digitized by Panjab Digital Library | www.panjabdigilib.org

ਵੱਸ ਹੋ ਜਾਂਦਾ ਹੈ, ਪਰ ਭਗਤੀ ਅਤੇ ਗਿਆਨ ਨੂੰ ਓਹ ਆਦਮੀ ਪੁੱਜਦਾ ਹੈ ਜੇਹੜਾ ਹੰਕਾਰ ਨੂੰ ਮਾਰਕੇ ਸੱਚ ਝੂਠ ਦਾ ਵਿਚਾਰ ਕਰਦਾ ਹੈ।

**ਮਨੁ ਭੂਲੋ ਬਹੁ ਚਿਤੈ ਵਿਕਾਰੁ ॥ ਮਨੁ ਭੂਲੋ ਸਿਰਿ ਆਵੈ ਭਾਰੁ ॥ ਮਨੁ ਮਾਨੈ ਹਰਿ ਏਕੰਕਾਰੁ ॥ ੨ ॥**

ਜੇਹੜਾ ਮਨ ਪ੍ਰਮੇਸ਼ਰ ਤੋਂ ਭੁੱਲਦਾ ਹੈ, ਓਹੋ ਹੀ ਬਹੁਤ ਸਾਰੇ ਵਿਕਾਰਾਂ ਨੂੰ ਸੋਚਦਾ ਯਾਦ ਕਰਦਾ ਰਹਿੰਦਾ ਹੈ। ਮਨ ਦੇ ਭੁੱਲਣ ਕਰਕੇ ਸਿਰ ਉਤੇ ਪਾਪਾਂ ਰੂਪ ਬਹੁਤ ਸਾਰਾ ਭਾਰ ਆ ਚੜ੍ਹਦਾ ਹੈ ਜਾਂ ਨੀਵਾਂ ਸਿਰ ਕਰਕੇ ਜਗਤ ਵਿਚ ਆਉਂਦਾ ਜਾਂਦਾ ਹੈ,ਜਦੋਂ ਪ੍ਰਮੇਸ਼ਰ ਵਿੱਚ ਮਨ ਮੰਨਦਾ ਹੈ ਤੇ ਤਾਂ ਇਕ ਰੂਪ ਹੀ ਹੋ ਜਾਂਦਾ ਹੈ।

**ਮਨੁ ਭੂਲੋ ਮਾਇਆ ਘਰਿ ਜਾਇ ॥ ਕਾਮਿ ਬਿਰੂਧਉ ਰਹੈ ਨ ਠਾਇ ॥ ਹਰਿ ਭਜੁ ਪ੍ਰਾਣੀ ਰਸਨ ਰਸਾਇ ॥ ੩ ॥**

ਜਦੋਂ ਵਿਚਾਰ ਤੋਂ ਮਨ ਭੁੱਲਦਾ ਹੈ ਤਾਂ ਮਾਇਆ ਦੇ ਘਰ ਭਾਵ ਸੰਸਾਰਕ ਵਿਹਾਰਾਂ ਖਿਆਲਾਂ ਵਿੱਚ ਜਾਂਦਾ ਹੈ। ਕਾਮਣਾ ਕਰ ਬਿਰੂਧਉ = ਰੋਕਿਅ ਹੋਇਆ ਰਿਦੇ ਥਾਂ ਵਿੱਚ ਟਿਕਿਆ ਨਹੀਂ ਰਹਿ ਸਕਦਾ ਹੈ,ਇਸ ਲਈ ਹੇ ਜੀਵ ਜੀਭ ਨੂੰ ਰਸਵਾਲੀ ਕਰਕੇ ਪ੍ਰਮੇਸ਼ਰ ਦਾ ਭਜਨ ਕਰ।

**ਗੈਵਰ ਹੈਵਰ ਕੰਚਨ ਸੁਤ ਨਾਰੀ ॥ ਬਹੁ ਚਿੰਤਾ ਪਿੜ ਚਾਲੈ ਹਾਰੀ ॥ ਜੂਐ ਖੇਲਣੁ ਕਾਚੀ ਸਾਰੀ ॥ ੪ ॥**

ਚੰਗੇ ੨ ਹਾਥੀ ਚੰਗੇ,੨ ਘੋੜੇ, ਸੋਨਾ, ਪੁਤ੍ਰ, ਇਸਤ੍ਰੀ ਜੇਹੜਾ ਆਦਮੀ ਇਕੁਰ ਦੇ ਪਦਾਰਥਾਂ ਨੂੰ ਬਹੁਤ ਹੀ ਚਾਹੁੰਦਾ ਹੈ, ਭਾਵ ਬਹੁਤ ਚਿੰਤਾ ਚਿਤਵਨੀ ਕਰਦਾ ਰਹਿੰਦਾ ਹੈ,ਓਹ ਇਹ ਮਨੁਖ ਜਨਮ ਰੂਪ ਪਿੜ = ਮਦਾਨ ਦੀ ਬਾਜੀ ਨੂੰ ਹਾਰਕੇ ਚਲਿਆ ਜਾਂਦਾ ਹੈ। ਜਿਨ੍ਹਾਂ ਦਾ ਵਿਸ਼ਿਆਂ ਰੂਪ ਜੂਏ ਦੀ ਖੇਡ ਵਿੱਚ ਖੇਡਣਾ ਹੋਇਆ ਹੈ, ਓਹਨਾਂ ਦੀ ਸਾਰੀ ਨਰਦ = ਕੱਚੀ ਰਹੀ ਭਾਵ ਜਿਸ ਤਰ੍ਹਾਂ ਕੱਚੀ ਨਰਦ ਚੁਰਾਸੀ ਘਰਾਂ ਵਿਚ ਫਿਰਦੀ ਹੈ ਤਿਕੁਰ ਹੀ ਜੀਵ ਚੁਰਾਸੀ ਨੂੰ ਭੋਗਦਾ ਹੈ।

**ਸੰਪਉ ਸੰਚੀ ਭਏ ਵਿਕਾਰ ॥ ਹਰਖ ਸੋਕ ਉਭੇ ਦਰਵਾਰਿ ॥ ਸੁਖੁ ਸਹਜੇ ਜਪਿ ਰਿਦੈ ਮੁਰਾਰਿ ॥ ੫ ॥**

ਜਿਸ ਆਦਮੀ ਨੇ ਪ੍ਰਮੇਸ਼ਰ ਤੋਂ ਬੇਮੁਖ ਹੋਕੇ ਸੰਪਦਾ = ਮਾਇਆ ਸਮੱਗਰੀ ਕੱਠੀ ਕੀਤੀ ਹੈ, ਉਸਦੇ ਰਿਦੇ ਅੰਦਰ ਅਨੇਕ ਵਿਕਾਰ ਪੈਦਾ ਹੁੰਦੇ ਹਨ, ਓਸ ਦੇ ਦਰਵਾਰ = ਰਿਦੇ ਦੇ ਅੰਦਰ ਵਾਰ ਹਰਖ ਤੇ ਸ਼ੋਕ ਸਦਾ ਹੀ

Digitized by Panjab Digital Library | www.panjabdigilib.org

ਦੋਵੇਂ ਖੜੇ ਰਹਿੰਦੇ ਹਨ ਭਾਵ ਓਹ ਹਰਖ ਸ਼ੋਕ ਵਿੱਚ ਖੜੋਤੇ ਰਹਿੰਦੇ ਹਨ।

ਜਿਨ੍ਹਾਂ ਆਦਮੀਆਂ ਨੇ ਰਿਦੇ ਅੰਦਰ ਪ੍ਰਮੇਸ਼ਰ ਦਾ ਨਾਮ ਜਪਿਆ ਹੈ, ਓਹਨਾਂ ਨੂੰ ਸੁਭਾਵਕ ਹੀ ਸੁਖ ਮਿਲਿਆ ਹੈ।

**ਨਦਰਿ ਕਰੇ ਤਾ ਮੇਲਿ ਮਿਲਾਏ ॥ ਗੁਣ ਸੰਗ੍ਰਹਿ ਅਉਗਣ ਸਬਦਿ ਜਲਾਏ ॥ ਗੁਰਮੁਖਿ ਨਾਮੁ ਪਦਾਰਥੁ ਪਾਏ ॥ ੬ ॥**

ਜਦੋਂ ਪ੍ਰਮੇਸਰ ਆਪਣੀ ਕਿਰਪਾ ਦ੍ਰਿਸ਼ਟੀ ਕਰਦਾ ਹੈ ਤੇ ਤਾਂ ਨਾਮ ਦੇ ਦਾਤਿਆਂ ਸਤਿਗੁਰਾਂ ਦੇ ਮੇਲ ਵਿਚ ਮਿਲਾਉਂਦਾ ਹੈ ਭਾਵ ਸਤਸੰਗ ਵਿਚ,

ਫਿਰ ਓਹ ਗੁਰਾਂ ਦਾ ਮੇਲੀ ਆਦਮੀ ਚੰਗਿਆਂ ਗੁਣਾਂ ਨੂੰ ਕੱਠਿਆਂ ਕਰਦਾ ਹੈ ਅਤੇ ਗੁਰਉਪਦੇਸ਼ ਕਰਕੇ ਸਾਰੇ ਔਗੁਣ ਸਾੜ ਦੇਂਦਾ ਹੈ ਅਤੇ ਗੁਰਾਂ ਦੇ ਮੂੰਹੋਂ ਨਾਮ ਪਦਾਰਥ ਨੂੰ ਪਾਉਂਦਾ ਹੈ।

**ਬਿਨੁ ਨਾਵੈ ਸਭ ਦੂਖ ਨਿਵਾਸੁ ॥ ਮਨਮੁਖ ਮੂੜ ਮਾਇਆ ਚਿਤਵਾਸੁ ॥ ਗੁਰਮੁਖਿ ਗਿਆਨੁ ਧੁਰਿ ਕਰਮਿ ਲਿਖਿਆਸੁ ॥ ੭ ॥**

ਪ੍ਰਮੇਸਰ ਦੇ ਨਾਮ ਤੋਂ ਬਿਨਾ ਸਾਰਿਆਂ ਦੁਖਾਂ ਦੇ ਵਿਚ ਆਦਮੀ ਦਾ ਨਿਵਾਸ ਹੁੰਦਾ ਹੈ। ਮੂਰਖ ਮਨਮੁਖ ਦਾ ਚਿਤ ਮਾਇਆ ਦੇ ਵਿਚ ਵਾਸਾ ਕਰਦਾ ਹੈ। ਗੁਰਮੁਖਾਂ ਨੂੰ ਆਦ ਤੋਂ ਹੀ ਗਿਆਨ ਲਿਖਿਆ ਹੋਇਆ ਹੈ,ਇਸ ਲਈ ਮਿਲਿਆ ਹੈ।

**ਮਨੁ ਚੰਚਲੁ ਧਾਵਤੁ ਫੁਨਿ ਧਾਵੈ ॥ ਸਾਚੇ ਸੂਚੇ ਮੈਲੁ ਨ ਭਾਵੈ ॥ ਨਾਨਕ ਗੁਰਮੁਖਿ ਹਰਿ ਗੁਣ ਗਾਵੈ ॥ ੮॥ ੩॥**

ਹੇ ਭਰਾ ਮਨ ਚੰਚਲ ਹੋਇਆ ੨ ਨਾਸਵੰਤ ਪਦਾਰਥਾਂ ਵੱਲ ਮੁੜ ੨ ਦੌੜਦਾ ਫਿਰਦਾ ਹੈ। ਜੇਹੜੇ ਆਦਮੀ ਸੱਚੇ ਨਾਮ ਕਰਕੇ ਪਵਿੱਤ੍ਰ ਹੋਏ ਹਨ, ਓਹਨਾਂ ਨੂੰ ਅਸ਼ੁਧ ਪਦਾਰਥਾਂ ਦੀ ਮੈਲ ਚੰਗੀ ਨਹੀਂ ਲੱਗਦੀ ਹੈ।

ਗੁਰੂ ਜੀ-ਗੁਰਮੁਖ ਪ੍ਰਮੇਸਰ ਦੇ ਗੁਣ ਗਾਉਂਦੇ ਹਨ।

**ਗਉੜੀ ਗੁਆਰੇਰੀ ਮਹਲਾ ੧ ॥**

**ਹਉਮੈ ਕਰਤਿਆ ਨਹ ਸੁਖੁ ਹੋਇ ॥ ਮਨਮਤਿ ਝੂਠੀ ਸਚਾ ਸੋਇ ॥ ਸਗਲ ਬਿਗੂਤੇ ਭਾਵੈ ਦੋਇ ॥ ਸੋ ਕਮਾਵੈ ਧੁਰਿ ਲਿਖਿਆ ਹੋਇ ॥ ੧ ॥**

Digitized by Panjab Digital Library | www.panjabdigilib.org

ਜੇਹੜੇ ਹੰਕਾਰ ਨੂੰ ਕਰਦੇ ਹਨ ਭਾਵ ਹੰਕਾਰ ਵਾਲੇ ਕਰਮਾਂ ਨੂੰ ਕਰਦੇ ਹਨ, ਓਹਨਾਂ ਨੂੰ ਕਦੀ ਵੀ ਸੁਖ ਨਹੀਂ ਹੁੰਦਾ ਹੈ। ਕਿਉਂਕਿ ਜੇਹੜੀ ਮਨ ਦੀ ਮਤ ਹੈ ਉਹ ਝੂਠੀ ਹੈ, ਸੋ ਓਹ ਪ੍ਰਮੇਸਰ ਹੀ ਸੱਚਾ ਹੈ, ਇਸ ਲਈ ਓਹ ਹੰਕਾਰੀਆਂ ਨੂੰ ਨਹੀਂ ਮਿਲਦਾ ਹੈ।

ਜਿਨ੍ਹਾਂ ਮਨਮੁਖਾਂ ਨੂੰ ਦ੍ਵੈਤ ਭਾਵਣਾ ਚੰਗੀ ਲੱਗਦੀ ਹੈ, ਓਹ ਮਨਮੁਖ ਆਦਮੀ ਸਾਰੇ ਹੀ ਖਰਾਬ ਹੋ ਗਏ ਹਨ। ਪਰ ਆਦਮੀ ਓਹੋ ਹੀ ਕਰਮ ਕਮਾਉਂਦਾ ਹੈ ਜੇਹੜਾ ਧੁਰ ਤੋਂ ਲਿਖਿਆ ਹੋਇਆ ਹੈ।

**ਐਸਾ ਜਗੁ ਦੇਖਿਆ ਜੂਆਰੀ ॥ ਸਭਿ ਸੁਖ ਮਾਗੈ ਨਾਮੁ ਬਿਸਾਰੀ ॥ ੧ ॥ ਰਹਾਉ ॥**

(ਪ੍ਰਮੇਸਰ ਨੂੰ ਕੇਹੜਾ ਯਾਦ ਦਰਦਾ ਹੈ ? ਦੱਸਦੇ ਹਨ) ਮੈਂ ਇਕੁੱਰ ਦਾ ਮਸਕਰਾ ਜਾਂ ਛਲੀਆ ਜਗਤ ਵੇਖਿਆ ਹੈ ਕਿ ਨਾਮ ਨੂੰ ਵਿਸਾਰਕੇ ਸਾਰੇ ਸੁਖ ਮੰਗਦਾ ਹੈ।

**ਅਦਿਸਟੁ ਦਿਸੈ ਤਾ ਕਹਿਆ ਜਾਇ ॥ ਬਿਨੁ ਦੇਖੇ ਕਹਿਣਾ ਬਿਰਥਾ ਜਾਇ ॥ ਗੁਰਮੁਖਿ ਦੀਸੈ ਸਹਜਿ ਸੁਭਾਇ ॥ ਸੇਵਾ ਸੁਰਤਿ ਏਕ ਲਿਵ ਲਾਇ ॥ ੨ ॥**

ਜਦੋਂ ਨ ਨਜ਼ਰ ਆਉਣ ਵਾਲੇ ਪ੍ਰਮੇਸਰ ਵਿਚ ਚੰਗੀ ਪ੍ਰੇਮ ਭਾਵਨਾ ਹੋਵੇ ਤਾਂ ਉਸਦਾ ਜਸ ਆਖਿਆ ਜਾਂਦਾ ਹੈ। ਪ੍ਰਮੇਸਰ ਨੂੰ ਪ੍ਰੇਮ ਭਾਵਨਾ ਨਾਲ ਵੇਖਿਆਂ ਬਿਨਾ ਸਾਰਾ ਆਖਿਆ ਬ੍ਰਿਥਾ ਚਲਾ ਜਾਂਦਾ ਹੈ।

ਗੁਰਮੁਖਾਂ ਨੂੰ ਸਹਿਜ ਸੁਭਾ, ਬਿਨਾ ਜਤਨ ਤੋਂ ਹੀ ਨਜਰ ਆਉਂਦਾ ਹੈ। ਇਸ ਲਈ ਇਕ ਪ੍ਰਮੇਸ਼ੂਰ ਦੀ ਸੇਵਾ ਵਿਚ ਓਹਨਾਂ ਦੀ ਪ੍ਰੀਤੀ ਹੈ ਅਤੇ ਇਕ ਵਿਚ ਹੀ ਲਿਵ = ਬ੍ਰਿਤੀ ਲਾਉਂਦੇ ਹਨ।

**ਸੁਖੁ ਮਾਂਗਤ ਦੁਖੁ ਆਗਲ ਹੋਇ ॥ ਸਗਲ ਵਿਕਾਰੀ ਹਾਰੁ ਪਰੋਇ ॥ ਏਕ ਬਿਨਾ ਝੂਠੇ ਮੁਕਤਿ ਨ ਹੋਇ ॥ ਕਰਿ ਕਰਿ ਕਰਤਾ ਦੇਖੈ ਸੋਇ ॥ ੩ ॥**

ਜੇਹੜੇ ਮਨਮੁਖ ਆਦਮੀ ਪ੍ਰਮੇਸ਼ੂਰ ਤੋਂ ਬੇਮੁਖ ਹੋਕੇ ਸੁਖ ਮੰਗਦੇ ਹਨ, ਓਹਨਾਂ ਦੇ ਅਗੇ ਸਗੋਂ ਆਗਲ = ਬਹੁਤ ਸਾਰਾ ਦੁਖ ਆ ਖੜੋਂਦਾ ਹੈ। ਮਨਮੁਖਾਂ ਨੇ ਸਾਰਿਆਂ ਵਿਕਾਰਾਂ ਦੀ ਲੜੀ ਪਰੋਕੇ ਗਲ਼ ਵਿਚ ਪਾ ਲਈ ਹੈ, ਕਦੀ ਵੀ ਵਿਕਾਰਾਂ ਤੋਂ ਬਿਨਾ ਨਹੀਂ ਹੁੰਦੇ ਹਨ। ਇਕ ਪ੍ਰਮਾਤਮਾ ਦੇ ਮਿਲਿਆਂ ਬਿਨਾਂ ਝੂਠਿਆਂ ਆਦਮੀਆਂ ਦੀ ਮੁਕਤੀ ਨਹੀਂ ਹੁੰਦੀ ਹੈ।

Digitized by Panjab Digital Library | www.panjabdigilib.org

ਹੇ ਭਰਾ! ਓਹ ਕਰਤਾ ਅਕਾਲ ਪੁਰਖ ਸਾਰਿਆਂ ਜੀਵਾਂ ਨੂੰ ਬਣਾ ਬਣਾ ਕੇ ਫਿਰ ਆਪ ਹੀ ਓਹ ਸੰਸਾਰ ਦੇ ਸਾਰੇ ਕੰਮਾਂ ਨੂੰ ਵੇਖਦਾ ਹੈ।

**ਤ੍ਰਿਸਨਾ ਅਗਨਿ ਸਬਦਿ ਬੁਝਾਏ ॥ ਦੂਜਾ ਭਰਮੁ ਸਹਜਿ ਸੁਭਾਏ ॥ ਗੁਰਮਤੀ ਨਾਮੁ ਰਿਦੈ ਵਸਾਏ ॥ ਸਾਚੀ ਬਾਣੀ ਹਰਿ ਗੁਣ ਗਾਏ ॥ ੪ ॥**

ਗੁਰਮੁਖ ਤ੍ਰਿਸ਼ਨਾ ਅੱਗ ਨੂੰ ਗੁਰ ਉਪਦੇਸ਼ ਕਰਕੇ ਬੁਝਾਉਂਦੇ ਹਨ। ਦ੍ਵੈਤ ਭਾਵਣਾ ਨੂੰ ਦੂਰ ਕਰਕੇ ਸਹਿਜੇ ਸੁਭਾਵਕ ਹੀ ਸ਼ੋਭਾ ਵਾਲੇ ਹੋਏ ਹਨ।

ਗੁਰ ਸਿਖਿਆ ਨੂੰ ਲੈਣ ਵਾਲੇ ਹੀ ਨਾਮ ਨੂੰ ਦਿਲ ਵਿਚ ਵਸਾਉਂਦੇ ਹਨ, ਓਹਨਾਂ ਆਦਮੀਆਂ ਦੀ ਬਾਣੀ ਸੱਚੀ = ਸਫਲੀ ਹੈ ਜੇਹੜੇ ਪ੍ਰਮੇਸ਼ਰ ਦੇ ਗੁਣਾਂ ਨੂੰ ਗਾਉਂਦੇ ਹਨ।

**ਤਨ ਮਹਿ ਸਾਚੋ ਗੁਰਮੁਖਿ ਭਾਉ ॥ ਨਾਮ ਬਿਨਾ ਨਾਹੀ ਨਿਜ ਠਾਉ ॥ ਪ੍ਰੇਮ ਪਰਾਇਣ ਪ੍ਰੀਤਮ ਰਾਉ ॥ ਨਦਰਿ ਕਰੇ ਤਾ ਬੂਝੈ ਨਾਉ ॥ ੫ ॥**

ਓਹ ਸਚਾ ਪ੍ਰਮੇਸ਼ਰ ਸਰੀਰ ਦੇ ਅੰਦਰ ਹੀ ਹੈ,ਪਰ ਇਕੁਰ ਦਾ ਗਿਆਨ ਗੁਰਾਂ ਦੇ ਉਪਦੇਸ਼ ਕਰਕੇ ਹੀ ਹੁੰਦਾ ਹੈ। ਗੁਰਾਂ ਦੁਆਰੇ ਜਾਪ ਜਪਿਆ ਬਿਨਾਂ ਆਪਣੇ ਅਸਲੀ ਰੂਪ ਵਿਚ ਥਾਂ ਕਦੀ ਨਹੀ ਮਿਲਦਾ ਹੈ। ਓਹ ਪ੍ਰੀਤਮ = ਪਿਆਰਾ ਰਾਜਾ ਭਾਵ ਪ੍ਰਕਾਸ਼ਕ ਮਾਲਕ ਪ੍ਰੇਮ ਦੇ ਪਰਾਇਣ = ਆਸਰੇ ਭਾਵ ਵੱਸ ਹੈ। ਪਰ ਓਹ ਵਾਹਿਗੁਰੂ ਆਪਣੀ ਕਿਰਪਾ ਕਰਦਾ ਹੈ ਤੇ ਤਾਂ ਆਦਮੀ ਨਾਮ ਨੂੰ ਜਾਣਦਾ ਹੈ।

**ਮਾਇਆ ਮੋਹੁ ਸਰਬ ਜੰਜਾਲਾ ॥ ਮਨਮੁਖ ਕੁਚੀਲ ਕੁਛਿਤ ਬਿਕਰਾਲਾ ॥ ਸਤਿਗੁਰੁ ਸੇਵੇ ਚੂਕੈ ਜੰਜਾਲਾ ॥ ਅੰਮ੍ਰਿਤ ਨਾਮੁ ਸਦਾ ਸੁਖੁ ਨਾਲਾ ॥ ੬ ॥**

ਜੇਹੜਾਮਾਇਆ ਦਾ ਮੋਹ ਹੈ, ਇਹ ਸਾਰਾ ਹੀ ਆਦਮੀ ਨੂੰ ਬੰਧਨ ਪਾਉਣੇ ਵਾਲਾ ਹੈ, ਇਸ ਲਈ ਮਨਮੁਖ ਬਾਣੀ ਕਰਕੇ ਵੀ ਕੁਚੀਲ = ਮੈਲੇ ਹਨ ਅਤੇ ਮਨ ਕਰਕੇ ਵੀ ਕੁਛਿਤ = ਰਿਦੇ ਰੂਪ ਧਰਤੀ ਓਹਨਾਂ ਦੀ ਖੋਟੀ ਹੋਈ ਹੋਈ ਹੈ ਅਤੇ ਸਰੀਰ ਕਰਕੇ ਵੀ ਭਿਆਨਕ ਹੋਏ ਹੋਏ ਹਨ ਭਾਵ ਖੋਟੇ ਹੀ ਕੰਮ ਕਰਦੇ ਹਨ। (ਫਿਰ ਕਿਸਤਰਾਂ ਬੰਧਨ ਛੁਟਣ ? ਸੋ ਆਖਦੇ ਹਨ)

ਸਤਿਗੁਰਾਂ ਦੀ ਸੇਵਾ ਕਰਨ ਨਾਲ ਬੰਧਨ ਦੂਰ ਹੋ ਜਾਂਦੇ ਹਨ,ਕਿਉਂਕਿ

Digitized by Panjab Digital Library | www.panjabdigilib.org

ਜੇਹੜਾ ਨਾਮ ਰੂਪ ਅੰਮ੍ਰਿਤ ਸਤਿਗੁਰੂ ਦੇਂਦੇ ਹਨ,ਓਹ ਨਾਮ ਸਦਾ ਹੀ ਸੁਖਾਂ ਦਾ ਨਾਲਾ = ਪ੍ਰਵਾਹ ਰੂਪ ਹੈ ਜਾਂ ਸੁਖ ਦੇਣ ਵਾਲਾ ਸਦਾ ਹੀ ਨਾਲ ਹੈ।

**ਗੁਰਮੁਖਿ ਬੂਝੈ ਏਕ ਲਿਵਲਾਏ ॥ ਨਿਜ ਘਰਿ ਵਾਸੈ ਸਾਚਿ ਸਮਾਏ ॥ ਜੰਮਣੁ ਮਰਣਾ ਠਾਕਿ ਰਹਾਏ ॥ ਪੂਰੇ ਗੁਰ ਤੇ ਇਹ ਮਤਿ ਪਾਏ ॥ ੭ ॥**

ਪਰ ਉਸ ਨਾਮ ਨੂੰ ਗੁਰਮੁਖ ਸਮਝਦਾ ਹੈ ਤੇ ਇਕ ਨਾਮੀ = ਪ੍ਰਮੇਸ਼ਰ ਵਿਚ ਬ੍ਰਿਤੀ ਲਾਉਂਦਾ ਹੈ, ਜੇਹੜੇ ਸਚੇ ਨਾਮ ਵਿਚ ਸਮਾਏ ਹਨ, ਓਹਨਾਂ ਆਦਮੀਆਂ ਦਾ ਹੀ ਆਪਣੇ ਅਸਲੀ ਥਾਂ ਵਿਚ ਵਾਸਾ ਹੋਇਆ ਹੈ;

ਓਹਨਾਂ ਨੇ ਆਪਣਾ ਜੰਮਣਾ ਮਰਨਾ ਰੋਕ ਰਖਿਆ ਹੈ, ਪਰ ਇਹ ਸਾਰੀ ਸਿਖਿਆ ਪੂਰਿਆਂ ਗੁਰਾਂ ਤੋਂ ਪਾਈ ਹੈ।

**ਕਥਨੀ ਕਥਉ ਨ ਆਵੈ ਓਰੁ॥ ਗੁਰੁ ਪੁਛਿ ਦੇਖਿਆ ਨਾਹੀ ਦਰੁ ਹੋਰੁ ॥ ਦੁਖੁ ਸੁਖੁ ਭਾਣੈ ਤਿਸੈ ਰਜਾਇ ॥ ਨਾਨਕੁ ਨੀਚੁ ਕਹੈ ਲਿਵਲਾਇ ॥ ੮ ॥ ੪ ॥**

ਪ੍ਰਮੇਸ਼ਰ ਦੀਆਂ ਕਥਾਂ ਨੂੰ ਕਰੀਏ ਤੇ ਤਾਂ ਅੰਤ ਨਹੀ ਆਉਂਦਾ ਹੈ,ਓਹ ਬਿਅੰਤ ਹੈ। ਆਪਣਿਆਂ ਗੁਰਾਂ ਤੋਂ ਪੁੱਛਿਆ ਹੈ ਅਤੇ ਪੁਛਕੇ ਆਪ ਵੇਖਿਆ ਵੀ ਹੈ ਕਿ ਵਾਹਿਗੁਰੂ ਤੋਂ ਬਿਨਾ ਜੀਆਂ ਨੂੰ ਕੋਈ ਸੁਖ ਦੇਣ ਵਾਲਾ ਦਰਵਾਜ਼ਾ ਨਹੀਂ ਹੈ। ਦੁਖ ਸੁਖ ਦੋਵੇਂ ਅਕਾਲ ਪੁਰਖ ਦੇ ਹੁਕਮ ਅੰਦਰ ਹਨ। ਗੁਰੂ ਜੀ—ਤੁਸੀ ਨਿੰਮ੍ਰਤਾ ਵਾਲੇ ਬਣਕੇ ਉਸ ਨਾਲ ਪ੍ਰੀਤੀ ਲਾਓ, ਇਹ ਅਸਾਂ ਸੱਚ ਆਖਿਆ ਹੈ।

## ਗਉੜੀ ਮਹਲਾ ੧ ॥

**ਦੂਜੀ ਮਾਇਆ ਜਗਤ ਚਿਤਵਾਸੁ ॥ ਕਾਮ ਕ੍ਰੋਧ ਅਹੰਕਾਰ ਬਿਨਾਸੁ ॥ ੧ ॥**

ਪ੍ਰਮੇਸ਼ਰ ਦੇ ਨਾਮ ਤੋਂ ਬਿਨਾਜੇਹੜੀਦੂਸਰੀ ਮਾਇਆ ਜਗਤ = ਜੀਵਾਂ ਦੇ ਦਿਲ ਅੰਦਰ ਵਾਸਾ ਕਰਦੀ ਹੈ, ਸੋ ਉਸਦੇ ਜ਼ੋਰ ਕਰਕੇ ਜੀਵ ਨਾਮ ਕਰੋਧ ਹੰਕਾਰ ਆਦਕਾਂ ਵਿਚ ਪੈਕੇ ਨਾਸ ਹੁੰਦੇ ਹਨ।

**ਦੂਜਾ ਕਉਣੁ ਕਹਾ ਨਹੀ ਕੋਈ ॥ ਸਭ ਮਹਿ ਏਕੁ ਨਿਰੰਜਨੁ ਸੋਈ ॥ ੧ ॥ ਰਹਾਉ ॥**

Digitized by Panjab Digital Library | www.panjabdigilib.org

ਤਾਂ ਸਿੱਧਾਂ ਨੇ ਆਖਿਆ ਤੁਸੀ ਤਾਂ ਇਕ ਪ੍ਰਮੇਸ਼ਰ ਉੱਤੇ ਨਿਸਚਾ ਕਰਦੇ ਹੋ, ਜੇਹੜੀ ਮਾਇਆ ਸ਼ਕਤੀ ਹੈ, ਉਸਨੂੰ ਕਿਸਤਰਾਂ ਜਾਣਦੇ ਹੋ ? ਤਾਂ ਗੁਰੂ ਜੀ ਆਖਿਆ ਹੇ ਸਿਧੋ ਮੈਂ ਦੂਸਰਾ ਕਿਸਨੂੰ ਕਥਨ ਕਰਾਂ, ਭਾਵ ਕੋਈ ਨਹੀਂ ਹੈ। ਇਕ ਓਹ ਮਾਇਆ ਤੋਂ ਰਹਿਤ ਸਾਰਿਆਂ ਵਿਚ ਲਗਾਤਾਰ ਮਿਲਿਆ ਹੋਇਆ ਹੈ।

**ਦੂਜੀ ਦੁਰਮਤਿ ਆਖੈ ਦੋਇ ॥ ਆਵੈ ਜਾਇ ਮਰਿ ਦੂਜਾ ਹੋਇ ॥ ੨ ॥**

ਜਿਸਦੇ ਦਿਲ ਅੰਦਰ ਦ੍ਵੈਤ ਦੀ ਦੁਰਮਤੀ ਵਸੀ ਹੈ, ਓਹ ਆਖਦਾ ਹੈ ਕਿ ਦੋਇ = ਜੀਵ ਈਸ਼ਰ ਦੋ ਹਨ ਜਾਂ ਵਾਹਿਗੁਰੂ ਤੋਂ ਵਖਰੀ ਦੂਸਰੀ ਮਾਇਆ ਵੀ ਕੁਛ ਚੀਜ਼ ਹੈ। ਜਿਸਦੇ ਦਿਲ ਅੰਦਰ ਦਵੈਤ ਭਾਵਨਾ ਹੋਈ ਹੈ ਭਾਵ ਜੇਹੜਾ ਆਪਣੇ ਆਪਨੂੰ ਦੂਸਰਾ ਮੰਨਦਾ ਹੈ,ਓਹ ਆਦਮੀ ਸਦਾ ਜੰਮਕੇ ਆਉਂਦਾ ਤੇ ਮਰਕੇ ਜਾਂਦਾ ਹੈ।

**ਧਰਣਿ ਗਗਨ ਨਹ ਦੇਖਉ ਦੋਇ ॥ ਨਾਰੀ ਪੁਰਖ ਸਬਾਈ ਲੋਇ ॥ ੩ ॥**

ਮੈਂ ਤਾਂ ਧਰਤੀ ਅਕਾਸ਼ ਵਿੱਚ ਵੀ ਦੋ ਨਹੀਂ ਦੇਖਦਾ ਹਾਂ, ਇਸਤ੍ਰੀਆਂ ਆਦਮੀਆਂ ਵਿੱਚ ਵੀ ਓਸੇ ਨੂੰ ਸਾਰੇ ਮਿਲਿਆ ਹੋਇਆ ਵੇਖਦਾ ਹਾਂ।

**ਰਵਿ ਸਸਿ ਦੇਖਉ ਦੀਪਕ ਉਜਿਆਲਾ ॥ ਸਰਬ ਨਿਰੰਤਰਿ ਪ੍ਰੀਤਮੁ ਬਾਲਾ ॥ ੪ ॥**

ਸੂਰਜ ਚੰਦ੍ਰਮਾਂ ਜੇਹੜੇ ਸਾਰੇ ਜਗਤ ਦੇ ਦੀਵੇ ਹਨ, ਓਹਨਾਂ ਦੇ ਵਿੱਚ ਵੀ ਉਸ ਪ੍ਰਮੇਸ਼ਰ ਦਾ ਚਾਨਣ ਹੋਇਆ ੨ ਮੈਂ ਵੇਖਦਾ ਹਾਂ।

ਜੇਹੜਾ ਸਾਰਿਆਂ ਨਾਲੋਂ ਬਾਲਾ = ਵੱਡਾ ਵਾਹਿਗੁਰੂ ਹੈ, ਉਹੋ ਹੀ ਪ੍ਰੀਤਮ ਲਗਾਤਾਰ ਸਾਰਿਆਂ ਵਿੱਚ ਮਿਲਿਆ ਹੋਇਆ ਵੇਖਦਾ ਹਾਂ।

**ਕਰਿ ਕਿਰਪਾ ਮੇਰਾ ਚਿਤੁ ਲਾਇਆ ॥ ਸਤਿਗੁਰਿ ਮੋਕਉ ਏਕੁ ਬੁਝਾਇਆ ॥ ੫ ॥**

ਉਸ ਵਾਹਿਗੁਰੂ ਨੇ ਆਪਣੀ ਕ੍ਰਿਪਾ ਕਰਕੇ ਮੇਰਾ ਚਿਤ ਸਤਿਗੁਰਾਂ ਦੇ ਨਾਲ ਲਾਇਆ ਹੈ। ਓਹਨਾਂ ਸਤਿਗੁਰਾਂ ਨੇ ਮੈਨੂੰ ਇੱਕ ਪ੍ਰਮੇਸ਼ਰ ਸਮਝਾ, ਭਾਵ ਦੱਸ ਦਿੱਤਾ ਹੈ।

**ਏਕੁ ਨਿਰੰਜਨੁ ਗੁਰਮੁਖਿ ਜਾਤਾ ॥ ਦੂਜਾ ਮਾਰਿ ਸਬਦਿ ਪਛਾਤਾ ॥ ੬ ॥**

Digitized by Panjab Digital Library | www.panjabdigilib.org

ਇਸ ਲਈ ਗੁਰਮੁਖਾਂ ਨੇ ਤਾਂ ਇੱਕ ਨਿਰੰਜਨ ਨੂੰ ਹੀ ਜਾਣਿਆ ਹੈ, ਪਰ ਦ੍ਵੈਤ ਭਾਵਨਾ ਨੂੰ ਮਾਰਕੇ ਇੱਕ ਪ੍ਰਮੇਸ਼ਰ ਨੂੰ ਪਛਾਣਿਆ ਹੈ।

**ਏਕੋ ਹੁਕਮੁ ਵਰਤੈ ਸਭ ਲੋਈ ॥ ਏਕਸੁ ਤੇ ਸਭ ਓਪਤਿ ਹੋਈ ॥ ੭ ॥**

ਇੱਕ ਹੀ ਲੋਈ = ਪ੍ਰਕਾਸ਼ ਕਰਨ ਵਾਲੇ ਦਾ ਜਾਂ ਸਾਰੇ ਲੋਕਾਂ ਵਿੱਚ ਹੁਕਮ ਵਰਤਦਾ ਹੈ। ਇੱਕ ਹੀ ਪ੍ਰਮੇਸ਼ਰ ਤੋਂ ਸਾਰੀ ਦੁਨੀਆ ਪੈਦਾ ਹੋਈ ਹੈ।

**ਰਾਹ ਦੋਵੈ ਖਸਮੁ ਏਕੋ ਜਾਣੁ ॥ ਗੁਰਕੈ ਸਬਦਿ ਹੁਕਮੁ ਪਛਾਣੁ ॥ ੮ ॥**

ਗੁਰਮੁਖੀ ਤੇ ਮਨਮੁਖੀ ਇਹ ਦੋਵੇਂ ਰਸਤੇ ਹਨ, ਪਰ ਦੋਹਾਂ ਦਾ ਵਾਹਿਗੁਰੂ ਮਾਲਕ ਇੱਕ ਜਾਣ ਲਵੋ। ਇਸ ਲਈ ਗੁਰਾਂ ਦੇ ਉਪਦੇਸ਼ ਦੁਆਰਾ ਉਸਦੇ ਹੁਕਮ ਨੂੰ ਪਛਾਣ ਲਵੋ।

**ਸਗਲ ਰੂਪ ਵਰਨ ਮਨ ਮਾਹੀ ॥ ਕਹੁ ਨਾਨਕ ਏਕੋ ਸਾਲਾਹੀ ॥ ੯ ॥ ੫ ॥**

ਜੇਹੜੇ ਸਾਰੇ ਰੂਪ = ਅਕਾਰ ਤੇ ਵਰਨ = ਰੰਗ ਚਿੱਟਾ ਕਾਲਾ ਆਦਿਕ ਹਨ, ਸੋ ਸਾਰੇ ਮਨ ਦੇ ਅੰਦਰ ਖਿਆਲ ਕੀਤੇ ਹੋਏ ਹੀ ਝੂਠੇ ਹਨ। ਗੁਰੂ ਜੀ–ਇਸ ਲਈ ਇੱਕੁਰ ਜਾਣਕੇ ਇੱਕ ਪ੍ਰਮੇਸ਼ਰ ਦਾ ਸਲਾਹੁਣਾ ਕਰੋ।

## ਗਉੜੀ ਮਹਲਾ ੧ ॥

**ਅਧਿਆਤਮ ਕਰਮ ਕਰੇ ਤਾ ਸਾਚਾ ॥ ਮੁਕਤਿ ਭੇਦੁ ਕਿਆ ਜਾਣੈ ਕਾਚਾ ॥ ੧ ॥**

ਜੋ ਅਧਿਆਤਮ = ਆਤਮਾ ਨੂੰ ਆਸਰੇ ਕਰਕੇ, ਭਾਵ ਪ੍ਰਮੇਸ਼ਰ ਦੇ ਮਿਲਨ ਵਾਸਤੇ ਕਰਮ ਕਰਦਾ ਹੈ ਤਾਂ ਓਹ ਸੱਚਾ ਹੈ। ਜੇਹੜਾ ਬਾਹਰ ਦੇ ਕਰਮਾਂ ਨੂੰ ਕਰਨ ਵਾਲਾ ਹੈ, ਓਹ ਕੱਚਾ ਹੈ। ਓਹ ਮੁਕਤੀ ਦੇ ਫਰਕ ਨੂੰ ਕੀ ਜਾਣ ਸੱਕਦਾ ਹੈ।

**ਐਸਾ ਜੋਗੀ ਜੁਗਤਿ ਬੀਚਾਰੈ ॥ ਪੰਚ ਮਾਰਿ ਸਾਚੁ ਉਰਿਧਾਰੈ ॥ ੧ ॥ ਰਹਾਉ ॥**

Digitized by Panjab Digital Library | www.panjabdigilib.org

ਹੇ ਸਿਧੋ ! ਜੇਹੜਾ ਇੱਕੁਰ ਦਾ ਜੋਗੀ ਹੈ, ਜੇਹੜਾ ਕਾਮ ਆਦਕਾਂ ਪੰਜਾਂ ਨੂੰ ਮਾਰਕੇ ਰਿਦੇ ਅੰਦਰ ਸੱਚ ਨੂੰ ਧਾਰਨ ਕਰਦਾ ਹੈ, ਓਹੋ ਹੀ ਵਾਹਿਗੁਰੂ ਦੇ ਨਾਲ ਜੁੜਨ ਦੀ ਜੁਗਤੀ ਨੂੰ ਪਛਾਣਦਾ ਹੈ।

**ਜਿਸਕੈ ਅੰਤਰਿ ਸਾਚੁ ਵਸਾਵੈ ॥ ਜੋਗ ਜੁਗਤਿ ਕੀ ਕੀਮਤਿ ਪਾਵੈ ॥ ੨ ॥**

ਜਿਸਦੇ ਦਿਲ ਅੰਦਰ ਗੁਰੂ ਸੱਚ ਨੂੰ ਵਸਾਉਂਦੇ ਹਨ, ਓਹ ਆਦਮੀ ਜੋਗ ਦੀਆਂ ਜੁਗਤੀਆਂ ਦੀ ਕੀਮਤ ਪਾਉਂਦਾ ਹੈ, ਭਾਵ ਜਾਣਦਾ ਹੈ।

**ਰਵਿ ਸਸਿ ਏਕੋ ਗ੍ਰਿਹ ਉਦਿਆਨੈ ॥ ਕਰਣੀ ਕੀਰਤਿ ਕਰਮ ਸਮਾਨੈ ॥ ੩ ॥**

ਇੱਕੁਰ ਦੇ ਜੋਗੀ ਨੇ ਸੂਰਜ ਚੰਦ੍ਰਮਾਂ ਦੇ ਅੰਦਰ ਤੇ ਘਰ ਉਜਾੜ ਦੇ ਅੰਦਰ ਇੱਕ ਪ੍ਰਮੇਸ਼ਰ ਨੂੰ ਹੀ ਜਾਣਿਆ ਹੈ। ਇੱਕੁਰ ਦੀ ਏਕਤਾ ਵਾਲੀ ਕਰਣੀ ਦੀ ਪ੍ਰੀਤੀ ਜਿਸ ਨੂੰ ਪ੍ਰਗਟ ਹੋ ਗਈ ਹੈ, ਉਸਦੇ ਜੇਹੜੇ ਕਰਮ ਹਨ, ਸੋ ਓਹ ਸਮਾਨੈ = ਸਮਾ ਗਏ, ਭਾਵ ਨਾਸ ਹੋ ਗਏ ਹਨ, ਭਾਵ ਜਨਮ ਤੋਂ ਰਹਿਤ ਹੋ ਗਏ ਹਨ, ਓਹ ਕਰਮ ਉਸ ਨੂੰ ਜਨਮ ਵਿੱਚ ਨਹੀਂ ਪੌਣਗੇ, ਜਾਂ ਪ੍ਰਮੇਸ਼ਰ ਦੀ ਕੀਰਤੀ ਨੂੰ ਸਾਰਿਆਂ ਕਰਮਾਂ ਤੋਂ ਜਾਣਦੇ ਹਨ ਅਤੇ ਕਰਮਾਂ ਨੂੰ ਸਮਾਨ ਮੰਨਦੇ ਹਨ।

**ਏਕ ਸਬਦ ਇਕ ਭਿਖਿਆ ਮਾਗੈ ॥ ਗਿਆਨੁ ਧਿਆਨੁ ਜੁਗਤਿ ਸਚੁ ਜਾਗੈ ॥ ੪ ॥**

ਓਹ ਆਦਮੀ ਗੁਰਾਂ ਦੇ ਇੱਕ ਉਪਦੇਸ਼ ਕਰਕੇ ਏਕਤਾ ਵਾਲੀ ਭਿਖਿਆ ਮੰਗਦੇ ਹਨ। ਇਸ ਲਈ ਗਿਆਨ ਧਿਆਨ ਵਿੱਚ ਜੁਗਤਿ = ਜੁੜਨ ਨਾਲ ਸੱਚ ਵਿੱਚ ਜਾਗਦੇ ਹਨ।

**ਭੈ ਰਚਿ ਰਹੈ ਨ ਬਾਹਰਿ ਜਾਇ ॥ ਕੀਮਤਿ ਕਉਣ ਰਹੈ ਲਿਵਲਾਇ ॥ ੫ ॥**

ਓਹ ਆਦਮੀ ਪ੍ਰਮੇਸ਼ਰ ਦੇ ਡਰ ਵਿੱਚ ਰੱਚ ਰਹੇ ਹਨ, ਭਾਵ ਡਰਦੇ ਅੰਦਰ ਰਹਿੰਦੇ ਹਨ, ਇਸ ਲਈ ਓਹਨਾਂ ਦਾ ਮਨ ਕਿਤੇ ਹੋਰਨਾਂ ਪਦਾਰਥਾਂ ਵਲ ਪ੍ਰਮੇਸ਼ਰ ਨੂੰ ਛੱਡਕੇ ਬਾਹਰ ਨਹੀਂ ਜਾਂਦਾ ਹੈ, ਓਹ ਤਾਂ ਜਹਾਜ ਉਤੇ ਕਾਂ ਵਾਂਗ ਹਨ, ਉਡਕੇ ਮੁੜਕੇ ਉਤੇ ਆ ਬੈਠਦੇ ਹਨ, ਜੇਹੜੇ ਪ੍ਰਮੇਸ਼ਰ ਦੇ ਨਾਲ ਪ੍ਰੀਤੀ ਲਗਾ ਰਹੇ ਹਨ, ਓਹਨਾਂ ਦੀ ਕੀਮਤ ਕੌਣ ਆਖ ਸਕਦਾ ਹੈ।

Digitized by Panjab Digital Library | www.panjabdigilib.org

ਆਪੇ ਮੇਲੇ ਭਰਮੁ ਚੁਕਾਏ ॥ ਗੁਰਪਰਸਾਦਿ ਪਰਮ ਪਦੁ ਪਾਏ ॥ ੬ ॥

ਇੱਕੁਰ ਜਿਸਨੇ ਭਰਮ ਦੂਰ ਕੀਤਾ ਹੈ, ਉਹਨਾਂ ਨੂੰ ਵਾਹਿਗੁਰੂ ਆਪ ਹੀ ਆਪਣੇ ਨਾਲ ਮਿਲਾ ਲੈਂਦਾ ਹੈ। ਇੱਕੁਰ ਦੇ ਭਗਤ ਗੁਰਾਂ ਦੀ ਕਿਰਪਾ ਨਾਲ ਵੱਡੇ ਮੁਰਾਤਬੇ, ਭਾਵ ਮੁਕਤੀ ਨੂੰ ਪਾ ਲੈਂਦੇ ਹਨ।

ਗੁਰ ਕੀ ਸੇਵਾ ਸਬਦੁ ਵੀਚਾਰੁ ॥ ਹਉਮੈ ਮਾਰੇ ਕਰਣੀ ਸਾਰੁ ॥ ੭ ॥

ਇਸ ਲਈ ਗੁਰਾਂ ਦੀ ਸੇਵਾ ਕਰਕੇ ਵਾਹਿਗੁਰੂ ਦਾ ਵਿਚਾਰ ਕਰਦਾ ਹੈ। ਜੇਹੜਾ ਹੰਗਤਾ ਨੂੰ ਮਾਰਦਾ ਹੈ, ਉਸ ਦੀ ਕਰਣੀ ਬੜੀ ਚੰਗੀ ਹੈ।

ਜਪ ਤਪ ਸੰਜਮ ਪਾਠ ਪੁਰਾਣੁ ॥ ਕਹੁ ਨਾਨਕ ਅਪਰੰਪਰ ਮਾਨੁ ॥ ੮ ॥ ੬ ॥

ਜਤ ਤਪ ਇੰਦ੍ਰੀਆਂ ਦਾ ਰੋਕਣਾ ਪੁਸਤਕਾਂ ਦਾ ਪਾਠ ਕਰਨਾ ਇੱਕੁਰ ਦੇ ਉਤਮ ਕਰਮਾਂ ਨੂੰ ਉਸਨੇ ਕਰ ਲਿਆ ਹੈ, ਭਾਵ ਭਗਤ ਨੇ ਨਾਮ ਜਪਣ ਦੇ ਅੰਦਰ ਹੀ ਇਹਨਾਂ ਕਰਮਾਂ ਨੂੰ ਸਮਝਿਆ ਹੈ। ਗੁਰੂ ਜੀ–ਉਸ ਉੱਕਰ ਦੇ ਭਗਤ ਨੇ ਜੇਹੜਾ ਪਰੇ ਤੋਂ ਪਰੇ ਵਾਹਿਗੁਰੂ ਹੈ, ਉਸਨੂੰ ਮੰਨਿਆ, ਭਾਵ ਜਪਿਆ ਹੈ।

## ਗਉੜੀ ਮਹਲਾ ੧ ॥

ਖਿਮਾ ਗਹੀ ਬ੍ਰਤੁ ਸੀਲ ਸੰਤੋਖੰ ॥ ਰੋਗੁ ਨ ਬਿਆਪੈ ਨਾ ਜਮ ਦੋਖੰ ॥ ਮੁਕਤ ਭਏ ਪ੍ਰਭ ਰੂਪ ਨ ਰੇਖੰ ॥ ੧ ॥

ਜਿਸ ਜੋਗੀ ਨੇ ਖਿਮਾ ਨੂੰ ਫੜਿਆ, ਭਾਵ ਧਾਰਿਆ ਹੈ ਅਤੇ ਸੀਤਲ ਸੁਭਾਵ ਜਤ ਸਤ ਸੰਤੋਖ ਦਾ ਬਰਤ ਰੱਖਿਆ ਹੈ ਭਾਵ ਧਾਰਿਆ ਹੈ, ਉਸਨੂੰ ਹੰਕਾਰ ਰੋਗ ਨਹੀਂ ਚੰਬੜਦਾ ਹੈ ਅਤੇ ਨਾ ਹੀ ਜਮ ਆਦਕਾਂ ਦਾ ਦੁਖ ਹੁੰਦਾ ਹੈ। ਕਿਉਂਕਿ ਜਿਸ ਮਾਲਕ ਦਾ ਕੋਈ ਨਿਸ਼ਾਨ ਸ਼ਕਲ ਨਹੀਂ ਹੈ, ਉਹ ਉਸਨੂੰ ਮਿਲ ਗਿਆ ਹੈ, ਇਸ ਲਈ ਓਹ ਮੁਕਤੀ ਪਦ ਨੂੰ ਪੁੱਜ ਗਿਆ ਹੈ।

ਜੋਗੀ ਕਉ ਕੈਸਾ ਡਰੁ ਹੋਇ ॥ ਰੂਖਿ ਬਿਰਖਿ ਗ੍ਰਿਹਿ ਬਾਹਰਿ ਸੋਇ ॥ ੧ ॥ ਰਹਾਉ ॥

Digitized by Panjab Digital Library | www.panjabdigilib.org

ਫਿਰ ਇੱਕੁਰ ਦੇ ਜੋਗੀ = ਪ੍ਰਮੇਸ਼ਰ ਨਾਲ ਜੁੜਨ ਵਾਲੇ ਨੂੰ ਜਿਸ ਤਰ੍ਹਾਂ ਦਾ ਡਰ ਹੁੰਦਾ ਹੈ, ਜਿਸ ਨੇ ਛੋਟਿਆਂ ਵੱਡਿਆਂ ਜੰਗਲ ਤੇ ਬਾਗ਼ਾਂ ਦੇ ਬ੍ਰਿਛ ਘਰ ਸਰੀਰ ਅੰਦਰ ਬਾਹਰ ਵਿੱਚ ਉਸ ਮਾਲਕ ਨੂੰ ਹਰ ਥਾਂ ਮਿਲਿਆ ਸਮਝਿਆ ਹੈ।

**ਨਿਰਭਉ ਜੋਗੀ ਨਿਰੰਜਨੁ ਧਿਆਵੈ ॥ ਅਨਦਿਨੁ ਜਾਗੈ ਸਚਿ ਲਿਵਲਾਵੈ ॥ ਸੋ ਜੋਗੀ ਮੇਰੈ ਮਨਿ ਭਾਵੈ ॥ ੨ ॥**

ਜੇਹੜਾ ਨਿਰੰਜਨ ਨੂੰ ਯਾਦ ਕਰਨ ਵਾਲਾ ਜੋਗੀ ਹੈ, ਓਹ ਨਿਰਭੌ ਹੈ, ਜੇਹੜਾ ਰਾਤ ਦਿਨੇ ਲਗਾਤਾਰ ਸੱਚੇ ਨਾਲ ਪ੍ਰੀਤੀ ਲਾਉਂਦਾ ਹੋਇਆ ਜਾਗਦਾ ਹੈ, ਓਹ ਇੱਕੁਰ ਦਾ ਜੋਗੀ ਮੇਰੇ ਮਨ ਵਿੱਚ ਚੰਗਾ ਲੱਗਦਾ ਹੈ।

**ਕਾਲੁ ਜਾਲੁ ਬ੍ਰਹਮ ਅਗਨੀ ਜਾਰੇ ॥ ਜਰਾ ਮਰਣ ਗਤੁ ਗਰਬੁ ਨਿਵਾਰੇ ॥ ਆਪਿ ਤਰੈ ਪਿਤਰੀ ਨਿਸਤਾਰੇ॥ ੩ ॥**

ਜੇਹੜਾ ਕਾਲ ਦੇ ਜਾਲ ਨੂੰ ਵਾਹਿਗੁਰੂ ਦੇ ਗਿਆਨ ਦੀ ਅੱਗ ਨਾਲ ਸਾੜ ਦੇਂਦਾ ਹੈ। ਹੰਕਾਰ ਨੂੰ ਦੂਰ ਕਰਨ ਨਾਲ ਉਸਦਾ ਜਰਾ = ਬੁਢੇਪਾ ਤੇ ਮਰਣਾ ਗਤ = ਨਾਸ ਹੋ ਗਿਆ ਹੈ, ਭਾਵ ਅਮਰ ਹੋ ਗਿਆ ਹੈ,ਇੱਕੁਰ ਦਾ ਜੋਗੀ ਆਪ ਤਾਂ ਤਰਿਆ ਹੋਇਆ ਹੈ, ਸਗੋਂ ਓਹ ਆਪਣਿਆਂ ਵੱਡਿਆਂ ਨੂੰ ਵੀ ਤਾਰ ਲੈਂਦਾ ਹੈ।

**ਸਤਿਗੁਰੁ ਸੇਵੇ ਸੋ ਜੋਗੀ ਹੋਇ ॥ ਭੈ ਰਚਿ ਰਹੈ ਸੁ ਨਿਰਭਉ ਹੋਇ ॥ ਜੈਸਾ ਸੇਵੈ ਤੈਸੋ ਹੋਇ ॥ ੪ ॥**

ਇਸ ਲਈ ਜੇਹੜਾ ਆਦਮੀ ਸਤਿਗੁਰਾਂ ਦੀ ਸੇਵਾ ਕਰਦਾ ਹੈ। ਅਸਲ ਜੋਗੀ ਓਹ ਹੁੰਦਾ ਹੈ। ਜੇਹੜਾ ਪ੍ਰਮੇਸ਼ਰ ਦੇ ਡਰ ਵਿੱਚ ਰਚਿਆ ਰਹਿੰਦਾ ਹੈ, ਓਹ ਨਿਰਭੌ ਹੁੰਦਾ ਹੈ। ਜਿਸ ਤਰਾਂ ਦੇ ਨੂੰ ਸੇਵਿਆ ਕਰਦਾ ਹੈ, ਓਸੇ ਤਰਾਂ ਦਾ ਹੋ ਜਾਂਦਾ ਹੈ, ਭਾਵ ਪ੍ਰਮੇਸ਼ਰ ਨੂੰ ਜਪਕੇ ਉਸਦਾ ਰੂਪ ਹੋ ਜਾਂਦਾ ਹੈ।

**ਨਰ ਨਿਹਕੇਵਲ ਨਿਰਭਉ ਨਾਉ ॥ ਅਨਾਥਹ ਨਾਥ ਕਰੇ ਬਲਿ ਜਾਉ ॥ ਪੁਨਰਪਿ ਜਨਮੁ ਨਾਹੀ ਗੁਣ ਗਾਉ ॥ ੫ ॥**

ਇਸ ਲਈ ਆਦਮੀ ਨੂੰ ਸ਼ੁੱਧ ਅਤੇ ਨਿਰ ਭੌ ਕਰਨ ਵਾਲਾ ਪ੍ਰਮੇਸ਼ਰ ਦਾ ਨਾਮ ਹੀ ਹੈ। ਗਰੀਬਾਂ ਤੋਂ ਮਾਲਕ ਬਣਾਉਣ ਵਾਲਾ ਹੈ, ਮੈਂ ਉਸ

Digitized by Panjab Digital Library | www.panjabdigilib.org

ਤੋਂ ਬਲਹਾਰ ਜਾਂਦਾ ਹਾਂ। ਪ੍ਰਮੇਸ਼ਰ ਦੇ ਗੁਣ ਗੌਣ ਨਾਲ ਫੇਰ ਮੁੜਕੇ ਜਨਮ ਮਰਨ ਨਹੀਂ ਹੁੰਦਾ ਹੈ।

**ਅੰਤਰਿ ਬਾਹਰਿ ਏਕੋ ਜਾਣੈ ॥ ਗੁਰਕੈ ਸਬਦੇ ਆਪੁ ਪਛਾਣੈ ॥ ਸਾਚੈ ਸਬਦਿ ਦਰਿ ਨੀਸਾਣੈ ॥ ੬ ॥**

ਜੇਹੜਾ ਆਦਮੀ ਸਰੀਰਾਂ ਦੇ ਅੰਦਰ ਤੇ ਬਾਹਰ ਦੁਨੀਆਂ ਵਿਚ ਹਰ ਥਾਂ ਇਕ ਪ੍ਰਮੇਸ਼ਰ ਨੂੰ ਮਿਲਿਆ ਹੋਇਆ ਸਮਝਦਾ ਹੈ ਅਤੇ ਗੁਰਾਂ ਦੇ ਉਪਦੇਸ਼ ਕਰਕੇ ਆਪਣੇ ਅਸਲੀ ਰੂਪ ਨੂੰ ਪਛਾਣਦਾ ਹੈ ਅਤੇ ਗੁਰਾਂ ਦੇ ਸੱਚੇ ਉਪਦੇਸ਼ ਕਰਕੇ ਦਰਿ = ਸਰੀਰ ਦੇ ਅੰਦਰ ਪ੍ਰਮੇਸ਼ਰ ਨੂੰ ਨੀਸਾਣੈ = ਪ੍ਰਗਟ ਹੋਇਆ ਵੇਖਦਾ ਹੈ ਜਾਂ ਕਰਦਾ ਹੈ।

**ਸਬਦਿ ਮਰੈ ਤਿਸੁ ਨਿਜ ਘਰਿ ਵਾਸਾ ॥ ਆਵੈ ਨ ਜਾਵੈ ਚੂਕੈ ਆਸਾ ॥ ਗੁਰਕੈ ਸਬਦਿ ਕਮਲੁ ਪਰਗਾਸਾ ॥੭॥**

ਜੇਹੜਾ ਆਦਮੀ ਗੁਰ ਸ਼ਬਦ ਕਰਕੇ ਜੀਵਤ ਭਾਵ ਤੋਂ ਮਰਦਾ ਹੈ,ਓਹ ਆਪਣੇ ਅਸਲੀ ਘਰ ਵਿੱਚ ਵੱਸਦਾਹੈ,ਭਾਵ ਵਾਹਿਗੁਰੂ ਨਾਲ ਮਿਲ ਜਾਂਦਾ ਹੈ।

ਉਸ ਦੀ ਆਸਾ ਦੂਰ ਹੋ ਗਈ ਹੈ, ਇਸ ਲਈ ਜੰਮਦਾ ਮਰਦਾ ਨਹੀਂ ਹੈ। ਗੁਰ ਉਪਦੇਸ਼ ਕਰਕੇ ਉਸਦੇ ਦਿਲ ਕੌਲ ਵਿੱਚ ਪ੍ਰਮੇਸ਼ਰ ਦਾ ਚਾਨਣ ਹੋਇਆ ਹੈ ਜਾਂ ਰਿਦਾ ਕੌਲ ਹੀ ਖਿੜ ਪਿਆ ਹੈ।

**ਜੋ ਦੀਸੈ ਸੋ ਆਸ ਨਿਰਾਸਾ ॥ ਕਾਮ ਕ੍ਰੋਧ ਬਿਖੁ ਭੂਖ ਪਿਆਸਾ ॥ ਨਾਨਕ ਬਿਰਲੇ ਮਿਲਹਿ ਉਦਾਸਾ ॥ ੮ ॥ ੭ ॥**

ਜੇਹੜਾ ਆਦਮੀ ਵਿਚਾਰ ਤੋਂ ਬਿਨਾਂ ਸੰਸਾਰ ਵਿੱਚ ਦੀਹਦਾ ਹੈ ਓਹ ਆਸਾ ਕਰਦਾ ਨਿਰਾਸ ਹੀ ਚਲਿਆ ਜਾਂਦਾ ਹੈ, ਕਿਉਂਕਿ ਉਸਦਾ ਖਿਆਲ ਪੂਰਾ ਨਹੀਂ ਹੁੰਦਾ ਹੈ। ਕਾਮ ਕਰੋਧ ਆਦਕਾਂ ਕਰਕੇ ਜੇਹੜੀ ਵਿਸ਼ਿਆਂ ਦੀ ਭੁੱਖ,ਤ੍ਰੇਹ ਲੱਗੀ ਹੋਈ ਹੈ,ਓਹ ਦੁਖੀ ਕਰਦੀ ਹੈ। ਗੁਰੂਜੀ–ਜੇਹੜੇ ਸੰਸਾਰ ਤੋਂ ਉਦਾਸ ਹੋਕੇ ਪਮੇਸ਼ਰ ਨੂੰ ਮਿਲਦੇ ਹਨ,ਓਹ ਵਿਰਲੇ ਹੀ ਹਨ।

## ਗਉੜੀ ਮਹਲਾ ੧ ॥

**ਐਸੋ ਦਾਸੁ ਮਿਲੈ ਸੁਖੁ ਹੋਈ ॥ ਦੁਖੁ ਵਿਸਰੈ ਪਾਵੈ ਸਚੁ ਸੋਈ ॥ ੧ ॥**

Digitized by Panjab Digital Library | www.panjabdigilib.org

ਜੇਹੜਾ ਕੋਈ ਇਸ ਤਰਾਂ ਦੀ ਕਾਮਣਾ ਤੋਂ ਰਹਿਤ ਤੇ ਉਦਾਸ ਹੋਕੇ ਜਗਤ ਪ੍ਰਮੇਸ਼ਰ ਨੂੰ ਮਿਲਦਾ ਹੈ, ਉਸਨੂੰ ਆਤਮ ਸੁਖ ਹੁੰਦਾ ਹੈ। ਸਾਰਾ ਦੁਖ ਭੁੱਲ ਜਾਂਦਾ ਹੈ, ਓਹ ਆਦਮ। ਉਸ ਸੱਚੇ ਨੂੰ ਪਾ ਲੈਂਦਾ ਹੈ,।

**ਦਰਸਨੁ ਦੇਖਿ ਭਈ ਮਤਿ ਪੂਰੀ ॥ ਅਠਸਠਿ ਮਜਨੁ ਚਰਨਹ ਧੂਰੀ ॥ ੧ ॥ ਰਹਾਉ ॥**

ਪੂਰੇ ਪ੍ਰਮੇਸ਼ਰ ਦੇ ਭਗਤ ਦਰਸ਼ਨ ਕਰਕੇ ਬੁਧੀ ਅਨੰਦ ਨਾਲ ਪੂਰੀ ਹੋ ਗਈ ਹੈ। ਭਗਤ ਦੀ ਚਰਨ ਧੂੜ ਲੈਣ ਨਾਲ ਅਠਾਠ ਤੀਰਥਾਂ ਦੇ ਇਸ਼ਨਾਨ ਦਾ ਫਲ ਮਿਲ ਜਾਂਦਾ ਹੈ।

**ਨੇਤ੍ਰ ਸੰਤੋਖ ਏਕ ਲਿਵਤਾਰਾ ॥ ਜਿਹਵਾ ਸੂਚੀ ਹਰਿ ਰਸ ਸਾਰਾ ॥ ੨ ॥**

ਇਕ ਪ੍ਰਮੇਸ਼ਰ ਨਾਲ ਤੇਲ ਦੀ ਤਾਰ ਵਾਂਗ ਲਗਾਤਾਰ ਪ੍ਰੀਤੀ ਲਾਉਣ ਨਾਲ ਨੇਤ੍ਰਾਂ ਨੂੰ ਸੰਤੋਖ ਆ ਜਾਂਦਾ ਹੈ ਭਾਵ ਪ੍ਰਸੰਨ ਹੁੰਦੇ ਹਨ। ਜਦੋਂ ਪ੍ਰਮੇਸ਼ਰ ਦਾ ਨਾਮ ਰਸ ਸਾਰਾ = ਬੜਾ ਚੰਗਾ ਪਾਇਆ ਤੇ ਤਾਂ ਜ਼ੀਭ ਪਵਿੱਤ੍ਰ ਹੋ ਗਈ।

**ਸਚੁ ਕਰਣੀ ਅਭ ਅੰਤਰਿ ਸੇਵਾ ॥ ਮਨੁ ਤ੍ਰਿਪਤਾਸਿਆ ਅਲਖ ਅਭੇਵਾ ॥ ੩ ॥**

ਏਹੋ ਹੀ ਸੱਚੀ ਕਰਣੀ ਹੈ ਜੇਹੜਾ ਪ੍ਰਮੇਸ਼ਰ ਨੂੰ ਦਿਲ ਅੰਦਰ ਜਾਣਕੇ ਉਸਦੀ ਸੇਵਾ = ਭਗਤੀ ਕਰਨੀ ਹੈ। ਅਲੱਖ ਅਭੇਵਾ ਪ੍ਰਮੇਸ਼ਰ ਨੂੰ ਅੰਦਰ ਹੀ ਲੱਭਕੇ ਮਨ ਰੱਜ ਗਿਆ ਹੈ।

**ਜਹ ਜਹ ਦੇਖਉ ਤਹ ਤਹ ਸਾਚਾ ॥ ਬਿਨੁ ਬੂਝੇ ਝਗਰਤ ਜਗੁ ਕਾਚਾ ॥ ੪ ॥**

ਮੈਂ ਜਿਥੇ ੨ ਵੇਖਦਾ ਹਾਂ, ਓਥੇ ੨ ਹਰ ਥਾਂ ਪ੍ਰਮੇਸ਼ਰ ਹੈ। ਬਿਨਾਂ ਸਮਝਿਆਂ ਕੱਚਾ = ਅਗਜ਼ਾਨੀ ਜਗਤ ਵਿਚ ਆਪਦੇ ਖਿਆਲਾਂ ਦੇ ਜਾਂ ਅਨੇਕਾਂ ਮਤਿਆਂ ਦੇ ਝਗੜੇ ਕਰਦਾ ਹੈ।

**ਗੁਰੁ ਸਮਝਾਵੈ ਸੋਝੀ ਹੋਈ ॥ ਗੁਰਮੁਖਿ ਵਿਰਲਾ ਬੂਝੈ ਕੋਈ ॥ ੫ ॥**

ਜਿਸ ਨੂੰ ਗੁਰੂ ਸਮਝਾਉਂਦਾ ਹੈ, ਉਸਨੂੰ ਸਮਝ ਹੋਈ ਹੈ। ਪਰ ਕਿਸੇ ਵਿਰਲੇ ਹੀ ਗੁਰਮੁਖ ਆਦਮੀ ਨੂੰ ਸਮਝ ਹੋਈ ਹੈ।

Digitized by Panjab Digital Library | www.panjabdigilib.org

**ਕਰਿ ਕਿਰਪਾ ਰਾਖਹੁ ਰਖਵਾਲੇ ॥ ਬਿਨੁ ਬੂਝੇ ਪਸੂ ਭਏ ਬੇਤਾਲੇ ॥ ੬ ॥**

ਇਸ ਲਈ ਮੈਂ ਤਾਂ ਇੱਕ ਬੇਨਤੀ ਕਰਦਾ ਹਾਂ ਕਿ ਹੇ ਸਾਰਿਆਂ ਦੀ ਰਖਿਆ ਕਰਨ ਵਾਲਿਆ ਪ੍ਰਮੇਸ਼ਰਾ! ਆਪਣੀ ਕਿਰਪਾ ਕਰਕੇ ਮੈਨੂੰ ਵਾ ਰਖ ਲੈ। ਕਿਉਂਕਿ ਤੇਰੇ ਸਮਝਿਆਂ ਬਿਨਾਂ ਆਦਮੀ ਪਸ਼ੂ ਅਤੇ ਭੂਤ ਵਾਂਗ ਬਣੇ ਹੋਏ ਹਨ।

**ਗੁਰਿ ਕਹਿਆ ਅਵਰੁ ਨਹੀ ਦੂਜਾ ॥ ਕਿਸੁ ਕਹੁ ਦੇਖਿ ਕਰਉ ਅਨਪੂਜਾ ॥ ੭ ॥**

ਹੇ ਸਿਧੋ! ਮੈਨੂੰ ਗੁਰਾਂ ਨੇ ਇਕੁਰ ਦੱਸਿਆ ਹੈ ਕਿ ਪ੍ਰਮੇਸ਼ਰ ਤੋਂ ਬਿਨਾਂ ਹੋਰ ਕੋਈ ਦੂਸਰਾ ਨਹੀਂ ਹੈ। ਇਸ ਲਈ ਮੈਂ ਕਿਸ ਨੂੰ ਵੇਖਕੇ ਅਨ = ਹੋਰ ਦੀ ਪੂਜਾ ਕਰਾਂ ਭਾਵ ਪ੍ਰਮੇਸ਼ਰ ਬਿਨਾਂ ਨ ਕਿਸੇ ਨੂੰ ਵੇਖਦਾ ਤੇ ਨਾ ਕਿਸੇ ਦੀ ਪੂਜਾ ਕਰਦਾ ਹਾਂ।

**ਸੰਤ ਹੇਤਿ ਪ੍ਰਭਿ ਤ੍ਰਿਭਵਣ ਧਾਰੇ ॥ ਆਤਮੁ ਚੀਨੈ ਸੁ ਤਤੁ ਬੀਚਾਰੇ ॥ ੮ ॥**

ਸੰਤਾਂ ਦੇ ਵਾਸਤੇ ਮਾਲਕ ਨੇ ਤਿੰਨਾਂ ਲੋਕਾਂ ਵਿੱਚ ਅਵਤਾਰ ਧਾਰੇ ਹਨ, ਜਾਂ ਤਿੰਨੇ ਹੀ ਲੋਕ ਬਨਾਏ ਹਨ ਕਿ ਸੰਤ ਹੀ ਏਥੇ ਰਹਿਣ ਜਾਂ ਜਿਸ ਨੇ ਤਿੰਨੇ ਲੋਕ ਬਣਾਏ ਹਨ, ਉਸਨਾਲ ਸੰਤਾਂ ਦਾ ਪਿਆਰ ਹੈ। ਓਹ ਇੱਕੁਰ ਦੇ ਸੰਤ ਸੱਚ ਝੂਠਦਾ ਵਿਚਾਰ ਕਰਦੇ ਹੋਏ ਆਪਣੇ ਆਤਮਾ ਨੂੰ ਜਾਣਦੇ ਹਨ। ਭਾਵ ਸਾਡੇ ਅੰਦਰ ਵਾਹਿਗੁਰੂ ਹੈ।

**ਸਾਚੁ ਰਿਦੈ ਸਚੁ ਪ੍ਰੇਮ ਨਿਵਾਸ ॥ ਪ੍ਰਣਵਤਿ ਨਾਨਕ ਹਮ ਤਾਕੇ ਦਾਸ ॥ ੯ ॥ ੮ ॥**

ਜਿਨ੍ਹਾਂ ਦੇ ਰਿਦੇ ਵਿੱਚ ਸੱਚਾ ਨਾਮ ਹੈ ਅਤੇ ਸੱਚਾ ਪ੍ਰੇਮ ਹੈ ਜਾਂ ਸੱਚੇ ਪ੍ਰੇਮ ਵਿਚ ਵਾਸਾ ਹੈ। ਗੁਰੂ ਜੀ ਆਖਦੇ ਹਨ ਅਸੀਂ ਓਹਨਾਂ ਦੇ ਦਾਸ ਹਾਂ।

## ਗਉੜੀ ਮਹਲਾ ੧ ॥

**ਬ੍ਰਹਮੈ ਗਰਬੁ ਕੀਆ ਨਹੀ ਜਾਨਿਆ ॥ ਬੇਦ ਕੀ ਬਿਪਤਿ ਪੜੀ ਪਛੁਤਾਨਿਆ ॥ ਜਹ ਪ੍ਰਭ ਸਿਮਰੇ ਤਹੀ ਮਨੁ ਮਾਨਿਆ ॥ ੧ ॥**

Digitized by Panjab Digital Library | www.panjabdigilib.org

ਬ੍ਰਹਮਾ ਨੇ ਹੰਕਾਰ ਕੀਤਾ। ਆਪਣੇ ਪੈਦਾ ਕਰਨ ਵਾਲੇ ਪ੍ਰਮੇਸ਼ਰ ਨੂੰ ਨਹੀਂ ਜਾਣਿਆ। ਜਦੋਂ ਮੂੰਹ ਤੇ ਵੇਦ ਡਿੱਗ ਪਏ ਅਤੇ ਦੈਂਤ ਲੈ ਗਿਆ ਤਦੋਂ ਇਹ ਵੇਦਾਂ ਦੇ ਗਵਾਚਣ ਦੀ ਉਸਨੂੰ ਬਿਪਤਾ ਆ ਪਈ ਤਾਂ ਬੜਾ ਪਛ-ਤਾਇਆ। ਜਦੋਂ ਫਿਰ ਬ੍ਰਹਮਾ ਨੇ ਮਾਲਕ ਨੂੰ ਯਾਦ ਕੀਤਾ ਤੇ ਤਾਂ ਮਨ ਮੰਨਿਆ, ਭਾਵ ਪ੍ਰਸੰਨ ਹੋਇਆ।

**ਐਸਾ ਗਰਬੁ ਬੁਰਾ ਸੰਸਾਰੇ ॥ ਜਿਸੁ ਗੁਰੁ ਮਿਲੈ ਤਿਸੁ ਗਰਬੁ ਨਿਵਾਰੇ ॥ ੧ ॥ ਰਹਾਉ ॥**

ਹੇ ਸਿੱਧੋ! ਜਿਸਤਰਾਂ ਦਾ ਅੱਗੇ ਸ਼ਬਦ ਵਿਚ ਆਖਾਂਗੇ ਸੰਸਾਰ ਵਿਚ ਇੱਕੁਰ ਦਾ ਹੰਕਾਰ ਕਰਨਾ ਬੁਰਾ ਹੈ। ਜਿਸਨੂੰ ਗੁਰੂ ਜੀ ਮਿਲਦੇ ਹਨ, ਉਸਦਾ ਹੰਕਾਰ ਦੂਰ ਕਰ ਦੇਂਦੇ ਹਨ।

**ਬਲਿ ਰਾਜਾ ਮਾਇਆ ਅਹੰਕਾਰੀ ॥ ਜਗਨ ਕਰੈ ਬਹੁ ਭਾਰ ਅਫਾਰੀ ॥ ਬਿਨੁ ਗੁਰ ਪੂਛੇ ਜਾਇ ਪਇਆਰੀ ॥ ੨ ॥**

ਬਲਰਾਜਾ ਮਾਇਆ ਕਰਕੇ ਹੰਕਾਰ ਨੂੰ ਧਾਰਦਾ ਸੀ। ਬਹੁਤ ਸਾਰੀਆਂ ਸਮੱਗਰੀਆਂ ਦੇ ਭਾਰਾਂ ਦੇ ਭਾਵ ਪੰਡਾਂ ਚੁੱਕਕੇ ਜਗਨ = ਜਗਾਂ ਨੂੰ ਕਰਦਾ ਸੀ ਅਤੇ ਅਫਾਰੀ = ਅਮੋੜ ਹੋਇਆ ੨ ਸੀ। ਜੇਹੜਾ ਸ਼ੁੱਕਰ ਪਰੋਹਤ ਗੁਰੂ ਦੇ ਪੁਛਿਆਂ ਬਿਨਾ ਬਾਵਨ ਭਗਵਾਨ ਨੂੰ ਦਾਨ ਦਿਤਾ ਸੀ ਉਸ ਕਰਕੇ ਪਇਆਰੀ = ਪਤਾਲ ਨੂੰ ਜਾਂਦਾ ਰਿਹਾ ਸੀ, ਭਾਵ ਗਿਆ ਸੀ

**ਹਰੀ ਚੰਦੁ ਦਾਨੁ ਕਰੈ ਜਸੁ ਲੇਵੈ ॥ ਬਿਨੁ ਗੁਰ ਅੰਤੁ ਨ ਪਾਇ ਅਭੇਵੈ ॥ ਆਪਿ ਭੁਲਾਇ ਆਪੇ ਮਤਿ ਦੇਵੈ ॥ ੩ ॥**

ਰਾਜਾ ਹਰੀ ਚੰਦ ਦਾਨ ਕਰਦਾ ਤੇ ਜਸ ਲੈਂਦਾ ਸੀ। ਸੋ ਗੁਰਾਂ ਦੀ ਕਿਰਪਾ ਬਿਨਾ ਬਿਪਤਾ ਨੂੰ ਪਾਇਆ ਅਤੇ ਉਸ ਅਭੇਵ ਪ੍ਰਮੇਸ਼ਰ ਦਾ ਅੰਤ ਜਾਂ ਭੇਦ ਨ ਪਾਇਆ। ਓਹ ਪ੍ਰਮੇਸ਼ਰ ਆਪ ਹੀ ਜੀਵਾਂ ਨੂੰ ਭੁਲਾਉਂਦਾ ਹੈ ਅਤੇ ਫਿਰ ਆਪ ਹੀ ਸਿੱਖਿਆ ਦੇਂਦਾ ਹੈ।

**ਦੁਰਮਤਿ ਹਰਣਾਖਸੁ ਦੁਰਾਚਾਰੀ ॥ ਪ੍ਰਭੁ ਨਾਰਾਇਣੁ ਗਰਬ ਪ੍ਰਹਾਰੀ ॥ ਪ੍ਰਹਲਾਦ ਉਧਾਰੇ ਕਿਰਪਾ ਧਾਰੀ ॥ ੪ ॥**

ਹਰਨਾਖਸ ਬੜੀ ਖੋਟੀ ਅਕਲ ਵਾਲਾ ਅਤੇ ਦੁਰਾਚਾਰੀ ਸੀ, ਜੇਹੜਾ

Digitized by Panjab Digital Library | www.panjabdigilib.org

ਮਾਲਕ ਹੰਕਾਰ ਦੇ ਨਾਸ ਕਰਨ ਵਾਲਾ ਹੈ, ਉਸਨੇ ਆਪਣੀ ਕਿਰਪਾ ਕਰਕੇ ਆਪਣੇ ਭਗਤ ਪ੍ਰਹਿਲਾਦ ਨੂੰ ਬਚਾ ਲਿਆ ਹੈ।

**ਭੂਲੋ ਰਾਵਣੁ ਮੁਗਧੁ ਅਚੇਤਿ ॥ ਲੂਟੀ ਲੰਕਾ ਸੀਸ ਸਮੇਤਿ ॥ ਗਰਬਿ ਗਇਆ ਬਿਨੁ ਸਤਿਗੁਰ ਹੇਤਿ ॥**

ਬਹੁਤ ਮੂਰਖ ਰਾਵਣ ਜਦੋਂ ਹੰਕਾਰ ਕਰਕੇ ਪ੍ਰਮੇਸ਼ਰ ਨੂੰ ਭੁਲਾ ਬੈਠਾ ਤਦੋਂ ਦਸਾਂ ਸਿਰਾਂ ਦੇ ਸਮੇਤ ਉਸਦੀ ਲੰਕਾ ਰਾਮਚੰਦ ਜੀ ਦੇ ਫੌਜੀਆਂ ਨੇ ਲੁੱਟ ਲਈ। ਜੇਹੜੇ ਉਸਦੇ ਸਤਿਗੁਰੂ ਸ਼ਿਵਜੀ ਮਹਾਰਾਜ ਸੀ,ਉਹਨਾਂ ਨਾਲ ਪ੍ਰੇਮ ਕੀਤਿਆਂ ਬਿਨਾ ਓਹ ਰਾਵਨ ਹੰਕਾਰੀ ਹੋ ਗਿਆ ਸੀ, ਹੰਕਾਰ ਕਰਕੇ ਸ਼ਿਵਾਂ ਦੇ ਘਰ ਕੈਲਾਸ ਨੂੰ ਢੁੱਕ ਲਿਆ ਸੀ, ਇਸ ਲਈ ਉਸਦਾ ਨਾਸ ਹੋਇਆ।

**ਸਹਸ ਬਾਹੁ ਮਧੁ ਕੀਟ ਮਹਿਖਾਸਾ ॥ ਹਰਣਾਖਸੁ ਲੇ ਨਖਹੁ ਬਿਧਾਸਾ ॥ ਦੈਤ ਸੰਘਾਰੇ ਬਿਨੁ ਭਗਤਿ ਅਭਿਆਸਾ ॥ ੬ ॥**

ਸਹਸ ਬਾਹੂ = ਹਜ਼ਾਰਾਂ ਬਾਹਾਂ ਵਾਲਾ ਅਰਜਨ। ਕੀਟ = ਕੈਟਭ ਦੈਂਤ।
ਮਹਿਖਾਸਾ = ਝੋਟੇ ਦੇ ਸਿਰ ਵਾਲਾ ਦੈਂਤ। ਨਖਹਿ = ਨਹੁੰਆਂ ॥
ਬਿਧਾਸਾ = ਮਾਰਿਆ ॥

ਹਜ਼ਾਰਾਂ ਬਾਹਾਂ ਵਾਲਾ ਅਰਜਨ, ਮਧੂ ਦੈਂਤ, ਕੈਟਭ ਦੈਂਤ, ਝੋਟੇ ਦੇ ਸਿਰ ਵਾਲਾ ਦੈਂਤ, ਇਹ ਸਾਰੇ ਦੈਂਤ ਹੰਕਾਰ ਕਰਕੇ ਨਾਸ ਹੋਏ। ਜਦੋਂ ਹਰਣਾਖਸ ਦੈਂਤ ਨੇ ਹੰਕਾਰ ਕੀਤਾ ਤਾਂ ਪ੍ਰਮੇਸ਼ਰ ਨੇ ਉਸ ਨੂੰ ਫੜ ਲਿਆ ਤੇ ਨਹੁੰਆਂ ਨਾਲ ਉਸਦਾ ਨਾਸ਼ ਕੀਤਾ। ਇੱਕਰ ਹੀ ਭਗਤੀ ਦੇ ਅਭਿਆਸ ਤੋਂ ਬਿਨਾ ਸਮਝਕੇ ਪ੍ਰਮੇਸ਼ਰ ਨੇ ਸਾਰੇ ਦੈਂਤ ਸੰਘਾਰੇ = ਮਾਰੇ।

**ਜਰਾਸੰਧਿ ਕਾਲ ਜਮੁਨ ਸੰਘਾਰੇ ॥ ਰਕਤ ਬੀਜੁ ਕਾਲੁ ਨੇਮੁ ਬਿਦਾਰੇ ॥ ਦੈਤ ਸੰਘਾਰਿ ਸੰਤ ਨਿਸਤਾਰੇ ॥ ੭ ॥**

ਜਰਾ ਸਿੰਧ ਤੇ ਕਾਲਜਮਨ ਨੂੰ ਹੰਕਾਰ ਨੇ ਮਾਰਿਆ ਭਾਵ ਹੰਕਾਰ ਕਰਕੇ ਮਰ ਗਏ। ਜਿਸਦੇ ਲਹੂ ਦੀ ਛਿੱਟ ਤੋਂ ਇਕ ਦੈਂਤ ਹੋਰ ਬਣ ਜਾਂਦਾ ਸੀ, ਇੱਕੁਰ ਦਾ ਦੈਂਤ ਵੀ ਮਾਰਿਆ ਗਿਆ ਅਤੇ ਕਾਲ ਨੇਮ ਵੀ ਮਾਰਿਆ ਗਿਆ। ਪ੍ਰਮੇਸ਼ਰ ਨੇ ਦੈਂਤਾਂ ਨੂੰ ਮਾਰਕੇ ਸੰਤਾਂ ਨੂੰ ਤਾਰਿਆ ਹੈ।

**ਆਪੇ ਸਤਿਗੁਰੁ ਸਬਦੁ ਬੀਚਾਰੇ ॥ ਦੂਜੈ ਭਾਇ ਦੈਤ ਸੰਘਾਰੇ ॥ ਗੁਰਮੁਖਿ ਸਾਚਿ ਭਗਤਿ ਨਿਸਤਾਰੇ ॥ ੮ ॥**

Digitized by Panjab Digital Library | www.panjabdigilib.org

ਪ੍ਰਮੇਸ਼ਰ ਆਪ ਹੀ ਸਤਿਗੁਰਾਂ ਦੇ ਦੁਆਰੇ ਹੋਕੇ ਉਪਦੇਸ਼ ਦਾ ਵਿਚਾਰ ਕਰਦਾ ਹੈ। ਇਸ ਲਈ ਦ੍ਵੈਤ ਭਾਵਣਾ ਕਰਕੇ ਦੈਂਤਾਂ ਨੂੰ ਮਾਰਿਆ ਹੈ।

ਸੱਚੀ ਭਗਤੀ ਕਰਨ ਨਾਲ ਗੁਰਮੁਖਾਂ ਦਾ ਨਿਸਤਾਰਾ ਕੀਤਾ ਭਾਵ ਤਾਰਿਆ ਹੈ।

**ਬੂਡਾ ਦੁਰਜੋਧਨੁ ਪਤਿ ਖੋਈ॥ ਰਾਮੁ ਨ ਜਾਨਿਆ ਕਰਤਾ ਸੋਈ॥ ਜਨ ਕਉ ਦੂਖਿ ਪਚੈ ਦੁਖੁ ਹੋਈ॥ ੯॥**

ਦੁਰਜੋਧਨ ਨੇ ਹੰਕਾਰ ਵਿੱਚ ਡੁਬਕੇ ਅਪਣੀ ਇੱਜ਼ਤ ਗਵਾ ਲਈ।

ਕ੍ਰਿਸ਼ਨ ਮਹਾਰਾਜ ਜੀ ਨੇ ਰਾਮ = ਸਾਰਿਆਂ ਵਿੱਚ ਰਮਿਆ ਹੋਇਆ ਤੇ ਸਾਰਿਆਂ ਦਾ ਕਰਤਾ ਨਹੀਂ ਜਾਣਿਆ ਹੈ ਕਿ ਇਹ ਓਹੋ ਹੀ ਕਰਤਾ ਹੈ, ਇਸ ਲਈ ਜੇਹੜਾ ਪ੍ਰਮੇਸ਼ਰ ਦੇ ਭਗਤਾਂ ਨੂੰ ਦੁਖ ਦੇਂਦਾ ਹੈ, ਓਹ ਓਸੇ ਕਰਕੇ ਪਚੇ = ਮਰ ਜਾਂਦਾ ਹੈ,ਉਸਨੂੰ ਇਹ ਦੁਖ ਦੀ ਸੜਨਤਾ ਬਹੁਤ ਦੁਖ ਦੇਂਦੀਹੈ।

**ਜਨਮੇਜੈ ਗੁਰ ਸਬਦੁ ਨ ਜਾਨਿਆ॥ ਕਿਉ ਸੁਖੁ ਪਾਵੈ ਭਰਮਿ ਭੁਲਾਨਿਆ॥ ਇਕੁ ਤਿਲੁ ਭੂਲੇ ਬਹੁਰਿ ਪਛੁਤਾਨਿਆ॥ ੧੦॥**

ਰਾਜਾ ਜਨਮੇਜਾ ਨੂੰ ਜੇਹੜਾ ਅਗੋਂ ਆਉਣ ਵਾਲਾ ਸਮਾ ਬ੍ਰਾਹਮਣਾਂ ਨੂੰ ਮਾਰਨ ਵਾਲਾ ਬਿਆਸ ਨੇ ਆਖਿਆ ਸੀ ਜਾਂ ਕਥਾ ਸੁਣਨ ਲੱਗਿਆਂ ਭੀਮਸੈਨ ਦੇ ਹਾਥੀ ਚਲਾਏ ਹੋਏ ਅਕਾਸ ਵਿਚ ਫਿਰਦੇ ਹਨ, ਓਹਨਾਂ ਨੂੰ ਨ ਮੰਨਣਾ ਭੁੱਲ ਗਿਆ ਸੀ, ਸੱਚਾ ਕਰਕੇ ਨ ਜਾਣਿਆ, ਇਸ ਲਈ ਬਹੁਤ ਹੀ ਦੁਖ ਨੂੰ ਪਾਇਆ। ਸੁਖ ਨੂੰ ਕਿਸਤਰ੍ਹਾਂ ਪਾਉਂਦਾ ? ਭਰਮ ਵਿੱਚ ਭੁੱਲਾ ਹੋਇਆ ਸੀ, ਵੈਸੰ ਪਾਇਨ ਦੇ ਆਖਣ ਨੂੰ ਭੁਲਕੇ ਇਕ ਤਿਲ ਜਿੰਨਾ ਵੀ ਸੁਖ ਨਹੀਂ ਪਾਇਆ ਹੈ, ਸਗੋਂ ਫਿਰ ਬਹੁਤ ਪਛਤਾਇਆ।

**ਕੰਸੁ ਕੇਸੁ ਚਾਂਡੂਰੁ ਨ ਕੋਈ॥ ਰਾਮੁ ਨ ਚੀਨਿਆ ਅਪਨੀ ਪਤਿ ਖੋਈ॥ ਬਿਨੁ ਜਗਦੀਸ ਨ ਰਾਖੈ ਕੋਈ॥੧੧॥**

ਕੰਸ ਨੂੰ ਕੇਸ਼ਾਂ ਤੋਂ ਫੜਕੇ ਜਾਂ ਕੰਸ ਅਤੇ ਕੇਸੀ ਦੈਂਤ ਨੂੰ ਅਤੇ ਚੰਡੂਰ ਭਲਵਾਨ ਮਾਰਿਆ, ਨ ਕੋਈ = ਜਿਸ ਦੇ ਬਰਾਬਰ ਹੋਰ ਕੋਈ ਵੀ ਬਲੀ ਨਹੀਂ ਸੀ ਓਹਨਾਂ ਦੈਂਤਾਂ ਨੇ ਰਾਮ = ਬਲਭੱਦ੍ਰ ਕ੍ਰਿਸ਼ਨ ਜੀ ਨੂੰ ਪ੍ਰਮੇਸ਼ਰ ਰੂਪ ਨਹੀਂ ਸਮਝਿਆ ਸੀ, ਇਸ ਲਈ ਆਪਣੀ ਇੱਜ਼ਤ ਖੋਹ ਲਈ ਸਾਨੇ ।

ਇਸ ਲਈ ਬਿਨਾਂ ਪ੍ਰਮੇਸ਼ਰ ਦੇ ਹੋਰ ਕੋਈ ਵੀ ਰੱਖਿਆ ਨਹੀਂ ਕਰ ਸਕਦਾ ਹੈ।

Digitized by Panjab Digital Library | www.panjabdigilib.org

ਬਿਨੁ ਗੁਰ ਗਰਬੁ ਨ ਮੇਟਿਆ ਜਾਇ ॥ ਗੁਰਮਤਿ ਧਰਮੁ ਧੀਰਜੁ ਹਰਿ ਨਾਇ ॥ ਨ ਨਕ ਨਾਮੁ ਮਿਲੈ ਗੁਣ ਗਾਇ ॥ ੧੨ ॥ ੯ ॥

ਗੁਰਾਂ ਤੋਂ ਬਿਨਾਂ ਹੰਕਾਰ ਨਹੀ ਮੇਟਿਆ ਜਾਂਦਾ ਹੈ, ਇਸ ਲਈ ਗੁਰਾਂ ਦੀ ਸਿਖਿਆ ਨਾਲ ਧਰਮ, ਧੀਰਜ, ਹਰਨਾਮ ਮਿਲਦਾ ਹੈ। ਗੁਰੂ ਜੀ- ਜਦੋਂ ਪ੍ਰਮੇਸ਼ਰ ਦਾ ਨਾਮ ਮਿਲ ਜਾਂਦਾ ਹੈ ਤਾਂ ਪ੍ਰਮੇਸ਼ਰਦੇ ਗੁਣ ਗਾਉਣ ਨਾਲ ਹੰਕਾਰ ਜਾਂਦਾ ਹੈ ਤੇ ਤਾਂ ਸੁਖ ਪਾਈਦਾ ਹੈ।

## ਗਉੜੀ ਮਹਲਾ ੧ ॥

ਚੋਆ ਚੰਦਨੁ ਅੰਕਿ ਚੜਾਵਉ ॥ ਪਾਟ ਪਟੰਬਰ ਪਹਿਰਿ ਹਢਾਵਉ॥ਬਿਨੁ ਹਰਿ ਨਾਮ ਕਹਾ ਸੁਖੁ ਪਾਵਉ॥੧॥

ਚੋਆ ਚੰਦਨ ਆਦਕ ਸੁਗੰਧੀਆਂ ਨੂੰ ਸਰੀਰ ਦੇ ਅੰਗਾਂ ਉਤੇ ਚੜ੍ਹਾਵਾਂ, ਭਾਵ ਮਲਾਂ। ਸਾਦਿਆਂ ਕਪੜਿਆਂ ਨੂੰ ਪਾਕੇ ਹੰਢਾਵਾਂ ਅਤੇ ਰੇਸ਼ਮ ਦੇ ਕਪੜਿਆਂ ਨੂੰ ਕਦੀ ਨ ਪਾਵਾਂ। ਫਿਰ ਵੀ ਪ੍ਰਮੇਸ਼ਰ ਦੇ ਨਾਮ ਤੋਂ ਬਿਨਾਂ ਕਿਸ ਤਰਾਂ ਸੁਖ ਨੂੰ ਪਾਵਾਂ ਭਾਵ ਸਾਰੇ ਪਦਾਰਥ ਨਾਮ ਦੇ ਜਪਿਆਂ ਬਿਨਾਂ ਦੁਖ ਦੇਣ ਵਾਲੇ ਹਨ।

ਕਿਆ ਪਹਿਰਉ ਕਿਆ ਓਢਿ ਦਿਖਾਵਉ ॥ ਬਿਨੁ ਜਗਦੀਸ ਕਹਾ ਸੁਖੁ ਪਾਵਉ ॥ ੧ ॥ ਰਹਾਉ ॥

ਕੀ ਗਹਿਣਿਆਂ ਨੂੰ ਪਾਵਾਂ ਤੇ ਕੀ ਸੁੰਦਰ ਕਪੜਿਆਂ ਨੂੰ ਉਤੇ ਲੈਕੇ ਦਿਖਾਵਾਂ। ਜਗਤ ਦੇ ਮਾਲਕਤੋਂ ਬਿਨਾਂ ਕਿੱਥੇ ਜਾਂ ਕੀ ਸੁਖ ਪਾਵਾਂਗਾ?

ਕਾਨੀ ਕੁੰਡਲ ਗਲਿ ਮੋਤੀਅਨ ਕੀ ਮਾਲਾ ॥ ਲਾਲ ਨਿਹਾਲੀ ਫੂਲ ਗੁਲਾਲਾ ॥ ਬਿਨੁ ਜਗਦੀਸ ਕਹਾ ਸੁਖੁ ਭਾਲਾ ॥ ੨ ॥

ਕੰਨਾਂ ਵਿਚ ਕੁੰਡਲ ਗਲ ਵਿੱਚ ਮੋਤੀਆਂ ਦੀ ਮਾਲਾ ਪਾਵਾਂ। ਸੇਜ ਉਤੇ ਲਾਲ ਰੰਗ ਦੀ ਨਿਹਾਲੀ = ਤੁਲਾਈ ਵਿਛਾਵਾਂ ਅਤੇ ਗੁਲਾਬ ਆਦਕ ਦੇ ਫੁੱਲਾਂ ਨੂੰ ਵਿਛਾਵਾਂ, ਪਰ ਪ੍ਰਮੇਸ਼ਰ ਤੋਂ ਬਿਨਾਂ ਕਿਥੋਂ ਸੁਖਾਂ ਨੂੰ ਲੱਭਾਂ।

ਨੈਨ ਸਲੋਨੀ ਸੁੰਦਰ ਨਾਰੀ ॥ ਖੋੜ ਸੀਗਾਰ ਕਰੈ ਅਤਿ ਪਿਆਰੀ॥ਬਿਨੁ ਜਗਦੀਸ ਭਜੇ ਨਿਤ ਖੁਆਰੀ ॥੩॥

Digitized by Panjab Digital Library | www.panjabdigilib.org

ਸੁੰਦਰ ਅੱਖਾਂ ਵਾਲੀ ਬਹੁਤ ਸੁੰਦਰ ਇਸਤ੍ਰੀ ਘਰ ਵਿਚ ਹੈ, ਬਹੁਤ ਹੀ ਪਿਆਰ ਨਾਲ ਸੋਲਾਂ ਸ਼ਿੰਗਾਰ ਕਰਦੀ ਹੈ, ਪਰ ਪ੍ਰਮੇਸ਼ਰ ਦੇ ਭਜਨ ਤੋਂ ਬਿਨਾਂ ਰੋਜ਼ ਹੀ ਖੁਆਰ ਹੁੰਦੀ ਹੈ। ਭਜੈ = ਦੌੜਦੀ ਜਾਂਦੀ ਭਾਵ ਬਿਨਾਂ ਭਜਨ ਤੋਂ।

**ਦਰ ਘਰ ਮਹਲਾ ਸੇਜ ਸੁਖਾਲੀ ॥ ਅਹਿਨਿਸਿ ਫੂਲ ਬਿਛਾਵੈ ਮਾਲੀ ॥ ਬਿਨੁ ਹਰਿ ਨਾਮ ਸੁ ਦੇਹ ਦੁਖਾਲੀ ॥ ੪ ॥**

ਘਰ ਦੇ ਦਰ = ਅੰਦਰ ਮਹਿਲ ਇਸਤ੍ਰੀਆਂ ਜੋ ਬਹੁਤ ਸੁੰਦਰ ਹਨ, ਸੁਖਾਂ ਵਾਲੀਆਂ ਸੇਜਾਂ ਨੂੰ ਬਿਛਾਕੇ ਬੈਠਦੀਆਂ ਹਨ। ਰਾਤ ਦਿਨ ਮਾਲੀ ਫੁੱਲਾਂ ਦੇ ਵਿਛਾਉਣੇ ਕਰਦਾ ਹੈ,ਪਰ ਪ੍ਰਮੇਸ਼ਰ ਦੇ ਨਾਮ ਤੋਂ ਬਿਨਾਂ ਦੇਹ ਬਹੁਤ ਹੀ ਦੁੱਖਾਂ ਵਾਲੀ ਹੁੰਦੀ ਹੈ।

**ਹੈਵਰ ਗੈਵਰ ਨੇਜੇ ਵਾਜੇ ॥ ਲਸਕਰ ਨੇਬ ਖਵਾਸੀ ਪਾਜੇ ॥ ਬਿਨੁ ਜਗਦੀਸ ਝੂਠੇ ਦਿਵਾਜੇ ॥ ੫ ॥**

ਚੰਗੇ ੨ ਘੋੜੇ ਚੰਗੇ ੨ ਹਾਥੀ ਨੇਜੇ ਝੂਲਦੇ ਅਤੇ ਸੁੰਦਰ ਵਾਜੇ ਵੱਜਦੇ। ਫੌਜ, ਚੋਬਦਾਰ,ਖੜੋਤੇ ਹਨ। ਖਵਾਸੀ = ਨੌਕਰ ਚੋਰੀ ਕਰਨ ਵਾਲੇ ਵੀ ਪਾਸ ਹਨ। ਪਾਜੇ = ਦਾਸ ਵੀ ਹਨ ਜਾਂ ਉੱਪਰ ਦੱਸੇ ਸਾਰੇ ਹੀ ਪਖੰਡ ਹਨ। ਪ੍ਰਮੇਸਰ ਦੇ ਨਾਮ ਤੋਂ ਬਿਨਾ ਉਪਰ ਦੱਸੇ ਸਾਰੇ ਹੀ ਝੂਠੇ ਦਾਵੇ ਜਾਂ ਵਿਖਾਵੇ ਹਨ।

**ਸਿਧੁ ਕਹਾਵਉ ਰਿਧਿ ਸਿਧਿ ਬੁਲਾਵਉ ॥ ਤਾਜ ਕੁਲਹਿ ਸਿਰਿ ਛਤ੍ਰੁ ਬਨਾਵਉ ॥ ਬਿਨੁ ਜਗਦੀਸ ਕਹਾ ਸਚੁ ਪਾਵਉ ॥ ੬ ॥**

ਭਾਵੇਂ ਮੈਂ ਸਿੱਧ ਕਹਾਵਾਂ, ਰਿੱਧੀਆਂ ਸਿੱਧੀਆਂ ਨੂੰ ਪਾਸ ਬੁਲਾ ਲਵਾਂ ਭਾਵ ਲੋਕਾਂ ਨੂੰ ਤਮਾਸ਼ੇ ਵਿਖਾਕੇ ਵੱਸ ਕਰਾਂ, ਸਿਰਦੇ ਉਤੇ ਤਾਜ ਕੁਲਹ = ਪਾਤਸ਼ਾਹੀ ਟੋਪੀ ਰੱਖਾਂ ਜਾਂ ਮੁਕਟ ਤੇ ਟੋਪੀ ਅਤੇ ਛੱਤ੍ਰ ਫਿਰਾਵਾਂ,ਪਰ ਪ੍ਰਮੇਸਰ ਦੇ ਨਾਮ ਤੋਂ ਬਿਨਾ ਕਿਥੋਂ ਸੱਚ = ਸੁਖ ਪਾਵਾਂ।

**ਖਾਨੁ ਮਲੂਕੁ ਕਹਾਵਉ ਰਾਜਾ ॥ ਅਬੇ ਤਬੇ ਕੂੜੇ ਹੈ ਪਾਜਾ ॥ ਬਿਨੁ ਗੁਰ ਸਬਦ ਨ ਸਵਰਸਿ ਕਾਜਾ ॥੭॥**

ਥੋੜਿਆਂ ਜਿਹਾਂ ਪਿੰਡਾਂ ਦਾ ਮਾਲਕ ਖ਼ਾਨ ਅਤੇ ਰਾਜਾ ਖ਼ਾਨ ਤੋਂ

Digitized by Panjab Digital Library | www.panjabdigilib.org

ਵੱਡਾ ਅਤੇ ਮਲੂਕ = ਮੁਲਕ ਦਾ ਬਾਦਸ਼ਾਹ ਕਹਾਵਾਂ। ਇੱਕੁਰ ਦੇ ਹੁਕਮ ਕਰਾਂ ਕਿ ਅਬੇ = ਅਰੇ ਮੂਰਖ ਓਸੇ ਵੇਲੇ ਤੂੰ ਛੇਤੀ ਨਾਲ ਕਿਉਂ ਨਹੀਂ ਆਇਆ ਜਦੋਂ ਮੈਂ ਸੱਦਿਆ ਸੀ ਜਾਂ ਅਬੇ = ਹੁਣ ਦਾ ਸਮਾਂ ਤੇ ਤਬੇ = ਅੰਤ ਦਾ ਸਮਾ ਇਹ ਸਾਰੇ ਕੂੜੇ ਝੂਠ ਹਨ ਜਾਂ ਲੋਕਾਂ ਨੂੰ ਤਬੇ ਤਬੇ ਕਰਨਾ ਬੜਾ ਮਾੜਾ ਕੰਮ ਹੈ। ਏਹੋ ਜਿਹਾਂ ਕੰਮਾਂ ਦਾ ਕਰਨਾ ਝੂਠਿਆਂ ਤੇ ਪਖੰਡਾਂ ਵਾਲਾ ਬਣਾਉਂਦਾ ਹੈ, ਬਿਨਾ ਗੁਰਉਪਦੇਸ਼ ਤੋਂ ਕੰਮ ਨਹੀਂ ਸੌਰਦਾ ਹੈ ਭਾਵ ਮੁਕਤੀ।

**ਹਉਮੈ ਮਮਤਾ ਗੁਰ ਸਬਦਿ ਵਿਸਾਰੀ॥ ਗੁਰਮਤਿ ਜਾਨਿਆ ਰਿਦੈ ਮੁਰਾਰੀ॥ ਪ੍ਰਣਵਤਿ ਨਾਨਕ ਸਰਣਿ ਤੁਮਾਰੀ॥ ੮॥ ੧੦॥**

ਮੈਂ ਤਾਂ ਹੰਗਤਾ ਮਮਤਾ ਗੁਰਉਪਦੇਸ਼ ਕਰਕੇ ਵਿਸਾਰ ਦਿਤੀ ਹੈ। ਗੁਰਾਂ ਦੀ ਸਿਖਿਆ ਕਰਕੇ ਪ੍ਰਮੇਸਰ ਨੂੰ ਰਿਦੇ ਵਿਚ ਜਾਣਿਆ ਹੈ।

ਗੁਰੂ ਜੀ ਆਖਦੇ ਹਨ ਹੇ ਅਕਾਲ ਪੁਰਖ ਮੈਂ ਤਾਂ ਆਪਦੀ ਸ਼ਰਨ ਹਾਂ।

## ਗਉੜੀ ਮਹਲਾ ੧॥

**ਸੇਵਾ ਏਕ ਨ ਜਾਨਸਿ ਅਵਰੇ॥ ਪਰਪੰਚ ਬਿਆਧਿ ਤਿਆਗੈ ਕਵਰੇ॥ ਭਾਇ ਮਿਲੈ ਸਚੁ ਸਾਚੈ ਸਚੁਰੇ॥ ੧॥**

ਭਗਤ ਤਾਂ ਇਕ ਪ੍ਰਮੇਸਰ ਦੀ ਸੇਵਾ ਕਰਦੇ ਹਨ, ਹੋਰ ਕਿਸੇ ਦੂਸਰੇ ਨੂੰ ਨਹੀਂ ਜਾਣਦੇ ਹਨ। ਪਰ = ਵਿਸ਼ੇਸ਼ ਕਰਕੇ ਜੇਹੜੇ ਪੰਜ ਕਾਮ ਆਦਕ ਬਿਆਧਿ = ਰੋਗ ਦੇ ਪੈਦਾ ਕਰਨ ਵਾਲੇ ਹਨ। ਕਵਰੇ = ਕੌੜੇ ਜਾਣਕੇ ਛੱਡ ਦੇਂਦੇ ਹਨ। ਜੇਹੜੇ ਪ੍ਰੇਮ ਕਰਕੇ ਸੱਚੇ ਗੁਰਾਂ ਨੂੰ ਮਿਲਦੇ ਹਨ ਓਹ ਸੱਚੇ ਸੱਚੇ ਹੋਕੇ ਸੱਚੇ ਪ੍ਰਮੇਸਰ ਵਿਚ ਮਿਲ ਜਾਂਦੇ ਹਨ ਜਾਂ ਨਿਸਚੇ ਕਰਕੇ ਸਚੁਰੇ = ਸੰਚਨ ਹੋਏ। ਕੱਠੇ ਹੋਕੇ ਪ੍ਰਮੇਸਰ ਨਾਲ ਮਿਲ ਜਾਂਦੇ ਹਨ ਜਾਂ ਅਵਰੇ = ਅੜੈੜੇ, ਢੱਕੇ ਹੋਏ ਆਦਮੀ ਪ੍ਰਮੇਸਰ ਦੀ ਸੇਵਾ ਨਹੀਂ ਜਾਣਦੇ ਹਨ। ਹੇ ਮੂਰਖ ਰੋਗ ਰੂਪ ਸੰਸਾਰ ਨੂੰ ਕਦੋਂ ਛੱਡੇਂਗਾ ਭਾਵ ਹੁਣੇ ਛੱਡ ਜਦੋਂ ਨਿਸਚੇ ਨਾਲ ਪ੍ਰੇਮ ਧਾਰਕੇ ਸੱਚੇ ਨੂੰ ਮਿਲੇਂਗਾ ਤੇ ਤਾਂ ਸੱਚਾ ਹੋਵੇਂਗਾ।

**ਐਸਾ ਰਾਮ ਭਗਤੁ ਜਨੁ ਹੋਈ॥ ਹਰਿ ਗੁਣ ਗਾਇ ਮਿਲੈ ਮਲੁ ਧੋਈ॥ ੧॥ ਰਹਾਉ॥**

Digitized by Panjab Digital Library | www.panjabdigilib.org

ਇੱਕਰਦਾ ਰਾਮ ਦਾ ਭਗਤ ਦਾਸ ਹੁੰਦਾ ਹੈ ਜੇਹੜਾ ਪ੍ਰਮੇਸ਼ਰ ਦੇ ਗੁਣ ਗਾਕੇ ਰਾਗ ਦ੍ਵੈਖ ਮੈਲ ਨੂੰ ਧੋਕੇ ਪ੍ਰਮੇਸ਼ਰ ਨਾਲ ਮਿਲ ਜਾਂਦਾ ਹੈ।

**ਊਧੇ ਕਵਲੁ ਸਗਲ ਸੰਸਾਰੈ ॥ ਦੁਰਮਤਿ ਅਗਨਿ ਜਗਤ ਪਰਜਾਰੈ ॥ ਸੋ ਉਬਰੈ ਗੁਰ ਸਬਦੁ ਬੀਚਰੈ ॥ ੨ ॥**

ਪ੍ਰਮੇਸ਼ਰ ਦੇ ਨਾਮ ਤੋਂ ਬਿਨਾ ਸੰਸਾਰ ਦਾ ਰਿਦਾ ਕੌਲ ਪੁੱਠਾ ਹੋਇਆ ਹੋਇਆ ਹੈ। ਇਸ ਲਈ ਖੋਟੀ ਅਕਲ ਰੂਪ ਅੱਗ ਜਗਤ ਨੂੰ ਵਿਸ਼ੇਸ਼ ਕਰਕੇ ਸਾੜਦੀ ਹੈ। ਜੇਹੜੇ ਗੁਰ ਉਪਦੇਸ਼ ਦਾ ਵਿਚਾਰ ਕਰਦੇ ਹਨ, ਓਹ ਇਸ ਤੋਂ ਬਚ ਗਏ ਹਨ।

**ਭ੍ਰਿੰਗ ਪਤੰਗ ਕੁੰਚਰ ਅਰੁ ਮੀਨਾ ॥ ਮਿਰਗੁ ਮਰੈ ਸਹਿ ਅਪੁਨਾ ਕੀਨਾ॥ਤ੍ਰਿਸਨਾ ਰਾਚਿ ਤਤੁ ਨਹੀ ਬੀਨਾ॥੩॥**

ਜਿਸਤਰਾਂ ਭੌਰਾ "ਪਤੰਗਾ" ਹਾਥੀ ਮੱਛੀ ਹਰਨ ਇਹ ਸਾਰੇ ਇਕ ਇਕ ਵਿਸ਼ੇ ਵਿੱਚ ਪ੍ਰੀਤੀ ਕਰਨ ਨਾਲ ਮਰ ਜਾਂਦੇ ਹਨ ਅਤੇ ਆਪਣਿਆ ਕੀਤਿਆਂ ਕਰਮਾਂ ਨੂੰ ਸਹਾਰਦੇ ਹਨ। ਇੱਕੁਰ ਹੀ ਆਦਮੀਆਂ ਨੇ ਪੰਜਾਂ ਵਿਸ਼ਿਆਂ ਦੀ ਅੱਗ ਵਿੱਚ ਰਚ = ਭਾਵ ਪ੍ਰੀਤੀ ਕਰਕੇ ਸੱਚੇ ਪ੍ਰਮੇਸ਼ਰ ਨੂੰ ਨਹੀਂ ਬੀਨਾ = ਵੇਖਿਆ ਹੈ।

**ਕਾਮੁ ਚਿਤੈ ਕਾਮਣਿ ਹਿਤਕਾਰੀ॥ਕ੍ਰੋਧੁ ਬਿਨਾਸੈ ਸਗਲ ਵਿਕਾਰੀ ॥ ਪਤਿਮਤਿ ਖੋਵਹਿ ਨਾਮੁ ਵਿਸਾਰੀ ॥ ੪ ॥**

ਚਿਤੈ = ਵੇਖਦਾ॥

ਕਾਮ ਦਾ ਦੁਖਾਇਆ ਹੋਇਆ ਇਸਤ੍ਰੀ ਨੂੰ ਹਿਤ ਵਾਲਾ ਹੋ ਕੇ ਯਾਦ ਕਰਦਾ ਜਾਂ ਵੇਖਦਾ ਹੈ। ਗੁੱਸੇ ਨੇ ਵੀ ਵਿਕਾਰੀ ਆਦਮੀ ਸਾਰੇ ਹੀ ਨਾਸ ਕਰ ਦਿੱਤੇ ਹਨ, ਮਨਮੁਖ ਆਦਮੀ ਨਾਮ ਨੂੰ ਵਿਸਾਰਕੇ ਇੱਜ਼ਤ ਅਤੇ ਅਕਲ ਦੋਹਾਂ ਨੂੰ ਨਾਸ ਕਰ ਲੈਂਦੇ ਹਨ।

**ਪਰ ਘਰਿ ਚੀਤੁ ਮਨਮੁਖਿ ਡੋਲਾਇ ॥ ਗਲਿ ਜੇਵਰੀ ਧੰਧੈ ਲਪਟਾਇ ॥ ਗੁਰਮੁਖਿ ਛੂਟਸਿ ਹਰਿ ਗੁਣ ਗਾਇ ॥ ੫ ॥**

ਮਨਮੁਖ ਆਦਮੀ ਪਰਾਇਆਂ ਘਰਾਂ ਵਿੱਚ ਜਾ ਕੇ ਇਸਤ੍ਰੀਆਂ ਉੱਤੇ ਮਨ ਨੂੰ ਡੁਲਾਉਂਦੇ ਹਨ, ਵਾਸ਼ਨਾ ਦੀ ਫਾਹੀ ਗਲ ਵਿੱਚ ਪਈ ਹੈ। ਇਸ ਲਈ ਧੰਦਿਆਂ ਵਿੱਚ ਚੰਬੜੇ ਹੋਏ ਹਨ, ਗੁਰਮੁਖ ਪ੍ਰਮੇਸ਼ਰ ਦੇ ਗੁਣਾਂ ਨੂੰ ਗਾ ਕੇ ਸੰਸਾਰ ਦੇ ਬੰਧਨਾਂ ਤੋਂ ਛੁੱਟੇ ਹਨ।

Digitized by Panjab Digital Library | www.panjabdigilib.org

ਜਿਉ ਤਨੁ ਬਿਧਵਾ ਪਰ ਕਉ ਦੇਈ ॥ ਕਾਮਿ ਦਾਮਿ ਚਿਤੁ ਪਰਵਸਿ ਸੇਈ ॥ ਬਿਨੁ ਪਿਰ ਤ੍ਰਿਪਤਿ ਨ ਕਬਹੂ ਹੋਈ ॥ ੬ ॥

ਜਿਸਤਰਾਂ ਵਿਧਵਾ ਖਰਾਬ ਇਸਤ੍ਰੀ ਪਰਾਏ ਆਦਮੀ ਨੂੰ ਆਪਣਾ ਸਰੀਰ ਦੇਂਦੀ ਹੈ, ਧਨ ਦੀ ਕਾਮਨਾ ਕਰਕੇ ਆਪਣਾ ਚਿੱਤ ਪਰਾਏ ਵੱਸ ਕਰਦੀ ਤੇ ਉਸਦੀ ਸੇਵਾ ਕਰਦੀ ਹੈ, ਪਰ ਆਪਣੇ ਪਤੀ ਤੋਂ ਬਿਨਾ ਕਦੀ ਵੀ ਨਹੀਂ ਰੱਜਦੀ ਹੈ। ਭਾਵ ਸੰਤਾਨ ਤੇ ਇੱਜ਼ਤ ਨਹੀਂ ਹੁੰਦੀ, ਇੱਕੁਰ ਹੀ ਆਦਮੀ ਹੋਰ ਦੇਵੀ ਦੇਵਤਿਆਂ ਦੀ ਸੇਵਾ ਕਰਦੇ ਹਨ, ਪਰ ਪ੍ਰਮੇਸ਼ਰ ਤੋਂ ਬਿਨਾ ਸੁਖ ਨਹੀਂ ਹੁੰਦਾ ਹੈ।

ਪੜਿ ਪੜਿ ਪੋਥੀ ਸਿੰਮ੍ਰਿਤਿ ਪਾਠਾ ॥ ਬੇਦ ਪੁਰਾਣ ਪੜੈ ਸੁਣਿ ਥਾਟਾ ॥ ਬਿਨੁ ਰਸ ਰਾਤੇ ਮਨੁ ਬਹੁ ਨਾਟਾ॥ ੭ ॥

ਸਿਮ੍ਰਤੀਆਂ ਪੋਥੀਆਂ ਪੁਰਾਣਾਂ ਦੇ ਪਾਠਾਂ ਨੂੰ ਪੜ੍ਹ ਪੜ੍ਹਕੇ ਵੇਦਾਂ ਪੁਰਾਣਾਂ ਦੇ ਵੀ ਥਾਟਾ = ਅਕੱਠ ਭਾਵ ਬਹੁਤ ਪੁਸਤਕਾਂ ਨੂੰ ਪੜ੍ਹਦੇ ਹਨ,ਅਤੇ ਸੁਣਦੇ ਹਨ, ਭਾਵ ਬਹੁਤ ਹੀ ਅਕੱਠੇ ਹੋ ਹੋ ਕੇ ਸੁਣਦੇ ਹਨ, ਪਰ ਪ੍ਰਮੇਸ਼ਰ ਦੇ ਪ੍ਰੇਮ ਤੋਂ ਰੱਤਿਆਂ ਬਿਨਾ ਮਨ ਬਹੁਤ ਚੰਚਲ ਜਾਂ ਨੱਚਦਾ ਰਹਿੰਦਾ ਹੈ, ਮਨ ਟਿਕਦਾ ਨਹੀਂ ਹੈ।

ਜਿਉ ਚਾਤ੍ਰਿਕ ਜਲ ਪ੍ਰੇਮ ਪਿਆਸਾ ॥ ਜਿਉ ਮੀਨਾ ਜਲ ਮਾਹਿ ਉਲਾਸਾ ॥ ਨਾਨਕ ਹਰਿ ਰਸੁ ਪੀ ਤ੍ਰਿਪਤਾਸਾ ॥ ੮ ॥ ੧੧ ॥

ਜਿਸਤਰਾਂ ਪਪੀਹਾ ਸ਼ਾਂਤੀ ਬੂੰਦ ਦੇ ਪਾਣੀ ਦਾ ਪ੍ਰੇਮ ਨਾਲ ਤਿਹਾਇਆ ਹੁੰਦਾ ਹੈ, ਜਿਨ੍ਹਾਂ ਨੂੰ ਇੱਕੁਰ ਦਾ ਪ੍ਰੇਮ ਹੋਇਆ ਹੈ। ਜਿਸਤਰਾਂ ਮੱਛ ਪਾਣੀ ਵਿੱਚ ਉਲਾਸਾ = ਅਨੰਦ ਰਹਿੰਦਾ ਹੈ। ਗੁਰੂ ਜੀ- ਇੱਕੁਰ ਹੀ ਪ੍ਰਮੇਸ਼ਰ ਦੇ ਅਨੰਦ ਰਸ ਨੂੰ ਪੀ ਕੇ ਜੇਹੜਾ ਰੱਜਿਆ ਹੈ, ਉਸਦਾ ਮਨ ਟਿਕ ਗਿਆ ਹੈ।

ਗਉੜੀ ਮਹਲਾ ੧ ॥

ਹਠੁ ਕਰਿ ਮਰੈ ਨ ਲੇਖੈ ਪਾਵੈ ॥ ਵੇਸ ਕਰੈ ਬਹੁ ਭਸਮ ਲਗਾਵੈ ॥ ਨਾਮੁ ਬਿਸਾਰਿ ਬਹੁਰਿ ਪਛੁਤਾਵੈ ॥ ੧ ॥

ਪ੍ਰਮੇਸ਼ਰ ਨੂੰ ਮੰਨਿਆਂ ਬਿਨਾ ਜੇਹੜਾ ਹਠ ਕਰਕੇ ਕਰਮਾਂ ਨੂੰ

Digitized by Panjab Digital Library | www.panjabdigilib.org

ਕਰਦਾ ਤੇ ਮਰਦਾ ਹੈ, ਓਹ ਲੇਖੇ ਨਹੀਂ ਪੈਂਦਾ ਹੈ। ਬਹੁਤੇ ਭੇਖ ਕਰੇ ਭਾਵੇਂ ਤਨ ਨੂੰ ਸੁਆਹ ਲਾਵੇ, ਨਾਮ ਨੂੰ ਵਿਸਾਰਕੇ ਬਹੁਤ ਪਛਤਾਉਂਦਾ ਹੈ।

**ਤੂੰ ਮਨਿ ਹਹਿ ਜੀਉ ਤੂੰ ਮਨਿ ਸੂਖ॥ ਨਾਮੁ ਬਿਸਾਰਿ ਸਹਹਿ ਜਮ ਦੂਖ॥ ੧ ॥ਰਹਾਉ॥**

ਹੇ ਮਨ ਜੇਕਰ ਤੂੰ ਪ੍ਰਮੇਸ਼ਰ ਨੂੰ ਮੰਨਿਆਂ ਕਰੇਂਗਾ ਤੇ ਤਾਂ ਤੈਨੂੰ ਸੁਖ ਹੋਵੇਗਾ। ਨਾਮ ਨੂੰ ਵਿਸਾਰ ਕੇ ਜਮ ਦੇ ਦੁੱਖਾਂ ਨੂੰ ਸਹਾਰੇਂਗਾ ਜਾਂ ਬਹੁਤ ਦੁੱਖ ਪਾਵੇਂਗਾ।

**ਚੋਆ ਚੰਦਨ ਅਗਰ ਕਪੂਰਿ॥ ਮਾਇਆ ਮਗਨੁ ਪਰਮ ਪਦੁ ਦੂਰਿ॥ ਨਾਮਿ ਬਿਸਾਰਿਐ ਸਭੁ ਕੂੜੋ ਕੂੜਿ॥ ੨ ॥**

ਚੋਆ ਚੰਦਨ ਅਗਰ ਕਪੂਰ ਆਦਿਕ ਜਿਤਨੀਆਂ ਵੀ ਸੁਗੰਧੀਆਂ ਹਨ, ਇਹਨਾਂ ਨੂੰ ਤੂੰ ਸਰੀਰ ਉੱਤੇ ਲਾਉਂਦਾ ਹੈਂ;

ਇੱਕੁਰ ਮਾਇਆ ਵਿੱਚ ਮਸਤ ਹੋਏ ਹੋਏ ਜਾਂ ਡੁੱਬੇ ਹੋਏ ਜੇਹੜੇ ਹਨ ਓਹਨਾਂ ਤੋਂ ਮੁਕਤੀ ਦੀ ਪਦਵੀ ਦੂਰ ਹੈ। ਨਾਮ ਨੂੰ ਵਿਸਾਰਕੇ ਸਭ ਕੁਛ ਝੂਠ ਹੀ ਝੂਠ ਹੈ।

**ਨੇਜੇ ਵਾਜੇ ਤਖਤਿ ਸਲਾਮੁ॥ ਅਧਕੀ ਤ੍ਰਿਸਨਾ ਵਿਆਪੈ ਕਾਮੁ॥ ਬਿਨੁ ਹਰਿ ਜਾਚੇ ਭਗਤਿ ਨ ਨਾਮੁ॥ ੩ ॥**

ਨੇਜੇ ਝੂਲਦੇ ਤੇ ਵਾਜੇ ਵੱਜਦੇ ਹਨ, ਅਤੇ ਸਿੰਘਾਸਨ ਉੱਤੇ ਬੈਠਾ ਹੈ, ਲੋਕ ਸਲਾਮ ਕਰਦੇ ਹਨ ਇੱਕੁਰ ਦੀ ਸੰਪਦਾ ਵਿੱਚ ਵੀ ਸਗੋਂ ਤ੍ਰਿਸ਼ਨਾ ਬਹੁਤ ਤੋਂ ਬਹੁਤ ਹੁੰਦੀ ਜਾਂਦੀ ਹੈ ਅਤੇ ਕਾਮਨਾ ਚੰਮੜਦੀ ਜਾਂਦੀ ਹੈ। ਪ੍ਰਮੇਸ਼ਰ ਦੀ ਭਗਤੀ ਮੰਗਿਆਂ ਬਿਨਾ ਆਦਮੀ ਦਾ ਨਾਮ ਦੁਨੀਆਂ ਉੱਤੇ ਨਹੀਂ ਰਹਿੰਦਾ ਹੈ ਜਾਂ ਪ੍ਰਾਰਥਨਾ ਬੇਨਤੀਆਂ ਕੀਤਿਆਂ ਬਿਨਾ ਭਗਤੀ ਤੇ ਨਾਮ ਦੀ ਪ੍ਰਾਪਤੀ ਨਹੀਂ ਹੁੰਦੀ ਹੈ।

**ਵਾਦਿ ਅਹੰਕਾਰਿ ਨਾਹੀ ਪ੍ਰਭ ਮੇਲਾ॥ ਮਨੁ ਦੇ ਪਾਵਹਿ ਨਾਮੁ ਸੁਹੇਲਾ॥ ਦੂਜੈ ਭਾਇ ਅਗਿਆਨੁ ਦੁਹੇਲਾ॥ ੪ ॥**

ਝਗੜਿਆਂ ਬਖੇੜਿਆਂ ਤੇ ਹੰਕਾਰ ਕਰਨ ਨਾਲ ਮਾਲਕ ਦੇ ਨਾਲ ਮੇਲਾ ਨਹੀਂ ਹੁੰਦਾ ਹੈ। ਜਦੋਂ ਗੁਰਾਂ ਨੂੰ ਮਨ ਦੇਕੇ ਨਾਮ ਨੂੰ ਪਾਉਂਦਾ ਹੈ ਤੇ

Digitized by Panjab Digital Library | www.panjabdigilib.org

ਤਾਂ ਸੁਖੀ ਹੁੰਦਾ ਹੈ,ਦ੍ਵੈਤਭਾਵਨਾ ਤੇ ਅਗਜ਼ਾਨ ਕਰਕੇਦੁਖੀਹੀ ਦੁਖੀ ਰਹਿੰਦਾ ਹੈ।

**ਬਿਨੁ ਦਮ ਕੇ ਸਉਦਾ ਨਹੀ ਹਾਟ ॥ ਬਿਖੁ ਬੋਹਿਥ ਸਾਗਰ ਨਹੀ ਵਾਟ ॥ ਬਿਨੁ ਗੁਰ ਸੇਵੇ ਘਾਟੇ ਘਾਟਿ ॥ ੫ ॥**

ਜਿਸ ਤਰ੍ਹਾਂ ਰੁਪੱਯਾਂ ਤੋਂ ਬਿਨਾਂ ਹੱਟੀ ਤੋਂ ਸੌਦਾ ਨਹੀਂ ਮਿਲਦਾ ਹੈ। ਜਿਸ ਤਰ੍ਹਾਂ ਜਹਾਜ਼ ਬਿਨਾਂ ਸਮੁੰਦਰ ਦਾ ਰਸਤਾ ਨਹੀਂ ਲੰਘਿਆ ਜਾਂਦਾ ਹੈ। ਇੱਕੁਰ ਹੀ ਗੁਰਾਂ ਦੀ ਭਗਤੀ ਤੋਂ ਬਿਨਾਂ ਘਾਟਾ ਹੀ ਘਾਟਾ ਹੈ।

**ਤਿਸ ਕਉ ਵਾਹੁ ਵਾਹੁ ਜਿ ਵਾਟ ਦਿਖਾਵੈ ॥ ਤਿਸ ਕਉ ਵਾਹੁ ਵਾਹੁ ਜਿ ਸਬਦੁ ਸੁਣਾਵੈ ॥ ਤਿਸ ਕਉ ਵਾਹੁ ਵਾਹੁ ਜਿ ਮੇਲਿ ਮਿਲਾਵੈ ॥ ੬ ॥**

ਜੇਹੜਾ ਪ੍ਰਮੇਸ਼ਰ ਦਾ ਰਸਤਾ ਵਿਖਾਵੇ ਉਸਦੀ ਬਹੁਤ ਬਹੁਤ ਉਸਤਤੀ ਕਰੀਏ। ਜੇਹੜਾ ਵਾਹਿਗੁਰੂ ਦਾ ਉਪਦੇਸ਼ ਸੁਣਾਵੇ ਉਸਦੀ ਬਹੁਤ ਬਹੁਤ ਉਸਤਤੀ ਕਰੀਏ। ਜੇਹੜਾ ਪ੍ਰਮੇਸ਼ਰ ਦੇ ਸਤ ਸੰਗ ਵਿਚ ਜਾਂ ਨਾਲ ਹੀ ਮਿਲਾਉਂਦਾ ਹੈ ਉਸਨੂੰ ਬਹੁਤ ਹੀ ਅਸਚਰਜ ਤੋਂ ਅਸਚਰਜ ਆਖਿਆ ਜਾਂਦਾ ਹੈ।

**ਵਾਹੁ ਵਾਹੁ ਤਿਸ ਕਉ ਜਿਸ ਕਾ ਇਹੁ ਜੀਉ ॥ ਗੁਰ ਸਬਦੀ ਮਥਿ ਅੰਮ੍ਰਿਤੁ ਪੀਉ ॥ ਨਾਮ ਵਡਾਈ ਤੁਧੁ ਭਾਣੈ ਦੀਉ ॥ ੭ ॥**

ਮਥਿ = ਰਿੜਕਣਾ

ਜਿਸਦਾ ਦਿੱਤਾ ਹੋਇਆ ਇਹ ਜੀਅ ਹੈ ਉਸ ਪ੍ਰਮੇਸ਼ਰ ਦੀ ਬਹੁਤ ਬਹੁਤ ਸਲਾਘਾ ਕਰੀਏ। ਜੇਹੜੇ ਗੁਰਾ ਦੇ ਉਪਦੇਸ਼ ਵਾਲੇ ਆਦਮੀ ਹਨ ਓਹਨਾਂ ਦੇ ਨਾਲ ਵਿਚਾਰ ਕਰਕੇ ਵਿਚਾਰ ਰੂਪ ਅੰਮ੍ਰਿਤ ਨੂੰ ਪੀਣਾ ਚਾਹੀਦਾ ਹੈ। ਜਿਸ ਤਰ੍ਹਾਂ ਦੁਧ ਦਹੀ ਰਿੜਕੀਦਾ ਹੈ ਤੇ ਮੱਖਣ ਨਿਕਲਦਾ ਹੈ, ਇੱਕੁਰ ਹੀ ਚੰਗੀ ਵਿਚਾਰ ਕਰਨ ਨਾਲ ਅਨੰਦ ਆਉਂਦਾ ਹੈ।

ਜੇਹੜੇ ਪ੍ਰਮੇਸ਼ਰ ਨੂੰ ਚੰਗੇ ਲੱਗਦੇ ਹਨ, ਪ੍ਰਮੇਸ਼ਰ ਓਹਨਾਂ ਨੂੰ ਨਾਮ ਦੀ ਵਡਿਆਈ ਦੇਂਦਾ ਹੈ ਜਾਂ ਇੱਕੁਰ ਬੇਨਤੀ ਕਰੇ ਕਿ ਹੇ ਪ੍ਰਮੇਸ਼ਰਾ ਨਾਮ ਦੀ ਵਡਿਆਈ ਤੇਰੇ ਹੁਕਮ ਕਰਕੇ ਗੁਰਾਂ ਨੇ ਦਿੱਤੀ ਹੈ।

**ਨਾਮ ਬਿਨਾ ਕਿਉ ਜੀਵਾ ਮਾਇ ॥ ਅਨੁ ਦਿਨੁ**

Digitized by Panjab Digital Library | www.panjabdigilib.org

ਜਪਤੁ ਰਹਉ ਤੇਰੀ ਸਰਣਾਇ ॥ ਨਾਨਕ ਨਾਮਿ ਰਤੇ ਪਤਿ ਪਾਇ ॥ ੮ ॥ ੧੨ ॥

ਹੇ ਮੇਰੀ ਮਾਂ ਭਾਵ ਸੰਤੋ ਮੈਂ ਪ੍ਰਮੇਸ਼ਰ ਦੇਨਾਮ ਤੋਂ ਬਿਨਾਂ ਕਿਸ ਤਰ੍ਹਾਂ ਜੀਵਾਂ। ਰਾਤ ਦਿਨ ਹੀ ਨਾਮ ਜਪਦਾ ਰਹਾਂ,ਮੈਂ ਤੇ ਤੇਰੀ ਸ਼ਰਨ ਵਿੱਚ ਪਿਆ ਰਹਾਂ। ਗੁਰੂ ਜੀ–ਹੇ ਪ੍ਰਮੇਸ਼ਰ ਤੇਰੇ ਨਾਮ ਵਿੱਚ ਰੱਤਿਆਂ ਰਹਿਣ ਨਾਲ ਇੱਜ਼ਤ ਪਾਈਦੀ ਹੈ।

ਗਉੜੀ ਮਹਲਾ ੧ ॥

ਹਉਮੈ ਕਰਤ ਭੇਖੀ ਨਹੀ ਜਾਨਿਆ ॥ ਗੁਰਮੁਖਿ ਭਗਤਿ ਵਿਰਲੇ ਮਨੁ ਮਾਨਿਆ ॥ ੧ ॥

ਹੰਗਤਾ ਮਮਤਾ ਕਰਨ ਨਾਲ ਭੇਖ ਵਾਲਿਆਂ ਨੇ ਪ੍ਰਮੇਸ਼ਰ ਨੂੰ ਨਹੀਂ ਜਾਣਿਆ ਹੈ, ਗੁਰਾਂ ਦੁਆਰੇ ਭਗਤੀ ਕਰਨ ਨਾਲ ਕਿਸੇ ਵਿਰਲੇ ਗੁਰਮੁਖ ਦਾ ਮਨ ਪ੍ਰਮੇਸ਼ਰ ਨਾਲ ਮੰਨਿਆ ਹੈ।

ਹਉ ਹਉ ਕਰਤ ਨਹੀ ਸਚੁ ਪਾਈਐ ॥ ਹਉਮੈ ਜਾਇ ਪਰਮਪਦੁ ਪਾਈਐ ॥ ੧ ॥ ਰਹਾਉ ॥

ਹੰਕਾਰ ਕਰਨ ਨਾਲ ਸੱਚ ਨੂੰ ਨਹੀਂ ਪਾਈਦਾ ਹੈ,ਜਦੋਂ ਹੰਗਤਾ ਜਾਂਦੀ ਹੈ ਤੇ ਤਾਂ ਮੁਕਤੀ ਪਾਈਦੀ ਹੈ।

ਹਉਮੈ ਕਰਿ ਰਾਜੇ ਬਹੁ ਧਾਵਹਿ ॥ ਹਉਮੈ ਖਪਹਿ ਜਨਮਿ ਮਰਿ ਆਵਹਿ ॥ ੨ ॥

ਹੰਕਾਰ ਕਰਕੇ ਬਹੁਤ ਸਾਰੇ ਰਾਜੇ ਦੌੜਦੇ ਫਿਰਦੇ ਹਨ, ਹੰਕਾਰ ਕਰਕੇ ਮਮਤਾ ਵਿੱਚ ਖਪਦੇ ਭਾਵ ਨਾਸ ਹੁੰਦੇ ਤੇ ਜੰਮਕੇ ਆਉਂਦੇ ਤੇ ਮਰਕੇ ਜਾਂਦੇ ਹਨ ਤੇ ਫਿਰ ਮੁੜਕੇ ਆਉਂਦੇ ਹਨ।

ਹਉਮੈ ਨਿਵਰੈ ਗੁਰ ਸਬਦੁ ਵੀਚਾਰੈ ॥ ਚੰਚਲ ਮਤਿ ਤਿਆਗੈ ਪੰਚ ਸੰਘਾਰੈ ॥ ੩ ॥

ਜਦੋਂ ਗੁਰ ਸ਼ਬਦ ਦਾ ਵਿਚਾਰ ਕਰਦਾ ਹੈ ਤੇ ਤਾਂ ਹੰਕਾਰ ਦੂਰ ਹੁੰਦਾ ਹੈ। ਕਾਮ ਆਦਕ ਪੰਜਾਂ ਵਿਕਾਰਾਂ ਨੂੰ ਨਾਸ ਕਰਨ ਨਾਲ ਚੰਚਲ ਅਕਲ ਦਾ ਤਿਆਗ ਹੁੰਦਾ ਹੈ।

ਅੰਤਰਿ ਸਾਚੁ ਸਹਜ ਘਰਿ ਆਵਹਿ ॥ ਰਾਜਨੁ ਜਾਣਿ ਪਰਮਗਤਿ ਪਾਵਹਿ ॥ ੪ ॥

Digitized by Panjab Digital Library | www.panjabdigilib.org

ਜਿਨ੍ਹਾਂ ਦੇ ਦਿਲ ਅੰਦਰ ਪ੍ਰਮੇਸ਼ਰ ਦਾ ਸੱਚਾ ਨਾਮ ਹੈ, ਓਹ ਗਿਆਨ ਕਰਕੇ ਆਪਣੇਅਸਲੀ ਘਰ ਵਿੱਚ ਆਉਂਦੇ ਹਨ। ਜੇਹੜਾ ਪ੍ਰਮੇਸ਼ਰ ਸਾਰਿਆਂ ਦਾ ਰਾਜਾ = ਪ੍ਰਕਾਸ਼ਕ ਹੈ, ਉਸ ਨਾਲ ਆਪਣੇ ਆਪ ਨੂੰ ਮਿਲਿਆ ਜਾਣਕੇ ਮੁਕਤੀ ਨੂੰ ਪਾਉਂਦੇ ਹਨ।

**ਸਚੁ ਕਰਣੀ ਗੁਰੁ ਭਰਮੁ ਚੁਕਾਵੈ ॥ ਨਿਰਭਉ ਕੈ ਘਰਿ ਤਾੜੀ ਲਾਵੈ ॥ ੫ ॥**

ਜਿਨ੍ਹਾਂ ਦੀ ਸੱਚਿਆਂ ਕਰਮਾਂ ਰੂਪ ਸੱਚੀ ਕਰਨੀ ਹੈ। ਗੁਰੂ ਜੀ ਓਹਨਾਂ ਦਾ ਭਰਮ ਦੂਰ ਕਰ ਦੇਂਦੇ ਹਨ। ਓਹ ਨ ਡਰਨ ਵਾਲੇ ਘਰ ਵਿਚ ਤਾੜੀ ਲਾਉਂਦੇ ਹਨ ਭਾਵ ਪ੍ਰਮੇਸ਼ਰ ਦੇ ਪਾਸ ਜਾ ਬੈਠਦੇ ਹਨ ।

**ਹਉ ਹਉ ਕਰਿ ਮਰਣਾ ਕਿਆ ਪਾਵੈ ॥ ਪੂਰਾ ਗੁਰੁ ਭੇਟੈ ਸੋ ਝਗਰੁ ਚੁਕਾਵੈ ॥ ੬ ॥**

ਜਿਹੜਾ ਹੰਕਾਰ ਕਰਕੇ ਮਰਣਾ ਹੈ, ਉਸਤੋਂ ਕੀ ਪਾਉਂਦੇ ਹਨ ਭਾਵ ਕੁਛ ਨਹੀਂ। ਜਦੋਂ ਪੂਰੇ ਗੁਰੂ ਮਿਲਦੇ ਹਨ ਓਦੋਂ ਜੰਮਣ ਮਰਨ ਦਾ ਝਗੜਾ ਦੂਰ ਕਰਦੇ ਹਨ।

**ਜੇਤੀ ਹੈ ਤੇਤੀ ਕਿਹੁ ਨਾਹੀ ॥ ਗੁਰਮੁਖਿ ਗਿਆਨ ਭੇਟਿ ਗੁਣਗਾਹੀ ॥ ੭ ॥**

ਜਿਤਨੀ ਦੁਨੀਆਂ ਹੈ ਉਤਨੀ ਹੀ ਕੁਛ ਵੀ ਨਹੀਂ ਹੈ। ਗੁਰਾਂ ਦੁਆਰੇ ਓਹਨਾਂ ਨੂੰ ਗਿਆਨ ਹੋਇਆ ਹੈ। ਜਿਨ੍ਹਾਂ ਨੇ ਗੁਰਾਂ ਨੂੰ ਮਿਲਕੇ ਪ੍ਰਮੇਸ਼ਰ ਦੇ ਗੁਣਾਂ ਨੂੰ ਗਾਇਆ ਹੈ।

**ਹਉਮੈ ਬੰਧਨ ਬੰਧਿ ਭਵਾਵੈ ॥ ਨਾਨਕ ਰਾਮ ਭਗਤਿ ਸੁਖੁ ਪਾਵੈ ॥ ੮ ॥ ੧੩ ॥**

ਮਨਮੁਖ ਲੋਕ ਹੰਗਤਾ ਮਮਤਾ ਦੇ ਬੱਧੇ ਹੋਏ ਹਨ, ਚੁਰਾਸੀ ਦੇ ਅੰਦਰ ਸੁਟਕੇ ਭੁਆਏ ਜਾਂਦੇ ਹਨ, ਭਾਵ ਦੁੱਖ ਭੋਗਦੇ ਹਨ। ਗੁਰੂ ਜੀ- ਜਿਹੜੇ ਪ੍ਰਮੇਸ਼ਰ ਦੇ ਭਗਤ ਹਨ ਓਹ ਸੁਖ ਪਾਉਂਦੇ ਹਨ।

**ਗਉੜੀ ਮਹਲਾ ੧ ॥**

**ਪ੍ਰਥਮੇ ਬ੍ਰਹਮਾ ਕਾਲੈ ਘਰਿ ਆਇਆ ॥ ਬ੍ਰਹਮਾ ਕਮਲੁ ਪਇਆਲਿ ਨ ਪਾਇਆ ॥ ਆਗਿਆ ਨਹੀ ਲੀਨੀ ਭਰਮਿ ਭੁਲਾਇਆ ॥ ੧ ॥**

Digitized by Panjab Digital Library | www.panjabdigilib.org

ਜਿਹੜਾ ਸਾਰੀ ਦੁਨੀਆਂ ਨੂੰ ਬਣਾਉਣ ਵਾਲਾ ਬ੍ਰਹਮਾ ਹੈ ਪਹਿਲੇ ਓਹ ਮੌਤ ਦੇ ਘਰ ਵਿਚ ਆਇਆ ਭਾਵ ਮੋਇਆ। ਜਿਹੜਾ ਭਗਵਾਨ ਦੀ ਧੁੰਨੀ ਤੋਂ ਪੈਦਾ ਹੋਇਆ ਹੈ, ਉਸ ਕੌਲ ਫੁੱਲ ਤੋਂ ਜੰਮਕੇ ਆਪਣੇ ਪੈਦਾ ਕਰਨ ਵਾਲੇ ਪ੍ਰਮੇਸ਼ਰ ਦਾ ਅੰਤ ਲੈਣ ਵਾਸਤੇ ਗਿਆ ਤਾਂ ਫਿਰ ਕੀ ਹੋਇਆ ਉਸ ਕੌਲ ਦੀ ਨਾਲੀ ਦੇ ਥੱਲੇ ਭਾਵ ਮੁੱਢ ਦਾ ਹੀ ਪਤਾ ਨਹੀਂ ਲੱਗਾ ਹੈ "ਇੱਕੁਰ ਦਾ ਭਰਮ ਬ੍ਰਹਮਾ ਨੂੰ ਕਿਉਂ ਹੋਇਆ?" ਬ੍ਰਹਮਾ ਨੇ ਪ੍ਰਮੇਸ਼ਰ ਦੀ ਆਗਿਆ ਨਹੀਂ ਲਈ ਸੀ ਭਾਵ ਆਪਣਾ ਪੈਦਾ ਕਰਨ ਵਾਲ ਨਹੀਂ ਮੰਨਿਆ ਸੀ, ਆਪਣੇ ਆਪਨੂੰ ਆਪੇ ਹੀ ਜੰਮਿਆ ਹੋਇਆ ਮੰਨਦਾ ਸੀ। ਇਸ ਭਰਮ ਕਰਕੇ ਨਾਲ ਵਿਚ ਭੁੱਲਾ ਫਿਰਿਆ ਤੇ ਭਰਮ ਨੇ ਇੱਕਰ ਦਾ ਭੁਲਾਇਆ ਕਿ ਅਕਾਸ਼ ਬਾਣੀ ਦਾ ਵੀ ਹੁਕਮ ਨ ਮੰਨਿਆ ਕਿ ਤੂੰ ਕਮਲ ਨਾਲੀ ਤੋਂ ਜੰਮਿਆਂ ਹੈਂ, ਇਸ ਕਰਕੇ ਬਹੁਤਾ ਦੁੱਖ ਪਾਉਂਦਾ ਫਿਰਿਆ।

**ਜੋ ਉਪਜੈ ਸੋ ਕਾਲਿ ਸੰਘਾਰਿਆ ॥ ਹਮ ਹਰਿ ਰਾਖੇ ਗੁਰ ਸਬਦੁ ਬੀਚਾਰਿਆ ॥ ੧ ॥ ਰਹਾਉ ॥**

ਜਿਹੜਾ ਜਗਤ ਵਿਚ ਜੰਮਿਆ ਹੈ ਓਹੋ ਹੀ ਕਾਲ ਨੇ ਮਾਰ ਲਿਆ ਹੈ। ਸਾਨੂੰ ਗੁਰ ਸ਼ਬਦ ਦਾ ਵਿਚਾਰ ਕਰਨ ਨਾਲ ਪ੍ਰਮੇਸ਼ਰ ਨੇ ਬਚਾ ਲਿਆ ਹੈ।

**ਮਾਇਆ ਮੋਹੇ ਦੇਵੀ ਸਭਿ ਦੇਵਾ ॥ ਕਾਲੁ ਨ ਛੋਡੈ ਬਿਨੁ ਗੁਰ ਕੀ ਸੇਵਾ ॥ ਓਹੁ ਅਬਿਨਾਸੀ ਅਲਖ ਅਭੇਵਾ ॥ ੨ ॥**

ਦੇਵੀਆਂ ਦੇਵਤੇ ਸਾਰੇ ਮਾਇਆ ਦੇ ਮੋਹੇ ਹੋਏ ਹਨ ਭਾਵ ਮਾਇਆ ਮੰਗਦੇ ਫਿਰਦੇ ਹਨ, ਗੁਰਾਂ ਦੀ ਸੇਵਾ ਕੀਤਿਆਂ ਬਿਨਾਂ ਕਾਲ ਨਹੀਂ ਛੱਡਦਾ ਹੈ। ਜਿਹੜਾ ਇਕ ਪ੍ਰਮੇਸ਼ਰ ਅਲੱਖ ਤੇ ਅਭੇਵਾ ਹੈ,ਓਹ ਨਹੀਂ ਮਰਨ ਵਾਲਾ ਹੈ।

**ਸੁਲਤਾਨ ਖਾਨ ਬਾਦਿਸਾਹ ਨਹੀ ਰਹਨਾ ॥ ਨਾਮਹੁ ਭੂਲੈ ਜਮ ਕਾ ਦੁਖੁ ਸਹਨਾ ॥ ਮੈ ਧਰ ਨਾਮੁ ਜਿਉ ਰਾਖਹੁ ਰਹਨਾ ॥ ੩ ॥**

ਛੋਟੇ ੨ ਖਾਨ ਬਾਦਸ਼ਾਹ ਅਤੇ ਵਡੇ ੨ ਸੁਲਤਾਨ = ਬਾਦਸ਼ਾਹ, ਕਿਸੇ ਨੇ ਏਥੇ ਦੁਨੀਆਂ ਉਤੇ ਨਹੀਂ ਰਹਿਣਾ ਹੈ। ਪ੍ਰਮੇਸ਼ਰ ਦੇ ਨਾਮ

Digitized by Panjab Digital Library | www.panjabdigilib.org

ਤੋਂ ਭੁੱਲਿਆਂ ਹੋਇਆਂ ਨੂੰ ਜਮ ਦਾ ਦੁੱਖ ਸਹਾਰਨਾ ਪੈਂਦਾ ਹੈ। ਹੇ ਪ੍ਰਮੇਸ਼ਰਾ! ਮੈਨੂੰ ਤਾਂ ਤੇਰੇ ਨਾਮ ਦਾ ਹੀ ਆਸਰਾ ਹੈ, ਜਿਸ ਤਰਾਂ ਤੂੰ ਮੈਨੂੰ ਰੱਖੇਂਗਾ, ਓਸੇ ਤਰਾਂ ਮੇਰਾ ਰਹਿਣਾ ਹੁੰਦਾ ਹੈ ਜਾਂ ਮੈਂ ਰਹਾਂਗਾ।

**ਚਉਧਰੀ ਰਾਜੇ ਨਹੀ ਕਿਸੈ ਮੁਕਾਮੁ ॥ ਸਾਹ ਮਰਹਿ ਸੰਚਹਿ ਮਾਇਆ ਦਾਮ ॥ ਮੈ ਧਨੁ ਦੀਜੈ ਹਰਿ ਅੰਮ੍ਰਿਤ ਨਾਮੁ ॥ ੪ ॥**

ਭਾਵੇਂ ਕੋਈ ਚੌਧਰੀ ਹੋਵੇ ਭਾਵੇਂ ਕੋਈ ਰਾਜਾ ਹੋਵੇ, ਏਥੇ ਕਿਸੇ ਨੇ ਟਿਕਿਆ ਰਹਿਣਾ ਨਹੀਂ ਹੈ। ਮਾਇਆ = ਹਾਥੀ ਘੋੜੇ ਆਦਕ ਦਾਮ = ਰੋਕ ਧਨ ਨੂੰ ਕੱਠਿਆਂ ਕਰ ਕਰਕੇ ਸ਼ਾਹੂਕਾਰ ਵੀ ਮਰ ਜਾਣਗੇ। ਇਹ ਬੇਨਤੀ ਕਰਦਾ ਹਾਂ ਕਿ ਹੇ ਪ੍ਰਮੇਸ਼ਰਾ ਮੈਨੂੰ ਨਾਮ ਧਨ ਅੰਮ੍ਰਿਤ ਦੇਹ, ਮੈਂ ਪੀਵਾਂ ਤੇ ਜੀਵਾਂ।

**ਰਯਤਿ ਮਹਰ ਮੁਕਦਮ ਸਿਕਦਾਰੈ ॥ ਨਿਹਚਲੁ ਕੋਇ ਨ ਦਿਸੈ ਸੰਸਾਰੈ ॥ ਅਫਰਿਓ ਕਾਲੁ ਕੂੜੁ ਸਿਰਿ ਮਾਰੈ ॥੫॥**

ਜਿਤਨੀ ਦੁਨੀਆਂ ਪਰਜਾ ਹੈ, ਜਿਤਨੇ ਨੰਬਰਦਾਰ ਹਨ, ਜਿਤਨੇ ਮੁਕਦਮਾ ਕਰਨ ਵਾਲੇ ਹਨ, ਜਿਤਨੇ ਸਰਦਾਰ ਹਨ। ਸੰਸਾਰ ਵਿਚ ਕੋਈ ਵੀ ਟਿਕਿਆ ਰਹਿਣ ਵਾਲਾ ਨਹੀਂ ਦੀਹਦਾ ਹੈ। ਜੇਹੜਾ ਕਾਲ ਅਮੋੜ ਹੈ, ਓਹ ਝੂਠਿਆਂ ਨੂੰ ਸਿਰ ਤੋਂ ਫੜ ੨ ਕੇ ਮਾਰਦਾ ਹੈ।

**ਨਿਹਚਲੁ ਏਕੁ ਸਚਾ ਸਚੁ ਸੋਈ ॥ ਜਿਨ ਕਰਿ ਸਾਜੀ ਤਿਨਹਿ ਸਭ ਗੋਈ ॥ ਓਹੁ ਗੁਰਮੁਖਿ ਜਾਪੈ ਤਾਂ ਪਤਿ ਹੋਈ ॥ ੬ ॥**

ਇਸ ਲਈ ਸੱਚ = ਨਿਸਚੇ ਕਰਕੇ ਇਕ ਓਹ ਸੱਚਾ ਪ੍ਰਮੇਸ਼ਰ ਟਿਕਿਆ ਰਹਿਣ ਵਾਲਾ ਹੈ। ਜਿਸਨੇ ਪੰਜਾਂ ਤਤਾਂ ਨੂੰ ਉਤਪਤਿ ਕਰਕੇ ਸਾਰੀ ਦੁਨੀਆਂ ਬਣਾਈ ਹੈ, ਓਸੇ ਨੇ ਹੀ ਨਾਸ ਕਰਕੇ ਆਪਣੇ ਵਿਚ ਗੋਈ = ਮਿਲਾ ਲਈ ਹੈ। ਉਸ ਪ੍ਰਮੇਸ਼ਰ ਨੂੰ ਗੁਰਾਂ ਦੁਆਰੇ ਜਾਣੀਏ ਤੇ ਤਾਂ ਇਜ਼ਤ ਹੁੰਦੀ ਹੈ।

**ਕਾਜੀ ਸੇਖ ਭੇਖ ਫਕੀਰਾ ॥ ਵਡੇ ਕਹਾਵਹਿ ਹਉਮੈ ਤਨਿ ਪੀਰਾ ॥ ਕਾਲੁ ਨ ਛੋਡੈ ਬਿਨੁ ਸਤਿਗੁਰ ਕੀ ਧੀਰਾ ॥ ੭ ॥**

Digitized by Panjab Digital Library | www.panjabdigilib.org

ਕਾਜ਼ੀ ਸ਼ੇਖ ਅਤੇ ਜੇਹੜੇ ਫਕੀਰਾਂ ਦੇ ਭੇਖ ਹਨ, ਜੇਹੜੇ ੨ ਵੱਡੇ ਕਹਾਉਂਦੇ ਹਨ, ਓਹਨਾਂ ਦੇ ਅੰਦਰ ਹੰਗਤਾ ਮਮਤਾ ਦੀ ਪੰਡ਼ਾ ਰਹਿੰਦੀ ਹੈ, ਸਤਿਗੁਰਾਂ ਦੀ ਧੀਰਜਤਾ ਦੇ ਦਿੱਤਿਆਂ ਬਿਨਾ ਕਾਲ ਨਹੀਂ ਛੱਡਦਾ ਹੈ।

**ਕਾਲੁ ਜਾਲੁ ਜਿਹਵਾ ਅਰੁ ਨੈਣੀ ॥ ਕਾਨੀ ਕਾਲੁ ਸੁਨੇ ਬਿਖੁ ਬੈਣੀ ॥ ਬਿਨੁ ਸਬਦੈ ਮੂਠੇ ਦਿਨੁ ਰੈਣੀ ॥ ੮ ॥**

ਜੀਭ ਨਾਲ ਜੇਹੜਾ ਸੁਾਦਾਂ ਵਿੱਚ ਚੰਬੜਨਾ ਹੈ ਅਤੇ ਅੱਖਾਂ ਕਰਕੇ ਜੇਹੜੀ ਵਿਕਾਰਾਂ ਵੱਲ ਨਜ਼ਰ ਕਰਨੀ ਹੈ, ਕੰਨਾਂ ਕਰਕੇ ਜੇਹੜੇ ਵਿਸ਼ਿਆਂ ਦੇ ਬਚਨ ਸੁਣਨੇ ਹਨ, ਇਹਨਾਂ ਗੱਲਾਂ ਕਰਕੇ ਕਾਲ ਰੂਪ ਜਾਲ ਪੈਂਦਾ ਹੈ, ਕਾਨੀ ਕਾਲੁ = ਕੰਨਾਂ ਵਿੱਚ ਇਹ ਕਾਲ = ਮੌਤ ਹੈ, ਜੇਹੜੇ ਵਿਸ਼ਿਆਂ ਦੇ ਬਚਨ ਸੁਣਨੇ ਹਨ। ਇਸ ਲਈ ਜੇਹੜੇ ਵੀ ਗੁਰ ਉਪਦੇਸ਼ ਤੋਂ ਬਿਨਾ ਹਨ, ਓਹ ਦਿਨੇ ਰਾਤ ਠੱਗੇ ਜਾਂਦੇ ਹਨ।

**ਹਿਰਦੈ ਸਾਚੁ ਵਸੈ ਹਰਿ ਨਾਇ॥ ਕਾਲੁ ਨਾ ਜੋਹਿ ਸਕੈ ਗੁਣ ਗਾਇ ॥ ਨਾਨਕ ਗੁਰਮੁਖਿ ਸਬਦਿ ਸਮਾਇ ॥ ੯ ॥ ੧੪ ॥**

ਜੇਹੜੇ ਦਿਲ ਕਰਕੇ ਸੱਚੇ ਪ੍ਰਮੇਸ਼ਰ ਦੇ ਨਾਮ ਵਿੱਚ ਵੱਸਦੇ ਹਨ, ਅਰ ਪ੍ਰਮੇਸ਼ਰ ਦੇ ਗੁਣ ਗੌਂਦੇ ਹਨ, ਓਹਨਾਂ ਨੂੰ ਕਾਲ ਵੇਖ ਨਹੀਂ ਸੱਕਦਾ ਹੈ।

ਗੁਰੂ ਜੀ-ਜੇਹੜੇ ਇੱਕੁਰ ਦੇ ਗੁਰਮੁਖ ਹਨ, ਓਹ ਗੁਰ ਸ਼ਬਦ ਕਰਕੇ ਪ੍ਰਮੇਸ਼ਰ ਦੇ ਨਾਲ ਮਿਲ ਗਏ ਹਨ।

## ਗਉੜੀ ਮਹਲਾ ੧ ॥

**ਬੋਲਹਿ ਸਾਚੁ ਮਿਥਿਆ ਨਹੀ ਰਾਈ ॥ ਚਾਲਹਿ ਗੁਰਮੁਖਿ ਹੁਕਮਿ ਰਜਾਈ ॥ ਰਹਹਿ ਅਤੀਤ ਸਚੇ ਸਰ-ਣਾਈ ॥ ੧ ॥**

ਗੁਰਮੁਖ ਸੱਚੇ ਬਚਨ ਬੋਲਦੇ ਹਨ, ਰਾਈ ਜਿਤਨਾ ਵੀ ਝੂਠ ਨਹੀਂ ਬੋਲਦੇ। ਗੁਰਮੁਖ ਸੁਖੀ ਹੋਕੇ ਹੁਕਮ ਦੇ ਵਿੱਚ ਚੱਲਦੇ ਹਨ, ਤਿਆਗੀ ਹੋਕੇ ਸੱਚੇ ਪ੍ਰਮੇਸ਼ਰ ਦੀ ਸ਼ਰਨ ਵਿੱਚ ਪਏ ਰਹਿੰਦੇ ਹਨ।

**ਸਚ ਘਰਿ ਬੈਸੈ ਕਾਲੁ ਨ ਜੋਹੈ ॥ ਮਨਮੁਖ ਕਉ ਆਵਤ ਜਾਵਤ ਦੁਖੁ ਮੋਹੈ ॥ ੧ ॥ ਰਹਾਉ ॥**

Digitized by Panjab Digital Library | www.panjabdigilib.org

ਗੁਰਮੁਖ ਸੱਚੇ ਘਰ ਸਤਿਸੰਗ ਜਾਂ ਵਾਹਿਗੁਰੂ ਦੇ ਨਾਲ ਮਿਲ ਜਾਣ ਵਾਲੇ ਥਾਂ ਵਿੱਚ ਬੈਠ ਗਏ ਹਨ, ਇਸ ਲਈ ਓਹਨਾਂ ਨੂੰ ਕਾਲ ਨਹੀਂ ਵੇਖ ਸੱਕਦਾ ਹੈ, ਮਨਮੁਖਾਂ ਨੂੰ ਜੰਮਣ ਮਰਨ ਦਾ ਦੁੱਖ ਮੋਹਤ ਕਰਦਾ ਹੈ, ਭਾਵ ਮਾਰਦਾ ਹੈ, ਜਾਂ ਮੋਹੈ = ਦੁਖ ਦੇ ਵਿੱਚ ਹਨ, ਭਾਵ ਸਦਾ ਹੀ ਦੁੱਖ ਵਿੱਚ ਰਹਿੰਦੇ ਹਨ ।

**ਅਪਿਉ ਪੀਅਉ ਅਕਥੁ ਕਥਿ ਰਹੀਐ ॥ ਨਿਜ ਘਰਿ ਬੈਸਿ ਸਹਜ ਘਰੁ ਲਹੀਐ ॥ ਹਰਿ ਰਸਿ ਮਾਤੇ ਇਹੁ ਸੁਖੁ ਕਹੀਐ ॥ ੨ ॥**

ਜਿਨ੍ਹਾਂ ਨੇ ਨਾਮ ਅੰਮ੍ਰਿਤ ਪੀਤਾ ਹੈ, ਓਨ੍ਹਾਂ ਦੇ ਨਾਲ ਮਿਲਕੇ ਜੇਹੜਾ ਪ੍ਰਮੇਸ਼ਰ ਕਥਿਆ ਨਹੀਂ ਜਾਂਦਾ ਹੈ, ਉਸਦੇ ਜੱਸ ਨੂੰ ਕਥਨ ਕਰਦੇ ਰਹੀਏ।

ਆਪਣੇ ਘਰ ਵਿੱਚ ਬੈਠਕੇ ਜੇਹੜਾ ਸ਼ਾਂਤੀ ਦਾ ਘਰ ਨਿਰਵਿਕਲਪ ਸਮਾਧੀ ਹੈ, ਉਸਨੂੰ ਲੱਭ ਲਈਏ। ਜੇਹੜੇ ਹਰੀ ਦੇ ਅਨੰਦ ਵਿੱਚ ਮਸਤ ਰਹਿੰਦੇ ਹਨ, ਇਹ ਸਮਾਧੀ ਦਾ ਸੁਖ ਓਹਨਾਂ ਵਾਸਤੇ ਆਖਿਆ ਜਾਂਦਾ ਹੈ।

**ਗੁਰਮਤਿ ਚਾਲ ਨਿਹਚਲ ਨਹੀ ਡੋਲੈ ॥ ਗੁਰਮਤਿ ਸਾਚਿ ਸਹਜ ਹਰਿ ਬੋਲੈ ॥ ਪੀਵੈ ਅੰਮ੍ਰਿਤੁ ਤਤੁ ਵਿਰੋਲੈ ॥ ੩ ॥**

ਜੇਹੜੇ ਗੁਰਾਂ ਦੀ ਸਿੱਖਿਆ ਮਰਯਾਦਾ ਵਿੱਚ ਚੱਲਦੇ ਹਨ, ਓਹ ਟਿਕ ਗਏ ਹਨ, ਡੋਲਦੇ ਨਹੀਂ ਹਨ । ਜੇਹੜੇ ਗੁਰ ਸਿੱਖਿਆ ਵਾਲੇ ਹਨ, ਓਹ ਸੱਚੇ ਪ੍ਰਮੇਸ਼ਰ ਦੇ ਜਸ ਨੂੰ ਸੁਭਾਵਕ ਹੀ ਬੋਲਦੇ ਰਹਿੰਦੇ ਹਨ।

ਨਾਮ ਅੰਮ੍ਰਿਤ ਨੂੰ ਪੀਂਦੇ ਹਨ, ਸੱਚ ਝੂਠ ਦਾ ਵਿਚਾਰ ਕਰਦੇ ਹਨ।

**ਸਤਿਗੁਰੁ ਦੇਖਿਆ ਦੀਖਿਆ ਲੀਨੀ ॥ ਮਨੁ ਤਨੁ ਅਰਪਿਓ ਅੰਤਰ ਗਤਿ ਕੀਨੀ ॥ ਗਤਿ ਮਿਤਿ ਪਾਈ ਆਤਮੁ ਚੀਨੀ ॥ ੪ ॥**

ਜਦੋਂ ਸਿੱਖ ਨੇ ਸਤਿਗੁਰਾਂ ਨੂੰ ਵੇਖਿਆ ਹੈ,ਓਦੋਂਹੀਸਿੱਖਿਆਲਈਹੈ।

ਗੁਰੂ ਨੂੰ ਮਨ ਤਨ ਦੇ ਦਿੱਤਾ ਹੈ ਅਤੇ ਗੁਰਾਂ ਨੇ ਸਿੱਖ ਦਾ ਅੰਤਰ ਗਤਿ = ਜੋ ਵਿਚ ਫਰਕ ਪਿਆ ਹੋਇਆ ਸੀ,ਦੂਰ ਕੀਤਾ ਹੈ ਜਾਂ ਰਿਦੇ ਅੰਦਰ

Digitized by Panjab Digital Library | www.panjabdigilib.org

ਪ੍ਰਮੇਸ਼ਰ ਦੀ ਪ੍ਰਾਪਤੀ ਕੀਤੀ ਹੈ। ਇਹ ਸਿੱਖ ਨੇ ਗਤਿ = ਮੁਕਤਿ ਦੀ ਮਰਯਾਦਾ ਪਾਈ ਹੈ ਕਿ ਜੇਹੜੀ ਆਤਮ ਸੱਤਾ ਸਾਰਿਆਂ ਵਿੱਚ ਜਾਣੀ ਹੈ।

**ਭੋਜਨੁ ਨਾਮੁ ਨਿਰੰਜਨਸਾਰੁ ॥ ਪਰਮ ਹੰਸੁ ਸਚੁ ਜੋਤਿ ਅਪਾਰ ॥ ਜਹ ਦੇਖਉ ਤਹ ਏਕੰਕਾਰੁ॥ ੫ ॥**

ਅਪਾਰ = ਵੱਡਾ ਪ੍ਰਮੇਸ਼ਰ।

ਪ੍ਰਮੇਸ਼ਰ ਦੇ ਨਾਮ ਦਾ ਅੰਤ ਸਾਰ = ਪਾਇਆ ਹੈ ਜਾਂ ਚੰਗਾ।

ਜੇਹੜੇ ਸੰਤ ਚੰਗੇ ਹੰਸ ਵਾਂਗ ਸੱਚ ਝੂਠ ਦੇ ਵਿਚਾਰਨ ਵਾਲੇ ਹਨ ਓਹੋ ਹੀ ਸੱਚ ਰੂਪ ਪ੍ਰਮੇਸ਼ਰ ਦੀ ਜੋਤ ਹਨ।

ਜਿੱਥੇ ਜਿੱਥੇ ਮੈਂ ਦੁਨੀਆ ਵਿੱਚ ਨਜ਼ਰ ਮਾਰਕੇ ਵੇਖਦਾ ਹਾਂ,ਓਥੇ ਓਥੇ ਹੀ ਇੱਕ ਅਕਾਰ ਬਿਨਾ ਪ੍ਰਮੇਸ਼ਰ ਨਜ਼ਰ ਆਉਂਦਾ ਹੈ।

**ਰਹੈ ਨਿਰਾਲਮੁ ਏਕਾ ਸਚੁ ਕਰਣੀ ॥ ਪਰਮਪਦੁ ਪਾਇਆ ਸੇਵਾ ਗੁਰ ਚਰਣੀ ॥ ਮਨ ਤੇ ਮਨੁ ਮਾਨਿਆ ਚੂਕੀ ਅਹੰਭ੍ਰਮਣੀ ॥ ੬ ॥**

ਸਚ = ਨਿਸਚੇ ਕਰਕੇ ਓਹਨਾਂ ਦੀ ਇੱਕ ਆਤਮ ਬੁੱਧੀ ਹੈ, ਇਸ ਲਈ ਓਹਨਾਂ ਦੀ ਇਹ ਸੱਚੀ ਕਰਨੀ ਹੈ, ਇਸੇ ਲਈ ਓਹ ਵੱਖਰੇ ਰਹਿੰਦੇ ਹਨ। ਗੁਰਾਂ ਦੇ ਚਰਨਾਂ ਦੀ ਸੇਵਾ ਕਰਕੇ ਓਹਨਾਂ ਨੇ ਪਰਮ ਪਦਵੀ ਨੂੰ ਪਾਇਆ ਹੈ। ਗੁਰਾਂ ਦੇ ਮਨੁ = ਮੰਤ੍ਰਕਰਕੇ ਪ੍ਰਮੇਸ਼ਰਨੇਵਿਚ ਓਹਨਾਂਦਾ ਮਨ ਮੰਨਿਆਂ ਹੈ,ਇਸ ਲਈ ਹੰਗਤਾ ਮਮਤਾ ਰੂਪ ਭਰਾਂਤੀ ਦੂਰਹੋ ਗਈ ਹੈ।

**ਇਨ ਬਿਧਿ ਕਉਣੁ ਕਉਣੁ ਨਹੀ ਤਾਰਿਆ॥ ਹਰਿ ਜਸਿ ਸੰਤ ਭਗਤ ਨਿਸਤਾਰਿਆ ॥ ਪ੍ਰਭ ਪਾਏ ਹਮ ਅਵਰੁ ਨ ਭਾਰਿਆ॥ ੭ ॥**

ਇਸ ਰੀਤੀ ਨਾਲ ਪ੍ਰਮੇਸ਼ਰ ਨੇ ਕੇਹੜਾ ੨ ਨਹੀਂ ਤਾਰਿਆ ਹੈ, ਭਾਵ ਬਿਅੰਤ ਤਾਰੇ ਹਨ, ਇਸ ਲਈ ਪ੍ਰਮੇਸ਼ਰ ਦੇ ਜਸ ਨੇ ਸੰਤਾਂ ਤੇ ਭਗਤਾਂ ਨੂੰ ਤਾਰਿਆ ਹੈ। ਅਸਾਂ ਵੀ ਪ੍ਰਮੇਸ਼ਰ ਮਾਲਕ ਨੂੰ ਪਾ ਲਿਆ ਹੈ, ਹੋਰ ਕੋਈ ਨਹੀਂ ਲੱਭਿਆ ਹੈ, ਜਾਂ ਹੁਣ ਹੋਰ ਕਰਮਾਂ ਦਾ ਭਾਰ ਨਹੀਂ ਰਿਹਾ ਹੈ।

**ਸਾਚ ਮਹਲਿ ਗੁਰਿ ਅਲਖੁ ਲਖਾਇਆ ॥ ਨਿਹਚਲ ਮਹਲੁ ਨਹੀ ਛਾਇਆ ਮਾਇਆ ॥ ਸਾਚਿ ਸੰਤੋਖੇ ਭਰਮੁ ਚੁਕਾਇਆ ॥ ੮ ॥**

Digitized by Panjab Digital Library | www.panjabdigilib.org

ਜੇਹੜਾ ਸੱਚ ਮਹਿਲ ਰੂਪ ਪ੍ਰਮੇਸ਼ਰ ਹੈ ਓਹ ਗੁਰਾਂ ਨੇ ਵਿਖਾ ਦਿੱਤਾ ਹੈ। ਓਹ ਟਿਕਿਆ ਰਹਿਣ ਵਾਲਾ ਪ੍ਰਮੇਸ਼ਰ ਹੈ, ਉਸ ਦੇ ਵਿੱਚ ਅਵਿਦਜਾ ਤੇ ਮਾਇਆ ਨਹੀਂ ਹੈ, ਉਸ ਸੱਚੇ ਨੂੰ ਪਾਕੇ ਸੰਤੋਖੇ ਗਏ ਹਾਂ, ਭਾਵ ਪ੍ਰਸੰਨ ਹੋ ਗਏ ਹਾਂ, ਭਰਮ ਨੂੰ ਦੂਰ ਕੀਤਾ ਹੈ।

**ਜਿਨਕੈ ਮਨਿ ਵਸਿਆ ਸਚੁ ਸੋਈ ॥ ਤਿਨਕੀ ਸੰਗਤਿ ਗੁਰਮੁਖਿ ਹੋਈ ॥ ਨਾਨਕ ਸਾਚਿ ਨਾਮਿ ਮਲੁ ਖੋਈ ॥ ੯ ॥ ੧੫ ॥**

ਜਿਨ੍ਹਾਂਦੇ ਮਨ ਵਿੱਚ ਓਹ ਸੱਚਾ ਪ੍ਰਮੇਸ਼ਰ ਵੱਸਿਆ ਹੈ। ਓਹਨਾਂਦੀ ਸੰਗਤ ਕਰਨ ਨਾਲ ਗੁਰਮੁਖਤਾ ਪ੍ਰਾਪਤਿਹੁੰਦੀਹੈ। ਗੁਰੂ ਜੀ- ਗੁਰਮੁਖਾਂ ਨੇ ਸੱਚੇ ਪ੍ਰਮੇਸ਼ਰ ਦੇ ਨਾਮ ਨੂੰ ਪਾਕੇ ਰਾਗ ਦ੍ਵੈਖ ਮੈਲ ਨਾਸ ਕੀਤੀ ਹੈ।

## ਗਉੜੀ ਮਹਲਾ ੧ ॥

**ਰਾਮਿ ਨਾਮਿ ਚਿਤੁ ਰਾਪੈ ਜਾਕਾ ॥ ਉਪਜੰਪਿ ਦਰਸਨੁ ਕੀਜੈ ਤਾਕਾ ॥ ੧ ॥**

ਰਾਪੈ = ਰੰਗਿਆ ਗਿਆ ਹੈ ॥ ਉਪਜੰਪਿ = ਸੂਰਜ ਦੇ ਉਗਣ ਨਾਲ ਜਾਂ ਪੈਦਾ ਹੁੰਦਿਆਂ, ਭਾਵ ਜੰਮਦਿਆਂ ਹੀ ਬਾਲ ਉਮਰ ਤੋਂ ਹੀ ਓਹਨਾਂ ਦਾ ਦਰਸ਼ਨ ਕਰੀਏ, ਜਾਂ ਉਪ = ਪਾਸ ਜੰਪਿ = ਜਾਕੇ ਦਰਸ਼ਨ ਕਰੀਏ, ਜਾਂ ਓਹਨਾਂ ਦਾ ਜੰਪਿ = ਜਪੀਏ ਮੰਤ੍ਰ, ਜਿਨ੍ਹਾਂ ਦਾ ਚਿਤ ਪ੍ਰਮੇਸ਼ਰ ਦੇ ਨਾਮ ਵਿੱਚ ਰੰਗਿਆ ਗਿਆ ਹੈ, ਓਹਨਾਂ ਦਾ ਉਪਜੰਪਿ ਦਰਸ਼ਨ ਕਰੀਏ।

**ਰਾਮ ਨ ਜਪਹੁ ਅਭਾਗੁ ਤੁਮਾਰਾ ॥ ਜੁਗਿ ਜੁਗਿ ਦਾਤਾ ਪ੍ਰਭੁ ਰਾਮੁ ਹਮਾਰਾ ॥ ੧ ॥ ਰਹਾਉ ॥**

ਹੇ ਭਰਾ ! ਜੇਹੜਾ ਤੁਸੀ ਰਾਮ ਨਾਮ ਨੂੰ ਨਹੀਂ ਜਪਦੇ ਹੋ, ਇਸ ਲਈ ਤੁਹਾਡਾ ਅਭਾਗ ਹੈ, ਭਾਵ ਤੁਸੀ ਖੋਟੇ ਕਰਮਾਂ ਵਾਲੇ ਹੋ। ਸਾਡਾ ਮਾਲਕ ਪ੍ਰਮੇਸ਼ਰ ਤਾਂ ਜੁਗਾਂ ਜੁਗਾਂ ਵਿੱਚ ਦਾਨ ਦੇਣ ਵਾਲਾ ਹੈ।

**ਗੁਰਮਤਿ ਰਾਮੁ ਜਪੈ ਜਨੁ ਪੂਰਾ ॥ ਤਿਤੁ ਘਟ ਅਨਹਤ ਬਾਜੇ ਤੂਰਾ ॥ ੨ ॥**

ਜੇਹੜਾ ਗੁਰ ਸਿੱਖਿਆ ਲੈਕੇ ਪ੍ਰਮੇਸ਼ਰ ਨੂੰ ਜਪਦਾ ਹੈ, ਉਹੋ ਹੀ

Digitized by Panjab Digital Library | www.panjabdigilib.org

ਪੂਰਨ ਆਦਮੀ ਹੈ। ਉਸ ਦੇ ਦਿਲ ਵਿੱਚ ਲਗਾਤਾਰ ਸ਼ਬਦ ਦਾ ਵਾਜਾ ਵੱਜਦਾ ਹੈ। ਤੂਰਾ = ਵਾਜਾ।

**ਜੋ ਜਨ ਰਾਮ ਭਗਤਿ ਹਰਿ ਪਿਆਰਿ ॥ ਸੇ ਪ੍ਰਭਿ ਰਾਖੇ ਕਿਰਪਾ ਧਾਰਿ ॥ ੩ ॥**

ਜੇਹੜੇ ਆਦਮੀ ਹਰੀ ਰਾਮ ਦੀ ਭਗਤੀ ਨਾਲ ਪਿਆਰ ਕਰਦੇ ਹਨ, ਓਹ ਮਾਲਕ ਨੇ ਕਿਰਪਾ ਧਾਰਕੇ ਬਚਾ ਰੱਖੇ ਹਨ।

**ਜਿਨਕੈ ਹਿਰਦੈ ਹਰਿ ਹਰਿ ਸੋਈ ॥ ਤਿਨਕਾ ਦਰਸੁ ਪਰਸਿ ਸੁਖੁ ਹੋਈ ॥ ੪ ॥**

ਜਿਨ੍ਹਾਂ ਦੇ ਹਿਰਦੇ ਵਿੱਚ ਦੁਖਾਂ ਦਾ ਹਰਤਾ ਓਹ ਹਰੀ ਵੱਸਿਆ ਹੈ, ਓਹਨਾਂ ਦੇ ਦਰਸ਼ਨ ਪਰਸਨ = ਕਰਨ ਨਾਲ ਸੁਖ ਹੁੰਦਾ ਹੈ।

**ਸਰਬ ਜੀਆ ਮਹਿ ਏਕੋ ਰਵੈ ॥ ਮਨਮੁਖਿ ਅਹੰਕਾਰੀ ਫਿਰਿ ਜੂਨੀ ਭਵੈ ॥ ੫ ॥**

ਸਾਰਿਆਂ ਜੀਆਂ ਵਿੱਚ ਓਹ ਇੱਕ ਹੀ ਪ੍ਰਮੇਸ਼ਰ ਮਿਲਿਆ ਹੋਇਆ ਹੈ। ਮਨਮੁਖ ਹੰਕਾਰੀ ਉਸਨੂੰ ਨ ਜਾਣਕੇ ਜੂਨੀਆਂ ਵਿੱਚ ਭੌਂਦਾ ਫਿਰਦਾ ਹੈ।

**ਸੋ ਬੂਝੈ ਜੋ ਸਤਿਗੁਰੁ ਪਾਏ ॥ ਹਉਮੈ ਮਾਰੇ ਗੁਰ ਸਬਦੇ ਪਾਏ ॥ ੬ ॥**

ਜੇਹੜਾ ਸਤਿਗੁਰਾਂ ਨੂੰ ਲੱਭ ਲੈਂਦਾ ਹੈ, ਓਹ ਸੱਚ ਝੂਠ ਦੀ ਵਿਚਾਰ ਕਰਕੇ ਸਮਝਦਾ ਹੈ। ਜੇਹੜਾ ਗੁਰਾਂ ਦੇ ਉਪਦੇਸ਼ ਕਰਕੇ ਹੰਗਤਾ ਮਮਤਾ ਨੂੰ ਮਾਰਦਾ ਹੈ, ਓਹ ਪ੍ਰਮੇਸ਼ਰ ਨੂੰ ਪਾਉਂਦਾ ਹੈ।

**ਅਰਧ ਉਰਧ ਕੀ ਸੰਧਿ ਕਿਉ ਜਾਨੈ ॥ ਗੁਰਮੁਖਿ ਸੰਧਿ ਮਿਲੈ ਮਨੁ ਮਾਨੈ ॥ ੭ ॥**

ਪ੍ਰਸ਼ਨ–ਅਰਧ = ਨੀਵੇਂ ਥਾਂ ਰਹਿਣ ਵਾਲਾ ਜੀਵ ਅਤੇ ਊਰਧ = ਉੱਚੇ ਥਾਂ ਰਹਿਣ ਵਾਲਾ ਪ੍ਰਮੇਸ਼ਰ ਇਹਨਾਂ ਦੀ ਸੰਧਿ = ਮਿਲੌਨੀ ਨੂੰ ਆਦਮੀ ਕਿਸ ਤਰ ਜਾਣੇ ? ਉੱਤਰ–ਜਦੋਂ ਗੁਰਾਂ ਦੇ ਬਚਨਾਂ ਉਤੇ ਮਨ ਮੰਨ ਜਾਵੇ ਤਾਂ ਮਿਲਦਾ ਹੈ, ਤਾਂ ਮਿਲ ਜਾਣ ਦੀ ਸਮਝ ਆਉਂਦੀ ਹੈ।

**ਹਮ ਪਾਪੀ ਨਿਰਗੁਣ ਕਉ ਗੁਣੁ ਕਰੀਐ ॥ ਪ੍ਰਭ ਹੋਇ ਦਇਆਲੁ ਨਾਨਕ ਜਨ ਤਰੀਐ ॥ ੮ ॥ ੧੬ ॥**

Digitized by Panjab Digital Library | www.panjabdigilib.org

ਬੇਨਤੀ ! ਹੇ ਗੁਰੂ ਜੀ ! ਮੈਂ ਪਾਪੀ ਅਤੇ ਨਿਰਗੁਣੀਅ ਰਾ ਆਦਮੀ ਹਾਂ, ਇਸ ਲਈ ਕਿਰਪਾ ਕਰਕੇ ਮੈਨੂੰ ਗੁਣਵਾਨ ਕਰ ਦਿਓ ।

ਗੁਰੂ ਜੀ–ਇੱਕੁਰ ਬੇਨਤੀ ਕਰਨ ਨਾਲ ਮਾਲਕ ਜੀ ਦਿਆਲੂ ਹੁੰਦੇ ਹਨ ਤੇ ਆਪਣਿਆਂ ਦਾਸਾਂ ਨੂੰ ਤਾਰ ਲੈਂਦੇ ਹਨ ।

## ਸੋਲਹ ਅਸਟਪਦੀਆ ਗੁਆਰੇਰੀ ਗਉੜੀ ਕੀਆ ॥
## ਗਉੜੀ ਬੈਰਾਗਣਿ ਮਹਲਾ ੧

**ੴ ਸਤਿਗੁਰਪ੍ਰਸਾਦਿ ॥ ॥ ਜਿਉ ਗਾਈ ਕਉ ਗੋਇਲੀ ਰਾਖਹਿ ਕਰਿ ਸਾਰਾ ॥ ਅਹਿਨਿਸਿ ਪਾਲਹਿ ਰਾਖਿ ਲੇਹਿ ਆਤਮ ਸੁਖੁ ਧਾਰਾ ॥ ੧ ॥**

ਜਿਸ ਤਰਾਂ ਵਾਗੀ ਗਾਈਆਂ ਨੂੰ ਸਾਂਭ ਰੱਖਦਾ ਹੈ, ਰਾਤ ਦਿਨੇ ਪੱਠੇ ਆਦਿਕ ਪਾਕੇ ਪਾਲਦਾ ਹੈ ਅਤੇ ਵੈਰੀਆਂ ਜੀਆਂ ਤੋਂ ਬਚਾਕੇ ਰੱਖਦਾ ਹੈ, ਅਤੇ ਆਤਮ = ਮਨ ਵਿਚ ਸੁਖ ਧਾਰ ਰਖਦਾ ਹੈ, ਭਾਵ ਹਰ ਤਰਾਂ ਸੁਖ ਦਾ ਖਿਆਲ ਰੱਖਦਾ ਹੈ ।

**ਇਤ ਉਤ ਰਾਖਹੁ ਦੀਨ ਦਇਆਲਾ ॥ ਤਉ ਸਰਣਾਗਤਿ ਨਦਰਿ ਨਿਹਾਲਾ ॥ ੧ ॥ ਰਹਾਉ ॥**

ਇੱਕੁਰ ਹੀ ਦੀਨ ਦਿਆਲੂ ਪ੍ਰਮੇਸ਼ਰ ਐਧਰੋਂ ਓਧਰੋਂ, ਭਾਵ ਲੋਕ ਪ੍ਲੋਕ ਵੱਲੋਂ ਸਾਨੂੰ ਬਚਾ ਰੱਖੇ ਜਾਂ ਰਖਦਾ ਹੈ । ਹੇ ਪ੍ਰਮੇਸ਼ਰਾ ! ਆਪਦੀ ਸ਼ਰਨ ਆਏ ਹਾਂ, ਕਿਰਪਾ ਦ੍ਰਿਸ਼ਟੀ ਨਾਲ ਸਾਡੇ ਵੱਲ ਵੇਖੋ ।

**ਜਹ ਦੇਖਉ ਤਹ ਰਵਿ ਰਹੇ ਰਖੁ ਰਾਖਨਹਾਰ ॥ ਤੂੰ ਦਾਤਾ ਭੁਗਤਾ ਤੂੰ ਹੈ ਤੂੰ ਪ੍ਰਾਣ ਅਧਾਰਾ ॥ ੨ ॥**

ਹੇ ਰੱਖਿਆ ਕਰਨ ਵਾਲਿਆ ਮੈਨੂੰ ਤਾਂ ਬਚਾ ਰੱਖ, ਮੈਂ ਜਿਥੇ ਵੇਖਦਾ ਹਾਂ ਓਥੇ ਹੀ ਤੂੰ ਮਿਲਿਆ ਹੋਇਆ ਹੈਂ, ਤੂੰ ਹੀ ਦੇਣ ਵਾਲਾ ਹੈਂ, ਤੂੰ ਹੀ ਖਾਣ ਵਾਲਾ ਹੈਂ, ਤੂੰ ਹੀ ਸਾਰਿਆਂ ਦੇ ਪ੍ਰਾਣਾਂ ਦਾ ਆਸਰਾ ਹੈਂ ।

**ਕਿਰਤੁ ਪਇਆ ਅਧ ਊਰਧੀ ਬਿਨੁ ਗਿਆਨ ਬੀਚਾਰਾ ॥ ਬਿਨੁ ਉਪਮਾ ਜਗਦੀਸ ਕੀ ਬਿਨਸੈ ਨ ਅੰਧਿਆਰਾ ॥ ੩ ॥**

Digitized by Panjab Digital Library | www.panjabdigilib.org

ਕਿਸ ਦੁਖ ਤੋਂ ਤੇਰੀ ਰੱਖਿਆ ਕਰਾਂ ? ਹੇ ਮਾਲਕਾ ! ਮੈਂ ਕਰਮਾਂ ਦੇ ਵੱਸ ਹੋਇਆ ਹੋਇਆ ਕਦੀ ਅਧ = ਨੀਵੀਂ ਥਾਂ ਨਰਕਾਂ ਵਿੱਚ ਪਿਆ ਕਦੀ ਉਰਧ = ਉਚੇ ਥਾਂ ਸੁਰਗ ਵਿੱਚ ਪਿਆ ਹਾਂ, ਗਿਆਨ ਦੇ ਵਿਚਾਰ ਬਿਨਾ ਇੱਕੁਰ ਭੌਂਦਾ ਦੁੱਖ ਭੋਗਦਾ ਫਿਰਦਾ ਹਾਂ। ਹੇ ਜਗਤ ਦੇ ਮਾਲਕਾ ! ਆਪ ਦੀ ਉਸਤਤਿ ਕੀਤਿਆਂ ਬਿਨਾ ਅਗਜਾਨ ਰੂਪ ਹਨੇਰਾ ਨਹੀਂ ਨਾਸ ਹੁੰਦਾ ਹੈ।

**ਜਗੁ ਬਿਨਸਤ ਹਮ ਦੇਖਿਆ ਲੋਭੇ ਅਹੰਕਾਰਾ ॥**
**ਗੁਰ ਸੇਵਾ ਪ੍ਰਭੁ ਪਾਇਆ ਸਚੁ ਮੁਕਤਿ ਦੁਆਰਾ ॥ ੪ ॥**

ਲੋਭ ਤੇ ਹੰਕਾਰ ਦੇ ਵਿੱਚ ਅਸਾਂ ਸਾਰਾ ਜਗਤ ਨਾਸ ਹੁੰਦਾ ਵੇਖਿਆ ਹੈ। ਜਿਸਨੇ ਗੁਰਾਂ ਦੀ ਸੇਵਾ ਕੀਤੀ ਹੈ, ਉਸ ਨੇ ਸੱਚੇ ਮਾਲਕ ਨੂੰ ਮਿਲਕੇ ਜੇਹੜਾ ਮੁਕਤੀ ਦਾ ਦਰਵਾਜ਼ਾ ਗਿਆਨ ਹੈ, ਉਸ ਨੂੰ ਪਾ ਲਿਆ ਹੈ।

**ਨਿਜ ਘਰਿ ਮਹਲੁ ਅਪਾਰ ਕੋ ਅਪਰੰਪਰੁ ਸੋਈ ॥**
**ਬਿਨੁ ਸਬਦੈ ਥਿਰੁ ਕੋ ਨਹੀ ਬੂਝੈ ਸੁਖੁ ਹੋਈ ॥ ੫ ॥**

ਜੇਹੜਾ ਅਪਾਰ = ਪ੍ਰਮੇਸ਼ਰ ਸਾਰਿਆਂ ਅਪਰੰਪਰ = ਦੇਵਤਿਆਂ ਤੋਂ ਪਰੇ ਤੋਂ ਪਰੇ ਹੈ ਅਤੇ ਓਹੋ ਹੀ ਨਿਜ ਘਰ = ਜੀਵਾਂ ਦੇ ਅੰਦਰ ਮਹਿਲ = ਟਿਕਿਆ ਹੋਇਆ ਹੈ। ਪਰ ਗੁਰ ਉਪਦੇਸ਼ ਬਿਨਾ ਉਸ ਵਿੱਚ ਟਿਕ ਕੋਈ ਨਹੀਂ ਸਕਦਾ ਹੈ, ਉਸਨੂੰ ਸਮਝਣ ਨਾਲ ਹੀ ਸੁਖ ਹੁੰਦਾ ਹੈ।

**ਕਿਆ ਲੈ ਆਇਆ ਲੇ ਜਾਇ ਕਿਆ ਫਾਸਹਿ ਜਮ ਜਾਲਾ ॥ ਡੋਲੁ ਬਧਾ ਕਸਿ ਜੇਵਰੀ ਆਕਾਸਿ ਪਤਾਲਾ ॥ ੬ ॥**

ਕੀ ਲੈਕੇ ਆਇਆ ਹੈ ਤੇ ਕੀ ਲੈਕੇ ਜਾਵੇਗਾ ? ਭਾਵ ਖਾਲੀ ਆਇਆ ਖਾਲੀ ਗਿਆ, ਜਮ ਦੀ ਫਾਹੀ ਵਿੱਚ ਫਸਦਾ ਹੈ। ਜਿਸਤਰਾਂ ਡੋਲ ਲੱਜ ਦੇ ਨਾਲ ਕੱਸਿਆ ਹੋਇਆ ਜਾਂ ਕੱਸਕੇ ਬੰਨ੍ਹਿਆਂ ਹੋਇਆ ਕਦੀ ਉਤਾਹਾਂ ਕਦੀ ਹੇਠਾਂ ਜਾਂਦਾ ਹੈ, ਇੱਕੁਰ ਹੀ ਚੰਗਿਆਂ ਕਰਮਾਂ ਰੂਪ ਪਾਣੀ ਨਾਲ ਭਰਿਆ ਹੋਇਆ ਵਾਸ਼ਨਾ ਰੱਸੀ ਨਾਲ ਬੰਨ੍ਹਿਆ ਹੋਇਆ ਸੁਰਗ ਨੂੰ ਜਾਂਦਾ ਹੈ, ਪੁੰਨ ਮੁੱਕਣ ਤੋਂ ਨਰਕ ਵਿਚ ਜਾਂਦਾ ਹੈ।

**ਗੁਰਮਤਿ ਨਾਮੁ ਨ ਵੀਸਰੈ ਸਹਜੇ ਪਤਿ ਪਾਈਐ ॥**
**ਅੰਤਰਿ ਸਬਦ ਨਿਧਾਨੁ ਹੈ ਮਿਲਿ ਆਪੁ ਗਵਾਈਐ ॥ ੭ ॥**

Digitized by Panjab Digital Library | www.panjabdigilib.org

ਗੁਰਾਂ ਦੀ ਸਿਖਿਆ ਲਈਏ ਤੇ ਤਾਂ ਨਾਮ ਨਹੀਂ ਵਿਸਰਦਾ ਹੈ, ਸਹਿਜੇ ਹੀ ਪਤੀ ਨੂੰ ਪਾ ਲਈਦਾ ਹੈ ਜਾਂ ਨਿਰਜਤਨ ਹੀ ਇੱਜ਼ਤ ਨੂੰ ਪਾਈਦਾ ਹੈ।

ਸਾਡੇ ਅੰਦਰ ਹੀ ਸਾਰਿਆਂ ਸੁਖਾਂ ਦਾ ਖਜ਼ਾਨਾ ਪ੍ਰਮੇਸ਼ਰ ਹੈ, ਪਰ ਜਦੋਂ ਹੰਕਾਰ ਨੂੰ ਛੱਡੀਦਾ ਹੈ ਤਾਂ ਮਿਲਦਾ ਹੈ।

**ਨਦਰਿ ਕਰੇ ਪ੍ਰਭੁ ਆਪਣੀ ਗੁਣ ਅੰਕਿ ਸਮਾਵੈ ॥**
**ਨਾਨਕ ਮੇਲੁ ਨ ਚੂਕਈ ਲਾਹਾ ਸਚੁ ਪਾਵੈ ॥੮॥੧॥੧੭॥**

ਜਦੋਂ ਮਾਲਕ ਆਪਣੀ ਕਿਰਪਾ ਦ੍ਰਿਸ਼ਟੀ ਕਰਦਾ ਹੈ, ਤੇ ਤਾਂ ਚੰਗੇ ਗੁਣ ਰਿਦੇ ਵਿੱਚ ਆ ਜਾਂਦੇ ਹਨ। ਗੁਰੂ ਜੀ ਤੇ ਤਾਂ ਜੀਵ ਆਤਮ ਲਾਭ ਪਾਉਂਦਾ ਹੈ, ਜਾਂ ਸੱਚਾ ਸੁਖ ਲਾਭ ਪਾਉਂਦਾ ਹੈ ਤੇ ਮਿਲਿਆ ਹੋਇਆ ਵਿਛੜਦਾ ਨਹੀਂ ਹੈ।

## ਗਉੜੀ ਮਹਲਾ ੧ ॥

**ਗੁਰ ਪਰਸਾਦੀ ਬੂਝਿ ਲੇ ਤਉ ਹੋਇ ਨਿਬੇਰਾ ॥**
**ਘਰਿ ਘਰਿ ਨਾਮੁ ਨਿਰੰਜਨਾ ਸੋ ਠਾਕੁਰੁ ਮੇਰਾ ॥੧॥**

ਗੁਰਾਂ ਦੀ ਕਿਰਪਾ ਨਾਲ ਜੇ ਪ੍ਰਮੇਸ਼ਰ ਨੂੰ ਸਮਝ ਲਏ ਤੇ ਤਾਂ ਨਿਬੇੜਾ ਹੋ ਜਾਂਦਾ ਹੈ। ਭਾਵ ਚੁਰਾਸੀ ਦਾ ਦੁਖ ਦੂਰ ਹੋ ਜਾਂਦਾ ਹੈ। ਜਿਸ ਦਾ ਮਾਇਆ ਤੋਂ ਰਹਿਤ ਨਾਮ ਹੈ, ਓਹ ਸਰੀਰ ਦੇ ਵਿਚ ਮਿਲਿਆ ਹੋਇਆ ਹੈ ਅਤੇ ਇਹੋ ਹੀ ਮੇਰਾ ਮਾਲਕ ਹੈ।

**ਬਿਨੁ ਗੁਰ ਸਬਦ ਨ ਛੂਟੀਐ ਦੇਖਹੁ ਵੀਚਾਰਾ ॥**
**ਜੇ ਲਖ ਕਰਮ ਕਮਾਵਹੀ ਬਿਨੁ ਗੁਰ ਅੰਧਿਆਰਾ ॥੧॥ ਰਹਾਉ ॥**

ਚੰਗੀਤਰ੍ਹਾਂ ਵਿਚਾਰ ਕਰਕੇ ਵੇਖ ਲਵੋ ਕਿ ਗੁਰ ਉਪਦੇਸ਼ ਬਿਨਾ ਛੁਟੀਦਾ ਨਹੀਂ ਹੈ। ਜੇ ਭਾਵੇਂ ਲੱਖਾਂ ਕਰਮ ਕਮਾਵੇ ਤਾਂ ਵੀ ਗੁਰ ਉਪਦੇਸ਼ ਬਿਨਾ ਅਗਿਆਨ ਰੂਪ ਹਨੇਰਾ ਹੀ ਰਹਿੰਦਾ ਹੈ।

**ਅੰਧੇ ਅਕਲੀ ਬਾਹਰੇ ਕਿਆ ਤਿਨ ਸਿਉ ਕਹੀਐ ॥**
**ਬਿਨੁ ਗੁਰ ਪੰਥੁ ਨ ਸੂਝਈ ਕਿਤੁ ਬਿਧਿ ਨਿਰਬਹੀਐ ॥੨॥**

ਜੇਹੜੇ ਅਕਲ ਤੋਂ ਬਿਨਾ ਅੰਨ੍ਹੇ ਆਦਮੀ ਹਨ, ਓਹਨਾਂ ਨੂੰ ਕੀ ਆਖੀਏ। ਗੁਰਾਂ ਬਿਨਾਂ ਰਸਤਾ ਨਹੀਂ ਦੀਂਹਦਾ ਹੈ,ਓਹਨਾਂ ਨੂੰ ਕੋਈ ਕਿਸਤਰ੍ਹਾਂ ਨਿਰਬਾਹਵੇ, ਭਾਵ ਤੋੜ ਪੁਚਾਵੇ ਜਾਂ ਸਮਝਾਵੇ।

Digitized by Panjab Digital Library | www.panjabdigilib.org

**ਖੋਟੇ ਕਉ ਖਰਾ ਕਹੈ ਖਰੇ ਸਾਰ ਨ ਜਾਣੈ ॥ ਅੰਧੇ ਕਾ ਨਾਉ ਪਾਰਖੂ ਕਾਲੀ ਕਾਲ ਵਿਡਾਣੈ ॥ ੩ ॥**

ਖੋਟਿਆਂ ਆਦਮੀਆਂ ਨੂੰ ਖਰਾ ਆਖਦੇ ਹਨ ਅਤੇ ਖਰਿਆਂ ਭਾਵ ਚੰਗਿਆਂ ਆਦਮੀਆਂ ਦੀ ਕਦਰ ਨਹੀਂ ਜਾਣਦੇ ਹਨ। ਜੇਹੜੇ ਅੰਨ੍ਹੇ ਆਦਮੀ ਹਨ ਉਨ੍ਹਾਂ ਦਾ ਨਾਮ ਪਰਖਣ ਵਾਲੇ ਸਮਝਦਾਰ ਰੱਖਿਆ ਹੋਇਆ ਹੈ। ਕਲਜੁਗ ਦੇ ਸਮੇਂ ਵਿਚ ਇਹ ਬੜੀ ਅਸਚਰਜ ਗੱਲ ਹੈ।

**ਸੂਤੇ ਕਉ ਜਾਗਤੁ ਕਹੈ ਜਾਗਤ ਕਉ ਸੂਤਾ ॥ ਜੀਵਤ ਕਉ ਮੂਆ ਕਹੈ ਮੂਏ ਨਹੀ ਰੋਤਾ ॥ ੪ ॥**

ਜੇਹੜਾ ਪ੍ਰਮੇਸ਼ਰ ਵੱਲੋਂ ਸੁੱਤਾ ਹੋਇਆ ਹੈ ਤੇ ਲੁੱਟਣ ਮਾਰਨ ਵਾਲੇ ਪਾਸੇ ਜਾਗਦਾ ਹੈ, ਉਸਨੂੰ ਜਾਗਦਾ ਜਾਣਕੇ ਉਸਦੀ ਵਡਿਆਈ ਕਰਦੇ ਹਨ, ਜੇਹੜਾ ਪ੍ਰਮੇਸ਼ਰ ਦੇ ਭਜਨ ਵਿੱਚ ਜਾਗਦਾ ਹੈ, ਉਸਨੂੰ ਸੁੱਤਾ ਭਾਵ ਵਿਹਾਰਾਂ ਵਿੱਚ ਜਾਗਦਾ ਸੁਸਤ ਜਾਣਦੇ ਹਨ। ਜੇਹੜਾ ਭਜਨ ਕਰਕੇ ਜੀਉਂਦਾ ਹੈ, ਉਸਨੂੰ ਦੁਨੀਆਂ ਦੇ ਲੋਕ ਮੋਇਆ ਹੋਇਆ ਆਖਦੇ ਹਨ ਅਤੇ ਜੇਹੜੇ ਪ੍ਰਮੇਸ਼ਰ ਤੋਂ ਬੇਮੁਖ ਹੋਕੇ ਮੋਏ ਹੋਏ ਹਨ, ਓਹਨਾਂ ਨੂੰ ਸੰਸਾਰ ਰੋਂਦਾ ਨਹੀਂ ਹੈ ਕਿ ਅਫਸੋਸ ਇਹਨਾਂ ਦਾ ਜਨਮ ਬਿਅਰਥ ਜਾਂਦਾ ਹੈ।

**ਆਵਤ ਕਉ ਜਾਤਾ ਕਹੈ ਜਾਤੇ ਕਉ ਆਇਆ ॥ ਪਰਕੀ ਕਉ ਅਪੁਨੀ ਕਹੈ ਅਪੁਨੋ ਨਹੀ ਭਾਇਆ ॥ ੫ ॥**

ਜੇਹੜਾ ਵਹਿਗੁਰੂ ਦੇ ਵੱਲ ਆਉਂਦਾ ਹੈ, ਉਸਨੂੰ ਆਖਦੇ ਹਨ ਕਿ ਇਹ ਸਾਡੇ ਕੰਮ ਤੋਂ ਜਾਂਦਾ ਰਿਹਾ ਹੈ, ਜੇਹੜਾ ਸੰਸਾਰ ਵਿੱਚ ਛਲ ਕਰਨ ਜਾਂਦਾ ਹੈ, ਉਸਨੂੰ ਆਇਆ ਹੋਇਆ, ਭਾਵ ਸਮਝਦਾਰ ਜਾਣਦੇ ਹਨ।

ਜਹੜੀ ਇਹ ਪਰਾਈ ਦੇਹ ਕਾਵਾਂ ਕੁੱਤਿਆਂ ਦੀ ਹੈ, ਉਸਨੂੰ ਆਪਣਾ ਆਖਦੇ ਹਨ ਅਤੇ ਆਪਣਾ ਰੂਪ ਪ੍ਰਮੇਸ਼ਰ ਚੰਗਾ ਨਹੀਂ ਲੱਗਿਆ ਹੈ।

**ਮੀਠੇ ਕਉ ਕਉੜਾ ਕਹੈ ਕੜੂਏ ਕਉ ਮੀਠਾ ॥ ਰਾਤੇ ਕੀ ਨਿੰਦਾ ਕਰਹਿ ਐਸਾ ਕਲ ਮਹਿ ਡੀਠਾ ॥ ੬ ॥**

ਜੇਹੜਾ ਨਾਮ ਮਿੱਠਾ ਹੈ, ਉਸਨੂੰ ਕੌੜਾ ਆਖਦੇ ਹਨ, ਜੇਹੜਾ ਵਿਸ਼ਿਆਂ ਦਾ ਸੁਖ ਕੌੜਾ ਹੈ, ਉਸਨੂੰ ਮਿੱਠਾ ਆਖਦੇ ਹਨ। ਜੇਹੜਾ ਪ੍ਰਮੇਸ਼ਰ ਵਿੱਚ ਰੰਗਿਆ ਹੋਇਆ ਹੈ, ਉਸ ਦੀ ਨਿੰਦਿਆ ਕਰਦੇ ਹਨ, ਇਸ ਤਰ੍ਹਾਂ ਦਾ ਅਸਚਰਜ ਹਾਲ ਕਲਜੁਗ ਵਿੱਚ ਵੇਖਿਆ ਹੈ।

Digitized by Panjab Digital Library | www.panjabdigilib.org

ਚੇਰੀ ਕੀ ਸੇਵਾ ਕਰਹਿ ਠਾਕੁਰੁ ਨਹੀ ਦੀਸੈ ॥
ਪੋਖਰੁ ਨੀਰੁ ਵਿਰੋਲੀਐ ਮਾਖਨੁ ਨਹੀ ਰੀਸੈ ॥ ੭ ॥

ਜੇਹੜੀ ਪ੍ਰਮੇਸ਼ਰ ਦੀ ਦਾਸੀ ਮਾਇਆ ਹੈ, ਉਸਦੀ ਸੇਵਾ = ਪੂਜਾ ਕਰਦੇ ਹਨ, ਜੇਹੜਾ ਘਟਾਂ ੨ ਵਿੱਚ ਮਿਲਿਆ ਹੋਇਆ ਹੈ, ਓਹ ਮਾਲਕ ਦੀਹਦਾ ਨਹੀਂ ਹੈ। ਪ੍ਰਮੇਸ਼ਰ ਦੇ ਨਾਮ ਜਪਿਆਂ ਬਿਨਾ ਹੋਰ ਸੇਵਾ ਇੱਕੁਰ ਦੀ ਹੈ, ਜਿਸ ਤਰ੍ਹਾਂ ਪੋਖਰ = ਛੱਪੜ ਦਾ ਪਾਣੀ ਰਿੜਕਿਆਂ ਮੱਖਣ ਨਹੀਂ ਰੀਸੈ = ਨਿਕਲਦਾ ਹੈ, ਭਾਵ ਸਕਾਮ ਕਰਮਾਂ ਨਾਲ ਸੁਖ ਨਹੀਂ ਹੁੰਦਾ ਹੈ।

ਇਸੁ ਪਦ ਜੋ ਅਰਥਾਇ ਲੇ ਸੋ ਗੁਰੂ ਹਮਾਰਾ ॥
ਨਾਨਕ ਚੀਨੈ ਆਪ ਕਉ ਸੋ ਅਪਰ ਅਪਾਰਾ ॥ ੮ ॥

ਜੇਹੜਾ ਇਸ ਸ਼ਬਦ ਦੇ ਪਦ ਦਾ ਭਾਵ ਸਾਰੇ ਸ਼ਬਦ ਦਾ ਭਾਵ ਅਤੇ ਅਰਥ ਸਮਝ ਲ਼ਏ, ਰਿਦੇ ਵਿੱਚ ਧਾਰ ਲਏ, ਓਹ ਸਾਡਾ ਗੁਰੂ ਹੈ।

ਗੁਰੂ ਜੀ—ਜੇਹੜਾ ਆਪਣੇ ਰੂਪ ਨੂੰ ਸਮਝ ਲਵੇ, ਭਾਵ ਮੈਂ ਕੀ ਹਾਂ ਤੇ ਕੀ ਲੈਣ ਦੁਨੀਆਂ ਵਿੱਚ ਆਇਆ ਹਾਂ ਅਤੇ ਸਾਰਾ ਜਗਤ ਪ੍ਰਮੇਸ਼ਰ ਰੂਪ ਸਮਝਕੇ ਕਿਸੇ ਨੂੰ ਦੁਖ ਨ ਦੇਵੇ, ਓਹ ਆਦਮੀ ਬਹੁਤ ਹੀ ਚੰਗਾ ਤੇ ਪ੍ਰਮੇਸ਼ਰ ਦਾ ਰੂਪ ਹੀ ਹੈ।

ਸਭੁ ਆਪੇ ਆਪਿ ਵਰਤਦਾ ਆਪੇ ਭਰਮਾਇਆ ॥
ਗੁਰ ਕਿਰਪਾ ਤੇ ਬੂਝੀਐ ਸਭੁ ਬ੍ਰਹਮੁ ਸਮਾਇਆ ॥ ੯ ॥ ੨ ॥ ੧੮ ॥

ਪ੍ਰਮੇਸ਼ਰ ਸਾਰੇ ਰੂਪ ਹੋਕੇ ਆਪ ਹੀ ਆਪ ਵਰਤਦਾ ਹੈ, ਆਪ ਹੀ ਬਿਸਮਝ ਆਦਮੀਆਂ ਨੂੰ ਸੰਸਾਰ ਚੱਕਰ ਵਿੱਚ ਭਰਮਾ ਦਿੱਤਾ ਹੈ।

ਅਸਲ ਠੀਕ ਵੇਖੀਏ ਤੇ ਤਾਂ ਸਾਰਿਆਂ ਦੇ ਵਿੱਚ ਪ੍ਰਮੇਸ਼ਰ ਮਿਲਿਆ ਹੋਇਆ ਹੈ, ਪਰ ਗੁਰਾਂ ਦੀ ਕਿਰਪਾ ਨਾਲ ਜਾਣੀਦਾ ਹੈ।

## ਰਾਗੁ ਗਉੜੀ ਗੁਆਰੇਰੀ ਮਹਲਾ ੩ ਅਸਟਪਦੀਆ

ੴ ਸਤਿਗੁਰਪ੍ਰਸਾਦਿ ॥ ਮਨਕਾ ਸੂਤਕੁ ਦੂਜਾ ਭਾਉ ॥
ਭਰਮੇ ਭੂਲੇ ਆਵਉ ਜਾਉ ॥ ੧ ॥

Digitized by Panjab Digital Library | www.panjabdigilib.org

"ਸੂਤਕ ਮੰਨਣ ਵਾਲੇ ਨੂੰ ਉਪਦੇਸ਼ ਤੇ ਪ੍ਰਸ਼ਨੋਤ੍ਰੀ"

ਦ੍ਵੈਤ ਭਾਉ ਮਨ ਦਾ ਸੂਤਕ ਹੈ, ਏਸੇ ਕਰਕੇ ਭਰਮ ਵਿੱਚ ਭੁੱਲੇ ਹੋਏ ਆਦਮੀ ਜੰਮਦੇ ਮਰਦੇ ਹਨ।

**ਮਨਮੁਖਿ ਸੂਤਕੁ ਕਬਹਿ ਨ ਜਾਇ ॥ ਜਿਚਰੁ ਸਬਦਿ ਨ ਭੀਜੈ ਹਰਿਕੈ ਨਾਇ॥ ੧॥ ਰਹਾਉ ॥**

ਓਨਾ ਚਿਰ ਮਨਮੁਖਾਂ ਦਾ ਸੂਤਕ ਤਾਂ ਕਦੀ ਜਾਂਦਾ ਹੀ ਨਹੀਂ ਹੈ, ਜਿੰਨਾਂ ਚਿਰ ਗੁਰਾਂ ਦੇ ਉਪਦੇਸ਼ ਨਾਲ ਪ੍ਰਮੇਸ਼ਰ ਦੇ ਨਾਮ ਵਿੱਚ ਮਨ ਨਹੀਂ ਭਿੱਜਦਾ ਹੈ।

**ਸਭੋ ਸੂਤਕੁ ਜੇਤਾ ਮੋਹੁ ਆਕਾਰੁ ॥ ਮਰਿ ਮਰਿ ਜੰਮੈ ਵਾਰੋ ਵਾਰ ॥ ੨ ॥**

ਜਿਤਨਾ ਆਦਮੀਆਂ ਵਿੱਚ ਮੋਹ ਹੈ, ਓਹ ਸਾਰਾ ਹੀ ਸੂਤਕ ਰੂਪ ਹੈ। ਜਿਸ ਮੋਹ ਕਰਕੇ ਆਦਮੀ ਮੁੜ ੨ ਜੰਮਦਾ ਮਰਦਾ ਹੈ।

**ਸੂਤਕੁ ਅਗਨਿ ਪਉਣੈ ਪਾਣੀ ਮਾਹਿ ॥ ਸੂਤਕੁ ਭੋਜਨੁ ਜੇਤਾ ਕਿਛੁ ਖਾਹਿ ॥ ੩ ॥**

ਅੱਗ, ਪੌਣ, ਪਾਣੀ ਦੇ ਵਿੱਚ ਵੀ ਸੂਤਕ ਹੈ, ਭਾਵ ਇਹਨਾਂ ਦੇ ਵਿੱਚ ਕਈ ਜੀਵ ਮਰਦੇ ਹਨ, ਜੋ ਪਾਣੀ ਰਾਹੀਂ ਕਈ ਅੰਦਰ ਜਾਂਦੇ ਹਨ।

ਜਿਤਨਾ ਕੁ ਕੁਛ ਅੰਨ ਖਾਂਦੇ ਹਨ, ਉਸ ਵਿੱਚ ਵੀ ਸੂਤਕ ਹੈ।

**ਸੂਤਕਿ ਕਰਮਨ ਪੂਜਾ ਹੋਇ ॥ ਨਾਮਿ ਰਤੇ ਮਨੁ ਨਿਰਮਲੁ ਹੋਇ ॥ ੪ ॥**

ਪੂਜਾ ਆਦਿਕ ਕਰਮਾਂ ਦੇ ਵਿੱਚ ਵੀ ਸੂਤਕ ਹੁੰਦਾ ਹੈ, ਪਰ ਜੇਹੜੇ ਪ੍ਰਮੇਸ਼ਰ ਦੇ ਨਾਲ ਰੱਤੇ ਹਨ, ਓਹਨਾਂ ਦਾ ਮਨ ਨਿਰਮਲ ਹੁੰਦਾ ਹੈ।

**ਸਤਿਗੁਰੁ ਸੇਵਿਐ ਸੂਤਕੁ ਜਾਇ ॥ ਮਰੈ ਨ ਜਨਮੈ ਕਾਲੁ ਨ ਖਾਇ ॥ ੫ ॥**

ਗੁਰਾਂ ਦੀ ਸੇਵਾ ਕਰਨ ਨਾਲ ਸੂਤਕ ਜਾਂਦਾ ਹੈ, ਇਸ ਲਈ ਜੰਮਦਾ ਮਰਦਾ ਨਹੀਂ ਹੈ ਅਤੇ ਨਾ ਹੀ ਉਸਨੂੰ ਕਾਲ ਖਾਂਦਾ ਹੈ।

**ਸਾਸਤ ਸਿੰਮ੍ਰਿਤਿ ਸੋਧਿ ਦੇਖਹੁ ਕੋਇ ॥ ਵਿਣੁ ਨਾਵੈ ਕੋ ਮੁਕਤਿ ਨ ਹੋਇ ॥ ੬ ॥**

ਤਾਵੇਂ ਕੋਈ ਸ਼ਾਸਤ੍ਰਾਂ ਸਿੰਮ੍ਰਤੀਆਂ ਨੂੰ ਵਿਚਾਰਕੇ ਦੇਖ ਲਵੇ।

Digitized by Panjab Digital Library | www.panjabdigilib.org

ਸਾਰੇ ਏਹੋ ਹੀ ਆਖਦੇ ਹਨ ਕਿ ਨਾਮ ਤੋਂ ਬਿਨਾ ਕੋਈ ਆਦਮੀ ਮੁਕਤੀ ਨਹੀਂ ਹੁੰਦਾ ਹੈ।

**ਜੁਗ ਚਾਰੇ ਨਾਮੁ ਉਤਮੁ ਸਬਦੁ ਬੀਚਾਰਿ ॥ ਕਲਿ ਮਹਿ ਗੁਰਮੁਖਿ ਉਤਰਸਿ ਪਾਰਿ ॥ ੭ ॥**

ਚਹੁੰਆਂ ਜੁਗਾਂ ਵਿੱਚ ਗੁਰ ਸ਼ਬਦ ਦਾ ਵਿਚਾਰ ਕਰਨਾ ਅਤੇ ਨਾਮ ਜਪਣਾ ਇਹ ਬਹੁਤ ਚੰਗਾ ਕੰਮ ਹੈ, ਕਲਜੁਗ ਵਿੱਚ ਗੁਰਮੁਖ ਨਾਮ ਨੂੰ ਜਪਕੇ ਸੰਸਾਰ ਸਮੁੰਦਰ ਤੋਂ ਪਾਰ ਉਤਰਦੇ ਹਨ।

**ਸਾਚਾ ਮਰੈ ਨ ਆਵੈ ਜਾਇ ॥ ਨਾਨਕ ਗੁਰਮੁਖਿ ਰਹੈ ਸਮਾਇ ॥ ੮ ॥ ੧ ॥**

ਜੇਹੜਾ ਸੱਚਾ ਜੰਮਣ ਮਰਨ ਤੇ ਆਉਣ ਜਾਣ ਤੋਂ ਰਹਿਤ ਹੈ। ਗੁਰੂ ਜੀ-ਗੁਰਮੁਖ ਉਸਦੇ ਵਿੱਚ ਸਮਾਏ ਰਹਿੰਦੇ ਹਨ।

## ਗਉੜੀ ਮਹਲਾ ੩ ॥

**ਗੁਰਮੁਖਿ ਸੇਵਾ ਪ੍ਰਾਨ ਅਧਾਰਾ ॥ ਹਰਿ ਜੀਉ ਰਾਖਹੁ ਹਿਰਦੈ ਉਰਧਾਰਾ ॥ ਗੁਰਮੁਖਿ ਸੋਭਾ ਸਾਚੁ ਦੁਆਰਾ ॥ ੧ ॥**

ਜੇਹੜੀ ਗੁਰਮੁਖਾਂ ਦੀ ਸੇਵਾ ਕਰਨੀ ਹੈ,ਇਹ ਪ੍ਰਾਣਾਂ ਦਾ ਆਸਰਾ ਹੈ। ਗੁਰਮੁਖਾਂ ਦੁਆਰਾ ਹੀ ਪ੍ਰਮੇਸ਼ਰ ਨੂੰ ਦਿਲ ਵਿੱਚ ਉਰ = ਬਹੁਤ ਚੰਗਾ ਜਾਣਕੇ ਧਾਰ ਰੱਖੋ। ਜੇਹੜਾ ਸੱਚਾ ਦੁਆਰਾ ਸਤਿਸੰਗਿ ਹੈ, ਗੁਰਮੁਖ ਉਸ ਵਿੱਚ ਸੋਭਾ ਪਾਉਂਦੇ ਹਨ।

**ਪੰਡਿਤ ਹਰਿ ਪੜੁ ਤਜਹੁ ਵਿਕਾਰਾ ॥ ਗੁਰਮੁਖਿ ਭਉਜਲੁ ਉਤਰਹੁ ਪਾਰਾ ॥ ੧ ॥ ਰਹਾਉ ॥**

ਹੇ ਪੰਡਤੋ! ਵਿਕਾਰਾਂ ਨੂੰ ਛੋੜਕੇ ਪ੍ਰਮੇਸ਼ਰ ਦੇ ਨਾਮ ਨੂੰ ਪੜ੍ਹੋ, ਗੁਰਮੁਖਾਂ ਦਾ ਸੰਗ ਕਰਕੇ ਸੰਸਾਰ ਸਮੁੰਦਰ ਤੋਂ ਪਾਰ ਉਤਰ ਜਾਓ।

**ਗੁਰਮੁਖਿ ਵਿਚਹੁ ਹਉਮੈ ਜਾਇ ॥ ਗੁਰਮੁਖਿ ਮੈਲੁ ਨ ਲਾਗੈ ਆਇ ॥ ਗੁਰਮੁਖਿ ਨਾਮੁ ਵਸੈ ਮਨਿ ਆਇ ॥ ੨ ॥**

ਗੁਰਮੁਖਾਂ ਦੇ ਦਿਲ ਵਿੱਚੋਂ ਹੰਗਤਾ ਜਾਂਦੀ ਰਹਿੰਦੀ ਹੈ। ਗੁਰਮੁਖਾਂ ਨੂੰ ਆਕੇ ਪਾਪ ਮੈਲ ਨਹੀਂ ਲੱਗਦੀ ਹੈ। ਗੁਰਮੁਖ ਦੇ ਮਨ ਵਿੱਚ ਨਾਮ ਆ ਵੱਸਦਾ ਹੈ।

Digitized by Panjab Digital Library | www.panjabdigilib.org

**ਗੁਰਮੁਖਿ ਕਰਮ ਧਰਮ ਸਚਿ ਹੋਈ ॥ ਗੁਰਮੁਖਿ ਅਹੰਕਾਰੁ ਜਲਾਏ ਦੋਈ ॥ ਗੁਰਮੁਖਿ ਨਾਮਿ ਰਤੇ ਸੁਖੁ ਹੋਈ ॥ ੩ ॥**

ਸੱਚ ਬੋਲਣਾ ਚੰਗੇ ਕਰਮ ਧਰਮ ਕਰਨੇ ਗੁਰਮੁਖਾਂ ਪਾਸੋਂ ਏਹੋ ਹੀ ਹੋ ਆਉਂਦਾ ਹੈ। ਗੁਰਮੁਖ ਹੰਕਾਰ ਤੇ ਦੂਈ ਦ੍ਵੈਤ ਭਾਵਨਾ ਨੂੰ ਸਾੜ ਦੇਂਦੇ ਹਨ। ਗੁਰਮੁਖ ਪ੍ਰਮੇਸ਼ਰ ਨਾਲ ਰੱਤੇ ਰਹਿੰਦੇ ਹਨ। ਇਸ ਲਈ ਓਹਨਾਂ ਦੀ ਬ੍ਰਿਤੀ ਸੁਖੀ ਹੋਈ ਹੈ।

**ਆਪਣਾ ਮਨੁ ਪਰਬੋਧਹੁ ਬੂਝਹੁ ਸੋਈ ॥ ਲੋਕ ਸਮਝਾਵਹੁ ਸੁਣੇ ਨ ਕੋਈ ॥ ਗੁਰਮੁਖਿ ਸਮਝਹੁ ਸਦਾ ਸੁਖੁ ਹੋਈ ॥ ੪ ॥**

ਪਹਿਲੇ ਆਪਣੇ ਮਨ ਨੂੰ ਸਮਝਾਓ ਅਤੇ ਫਿਰ ਓਹ ਜੇਹੜਾ ਮਾਲਕ ਹੈ, ਉਸਨੂੰ ਜਾਣੋ। ਜੇਹੜਾ ਤੁਸੀ ਮਨ ਸਮਝਾਏ ਬਿਨਾ ਲੋਕਾਂ ਨੂੰ ਉਪਦੇਸ਼ ਸੁਣਾਉਂਦੇ ਹੋ ਓਹ ਲੋਕ ਪ੍ਰੇਮ ਨਾਲ ਕੋਈ ਨਹੀਂ ਸੁਣਦੇ ਹਨ। ਪਹਿਲੇ ਗੁਰਾਂ ਦੁਆਰੇ ਆਪ ਸਮਝੋ ਤਾਂ ਰੋਜ਼ ਹੀ ਸੁਖ ਪ੍ਰਾਪਤੀ ਹੁੰਦੀ ਰਹੇਗੀ।

**ਮਨਮੁਖਿ ਡੰਫੁ ਬਹੁਤੁ ਚਤੁਰਾਈ ॥ ਜੋ ਕਿਛੁ ਕਮਾਵੈ ਸੁ ਥਾਇ ਨ ਪਾਈ ॥ ਆਵੈ ਜਾਵੈ ਠਉਰ ਨ ਕਾਈ ॥ ੫ ॥**

ਮਨਮੁਖ ਦੇ ਅੰਦਰ ਬਹੁਤ ਪਖੰਡ ਹੈ ਅਤੇ ਚਤੁਰਾਈ ਬਹੁਤ ਵਿਖਾਉਂਦਾ ਹੈ। ਇਸ ਲਈ ਜੋ ਕੁਛ ਕਮਾਉਂਦਾ ਹੈ, ਓਹ ਲੇਖੇ ਨਹੀਂ ਪੈਂਦਾ ਹੈ। ਚੁਰਾਸੀ ਲੱਖ ਜੂਨੀਆਂ ਵਿੱਚ ਆਉਂਦਾ ਜਾਂਦਾ ਹੈ, ਖੜੋਣ ਨੂੰ ਕੋਈ ਚੰਗੀ ਜਗਾ ਨਹੀਂ ਪਾਉਂਦਾ ਹੈ।

**ਮਨਮੁਖ ਕਰਮ ਕਰੇ ਬਹੁਤੁ ਅਭਿਮਾਨਾ ॥ ਬਗ ਜਿਉ ਲਾਇ ਬਹੈ ਨਿਤ ਧਿਆਨਾ ॥ ਜਮਿ ਪਕੜਿਆ ਤਬ ਹੀ ਪਛੁਤਾਨਾ ॥ ੬ ॥**

ਮਨਮੁਖ ਬਹੁਤ ਹੰਕਾਰੀ ਹੋਇਆ ਹੋਇਆ ਕਰਮ ਕਰਦਾ ਹੈ ਅਤੇ ਬਗਲੇ ਵਾਂਗ ਰੋਜ਼ ਹੀ ਧਿਆਨ ਲਾ ਕੇ ਬੈਠਦਾ ਹੈ। ਜਦੋਂ ਜਮ ਨੇ ਫੜਿਆ ਤੇ ਤਾਂ ਪਛੁਤਾਇਣ ਲੱਗਾ।

**ਬਿਨੁ ਸਤਿਗੁਰ ਸੇਵੇ ਮੁਕਤਿ ਨ ਹੋਈ ॥ ਗੁਰ**

Digitized by Panjab Digital Library | www.panjabdigilib.org

**ਪਰਸਾਦੀ ਮਿਲੈ ਹਰਿ ਸੋਈ ॥ ਗੁਰੁ ਦਾਤਾ ਜੁਗ ਚਾਰੇ ਹੋਈ ॥ ੭ ॥**

ਸਤਿਗੁਰਾਂ ਦੀ ਸੇਵਾ ਬਿਨਾ ਕੋਈ ਮੁਕਤੀ ਨਹੀਂ ਪਾਉਂਦਾ ਹੈ, ਜੇਹੜਾ ਓਹ ਪ੍ਰਮੇਸ਼ਰ ਹੈ, ਓਹ ਗੁਰਾਂ ਦੀ ਕਿਰਪਾ ਨਾਲ ਹੀ ਮਿਲਦਾ ਹੈ। ਚਹੁੰਆਂ ਹੀ ਜੁੱਗਾਂ ਦੇ ਅੰਦਰ ਗੁਰਾਂ ਦੀ ਕਿਰਪਾ ਮੁਕਤੀ ਦੀ ਦਾਤਾ ਹੋਈ ਹੈ।

**ਗੁਰਮੁਖਿ ਜਾਤਿ ਪਤਿ ਨਾਮੇ ਵਡਿਆਈ ॥ ਸਾਇਰ ਕੀ ਪੁਤ੍ਰੀ ਬਿਦਾਰਿ ਗਵਾਈ ॥ ਨਾਨਕ ਬਿਨੁ ਨਾਵੈ ਝੂਠੀ ਚਤੁਰਾਈ ॥ ੮ ॥ ੨ ॥**

ਗੁਰਮੁਖ ਨੇ ਜਾਤੀ ਇੱਜ਼ਤ ਵਡਿਆਈ ਨਾਮ ਕਰਕੇ ਹੀ ਜਾਣੀ ਹੈ। ਸਾਇਰ = ਸਮੁੰਦਰ ਦੀ ਪੁਤ੍ਰੀ ਮਾਇਆ ਮਾਰਕੇ ਗਵਾ ਦਿੱਤੀ ਹੈ, ਜਾਂ ਬਿਦਾਰ = ਜਾਗ ਭਾਵ ਤਕੜੇ ਹੋਕੇ, ਜਾਂ ਜੇਹੜੀ ਲੋਕਾਂ ਨੂੰ ਮਾਰਨ ਵਾਲੀ ਹੈ, ਓਹ ਅਸਾਂ ਦੂਰ ਕਰ ਦਿੱਤੀ ਹੈ। ਗੁਰੂ ਜੀ—ਪ੍ਰਮੇਸ਼ਰ ਦੇ ਨਾਮ ਬਿਨਾ ਸਾਰੀ ਚਤਰਾਈ ਝੂਠੀ ਹੈ।

## ਗਉੜੀ ਮਃ ੩

**ਇਸੁ ਜੁਗ ਕਾ ਧਰਮੁ ਪੜਹੁ ਤੁਮ ਭਾਈ ॥ ਪੂਰੈ ਗੁਰਿ ਸਭ ਸੋਝੀ ਪਾਈ ॥ ਐਥੈ ਅਗੈ ਹਰਿ ਨਾਮੁ ਸਖਾਈ ॥ ੧ ॥**

ਹੇ ਭਰਾ ! ਇਸ ਜੁਗ ਦਾ ਧਰਮ ਨਾਮ ਹੀ ਹੈ, ਸੋ ਓਹ ਤੁਸੀਂ ਪੜ੍ਹੋ। ਇਸ ਗੱਲ ਦੀ ਪੂਰਿਆਂ ਗੁਰਾਂ ਨੇ ਸਾਰਿਆਂ ਨੂੰ ਸੋਝੀ ਪਾ ਦਿੱਤੀ ਹੈ, ਭਾਵ ਸਮਝਾਈ ਹੈ, ਲੋਕ ਪ੍ਰਲੋਕ ਵਿੱਚ ਪ੍ਰਮੇਸ਼ਰ ਦਾ ਨਾਮ ਹੀ ਸਹਾਈ ਹੈ।

**ਰਾਮ ਪੜਹੁ ਮਨਿ ਕਰਹੁ ਬੀਚਾਰੁ ॥ ਗੁਰਪਰਸਾਦੀ ਮੈਲੁ ਉਤਾਰੁ ॥ ੧ ॥ ਰਹਾਉ ॥**

ਪ੍ਰਮੇਸ਼ਰ ਦੇ ਨਾਮ ਨੂੰ ਪੜ੍ਹੋ ਅਤੇ ਮਨ ਵਿੱਚ ਵਿਚਾਰ ਕਰੋ। ਗੁਰਾਂ ਦੀ ਕਿਰਪਾ ਨਾਲ ਪਾਪ ਰੂਪ ਮੈਲ ਨੂੰ ਉਤਾਰੋ।

Digitized by Panjab Digital Library | www.panjabdigilib.org

ਵਾਦਿ ਵਿਰੋਧਿ ਨ ਪਾਇਆ ਜਾਇ ॥ ਮਨੁ ਤਨੁ ਫੀਕਾ ਦੂਜੈ ਭਾਇ ॥ ਗੁਰ ਕੈ ਸਬਦਿ ਸਚਿ ਲਿਵ ਲਾਇ ॥੨॥

ਲੜਾਈਆਂ ਝਗੜਿਆਂ ਨਾਲ ਪ੍ਰਮੇਸ਼ਰ ਨਹੀਂ ਪਾਇਆ ਜਾਂਦਾ ਹੈ। ਦ੍ਵੈਤ ਭਾਵਨਾ ਕਰਕੇ ਮਨ ਤਨ ਫਿੱਕਾ ਹੁੰਦਾ ਹੈ। ਗੁਰਾਂ ਦੇ ਉਪਦੇਸ਼ ਨਾਲ ਸੱਚੇ ਵਿੱਚ ਪ੍ਰੀਤੀ ਲਾਓ।

ਹਉਮੈ ਮੈਲਾ ਇਹੁ ਸੰਸਾਰਾ ॥ ਨਿਤ ਤੀਰਥਿ ਨਾਵੈ ਨ ਜਾਇ ਅਹੰਕਾਰਾ ॥ ਬਿਨੁ ਗੁਰ ਭੇਟੇ ਜਮੁ ਕਰੇ ਖੁਆਰਾ ॥ ੩ ॥

ਇਹ ਸੰਸਾਰ ਹੰਕਾਰ ਕਰਕੇ ਮੈਲਾ ਹੋਇਆ २ ਹੈ, ਰੋਜ਼ ਤੀਰਥਾਂ ਵਿੱਚ ਇਸ਼ਨਾਨ ਕਰਦਾ ਹੈ, ਤੇ ਤਾਂ ਵੀ ਹੰਕਾਰ ਨਹੀਂ ਜਾਂਦਾ ਹੈ। ਗੁਰਾਂ ਦੇ ਮਿਲਿਆਂ ਬਿਨਾ ਜਮ ਖੁਆਰ ਕਰਦਾ ਹੈ।

ਸੋ ਜਨੁ ਸਾਚਾ ਜਿ ਹਉਮੈ ਮਾਰੈ ॥ ਗੁਰ ਕੈ ਸਬਦਿ ਪੰਚ ਸੰਘਾਰੈ ॥ ਆਪਿ ਤਰੈ ਸਗਲੇ ਕੁਲ ਤਾਰੈ ॥ ੪ ॥

ਸੰਘਾਰੇ = ਮਾਰਦਾ

ਜੇਹੜਾ ਗੁਰਾਂ ਦੇ ਉਪਦੇਸ਼ ਕਰਕੇ ਪੰਜਾਂ ਕਾਮ ਆਦਿਕਾਂ ਨੂੰ ਮਾਰਦਾ ਹੈ ਅਤੇ ਫਿਰ ਵੱਡੇ ਵੈਰੀ ਹੰਕਾਰ ਨੂੰ ਮਾਰਦਾ ਹੈ, ਓਹ ਆਦਮੀ ਸੱਚਾ ਹੈ, ਓਹ ਆਪ ਵੀ ਤਰ ਜਾਂਦਾ ਹੈ ਅਤੇ ਸਾਰੀਆਂ ਕੁਲਾਂ ਨੂੰ ਵੀ ਤਾਰ ਲੈਂਦਾ ਹੈ।

ਮਾਇਆ ਮੋਹਿ ਨਟਿ ਬਾਜੀ ਪਾਈ ॥ ਮਨਮੁਖ ਅੰਧ ਰਹੇ ਲਪਟਾਈ ॥ ਗੁਰਮੁਖਿ ਅਲਿਪਤ ਰਹੇ ਲਿਵ ਲਾਈ ॥ ੫ ॥

ਪ੍ਰਮੇਸ਼ਰ ਤਮਾਸ਼ਾ ਕਰਨ ਵਾਲੇ ਨੇ ਮਾਇਆ ਕਰਕੇ ਸੰਸਾਰ ਰੂਪ ਬਾਜ਼ੀ ਪਾਈ ਹੈ, ਉਸ ਬਾਜ਼ੀ ਵਿੱਚ ਮਨਮੁਖ ਅੰਨ੍ਹੇ ਮੋਹ ਕਰਕੇ ਚੰਬੜੇ ਹੋਏ ਹਨ। ਗੁਰਮੁਖ ਪ੍ਰਮੇਸ਼ਰ ਨਾਲ ਪ੍ਰੀਤੀ ਲਾਕੇ ਦੁਨੀਆਂ ਤੋਂ ਵੱਖਰੇ ਰਹਿੰਦੇ ਹਨ।

ਬਹੁਤੇ ਭੇਖ ਕਰੈ ਭੇਖ ਧਾਰੀ ॥ ਅੰਤਰਿ ਤਿਸਨਾ ਫਿਰੈ ਅਹੰਕਾਰੀ ॥ ਆਪੁ ਨ ਚੀਨੈ ਬਾਜੀ ਹਾਰੀ ॥ ੬ ॥

ਜੇਹੜਾ ਭੇਖਧਾਰੀ ਬਹੁਤਿਆਂ ਭੇਖਾਂ ਨੂੰ ਧਾਰਨ ਕਰਦਾ ਹੈ।

Digitized by Panjab Digital Library | www.panjabdigilib.org

ਰਿਦੇ ਵਿੱਚ ਪਦਾਰਥਾਂ ਦੀ ਤ੍ਰਿਸ਼ਨਾ ਹੈ ਅਤੇ ਓਹ ਹੰਕਾਰੀ ਹੋਇਆ ਪਿਆ ਫਿਰਦਾ ਹੈ, ਓਹ ਆਪਣੇ ਆਪ ਨੂੰ ਨਹੀਂ ਜਾਣਦਾ ਹੈ, ਉਸਨੇ ਮਨੁੱਖਾ ਜਨਮ ਰੂਪ ਬਾਜ਼ੀ ਹਾਰ ਦਿੱਤੀ ਹੈ।

**ਕਾਪੜ ਪਹਿਰਿ ਕਰੇ ਚਤੁਰਾਈ ॥ ਮਾਇਆ ਮੋਹਿ ਅਤਿ ਭਰਮਿ ਭੁਲਾਈ ॥ ਬਿਨੁ ਗੁਰ ਸੇਵੇ ਬਹੁਤੁ ਦੁਖੁ ਪਾਈ ॥ ੭ ॥**

ਜੇਹੜਾ ਸੁੰਦਰ ਕਪੜੇ ਪਾਕੇ ਚਤਰਾਈ ਕਰਦਾ ਹੈ, ਓਹ ਬਹੁਤ ਹੀ ਭਰਮ ਕਰਕੇ ਮਾਇਆ ਦੇ ਮੋਹ ਵਿੱਚ ਭੁੱਲਾ ਹੋਇਆ ਹੈ। ਗੁਰਾਂ ਦੀ ਸੇਵਾ ਬਿਨਾ ਬਹੁਤ ਦੁਖ ਪਾਉਂਦਾ ਹੈ।

**ਨਾਮਿ ਰਤੇ ਸਦਾ ਬੈਰਾਗੀ ॥ ਗ੍ਰਿਹੀ ਅੰਤਰਿ ਸਾਚਿ ਲਿਵ ਲਾਗੀ ॥ ਨਾਨਕ ਸਤਿਗੁਰੁ ਸੇਵਹਿ ਸੇ ਵਡ-ਭਾਗੀ ॥ ੮ ॥ ੩ ॥**

ਜੇਹੜੇ ਪ੍ਰਮੇਸ਼ਰ ਦੇ ਵਿੱਚ ਰੱਤੇ ਹਨ, ਓਹ ਸੰਸਾਰ ਤੋਂ ਸਦਾ ਵੈਰਾਗੀ ਹਨ। ਓਹਨਾਂ ਦੀ ਸੱਚੀ ਬ੍ਰਿਤੀ ਗ੍ਰਹਸਤ ਘਰ ਦੇ ਵਿੱਚ ਹੀ ਪ੍ਰਮੇਸ਼ਰ ਦੇ ਨਾਲ ਲੱਗੀ ਹੋਈ ਹੈ। ਗੁਰੂ ਜੀ-ਜੇਹੜੇ ਸਤਿਗੁਰਾਂ ਦੀ ਸੇਵਾ ਕਰਦੇ ਹਨ, ਓਹ ਬੜਿਆਂ ਵੱਡਿਆਂ ਭਾਗਾਂ ਵਾਲੇ ਹਨ।

## ਗਉੜੀ ਮਹਲਾ ੩ ॥

**ਬ੍ਰਹਮਾ ਮੂਲੁ ਵੇਦ ਅਭਿਆਸਾ ॥ ਤਿਸਤੇ ਉਪਜੇ ਦੇਵ ਮੋਹ ਪਿਆਸਾ ॥ ਤ੍ਰੈ ਗੁਣ ਭਰਮੇ ਨਾਹੀ ਨਿਜ ਘਰਿ ਵਾਸਾ ॥ ੧ ॥**

ਜੇਹੜਾ ਬ੍ਰਹਮਾ ਸਾਰੀ ਦੁਨੀਆਂ ਦਾ ਮੁੱਢ ਹੈ, ਓਹ ਰੋਜ਼ ਵੇਦਾਂ ਦਾ ਅਭਿਆਸ ਕਰਦਾ ਰਹਿੰਦਾ ਹੈ, ਭਾਵ ਪ੍ਰਮੇਸ਼ਰ ਨੂੰ ਛੱਡਕੇ ਵਿਦਯਾ ਪੜ੍ਹਦਾ ਹੈ, ਜੋ ਝਗੜਿਆਂ ਦਾ ਮੁੱਢ ਹੈ। ਉਸ ਤੋਂ ਜੇਹੜੇ ਦੇਵਤੇ ਪੈਦਾ ਹੋਏ ਹੋਏ ਹਨ, ਓਹਨਾਂ ਨੂੰ ਮੋਹ - ਅਗਯਾਨ ਕਰਕੇ ਬਹੁਤ ਸਾਰੀ ਤ੍ਰਿਸ਼ਨਾ ਲੱਗੀ ਹੋਈ ਹੈ। ਜੇਹੜੇ ਆਦਮੀ ਤਿੰਨਾਂ ਗੁਣਾਂ ਵਿੱਚ ਭਰਮਦੇ ਫਿਰਦੇ ਹਨ, ਓਹਨਾਂ ਦਾ ਆਪਣੇ ਅਸਲੀ ਘਰ ਵਿੱਚ ਵਾਸਾ ਨਹੀਂ ਹੁੰਦਾ ਹੈ, ਭਾਵ ਓਹ ਪ੍ਰਮੇਸ਼ਰ ਨਾਲ ਨਹੀਂ ਮਿਲਦੇ ਹਨ।

Digitized by Panjab Digital Library | www.panjabdigilib.org

**ਹਮ ਹਰਿ ਰਾਖੇ ਸਤਿਗੁਰੂ ਮਿਲਾਇਆ॥ ਅਨਦਿਨੁ ਭਗਤਿ ਹਰਿ ਨਾਮੁ ਦ੍ਰਿੜਾਇਆ॥ ੧ ॥ ਰਹਾਉ ॥**

ਸਾਨੂੰ ਤਾਂ ਭਰਮਣ ਤੋਂ ਪ੍ਰਮੇਸ਼ਰ ਨੇ ਰੱਖਿਆ ਹੈ, ਕਿਉਂਕਿ ਸਤਿਗੁਰੂ ਮਿਲਾਇਆ ਹੈ, ਸਤਿਗੁਰਾਂ ਨੇ ਰਾਤ ਦਿਨ ਭਗਤੀ ਅਤੇ ਪ੍ਰਮੇਸ਼ਰ ਦੇ ਨਾਮ ਨੂੰ ਦ੍ਰਿੜ੍ਹ ਕਰਾਇਆ ਹੈ ।

**ਤ੍ਰੈਗੁਣ ਬਾਣੀ ਬ੍ਰਹਮ ਜੰਜਾਲਾ ॥ ਪੜਿ ਵਾਦੁ ਵਖਾਣਹਿ ਸਿਰਿ ਮਾਰੇ ਜਮਕਾਲਾ॥ ਤਤੁ ਨ ਚੀਨਹਿ ਬੰਨਹਿ ਪੰਡ ਪਰਾਲਾ ॥ ੨ ॥**

ਜੇਹੜੀ ਤਿੰਨਾਂ ਗੁਣਾਂ ਵਾਲੀ ਵੇਦ ਦੀ ਬਾਣੀ ਹੈ, ਓਹ ਤਾਂ ਬੰਨ੍ਹਣ ਪਾਉਣ ਵਾਲੀ ਹੈ, ਜਾਂ ਬ੍ਰਹਮਾ ਦੀ ਬਾਣੀ ਵੇਦਾਂ ਨੂੰ ਪੜ੍ਹਦੇ ਹਨ ਅਤੇ ਤਿੰਨਾਂ ਗੁਣਾਂ ਵਾਲੇ ਆਦਮੀ ਸੰਸਾਰ ਦੇ ਧੰਧਿਆਂ ਵਿੱਚ ਫਸੇ ਹੋਏ ਹਨ। ਵੇਦਾਂ ਨੂੰ ਪੜ੍ਹਕੇ ਝਗੜਾ ਕਥਨ ਕਰਦੇ ਹਨ, ਇਸ ਲਈ ਜਮ ਕਾਲ ਦੇ ਕਰਨ ਵਾਲਾ ਸਿਰ ਉਤੇ ਡੰਡਾ ਮਾਰਦਾ ਹੈ। ਸੱਚ ਰੂਪ ਪ੍ਰਮੇਸ਼ਰ ਨੂੰ ਨਹੀਂ ਜਾਣਦੇ ਹਨ, ਐਵੇਂ ਕੀ ਪਰਾਲੀ ਦੀਆਂ ਪੰਡਾਂ ਬੰਨ੍ਹਦੇ ਹਨ, ਭਾਵ ਖਾਲੀ ਨਿਕੰਮੇ ਵਾਧੂਕੰਮ ਕਿਉਂ ਕਰਦੇ ਹੋ,ਕੋਈ ਫਲ ਨਹੀਂ ਮਿਲੇਗਾ।

**ਮਨਮੁਖ ਅਗਿਆਨਿ ਕੁਮਾਰਗਿ ਪਾਏ॥ ਹਰਿ ਨਾਮੁ ਬਿਸਾਰਿਆ ਬਹੁ ਕਰਮ ਦ੍ਰਿੜਾਏ ॥ ਭਵਜਲਿ ਡੂਬੇ ਦੂਜੈ ਭਾਏ ॥ ੩ ॥**

ਜੇਹੜੇ ਬੇਸਮਝ ਮਨਮੁਖ ਹਨ, ਓਹ ਸਗੋਂ ਹੋਰਨਾਂ ਨੂੰ ਵੀ ਖੋਟੇ ਰਸਤੇ ਪਾਉਂਦੇ ਹਨ। ਆਪ ਤਾਂ ਪ੍ਰਮੇਸ਼ਰ ਦਾ ਨਾਮ ਵਿਸਾਰ ਦਿੱਤਾ ਹੈ, ਸਗੋਂ ਹੋਰਨਾਂ ਨੂੰ ਵੀ ਬਹੁਤ ਤਰ੍ਹਾਂ ਦੇ ਡੋਬਣ ਵਾਲੇ ਕਰਮ ਪੱਕੇ ਕਰਾਉਂਦੇ ਹਨ। ਓਹ ਦ੍ਵੈਤ ਭਾਵਣਾ ਕਰਕੇ ਸੰਸਾਰ ਸਮੁੰਦਰ ਵਿੱਚ ਡੁੱਬ ਗਏ ਹਨ ।

**ਮਾਇਆ ਕਾ ਮੁਹਤਾਜੁ ਪੰਡਿਤੁ ਕਹਾਵੈ॥ ਬਿਖਿਆ ਰਾਤਾ ਬਹੁਤੁ ਦੁਖੁ ਪਾਵੈ ॥ ਜਮ ਕਾ ਗਲਿ ਜੇਵੜਾ ਨਿਤ ਕਾਲੁ ਸੰਤਾਵੈ॥ ੪ ॥**

ਹੈ ਤਾਂ ਮਾਇਆ ਦਾ ਮੋਹਿਆ ਹੋਇਆ, ਪਰ ਆਪਣਾ ਨਾਮ ਪੰਡਤ ਕਹਾਉਂਦਾ ਹੈ, ਵਿਸ਼ਿਆਂ ਵਿੱਚ ਰੱਤਾ ਹੋਇਆ ਹੈ, ਏਸੇ ਲਈ ਬਹੁਤ ਦੁਖ

Digitized by Panjab Digital Library | www.panjabdigilib.org

ਪਾਉਂਦਾ ਹੈ, ਗਲ ਵਿੱਚ ਜਮਾਂ ਦਾ ਰੱਸਾ ਪਿਆ ਹੋਇਆ ਹੈ, ਇਸ ਲਈ ਰੋਜ਼ ਕਾਲ ਚੰਗੀ ਤਰ੍ਹਾਂ ਤਪਾਉਂਦਾ ਜਾਂ ਦੁਖ ਦੇਂਦਾ ਹੈ।

**ਗੁਰਮੁਖਿ ਜਮਕਾਲੁ ਨੇੜਿ ਨ ਆਵੈ ॥ ਹਉਮੈ ਦੂਜਾ ਸਬਦਿ ਜਲਾਵੈ ॥ ਨਾਮੇ ਰਾਤੇ ਹਰਿ ਗੁਣ ਗਾਵੈ ॥ ੫ ॥**

ਗੁਰਮੁਖਾਂ ਦੇ ਨੇੜੇ ਜਮ ਕਾਲ ਨਹੀਂ ਆਉਂਦਾ ਹੈ, ਗੁਰਮੁਖ ਹੰਕਾਰ ਦ੍ਵੈਤ ਭਾਵਣਾ ਗੁਰ ਉਪਦੇਸ਼ ਕਰਕੇ ਸਾੜ ਦੇਂਦੇ ਹਨ। ਵਾਹਿਗੁਰੂ ਦੇ ਨਾਮ ਵਿੱਚ ਰੱਤੇ ਹੋਏ ਉਸਦੇ ਗੁਣ ਗਾਉਂਦੇ ਹਨ।

**ਮਾਇਆ ਦਾਸੀ ਭਗਤਾ ਕੀ ਕਾਰ ਕਮਾਵੈ ॥ ਚਰਣੀ ਲਾਗੈ ਤਾ ਮਹਲੁ ਪਾਵੈ ॥ ਸਦਹੀ ਨਿਰਮਲੁ ਸਹਜਿ ਸਮਾਵੈ ॥ ੬ ॥**

ਮਾਇਆ ਵੀ ਦਾਸੀ ਹੋਕੇ ਭਗਤਾਂ ਦੀ ਸੇਵਾ ਕਰਦੀ ਹੈ, ਜਦੋਂ ਭਗਤਾਂ ਦੀ ਚਰਨੀ ਲੱਗੇ ਤੇ ਤਾਂ ਓਹ ਸਫਲਤਾ ਪਾਉਂਦੀ ਹੈ, ਜਾਂ ਜਿਨ੍ਹਾਂ ਭਗਤਾਂ ਦੀ ਮਾਇਆ ਦਾਸੀ ਹੋਕੇ ਸੇਵਾ ਕਰਦੀ ਹੈ, ਜੇ ਸਿੱਖ ਓਹਨਾਂ ਦੇ ਚਰਨੀ ਲੱਗੇ ਤੇ ਤਾਂ ਵਾਹਿਗੁਰੂ ਦੇ ਰਹਿਣ ਦੀ ਥਾਂ ਨੂੰ ਲੱਭ ਲੈਂਦਾ ਹੈ ਅਤੇ ਓਹ ਸਦਾ ਹੀ ਨਿਰਮਲ ਰਹਿੰਦਾ ਹੈ ਅਤੇ ਸ਼ਾਂਤੀ ਵਿੱਚ ਸਮਾ ਜਾਂਦਾ ਹੈ।

**ਹਰਿ ਕਥਾ ਸੁਣਹਿ ਸੇ ਧਨਵੰਤ ਦਿਸਹਿ ਜੁਗ ਮਾਹੀ ॥ ਤਿਨਕਉ ਸਭਿ ਨਿਵਹਿ ਅਨਦਿਨੁ ਪੂਜ ਕਰਾਹੀ ॥ ਸਹਜੇ ਗੁਣ ਰਵਹਿ ਸਾਚੇ ਮਨਮਾਹੀ ॥ ੭ ॥**

ਜੇਹੜੇ ਪ੍ਰਮੇਸ਼ਰ ਦੀ ਕਥਾ ਸੁਣਦੇ ਹਨ, ਓਹ ਆਦਮੀ ਜਗਤ ਵਿੱਚ ਧਨ ਵਾਲੇ ਵੇਖੀਦੇ ਹਨ,ਭਾਵ ਚੰਗਿਆਂ ਗੁਣਾਂ ਵਾਲੇ ਹਨ। ਓਹਨਾਂ ਨੂੰ ਸਾਰੇ ਨਮਸ਼ਕਾਰ ਕਰਦੇ ਹਨ ਅਤੇ ਰਾਤ ਦਿਨ ਪੂਜਾ ਕਰਦੇ ਹਨ। ਓਹ ਸੁਭਾਵਕ ਹੀ ਮਨ ਵਿੱਚ ਸੱਚੇ ਦੇ ਗੁਣ ਉਚਾਰਨ ਕਰਦੇ ਹਨ।

**ਪੂਰੈ ਸਤਿਗੁਰਿ ਸਬਦੁ ਸੁਣਾਇਆ ॥ ਤ੍ਰੈ ਗੁਣ ਮੇਟੇ ਚਉਥੈ ਚਿਤੁ ਲਾਇਆ ॥ ਨਾਨਕ ਹਉਮੈ ਮਾਰਿ ਬ੍ਰਹਮ ਮਿਲਾਇਆ ॥ ੮ ॥ ੪ ॥**

ਜਿਨ੍ਹਾਂ ਨੂੰ ਪੂਰਿਆਂ ਸਤਿਗੁਰਾਂ ਨੇ ਉਪਦੇਸ਼ ਸੁਣਾਇਆ ਹੈ। ਓਹਨਾਂ ਨੇ ਤਿੰਨਾਂ ਗੁਣਾਂ ਨੂੰ ਦੂਰ ਕਰਕੇ ਚੌਥੀ ਥਾਂ ਵਿੱਚ, ਭਾਵ ਤੁਰੀਆ

Digitized by Panjab Digital Library | www.panjabdigilib.org

ਅਵਸਥਾ ਵਿੱਚ ਚਿਤ ਨੂੰ ਲਾਇਆ ਹੈ। ਗੁਰੂ ਜੀ-ਹੰਕਾਰ ਨੂੰ ਮਾਰਕੇ ਆਪਣੇ ਆਪ ਨੂੰ ਪ੍ਰਮੇਸ਼ਰ ਦੇ ਨਾਲ ਮਿਲਾ ਲਿਆ ਹੈ।

## ਗਉੜੀ ਮਹਲਾ ੩ ॥

**ਬ੍ਰਹਮਾ ਵੇਦੁ ਪੜੈ ਵਾਦੁ ਵਖਾਣੈ ॥ ਅੰਤਰਿ ਤਾਮਸੁ ਆਪੁ ਨ ਪਛਾਣੈ ॥ ਤਾ ਪ੍ਰਭੁ ਪਾਏ ਗੁਰਸਬਦ ਵਖਾਣੈ॥੧॥**

ਬ੍ਰਹਮਾ ਦਾ ਬਣਾਇਆ ਹੋਇਆ ਵੇਦ ਪੜ੍ਹਦੇ ਹਨ ਅਤੇ ਝਗੜਿਆਂ ਨੂੰ ਕਥਨ ਕਰਦੇ ਹਨ, ਭਾਵ ਵੇਦਾਂ ਵਿੱਚ ਜੇਹੜੀਆਂ ਝਗੜਿਆਂ ਲੜਾਈਆਂ ਦੀਆਂ ਗੱਲਾਂ ਲਿਖੀਆਂ ਹੋਈਆਂ ਹਨ, ਓਹ ਲੋਕਾਂ ਨੂੰ ਦੱਸਦੇ ਹਨ।

ਦਿਲ ਅੰਦਰੋਂ ਗੁੱਸੇ ਨਾਲ ਭਰਿਆ ਹੋਇਆ ਹੈ,ਓਹ ਇਸਲਈ ਆਪਣੇ ਆਪ ਨੂੰ ਨਹੀਂ ਪਛਾਣਦੇ ਹਨ। ਜੇ ਗੁਰਾਂ ਦਾ ਉਪਦੇਸ਼ ਕਥਨ ਕਰੇ ਤੇ ਤਾਂ ਮਾਲਕ ਨੂੰ ਲੱਭ ਲੈਂਦਾ ਹੈ।

**ਗੁਰ ਸੇਵਾ ਕਰਉ ਫਿਰ ਕਾਲੁ ਨ ਖਾਇ ॥ ਮਨਮੁਖ ਖਾਧੇ ਦੂਜੈ ਭਾਇ ॥ ੧ ॥ ਰਹਾਉ ॥**

ਗੁਰਾਂ ਦੀ ਸੇਵਾ ਕਰੋ, ਫਿਰ ਕਾਲ ਨਹੀਂ ਖਾਵੇਗਾ, ਜਿਨ੍ਹਾਂ ਮਨਮੁਖਾਂ ਦਾ ਦ੍ਵੈਤ ਭਾਵਣਾ ਵਿੱਚ ਪ੍ਰੇਮ ਹੈ, ਓਹ ਕਾਲ ਨੇ ਖਾ ਲਏ ਹਨ।

**ਗੁਰਮੁਖਿ ਪ੍ਰਾਣੀ ਅਪਰਾਧੀ ਸੀਧੇ ॥ ਗੁਰਕੈ ਸਬਦਿ ਅੰਤਰਿ ਸਹਜਿ ਰੀਧੇ ॥ ਮੇਰਾ ਪ੍ਰਭੁ ਪਾਇਆ ਗੁਰਕਾ ਸਬਦਿ ਸੀਧੇ ॥ ੨ ॥**

ਗੁਰਾਂ ਦੀ ਕਿਰਪਾ ਨਾਲ ਵੱਡੇ ੨ ਅਪਰਾਧੀ ਆਦਮੀ ਵੀ ਸਿੱਧੇ ਹੋ ਗਏ ਹਨ, ਜਾਂ ਸੀਧੇ = ਸੁਖੀ। ਗੁਰਾਂ ਦੇ ਉਪਦੇਸ਼ ਕਰਕੇ ਆਪਣੇ ਅੰਦਰ ਹੀ ਸਹਿਜ = ਪ੍ਰਮੇਸ਼ਰ ਦੇ ਨਾਲ ਗਿਆਨ ਕਰਕੇ ਰੀਧੇ = ਮਿਲ ਗਏ ਹਨ। ਜੇਹੜੇ ਆਦਮੀ ਗੁਰਮੁਖ ਉਪਦੇਸ਼ ਦੇ ਅੱਗੇ ਸਾਹਮਣੇ ਸਿੱਧੇ ਹੋਏ ਹਨ, ਭਾਵ ਸਨਮੁਖ ਹੋਕੇ ਸੁਣਿਆ ਹੈ, ਓਹਨਾਂ ਨੇ ਮੇਰਾ ਮਾਲਕ ਪਾਇਆ ਹੈ।

**ਸਤਿਗੁਰਿ ਮੇਲੇ ਪ੍ਰਭਿ ਆਪਿ ਮਿਲਾਏ ॥ ਮੇਰੇ ਪ੍ਰਭ ਸਾਚੇ ਕੈ ਮਨਿ ਭਾਏ ॥ ਹਰਿ ਗੁਣ ਗਾਵਹਿ ਸਹਜਿ ਸੁਭਾਏ ॥ ੩ ॥**

ਜੇਹੜੇ ਆਦਮੀ ਸਤਿਗੁਰਾਂ ਨੇ ਆਪਣੇ ਨਾਲ ਮਿਲਾ ਲਵੇ ਹਨ,

Digitized by Panjab Digital Library | www.panjabdigilib.org

ਓਹਨਾਂ ਨੂੰ ਮਾਲਕ ਨੇ ਆਪਣੇ ਨਾਲ ਮਿਲਾ ਲਿਆ ਹੈ। ਓਹੋ ਹੀ ਮੇਰੇ ਸੱਚੇ ਮਾਲਕ ਦੇ ਮਨ ਨੂੰ ਚੰਗੇ ਲੱਗੇ ਹਨ, ਓਹ ਸ਼ਾਂਤੀ ਸੁਭਾਵ ਨਾਲ ਪ੍ਰਮੇਸ਼ਰ ਦੇ ਗੁਣਾਂ ਨੂੰ ਗਾਉਂਦੇ ਹਨ।

**ਬਿਨੁ ਗੁਰ ਸਾਚੇ ਭਰਮਿ ਭੁਲਾਏ ॥ ਮਨਮੁਖ ਅੰਧੇ ਸਦਾ ਬਿਖੁ ਖਾਏ ॥ ਜਮਡੰਡੁ ਸਹਹਿ ਸਦਾ ਦੁਖੁ ਪਾਏ ॥ ੪ ॥**

ਜੇਹੜੇ ਗੁਰਾਂ ਤੋਂ ਬਿਨਾ, ਭਾਵ ਨਿਗੁਰੇ ਹਨ, ਓਹ ਸੱਚੇ ਮਾਲਕ ਨੇ ਭਰਮ ਵਿੱਚ ਭੁਲਾਏ ਹਨ, ਮਨਮੁਖ ਅੰਨ੍ਹੇ ਸਦਾ ਵਿਸ਼ਿਆਂ ਰੂਪ ਵਿਹੁ ਨੂੰ ਖਾਂਦੇ ਹਨ। ਏਸੇ ਲਈ ਜਮ ਦੇ ਡੰਡੇ ਸਹਾਰਦੇ ਹਨ ਅਤੇ ਸਦਾ ਹੀ ਦੁਖ ਪਾਉਂਦੇ ਹਨ।

**ਜਮੂਆ ਨਾ ਜੋਹੈ ਹਰਿ ਕੀ ਸਰਣਾਈ ॥ ਹਉਮੈ ਮਾਰਿ ਸਚਿ ਲਿਵਲਾਈ ॥ ਸਦਾ ਰਹੈ ਹਰਿ ਨਾਮਿ ਲਿਵ-ਲਾਈ ॥ ੫ ॥**

ਜਿਨ੍ਹਾਂ ਨੇ ਹੰਕਾਰ ਨੂੰ ਮਾਰਕੇ ਸੱਚੀ ਪ੍ਰੀਤੀ ਲਾਈ ਹੈ ਅਤੇ ਪ੍ਰਮੇਸ਼ਰ ਦੀ ਸ਼ਰਨ ਆਏ ਹਨ, ਓਹਨਾਂ ਨੂੰ ਜਮ ਨ ਵੇਖਦਾ, ਨ ਦਬਾਉਂਦਾ, ਭਾਵ ਦੁਖ ਨਹੀਂ ਦੇਂਦਾ ਹੈ, ਓਹ ਸਦਾ ਪ੍ਰਮੇਸ਼ਰ ਵਿੱਚ ਪ੍ਰੀਤੀ ਲਾਈ ਰੱਖਦੇ ਹਨ।

**ਸਤਿਗੁਰ ਸੇਵਹਿ ਸੇ ਜਨ ਨਿਰਮਲ ਪਵਿਤਾ ॥ ਮਨ ਸਿਉ ਮਨੁ ਮਿਲਾਇ ਸਭ ਜਗੁ ਜੀਤਾ ॥ ਇਨ ਬਿਧਿ ਕੁਸਲੁ ਤੇਰੈ ਮੇਰੇ ਮੀਤਾ ॥ ੬ ॥**

ਜੇਹੜੇ ਸਤਿਗੁਰਾਂ ਦੀ ਸੇਵਾ ਕਰਦੇ ਹਨ, ਓਹ ਆਦਮੀ ਬਹੁਤ ਪਵਿੱਤ੍ਰ ਤੋਂ ਪਵਿੱਤ੍ਰ ਹਨ। ਓਹਨਾਂ ਨੇ ਆਪਣੇ ਮਨ ਨੂੰ ਗੁਰਾਂ ਦੇ ਮੰਤ੍ਰ ਨਾਲ ਮਿਲਾਕੇ ਸਾਰੇ ਜਗਤ, ਭਾਵ ਜਨਮ ਮਰਨ ਨੂੰ ਜਿੱਤਲਿਆ ਹੈ।

ਹੇ ਮੇਰੇ ਮਿੱਤ੍ਰ! ਤੈਨੂੰ ਇਸ ਤਰਾਂ ਗੁਰ ਮੰਤ੍ਰ ਦੇ ਨਾਲ ਮਨ ਮਿਲਾਉਣ ਨਾਲ ਸੁਖ ਹੋਵੇਗਾ।

**ਸਤਿਗੁਰੂ ਸੇਵੇ ਸੋ ਫਲੁ ਪਾਏ ॥ ਹਿਰਦੈ ਨਾਮੁ ਵਿਚਹੁ ਆਪੁ ਗਵਾਏ ॥ ਅਨਹਦ ਬਾਣੀ ਸਬਦੁ ਵਜਾਏ ॥ ੭ ॥**

Digitized by Panjab Digital Library | www.panjabdigilib.org

ਜੇਹੜਾ ਸਤਿਗੁਰਾਂ ਦੀ ਸੇਵਾ ਕਰਦਾ ਹੈ, ਓਹ ਚਾਰੇ ਫਲ ਪਾ ਲੈਂਦਾ ਹੈ। ਦਿਲ ਵਿੱਚੋਂ ਹੰਕਾਰ ਨੂੰ ਗਵਾਕੇ ਨਾਮ ਨੂੰ ਧਾਰਨ ਕਰ ਰੱਖਦਾ ਹੈ।

ਉਪਦੇਸ਼ ਰੂਪ ਬਾਣੀ ਨੂੰ ਲਗਾਤਾਰ ਵਜਾਏ = ਵਜਾਉਂਦਾ ਭਾਵ ਜਪਦਾ ਹੈ।

**ਸਤਿਗੁਰ ਤੇ ਕਵਨੁ ਕਵਨੁ ਨ ਸੀਧੋ ਮੇਰੇ ਭਾਈ ॥ ਭਗਤੀ ਸੀਧੇ ਦਰਿ ਸੋਭਾ ਪਾਈ ॥ ਨਾਨਕ ਰਾਮ ਨਾਮਿ ਵਡਿਆਈ ॥ ੮ ॥ ੫ ॥**

ਹੇ ਮੇਰੇ ਭਰਾ! ਸਤਿਗੁਰਾਂ ਤੋਂ ਕੇਹੜਾ ੨ ਨਹੀਂ ਸਿੱਧ ਹੋਇਆ ਹੈ, ਭਾਵ ਸਿੱਧੇ ਰਸਤੇ ਮੁਕਤੀ ਦੇ ਰਾਹ ਪਿਆ ਹੈ, ਭਾਵ ਸਾਰੇ ਹੀ ਤਰ ਗਏ ਹਨ। ਜੇਹੜੇ ਭਗਤੀ ਦੇ ਪਾਸੇ ਸਿੱਧੇ ਹੋਏ ਹਨ, ਓਹਨਾਂ ਨੇ ਦਰਗਾਹ ਵਿੱਚ ਸੋਭਾ ਪਾਈ ਹੈ। ਗੁਰੂ ਜੀ-ਪ੍ਰਮੇਸ਼ਰ ਦੇ ਨਾਮ ਨਾਲ ਹੀ ਵਡਿਆਈ ਮਿਲਦੀ ਹੈ।

## ਗਉੜੀ ਮਹਲਾ ੩ ॥

**ਤ੍ਰੈਗੁਣ ਵਖਾਣੈ ਭਰਮੁ ਨ ਜਾਇ ॥ ਬੰਧਨ ਨ ਤੂਟੈ ਮੁਕਤਿ ਨ ਪਾਇ ॥ ਮੁਕਤਿ ਦਾਤਾ ਸਤਿਗੁਰੁ ਜੁਗ ਮਾਹਿ ॥ ੧ ॥**

ਜੇਹੜੇ ਤਿੰਨਾਂ ਗੁਣਾਂ ਵਾਲੀ ਕਥਾ ਨੂੰ ਬੋਲਦੇ ਹਨ, ਓਹਨਾਂ ਦਾ ਭਰਮ ਗੁਰ ਉਪਦੇਸ਼ ਬਿਨਾ ਨਹੀਂ ਜਾਂਦਾ ਹੈ। ਨਾ ਹੀ ਓਹਨਾਂ ਦੇ ਮਾਇਆ ਦੇ ਬੰਨ੍ਹਣ ਟੁੱਟਦੇ ਹਨ ਅਤੇ ਨਾ ਹੀ ਓਹ ਮੁਕਤੀ ਪਾਉਂਦੇ ਹਨ।

ਜੁੱਗਾਂ ਵਿੱਚ ਮੁਕਤੀ ਦਾ ਦਾਤਾ ਗੁਰੂ ਜੀ ਹੈ।

**ਗੁਰਮੁਖਿ ਪ੍ਰਾਣੀ ਭਰਮੁ ਗਵਾਇ ॥ ਸਹਜ ਧੁਨਿ ਉਪਜੈ ਹਰਿ ਲਿਵਲਾਇ ॥ ੧ ॥ ਰਹਾਉ ॥**

ਧੁਨਿ = ਬਾਣੀ ॥

ਹੇ ਆਦਮੀ! ਗੁਰਾਂ ਦੁਆਰੇ ਭਰਮ ਨੂੰ ਦੂਰ ਕਰ, ਪ੍ਰਮੇਸ਼ਰ ਨਾਲ ਪ੍ਰੀਤੀ ਲਾ, ਇਸ ਕਰਕੇ ਸ਼ਾਂਤੀ ਰੂਪ ਬਾਣੀ ਪ੍ਰਗਟ ਹੋ ਜਾਵੇਗੀ।

**ਤ੍ਰੈ ਗੁਣ ਕਾਲੈ ਕੀ ਸਿਰਿਕਾਰਾ ॥ ਨਾਮੁ ਨ ਚੇਤਹਿ ਉਪਾਵਣ ਹਾਰਾ ॥ ਮਰਿ ਜੰਮਹਿ ਫਿਰਿ ਵਾਰੋ ਵਾਰਾ ॥ ੨ ॥**

ਤਿੰਨਾਂ ਗੁਣਾਂ ਵਾਲਿਆਂ ਆਦਮੀਆਂ ਦੇ ਸਿਰ ਉੱਤੇ ਕਾਲ ਦੀ ਕਾਰ

Digitized by Panjab Digital Library | www.panjabdigilib.org

ਹੈ, ਜਾਂ ਸਾਰੇ ਆਦਮੀ ਮੌਤ ਦੇ ਵੱਸ ਹਨ। ਕਿਉਂਕਿ ਪੈਦਾ ਕਰਨ ਵਾਲੇ ਨਾਮ ਨੂੰ ਨਹੀਂ ਚੇਤੇ ਕਰਦੇ ਹਨ। ਫਿਰ ਮੁੜਕ ਜੰਮਦੇ ਮਰਦੇ ਹਨ।

**ਅੰਧੇ ਗੁਰੂ ਤੇ ਭਰਮੁ ਨ ਜਾਈ ॥ ਮੂਲੁ ਛੋਡਿ ਲਾਗੇ ਦੂਜੈ ਭਾਈ ॥ ਬਿਖ ਕਾ ਮਾਤਾ ਬਿਖੁ ਮਾਹਿ ਸਮਾਈ ॥ ੩ ॥**

ਅੰਨ੍ਹਿਆਂ ਗੁਰੂਆਂ ਦੇ ਮਿਲਨ ਨਾਲ ਭਰਮ ਨਹੀਂ ਜਾਂਦਾ ਹੈ। ਓਹ ਮੁੱਢ ਰੂਪ ਪ੍ਰਮੇਸ਼ਰ ਨੂੰ ਛੱਡਕੇ ਦ੍ਵੈਤ ਭਾਵਣਾ ਵਿੱਚ ਲਗਾਉਂਦੇ ਹਨ, ਜਾਂ ਲੱਗਦੇ ਹਨ। ਵਿਸ਼ਿਆਂ ਸੁਆਦਾਂ ਦਾ ਮਸਤ ਹੋਇਆ ੨ ਆਦਮੀ ਬੜਾ ਮਸਤ ਰਹਿੰਦਾ ਹੈ, ਇਸ ਲਈ ਮਰਕੇ ਵਿਹੁ ਰੂਪ ਦੁਖਾਂ ਵਿੱਚ ਸਮਾਈ ਹੁੰਦੀ ਹੈ, ਭਾਵ ਸਦਾ ਦੁਖੀ ਰਹਿੰਦਾ ਹੈ।

**ਮਾਇਆ ਕਰਿ ਮੂਲੁ ਜੰਤ੍ਰ ਭਰਮਾਏ ॥ ਹਰ ਜੀਉ ਵਿਸਰਿਆ ਦੂਜੈ ਭਾਏ ॥ ਜਿਸੁ ਨਦਰਿ ਕਰੇ ਸੋ ਪਰਮਗਤਿ ਪਾਏ ॥ ੪ ॥**

ਜੇਹੜੀ ਮਾਇਆ ਦੁਨੀਆ ਦਾ ਮੁੱਢ ਹੈ, ਓਹੋ ਹੀ ਇੱਕ ਜੰਤ੍ਰ = ਪੰਘੂੜਾ ਹੋ ਗਿਆ, ਉਸ ਕਰਕੇ ਜੀਵ ਭਰਮਦੇ ਫਿਰਦੇ ਹਨ।
ਦ੍ਵੈਤ ਭਾਵਣਾ ਕਰਕੇ ਪ੍ਰਮੇਸ਼ਰ ਜੀ ਵਿਸਰ ਗਿਆ ਹੈ, ਜਿਸੀ ਦੇ ਉਤੇ ਪ੍ਰਮੇਸ਼ਰ ਕਿਰਪਾ ਦ੍ਰਿਸ਼ਟੀ ਕਰਦਾ ਹੈ, ਓਹ ਪਰਮਗਤ ਨੂੰ ਪਾਉਂਦਾ ਹੈ।

**ਅੰਤਰਿ ਸਾਚੁ ਬਾਹਰਿ ਸਾਚੁ ਵਰਤਾਏ ॥ ਸਾਚੁ ਨ ਛਪੈ ਜੇ ਕੋ ਰਖੈ ਛਪਾਏ ॥ ਗਿਆਨੀ ਬੂਝਹਿ ਸਹਜਿ ਸੁਭਾਏ ॥ ੫ ॥**

ਜੇਹੜੇ ਭਗਤ ਹਨ, ਉਹਨਾਂ ਦੇ ਰਿਦੇ ਵਿੱਚ ਸੱਚ ਹੈ, ਓਹ ਬਾਹਰ = ਬਾਣੀ ਕਰਕੇ ਵੀ ਲੋਕਾਂ ਨੂੰ ਸੱਚ ਦਾ ਉਪਦੇਸ਼ ਕਰਦੇ ਹਨ।
ਜੇਕਰ ਕੋਈ ਸੱਚ ਨੂੰ ਛਪਾ ਰੱਖੇ ਤੇ ਤਾਂ ਸੱਚ ਛਪਦਾ ਨਹੀਂ ਹੈ।
ਗਿਆਨੀ ਸਹਿਜ ਸੁਭਾਵ ਹੀ ਪ੍ਰਮੇਸ਼ਰ ਨੂੰ ਸਮਝ ਲੈਂਦੇ ਹਨ।

**ਗੁਰਮੁਖਿ ਸਾਚਿ ਰਹਿਆ ਲਿਵਲਾਏ ॥ ਹਉਮੈ ਮਾਇਆ ਸਬਦਿ ਜਲਾਏ ॥ ਮੇਰਾ ਪ੍ਰਭੁ ਸਾਚਾ ਮੇਲ ਮਿਲਾਏ ॥ ੬ ॥**

ਜੇਹੜਾ ਗੁਰਮੁਖ ਹੈ ਓਹ ਸੱਚੇ ਵਿੱਚ ਪ੍ਰੀਤੀ ਲਾਈ ਰੱਖਦਾ ਹੈ।

Digitized by Panjab Digital Library | www.panjabdigilib.org

ਉਸਨੇ ਮਾਇਆ ਦਾ ਹੰਕਾਰ ਗੁਰਉਪਦੇਸ਼ ਕਰਕੇ ਸਾੜ ਦਿੱਤਾ ਹੈ। ਉਸ ਨੂੰ ਮੇਰਾ ਸੱਚਾ ਮਾਲਕ ਆਪਣੇ ਸਤਿਸੰਗ ਰੂਪ ਸੱਚੇ ਮੇਲ ਵਿੱਚ ਮਿਲਾ ਲੈਂਦਾ ਹੈ।

**ਸਤਿਗੁਰੁ ਦਾਤਾ ਸਬਦੁ ਸੁਣਾਏ ॥ ਧਾਵਤੁ ਰਾਖੈ ਠਾਕਿ ਰਹਾਏ ॥ ਪੂਰੇ ਗੁਰ ਤੇ ਸੋਝੀ ਪਾਏ ॥ ੭ ॥**

ਜਿਨ੍ਹਾਂ ਨੂੰ ਸਤਿਗੁਰੂ ਦਾਤਾ ਉਪਦੇਸ਼ ਸੁਣਾਉਂਦਾ ਹੈ, ਓਹਨਾਂ ਨੇ ਵਿਸ਼ਿਆਂ ਵੱਲ ਇੰਦ੍ਰੇ ਦੌੜਦੇ ਰੋਕ ਰੱਖੇ ਹਨ ਅਤੇ ਅੰਤਸ਼ਕਰਨ ਨੂੰ ਵੀ ਰੋਕ ਰੱਖਿਆ ਹੈ। ਓਹਨਾਂ ਪੂਰਿਆਂ ਗੁਰਾਂ ਤੋਂ ਸਾਰੀ ਸਮਝ ਪਾਈ ਹੈ।

**ਆਪੇ ਕਰਤਾ ਸ੍ਰਿਸਟਿ ਸਿਰਜਿ ਜਿਨ ਗੋਈ ॥ ਤਿਸੁ ਬਿਨੁ ਦੂਜਾ ਅਵਰੁ ਨਾ ਕੋਈ ॥ ਨਾਨਕ ਗੁਰਮੁਖਿ ਬੂਝੈ ਕੋਈ ॥ ੮ ॥ ੬ ॥**

ਜੇਹੜਾ ਆਪ ਹੀ ਦੁਨੀਆਂ ਨੂੰ ਪੈਦਾ ਕਰਨ ਵਾਲਾ ਹੈ ਅਤੇ ਆਪੇ ਹੀ ਉਸਨੇ ਪਹਿਲੇ ਪਹਿਲ ਆਪਣੇ ਵਿੱਚ ਗੋਈ = ਮਿਲਾਈ ਸੀ ਭਾਵ ਮਾਰਨੇ ਵਾਲਾ ਹੈ, ਉਸ ਪ੍ਰਮੇਸ਼ਰ ਤੋਂ ਬਿਨਾਂ ਹੋਰ ਕੋਈ ਦੂਸਰਾ ਨਹੀਂ ਹੈ।

ਗੁਰੂ ਜੀ–ਇੱਕੁਰ ਕੋਈ ਗੁਰਮੁਖ ਹੀ ਸਮਝਦਾ ਹੈ।

**ਗਉੜੀ ਮਹਲਾ ੩ ॥**

**ਨਾਮੁ ਅਮੋਲਕੁ ਗੁਰਮੁਖਿ ਪਾਵੈ ॥ ਨਾਮੋ ਸੇਵੇ ਨਾਮਿ ਸਹਜਿ ਸਮਾਵੈ ॥ ਅੰਮ੍ਰਿਤੁ ਨਾਮੁ ਰਸਨਾ ਨਿਤ ਗਾਵੈ ॥ ਜਿਸਨੋ ਕ੍ਰਿਪਾ ਕਰੇ ਸੋ ਹਰਿ ਰਸੁ ਪਾਵੈ ॥ ੧ ॥**

ਪ੍ਰਮੇਸ਼ਰ ਦੇ ਅਮੋਲਕ ਨਾਮ ਨੂੰ ਗੁਰਮੁਖ ਲੱਭ ਲੈਂਦਾ ਹੈ। ਨਾਮ ਦੀ ਸੇਵਾ ਕਰਕੇ ਪ੍ਰਮੇਸ਼ਰ ਨਾਲ ਮਿਲ ਜਾਂਦਾ ਹੈ। ਰੋਜ਼ ਜੀਭ ਨਾਲ ਅੰਮ੍ਰਿਤ ਰੂਪ ਨਾਮ ਗੌਂਦਾ ਹੈ, ਪਰ ਜਿਸ ਦੇ ਉੱਤੇ ਵਾਹਿਗੁਰੂ ਕਿਰਪਾ ਕਰਦਾ ਹੈ, ਓਹ ਪ੍ਰਮੇਸ਼ਰ ਦੇ ਨਾਮ ਦਾ ਸ੍ਵਾਦ ਪਾਉਂਦਾ ਹੈ।

**ਅਨਦਿਨੁ ਹਿਰਦੈ ਜਪਉ ਜਗਦੀਸਾ ॥ ਗੁਰਮੁਖਿ ਪਾਵਉ ਪਰਮ ਪਦੁ ਸੂਖਾ ॥ ੧ ॥ ਰਹਾਉ ॥**

ਦਿਲ ਵਿੱਚ ਰਾਤ ਦਿਨ ਜਗਤ ਦੇ ਮਾਲਕ ਨੂੰ ਜਪੋ, ਗੁਰਾਂ ਦੁਆਰੇ ਪਰਮ ਪਦ ਨੂੰ ਪਾਕੇ ਸੁਖ ਨੂੰ ਪਾਓ।

**ਹਿਰਦੈ ਸੂਖ ਭਇਆ ਪਰਗਾਸੁ ॥ ਗੁਰਮੁਖਿ ਗਾਵਹਿ**

Digitized by Panjab Digital Library | www.panjabdigilib.org

**ਸਚੁ ਗੁਣਤਾਸੁ ॥ ਦਾਸਨਿ ਦਾਸ ਨਿਤ ਹੋਵਹਿ ਦਾਸੁ ॥ ਗ੍ਰਿਹ ਕੁਟੰਬ ਮਹਿ ਸਦਾ ਉਦਾਸੁ ॥ ੨ ॥**

ਜੇਹੜੇ ਗੁਰਮੁਖ ਉਸ ਸੱਚੇ ਪ੍ਰਮੇਸ਼ਰ ਦੇ ਗੁਣਾਂ ਨੂੰ ਗੌਂਦੇ ਹਨ, ਓਹਨਾਂ ਦੇ ਦਿਲ ਵਿੱਚ ਸੁੱਖਾਂ ਦਾ ਚਾਨਣ ਹੋਇਆ ਹੈ। ਜੇਹੜੇ ਦਾਸਾਂ ਦੇ ਦਾਸ ਹਨ, ਓਹਨਾਂ ਦੇ ਓਹ ਰੋਜ਼ ਦਾਸ ਹੁੰਦੇ ਹਨ,ਭਾਵ ਬਹੁਤ ਹੀ ਨਿੰਮ੍ਰਤਾ ਰੱਖਦੇ ਹਨ, ਘਰ ਵਿੱਚ ਰਹਿੰਦੇ ਹੋਏ ਹੀ ਟੱਬਰ ਵਿੱਚੋਂ ਮਨ ਨੂੰ ਉਦਾਸ ਰਖਦੇ ਹਨ, ਭਾਵ ਸਦਾ ਭਜਨ ਕਰਦੇ ਹਨ।

**ਜੀਵਨ ਮੁਕਤੁ ਗੁਰਮੁਖਿ ਕੋ ਹੋਈ ॥ ਪਰਮ ਪਦਾਰਥੁ ਪਾਵੈ ਸੋਈ ॥ ਤ੍ਰੈ ਗੁਣ ਮੇਟੇ ਨਿਰਮਲੁ ਹੋਈ ॥ ਸਹਜੇ ਸਾਚਿ ਮਿਲੈ ਪ੍ਰਭੁ ਸੋਈ ॥ ੩ ॥**

ਜੇਹੜਾ ਕੋਈ ਗੁਰਮੁਖ ਜੀਵਣ ਮੁਕਤੀ ਹੁੰਦਾ ਹੈ,ਓਹ ਪਰਮ ਪਦਾਰਥ ਭ੍ਰਾਵ ਜੀਉਂਦਾ ਹੀ ਮੁਕਤੀ ਨੂੰ ਪਾਉਂਦਾ ਹੈ। ਜੇਹੜਾ ਤਿੰਨਾਂ ਗੁਣਾਂ ਨੂੰ ਦੂਰ ਕਰਕੇ ਨਿਰਮਲ ਹੁੰਦਾ ਹੈ, ਓਹ ਆਦਮੀ ਸੱਚੇ ਮਾਲਕ ਨੂੰ ਸੁਭਾਵਕ ਹੀ ਮਿਲ ਜਾਂਦਾ ਹੈ।

**ਮੋਹ ਕੁਟੰਬ ਸਿਉ ਪ੍ਰੀਤ ਨ ਹੋਇ ॥ ਜਾ ਹਿਰਦੈ ਵਸਿਆ ਸਚੁ ਸੋਇ ॥ ਗੁਰਮੁਖਿ ਮਨੁ ਬੇਧਿਆ ਅਸਥਿਰੁ ਹੋਇ ॥ ਹੁਕਮੁ ਪਛਾਣੈ ਬੂਝੈ ਸਚੁ ਸੋਇ ॥ ੪ ॥**

ਜਦੋਂ ਓਹ ਸੱਚਾ ਵਾਹਿਗੁਰੂ ਦਿਲ ਵਿੱਚ ਵੱਸਿਆ ਤਾਂ ਅਗਯਾਨ ਨਾਲ ਟੱਬਰ ਵਿੱਚ ਪ੍ਰੀਤੀ ਨਹੀਂ ਹੁੰਦੀ ਹੈ ਭਾਵ ਸਾਰਿਆਂ ਨੂੰ ਝੂਠਿਆਂ ਜਾਣਕੇ ਟੱਬਰ ਵਿੱਚ ਰਹਿੰਦਾ ਹੈ। ਜਿਨ੍ਹਾਂ ਗੁਰਮੁਖਾਂ ਦਾ ਮਨ ਪ੍ਰਮੇਸ਼ਰ ਨਾਲ ਮਿਲਿਆ ਹੈ ਓਹਨਾਂ ਦਾ ਚਿੱਤ ਟਿਕਿਆ ਹੋਇਆ ਹੁੰਦਾ ਹੈ। ਜੇਹੜਾ ਪ੍ਰਮੇਸ਼ਰ ਦਾ ਹੁਕਮ ਪਛਾਣਦਾ ਹੈ ਓਹ ਸੱਚੇ ਪ੍ਰਮੇਸ਼ਰ ਨੂੰ ਸਮਝ ਲੈਂਦਾ ਹੈ।

**ਤੂੰ ਕਰਤਾ ਮੈ ਅਵਰੁ ਨ ਕੋਇ ॥ ਤੁਝੁ ਸੇਵੀ ਤੁਝ ਤੇ ਪਤਿ ਹੋਇ ॥ ਕਿਰਪਾ ਕਰਹਿ ਗਾਵਾ ਪ੍ਰਭੁ ਸੋਇ ॥ ਨਾਮ ਰਤਨੁ ਸਭ ਜਗ ਮਹਿ ਲੋਇ ॥ ੫ ॥**

ਹੇ ਮਹਾਰਾਜ ! ਮੈਂ ਤਾਂ ਤੈਨੂੰ ਹੀ ਕਰਤਾ ਜਾਣਿਆ ਹੈ, ਹੋਰ ਕੋਈ ਨਹੀਂ ਹੈ, ਤੇਰੀ ਹੀ ਸੇਵਾ ਕਰਾਂ, ਤੈਥੋਂ ਹੀ ਇੱਜ਼ਤ ਮਿਲਦੀ ਹੈ। ਹੇ ਮਾਲਕਾ ਜੇ ਤੂੰ ਕਿਰਪਾ ਕਰੇਂ ਤੇ ਤਾਂ ਮੈਂ ਤੇਰੇ ਗੁਣਾਂ ਨੂੰ ਗਾਵਾਂ ਜਾਂ ਤੇਰੀ

Digitized by Panjab Digital Library | www.panjabdigilib.org

ਸੋਇ = ਸੋਭਾ ਗਾਵਾਂ। ਜੇਹੜਾ ਤੇਰਾ ਨਾਮ ਰਤਨ ਰੂਪ ਹੈ, ਉਹ ਸਾਰੇ ਸੰਸਾਰ ਵਿਚ ਪ੍ਰਕਾਸ਼ ਕਰਨ ਵਾਲਾ ਹੈ।

**ਗੁਰਮੁਖਿ ਬਾਣੀ ਮੀਠੀ ਲਾਗੀ ॥ ਅੰਤਰੁ ਬਿਗਸੈ ਅਨਦਿਨੁ ਲਿਵਲਾਗੀ ॥ ਸਹਜੈ ਸਚੁ ਮਿਲਿਆ ਪਰਸਾਦੀ ॥ ਸਤਿਗੁਰ ਪਾਇਆ ਪੂਰੈ ਵਡਭਾਗੀ ॥ ੬ ॥**

ਜਿਨ੍ਹਾਂ ਨੂੰ ਗੁਰਾਂ ਦੇ ਮੂੰਹ ਦੀ ਬਾਣੀ ਮਿੱਠੀ ਲੱਗੀ ਹੈ, ਓਹਨਾਂ ਦਾ ਅੰਦਰੋਂ ਰਿਦਾ ਖੁਸ਼ੀ ਹੁੰਦਾ ਹੈ ਅਤੇ ਰਾਤ ਦਿਨ ਪ੍ਰੀਤੀ ਲੱਗੀ ਰਹਿੰਦੀ ਹੈ। ਜਿਨ੍ਹਾਂ ਪੂਰਿਆਂ ਵਡਭਾਗਿਆਂ ਆਦਮੀਆਂ ਨੇ ਸਤਿਗੁਰੂ ਨੂੰ ਪਾਇਆ ਹੈ। ਓਹਨਾਂ ਨੂੰ ਸਾਰਿਆਂ ਉਤੇ ਕਿਰਪਾ ਕਰਨ ਵਾਲਾ ਸੱਚਾ ਮਾਲਕ ਸੁਭਾਵਕ ਹੀ ਮਿਲਿਆ ਹੈ।

**ਹਉਮੈ ਮਮਤਾ ਦੁਰਮਤਿ ਦੁਖ ਨਾਸੁ ॥ ਜਬ ਹਿਰਦੈ ਰਾਮ ਨਾਮੁ ਗੁਣਤਾਸੁ ॥ ਗੁਰਮੁਖਿ ਬੁਧਿ ਪ੍ਰਗਟੀ ਪ੍ਰਭ ਜਾਸੁ ॥ ਜਬ ਹਿਰਦੈ ਰਵਿਆ ਚਰਣ ਨਿਵਾਸੁ ॥ ੭ ॥**

ਜਦੋਂ ਰਿਦੇ ਵਿਚ ਰਾਮ ਨਾਮ ਗੁਣਾਂ ਦਾ ਖਜ਼ਾਨਾ ਮਿਲਿਆ ਤਾਂ ਹੰਗਤਾ ਮਮਤਾ ਅਤੇ ਖੋਟੀ ਮਤੀ ਅਤੇ ਸਾਰੇ ਦੁਖ ਨਾਸ ਹੋ ਗਏ। ਜਦੋਂ ਰਿਦੇ ਵਿਚ ਮਿਲਿਆ ਜਾਣਕੇ ਜੇਹੜਾ ਸਾਰਿਆਂ ਦਾ ਚਰਨ = ਆਸਰਾ ਰੂਪ ਹੈ, ਉਸ ਵਿਚ ਨਿਵਾਸ ਕੀਤਾ ਤਾਂ ਗੁਰਾਂ ਦੁਆਰਾ ਪ੍ਰਮੇਸਰ ਦਾ ਜੱਸ ਉਚਾਰਨ ਦੀ ਬੁਧੀ ਪ੍ਰਗਟ ਹੋਈ।

**ਜਿਸੁ ਨਾਮੁ ਦੇਇ ਸੋਈ ਜਨੁ ਪਾਏ ॥ ਗੁਰਮੁਖਿ ਮੇਲੇ ਆਪੁ ਗਵਾਏ ॥ ਹਿਰਦੈ ਸਾਚਾ ਨਾਮੁ ਵਸਾਏ ॥ ਨਾਨਕ ਸਹਜੇ ਸਾਚਿ ਸਮਾਏ ॥ ੮ ॥ ੭ ॥**

ਜਿਹਨੂੰ ਵਾਹਿਗੁਰੂ ਨਾਮ ਦੇਂਦਾ ਹੈ,ਓਹੋ ਹੀ ਪਾਉਂਦਾ ਹੈ,ਹੋਰ ਦੂਸਰਾ ਕੋਈ ਨਹੀਂ ਪਾ ਸੱਕਦਾ ਹੈ। ਜੇਹੜਾ ਹੰਕਾਰ ਨੂੰ ਦੂਰ ਕਰਦਾ ਹੈ, ਉਸਨੂੰ ਗੁਰ ਮੇਲਦਾ ਹੈ, ਜੇਹੜਾ ਰਿਦੇ ਵਿਚ ਸੱਚਾ ਨਾਮ ਵਸਾਉਂਦਾ ਹੈ।

ਗੁਰੂ ਜੀ—ਓਹ ਆਦਮੀ ਸੁਭਾਵਕ ਹੀ ਸੱਚ ਵਿੱਚ ਸਮਾ ਜਾਂਦਾ ਹੈ।

## ਗਉੜੀ ਮਹਲਾ ੩ ॥

**ਮਨ ਹੀ ਮਨੁ ਸਵਾਰਿਆ ਭੈ ਸਹਜਿ ਸੁਭਾਇ ॥**

Digitized by Panjab Digital Library | www.panjabdigilib.org

**ਸਬਦਿ ਮਨੁ ਰੰਗਿਆ ਲਿਵਲਾਇ ॥ ਨਿਜ ਘਰਿ ਵਸਿਆ ਪ੍ਰਭ ਕੀ ਰਜਾਇ ॥ ੧ ॥**

ਜਦੋਂ ਗੁਰਾਂ ਦੇ ਮਨ = ਮੰਤਰ "ਉਪਦੇਸ਼" ਕਰਕੇ ਮਨ ਨੂੰ ਸਵਾ-ਰਿਆ ਜਾਂ ਆਪਣੇ ਮਨ ਨਾਲ ਹੀ ਮਨ ਨੂੰ ਪਵਿਤ੍ਰ ਕੀਤਾ ਤਾਂ ਸਹਿਜ ਸ਼ਾਂਤੀ ਸੁਭਾਵ ਭੈ = ਹੋ ਗਿਆ ਜਾਂ ਡਰ ਤੇ ਪ੍ਰੇਮ ਸਹਿਜੇ ਹੀ ਅੰਦਰ ਆ ਗਿਆ।

ਜਿਸਨੇ ਗੁਰ ਉਪਦੇਸ਼ ਵਿਚ ਮਨ ਨੂੰ ਰੰਗਿਆ ਹੈ ਅਤੇ ਪ੍ਰੀਤੀ ਲਾਈ ਹੈ ਅਤੇ ਮਾਲ੍ਕ ਦੀ ਆਗਿਆ ਮੰਨੀ ਹੈ, ਓਹ ਆਪਣੇ ਅਸਲੀ ਘਰ ਵਿਚ ਵੱਸਿਆ ਭਾਵ ਵਾਹਿਗੁਰੂ ਨਾਲ ਮਿਲਿਆ ਹੈ।

**ਸਤਿਗੁਰੁ ਸੇਵਿਐ ਜਾਇ ਅਭਿਮਾਨੁ ॥ ਗੋਵਿਦੁ ਪਾਈਐ ਗੁਣੀ ਨਿਧਾਨੁ ॥ ੧ ॥ ਰਹਾਉ ॥**

ਸਤਿਗੁਰੂ ਦੀ ਸੇਵਾ ਕਰਨ ਨਾਲ ਹੰਕਾਰ ਜਾਂਦਾ ਰਹਿੰਦਾ ਹੈ ਅਤੇ ਗੁਰਾਂ ਦੇ ਖਜ਼ਾਨੇ ਪ੍ਰਮੇਸਰ ਨੂੰ ਪਾਈਦਾ ਹੈ।

**ਮਨੁ ਬੈਰਾਗੀ ਜਾ ਸਬਦਿ ਭਉ ਖਾਇ ॥ ਮੇਰਾ ਪ੍ਰਭੁ ਨਿਰਮਲਾ ਸਭ ਤੈ ਰਹਿਆ ਸਮਾਇ ॥ ਗੁਰ ਕਿਰਪਾ ਤੇ ਮਿਲੈ ਮਿਲਾਇ ॥ ੨ ॥**

ਜਦੋਂ ਗੁਰਾਂ ਦੇ ਉਪਦੇਸ਼ ਕਰਕੇ ਪ੍ਰਮੇਸਰ ਦਾ ਡਰ ਖਾਂਦਾ ਹੈ ਭਾਵ ਡਰਦਾ ਹੈ ਤੇ ਤਾਂ ਮਨ ਵੈਰਾਗੀ ਹੁੰਦਾ ਹੈ। ਮੇਰਾ ਮਾਲਕ ਸਾਰਿਆਂ ਤੋਂ ਨਿਰਮਲਾ ਹੈ ਅਤੇ ਸਾਰਿਆਂ ਵਿਚ ਮਿਲਿਆ ਹੋਇਆ ਹੈ,ਪਰ ਗੁਰਾਂ ਦੀ ਕਿਰਪਾ ਨਾਲ ਮਿਲਾਇਆ ਹੋਇਆ ਮਿਲਦਾ ਹੈ।

**ਹਰਿ ਦਾਸਨ ਕੋ ਦਾਸੁ ਸੁਖੁ ਪਾਏ ॥ ਮੇਰਾ ਹਰਿ ਪ੍ਰਭੁ ਇਨ ਬਿਧਿ ਪਾਇਆ ਜਾਏ ॥ ਹਰਿ ਕਿਰਪਾ ਤੇ ਰਾਮ ਗੁਣ ਗਾਏ ॥ ੩ ॥**

ਜੇਹੜਾ ਵਾਹਿਗੁਰੂ ਦੇ ਦਾਸਾਂ ਦਾ ਦਾਸ ਹੁੰਦਾ ਹੈ, ਓਹ ਸੁਖ ਪਾਉਂਦਾ ਹੈ। ਮੇਰਾ ਮਾਲਕ ਏਸੇ ਹੀ ਰੀਤੀ ਨਾਲ ਭਾਵ ਦਾਸਾ ਭਾਵ ਧਾਰਨ ਨਾਲ ਪਾਇਆ ਜਾਂਦਾ ਹੈ। ਪ੍ਰਮੇਸਰ ਦੀ ਕਿਰਪਾ ਨਾਲ ਹੀ ਉਸਦੇ ਗੁਣ ਗਾਏ ਜਾਂਦੇ ਹਨ।

**ਧ੍ਰਿਗ ਬਹੁ ਜੀਵਣੁ ਜਿਤੁ ਹਰਿ ਨਾਮਿ ਨ ਲਗੈ**

Digitized by Panjab Digital Library | www.panjabdigilib.org

ਪਿਆਰੁ ॥ ਧ੍ਰਿਗੁ ਸੇਜ ਸੁਖਾਲੀ ਕਾਮਣਿ ਮੋਹ ਗੁਬਾਰੁ ॥ ਤਿਨ ਸਫਲ ਜਨਮੁ ਜਿਨ ਨਾਮੁ ਅਧਾਰੁ ॥ ੪ ॥

ਉਸ ਜੀਉਣ ਨੂੰ ਧਿਰਕਾਰ ਹੈ, ਜਿਸ ਕਰਕੇ ਪ੍ਰਮੇਸਰ ਦੇ ਨਾਮ ਵਿਚ ਪਿਆਰ ਨਹੀਂ ਲੱਗਦਾ ਹੈ। ਗਾਹੜੇ ਹਨੇਰੇ ਕਰਕੇ ਇਸਤਰੀ ਵਿਚ ਮੋਹ ਪਿਆਰ ਕਰਨ ਨਾਲ ਅਤੇ ਸੁਖਾਂ ਵਾਲੀ ਸੇਜ ਉਤੇ ਸੌਣ ਨੂੰ ਵੀ ਧਿਰਕਾਰ ਹੈ। ਓਹਨਾਂ ਗੁਰਮੁਖਾਂ ਦਾ ਜਨਮ ਸਫਲ ਹੈ, ਜਿਨ੍ਹਾਂ ਨੇ ਨਾਮ ਦਾ ਆਸਰਾ ਲਿਆ ਹੈ।

ਧ੍ਰਿਗੁ ਧ੍ਰਿਗੁ ਗ੍ਰਿਹੁ ਕੁਟੰਬੁ ਜਿਤੁ ਹਰਿ ਪ੍ਰੀਤਿ ਨ ਹੋਇ ॥ ਸੋਈ ਹਮਾਰਾ ਮੀਤੁ ਜੋ ਹਰਿ ਗੁਣ ਗਾਵੈ ਸੋਇ ॥ ਹਰਿ ਨਾਮ ਬਿਨਾ ਮੈ ਅਵਰੁ ਨ ਕੋਇ ॥ ੫ ॥

ਉਸ ਘਰ ਨੂੰ ਵੀ ਧਿਰਕਾਰ ਹੈ ਅਤੇ ਟੱਬਰ ਨੂੰ ਵੀ ਧਿਰਕਾਰ ਹੈ ਜਿਸ ਕਰਕੇ ਪ੍ਰਮੇਸ਼ਰ ਵਿੱਚ ਪ੍ਰੀਤੀ ਨਹੀਂ ਹੁੰਦੀ ਹੈ। ਸਾਡਾ ਮਿੱਤ੍ਰ ਓਹੇ ਹੀ ਹੈ, ਜੇਹੜਾ ਉਸ ਪ੍ਰਮੇਸ਼ਰ ਦੇ ਗੁਣਾਂ ਨੂੰ ਗਾਉਂਦਾ ਹੈ। ਮੈਂ ਤਾਂ ਪ੍ਰਮੇਸ਼ਰ ਦੇ ਨਾਮ ਤੋਂ ਬਿਨਾ ਹੋਰ ਕੋਈ ਨਹੀਂ ਜਾਣਿਆ ਹੈ।

ਸਤਿਗੁਰ ਤੇ ਹਮ ਗਤਿ ਪਤਿ ਪਾਈ ॥ ਹਰਿ ਨਾਮੁ ਧਿਆਇਆ ਦੂਖੁ ਸਗਲ ਮਿਟਾਈ ॥ ਸਦਾ ਅਨੰਦੁ ਹਰਿ ਨਾਮਿ ਲਿਵ ਲਾਈ ॥ ੬ ॥

ਅਸਾਂ ਤਾਂ ਮੁਕਤੀ ਇੱਜ਼ਤ ਸਤਿਗੁਰਾਂ ਤੋਂ ਪਾਈ ਹੈ। ਪ੍ਰਮੇਸ਼ਰ ਦਾ ਨਾਮ ਧਿਆਇਆ ਹੈ, ਤਾਂ ਸਾਰਿਆਂ ਦੁਖਾਂ ਦੀ ਲੜੀ ਤੋੜ ਦਿੱਤੀ ਹੈ, ਭਾਵ ਸਾਰਿਆਂ ਦੁਖਾਂ ਨੂੰ ਨਾਸ ਕੀਤਾ ਹੈ, ਪ੍ਰਮੇਸ਼ਰ ਦੇ ਨਾਮ ਵਿੱਚ ਪ੍ਰੀਤੀ ਲਾਈ ਹੈ, ਇਸ ਲਈ ਸਦਾ ਹੀ ਅਨੰਦ ਹੈ।

ਗੁਰਿ ਮਿਲਿਐ ਹਮ ਕਉ ਸਰੀਰ ਸੁਧਿ ਭਈ ॥ ਹਉਮੈ ਤ੍ਰਿਸਨਾ ਸਭ ਅਗਨਿ ਬੁਝਈ ॥ ਬਿਨਸੇ ਕ੍ਰੋਧ ਖਿਮਾ ਗਹਿਲਈ ॥ ੭ ॥

ਗੁਰਾਂ ਦੇ ਨਾਲ ਮਿਲਨ ਨਾਲ ਸਾਨੂੰ ਸਰੀਰ ਦੀ ਖਬਰ ਹੋਈ ਹੈ, ਭਾਵ ਸਰੀਰ ਨੂੰ ਝੂਠਿਆਂ ਜਾਣਿਆ ਹੈ ਅਤੇ ਇਸ ਦੇ ਅੰਦਰ ਪ੍ਰਮੇਸ਼ਰ ਨੂੰ ਧਾਰਿਆ ਹੈ, ਹੰਗਤਾ ਤ੍ਰਿਸ਼ਨਾ ਅੱਗ ਸਾਰੀ ਬੁਝ ਗਈ ਹੈ, ਕਰੋਧ ਆਦਿਕ ਸਾਰੇ ਵਿਕਾਰ ਦੂਰ ਹੋ ਗਏ ਹਨ ਅਤੇ ਅਸਾਂ ਖਿਮਾ ਫੜ ਲਈ ਹੈ।

Digitized by Panjab Digital Library | www.panjabdigilib.org

ਹਰਿ ਆਪੇ ਕ੍ਰਿਪਾ ਕਰੇ ਨਾਮੁ ਦੇਵੈ ॥ ਗੁਰਮੁਖਿ ਰਤਨੁ ਕੋ ਵਿਰਲਾ ਲੇਵੈ ॥ ਨਾਨਕੁ ਗੁਣ ਗਾਵੈ ਹਰਿ ਅਲਖ ਅਭੇਵੈ ॥ ੮ ॥ ੮ ॥

ਜਿਸ ਦੇ ਉਤੇ ਪ੍ਰਮੇਸ਼ਰ ਆਪ ਕਿਰਪਾ ਕਰਦਾ ਹੈ, ਉਸ ਨੂੰ ਆਪਣਾ ਨਾਮ ਰਤਨ ਦੇਂਦਾ ਹੈ,ਪਰ ਗੁਰਾਂ ਦੁਆਰੇ ਕੋਈ ਵਿਰਲਾ ਹੀ ਲੈਂਦਾ ਹੈ।

ਗੁਰੂ ਜੀ–ਸਾਡਾ ਮਨ ਤਾਂ ਪ੍ਰਮੇਸ਼ਰ ਅਲੱਖ ਅਭੇਵ ਦੇ ਗੁਣਾਂ ਨੂੰ ਗਾਉਂਦਾ ਰਹਿੰਦਾ ਹੈ।

ੴ ਸਤਿਗੁਰਪ੍ਰਸਾਦਿ ॥

ਰਾਗੁ ਗਉੜੀ ਬੈਰਾਗਣਿ ਮਹਲਾ ੩ ॥ ਸਤਿਗੁਰ ਤੇ ਜੋ ਮੁਹ ਫੇਰੇ ਤੇ ਵੇਮੁਖ ਬੁਰੇ ਦਿਸੰਨਿ ॥ ਅਨਦਿਨੁ ਬਧੇ ਮਾਰੀਅਨਿ ਫਿਰਿ ਵੇਲਾ ਨਾ ਲਾਹੰਨਿ ॥ ੧ ॥

ਜੇਹੜੇ ਆਦਮੀ ਸਤਿਗੁਰਾਂ ਤੋਂ ਮੂੰਹ ਮੋੜਦੇ ਹਨ, ਓਹ ਬੇਮੁਖ ਬੁਰੇ ਦਿਖਾਈ ਦੇਂਦੇ ਹਨ। ਓਹ ਰਾਤ ਦਿਨੇ ਬੱਧੇ ਮਾਰੀਦੇ ਹਨ, ਫਿਰ ਓਹ ਇਹ ਮਨੁੱਖਾ ਜਨਮ ਦਾ ਵੇਲਾ ਨਹੀਂ ਲੈ ਸੱਕਦੇ ਹਨ, ਜਾਂ ਜਿਸ ਵੇਲੇ ਗੁਰਾਂ ਤੋਂ ਬੇਮੁਖ ਹੋਏ ਹਨ, ਓਸ ਵੇਲੇ ਨੂੰ ਨਹੀਂ ਪਾ ਸੱਕਦੇ ਹਨ।

ਹਰਿ ਹਰਿ ਰਾਖਹੁ ਕ੍ਰਿਪਾ ਧਾਰਿ ॥ ਸਤਿ ਸੰਗਤਿ ਮੇਲਾਇ ਪ੍ਰਭ ਹਰਿ ਹਿਰਦੈ ਹਰਿ ਗੁਣ ਸਾਰਿ ॥ ੧ ॥ ਰਹਾਉ ॥

ਹੇ ਹਰਿਆਂ ਕਰਨ ਵਾਲਿਆ, ਦੁਖਾਂ ਨੂੰ ਹਰਨ ਵਾਲਿਆ ਸਾਨੂੰ ਕਿਰਪਾ ਕਰਕੇ ਬਚਾ ਰੱਖ। ਹੇ ਪ੍ਰਮੇਸ਼ਰਾ ! ਸਾਨੂੰ ਸਤਿ ਸੰਗਤ ਦੇ ਨਾਲ ਮਿਲਾ ਦੇਹ, ਫਿਰ ਓਥੇ ਜਾਕੇ ਰਿਦੇ ਵਿੱਚ ਤੇਰਿਆਂ ਗੁਣਾਂ ਦੀ ਸੰਭਾਲ ਕਰੀਏ।

ਸੇ ਭਗਤ ਹਰਿ ਭਾਵਦੇ ਜੋ ਗੁਰਮੁਖਿ ਭਾਇ ਚਲਨਿ ॥ ਆਪੁ ਛੋਡਿ ਸੇਵਾ ਕਰਨਿ ਜੀਵਤ ਮੁਏ ਰਹੰਨਿ ॥ ੨ ॥

Digitized by Panjab Digital Library | www.panjabdigilib.org

ਭਾਇ = ਤਰ੍ਹਾਂ ਜਾਂ ਪ੍ਰੇਮ।

ਜੇਹੜੇ ਗੁਰਮੁਖਾਂ ਵਾਂਗ ਪ੍ਰੇਮ ਨਾਲ ਚੱਲਦੇ ਹਨ, ਓਹ ਭਗਤ ਪ੍ਰਮੇਸ਼ਰ ਨੂੰ ਚੰਗੇ ਲੱਗਦੇ ਹਨ। ਓਹ ਹੰਕਾਰ ਨੂੰ ਛੱਡਕੇ ਸੇਵਾ ਕਰਦੇ ਹਨ ਅਤੇ ਜੀਵਤ ਭਾਵ ਤੋਂ ਮੋਏ ਰਹਿੰਦੇ ਹਨ, ਭਾਵ ਨਿਮ੍ਰਤਾ ਰੱਖਦੇ ਹਨ।

**ਜਿਸਦਾ ਪਿੰਡ ਪਰਾਣ ਹੈ ਤਿਸਕੀ ਸਿਰਿਕਾਰ॥ ਓਹੁ ਕਿਉ ਮਨਹੁ ਵਿਸਾਰੀਐ ਹਰਿ ਰਖੀਐ ਹਿਰਦੈ ਧਾਰਿ॥ ੩ ॥**

ਜਿਸ ਪ੍ਰਮੇਸ਼ਰ ਦਾ ਦਿੱਤਾ ਹੋਇਆ ਸਰੀਰ ਅਤੇ ਪ੍ਰਾਣ ਹਨ। ਉਸ ਦੇ ਹੁਕਮ ਦੀ ਕਾਰ ਅਸਾਂ ਆਪਣੇ ਸਿਰ ਉਤੇ ਸਮਝੀ ਹੈ, ਫਿਰ ਉਸਨੂੰ ਰਿਦੇ ਵਿਚੋਂ ਕਿਉਂ ਵਿਸਾਰੀਏ ? ਸਗੋਂ ਉਸਨੂੰ ਮਨ ਵਿੱਚ ਧਾਰ ਰੱਖੀਏ, ਭਾਵ ਸਦਾ ਹੀ ਰਿਦੇ ਵਿੱਚ ਯਾਦ ਰੱਖੀਏ।

**ਨਾਮਿ ਮਿਲਿਐ ਪਤਿ ਪਾਈਐ ਨਾਮਿ ਮੰਨਿਐ ਸੁਖੁ ਹੋਇ॥ ਸਤਿਗੁਰ ਤੇ ਨਾਮੁ ਪਾਈਐ ਕਰਮਿ ਮਿਲੈ ਪ੍ਰਭੁ ਸੋਇ॥ ੪ ॥**

ਵਾਹਿਗੁਰੂ ਨਾਲ ਮਿਲਨ ਨਾਲ ਇੱਜ਼ਤ ਪਾਈਦੀ ਹੈ ਅਤੇ ਪ੍ਰਮੇਸ਼ਰ ਦੇ ਨਾਮ ਨੂੰ ਮੰਨਣ ਨਾਲ ਸੁਖ ਹੁੰਦਾ ਹੈ।

ਪ੍ਰਮੇਸ਼ਰ ਦਾ ਨਾਮ ਸਤਿਗੁਰਾਂ ਤੋਂ ਪਾਈਦਾ ਹੈ ਅਤੇ ਓਹ ਮਾਲਕ ਗੁਰੂ ਚੰਗਿਆਂ ਕਰਮਾਂ ਨਾਲ ਮਿਲਦਾ ਹੈ।

**ਸਤਿਗੁਰ ਤੇ ਜੋ ਮੁਹੁ ਫੇਰੇ ਓਇ ਭ੍ਰਮਦੇ ਨਾ ਟਿਕੰਨਿ॥ ਧਰਤਿ ਅਸਮਾਨੁ ਨਾ ਝਲਈ ਵਿਚਿ ਵਿਸਟਾ ਪਏ ਪਚੰਨਿ॥ ੫ ॥**

ਜੇਹੜੇ ਸਤਿਗੁਰਾਂ ਤੋਂ ਮੂੰਹ ਮੋੜਦੇ ਹਨ, ਉਹ ਚੁਰਾਸੀ ਵਿੱਚ ਭੌਂਦੇ ਹੋਏ ਟਿਕਦੇ ਨਹੀਂ ਹਨ। ਧਰਤੀ ਅਕਾਸ਼ ਓਹਨਾਂ ਨੂੰ ਨਹੀਂ ਝੱਲਦਾ ਹੈ, ਭਾਵ ਉਹ ਕਿਤੇ ਵੀ ਟਿਕਣਾ ਨਹੀਂ ਪਾਉਂਦੇ ਹਨ, ਓਹ ਨਿਰਾਸੇ ਹੋਕੇ ਵਿਸ਼ਟਾ ਜਾਂ ਨਰਕ ਦੀ ਅੱਗ ਵਿੱਚ ਪਏ ਸੜਦੇ ਹਨ।

**ਇਹੁ ਜਗੁ ਭਰਮਿ ਭੁਲਾਇਆ ਮੋਹਿ ਠਗਉਲੀ ਪਾਇ॥ ਜਿਨਾ ਸਤਿਗੁਰੁ ਭੇਟਿਆ ਤਿਨ ਨੇੜਿ ਨ ਭਿਟੈ ਮਾਇ॥ ੬ ॥**

Digitized by Panjab Digital Library | www.panjabdigilib.org

ਮੋਹ ਰੂਪ ਠੱਗ ਬੂਟੀ ਪਾਕੇ ਇਹ ਜਗਤ ਤਾਂ ਭਰਮ ਨੇ ਭੁਲਾਇਆ ਹੋਇਆ ਹੈ। ਪਰ ਜਿਨ੍ਹਾਂ ਨੂੰ ਸਤਿਗੁਰੂ ਮਿਲਿਆ ਹੈ, ਓਹਨਾਂ ਦੇ ਨੇੜੇ ਮਾਇਆ ਨਹੀਂ ਛੋਂਹਦੀ ਹੈ।

**ਸਤਿਗੁਰ ਸੇਵਨਿ ਸੋ ਸੋਹਣੇ ਹਉਮੈ ਮੈਲੁ ਗਵਾਇ ॥ ਸਬਦਿ ਰਤੇ ਸੇ ਨਿਰਮਲੇ ਚਲਹਿ ਸਤਿ-ਗੁਰ ਭਾਇ ॥ ੭ ॥**

ਜੇਹੜੇ ਹੰਕਾਰ ਮੈਲ ਨੂੰ ਗਵਾਕੇ ਸਤਿਗੁਰਾਂ ਦੀ ਸੇਵਾ ਕਰਦੇ ਹਨ। ਓਹ ਆਦਮੀ ਸੋਹਣੇ ਹਨ। ਜੇਹੜੇ ਸਤਿਗੁਰਾਂ ਦੀ ਆਗਿਆ ਅਨੁਸਾਰ ਚੱਲਦੇ ਹਨ, ਓਹ ਆਦਮੀ ਨਿਰਮਲ ਹੋ ਕੇ ਪ੍ਰਮੇਸ਼ਰ ਦੇ ਨਾਲ ਰੱਤੇ ਰਹਿੰਦੇ ਹਨ।

**ਹਰਿ ਪ੍ਰਭ ਦਾਤਾ ਏਕੁ ਤੂੰ ਤੂੰ ਆਪੇ ਬਖਸਿ ਮਿਲਾਇ ॥ ਜਨੁ ਨਾਨਕੁ ਸਰਣਾਗਤੀ ਜਿਉ ਭਾਵੈ ਤਿਵੈ ਛਡਾਇ ॥ ੮ ॥ ੧ ॥ ੯ ॥ ੨੭ ॥**

ਹੇ ਹਰੀ ਮਾਲਕਾ! ਇੱਕ ਹੀ ਤੂੰ ਸਾਰਿਆਂ ਦਾ ਦਾਤਾ ਹੈਂ। ਤੂੰ ਆਪ ਹੀ ਬਖਸ਼ਕੇ ਸਾਨੂੰ ਆਪਣੇ ਨਾਲ ਮਿਲਾ ਲੈਂਦਾ ਹੈਂ।

ਗੁਰੂ ਜੀ-ਮੈਂ ਦਾਸ ਤੇਰੀ ਸ਼ਰਨ ਆਇਆ ਹਾਂ। ਜਿਸਤਰਾਂ ਤੈਨੂੰ ਚੰਗਾ ਲੱਗਦਾ ਹੈ, ਓਸੇ ਹੀ ਤਰਾਂ ਮੈਨੂੰ ਛੁਡਾ ਲੈ, ਭਾਵ ਜ਼ਰੂਰ ਛੁਡਾਓ।

**ਰਾਗੁ ਗਉੜੀ ਪੂਰਬੀ ਮਹਲਾ ੪ ਕਰਹਲੇ**

**੧ ਓ ਸਤਿਗੁਰਪ੍ਰਸਾਦਿ ॥ ॥ ਕਰ ਹਲੇ ਮਨ ਪਰਦੇਸੀਆ ਕਿਉ ਮਿਲੀਐ ਹਰਿ ਮਾਇ ॥ ਗੁਰੁ ਭਾਗਿ ਪੂਰੈ ਪਾਇਆ ਗਲਿ ਮਿਲਿਆ ਪਿਆਰਾ ਆਇ ॥ ੧ ॥**

{ ਕਰਹਲੇ = ਇਹ ਇੱਕ ਤਰਾਂ ਦੇ ਛੰਦਾਂ ਦੀ ਜਾਤੀ ਹੈ। ਭਾਵ ਵਿਸ਼ੇਸ਼ ਸੁੰਦਰ ਚਾਲ ਹੈ ਜਾਂ ਮਨ ਰੂਪ ਕਰਹਲੇ = ਊਠ ਨੂੰ ਉਪਦੇਸ਼ ਹੈ, ਜੋ ਬੇ ਮੁਹਾਰਾ ਖੁੱਲਾ ਫਿਰਦਾ ਹੈ ਜਾਂ ਮਨ ਨੂੰ ਇੱਕੁਰ ਆਖਿਆ ਹੈ ਕਿ ਹੇ ਮਨਾ! ਮਨੁੱਖਾ ਜਨਮ ਵਿੱਚ ਜਿਤਨੇ ਹਲੇ ਚੰਗਿਆਂ ਕੰਮਾਂ ਦੇ ਹੋ ਸੱਕਦੇ ਹਨ, ਕਰ ਲੈ। }

ਹੇ ਮਨ ਰੂਪ ਬੇ ਮੁਹਾਰਿਆ ਊਠਾ! ਆਤਮ ਸੁਖ ਨੂੰ ਭੁਲਾਕੇ ਵਿਸ਼ਿਆਂ ਦੇ ਸੁਖ ਵਿੱਚ ਭੌਣ ਵਾਲਿਆ ਭਜਨ ਵਾਲੇ ਪਾਸੇ ਉੱਦਮ ਕਰ ਲੈ, ਕਿਉਂਕਿ ਹਰੀ ਪ੍ਰਮੇਸ਼ਰ ਮਾਇਆ ਦੇ ਪਤੀ ਨੂੰ ਹੱਲੇ ਤੋਂ ਬਿਨਾ

Digitized by Panjab Digital Library | www.panjabdigilib.org

ਕਿਸਤਰਾਂ ਪਾਇਆ ਜਾਂਦਾ ਹੈ.ਭਾਵ ਨਹੀਂ ਪਾਇਆ ਜਾਂਦਾ ਹੈ ਜਾਂ (ਪ੍ਰਸ਼ਨਹੈ) ਪ੍ਰਮੇਸ਼ਰ ਨੂੰ ਕਿਸਤਰਾਂ ਮਿਲੀਦਾ ਹੈ? ਜਿਨ੍ਹਾਂ ਨੇ ਪੂਰਿਆਂ ਭਾਗਾਂ ਕਰਕੇ ਗੁਰੂ ਨੂੰ ਪਾਇਆ ਹੈ, ਓਹਨਾਂ ਨੂੰ ਪਿਆਰਾ ਪਤੀ ਪ੍ਰਮੇਸ਼ਰ ਆਕੇ ਗਲ ਨਾਲ ਮਿਲਿਆ ਹੈ । ।

**ਮਨ ਕਰ ਹਲਾ ਸਤਿਗੁਰ ਪੁਰਖੁ ਧਿਆਇ ॥ ੧ ॥ ਰਹਾਉ ॥**

ਹੇ ਮਨ ! ਹੱਲਾ ਕਰ ਸਤਿਗੁਰਾਂ ਨਾਲ ਮਿਲਕੇ ਵਾਹਿਗੁਰੂ ਨੂੰ ਯਾਦ ਕਰ।

**ਮਨ ਕਰ ਹਲਾ ਵੀਚਾਰੀਆ ਹਰਿ ਰਾਮ ਨਾਮ ਧਿਆਇ ॥ ਜਿਥੈ ਲੇਖਾ ਮੰਗੀਐ ਹਰਿ ਆਪੇ ਲਏ ਛਡਾਇ ॥ ੨ ॥**

ਹੇ ਵਿਚਾਰ ਵਾਲੇ ਮਨ ਹੱਲਾ ਕਰ, ਹਰੀ ਰਾਮ ਦਾ ਨਾਮ ਯਾਦ ਕਰ। ਜਿੱਥੇ ਲੇਖਾ ਮੰਗਿਆ ਜਾਵੇਗਾ, ਓਥੇ ਪ੍ਰਮੇਸ਼ਰ ਆਪ ਹੀ ਤੈਨੂੰ ਛੁਡਾ ਲਵੇਗਾ।

**ਮਨ ਕਰ ਹਲਾ ਅਤਿ ਨਿਰਮਲਾ ਮਲੁ ਲਾਗੀ ਹਉਮੈ ਆਇ ॥ ਪਰਤਖਿ ਪਿਰੁ ਘਰਿ ਨਾਲਿ ਪਿਆਰਾ ਵਿਛੁੜਿ ਚੋਟਾ ਖਾਇ ॥ ੩ ॥**

ਹੇ ਮਨਾ ! ਹੱਲਾ ਕਰ ਜੇਹੜੀ ਹੰਕਾਰ ਦੀ ਮੈਲ ਆਕੇ ਲੱਗੀ ਹੈ, ਉਸਤੋਂ ਬਚਕੇ ਤੂੰ ਬਹੁਤ ਹੀ ਨਿਰਮਲਾ ਹੋਵੇਂਗਾ। ਜੇਹੜਾ ਪਤੀ ਪ੍ਰਮੇਸ਼ਰ ਪਿਆਰਾ ਪ੍ਰਗਟ ਹੀ ਸਰੀਰ ਘਰ ਦੇ ਨਾਲ ਹੈ, ਜਿਸਨੂੰ ਓਹ ਮੈਲ ਲੱਗੀ ਹੋਈ ਹੈ, ਓਹ ਆਦਮੀ ਵਿੱਛੜੇ ਹੋਏ ਚੋਟਾਂ ਖਾਂਦੇ ਹਨ।

**ਮਨ ਕਰ ਹਲਾ ਮੇਰੇ ਪ੍ਰੀਤਮਾ ਹਰਿ ਰਿਦੈ ਭਾਲਿ ਭਾਲਾਇ ॥ ਉਪਾਇ ਕਿਤੈ ਨਾ ਲਭਈ ਗੁਰੁ ਹਿਰਦੈ ਹਰਿ ਦੇਖਾਇ ॥ ੪ ॥**

ਹੇ ਮੇਰੇ ਪਿਆਰਿਆ ਮਨਾ ਹੱਲਾ ਕਰ, ਪ੍ਰਮੇਸ਼ਰ ਦੀ ਢੂੰਢ ਭਾਲ ਭਾਵ ਖੋਜ ਪੜਤਾਲ ਰਿਦੇ ਦੇ ਅੰਦਰ ਹੀ ਕਰ, ਬਾਹਰ ਕਿਤੇ ਨਹੀਂ ਹੈ। ਹੋਰ ਕਿਸੇ ਉਪਾ ਕਰਕੇ ਪ੍ਰਮੇਸ਼ਰ ਨਹੀਂ ਲੱਭਦਾ ਹੈ। ਗੁਰੂ ਆਤਮ ਵਿਚਾਰ ਦੇਕੇ ਪ੍ਰਮੇਸ਼ਰ ਨੂੰ ਰਿਦੇ ਵਿੱਚ ਹੀ ਵਿਖਾ ਦੇਂਦੇ ਹਨ।

**ਮਨ ਕਰ ਹਲਾ ਮੇਰੇ ਪ੍ਰੀਤਮਾ ਦਿਨੁ ਰੈਣਿ ਹਰਿ**

Digitized by Panjab Digital Library | www.panjabdigilib.org

**ਲਿਵ ਲਾਇ ॥ ਘਰੁ ਜਾਇ ਪਾਵਹਿ ਰੰਗ ਮਹਲੀ ਗੁਰੁ ਮੇਲੇ ਹਰਿ ਮੇਲਾਇ ॥ ੫ ॥**

ਹੇ ਮੇਰੇ ਮਨਾ ! ਹੱਲਾ ਕਰ, ਦਿਨ ਰਾਤ ਪ੍ਰਮੇਸ਼ਰ ਵਿੱਚ ਪ੍ਰੀਤੀ ਲਾ। ਸਰੀਰ ਰੂਪ ਘਰ ਵਿੱਚ ਰਿਦੇ ਰੂਪ ਜਗਾ ਵਿੱਚ।

ਹੇ ਮਹਿਲੀ = ਸਿੱਖ ਤੂੰ ਪ੍ਰੇਮ ਨੂੰ ਪਾਵੇਂਗਾ ਤਾਂ ਤੈਨੂੰ ਗੁਰੂ ਪ੍ਰਮੇਸ਼ਰ ਦੇ ਨਾਲ ਮਿਲਾ ਦੇਣਗੇ ਅਤੇ ਤੂੰ ਹੋਰਨਾਂ ਨੂੰ ਪ੍ਰਮੇਸ਼ਰ ਨਾਲ ਮਿਲਾ ਲਏਂਗਾ, ਜਾਂ ਪ੍ਰਮੇਸ਼ਰ ਦੇ ਨਾਲ ਮਿਲਾਉਣ ਵਾਲਿਆਂ ਗੁਰੂਆਂ ਦੇ ਨਾਲ ਜਦੋਂ ਤੂੰ ਆਪਣੇ ਮਨ ਨੂੰ ਮਿਲਾ ਰੱਖੇਂਗਾ, ਤਾਂ ਘਰ ਦੀ ਜਗਾ ਰਿਦਾ ਉਸ ਵਿੱਚ ਤੂੰ ਮਹਿਲੀ = ਪ੍ਰਮੇਸ਼ਰ ਨੂੰ ਪਾਵੇਂਗਾ।

**ਮਨ ਕਰ ਹਲਾ ਤੂੰ ਮੀਤੁ ਮੇਰਾ ਪਾਖੰਡੁ ਲੋਭੁ ਤਜਾਇ ॥ ਪਾਖੰਡਿ ਲੋਭੀ ਮਾਰੀਐ ਜਮ ਡੰਡੁ ਦੇਇ ਸਜਾਇ ॥ ੬ ॥**

ਹੇ ਮਨ ! ਜੇ ਤੂੰ ਮੇਰਾ ਮਿੱਤ੍ਰ ਹੈਂ, ਤੇ ਤਾਂ ਸਤਸੰਗ ਵਿੱਚ ਆਕੇ ਪਖੰਡ ਲੋਭ ਛੱਡਣ ਦਾ ਹੱਲਾ ਕਰ। ਕਿਉਂਕਿ ਪਖੰਡੀਆਂ ਲੋਭੀਆਂ ਆਦਮੀਆਂ ਨੂੰ ਮਾਰਿਆ ਜਾਂਦਾ ਹੈ ਅਤੇ ਜਮ ਡੰਡੇ ਵਾਲਾ ਜਾਂ ਜਮ ਡੰਡ = ਜੁਰਮਾਨਾ ਲਾਕੇ ਸਜ਼ਾ ਦੇਂਦਾ ਹੈ।

**ਮਨ ਕਰ ਹਲਾ ਮੇਰੇ ਪ੍ਰਾਨ ਤੂੰ ਮੈਲੁ ਪਾਖੰਡੁ ਭਰਮੁ ਗਵਾਇ ॥ ਹਰਿ ਅੰਮ੍ਰਿਤਸਰੁ ਗੁਰਿ ਪੂਰਿਆ ਮਿਲਿ ਸੰਗਤੀ ਮਲੁ ਲਹਿ ਜਾਇ ॥ ੭ ॥**

ਹੇ ਮੇਰੇ ਮਨਾ ! ਤੂੰ ਮੇਰੇ ਪ੍ਰਾਣਾਂ ਦਾ ਰੂਪ ਹੈਂ, ਪਖੰਡ ਦੀ ਮੈਲ ਤੇ ਭਰਮ ਗਵਾਉਣ ਦਾ ਹੱਲਾ ਕਰ। ਜੇਹੜਾ ਗੁਰੂ ਪ੍ਰਮੇਸ਼ਰ ਨਾਮ ਰੂਪ ਅੰਮ੍ਰਿਤ ਨਾਲ ਭਰਿਆ ਹੋਇਆ ਤਾਲ ਹੈ। ਉਸ ਦੀ ਸਤਿ ਸੰਗਤ ਵਿੱਚ ਮਿਲਕੇ ਮੈਲ ਲਹਿ ਜਾਂਦੀ ਹੈ।

**ਮਨ ਕਰ ਹਲਾ ਮੇਰੇ ਪਿਆਰਿਆ ਇਕ ਗੁਰ ਕੀ ਸਿਖ ਸੁਣਾਇ ॥ ਇਹੁ ਮੋਹੁ ਮਾਇਆ ਪਸਰਿਆ ਅੰਤਿ ਸਾਥਿ ਨ ਕੋਈ ਜਾਇ ॥ ੮ ॥**

ਹੇ ਮੇਰਿਆ ਪਿਆਰਿਆ ਮਨਾ ਹੱਲਾ ਕਰਕੇ ਆਕੇ ਇੱਕ ਗੁਰਾਂ ਦੀ ਸਿਖਿਆ ਸੁਣ। ਇਹ ਜੇਹੜਾ ਮਾਇਆ ਦਾ ਮੋਹ ਫੈਲਿਆ ਹੋਇਆ

Digitized by Panjab Digital Library | www.panjabdigilib.org

ਹੈ, ਅੰਤ ਨੂੰ ਕੋਈ ਨਾਲ ਨਹੀਂ ਜਾਵੇਗਾ।

**ਮਨ ਕਰ ਹਲਾ ਮੇਰੇ ਸਾਜਨਾ ਹਰਿ ਖਰਚੁ ਲੀਆ ਪਤਿ ਪਾਇ ॥ ਹਰਿ ਦਰਗਹ ਪੈਨਾਇਆ ਹਰਿ ਆਪਿ ਲਇਆ ਗਲਿ ਲਾਇ ॥ ੯ ॥**

ਹੇ ਮੇਰੇ ਸੱਜਣਾ ਮਨਾ! ਜਿਨ੍ਹਾਂ ਨੇ ਉੱਦਮ ਕਰਕੇ ਨਾਮ ਖਰਚ ਲਿਆ ਹੈ ਅਤੇ ਪਤੀ ਪ੍ਰਮੇਸ਼ਰ ਨੂੰ ਪਾ ਲਿਆ ਹੈ। ਓਹਨਾਂ ਨੂੰ ਪ੍ਰਮੇਸ਼ਰ ਨੇ ਆਪਣੀ ਦਰਗਾਹ ਵਿੱਚ ਇੱਜ਼ਤ ਰੂਪ ਪੁਸ਼ਾਕ ਦੇ ਸਹਿਤ ਅੰਦਰ ਸੱਦਿਆ ਹੈ ਅਤੇ ਪ੍ਰਮੇਸ਼ਰ ਨੇ ਆਪਣੇ ਗਲ ਨਾਲ ਲਾ ਲਿਆ ਹੈ।

**ਮਨ ਕਰ ਹਲਾ ਗੁਰਿ ਮੰਨਿਆ ਗੁਰਮੁਖਿ ਕਾਰ ਕਮਾਇ ॥ ਗੁਰ ਆਗੈ ਕਰਿ ਜੋਦੜੀ ਜਨ ਨਾਨਕ ਹਰਿ ਮੇਲ ਇ ॥ ੧੦ ॥ ੧ ॥**

ਹੇ ਮਨਾ! ਜਿਨ੍ਹਾਂ ਗੁਰਮੁਖਾਂ ਨੇ ਹੱਲਾ ਕਰਕੇ ਗੁਰੂ ਦਾ ਬਚਨ ਮੰਨਿਆ ਹੈ ਅਤੇ ਗੁਰਾਂ ਦੀ ਕਾਰ ਕਮਾਈ ਹੈ। ਗੁਰੂ ਜੀ–ਗੁਰਾਂ ਅੱਗੇ ਨਿੰਮ੍ਰਤਾ ਨਾਲ ਬੇਨਤੀ ਕੀਤੀ ਹੈ, ਓਹਨਾਂ ਨੂੰ ਪ੍ਰਮੇਸ਼ਰ ਆਪਣਾ ਦਾਸ ਜਾਣਕੇ ਆਪਣੇ ਨਾਲ ਮਿਲਾ ਲਵੇਗਾ।

## ਗਉੜੀ ਮਹਲਾ ੪ ॥

**ਮਨ ਕਰ ਹਲਾ ਵੀਚਾਰੀਆ ਵੀਚਾਰਿ ਦੇਖੁ ਸਮਾਲਿ ॥ ਬਨ ਫਿਰਿ ਥਕੇ ਬਨਵਾਸੀਆ ਪਿਰੁ ਗੁਰਮਤਿ ਰਿਦੈ ਨਿਹਾਲਿ ॥ ੧ ॥**

ਹੇ ਮਨ! ਵਿਚਾਰ ਕਰਨ ਵਾਲਿਆ ਤੂੰ ਹੱਲਾ ਕਰਕੇ ਵਿਚਾਰ ਕਰਕੇ ਸੰਭਾਲਕੇ ਵੇਖ। ਬਣ ਵਿੱਚ ਵੱਸਣ ਵਾਲੇ ਬਣ ਵਿੱਚ ਫਿਰਕੇ ਥੱਕ ਗਏ ਹਨ, ਏਧਰ ਪਤੀ ਪ੍ਰਮੇਸ਼ਰ ਨੂੰ ਗੁਰ ਸਿੱਖਿਆ ਦੇ ਲੈਣ ਵਾਲਿਆਂ ਨੇ ਰਿਦੇ ਅੰਦਰ ਹੀ ਵੇਖ ਲਿਆ ਹੈ। ਜਾਂ ਤੂੰ ਉਸ ਪਤੀ ਨੂੰ ਗੁਰ ਸਿਖਿਆ ਦੁਆਰਾ ਰਿਦੇ ਅੰਦਰ ਵੇਖ।

**ਮਨ ਕਰ ਹਲਾ ਗੁਰ ਗੋਵਿੰਦੁ ਸਮਾਲਿ ॥ ੧ ॥ ਰਹਾਉ ॥**

ਹੇ ਮਨ! ਹੱਲਾ ਕਰਕੇ ਗੁਰਾਂ ਦੀ ਕਿਰਪਾ ਨਾਲ ਗੋਬਿੰਦ ਨੂੰ ਯਾਦ ਕਰ।

Digitized by Panjab Digital Library | www.panjabdigilib.org

**ਮਨ ਕਰ ਹਲਾ ਵੀਚਾਰੀਆ ਮਨਮੁਖ ਫਾਥਿਆ ਮਹਾ ਜਾਲਿ ॥ ਗੁਰਮੁਖਿ ਪ੍ਰਾਣੀ ਮੁਕਤੁ ਹੈ ਹਰਿ ਹਰਿ ਨਾਮੁ ਸਮਾਲਿ ॥ ੨ ॥**

ਹੇ ਮਨਾ ! ਵਿਚਾਰ ਕਰਨ ਵਾਲਿਆ ਹੱਲਾ ਕਰ, ਕਿਉਂਕਿ ਜੇਹੜਾ ਮਨਮੁਖ ਹੈ, ਓਹ ਮੋਹ ਜਾਂ ਮਾਇਆ ਰੂਪ ਵੱਡੇ ਜਾਲ ਵਿੱਚ ਫਸਿਆ ਹੋਇਆ ਹੈ, ਤੂੰ ਤਾਂ ਬਚ। ਜੇਹੜਾ ਗੁਰਮੁਖ ਆਦਮੀ ਹੈ, ਓਹ ਹਰਿ ਹਰਿ ਨਾਮ ਨੂੰ ਯਾਦ ਕਰਕੇ ਸੰਸਾਰ ਦੇ ਬੰਧਨਾਂ ਤੋਂ ਛੁਟਿਆ ਹੈ।

**ਮਨ ਕਰ ਹਲਾ ਮੇਰੇ ਪਿਆਰਿਆ ਸਤ ਸੰਗਤਿ ਸਤਿਗੁਰੁ ਭਾਲਿ ॥ ਸਤ ਸੰਗਤਿ ਲਗਿ ਹਰਿ ਧਿਆਈਐ ਹਰਿ ਹਰਿ ਚਲੈ ਤੇਰੈ ਨਾਲਿ ॥ ੩ ॥**

ਹੇ ਮੇਰਿਆ ਪਿਆਰਿਆ ਮਨਾ ! ਹੱਲਾ ਕਰ, ਸਤਸੰਗਤ ਵਿੱਚ ਸਤਿਗੁਰਾਂ ਨੂੰ ਲੱਭ ਲੈ। ਸਤਸੰਗਤ ਨਾਲ ਲੱਗਕੇ ਹਰੀ ਨੂੰ ਧਿਆਈਦਾ ਹੈ ਅਤੇ ਹਰਿ ਹਰਿ ਨਾਮ ਹੀ ਤੇਰੇ ਨਾਲ ਚੱਲੇਗਾ।

**ਮਨ ਕਰ ਹਲਾ ਵਡਭਾਗੀਆ ਹਰਿ ਏਕ ਨਦਰਿ ਨਿਹਾਲਿ ॥ ਆਪਿ ਛਡਾਏ ਛੁਟੀਐ ਸਤਿਗੁਰ ਚਰਣ ਸਮਾਲਿ ॥ ੪ ॥**

ਹੇ ਵਡਭਾਗੀਆ ਮਨਾ ! ਹੱਲਾ ਕਰ ਇੱਕ ਨਜ਼ਰ ਨਾਲ ਪ੍ਰਮੇਸ਼ਰ ਨੂੰ ਸਾਰਿਆਂ ਵਿੱਚ ਵੇਖ। ਜੇ ਆਪ ਕਿਰਪਾ ਕਰਕੇ ਛੁਡਾਵੇ ਤੇ ਤਾਂ ਸੰਸਾਰ ਫਾਹੀਆਂ ਤੋਂ ਛੁੱਟੀਦਾ ਹੈ। ਇਸ ਲਈ ਪ੍ਰਮੇਸ਼ਰ ਨੂੰ ਮਿਲਨ ਵਾਸਤੇ ਉਸਦੇ ਚਰਨਾਂ ਨੂੰ ਯਾਦ ਕਰ, ਜਾਂ ਓਟ ਲੈ, ਜਾਂ ਸਤਿਗੁਰਾਂ ਦੇ ਚਰਨਾਂ ਨੂੰ ਸੰਭਾਲ।

**ਮਨ ਕਰਹਲਾ ਮੇਰੇ ਪਿਆਰਿਆ ਵਿਚ ਦੇਹੀ ਜੋਤਿ ਸਮਾਲਿ ॥ਗੁਰਿ ਨਉ ਨਿਧ ਨਾਮੁ ਵਿਖਾਲਿਆ ਹਰਿ ਦਾਤਿ ਕਰੀ ਦਇਆਲਿ ॥ ੫ ॥**

ਹੇ ਮੇਰਿਆ ਪਿਆਰਿਆ ਮਨਾ ! ਹੱਲਾ ਕਰਕੇ ਦੇਹੀ ਦੇ ਵਿੱਚ ਹੀ ਪ੍ਰਮੇਸ਼ਰ ਦੀ ਜੋਤ ਨੂੰ ਯਾਦ ਕਰ, ਜਾਂ ਖੋਜ ਕਰ। ਜਿਨ੍ਹਾਂ ਨੂੰ ਹਰੀ ਦਿਆਲੂ ਨੇ ਦਾਤ ਕੀਤੀ ਹੈ, ਓਹਨਾਂ ਨੂੰ ਗੁਰਾਂ ਨੇ ਨੌ-ਨਿਧੀ ਰੂਪ ਨਾਮ ਰਿਦੇ ਦੇ ਅੰਦਰ ਹੀ ਵਿਖਾਲਿਆ ਹੈ।

Digitized by Panjab Digital Library | www.panjabdigilib.org

**ਮਨ ਕਰਹਲਾ ਤੂੰ ਚੰਚਲਾ ਚਤੁਰਾਈ ਛਡਿ ਵਿਕਰਾਲਿ ॥ ਹਰਿ ਹਰਿ ਨਾਮੁ ਸਮਾਲਿ ਤੂੰ ਹਰਿ ਮੁਕਤਿ ਕਰੇ ਅੰਤਕਾਲਿ ॥ ੬ ॥**

ਹੇ ਮਨ ਚੰਚਲਾ ! ਤੂੰ ਹੱਲਾ ਕਰਕੇ ਵਿਕਰਾਲ = ਭੈ ਦਾਇਕ ਚਤਰਾਈ ਛੱਡ, ਭਾਵ ਜੇਹੜੀ ਵਿਸ਼ਿਆਂ ਦੀ ਚਤਰਾਈ ਹੈ, ਓਹ ਡਰੌਣੀ ਹੈ। ਤੂੰ ਹਰਿ ਹਰਿ ਨਾਮ ਦੀ ਸੰਭਾਲ ਕਰ, ਕਿਉਂਕਿ ਪ੍ਰਮੇਸ਼ਰ ਅੰਤ ਦੇ ਵੇਲੇ ਤੈਨੂੰ ਛੁਡਾਵੇਗਾ।

**ਮਨ ਕਰ ਹਲਾ ਵਡਭਾਗੀਆ ਤੂੰ ਗਿਆਨੁ ਰਤਨੁ ਸਮਾਲਿ ॥ ਗੁਰ ਗਿਆਨੁ ਖੜਗੁ ਹਥਿ ਧਾਰਿਆ ਜਮੁ ਮਾਰਿ ਅੜਾ ਜਮਕਾਲਿ ॥ ੭ ॥**

ਹੇ ਵਡਭਾਗੀਆ ਮਨਾ ! ਹੱਲਾ ਕਰ, ਗਿਆਨ ਰਤਨ ਦੀ ਸੰਭਾਲ ਕਰ। ਜਿਨ੍ਹਾਂ ਨੇ ਗੁਰਾਂ ਦੁਆਰੇ ਗਿਆਨ ਰੂਪ ਖੰਡਾ ਮਨ ਰੂਪ ਹੱਥ ਵਿੱਚ ਫੜਿਆ ਹੈ। ਓਹਨਾਂ ਜੇਹੜਾ ਜਮ ਕਾਲ ਕਰਨ ਵਾਲਾ ਹੈ, ਸੋ ਉਸਨੂੰ ਜਮਾਂ ਤੋਂ ਹੀ ਜਾਂ ਜੰਮਦੇ ਨੂੰ ਹੀ ਮਾਰਿਆ ਹੈ, ਜਾਂ ਜਨਮ ਮਰਨ ਤੋਂ ਰਹਿਤ ਹੋਏ ਹਨ।

**ਅੰਤਰਿ ਨਿਧਾਨੁ ਮਨ ਕਰਹਲੇ ਭ੍ਰਮਿ ਭਵਹਿ ਬਾਹਰਿ ਭਾਲਿ ॥ ਗੁਰੁ ਪੁਰਖੁ ਪੂਰਾ ਭੇਟਿਆ ਹਰਿ ਸਜਣੁ ਲਧੜਾ ਨਾਲਿ ॥ ੮ ॥**

ਹੇ ਮਨ ਊਠ ! ਨਾਮ ਦਾ ਖਜ਼ਾਨਾ ਤਾਂ ਤੇਰੇ ਅੰਦਰ ਹੀ ਹੈ, ਭਰਮ ਕਰਕੇ ਲੱਭਣ ਵਾਸਤੇ ਬਾਹਰ ਕਿਸ ਲਈ ਫਿਰਦਾ ਹੈਂ ? ਜਿਨ੍ਹਾਂ ਨੂੰ ਪੂਰਾ ਪੁਰਖ ਗੁਰੂ ਮਿਲਿਆ ਹੈ, ਓਹਨਾਂ ਨੇ ਹਰੀ ਸੱਜਣ ਨੂੰ ਨਾਲ ਹੀ ਵੇਖਿਆ ਹੈ, ਜਾਂ ਲੱਭਾ ਹੈ।

**ਰੰਗਿ ਰਤੜੇ ਮਨ ਕਰਹਲੇ ਹਰਿ ਰੰਗਿ ਸਦਾ ਸਮਾਲਿ ॥ ਹਰਿ ਰੰਗੁ ਕਦੇ ਨ ਉਤਰੈ ਗੁਰ ਸੇਵਾ ਸਬਦੁ ਸਮਾਲਿ ॥ ੯ ॥**

ਹੇ ਵਿਸ਼ਿਆਂ ਦੇ ਅਨੰਦ ਵਿੱਚ ਰੱਤਿਆ ਹੋਇਆ ਮਨਾ ਊਠਾ ! ਸਦਾ ਪ੍ਰਮੇਸ਼ਰ ਦਾ ਪ੍ਰੇਮ ਯਾਦ ਕਰ, ਓਹ ਸੁਖਦਾਈ ਹਈ। ਪ੍ਰਮੇਸ਼ਰ ਦਾ ਰੰਗ ਕਦੀ ਨਹੀਂ ਉਤਰਦਾ ਹੈ। "ਪ੍ਰਸ਼ਨ" ਪ੍ਰਮੇਸ਼ਰ ਦਾ ਰੰਗ ਚੜ੍ਹਦਾ ਕਿੱਕੁਰ

Digitized by Panjab Digital Library | www.panjabdigilib.org

ਹੈ ? "ਉਤਰ" ਗੁਰਾਂ ਦੀ ਸੇਵਾ ਕਰਨ ਨਾਲ ਤੇ ਵਾਹਿਗੁਰੂ ੨ ਯਾਦ ਕਰਨ ਨਾਲ।

**ਹਮ ਪੰਖੀ ਮਨ ਕਰਹਲੇ ਹਰਿ ਤਰਵਰੁ ਪੁਰਖੁ ਅਕਾਲਿ ॥ ਵਡਭਾਗੀ ਗੁਰਮੁਖਿ ਪਾਇਆ ਜਨ ਨਾਨਕ ਨਾਮੁ ਸਮਾਲਿ ॥ ੧੦ ॥ ੨ ॥ ੨੯ ॥**

ਹਮ = ਸਾਰੇ ਤਰਵਰ = ਬ੍ਰਿਛ ਰੂਪ ।

ਹੇ ਮਨ ਊਠ ! ਸਾਰੇ ਆਦਮੀ ਹੀ ਪੰਛੀ ਹਨ, ਪ੍ਰਮੇਸ਼ਰ ਬ੍ਰਿਛ ਰੂਪ ਭਾਵ ਸਾਰਿਆਂ ਜੀਵਾਂ ਦਾ ਆਸਰਾ ਅਕਾਲ ਪੁਰਖ ਹੀ ਹੈ। ਗੁਰੂ ਜੀ- ਵਡਭਾਗੀਆਂ ਨੇ ਗੁਰਾਂ ਦੁਆਰੇ ਨਾਮ ਨੂੰ ਸੰਭਾਲਕੇ ਉਸ ਅਪਾਰ ਵਾਹਿਗੁਰੂ ਨੂੰ ਪਾਇਆ ਹੈ।

## ਰਾਗੁ ਗਉੜੀ ਗੁਆਰੇਰੀ ਮਹਲਾ ੫ ਅਸਟਪਦੀਆ

**੧ ਓ ਸਤਿਨਾਮੁ ਕਰਤਾ ਪੁਰਖੁ ਗੁਰ ਪ੍ਰਸਾਦਿ ॥**

**ਜਬ ਇਹੁ ਮਨਮਹਿ ਕਰਤ ਗੁਮਾਨਾ ॥ ਤਬ ਇਹੁ ਬਾਵਰੁ ਫਿਰਤ ਬਿਗਾਨਾ ॥ ਜਬ ਇਹੁ ਹੂਆ ਸਗਲ ਕੀ ਰੀਨਾ ॥ ਤਾਤੇ ਰਮਈਆ ਘਟਿ ਘਟਿ ਚੀਨਾ ॥ ੧ ॥**

ਜਦੋਂ ਇਹ ਆਦਮੀ ਮਨ ਵਿੱਚ ਹੰਕਾਰ ਕਰਦਾ ਹੈ, ਤਾਂ ਇਹ ਪ੍ਰਮੇਸ਼ਰ ਤੋਂ ਬਿਨਾਂ ਹੋਰਨਾਂ ਦਾ ਨੌਕਰ ਹੋਇਆ ੨ ਫਿਰਦਾ ਹੈ, ਜਾਂ ਗਿਆਨ ਤੋਂ ਬਿਨਾ। ਜਦੋਂ ਇਹ ਸਾਰਿਆਂ ਦੇ ਚਰਨਾਂ ਦੀ ਧੂੜ ਹੋ ਗਿਆ, ਤਦ ਤੋਂ ਇਸਨੇ ਪ੍ਰਮੇਸ਼ਰ ਨੂੰ ਘਟਾਂ ੨ ਵਿੱਚ ਜਾਣਿਆ।

**ਸਹਜਿ ਸੁਹੇਲਾ ਫਲੁ ਮਸਕੀਨੀ ॥ ਸਤਿਗੁਰ ਅਪੁਨੈ ਮੋਹਿ ਦਾਨੁ ਦੀਨੀ ॥ ੧ ॥ ਰਹਾਉ ॥**

ਸੁਭਾਵਕ ਹੀ ਮਨ ਸੁਖੀ ਹੋ ਗਿਆ, ਪਰ ਇਹ ਸਾਰਾ ਫਲ ਗਰੀਬੀ ਦਾ ਹੈ, ਪਰ ਇਹ ਗਰੀਬੀ ਮੈਨੂੰ ਸਤਿਗੁਰਾਂ ਨੇ ਦਾਨ ਕੀਤੀ ਹੈ।

**ਜਬ ਕਿਸ ਕਉ ਇਹੁ ਜਾਨਸ ਮੰਦਾ ॥ ਤਬ ਸਗਲੇ ਇਹੁ ਮੇਲਹਿ ਫੰਦਾ ॥ ਮੇਰ ਤੇਰ ਜਬ ਇਨਹਿ ਚੁਕਾਈ ॥ ਤਾਤੇ ਇਸੁ ਸੰਗਿ ਨਹੀ ਬੈਰਾਈ ॥ ੨ ॥**

Digitized by Panjab Digital Library | www.panjabdigilib.org

ਜਦੋਂ ਇਹ ਕਿਸੇ ਨੂੰ ਬੁਰਾ ਜਾਣਦਾ ਹੈ। ਓਦੋਂ ਇਸਨੂੰ ਸਾਰੇ ਫਾਹੀਆਂ ਪਾਉਂਦੇ ਹਨ, ਭਾਵ ਬੁਰਾ ਜਾਣਦੇ ਹਨ। ਜਦੋਂ ਇਸਨੇ ਮੇਰ ਤੇਰ ਦੂਰ ਕਰ ਦਿਤੀ, ਭਾਵ ਇਹ ਚੀਜ਼ ਮੇਰੀ ਹੈ, ਇਹ ਤੇਰੀ ਹੈ। ਤਦੋਂ ਇਸ ਨਾਲ ਵੈਰ ਕਰਨ ਵਾਲਾ ਵੈਰੀ ਕੋਈ ਨਹੀਂ ਰਹਿੰਦਾ ਹੈ।

**ਜਬ ਇਨਿ ਅਪੁਨੀ ਅਪੁਨੀ ਧਾਰੀ ॥ ਤਬ ਇਸ ਕਉ ਹੈ ਮੁਸਕਲੁ ਭਾਰੀ ॥ ਜਬ ਇਨਿ ਕਰਣੈ ਹਾਰੁ ਪਛਾਤਾ ॥ ਤਬ ਇਸਨੋ ਨਾਹੀ ਕਿਛੁ ਤਾਤਾ ॥ ੩ ॥**

ਜਦੋਂ ਇਸਨੇ ਆਪਣੀ ਚੀਜ਼ ਵਸਤੂ ਆਪਣੀ ਦੇਹ ਇੱਕੁਰ ਦੀ ਗੱਲ ਆਖਣੀ ਮਮਤਾ ਧਾਰਨ ਕੀਤੀ ਹੈ, ਤਾਂ ਇਸਨੂੰ ਬੜੀ ਭਾਰੀ ਮੁਸ਼ਕਲ ਹੁੰਦੀ ਹੈ। ਜਦੋਂ ਇਸਨੇ ਕਰਨ ਵਾਲਾ ਪ੍ਰਮੇਸ਼ਰ ਪਛਾਣਿਆ ਹੈ, ਤਾਂ ਇਸ ਨੂੰ ਕਿਸੇ ਦੀ ਲੋੜ ਨਹੀਂ ਰਹਿੰਦੀ ਹੈ। "ਤਾਤਾ = ਤੱਤਾ ਪੁਣਾ ਜਾਂ ਇੱਛਾ ਲੋੜ ਜਾਂ ਦੁੱਖ"।

**ਜਬ ਇਨਿ ਅਪੁਨੋ ਬਾਧਿਓ ਮੋਹਾ ॥ ਆਵੈ ਜਾਇ ਸਦਾ ਜਮਿ ਜੋਹਾ ॥ ਜਬ ਇਸਤੇ ਸਬ ਬਿਨਸੇ ਭਰਮਾ ॥ ਭੇਦੁ ਨਾਹੀ ਹੈ ਪਾਰਬ੍ਰਹਮਾ ॥ ੪ ॥**

ਜਦੋਂ ਇਸ ਨੇ ਆਪਣਾ ਮੋਹ ਬੰਨ੍ਹ ਲਿਆ, ਤਦੋਂ ਇਹ ਜੰਮਦਾ ਮਰਦਾ ਹੈ ਅਤੇ ਸਦਾ ਜਮ ਵੇਖਦਾ ਹੈ। ਜਦੋਂ ਇਸਦੇ ਮਨ ਤੋਂ ਸਾਰੇ ਭਰਮ ਦੂਰ ਹੋ ਗਏ, ਤਾਂ ਇਸ ਵਿੱਚ ਤੇ ਪ੍ਰਮੇਸ਼ਰ ਵਿੱਚ ਕੋਈ ਫਰਕ ਨਹੀਂ ਰਹਿੰਦਾ ਹੈ।

**ਜਬ ਇਨਿ ਕਿਛੁ ਕਰਿ ਮਾਨੇ ਭੇਦਾ ॥ ਤਬ ਤੇ ਦੂਖ ਡੰਡ ਅਰੁ ਖੇਦਾ ॥ ਜਬ ਇਨਿ ਏਕੋ ਏਕੀ ਬੂਝਿਆ ॥ ਤਬ ਤੇ ਇਸਨੋ ਸਭੁ ਕਿਛੁ ਸੂਝਿਆ ॥ ੫ ॥**

ਜਦੋਂ ਇਸਨੇ ਕੁਛ ਫਰਕ ਕਰਕੇ ਜਾਣਿਆ, ਤਦ ਤੋਂ ਇਸਨੂੰ ਜਮ ਦਾ ਡੰਡਾ ਅਤੇ ਤਨ ਮਨ ਨੂੰ ਖੇਦ ਦੁਖ ਹੋਇਆ। ਜਦੋਂ ਇਸ ਨੇ ਜੀਵ ਈਸ਼ਰ ਨੂੰ ਇੱਕ ਇੱਕ ਕਰਕੇ ਸਮਝ ਲਿਆ, ਤਾਂ ਸਾਰੇ ਫਰਕ ਦੂਰ ਹੋ ਗਏ, ਤਦੋਂ ਇਸ ਨੂੰ ਸਭ ਕੁਛ ਸੁੱਝ ਪਿਆ।

**ਜਬ ਇਹੁ ਧਾਵੈ ਮਾਇਆ ਅਰਥੀ ॥ ਨਹ ਤ੍ਰਿਪ-**

Digitized by Panjab Digital Library | www.panjabdigilib.org

ਤਾਵੈ ਨਹ ਤ੍ਰਿਸ ਲਾਥੀ ॥ ਜਬ ਇਸਤੇ ਇਹੁ ਹੋਇਓ ਜਉਲਾ ॥ ਪੀਛੈ ਲਾਗਿ ਚਲੀ ਉਠਿ ਕਉਲਾ ॥ ੬ ॥

ਜਦੋਂ ਇਹ ਮਾਇਆ ਦੇ ਵਾਸਤੇ ਦੌੜਦਾ ਹੈ, ਤਦੋਂ ਇਹ ਰੱਜਦਾ ਨਹੀਂ ਹੈ ਤੇ ਤ੍ਰਿਸ਼ਨਾ ਵੀ ਨਹੀਂ ਲੱਥਦੀ ਹੈ। ਜਦੋਂ ਇਹ ਮਾਇਆ ਤੋਂ ਜਉਲਾ = ਵੱਖਰਾ ਹੋਇਆ ਤਾਂ ਮਾਇਆ ਉੱਠਕੇ ਉਸਦੇ ਮਗਰ ਲੱਗ ਤੁਰੀ।

ਕਰਿ ਕਿਰਪਾ ਜਉ ਸਤਿਗੁਰੁ ਮਿਲਿਓ ॥ ਮਨ ਮੰਦਰ ਮਹਿ ਦੀਪਕੁ ਜਲਿਓ ॥ ਜੀਤ ਹਾਰ ਕੀ ਸੋਝੀ ਕਰੀ ॥ ਤਉ ਇਸੁ ਘਰਕੀ ਕੀਮਤਿ ਪਰੀ ॥ ੭ ॥

ਜਦੋਂ ਕਿਰਪਾ ਕਰਕੇ ਸਤਿਗੁਰੂ ਮਿਲਿਆ ਤਾਂ ਮਨ ਰੂਪ ਮੰਦਰ ਅੰਦਰ ਗਿਆਨ ਰੂਪ ਦੀਵੇ ਦਾ ਚਾਨਣ ਹੋਇਆ। ਜਦੋਂ ਜਿੱਤ ਹਾਰ ਦੀ ਸਮਝ ਕੀਤੀ, ਭਾਵ ਨਾਮ ਜਪਕੇ ਸਫਲਤਾ ਤੇ ਵਿਸ਼ਿਆਂ ਦੇ ਸੰਗ ਕਰਕੇ ਨਿਸਫਲਤਾ ਜਾਣ ਲਈ। ਤਾਂ ਇਸ ਆਪਣੇ ਅਸਲੀ ਘਰ ਦੀ ਕੀਮਤ ਪੈ ਗਈ, ਭਾਵ ਪ੍ਰਮੇਸ਼ਰ ਨੂੰ ਸਮਝ ਲਿਆ।

ਕਰਨ ਕਰਾਵਨ ਸਭੁ ਕਿਛੁ ਏਕੈ ॥ ਆਪੇ ਬੁਧਿ ਬੀਚਾਰਿ ਬਿਬੇਕੈ ॥ ਦੂਰਿ ਨ ਨੇਰੈ ਸਭ ਕੈ ਸੰਗਾ ॥ ਸਚੁ ਸਲਾਹਣੁ ਨਾਨਕ ਹਰਿ ਰੰਗਾ ॥ ੮ ॥ ੧ ॥

ਆਪ ਕਰਨ ਵਾਲਾ, ਹੁਕਮ ਦੇਕੇ ਕਰਾਉਣ ਵਾਲਾ, ਸਭ ਕੁਛ ਇੱਕ ਪ੍ਰਮੇਸ਼ਰ ਹੀ ਆਪ ਹੈ। ਆਪੇ ਹੀ ਇੱਕ, ਦੋ ਜੀਵ ਈਸ਼ਰ ਦੀ ਏਕਤਾ ਦਾ ਅਕਲ ਵਿੱਚ ਵਿਚਾਰ ਕਰਦਾ ਹੈ। ਪ੍ਰਮੇਸ਼ਰ ਨ ਦੂਰ ਹੈ, ਨ ਨੇੜੇ ਹੈ, ਸਾਰਿਆਂ ਦੇ ਨਾਲ ਹੈ। ਗੁਰੂ ਜੀ-ਸੱਚੇ ਨੂੰ ਸਲਾਹੀਏ ਤਾਂ ਹਰੀ ਅਨੰਦ ਆਉਂਦਾ ਹੈ।

## ਗਉੜੀ ਮਹਲਾ ੫ ॥

ਗੁਰ ਸੇਵਾ ਤੇ ਨਾਮੇ ਲਾਗਾ ॥ ਤਿਸ ਕਉ ਮਿਲਿਆ ਜਿਸੁ ਮਸਤਕਿ ਭਾਗਾ ॥ ਤਿਸਕੈ ਹਿਰਦੈ ਰਵਿਆ ਸੋਇ ॥ ਮਨੁ ਤਨੁ ਸੀਤਲੁ ਨਿਹਚਲੁ ਹੋਇ ॥ ੧ ॥

ਜੇਹੜਾ ਆਦਮੀ ਗੁਰਾਂ ਦੀ ਸੇਵਾ ਕਰਨ ਨਾਲ ਨਾਮ ਵਿੱਚ ਲੱਗਾ ਹੈ ਅਤੇ ਜਿਸਦੇ ਮੱਥੇ ਉਤੇ ਚੰਗੇ ਭਾਗ ਹਨ, ਉਸਨੂੰ ਨਾਮ ਮਿਲਿਆ ਹੈ।

Digitized by Panjab Digital Library | www.panjabdigilib.org

ਉਸ ਦੇ ਰਿਦੇ ਵਿੱਚ ਪ੍ਰਮੇਸ਼ਰ ਪ੍ਰਗਟ ਹੋਇਆ ਮਿਲਿਆ ਹੈ, ਏਸੇ ਲਈ ਉਸਦਾ ਮਨ ਤਨ ਸੀਤਲ ਤੇ ਇਸਥਿਤਿ ਹੋਯਾ ਹੈ।

**ਐਸਾ ਕੀਰਤਨੁ ਕਰਿ ਮਨ ਮੇਰੇ ॥ ਈਹਾ ਊਹਾ ਜੋ ਕਾਮਿ ਤੇਰੈ ॥ ੧ ॥ ਰਹਾਉ ॥**

ਹੇ ਮੇਰੇ ਪਿਆਰੇ ਮਨ ! ਇੱਕੁਰ ਦਾ ਕੀਰਤਨ ਕਰ, ਜੇਹੜਾ ਤੇਰੇ ਏਥੇ ਓਥੇ ਦੋਹਾਂ ਲੋਕਾਂ ਵਿੱਚ ਕੰਮ ਆਵੇ।

**ਜਾਸੁ ਜਪਤ ਭਉ ਅਪਦਾ ਜਾਇ ॥ ਧਾਵਤ ਮਨੂਆ ਆਵੈ ਠਾਇ ॥ ਜਾਸੁ ਜਪਤ ਫਿਰਿ ਦੂਖੁ ਨ ਲਾਗੈ ॥ ਜਾਸੁ ਜਪਤ ਇਹ ਹਉਮੈ ਭਾਗੈ ॥ ੨ ॥**

ਜਿਸ ਦੇ ਜਪਣ ਨਾਲ ਡਰ ਬਿਪਤਾ ਸਾਰੀ ਦੂਰ ਹੋ ਜਾਂਦੀ ਹੈ।
ਦੌੜਦਾ ਹੋਇਆ ਮਨ ਆਪਣੀ ਥਾਂ ਵਿੱਚ ਆ ਖੜ੍ਹੋਂਦਾ ਹੈ।
ਜਿਸ ਦੇ ਜਪਣ ਨਾਲ ਫਿਰ ਕੋਈ ਦੁੱਖ ਨਹੀਂ ਲੱਗਦਾ ਹੈ।
ਜਿਸਦੇ ਜਪਣ ਨਾਲ ਫਿਰ ਹੰਗਤਾ ਮਮਤਾ ਦੌੜ ਜਾਂਦੀ ਹੈ ।

**ਜਾਸੁ ਜਪਤ ਵਸਿ ਆਵਹਿ ਪੰਚਾ ॥ ਜਾਸੁ ਜਪਤ ਰਿਦੈ ਅੰਮ੍ਰਿਤੁ ਸੰਚਾ ॥ ਜਾਸੁ ਜਪਤ ਇਹ ਤ੍ਰਿਸਨਾ ਬੁਝੈ ॥ ਜਾਸੁ ਜਪਤ ਹਰਿ ਦਰਗਹ ਸਿਝੈ ॥ ੩ ॥**

ਜਿਸਦੇ ਜਪਣ ਨਾਲ ਪੰਜੇ ਕਾਮ ਆਦਿਕ ਵੱਸ ਆ ਜਾਂਦੇ ਹਨ। ਜਿਸਦੇ ਜਪਣ ਨਾਲ ਰਿਦੇ ਅੰਦਰ ਨਾਮ ਅੰਮ੍ਰਿਤ ਸਿੰਜਿਆ ਜਾਂਦਾ ਹੈ, ਭਾਵ ਕੱਠਾ ਹੋਕੇ ਆ ਜਾਂਦਾ ਹੈ। ਜਿਸ ਨਾਮ ਦੇ ਜਪਣ ਨਾਲ ਇਹ ਤ੍ਰਿਸ਼ਨਾ ਅੱਗ ਬੁਝ ਜਾਂਦੀ ਹੈ, ਜਿਸਦੇ ਜਪਣ ਨਾਲ ਪ੍ਰਮੇਸ਼ਰ ਦੀ ਦਹਗਾਹ ਵਿੱਚ ਕਲਿਆਨ ਹੁੰਦੀ ਹੈ।

**ਜਾਸੁ ਜਪਤ ਕੋਟਿ ਮਿਟਹਿ ਅਪਰਾਧ ॥ ਜਾਸੁ ਜਪਤ ਹਰਿ ਹੋਵਹਿ ਸਾਧ ॥ ਜਾਸੁ ਜਪਤ ਮਨੁ ਸੀਤਲੁ ਹੋਵੈ ॥ ਜਾਸੁ ਜਪਤ ਮਲੁ ਸਗਲੀ ਖੋਵੈ ॥ ੪ ॥**

ਜਿਸਦੇ ਜਪਣ ਨਾਲ ਕਰੋੜਾਂ ਅਪਰਾਧ ਮਿਟ ਜਾਂਦੇ ਹਨ। ਜਿਸ ਪ੍ਰਮੇਸ਼ਰ ਦੇ ਜਪਣ ਨਾਲ ਆਦਮੀ ਚੰਗੇ ਸੰਤ ਬਣ ਜਾਂਦੇ ਹਨ। ਜਿਸਦੇ ਜਪਣ ਨਾਲ ਮਨ ਸੀਤਲ ਹੁੰਦਾ ਹੈ, ਜਿਸਦੇ ਜਪਣ ਨਾਲ ਸਾਰੀ ਮੈਲ ਨਾਸ ਹੋ ਜਾਂਦੀ ਹੈ।

Digitized by Panjab Digital Library | www.panjabdigilib.org

ਜਾਸੁ ਜਪਤ ਰਤਨੁ ਹਰਿ ਮਿਲੈ ॥ ਬਹੁਰਿ ਨ ਛੋਡੈ ਹਰਿ ਸੰਗਿ ਹਿਲੈ ॥ ਜਾਸੁ ਜਪਤ ਕਈ ਬੈਕੁੰਠ ਵਾਸੁ ॥ ਜਾਸੁ ਜਪਤ ਸੁਖ ਸਹਜਿ ਨਿਵਾਸੁ ॥ ੫ ॥

ਜਿਸਦੇ ਜਪਣ ਨਾਲ ਪ੍ਰਮੇਸ਼ਰ ਰੂਪ ਰਤਨ ਮਿਲਦਾ ਹੈ। ਪ੍ਰਮੇਸ਼ਰ ਦੇ ਨਾਲ ਹਿਲਿਆ ਹੋਇਆ ਮਨ ਫਿਰ ਪ੍ਰਮੇਸ਼ਰ ਨੂੰ ਛੱਡਕੇ ਕਿਤੇ ਨਹੀਂ ਜਾਂਦਾ ਹੈ। ਫਿਰ ਜਿਸ ਦਾ ਨਾਮ ਜਪਣ ਨਾਲ ਕਈਆਂ ਆਦਮੀਆਂ ਦਾ ਸੁਰਗ ਵਿੱਚ ਵਾਸਾ ਹੋਇਆ ਹੈ। ਜਿਸ ਦੇ ਜਪਣ ਨਾਲ ਸੁਭਾਵਕ ਹੀ ਸੁਖ ਵਿੱਚ ਵਾਸਾ ਹੋਇਆ ਹੈ।

ਜਾਸੁ ਜਪਤ ਇਹ ਅਗਨਿ ਨ ਪੋਹਤ ॥ ਜਾਸੁ ਜਪਤ ਇਹ ਕਾਲੁ ਨ ਜੋਹਤ। ਜਾਸੁ ਜਪਤ ਤੇਰਾ ਨਿਰਮਲ ਮਾਥਾ ॥ ਜਾਸੁ ਜਪਤ ਸਗਲਾ ਦੁਖੁ ਲਾਥਾ ॥ ੬ ॥

ਜਿਸਦੇ ਜਪਣ ਨਾਲ ਇਸਨੂੰ ਤ੍ਰਿਸ਼ਨਾ ਅੱਗ ਨਹੀਂ ਪੋਂਹਦੀ ਹੈ।

ਜਿਸਦੇ ਜਪਣ ਨਾਲ ਇਸ ਨੂੰ ਕਾਲ ਨਹੀਂ ਤੱਕਦਾ ਹੈ, ਜਾਂ ਜਨਮ ਮਰਨ ਤੋਂ ਰਹਿਤ ਹੋ ਜਾਂਦਾ ਹੈ। ਹੇ ਜੀਵ! ਜਿਸਦੇ ਜਪਣ ਨਾਲ ਤੇਰਾ ਮੱਥਾ ਨਿਰਮਲ ਹੋਵੇਗਾ। ਜਿਸਦੇ ਜਪਣ ਨਾਲ ਸਾਰਿਆਂ ਹੀ ਦੁੱਖਾਂ ਨੂੰ ਲੱਥਿਆਂ ਹੀ ਜਾਣੋ।

ਜਾਸੁ ਜਪਤ ਮੁਸਕਲੁ ਕਛੂ ਨ ਬਨੈ ॥ ਜਾਸੁ ਜਪਤ ਸੁਣਿ ਅਨਹਤ ਧੁਨੈ ॥ ਜਾਸੁ ਜਪਤ ਇਹ ਨਿਰਮਲ ਸੋਇ ॥ ਜਾਸੁ ਜਪਤ ਇਹ ਕਮਲੁ ਸੀਧਾ ਹੋਇ ॥ ੭ ॥

ਜਿਸਦੇ ਜਪਣ ਨਾਲ ਕੁਛ ਵੀ ਮੁਸ਼ਕਲ ਨਹੀਂ ਬਣਦੀ ਹੈ। ਜਿਸਦੇ ਜਪਣ ਨਾਲ ਦਸਵੇਂ ਦੁਆਰ ਵਿੱਚ ਇੱਕ ਰਸ ਵਾਜੇ ਸੁਣਦੇ ਹਨ। ਜਿਸਦੇ ਜਪਣ ਨਾਲ ਇਸ ਦੀ ਸੋਭਾ ਨਿਰਮਲ ਹੁੰਦੀ ਹੈ, ਜਿਸਦੇ ਜਪਣ ਨਾਲ ਰਿਦਾ ਕੌਲ ਸਿੱਧਾ ਹੋ ਜਾਂਦਾ ਹੈ।

ਗੁਰਿ ਸੁਭ ਦ੍ਰਿਸਟਿ ਸਭ ਊਪਰਿ ਕਰੀ ॥ ਜਿਸਕੈ ਹਿਰਦੈ ਮੰਤ੍ਰੁ ਦੇ ਹਰੀ ॥ ਅਖੰਡ ਕੀਰਤਨੁ ਤਿਨਿ ਭੋਜਨੁ ਚੂਰਾ ॥ ਕਹੁ ਨਾਨਕ ਜਿਸੁ ਸਤਿਗੁਰੁ ਪੂਰਾ ॥ ੮ ॥ ੨ ॥

ਗੁਰਾਂ ਨੇ ਚੰਗੀ ਨਜ਼ਰ ਸਾਰਿਆਂ ਦੇ ਉੱਤੇ ਕੀਤੀ ਹੈ, ਜਿਸਦੇ ਰਿਦੇ ਵਿੱਚ ਪ੍ਰਮੇਸ਼ਰ ਨਾਮ ਦਾ ਉਪਦੇਸ਼ ਦੇਵੇ, ਓਹ ਕਿਰਪਾ ਉੱਤਮ ਹੁੰਦੀ ਹੈ। ਓਹਨਾਂ

Digitized by Panjab Digital Library | www.panjabdigilib.org

ਭਗਤਾਂਨੇ ਲਗਾਤਾਰ ਜੇਹੜਾ ਪ੍ਰਮੇਸ਼ਰ ਦਾ ਕੀਰਤਨ ਹੈ,ਓਹ ਅੰਨਚੂਰਾ ਕੀਤਾ ਹੈ, ਜਾਂ ਕੀਰਤਨ ਚੂਰਮਾ ਅੰਨ ਹੈ। ਗੁਰੂ ਜੀ–ਜਿਸ ਨੂੰ ਸਤਿਗੁਰੂ ਪੂਰਾ ਮਿਲਿਆ ਹੈ, ਉਸਨੇ ਇਹ ਅੰਨ ਖਾਧਾ ਹੈ।

## ਗਉੜੀ ਮਹਲਾ ੫ ॥

**ਗੁਰ ਕਾ ਸਬਦਿ ਰਿਦ ਅੰਤਰਿ ਧਾਰੈ ॥ ਪੰਚ ਜਨਾ ਸਿਉ ਸੰਗੁ ਨਿਵਾਰੈ ॥ ਦਸ ਇੰਦ੍ਰੀ ਕਰਿ ਰਾਖੈ ਵਾਸਿ ॥ ਤਾ ਕੈ ਆਤਮੈ ਹੋਇ ਪਰਗਾਸੁ ॥ ੧ ॥**

ਜਦੋਂ ਗੁਰਾਂ ਦਾ ਸ਼ਬਦ ਰਿਦੇ ਦੇ ਅੰਦਰ ਧਾਰਨ ਕਰੇ, ਪੰਜ ਕਾਮ ਆਦਿਕਾਂ ਦਾ ਸੰਗ ਦੂਰ ਕਰੇ, ਦਸਾਂ ਇੰਦ੍ਰੀਆਂ ਨੂੰ ਵੱਸ ਕਰਕੇ ਰੱਖੇ,ਉਸਦੇ ਮਨ ਵਿੱਚ ਚਾਨਣ ਹੁੰਦਾ ਹੈ।

**ਐਸੀ ਦ੍ਰਿੜਤਾ ਤਾ ਕੈ ਹੋਇ ॥ ਜਾ ਕਉ ਦਇਆ ਮਇਆ ਪ੍ਰਭ ਸੋਇ ॥ ੧ ॥ ਰਹਾਉ ॥**

ਜਿਸ ਆਦਮੀ ਨੂੰ ਦਯਾਵਾਨ ਪ੍ਰਮੇਸ਼ਰ ਦੀ ਕਿਰਪਾ ਹੁੰਦੀ ਹੈ, ਉਸ ਨੂੰ ਇੱਕੁਰ ਦੀ ਦ੍ਰਿੜ੍ਹਤਾ ਹੁੰਦੀ ਹੈ, ਜਿਸ ਆਦਮੀ ਦੇ ਉਤੇ ਉਸ ਪ੍ਰਮੇਸ਼ਰ ਦੀ ਕਿਰਪਾ ਤੇ ਮਿਹਰ ਹੁੰਦੀ ਹੈ, ਉਸਦੇ ਅੰਦਰ ਇੱਕੁਰ ਦੀ ਦ੍ਰਿੜ੍ਹਤਾ ਹੈ।

**ਸਾਜਨੁ ਦੁਸਟੁ ਜਾ ਕੈ ਏਕ ਸਮਾਨੈ ॥ ਜੇਤਾ ਬੋਲਣੁ ਤੇਤਾ ਗਿਆਨੈ ॥ ਜੇਤਾ ਸੁਨਣਾ ਤੇਤਾ ਨਾਮੁ ॥ ਜੇਤਾ ਪੇਖਨੁ ਤੇਤਾ ਧਿਆਨੁ ॥ ੨ ॥**

ਮਿੱਤ੍ਰ ਵੈਰੀ ਜਿਸ ਦੇ ਇੱਕ ਬਰਾਬਰ ਹਨ, ਜਿਤਨਾ ਮੂੰਹ ਤੋਂ ਬੋਲਣਾ ਹੈ, ਉਤਨਾ ਗਿਆਨ ਹੀ ਬੋਲਣਾ ਹੈ, ਭਾਵ ਸੱਚ ਬੋਲਦੇ ਹਨ। ਜਿਤਨਾ ਕੁਛ ਸੁਣਨਾ ਹੈ, ਉਤਨਾ ਕੁਛ ਨਾਮ ਹੀ ਹੈ, ਭਾਵ ਪ੍ਰਮੇਸ਼ਰ ਦੀਆਂ ਗੱਲਾਂ ਹੀ ਸੁਣਦਾ ਹੈ ਅਤੇ ਜਿਤਨਾ ਕੁਛ ਵੇਖਦਾ ਹੈ, ਉਤਨਾ ਧਿਆਨ ਹੀ ਹੈ, ਭਾਵ ਸਾਰਿਆਂ ਨੂੰ ਪ੍ਰਮੇਸ਼ਰ ਰੂਪ ਵੇਖਦਾ ਹੈ, ਇਹੋ ਹੀ ਧਿਆਨ ਹੈ।

**ਸਹਜੇ ਜਾਗਣੁ ਸਹਜੇ ਸੋਇ ॥ ਸਹਜੇ ਹੋਤਾ ਜਾਇ ਸੁ ਹੋਇ ॥ ਸਹਜਿ ਬੈਰਾਗੁ ਸਹਜੇ ਹੀ ਹਸਨਾ ॥ ਸਹਜੇ ਚੂਪ ਸਹਜੇ ਹੀ ਜਪਨਾ ॥ ੩ ॥**

ਸਹਿਜੇ ਹੀ ਜਾਗਣਾ ਹੁੰਦਾ ਹੈ, ਸਹਿਜੇ ਹੀ ਸੌਣਾ ਹੁੰਦਾ ਹੈ, ਸਹਿਜੇ

Digitized by Panjab Digital Library | www.panjabdigilib.org

ਹੀ ਜੋ ਕੁਛ ਹੁੰਦਾ ਜਾਂਦਾ ਹੈ, ਸੋ ਚੰਗਾ ਹੁੰਦਾ ਜਾਂਦਾ ਹੈ, ਇਹ ਓਹਨਾਂ ਦਾ ਖਿਆਲ ਹੈ, ਭਾਵ ਉਸਦਿਆਂ ਕੰਮਾਂ ਵਿੱਚ ਸਾਡੀ ਅਕਲ ਕੰਮ ਨਹੀਂ ਕਰ ਸੱਕਦੀ ਹੈ। ਸਹਿਜੇ ਹੀ ਰੋਣਾ, ਸਹਿਜੇ ਹੀ ਹੱਸਣਾ ਹੁੰਦਾ ਹੈ, ਸਹਿਜੇ ਹੀ ਚੁੱਪ ਹੁੰਦਾ ਹੈ, ਸਹਿਜੇ ਹੀ ਜਪਣਾ ਕਰਦਾ ਹੈ।

**ਸਹਜੇ ਭੋਜਨ ਸਹਜੇ ਭਾਉ ॥ ਸਹਜੇ ਮਿਟਿਓ ਸਗਲ ਦੁਰਾਉ ॥ ਸਹਜੇ ਹੋਆ ਸਾਧੂ ਸੰਗੁ ॥ ਸਹਜਿ ਮਿਲਿਓ ਪਾਰਬ੍ਰਹਮੁ ਨਿਸੰਗੁ ॥ ੪ ॥**

ਸਹਿਜੇ ਹੀ ਅੰਨ ਖਾਂਦਾ ਹੈ, ਸਹਿਜੇ ਹੀ ਪ੍ਰੇਮ ਕਰਦਾ ਹੈ, ਸਹਿਜੇ ਹੀ ਸਾਰਾ ਲੁਕਾ ਛੁਪਾ ਦੂਰ ਹੋ ਗਿਆ, ਭਾਵ ਆਪਣੇ ਮਤਲਬ ਨੂੰ ਪ੍ਰਗਟ ਸਹਿਜੇ ਹੀ ਕਰਦਾ ਹੈ, ਸਹਿਜੇ ਹੀ ਸੰਤਾਂ ਦਾ ਸੰਗ ਹੋਇਆ ਹੈ, ਸਹਿਜੇ ਹੀ ਨਿਸੰਗ ਹੋਕੇ ਪ੍ਰਮੇਸ਼ਰ ਨੂੰ ਮਿਲਿਆ ਹੈ।

**ਸਹਜੇ ਗ੍ਰਿਹ ਮਹਿ ਸਹਜਿ ਉਦਾਸੀ ॥ ਸਹਜੇ ਦੁਬਿਧਾ ਤਨ ਕੀ ਨਾਸੀ ॥ ਜਾਕੈ ਸਹਜਿ ਮਨਿ ਭਇਆ ਅਨੰਦੁ ॥ ਤਾਕਉ ਭੇਟਿਆ ਪਰਮਾਨੰਦੁ ॥ ੫ ॥**

ਸਹਿਜੇ ਹੀ ਘਰ ਵਿੱਚ ਰਹਿੰਦਾ ਹੈ ਅਤੇ ਸਹਿਜੇ ਹੀ ਉਦਾਸੀ ਹੋਇਆ ਫਿਰਦਾ ਹੈ। ਸਹਿਜੇ ਹੀ ਸਰੀਰ ਤੋਂ ਸਾਰੀ ਦ੍ਵੈਤ ਭਾਵਣਾ ਨੱਸ ਗਈ ਹੈ। ਜਿਸ ਦੇ ਮਨ ਅੰਦਰ ਸਹਿਜੇ ਹੀ ਅਨੰਦ ਹੋਯਾ ਹੈ, ਉਸਨੂੰ ਪਰਮ ਅਨੰਦ ਰੂਪ ਵਾਹਿਗੁਰੂ ਮਿਲਿਆ ਹੈ।

**ਸਹਜੇ ਅੰਮ੍ਰਿਤੁ ਪੀਓ ਨਾਮੁ ॥ ਸਹਜੇ ਕੀਨੋ ਜੀਅ ਕੋ ਦਾਨੁ ॥ ਸਹਜ ਕਥਾ ਮਹਿ ਆਤਮੁ ਰਸਿਆ ॥ ਤਾਕੈ ਸੰਗਿ ਅਬਿਨਾਸੀ ਵਸਿਆ ॥ ੬ ॥**

ਸਹਿਜੇ ਹੀ ਨਾਮ ਅੰਮ੍ਰਿਤ ਪੀਤਾ ਹੈ, ਸਹਿਜੇ ਹੀ ਜੀਆਂ ਨੂੰ ਦਾਨ ਕੀਤਾ ਹੈ। ਜਿਨ੍ਹਾਂ ਦਾ ਮਨ ਸਹਿਜੇ ਹੀ ਪ੍ਰਮੇਸ਼ਰ ਦੀ ਕਥਾ ਵਿੱਚ ਰਸ ਲੈਣ ਵਾਲਾ ਹੋਇਆ ਹੈ, ਉਸਦੇ ਨਾਲ ਨ ਮਰਨ ਵਾਲਾ ਪ੍ਰਮੇਸ਼ਰ ਵੱਸਿਆ ਹੈ।

**ਸਹਜੇ ਆਸਣੁ ਅਸਥਿਰੁ ਭਾਇਆ ॥ ਸਹਜੇ ਅਨਹਤ ਸਬਦੁ ਵਜਾਇਆ ॥ ਸਹਜੇ ਰੁਣ ਝੁਣ ਕਾਰੁ ਸੁਹਾਇਆ ॥ ਤਾਕੈ ਘਰਿ ਪਾਰਬ੍ਰਹਮੁ ਸਮਾਇਆ ॥ ੭ ॥**

Digitized by Panjab Digital Library | www.panjabdigilib.org

ਸਹਿਜੇ ਹੀ ਟਿਕਿਆ ਰਹਿਣ ਵਾਲਾ ਆਸਣ ਚੰਗਾ ਲੱਗਾ ਹੈ।
ਸਹਿਜੇ ਹੀ ਲਗਾਤਾਰ ਉਪਦੇਸ਼ ਜਪਿਆ ਹੈ, ਸਹਿਜੇ ਹੀ ਰੁਣ ਝੁਣ = ਲਾਗਾਤਾਰ ਅਨੰਦ ਨੂੰ ਪਾਕੇ ਸੋਹਣਾ ਸੁਹਾਇਆ ਹੈ, ਉਸਦੇ ਰਿਦੇ ਵਿੱਚ ਪ੍ਰਮੇਸ਼ਰ ਆ ਮਿਲਿਆ ਹੈ।

**ਸਹਜੇ ਜਾਕਉ ਪਰਿਓ ਕਰਮਾ ॥ ਸਹਜੇ ਗੁਰੁ ਭੇਟਿਓ ਸਚੁ ਧਰਮਾ ॥ ਜਾਕੈ ਸਹਜੁ ਭਇਆ ਸੋ ਜਾਣੈ ॥ ਨਾਨਕ ਦਾਸ ਤਾਕੈ ਕੁਰਬਾਣੈ ॥ ੮ ॥ ੩ ॥**

ਸਹਿਜੇ ਹੀ ਜਿਸਦੇ ਮੱਥੇ ਉਤੇ ਚੰਗਿਆਂ ਕਰਮਾਂ ਦਾ ਲੇਖ ਲਿਖਿਆ ਪਿਆ ਹੈ। ਸਹਿਜੇ ਹੀ ਸੱਚੇ ਧਰਮਾਂ ਵਾਲਾ ਗੁਰੂ ਮਿਲਿਆ ਹੈ। ਜਿਸਨੂੰ ।ਗਿਆਨ ਹੋਇਆ ਹੈ, ਓਹੋ ਹੀ ਜਾਣਦਾ ਹੈ। ਗੁਰੂ ਜੀ—ਮੈਂ ਦਾਸ ਉਸਦੇ ਕੁਰਬਾਨ ਜਾਂਦਾ ਹਾਂ।

## ਗਉੜੀ ਮਹਲਾ ੫ ॥

**ਪ੍ਰਥਮੇ ਗਰਭ ਵਾਸ ਤੇ ਟਰਿਆ ॥ ਪੁਤ੍ਰ ਕਲਤ੍ਰ ਕੁਟੰਬ ਸੰਗਿ ਜੁਰਿਆ ॥ ਭੋਜਨੁ ਅਨਿਕ ਪ੍ਰਕਾਰ ਬਹੁ ਕਪਰੇ ॥ ਸਰਪਰ ਗਵਨੁ ਕਰਹਿਗੇ ਬਪੁਰੇ ॥ ੧ ॥**

ਪਹਿਲਾਂ ਇਹ ਜੀਵ ਮਾਂ ਦੇ ਪੇਟ ਦੇ ਵੱਸਣ ਤੋਂ ਟਲਿਆ ਭਾਵ ਬਾਹਰ ਨਿਕਲਿਆ। ਫਿਰ ਪੁਤ੍ਰ ਇਸਤ੍ਰੀ ਤੇ ਟੱਬਰ ਦੇ ਨਾਲ ਆਕੇ ਜੁੜ ਪਿਆ, ਭਾਵ ਪ੍ਰੇਮ ਕਰਨ ਲੱਗਾ। ਹੇ ਵਿਚਾਰਿਆ ਜੀਵਾ! ਅਨੇਕ ਤਰ੍ਹਾਂ ਦੇ ਅੰਨ, ਬਹੁਤ ਤਰ੍ਹਾਂ ਦੇ ਕੱਪੜੇ, ਇਹ ਸਾਰੇ ਪਦਾਰਥ ਜ਼ਰੂਰ ਹੀ ਜ਼ਰੂਰ ਚਲੇ ਜਾਣਗੇ, ਭਾਵ ਨਾਸਵੰਤ ਹਨ। ਸਰਪਰ = ਜ਼ਰੂਰ, ਗਵਨ = ਚਲੇ ਜਾਣਗੇ, ਬਪੁਰੇ = ਵਿਚਾਰੇ ਆਦਮੀ ਨੂੰ ਸੰਬੋਧਨ ਹੈ।

**ਕਵਨੁ ਅਸਥਾਨੁ ਜੋ ਕਬਹੁ ਨ ਟਰੈ ॥ ਕਵਨੁ ਸਬਦੁ ਜਿਤੁ ਦੁਰਮਤਿ ਹਰੈ ॥ ੧ ॥ ਰਹਾਉ ॥**

ਹੇ ਗੁਰੂ ਜੀ! ਓਹ ਕੇਹੜਾ ਥਾਂ ਹੈ, ਜੇਹੜਾ ਕਦੀ ਵੀ ਨਹੀਂ ਨਾਸ ਹੁੰਦਾ ਹੈ? ਓਹ ਕੇਹੜਾ ਉਪਦੇਸ਼ ਹੈ, ਜਿਸ ਕਰਕੇ ਖੋਟੀ ਮੱਤ ਨਾਸ ਹੋ ਜਾਂਦੀ ਹੈ?

**ਇੰਦ੍ਰ ਪੁਰੀ ਮਹਿ ਸਰਪਰ ਮਰਣਾ ॥ ਬ੍ਰਹਮ ਪੁਰੀ**

Digitized by Panjab Digital Library | www.panjabdigilib.org

**ਨਿਹਚਲੁ ਨਹੀ ਰਹਣਾ ॥ ਸਿਵਪੁਰੀ ਕਾ ਹੋਇਗਾ ਕਾਲਾ ॥ ਤ੍ਰੈਗੁਣ ਮਾਇਆ ਬਿਨਸਿ ਬਿਤਾਲਾ ॥ ੨ ॥**

ਇੰਦ੍ਰ ਪੁਰੀ ਸੁਰਗ ਵਿੱਚ ਜ਼ਰੂਰ ਮਰਨਾ ਹੁੰਦਾ ਹੈ, ਬ੍ਰਹਮਾ ਦੀ ਪੁਰੀ ਵਿੱਚ ਵੀ ਨਿਹਚਲ ਨਹੀਂ ਰਹਿਣਾ ਹੈ, ਭਾਵ ਹਰ ਥਾਂ ਮਰਨਾ ਹੈ, ਜਾਂ ਇਹਨਾਂ ਪੁਰੀਆਂ ਦਾ ਹੀ ਨਾਸ ਹੋ ਜਾਣਾ ਹੈ। ਸ਼ਿਵ ਪੁਰੀ ਦਾ ਵੀ ਕਾਲ ਹੋ ਜਾਵੇਗਾ, ਜੇਹੜਾ ਸੰਸਾਰ ਮਾਇਆ ਦੇ ਤਿੰਨਾਂ ਗੁਣਾਂ ਨਾਲ ਬਣਾਇਆ ਹੋਇਆ ਹੈ, ਓਹ ਪ੍ਰਮੇਸ਼ਰ ਰੂਪ ਤਾਲ ਤੋਂ ਭੁੱਲਾ ਹੋਇਆ ਨਾਸ ਹੋ ਜਾਵੇਗਾ, ਭਾਵ ਸਾਰੇ ਆਦਮੀ ਭੂਤਨੇ ਹਨ, ਸਭ ਮਰਨਗੇ।

**ਗਿਰਿਤਰ ਧਰਣਿ ਗਗਨ ਅਰੁ ਤਾਰੇ ॥ ਰਵਿ ਸਸਿ ਪਵਣੁ ਪਾਵਕੁ ਨੀਰਾਰੇ॥ਦਿਨ ਸੁ ਰੈਣਿ ਬਰਤ ਅਰੁ ਭੇਦਾ ॥ ਸਾਸਤ੍ਰ ਸਿੰਮ੍ਰਿਤਿ ਬਿਨਸਹਿਗੇ ਬੇਦਾ ॥ ੩ ॥**

ਪਹਾੜ, ਬ੍ਰਿਛ, ਧਰਤੀ, ਅਕਾਸ, ਤਾਰੇ, ਸੂਰਜ, ਚੰਦ, ਪੌਣ, ਅੱਗ, ਨੀਰਾਰੇ = ਪਾਣੀ ਜਾਂ ਪਾਣੀ ਦਾ ਘਰ ਸਮੁੰਦ੍ਰ। ਦਿਨ, ਰਾਤ, ਵਰਤ ਰੱਖਣੇ, ਅਤੇ ਜੇਹੜਾ ਉਚਿਆਂ ਨੀਵਿਆਂ ਵਰਨਾਂ ਆਸ਼੍ਰਮਾਂ ਦਾ ਭੇਦ = ਫਰਕ ਹੈ। ਸ਼ਾਸਤ੍ਰ ਸਿੰਮ੍ਰਤੀਆਂ ਵੇਦ ਇਹ ਸਾਰੇ ਹੀ ਨਾਸ ਹੋ ਜਾਣਗੇ।

**ਤੀਰਥ ਦੇਵ ਦੇਹੁਰਾ ਪੋਥੀ ॥ ਮਾਲਾ ਤਿਲਕੁ ਸੋਚ ਪਾਕ ਹੋਤੀ ॥ ਧੋਤੀ ਡੰਡਉਤਿ ਪਰਸਾਦਨ ਭੋਗਾ ॥ ਗਵਨੁ ਕਰੈਗੋ ਸਗਲੋ ਲੋਗਾ ॥ ੪ ॥**

ਤੀਰਥ, ਠਾਕਰਾਂ ਦਾ ਸ਼ਿਵਲਿੰਗ ਜਾਂ ਮੂਰਤੀ ਠਾਕਰ ਦੁਆਰੇ, ਪੋਥੀ, ਮਾਲਾ, ਤਿਲਕ, ਸੋਚ = ਵਿਚਾਰ ਪਵਿੱਤ੍ਰਤਾ ਪਾਕ = ਪਵਿੱਤ੍ਰਤਾ ਜਾਂ ਪਵਿੱਤ੍ਰ ਰਸੋਈ, ਹੋਤੀ = ਹਵਨ ਕਰਨ ਵਾਲੇ, ਘਿਓ ਸਾੜਨ ਵਾਲੇ, ਧੋਤੀ = ਨੇਤੀ ਧੋਤੀ ਕਰਨ ਵਾਲੇ, ਜੋਗੀ ਅਤੇ ਡੰਡੌਤ ਬੰਦਨਾ ਕਰਨ ਵਾਲੇ, ਪਰਸਾਦਨ = ਮੰਦਰਾਂ,ਘਰਾਂ ਦੇ, ਭਾਵ ਸਦਨਾਂ ਸਮੂੰਹ ਜਾਂ ਪਰਸਾਦਨ ਭੋਗਾ = ਸਬਦ ਸਪਰਸ ਰੂਪ ਰਸ ਗੰਧ ਹੇ ਲੋਗਾ = ਲੋਕੋ ਇਹ ਸਾਰਾ ਹੀ ਪਸਾਰਾ ਚਲਿਆ ਜਾਵੇਗਾ,ਜਾਂ ਸਾਰਿਆਂ ਲੋਕਾਂ ਪੁਰੀਆਂ ਦਾ ਨਾਸ ਹੋਵੇਗਾ, ਪਰਸਾਦਨ = ਵਿਸ਼ੇਸ ਕਰਕੇ ਸ੍ਵਾਦ ਜਾਂ ਚੰਗੇ ੨ ਪਰਸ਼ਾਦ ਖਾਣੇ।

Digitized by Panjab Digital Library | www.panjabdigilib.org

ਜਾਤਿ ਵਰਨ ਤੁਰਕ ਅਰੁ ਹਿੰਦੂ ॥ ਪਸੁ ਪੰਖੀ ਅਨਿਕ ਜੋਨਿ ਜਿੰਦੂ ॥ ਸਗਲ ਪਾਸਾਰੁ ਦੀਸੈ ਪਾਸਾਰਾ ॥ ।ਬਨਸਿ ਜਾਇਗੋ ਸਗਲ ਅਕਾਰਾ ॥ ੫ ॥

ਜਾਤੀ, ਵਰਨ, ਤੁਰਕ, ਹਿੰਦੂ – ਜੀਵ, ਭਾਵ ਚੁਰਾਸੀ ਲੱਖ ਜੂਨੀਆਂ ਦੇ ਸਾਰੇ ਜੀਅ ਵੀ ਨਾਸ ਹੋ ਜਾਣਗੇ ਅਤੇ ਪਸ਼ੂ ਪੰਛੀ ਵੀ ਨਾਸ ਹੋਣਗੇ। ਜੇਹੜਾ ਸਾਰਾ ਪਸਾਰਾ ਫੈਲਿਆ ਹੋਇਆ ਦੀਹਦਾ ਹੈ, ਓਹ ਸਾਰਾ ਅਕਾਰ ਨਾਸ ਹੋ ਜਾਵੇਗਾ।

ਸਹਜ ਸਿਫਤਿ ਭਗਤਿ ਤਤੁ ਗਿਆਨਾ ॥ ਸਦਾ ਅਨੰਦੁ ਨਿਹਚਲੁ ਸਚੁ ਥਾਨਾ ॥ ਤਹਾ ਸੰਗਤਿ ਸਾਧ ਗੁਣ ਰਸੈ ॥ ਅਨਭਉ ਨਗਰੁ ਤਹਾ ਸਦ ਵਸੈ ॥ ੬ ॥

ਪ੍ਰਮੇਸ਼ਰ ਦੀ ਉਸਤਤੀ ਅਤੇ ਭਗਤੀ ਠੀਕ ਯਥਾਰਥ ਗਿਆਨ ਜਿਸ ਸਤਸੰਗ ਥਾਂ ਵਿੱਚ ਇਹ ਸਹਿਜੇ ਹੀ ਹੁੰਦਾ ਹੈ ਅਤੇ ਜਿਥੇ ਸਦਾ ਹੀ ਅਨੰਦ ਹੈ,ਓਹ ਥਾਂ ਸੱਚਾ ਅਤੇ ਇਸਥਿਤਿ ਰਹਿਣ ਵਾਲਾ ਹੈ। ਓਥੇ ਸਾਧ ਸੰਗਤ ਆਖੀਦੀ ਹੈ, ਜਿਥੇ ਚੰਗਿਆਂ ੨ ਗੁਣਾਂ ਦੇ ਵਿੱਚ ਭਗਤ ਰਸ ਲੈਣ ਵਾਲੇ ਹੋਏ ਹਨ, ਜੇਹੜਾ ਪ੍ਰਮੇਸ਼ਰ ਦਾ ਨਗਰ ਡਰ ਤੋਂ ਰਹਿਤ ਹੈ, ਉਸ ਜਾਂ ਓਹ ਸਦਾ ਟਿਕਿਆ ਹੋਇਆ ਵੱਸਦਾ ਹੈ, ਜਾਂ ਓਥੇ ਜਾਂ ਓਸਨੇ ਸਦਾ ਰਹਿਣਾ ਹੈ।

ਤਹ ਭਉ ਭਰਮਾ ਸੋ ਗੁਨ ਚਿੰਤਾ ॥ ਆਵਣੁ ਜਾਵਣੁ ਮਿਰਤੁ ਨ ਹੋਤਾ ॥ ਤਹ ਸਦਾ ਅਨੰਦ ਅਨਹਤ ਆਖਾਰੇ ॥ ਭਗਤ ਵਸਹਿ ਕੀਰਤਨ ਆਧਾਰੇ ॥ ੭ ॥

ਓਥੇ ਨ ਡਰ ਹੈ, ਨ ਭਰਮ ਹੈ, ਨ ਸੋਗ ਚਿੰਤਾ ਹੀ ਹੈ, ਆਉਣਾ, ਜਾਣਾ, ਮਰਨਾ, ਜੰਮਣਾ, ਇਹਨਾਂ ਵਿਕਾਰਾਂ ਦਾ ਅਕੱਠ ਜਿੱਥੇ ਨਹੀਂ ਹੁੰਦਾ ਹੈ। ਓਥੇ ਸਦਾ ਅਨੰਦ ਰਹਿੰਦਾ ਹੈ, ਲਗਾਤਾਰ ਸੰਤਾਂ ਦੇ ਅਖਾਰੇ = ਜੋੜ ਮੇਲੇ ਹੁੰਦੇ ਰਹਿੰਦੇ ਹਨ। ਓਹ ਸੰਤ ਭਗਤ ਕੀਰਤਨ ਦੇ ਆਸਰੇ ਵੱਸਦੇ ਹਨ।

ਪਾਰਬ੍ਰਹਮ ਕਾ ਅੰਤੁ ਨ ਪਾਰੁ ॥ ਕਉਣੁ ਕਰੈ ਤਾਕਾ ਬੀਚਾਰੁ ॥ ਕਹੁ ਨਾਨਕ ਜਿਸੁ ਕਿਰਪਾ ਕਰੈ ॥ ਨਿਹਚਲ ਥਾਨੁ ਸਾਧ ਸੰਗਿ ਤਰੈ ॥ ੮ ॥ ੪ ॥

Digitized by Panjab Digital Library | www.panjabdigilib.org

ਪ੍ਰਮੇਸ਼ਰ ਦਾ ਅੰਤ ਪਾਰਾਵਾਰ ਨਹੀਂ ਹੈ, ਬਿਅੰਤ ਹੈ, ਕੌਣ ਕੋਈ ਉਸਦੀ ਗਿਣਤੀ ਮਿਣਤੀ ਕਰਕੇ ਵਿਚਾਰ ਕਰ ਸੱਕਦਾ ਹੈ । ਗੁਰੂ ਜੀ-ਜਿਸਦੇ ਉਤੇ ਵਾਹਿਗੁਰੂ ਕਿਰਪਾ ਕਰਦਾ ਹੈ, ਜੇਹੜਾ ਥਾਂ ਸਾਧ ਸੰਗਤ ਨਿਰਮਲ ਹੈ, ਉਸਦੇ ਉਪਦੇਸ਼ ਕਰਕੇ ਦੁਰਮਤੀ ਨੂੰ ਨਾਸ ਕਰਕੇ ਤਰ ਜਾਈਦਾ ਹੈ।

## ਗਉੜੀ ਮਹਲਾ ੫ ॥

**ਜੋ ਇਸੁ ਮਾਰੇ ਸੋਈ ਸੂਰਾ ॥ ਜੋ ਇਸੁ ਮਾਰੇ ਸੋਈ ਪੂਰਾ ॥ ਜੋ ਇਸੁ ਮਾਰੇ ਤਿਸਹਿ ਵਡਿਆਈ ॥ ਜੋ ਇਸੁ ਮਾਰੇ ਤਿਸਕਾ ਦੁਖੁ ਜਾਈ ॥ ੧ ॥**

ਜੇਹੜਾ ਇਸ ਦੁਬਿਧਾ ਨੂੰ ਮਾਰਦਾ ਹ, ਓਹ ਸੂਰਮਾ ਹੈ, ਜੇਹੜਾ ਇਸ ਨੂੰ ਮਾਰਦਾ ਹੈ, ਓਹੋ ਹੀ ਪੂਰਾ ਭਗਤ ਹੈ। ਜੇਹੜਾ ਇਸ ਨੂੰ ਮਾਰਦਾ ਹੈ, ਉਸ ਦੀ ਵਡਿਆਈ ਹੁੰਦੀ ਹੈ, ਜੇਹੜਾ ਇਸਨੂੰ ਮਾਰਦਾ ਹੈ, ਉਸ ਦਾ ਸਾਰਾ ਦੁੱਖ ਚਲਿਆ ਜਾਂਦਾ ਹੈ।

**ਐਸਾ ਕੋਇ ਜਿ ਦੁਬਿਧਾ ਮਾਰਿ ਗਵਾਵੈ ॥ ਇਸਹਿ ਮਾਰਿ ਰਾਜ ਜੋਗੁ ਕਮਾਵੈ ॥ ੧ ॥ ਰਹਾਉ ॥**

ਹੇ ਭਰਾ ! ਕੋਈ ਇੱਕੁਰ ਦਾ ਆਦਮੀ ਹੈ, ਜੇਹੜਾ ਦ੍ਵੈਤ ਭਾਵਣਾ ਨੂੰ ਮਾਰਕੇ ਗਵਾ ਦੇਂਦਾ ਹੈ। ਇਸ ਨੂੰ ਮਾਰਕੇ ਆਦਮੀ ਰਾਜ ਵਿਚ ਜੋਗ ਕਮਾਉਂਦਾ ਹੈ, ਭਾਵ ਘਰ ਵਿੱਚ ਹੀ ਪ੍ਰਮੇਸ਼ਰ ਭਗਤੀ ਦਾ ਅਨੰਦ ਲੈਂਦਾ ਹੈ, ਭਾਵ ਗਿਆਨ ਹੋ ਜਾਂਦਾ ਹੈ ਤੇ ਪ੍ਰਮੇਸ਼ਰ ਦੇ ਨਾਲ ਮਿਲਿਆ ਰਹਿੰਦਾ ਹੈ ।

**ਜੋ ਇਸੁ ਮਾਰੇ ਤਿਸ ਕਉ ਭਉ ਨਾਹਿ ॥ ਜੋ ਇਸੁ ਮਾਰੇ ਸੁ ਨਾਮਿ ਸਮਾਹਿ ॥ ਜੋ ਇਸੁ ਮਾਰੇ ਤਿਸਕੀ ਤ੍ਰਿਸਨਾ ਬੁਝੈ ॥ ਜੋ ਇਸੁ ਮਾਰੇ ਸੁ ਦਰਗਹ ਸਿਝੈ ॥ ੨ ॥**

ਜਿਹੜਾ ਇਸਨੂੰ ਮਾਰਦਾ ਹੈ, ਉਸਨੂੰ ਮੌਤ ਆਦਿਕ ਦਾ ਕੋਈ ਡਰ ਨਹੀਂ ਹੁੰਦਾ ਹੈ। ਜੇਹੜਾ ਇਸ ਨੂੰ ਮਾਰਦਾ ਹੈ, ਓਹ ਪ੍ਰਮੇਸ਼ਰ ਨਾਲ ਮਿਲ ਜਾਂਦਾ ਹੈ । ਜੇਹੜਾ ਇਸ ਨੂੰ ਮਾਰਦਾ ਹੈ, ਉਸ ਦੀ ਤ੍ਰਿਸ਼ਨਾ ਬੁਝ ਜਾਂਦੀ ਹੈ। ਜੇਹੜਾ ਇਸ ਨੂੰ ਮਾਰਦਾ ਹੈ, ਓਹ ਦਰਗਾਹ ਵਿੱਚ ਸੁੱਖ ਪਾਉਂਦਾ ਹੈ।

Digitized by Panjab Digital Library | www.panjabdigilib.org

ਜੋ ਇਸੁ ਮਾਰੇ ਸੋ ਧਨਵੰਤਾ ॥ ਜੋ ਇਸੁ ਮਾਰੇ ਸੋ ਪਤਿਵੰਤਾ ॥ ਜੋ ਇਸੁ ਮਾਰੇ ਸੋਈ ਜਤੀ ॥ ਜੋ ਇਸੁ ਮਾਰੇ ਤਿਸੁ ਹੋਵੈ ਗਤੀ ॥ ੩ ॥

ਜੇਹੜੇ ਇਸ ਨੂੰ ਮਾਰਦਾ ਹੈ, ਓਹ ਧਨ ਵਾਲਾ ਹੈ। ਜੇਹੜਾ ਇਸਨੂੰ ਮਾਰਦਾ ਹੈ, ਓਹ ਇੱਜ਼ਤ ਵਾਲਾ ਹੈ। ਜੇਹੜਾ ਇਸਨੂੰ ਮਾਰਦਾ ਹੈ, ਓਹੋ ਹੀ ਜਤੀ ਹੈ। ਜੇਹੜਾ ਇਸਨੂੰ ਮਾਰਦਾ ਹੈ, ਉਸਦੀ ਮੁਕਤੀ ਹੁੰਦੀ ਹੈ।

ਜੋ ਇਸੁ ਮਾਰੇ ਤਿਸਕਾ ਆਇਆ ਗਨੀ ॥ ਜੋ ਇਸੁ ਮਾਰੇ ਸੁ ਨਿਹਚਲੁ ਧਨੀ ॥ ਜੋ ਇਸੁ ਮਾਰੇ ਸੋ ਵਡਭਾਗਾ ॥ ਜੋ ਇਸੁ ਮਾਰੇ ਸੁ ਅਨ ਦਿਨੁ ਜਾਗਾ ॥ ੪ ॥

ਜੇਹੜਾ ਇਸਨੂੰ ਮਾਰਦਾ ਹੈ, ਉਸਦਾ ਸੰਸਾਰ ਵਿੱਚ ਆਇਆ ਸਫਲਾ ਗਿਣਿਆ ਜਾਂਦਾ ਹੈ। ਜੇਹੜਾ ਇਸਨੂੰ ਮਾਰਦਾ ਹੈ, ਓਹ ਨਿਹਚਲ ਧਨ ਵਾਲਾ ਹੈ। ਜੇਹੜਾ ਇਸਨੂੰ ਮਾਰਦਾ ਹੈ, ਓਹ ਵੱਡਿਆਂ ਭਾਗਾਂ ਵਾਲਾ ਹੈ। ਜੇਹੜਾ ਇਸਨੂੰ ਮਾਰਦਾ ਹੈ, ਓਹ ਰਾਤ ਦਿਨੇ ਜਾਗਦਾ ਹੈ, ਭਾਵ ਸਾਵਧਾਨ ਰਹਿੰਦਾ ਹੈ।

ਜੋ ਇਸੁ ਮਾਰੇ ਸੁ ਜੀਵਨ ਮੁਕਤਾ ॥ ਜੋ ਇਸੁ ਮਾਰੇ ਤਿਸਕੀ ਨਿਰਮਲ ਜੁਗਤਾ ॥ ਜੋ ਇਸੁ ਮਾਰੇ ਸੋਈ ਸੁ ਗਿਆਨੀ ॥ ਜੋ ਇਸੁ ਮਾਰੇ ਸੁ ਸਹਜ ਧਿਆਨੀ ॥ ੫ ॥

ਜੇਹੜਾ ਇਸਨੂੰ ਮਾਰਦਾ ਹੈ ਓਹ ਜੀਵਣ ਮੁਕਤ ਹੈ। ਜੇਹੜਾ ਇਸਨੂੰ ਮਾਰਦਾ ਹੈ, ਉਸਦੀ ਜੁਗਤੀ ਨਿਰਮਲ ਹੈ। ਜੇਹੜਾ ਇਸਨੂੰ ਮਾਰਦਾ ਹੈ, ਓਹੋ ਹੀ ਗਿਆਨੀ ਹੈ। ਜੇਹੜਾ ਇਸਨੂੰ ਮਾਰਦਾ ਓਹ ਸਹਿਜੇ ਹੀ ਧਿਆਨੀ ਹੈ।

ਇਸੁ ਮਾਰੀ ਬਿਨੁ ਥਾਇ ਨ ਪਰੈ ॥ ਕੋਟਿ ਕਰਮ ਜਾਪ ਤਪ ਕਰੈ ॥ ਇਸੁ ਮਾਰੀ ਬਿਨੁ ਜਨਮੁ ਨ ਮਿਟੈ ॥ ਇਸੁ ਮਾਰੀ ਬਿਨੁ ਜਮ ਤੇ ਨਹੀ ਛੁਟੈ ॥ ੬ ॥

ਇਸ ਦ੍ਵੈਤ ਭਾਵਣਾ ਦੇ ਮਾਰਿਆਂ ਬਿਨਾ ਆਦਮੀ ਕਿਸੇ ਥਾਂ ਭਾਵ ਲੇਖੇ ਵਿੱਚ ਨਹੀਂ ਪੈਂਦਾ ਹੈ। ਭਾਵੇਂ ਕਰੋੜਾਂ ਕਰਮ ਅਤੇ ਜਪ ਤਪ

Digitized by Panjab Digital Library | www.panjabdigilib.org

ਕਰਦਾ ਫਿਰੇ ਕਿਸੇ ਅਰਥ ਨਹੀਂ ਹਨ। ਇਸ ਦ੍ਵੈਤ ਭਾਵਣਾ ਦੇ ਮਾਰਿਆਂ ਬਿਨਾ ਜੰਮਣਾ ਮਰਨਾ ਨਹੀਂ ਮਿਟ ਸੱਕਦਾ ਹੈ। ਇਸਦੇ ਮਾਰਿਆਂ ਬਿਨਾਂ ਜਮ ਦੂਤਾਂ ਦੇ ਡੰਡਿਆਂ ਜਾਂ ਮਸੂਲਾਂ ਤੋਂ ਨਹੀਂ ਛੁੱਟਿਆ ਜਾਂਦਾ ਹੈ।

**ਇਸੁ ਮਾਰੀ ਬਿਨੁ ਗਿਆਨੁ ਨ ਹੋਈ॥ ਇਸੁ ਮਾਰੀ ਬਿਨੁ ਜੂਠਿ ਨ ਧੋਈ ॥ ਇਸੁ ਮਾਰੀ ਬਿਨੁ ਸਭੁ ਕਿਛੁ ਮੈਲਾ ॥ ਇਸੁ ਮਾਰੀ ਬਿਨੁ ਸਭੁ ਕਿਛੁ ਜਉਲਾ ॥ ੭ ॥**

ਇਸਦੇ ਮਾਰਿਆਂ ਬਿਨਾ ਅਸਲੀ ਠੀਕ ਗਿਆਨ ਨਹੀਂ ਹੁੰਦਾ ਹੈ। ਇਸਦੇ ਮਾਰਿਆਂ ਬਿਨਾ ਦਿਲ ਦੀ ਜੂਠ ਨਹੀਂ ਧੋਤੀ ਜਾਂਦੀ ਹੈ। ਇਸਦੇ ਮਾਰਿਆਂ ਬਿਨਾ ਸਭ ਕੁਛ ਮੈਲਾ ਹੈ, ਇਸਦੇ ਮਾਰਿਆਂ ਬਿਨਾ ਸਭ ਕੁਛ ਜਉਲਾ = ਵੱਖਰਾ ਰਹਿੰਦਾ ਹੈ, ਭਾਵ ਸਾਰੇ ਗੁਣ ਆਦਮੀ ਤੋਂ ਪਰੇ ਰਹਿੰਦੇ ਹਨ।

**ਜਾਕਉ ਭਏ ਕ੍ਰਿਪਾਲ ਕ੍ਰਿਪਾ ਨਿਧਿ॥ ਤਿਸੁ ਭਈ ਖਲਾਸੀ ਹੋਈ ਸਗਲ ਸਿਧਿ॥ ਗੁਰਿ ਦੁਬਿਧਾ ਜਾਕੀ ਹੈ ਮਾਰੀ ॥ ਕਹੁ ਨਾਨਕ ਸੋ ਬ੍ਰਹਮ ਬੀਚਾਰੀ॥ ੮ ॥ ੫ ॥**

ਜਿਸਤੇ ਕਿਰਪਾ ਦੇ ਸਮੁੰਦਰ ਵਾਹਿਗੁਰੂ ਦਿਆਲੂ ਹੋਏ ਹਨ, ਉਸਦੀ ਖਲਾਸੀ ਹੋਈ ਹੈ ਅਤੇ ਸਾਰੀਆਂ ਸਿਧੀਆਂ ਉਸਨੂੰ ਮਿਲ ਗਈਆਂ ਹਨ। ਜਿਸਦੀ ਗੁਰੂ ਨੇ ਦੁਬਿਧਾ ਮਾਰ ਦਿੱਤੀ ਹੈ। ਗੁਰੂ ਜੀ–ਓਹ ਆਦਮੀ ਵਾਹਿਗੁਰੂ ਦਾ ਵਿਚਾਰ ਕਰਨ ਵਾਲਾ ਹੈ।

## ਗਉੜੀ ਮਹਲਾ ੫ ॥

**ਹਰਿ ਸਿਉ ਜੁਰੈ ਤ ਸਭੁ ਕੋ ਮੀਤੁ ॥ ਹਰਿ ਸਿਉ ਜੁਰੈ ਤ ਨਿਹਚਲੁ ਚੀਤੁ ॥ ਹਰਿ ਸਿਉ ਜੁਰੈ ਨ ਵਿਆਪੈ ਕਾੜ੍ਹਾ॥ ਹਰਿ ਸਿਉ ਜੁਰੈ ਹੋਇ ਨਿਸਤਾਰਾ ॥ ੧ ॥**

ਜੇ ਪ੍ਰਮੇਸ਼ਰ ਦੇ ਨਾਲ ਆਦਮੀ ਦੀ ਪ੍ਰੀਤੀ ਜੁੜ ਜਾਵੇ, ਤਾਂ ਹਰ ਇੱਕ ਆਦਮੀ ਦਾ ਮਿੱਤ੍ਰ ਬਣ ਜਾਂਦਾ ਹੈ। ਜੇ ਹਰੀ ਦੇ ਨਾਲ ਪ੍ਰੀਤੀ ਜੁੜੇ ਤਾਂ ਚਿਤ ਨਿਰਮਲ ਹੁੰਦਾ ਹੈ। ਜੇ ਹਰੀ ਦੇ ਨਾਲ ਜੁੜੇ ਤਾਂ ਰੋਗ ਨਹੀਂ ਵਿਆਪਦਾ ਹੈ। ਜੇ ਹਰੀ ਦੇ ਨਾਲ ਜੁੜੇ ਤਾਂ ਨਿਸਤਾਰਾ ਹੋ ਜਾਂਦਾ ਹੈ।

Digitized by Panjab Digital Library | www.panjabdigilib.org

**ਰੇ ਮਨ ਮੇਰੇ ਤੂੰ ਹਰਿ ਸਿਉ ਜੋਰੁ ॥ ਕਾਜਿ ਤੁਹਾਰੈ ਨਾਹੀ ਹੋਰੁ ॥ ੧ ॥ ਰਹਾਉ ॥**

ਹੇ ਮਨ ਮੇਰੇ ! ਤੂੰ ਹਰੀ ਨਾਲ ਪ੍ਰੀਤ ਜੋੜ। ਹੋਰ ਕੋਈ ਵਸਤੂ ਵਾਹਿਗੁਰੂ ਦੇ ਨਾਮ ਬਿਨਾ ਤੇਰੇ ਕੰਮ ਨਹੀਂ ਆਵੇਗੀ।

**ਵਡੇ ਵਡੇ ਜੋ ਦੁਨੀਆਦਾਰ ॥ ਕਾਹੂ ਕਾਜਿ ਨਾਹੀ ਗਾਵਾਰ ॥ ਹਰਿ ਕਾ ਦਾਸੁ ਨੀਚ ਕੁਲੁ ਸੁਣਹਿ ॥ ਤਿਸ ਕੈ ਸੰਗਿ ਖਿਨ ਮਹਿ ਉਧਰਹਿ ॥ ੨ ॥**

ਜੇਹੜੇ ਵੱਡੇ ੨ ਲੋਕ ਮਾਇਆਧਾਰੀ ਹਨ। ਹੇ ਗਵਾਰ, ਓਹ ਨਾਮ ਬਿਨਾ ਕਿਸੇ ਕੰਮ ਨਹੀਂ ਹਨ। ਜੇ ਹਰੀ ਦਾ ਦਾਸ ਕੋਈ ਨੀਵੀਂ ਕੁਲ ਵਿੱਚ ਵੀ ਸੁਣਕੇ ਉਸਦੀ ਤੂੰ ਸੰਗਤ ਕਰੇਂ ਤੇ ਤਾਂ ਤੇਰਾ ਛਿਨ ਵਿੱਚ ਉਧਾਰ ਹੋ ਜਾਵੇਗਾ।

**ਕੋਟਿ ਮਜਨ ਜਾ ਕੈ ਸੁਣਿ ਨਾਮ ॥ ਕੋਟਿ ਪੂਜਾ ਜਾ ਕੈ ਹੈ ਧਿਆਨ ॥ ਕੋਟਿ ਪੁੰਨ ਸੁਣਿ ਹਰਿ ਕੀ ਬਾਣੀ ॥ ਕੋਟਿ ਫਲਾ ਗੁਰ ਤੇ ਬਿਧਿ ਜਾਣੀ ॥ ੩ ॥**

ਜਿਸਦਾ ਨਾਮ ਹੀ ਸੁਣਨ ਨਾਲ ਕਰੋੜਾਂ ਤੀਰਥਾਂ ਦੇ ਇਸ਼ਨਾਨ ਦਾ ਫਲ ਆ ਮਿਲਦਾ ਹੈ। ਜਿਸ ਦਾ ਧਿਆਨ ਕਰਨ ਨਾਲ ਕ੍ਰੋੜਾਂ ਪੂਜਾਂ ਦਾ ਫਲ ਆ ਮਿਲਦਾ ਹੈ। ਜਿਸ ਹਰੀ ਦੀ ਗੁਰਬਾਣੀ ਸੁਣਕੇ ਕ੍ਰੋੜਾਂ ਪੁੰਨਾਂ ਦੀ ਪ੍ਰਾਪਤੀ ਆ ਹੁੰਦੀ ਹੈ। ਇੱਕੁਰ ਦੇ ਪ੍ਰਮੇਸ਼ਰ ਦੇ ਭਜਨ ਦੀ ਰੀਤੀ ਜਿਸਨੇ ਗੁਰਾਂ ਤੋਂ ਜਾਣੀ ਹੈ, ਉਸਨੂੰ ਕ੍ਰੋੜਾਂ ਬਰਤ ਆਦਿਕ ਫਲਾਂ ਦੇ ਸਮੂੰਹ ਆ ਮਿਲਦੇ ਹਨ।

**ਮਨ ਅਪੁਨੇ ਮਹਿ ਫਿਰਿ ਫਿਰਿ ਚੇਤ ॥ ਬਿਨਸਿ ਜਾਹਿ ਮਾਇਆ ਕੇ ਹੇਤ ॥ ਹਰਿ ਅਬਿਨਾਸੀ ਤੁਮਰੈ ਸੰਗਿ ॥ ਮਨ ਮੇਰੇ ਰਚੁ ਰਾਮ ਕੈ ਰੰਗਿ ॥ ੪ ॥**

ਇਸ ਲਈ ਹੇ ਮਨ ! ਤੂੰ ਇੱਕੁਰ ਦੇ ਵਾਹਿਗੁਰੂ ਨੂੰ ਮੁੜ ਮੁੜ ਯਾਦ ਕਰ ਜਾਂ ਹੇ ਜੀਵ ! ਮਨ ਵਿੱਚ ਯਾਦ ਕਰ। ਜੇਹੜਾ ਮਾਇਆ ਹੀ ਮਾਇਆ ਮੰਗਣ ਵਾਲਾ ਹੇਤ = ਕਾਰਨ ਜਾਂ ਖਿਆਲ ਜਾਂ ਪਿਆਰ, ਅਰੰਭ ਹੈ ਸਭ ਨਾਸ ਹੋ ਜਾਵੇਗਾ। ਨ ਮਰਨ ਵਾਲਾ ਪ੍ਰਮੇਸ਼ਰ ਸਦਾ ਤੇਰੇ ਨਾਲ ਹੈ। ਹੇ ਮਨ ਉਸ ਰਾਮ ਦੇ ਪ੍ਰੇਮ ਵਿੱਚ ਰਚ ਜਾਹ।

Digitized by Panjab Digital Library | www.panjabdigilib.org

**ਜਾਕੈ ਕਾਮਿ ਉਤਰੈ ਸਭ ਭੂਖ ॥ ਜਾਕੈ ਕਾਮਿ ਨ ਜੋਹਹਿ ਦੂਤ ॥ ਜਾਕੈ ਕਾਮਿ ਤੇਰਾ ਵਡ ਗਮਰੁ ॥ ਜਾਕੈ ਕਾਮਿ ਹੋਵਹਿ ਤੂੰ ਅਮਰੁ ॥ ੫ ॥**

ਜਿਸ ਵਾਹਿਗੁਰੂ ਦੀ ਭਜਨ ਦੀ ਕਾਮਨਾ ਕਰਨ ਨਾਲ ਭਾਠ ਲੋੜ, ਚਾਹੁਣ ਨਾਲ ਸਾਰੀ ਭੁੱਖ ਉੱਤਰ ਜਾਂਦੀ ਹੈ। ਜਿਸਦੇ ਸਿਮਰਨ ਦੀ ਕਾਮਨਾ = ਇਛਿਆ ਕਰਨ ਨਾਲ ਜਮਜੂਤ ਨਹੀਂ ਵੇਖ ਸੱਕਦਾ ਹੈ। ਜਿਸਦੇ ਭਜਨ ਦੀ ਇੱਛਿਆ ਕਰਨ ਨਾਲ ਹੀ ਤੇਰਾ ਵੱਡਾ ਗਮਰੁ = ਮੁਰਾਤਬਾ ਹੋਵੇਗਾ। ਜਿਸਦੇ ਨਾਮ ਦੀ ਇੱਛਿਆ ਕਰਨ ਨਾਲ ਤੂੰ ਅਮਰ ਹੋ ਜਾਵੇਂਗਾ।

**ਜਾਕੇ ਚਾਕਰ ਕਉ ਨਹੀ ਡਾਨ ॥ ਜਾਕੇ ਚਾਕਰ ਕਉ ਨਹੀ ਬਾਨ ॥ ਜਾਕੈ ਦਫਤਰਿ ਪੁਛੈ ਨ ਲੇਖਾ ॥ ਤਾਕੀ ਚਾਕਰੀ ਕਰਹੁ ਬਿਸੇਖਾ ॥ ੬ ॥**

ਜਿਸਦੇ ਨੌਕਰ ਨੂੰ ਡੰਡ ਨਹੀਂ ਹੁੰਦਾ ਹੈ। ਜਿਸਦੇ ਨੌਕਰ ਦਾ ਖੋਟਾ ਥਾਂ ਭਾਵ ਸੁਭਾਵ ਨਹੀਂ ਹੁੰਦਾ ਹੈ। ਜਿਸਦੇ ਦਫਤਰ ਵਿੱਚ ਜਾਣ ਨਾਲ ਕੋਈ ਲੇਖਾ ਨਹੀਂ ਪੁੱਛਦਾ ਹੈ। ਵਿਸ਼ੇਸ਼ ਜਾਂ ਬਹੁਤ ਚਾਹ ਕਰਕੇ ਉਸਦੀ ਨੌਕਰੀ ਕਰੋ।

**ਜਾਕੈ ਊਨ ਨਹੀ ਕਾਹੂ ਬਾਤ ॥ ਏਕਹਿ ਆਪਿ ਅਨੇਕਹਿ ਭਾਤਿ ॥ ਜਾਕੀ ਦ੍ਰਿਸਟਿ ਹੋਇ ਸਦਾ ਨਿਹਾਲ ॥ ਮਨ ਮੇਰੇ ਕਰਿ ਤਾਕੀ ਘਾਲ ॥ ੭ ॥**

ਜਿਸਦੇ ਘਰ ਕਿਸੇ ਗੱਲ ਦੀ ਕਮੀ ਨਹੀਂ ਹੈ। ਓਹ ਆਪ ਇੱਕ ਅਨੇਕ ਤਰਾਂ ਦਾ ਹੋਇਆ ੨ ਹੈਂ। ਜਿਸਦੀ ਕਿਰਪਾ ਦ੍ਰਿਸ਼ਟੀ ਨਾਲ ਸਦਾ ਨਿਹਾਲ ਹੋਈਦਾ ਹੈ, ਮੇਰੇ ਮਨ ਤੂੰ ਉਸਦੀ ਸੇਵਾ ਕਰ।

**ਨਾਕੋ ਚਤੁਰੁ ਨਾਹੀ ਕੋ ਮੂੜਾ ॥ ਨਾਕੋ ਹੀਣੁ ਨਾਹੀ ਕੋ ਸੂਰਾ ॥ ਜਿਤੁ ਕੋ ਲਾਇਆ ਤਿਤਹੀ ਲਾਗਾ ॥ ਸੋ ਸੇਵਕੁ ਨਾਨਕ ਜਿਸੁ ਭਾਗਾ ॥ ੮ ॥ ੬ ॥**

ਆਪਣੇ ਜ਼ੋਰ ਨਾਲ ਨ ਕੋਈ ਸਿਆਣਾ ਹੈ, ਨ ਕੋਈ ਮੂਰਖ ਹੈ। ਨ ਕੋਈ ਕਾਇਰ ਹੈ, ਨ ਕੋਈ ਸੂਰਬੀਰ ਹੈ। ਜਿਸ ਜੀਵ ਨੂੰ ਪ੍ਰਮੇਸ਼ਰ ਨੇ ਜਿਸ ਪਾਸੇ ਲਾਇਆ ਹੈ, ਓਧਰ ਹੀ ਲੱਗ ਗਿਆ ਹੈ।

Digitized by Panjab Digital Library | www.panjabdigilib.org

ਗੁਰੂ ਜੀ-ਜਿਸਦੇ ਚੰਗੇ ਭਾਗ ਹਨ, ਓਹ ਪ੍ਰਮੇਸ਼ਰ ਦਾ ਦਾਸ ਹੈ।

**ਗਉੜੀ ਮਹਲਾ ੫ ॥**

**ਬਿਨੁ ਸਿਮਰਨ ਜੈਸੇ ਸਰਪ ਆਰਜਾਰੀ ॥ ਤਿਉ ਜੀਵਹਿ ਸਾਕਤ ਨਾਮ ਬਿਸਾਰੀ ॥ ੧ ॥**

ਬਿਨਾ ਸਿਮਰਨ ਤੋਂ ਜਿਸਤਰਾਂ ਸੱਪ ਦੀ ਉਮਰ ਹੈ ਭਾਵ ਸਾਰੀ ਆਰਜਾ ਹੀ = ਉਮਰ ਜ਼ਹਿਰ ਨਾਲ ਸੜਦਾ ਰਹਿੰਦਾ ਹੈ। ਇੱਕੁਰ ਹੀ ਨਾਮ ਨੂੰ ਵਿਸਾਰਕੇ ਸਾਕਤ ਆਦਮੀ ਜੀਊਂਦੇ ਹਨ।

**ਏਕ ਨਿਮਖ ਜੋ ਸਿਮਰਨ ਮਹਿ ਜੀਆ॥ ਕੋਟਿ ਦਿਨਸ ਲਾਖ ਸਦਾ ਥਿਰੁ ਥੀਆ ॥ ੧ ॥ ਰਹਾਉ ॥**

ਜੇਹੜਾ ਕੋਈ ਆਦਮੀ ਇਕ ਅੱਖ ਦਾ ਫਰਕਣ ਜਿਤਨਾ ਚਿਰ ਵੀ ਸਿਮਰਨ ਕਰਨ ਵਿੱਚ ਜੀਵਿਆ ਹੈ। ਓਹ ਲੱਖਾਂ ਕਰੋੜਾਂ ਦਿਨ ਇਸਥਿਤ ਹੋਇਆ ਹੈ। ਭਾਵ ਉਸਦਾ ਨਾਮ ਜੁੱਗਾਂ ਤਾਈਂ ਟਿਕਿਆ ਰਿਹਾ ਹੈ।

**ਬਿਨੁ ਸਿਮਰਨ ਧ੍ਰਿਗੁ ਕਰਮ ਕਰਾਸ ॥ ਕਾਗ ਬਤਨ ਬਿਸਟਾ ਮਹਿ ਵਾਸ ॥ ੨ ॥**

ਵਾਹਿਗੁਰੂ ਦੇ ਸਿਮਰਨ ਕਰਨ ਬਿਨਾ ਕਰਮਾਂ ਦੇ ਕਰਨ ਨੂੰ ਧਿਰਕਾਰ ਹੈ। ਜਿਸਤਰਾਂ ਕਾਂ ਦਾ ਵਿਸ਼ਟਾ ਦੇ ਬਤਨ = ਦੇਸ ਵਿੱਚ ਵਾਸਾ ਹੁੰਦਾ ਹੈ ਜਾਂ ਬਤਨ = ਮੂੰਹ ਗੰਦ ਵਿੱਚ ਰਹਿੰਦਾ ਹੈ।

**ਬਿਨੁ ਸਿਮਰਨ ਭਏ ਕੂਕਰ ਕਾਮ ॥ ਸਾਕਤ ਬੇਸੁਆ ਪੂਤ ਨਿਨਾਮ ॥ ੩ ॥**

ਪ੍ਰਮੇਸ਼ਰ ਦੇ ਸਿਮਰਨ ਬਿਨਾ ਆਦਮੀਆਂ ਤੋਂ ਕੁੱਤਿਆਂ ਵਰਗੇ ਕੰਮ ਹੁੰਦੇ ਹਨ ਜਾਂ ਕੁੱਤਿਆਂ ਤੇ ਕਾਵਾਂ ਦੇ ਬਰਾਬਰ ਹਨ। ਸਾਕਤ ਵੇਸਵਾ ਦੇ ਪੁੱਤ ਬਰਾਬਰ ਨਾਮ ਤੋਂ ਬਿਨਾ ਹੈ ਭਾਵ ਕੋਈ ਨਾਮ ਨਹੀਂ ਹੈ, ਜਿੱਕੁਰ ਵੇਸਵਾ ਦੇ ਪੁੱਤ ਦਾ ਪਿਓ ਨਹੀਂ ਹੁੰਦਾ, ਇੱਕੁਰ ਹੀ ਸਾਕਤ ਦਾ ਗੁਰੂ ਨਹੀਂ ਹੈ।

**ਬਿਨੁ ਸਿਮਰਨ ਜੈਸੇ ਸੀਙ ਛਤਾਰਾ ॥ ਬੋਲਹਿ ਕੂਰੁ ਸਾਕਤ ਮੁਖੁ ਕਾਰਾ ॥ ੪ ॥**

ਸਿਮਰਨ ਬਿਨਾ ਜਨਮ ਇੱਕੁਰ ਬਿਅਰਥ ਹੈ। ਜਿਸਤਰਾਂ ਛੱਤ੍ਰੇ ਦੇ ਸਿੰਙ ਹੁੰਦੇ ਹਨ ਭਾਵ ਓਹੁ ਭਿੜਦੇ ਹਨ ਤੇ ਦੁੱਖ ਦੇਂਦੇ ਹਨ, ਹੋਰਨਾਂ ਨੂੰ

Digitized by Panjab Digital Library | www.panjabdigilib.org

ਵੀ ਦੁਖਾਉਂਦੇ ਹਨ, ਆਪ ਵੀ ਦੁੱਖ ਸਹਾਰਦੇ ਹਨ। ਸਾਕਤ ਝੂਠ ਬੋਲਦੇ ਹਨ, ਇਸ ਲਈ ਓਹਨਾਂ ਦਾ ਮੂੰਹ ਕਾਲਾ ਹੁੰਦਾ ਹੈ।

**ਬਿਨੁ ਸਿਮਰਨ ਗਰਧਪ ਕੀ ਨਿਆਈ ॥ ਸਾਕਤ ਥਾਨ ਭਰਿਸਟ ਫਿਰਾਹੀ ॥ ੫ ॥**

ਸਿਮਰਨ ਬਿਨਾ ਆਦਮੀ ਖੋਤੇ ਵਰਗਾ ਹੈ। ਗੰਦਿਆਂ ਥਾਵਾਂ ਵਿੱਚ ਫਿਰਦਾ ਹੈ, ਭਾਵ ਪ੍ਰਮੇਸ਼ਰ ਤੋਂ ਭੁੱਲਿਆ ਫਿਰਦਾ ਹੈ। ਇੱਕੁਰ ਸਾਕਤ ਦਾ ਹਾਲ ਹੈ।

**ਬਿਨੁ ਸਿਮਰਨ ਕੂਕਰ ਹਰਕਾਇਆ ॥ ਸਾਕਤ ਲੋਭੀ ਬੰਧੁ ਨ ਪਾਇਆ ॥ ੬ ॥**

ਆਦਮੀ ਬਿਨਾ ਸਿਮਰਨ ਤੋਂ ਇੱਕੁਰ ਦਾ ਹੈ, ਜਿਸ ਤਰ੍ਹਾਂ ਦਾ ਹਲਕਾਇਆ ਕੁੱਤਾ ਹੁੰਦਾ ਹੈ। ਲੋਭੀ ਸਾਕਤ ਆਦਮੀ ਨੇ ਆਪਣੇ ਆਪ ਨੂੰ ਬੰਧਨਾਂ ਵਿੱਚ ਪਾਇਆ ਹੋਇਆ ਹੈ, ਜਾਂ ਬੰਧਨ ਹੀ ਪਾਇਆ, ਭਾਵ ਸੰਤੋਖ ਨਾਲ ਮਨ ਨੂੰ ਰੋਕਿਆ ਨਹੀਂ ਹੈ।

**ਬਿਨੁ ਸਿਮਰਨ ਹੈ ਆਤਮਘਾਤੀ ॥ ਸਾਕਤ ਨੀਚ ਤਿਸੁ ਕੁਲੁ ਨਹੀ ਜਾਤੀ ॥ ੭ ॥**

ਆਦਮੀ ਬਿਨਾ ਸਿਮਰਨ ਤੋਂ ਆਪਣੇ ਆਪ ਨੂੰ ਹੀ ਮਾਰਨ ਵਾਲਾ ਹੈ। ਉਸ ਸਾਕਤ ਨੀਚ ਆਦਮੀ ਦੀ ਕੋਈ ਚੰਗੀ ਕੁਲ ਜਾਤੀ ਵੀ ਨਹੀਂ ਜਾਣੀ ਹੈ।

**ਜਿਸੁ ਭਇਆ ਕ੍ਰਿਪਾਲੁ ਤਿਸੁ ਸਤ ਸੰਗਿ ਮਿਲਾਇਆ ॥ ਕਹੁ ਨਾਨਕ ਗੁਰਿ ਜਗਤੁ ਤਰਾਇਆ ॥ ੮ ॥ ੭ ॥**

ਜਿਸ ਉਤੇ ਵਾਹਿਗੁਰੂ ਕਿਰਪਾਲੂ ਹੋਇਆ ਹੈ, ਉਸਨੂੰ ਸਤਸੰਗ ਵਿੱਚ ਮਿਲਾਇਆ ਹੈ। ਗੁਰੂ ਜੀ-ਗੁਰਾਂ ਨੇ ਉਸਨੂੰ ਜਗਤ ਉਤੋਂ ਤਰਾ ਲਿਆ ਹੈ।

### ਗਉੜੀ ਮਹਲਾ ੫ ॥

**ਗੁਰਕੈ ਬਚਨਿ ਮੋਹਿ ਪਰਮਗਤਿ ਪਾਈ ॥ ਗੁਰਿ ਪੂਰੈ ਮੇਰੀ ਪੈਜ ਰਖਾਈ ॥ ੧ ॥**

ਗੁਰਾਂ ਦੇ ਬਚਨ ਮੰਨਣ ਨਾਲ ਮੈਂ ਪਰਮ ਗਤੀ = ਮੁਕਤੀ ਪਾਈ ਹੈ। ਪੂਰਿਆਂ ਗੁਰਾਂ ਨੇ ਪ੍ਰਮੇਸ਼ਰ ਪਾਸੋਂ ਮੇਰੀ ਇੱਜ਼ਤ ਰੁਖਵਾਈ ਹੈ।

Digitized by Panjab Digital Library | www.panjabdigilib.org

ਗੁਰਕੈ ਬਚਨਿ ਧਿਆਇਓ ਮੋਹਿ ਨਾਉ ॥ ਗੁਰ ਪਰਸਾਦਿ ਮੋਹਿ ਮਿਲਿਆ ਥਾਉ ॥ ੧ ॥ ਰਹਾਉ ॥

ਮੈਂ ਗੁਰਾਂ ਦੇ ਬਚਨਾਂ ਨਾਲ ਨਾਮ ਨੂੰ ਧਿਆਇਆ ਹੈ। ਗੁਰੂ ਦੀ ਕਿਰਪਾ ਨਾਲ ਮੈਨੂੰ ਚੰਗਾ ਥਾਂ ਸਤਸੰਗ ਮਿਲਿਆ ਹੈ।

ਗੁਰਕੈ ਬਚਨਿ ਸੁਣਿ ਰਸਨਿ ਵਖਾਣੀ ॥ ਗੁਰ ਕਿਰਪਾ ਤੇ ਅੰਮ੍ਰਿਤ ਮੇਰੀ ਬਾਣੀ ॥ ੨ ॥

ਮੈਂ ਗੁਰਾਂਦੇ ਬਚਨ ਸੁਣਕੇ ਜੀਭ ਨਾਲ ਬੋਲਦਾਹਾਂ। ਗੁਰਾਂਦੀ ਕਿਰਪਾ ਨਾਲ ਮੇਰੀ ਅੰਮ੍ਰਿਤ ਵਰਗੀ ਮਿੱਠੀ ਬਾਣੀ ਹੈ।

ਗੁਰਕੈ ਬਚਨਿ ਮਿਟਿਆ ਮੇਰਾ ਆਪੁ ॥ ਗੁਰ ਕੀ ਦਇਆ ਤੇ ਮੇਰਾ ਵਡ ਪਰਤਾਪੁ ॥ ੩ ॥

ਗੁਰਾਂ ਦੇ ਬਚਨਾਂ ਨਾਲ ਮੇਰਾ ਹੰਕਾਰ ਦੂਰ ਹੋਇਆ ਹੈ। ਗੁਰਾਂ ਦੀ ਕਿਰਪਾ ਨਾਲ ਮੇਰਾ ਵੱਡਾ ਪ੍ਰਤਾਪ ਹੋਇਆ ਹੈ।

ਗੁਰਕੈ ਬਚਨਿ ਮਿਟਿਆ ਮੇਰਾ ਭਰਮੁ ॥ ਗੁਰਕੈ ਬਚਨਿ ਪੇਖਿਓ ਸਭੁ ਬ੍ਰਹਮੁ ॥ ੪ ॥

ਗੁਰਾਂ ਦੇ ਬਚਨਾਂ ਨਾਲ ਮੇਰਾ ਭਰਮ ਦੂਰ ਹੋ ਗਿਆ ਹੈ, ਗੁਰਾਂ ਦੇ ਬਚਨਾਂ ਨਾਲ ਮੈਂ ਸਭ ਥਾਵਾਂ ਵਿੱਚ ਵਾਹਿਗੁਰੂ ਵੇਖਿਆ ਹੈ।

ਗੁਰਕੈ ਬਚਨਿ ਕੀਨੋ ਰਾਜੁ ਜੋਗੁ ॥ ਗੁਰਕੈ ਸੰਗਿ ਤਰਿਆ ਸਭੁ ਲੋਗੁ ॥ ੫ ॥

ਗੁਰਾਂ ਦੇ ਬਚਨਾਂ ਨਾਲ ਮੈਂ ਘਰ ਵਿੱਚ ਹੀ ਰਾਜ ਕਰਦਿਆਂ ਹੋਇਆਂ ਪ੍ਰਮੇਸ਼ਰ ਦੇ ਭਜਨ ਪ੍ਰੇਮ ਦਾ ਅਨੰਦ ਲਿਆ ਹੈ। ਗੁਰਾਂ ਦਾ ਸੰਗ ਕਰਨ ਨਾਲ ਸਾਰੇ ਲੋਕੀ, ਜਾਂ ਸਾਰਾ ਜਗਤ ਤਰ ਗਿਆ ਹੈ, ਜਾਂ ਮੈਂ ਸਾਰੇ ਜਗਤ ਤੋਂ ਤਰ ਗਿਆ ਹਾਂ।

ਗੁਰਕੈ ਬਚਨਿ ਮੇਰੇ ਕਾਰਜ ਸਿਧਿ ॥ ਗੁਰਕੈ ਬਚਨਿ ਪਾਇਆ ਨਉਨਿਧਿ ॥ ੬ ॥

ਗੁਰਾਂ ਦੇ ਬਚਨ ਨਾਲ ਮੇਰੇ ਸਾਰੇ ਕੰਮ ਸੌਰ ਗਏ ਹਨ। ਗੁਰਾਂ ਦੇ ਬਚਨ ਨਾਲ ਮੈਂ ਨੌ ਨਿਧ ਰੂਪ ਪ੍ਰਮੇਸ਼ਰ ਨੂੰ ਲੱਭ ਲਿਆ ਹੈ।

Digitized by Panjab Digital Library | www.panjabdigilib.org

ਜਿਨਿ ਜਿਨਿ ਕੀਨੀ ਮੇਰੇ ਗੁਰ ਕੀ ਆਸਾ ॥ ਤਿਸਕੀ ਕਟੀਐ ਜਮ ਕੀ ਫਾਸਾ ॥ ੭ ॥

ਜਿਨ੍ਹਾਂ ੨ ਆਦਮੀਆਂ ਨੇ ਮੇਰੀ ਗੁਰੂ ਦੀ ਆਸਾ ਕੀਤੀ ਹੈ। ਓਹਨਾਂ ਸਾਰਿਆਂ ਦੀ ਜਮ ਦੀ ਫਾਹੀ ਕੱਟੀ ਜਾਵੇਗੀ।

ਗੁਰਕੈ ਬਚਨਿ ਜਾਗਿਆ ਮੇਰਾ ਕਰਮੁ ॥ ਨਾਨਕ ਗੁਰੁ ਭੇਟਿਆ ਪਾਰਬ੍ਰਹਮੁ ॥ ੮ ॥ ੮ ॥

ਜਦੋਂ ਗੁਰਾਂ ਦੇ ਬਚਨਾਂ ਨਾਲ ਮੇਰਾ ਕਰਮ ਜਾਗਿਆ। ਤਦੋਂ ਗੁਰਾਂ ਦੀ ਕਿਰਪਾ ਨਾਲ ਪ੍ਰਮੇਸ਼ਰ ਮਿਲ ਪਿਆ।

ਗਉੜੀ ਮਹਲਾ ੫ ॥

ਤਿਸੁ ਗੁਰ ਕਉ ਸਿਮਰਉ ਸਾਸਿ ਸਾਸਿ ॥ ਗੁਰੁ ਮੇਰੇ ਪ੍ਰਾਣ ਸਤਿਗੁਰੁ ਮੇਰੀ ਰਾਸਿ ॥ ੧ ॥ ਰਹਾਉ ॥

ਉਸ ਗੁਰੂ ਨੂੰ ਮੈਂ ਸਾਸ ਸਾਸ ਯਾਦ ਕਰਦਾ ਹਾਂ। ਗੁਰੂ ਹੀ ਮੇਰੇ ਪ੍ਰਾਣ ਹਨ, ਗੁਰੂ ਹੀ ਮੇਰੇ ਰਾਸ ਪੂੰਜੀ ਹਨ।

ਗੁਰਕਾ ਦਰਸਨੁ ਦੇਖਿ ਦੇਖਿ ਜੀਵਾ ॥ ਗੁਰਕੇ ਚਰਣ ਧੋਇ ਧੋਇ ਪੀਵਾ ॥ ੧ ॥

ਮੈਂ ਗੁਰਾਂ ਦਾ ਦਰਸ਼ਨ ਵੇਖ ਵੇਖਕੇ ਜੀਊਂਦਾ ਹਾਂ। ਗੁਰਾਂ ਦੇ ਚਰਨ ਧੋ ਧੋਕੇ ਪੀਂਦਾ ਹਾਂ।

ਗੁਰ ਕੀ ਰੇਣੁ ਨਿਤ ਮਜਨੁ ਕਰਉ ॥ ਜਨਮ ਜਨਮ ਕੀ ਹਉਮੈ ਮਲੁ ਹਰਉ ॥ ੨ ॥

ਗੁਰਾਂ ਦੀ ਚਰਨ ਧੂੜ ਵਿੱਚ ਰੋਜ਼ ਇਸ਼ਨਾਨ ਕਰਦਾ ਹਾਂ। ਜਨਮ ੨ ਦੀ ਹੰਕਾਰ ਰੂਪ ਮੈਲ ਹਰਦਾ ਹਾਂ।

ਤਿਸੁ ਗੁਰ ਕਉ ਝੂਲਾਵਉ ਪਾਖਾ ॥ ਮਹਾ ਅਗਨਿ ਤੇ ਹਾਥ ਦੇ ਰਾਖਾ ॥ ੩ ॥

ਮੈਂ ਉਸ ਗੁਰੂ ਨੂੰ ਪੱਖਾ ਝੁਲਾਉਂਦਾ ਹਾਂ। ਜਿਸ ਨੇ ਮਾਇਆ ਰੂਪ ਵੱਡੀ ਬਲਦੀ ਤੇਜ ਵਾਲੀ, ਜਾਂ ਮਾਂ ਦੇ ਪੇਟ ਵਾਲੀ ਅੱਗ ਤੋਂ ਹੱਥ ਦੇਕੇ ਰੱਖਿਆ ਕੀਤੀ ਹੈ।

Digitized by Panjab Digital Library | www.panjabdigilib.org

**ਤਿਸੁ ਗੁਰ ਕੈ ਗ੍ਰਿਹ ਢੋਵਉ ਪਾਣੀ ॥ ਜਿਸੁ ਗੁਰ ਤੇ ਅਕਲ ਗਤਿ ਜਾਣੀ ॥ ੪ ॥**

ਮੈਂ ਉਸ ਗੁਰੂ ਦੇ ਘਰ ਵਿੱਚ ਪਾਣੀ ਢੋਂਦਾ ਹਾਂ। ਜਿਸ ਗੁਰੂ ਦੀ ਕਿਰਪਾ ਨਾਲ ਕਲਪਣਾ ਤੋਂ ਰਹਿਤ ਪ੍ਰਮੇਸ਼ਰ ਦੀ ਗਤੀ = ਪ੍ਰਾਪਤੀ ਜਾਣੀ ਜਾਂਦੀ ਹੈ।

**ਤਿਸੁ ਗੁਰ ਕੈ ਗ੍ਰਿਹਿ ਪੀਸਉ ਨੀਤ ॥ ਜਿਸੁ ਪ੍ਰਸਾਦਿ ਵੈਰੀ ਸਭ ਮੀਤ ॥ ੫ ॥**

ਉਸ ਗੁਰੂ ਦੇ ਘਰ ਦਾ ਮੈਂ ਰੋਜ਼ ਆਟਾ ਪੀਂਹਦਾ ਹਾਂ। ਜਿਸ ਦੀ ਕਿਰਪਾ ਨਾਲ ਸਾਰੇ ਵੈਰੀ ਮਿੱਤ੍ਰ ਹੋ ਗਏ ਹਨ।

**ਜਿਨਿ ਗੁਰਿ ਮੋਕਉ ਦੀਨਾ ਜੀਉ ॥ ਅਪੁਨਾ ਦਾਸਰਾ ਆਪੇ ਮੁਲਿ ਲੀਉ ॥ ੬ ॥**

ਜਿਸ ਗੁਰੂ ਨੇ ਮੈਨੂੰ ਜੀਅ ਦਾਨ ਦਿੱਤਾ ਹੈ, ਭਾਵ ਮਰਦੇ ਨੂੰ ਜਿਵਾਇਆ ਹੈ। ਮੈਨੂੰ ਆਪਣੇ ਦਾਸ ਨੂੰ ਆਪ ਹੀ ਮੁਲ ਲੈ ਲਿਆ, ਭਾਵ ਸੇਵਾ ਵਿੱਚ ਲਾ ਲਿਆ ਹੈ।

**ਆਪੇ ਲਾਇਓ ਅਪਨਾ ਪਿਆਰੁ ॥ ਸਦਾ ਸਦਾ ਤਿਸੁ ਗੁਰ ਕਉ ਕਰੀ ਨਮਸਕਾਰੁ ॥ ੭ ॥**

ਆਪੇ ਹੀ ਕਿਰਪਾ ਕਰਕੇ ਆਪਣਾ ਪਿਆਰ ਲਾਇਆ ਹੈ। ਮੈਂ ਉਸ ਗੁਰੂ ਨੂੰ ਸਦਾ ੨ ਨਮਸਕਾਰ ਕਰਦਾ ਹਾਂ।

**ਕਲਿ ਕਲੇਸ ਭੈ ਭ੍ਰਮ ਦੁਖ ਲਾਥਾ ॥ ਕਹੁ ਨਾਨਕ ਮੇਰਾ ਗੁਰੁ ਸਮਰਾਥਾ ॥ ੮ ॥ ੯ ॥**

ਕਲ = ਕਲਪਣਾ ਕਲੇਸ਼ = ਅਵਿਦਾਜਾ ੧ ਅਸਮਤਾ ੨ ਰਾਗ ੩ ਦ੍ਵੈਖ ੪ ਅਭਿਨਿਵੇਸ ੫ ਪੰਜ ਤਰ੍ਹਾਂ ਦਾ ਕਲੇਸ਼ ਤੇ ਭਰਮ ਤੇ ਦੁਖ ਲੱਥ ਗਿਆ ਹੈ ਤੇ ਡਰ ਵੀ ਦੂਰ ਹੋ ਗਿਆ ਹੈ। ਗੁਰੂ ਜੋ-ਪਿਛੇ ਦੱਸਿਆਂ ਸਾਰਿਆਂ ਦੁੱਖਾਂ ਤੋਂ ਰੱਖਣ ਨੂੰ ਮੇਰਾ ਗੁਰੂ ਹੀ ਤਕੜਾ ਹੈ।

## ਗਉੜੀ ਮਹਲਾ ੫ ॥

**ਮਿਲੁ ਮੇਰੇ ਗੋਬਿੰਦ ਅਪਨਾ ਨਾਮੁ ਦੇਹੁ ॥ ਨਾਮੁ ਬਿਨਾ ਧ੍ਰਿਗੁ ਧ੍ਰਿਗੁ ਅਸਨੇਹੁ ॥ ੧ ॥ ਰਹਾਉ ॥**

Digitized by Panjab Digital Library | www.panjabdigilib.org

ਹੇ ਮੇਰੇ ਪ੍ਰਮੇਸ਼ਰਾ! ਮੈਨੂੰ ਮਿਲ ਤੇ ਮੈਨੂੰ ਆਪਣਾ ਨਾਮ ਦੇਹ। ਨਾਮ ਤੋਂ ਬਿਨਾ ਜਿਤਨੇ ਵੀ ਦੁਨੀਆਂ ਦੇ ਇੱਕੁਰ ਜਿੱਕੁਰ ਦੇ ਪਿਆਰ ਹਨ, ਸਾਰਿਆਂ ਨੂੰ ਹੀ ਧਿਰਕਾਰ ਧਿਰਕਾਰ ਹੈ, ਭਾਵ ਹੋਰਨਾਂ ਵਿੱਚ ਪ੍ਰੇਮ ਕਰਨ ਨੂੰ ਧਿਰਕਾਰ ਹੈ, ਦੁਨੀਆਂ ਵਿੱਚ ਧਿਰਕਾਰ ਹੁੰਦੀ ਹੈ।

**ਨਾਮ ਬਿਨਾ ਜੋ ਪਹਿਰੈ ਖਾਇ ॥ ਜਿਉ ਕੂਕਰੁ ਜੂਠਨ ਮਹਿ ਪਾਇ ॥ ੧ ॥**

ਨਾਮ ਤੋਂ ਬਿਨਾ ਜੋ ਕੁਛ ਆਦਮੀ ਪਹਿਨਦਾ ਖਾਂਦਾ ਹੈ, ਓਹ ਇਸ ਤਰ੍ਹਾਂ ਦਾ ਹੈ, ਜਿਸ ਤਰ੍ਹਾਂ ਦਾ ਕੁਤਾ ਜੂਠਨ = ਰਸੋਈ ਵਿੱਚ ਪੈ ਜਾਵੇ ਤੇ ਤਾਂ ਸਭ ਕੁਛ ਅਪਵਿੱਤ੍ਰ ਕਰ ਦੇਂਦਾ ਹੈ, ਜਾਂ ਕੁੱਤੇ ਦੇ ਜੂਠਨ = ਪਾਣੀ ਪੀਣ ਵਾਲੇ ਭਾਂਡੇ ਵਿੱਚ ਕੋਈ ਚੀਜ਼ ਪੈ ਜਾਵੇ ਤੇ ਤਾਂ ਖਰਾਬ ਹੁੰਦੀ ਹੈ, ਇੱਕੁਰ ਹੀ ਮਨਮੁਖ ਦੇ ਨਾਲ ਛੋਹਕੇ ਹੀ ਸਾਰੇ ਪਦਾਰਥ ਖਰਾਬ ਹੋ ਜਾਂਦੇ ਹਨ।

**ਨਾਮ ਬਿਨਾ ਜੇਤਾ ਬਿਉਹਾਰੁ ॥ ਜਿਉ ਮਿਰਤਕ ਮਿਥਿਆ ਸੀਗਾਰੁ ॥ ੨ ॥**

ਨਾਮ ਤੋਂ ਬਿਨਾ ਜਿਤਨਾ ਕੁਛ ਵਿਹਾਰ ਹੈ, ਓਹ ਇਸ ਤਰ੍ਹਾਂ ਦਾ ਹੈ, ਜਿਸ ਤਰ੍ਹਾਂ ਦਾ ਮੁਰਦੇ ਆਦਮੀ ਨੂੰ ਸ਼ਿੰਗਾਰ ਕਰਨਾ ਬਿਅਰਥ ਹੈ।

**ਨਾਮੁ ਬਿਸਾਰਿ ਕਰੇ ਰਸ ਭੋਗ ॥ ਸੁਖੁ ਸੁਪਨੈ ਨਹੀ ਤਨ ਮਹਿ ਰੋਗੁ ॥ ੩ ॥**

ਜੇਹੜਾ ਨਾਮ ਵਿਸਾਰਕੇ ਚੰਗੇ ੨ ਸੁਆਦਾਂ ਨੂੰ ਲੈਂਦਾ ਤੇ ਭੋਗ ਕਰਦਾ ਹੈ। ਉਸਨੂੰ ਸੁਖ ਸੁਫਨੇ ਵਿੱਚ ਵੀ ਨਹੀਂ ਹੈ, ਉਸਦੇ ਸਰੀਰ ਵਿੱਚ ਰੋਗ ਪੈਦਾ ਹੁੰਦੇ ਹਨ।

**ਨਾਮ ਤਿਆਗਿ ਕਰੇ ਅਨ ਕਾਜ ॥ ਬਿਨਸਿ ਜਾਇ ਝੂਠੇ ਸਭਿ ਪਾਜ ॥ ੪ ॥**

ਜੇਹੜਾ ਨਾਮਨੂੰ ਛੱਡਕੇ ਹੋਰ ਕੰਮ ਕਰਦਾ ਹੈ, ਓਹ ਸਾਰੇ ਹੀ ਕੰਮ ਉਸ ਦੇ ਝੂਠਿਆਂ ਪਖੰਡਾਂ ਬਰਾਬਰ ਨਾਸ਼ ਹੋ ਜਾਣਗੇ।

**ਨਾਮ ਸੰਗਿ ਮਨਿ ਪ੍ਰੀਤਿ ਨ ਲਾਵੈ ॥ ਕੋਟਿ ਕਰਮ ਕਰਤੋ ਨਰਕਿ ਜਾਵੈ ॥ ੫ ॥**

ਜੇਹੜਾ ਮਨ ਦੀ ਪ੍ਰੀਤੀ ਨਾਮ ਨਾਲ ਨਹੀਂ ਲਾਉਂਦਾ ਹੈ, ਓਹ

Digitized by Panjab Digital Library | www.panjabdigilib.org

ਕਰੋੜਾਂ ਕਰਮ ਕਰਦਾ ਹੋਇਆ ਵੀ ਨਰਕ ਵਿੱਚ ਜਾਂਦਾ ਹੈ।

**ਹਰਿ ਕਾ ਨਾਮੁ ਜਿਨਿ ਮਨਿ ਨ ਅਰਾਧਾ ॥ ਚੋਰ ਕੀ ਨਿਆਈ ਜਮਪੁਰਿ ਬਾਧਾ ॥ ੬ ॥**

ਜਿਸਨੇ ਹਰੀ ਦਾ ਨਾਮ ਮਨ ਵਿੱਚ ਨਹੀਂ ਅਰਾਧਿਆ ਹੈ, ਓਹ ਆਦਮੀ ਜਮ ਦੀ ਪੁਰੀ ਨੂੰ ਚੋਰ ਵਾਂਗ ਬੱਧਾ ਹੋਇਆ ਜਾਵੇਗਾ।

**ਲਾਖ ਅਡੰਬਰ ਬਹੁਤੁ ਬਿਸਥਾਰਾ ॥ ਨਾਮ ਬਿਨਾ ਝੂਠੇ ਪਾਸਾਰਾ ॥ ੭ ॥**

ਬਹੁਤ ਫੈਲਾਓ ਨਾਲ ਲੱਖਾਂ ਹੀ ਜੱਗ ਆਦਿਕ ਕਰਮਾਂ ਦਾ ਜੇਹੜਾ ਅਡੰਬਰ = ਅਰੰਭ ਕਰਦਾ ਹੈ, ਭਾਵ ਪਖੰਡ ਵਿਖਾਉਂਦਾ ਹੈ, ਓਹ ਸਾਰੇ ਪਸਾਰੇ ਨਾਮ ਤੋਂ ਬਿਨਾ ਝੂਠੇ ਹਨ।

**ਹਰਿ ਕਾ ਨਾਮੁ ਸੋਈ ਜਨੁ ਲੇਇ ॥ ਕਰਿ ਕਿਰਪਾ ਨਾਨਕ ਜਿਸੁ ਦੇਇ ॥ ੮ ॥ ੧੦ ॥**

ਹਰੀ ਦਾ ਨਾਮ ਓਹੋ ਹੀ ਆਦਮੀ ਲੈਂਦਾ ਹੈ। ਗੁਰੂ ਜੀ—ਜਿਸ ਨੂੰ ਆਪ ਪ੍ਰਮੇਸ਼ਰ ਕਿਰਪਾ ਕਰਕੇ ਦੇਂਦਾ ਹੈ।

## ਗਉੜੀ ਮਹਲਾ ੫ ॥

**ਆਦਿ ਮਧਿ ਜੋ ਅੰਤਿ ਨਿਬਾਹੈ ॥ ਸੋ ਸਾਜਨੁ ਮੇਰਾ ਮਨੁ ਚਾਹੈ ॥ ੧ ॥**

ਜਿਸ ਨੇ ਪਹਿਲੇ ਮਾਂ ਦੇ ਪੇਟ ਵਿੱਚ ਰੱਖਿਆ ਕੀਤੀ ਹੈ, ਜੇਹੜਾ ਹੁਣ ਸਦਾ ਰੱਖਿਆ ਕਰਦਾ ਹੈ ਤੇ ਜੇਹੜਾ ਅੰਤ ਨੂੰ ਪ੍ਰਲੋਕ ਵਿੱਚ ਤੋੜ ਨਿਬਾਹ-ਵੇਗਾ ਭਾਵ ਸੁਖ ਦੇਵੇਗਾ। ਓਹ ਮੇਰਾ ਸੱਜਣ ਪ੍ਰਮੇਸ਼ਰ ਹੈ, ਉਸ ਨੂੰ ਹੀ ਮੇਰਾ ਮਨ ਚਾਹੁੰਦਾ ਹੈ।

**ਹਰਿ ਕੀ ਪ੍ਰੀਤਿ ਸਦਾ ਸੰਗਿ ਚਾਲੈ ॥ ਦਇਆਲ ਪੁਰਖ ਪੂਰਨ ਪ੍ਰਤਿਪਾਲੈ ॥ ੧ ਰਹਾਉ ॥**

ਹਰੀ ਦੀ ਪ੍ਰੀਤੀ ਸਦਾ ਨਾਲ ਚੱਲਦੀ ਹੈ, ਜੇਹੜਾ ਦਿਆਲੂ ਸਾਰਿਆਂ ਵਿੱਚ ਪੂਰਨ ਹੈ, ਓਹ ਸਾਰਿਆਂ ਦੀ ਪਾਲਨਾ ਕਰਦਾ ਹੈ।

**ਬਿਨਸਤ ਨਾਹੀ ਛੋਡਿ ਨ ਜਾਇ ॥ ਜਹ ਪੇਖਾ ਤਹ ਰਹਿਆ ਸਮਾਇ ॥ ੨ ॥**

ਨਾਸ ਨਹੀਂ ਹੁੰਦਾ ਹੈ ਤੇ ਨਾ ਹੀ ਛੱਡਕੇ ਕਿਤੇ ਹੋਰਥੇ ਜਾਂਦਾ ਹੈ। ਮੈਂ

Digitized by Panjab Digital Library | www.panjabdigilib.org

ਜਿੱਥੇ ਵੇਖਦਾ ਹਾਂ, ਓਥੇ ਹੀ ਮਿਲਿਆ ਹੋਇਆ ਨਜ਼ਰ ਆਉਂਦਾ ਹੈ।

**ਸੁੰਦਰੁ ਸੁਘੜੁ ਚਤੁਰੁ ਜੀਅ ਦਾਤਾ ॥ ਭਾਈ ਪੂਤੁ ਪਿਤਾ ਪ੍ਰਭੁ ਮਾਤਾ ॥ ੩ ॥**

ਸੁੰਦਰ ਹੈ, ਸਿਆਣਾ ਹੈ, ਚੰਗੀ ਘਾੜਤ ਦਾ ਘੜਿਆ ਹੋਇਆ ਹੈ ਜਾਂ ਸਿਆਣਿਆਂ ਤੋਂ ਸਿਆਣਾ ਹੈ ਜਾਂ ਸੁਘੜ = ਭਾਵ ਜਗਤ ਜੀਵਾਂ ਦੇ ਸਾਰੇ ਅੰਗ ਇੱਕੋ ਜਹੇ ਹੁੰਦਿਆਂ ਵੀ ਸਾਰੇ ਆਦਮੀ ਇੱਕ ਦੂਸਰੇ ਨਾਲ ਨਹੀਂ ਰਲਦੇ ਹਨ, ਇੱਕੁਰ ਦੀ ਚੰਗੀ ਘਾੜਤ ਘੜਨ ਵਾਲਾ ਹੈ ਅਤੇ ਸਾਰਿਆਂ ਜੀਵਾਂ ਦਾ ਦਾਤਾ ਹੈ। ਓਹੋ ਹੀ ਮਾਲਕ ਭਰਾ ਪੁੱਤ ਪਿਓ ਮਾਂ ਵਰਗਾ ਹੈ।

**ਜੀਵਨ ਪ੍ਰਾਨ ਅਧਾਰ ਮੇਰੀ ਰਾਸਿ ॥ ਪ੍ਰੀਤਿ ਲਾਈ ਕਰਿ ਰਿਦੈ ਨਿਵਾਸਿ ॥ ੪ ॥**

ਜੀਵਾਉਣ ਵਾਲਾ ਹੈ, ਪ੍ਰਾਣਾਂ ਦਾ ਆਸਰਾ ਹੈ ਅਤੇ ਓਹੋ ਵਾਹਿਗੁਰੂ ਹੀ ਮੇਰੀ ਰਾਸ ਹੈ। ਜਿਸ ਵਿੱਚ ਮੈਂ ਪ੍ਰੀਤੀ ਲਾਈ ਹੈ,ਓਹ ਸਾਖੀ ਹੋਕੇ ਸਾਰਿਆਂ ਰਿਦਿਆਂ ਵਿੱਚ ਵੱਸਿਆ ਹੋਇਆ ਹੈ।

**ਮਾਇਆ ਸਿਲਕ ਕਾਟੀ ਗੋਪਾਲਿ ॥ ਕਰਿ ਅਪੁਨਾ ਲੀਨੋ ਨਦਰਿ ਨਿਹਾਲਿ ॥ ੫ ॥**

ਗੁਪਾਲ ਨੇ ਸਾਡੀ ਮਾਇਆ ਰੂਪ ਫਾਹੀ ਕੱਟੀ ਹੈ। ਮਾਇਆ ਕਰਕੇ ਸਾਨੂੰ ਆਪਣਾ ਦਾਸ ਬਣਾ ਲਿਆ ਹੈ,ਇਸ ਲਈ ਮੈਂ ਨਿਹਾਲ ਹੋਗਿਆ ਹਾਂ।

**ਸਿਮਰਿ ਸਿਮਰਿ ਕਾਟੇ ਸਭਿ ਰੋਗ॥ ਚਰਣ ਧਿਆਨ ਸਰਬ ਸੁਖ ਭੋਗ ॥ ੬ ॥**

ਮਨ ਬਾਣੀ ਕਰਕੇ ਪ੍ਰਮੇਸ਼ਰ ਨੂੰ ਯਾਦ ਕਰਕੇ ਸਾਰੇ ਰੋਗ ਕੱਟ ਦਿੱਤੇ ਹਨ। ਚਰਨ ਕਮਲਾਂ ਦਾ ਧਿਆਨ ਕਰਦੇ ਹੋਏ ਹਰ ਤਰ੍ਹਾਂ ਦੇ ਸੁਖਾਂ ਨੂੰ ਭੋਗਦੇ ਹਾਂ।

**ਪੂਰਨ ਪੁਰਖੁ ਨਵਤਨੁ ਨਿਤ ਬਾਲਾ॥ ਹਰਿ ਅੰਤਰਿ ਬਾਹਰਿ ਸੰਗਿ ਰਖਵਾਲਾ ॥ ੭॥**

ਜੇਹੜਾ ਪੂਰਨ ਅਕਾਲ ਪੁਰਖ ਰੋਜ਼ ਨਵਾਂ ਰਹਿਣ ਵਾਲਾ ਤੇ ਸਾਰਿਆਂ ਤੋਂ ਵੱਡਾ ਹੈ। ਓਹੋ ਹੀ ਪ੍ਰਮੇਸ਼ਰ ਅੰਦਰ ਬਾਹਰ ਸਾਰਿਆਂ ਥਾਵਾਂ ਵਿੱਚ ਨਾਲ ਹੋਕੇ ਰੱਖਿਆ ਕਰਨ ਵਾਲਾ ਹੈ।

**ਕਹੁ ਨਾਨਕ ਹਰਿ ਹਰਿ ਪਦੁ ਚੀਨ੍ ॥ ਸਰਬ**

Digitized by Panjab Digital Library | www.panjabdigilib.org

ਸੁਨਾਮੁ ਭਗਤ ਕਉ ਦੀਨ ॥ ੮ ॥ ੧੧ ॥

ਪਦ = ਉਚਾ ਮੁਰਾਤਬਾ, ਪ੍ਰਮੇਸ਼ਰ।

ਗੁਰੂ ਜੀ ਅਸੀਂ ਤਾਂ ਸਾਰਿਆਂ ਨੂੰ ਹਰਿਆਂ ਕਰਨ ਵਾਲੇ ਸਾਰਿਆਂ ਦੁੱਖਾਂ ਦੇ ਹਰਨ ਵਾਲੇ ਪ੍ਰਮੇਸ਼ਰ ਨੂੰ ਜਾਣਿਆ ਹੈ। ਜਿਸਨੇ ਸਰਬੰਸ ਰੂਪ ਨਾਮ ਆਪਣਿਆਂ ਭਗਤਾਂ ਨੂੰ ਦਿੱਤਾ ਹੈ, ਭਾਵ ਨਾਮ ਤੋਂ ਸਾਰੀਆਂ ਚੀਜ਼ਾਂ ਥੱਲੇ ਹਨ, ਨਾਮ ਅੰਦਰ ਸਾਰਿਆਂ ਵਸਤੂਆਂ ਆ ਜਾਂਦੀਆਂ ਹਨ।

## ਰਾਗੁ ਗਉੜੀ ਮਹਲਾ ੫

ੴ ਸਤਿਗੁਰਪ੍ਰਸਾਦਿ ॥ ਖੋਜਤ ਫਿਰੇ ਅਸੰਖ ਅੰਤੁ ਨ ਪਾਰੀਆ ॥ ਸੇਈ ਹੋਏ ਭਗਤ ਜਿਨਾ ਕਿਰਪਾਰੀਆ ॥ ੧ ॥

ਪ੍ਰਮੇਸ਼ਰ ਨੂੰ ਅਣਗਿਣਤ ਹੀ ਆਦਮੀ ਲੱਭਦੇ ਫਿਰਦੇ ਹਨ, ਪਰ ਅੰਤ ਕਿਸੇ ਨੇ ਨਹੀਂ ਪਾਇਆ ਹੈ। ਓਹ ਆਦਮੀ ਪ੍ਰਮੇਸ਼ਰ ਦੇ ਭਗਤ ਹੋਏ ਹਨ, ਜਿਨ੍ਹਾਂ ਦੇ ਉਤੇ ਪ੍ਰਮੇਸ਼ਰ ਦੀ ਕਿਰਪਾ ਹੋਈ ਹੈ।

ਹਉ ਵਾਰੀਆ ਹਰਿ ਵਾਰੀਆ ॥ ੧ ॥ ਰਹਾਉ ॥

ਹੇ ਭਰਾ! ਮੈਂ ਸੰਤਾਂ ਦੇ ਉੱਤੋਂ ਦੀ ਬਲਹਾਰ ਜਾਂਦਾ ਹਾਂ। ਅਤੇ ਪ੍ਰਮੇਸ਼ਰ ਦੇ ਉਤੋਂ ਦੀ ਵੀ ਬਲਿਹਾਰ ੨ ਜਾਂਦਾ ਹੈ।

ਸੁਣਿ ਸੁਣਿ ਪੰਥੁ ਡਰਾਉ ਬਹੁਤੁ ਭੈ ਹਾਰੀਆ ॥ ਮੈ ਤਕੀ ਓਟ ਸੰਤਾਹ ਲੇਹੁ ਉਬਾਰੀਆ ॥ ੨ ॥

ਜੇਹੜਾ ਜਮ ਦਾ ਰਸਤਾ ਬਹੁਤ ਹੀ ਡਰਾਉਣ ਵਾਲਾ ਹੈ, ਉਸਨੂੰ ਸੁਣ ਸੁਣ ਕੇ ਮੈਂ ਬਹੁਤ ਹੀ ਡਰਦਾ ਹਾਂ। ਇਸ ਲਈ ਮੈਂ ਸੰਤਾਂ ਦੀ ਸਰਣ ਤੱਕੀ ਹੈ। ਸੋ ਹੇ ਸੰਤੋ! ਕਿਰਪਾ ਕਰਕੇ ਉਸ ਜਮ ਦੇ ਰਸਤੇ ਤੋਂ ਮੈਨੂੰ ਬਚਾ ਲਵੋ।

ਮੋਹਨ ਲਾਲ ਅਨੂਪ ਸਰਬ ਸਾਧਾਰੀਆ ॥ ਗੁਰ ਨਿਵਿ ਨਿਵਿ ਲਾਗਉ ਪਾਇ ਦੇਹੁ ਦਿਖਾਰੀਆ ॥ ੩ ॥

ਜੇਹੜਾ ਮੋਹਨ ਲਾਲ ਸੁੰਦਰ ਸਾਰਿਆਂ ਦਾ ਆਸਰਾ ਹੈ।

ਹੇ ਗੁਰੂ ਜੀ! ਮੈਂ ਨਿਓਂ ਨਿਓਂ ਕੇ ਆਪਦੀ ਚਰਨੀ ਲੱਗਦਾ ਹਾਂ, ਜੋ ਮੈਨੂੰ ਕਿਰਪਾ ਕਰਕੇ ਉਸ ਪ੍ਰਮੇਸ਼ਰ ਨੂੰ ਵਿਖਾ ਦਿਓ।

ਮੈ ਕੀਏ ਮਿਤ੍ਰ ਅਨੇਕ ਇਕ ਸੁ ਬਲਿਹਾਰੀਆ ॥ ਸਭ ਗੁਣ ਕਿਸ ਹੀ ਨਾਹਿ ਹਰਿ ਪੂਰ ਭੰਡਾਰੀਆ ॥ ੪ ॥

ਮੈਂ ਅਨੇਕਾਂ ਦੇਵੀ ਦੇਵਤੇ ਆਪਣੇ ਮਿਤ੍ਰ ਬਣਾਏ ਹਨ ਭਾਵ ਪ੍ਰੀਤੀ

Digitized by Panjab Digital Library | www.panjabdigilib.org

ਕੀਤੀ ਹੈ,ਪਰ ਮੇਰੀ ਸਹੈਤਾ ਕਿਸੇ ਨੇ ਨਹੀਂ ਕੀਤੀ ਹੈ। ਇਸ ਲਈ ਹੁਣ ਮੈਂ ਇੱਕ ਪ੍ਰਮੇਸ਼ਰ ਤੋਂ ਬਲਹਾਰ ਜਾਂਦਾ ਹਾਂ। (ਕਿਸ ਲਈ ਇੱਕ ਤੋਂ ਬਲਹਾਰ ਜਾਂਦਾ ਹੈਂ ?)ਸਾਰੇ ਗੁਣ ਹੋਰ ਕਿਸੇ ਦੇ ਵਿੱਚ ਨਹੀਂ ਹਨ, ਇੱਕ ਪ੍ਰਮੇਸ਼ਰ ਹੀ ਸਾਰਿਆਂ ਗੁਣਾਂ ਦਾ ਖ਼ਜ਼ਾਨਾ ਹੈ।

**ਚਹੁ ਦਿਸਿ ਜਪੀਐ ਨਾਉ ਸੂਖ ਸਵਾਰੀਆ ॥ ਮੈ ਆਹੀ ਓੜਿ ਤੁਹਾਰਿ ਨਾਨਕ ਬਲਿਹਾਰੀਆ ॥ ੫ ॥**

ਇੱਕੁਰ ਦਾ ਪ੍ਰਮੇਸ਼ਰ ਦਾ ਨਾਮ ਚਹੁੰਆਂ ਪਾਸਿਆਂ ਵਲ ਆਪ ਦੀ ਕ੍ਰਿਪਾ ਨਾਲ ਜਪੀਦਾ ਹੈ, ਓਹ ਸੁਖਾਂ ਦੇ ਦੇਣ ਵਾਲਾ ਹੈ ਅਤੇ ਸਾਰਿਆਂ ਆਦਮੀਆਂ ਦੇ ਸਵਾਰਨ ਵਾਲਾ ਭਾਵ ਬਣਾਉਣ ਵਾਲਾ ਹੈ। ਗੁਰੂ ਜੀ—ਇਸ ਲਈ ਮੈਂ ਆਪ ਦੀ ਓਟ ਆਹੀ = ਚਾਹੀ ਅਤੇ ਬਲਿਹਾਰ ਜਾਂਦਾ ਹਾਂ।

**ਗੁਰ ਕਾਢਿਓ ਭੁਜਾ ਪਸਾਰਿ ਮੋਹ ਕੂਪਾਰੀਆ ॥ ਮੈ ਜੀਤਿਓ ਜਨਮੁ ਅਪਾਰੁ ਬਹੁਰਿ ਨ ਹਾਰੀਆ ॥ ੬ ॥**

ਜਦੋਂ ਮੈਂ ਇੱਕੁਰ ਦੀ ਪ੍ਰਾਰਥਨਾ ਕੀਤੀ ਤਾਂ ਗੁਰਾਂ ਨੇ ਮੈਨੂੰ ਮੋਹ ਰੂਪ ਖੂਹ ਤੋਂ ਕਿਰਪਾ ਰੂਪ ਬਾਹਾਂ ਪਸਾਰਕੇ ਕੱਢ ਲਿਆ। ਹੁਣ ਮੈਂ ਅਪਾਰ ਅਮੋਲਕ ਜਨਮ ਜੋ ਬਹੁਤ ਹੀ ਗੁਣ ਵਾਲਾ ਹੈ ਜਿੱਤ ਲਿਆ ਹੈ,ਹੁਣ ਮੈਂ ਫੇਰ ਨਹੀਂ ਹਾਰਾਂਗਾ। ਭਾਵ ਜਨਮ ਮਰਨ ਵਿੱਚ ਨਹੀਂ ਆਵਾਂਗਾ।

**ਮੈ ਪਾਇਓ ਸਰਬ ਨਿਧਾਨੁ ਅਕਥੁ ਕਥਾਰੀਆ ॥ ਹਰਿ ਦਰਗਹ ਸੋਭਾਵੰਤ ਬਾਹ ਲੁਡਾਰੀਆ ॥ ੭ ॥**

ਨ ਕਥਨ ਕਰ ਸੱਕਣ ਵਾਲੇ ਦਾ ਜਸ ਕਥਨ ਕਰਨ ਰੂਪ ਸਾਰੀਆਂ ਨਿਧੀਆਂ ਦਾ ਖ਼ਜ਼ਾਨਾ ਮੈਂ ਲੱਭ ਲਿਆ ਹੈ। ਹੁਣ ਮੈਂ ਪ੍ਰਮੇਸ਼ਰ ਦੀ ਦਰਗਾਹ ਵਿੱਚ ਸੋਭਾ ਵਾਲਾ ਹੋਵਾਂਗਾ ਅਤੇ ਬਾਹਾਂ ਨੂੰ ਲਮਕਾ ੨ ਲਾਡ ਨਾਲ ਤੁਰਾਂਗਾ, ਭਾਵ ਨਿਡਰ ਹੋਕੇ।

**ਜਨ ਨਾਨਕ ਲਧਾ ਰਤਨ ਅਮੋਲੁ ਅਪਾਰੀਆ ॥ ਗੁਰ ਸੇਵਾ ਭਉਜਲੁ ਤਰੀਐ ਕਹਉ ਪੁਕਾਰੀਆ ॥ ੮ ॥ ੧੨ ॥**

ਗੁਰੂ ਜੀ—ਅਪਾਰ ਅਮੋਲਕ ਰਤਨ ਲੱਭ ਲਿਆ ਹੈ, ਮੈਂ ਪੁਕਾਰ ਪੁਕਾਰਕੇ ਆਖਦਾ ਹਾਂ ਕਿ ਗੁਰਾਂ ਦੀ ਸੇਵਾ ਨਾਲ ਸੰਸਾਰ ਸਮੁੰਦਰ ਤੋਂ ਤਰੀਦਾ ਹੈ। ਇਸ ਲਈ ਗੁਰਾਂ ਦੀ ਸੇਵਾ ਕਰਨੀ ਬਹੁਤ ਜ਼ਰੂਰੀ ਹੈ।

## ਗਉੜੀ ਮਹਲਾ ੫

**ੴ ਸਤਿਗੁਰਪ੍ਰਸਾਦਿ ॥ ਨਾਰਾਇਣ ਹਰਿ ਰੰਗ**

Digitized by Panjab Digital Library | www.panjabdigilib.org

**ਰੰਗੋ ॥ ਜਪਿ ਜਿਹਵਾ ਹਰਿ ਏਕ ਮੰਗੋ ॥ ੧ ॥ ਰਹਾਉ ॥**

ਹੇ ਗੁਰਮੁਖੋ ! ਪ੍ਰਮੇਸ਼ਰ ਦੇ ਪ੍ਰੇਮ ਵਿੱਚ ਇਸ ਮਨ ਨੂੰ ਰੰਗੋ ਜੀਭ ਨਾਲ ਜਪਣਾ ਇੱਕ ਪ੍ਰਮੇਸ਼ਰ ਦਾ ਹੀ ਮੰਗੋ ਜਾਂ ਜੀਭ ਨਾਲ ਇੱਕ ਨੂੰ ਜਪੋ ਤੇ ਉਸੇ ਤੋਂ ਸਭ ਕੁਛ ਮੰਗੋ।

**ਤਜਿ ਹਉਮੈ ਗੁਰ ਗਿਆਨ ਭਜੋ ॥ ਮਿਲਿ ਸੰਗਤਿ ਧੁਰਿ ਕਰਮ ਲਿਖਿਓ ॥ ੧ ॥**

ਹੰਕਾਰ ਨੂੰ ਛੱਡਕੇ ਗੁਰਾਂ ਦੇ ਗਿਆਨ ਨੂੰ ਯਾਦ ਕਰੋ ਭਾਵ ਗੁਰਾਂ ਦੀ ਸੇਵਾ ਕਰੋ। ਪਰ ਗੁਰਾਂ ਦੀ ਸੰਗਤ ਤਾਂ ਮਿਲਦੀ ਹੈ ਜੇ ਧੁਰ ਤੋਂ ਹੀ ਕੋਈ ਚੰਗਾ ਕਰਮ ਲਿਖਿਆ ਹੋਇਆ ਹੋਵੇ।

**ਜੋ ਦੀਸੈ ਸੋ ਸੰਗਿ ਨ ਗਇਓ ॥ ਸਾਕਤੁ ਮੂੜੁ ਲਗੇ ਪਚਿ ਮੁਇਓ ॥ ੨ ॥**

ਜਿਤਨਾ ਸਰਬੰਧੀਆਂ ਦਾ ਮੇਲਾ ਨਜ਼ਰ ਆਉਂਦਾ ਤੇ ਸਮੱਗਰੀ ਦਾ ਫੈਲਾ ਦਿਖਾਈ ਦੇਂਦਾ ਹੈ ਸੋ ਇਹ ਕਿਸੇ ਦੇ ਨਾਲ ਨਹੀਂ ਗਿਆ ਹੈ।

ਜੇਹੜਾ ਸਾਕਤ ਮੂਰਖ ਹੈ ਓਹ ਨਾਸ ਹੋਣ ਵਾਲੇ ਪਦਾਰਥਾਂ ਵਿਚ ਲੱਗਾ ਹੋਇਆ ਖਪਕੇ ਮਰ ਗਿਆ ਹੈ।

**ਮੋਹਨ ਨਾਮੁ ਸਦਾ ਰਵਿ ਰਹਿਓ ॥ ਕੋਟਿ ਮਧੇ ਕਿਨੈ ਗੁਰਮੁਖਿ ਲਹਿਓ ॥ ੩ ॥**

ਜੇਹੜਾ ਮੋਹਨ ਪ੍ਰਮੇਸ਼ਰ ਸੱਚਾ ਰਹਿਣ ਵਾਲਾ ਅਤੇ ਸਾਰਿਆਂ ਵਿੱਚ ਮਿਲਿਆ ਹੋਇਆ ਹੈ, ਉਸਦਾ ਨਾਮ ਕਰੋੜਾਂ ਆਦਮੀਆਂ ਵਿੱਚੋਂ ਕਿਸੇ ਇਕ ਵਿਰਲੇ ਨੇ ਹੀ ਲਿਆ ਹੈ।

**ਹਰਿ ਸੰਤਨ ਕਰਿ ਨਮੋ ਨਮੋ ॥ ਨਉ ਨਿਧ ਪਾਵਹਿ ਅਤੁਲੁ ਸੁਖੋ ॥ ੪ ॥**

ਜੇਹੜੇ ਹਰੀ ਦੇ ਸੰਤ ਨਾਮ ਦੇ ਲੈਣ ਵਾਲੇ ਹਨ, ਓਹਨਾਂ ਨੂੰ ਮੈਂ ਮਨ ਬਾਣੀ ਕਰਕੇ ਨਮਸਕਾਰ ਕਰਦਾ ਹਾਂ। ਕਿਉਂਕਿ ਨੌ ਨਿਧੀਆਂ ਨੂੰ ਅਤੇ ਨ ਤੋਲੇ ਜਾਣ ਵਾਲੇ ਸੁਖ ਨੂੰ ਪਾਵਾਂਗਾ।

**ਨੈਨ ਅਲੋਵਉ ਸਾਧ ਜਨੋ ॥ ਹਿਰਦੈ ਗਾਵਹੁ ਨਾਮ ਨਿਧੋ ॥ ੫ ॥**

ਅੱਖਾਂ ਨਾਲ ਸੰਤਾਂ ਦਾ ਦਰਸ਼ਨ ਵੇਖਾਂਗਾ, ਨਿਧੀਆਂ ਰੂਪ ਜੇਹੜਾ ਹਰੀ

Digitized by Panjab Digital Library | www.panjabdigilib.org

ਦਾ ਨਾਮ ਹੈ, ਉਸਨੂੰ ਦਿਲ ਵਿੱਚ ਗਾਵਾਂਗਾ, ਭਾਵ ਮਨ ਨਾਲ ਜਪਾਂਗਾ।

**ਕਾਮ ਕ੍ਰੋਧ ਲੋਭੁ ਮੋਹੁ ਤਜੋ ॥ ਜਨਮ ਮਰਨ ਦੁਹੁ ਤੇ ਰਹਿਓ ॥ ੬ ॥**

ਕਾਮ, ਕ੍ਰੋਧ, ਲੋਭ, ਮੋਹ ਨੂੰ ਛੱਡੋ। ਜਿਸਨੇ ਇਹਨਾਂ ਨੂੰ ਛੱਡਿਆ ਹੈ, ਓਹ ਜਨਮ ਮਰਨ ਦੋਹਾਂ ਤੋਂ ਰਹਿ ਗਿਆ ਹੈ ਭਾਵ ਬਚ ਗਿਆ ਹੈ।

**ਦੂਖੁ ਅੰਧੇਰਾ ਘਰ ਤੇ ਮਿਟਿਓ ॥ ਗੁਰਿ ਗਿਆਨ ਦ੍ਰਿੜਾਇਓ ਦੀਪ ਬਲਿਓ ॥ ੭ ॥**

ਜਦੋਂ ਗੁਰਾਂ ਦਾ ਦ੍ਰਿੜ੍ਹ ਕਰਾਯਾ ਹੋਯਾ ਗਿਆਨ ਰੂਪ ਦੀਵਾ ਬਲਿਆ ਭਾਵ ਚਾਨਣ ਹੋਇਆ ਤਾਂ ਦੁਖ,ਅਗਯਾਨ ਰੂਪ ਹਨੇਰਾ ਦਿਲ ਤੋਂ ਦੂਰ ਹੋਗਿਆ ਹੈ।

**ਜਿਨਿ ਸੇਵਿਆ ਸੋ ਪਾਰਿ ਪਰਿਓ ॥ ਜਨ ਨਾਨਕ ਗੁਰਮੁਖਿ ਜਗਤੁ ਤਰਿਓ ॥ ੮ ॥ ੧ ॥ ੧੩ ॥**

ਜਿਸਨੇ ਪ੍ਰਮੇਸ਼ਰ ਨੂੰ ਸੇਵਿਆ ਹੈ, ਓਹ ਆਦਮੀ ਵਿਸ਼ਿਆਂ ਤੇ ਦੁੱਖਾਂ ਤੋਂ ਪਾਰ ਹੋ ਗਿਆ ਹੈ। ਗੁਰੂ ਜੀ-ਪਰ ਗੁਰਾਂ ਦੁਆਰੇ ਜਗਤ ਨੂੰ ਤਰਿਆ ਗਿਆ ਹੈ।

**ਮਹਲਾ ੫ ਗਉੜੀ ॥**

**ਹਰਿ ਹਰਿ ਗੁਰੁ ਗੁਰੁ ਕਰਤ ਭਰਮ ਗਏ ॥ ਮੇਰੈ ਮਨਿ ਸਭਿ ਸੁਖ ਪਾਇਓ ॥ ੧ ॥ ਰਹਾਉ ॥**

ਹਰਿ ਹਰਿ ਗੁਰੁ ਗੁਰੁ ਕਰਦਿਆਂ ਸਾਰੇ ਭਰਮ ਚਲੇ ਗਏ ਹਨ ਭਾਵ ਸਾਨੂੰ ਕੋਈ ਭਰਮ ਨਹੀਂ ਰਿਹਾ ਹੈ। ਹੁਣ ਮੇਰੇ ਮਨ ਨੇ ਹਰ ਤਰ੍ਹਾਂ ਨਾਲ ਸੁਖ ਪਾਇਆ ਹੈ।

**ਬਲਤੋ ਜਲਤੋ ਤਉਕਿਆ ਗੁਰ ਚੰਦਨੁ ਸੀਤਲਾਇਓ ॥ ੧ ॥**

ਮੇਰੇ ਅੰਦਰ ਮੇਰੇ ਖਿਆਲਾਂ ਦਾ ਅੱਗ ਦਾ ਭਾਂਬੜ ਬਲਦਾ ਸੀ ਉਸ ਵਿੱਚ ਮੈਂ ਜਲਤੋ = ਸੜਦਾ ਜਾਂਦਾ ਸਾਂ ਜਦੋਂ ਮੇਰੇ ਅੰਤਸ਼ਕਰਨ ਦੇ ਅੰਦਰ ਗੁਰਾਂ ਨੇ ਉਪਦੇਸ਼ ਰੂਪ ਚੰਦਨ ਤਉਕਿਆ = ਤਰੌਂਕਿਆ ਭਾਵ ਛਿੜਕਿਆ ਤਾਂ ਮੇਰਾ ਦਿਲ ਠੰਢਾ ਠਾਰ ਹੋਗਿਆ।

**ਅਗਿਆਨ ਅੰਧੇਰਾ ਮਿਟਿ ਗਇਆ ਗੁਰ ਗਿਆਨੁ ਦੀਪਾਇਓ ॥ ੨ ॥**

Digitized by Panjab Digital Library | www.panjabdigilib.org

ਅਗਯਾਨ ਹਨੇਰਾ ਦੂਰ ਹੋਗਿਆ ਜਦੋਂ ਗੁਰਾਂ ਨੇ ਮੇਰੇ ਅੰਦਰ ਗਿਆਨ ਰੂਪ ਦੀਵਾ ਜਗਾਇਆ ਜਾਂ ਦੀਪਾਇਓ = ਸੂਰਜ ਦਾ ਚਾਨਣ ਕਰਾਇਆ।

**ਪਾਵਕੁ ਸਾਗਰੁ ਗਹਰੋ ਚਰਿ ਸੰਤਨ ਨਾਵ ਤਰਾਇਓ ॥ ੩ ॥**

ਪਾਵਕ = ਅੱਗ। ਚਰਿ = ਚੜ੍ਹਾਕੇ। ਗਹਰੋ = ਡੂੰਘਾ। ਸਾਗਰ = ਸਮੁੰਦਰ।

ਜੇਹੜਾ ਦੁੱਖਾਂ ਰੂਪ ਅੱਗ ਦਾ ਸੰਸਾਰ ਸਮੁੰਦਰ ਗਹਰੋ = ਡੂੰਘਾ ਹੈ, ਓਹ ਸੰਤਾਂ ਨੇ ਭਗਤੀ ਰੂਪ ਬੇੜੀ ਉਤੇ ਚੜ੍ਹਾਕੇ ਤਰਾ ਲਿਆ ਹੈ।

**ਨ ਹਮ ਕਰਮ ਧਰਮ ਸੁਚ ਪ੍ਰਭਿ ਗਹਿ ਭੁਜਾ ਆਪਾਇਓ ॥ ੪ ॥**

ਮੈਂ ਨ ਕੁਛ ਕੋਈ ਚੰਗਾ ਕਰਮ ਕੀਤਾ ਹੈ, ਨ ਕੁਛ ਕੋਈ ਧਰਮ ਕੀਤਾ ਹੈ, ਨ ਪਵਿੱਤ੍ਰਤਾ ਕੀਤੀ ਹੈ, ਮਾਲਕ ਨੇ ਮੇਰੀ ਬਾਂਹ ਫੜਕੇ ਆਪਣਾ ਦਾਸ ਕਰ ਲਿਆ ਹੈ।

**ਭਉ ਖੰਡਨੁ ਦੁਖ ਭੰਜਨੋ ਭਗਤਿ ਵਛਲ ਹਰਿ ਨਾਇਓ ॥ ੫ ॥**

ਡਰਦੇ ਨਾਸ ਕਰਨ ਵਾਲਾ ਦੁੱਖਾਂ ਨੂੰ ਤੋੜਨ ਵਾਲਾ ਭਗਤਾਂ ਦਾ ਪਿਆਰਾ ਪ੍ਰਮੇਸ਼ਰ ਦਾ ਨਾਮ ਹੈ ਜਾਂ ਇਹ ਪ੍ਰਮੇਸ਼ਰ ਦੇ ਨਾਮ ਹਨ।

**ਅਨਾਥਹ ਨਾਥ ਕ੍ਰਿਪਾਲ ਦੀਨ ਸੰਮ੍ਰਿਥ ਸੰਤ ਓਟਾਇਓ ॥ ੬ ॥**

ਗਰੀਬਾਂ ਦਾ ਮਾਲਕ ਹੈ, ਗਰੀਬਾਂ ਦਾ ਕਿਰਪਾਲੂ ਹੈ ਅਤੇ ਸਮਰੱਥ ਸੰਤਾਂ ਦਾ ਆਸਰਾ ਹੈ।

**ਨਿਰਗੁਨੀਆਰੇ ਕੀ ਬੇਨਤੀ ਦੇਹੁ ਦਰਸ ਹਰਿ ਰਾਇਓ ॥ ੭ ॥**

ਮੈਂ ਨਿਰਗੁਣਿਆਰੇ ਦੀ ਇਹ ਬੇਨਤੀ ਹੈ, ਕਿ ਮੈਨੂੰ ਆਪਣਾ ਦਰਸ਼ਨ ਦੇਹ, ਹੇ ਹਰੀ! ਮੇਰੀ ਇਹ ਚਾਹ ਪੂਰੀ ਕਰ।

**ਨਾਨਕ ਸਰਨ ਤੁਹਾਰੀ ਠਾਕੁਰ ਸੇਵਕੁ ਦੁਆਰੈ ਆਇਓ ॥ ੮ ॥ ੨ ॥ ੧੪ ॥**

ਗੁਰੂ ਜੀ-ਹੇ ਮਾਲਕ ਜੀ! ਮੈਂ ਦਾਸ ਆਪ ਦੇ ਦਰਵਾਜ਼ੇ ਉੱਤੇ ਭਿੱਖਿਆ ਮੰਗਣ ਆਇਆ ਹਾਂ ਅਤੇ ਆਪ ਦੀ ਸ਼ਰਨ ਲਈ ਹੈ।

Digitized by Panjab Digital Library | www.panjabdigilib.org

ਗਉੜੀ ਮਹਲਾ ੫ ॥

ਰੰਗਿ ਸੰਗਿ ਬਿਖਿਆ ਕੇ ਭੋਗਾ ਇਨ ਸੰਗਿ ਅੰਧ ਨ ਜਾਨੀ ॥ ੧ ॥

ਇਹ ਆਦਮੀ ਵਿਸ਼ਿਆਂ ਦੇ ਭੋਗਾਂ ਨਾਲ ਰੰਗਿਆ ਗਿਆ ਹੈ,ਇਹਨਾਂ ਵਿਸ਼ਿਆਂ ਦੇ ਸੰਗ ਕਰਕੇ ਅੰਨ੍ਹੇ ਆਦਮੀ ਨੇ ਇਹ ਗੱਲ ਨਹੀਂ ਜਾਣੀ ਹੈ, ਕਿ ਮੇਰੀ ਅਵਸਥਾ ਬਿਅਰਥ ਜਾਂਦੀ ਹੈ।

ਹਉ ਸੰਚਉ ਹਉ ਖਾਟਤਾ ਸਗਲੀ ਅਵਧ ਬਿਹਾਨੀ ॥ ੧ ॥ ਰਹਾਉ ॥

ਮੈਂ ਮਾਇਆ ਦੌਲਤ ਨੂੰ ਕੱਠਿਆਂ ਕਰਦਾ ਹਾਂ, ਮੈਂ ਖੱਟਦਾ ਹਾਂ, ਇੱਕੁਰ ਬਕਬਾਦ ਕਰਦੇ ਦੀ ਸਾਰੀ ਉਮਰ ਬਿਅਰਥ ਬੀਤ ਗਈ ਹੈ।

ਹਉ ਸੂਰਾ ਪਰਧਾਨੁ ਹਉ ਕੋ ਨਾਹੀ ਮੁਝਹਿ ਸਮਾਨੀ ॥ ੨ ॥

ਮੈਂ ਬੜਾ ਸੂਰਮਾ ਹਾਂ,ਮੈਂ ਬੜਾ ਵੱਡਾ ਸਾਰਿਆਂ ਨਾਲੋਂ ਵੱਡਾ ਹਾਂ,ਮੇਰੇ ਵਰਗਾ ਹੋਰ ਕੋਈ ਨਹੀਂ ਹੈ।

ਜੋਬਨਵੰਤਿ ਅਚਾਰ ਕੁਲੀਨਾ ਮਨਿ ਮਹਿ ਹੋਇ ਗੁਮਾਨੀ ॥ ੩ ॥

ਮੈਂ ਬੜਾ ਜਵਾਨ ਹਾਂ, ਬੜੀ ਵੱਡੀ ਉੱਚੀ ਕੁਲ ਵਾਲਾ ਹਾਂ, ਚੰਗਿਆਂ ਕਰਮਾਂ ਵਾਲਾ ਹਾਂ, ਇੱਕੁਰ ਆਪਣੇ ਮਨ ਵਿੱਚ ਜਾਣਕੇ ਹੰਕਾਰ ਹੋ ਜਾਂਦਾ ਹੈ।

ਜਿਉ ਉਲਝਾਇਓ ਬਾਧ ਬੁਧਿ ਕਾਮ ਰਤਿਆ ਨਹੀ ਬਿਸਰਾਨੀ ॥ ੪ ॥

ਬਾਧ ਬੁਧਿ = ਨਾਸ ਹੋ ਜਾਣ ਵਾਲੀ ਅਕਲ। ਕਿਤੇ ਬਾਲ ਬੁਧੀ ਦਾ ਵੀ ਪਾਠ ਹੁੰਦਾ ਹੈ। ਕਾਮ ਰਤਿਆ = ਕਾਮਣਾ ਵਿੱਚ ਰੱਤਾ ਹੋਇਆ ਜਾਂ ਜੇਹੜੀ ਬਾਲਕ ਵਾਲੀ ਰੀਤੀ ਸੀ,ਓਹ ਇਸ ਆਦਮੀ ਨੇ ਮਰਦਿਆਂ ਤਕ ਭੀ ਨਹੀਂ ਵਿਸਾਰੀ ਹੈ। ਨਾਸ ਹੋਜਾਣ ਵਾਲੀ ਅਕਲ ਭਾਵ ਅਗਜਾਨੀਆਂ ਵਾਲੀ ਜਿਸ ਤਰ੍ਹਾਂ ਬਿਸਮਝ ਆਦਮੀ ਵਿਸ਼ਿਆਂ ਵਿੱਚ ਫਸਿਆ ਹੋਇਆ ਹੁੰਦਾ ਹੈ ਅਤੇ ਕਾਮਨਾ ਵਿੱਚ ਰੱਤੇ ਹੋਏ ਨੇ ਹੰਗਤਾ ਮਮਤਾ ਨਹੀਂ ਭੁਲਾਈ ਹੈ।

ਭਾਈ ਮੀਤ ਬੰਧਪ ਸਖੇ ਪਾਛੇ ਤਿਨਹੂ ਕਉ ਸੰਪਾਨੀ ॥ ੫ ॥

Digitized by Panjab Digital Library | www.panjabdigilib.org

ਭਰਾ, ਮਿੱਤ੍ਰ, ਸਰਬੰਧੀ ਅਤੇ ਸਖੇ = ਪਾਸ ਰਹਿਣ ਵਾਲੇ ਮਿੱਤ੍ਰ ਜੋਹੜੇ ਹਨ ਹੋਰ ਪਿੱਛੇ ਰਹਿਣ ਵਾਲੇ ਭਾਵ ਮਰਨ ਦੇ ਮਗਰੋਂ ਸਾਰੀ ਸਮੱਗਰੀ ਜਿਸ ਦੇ ਵਿੱਚ ਇਸ ਆਦਮੀ ਦੀ ਚਾਹ ਸੀ, ਓਹਨਾਂ ਸਾਰਿਆਂ ਸਰਬੰਧੀਆਂ ਨੂੰ ਹੀ ਸੌਂਪ ਦਿੱਤੀ ਹੈ।

**ਜਿਤੁ ਲਾਗੋ ਮਨੁ ਬਾਸਨਾ ਅੰਤਿ ਸਾਈ ਪ੍ਰਗ-ਟਾਨੀ ॥ ੬ ॥**

ਜਿਸ ਵਾਸ਼ਨਾ ਵਿੱਚ ਮਨ ਲੱਗਾ ਹੋਇਆ ਸੀ, ਅੰਤ ਨੂੰ ਓਹੋ ਹੀ ਪ੍ਰਗਟ ਹੋਈ ਹੈ।

**ਅਹੰਬੁਧਿ ਸੁਚਿ ਕਰਮ ਕਰਿ ਇਹ ਬੰਧਨ ਬੰਧਾਨੀ ॥ ੭॥**

ਹੰਕਾਰ ਵਾਲੀ ਅਕਲ ਨੂੰ ਧਾਰਕੇ ਪਵਿੱਤਰਤਾ ਅਤੇ ਹੋਰ ਜੋਹੜੇ ਅਨੇਕ ਤਰਾਂ ਦੇ ਕਰਮ ਕਰਦਾ ਹੈ, ਏਹੋ ਹੀ ਬੰਧਨ ਹੈ, ਜਿਸ ਕਰਕੇ ਜੀਵ ਦੀ ਬੁੱਧੀ ਬੱਧੀ ਹੋਈ ਹੈ। (ਹੱਛਾ ਜੀ, ਦਸੋ ਫਿਰ ਬੰਧਨਾਂ ਤੋਂ ਰਹਿਤ ਕਿਸਤਰਾਂ ਹੋਵੇ ?)

**ਦਇਆਲ ਪੁਰਖ ਕਿਰਪਾ ਕਰਹੁ ਨਾਨਕ ਦਾਸ ਦਸਾਨੀ ॥ ੮ ॥ ੩ ॥ ੧੫ ॥ ੪੪ ॥ ਜੁਮਲਾ ॥**

ਹੇ ਦਿਆਲੂ ਅਕਾਲ ਪੁਰਖ ਜੀ! ਇਕੱਰ ਦੀ ਕਿਰਪਾ ਕਰੋ ਜੋ ਹੰਕਾਰ ਦਾ ਨਾਸ਼ ਹੋ ਜਾਵੇ। ਗੁਰੂ ਜੀ—ਮੈਂ ਤੇਰੇ ਦਾਸਾਂ ਦਾ ਦਾਸ ਹਾਂ।

**੧ ਓ ਸਤਿਨਾਮੁਕਰਤਾਪੁਰਖੁਗੁਰਪ੍ਰਸਾਦਿ ॥**

**ਰਾਗੁ ਗਉੜੀ ਪੂਰਬੀ ਛੰਤ ਮਹਲਾ ੧ ॥ ਮੁੰਧ ਰੈਣਿ ਦੁਹੇਲੜੀਆ ਜੀਉ ਨੀਦ ਨ ਆਵੈ ॥ ਸਾਧਨ ਦੁਬਲੀਆ ਜੀਉ ਪਿਰਕੈ ਹਾਵੈ ॥ ਧਨ ਥੀਈ ਦੁਬਲਿ ਕੰਤ ਹਾਵੈ ਕੇਵ ਨੈਣੀ ਦੇਖਏ ॥ ਸੀਗਾਰ ਮਿਠ ਰਸ ਭੋਗ ਭੋਜਨ ਸਭੁ ਝੂਠੁ ਕਿਤੈ ਨ ਲੇਖਏ ॥ ਮੈ ਮਤ ਜੋਬਨਿ ਗਰਬਿ ਗਾਲੀ ਦੁਧਾ ਥਣੀ ਨ ਆਵਏ ॥ ਨਾਨਕ ਸਾਧ ਨ ਮਿਲੈ ਮਿਲਾਈ ਬਿਨੁ ਪਿਰ ਨੀਦ ਨ ਆਵਏ ॥ ੧ ॥**

Digitized by Panjab Digital Library | www.panjabdigilib.org

(ਛੰਤ = ਇਕਤਰਾਂ ਦਾ ਛੰਦ ਹੈ ਜਾਂ ਜਸ ਨੂੰ ਵੀ ਛੰਦ ਆਖਦੇ ਹਨ,ਛੰਤ ਸ਼ਬਦ ਦੀ ਚਾਲ ਅਸ਼ਟਪਦੀਆਂ ਵਰਗੀ ਹੈ, ਤਿੰਨ ਪੌੜੀਆਂ ਵਿਛੋੜੇ ਦੇ ਤਰਾਂ ਦੀਆਂ ਚੌਥੀ ਇਸਤ੍ਰੀ ਭਾਵ ਕਰਕੇ ਮਿਲਾਪ ਇਨ੍ਹਾਂ ਛੰਦਾਂ ਵਿਚ ਹੈ, ਇਹ ਸ਼ਬਦ ਇਸ ਰੀਤੀ ਨਾਲ ਹੈ (ਸਾਧਨ ਤੇ ਮੁੰਧ = ਇਸਤ੍ਰੀ ਸੰਬੋਧਨ ਹੈ)

ਜਿਸ ਜੀਵਰੂਪ ਇਸਤ੍ਰੀ ਦੀ ਅਵਸਥਾ ਰੂਪ ਰਾਤ ਬੜੀ ਦੁਖਾਂ ਵਾਲੀ ਹੈ, ਉਸਨੂੰ ਸ਼ਾਂਤੀ ਰੂਪ ਨੀਂਦ ਨਹੀਂ ਆਉਂਦੀ ਹੈ। ਪਤੀ ਦੇ ਹਾਹੁਕੇ ਜਾਂ ਵਿਛੋੜੇ ਕਰਕੇ ਝੋਰੇ ਕਰਕੇ ਓਹ ਇਸਤ੍ਰੀ ਬੜੀ ਮਾੜੀ ਹੋਈ ੨ ਹੈ, ਭਾਵ ਖੁਸ਼ੀ ਤੇ ਗ਼ਮੀ ਸਦਾ ਰਹਿੰਦੀ ਹੈ। ਪਤੀ ਦੇ ਹਾਹੁਕਿਆਂ ਵਿੱਚ ਜੀਵ ਰੂਪ ਇਸਤ੍ਰੀ ਬੜੀ ਮਾੜੀ ਹੁੰਦੀ ਜਾਂਦੀ ਹੈ, ਸੋ ਉਸ ਪਤੀ ਨੂੰ ਕਿਸ ਤਰ੍ਹਾਂ ਅੱਖਾਂ ਨਾਲ ਵੇਖੇ ? ਕਈ ਤਰ੍ਹਾਂ ਦੇ ਸ਼ਿੰਗਾਰ ਅਤੇ ਮਿੱਠੇ ਰਸ ਆਦਿਕ ਕਈਆਂ ਤਰ੍ਹਾਂ ਦੇ ਅੰਨਾਂ ਨੂੰ ਖਾਣਾਂ। ਸਾਰਾ ਹੀ ਝੂਠ ਹੈ, ਪਤੀ ਦੇ ਬਿਨਾ ਕਿਸੇ ਵੀ ਲੇਖੇ ਨਹੀਂ ਹੈ। ਜੀਵ ਇਸਤ੍ਰੀ ਜਵਾਨੀ ਦੇ ਹੰਕਾਰ ਰੂਪ ਮੈ = ਸ਼ਰਾਬ ਦੀ ਮਸਤੀ ਨੇ ਗਾਲ ਛੱਡੀ ਹੈ। ਜਿਸ ਜਵਾਨੀ ਦਾ ਹੰਕਾਰ ਕਰਦੀ ਹੈ, ਓਹ ਜਿਸ ਤਰ੍ਹਾਂ ਚੋਇਆ ਹੋਇਆ ਦੁੱਧ ਮੁੜਕੇ ਥਣਾਂ ਦੇ ਓਹਨਾਂ ਹੀ ਛੇਕਾਂ ਦੇ ਰਾਹੀਂ ਅੰਦਰ ਨਹੀਂ ਜਾ ਸੱਕਦਾ ਹੈ। ਜਾਂ ਮੁੜਕੇ, ਓਹਨਾਂ ਰਾਹਾਂ ਛੇਕਾਂ ਥਾਣੀ ਨਹੀਂ ਆਉਂਦਾ ਹੈ, ਇੱਕੁਰ ਹੀ ਇਸ ਸਰੀਰ ਵਿੱਚ ਮੁੜਕੇ ਓਹ ਜਵਾਨੀ ਨਹੀਂ ਆਉਂਦੀ, ਜੇਹੜੀ ਇਸ ਵਿੱਚੋਂ ਹੋਕੇ ਚਲੀ ਗਈ ਹੈ; ਭਾਵ ਜਵਾਨੀ ਵਿੱਚ ਭਜਨ ਕਰੋ। ਗੁਰੂ ਜੀ—ਜਿਸ ਨੂੰ ਪਤੀ ਦੀ ਪ੍ਰਾਪਤੀ ਬਿਨਾ ਸ਼ਾਂਤੀ ਰੂਪ ਨੀਂਦ ਨਹੀਂ ਆਉਂਦੀ ਹੈ, ਓਹ ਇਸਤ੍ਰੀ ਗੁਰੂ ਦੀ ਮਿਲਾਈ ਹੋਈ ਵਾਹਿਗੁਰੂ ਪਤੀ ਨਾਲ ਮਿਲ ਪੈਂਦੀ ਹੈ।

**ਮੁੰਧ ਨਿਮਾਨੜੀਆ ਜੀਉ ਬਿਨੁ ਧਨੀ ਪਿਆਰੇ॥ ਕਿਉ ਸੁਖੁ ਪਾਵੈਗੀ ਬਿਨੁ ਉਰਧਾਰੇ॥ ਨਾਹ ਬਿਨੁ ਘਰ ਵਾਸੁ ਨਾਹੀ ਪੁਛਹੁ ਸਖੀ ਸਹੇਲੀਆ॥ ਬਿਨੁ ਨਾਮ ਪ੍ਰੀਤਿ ਪਿਆਰੁ ਨਾਹੀ ਵਸਹਿ ਸਾਚਿ ਸਹੇਲੀਆ॥ ਸਚੁ ਮਨਿ ਸਜਨ ਸੰਤੋਖਿ ਮੇਲਾ ਗੁਰਮਤੀ ਸਹੁ ਜਾਣਿਆ॥ ਨਾਨਕ ਨਾਮੁ ਨ ਛੋਡੈ ਸਾ ਧਨ ਨਾਮਿ ਸਹਜਿ ਸਮਾਣੀਆ॥ ੨॥**

ਮੁੰਧ = ਇਸਤ੍ਰੀ॥ ਸਾਧਨ = ਓਹ ਇਸਤ੍ਰੀਆਂ।

ਜੀਵ ਰੂਪ ਇਸਤ੍ਰੀ ਨੂੰ ਪਿਆਰੇ ਮਾਲਕ ਤੋਂ ਬਿਨਾ ਨਾਮ ਤੋਂ ਰਹਿਤ ਕੋਈ ਆਦਰ ਨਹੀਂ ਦੇਂਦਾ ਹੈ। ਜੀਉ = ਪਦ ਸੰਬੋਧਨ ਹੈ। ਰਿਦੇ ਵਿੱਚ

Digitized by Panjab Digital Library | www.panjabdigilib.org

ਧਾਰਿਆਂ ਬਿਨਾ ਕਿਸ ਤਰ੍ਹਾਂ ਸੁਖ ਨੂੰ ਪਾਵੇਗੀ, ਭਾਵ ਨਹੀਂ। ਪਤੀ ਵਿੱਚ ਪ੍ਰੇਮ ਕੀਤਿਆਂ ਬਿਨਾ ਘਰ ਵਿੱਚ ਵਾਸਾ ਨਹੀਂ ਹੋਵੇਗਾ, ਜੇਹੜੀਆਂ ਪ੍ਰਮੇਸ਼ਰ ਦੀਆਂ ਪਿਆਰੀਆਂ ਸੰਤ ਸਖੀਆਂ ਹਨ, ਭਾਵੇਂ ਓਹਨਾਂ ਨੂੰ ਪੁਛ ਲਵੋ। ਨਾਮ ਦੀ ਪ੍ਰੀਤੀ ਬਿਨਾ ਪਤੀ ਪ੍ਰਮੇਸ਼ਰ ਜੀਵ ਇਸਤ੍ਰੀ ਨਾਲ ਕਦੀ ਪਿਆਰ ਕਰਦਾ ਹੈ ? ਜਿਨ੍ਹਾਂ ਦੇ ਚਿਤ ਵਿੱਚ ਸੱਚਾ ਨਾਮ ਵੱਸਦਾ ਹੈ, ਓਹ ਇਸਤ੍ਰੀਆਂ ਸੁਖ ਵਾਲੀਆਂ ਹਨ। ਜਿਨ੍ਹਾਂ ਸੰਤਾਂ ਸੱਜਣਾਂ ਨੇ ਸੰਤੋਖ ਨੂੰ ਧਾਰਕੇ ਸੱਚ ਨੂੰ ਮੰਨਿਆ ਹੈ, ਭਾਵ ਵਿਖਿਆਂ ਵੱਲੋਂ ਹਟ ਗਏ ਹਨ। ਜਿਨ੍ਹਾਂ ਨੇ ਓਹਨਾਂ ਦਾ ਸੰਗ ਕੀਤਾ ਹੈ, ਓਹਨਾਂ ਗੁਰ ਸਿੱਖਿਆ ਲੈਣ ਵਾਲਿਆਂ ਨੇ ਪਤੀ ਪ੍ਰਮੇਸ਼ਰ ਨੂੰ ਜਾਣਿਆ ਹੈ, ਗੁਰੂ ਜੀ-ਓਹ ਜੀਵ ਰੂਪ ਇਸਤ੍ਰੀਆਂ ਨਾਮ ਨੂੰ ਨਹੀਂ ਛੱਡਦੀਆਂ ਹਨ॥ ਏਸੇ ਲਈ ਨਾਮੀਂ ਪ੍ਰਮੇਸ਼ਰ ਵਿੱਚ ਸੁਭਾਵਕ ਹੀ ਮਿਲੀਆਂ ਰਹਿੰਦੀਆਂ ਹਨ

**ਮਿਲੁ ਸਖੀ ਸਹੇਲੜੀਹੋ ਹਮ ਪਿਰੁ ਰਾਵੇਹਾ॥ ਗੁਰ ਪੁਛਿ ਲਿਖਉਗੀ ਜੀਉ ਸਬਦਿ ਸਨੇਹਾ॥ ਸਬਦੁ ਸਾਚਾ ਗੁਰਿ ਦਿਖਾਇਆ ਮਨਮੁਖੀ ਪਛੁਤਾਣੀਆ॥ ਨਿਕਸਿ ਜਾਤਉ ਰਹੈ ਅਸਥਿਰੁ ਜਾਮਿ ਸਚੁ ਪਛਾਣਿਆ॥ ਸਾਚ ਕੀ ਮਤਿ ਸਦਾ ਨਉਤਨ ਸਬਦਿ ਨੇਹੁ ਨਵੇਲਓ॥ ਨਾਨਕ ਨਦਰੀ ਸਹਜਿ ਸਾਚਾ ਮਿਲਹੁ ਸਖੀ ਸਹੇਲੀਹੋ॥ ੩॥**

ਹੇ ਪਿਆਰੀਓ ਸਖੀਓ! ਅਸੀਂ ਤੁਸੀ ਆਪੋ ਵਿੱਚ ਦੀ ਮਿਲਕੇ ਪਤੀ ਦਾ ਰਾਵਣਾ ਕਰੀਏ, ਭਾਵ ਅਨੰਦ ਲਈਏ,ਉਪਦੇਸ਼ ਲੈਣ ਰੂਪ ਸੁਨੇਹਾ ਗੁਰਾਂ ਪਾਸੋਂ ਪੁੱਛਕੇ ਲਿਖਾਂਗੀ, ਭਾਵ ਸਾਧਨ ਕਰਾਂਗੀ।

ਸੱਚਾ ਪ੍ਰਮੇਸ਼ਰ ਗੁਰਾਂ ਨੇ ਗੁਰਮੁਖ ਇਸਤ੍ਰੀਆਂ ਨੂੰ ਵਿਖਾਇਆ ਹੈ ਅਤੇ ਮਨਮੁਖੀ ਇਸਤ੍ਰੀਆਂ ਪਛਤਾਉਂਦੀਆਂ ਹਨ, ਭਾਵ ਸਾਰੀ ਉਮਰ ਦੁਖ ਭੋਗਦੀਆਂ ਹਨ। ਜੇਹੜਾ ਚੰਚਲ ਮਨ ਘੜੀ ੨ ਅੰਦਰੋਂ ਬਾਹਰ ਨੂੰ ਨਿਕਲ ਜਾਂਦਾ ਹੈ, ਜਾਮਿ = ਜਦੋਂ ਸੱਚੇ ਪ੍ਰਮੇਸ਼ਰ ਨੂੰ ਪਛਾਣਿਆਂ ਜਾਂਦਾ ਹੈ। ਸੱਚ ਦੀ ਸਿੱਖਿਆ ਸਦਾ ਰੋਜ਼ ਨਵੀਂ ਤੋਂ ਨਵੀਂ ਹੁੰਦੀ ਹੈ ਅਤੇ ਗੁਰਾਂ ਦੇ ਉਪਦੇਸ਼ ਜਾਂ ਪ੍ਰਮੇਸ਼ਰ ਵਿੱਚ ਪ੍ਰੇਮ ਹੋਣ ਦਾ ਵਾ ਨਵੇਲਓ = ਕੋਈ ਸਮਾ ਨਹੀਂ ਹੈ, ਭਾਵ ਜਦੋਂ ਪ੍ਰੇਮ ਹੋਵੇ ਓਦੋਂ ਓਹੋ ਵੇਲਾ ਚੰਗਾ ਹੁੰਦਾ ਹੈ। ਗੁਰੂ ਜੀ-ਹੇ ਸੰਤੋ ਸਹੇਲੀਓ ਸਖੀਓ! ਜੇਹੜੀ ਸੱਚਾ ਵਾਹਿਗੁਰੂ ਕਿਰਪਾ ਦ੍ਰਿਸ਼ਟੀ ਕਰਨ ਵਾਲਾ ਹੈ, ਉਸ ਨੂੰ ਸਹਿਜੇ ਹੀ ਮਿਲੋ।

Digitized by Panjab Digital Library | www.panjabdigilib.org

ਮੇਰੀ ਇਛ ਪੁਨੀ ਜੀਉ ਹਮ ਘਰਿ ਸਾਜਨੁ ਆਇਆ ॥ ਮਿਲਿ ਵਰੁ ਨਾਰੀ ਮੰਗਲੁ ਗਾਇਆ ॥ ਗੁਣ ਗਾਇ ਮੰਗਲੁ ਪ੍ਰੇਮਿ ਰਹਸੀ ਮੁੰਧ ਮ'ਨਿ ਓਮਾਹਓ ॥ ਸਾਜਨੁ ਰਹੰਸੇ ਦੁਸਟ ਵਿਆਪੇ ਸਾਚੁ ਜਪਿ ਸਚੁ ਲਾਹਓ॥ਕਰ ਜੋੜਿ ਸਾ ਧਨ ਕਰੈ ਬਿਨਤੀ ਰੈਣਿ ਦਿਨੁ ਰਸਿ ਭਿੰਨੀਆ॥ਨਾਨਕ ਪਿਰੁ ਧਨ ਕਰਹਿ ਰਲੀਆ ਇਛ ਮੇਰੀ ਪੁੰਨੀਆ ।੪॥੧॥

ਹੁਣ ਮੇਰੀ ਇਛਿਆ ਪੂਰੀ ਹੋ ਗਈ ਹੈ, ਕਿਉਂ ਕਿ ਮੇਰੇ ਘਰ = ਰਿਦੇ ਵਿੱਚ ਪ੍ਰਮੇਸ਼ਰ ਸੱਜਣ ਪਿਆਰਾ ਆ ਗਿਆ ਹੈ। ਓਹ ਪਤੀ ਓਦੋਂ ਮਿਲਿਆ ਹੈ, ਜੇਹੜੀਆਂ ਚੰਗੀਆਂ ਇਸਤ੍ਰੀਆਂ ਸੰਤ ਰੂਪ ਹਨ, ਓਹਨਾਂ ਨਾਲ ਮਿਲਕੇ ਜਦੋਂ ਉਸ ਦੇ ਮੰਗਲ = ਜਸ ਨੂੰ ਗਾਇਆ ਹੈ। ਜਦੋਂ ਮੈਂ ਪ੍ਰੇਮ ਨਾਲ ਉਸ ਦੇ ਜਸ ਰੂਪ ਗੁਣਾਂ ਨੂੰ ਗਾਇਆ ਤਾਂ ਮੈਨੂੰ ਬੜਾ ਰਹਸੀ = ਅਨੰਦ ਹੋਇਆ, ਮੈਂ ਮੁੰਧ = ਇਸਤ੍ਰੀ ਦੇ ਮਨ ਵਿੱਚ ਬੜਾ ਉਤਸ਼ਾਹ ਹੋਇਆ। ਮੈਨੂੰ ਅਨੰਦ ਵਾਲੀ ਵੇਖਕੇ ਮੇਰੇ ਸਾਰੇ ਚੰਗੇ ਗੁਣ ਰੂਪ ਮਿਤ੍ਰ ਬੜੇ ਅਨੰਦ ਹੋਏ ਅਤੇ ਜੇਹੜੇ ਨਾਮ ਆਦਿਕ ਦੁਸ਼ਟ ਸਨ, ਓਹ ਵਿਪਤਾ ਨੂੰ ਜਾ ਚੰਮੜੇ, ਭਾਵ ਓਹਨਾਂ ਨੂੰ ਬੜਾ ਦੁਖ ਹੋਇਆ, ਓਹ ਨਾਸ ਹੋ ਗਏ, ਸੱਚਾ ਨਾਮ ਜਪਕੇ ਮੈਨੂੰ ਸੱਚ ਦਾ ਹੀ ਲਾਭ ਹੋਇਆ ਹੈ। ਮੈਂ ਇਸਤ੍ਰੀ ਹੱਥ ਜੋੜਕੇ ਬੇਨਤੀ ਕਰਦੀ ਸੀ, ਸੋ ਹੁਣ ਉਸਦੇ ਅਨੰਦ ਵਿੱਚ ਦਿਨੇ ਰਾਤ ਭਿੱਜੀ ਰਹਿੰਦੀ ਹਾਂ। ਗੁਰੂ ਜੀ–ਮੈਂ ਇਸਤ੍ਰੀ ਪਤੀ ਪ੍ਰਮੇਸ਼ਰ ਦੇ ਨਾਲ ਮਿਲਕੇ ਖੁਸ਼ੀਆਂ ਕਰਦੀ ਹਾਂ, ਕਿਉਂਕਿ ਪਤੀ ਦੇ ਨਾਲ ਮਿਲਨ ਦੀ ਮੇਰੀ ਇਛਿਆ ਪੂਰੀ ਹੋ ਗਈ ਹੈ।

## ਗਉੜੀ ਛੰਤ ਮਹਲਾ ੧ ॥

ਸੁਣਿ ਨਾਹ ਪ੍ਰਭੂ ਜੀਉ ਏਕਲੜੀ ਬਨਮਾਹੇ ॥ ਕਿਉ ਧੀਰੈਗੀ ਨਾਹ ਬਿਨਾ ਪ੍ਰਭ ਵੇਪਰਵਾਹੇ ॥ ਧਨ ਨਾਹ ਬਾਝਹੁ ਰਹਿ ਨਾ ਸਾਕੈ ਬਿਖਮ ਰੈਣਿ ਘਣੇਰੀਆ ॥ ਨਹ ਨੀਦ ਆਵੈ ਪ੍ਰੇਮੁ ਭਾਵੈ ਸੁਣਿ ਬੇਨੰਤੀ ਮੇਰੀਆ ॥ ਬਾਝਹੁ ਪਿਆਰੇ ਕੋਇ ਨ ਸਾਰੇ ਏਕਲੜੀ ਕੁਰਲਾਏ ॥ ਨਾਨਕ ਸਾਧਨ ਮਿਲੈ ਮਿਲਾਈ ਬਿਨੁ ਪ੍ਰੀਤਮ ਦੁਖੁ ਪਾਏ ॥ ੧ ॥

Digitized by Panjab Digital Library | www.panjabdigilib.org

ਬਿਖ = ਔਖੇ ੨, ਰੈਣਿ = ਰਾਤ।

ਹੇ ਮੇਰੇ ਮਾਲਕ ਪਤੀ ਜੀ! ਤੇਰੀ ਪ੍ਰਾਪਤੀ ਬਿਨਾ ਮੈਂ ਇਸਤ੍ਰੀ ਸੰਸਾਰ ਰੂਪ ਜੰਗਲ ਵਿੱਚ ਕੱਲੀ ਹੀ ਹਾਂ, ਭਾਵ ਬਹੁਤ ਦੁਖੀ ਹਾਂ। ਹੇ ਮਾਲਕਾ ! ਤੇਰੇ ਬਿਨਾ ਇਹ ਕਿਸ ਤਰਾਂ ਧੀਰਜ ਧਰੇ? ਕਿਉਂਕਿ ਤੂੰ ਮਾਲਕ ਬੇਪਰਵਾਹ ਹੈਂ, ਮੈਂ ਦਾਸੀ ਹਾਂ। ਇਸਤ੍ਰੀ ਪਤੀ ਬਿਨਾ ਰਹਿ ਨਹੀਂ ਸਕਦੀ ਹੈ, ਕਿਉਂਕਿ ਉਮਰ ਰੂਪ ਰਾਤ ਪਤੀ ਬਿਨਾ ਬਹੁਤ ਹੀ ਔਖੇ ੨ ਦੁਖ ਦੇਣ ਵਾਲੀ ਹੈ। ਏਸੇ ਲਈ ਨੀਂਦ ਨਹੀਂ ਆਉਂਦੀ ਹੈ, ਤੇਰਾ ਪ੍ਰੇਮ ਹੀ ਚੰਗਾ ਲੱਗਦਾ ਹੈ, ਇਸ ਲਈ ਮੇਰੀ ਬੇਨਤੀ ਸੁਣੋ। ਪਿਆਰੇ ਪਤੀ ਤੋਂ ਬਿਨਾ ਇਸਤ੍ਰੀ ਨੂੰ ਕੋਈ ਨਹੀਂ ਸੰਭਾਲਦਾ ਹੈ, ਕੋਈ ਜੰਗਲ ਵਿੱਚ ਰੋਂਦੀ ਹੈ।

ਗੁਰੂ ਜੀ-ਓਹ ਇਸਤ੍ਰੀ ਜੋ ਪਿਛੇ ਬੜਾ ਰੋਂਦੀ ਰਹੀ ਹੈ, ਓਹ ਤੇਰੀ ਮਿਲਾਈ ਹੋਈ ਹੀ ਤੇਰੇ ਨਾਂਲ ਮਿਲਦੀ ਹੈ, ਪ੍ਰੀਤਮ ਬਿਨਾ ਬੜਾ ਦੁਖ ਪਾਉਂਦੀ ਹੈ।

**ਪਿਰਿ ਛੋਡਿਅੜੀ ਜੀਉ ਕਵਣੁ ਮਿਲਾਵੈ ॥ ਰਸਿ ਪ੍ਰੇਮ ਮਿਲੀ ਜੀਉ ਸਬਦਿ ਸੁਹਾਵੈ ॥ ਸਬਦੇ ਸੁਹ ਵੈ ਤਾ ਪਤਿ ਪਾਵੈ ਦੀਪਕ ਦੇਹ ਉਜਾਰੈ ॥ ਸੁਣਿ ਸਖੀ ਸਹੇਲੀ ਸਾਚਿ ਸੁਹੇਲੀ ਸਾਚੇ ਕੇ ਗੁਣ ਸਾਰੈ ॥ ਸਤਿਗੁਰਿ ਮੇਲੀ ਤਾ ਪਿਰ ਰਾਵੀ ਬਿਗਸੀ ਅੰਮ੍ਰਿਤ ਬਾਣੀ ॥ ਨਾਨਕ ਸਾ ਧਨ ਤਾ ਪਿਰੁ ਰਾਵੇ ਜਾ ਤਿਸਕੈ ਮਨਿ ਭਾਣੀ ॥ ੨ ॥**

ਸਾਰੈ = ਯਾਦ ਕਰਨਾ, ਸੁਹੇਲੀ = ਸੁਖੀ।

ਜੇਹੜੀ ਇਸਤ੍ਰੀ ਪਤੀ ਦੀ ਧੱਕੀ = ਛੱਡੀ ਹੋਈ ਹੈ, ਉਸਨੂੰ ਗੁਰੂ: ਤੋਂ ਬਿਨਾ ਪ੍ਰਮੇਸ਼ਰ ਪਤੀ ਨਾਲ ਕੌਣ ਮਿਲਾ ਸੱਕਦਾ ਹੈ, ਭਾਵ ਸਤਗੁਰੂ ਹੀ ਮਿਲਾਉਂਦੇ ਹਨ। ਜੇਹੜੀ ਪ੍ਰੇਮ ਰਸ ਨਾਲ ਗੁਰਾਂ ਦੇ ਉਪਦੇਸ਼ ਨਾਲ ਮਿਲੀ ਹੈ, ਓਹ ਬੜੀ ਸੋਹਣੀ ਲੱਗਦੀ ਹੈ। ਜਦੋਂ ਗੁਰ ਉਪਦੇਸ਼ ਕਰਕੇ ਸੋਭਾ ਪਾਉਂਦੀ ਹੈ, ਤਾਂ ਇਹ ਪਤੀ ਨੂੰ ਲੱਭ ਲੈਂਦੀ ਹੈ ਅਤੇ ਗਿਆਨ ਰੂਪ ਦੀਵਾ ਦੇਹੀ ਵਿੱਚ ਚਾਨਣ ਕਰਦਾ ਹੈ। ਜਦੋਂ ਸਖੀਆਂ ਸਹੇਲੀਆਂ ਸੰਤਾਂ ਤੋਂ ਸੁਣਕੇ ਸੱਚੇ ਨਾਮ ਨੂੰ ਜਪੇ ਅਤੇ ਸੱਚੇ ਪ੍ਰਮੇਸ਼ਰ ਦੇ ਗੁਣਾਂ ਨੂੰ ਸੰਭਾਲਣਾ ਕਰੇ, ਤਾਂ ਇਹ ਸੁਖੀ ਹੁੰਦੀ ਹੈ। ਜਦੋਂ ਸਤਿਗੁਰਾਂ ਨੇ ਇਸਨੂੰ ਮੇਲਿਆ ਤੇ ਤਾਂ ਪਤੀ ਨੇ ਇਸਤ੍ਰੀ ਨੂੰ ਰਾਵਿਆ, ਭਾਵ ਅਨੰਦ ਦਿੱਤਾ ਅਤੇ ਗੁਰ ਉਪਦੇਸ਼ ਰੂਪ ਅੰਮ੍ਰਿਤ ਵਰਗੀ ਬਾਣੀ ਸੁਣਕੇ ਬੜੀ ਹੀ ਬਿਗਸੀ = ਖੁਸ਼ੀ ਹੋਈ। ਗੁਰੂ ਜੀ-ਇਹ ਜੀਵ ਰੂਪ ਇਸਤ੍ਰੀ

Digitized by Panjab Digital Library | www.panjabdigilib.org

ਤਾਂ ਪਤੀ ਨੂੰ ਰਾਉਂਦੀ, ਭਾਵ ਮਿਲਕੇ ਅਨੰਦ ਭੋਗਦੀ ਹੈ, ਜਦੋਂ ਉਸ ਪਤੀ ਵਾਹਿਗੁਰੂ ਦੇ ਮਨ ਨੂੰ ਚੰਗੀ ਲੱਗਦੀ ਹੈ।

**ਮਾਇਆ ਮੋਹਣੀ ਨੀਘਰੀਆ ਜੀਉ ਕੂੜਿ ਮੁਠੀ ਕੂੜਿਆਰੇ ॥ ਕਿਉ ਖੂਲੈ ਗਲ ਜੇਵੜੀਆ ਜੀਉ ਬਿਨੁ ਗੁਰ ਅਤਿ ਪਿਆਰੇ ॥ ਹਰਿ ਪ੍ਰੀਤਿ ਪਿਆਰੇ ਸਬਦਿ ਵੀਚਾਰੇ ਤਿਸਹੀ ਕਾ ਸੋ ਹੋਵੈ ॥ ਪੁੰਨ ਦਾਨ ਅਨੇਕ ਨਾਵਣ ਕਿਉ ਅੰਤਰਿ ਮਲੁ ਧੋਵੈ ॥ ਨਾਮ ਬਿਨਾ ਗਤਿ ਕੋਇ ਨ ਪਾਵੈ ਹਠਿ ਨਿਗ੍ਰਹਿ ਬੇਬਾਣੈ ॥ ਨਾਨਕ ਸਚ ਘਰੁ ਸਬਦਿ ਸਿਞਾਪੈ ਦੁਬਿਧਾ ਮਹਲੁ ਕਿ ਜਾਣੈ ॥ ੩ ॥**

ਪ੍ਰਮੇਸ਼ਰ ਪਤੀ ਦੀ ਮਾਇਆ ਮੋਹਣੀ ਨੇ ਇਸ ਜੀਵ ਇਸਤ੍ਰੀ ਨਿੱਘਰੀ, ਭਾਵ ਘਰ ਤੋਂ ਬਿਨਾ ਨਿੱਘਰੀ ਹੋਈ ਕਰ ਦਿੱਤੀ ਹੈ, ਭਾਵ ਪਤੀ ਤੋਂ ਵਿਛੋੜ ਦਿੱਤੀ ਹੈ, ਇਸੇ ਲਈ ਝੂਠ ਦੀ ਲੁਟੀ ਜਾਂ ਠੱਗੀ ਹੋਈ ਇਹ ਝੂਠੀ ਝੂਠੀ ਹੋ ਗਈ ਹੈ।

ਜੇਹੜੇ ਗੁਰੂ ਤੇਰੀ ਪ੍ਰੀਤੀ ਦੇ ਬਹੁਤ ਹੀ ਪਿਆਰੇ ਹਨ, ਉਹਨਾਂ ਵਿੱਚ ਪ੍ਰੇਮ ਕੀਤਿਆਂ ਬਿਨਾ ਇਸ ਦੇ ਗਲ ਵਿਚੋਂ ਵਾਸ਼ਨਾ ਰੂਪ ਰੱਸੀ ਕਿਸ ਤਰ੍ਹਾਂ ਖੁੱਲੇਗੀ, ਭਾਵ ਨਹੀਂ ਖੁੱਲੇਗੀ। ਪ੍ਰਮੇਸ਼ਰ ਦੀ ਪ੍ਰੀਤੀ ਦੇ ਪਿਆਰੇ ਜੇਹੜੇ ਸਤਿਗੁਰੂ ਹਨ, ਉਹਨਾਂ ਦਾ ਉਪਦੇਸ਼ ਵਿਚਾਰਿਆਂ ਇਹ ਜੀਵ ਰੂਪ ਇਸਤ੍ਰੀ ਉਸ ਪਤੀ ਦੀ ਹੀ ਹੋ ਜਾਂਦੀ ਹੈ, ਜਾਂ ਓਹ ਉਪਦੇਸ਼ ਵਿਚਾਰਨ ਵਾਲੀ ਇਸਤ੍ਰੀ ਦਾ ਪ੍ਰਮੇਸ਼ਰ ਪਤੀ ਬਣ ਜਾਂਦਾ ਹੈ। ਹੋਰ ਜੇਹੜੇ ਅਨੇਕਾਂ ਤੀਰਥਾਂ ਦੇ ਇਸ਼ਨਾਨ ਤੇ ਜੇਹੜੇ ਪੁੰਨ ਦਾਨ ਕਰਦੇ ਹਨ, ਇੱਕੁਰ ਦੇ ਸਕਾਮ ਸਾਧਨ ਕਰਮ ਕਿਉਂ ਰਿਦੇ ਦੀ ਮੈਲ ਨੂੰ ਧੋਂਦੇ ਹਨ, ਭਾਵ ਰਿਦੇ ਦੀ ਮੈਲ ਨਹੀਂ ਜਾਂਦੀ ਹੈ। ਪ੍ਰਮੇਸ਼ਰ ਦੇ ਨਾਮ ਬਿਨਾ ਕੋਈ ਵੀ ਕਿਸੇ ਤਰ੍ਹਾਂ ਮੁਕਤੀ ਨਹੀਂ ਪਾ ਸੱਕਦਾ ਹੈ, ਹਠ ਵਾਲਿਆਂ ਕੰਮਾਂ ਨੂੰ ਫੜਨਾ ਭਾਵ ਕੱਠਿਆਂ ਕਰਨਾ, ਭਾਵ ਬਹੁਤੇ ਕੰਮ ਕਰਨੇ ਅਤੇ ਜੰਗਲਾਂ ਵਿੱਚ ਵੱਸਣਾ ਕੋਈ ਗਤੀ ਨਹੀਂ ਪਾਉਂਦਾ ਹੈ। ਗੁਰੂ ਜੀ--ਸੱਚੇ ਪ੍ਰਮੇਸ਼ਰ ਨੂੰ ਗੁਰਾਂ ਦੇ ਉਪਦੇਸ਼ ਕਰਕੇ ਪਛਾਣੀਦਾ ਹੈ ਅਤੇ ਦ੍ਵੈਤ ਵਾਲਾ ਵਾਹਿਗੁਰੂ ਦੇ ਮਹਿਲ ਨੂੰ ਕੀ ਜਾਣਦ ਹੈ ਭਾਵ ਨਹੀ ਜਾਣਦਾ ਹੈ।

**ਤੇਰਾ ਨਾਮੁ ਸਚਾ ਜੀਉ ਸਬਦੁ ਸਚਾ ਵੀਚਾਰੋ ॥ ਤੇਰਾ ਮਹਲੁ ਸਚਾ ਜੀਉ ਨਾਮੁ ਸਚਾ ਵਾਪਾਰੋ ॥ ਨਾਮ ਕਾ**

Digitized by Panjab Digital Library | www.panjabdigilib.org

ਵਾਪਾਰ ਮੀਠਾ ਭਗਤ ਲਾਹਾ ਅਨਦਿਨੋ ॥ ਤਿਸੁ ਬਾਝੁ ਵਖਰੁ ਕੋਇ ਨ ਸੂਝੈ ਨਾਮੁ ਲੇਵਹੁ ਖਿਨੁਖਿਨੋ ॥ ਪਰਖਿ ਲੇਖਾ ਨਦਰਿ ਸਾਚੀ ਕਰਮਿ ਪੂਰੈ ਪਾਇਆ ॥ ਨਾਨਕ ਨਾਮੁ ਮਹਾ ਰਸੁ ਮੀਠਾ ਗੁਰਿ ਪੂਰੈ ਸਚੁ ਪਾਇਆ ॥ ੪ ॥ ੨ ॥

(ਸ਼ਬਦ = ਵਾਹਿਗੁਰੂ ਜਾਂ ਉਪਦੇਸ਼)

ਹੇ ਵਾਹਿਗੁਰੂ ! ਤੇਰਾ ਨਾਮ ਸੱਚਾ ਹੈ ਅਤੇ ਤੇਰਾ ਵਾਹਿਗੁਰੂ ਰੂਪ ਦਾ ਵਿਚਾਰ ਵੀ ਸੱਚਾ ਹੈ ਜਾਂ ਗੁਰ ਉਪਦੇਸ਼ ਦਾ ਵਿਚਾਰ ਸੱਚਾ ਹੈ, ਤੇਰਾ ਰਹਿਣ ਵਾਲਾ ਥਾਂ ਵੀ ਸੱਚਾ ਹੈ ਅਤੇ ਤੇਰੇ ਨਾਮ ਦਾ ਵਪਾਰ ਵੀ ਸੱਚਾ ਹੈ। ਤੇਰੇ ਨਾਮ ਦਾ ਵਪਾਰ ਭਗਤਾਂ ਨੂੰ ਬੜਾ ਮਿੱਠਾ ਲੱਗਾ ਹੈ, ਇਸ ਲਈ ਤੇਰੀ ਭਗਤੀ ਦਾ ਦਿਨੇ ਰਾਤ ਲਾਭ ਲੈਂਦੇ ਹਨ। ਉਸ ਤੇਰੇ ਨਾਮ ਦੇ ਵਪਾਰ ਤੋਂ ਬਿਨਾਂ ਹੋਰ ਕੋਈ ਸੌਦਾ ਲਾਭ ਵਾਲਾ ਨਹੀਂ ਸੁਝਦਾ ਹੈ, ਇਸ ਲਈ ਛਿਨ ੨ ਤੇਰਾ ਹੀ ਨਾਮ ਲੈਂਦੇ ਹਨ। ਜਿਸ ਨੇ ਸੱਚ ਝੂਠ ਦਾ ਵਿਚਾਰ ਕਰਕੇ ਲੇਖਾ = ਹਿਸਾਬ ਪਰਖਿਆ ਹੈ, ਓਹਨਾਂ ਉਤੇ ਹੀ ਤੇਰੀ ਕਿਰਪਾ ਦ੍ਰਿਸ਼ਟੀ ਹੋਈ ਹੈ, ਜਿਨ੍ਹਾਂ ਦੇ ਪੂਰੇ ਕਰਮ ਹੋ ਗਏ ਹਨ, ਓਹਨਾਂ ਨੇ ਹੀ ਸੱਚ ਝੂਠ ਦਾ ਵਿਚਾਰ ਪਾਇਆ ਹੈ। ਗੁਰੂ ਜੀ--ਅਸਾਂ ਜਾਂ ਓਹਨਾਂ ਗੁਰਮੁਖਾਂ ਦਾ ਨਾਮ ਰੂਪ ਬੜਾ ਮਿੱਠਾ ਰਸ ਪੂਰੇ ਗੁਰਾਂ ਤੋਂ ਹੀ ਨਿਸਚੇ ਕਰਕੇ ਪਾਇਆ ਹੈ।

## ਰਾਗੁ ਗਉੜੀ ਪੂਰਬੀ ਛੰਤ ਮਹਲਾ ੩

### ੧ ਓ ਸਤਿਨਾਮੁ ਕਰਤਾ ਪੁਰਖੁ ਗੁਰਪ੍ਰਸਾਦਿ ॥

ਸਾ ਧਨ ਬਿਨਉ ਕਰੇ ਜੀਉ ਹਰਿਕੇ ਗੁਣ ਸਾਰੇ ॥ ਖਿਨੁ ਪਲੁ ਰਹਿ ਨ ਸਕੈ ਜੀਉ ਬਿਨੁ ਹਰਿ ਪਿਆਰੇ॥ ਬਿਨੁ ਹਰਿ ਪਿਆਰੇ ਰਹਿ ਨ ਸਾਕੈ ਗੁਰ ਬਿਨੁ ਮਹਲੁ ਨ ਪਾਈਐ ॥ ਜੋ ਗੁਰੁ ਕਹੈ ਸੋਈ ਪਰੁ ਕੀਜੈ ਤਿਸਨਾ ਅਗਨਿ ਬੁਝਾਈਐ ॥ ਹਰਿ ਸਾਚਾ ਸੋਈ ਤਿਸੁ ਬਿਨੁ ਅਵਰੁ ਨ ਕੋਈ ਬਿਨੁ ਸੇਵਿਐ ਸੁਖੁ ਨ ਪਾਏ ॥ ਨਾਨਕ ਸਾ ਧਨ ਮਿਲੈ ਮਿਲਾਈ ਜਿਸਨੋ ਆਪਿ ਮਿਲਾਏ ॥ ੧ ॥

ਇਹ ਜੀਵ ਰੂਪ ਇਸਤ੍ਰੀ ਪ੍ਰਮੇਸ਼ਰ ਜਾਂ ਗੁਰਾਂ ਅੱਗੇ ਬੇਨਤੀ ਕਰਦੀ ਹੈ ਅਤੇ ਚਿਤ ਵਿਚ ਪ੍ਰਮੇਸ਼ਰ ਪਤੀ ਦੇ ਗੁਣਾਂ ਨੂੰ ਸੰਭਾਲਦੀ ਹੈ, ਇਹ ਇਸਤ੍ਰੀ

Digitized by Panjab Digital Library | www.panjabdigilib.org

ਪ੍ਰਮੇਸ਼ਰ ਪਤੀ ਦੇ ਪਿਆਰ ਤੋਂ ਬਿਨਾਂ ਛਿਨ ਵੀ ਨਹੀਂ ਰਹਿ ਸੱਕਦੀ ਹੈ।

ਪਿਆਰੇ ਪਤੀ ਤੋਂ ਬਿਨਾਂ ਰਹਿ ਨਹੀਂ ਸੱਕਦੀ ਹੈ ਅਤੇ ਗੁਰਾਂ ਤੋਂ ਬਿਨਾਂ ਉਸ ਪਤੀ ਦਾ ਸਰੂਪ ਨਹੀਂ ਪਾਇਆ ਜਾਂਦਾ ਹੈ। ਇਸ ਲਈ ਜੋ ਕੁਛ ਗੁਰੂ ਜੀ ਆਖਣ, ਓਹੋ ਹੀ ਚੰਗੀ ਤਰ੍ਹਾਂ ਕਰਨਾ ਯੋਗ ਹੈ, ਤ੍ਰਿਸ਼ਨਾ ਅੱਗ ਨੂੰ ਬੁਝਾ ਦੇਵੀਏ। ਪ੍ਰਮੇਸ਼ਰ ਹੀ ਸੱਚਾ ਹੈ ਉਸ ਤੋਂ ਬਿਨਾਂ ਹੋਰ ਕੋਈ ਸੱਚਾ ਨਹੀਂ ਹੈ। ਪਰ ਗੁਰਾਂ ਦੀ ਸੇਵਾ ਬਿਨਾਂ ਉਸਦੇ ਮਿਲਾਪ ਦਾ ਸੁਖ ਨਹੀਂ ਪਾਯਾ ਜਾਵੇਗਾ। ਗੁਰੂ ਜੀ—ਜਿਸ ਨੂੰ ਆਪ ਸਤਿਗੁਰੂ ਜਾਂ ਹਰੀ ਮਿਲਾਉਂਦਾ ਹੈ ਓਹ ਸਿੱਖ ਰੂਪ ਇਸਤ੍ਰੀ ਮਿਲਾਈ ਹੋਈ ਪਤੀ ਪ੍ਰਮੇਸ਼ਰ ਦੇ ਨਾਲ ਮਿਲਦੀ ਹੈ।

**ਧਨ ਰੈਣਿ ਸੁਹੇਲੜੀਏ ਜੀਉ ਹਰਿ ਸਿਉ ਚਿਤੁ ਲਾਏ॥ ਸਤਿਗੁਰ ਸੇਵੇ ਭਾਉ ਕਰੇ ਜੀਉ ਵਿਚਹੁ ਆਪੁ ਗਵਾਏ॥ ਵਿਚਹੁ ਆਪੁ ਗਵਾਏ ਹਰਿ ਗੁਣ ਗਾਏ ਅਨਦਿਨੁ ਲਾਗਾ ਭਾਓ॥ ਸੁਣਿ ਸਖੀ ਸਹੇਲੀ ਜੀਅ ਕੀ ਮੇਲੀ ਗੁਰਕੈ ਸਬਦਿ ਸਮਾਓ॥ ਹਰਿ ਗੁਣ ਸਾਰੀ ਤਾ ਕੰਤ ਪਿਆਰੀ ਨਾਮੇ ਧਰੀ ਪਿਆਰੋ॥ ਨਾਨਕ ਕਾਮਣਿ ਨਾਹ ਪਿਆਰੀ ਰਾਮ ਨਾਮ ਗਲਿ ਹਾਰੋ॥ ੨॥**

ਹੇ ਜੀਵ ਰੂਪ ਇਸਤ੍ਰੀਏ! ਜੇ ਤੂੰ ਹਰੀ ਪਤੀ ਵਿੱਚ ਚਿੱਤ ਲਾਵੇਂ ਤੇ ਤਾਂ ਤੇਰੀ ਅਵਸਥਾ ਰੂਪ ਰਾਤ ਸੁਖ ਨਾਲ ਬੀਤੇਗੀ ਅਤੇ ਸਤਿਗੁਰਾਂ ਦੀ ਸੇਵਾ ਪ੍ਰੇਮ ਨਾਲ ਕਰੇਂ ਅਤੇ ਆਪਣੇ ਜੀਅ ਵਿੱਚੋਂ ਆਪਾ ਭਾਵ ਹੰਕਾਰ ਨੂੰ ਦੂਰ ਕਰ ਦੇਵੇਂ। ਜੇਹੜਾ ਆਪਣੇ ਚਿੱਤ ਵਿੱਚੋਂ ਹੰਕਾਰ ਨੂੰ ਗਵਾਕੇ ਹਰੀ ਦੇ ਗੁਣਾਂ ਨੂੰ ਗਾਵੇ, ਉਸਦਾ ਦਿਨ ਰਾਤ ਪ੍ਰੇਮ ਲਗਾ ਹੈ। ਹੇ ਸਖੀ ਸਹੇਲੀ = ਮੇਰੀ ਪਿਆਰੀ ਸਖੀ! ਮੇਰੇ ਜੀਅ ਦੀ ਮੇਲਨ ਵਾਲੀ, ਸੁਣ, ਗੁਰਾਂ ਦੇ ਉਪਦੇਸ ਵਿੱਚ ਸਮਾਉਣਾ ਕਰ। ਜਦੋਂ ਹਰੀ ਪਤੀ ਦੇ ਗੁਣਾਂ ਨੂੰ ਸੰਭਾਲੇਂਗੀ ਤੇ ਤਾਂ ਪਤੀ ਨੂੰ ਪਿਆਰੀ ਲੱਗੇਂਗੀ, ਇਸ ਲਈ ਨਾਮ ਦੇ ਵਿੱਚ ਹੀ ਪਿਆਰ ਧਾਰਨਾ ਕਰ। ਗੁਰੂ ਜੀ—ਓਹੋ ਹੀ ਇਸਤ੍ਰੀ ਪਤੀ ਨੂੰ ਪਿਆਰੀ ਹੈ, ਜਿਸ ਨੇ ਨਾਮ ਦਾ ਹਾਰ ਗਲ ਵਿੱਚ ਪਾਇਆ ਹੈ।

Digitized by Panjab Digital Library | www.panjabdigilib.org

ਧਨ ਏਕਲੜੀ ਜੀਉ ਬਿਨੁ ਨਾਹ ਪਿਆਰੇ ॥ ਦੂਜੈ ਭਾਇ ਮੁਠੀ ਜੀਉ ਬਿਨੁ ਗੁਰ ਸਬਦ ਕਰਾਰੇ ॥ ਬਿਨੁ ਸਬਦ ਪਿਆਰੇ ਕਉਣੁ ਦੁਤਰੁ ਤਾਰੇ ਮਾਇਆ ਮੋਹਿ ਖੁਆਈ ॥ ਕੂੜਿ ਵਿਗੁਤੀ ਤਾ ਪਿਰਿ ਮੁਤੀ ਸਾ ਧਨ ਮਹਲੁ ਨ ਪਾਈ ॥ ਗੁਰ ਸਬਦੇ ਰਾਤੀ ਸਹਜੇ ਮਾਤੀ ਅਨ ਦਿਨੁ ਰਹੈ ਸਮਾਏ ॥ ਨਾਨਕ ਕਾਮਣਿ ਸਦਾ ਰੰਗਿ ਰਾਤੀ ਹਰਿ ਜੀਉ ਆਪਿ ਮਿਲਾਏ ॥ ੩ ॥

ਇਹ ਇਸਤ੍ਰੀ ਉਸ ਪਿਆਰੇ ਪਤੀ ਬਿਨਾਂ ਕੱਲੀ ਹੈ ਭਾਵ ਬਹੁਤ ਹੀ ਦੁਖੀ ਰਹਿੰਦੀ ਹੈ ਅਤੇ ਗੁਰਾਂ ਦੇ ਉਪਦੇਸ਼ ਬੜੇ ਕਰੜੇ ਜ਼ੋਰ ਵਾਲੇ ਹਨ। ਸੋ ਉਹਨਾਂ ਉਪਦੇਸ਼ਾਂ ਤੋਂ ਬਿਨਾਂ ਇਹ ਦ੍ਵੈਤ ਭਾਵ ਵਿੱਚ ਭੋਗੀ ਗਈ ਹੈ।

ਉਸ ਗੁਰ ਉਪਦੇਸ਼ ਵਿੱਚ ਪਿਆਰ ਕੀਤਿਆਂ ਬਿਨਾਂ ਇਸ ਮਾਇਆ ਦੇ ਮੋਹ ਦੀ ਗਵਾਹੀ ਹੋਈਨੂੰ ਇਸ ਔਖੇ ਸੰਸਾਰ ਸਮੁੰਦਰ ਤੋਂ ਕੌਣ ਤਾਰੇਗਾ?

ਜਦੋਂ ਇਹ ਝੂਠ ਵਿੱਚ ਖਰਾਬ ਹੋਈ ਹੈ ਤਾਂ ਇਹ ਪਤੀ ਤੋਂ ਛੁਟੀ ਭਾਵ ਛੱਡੀ ਗਈ ਹੈ, ਇਸ ਲਈ ਇਸ ਜਾਂ ਉਸ ਇਸਤ੍ਰੀ ਨੇ ਵਾਹਿਗੁਰੂ ਦੇ ਮਹਿਲ ਪਾਸ ਜਾਕੇ ਇਸਤਤੀ ਨਹੀਂ ਪਾਈ ਹੈ ਭਾਵ ਬਹਿਣਾ ਨਹੀਂ ਮਿਲਿਆ। ਜੇਹੜੀ ਗੁਰਾਂ ਦੇ ਉਪਦੇਸ਼ ਵਿੱਚ ਰੱਤੀ ਹੈ, ਓਹ ਸ਼ਾਂਤੀ ਜਾਂ ਗਿਆਨ ਵਿਚ ਮਸਤ ਹੋਕੇ ਲਗਾਤਾਰ ਹੀ ਆਪਣੇ ਮਾਲਕ ਵਿਚ ਸਮਾਈ ਹੋਈ ਹੈ ਭਾਵ ਰਾਤ ਦਿਨੇ ਮਿਲੀ ਰਹਿੰਦੀ ਹੈ ਗੁਰੂ ਜੀ-ਓਹ ਇਸਤ੍ਰੀ ਸਦਾ ਹੀ ਪ੍ਰੇਮ ਵਿੱਚ ਰੱਤੀ ਹੋਈ ਹੈ,ਓਹ ਪਤੀ ਹਰੀ ਨੇ ਨਾਲ ਮਿਲਾ ਲਈ ਹੈ।

ਤਾ ਮਿਲੀਐ ਹਰਿ ਮੇਲੇ ਜੀਉ ਹਰਿ ਬਿਨੁ ਕਵਣੁ ਮਿਲਾਏ ॥ ਬਿਨੁ ਗੁਰ ਪ੍ਰੀਤਮ ਆਪਣੇ ਜੀਉ ਕਉਣੁ ਭਰਮੁ ਚੁਕਾਏ ॥ ਗੁਰੁ ਭਰਮੁ ਚੁਕਾਏ ਇਉ ਮਿਲੀਐ ਮਾਏ ਤਾ ਸਾ ਧਨ ਸੁਖੁ ਪਾਏ ॥ ਗੁਰ ਸੇਵਾ ਬਿਨੁ ਘੋਰ ਅੰਧਾਰੁ ਬਿਨੁ ਗੁਰ ਮਗੁ ਨ ਪਾਏ ॥ ਕਾਮਣਿ ਰੰਗਿ ਰਾਤੀ ਸਹਜੇ ਮਾਤੀ ਗੁਰ ਕੈ ਸਬਦਿ ਵੀਚਾਰੇ ॥ ਨਾਨਕ ਕਾਮਣਿ ਹਰਿ ਵਰੁ ਪਾਇਆ ਗੁਰ ਕੈ ਭਾਇ ਪਿਆਰੇ ॥ ੪ ॥ ੧ ॥

ਤਾਂ ਮਿਲੀਦਾ ਹੈ ਜਦੋਂ ਪਤੀ ਪ੍ਰਮੇਸ਼ਰ ਆਪ ਕਿਰਪਾ ਕਰਕੇ ਆਪਣੇ

Digitized by Panjab Digital Library | www.panjabdigilib.org

ਨਾਲ ਮਿਲਾਉਂਦਾ ਹੈ, ਉਸ ਪ੍ਰਮੇਸ਼ਰ ਤੋਂ ਬਿਨਾਂ ਹੋਰ ਕੌਣ ਉਸਦੇ ਨਾਲ ਮਿਲਾ ਸਕਦਾ ਹੈ ਭਾਵ ਕੋਈ ਨਹੀਂ। ਆਪਣੇ ਗੁਰੂ ਪਿਆਰੇ ਬਿਨਾਂ ਇਸਦਾ ਭਰਮ ਕੌਣ ਦੂਰ ਕਰ ਸੱਕਦਾ ਹੈ ਭਾਵ ਕੋਈ ਨਹੀਂ, ਗੁਰੂ ਹੀ ਭਰਮ ਨੂੰ ਦੂਰ ਕਰਦੇ ਹਨ।

ਜਦੋਂ ਗੁਰੂ ਭਰਮਨੂੰ ਦੂਰ ਕਰਦੇ ਹਨ ਤੇ ਤਾਂ ਉਸਦੇ ਨਾਲ ਮਿਲੀਦਾ, ਜਦੋਂ ਮਿਲੀਦਾ ਹੈ ਤੇ ਤਾਂ ਏਹ ਇਸਤ੍ਰੀ ਸੁਖ ਨੂੰ ਪਾਉਂਦੀ ਹੈ। ਸਤਿਗੁਰਾਂ ਦੀ ਸੇਵਾ ਬਿਨਾ ਅਗਜਾਨ ਰੂਪ ਡਰਾਉਣਾ ਜਾਂ ਸੰਘਣਾ ਗਾਹੜਾ ਹਨੇਰਾ ਹੈ,ਇਸ ਵਿੱਚੋਂ ਗੁਰੂ ਤੋਂ ਬਿਨਾਂ ਕੋਈ ਭੀ ਰਸਤੇ ਨਹੀਂ ਪਾ ਸਕਦਾ ਹੈ।

ਜੇਹੜੀ ਇਸਤ੍ਰੀ ਉਸ ਪਤੀ ਦੇ ਪ੍ਰੇਮ ਵਿਚ ਰੱਤੀ ਹੈ, ਓਹ ਗੁਰਾਂ ਦੇ ਸ਼ਬਦ ਦੇ ਵਿਚਾਰ ਨਾਲ ਸਹਜੇ ਹੀ ਮੱਤੀ ਹੋਈ ਹੈ। ਗੁਰੂ ਜੀ–ਉਸ ਸਿਖ ਇਸਤ੍ਰੀ ਨੇ ਗੁਰਾਂ ਦੇ ਪ੍ਰੇਮ ਕਰਕੇ ਪਿਆਰੇ ਹਰੀ ਪਤੀ ਨੂੰ ਪਾ ਲਿਆ ਹੈ।

## ਗਉੜੀ ਮਹਲਾ ੩ ॥

**ਪਿਰ ਬਿਨੁ ਖਰੀ ਨਿਮਾਣੀ ਜੀਉ ਬਿਨੁ ਪਿਰ ਕਿਉ ਜੀਵੈ ਮੇਰੀ ਮਾਈ ॥ ਪਿਰ ਬਿਨੁ ਨੀਦ ਨ ਆਵੈ ਜੀਉ ਕਾਪੜੁ ਤਨਿ ਨ ਸੁਹਾਈ ॥ ਕਾਪਰੁ ਤਨਿ ਸੁਹਾਵੈ ਜਾ ਪਿਰ ਭਾਵੈ ਗੁਰਮਤੀ ਚਿਤੁ ਲਾਈਐ ॥ ਸਦਾ ਸੁਹਾਗਣਿ ਜਾ ਸਤਿਗੁਰੁ ਸੇਵੇ ਗੁਰਕੈ ਅੰਕਿ ਸਮਾਈਐ ॥ ਗੁਰ ਸਬਦੇ ਮੇਲਾ ਤਾ ਪਿਰੁ ਰਾਵੀ ਲਾਹਾ ਨਾਮੁ ਸੰਸਾਰੇ ॥ ਨਾਨਕ ਕਾਮਣਿ ਨਾਹ ਪਿਆਰੀ ਜਾ ਹਰਿ ਕੇ ਗੁਣ ਸਾਰੇ ॥ ੧ ॥**

ਹੇ ਮੇਰੀ ਮਾਂ ! ਆਪਣੇ ਪਿਆਰੇ ਪਤੀ ਤੋਂ ਬਿਨਾ ਬਹੁਤੀ ਨਿਮਾਣੀ ਹੋਈ ੨ ਹਾਂ, ਕਿਉਂਕਿ ਉਸ ਪਤੀ ਤੋਂ ਬਿਨਾ ਮੇਰਾ ਜੀਵਣਾ ਕਿਸਤਰਾਂ ਹੋਵੇ ਭਾਵ ਮੈਂ ਮਰਦੀ ਜਾਂਦੀ ਹਾਂ। ਉਸ ਪਤੀ ਬਿਨਾ ਮੈਨੂੰ ਸ਼ਾਂਤੀ ਰੂਪ ਨੀਂਦ ਨਹੀਂ ਆਉਂਦੀ ਹੈ ਅਤੇ ਸਰੀਰ ਰੂਪ ਕਪੜਾ ਵੀ ਚੰਗਾ ਨਹੀਂ ਲੱਗਦਾ ਹੈ ਜਾਂ ਪ੍ਰਗਟ ਹੀ ਨੀਂਦ ਤੇ ਕਪੜੇ ਦਾ ਅਰਥ ਕਰਨਾ।

ਇਹ ਸਰੀਰ ਰੂਪ ਕਪੜਾ ਤਾਂ ਚੰਗਾ ਸੋਹਣਾ ਲੱਗਦਾ ਹੈ ਜਦੋਂ ਇਸਤ੍ਰੀ ਪਤੀ ਨੂੰ ਚੰਗੀ ਲੱਗ ਜਾਵੇ, ਇਸ ਲਈ ਗੁਰਾਂ ਦੀ ਸਿੱਖਿਆ ਨਾਲ ਪਤੀ ਹਰੀ ਦੇ ਵਿੱਚ ਚਿੱਤ ਨੂੰ ਲਾਈਏ, ਜਦੋਂ ਗੁਰਾਂ ਦੀ ਸੇਵਾ ਕਰਕੇ ਗੁਰਾਂ ਦੇ ਗਲ ਨਾਲ ਲੱਗ ਜਾਵੇ, ਤਾਂ ਓਹ ਸਦਾ ਸੁਹਾਗ ਵਾਲੀ ਹੁੰਦੀ ਹੈ। ਜਦੋਂ ਗੁਰਾਂ ਦੇ ਉਪਦੇਸ਼ ਦਾ ਮੇਲਾ ਹੋਇਆ ਤਾਂ ਪਤੀ ਨੇ ਇਹ

Digitized by Panjab Digital Library | www.panjabdigilib.org

ਇਸਤ੍ਰੀ ਰਾਵੀ, ਭਾਵ ਇਸ ਨੂੰ ਅਨੰਦ ਸੁਖ ਹੋਇਆ, ਤਾਂ ਫਿਰ ਇਸ ਸੰਸਾਰ ਤੋਂ ਨਾਮ ਦਾ ਲਾਭ ਲਿਆ। ਗੁਰੂ ਜੀ-ਜਦੋਂ ਇਸਤ੍ਰੀ ਨੇ ਪਤੀ ਦੇ ਗੁਣਾਂ ਨੂੰ ਯਾਦ ਕੀਤਾ ਤੇ ਤਾਂਆਪਣੇ ਪਤੀ ਨੂੰ ਬਹੁਤ ਹੀ ਪਿਆਰੀ ਲੱਗੀ।

**ਸਾਧਨ ਰੰਗੁਮਾਣੇ ਜੀਉ ਆਪਣੇ ਨਾਲਿ ਪਿਆਰੇ॥ ਅਹਿਨਿਸਿ ਰੰਗਿ ਰਾਤੀ ਜੀਉ ਗੁਰ ਸਬਦੁ ਵੀਚਾਰੇ ॥ ਗੁਰ ਸਬਦੁ ਵੀਚਾਰੇ ਹਉਮੈ ਮਾਰੇ ਇਨ ਬਿਧਿ ਮਿਲਹੁ ਪਿਆਰੇ॥ ਸਾਧਨ ਸੋਹਾਗਣਿ ਸਦਾ ਰੰਗਿ ਰਾਤੀ ਸਾਚੈ ਨਾਮਿ ਪਿਆਰੇ॥ ਅਪੁਨੇ ਗੁਰਿ ਮਿਲਿ ਰਹੀਐ ਅੰਮ੍ਰਿਤੁ ਗਹੀਐ ਦੁਬਿਧਾ ਮਾਰਿ ਨਿਵਾਰੇ ॥ ਨਾਨਕ ਕਾਮਣਿ ਹਰਿ ਵਰੁ ਪਾਇਆ ਸਗਲੇ ਦੂਖ ਵਿਸਾਰੇ ॥ ੨ ॥**

ਓਹੋ ਹੀ ਜੀਵਰੂਪੀ ਇਸਤ੍ਰੀ ਆਪਣੇ ਪਿਆਰੇ ਪਤੀ ਨਾਲ ਮਿਲ ਕੇ ਅਨੰਦ ਨੂੰ ਮਾਣਦੀ ਹੈ ਜੇਹੜੀ ਦਿਨੇ ਰਾਤ ਆਪਣੇ ਜੀਅ ਨੂੰ ਲਾਕੇ ਪ੍ਰੇਮ ਵਿੱਚ ਰੱਤੀ ਹੋਈ ਗੁਰ ਸ਼ਬਦ ਨੂੰ ਵਿਚਾਰਦੀ ਹੈ, ਗੁਰਾਂ ਦੇ ਸ਼ਬਦ ਨੂੰ ਵਿਚਾਰ ਕੇ ਫਿਰ ਹੰਕਾਰ ਨੂੰ ਮਾਰ ਸੁਟੇ,ਫਿਰ ਇਕੁੱਰ ਪਿਆਰੇ ਪਤੀ ਨੂੰ ਮਿਲੇਗੀ, ਓਹੋ ਹੀ ਇਸਤ੍ਰੀ ਸੁਹਾਗਣੀ ਹੈ, ਜਿਸਨੂੰ ਸੱਚੇ ਨਾਮ ਪਿਆਰੇ ਲਗੇ ਹਨ ਅਤੇ ਸਦਾ ਹੀ ਪ੍ਰੇਮ ਵਿਚ ਰੱਤੀ ਹੋਈ ਹੈ। ਇਸ ਲਈ ਆਪਣਿਆਂ ਗੁਰਾਂ ਦੇ ਨਾਲ ਮਿਲ ਰਹੀਏ ਅਤੇ ਉਹਨਾਂ ਦੇ ਉਪਦੇਸ਼ ਅੰਮ੍ਰਿਤ ਨੂੰ ਫੜੀਏ ਭਾਵ ਦਿਲ ਵਿਚ ਧਰੀਏ। ਜੇਹੜੀ ਇਕੁੱਰ ਕਰਦੀ ਹੈ ਓਹੋ ਹੀ ਦ੍ਵੈਤ ਭਾਵਨਾ ਨੂੰ ਦੂਰ ਕਰਦੀ ਹੈ। ਗੁਰੂ ਜੀ-ਇਸ ਇਸਤ੍ਰੀ ਨੇ ਹਰੀ ਪਤੀ ਨੂੰ ਪਾਇਆ ਹੈ ਅਤੇ ਸਾਰੇ ਦੁਖ ਦੂਰ ਹੋ ਗਏ ਹਨ।

**ਕਾਮਣਿ ਪਿਰਹੁ ਭੁਲੀ ਜੀਉ ਮਾਇਆ ਮੋਹਿ ਪਿਆਰੇ॥ ਝੂਠੀ ਝੂਠਿ ਲਗੀ ਜੀਉ ਕੂੜਿ ਮੁਠੀ ਕੂੜਿਆਰੇ॥ ਕੂੜੁ ਨਿਵਾਰੇ ਗੁਰਮਤਿ ਸਾਰੇ ਜੂਐ ਜਨਮੁ ਨ ਹਾਰੇ ॥ ਗੁਰ ਸਬਦੁ ਸੇਵੇ ਸਚਿ ਸਮਾਵੈ ਵਿਚਹੁ ਹਉਮੈ ਮਾਰੇ ॥ ਹਰਿ ਕਾ ਨਾਮੁ ਰਿਦੈ ਵਸਾਏ ਐਸਾ ਕਰੇ ਸੀਗਾਰੋ ॥ ਨਾਨਕ ਕਾਮਣਿ ਸਹਜਿ ਸਮਾਣੀ ਜਿਸੁ ਸਾਚਾ ਨਾਮੁ ਆਧਾਰੋ ॥੩ ॥**

ਜੇਹੜੀ ਮਾਇਆ ਦੇ ਵਿਚ ਮੋਹ ਕਰਦੀ ਹੈ ਓਹ ਜੀਵ ਰੂਪੀ ਇਸਤ੍ਰੀ

Digitized by Panjab Digital Library | www.panjabdigilib.org

ਆਪਣੇ ਪਿਆਰੇ ਪਤੀ ਤੋਂ ਭੁੱਲੀ ਹੋਈ ਹੈ ਅਤੇ ਓਹ ਝੂਠੀ ਝੂਠ ਵਿੱਚ ਲੱਗੀ ਹੋਈ ਹੈ ਅਤੇ ਓਸ ਝੂਠੀ ਨੂੰ ਝੂਠਿਆਂ ਪਦਾਰਥਾਂ ਨੇ ਠੱਗ ਲਿਆ ਹੈ। ਜਦੋਂ ਗੁਰਾਂ ਦੀ ਸਿਖਿਆ ਨੂੰ ਸੰਭਾਲੇ ਅਤੇ ਝੂਠ ਨੂੰ ਦੂਰ ਕਰ ਦੇਵੇ ਤੇ ਤਾਂ ਇਸ ਜਨਮ ਨੂੰ ਜੂਏ ਵਿਚ ਨਹੀਂ ਹਾਰਦੀ ਹੈ। ਗੁਰਾਂ ਦੇ ਸ਼ਬਦ ਨੂੰ ਸੇਵੇ ਭਾਵ ਕਮਾਵੇ ਅਤੇ ਰਿਦੇ ਵਿਚੋਂ ਹੰਕਾਰ ਨੂੰ ਮਾਰ ਦੇਵੇ ਤਾਂ ਸੱਚੇ ਵਾਹਿਗੁਰੂ ਦੇ ਨਾਲ ਮਿਲ ਜਾਂਦੀ ਹੈ। ਪ੍ਰਮੇਸ਼ਰ ਦਾ ਨਾਮ ਦਿਲ ਵਿਚ ਵਸਾਵੇ ਇੱਕੁਰ ਦਾ ਚੰਗਿਆਂ ਗੁਣਾਂ ਵਾਲਾ ਸ਼ਿੰਗਾਰ ਕਰੇ। ਗੁਰੂ ਜੀ-ਓਹ ਇਸਤ੍ਰੀ ਸਹਿਜਸਰੂਪ ਵਿਚ ਸਮਾਈ ਭਾਵ ਪਤੀ ਨਾਲ ਮਿਲੀ ਹੈ, ਜਿਸਨੂੰ ਸਚੇ ਨਾਮ ਦਾ ਆਸਰਾ ਹੈ।

**ਮਿਲੁ ਮੇਰੇ ਪ੍ਰੀਤਮਾ ਜੀਉ ਤੁਧੁ ਬਿਨੁ ਖਰੀ ਨਿਮਾਣੀ ॥ ਮੈ ਨੈਣੀ ਨੀਦ ਨ ਆਵੈ ਜੀਉ ਭਾਵੈ ਅੰਨੁ ਨ ਪਾਣੀ ॥ ਪਾਣੀ ਅੰਨੁ ਨ ਭਾਵੈ ਮਰੀਐ ਹਾਵੈ ਬਿਨੁ ਪਿਰ ਕਿਉ ਸੁਖੁ ਪਾਈਐ ॥ ਗੁਰ ਆਗੈ ਕਰਉ ਬਿਨੰਤੀ ਜੇ ਗੁਰ ਭਾਵੈ ਜਿਉ ਮਿਲੈ ਤਿਵੈ ਮਿਲਾਈਐ ॥ ਆਪੇ ਮੇਲਿ ਲਏ ਸੁਖ ਦਾਤਾ ਆਪਿ ਮਿਲਿਆ ਘਰਿ ਆਏ ॥ ਨਾਨਕ ਕਾਮਣਿ ਸਦਾ ਸੁਹਾਗਣਿ ਨਾ ਪਿਰੁ ਮਰੈ ਨ ਜਾਏ ॥ ੪ ॥ ੨ ॥**

ਹੇ ਪਿਆਰਿਆ ਮੈਨੂੰ ਮਿਲ, ਕਿਉਂਕਿ ਮੈਂ ਤੈਥੋਂ ਬਿਨਾਂ ਜੀਅ ਵਿਚ ਬੜੀ ਨਿਮਾਣੀ ਹੋਈ ਹੋਈ ਹਾਂ। ਹੇ ਮਾਲਕਾ! ਮੈਨੂੰ ਅਖਾਂ ਵਿਚ ਨੀਂਦ ਨਹੀਂ ਆਉਂਦੀ ਹੈ ਅਤੇ ਅੰਨ ਪਾਣੀ ਵੀ ਖਾਣਾ ਪੀਣਾ ਚੰਗਾ ਨਹੀਂ ਲੱਗਦਾ ਹੈ। ਅੰਨ ਪਾਣੀ ਮੈਨੂੰ ਨਹੀਂ ਚੰਗਾ ਲੱਗਦਾ ਹੈ, ਤੇਰੇ ਵਿਛੋੜੇ ਦੇ ਹਾਹੁਕਿਆਂ ਵਿਚ ਮਰੀਦਾ ਹੈ! ਹੇ ਪਤੀ! ਤੈਥੋਂ ਬਿਨਾਂ ਕਿਸਤਰਾਂ ਸੁਖ ਪਾਈਏ। ਇਸ ਲਈ ਹੁਣ ਮੈਂ ਤੇਰੇ ਨਾਲ ਮਿਲਨ ਵਾਸਤੇ ਗੁਰਾਂ ਅੱਗੇ ਪ੍ਰਾਰਥਨਾ ਕਰਦੀ ਹਾਂ। ਹੇ ਗੁਰੂ ਜੀ! ਜੇ ਆਪਨੂੰ ਮੇਰੀ ਬੇਨਤੀ ਚੰਗੀ ਲੱਗਦੀ ਹੈ ਤਾਂ ਜਿਸਤਰਾਂ ਮਿਲ ਸਕਦਾ ਹੈ, ਉਸਤਰਾਂ ਹੀ ਉਸ ਪਤੀ ਨੂੰ ਮਿਲਾ ਦਿਓ ਜਾਂ ਮੈਨੂੰ ਹੀ ਉਸਦੇ ਨਾਲ ਮਿਲਾ ਦਿਓ।

ਹੇ ਸਾਰਿਆਂ ਸੁਖਾਂ ਦੇ ਦੇਣ ਵਾਲਿਆ ਪ੍ਰਮੇਸ਼ਰਾ! ਜਿਸਨੂੰ ਤੂੰ ਆਪੇ ਹੀ ਗੁਰਾਂ ਦੇ ਨਾਲ ਮੇਲਦਾ ਹੈਂ, ਓਹਨਾਂ ਦੇ ਘਰ = ਦਿਲ ਵਿਚ ਤੂੰ ਆਪੇ ਹੀ ਆਕੇ ਮਿਲਿਆ ਹੈਂ। ਗੁਰੂ ਜੀ-ਓਹ ਇਸਤ੍ਰੀ ਸਦਾ ਸੁਹਾਗਣੀ ਹੈ, ਓਹਨਾਂ ਦਾ ਪਤੀ ਨਾ ਮਰਦਾ ਹੈ ਨਾ ਕਿਤੇ ਜਾਂਦਾ ਹੀ ਹੈ।

Digitized by Panjab Digital Library | www.panjabdigilib.org

ਗਉੜੀ ਮਹਲਾ ੩ ॥

ਕਾਮਣਿ ਹਰਿ ਰਸਿ ਬੇਧੀ ਜੀਉ ਹਰਿਕੈ ਸਹਜਿ ਸੁਭਾਏ ॥ ਮਨੁ ਮੋਹਨਿ ਮੋਹਿ ਲੀਆ ਜੀਉ ਦੁਬਿਧਾ ਸਹਜਿ ਸਮਾਏ ॥ ਦੁਬਿਧਾ ਸਹਜਿ ਸਮਾਏ ਕਾਮਣਿ ਵਰੁ ਪਾਏ ਗੁਰਮਤੀ ਰੰਗੁ ਲਾਏ ॥ ਇਹੁ ਸਰੀਰੁ ਕੂੜਿ ਕੁਸਤਿ ਭਰਿਆ ਗਲਤਾਈ ਪਾਪ ਕਮਾਏ ॥ ਗੁਰਮੁਖਿ ਭਗਤਿ ਜਿਤੁ ਸਹਜ ਧੁਨਿ ਉਪਜੈ ਬਿਨੁ ਭਗਤੀ ਮੈਲੁ ਨ ਜਾਏ ॥ ਨਾਨਕ ਕਾਮਣਿ ਪਿਰਹਿ ਪਿਆਰੀ ਵਿਚਹੁ ਆਪੁ ਗਵਾਏ ॥ ੧ ॥

ਜੇਹੜੀ ਜੀਵ ਰੂਪ ਇਸਤ੍ਰੀ ਪਤੀ ਪ੍ਰਮੇਸ਼ਰ ਦੇ ਨਾਮ ਦੇ ਰਸ ਬੇਧੀ = ਮਿਲੀ ਹੈ, ਓਹ ਹਰੀ ਦੇ ਸਰੂਪ ਨੂੰ ਸਹਿਜੇ ਹੀ ਮਿਲ ਜਾਵੇਗੀ। ਉਸਦਾ ਮਨ ਮੋਹਨ = ਪ੍ਰਮੇਸ਼ਰ ਨੇ ਆਪਣੇ ਵੱਸ ਕਰ ਲਿਆ ਹੈ, ਏਸੇ ਲਈ ਉਸ ਦੇ ਦ੍ਵੈਤ ਭਾਵ ਆਦਿਕ ਵਿਕਾਰ ਸਹਿਜੇ ਹੀ ਸਾਰੇ ਨਾਸ ਹੋ ਗਏ ਹਨ। ਸਹਿਜੇ ਹੀ ਦ੍ਵੈਤ ਨੂੰ ਨਾਸ ਕਰਕੇ ਇਸਤ੍ਰੀ ਨੇ ਆਪਣੇ ਪਤੀ ਨੂੰ ਪਾਕੇ ਗੁਰਾਂ ਦੀ ਸਿਖਿਆ ਨਾਲ ਅਨੰਦ ਲਏ ਹਨ। ਗੁਰ ਸਿੱਖਿਆ ਬਿਨਾ ਇਸਤ੍ਰੀ ਦਾ ਸਰੀਰ ਝੂਠ, ਖੋਟੇ ਹਠ ਆਦਿਕ ਵਿਕਾਰਾਂ ਨਾਲ ਭਰਿਆ ਹੋਇਆ ਹੈ, ਗਲ ਤਾਈਂ ਵਿਕਾਰ ਕਮਾਉਂਦਾ ਹੈ, ਭਾਵ ਬਹੁਤ ਪਾਪ ਕਰਦੀ ਹੈ, ਜਾਂ ਗੱਲਾਂ ਕਰਦੀ ਵੀ ਪਾਪ ਕਰਦੀ ਹੈ। ਇਸ ਲਈ ਗੁਰਾਂ ਦੁਆਰੇ ਭਗਤੀ ਕਰਨੀ ਹੀ ਬਹੁਤ ਚੰਗੀ ਹੈ, ਜਿਸਦੇ ਕਰਨ ਨਾਲ ਸ਼ਾਂਤੀ ਰੂਪ ਧੁਨਿ = ਬਾਣੀ ਪ੍ਰਗਟ ਹੁੰਦੀ ਹੈ ਅਤੇ ਭਗਤੀ ਬਿਨਾ ਪਾਪਾਂ ਰੂਪ ਮੈਲ ਨਹੀਂ ਜਾਂਦੀ ਹੈ। ਗੁਰੂ ਜੀ—ਓਹ ਇਸਤ੍ਰੀ ਪਤੀ ਨੂੰ ਪਿਆਰੀ ਹੈ, ਜੇਹੜੀ ਆਪਣੇ ਦਿਲ ਵਿਚੋਂ ਹੰਕਾਰ ਨੂੰ ਦੂਰ ਕਰ ਦੇਂਦੀ ਹੈ।

ਕਾਮਣਿ ਪਿਰੁ ਪਾਇਆ ਜੀਉ ਗੁਰਕੈ ਭਾਇ ਪਿਆਰੇ ॥ ਰੈਣਿ ਸੁਖਿ ਸੁਤੀ ਜੀਉ ਅੰਤਰਿ ਉਰਿਧਾਰੇ ॥ ਅੰਤਰਿ ਉਰਿਧਾਰੇ ਮਿਲੀਐ ਪਿਆਰੇ ਅਨਦਿਨੁ ਦੁਖੁ ਨਿਵਾਰੇ ॥ ਅੰਤਰਿ ਮਹਲੁ ਪਿਰੁ ਰਾਵੇ ਕਾਮਣਿ ਗੁਰਮਤੀ ਵੀਚਾਰੇ ॥ ਅੰਮ੍ਰਿਤੁ ਨਾਮੁ ਪੀਆ ਦਿਨ ਰਾਤੀ ਦੁਬਿਧਾ

Digitized by Panjab Digital Library | www.panjabdigilib.org

**ਮਾਰਿ ਨਿਵਾਰੇ ॥ ਨਾਨਕ ਸਚਿ ਮਿਲੀ ਸੋਹਾਗਣਿ ਗੁਰਕੈ ਹੇਤਿ ਅਪਾਰੇ ॥ ੨ ॥**

ਉਸ ਇਸਤ੍ਰੀ ਨੇ ਪਤੀ ਨੂੰ ਪਾਇਆ ਹੈ, ਜਿਸਨੇ ਗੁਰਾਂ ਦੇ ਭਾਇ = ਪ੍ਰੇਮ ਜਾਂ ਹੁਕਮ ਵਿੱਚ ਪਿਆਰ ਕੀਤਾ ਹੈ। ਓਹੋ ਹੀ ਅਵਸਥਾ ਰੂਪ ਰਾਤ ਵਿੱਚ ਸੁਖ ਨਾਲ ਸੁੱਤੀ ਹੈ, ਜਿਸ ਨੇ ਆਪਣੇ ਦਿਲ ਅੰਦਰ ਸਤਿਗੁਰਾਂ ਦੇ ਬਚਨ ਧਾਰੇ ਹਨ, ਭਾਵ ਕਮਾਏ ਹਨ। ਗੁਰਾਂ ਦੇ ਬਚਨ ਰਿਦੇ ਅੰਦਰ ਧਾਰਨ ਨਾਲ ਹੀ ਪਿਆਰੇ ਪਤੀ ਨੂੰ ਮਿਲ ਜਾਈਦਾ ਹੈ ਅਤੇ ਦਿਨੇ ਰਾਤ ਦੁੱਖਾਂ ਨੂੰ ਦੂਰ ਕਰ ਦਈਦਾ ਹੈ, ਓਹ ਜੀਵ ਰੂਪ ਇਸਤ੍ਰੀ ਗੁਰਾਂ ਦੀ ਸਿੱਖਿਆ ਨੂੰ ਵਿਚਾਰਦੀ ਹੈ ਅਤੇ ਆਪਣੇ ਮਹਿਲ = ਸਰੀਰ ਦੇ ਅੰਦਰ ਹੀ ਪਤੀ ਨੂੰ ਰਾਉਂਦੀ ਹੈ, ਭਾਵ ਅਨੰਦ ਮਾਣਦੀ ਹੈ। ਜਿਸਨੇ ਹਰੀ ਦਾ ਨਾਮ ਅੰਮ੍ਰਿਤ ਦਿਨੇ ਰਾਤ ਪੀਤਾ ਹੈ, ਓਹ ਦ੍ਵੈਤ ਭਾਵ ਨੂੰ ਮਾਰਕੇ ਦੂਰ ਕਰ ਦੇਂਦੀ ਹੈ। ਗੁਰੂ ਜੀ-ਜੇਹੜੀ ਗੁਰਾਂ ਦੇ ਪ੍ਰੇਮ ਵਿੱਚ ਬਹੁਤ ਹੀ ਪਿਆਰ ਕਰਕੇ ਜਾਂ ਪਿਆਰੇ ਗੁਰੂ ਜੀ ਵਿੱਚ ਪ੍ਰੇਮ ਕਰਕੇ ਸੱਚ ਵਿੱਚ ਰੱਤੀ ਹੈ, ਓਹੋ ਹੀ ਸੁਹਾਗਣੀ ਹੋਈ ਹੈ।

**ਆਵਹੁ ਦਇਆ ਕਰੇ ਜੀਉ ਪ੍ਰੀਤਮ ਅਤਿ ਪਿਆਰੇ॥ ਕਾਮਣਿ ਬਿਨਉ ਕਰੇ ਜੀਉ ਸਚਿ ਸਬਦਿ ਸੀਗਾਰੇ ॥ ਸਚਿ ਸਬਦਿ ਸੀਗਾਰੇ ਹਉਮੈ ਮਾਰੇ ਗੁਰਮੁਖਿ ਕਾਰਜ ਸਵਾਰੇ ॥ ਜੁਗਿ ਜੁਗਿ ਏਕੋ ਸਚਾ ਸੋਈ ਬੂਝੈ ਗੁਰ ਬੀਚਾਰੇ ॥ ਮਨਮੁਖਿ ਕਾਮਿ ਵਿਆਪੀ ਮੋਹਿ ਸੰਤਾਪੀ ਕਿਸੁ ਆਗੈ ਜਾਇ ਪੁਕਾਰੇ ॥ ਨਾਨਕ ਮਨਮੁਖਿ ਥਾਉ ਨ ਪਾਏ ਬਿਨੁ ਗੁਰ ਅਤਿ ਪਿਆਰੇ ॥ ੩ ॥**

ਜੇਹੜੀ ਇਸਤ੍ਰੀ ਇੱਕੁਰ ਬੇਨਤੀ ਕਰਦੀ ਹੈ, ਹੇ ਮੇਰੇ ਬਹੁਤ ਹੀ ਪਿਆਰੇ ਪ੍ਰੀਤਮ ਜੀ! ਕਿਰਪਾ ਕਰਕੇ ਮੇਰੇ ਰਿਦੇ ਵਿੱਚ ਆਪ ਹੀ ਆਓ, ਜੇਹੜੀ ਇਸਤ੍ਰੀ ਇੱਕੁਰ ਸੱਚੇ ਸ਼ਬਦ ਦਾ ਸ਼ਿੰਗਾਰ ਕਰਕੇ ਬੇਨਤੀ ਕਰਦੀ ਹੈ ਓਹ ਸੋਹਾਗਣੀ ਹੈ। ਜੇਹੜੀ ਸੱਚੇ ਸ਼ਬਦ ਦਾ ਸ਼ਿੰਗਾਰ ਕਰਦੀ ਹੈ ਤੇ ਹੰਗਤਾ ਨੂੰ ਮਾਰਦੀ ਹੈ, ਜਾਂ ਸ਼ਿੰਗਾਰ ਕੀਤਾ ਤੇ ਹੰਗਤਾ ਨੂੰ ਮਾਰਿਆ ਹੈ, ਉਸਦੇ ਗੁਰਾਂ ਦੁਆਰੇ ਮਾਲਕ ਨੇ ਕੰਮ ਸਵਾਰ ਦਿੱਤੇ ਹਨ, ਜੇਹੜਾ ਇੱਕ ਸੱਚਾ ਜੁਗਾਂ ੨ ਦੇ ਅੰਦਰ ਹੈ, ਉਸਨੂੰ ਗੁਰਾਂ ਦੁਆਰੇ ਵਿਚਾਰ ਨਾਲ ਸਮਝੀਦਾ ਹੈ। ਜੇਹੜੀ ਮਨਮੁਖ ਰੂਪ ਇਸਤ੍ਰੀ ਕਾਮ ਆਦਿਕ ਵਿਕਾਰਾਂ ਨਾਲ ਲਿੱਬੜੀ

Digitized by Panjab Digital Library | www.panjabdigilib.org

ਹੋਈ ਭਾਵ ਬਹੁਤ ਦੁਖੀ ਕੀਤੀ ਹੋਈ ਹੈ ਅਤੇ ਮੋਹ ਦੀ ਸਤਾਈ ਹੋਈ ਹੈ ਓਹ ਕਿਸ ਦੇ ਅਗੇ ਜਾਕੇ ਪੁਕਾਰ ਕਰੇ? ਗੁਰੂ ਜੀ–ਓਹ ਮਨਮੁਖ ਇਸਤ੍ਰੀ ਗੁਰਾਂ ਦੇ ਵਿਚ ਬਹੁਤ ਹੀ ਪ੍ਰੇਮ ਕੀਤਿਆਂ ਬਿਨਾ ਕਿਤੇ ਵੀ ਬਹਿਣ ਨੂੰ ਚੰਗਾ ਥਾਂ ਜਾਂ ਪ੍ਰਮੇਸ਼ਰ ਨਾਲ ਮਿਲਨਾ ਨਹੀਂ ਪਾਉਂਦੀ ਹੈ।

**ਮੁੰਧ ਇਆਣੀ ਭੋਲੀ ਨਿਗੁਣੀਆ ਜੀਉ ਪਿਰੁ ਅਗਮ ਅਪਾਰਾ ॥ ਆਪੇ ਮੇਲਿ ਮਿਲੀਐ ਜੀਉ ਆਪੇ ਬਖਸਣਹਾਰਾ ॥ ਅਵਗਣ ਬਖਸਣਹਾਰਾ ਕਾਮਣਿ ਕੰਤੁ ਪਿਆਰਾ ਘਟਿ ਘਟਿ ਰਹਿਆ ਸਮਾਈ ॥ ਪ੍ਰੇਮ ਪ੍ਰੀਤਿ ਭਾਇ ਭਗਤੀ ਪਾਈਐ ਸਤਿਗੁਰਿ ਬੂਝ ਬੁਝਾਈ ॥ ਸਦਾ ਅਨੰਦਿ ਰਹੈ ਦਿਨ ਰਾਤੀ ਅਨਦਿਨੁ ਰਹੈ ਲਿਵਲਾਈ ॥ ਨਾਨਕ ਸਹਜੇ ਹਰਿ ਵਰੁ ਪਾਇਆ ਸਾਧਨ ਨਉ ਨਿਧਿ ਪਾਈ ॥ ੪ ॥ ੩ ॥**

ਇਹ ਜੀਵ ਰੂਪ ਇਸਤ੍ਰੀ ਬੜੀ ਭੋਲੀ ਸਾਧਨ ਰੂਪ ਗੁਰਾਂ ਤੋਂ ਰਹਿਤ ਹੈ ਅਤੇ ਮੂਰਖ ਹੈ ਅਤੇ ਪਤੀ ਇਸਦਾ ਬੜਾ ਵੱਡਾ ਤੇ ਸਿਆਣਾ ਹੈ, ਜਿਦ੍ਹੇ ਪਾਸ ਕੋਈ ਪੁੱਜ ਨਹੀਂ ਸਕਦਾ। ਜਦੋਂ ਆਪੇ ਹੀ ਸਤਿਗੁਰਾਂ ਦੇ ਸਤਿਸੰਗ ਮੇਲੁ ਵਿਚ ਮਿਲੀਏ ਤਾਂ ਉਹ ਆਪੇ ਹੀ ਬਖਸ਼ਣ ਵਾਲਾ ਹੋ ਜਾਂਦਾ ਹੈ ਭਾਵ ਬਖਸ਼ ਦੇਂਦਾ ਹੈ। ਔਗੁਣਾਂ ਦੇ ਬਖਸ਼ਣ ਵਾਲਾ ਪਤੀ ਇਸਤ੍ਰੀ ਨੂੰ ਪਿਆਰਾ ਹੈ ਅਤੇ ਓਹੋ ਹੀ ਸਾਰਿਆਂ ਆਦਮੀਆਂ ਦੇ ਅੰਦਰ ਮਿਲਿਆ ਹੋਇਆ ਹੈ,ਸਰੀਰ ਕਰਕੇ ਪ੍ਰੇਮ ਬਾਣੀ ਕਰਕੇ ਪ੍ਰੀਤੀ ਅਤੇ ਰਿਦੇ ਦੀ ਪ੍ਰੇਮਾ ਭਗਤੀ ਨਾਲ ਉਸਨੂੰ ਪਾਈਦਾ ਹੈ। ਸਤਿਗੁਰਾਂ ਨੇ ਇਹ ਸਿਖਿਆ ਦਿਤੀ ਹੈ, ਜੇਹੜੀ ਉਸ ਵਿਚ ਲਗਾਤਾਰ ਪ੍ਰੀਤੀ ਲਾਈ ਰਖਦੀ ਹੈ; ਓਹ ਦਿਨੇ ਰਾਤ ਆਨੰਦ ਨਾਲ ਰਹਿੰਦੀ ਹੈ। ਗੁਰੂ ਜੀ--ਜਿਸਨੇ ਸਹਿਜੇ ਹੀ ਜਾਂ ਗਿਆਨ ਨਾਲ ਹਰੀ ਪਤੀ ਨੂੰ ਪਾਇਆ ਹੈ, ਓਸੇ ਇਸਤ੍ਰੀ ਨੇ ਨਿਧੀ ਰੂਪ ਸਾਰਿਆਂ ਹੀ ਪਦਾਰਥਾਂ ਨੂੰ ਪਾਇਆ ਹੈ।

## ਗਉੜੀ ਮਹਲਾ ੩ ॥

**ਮਾਇਆ ਸਰੁ ਸਬਲੁ ਵਰਤੈ ਜੀਉ ਕਿਉ ਕਰਿ ਦੁਤਰੁ ਤਰਿਆ ਜਾਇ ॥ ਰਾਮ ਨਾਮ ਕਰਿ ਬੋਹਿਥਾ ਜੀਉ ਸਬਦੁ ਖੇਵਟੁ ਵਿਚਿ ਪਾਇ ॥ ਸਬਦੁ ਖੇਵਟੁ ਵਿਚਿ ਪਾਏ**

Digitized by Panjab Digital Library | www.panjabdigilib.org

ਹਰਿ ਆਪਿ ਲਘਾਏ ਇਨ ਬਿਧਿ ਦੁਤਰੁ ਤਰੀਐ॥ਗੁਰਮੁਖਿ ਭਗਤਿ ਪਰਾਪਤਿ ਹੋਵੈ ਜੀਵਤਿਆ ਇਉ ਮਰੀਐ॥ਖਿਨਮਹਿ ਰਾਮ ਨਾਮਿ ਕਿਲ ਵਿਖ ਕਾਟੇ ਭਏ ਪਵਿਤੁ ਸਰੀਰਾ॥ ਨਾਨਕ ਰਾਮ ਨਾਮਿ ਨਿਸਤਾਰੇ ਕੰਚਨ ਭਏ ਮਨੂਰਾ॥ ੧ ॥

ਹੇ ਗੁਰੂ ਜੀ! ਇਸ ਸੰਸਾਰ ਸਮੁੰਦਰ ਦੇ ਵਿਚ ਮਾਇਆ ਬੜੀ ਜ਼ੋਰ ਨਾਲ ਵਰਤਦੀ ਭਾਵ ਤੁਰਦੀ ਫਿਰਦੀ ਹੈ, ਇਸ ਲਈ ਇਸ ਔਖੇ ਸੰਸਾਰ ਸਮੁੰਦਰ ਤੋਂ ਕਿਸਤਰਾਂ ਤਰਿਆ ਜਾਵੇ ? ਉੱਤਰ--ਰਾਮ ਨਾਮ ਦਾ ਜਹਾਜ਼ ਬਣਾਕੇ ਗੁਰ ਉਪਦੇਸ਼ ਦੇਣ ਵਾਲੇ ਸਤਿਗੁਰੂ ਨੂੰ ਵਿੱਚ ਮਲਾਹ ਪਾਓ ਤੇ.ਤਾਂ ਤਰਨਾ ਹੋਵੇਗਾ।

ਉਪਦੇਸ਼ ਦੇਣ ਵਾਲਾ ਗੁਰੂ ਰੂਪ ਜੋ ਮਲਾਹ ਵਿੱਚ ਪਵੇ ਅਤੇ ਪ੍ਰਮੇਸ਼ਰ ਆਪ ਲੰਘਾਵੇ ਤੇ ਤਾਂ ਇੱਕੁਰ ਔਖੇ ਸੰਸਾਰ ਸਮੁੰਦਰ ਤੋਂ ਤਰ ਜਾਈਦਾ ਹੈ, ਜਦੋਂ ਗੁਰਾਂ ਦੀ ਕਿਰਪਾ ਨਾਲ ਭਗਤੀ ਮਿਲ ਜਾਵੇ ਤੇ ਤਾਂ ਇੱਕੁਰ ਜੀਵਤ ਭਾਵ ਤੋਂ ਮਰੀਦਾ ਹੈ। ਜਿਨ੍ਹਾਂ ਨੇ ਇੱਕ ਛਿਨ ਮਾਤ੍ਰ ਰਾਮ ਨਾਮ ਜਪਿਆ ਹੈ ਓਹਨਾਂ ਦੇ ਸਾਰੇ ਪਾਪ ਕੱਟੇ ਗਏ ਹਨ ਅਤੇ ਓਹੋ ਹੀ ਸਰੀਰ ਕਰਕੇ ਪਵਿੱਤ੍ਰ ਹੋ ਗਏ ਹਨ। ਗੁਰੂ ਜੀ–ਦੁਨੀਆਂ ਉਤੋਂ ਤਾਰਨ ਵਾਲੇ ਰਾਮ ਨਾਮ ਨੂੰ ਜਪਕੇ ਜੇਹੜੇ ਮਨੂਰ ਲੋਹੇ ਦੀ ਮੈਲ ਵਰਗੇ ਪਾਪੀ ਸਨ, ਓਹ ਵੀ ਸੋਨੇ ਵਰਗੇ ਸੁੱਧ ਹੋ ਗਏ ਹਨ।

ਇਸਤਰੀ ਪੁਰਖ ਕਾਮਿ ਵਿਆਪੇ ਜੀਉ ਰਾਮ ਨਾਮ ਕੀ ਬਿਧਿ ਨਹੀ ਜਾਣੀ ॥ ਮਾਤ ਪਿਤਾ ਸੁਤ ਭਾਈ ਖਰੇ ਪਿਆਰੇ ਜੀਉ ਡੂਬਿ ਮੁਏ ਬਿਨੁ ਪਾਣੀ॥ ਡੂਬਿ ਮੁਏ ਬਿਨੁ ਪਾਣੀ ਗਤਿ ਨਹੀ ਜਾਣੀ ਹਉਮੈ ਧਾਤੁ ਸੰਸਾਰੇ ॥ ਜੋ ਆਇਆ ਸੋ ਸਭੁ ਕੋ ਜਾਸੀ ਉਬਰੇ ਗੁਰ ਵੀਚਾਰੇ॥ ਗੁਰਮੁਖਿ ਹੋਵੈ ਰਾਮ ਨਾਮੁ ਵਖਾਣੈ ਆਪਿ ਤਰੈ ਕੁਲਤਾਰੇ॥ ਨਾਨਕ ਨਾਮੁ ਵਸੈ ਘਟ ਅੰਤਰਿ ਗੁਰਮਤਿ ਮਿਲੇ ਪਿਆਰੇ॥ ੨ ॥

ਇਸਤ੍ਰੀ ਪੁਰਖ ਆਦਕ ਸਾਰੇ ਜਗਤ ਜੀਵ ਕਾਮ ਆਦਿ ਵਿਕਾਰਾਂ ਵਿੱਚ ਚੰਬੜੇ ਹੋਏ ਹਨ ਭਾਵ ਬਹੁਤ ਹੀ ਲੱਗੇ ਹੋਏ ਹਨ ਅਤੇ ਕਿਸੇ ਨੇ ਵੀ ਰਾਮ ਨਾਮ ਦੀ ਰੀਤੀ ਨਹੀਂ ਜਾਣੀ ਹੈ। ਮਾਤਾ, ਪਿਤਾ, ਪੁੱਤ੍ਰ, ਭਰਾ

Digitized by Panjab Digital Library | www.panjabdigilib.org

ਆਦਿਕ ਸਾਰੇ ਸਰਬੰਧੀ ਬਹੁਤ ਹੀ ਪਿਆਰੇ ਲੱਗੇ ਹੋਏ ਹਨ, ਓਹਨਾਂ ਦੇ ਪਿਆਰ ਵਿੱਚ ਲਗਕੇ ਹੀ ਬਿਨਾਂ ਪਾਣੀ ਤੋਂ ਡੁਬਕੇ ਮਰ ਗਏ ਹਨ। ਭਾਵ ਸੰਸਾਰ ਹਰਨ ਦੇ ਪਾਣੀ ਵਾਂਗ ਝੂਠਾ ਹੈ। ਤਾਂ ਵੀ ਸੱਚਾ ਜਾਣਕੇ ਮਰਦੇ ਹਨ। ਪਾਣੀ ਤੋਂ ਬਿਨਾਂ ਡੁਬਕੇ ਮਰ ਗਏ ਹਨ। ਪ੍ਰਮੇਸ਼ਰ ਦੇ ਜਾਪ ਦੀ ਰੀਤੀ ਨਹੀਂ ਜਾਣੀ ਹੈ, ਹੰਗਤਾ ਮਮਤਾ ਕਰਕੇ ਇਹ ਜੀਵ ਸੰਸਾਰ ਵਿੱਚ ਭੱਜਾ ਫਿਰਦਾ ਹੈ। ਜੇਹੜਾ ਕੋਈ ਇਸ ਸੰਸਾਰ ਵਿੱਚ ਜੰਮਿਆ ਹੈ, ਓਹ ਹਰ ਕੋਈ ਓੜਕ ਨੂੰ ਮਰ ਜਾਵੇਗਾ, ਪਰ ਇਸ ਵਿੱਚੋਂ ਓਹੋ ਬਚਿਆ ਹੈ;ਜਿਸ ਨੇ ਗੁਰਾਂ ਦੇ ਬਚਨ ਵਿਚਾਰੇ ਹਨ। ਜੇਹੜਾ ਗੁਰਮੁਖ ਹੋਕੇ ਰਾਮ ਨਾਮ ਨੂੰ ਉਚਾਰਦਾ ਹੈ,ਉਹ ਆਪ ਤਰ ਜਾਂਦਾ ਹੈ ਤੇ ਹੋਰਨਾਂ ਕੁਲਾਂ ਨੂੰ ਵੀ ਤਾਰ ਲੈਂਦਾ ਹੈ। ਗੁਰੂ ਜੀ–ਜਿਨ੍ਹਾਂ ਦੇ ਰਿਦੇ ਅੰਦਰ ਨਾਮ ਵਸਦਾ ਹੈ ਉਹ ਗੁਰ ਸਿਖਿਆ ਲੈਕੇ ਪਿਆਰੇ ਪ੍ਰਮੇਸ਼ਰ ਨੂੰ ਮਿਲ ਗਏ ਹਨ।

**ਰਾਮ ਨਾਮ ਬਿਨੁ ਕੋ ਥਿਰੁ ਨਾਹੀ ਜੀਉ ਬਾਜੀ ਹੈ ਸੰਸਾਰਾ॥ ਦ੍ਰਿੜੁ ਭਗਤਿ ਸਚੀ ਜੀਉ ਰਾਮੁ ਨਾਮੁ ਵਾਪਾਰਾ॥ ਰਾਮ ਨਾਮੁ ਵਾਪਾਰਾ ਅਗਮ ਅਪਾਰਾ ਗੁਰਮਤੀ ਧਨੁ ਪਾਈਐ॥ ਸੇਵਾ ਸੁਰਤਿ ਭਗਤਿ ਇਹ ਸਾਚੀ ਵਿਚਹੁ ਆਪੁ ਗਵਾਈਐ॥ ਹਮ ਮਤਿ ਹੀਣ ਮੂਰਖ ਮੁਗਧ ਅੰਧੇ ਸਤਿਗੁਰਿ ਮਾਰਗਿ ਪਾਏ॥ ਨਾਨਕ ਗੁਰਮੁਖਿ ਸਬਦਿ ਸੁਹਾਵੇ ਅਨਦਿਨੁ ਹਰਿ ਗੁਣ ਗਾਏ॥੩॥**

ਪ੍ਰਮੇਸ਼ਰ ਦੇ ਨਾਮ ਬਿਨਾਂ ਦੁਨੀਆਂ ਉਤੇ ਟਿਕਿਆ ਰਹਿਣ ਵਾਲਾ ਕੋਈ ਨਹੀਂ ਹੈ, ਇਹ ਸਾਰਾ ਸੰਸਾਰ ਬਾਜੀ ਵਰਗਾ ਭਾਵ ਨਾਸਵੰਤ ਹੈ।

ਰਾਮ ਨਾਮ ਦੇ ਵਪਾਰ ਰੂਪ ਸੱਚੀ ਭਗਤੀ ਨੂੰ ਤੂੰ ਦਿਲ ਵਿੱਚ ਦ੍ਰਿੜੁ = ਪੱਕੀ ਕਰ। ਪਰ ਉਸ ਅਗੰਮ ਅਪਾਰ ਪ੍ਰਮੇਸਰ ਦੇ ਨਾਮ ਧਨ ਨੂੰ ਗੁਰ ਸਿਖਿਆ ਦੁਆਰਾ ਹੀ ਪਾਈਦਾ ਹੈ। ਜੇਹੜੀ ਚੰਗੀ ਪ੍ਰੀਤੀ ਕਰਕੇ ਗੁਰੂ ਕੇ ਸੰਤਾਂ ਦੀ ਸੇਵਾ ਕਰਨੀ ਹੈ, ਏਹੋ ਹੀ ਸੱਚੀ ਭਗਤੀ ਹੈ, ਇਸ ਭਗਤੀ ਕਰਕੇ ਰਿਦੇ ਵਿਚੋਂ ਹੰਕਾਰ ਨੂੰ ਦੂਰ ਕਰ ਦੇਵੀਏ। ਸਾਨੂੰ ਅਕਲ ਹੀਨ ਬਹੁਤ ਮੂਰਖ ਤੋਂ ਮੂਰਖ ਅੰਨ੍ਹਿਆਂ ਨੂੰ ਸਤਿਗੁਰੂ ਨੇ ਰਸਤੇ ਪਾਇਆ ਹੈ।

ਗੁਰੂ ਜੀ–ਗੁਰਾਂ ਦੁਆਰੇ ਉਪਦੇਸ਼ ਲੈਕੇ ਲਗਾਤਾਰ ਪ੍ਰਮੇਸ਼ਰ ਦੇ ਗੁਣ ਗਾਏ ਹਨ ਤਾਂ ਅਸੀਂ ਸੋਹਣੇ ਸੋਭਾ ਵਾਲੇ ਹੋਏ ਹਾਂ।

**ਆਪਿ ਕਰਾਏ ਕਰੇ ਆਪਿ ਜੀਉ ਆਪੇ ਸਬਦ ਸਵਾਰੇ॥ ਆਪੇ ਸਤਿਗੁਰੁ ਆਪਿ ਸਬਦੁ ਜੀਉ ਜੁਗੁ ਜੁਗੁ**

Digitized by Panjab Digital Library | www.panjabdigilib.org

**ਭਗਤ ਪਿਆਰੇ ॥ ਜੁਗੁ ਜੁਗੁ ਭਗਤ ਪਿਆਰੇ ਹਰਿ ਆਪਿ ਸਵਾਰੇ ਆਪੇ ਭਗਤੀ ਲਾਇ ॥ ਆਪੇ ਦਾਨਾ ਆਪੇ ਬੀਨਾ ਆਪੇ ਸੇਵ ਕਰਾਇ ॥ ਆਪੇ ਗੁਣ ਦਾਤਾ ਅਵਗੁਣ ਕਾਟੇ ਹਿਰਦੈ ਨਾਮੁ ਵਸਾਏ ॥ ਨਾਨਕ ਸਦ ਬਲਿਹਾਰੀ ਸਚੇ ਵਿਟਹੁ ਆਪੇ ਕਰੇ ਕਰਾਏ ॥ ੪ ॥ ੪ ॥**

ਵਾਹਿਗੁਰੂ ਆਪ ਹੀ ਜੀਵਾਂ ਪਾਸੋਂ ਕਰਮ ਕਰਾਉਂਦਾ ਹੈ ਅਤੇ ਆਪ ਹੀ ਜੀਵਾਂ ਨੂੰ ਕਰਦਾ ਹੈ, ਆਪ ਹੀ ਗੁਰਾਂ ਦੁਆਰੇ ਉਪਦੇਸ਼ ਦੇਕੇ ਸਵਾਰ ਲੈਂਦਾ ਹੈ। ਆਪੇ ਹੀ ਸਤਿਗੁਰੂ ਰੂਪ ਹੈ,ਆਪੇ ਹੀ ਉਪਦੇਸ਼ ਰੂਪ ਹੈ,ਜਿਸ ਨੂੰ ਜੁਗਾਂ ੨ ਵਿਚ ਭਗਤ ਪਿਆਰੇ ਹਨ। ਜੁਗਾਂ ੨ ਵਿਚ ਭਗਤ ਹੀ ਪਿਆਰੇ ਹਨ ਅਤੇ ਪ੍ਰਮੇਸ਼ਰ ਨੇ ਆਪ ਹੀ ਸਵਾਰੇ ਹਨ ਅਤੇ ਆਪ ਹੀ ਆਪਣੀ ਭਗਤੀ ਵਿਚ ਲਾਏ ਹਨ। ਆਪ ਹੀ ਦਿਲ ਦੇ ਅੰਦਰ ਦੀ ਦਾਨਾ = ਸਿਆਣਾ ਜਾਣਨ ਵਾਲਾ ਹੈ ਅਤੇ ਆਪੇ ਹੀ ਜੀਆਂ ਦੇ ਕੰਮਾਂ ਨੂੰ ਬੀਨਾ = ਵੇਖਣ ਵਾਲਾ ਹੈ, ਆਪ ਹੀ ਆਪਣਿਆਂ ਦਾਸਾਂ ਤੋਂ ਸੇਵਾ ਕਰਾਉਂਦਾ ਹੈ। ਆਪੇ ਹੀ ਗੁਣਾਂ ਦਾ ਦਾਤਾ ਰਿਦੇ ਵਿਚ ਨਾਮ ਵਸਾਕੇ ਔਗੁਣਾਂ ਨੂੰ ਕੱਢ ਦੇਂਦਾ ਹੈ। ਗੁਰੂ ਜੀ-ਉਸ ਸੱਚੇ ਪ੍ਰਮੇਸ਼ਰ ਦੇ ਉਤੋਂ ਦੀ ਮੈਂ ਸਦਾ ਬਲਿਹਾਰ ਜਾਂਦਾ ਹਾਂ, ਜੇਹੜਾ ਆਪ ਹੀ ਜੀਆਂ ਦਾ ਕਰਤਾ ਤੇ ਜੀਆਂ ਪਾਸੋਂ ਆਪ ਹੀ ਕਰਮ ਕਰਾਉਂਦਾ ਹੈ।

## ਗਉੜੀ ਮਹਲਾ ੩ ॥

**ਗੁਰਕੀ ਸੇਵਾ ਕਰਿ ਪਿਰਾ ਜੀਉ ਹਰਿਨਾਮੁ ਧਿਆਇ॥ਮੰਞਹੁ ਦੂਰਿ ਨ ਜਾਹਿਪਿਰਾ ਜੀਉ ਘਰਿ ਬੈਠਿਆ ਹਰਿ ਪਾਇ॥ਘਰਿ ਬੈਠਿਆ ਹਰਿ ਪਾਏ ਸਦਾ ਚਿਤੁ ਲਾਏ ਸਹਜੇ ਸਤਿ ਸੁਭਾਏ ॥ ਗੁਰ ਕੀ ਸੇਵਾ ਖਰੀ ਸੁਖਾਲੀ ਜਿਸਨੋ ਆਪਿ ਕਰਾਏ ॥ ਨਾਮੋ ਬੀਜੇ ਨਾਮੋ ਜੰਮੈ ਨਾਮੋ ਮੰਨਿ ਵਸਾਏ ॥ ਨਾਨਕ ਸਚਿ ਨਾਮਿ ਵਡਿਆਈ ਪੂਰਬ ਲਿਖਿਆ ਪਾਏ ॥ ੧ ॥**

{ ਚੰਗੀ ਅਕਲ ਰੂਪ ਇਸਤ੍ਰੀ ਜੀਵ<br>ਰੂਪ ਪਤੀ ਨੂੰ ਉਪਦੇਸ਼ ਕਰਦੀ ਹੈ:- }

ਹੇ ਪਤੀ ! ਗੁਰਾਂ ਦੀ ਸੇਵਾ ਕਰਕੇ ਹਰਿ ਹਰਿ ਨਾਮ ਨੂੰ ਯਾਦ ਕਰ। ਹੇ ਜੀਵ ਪਤੀ ਤੂੰ ਮੈਥੋਂ ਕਿਤੇ ਹੋਰਥੇ ਦੂਰ ਨ ਜਾਹ,ਭਾਵ ਪ੍ਰਮੇਸ਼ਰ ਦਾ

Digitized by Panjab Digital Library | www.panjabdigilib.org

ਨਾਮ ਜਪ,ਬਾਹਰ ਨ ਜਾਹ,ਘਰ ਬੈਠਿਆਂ ਹੀ ਸੁਖ ਨੂੰ ਪਾਵੇਂਗਾ।

ਘਰ ਬੈਠਿਆਂ ਹੀ ਪਰਮੇਸ਼ਰ ਨੂੰ ਪਾਵੇਂਗਾ ਜੇ ਉਸ ਵਿੱਚ ਸਦਾ ਚਿੱਤ ਨੂੰ ਲਾਵੇਂਗਾ,ਇੱਕੁਰ ਦਾ ਮੇਰਾ ਆਖਿਆ ਮੰਨੇਗਾ, ਤਾਂ ਸੁਭਾਵਕ ਹੀ ਸਤ ਰੂਪ ਨੂੰ ਪਾਕੇ ਸੋਭਾ ਵਾਲਾ ਹੋਵੇਂਗਾ। ਗੁਰਾਂ ਦੀ ਸੇਵਾ ਬਹੁਤ ਹੀ ਸੁਖੱਲੀ ਹੈ,ਪਰ ਜਿਸ ਨੂੰ ਪ੍ਰੇਰ ਕਰਕੇ ਪ੍ਰਮੇਸ਼ਰ ਆਪ ਹੀ ਕਰਾਉਂਦਾ ਹੈ, ਓਹੋ ਹੀ ਕਰਦਾ ਹੈ। ਦਿਲ ਵਿੱਚ ਗੁਰਾਂ ਦੁਆਰੇ ਉਪਦੇਸ਼ ਨਾਮ ਨੂੰ ਬੀਜੇ ਭਾਵਸੁਣੇ, ਫਿਰ ਨਾਮ ਜੰਮਦਾ ਭਾਵ ਮਨ ਵਿੱਚ ਮੰਨਣਾ ਕਰੇ ਅਤੇ ਨਾਮਨੂੰ ਹੀ ਮਨ ਵਿੱਚ ਵਸਾਵੇ ਭਾਵ ਨਿਧਿਆਸਨ ਕਰੇ। ਗੁਰੂ ਜੀ–ਸਚੇ ਨਾਮ ਕਰਕੇ ਵਡਿਆਈ ਹੁੰਦੀ ਹੈ,ਸੋ ਨਾਮ ਪਿਛਲਿਆਂ ਕਰਮਾਂ ਦੇ ਲਿਖਿਆਂ ਅਨੁਸਾਰਹੀਪਾਈਦਾਹੈ।

**ਹਰਿਕਾ ਨਾਮੁ ਮੀਠਾ ਪਿਰਾ ਜੀਉ ਜਾ ਚਾਖਹਿ ਚਿਤੁ ਲਾਇ ॥ ਰਸਨਾ ਹਰਿ ਰਸੁ ਚਾਖੁ ਮੁਯੇ ਜੀਉ ਅਨਰਸ ਸਾਦ ਗਵਾਇ॥ ਸਦਾ ਹਰਿ ਰਸੁ ਪਾਏ ਜਾ ਹਰਿ ਭਾਏ ਰਸਨਾ ਸਬਦਿ ਸੁਹਾਏ॥ਨਾਮੁ ਧਿਆਏ ਸਦਾ ਸੁਖੁ ਪਾਏ ਨਾਮਿ ਰਹੈ ਲਿਵਲਾਏ॥ਨਾਮੇ ਉਪਜੈ ਨਾਮੇ ਬਿਨਸੈ ਨਾਮੇਸਚਿ ਸਮਾਏ॥ ਨਾਨਕ ਨਾਮੁ ਗੁਰਮਤੀ ਪਾਈਐ ਆਪੇ ਲਏ ਲਵਾਏ ॥੨॥**

ਹੇ ਪਤੀ! ਜੀਵ ਪ੍ਰਮੇਸ਼ਰ ਦਾ ਨਾਮ ਮਿੱਠਾ ਲੱਗਦਾ ਹੈ, ਪਰ ਜਦੋਂ ਤੂੰ ਚਿੱਤ ਲਾਕੇ ਉਸ ਨੂੰ ਚੱਖੇਂ ਭਾਵ ਜਪੇਂ। ਹੇ ਪਿਆਰੇ ਜੀਵ! ਰਸਨਾ ਨਾਲ ਹੋਰ ਰਸਾਂ ਦੇ ਸੁਾਦਾਂ ਨੂੰ ਦੂਰ ਕਰਕੇ ਹਰੀ ਨਾਮ ਰਸ ਨੂੰ ਚੱਖ ਭਾਵ ਜਪ।

ਜਦੋਂ ਪ੍ਰਮੇਸ਼ਰ ਦੇ ਮਨ ਵਿੱਚ ਤੇਰੇ ਗੁਣ ਚੰਗੇ ਲੱਗੇ ਤਾਂ ਤੂੰ ਹਰੀ ਦੇ ਰਸ ਨੂੰ ਸਦਾ ਹੀ ਪਾਵੇਂਗਾ ਅਤੇ ਜੀਭ ਉਪਦੇਸ਼ ਵਿੱਚ ਸੋਹਣੀ ਲੱਗੇਗੀ। ਜਿਸ ਨੇ ਨਾਮ ਵਿੱਚ ਪ੍ਰੀਤੀ ਲਾਕੇ ਪ੍ਰਮੇਸ਼ਰ ਦੇ ਨਾਵਾਂ ਨੂੰ ਧਿਆਇਆ ਹੈ, ਉਸਨੇ ਸਦਾ ਸੁਖ ਪਾਇਆ ਹੈ।ਨਾਮ ਦੇ ਜਪਣ ਨਾਲ ਚੰਗੇ ਗੁਣ ਪ੍ਰਗਟ ਹੁੰਦੇ ਹਨ, ਨਾਮ ਕਰਕੇ ਹੀ ਔਗੁਣ ਨਾਸ ਹੁੰਦੇ ਹਨ ਅਤੇਨਾਮ ਕਰਕੇ ਹੀ ਸਚਰੂਪ ਵਿੱਚ ਸਮਾਈਦਾ। ਗੁਰੂ ਜੀ–ਨਾਮ ਗੁਰਾਂ ਦੀ ਸਿਖਿਆ ਨਾਲ ਪਾਈਦਾ ਹੈ, ਇਸ ਲਈ ਆਪ ਹੀ ਸਿਖ ਹੋਕੇ ਨਾਮ ਲੈਣ ਵਾਲਾ ਹੈ ਅਤੇ ਆਪ ਹੀ ਪ੍ਰਮੇਸ਼ਰ ਗੁਰੂ ਹੋਕੇ ਨਾਮ ਨੂੰ ਲਵਾਏ = ਜਪਾਉਣ ਵਾਲਾ ਹੈ।

**ਏਹ ਵਿਡਾਣੀ ਚਾਕਰੀ ਪਿਰਾ ਜੀਉ ਧਨ ਛੋਡਿ ਪਰਦੇਸਿ ਸਿਧਾਏ ॥ ਦੂਜੈ ਕਿਨੈ ਸੁਖੁ ਨ ਪਾਇਓ ਪਿਰਾ ਜੀਉ ਬਿਖਿਆ ਲੋਭਿ ਲੁਭਾਏ ॥ ਬਿਖਿਆ ਲੋਭਿ ਲੁਭਾਏ**

Digitized by Panjab Digital Library | www.panjabdigilib.org

ਭਰਮਿ ਭੁਲਾਏ ਓਹੁ ਕਿਉ ਕਰਿ ਸੁਖੁ ਪਾਏ ॥ ਚਾਕਰੀ ਵਿਡਾਣੀ ਖਰੀ ਦੁਖਾਲੀ ਆਪੁ ਵੇਚਿ ਧਰਮੁ ਗਵਾਏ॥ਮਾਇਆ ਬੰਧਨ ਟਿਕੈ ਨਾਹੀ ਖਿਨੁ ਖਿਨੁ ਦੁਖੁ ਸੰਤਾਏ ॥ ਨਾਨਕ ਮਾਇਆ ਕਾ ਦੁਖੁ ਤਦੇ ਚੂਕੈ ਜਾ ਗੁਰ ਸਬਦੀ ਚਿਤੁ ਲਾਏ ॥੩॥

ਹੇ ਜੀਵ ਪਤੀ!ਇਹ ਬਗਾਨੀ ਨੌਕਰੀ ਹੈ,ਜੇਹੜਾ ਤੂੰ ਮੈਨੂੰ ਇਸਤ੍ਰੀ ਨੂੰ ਛੱਡਕੇ ਹੋਰ ਦੇਸ਼ ਨੂੰ ਜਾਂਦਾ ਹੈਂ ਭਾਵ ਚੰਗੀ ਅਕਲ ਨੂੰ ਛੱਡਕੇ ਹੋਰਨਾਂ ਬਿਅਰਥ ਸਕਾਮ ਕੰਮਾਂ ਵਿੱਚ ਜਾਂਦਾ ਹੈਂ। ਹੇ ਜੀਵ ਪਤੀ ਦ੍ਵੈਤ ਭਾਵਨਾ ਵਿੱਚ ਲਗਕੇ ਵਿਸ਼ਿਆਂ ਦੇ ਲੋਭ ਕਰਕੇ ਵਿਸ਼ਿਆਂ ਵਿੱਚ ਲੁਭਾਇਆਂ ਹੋਇਆਂ ਕਿਸੇ ਨੇ ਸੁਖ ਨਹੀਂ ਪਾਇਆ ਹੈ।

ਜੋ ਵਿਸ਼ਿਆਂ ਦੇ ਲੋਭ ਦੇ ਲੁਭਾਏ ਹੋਏ ਭਰਮ ਦੇ ਭੁਲਾਏ ਹੋਏ ਹਨ,ਓਹ ਕਿਸਤਰ੍ਹਾਂ ਸੁਖ ਪਾਉਣ ਭਾਵ ਕਿਸੇ ਤਰ੍ਹਾਂ ਨਹੀਂ। ਪ੍ਰਮੇਸ਼ਰ ਦਾ ਨਾਮ ਛੱਡਕੇ ਜੇਹੜਾ ਹੋਰ ਕਿਸੇ ਦਾ ਨਾਮ ਜਪਣ ਰੂਪ ਕਿਸੇ ਦੀ ਬਗਾਨੀ ਨੌਕਰੀ ਕਰਨੀ ਹੈ,ਉਹ ਬਹੁਤ ਹੀ ਔਖੀ ਹੈ। ਆਪਣੇ ਆਪ ਨੂੰ ਵੇਚਕੇ ਏਹੋ ਹੀ ਧਰਮ ਦਾ ਗਵਾਵਣਾ ਹੈ। ਮਾਇਆ ਦੇ ਬੰਨ੍ਹਣਾਂ ਵਿੱਚ ਬੰਨ੍ਹਿਆ ਹੋਇਆਂ ਦੇ ਦਿਲ ਆਦਿਕ ਇੰਦ੍ਰੇ ਟਿਕਦੇ ਨਹੀਂ ਹਨ,ਪਲ ਪਲ ਵਿੱਚ ਦੁਖਾਂ ਦੇ ਸਤਾਏ ਹੋਏ ਦੁੱਖ ਭੋਗਦੇ ਹਨ।ਗੁਰੂ ਜੀ-ਇਸ ਮਾਇਆ ਦਾ ਦੁੱਖ ਤਾਂਹੀ ਦੂਰ ਹੁੰਦਾ ਹੈ ਜਦੋਂ ਇਹ ਜੀਵ ਗੁਰਾਂ ਦੇ ਚਰਨਾਂ ਵਿੱਚ ਚਿੱਤ ਨੂੰ ਲਾਉਂਦਾ ਹੈ।

ਮਨਮੁਖ ਮੁਗਧ ਗਵਾਰੁ ਪਿਰਾ ਜੀਉ ਸਬਦੁ ਮਨਿ ਨ ਵਸਾਏ ॥ ਮਾਇਆ ਕਾ ਭ੍ਰਮੁ ਅੰਧੁ ਪਿਰਾ ਜੀਉ ਹਰਿ ਮਾਰਗੁ ਕਿਉ ਪਾਏ ॥ ਕਿਉ ਮਾਰਗੁ ਪਾਏ ਬਿਨੁ ਸਤਿਗੁਰ ਭਾਏ ਮਨਮੁਖਿ ਆਪੁ ਗਣਾਏ ॥ ਹਰਿ ਕੇ ਚਾਕਰ ਸਦਾ ਸੁਹੇਲੇ ਗੁਰ ਚਰਣੀ ਚਿਤੁ ਲਾਏ ॥ ਜਿਸ ਨੋ ਹਰਿ ਜੀਉ ਕਰੇ ਕਿਰਪਾ ਸਦਾ ਹਰਿ ਕੇ ਗੁਣ ਗਾਏ ॥ ਨਾਨਕ ਨਾਮੁ ਰਤਨੁ ਜਗਿ ਲਾਹਾ ਗੁਰਮੁਖਿ ਆਪਿ ਬੁਝਾਏ। ੪॥੫॥੭॥

ਹੇ ਜੀਵ ਪਤੀ ! ਤੂੰ ਪ੍ਰਮੇਸ਼ਰ ਤੋਂ ਬੇਮੁਖ ਹੋਇਆ ੨ ਬਹੁਤ ਹੀ ਮੂਰਖ ਹੈਂ, ਕਿਉਂਕਿ ਗੁਰਾਂ ਦੇ ਉਪਦੇਸ਼ ਜਾਂ ਪ੍ਰਮੇਸ਼ਰ ਨੂੰ ਰਿਦੇ ਵਿਚ ਨਹੀਂ ਵਸਾਉਂਦਾ ਹੈਂ। ਹੇ ਪਤੀ ਜੀਵ ! ਤੂੰ ਮਾਇਆ ਦਾ ਭਰਮਾਇਆ ਹੋਇਆ ਅੰਨ੍ਹਾ ਹੋਇਆ ੨ ਹੈਂ, ਹਰੀ ਦੇ ਰਸਤੇ ਨੂੰ ਤੂੰ ਕਿਸਤਰਾਂ ਪ੍ਰਾਵੇਂਗਾ ?

Digitized by Panjab Digital Library | www.panjabdigilib.org

ਸਤਿਗੁਰਾਂ ਨੂੰ ਚੰਗਿਆਂ ਲਗਿਆਂ ਬਿਨਾਂ ਪ੍ਰਮੇਸ਼ਰ ਦੇ ਰਸਤੇ ਨੂੰ ਕਿਸਤਰਾਂ ਪਾਵੇ, ਮਨਮੁਖਤਾ ਕਰਕੇ ਆਪਣੇ ਆਪ ਨੂੰ ਗਿਣਾਉਂਦਾ ਭਾਵ ਹੈਂਕਾਰੀ ਹੁੰਦਾ ਹੈ। ਜੇਹੜੇ ਪ੍ਰਮੇਸ਼ਰ ਦੇ ਨੌਕਰ ਹਨ, ਉਹ ਸਦਾ ਹੀ ਸੁਖੀ ਹਨ,ਜਿਨ੍ਹਾਂ ਨੇ ਗੁਰਾਂ ਦੇ ਚਰਨਾਂ ਵਿਚ ਚਿਤ ਆਦਕ ਇੰਦ੍ਰੇ ਲਗਾਏ ਹਨ। ਜਿਸਨੂੰ ਪ੍ਰਮੇਸ਼ਰ ਜੀ ਆਪ ਦਇਆ ਕਰਦਾ ਹੈ, ਉਹ ਸਦਾ ਹੀ ਹਰੀ ਦੇ ਗੁਣਾਂ ਨੂੰ ਗਾਉਂਦਾ ਹੈ। ਗੁਰੂ ਜੀ-ਉਹ ਆਦਮੀ ਪ੍ਰਮੇਸ਼ਰ ਨੇ ਗੁਰਾਂ ਦੁਆਰੇ ਸਮਝਾਏ ਹਨ, ਉਨ੍ਹਾਂ ਨੂੰ ਹੀ ਨਾਮ ਰਤਨ ਦੇ ਜਾਪ ਦਾ ਲਾਭ ਇਸ ਜਗਤ ਵਿਚ ਮਿਲਿਆ ਹੈ।

## ਰਾਗੁ ਗਉੜੀ ਛੰਤ ਮਹਲਾ ੫ ॥

**ੴ ਸਤਿਗੁਰਪ੍ਰਸਾਦਿ ॥ ਮੇਰੈ ਮਨਿ ਬੈਰਾਗੁ ਭਇਆ ਜੀਉ ਕਿਉ ਦੇਖਾ ਪ੍ਰਭ ਦਾਤੇ ॥ ਮੇਰੇ ਮੀਤ ਸਖਾ ਹਰਿ ਜੀਉ ਗੁਰ ਪੁਰਖ ਬਿਧਾਤੇ ॥ ਪੁਰਖੋ ਬਿਧਾਤਾ ਏਕੁ ਸ੍ਰੀਧਰੁ ਕਿਉ ਮਿਲਹ ਤੁਝੈ ਉਡੀਣੀਆ ॥ ਕਰ ਕਰਹਿ ਸੇਵਾ ਸੀਸੁ ਚਰਣੀ ਮਨਿ ਆਸ ਦਰਸ ਨਿਮਾਣੀਆ ॥ ਸਾਸਿ ਸਾਸਿ ਨ ਘੜੀ ਵਿਸਰੈ ਪਲੁ ਮੂਰਤੁ ਦਿਨੁ ਰਾਤੇ ॥ ਨਾਨਕ ਸਾਰਿੰਗ ਜਿਉ ਪਿਆਸੇ ਕਿਉ ਮਿਲੀਐ ਪ੍ਰਭ ਦਾਤੇ ॥ ੧ ॥**

ਮੂਰਤ = ਦੋ ਘੜੀਆਂ,ਪਲ = ਅੱਖਾਂ,ਪਲਕਾਂ ਦਾ ਫਰਕਣ ਜਿਤਨਾ ਚਿਰ।

ਮੇਰੇ ਮਨ ਵਿਚ ਬਹੁਤ ਹੀ ਪ੍ਰੇਮ ਹੋਇਆ ਹੈ,ਹੇ ਮਾਲਕਾ, ਦਾਤਿਆ!ਮੈਂ ਤੈਨੂੰ ਕਿਸਤਰ੍ਹਾਂ ਵੇਖਾਂ, ਭਾਵ ਤੂੰ ਸਾਰਿਆਂ ਨੂੰ ਖਾਣ ਪੀਣ ਨੂੰ ਦੇਂਦਾ ਹੈਂ, ਮੈਂ ਤੇਰਾ ਦਰਸ਼ਨ ਕਿਸਤਰ੍ਹਾਂ ਕਰਾਂ ? ਹੇ ਮੇਰੇ ਤਨ ਮਨ ਦੇ ਬਹੁਤ ਹੀ ਪਿਆਰੇ ਮਿਤ੍ਰ ਸਖੇ ਗੁਰੂ ਪ੍ਰਮੇਸ਼ਰ ਜੀ! ਆਪਹੀ ਤੁਸੀ ਮਨ ਭਾਉਂਦਿਆਂ ਫਲਾਂ ਨੂੰ ਦੇਣ ਵਾਲੇ ਅਕਾਲ ਪੁਰਖ ਹੋ ।

ਜੇਹੜਾ ਤੂੰ ਸਾਰਿਆਂ ਵਿਚੋਂ ਇਕੋ ਹੀ ਮਨ ਭਾਉਂਦਿਆਂ ਫਲਾਂ ਨੂੰ ਦੇਣ ਵਾਲਾ ਅਕਾਲ ਪੁਰਖ ਸ੍ਰੀ = ਲਛਮੀ ਮਾਇਆ ਜਾਂ ਸ਼ੋਭਾ ਦੇ ਧਾਰਨ ਕਰਨ ਵਾਲਾ ਹੈਂ ਸੋ ਮੈਂ ਤੈਨੂੰ ਕਿਸਤਰ੍ਹਾਂ ਮਿਲਾਂ ? ਤੇਰੇ ਦਰਸ਼ਨ ਨੂੰ ਉਡੀਣੀਆਂ = ਉਡੀਕਦੀ ਹਾਂ, ਜਾਂ ਉਦਾਸ ਹੋਈ ੨ ਹਾਂ। ਮੇਰੇ ਕਰ = ਹੱਥ ਆਪ ਦੀ ਸੇਵਾ ਕਰਨ ਅਤੇ ਮੈ ਆਪਣਾ ਸਿਰ ਆਪ ਦੇ ਚਰਨਾਂ ਉਤੇ ਰੱਖਾਂ, ਇਸਤਰ੍ਹਾਂ ਮੈਂ ਨਿਮਾਣੀ ਦੇ ਮਨ ਅੰਦਰ ਆਪ ਦੇ ਦਰਸ਼ਨ ਦੀ ਆਸ਼ਾ ਲਗੀ ਹੋਈ ਹੈ। ਹੇ ਮਾਲਕਾ ! ਤੇਰਾ ਨਾਮ ਮੈਨੂੰ

Digitized by Panjab Digital Library | www.panjabdigilib.org

ਦਿਨੇ ਰਾਤ ਇਕ ਘੜੀ ਜਾਂ ਦੋ ਘੜੀਆਂ ਭਾਵ ਥੋੜਾ ਜੇਹਾ ਚਿਰ ਵੀ ਨ ਭੁਲੇ, ਸਾਸ ਸਾਸ ਜਪਦੀ ਰਹਾਂ। ਗੁਰੂ ਜੀ–ਹੇ ਮਾਲਕਾ! ਅਸੀਂ ਦਾਸ ਤੇਰੇ ਦਰਸ਼ਨ ਦੇ ਪਪੀਹੇ ਵਾਂਗ ਪਿਆਸੇ ਹਾਂ, ਹੇ ਸਾਰਿਆਂ ਦੇ ਦਾਤੇ! ਤੈਨੂੰ ਕਿਸਤਰ੍ਹਾਂ ਮਿਲੀਏ?

**ਇਕ ਬਿਨਉ ਕਰਉ ਜੀਉ ਸੁਣਿ ਕੰਤ ਪਿਆਰੇ ॥ ਮੇਰਾ ਮਨੁ ਤਨੁ ਮੋਹਿ ਲੀਆ ਜੀਉ ਦੇਖਿ ਚਲਤ ਤੁਮਾਰੇ ॥ ਚਲਤਾ ਤੁਮਾਰੇ ਦੇਖਿ ਮੋਹੀ ਉਦਾਸ ਧਨ ਕਿਉ ਧੀਰਏ ॥ ਗੁਣਵੰਤ ਨਾਹ ਦਇਆਲੁ ਬਾਲਾ ਸਰਬ ਗੁਣ ਭਰਪੂਰਏ ॥ ਪਿਰ ਦੋਸੁ ਨਾਹੀ ਸੁਖਹ ਦਾਤੇ ਹਉ ਵਿਛੁੜੀ ਬੁਰਿਆਰੇ ॥ ਬਿਨਵੰਤਿ ਨਾਨਕ ਦਇਆ ਧਾਰਹੁ ਘਰਿ ਆਵਹੁ ਨਾਹ ਪਿਆਰੇ ॥ ੨ ॥**

ਮੈਂ ਇਕ ਬੇਨਤੀ ਕਰਦੀ ਹਾਂ, ਹੇ ਮੇਰੇ ਪਿਆਰੇ ਪਤੀ ਜੀ! ਸੁਣੋਂ। ਆਪ ਦੇ ਤਮਾਸ਼ਿਆਂ ਨੂੰ ਵੇਖ ਕੇ ਮੇਰਾ ਮਨ ਤਨ ਮੋਹਿਆ ਗਿਆ ਹੈ। ਜਾਂ ਤਮਾਸ਼ਿਆਂ ਨੇ ਮੋਹ ਲਿਆ ਹੈ। ਆਪ ਦੇ ਤਮਾਸ਼ਿਆਂ ਨੂੰ ਵੇਖਕੇ ਮੋਹੀ ਹੋਈ ਮੈਂ ਉਦਾਸ ਹੋਈ ਇਸਤ੍ਰੀ ਧੀਰਜ ਨੂੰ ਕਿਸਤਰ੍ਹਾਂ ਪਾਵਾਂ?

ਤੂੰ ਉਪਕਾਰ ਕਰਨ ਵਾਲਾ ਮੇਰਾ ਪਤੀ ਦਿਆਲੂ ਸਾਰਿਆਂ ਤੋਂ ਵੱਡਾ ਹੈਂ, ਸਾਰਿਆਂ ਗੁਣਾਂ ਨਾਲ ਭਰਿਆ ਹੋਇਆ ਹੈਂ। ਹੇ ਸੁਖਾਂ ਦੇ ਦਾਤਿਆ ਪਤੀਆ! ਤੇਰੇ ਵਿਚ ਕੋਈ ਦੋਸ਼ ਨਹੀ ਹੈ, ਮੈਂ ਬੁਰਿਆਂ ਕੰਮਾਂ ਕਰਨ ਵਾਲੀ ਬੁਰੀ ਆਪ ਹੀ ਆਪ ਤੋਂ ਵਿੱਛੜੀ ਹਾਂ। ਗੁਰੂ ਜੀ–ਮੇਰੇ ਉਤੇ ਆਪ ਕ੍ਰਿਪਾ ਕਰੋ। ਹੇ ਪਤੀ ਪਿਆਰੇ ਜੀ! ਮੇਰੇ ਰਿਦੇ ਘਰ ਵਿਚ ਆਪ ਹੀ ਆਓ।

**ਹਉ ਮਨੁ ਅਰਪੀ ਸਭੁ ਤਨੁ ਅਰਪੀ ਅਰਪੀ ਸਭਿ ਦੇਸਾ ॥ ਹਉ ਸਿਰੁ ਅਰਪੀ ਤਿਸੁ ਮੀਤ ਪਿਆਰੇ ਜੋ ਪ੍ਰਭ ਦੇਇ ਸਦੇਸਾ ॥ ਅਰਪਿਆ ਤ ਸੀਸੁ ਸੁਥਾਨਿ ਗੁਰ ਪਹਿ ਸੰਗਿ ਪ੍ਰਭੂ ਦਿਖਾਇਆ ॥ ਖਿਨ ਮਾਹਿ ਸਗਲਾ ਦੂਖੁ ਮਿਟਿਆ ਮਨਹੁ ਚਿੰਦਿਆ ਪਾਇਆ ॥ ਦਿਨੁ ਰੈਣਿ ਰਲੀਆ ਕਰੈ ਕਾਮਣਿ ਮਿਟੇ ਸਗਲ ਅੰਦੇਸਾ ॥ ਬਿਨਵੰਤਿ ਨਾਨਕੁ ਕੰਤੁ ਮਿਲਿਆ ਲੋੜਤੇ ਹਮ ਜੈਸਾ ॥ ੩ ॥**

ਮੈਂ ਤੈਨੂੰ ਆਪਣਾ ਮਨ ਅਰਪਣ ਕਰਦੀ ਹਾਂ ਤੇ ਸਾਰਾ ਸਰੀਰ ਵੀ ਦੇਂਦੀ ਹਾਂ ਅਤੇ ਸਾਰਾ ਦੇਸ ਵੀ ਆਪਨੂੰ ਦੇਂਦੀ ਹਾਂ ਭਾਵ ਸਰੀਰ ਦੇ ਸਾਰੇ

Digitized by Panjab Digital Library | www.panjabdigilib.org

ਵਿੰਦ੍ਰੇ ਦੇਸ ਕਹਾਉਂਦੇ ਹਨ ਸੋ ਸਭ ਆਪਨੂੰ ਦੇਂਦੀ ਹਾਂ। ਉਸ ਮਿਤ੍ਰ ਪਿਆਰੇ ਨੂੰ ਮੈਂ ਆਪਣਾ ਸਿਰ ਦੇਂਦੀ ਹਾਂ, ਹੇ ਮਾਲਕਾ! ਜੇਹੜਾ ਕੋਈ ਮੈਨੂੰ ਆਪ ਦੇ ਮਿਲਣ ਦਾ ਸੁਨੇਹਾ ਵੀ ਆ ਦੇਵੇ। ਜਦੋਂ ਮੈ ਗੁਰਾਂ ਦੀ ਸਤਸੰਗ ਵਿਚ ਜਾਕੇ ਉਸ ਸ਼ੁਭ ਥਾਂ ਵਿਚ ਸਿਰ ਦਿੱਤਾ ਤਾਂ ਹੇ ਮਾਲਕਾ! ਸਤਿਗੁਰਾਂ ਨੇ ਮੈਨੂੰ ਤੇਰਾ ਦਰਸ਼ਨ ਮੇਰੇ ਨਾਲ ਹੀ ਵਿਖਾ ਦਿਤਾ। ਏਸੇ ਲਈ ਇਕ ਛਿਨ ਵਿਚ ਸਾਰਾ ਦੁਖ ਦੂਰ ਹੋ ਗਿਆ ਅਤੇ ਮੈਂ ਮਨ ਭਾਉਂਦਿਆਂ ਫਲਾਂ ਨੂੰ ਪਾ ਲਿਆ। ਹੁਣ ਮੈਂ ਇਸਤ੍ਰੀ ਦਿਨ ਰਾਤ ਖੁਸ਼ੀਆਂ ਕਰਦੀ ਹਾਂ, ਸਾਰਾ ਸੰਸਾ ਦੂਰ ਹੋ ਗਿਆ ਹੈ। ਗੁਰੂ ਜੀ ਆਖਦੇ ਹਨ ਜਿਸਤਰਾਂ ਦਾ ਮੈਂ ਚਾਹੁੰਦੀ ਸੀ, ਓਸੇ ਤਰਾਂ ਦਾ ਮੈਨੂੰ ਪਤੀ ਪ੍ਰਮੇਸ਼ਰ ਮਿਲ ਗਿਆ ਹੈ।

**ਮੇਰੈ ਮਨਿ ਅਨਦੁ ਭਇਆ ਜੀਉ ਵਜੀ ਵਾਧਾਈ॥ ਘਰਿ ਲਾਲੁ ਆਇਆ ਪਿਆਰਾ ਸਭ ਤਿਖਾ ਬੁਝਾਈ॥ ਮਿਲਿਆ ਤ ਲਾਲੁ ਗੁਪਾਲੁ ਠਾਕੁਰੁ ਸਖੀ ਮੰਗਲੁ ਗਾਇਆ॥ ਸਭ ਮੀਤ ਬੰਧਪ ਹਰਖੁ ਉਪਜਿਆ ਦੂਤ ਥਾਉ ਗਵਾਇਆ॥ ਅਨਹਤ ਵਾਜੇ ਵਜਹਿ ਘਰ ਮਹਿ ਪਿਰ ਸੰਗਿ ਸੇਜ ਵਿਛਾਈ॥ ਬਿਨਵੰਤਿ ਨਾਨਕੁ ਸਹਜਿ ਰਹੈ ਹਰਿ ਮਿਲਿਆ ਕੰਤੁ ਸੁਖਦਾਈ॥ ੪॥ ੧॥**

ਹੇ ਮੇਰੇ ਮਾਲਕਾ! ਮੇਰੇ ਮਨ ਵਿਚ ਅਨੰਦ ਹੋਇਆ ਹੈ ਅਤੇ ਬੜੀ ਵਧਾਈ ਵਜੀ ਭਾਵ ਪ੍ਰਗਟ ਹੋਈ ਹੈ। ਮੇਰੇ ਰਿਦੇ ਘਰ ਵਿਚ ਤੂੰ ਪਿਆਰਾ ਪਤੀ ਆਇਆ ਹੈਂ, ਏਸੇ ਲਈ ਮੈਂ ਸਾਰੀ ਤੇਹ ਬੁਝਾ ਦਿੱਤੀ ਹੈ। ਹੇ ਮੇਰੇ ਗੁਪਾਲ ਠਾਕਰ ਪਿਆਰਿਆ! ਜਦੋਂ ਤੂੰ ਮੈਨੂੰ ਮਿਲਿਆ ਹੈਂ ਓਦੋਂ ਹੀ ਸੰਤਾਂ ਸਖੀਆਂ ਨੇ ਤੇਰਾ ਜੱਸ ਗਾਇਆ ਹੈ। ਸਾਰਿਆਂ ਮਿੱਤ੍ਰਾਂ ਸਬੰਧੀਆਂ ਨੂੰ ਸੁਖ ਹੋਇਆ ਹੈ ਅਤੇ ਕਾਮ ਆਦਕ ਦੂਤਾਂ ਦਾ ਥਾਂ ਅਗਯਾਨ ਦਾ ਡੇਰਾ ਸਾਰਾ ਨਾਸ ਕਰ ਦਿੱਤਾ ਹੈ। ਹੁਣ ਮੇਰੇ ਰਿਦੇ ਘਰ ਵਿਚ ਲਗਾਤਾਰ ਵਾਜੇ ਵੱਜਦੇ ਹਨ, ਕਿਉਂਕਿ ਤੈਨੂੰ ਪਤੀਨੂੰ ਆਪਣੇ ਨਾਲ ਜਾਣਕੇ ਮੈਂ ਤੇਰੇ ਲਈ ਸ਼ਰਧਾ ਦੀ ਸੇਜ ਵਿਛਾਈ ਹੈ। ਗੁਰੂ ਜੀ ਆਖਦੇ ਹਨ ਹੁਣ ਅਸੀ ਸ਼ਾਂਤੀ ਅਵਸਥਾ ਵਿਚ ਟਿਕ ਗਏ ਹਾਂ, ਕਿਉਂਕਿ ਹਰੀ ਪਤੀ ਸੁਖਦਾਈ ਮਿਲ ਪਿਆ ਹੈ।

## ਗਉੜੀ ਮਹਲਾ ੫॥

(ਸ੍ਰੀ ਗੁਰੂ ਨਾਨਕ ਜੀ ਤੋਂ ਸ੍ਰੀਗੁਰੂ ਰਾਮਦਾਸ ਜੀ ਤਕ ਜੇਹੜੀ ਬਾਣੀ

Digitized by Panjab Digital Library | www.panjabdigilib.org

ਸੀ,ਓਹ ਪੋਥੀਆਂ ਸ੍ਰੀਗੁਰੂ ਅਮਰਦਾਸ ਜੀਦੇ ਵਡੇ ਪੁਤ੍ਰਮੋਹਨਦੇ ਪਾਸਗੋਇੰਦ-ਵਾਲ ਸਨਜਦੋਂ ਸ੍ਰੀਗੁਰੂ ਅਰਜਨ ਦੇਵ ਜੀ ਸ੍ਰੀਗੁਰੂਗ੍ਰੰਥ ਸਾਹਿਬ ਜੀਦੀਬੀੜ ਤਿਆਰ ਕਰਨ ਲੱਗੇ ਤਾਂ ਓਹਨਾਂ ਦੀ ਲੋੜ ਪਈ। ਪਹਿਲੇ ਭਾਈ ਗੁਰਦਾਸ ਜੀ ਨੂੰ ਘੱਲਿਆ, ਫਿਰ ਭਾਈ ਬੁੱਢੇ ਜੀ ਨੂੰ ਘੱਲਿਆ, ਪਰ ਮੋਹਨ ਨੇ ਪੋਥੀਆਂ ਨਾ ਦਿੱਤੀਆਂ। ਅੰਤ ਨੂੰ ਗੁਰੂ ਜੀ ਆਪ ਗਏ, ਉਸ ਚੁਬਾਰੇ ਦੇ ਥੱਲੇ ਗੁਰੂ ਜੀ ਗਲੀ ਵਿਚ ਵਿਛਾਈ ਤੋਂ ਬਿਨਾ ਭੁੰਜੇ ਬਹਿਕੇ ਤੰਬੂਰਾ ਹਥ ਵਿਚ ਲੈਕੇ ਇਸ ਸ਼ਬਦ ਨੂੰ ਉਚਾਰਿਆ ਤੇ ਗਾਵਿਆ। ਇਸ ਸ਼ਬਦ ਦੀ ਇਕ ਪੌੜੀ ਸੁਣਕੇ ਮੋਹਨ ਨੇ ਤਾਕੀ ਖੋਹਲਕੇ ਕਠੋਰ ਬਚਨ ਆਖੇ, ਦੂਜੀ ਪੌੜੀ ਸੁਣਕੇ ਦਰਵਾਜ਼ਾ ਖੋਹਲ ਦਿਤਾ। ਤੀਜੀ ਪੌੜੀ ਸੁਣਕੇ ਪੋਥੀਆਂ ਲੈਕੇਮੋਹਣ ਜੀ ਥੱਲੇ ਉਤਰ ਆਏ ਅਤੇ ਪੋਥੀਆਂ ਗੁਰੂ ਜੀਦੇ ਅੱਗੇ ਰੱਖਕੇ ਮੱਥਾ ਟੇਕਿਆ ਤਾਂ ਗੁਰੂ ਜੀ ਨੇ ਚੌਥੀ ਪੌੜੀ ਉਚਾਰਨ ਕਰਕੇ ਮੋਹਨਨੂੰ ਵਰ ਦਾਨ ਦਿਤਾ। ਭਾਵੇਂ ਇਹ ਸ਼ਬਦ ਮੋਹਨ ਜੀ ਦੀ ਉਸਤਤੀ ਹੈ, ਪਰ ਗੁਰੂ ਜੀ ਦਾ ਭਾਵ ਮੋਹਨ ਪ੍ਰਮੇਸ਼ਰ ਨੂੰ ਸੰਬੋਧਨ ਕਰਕੇ ਉਸਤਤੀ ਕੀਤੀ ਹੈ।)

**ਮੋਹਨ ਤੇਰੇ ਊਚੇ ਮੰਦਰ ਮਹਲ ਅਪਾਰਾ ॥ ਮੋਹਨ ਤੇਰੇ ਸੋਹਨਿ ਦੁਆਰ ਜੀਉ ਸੰਤ ਧਰਮਸਾਲਾ ॥ ਧਰਮਸਾਲ ਅਪਾਰ ਦੈਆਰ ਠਾਕੁਰ ਸਦਾ ਕੀਰਤਨੁ ਗਾਵਹੇ॥ ਜਹ ਸਾਧ ਸੰਤ ਇਕਤ੍ਰ ਹੋਵਹਿ ਤਹਾ ਤੁਝਹਿ ਧਿਆਵਹੇ ॥ ਕਰਦਇਆ ਮਇਆ ਦਇਆਲ ਸੁਆਮੀ ਹੋਹੁ ਦੀਨਕ੍ਰਿਪਾਰਾ॥ਬਿਨਵੰਤਿ ਨਾਨਕ ਦਰਸ ਪਿਆਰੇ ਮਿਲਿ ਦਰਸਨ ਸੁਖੁਸਾਰਾ ॥ ੧ ॥**

ਹੇ ਮੋਹਨ ਜੀ! ਤੇਰੇ ਮੰਦਰ ਬੜੇ ਉੱਚੇ ਹਨ ਅਤੇ ਮਹਿਲ ਬੜੇ ਹਨ। ਹੇ ਮੋਹਨ ਜੀ ਤੇਰੇ ਦਰਵਾਜ਼ੇ ਧਰਮਸਾਲਾ ਵਿਚ ਸੰਤ ਸੋਭਦੇ ਹਨ। ਹੇ ਦਿਆਲੂ ਠਾਕਰ ਮੋਹਨ ਜੀ! ਤੇਰੀ ਧਰਮਸਾਲਾ ਵਿਚ ਅਨੇਕਾਂ ਸੰਤ ਸਦਾ ਕੀਰਤਨ ਗਾਉਂਦੇ ਹਨ। ਜਿਥੇ ਚੰਗੇ ਚੰਗੇ ਸੰਤ ਕੱਠੇ ਹੁੰਦੇ ਹਨ ਓਥੇ ਓਹ ਤੈਨੂੰ ਹੀ ਧਿਆਉਂਦੇ ਹਨ। ਹੇ ਦਿਆਲੂ ਮਾਲਕ ਜੀ! ਆਪਣੀ ਦਯਾ ਮਯਾ ਕਰਕੇ ਭਾਵ ਬਹੁਤ ਹੀ ਕਿਰਪਾ ਕਰਕੇ ਮੇਰੇ ਗਰੀਬ ਉਤੇ ਕ੍ਰਿਪਾਲੂ ਹੋਵੋ। ਗੁਰੂ ਜੀ ਆਖਦੇ ਹਨ ਅਸੀਂ ਆਪ ਦੇ ਦਰਸ਼ਨ ਦੇ ਬਹੁਤ ਪਿਆਸੇ ਹਾਂ,ਆਪ ਦੇ ਦਰਸ਼ਨ ਨਾਲ ਬਹੁਤ ਚੰਗਾ ਸੁਖ ਮਿਲੇਗਾ।

**ਮੋਹਨ ਤੇਰੇ ਬਚਨ ਅਨੂਪ ਚਾਲ ਨਿਰਾਲੀ ॥ ਮੋਹਨ ਤੂੰ ਮਾਨਹਿ ਏਕੁ ਜੀ ਅਵਰ ਸਭ ਰਾਲੀ ॥ ਮਾਨਹਿ ਤ ਏਕੁ**

Digitized by Panjab Digital Library | www.panjabdigilib.org

ਅਲੇਖੁ ਠਾਕੁਰੁ ਜਿਨਹਿ ਸਭ ਕਲ ਧਾਰੀਆ ॥ ਤੁਧੁ ਬਚਨਿ ਗੁਰਕੈ ਵਸਿ ਕੀਆ ਆਦਿ ਪੁਰਖੁ ਬਨਵਾਰੀਆ ॥ ਤੂੰ ਆਪਿ ਚਲਿਆ ਆਪਿ ਰਹਿਆ ਆਪਿ ਸਭ ਕਲ ਧਾਰੀਆ ॥ ਬਿਨਵੰਤਿ ਨਾਨਕ ਪੈਜ ਰਾਖਹੁ ਸਭ ਸੇਵਕ ਸਰਨਿ ਤੁਮਾਰੀਆ ॥ ੨ ॥

ਹੇ ਮੋਹਨ ਜੀ! ਆਪਦੇ ਬਚਨ ਬੜੇ ਸੁੰਦਰ ਹਨ ਅਤੇ ਚਾਲ ਵੀ ਬੜੀ ਸੁੰਦਰ ਹੈ, ਸਾਰਿਆਂ ਨਾਲੋਂ ਵਖਰੀ ਹੈ ਜਾਂ ਮਰਯਾਦਾ ਚੰਗੀ ਹੈ, ਸਮਾਧੀ ਲਾਕੇ ਬੈਠੇ ਰਹਿੰਦੇ ਹੋ। ਹੇ ਮੋਹਨ ਜੀ! ਤੁਸੀਂ ਇਕ ਪ੍ਰਮੇਸ਼ਰ ਨੂੰ ਮੰਨਦੇ ਹੋ ਜਾਂ ਜੀਅ ਵਿਚ ਮੰਨਦੇ ਹੋ, ਹੋਰ ਸਾਰਿਆਂ ਨੂੰ ਮਿਟੀ ਵਾਂਗ ਬਿਅਰਥ ਸਮਝਿਆ ਹੈ। ਤੁਸੀਂ ਇਕ ਅਲੱਖ ਠਾਕਰ ਨੂੰ ਜੀਅ ਵਿਚ ਮੰਨਦੇ ਹੋ, ਜਿਸ ਇਕ ਪ੍ਰਮੇਸ਼ਰ ਨੇ ਹੀ ਸਾਰਿਆਂ ਵਿਚ ਕਲਾ ਧਾਰੀ ਹੋਈ ਹੈ। ਤੁਸਾਂ ਸ੍ਰੀ ਗੁਰੂ ਅਮਰਦਾਸ ਜੀ ਦੇ ਬਚਨਾਂ ਨੂੰ ਮੰਨਕੇ ਆਦਿ ਅਕਾਲ ਪੁਰਖ ਜਗਤ ਦੇ ਮਾਲਕ ਨੂੰ ਆਪਣੇ ਵਸ ਕੀਤਾ ਹੈ। ਤੂੰ ਆਪ ਹੀ ਸ੍ਰੀ ਗੁਰੂ ਅਮਰਦਾਸ ਰੂਪ ਹੋਕੇ ਸੰਸਾਰ ਤੋਂ ਚਲਿਆ ਹੈਂ ਅਤੇ ਆਪ ਹੀ ਮੋਹਨ ਰੂਪ ਹੋਕੇ ਸੰਸਾਰ ਵਿਚ ਰਿਹਾ ਹੋਇਆ ਹੈਂ ਅਤੇ ਤੂੰ ਆਪ ਹੀ ਸਾਰੀਆਂ ਸ਼ਕਤੀਆਂ ਧਾਰੀਆਂ ਹੋਈਆਂ ਹਨ। ਗੁਰੂ ਜੀ ਆਖਦੇ ਹਨ ਸਾਡੀ ਇੱਜ਼ਤ ਜਾਂ ਪ੍ਰਤੱਗਿਆ ਰਖੋ, ਕਿਉਂਕਿ ਅਸੀਂ ਸਾਰੇ ਦਾਸ ਆਕੇ ਆਪ ਦੀ ਸ਼ਰਣ ਪਏ ਹਾਂ।

ਮੋਹਨ ਤੁਧੁ ਸਤ ਸੰਗਤਿ ਧਿਆਵੈ ਦਰਸ ਧਿਆਨਾ ॥ ਮੋਹਨ ਜਮੁ ਨੇੜਿ ਨ ਆਵੈ ਤੁਧੁ ਜਪਹਿ ਨਿਦਾਨਾ ॥ ਜਮਕਾਲੁ ਤਿਨ ਕਉ ਲਗੈ ਨਾਹੀ ਜੋ ਇਕ ਮਨਿ ਧਿਆਵਹੇ॥ ਮਨਿ ਬਚਨਿ ਕਰਮਿ ਜਿ ਤੁਧੁ ਅਰਾਧਹਿ ਸੇ ਸਭੇ ਫਲ ਪਾਵਹੇ ॥ ਮਲ ਮੂਤ ਮੂੜ ਜਿ ਮੁਗਧ ਹੋਤੇ ਸਿ ਦੇਖਿ ਦਰਸੁ ਸੁਗਿਆਨਾ ॥ ਬਿਨਵੰਤਿ ਨਾਨਕ ਰਾਜੁ ਨਿਹਚਲੁ ਪੂਰਨ ਪੁਰਖ ਭਗਵਾਨਾ ॥ ੩ ॥

ਹੇ ਮੋਹਨ ਜੀ! ਤੈਨੂੰ ਸਭ ਸੰਗਤ ਧਿਆਉਂਦੀ ਹੈ ਅਤੇ ਅਸੀਂ ਵੀ ਤੇਰੇ ਦਰਸ਼ਨ ਦਾ ਧਿਆਨ ਕਰਦੇ ਹਾਂ। ਹੇ ਮੋਹਨ ਜੀ! ਅੰਤ ਨੂੰ ਓਹਨਾਂ ਦੇ ਨੇੜੇ ਜਮ ਨਹੀਂ ਆਉਂਦਾ ਹੈ, ਜੇਹੜੇ ਤੈਨੂੰ ਜਪਦੇ ਹਨ।

Digitized by Panjab Digital Library | www.panjabdigilib.org

ਓਹਨਾਂ ਨੂੰ ਜਮਕਾਲ ਨਹੀਂ ਲਗਦਾ ਹੈ, ਜੋਹੜੇ ਤੈਨੂੰ ਇਕ ਮਨ ਹੋਕੇ ਯਾਦ ਕਰਦੇ ਹਨ। ਜੇਹੜੇ ਆਦਮੀ ਮਨ ਬਚਨ ਸਰੀਰ ਕਰਕੇ ਤੈਨੂੰ ਯਾਦ ਕਰਦੇ ਹਨ,ਓਹ ਧਰਮ ਅਰਥ ਕਾਮ ਮੋਖ ਆਦਕ ਸਾਰਿਆਂ ਫਲਾਂ ਨੂੰ ਪਾ ਲੈਂਦੇ ਹਨ। ਜੇਹੜੇ ਮਲ ਮੂਤ ਵਰਗੇ ਬੜੇ ਮੈਲੇ ਮਨ ਵਾਲੇ ਮੂਰਖ ਸਨ, ਓਹ ਬਹੁਤ ਹੀ ਮੂਰਖ ਹੁੰਦੇ ਸਨ, ਓਹ ਵੀ ਆਪਦਾ ਦਰਸ਼ਨ ਕਰਕੇ ਚੰਗੇ ਗਿਆਨ ਵਾਲੇ ਹੋ ਗਏ ਹਨ। ਗੁਰੂ ਜੀ ਆਖਦੇ ਹਨ ਹੇ ਪੂਰਨ ਅਕਾਲ ਪੁਰਖ ਭਗਵਾਨ ਦੇ ਉਪਾਸ਼ਕ! ਆਪਦਾ ਰਾਜ = ਹੁਕਮ ਜਾਂ ਤੇਜ ਪ੍ਰਕਾਸ਼ ਸਦਾ ਰਹਿਣ ਵਾਲਾ ਹੈ।

**ਮੋਹਨ ਤੂੰ ਸੁਫਲੁ ਫਲਿਆ ਸਣੁ ਪਰਵਾਰੇ ॥ ਮੋਹਨ ਪੁਤ੍ਰ ਮੀਤ ਭਾਈ ਕੁਟੰਬ ਸਭਿ ਤਾਰੇ ॥ ਤਾਰਿਆ ਜਹਾਨੁ ਲਹਿਆ ਅਭਿਮਾਨੁ ਜਿਨੀ ਦਰਸਨੁ ਪਾਇਆ॥ਜਿਨੀਤੁਧਨੋ ਧੰਨੁ ਕਹਿਆ ਤਿਨ ਜਮੁ ਨੇੜਿ ਨ ਆਇਆ॥ ਬੇਅੰਤ ਗੁਣ ਤੇਰੇ ਕਥੇ ਨ ਜਾਹੀ ਸਤਿਗੁਰ ਪੁਰਖ ਮੁਰਾਰੇ ॥ ਬਿਨਵੰਤਿ ਨਾਨਕ ਟੇਕ ਰਾਖੀ ਜਿਤੁ ਲਗਿ ਤਰਿਆ ਸੰਸਾਰੇ ॥੪॥ ੨ ॥**

ਹੇ ਮੋਹਨ ਜੀ! ਤੂੰ ਸਹਿਤ ਪਰਵਾਰ ਦੇ ਚੰਗਿਆਂ ਫਲਾਂ ਨਾਲ ਫਲਿਆ ਹੋਇਆ ਹੈਂ। ਹੇ ਮੋਹਨ ਜੀ! ਤੂੰ ਆਪਣੇ ਪੁਤ੍ਰ ਮਿਤ੍ਰ ਭਰਾ ਆਦਿਕ ਸਾਰੇ ਟੱਬਰ ਦੇ ਲੋਕ ਤਾਰ ਦਿੱਤੇ ਹਨ। ਜਿਨ੍ਹਾਂ ਨੇ ਤੇਰਾ ਦਰਸ਼ਨ ਪਾਇਆ ਹੈ,ਓਹਨਾਂ ਦਾ ਹੰਕਾਰ ਦੂਰ ਹੋਇਆ ਹੈ ਅਤੇ ਉਨ੍ਹਾਂ ਨੂੰ ਤੁਸਾਂ ਇਸ ਜਹਾਨ ਤੋਂ ਤਾਰਿਆ ਹੈ। ਜਿਨ੍ਹਾਂ ਨੇ ਤੈਨੂੰ ਧੰਨ ੨ ਕਰਕੇ ਆਖਿਆ ਹੈ, ਓਹਨਾਂ ਦੇ ਨੇੜੇ ਫੇਰ ਜਮ ਨਹੀਂ ਆਇਆ ਹੈ। ਹੇ ਸਚੇ ਪੁਰਖ ਪ੍ਰਮੇਸ਼ਰ ਮੁਰਾਰੀ ਦੇ ਰੂਪ ਵਡੇ! ਤੇਰੇ ਬਿਅੰਤ ਗੁਣ ਹਨ, ਸਾਥੋਂ ਆਖੇ ਨਹੀਂ ਜਾਂਦੇ ਹਨ। ਗੁਰੂ ਜੀ–ਸਾਡੀ ਤਾਂ ਆਪ ਨੇ ਲਾਜ ਰਖੀ ਹੈ, ਜਿਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਰਨੀ ਲਗਕੇ ਸਾਰਾ ਸੰਸਾਰ ਤਰਿਆ ਕਰੇਗਾ, ਓਹ ਬਾਣੀ ਆਪਨੇ ਸਾਨੂੰ ਦਿੱਤੀ ਹੈ।

{ ਦੂਸਰਾ ਅਰਥ ਜੋ ਅਕਾਲ ਪੁਰਖ ਦੇ ਸਨਮੁਖ ਬੇਨਤੀ ਹੈ! }

| | |
|---|---|
| ਮੋਹਨ = | ਅਕਾਲ ਪੁਰਖ |
| ਮੰਦਰ = | ਸੁਰਗ |
| ਮਹਿਲ = | ਸਤਸੰਗ |
| ਦਆਰੇ | " " |

Digitized by Panjab Digital Library | www.panjabdigilib.org

ਧਰਮਸਾਲਾ ਧਰਮ ਦੇ ਥਾਂ
ਸੰਤ = ਸਿਖ ਗੁਰਮੁਖ

ਦਯਾ ਮਯਾ = ਹੇ ਪਰਮੇਸ਼ਰ ਕਿਰਪਾ ਕਰਨ ਵਾਲਿਆ! ਕਿਰਪਾ ਕਰ। ਰਾਲੀ = ਹੋਰ ਸਾਰਿਆਂ ਜੀਵਾਂ ਨੂੰ ਅਸੀਂ ਮਿੱਟੀ, ਧੂੜ, ਸੁਆਹ ਮੰਨਦੇ ਹਾਂ, ਇਕ ਤੂੰ ਹੀ ਸਦਾ ਰਹਿਣ ਵਾਲਾ ਹੈਂ, ਅਸੀਂ ਤੈਨੂੰ ਹੀ ਮੰਨਦੇ ਹਾਂ, ਤੁਸੀਂ ਆਪਣੀ ਯੁਕਤੀ ਵਾਲੇ ਸਾਰੇ ਜਗਤ ਦੇ ਮਾਲਕ ਹੋ। ਗੁਰਾਂ ਦੇ ਬਚਨਾਂ ਕਰਕੇ ਭਗਤਾਂ ਨੇ ਤੈਨੂੰ ਵਸ ਕੀਤਾ ਹੈ, ਆਪੇ ਹੀ ਸਾਰੀਆਂ ਸ਼ਕਤੀਆਂ ਨੂੰ ਧਾਰਨ ਕਰਨ ਵਾਲੇ ਹੋ, ਜੇਹੜੇ ਆਦਮੀ ਆਪਦੀ ਸ਼ਰਨ ਆਉਂਦੇ ਹਨ,ਓਹਨਾਂ ਦੀ ਤੁਸੀਂ ਇੱਜ਼ਤ ਰਖਦੇ ਹੋ ਤੇ ਮੋਹਨ ਪਰਮੇਸ਼ਰ ਜੇਹੜੇ ਤੈਨੂੰ ਜਪਦੇ ਹਨ, ਓਹਨਾਂ ਦੇ ਪਾਸ ਜਮ ਨਹੀਂ ਆਉਂਦਾ ਹੈ। ਜੇਹੜੇ ਬੜੇ ਮੈਲੇ ਸਨ,ਓਹ ਭਜਨ ਕਰਕੇ ਚੰਗੇ ਬਣ ਗਏ ਹਨ,ਹੇ ਭਗਵਾਨ ਅਕਾਲ ਪੁਰਖ! ਤੇਰਾ ਗਿਆਨ ਲਗਾਤਾਰ ਹੈ, ਜਿਨ੍ਹਾਂ ਨੇ ਹੰਕਾਰ ਨੂੰ ਦੂਰ ਕੀਤਾ ਹੈ,ਓਹਨਾਂ ਤੇਰਾ ਦਰਸ਼ਨ ਪਾਕੇ ਜਹਾਨ ਨੂੰ ਤਾਰਿਆ ਹੈ, ਹੇ ਮੁਰਾਰੀ ਤੇਰੇ ਗੁਣ ਬਿਅੰਤ ਹਨ,ਅਸੀਂ ਤੇਰਾ ਆਸਰਾ ਲਿਆ ਹੈ।

## ਗਉੜੀ ਮਹਲਾ ੫ ॥

**ਸਲੋਕ ॥ ਪਤਿਤ ਅਸੰਖ ਪੁਨੀਤ ਕਰਿ ਪੁਨਹ ਪੁਨਹ ਬਲਿਹਾਰ ॥ ਨਾਨਕ ਰਾਮ ਨਾਮੁ ਜਪਿ ਪਾਵਕੋ ਤਿਨ ਕਿਲਬਿਖ ਦਾਹਨਹਾਰ ॥ ੧ ॥**

{ ਆਪਣੇ ਮਨ ਨੂੰ ਉਪਦੇਸ਼ ਹੈ,ਇਸ ਬਾਣੀ ਦੇ ਸ਼ਲੋਕ ਮੂਲ ਹਨ ਅਤੇ ਛੰਦ ਸ਼ਲੋਕਾਂ ਦਾ ਟੀਕਾ ਹਨ! }

ਹੇ ਮਨ ਜੇਹੜਾ ਨਾਮ ਅਸੰਖ = ਅਨੇਕਾਂ ਪਾਪੀਆਂ ਦੇ ਪਵਿੱਤ੍ਰ ਕਰਨ ਵਾਲਾ ਹੈ,ਉਸਤੋਂ ਮੁੜ ਮੁੜ ਬਲਿਹਾਰ ਜਾਂਦੇ ਹਾਂ। ਗੁਰੂ ਜੀ-ਰਾਮ ਨਾਮ ਦਾ ਜਾਪ ਅਗ ਵਾਂਗ ਤੇਜ ਵਾਲਾ ਹੈ,ਪਾਪਾਂ ਰੂਪ ਘਾਹ ਦੀਆਂ ਤਿਨ = ਤਿੜਾਂ ਨੂੰ ਸਾੜਨ ਵਾਲਾ ਹੈ ਜਾਂ ਓਹਨਾਂ ਸਾਰਿਆਂ ਪਾਪਾਂ ਨੂੰ ਸਾੜਨ ਵਾਲਾ ਹੈ।

**ਛੰਤ ॥ ਜਪਿ ਮਨਾ ਤੂੰ ਰਾਮ ਨਰਾਇਣੁ ਗੋਵਿੰਦਾ ਹਰਿ ਮਾਧੋ ॥ ਧਿਆਇ ਮਨਾ ਮੁਰਾਰਿ ਮੁਕੰਦੇ ਕਟੀਐ ਕਾਲ ਦੁਖ ਫਾਧੋ ॥ ਦੁਖ ਹਰਣ ਦੀਨ ਸਰਣ ਸ੍ਰੀ ਧਰ ਚਰਨ ਕਮਲ ਅਰਾਧੀਐ ॥ ਜਮ ਪੰਥੁ ਬਿਖੜਾ ਅਗਨਿ ਸਾਗਰੁ**

Digitized by Panjab Digital Library | www.panjabdigilib.org

**ਨਿਮਖ ਸਿਮਰਤ ਸਾਧੀਐ ॥ ਕਲਿ ਮਲਹ ਦਹਤਾ ਸੁਧੁ ਕਰਤਾ ਦਿਨਸੁ ਰੈਣਿ ਅਰਾਧੋ ॥ ਬਿਨਵੰਤਿ ਨਾਨਕ ਕਰਹੁ ਕਿਰਪਾ ਗੋਪਾਲ ਗੋਬਿੰਦ ਮਾਧੋ ॥ ੧ ॥**

ਹੇ ਮਨ ! ਤੂੰ ਰਾਮ ਨਰਾਇਣ ਗੋਬਿੰਦ ਲੱਛਮੀ ਦਾ ਪਤੀ ਆਦਿਕ ਵਾਹਿਗੁਰੂ ਜੋ ਸਾਰਿਆਂ ਦਾ ਮਾਲਕ ਹੈ,ਉਸਦੇ ਨਾਮ ਨੂੰ ਜਪ। ਹੇ ਮਨਾ ਉਸ ਹੰਕਾਰ ਨੂੰ ਮਾਰਨ ਵਾਲੇ ਮੁਕਤੀ ਦੇਣ ਵਾਲੇ ਨੂੰ ਯਾਦ ਕਰ,ਜਿਸ ਨਾਲ ਕਾਲ ਦੀ ਦੁਖਦਾਈ ਫਾਹੀ ਤੇਰੀ ਕੱਟੀ ਜਾਵੇ। ਜੇਹੜਾ ਗਰੀਬਾਂ ਨੂੰ ਸ਼ਰਨ ਆਇਆਂ ਵੇਖਕੇ ਓਹਨਾਂ ਦੇ ਦੁਖਾਂ ਨੂੰ ਨਾਸ ਕਰਨ ਵਾਲਾ ਹੈ, ਉਸ ਕੁਦਰਤ ਦੇ ਮਾਲਕ ਦੇ ਚਰਨਾਂ ਕਮਲਾਂ ਨੂੰ ਯਾਦ ਕਰੀਏ। ਜੇਹੜਾ ਜਮ ਦਾ ਰਸਤਾ ਬਹੁਤ ਹੀ ਔਖਾ ਹੈ ਅਤੇ ਜੇਹੜਾ ਸੰਸਾਰ ਅੱਗ ਦਾ ਸਮੁੰਦਰ ਹੈ,ਉਸ ਪਰਮੇਸ਼ਰ ਦਾ ਇਕ ਵਾਰੀ ਅੱਖ ਦਾ ਫਰਕਣ ਜਿਤਨਾ ਸਿਮਰਨ ਕਰਨ ਨਾਲ ਸਾਰਾ ਸਾਧ ਲਈਦਾ ਹੈ ਭਾਵ ਅੱਗ ਦੇ ਸਮੁੰਦਰ ਤੇ ਜਮ ਰਸਤੇ ਤੋਂ ਟੱਪ ਜਾਈਦਾ ਹੈ। ਜੇਹੜਾ ਪਰਮੇਸ਼ਰ ਦਾ ਨਾਮ ਪਾਪਾਂ ਨੂੰ ਸਾੜਨ ਵਾਲਾ ਮਨ ਨੂੰ ਸੁਧ ਕਰਨ ਵਾਲਾ ਹੈ ਹੇ ਮਨ ! ਉਸਨੂੰ ਦਿਨੇ ਰਾਤ ਯਾਦ ਕਰੋ। ਗੁਰੂ ਜੀ-ਇਕੁਰ ਉਸ ਵਾਹਿਗੁਰੂ ਦੇ ਅੱਗੇ ਬੇਨਤੀ ਕਰਨੀ ਚਾਹੀਦੀ ਹੈ ਕਿ ਹੇ ਗੋਪਾਲ ਗੋਬਿੰਦ ਮਾਧੋ ! ਸਾਡੇ ਉੱਤੇ ਆਪਣੀ ਕਿਰਪਾ ਕਰ।

**ਸਿਮਰਿ ਮਨਾ ਦਾਮੋਦਰੁ ਦੁਖ ਹਰੁ ਭੈ ਭੰਜਨ ਹਰਿ ਰਾਇਆ ॥ ਸ੍ਰੀ ਰੰਗੋ ਦਇਆਲ ਮਨੋਹਰੁ ਭਗਤਿ ਵਛਲੁ ਬਿਰਦਾਇਆ ॥ ਭਗਤਿ ਵਛਲ ਪੁਰਖ ਪੂਰਨ ਮਨਹਿ ਚਿੰਦਿਆ ਪਾਈਐ ॥ ਤਮ ਅੰਧ ਕੂਪ ਤੇ ਉਧਾਰੈ ਨਾਮੁ ਮੰਨਿ ਵਸਾਈਐ ॥ ਸੁਰ ਸਿਧ ਗਣ ਗੰਧਰਬ ਮੁਨਿ ਜਨ ਗੁਣ ਅਨਿਕ ਭਗਤੀ ਗਾਇਆ ॥ ਬਿਨਵੰਤਿ ਨਾਨਕ ਕਰਹੁ ਕਿਰਪਾ ਪਾਰਬ੍ਰਹਮ ਹਰਿ ਰਾਇਆ ॥ ੨ ॥**

ਹੇ ਮਨਾ ! ਜਿਸਦੇ ਪੇਟ ਦੇ ਆਸਰੇ ਕੁਦਰਤ ਹੈ, ਜੇਹੜਾ ਸਾਰਿਆਂ ਦੁਖਾਂ ਦੇ ਨਾਸ ਕਰਨ ਵਾਲਾ ਹੈ, ਉਸ ਡਰ ਦੇ ਦੂਰ ਕਰਨ ਵਾਲੇ ਪਰਮੇਸ਼ਰ ਪਰਕਾਸ਼ਕ ਦਾ ਭਜਨ ਕਰ, ਜੇਹੜਾ ਲਛਮੀ ਕੁਦਰਤ ਨੂੰ ਅਨੰਦ ਦੇਣ ਵਾਲਾ ਹੈ, ਜੇਹੜਾ ਬਹੁਤ ਸੁੰਦਰ ਦਿਆਲੂ ਹੈ ਉਸਦਾ ਧਰਮ ਭਗਤਾਂ ਦੀ ਰਖਿਆ

Digitized by Panjab Digital Library | www.panjabdigilib.org

ਕਰਨੀ ਆਦਿ ਤੋਂ ਹੀ ਇਹ ਚਲਿਆ ਆਇਆ ਹੈ। ਭਗਤਾਂ ਦੀ ਰੱਖਿਆ ਕਰਨ ਵਾਲਾ ਜੇਹੜਾ ਪੂਰਨ ਅਕਾਲ ਪੁਰਖ ਹੈ, ਉਸਦਾ ਸਿਮਰਨ ਕਰਨ ਨਾਲ ਮਨ ਭਾਉਂਦਿਆਂ ਫਲਾਂ ਨੂੰ ਪਾਈਦਾ ਹੈ।

ਹੇ ਮਨ! ਜਦੋਂ ਉਸਦਾ ਨਾਮ ਰਿਦੇ ਵਿਚ ਵਸਾਈਏ ਤਦੋਂ ਓਹ ਬਹੁਤ ਅੰਨ੍ਹੇ ਖੂਹ ਜੋ ਸੰਸਾਰ ਰੂਪ ਹੈ ਬਹੁਤ ਹੀ ਹਨੇਰੇ ਵਾਲਾ ਖੂਹ ਹੈ ਉਸਤੋਂ ਬਚਾ ਲੈਂਦਾ ਹੈ। ਦੇਵਤਿਆਂ, ਸਿੱਧਾਂ, ਗਣਾਂ, ਗੰਧਰਬਾਂ, ਰਿਖੀਆਂ, ਦਾਸਾਂ ਅਤੇ ਅਨੇਕਾਂ ਭਗਤਾਂ ਨੇ ਜਿਸਦੇ ਗੁਣਾਂ ਨੂੰ ਗਾਇਆ ਹੈ। ਗੁਰੂ ਜੀ- ਹੇ ਅਕਾਲ ਪੁਰਖ! ਮੈਂ ਬੇਨਤੀ ਕਰਦਾ ਹਾਂ, ਮੇਰੇ ਉਤੇ ਵੀ ਪਰਕਾਸ਼ਕ ਪਰੇ ਰਹਿਣ ਵਾਲੇ ਪਰਮੇਸ਼ਰ ਜੀ ਕਿਰਪਾ ਕਰੋ।

**ਚੇਤਿ ਮਨਾ ਪਾਰਬ੍ਰਹਮੁ ਪਰਮੇਸਰੁ ਸਰਬ ਕਲਾ ਜਿਨਿ ਧਾਰੀ॥ ਕਰੁਣਾ ਮੈ ਸਮਰਥੁ ਸੁਆਮੀ ਘਟ ਘਟ ਪ੍ਰਾਣ ਅਧਾਰੀ॥ ਪ੍ਰਾਣ ਮਨ ਤਨ ਜੀਅ ਦਾਤਾ ਬੇਅੰਤ ਅਗਮ ਅਪਾਰੋ॥ ਸਰਣਿ ਜੋਗੁ ਸਮਰਥੁ ਮੋਹਨੁ ਸਰਬ ਦੋਖ ਬਿਦਾਰੋ॥ ਰੋਗ ਸੋਗ ਸਭਿ ਦੋਖ ਬਿਨਸਹਿ ਜਪਤ ਨਾਮੁ ਮੁਰਾਰੀ॥ ਬਿਨਵੰਤਿ ਨਾਨਕ ਕਰਹੁ ਕਿਰਪਾ ਸਮਰਥ ਸਭ ਕਲ ਧਾਰੀ॥ ੩॥**

ਹੇ ਮਨ! ਉਸ ਪਾਰਬ੍ਰਹਮ ਪਰਮੇਸ਼ਰ ਨੂੰ ਯਾਦ ਕਰ ਜਿਸਨੇ ਸਾਰਿਆਂ ਜੀਵਾਂ ਵਿਚ ਆਪਣੀ ਸ਼ਕਤੀ ਧਾਰੀ ਹੋਈ ਹੈ। ਓਹ ਸਮਰੱਥ ਮਾਲਕ ਕਿਰਪਾ ਦਾ ਰੂਪ ਹੀ ਹੈ, ਸਾਰਿਆਂ ਸਰੀਰਾਂ ਦੇ ਅੰਦਰ ਪ੍ਰਾਣਾਂ ਦਾ ਅਧਾਰ ਬਣਿਆਂ ਹੋਇਆ ਹੈ। ਹੇ ਮਨ! ਓਹ ਅਗੰਮ ਵੱਡਾ ਬਿਅੰਤ ਪ੍ਰਮੇਸ਼ਰ ਪ੍ਰਾਣਾਂ ਦਾ ਅਤੇ ਮਨ ਤਨ ਜੀਅ ਦਾ ਦਾਤਾ ਹੈ। ਓਹ ਸਮਰੱਥ ਸ਼ਰਨ ਆਇਆਂ ਦੀ ਰੱਖਿਆ ਕਰਨ ਜੋਗ ਹੈ, ਓਹ ਮੋਹਨ ਸਾਰਿਆਂ ਦੋਖਾਂ ਨੂੰ ਦੂਰ ਕਰਨ ਵਾਲਾ ਹੈ। ਉਸ ਮੁਰਾਰੀ ਦਾ ਨਾਮ ਜਪਦਿਆਂ ਸਾਰੇ ਰੋਗ ਸੋਗ ਅਤੇ ਦੋਸ਼ ਨਾਸ ਹੋ ਜਾਂਦੇ ਹਨ। ਗੁਰੂ ਜੀ-ਮੈਂ ਬੇਨਤੀ ਕਰਦਾ ਹਾਂ ਹੇ ਸਾਰੀਆਂ ਸ਼ਕਤੀਆਂ ਵਾਲਿਆ ਪਰਮੇਸ਼ਰਾ!ਮੇਰੇ ਉਤੇ ਆਪਣੀ ਕ੍ਰਿਪਾ ਕਰ।

**ਗੁਣ ਗਾਉ ਮਨਾ ਅਚੁਤ ਅਬਿਨਾਸੀ ਸਭ ਤੇ ਊਚ ਦਇਆਲਾ॥ ਬਿਸੰਭਰੁ ਦੇਵਨ ਕਉ ਏਕੈ ਸਰਬ ਕਰੈ ਪ੍ਰਤਿਪਾਲਾ॥ ਪ੍ਰਤਿਪਾਲ ਮਹਾਂ ਦਇਆਲ ਦਾਨਾ ਦਇਆ**

Digitized by Panjab Digital Library | www.panjabdigilib.org

**ਧਾਰੇ ਸਭ ਕਿਸੈ ॥ ਕਾਲੁ ਕੰਟਕੁ ਲੋਭੁ ਮੋਹੁ ਨਾਸੈ ਜੀਅ ਜਾਕੈ ਪ੍ਰਭੁ ਬਸੈ ॥ ਸੁਪ੍ਰਸੰਨ ਦੇਵਾ ਸਫਲ ਸੇਵਾ ਭਈ ਪੂਰਨ ਘਾਲਾ ॥ ਬਿਨਵੰਤ ਨਾਨਕ ਇਛ ਪੁਨੀ ਜਪਤ ਦੀਨ ਦੈਆਲਾ ॥ ੪ ॥ ੩ ॥**

ਬਿਸੰਭਰੁ = ਸੰਸਾਰ ਨੂੰ ਭਰਨ ਵਾਲਾ।

ਹੇ ਮਨਾ! ਉਸਦੇ ਗੁਣਾਂ ਨੂੰ ਗਾ ਜੇਹੜਾ ਨ ਡਿੱਗਣ ਭੱਜਣ ਵਾਲਾ ਤੇ ਨਾ ਮਰਨ ਵਾਲਾ ਸਾਰਿਆਂ ਤੋਂ ਉਚਾ ਦਿਆਲੂ ਹੈ।

ਜੇਹੜਾ ਸਾਰੇ ਸੰਸਾਰ ਦਾ ਢਿੱਡ ਭਰਨ ਵਾਲਾ ਅਤੇ ਸਾਰਿਆਂ ਨੂੰ ਹਰੇਕ ਵਸਤੂ ਦੇਣ ਵਾਲਾ ਇਕ ਹੈ, ਓਹੋ ਹੀ ਸਾਰਿਆਂ ਦੀ ਪਾਲਣਾ ਕਰਦਾ ਹੈ।

ਓਹ ਪਾਲਣਾ ਕਰਨ ਵਾਲਾ ਵੱਡਾ ਦਿਆਲੂ ਸਿਆਣਾ ਹੈ, ਓਹੋ ਹੀ ਸਾਰਿਆਂ ਉਤੇ ਕਿਰਪਾ ਕਰਦਾ ਹੈ। ਓਹ ਮਾਲਕ ਜਿਸਦੇ ਅੰਦਰ ਆ ਵਾਸਾ ਕਰਦਾ ਹੈ, ਜੇਹੜਾ ਕਾਲ ਕੰਡੇ ਵਰਗਾ ਦੁਖਦਾਈ ਹੈ ਅਤੇ ਲੋਭ ਮੋਹ ਆਦਕ ਜਿਤਨੇ ਵਿਕਾਰ ਹਨ, ਉਸਦੇ ਸਾਰੇ ਨਾਸ ਹੋ ਜਾਂਦੇ ਹਨ।

ਜਿਸ ਦੇਵ ਪ੍ਰਮੇਸ਼ਰ ਦੀ ਸਾਚੀ ਸੇਵਾ ਕਰਨੀ ਸਫਲ ਹੈ, ਜਦੋਂ ਓਹ ਪ੍ਰਸੰਨ ਹੋ ਜਾਂਦਾ ਹੈ ਓਦੋਂ ਕਮਾਈ ਕੀਤੀ ਹੋਈ ਸਾਰੀ ਪੂਰੀ ਹੋ ਜਾਂਦੀ ਹੈ, ਭਾਵ ਫਲ ਦੇਂਦੀ ਹੈ। ਗੁਰੂ ਜੀ ਆਖਦੇ ਹਨ ਉਸ ਦੀਨ ਦਿਆਲ ਨੂੰ ਜਪਦਿਆਂ ਹੋਇਆਂ ਸਾਰੀਆਂ ਇਛਿਆਂ ਪੂਰੀਆਂ ਹੋ ਜਾਂਦੀਆਂ ਹਨ।

## ਗਉੜੀ ਮਹਲਾ ੫ ॥

**ਸੁਣਿ ਸਖੀਏ ਮਿਲਿ ਉਦਮੁ ਕਰੇਹਾ ਮਨਾਇ ਲੈਹਿ ਹਰਿ ਕੰਤੈ ॥ ਮਾਨੁ ਤਿਆਗਿ ਕਰਿ ਭਗਤਿ ਠਗਉਰੀ ਮੋਹਹ ਸਾਧੂ ਮੰਤੈ ॥ ਸਖੀ ਵਸਿ ਆਇਆ ਫਿਰਿ ਛੋਡਿ ਨ ਜਾਈ ਇਹ ਰੀਤਿ ਭਲੀ ਭਗਵੰਤੈ ॥ ਨਾਨਕ ਜਰਾ ਮਰਣ ਭੈ ਨਰਕ ਨਿਵਾਰੈ ਪੁਨੀਤ ਕਰੈ ਤਿਸੁ ਜੰਤੈ ॥ ੧ ॥**

[ਪਰਮੇਸ਼ਰ ਕਿਸਤਰਾਂ ਮਿਲਦਾ ਹੈ? ਪ੍ਰਸ਼ਨੋਤ੍ਰੀ ਹੈ]

ਹੇ ਸੰਤ ਸਖੀਏ! ਸੁਣ ਤੁਸੀ 'ਅਸੀਂ' ਰਲਕੇ ਉੱਦਮ ਕਰੀਏ ਤੇ ਪ੍ਰਮੇਸ਼ਰ ਪਤੀ ਨੂੰ ਮਨਾ ਲਈਏ। ਆਪਣਾ ਹੰਕਾਰ ਛੱਡਕੇ ਅਤੇ ਭਗਤੀ ਰੂਪੀ ਠਗ ਬੂਟੀ ਪਾਕੇ ਸੰਤਾਂ ਦਾ ਉਪਦੇਸ਼ ਮੋਹਣੀ ਮੰਤ੍ਰ ਲੈਕੇ ਇਹਨਾਂ

Digitized by Panjab Digital Library | www.panjabdigilib.org

ਗਲਾਂ ਨਾਲ ਉਸਨੂੰ ਮੋਹ ਲਈਏ।

ਹੇ ਸਖੀ ਇਕ ਵਾਰ ਓਹ ਪਤੀ ਵੱਸ ਆਇਆ ਹੋਇਆ ਫਿਰ ਛੱਡਕੇ ਨਹੀਂ ਜਾਂਦਾ ਹੈ। ਇਹ ਉਸ ਭਗਵੰਤ ਦੀ ਬੜੀ ਚੰਗੀ ਰੀਤੀ ਹੈ। ਗੁਰੂ ਜੀ-ਜਿਸਦੇ ਵੱਸ ਓਹ ਹੁੰਦਾ ਹੈ, ਉਸ ਆਦਮੀ ਦੇ ਜਨਮ ਮਰਨ ਬ੍ਰਿਧ ਅਵਸਥਾ ਆਦਕ ਨਰਕਾਂ ਦੇ ਡਰ ਦੂਰ ਕਰਕੇ ਪਵਿੱਤਰ ਕਰ ਦੇਂਦਾ ਹੈ।

**ਸੁਣਿ ਸਖੀਏ ਇਹ ਭਲੀ ਬਿਨੰਤੀ ਏਹੁ ਮਤਾਂਤੁ ਪਕਾਈਐ ॥ ਸਹਜਿ ਸੁਭਾਇ ਉਪਾਧਿ ਰਹਤ ਹੋਇ ਗੀਤ ਗੋਵਿੰਦਹਿ ਗਾਈਐ ॥ ਕਲਿ ਕਲੇਸ ਮਿਟਹਿ ਭ੍ਰਮ ਨਾਸਹਿ ਮਨਿ ਚਿੰਦਿਆ ਫਲੁ ਪਾਈਐ ॥ ਪਾਰਬ੍ਰਹਮ ਪੂਰਨ ਪਰਮੇਸਰ ਨਾਨਕ ਨਾਮੁ ਧਿਆਈਐ ॥ ੨ ॥**

ਹੇ ਸੰਤ ਸਖੀਏ ਮੇਰੀ ਇਹ ਬੜੀ ਚੰਗੀ ਬੇਨਤੀ ਸੁਣ ਕਿ ਓੜਕ ਨੂੰ ਇਹ ਸਲਾਹ ਪੱਕੀ ਕਰੀਏਕਿ ਸਾਰੀਆਂ ਉਪਾਧੀਆਂ ਤੋਂ ਰਹਿਤ ਹੋਕੇ ਸਹਿਜ ਸੁਭਾਵਕ ਹੀ ਗੋਬਿੰਦ ਦੇ ਗੀਤਾਂ ਨੂੰ ਗਾਈਏ। ਜਿਸ ਕਰਕੇ ਕਲਜੁਗ ਦੇ ਕਲਪਣਾ ਪਾਉਣ ਵਾਲੇ ਸਾਰੇ ਤਰਾਂ ਦੇ ਕਲੇਸ਼ ਅਤੇ ਸਾਰੇ ਕਰਮ ਨਾਸ ਹੋ ਜਾਂਦੇ ਹਨ ਅਤੇ ਮਨ ਭਾਉਂਦਾ ਫਲ ਪਾਈਦਾ ਹੈ।

ਗੁਰੂ ਜੀ–ਪਾਰਬ੍ਰਹਮ ਪੂਰਨ ਅਕਾਲ ਪੁਰਖ ਪਰਮੇਸ਼ਰ ਦਾ ਨਾਮ ਹੀ ਸਦਾ ਯਾਦ ਕਰੀਏ।

**ਸਖੀ ਇਛ ਕਰੀ ਨਿਤ ਸੁਖ ਮਨਾਈ ਪ੍ਰਭ ਮੇਰੀ ਆਸ ਪੁਜਾਏ ॥ ਚਰਨ ਪਿਆਸੀ ਦਰਸ ਬੈਰਾਗਨਿ ਪੇਖਉ ਥਾਨ ਸਬਾਏ ॥ ਖੋਜਿ ਲਹਉ ਹਰਿ ਸੰਤ ਜਨਾ ਸੰਗੁ ਸੰਮ੍ਰਿਥ ਪੁਰਖ ਮਿਲਾਇਏ ॥ ਨਾਨਕ ਤਿਨ ਮਿਲਿਆ ਸੁਰਿਜਨੁ ਸੁਖਦਾਤਾ ਸੇ ਵਡਭਾਗੀ ਮਾਏ ॥ ੩ ॥**

Digitized by Panjab Digital Library | www.panjabdigilib.org

ਹੇ ਸੰਤ ਸਖੀਏ ਮੈਂ ਇਹ ਰੋਜ ਇੱਛਾ ਕਰਦੀ ਹਾਂ ਅਤੇ ਸੁਖ ਮਨੌਂਦੀ ਹਾਂ, ਜੋ ਮੇਰੀ ਆਸ਼ਾ ਨੂੰ ਮਾਲਕ ਪੂਰਾ ਕਰੇ। ਜਿਸਦੇ ਚਰਨਾਂ ਦੀ ਪਿਆਸੀ ਅਤੇ ਵੈਰਾਗਨ ਹੋਕੇ ਸਾਰਿਆਂ ਥਾਵਾਂ ਵਿੱਚ ਉਸਨੂੰ ਵੇਖਦੀ ਹਾਂ।

ਪਰਮੇਸ਼ਰ ਦੇ ਸੰਤਾਂ ਦੇ ਨਾਲ ਉਸਨੂੰ ਲੱਭ ਲਵਾਂਗੀ, ਓਹ ਸੰਤ ਜਨ ਸਮਰੱਥ ਅਕਾਲ ਪੁਰਖ ਨੂੰ ਮਿਲਾ ਦੇਣਗੇ।

ਗੁਰੂ ਜੀ-ਹੇ ਮਾਂ = ਸੰਤੋ ! ਜਿਨ੍ਹਾਂ ਨੇ ਸਤਸੰਗ ਪਾਇਆ ਹੈ, ਓਹਨਾਂ ਸੰਤਾਂ ਨੂੰ ਸੁਰਜਨ = ਚਤਰ ਸੁਖਦਾਈ ਪਰਮੇਸ਼ਰ ਮਿਲਿਆ ਹੈ ਅਤੇ ਓਹੋ ਹੀ ਵਡਭਾਗੀ ਹਨ।

**ਸਖੀ ਨਾਲਿ ਵਸਾ ਅਪੁਨੇ ਨਾਹ ਪਿਆਰੇ ਮੇਰਾ ਮਨੁ ਤਨੁ ਹਰਿ ਸੰਗਿ ਹਿਲਿਆ ॥ ਸੁਣਿ ਸਖੀਏ ਮੇਰੀ ਨੀਦ ਭਲੀ ਮੈ ਆਪਨੜਾ ਪਿਰੁ ਮਿਲਿਆ॥ ਭ੍ਰਮੁ ਖੋਇਓ ਸਾਂਤਿ ਸਹਜਿ ਸੁਆਮੀ ਪਰਗਾਸੁ ਭਇਆ ਕਉਲੁ ਖਿਲਿਆ॥ ਵਰੁ ਪਾਇਆ ਪ੍ਰਭੁ ਅੰਤਰਿਜਾਮੀ ਨਾਨਕ ਸੋਹਾਗੁ ਨ ਟਲਿਆ॥ ੪ ॥ ੪ ॥ ੨ ॥ ੫ ॥ ੧੧ ॥**

ਹੇ ਸਖੀ ! ਹੁਣ ਮੈਂ ਅਪਣੇ ਪਿਆਰੇ ਪਤੀ ਨਾਲ ਵੱਸਦੀ ਹਾਂ, ਕਿਉਂਕਿ ਮੇਰਾ ਮਨ ਤਨ ਉਸ ਪ੍ਰਮੇਸ਼ਰ ਪਤੀ ਦੇ ਨਾਲ ਹਿਲ ਗਿਆ ਹੈ ਭਾਵ ਪ੍ਰੇਮ ਨਾਲ ਲਗ ਗਿਆ ਹੈ। ਹੇ ਸੰਤ ਸਖੀਏ ! ਸੁਣ ਹੁਣ ਮੇਰੀ ਸ਼ਾਂਤੀ ਰੂਪ ਨੀਂਦ ਬੜੀ ਚੰਗੀ ਭਾਵ ਸੁਖ ਦੇਣ ਵਾਲੀ ਹੈ, ਕਿਉਂਕਿ ਮੈਨੂੰ ਆਪਣਾ ਮੇਰਾ ਪਤੀ ਮਿਲ ਗਿਆ ਹੈ। ਹੁਣ ਮੈਂ ਸਾਰਾ ਭਰਮ ਨਾਸ ਕਰ ਦਿਤਾ ਹੈ, ਆਪਣੇ ਮਾਲਕ ਪਰਮੇਸ਼ਰ ਰੂਪ ਨੂੰ ਪਾਕੇ ਸਹਿਜੇ ਹੀ ਸ਼ਾਂਤੀ ਹੋਈ ਹੈ ਜਦੋਂ ਗਿਆਨ ਰੂਪ ਚਾਨਣ ਹੋਇਆ ਤਾਂ ਮੇਰਾ ਰਿਦਾ ਕੌਲ ਫੁਲ ਖਿੜ ਪਿਆ,ਭਾਵ ਖੁਸ਼ੀ ਹੋਇਆ। ਗੁਰੂ ਜੀ-ਜਦੋਂ ਮੈਂ ਇੱਕੁਰ ਅਪਣੇ ਅੰਤਰਜਾਮੀ ਮਾਲਕ ਨੂੰ ਪਾ ਲਿਆ ਤਾਂ ਫਿਰ ਮੁੜਕੇ ਮੇਰਾ ਸੁਹਾਗ ਨਹੀਂ ਟੱਲਿਆ ਹੈ ਭਾਵ ਮੇਰਾ ਪਤੀ ਮਰਿਆ ਨਹੀਂ ਭਾਵ ਪ੍ਰਮੇਸ਼ਰ ਮੈਥੋਂ ਲਾਂਭੇ ਨਹੀਂ ਹੋਇਆ ਹੈ।

Digitized by Panjab Digital Library | www.panjabdigilib.org

ੴ ਸਤਿਗੁਰਪ੍ਰਸਾਦਿ ॥

ਗਉੜੀ ਬਾਵਨ ਅਖਰੀ ਮਹਲਾ ੫ ॥ ਸਲੋਕੁ ॥

ਗੁਰਦੇਵ ਮਾਤਾ ਗੁਰਦੇਵ ਪਿਤਾ ਗੁਰਦੇਵ ਸੁਆਮੀ ਪਰਮੇਸੁਰਾ ॥ ਗੁਰਦੇਵ ਸਖਾ ਅਗਿਆਨ ਭੰਜਨੁ ਗੁਰਦੇਵ ਬੰਧਿਪ ਸਹੋਦਰਾ ॥ ਗੁਰਦੇਵ ਦਾਤਾ ਹਰਿਨਾਮੁ ਉਪਦੇਸੈ ਗੁਰਦੇਵ ਮੰਤੁ ਨਿਰੋਧਰਾ ॥ ਗੁਰਦੇਵ ਸਾਂਤਿ ਸਤਿ ਬੁਧਿ ਮੂਰਤਿ ਗੁਰਦੇਵ ਪਾਰਸ ਪਰਸਪਰਾ ॥ ਗੁਰਦੇਵ ਤੀਰਥੁ ਅੰਮ੍ਰਿਤ ਸਰੋਵਰੁ ਗੁਰ ਗਿਆਨ ਮਜਨੁ ਅਪਰੰਪਰਾ ॥ ਗੁਰਦੇਵ ਕਰਤਾ ਸਭਿ ਪਾਪ ਹਰਤਾ ਗੁਰਦੇਵ ਪਤਿਤ ਪਵਿਤ ਕਰਾ ॥ ਗੁਰਦੇਵ ਆਦਿ ਜੁਗਾਦਿ ਜੁਗੁ ਜੁਗੁ ਗੁਰਦੇਵ ਮੰਤੁ ਹਰਿ ਜਪਿ ਉਧਰਾ ॥ ਗੁਰਦੇਵ ਸੰਗਤਿ ਪ੍ਰਭ ਮੇਲਿ ਕਰਿ ਕਿਰਪਾ ਹਮ ਮੂੜ ਪਾਪੀ ਜਿਤੁ ਲਗਿ ਤਰਾ ॥ ਗੁਰਦੇਵ ਸਤਿਗੁਰੁ ਪਾਰਬ੍ਰਹਮੁ ਪਰਮੇਸਰੁ ਗੁਰਦੇਵ ਨਾਨਕ ਹਰਿ ਨਮਸਕਰਾ ॥ ੧ ॥

{ ਇਹ ਸਿਮਰਣਾਤਮਕ ਮੰਗਲਾ ਚਰਣ ਹੈ, ਮੰਗਲਾ ਚਰਣਾਂ ਦੇ ਨਾਮ ਵਸਤੂ ਨਿਰਦੇਸ਼ ਨਿਰੂਪਣਾਤਮਕ ਅਸੀਰਬਾਦ ਹੈ। ਸਲੋਕ = ਦੋਹਰੇ ਵਰਗੀ ਚਾਲ ਵਾਲਾ ਛੰਦ ਹੈ ਅਤੇ ਜਸ ਕਰਨਾ ਵੀ ਅਰਥ ਕਰਦੇ ਹਨ। ਸਾਰੇ ਰੂਪ ਗੁਰਾਂ ਨੂੰ ਵਰਨਨ ਕਰਦੇ ਹਨ। }

{ ਸਖਾ = ਵੱਡਾ ਮਿਤ੍ਰ। ਭੰਜਨ ਨਾਸ ਕਰਨਾ। ਬੰਧਿਪ = ਸਰਬੰਧੀ॥ ਸਹੋਦਰਾ ਸਕਾ ਭਰਾ ॥ ਨਿਰੋਧਰਾ ਵਿਸ਼ੇਸ਼ ਕਰਕੇ ਉਧਾਰ ਕਰਨ ਵਾਲਾ ਹੈ। ਜਾਂ ਮਨ ਆਦਿਕ ਇੰਦ੍ਰਿਆਂ ਦੇ ਰੋਕਣ ਵਾਲਾ ਮੰਤ੍ਰ = ਉਪਦੇਸ਼ ਹੈ। ਪਰਸ = ਛੋਹਣਾ ॥ ਪਰਾ = ਬਹੁਤ ਚੰਗਾ ਹੈ। ਮਜਨ = ਇਸ਼ਨਾਨ। ਹਰਤਾ = ਨਾਸ ਕਰਨਾ। ਪਤਿਤ = ਪਾਪੀ। ਪਵਿਤ = ਪਵਿੱਤਰ। ਉਧਰਾ – ਉਧਰਦੇ ਹਨ ॥ }

Digitized by Panjab Digital Library | www.panjabdigilib.org

ਗੁਰੂ ਹੀ ਸਾਡਾ ਮਾਤਾ ਪਿਤਾ ਅਤੇ ਮਾਲਕ ਪ੍ਰਮੇਸ਼ਰ ਹੈ। ਗੁਰੂ ਹੀ ਸਾਡਾ ਅਗਯਾਨ ਦੇ ਨਾਸ ਕਰਨ ਵਾਲਾ ਅਤੇ ਸਰਬੰਧੀ ਪਰਮ ਪਿਆਰਾ ਸਕਾ ਭਰਾ ਹੈ। ਗੁਰੂ ਹੀ ਦਾਤਾ ਪ੍ਰਮੇਸ਼ਰ ਦੇ ਨਾਮ ਦਾ ਉਪਦੇਸ਼ ਦੇਂਦਾ ਹੈ। ਜੇਹੜਾ ਗੁਰੂ ਦਾ ਉਪਦੇਸ਼ ਰੂਪ ਮੰਤਰ ਹੈ ਓਹ ਨਿਰ ਵਿਸ਼ੇਸ਼ ਕਰਕੇ ਉਧਾਰ ਕਰਨ ਵਾਲਾਹੈ ਜਾਂ ਮਨਆਦਿਕ ਇੰਦ੍ਰਿਆਂ ਦੇ ਰੋਕਣ ਵਾਲਾ ਹੈ। ਗੁਰੂ ਤਾਂ ਸ਼ਾਂਤੀ ਅਤੇ ਸਭ ਬੁੱਧੀ ਦੀ ਇਕ ਮੂਰਤੀ ਹੀ ਬਣੇਹੋਏ ਹਨ, ਗੁਰੂ ਦੀ ਸੰਗਤ ਵਿਚ ਸ਼ਾਂਤੀ ਅਤੇ ਸਤ ਬੁੱਧੀ ਸਹਿਜੇ ਹੀ ਮਿਲਦੀ ਹੈ, ਗੁਰੂ ਇਕ ਪਾਰਸ ਹੈ। ਜੇਹੜਾ ਇਹਨਾਂ ਦੇ ਨਾਲ ਛੋਹਣਾ ਹੈ,ਇਹ ਬਹੁਤ ਹੀ ਚੰਗਾ ਹੈ ਭਾਵ ਆਦਮੀ ਪਾਪੀ ਤੋਂ ਭਗਤ ਬਣ ਜਾਂਦਾ ਹੈ। ਗੁਰੂ ਪਰਮ ਪਵਿੱਤਰ ਤੀਰਥ ਹੈ ਅਤੇ ਪਵਿੱਤਰ ਕਰਨ ਵਾਲਾ ਹੈ, ਗੁਰੂ ਗਿਆਨ ਰੂਪ ਅੰਮ੍ਰਿਤ ਦਾ ਸਮੁੰਦਰ ਹਨ, ਇਸ ਵਿਚ ਜੇਹੜਾ ਇਸ਼ਨਾਨ ਕਰਦਾ ਹੈ ਓਹ ਸੰਸਾਰ ਦਾ ਪਰਾ ਭਾਵ ਜਨਮ ਮਰਨ ਤੋਂ ਰਹਿਤ ਹੋ ਜਾਂਦਾ ਹੈ।

ਗੁਰੂ ਹੀ ਸਾਡੇ ਵਿਚ ਚੰਗਿਆਂ ਗੁਣਾਂ ਦੇ ਕਰਨ ਵਾਲਾ ਹੈ ਅਤੇ ਸਾਰਿਆਂ ਪਾਪਾਂ ਦੇ ਨਾਸ ਕਰਨ ਵਾਲਾ ਹੈ, ਗੁਰੂ ਹੀ ਪਾਪੀਆਂ ਨੂੰ ਪਵਿਤਰ ਕਰਨ ਵਾਲਾ ਹੈ। ਗੁਰੂ ਦੀ ਮਹਿਮਾਂ ਸਾਰਿਆਂ ਜੁਗਾਂ ੨ ਵਿਚ ਪ੍ਰਗਟ ਹੈ, ਗੁਰੂ ਦੇ ਦੱਸੇ ਹੋਏ ਮੰਤ੍ਰ ਨੂੰ ਜਪਕੇ ਜੀਵ ਜਗਤ ਤੋਂ ਤਰ ਜਾਂਦਾ ਹੈ।

ਇਸ ਲਈ ਹੇ ਪ੍ਰਮੇਸ਼ਰਾ ! ਕਿਰਪਾ ਕਰਕੇ ਸਾਨੂੰ ਗੁਰੂ ਦੀ ਸੰਗਤ ਵਿਚ ਮੇਲ,ਜਿਸ ਗੁਰੂ ਦੀ ਸੰਗਤ ਨਾਲ ਲਗਕੇ ਸਾਡੇ ਵਰਗੇਮੂਰਖ ਪਾਪੀਆਂ ਦਾ ਤਰਨਾ ਹੋ ਜਾਵੇ। ਗੁਰੂ ਹੀ ਪ੍ਰਮੇਸ਼ਰ ਹੈ ਤੇ ਪ੍ਰਮੇਸ਼ਰ ਹੀ ਗੁਰੂ ਹੈ, ਇਸ ਲਈ ਸ੍ਰੀ ਗੁਰੂ ਅਰਜਨ ਦੇਵ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਪ੍ਰਮੇਸ਼ਰ ਨੂੰ ਨਮਸ਼ਕਾਰ ਕਰਦੇ ਹਨ।

**ਸਲੋਕੁ ॥ ਆਪਹਿ ਕੀਆ ਕਰਾਇਆ ਆਪਹਿ ਕਰਨੈ ਜੋਗੁ ॥ ਨਾਨਕ ਏਕੋ ਰਵਿ ਰਹਿਆ ਦੂਸਰ ਹੋਆ ਨ ਹੋਗੁ ॥ ੧ ॥**

ਪ੍ਰਮੇਸ਼ਰ ਨੇ ਆਪੇ ਹੀ ਆਪਣੇ ਆਪ ਤੋਂ ਜਗਤ ਨੂੰ ਪ੍ਰਗਟ ਕੀਤਾ ਹੈ ਅਤੇ ਆਪੇ ਹੀ ਜਗਤ ਵਿਚ ਜੀਆਂ ਦੇ ਕਾਰ ਵਿਹਾਰ ਨੂੰ ਕਰਾਇਆ ਭਾਵ ਚਲਾਇਆਹੈ,ਜੀਆਂਨੂੰ ਪ੍ਰੇਰਕੇ ਆਪ ਹੀ ਸਾਰੀਆਂ ਗਲਾਂ ਦੇ ਕਰਨ ਜੋਗ ਹੈ।

ਗੁਰੂ ਜੀ-ਇਕ ਹੀ ਪ੍ਰਮੇਸਰ ਸਾਰਿਆਂ ਜੀਆਂ ਵਿਚ ਮਿਲਿਆ ਹੋਇਆ ਹੈ। ਪ੍ਰਮੇਸ਼ਰ ਤੋਂ ਬਿਨਾਂ ਦੂਸਰਾ ਕੋਈ ਨਹੀਂ ਹੋਇਆ ਹੈ ਤੇ ਨ ਹੋਵੇਗਾ।

Digitized by Panjab Digital Library | www.panjabdigilib.org

**ਪਉੜੀ ॥ ਓਅੰ ਸਾਧ ਸਤਿਗੁਰ ਨਮਸਕਾਰੰ ॥ ਆਦਿ ਮਧਿ ਅੰਤਿ ਨਿਰੰਕਾਰੰ ॥ ਆਪਹਿ ਸੁੰਨ ਆਪਹਿ ਸੁਖ ਆਸਨ ॥ ਆਪਹਿ ਸੁਨਤ ਆਪ ਹੀ ਜਾਸਨ ॥ ਆਪਨਿ ਆਪੁ ਆਪਹਿ ਉਪਾਇਓ ॥ ਆਪਹਿ ਬਾਪ ਆਪ ਹੀ ਮਾਇਓ ॥ ਆਪਹਿ ਸੂਖਮ ਆਪਹਿ ਅਸਥੂਲਾ ॥ ਲਖੀ ਨ ਜਾਈ ਨਾਨਕ ਲੀਲ੍ਹਾ ॥ ੧ ॥**

ਓਅੰ = ਸ਼ੁੱਧ ਰੂਪ ਪ੍ਰਮੇਸ਼ਰ ॥ ਸਾਧ = ਸ੍ਰੇਸ਼ਟ ॥

ਉਸ ਸ਼ੁੱਧ ਸ੍ਰੇਸ਼ਟ ਪ੍ਰਮੇਸ਼ਰ ਰੂਪ ਗੁਰੂ ਨੂੰ ਨਮਸਕਾਰ ਹੈ। ਓਹ ਜੇਹੜਾ ਪ੍ਰਮੇਸ਼ਰ ਤਿੰਨਾਂ ਸਮਿਆਂ ਵਿਚ ਨਿਰਅਕਾਰ ਹੈ ਭਾਵ ਕਦੀ ਵੀ ਨਾਸ ਨਹੀਂ ਹੋਣ ਵਾਲਾ। ਸਾਰੀ ਉਤਪਤੀ ਤੋਂ ਪਹਿਲੇ ਆਪ ਹੀ ਚੁਪ ਚਾਪ ਸੀ ਅਤੇ ਆਪੇ ਹੀ ਆਪਣੇ ਸੁਖ ਵਿਚ ਬੈਠਾ ਹੋਇਆ ਸੀ। ਆਪੇ ਹੀ ਆਪਣੇ ਜਸ ਨੂੰ ਸੁਣਦਾ ਸੀ। ਆਪਣੇ ਆਪ ਤੋਂ ਆਪ ਹੀ ਸਾਰੇ ਜਗਤ ਨੂੰ ਪ੍ਰਗਟ ਕੀਤਾ ਹੈ। ਇਸ ਜਗਤ ਦਾ ਆਪ ਹੀ ਪਿਤਾ ਹੈ ਅਤੇ ਆਪ ਹੀ ਮਾਤਾ ਹੈ। ਆਪ ਹੀ ਨਿੱਕਾ ਹੈ ਆਪ ਹੀ ਵਡਾ ਹੈ। ਗੁਰੂ ਜੀ—ਮਾਲਕ ਦੀ ਲੀਲਾ = ਸੰਸਾਰ ਦੀ ਰਚਨਾ ਦੀ ਸਾਰੀ ਕਾਰ ਕਿਸੇ ਪਾਸੋਂ ਵੇਖੀ ਨਹੀਂ ਜਾਂਦੀ ਹੈ ਭਾਵ ਇਸ ਰਚਨਾ ਦਾ ਕੋਈ ਅੰਤ ਨਹੀਂ ਪਾ ਸਕਦਾ ਹੈ।

**ਕਰਿ ਕਿਰਪਾ ਪ੍ਰਭ ਦੀਨ ਦਇਆਲਾ ॥ ਤੇਰੇ ਸੰਤਨ ਕੀ ਮਨੁ ਹੋਇ ਰਵਾਲਾ ॥ ਰਹਾਉ ॥**

ਹੇ ਗਰੀਬਾਂ ਉਤੇ ਦਯਾ ਕਰਨ ਵਾਲੇ ਮਾਲਕ ਸਾਡੇ ਉਤੇ ਆਪਣੀ ਕਿਰਪਾ ਕਰ। ਸਾਡਾ ਮਨ ਤੇਰੇ ਸੰਤਾਂ ਦੀ ਚਰਨ ਧੂੜ ਹੋ ਜਾਵੇ।

**ਸਲੋਕੁ ॥ ਨਿਰੰਕਾਰ ਆਕਾਰ ਆਪਿ ਨਿਰਗੁਨ ਸਰਗੁਨ ਏਕ ॥ ਏਕਹਿ ਏਕ ਬਖਾਨਨੋ ਨਾਨਕ ਏਕ ਅਨੇਕ ॥ ੧ ॥**

ਇਕ ਹੀ ਆਪ ਪ੍ਰਮੇਸ਼ਰ ਨਿਰਗੁਨ ਰੂਪ ਤੋਂ ਕੇਵਲ ਸੁਧ ਰੂਪ ਨਿਰਵਿਕਾਰ ਨਿਰੰਕਾਰ ਹੈ। ਸਾਰੇ ਹੀ ਸੰਸਾਰ ਰੂਪ ਅਕਾਰ ਤੋਂ ਰਹਿਤ ਹੈ ਅਤੇ ਇਕ ਹੀ ਆਪ ਪ੍ਰਮੇਸਰ ਸਰਗੁਣ ਰੂਪ ਕਰਕੇ ਅਕਾਰ ਕਰਨ ਵਾਲਾ ਹੈ। ਉਸ ਪ੍ਰਮੇਸ਼ਰ ਨੂੰ ਇਕ ਹੀ ਇਕ ਕਰਕੇ ਕਥਨ ਕੀਤਾ ਜਾਂਦਾ ਹੈ। ਗੁਰੂ ਜੀ—ਇਕ ਹੀ ਉਹ ਅਨੇਕਾਂ ਰੂਪ ਹੋਇਆ ੨ ਹੈ।

Digitized by Panjab Digital Library | www.panjabdigilib.org

**ਪਉੜੀ ॥ ਓਅੰ ਗੁਰਮੁਖਿ ਕੀਓ ਅਕਾਰਾ ॥ ਏਕਹਿ ਸੂਤ ਪਰੋਵਨਹਾਰਾ ॥ ਭਿੰਨ ਭਿੰਨ ਤ੍ਰੈਗੁਣ ਬਿਸਥਾਰੰ ॥ ਨਿਰਗੁਨ ਤੇ ਸਰਗੁਨ ਦ੍ਰਿਸਟਾਰੰ ॥ ਸਗਲ ਭਾਤਿ ਕਰਿ ਕਰਹਿ ਉਪਾਇਓ ॥ ਜਨਮ ਮਰਨ ਮਨ ਮੋਹੁ ਬਢਾਇਓ ॥ ਦੁਹੂ ਭਾਤਿ ਤੇ ਆਪਿ ਨਿਰਾਰਾ ॥ ਨਾਨਕ ਅੰਤੁ ਨ ਪਾਰਾਵਾਰਾ ॥ ੨ ॥**

ਹੇ ਗੁਰਮੁਖੋ ਉਸ ਪ੍ਰਮੇਸ਼ਰ ਨੇ ਇੱਕ ਓਅੰ = ਅਵਾਜ਼ ਨਾਲ ਸਾਰੇ ਸੰਸਾਰ ਦਾ ਅਕਾਰ ਕੀਤਾ ਹੈ। ਅਨੇਕਾਂ ਤਰ੍ਹਾਂ ਦੇ ਜਗਤ ਦੇ ਜੀਆਂ ਨੂੰ ਇਕ ਆਪਣੀ ਸੱਤਾ ਰੂਪ ਸੂਤ ਵਿੱਚ ਪਰੋਣ ਵਾਲਾ ਹੈ ਭਾਵ ਸਾਰਿਆਂ ਜੀਆਂ ਤੋਂ ਆਪਣੀ ਸ਼ਕਤੀ ਨਾਲ ਕਾਰ ਵਿਹਾਰ ਕਰਾਂਦਾ ਹੈ। ਜੇਹੜੇ ਮਾਇਆ ਦੇ ਰਜੋ ਸਤੋ ਤਮੋ ਤਿੰਨ ਗੁਣ ਹਨ, ਇਹਨਾਂ ਨਾਲ ਆਪਣੇ ਆਪਨੂੰ ਵਖੋ ਵੱਖ ਖਲਾਰਦਾ ਹੈ। ਭਾਵ ਸਾਰਿਆਂ ਵਿੱਚ ਫੈਲਿਆ ਹੋਇਆ ਹੈ।

ਪ੍ਰਮੇਸ਼ਰ ਨੇ ਆਪ ਹੀ ਆਪਣੇ ਆਪ ਨਿਰਗੁਣ ਰੂਪ ਤੋਂ ਸਰਗੁਣ ਰੂਪ ਜਗਤ ਵਿਖਾਇਆ ਹੈ। ਸਾਰੀਆਂ ਤਰਾਂ ਕਰਕੇ ਭਾਵ ਪਸ਼ੂ ਪੰਛੀ ਮਨੁਖ ਦਰਖਤ ਆਦਿਕ ਕਰਕੇ ਸਾਰਿਆਂ ਦਾ ਕਰਤਾ ਹੈ ਤੇ ਪ੍ਰਗਟ ਕਰਨ ਵਾਲਾ ਹੈ। ਜੇਹੜਾ ਮੋਹ ਮੁੜ ੨ ਜਨਮ ਮਰਨ ਦੇਣ ਵਾਲਾ ਹੈ, ਓਹੋ ਹੀ ਮੋਹ ਆਪਣੇ ਮਨ ਵਿੱਚ ਵਧਾਇਆ ਹੈ। ਜਨਮ ਮਰਨ ਜੇਹੜੀਆਂ ਦੋਵੇਂ ਭਾਂਤਾਂ ਹਨ, ਇਹਨਾਂ ਤੋਂ ਆਪਣੇ ਆਪ ਨੂੰ ਓਹ ਵਖਰਾ ਰੱਖਦਾ ਹੈ।

ਗੁਰੂ ਜੀ—ਉਸ ਪ੍ਰਮੇਸ਼ਰ ਦੇ ਉਰਲੇ ਪਾਸੇ ਦਾ ਤੇ ਪਰਲੇ ਪਾਸੇ ਦਾ ਕੁਛ ਪਤਾ ਨਹੀਂ ਹੈ ਭਾਵ ਕਦੋਂ ਉਸ ਨੇ ਜਗਤ ਬਣਾਇਆ ਤੇ ਕਦੋਂ ਨਾਸ ਕਰੇਗਾ, ਇਸ ਗੱਲ ਦਾ ਕੁਛ ਪਤਾ ਨਹੀਂ ਹੈ।

**ਸਲੋਕੁ ॥ ਸੇਈ ਸਾਹ ਭਗਵੰਤ ਸੇ ਸਚੁ ਸੰਪੈ ਹਰਿ ਰਾਸਿ ॥ ਨਾਨਕ ਸਚੁ ਸੁਚਿ ਪਾਈਐ ਤਿਹ ਸੰਤਨ ਕੈ ਪਾਸਿ ॥ ੧ ॥**

ਓਹੋ ਸੰਤ ਸ਼ਾਹੂਕਾਰ ਹਨ ਅਤੇ ਵੱਡੇ ਧਨੀ ਹਨ, ਨਾਮ ਧਨ ਤੇ ਗਿਆਨ ਧਨ ਨ ਮੁੱਕਣ ਵਾਲਾ ਓਹਨਾਂ ਦੇ ਪਾਸ ਖ਼ਜ਼ਾਨਾ ਹੈ ਜਾਂ ਓਹ ਸੰਤ ਤਾਂ ਪ੍ਰਗਟ ਹੀ ਪ੍ਰਮੇਸ਼ਰ ਦਾ ਰੂਪ ਹਨ, ਸੱਚ ਸਮੱਗਰੀ ਓਹਨਾਂ ਦੇ ਪਾਸ ਹੈ, ਇਹ ਪ੍ਰਮੇਸ਼ਰ ਦੀ ਬਖਸ਼ੀ ਹੋਈ ਰਾਸ ਹੈ। ਭਾਵ ਸਦਾ ਸੱਚ ਬੋਲਦੇ ਹਨ।

Digitized by Panjab Digital Library | www.panjabdigilib.org

ਗੁਰੂ ਜੀ–ਸੱਚ ਤੇ ਪਵਿੱਤ੍ਰਤਾ ਪਾਈਦੀ ਹੈ ਇਹ ਵਸਤੂ ਓਹਨਾਂ ਸੰਤਾਂ ਦੇ ਪਾਸ ਹੈ ਸੱਚ = ਦਾ ਅਰਥ ਗਿਆਨ ਨਾਮ ਤੇ ਸੱਚ ਬੋਲਣਾ ਹੈ

**ਪਵੜੀ ॥ ਸਸਾ ਸਤਿ ਸਤਿ ਸਤਿ ਸੋਊ ॥ ਸਤਿ ਪੁਰਖ ਤੇ ਭਿੰਨ ਨ ਕੋਊ ॥ ਸੋਊ ਸਰਨਿ ਪਰੈ ਜਿਹ ਪਾਯੰ ॥ ਸਿਮਰਿ ਸਿਮਰਿ ਗੁਨ ਗਾਇ ਸੁਨਾਯੰ ॥ ਸੰਸੈ ਭਰਮੁ ਨਹੀ ਕਛੁ ਬਿਆਪਤ ॥ ਪ੍ਰਗਟ ਪ੍ਰਤਾਪੁ ਤਾਹੂ ਕੋ ਜਾਪਤ ॥ ਸੋ ਸਾਧੂ ਇਹ ਪਹੁਚਨਹਾਰਾ ॥ ਨਾਨਕ ਤਾ ਕੈ ਸਦ ਬਲਿਹਾਰਾ ॥ ੨ ॥**

ਸੱਸੇ ਦੁਆਰਾ ਉਪਦੇਸ਼ ਹੈ। ਓਹ ਪ੍ਰਮੇਸ਼ਰ ਤਿੰਨਾਂ ਸਮਿਆਂ ਵਿੱਚ ਸੱਚਾ ਹੈ ਭਾਵ ਸਦਾ ਇਕਰਸ ਰਹਿੰਦਾ ਹੈ। ਉਸ ਸੱਚੇ ਅਕਾਲ ਪੁਰਖ ਤੋਂ ਵੱਖਰਾ ਹੋਰ ਕੋਈ ਨਹੀਂ ਹੈ। ਓਹੋ ਹੀ ਉਸ ਪ੍ਰਮੇਸ਼ਰ ਦੀ ਸਰਨ ਪੈਂਦੇ ਹਨ,ਜਿਨ੍ਹਾਂਨੂੰ ਮੋੜਕੇ ਆਪ ਆਪਣੀ ਸਰਨੀ ਪਾਂਦਾ ਹੈ। ਪ੍ਰਮੇਸ਼ਰ ਦੇ ਗੁਣਾਂ ਨੂੰ ਮਨ ਵਿੱਚ ਯਾਦ ਕਰਕੇ ਅਤੇ ਰਸਨਾ ਨਾਲ ਹੋਰਨਾਂ ਨੂੰ ਗਾਕੇ ਸੁਣਾਉਂਦਾ ਹੈ ਜਾਂ ਸੁਣਾਉਂਦੇ ਹਨ। ਉਸ ਭਗਤ ਨੂੰ ਸੰਸਾ ਤੇ ਭਰਮ ਕੁਛ ਵੀ ਨਹੀਂ ਛੋਂਹਦਾ ਹੈ ਭਾਵ ਦੁਖ ਨਹੀਂ ਹੁੰਦਾ ਹੈ। ਉਸ ਦਾ ਪ੍ਰਗਟ ਹੀ ਪ੍ਰਤਾਪ ਜਾਣ ਲਈਦਾ ਹੈ ਭਾਵ ਸਾਰੇ ਉਸਨੂੰ ਚੰਗਾ ਜਾਣਦੇ ਹਨ। ਓਹ ਇਕੁਰ ਦਾ ਸਾਧੂ ਪ੍ਰਮੇਸ਼ਰ ਨੂੰ ਪਹੁੰਚਣ ਵਾਲਾ ਹੈ ਭਾਵ ਓਹ ਪ੍ਰਮੇਸ਼ਰ ਨੂੰ ਮਿਲ ਪੈਂਦਾ ਹੈ। ਗੁਰੂ ਜੀ–ਮੈਂ ਉਸਦੇ ਸਦਾ ਬਲਿਹਾਰ ਜਾਂਦਾ ਹਾਂ।

**ਸਲੋਕੁ ॥ ਧਨੁ ਧਨੁ ਕਹਾ ਪੁਕਾਰਤੇ ਮਾਇਆ ਮੋਹ ਸਭ ਕੂਰ ॥ ਨਾਮ ਬਿਹੂਨੇ ਨਾਨਕਾ ਹੋਤ ਜਾਤ ਸਭੁ ਧੂਰ ॥੧॥**

ਧਨ ਮਿਲੇ,ਧਨ ਮਿਲੇ,ਸਾਡੇ ਕੋਲ ਬਹੁਤਾ ਧਨ ਹੋ ਜਾਵੇ,ਇਕੁਰ ਹੀ ਪੁਕਾਰਦੇ ਹੋ, ਇਹ ਧਨ ਆਦਿਕ ਪ੍ਰਪੰਚ ਤਾਂ ਮਾਇਆ ਵਾਲਾ ਝੂਠਾ ਹੈ, ਧਨ ਆਦਿਕਾਂ ਦਾ ਮੋਹ ਵੀ ਝੂਠਾ ਹੈ,ਇਸ ਲਈ ਪ੍ਰਮੇਸ਼ਰ ਦਾ ਨਾਮ ਮੰਨਣਾ ਚਾਹੀਦਾ ਹੈ। ਗੁਰੂ ਜੀ-ਨਾਮ ਤੋਂ ਬਿਨਾ ਸਾਰੇ ਵੱਡੇ ੨ ਆਦਮੀ ਧੂੜ ਹੁੰਦੇ ਜਾਂਦੇ ਹਨ, ਭਾਵ ਮਿੱਟੀ ਨਾਲ ਰੁਲਦੇ ਜਾਂਦੇ ਹਨ।

**ਪਵੜੀ ॥ ਧਧਾ ਧੂਰਿ ਪੁਨੀਤ ਤੇਰੇ ਜਨੂਆ ॥ ਧਨਿ ਤੇਊ ਜਿਹ ਰੁਚ ਇਆ ਮਨੂਆ ॥ ਧਨੁ ਨਹੀ ਬਾਛਹਿ**

Digitized by Panjab Digital Library | www.panjabdigilib.org

**ਸੁਰਗ ਨ ਆਛਹਿ ॥ ਅਤਿ ਪ੍ਰਿਅ ਪ੍ਰੀਤਿ ਸਾਧ ਰਜ ਰਾਚਹਿ॥ ਧੰਧੇ ਕਹਾ ਬਿਆਪਹਿ ਤਾਹੂ ॥ ਜੋ ਏਕ ਛਾਡਿ ਅਨ ਕਤਹਿ ਨ ਜਾਹੂ ॥ ਜਾਕੈ ਹੀਐ ਦੀਓ ਪ੍ਰਭ ਨਾਮ ॥ ਨਾਨਕ ਸਾਧ ਪੂਰਨ ਭਗਵਾਨ ॥ ੪ ॥**

ਧੱਧੇ ਦੁਆਰਾ ਉਪਦੇਸ਼ ਹੈ। ਹੇ ਮਾਲਕਾ! ਤੇਰੇ ਦਾਸਾਂ ਦੀ ਧੂੜ ਪਵਿੱਤ੍ਰ ਭਾਵ ਆਦਮੀ ਨੂੰ ਪਵਿੱਤ੍ਰ ਕਰ ਦੇਂਦੀ ਹੈ। ਓਹ ਆਦਮੀ ਧੰਨ ਹਨ ਜਿਨ੍ਹਾਂ ਦੇ ਮਨ ਵਿੱਚ ਸੰਤਾਂ ਦੀ ਧੂੜ ਦੀ ਇੱਛਿਆ ਹੈ। ਰੁਚ = ਇਛਿਆ ਇਆ = ਇਹ ਜੇਹੜੇ ਸੰਤ ਹਨ। ਜੇਹੜੇ ਨਾਮ ਧਨ ਦੇ ਚਾਹਵਾਨ ਹਨ, ਓਹ ਇਹ ਧਨ ਨਹੀਂ ਚਾਹੁੰਦੇ ਹਨ ਅਤੇ ਓਹ ਸੁਰਗ ਨੂੰ ਵੀ ਨਹੀਂ ਆਛਹਿ = ਚਾਹੁੰਦੇ ਹਨ।

ਓਹ ਬਹੁਤ ਹੀ ਪ੍ਰੀਤ ਨਾਲ ਪਿਆਰੀ ਸਮਝਕੇ ਸੰਤਾਂ ਦੀ ਚਰਨ ਧੂੜ ਵਿਚ ਰਚਦੇ ਹਨ ਭਾਵ ਪ੍ਰੇਮ ਕਰਦੇ ਹਨ। ਹੇ ਭਾਈ ਓਹਨਾਂ ਗੁਰਮੁਖਾਂ ਨੂੰ ਸੰਸਾਰਕ ਧੰਦੇ ਛੋਂਹਦੇ ਹਨ। ਜੇਹੜੇ ਓਹ ਇਕ ਪ੍ਰਮੇਸ਼ਰ ਨੂੰ ਛਡਕੇ ਹੋਰ ਕਿਤੇ ਵੀ ਨਹੀਂ ਜਾਂਦੇ ਹਨ। ਜਿਨ੍ਹਾਂ ਗੁਰਮੁਖਾਂ ਦੇ ਦਿਲ ਵਿਚ ਗੁਰੂ ਨੇ ਮਾਲਕ ਦਾ ਨਾਮ ਪਾ ਦਿਤਾ ਹੈ।

ਗੁਰੂ ਜੀ-ਓਹ ਉਤੇ ਦਸੇ ਸੰਤ ਪੂਰਨ ਪਰਮੇਸ਼ਰ ਦਾ ਰੂਪ ਹਨ।

**ਸਲੋਕੁ ॥ ਅਨਿਕ ਭੇਖ ਅਰੁ ਙਿਆਨ ਧਿਆਨ ਮਨ ਹਠ ਮਿਲਿਅਉ ਨ ਕੋਇ ॥ ਕਹੁ ਨਾਨਕ ਕਿਰਪਾ ਭਈ ਭਗਤੁ ਙਿਆਨੀ ਸੋਇ ॥ ੧ ॥**

{ (ਪ੍ਰਸ਼ਨ) ਕਈ ਭੇਖ ਹਨ, ਚੰਗਾ ਭੇਖ ਕੇਹੜਾ ਹੈ ?
ਤਾਂ ਗੁਰੂ ਜੀ ਵਲੋਂ ਉਤਰ ਮਿਲਿਆ }

ਅਨੇਕਾਂ ਭੇਖ ਅਤੇ ਅਨੇਕਾਂ ਗਿਆਨ ਧਿਆਨ ਕਰਕੇ ਅਤੇ ਮਨ ਦੇ ਹਠ ਇਕੁੱਰ ਦੇ ਉਪਾਵਾਂ ਕਰਕੇ ਕੋਈ ਵੀ ਪ੍ਰਮੇਸ਼ਰ ਨੂੰ ਨਹੀਂ ਮਿਲਿਆ ਹੈ, ਮਿਲਨ ਦੀ ਰੀਤੀ ਹੋਰ ਹੈ। ਗੁਰੂ ਜੀ-ਜਿਜ ਦੇ ਉਤੇ ਪਰਮੇਸ਼ਰ ਦੀ ਕਿਰਪਾ ਹੋਈ ਹੈ ਓਹ ਭਗਤ ਗਿਆਨੀ ਹੈ।

**ਪਉੜੀ ॥ ਙੰਙਾ ਙਿਆਨ ਨਹੀ ਮੁਖ ਬਾਤਉ ॥ ਅਨਿਕ ਜੁਗਤਿ ਸਾਸਤ੍ਰ ਕਰ ਭਾਤਉ ॥ ਙਿਆਨੀ ਸੋਇ ਜਾਕੈ ਦ੍ਰਿੜ ਸੋਊ ॥ ਕਹਤ ਸੁਨਤ ਕਛੁ ਜੋਗੁ ਨ ਹੋਊ ॥**

Digitized by Panjab Digital Library | www.panjabdigilib.org

**ਗਿਆਨੀ ਰਹਤ ਆਗਿਆ ਦ੍ਰਿੜੁ ਜਾਕੈ ॥ ਉਸਨ ਸੀਤ ਸਮਸਰਿ ਸਭ ਤਾਕੈ ॥ ਗਿਆਨੀ ਤਤੁ ਗੁਰਮੁਖਿ ਬੀਚਾਰੀ ॥ ਨਾਨਕ ਜਾਕਉ ਕਿਰਪਾ ਧਾਰੀ ॥ ੫ ॥**

(ਫਿਰ ਦੁਆਰਾ ਉਪਦੇਸ਼ ਹੈ)ਮੂੰਹਨਾਲ ਗੱਲਾਂ ਕਰਨ ਨਾਲ ਗਿਆਨ ਨਹੀਂ ਪ੍ਰਾਪਤ ਹੁੰਦਾ ਹੈ। ਭਾਵੇਂ ਮੂੰਹ ਨਾਲ ਅਨੇਕਾਂ ਜੁਗਤੀਆਂ ਕਰਕੇ ਅਨੇਕਾਂ ਤਰਾਂ ਦੇ ਸ਼ਾਸਤਰਾਂ ਕਰਕੇ ਵੀ ਗਿਆਨ ਨੂੰ ਆਖੇ ਤਾਂ ਵੀ ਉਸ ਦਾ ਗਿਆਨ ਬਿਅਰਥ ਹੈ, ਕੜਛੀ ਵਾਂਗ ਹੈ। ਓਹ ਗਿਆਨੀ ਹੈ ਜਿਸਦੇ ਦਿਲ ਅੰਦਰ ਲਗਾਤਾਰ ਓਹ ਪ੍ਰਮੇਸ਼ਰ ਹੈ ਭਾਵ ਜੇਹੜਾ ਸਦਾ ਭਜਨ ਕਰਦਾ ਹੈ। ਨਿਰਾ ਆਖਣ ਸੁਣਨ ਨਾਲ ਜੋਗ ਨਹੀਂ ਹੁੰਦਾ ਹੈ।

( ਮਨ ਨੂੰ ਪ੍ਰਮੇਸ਼ਰ ਨਾਲ ਜੋੜਨ ਦੀ ਲੋੜ ਹੈ। )

ਹੇ ਭਾਈ ਗਿਆਨੀ ਦੀ ਰਹਿਤ ਤਾਂ ਇਹ ਹੈ ਜਿਸ ਦੇ ਦਿਲ ਅੰਦਰ ਪ੍ਰਮੇਸ਼ਰ ਦੀ ਆਗਿਆ ਦ੍ਰਿੜ ਹੈ ਭਾਵ ਜੇਹੜਾ ਪ੍ਰਮੇਸ਼ਰ ਦਾ ਹੁਕਮ ਮੰਨਦਾ ਹੈ। ਉਸ ਮਹਾਤਮਾਂ ਦੇ ਗਰਮੀ ਤੇ ਸਰਦੀ ਭਾਵ ਦੁਖ ਸੁਖ ਇਹ ਸਾਰੇ ਬਰਾਬਰ ਹਨ। ਓਹ ਗੁਰਮੁਖ ਗਿਆਨੀ ਹੈ ਜੇਹੜਾ ਸਾਰ ਵਸਤੂ ਪ੍ਰਮੇਸ਼ਰ ਹੈ, ਉਸਦਾ ਜੇਹੜਾ ਵਿਚਾਰੀ ਹੈ ਜਿੱਥੇ ਕਿੱਥੇ ਉਸਨੂੰਹੀ ਵਿਚਾਰਦਾ ਹੈ। ਗੁਰੂ ਜੀ–ਜਿਸਦੇ ਉਤੇ ਪ੍ਰਮੇਸ਼ਰ ਨੇ ਕਿਰਪਾ ਕੀਤੀ ਹੈ ਓਹ ਅਸਲ ਗਿਆਨੀ ਹੈ।

**ਸਲੋਕੁ ॥ ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੇ ਪਸੁ ਢੋਰ ॥ ਨਾਨਕ ਗੁਰਮੁਖਿ ਸੋਬੁਝੈ ਜਾਕੈ ਭਾਗਮਥੋਰ॥੧॥**

ਪ੍ਰਮੇਸ਼ਰ ਦੇ ਸਮਝਿਆਂ ਬਿਨਾਂ ਪਸ਼ੂ ਹਨ, ਪਸ਼ੂ ਵੀ ਬਹੁਤ ਵਡੇ ਹਨ, ਉਹ ਦੁਨੀਆਂ ਵਿਚ ਜੰਮਣ ਮਰਨ ਵਾਸਤੇ ਹੀ ਆਏ ਹਨ,ਓਨਾਂ ਦਾ ਦੁਨੀਆਂ ਵਿਚ ਆਉਣਾ ਜਨਮ ਮਰਣ ਦਾ ਅਰਥ ਹੀ ਹੈ। ਗੁਰੂ ਜੀ–ਜਿਨ੍ਹਾਂਦੇ ਮੱਥੇ ਉਤੇ ਚੰਗਾ ਭਾਗ ਹੈ ਭਾਵ ਬਹੁਤ ਪੁੰਨ ਕਰਮ ਹੈ, ਉਹ ਗੁਰਮੁਖ ਹੋਕੇ ਗੁਰਾਂ ਦੁਆਰੇ ਪ੍ਰਮੇਸਰ ਨੂੰ ਸਮਝ ਲੈਂਦੇ ਹਨ।

**ਪਉੜੀ ॥ ਯਾ ਜੁਗ ਮਹਿ ਏਕਹਿ ਕਉ ਆਇਆ ॥ ਜਨਮਤ ਮੋਹਿਓ ਮੋਹਨੀ ਮਾਇਆ ॥ ਗਰਭ ਕੁੰਟ ਮਹਿ ਉਰਧ ਤਪ ਕਰਤੇ ॥ ਸਾਸਿ ਸਾਸਿ ਸਿਮਰਤ ਪ੍ਰਭੁ ਰਹਤੇ ॥ ਉਰਝਿ ਪਰੇ ਜੋ ਛੋਡਿ ਛਡਾਨਾ ॥ ਦੇਵਨਹਾਰੁ ਮਨਹਿ ਬਿਸਰਾਨਾ ॥ ਧਾਰਹੁ ਕਿਰਪਾ ਜਿਸਹਿ ਗੁਸਾਈ ॥ ਇਤ ਉਤ**

Digitized by Panjab Digital Library | www.panjabdigilib.org

**ਨਾਨਕ ਤਿਸੁ ਬਿਸਰਹੁ ਨ ਹੀ ॥ ੬ ॥**

ਬੜੀ ਅਸਚਰਜ ਦੀ ਗੱਲ ਹੈ ਕਿ ਇਸ ਜੁਗ ਵਿਚ ਆਦਮੀ ਇਸ ਗੱਲ ਦੇ ਵਾਸਤੇ ਹੀ ਆਇਆ ਕਿ ਕੇਵਲ ਇਕੋ ਇਕ ਹੀ ਪ੍ਰਮੇਸਰ ਦਾ ਭਜਨ ਕਰੇ, ਭਾਵ ਇਕ ਪ੍ਰਮੇਸਰ ਨੂੰ ਮਿਲਨ ਵਾਸਤੇ ਆਇਆ ਹੈ। ਪਰ ਇਸਨੂੰ ਜੰਮਦਿਆਂ ਹੀ ਮੋਹ ਲੈਣ ਵਾਲੀ ਮਾਇਆ ਨੇ ਮੋਹ ਲਿਆ ਭਾਵ ਮਾਇਆ ਦੇ ਵੱਸ ਹੋ ਗਿਆ ਹੈ। ਇਹ ਜੀਵ ਮਾਂ ਦੇ ਗਰਭ ਕੁੰਡ ਵਿਚ ਲਤਾਂ ਉਤਾਹਾਂ ਕਰਕੇ ਸਿਰ ਠਾਂਹ ਕਰਕੇ ਤਪ ਕਰਦੇ ਸੀ।

ਸਾਸ ਸਾਸ ਮਾਲਕ ਨੂੰ ਚੇਤੇ ਕਰਦੇ ਸੀ। ਜੇਹੜਾ ਪਦਾਰਥ ਇਸਤ੍ਰੀ ਪੁਤ੍ਰ ਆਦਿਕ ਛੱਡ ਜਾਣਾ ਹੈ, ਉਸਦੇ ਨਾਲ ਇਹ ਫਸ ਪਏ ਹਨ ਭਾਵ ਬਹੁਤ ਪ੍ਰੀਤੀ ਕਰਦੇ ਹਨ। ਜੇਹੜਾ ਇਸਤ੍ਰੀ ਪੁਤ੍ਰ ਆਦਿਕ ਸਾਰਿਆਂ ਪਦਾਰਥਾਂ ਦੇ ਦੇਣ ਵਾਲਾ ਪ੍ਰਮੇਸਰ ਹੈ ਸੋ ਉਕਾ ਹੀ ਮਨ ਤੋਂ ਭੁਲਾ ਦਿਤਾ ਹੈ। ਹੇ ਮਾਲਕਾ ਜਿਸਦੇ ਉਤੇ ਤੂੰ ਆਪਣੀ ਕਿਰਪਾ ਕਰਦਾ ਹੈਂ। ਗੁਰੂ ਜੀ-ਲੋਕ ਪ੍ਰਲੋਕ ਵਿਚ ਤੂੰ ਉਸਨੂੰ ਭੁਲਦਾ ਨਹੀਂ ਹੈਂ।

**ਸਲੋਕੁ ॥ ਆਵਤ ਹੁਕਮਿ ਬਿਨਾਸ ਹੁਕਮਿ ਆਗਿਆ ਭਿੰਨ ਨ ਕੋਇ ॥ ਆਵਨ ਜਾਨਾ ਤਿਹ ਮਿਟੈ ਨਾਨਕ ਜਿਹ ਮਨਿ ਸੋਇ ॥ ੧ ॥**

{ ਪ੍ਰਸ਼ਨੋਤਰੀ ਇਸ ਜੀਵ ਦਾ ਆਉਣਾ ਜਾਣਾ ਪ੍ਰਮੇਸਰ ਦੀ ਆਗਿਆ ਵਿਚ ਹੈ ਜਾਂ ਨਹੀਂ ਜੇ ਆਗਿਆ ਵਿਚ ਹੈ ਤਾਂ ਇਸਨੂੰ ਸਜ਼ਾ ਕਿਉਂ ਮਿਲਦੀ ਹੈ ? }

ਆਉਣਾ ਵੀ ਪ੍ਰਮੇਸਰ ਦੇ ਹੁਕਮ ਵਿਚ ਹੈ ਤੇ ਜੰਮਣਾ ਵੀ ਹੁਕਮ ਵਿਚ ਹੈ ਅਤੇ ਫਿਰ ਮਰ ਜਾਣਾ ਵੀ ਹੁਕਮ ਦੇ ਅੰਦਰ ਹੀ ਹੈ। ਹੁਕਮ ਤੋਂ ਬਾਹਰ ਕੋਈ ਨਹੀਂ ਹੈ। ਗੁਰੂ ਜੀ-ਜਿਸਦੇ ਮਨ ਵਿਚ ਓਹ ਮਾਲਕ ਹੈ ਉਸਦਾ ਜੰਮਣਾ ਮਰਣਾ ਦੂਰ ਹੋ ਜਾਂਦਾ ਹੈ।

**ਪਉੜੀ ॥ ਏਊ ਜੀਅ ਬਹੁਤੁ ਗ੍ਰਭ ਵਾਸੇ ॥ ਮੋਹ ਮਗਨ ਮੀਠ ਜੋਨਿ ਫਾਸੇ ॥ ਇਨਿ ਮਾਇਆ ਤ੍ਰੈਗੁਣ ਬਸਿ ਕੀਨੇ ॥ ਆਪਨ ਮੋਹ ਘਟੇ ਘਟਿ ਦੀਨੇ ॥ ਏ ਸਾਜਨ ਕਛੁ ਕਹਉ ਉਪਾਇਆ ॥ ਜਾ ਤੇ ਤਰਉ ਬਿਖਮ ਇਹ ਮਾਇਆ ॥ ਕਰਿ ਕਿਰਪਾ ਸਤਸੰਗਿ ਮਿਲਾਏ ॥ ਨਾਨਕ ਤਾ ਕੈ ਨਿਕਟਿ ਨ ਮਾਏ ॥ ੭ ॥**

Digitized by Panjab Digital Library | www.panjabdigilib.org

ਇਹ ਹੰਕਾਰੀ ਜੀਵ ਬਹੁਤ ਸਾਰਿਆਂ ਗਰਭਾਂ ਵਿਚ ਵਸਦਾ ਹੈ ਭਾਵ ਜੂਨੀਆਂ ਭੋਗਦਾ ਹੈ। ਮੋਹ ਵਿਚ ਮਸਤ ਹੋਇਆ ੨ ਅਗਿਆਨ ਕਰਕੇ ਵਿਸ਼ਿਆਂ ਦੇ ਰਸ ਨੂੰ ਮਨ ਵਿਚ ਮਿੱਠਾ ਸਮਝਕੇ ਇਹ ਜੂਨ ਵਿਚ ਫਸਦਾ ਹੈ ਭਾਵ ਵਿਸ਼ਿਆਂ ਨੂੰ ਚੰਗਾ ਜਾਣਕੇ ਦੁਖ ਭੋਗਦਾ ਹੈ। ਇਸ ਮਾਇਆ ਨੇ ਆਪਣੇ ਤਿੰਨਾਂ ਗੁਣਾਂ ਵਾਲੇ ਸਾਰੇ ਜੀਵ ਆਪਣੇ ਵੱਸ ਕਰ ਲਏ ਹਨ ਭਾਵ ਕਈ ਤਮੋ ਗੁਣ ਵਿਚ ਕਈ ਰਜੋ ਗੁਣ ਵਿਚ ਇੱਕੁਰ ਸਾਰੇ ਫਸੇ ਹੋਏ ਹਨ। ਮਾਇਆ ਨੇ ਆਪਣਾ ਮੋਹ ਸਾਰਿਆ ਦਿਲਾਂ ਦੇ ਅੰਦਰ ਪਾ ਦਿੱਤਾ ਹੈ ਭਾਵ ਸਾਰਿਆਂ ਨੂੰ ਮੋਹ ਨਾਲ ਵੱਸ ਕੀਤਾ ਹੈ। ਹੇ ਸੱਜਣ ਗੁਰੂ ਜੀ! ਮੈਨੂੰ ਕੋਈ ਸੁਖਾਲਾ ਜਤਨ ਦੱਸੋ। ਜਿਸ ਉਪਾ ਕਰਕੇ ਮੈਂ ਇਸ ਔਖੀ ਮਾਇਆ ਨੂੰ ਤਰ ਜਾਵਾਂ। ਹੇ ਸਿਖ ਜਿਸਨੂੰ ਮਾਲਕ ਬੁਰਿਆਂ ਕੰਮਾਂ ਵਲੋਂ ਮੋੜਕੇਕਿਰਪਾ ਕਰਕੇ ਆਪਣੀ ਸਰਨ ਦੇਂਦਾ ਹੈ ਤੇ ਫਿਰ ਉਸਨੂੰ ਸਤਸੰਗ ਵਿਚ ਮਿਲਾਂਦਾ ਹੈ। ਗੁਰੂ ਜੀ–ਉਸਦੇ ਨੇੜੇ ਮਾਇਆ ਨਹੀਂ ਆਉਂਦੀ ਹੈ ।

**ਸਲੋਕੁ ॥ ਕਿਰਤ ਕਮਾਵਨ ਸੁਭ ਅਸੁਭ ਕੀਨੇ ਤਿਨਿ ਪ੍ਰਭਿ ਆਪਿ॥ ਪਸੁ ਆਪਨ ਹਉ ਹਉ ਕਰੈ ਨਾਨਕ ਬਿਨੁ ਹਰਿ ਕਹਾ ਕਮਾਤਿ ॥ ੧ ॥**

॥ ਪ੍ਰਸ਼ਨ ॥ ਇਹ ਜੀਵ ਮਾੜੇ ਚੰਗੇ ਕਰਮ ਪ੍ਰਮੇਸਰ ਦੇ ਕਰਾਏ ਕਰਦਾ ਹੈ ਜਾਂ ਆਪ ਜੇ ਪ੍ਰਮੇਸਰ ਦੇ ਕਰਾਏ ਕਰਦਾ ਹੈ ਤਾਂ ਦੁਖ ਕਿਉਂ ਭੋਗਦਾ ਹੈ? ਇਸਦਾ ਉਤਰ ਹੈ।

ਮਾੜੇ ਚੰਗੇ ਕਰਮ ਉਸ ਮਾਲਕ ਨੇ ਜੀਵ ਦੇ ਕਮਾਉਣ ਵਾਸਤੇ ਆਪ ਹੀ ਕੀਤੇ ਹਨ। ਪਰ ਇਹ ਜੇਹੜਾ ਪਸੂ ਜੀਵ ਹੈ, ਇਹ ਬੜਾ ਹੰਕਾਰ ਕਰਦਾ ਹੈ ਕਿ ਮੈਂ ਇਹ ਬੜਾ ਭਲਾ ਕਰਮ ਕੀਤਾ ਹੈ,ਓਹ ਬੜਾ ਭਲਾ ਕਰਮ ਕੀਤਾ ਹੈ,ਇਸ ਲਈ ਦੁਖ ਭੋਗਦਾ ਹੈ। ਗੁਰੂ ਜੀ–ਪ੍ਰਮੇਸਰ ਤੋਂ ਬਿਨਾ ਜੀਵ ਕੀ ਕਮਾ ਸਕਦਾ ਹੈ ਭਾਵ ਕੁਛ ਨਹੀਂ ਕਰ ਸਕਦਾ ਹੈ। ਜੋ ਹੰਕਾਰ ਕਰਦਾ ਹੈ ਸੋ ਦੁਖ ਭੋਗਦਾ ਹੈ।

**ਪਉੜੀ ॥ ਏਕਹਿ ਆਪਿ ਕਰਾਵਨਹਾਰਾ ॥ ਆਪਹਿ ਪਾਪ ਪੁੰਨ ਬਿਸਥਾਰਾ ॥ ਇਆ ਜੁਗ ਜਿਤੁ ਜਿਤੁ ਆਪਹਿ ਲਾਇਓ ॥ ਸੋ ਸੋ ਪਾਇਓ ਜੁ ਆਪਿ ਦਿਵਾਇਓ ॥ ਉਆ**

Digitized by Panjab Digital Library | www.panjabdigilib.org

ਕਾ ਅੰਤੁ ਨ ਜਾਨੈ ਕੋਊ ॥ ਜੋ ਜੋ ਕਰੈ ਸੋਊ ਫੁਨਿ ਹੋਊ ॥ ਏਕਹਿ ਤੇ ਸਗਲਾ ਬਿਸਥਾਰਾ ॥ ਨਾਨਕ ਆਪਿ ਸਵਾਰਨ ਹਾਰਾ ॥ ੯ ॥

ਇਕ ਆਪ ਹੀ ਪ੍ਰਮੇਸਰ ਕਮਾਉਣ ਵਾਲਾ ਹੈ। ਪ੍ਰਮੇਸਰ ਆਪ ਹੀ ਪਾਪ ਤੇ ਪੁੰਨ ਨੂੰ ਖਲਾਰਦਾ ਹੈ। ਇਹ ਜੀਵ ਜਿਸ ਜਿਸ ਧਰਮ ਅਰਥ ਵਿਚ ਆਪ ਹੀ ਲਾਇਆ ਹੈ। ਓਹੋ ੨ ਧਰਮ ਅਰਥ ਇਸ ਜੀਵ ਨੇ ਪਇਆ ਹੈ, ਜੋ ਆਪ ਪ੍ਰਮੇਸਰ ਨੇ ਦਿਤਾ ਹੈ। ਉਸ ਪ੍ਰਮੇਸਰ ਦਾ ਅੰਤ ਕੋਈ ਨਹੀਂ ਜਾਣਦਾ ਹੈ। ਜੇਹੜਾ ੨ ਖਿਆਲ ਪ੍ਰਮੇਸਰ ਆਪ ਕਰਦਾ ਹੈ ਓਹ ਓਹ ਛੇਤੀ ਨਾਲ ਹੁੰਦਾ ਹੈ। ਇਕ ਪ੍ਰਮੇਸਰ ਤੋਂ ਹੀ ਸਾਰੀ ਦੁਨੀਆਂ ਦਾ ਖਲਾਰ ਹੈ। ਗੁਰੂ ਜੀ-ਪ੍ਰਮੇਸ਼ਰ ਆਪ ਹੀ ਜੀਆਂ ਦੇ ਸਵਾਰਨ ਵਾਲਾ ਭਾਵ ਰੱਖਿਆ ਕਰਨ ਵਾਲਾ ਹੈ।

ਸਲੋਕੁ ॥ ਰਾਚਿ ਰਹੇ ਬਨਿਤਾ ਬਿਨੋਦ ਕੁਸਮ ਰੰਗ ਬਿਖਸੋਰ ॥ ਨਾਨਕ ਤਿਹ ਸਰਨੀ ਪਰਉ ਬਿਨਸਿ ਜਾਇ ਮੈ ਮੋਰ ॥ ੧ ॥

{ ਬਨਿਤਾ = ਇਸਤ੍ਰੀਆਂ। ਬਿਨੋਦ = ਤਮਾਸ਼ੇ ॥
ਕੁਸਮ = ਕਸੁੰਭੇ ਦੇ ਫੁਲਵਰਗਾ॥ ਬਿਖ = ਵਿਸ਼ਿਆਂ ॥
ਸੋਰ = ਡੰਡ ਰੌਲਾ ਹੰਕਾਰ ॥ ਮੈ ਮੋਰ = ਮਮਤਾ ਮੇਰਾ
ਭਾਵ ਹੰਕਾਰ ਕਰਨਾ ॥ }

ਜੇਹੜੇ ਇਸਤ੍ਰੀ ਆਦਿਕਾਂ ਦੇ ਤਮਾਸ਼ਿਆਂ ਵਿਚ ਲਗ ਰਹੇ ਹਨ, ਓਹ ਅਨੰਦ ਕੁਸੁੰਭੇ ਦੇ ਫੁਲ ਵਾਂਗ ਛਿਣ ਵਿਚ ਨਾਸ ਹੋ ਜਾਣ ਵਾਲੇ ਹਨ, ਨਜ਼ਰ ਤਾਂ ਸੁੰਦਰ ਆਉਂਦੇ ਹਨ, ਪਰ ਅੰਤ ਨੂੰ ਵਿਹੁ ਵਾਂਗ ਦੁਖਦਾਈ ਹਨ ਅਤੇ ਇਹ ਜੇਹੜੇ ਵਿਸ਼ਿਆਂ ਦੇ ਹੰਕਾਰ ਹਨ, ਇਹ ਜੀਵ ਦੇ ਨਾਸ ਕਰਨ ਵਾਲੇ ਹੀ ਹਨ। ਗੁਰੂ ਜੀ—ਉਸ ਪ੍ਰਮੇਸਰ ਦੀ ਸਰਨੀ ਪਓ ਤਾਂ ਮੇਰਾ ਮੇਰਾ ਕਰਨਾ ਇਕੁਰ ਦਾ ਹੰਕਾਰ ਨਾਸ ਹੋ ਜਾਵੇਗਾ।

ਪਉੜੀ ॥ ਰੇ ਮਨ ਬਿਨੁ ਹਰਿ ਜਹ ਰਚਹੁ ਤਹ ਤਹ ਬੰਧਨ ਪਾਹਿ ॥ ਜਿਹ ਬਿਧਿ ਕਤਹੂ ਨ ਛੂਟੀਐ ਸਾਕਤ ਤੇਊ ਕਮਾਹਿ ॥ ਹਉ ਹਉ ਕਰਤੇ ਕਰਮ ਰਤ ਤਾਕੋ ਭਾਰੁ ਅਫਾਰ ॥ ਪ੍ਰੀਤਿ ਨਹੀ ਜਉ ਨਾਮ ਸਿਉ ਤਉ ਏਊ ਕਰਮ ਬਿਕਾਰ ॥

Digitized by Panjab Digital Library | www.panjabdigilib.org

**ਬਾਧੇ ਜਮ ਕੀ ਜੇਵਰੀ ਮੀਠੀ ਮਾਇਆ ਰੰਗ ॥ ਭ੍ਰਮ ਕੇ ਮੋਹੇ ਨਹ ਬੂਝਹਿ ਸੋ ਪ੍ਰਭੁ ਸਦਹੂ ਸੰਗ ॥ ਲੇਖੈ ਗਣਤ ਨ ਛੂਟੀਐ ਕਾਚੀ ਭੀਤਿ ਨ ਸੁਧਿ ॥ ਜਿਸਹਿ ਬੁਝਾਏ ਨਾਨਕਾ ਤਿਹ ਗੁਰਮੁਖਿ ਨਿਰਮਲ ਬੁਧਿ ॥ ੯ ॥**

ਹੇ ਮਨਾ! ਜਿਸ ੨ ਪਦਾਰਥ ਵਿਚ ਤੂੰ ਪ੍ਰੇਮ ਕਰਦਾ ਹੈਂ ਓਹ ਓਹ ਥਾਂ ਹੀ ਤੈਨੂੰ ਬੰਨ੍ਹਣ ਪਾਉਣ ਵਾਲਾ ਹੈ ਭਾਵ ਜੇਹੜਾ ਕਰਮ ਤੂੰ ਕਰਦਾ ਹੈਂ। ਓਹ ਤੈਨੂੰ ਦੁਖਦਾਈ ਹੁੰਦਾ ਹੈ। ਜਿਸ ਰੀਤੀ ਕਰਕੇ ਕਦੀ ਵੀ ਨਹੀਂ ਛੁਟੀਦਾ ਹੈ, ਮਾਇਆਧਾਰੀ ਮੂਰਖ ਆਦਮੀ ਓਹ ਕਰਮ ਕਰਦਾ ਹੈ। ਮੈਂ ਵਡਾ ਹਾਂ, ਮੈਂ ਧਨੀ ਹਾਂ, ਮੈਂ ਉਚੀ ਜਾਤੀ ਵਾਲਾ ਹਾਂ, ਜੇਹੜੇ ਇਕੁਰ ਬਹੁਤ ਪ੍ਰੇਮ ਨਾਲ ਕਰਮਾਂ ਨੂੰ ਕਰਦੇ ਹਨ ਓਹਨਾਂ ਨੂੰ ਕਰਮਾਂ ਦਾ ਬਹੁਤਾ ਔਖਾ ਭਾਰ ਹੁੰਦਾ ਹੈ ਭਾਵ ਜੋ ਨ ਸਹਾਰਿਆ ਜਾਵੇ ਓਹ ਦੁਖ ਮਿਲਦਾ ਹੈ। ਜਿਨ੍ਹਾਂ ਦੀ ਪ੍ਰਮੇਸਰ ਦੇ ਨਾਮ ਨਾਲ ਪ੍ਰੀਤੀ ਨਹੀਂ ਹੈ ਤਦ ਇਹ ਕਰਮ ਵੀ ਓਨ੍ਹਾਂ ਦੇ ਵਿਕਾਰ ਰੂਪ ਭਾਵ ਦੁਖਦਾਈ ਹਨ। ਜੇਹੜੇ ਵਿਕਾਰੀ ਹਨ ਓਹ ਜਮ ਦੀ ਫਾਹੀ ਕਰਕੇ ਬੱਧੇ ਹੋਏ ਹਨ, ਅਨੰਦ ਦੇਣ ਵਾਲੀ ਮਾਇਆ ਬੜੀ ਮਿੱਠੀ ਲਗਦੀ ਹੈ, ਪਰ ਓਹ ਤਾਂ ਜਮ ਦੀ ਫਾਹੀ ਹੈ।

ਬਿਸਮਝ ਆਦਮੀ ਭਰਮ ਦੇ ਮੋਹੇ ਹੋਏ ਸਮਝਦੇ ਨਹੀਂ ਹਨ ਕਿ ਓਹ ਪ੍ਰਮੇਸ਼ਰ ਸਾਡੇ ਨਾਲ ਹੀ ਹੈ। ਪਾਪਾਂ ਦੇ ਔਗੁਣਾਂ ਦੀ ਜੇ ਗਿਣਤੀ ਕਰੀਏ ਤਾਂ ਗਿਣਤੀ ਨਹੀਂ ਕੀਤੀ ਜਾਂਦੀ ਹੈ। ਇੱਕੁਰ ਗਿਣਤੀ ਨਾਲ ਕਦੀ ਵੀ ਨਹੀਂ ਛੁਟਿਆ ਜਾਂਦਾ ਹੈ, ਜਿਕੁਰ ਕੱਚੀ ਕੰਧ ਸ਼ੁੱਧ ਨਹੀਂ ਹੁੰਦੀ ਭਾਵ ਅਪਵਿੱਤ੍ਰ ਹੁੰਦੀ ਹੈ, ਇਕੁਰ ਹੀ ਪਾਪੀ ਹੁੰਦਾ ਹੈ। ਗੁਰੂ ਜੀ—ਜਿਸ ਨੂੰ ਪ੍ਰਮੇਸ਼ਰ ਆਪ ਸਮਝਾਉਂਦਾ ਹੈ, ਉਸ ਗੁਰਮੁਖ ਦੀ ਅਕਲ ਨਿਰਮਲ ਹੁੰਦੀ ਹੈ।

**ਸਲੋਕੁ ॥ ਟੂਟੇ ਬੰਧਨ ਜਾਸੁ ਕੇ ਹੋਆ ਸਾਧੂ ਸੰਗੁ ॥ ਜੋ ਰਾਤੇ ਰੰਗ ਏਕ ਕੈ ਨਾਨਕ ਗੂੜਾ ਰੰਗੁ ॥ ੧ ॥**

ਜਿਸ ਨੂੰ ਸੰਤਾਂ ਦਾ ਸਤਸੰਗ ਪ੍ਰਾਪਤ ਹੋਇਆ ਹੈ ਉਸ ਦੇ ਸਾਰੇ ਕਰਮਾਂ, ਕਾਮ ਆਦਿਕਾਂ ਦੇ ਬੰਧਨ ਟੁੱਟ ਗਏ ਹਨ। ਗੁਰੂ ਜੀ—ਜੇਹੜੇ ਇੱਕ ਪ੍ਰਮੇਸ਼ਰ ਦੇ ਪ੍ਰੇਮ ਵਿੱਚ ਰੱਤੇ ਹਨ ਓਨ੍ਹਾਂ ਨੂੰ ਬੜਾ ਗੂਹੜਾ ਅਨੰਦ ਭਾਵ ਬਹੁਤ ਪ੍ਰੇਮ ਚੜ੍ਹਿਆ ਹੈ।

**ਪਉੜੀ ॥ ਰਾਰਾ ਰੰਗਹੁ ਇਆ ਮਨੁ ਅਪਨਾ ॥ ਹਰਿ**

Digitized by Panjab Digital Library | www.panjabdigilib.org

**ਹਰਿ ਨਾਮੁ ਜਪਹੁ ਜਪੁ ਰਸਨਾ ॥ ਰੇ ਰੇ ਦਰਗਹ ਕਹੈ ਨ ਕੋਊ ॥ ਆਉ ਬੈਠੁ ਆਦਰੁ ਸੁਭ ਦੇਊ ॥ ਉਆ ਮਹਲੀ ਪਾਵਹਿ ਤੂ ਬਾਸਾ ॥ ਜਨਮ ਮਰਨ ਨਹ ਹੋਇ ਬਿਨਾਸਾ ॥ ਮਸਤਕਿ ਕਰਮੁ ਲਿਖਿਓ ਧੁਰਿ ਜਾਕੈ ॥ ਹਰਿ ਸੰਪੈ ਨਾਨਕ ਘਰਿ ਤਾਕੈ ॥ ੧੦ ॥**

ਰਾਰਾ ਅੱਖਰ ਆਖਦਾ ਹੈ। ਇਹ ਜੇਹੜਾ ਅਪਣਾ ਮਨ ਹੈ, ਇਸਨੂੰ ਪ੍ਰਮੇਸ਼ਰ ਦੇ ਪ੍ਰੇਮ ਵਿੱਚ ਰੰਗੋ। ਪ੍ਰਮੇਸ਼ਰ ਦੇ ਨਾਮ ਦਾ ਜਾਪ ਰਸਨਾ ਨਾਲ ਜਪੋ। ਫਿਰ ਤੁਹਾਨੂੰ ਪ੍ਰਮੇਸ਼ਰ ਦੀ ਦਰਗਾਹ ਵਿੱਚ ਓਇ ਓਇ ਕੋਈ ਨਹੀਂ ਆਖੇਗਾ। ਆਓ ਜੀ, ਬੈਠੋ ਜੀ, ਇਕੁਰ ਸਾਰੇ ਆਦਰ ਦੇਣਗੇ। ਉਸ ਪ੍ਰਮੇਸ਼ਰ ਦੇ ਮਹਲ ਵਿੱਚ ਤੂੰ ਵਾਸਾ ਪਾਵੇਂਗਾ।

ਫਿਰ ਤੇਰਾ ਜੰਮਣਾ, ਮਰਨਾ ਤੇ ਨਾਸ ਨਹੀਂ ਹੋਵੇਗਾ। ਮੁੱਢ ਤੋਂ ਹੀ ਜਿਸ ਦੇ ਮੱਥੇ ਉੱਤੇ ਪ੍ਰਮੇਸ਼ਰ ਨੇ ਚੰਗਾ ਕਰਮ ਲਿਖਿਆ ਹੈ। ਗੁਰੂਜੀ–ਪ੍ਰਮੇਸ਼ਰ ਸਰੂਪ ਸਮਗਰੀ ਉਸਦੇ ਘਰਵਿੱਚਹੈ ਭਾਵਦਿਲਵਿਚ।

**ਸਲੋਕੁ ॥ ਲਾਲਚ ਝੂਠ ਬਿਕਾਰ ਮੋਹ ਬਿਆਪਤ ਮੂੜੇ ਅੰਧ ॥ ਲਾਗਿ ਪਰੇ ਦੁਰਗੰਧ ਸਿਉ ਨਾਨਕ ਮਾਇਆ ਬੰਧ ॥ ੧ ॥**

ਜੇਹੜੇ ਮੂਰਖ ਅੰਨ੍ਹੇ ਆਦਮੀ ਹਨ ਓਹ ਲਾਲਚ, ਝੂਠ, ਮੋਹ ਆਦਿਕ ਵਿਕਾਰਾਂ ਵਿੱਚ ਲਪੇਟੇ ਹੋਏ ਹਨ। ਗੁਰੂ ਜੀ–ਜੇਹੜੇ ਜੋ ਬਹੁਤ ਹੀ ਮੈਲ ਭੋਗ ਹਨ, ਓਹਨਾਂ ਦੇ ਨਾਲ ਹੀ ਲਗ ਪਏ ਹਨ ਓਹਨਾਂ ਨੂੰ ਮਾਇਆ ਨੇ ਬੰਨ੍ਹ ਲਿਆ ਹੈ।

**ਪਉੜੀ ॥ ਲਲਾ ਲਪਟਿ ਬਿਖੈ ਰਸ ਰਾਤੇ ॥ ਅਹੰਬੁਧਿ ਮਾਇਆ ਮਦ ਮਾਤੇ ॥ ਇਆ ਮਾਇਆ ਮਹਿ ਜਨਮਹਿ ਮਰਨਾ ॥ ਜਿਉ ਜਿਉ ਹੁਕਮੁ ਤਿਵੈ ਤਿਉ ਕਰਨਾ ॥ ਕੋਊ ਊਨ ਨ ਕੋਊ ਪੂਰਾ ॥ ਕੋਊ ਸੁਘਰੁ ਨ ਕੋਊ ਮੂਰਾ ॥ ਜਿਤੁ ਜਿਤੁ ਲਾਵਹੁ ਤਿਤੁ ਤਿਤੁ ਲਗਨਾ ॥ ਨਾਨਕ ਠਾਕੁਰ ਸਦਾ ਅਲਿਪਨਾ ॥ ੧੧ ॥**

Digitized by Panjab Digital Library | www.panjabdigilib.org

ਲੱਲਾ ਅੱਖਰ ਅਖਦਾ ਹੈ। ਲੰਪਟ ਹੋਕੇ ਵਿਸ਼ਿਆਂ ਦੇ ਸੁਆਦਾਂ ਵਿਚ ਰੱਤੇ ਹਨ ਭਾਵ ਬਹੁਤ ਹੀ ਚੰਬੜ ਗਏ ਹਨ। ਅਸੀਂ ਬੜੇ ਧਨੀ ਹਾਂ ਇੱਕੁਰ ਹੰਕਾਰ ਕਰਕੇ ਮਾਇਆ ਦੇ ਹੰਕਾਰ ਕਰਕੇ ਮਸਤ ਹੋ ਗਏ ਹਨ।

ਇਸ ਮਾਇਆ ਵਿੱਚ ਜੰਮਣਾ ਮਰਨਾ ਹੀ ਹੁੰਦਾ ਹੈ। ਓਹ ਇਕੁਰ ਦੇ ਮੂਰਖ ਸਮਝਾਏ ਸਮਝਦੇ ਨਹੀਂ ਹਨ,ਓਹਨਾਂ ਨੂੰ ਇਕੁਰ ਦੀ ਸਜ਼ਾ ਮਿਲਨੀ ਪ੍ਰਮੇਸ਼ਰ ਦੀ ਆਗਿਆ ਵਿੱਚ ਹੈ, ਇਸ ਗੱਲ ਨੂੰ ਸਪਸ਼ਟ ਕਰਕੇ ਦਸਦੇ ਹਨ। ਜਿਸ ਜਿਸ ਤਰਾਂ ਪ੍ਰਮੇਸ਼ਰ ਦਾ ਹੁਕਮ ਹੈ ਓਸੇ ੨ ਤਰ੍ਹਾਂ ਜੀਵ ਕਰਦਾ ਹੈ(ਜੇ ਸਮਝ ਜਾਵੇ ਤਾਂ ਸੁਖਭੋਗਭੋਗਦਾ ਹੈ)। ਆਪਣੇ ਆਪ ਨ ਕੋਈ ਊਣਾ ਹੈ ਨ ਕੋਈ ਭਰਿਆ ਹੋਇਆ ਪੂਰਾ ਹੀ ਹੈ। ਨ ਕੋਈ ਸਿਆਣਾ ਹੈ ਨ ਕੋਈ ਮੂਰਖ ਹੈ। ਹੇ ਮਹਾਰਾਜ! ਜਿਧਰ ਤੂੰ ਜੀਆਂ ਨੂੰ ਲਾਂਦਾ ਹੈਂ,ਓਧਰ ਓਧਰ ਹੀ ਇਹ ਲਗਦੇ ਹਨ। ਗੁਰੂ ਜੀ ਹੇ ਮਾਲਕਾ ਤੂੰ ਅਕਾਸ਼ ਵਾਂਗ ਸਾਰਿਆਂ ਤੋਂ ਸਦਾ ਹੀ ਵੱਖਰਾ ਹੈਂ।

**ਸਲੋਕੁ ॥ ਲਾਲ ਗੁਪਾਲ ਗੋਬਿੰਦ ਪ੍ਰਭ ਗਹਿਰ ਗੰਭੀਰ ਅਥਾਹ ॥ ਦੂਸਰ ਨਾਹੀ ਅਵਰ ਕੋ ਨਾਨਕ ਬੇਪਰਵਾਹ ॥ ੧ ॥**

ਜੇਹੜਾ ਪ੍ਰਮੇਸ਼ਰ ਅਮੋਲਕ ਦੁਨੀਆਂ ਦਾ ਪਾਲਕ ਤੇ ਦੁਨੀਆਂ ਦਾ ਮਾਲਕ ਹੈ, ਵਿਆਪਕ, ਟਿਕਿਆ ਹੋਇਆ, ਡੂੰਘਾ ਤੇ ਨ ਹਾਥ ਆਉਣ ਵਾਲਾ ਹੈ। ਇੱਕੁਰ ਦਾ ਉਸ ਵਰਗਾ ਦੂਸਰਾ ਹੋਰ ਕੋਈ ਨਹੀਂ ਹੈ।

ਗੁਰੂ ਜੀ-ਓਹ ਇੱਕ ਹੀ ਬੇ ਪਰਵਾਹ ਪ੍ਰਮੇਸ਼ਰ ਹੈ।

**ਪਉੜੀ ॥ ਲਲਾ ਤਾਕੇ ਲਵੈ ਨ ਕੋਊ ॥ ਏਕਹਿ ਆਪਿ ਅਵਰ ਨਹ ਹੋਊ ॥ ਹੋਵਨਹਾਰੁ ਹੋਤ ਸਦ ਆਇਆ ॥ ਉਆ ਕਾ ਅੰਤੁ ਨ ਕਾਹੂ ਪਾਇਆ ॥ ਕੀਟ ਹਸਤਿ ਮਹਿ ਪੂਰ ਸਮਾਨੇ ॥ ਪ੍ਰਗਟ ਪੁਰਖ ਸਭ ਠਾਊ ਜਾਨੇ ॥ ਜਾਕਉ ਦੀਨੋ ਹਰਿ ਰਸੁ ਅਪਨਾ ॥ ਨਾਨਕ ਗੁਰਮੁਖਿ ਹਰਿ ਹਰਿ ਤਿਹ ਜਪਨਾ ॥ ੧੨ ॥**

(ਲੱਲਾ ਆਖਦਾ ਹੈ) ਉਸ ਪ੍ਰਮੇਸ਼ਰ ਦੇ ਬਰਾਬਰ ਦੂਸਰਾ ਹੋਰ ਕੋਈ ਨਹੀਂ ਹੈ। ਇੱਕ ਅਪ ਹੀ ਪ੍ਰਮੇਸ਼ਰ ਹੈ, ਉਸ ਵਰਗਾ ਦੂਸਰਾ ਹੋਰ ਕੋਈ ਨਹੀਂ ਹੈ। ਹੋਣਹਾਰ ਵੀ ਓਹ ਆਪ ਹੀ ਹੈ ਤੇ ਸਦਾ ਹੁੰਦਾ ਵੀ ਆਇਆ ਹੈ ਭਾਵ ਓਹ ਸਦਾ ਹੀ ਹੈ। ਉਸਦਾ ਅੰਤ ਕਿਸੇ ਨੇ ਨਹੀਂ

Digitized by Panjab Digital Library | www.panjabdigilib.org

ਪਾਇਆ ਹੈ। ਕੀੜੇ ਤੋਂ ਲੈਕੇ ਹਾਥੀ ਤਕ ਓਹ ਐਨ ਪੂਰਾ ਅਕਾਸ਼ ਵਾਂਗ ਸਾਰਿਆਂ ਵਿੱਚ ਸਮਾਇਆ ਹੋਇਆ ਹੈ। ਇਸ ਅਕਾਲ ਪੁਰਖ ਨੂੰ ਪ੍ਰਗਟ ਹੀ ਸਾਰਿਆਂ ਥਾਵਾਂ ਵਿੱਚ ਜਾਨਣਾ ਚਾਹੀਦਾ ਹੈ ਜਾਂ ਹੇ ਸਿੱਖੋ ਜਾਣੋ।

ਜਿਸ ਨੂੰ ਪ੍ਰਮੇਸ਼ਰ ਨੇ ਅਪਣਾ ਹਰ ਰਸ ਦਿੱਤਾ ਹੈ ਭਾਵ ਨਾਮ ਜਪਣ ਦਾ ਸੁਆਦ। ਗੁਰੂ ਜੀ-ਉਸ ਗੁਰਮੁਖ ਨੇ ਪ੍ਰਮੇਸ਼ਰ ਦਾ ਨਾਮ ਜਪਣਾ ਕੀਤਾ ਹੈ।

**ਸਲੋਕੁ ॥ ਆਤਮ ਰਸੁ ਜਿਹ ਜਾਨਿਆ ਹਰਿ ਰੰਗ ਸਹਜੇ ਮਾਣੁ ॥ ਨਾਨਕ ਧਨਿ ਧਨਿ ਧੰਨਿ ਜਨ ਆਏ ਤੇ ਪਰਵਾਣੁ ॥ ੧ ॥**

ਜਿਸ ਨੇ ਅਪਨੇ ਮਨ ਵਿੱਚ ਪ੍ਰਮੇਸ਼ਰ ਦੇ ਅਨੰਦ ਨੂੰ ਜਾਣਿਆ ਹੈ ਓਹ ਆਦਮੀ ਉਸ ਪ੍ਰਮੇਸ਼ਰ ਦੇ ਅਨੰਦ ਨੂੰ ਆਪਣੇ ਅੰਦਰ ਸੁਭਾਵਕ ਹੀ ਮਾਣਦਾ ਹੈ ਭਾਵ ਜੋ ਅਨੰਦ ਉਸ ਨੂੰ ਹੈ ਓਹ ਦੂਜਾ ਨਹੀਂ ਜਾਣਦਾ ਹੈ। ਗੁਰੂ ਜੀ-ਇੱਕੁਰ ਦੇ ਆਦਮੀ ਜੇਹੜੇ ਦੁਨੀਆਂ ਉੱਤੇ ਆਏ ਹਨ, ਓਹ ਧੰਨ ਹਨ ਓਹਨਾਂ ਦਾ ਆਉਣਾ ਦੁਨੀਆਂ ਉਤੇ ਮੰਨਿਆ ਗਿਆ ਹੈ ਭਾਵ ਲੇਖੇ ਵਿੱਚ ਆਇਆ ਹੈ।

**ਪਉੜੀ ॥ ਆਇਆ ਸਫਲ ਤਾਹੂ ਕੋ ਗਨੀਐ ॥ ਜਾਸੁ ਰਸਨ ਹਰਿ ਹਰਿ ਜਸੁ ਭਨੀਐ ॥ ਆਇ ਬਸਹਿ ਸਾਧੂ ਕੈ ਸੰਗੇ॥ਅਨਦਿਨੁ ਨਾਮੁ ਧਿਆਵਹਿ ਰੰਗੇ ॥ ਆਵਤ ਸੋ ਜਨੁ ਨਾਮਹਿ ਰਾਤਾ ॥ ਜਾਕਉ ਦਇਆ ਮਇਆ ਬਿਧਾਤਾ ॥ ਏਕਹਿ ਆਵਨ ਫਿਰ ਜੋਨਿ ਨ ਆਇਆ ॥ ਨਾਨਕ ਹਰਿਕੈ ਦਰਸਿ ਸਮਾਇਆ ॥ ੧੩ ॥**

ਦੁਨੀਆਂ ਉਤੇ ਉਸਦਾ ਆਇਆ ਸਫਲ ਗਿਣੀਦਾ ਹੈ।

ਜਿਸਨੇ ਅਪਣੀ ਰਸਨਾ ਦੁਆਰਾ ਪ੍ਰਮੇਸ਼ਰ ਦਾ ਜਸ ਆਖਿਆ ਹੈ।

ਜੇਹੜੇ ਆਕੇ ਸੰਤਾਂ ਦੇ ਨਾਲ ਵੱਸਦੇ ਹਨ। ਓਹ ਲਗਾਤਾਰ ਪ੍ਰੇਮ ਨਾਲ ਪ੍ਰਮੇਸ਼ਰ ਦਾ ਨਾਮ ਚੇਤੇ ਕਰਦੇ ਹਨ। ਓਹ ਆਦਮੀ ਜੰਮਦਾ ਹੀ ਨਾਮ ਵਿੱਚ ਰੱਤਾ ਹੈ। ਜਿਸ ਦੇ ਉਤੇ ਪ੍ਰਮੇਸ਼ਰ ਨੇ ਆਪਣੀ ਕਿਰਪਾ ਕੀਤੀ ਹੈ। ਓਹ ਓੜਕਦੀ ਵਾਰੀ ਜੰਮਿਆ ਹੈ ਭਾਵ ਇਕ ਹੀ ਵਾਰੀ ਉਸਦਾ ਦੁਨੀਆਂ ਉਤੇ ਆਉਣਾ ਹੋਇਆ ਹੈ, ਓਹ ਆਦਮੀ ਮੁੜਕੇ

Digitized by Panjab Digital Library | www.panjabdigilib.org

ਜਨਮ ਵਿੱਚ ਨਹੀਂ ਆਇਆ ਹੈ। ਗੁਰੂ ਜੀ–ਓਹ ਪ੍ਰਮੇਸ਼ਰ ਦ ਦਰਸ਼ਨ ਵਿੱਚ ਸਮਾ ਗਿਆ ਹੈ ਭਾਵ ਪ੍ਰਮੇਸ਼ਰ ਨਾਲ ਮਿਲ ਗਿਆ ਹੈ।

ਸਲੋਕੁ ॥ ਯਾਸੁ ਜਪਤ ਮਨ ਹੋਇ ਅਨੰਦੁ ਬਿਨਸੈ ਦੂਜਾ ਭਾਉ ॥ ਦੂਖ ਦਰਦ ਤ੍ਰਿਸਨਾ ਬੁਝੈ ਨਾਨਕ ਨਾਮਿ ਸਮਾਉ ॥ ੧ ॥

ਜਿਸ ਪ੍ਰਮੇਸ਼ਰ ਦਾ ਨਾਮ ਜਪਦਿਆਂ ਹੋਇਆਂ ਮਨ ਵਿੱਚ ਅਨੰਦ ਹੁੰਦਾ ਹੈ ਅਤੇ ਦ੍ਵੈਤ ਭਾਉ ਦੂਰ ਹੋ ਜਾਂਦਾ ਹੈ। ਗੁਰੂ ਜੀ–ਦੁਖ,ਦਰਦ, ਤ੍ਰਿਸ਼ਨਾ ਨਾਸ ਹੋ ਜਾਂਦੀ ਹੈ ਤੇ ਅੰਤ ਨੂੰ ਨਾਮ ਵਿੱਚ ਸਮਾਉਣਾ ਹੁੰਦਾ ਹੈ ਭਾਵ ਨਾਮ ਜਪਣ ਨਾਲ ਨਾਮੀ ਵਿੱਚ ਮਿਲ ਜਾਂਦਾ ਹੈ।

ਪਉੜੀ ॥ ਯਯਾ ਜਾਰਉ ਦੁਰਮਤਿ ਦੋਊ ॥ ਤਿਸਹਿ ਤਿਆਗਿ ਸੁਖ ਸਹਜੇ ਸੋਊ ॥ ਯਯਾ ਜਾਇ ਪਰਹੁ ਸੰਤ ਸਰਨਾ ॥ ਜਿਹ ਆਸਰ ਇਆ ਭਵਜਲੁ ਤਰਨਾ ॥ ਯਯਾ ਜਨਮਿ ਨ ਆਵੈ ਸੋਊ ॥ ਏਕ ਨਾਮ ਲੇ ਮਨਹਿ ਪਰੋਊ ॥ ਯਯਾ ਜਨਮੁ ਨ ਹਾਰੀਐ ਗੁਰ ਪੂਰੇ ਕੀ ਟੇਕ ॥ ਨਾਨਕ ਤਿਹ ਸੁਖੁ ਪਾਇਆ ਜਾ ਕੈ ਹੀਅਰੈ ਏਕ ॥ ੧੪ ॥

( ਯੱਯਾ ਅਖਰ ) ਇਸ ਦ੍ਵੈਤ ਵਾਲੀ ਖੋਟੀ ਅਕਲ ਨੂੰ ਸਾੜ ਦਿਆਂ।
ਉਸ ਦ੍ਵੈਤ ਛੱਡਣ ਨਾਲ ਸਹਿਜੇ ਹੀ ਓਹ ਚੰਗਾ ਸੁਖ ਹੁੰਦਾ ਹੈ ਜਾਂ ਸੋਊ = ਸੌਣਾ ਹੁੰਦਾ ਹੈ ਭਾਵ ਸੁਖ ਵਿੱਚ ਬੈਠ ਜਾਂਦਾ ਹੈ। (ਪ੍ਰਸ਼ਨ)ਅਸਲ ਸੁਖਦਾ ਥਾਂ ਕੇਹੜਾ ਹੈ (ਉਤਰ) ਹੇ ਭਰਾ ਸੰਤਾਂ ਦੀ ਸ਼ਰਨ ਜਾ ਪਓ। ਜਿਸ ਦੇ ਆਸਰੇ ਇਹ ਸੰਸਾਰ ਸਮੁੰਦਰ ਤਰਨਾ ਹੁੰਦਾ ਹੈ। ਜੇਹੜਾ ਸਤਸੰਗ ਵਿਚ ਜਾਂਦਾ ਹੈ,ਓਹ ਮੁੜਕੇ ਜਨਮ ਵਿਚ ਨਹੀਂ ਆਉਂਦਾ ਹੈ। ਓਹ ਇਕ ਨਾਮ ਨੂੰ ਲੈਕੇ ਮਨ ਵਿਚ ਪਰੋਂਦਾ ਹੈ ਭਾਵ ਚੇਤੇ ਕਰਦਾ ਹੈ। ਪੂਰੇ ਗੁਰੂ ਦੇ ਆਸਰੇ ਹੋਕੇ ਜਨਮ ਨੂੰ ਨ ਗਵਾਈਏ ਭਾਵ ਮਨੁਖ ਜਨਮ ਸਫਲ ਕਰੀਏ ਤੇ ਗੁਰੂ ਦੀ ਸ਼ਰਨ ਜਾਈਏ। ਗੁਰੂ ਜੀ–ਉਸ ਨੇ ਸੁਖ ਪਾਇਆ ਹੈ ਜਿਸਦੇ ਮਨ ਵਿਚ ਇਕ ਪ੍ਰਮੇਸਰ ਹੈ।

ਸਲੋਕੁ ॥ ਅੰਤਰਿ ਮਨ ਤਨ ਬਸ ਰਹੇ ਈਤ ਊਤ ਕੇ ਮੀਤ ॥ ਗੁਰਿ ਪੂਰੇ ਉਪਦੇਸਿਆ ਨਾਨਕ ਜਪੀਐ ਨੀਤ ॥

ਜੇਹੜੇ ਏਧਰ ਓਧਰ ਦੋਹਾਂ ਲੋਕਾਂ ਦੇ ਸਹਾਇਕ ਮਿਤ੍ਰ ਤੇ ਇਕੁਰ ਦੇ

Digitized by Panjab Digital Library | www.panjabdigilib.org

ਜੇਹੜੇ ਮਾਲਕ ਹਨ, ਓਹ ਮਨ ਤਨ ਦੇ ਅੰਦਰ ਵੱਸ ਰਹੇ ਹਨ। ਗੁਰੂ ਜੀ-ਮਾਲਕ ਦਾ ਭਜਨ ਕਰਨ ਵਾਸਤੇ ਪੂਰੇ ਗੁਰੂ ਨੇ ਉਪਦੇਸ਼ ਕੀਤਾ ਹੈ, ਸੋ ਪ੍ਰੇਮ ਨਾਲ ਰੋਜ ਹੀ ਮਾਲਕ ਨੂੰ ਜਪੀਏ।

**ਪਉੜੀ॥ ਅਨ ਦਿਨੁ ਸਿਮਰਹੁ ਤਾਸੁ ਕਉ ਜੋ ਅੰਤਿ ਸਹਾਈ ਹੋਇ॥ ਇਹ ਬਿਖਿਆ ਦਿਨ ਚਾਰਿ ਛਿਅ ਛਾਡਿ ਚਲਿਓ ਸਭੁ ਕੋਇ॥ ਕਾਕੋ ਮਾਤ ਪਿਤਾ ਸੁਤ ਧੀਆ॥ ਗ੍ਰਿਹ ਬਨਿਤਾ ਕਛੁ ਸੰਗਿ ਨ ਲੀਆ॥ ਐਸੀ ਸੰਚਿ ਜੁ ਬਿਨਸਤ ਨਾਹੀ॥ ਪਤਿ ਸੇਤੀ ਅਪੁਨੈ ਘਰ ਜਾਹੀ॥ ਸਾਧ ਸੰਗਿ ਕਲਿ ਕੀਰਤਨੁ ਗਾਇਆ॥ ਨਾਨਕ ਤੇਤੇ ਬਹੁਰਿ ਨ ਆਇਆ॥ ੧੫॥**

ਜੇਹੜਾ ਅੰਤ ਨੂੰ ਸਹਾਇਤਾ ਕਰਨ ਵਾਲਾ ਹੁੰਦਾ ਹੈ ਜਾਂ ਹੋਵੇ ਉਸ ਨੂੰ ਸਦਾ ਹੀ ਯਾਦ ਕਰੋ। ਇਹ ਜੇਹੜੀ ਸੰਸਾਰ ਦੀ ਸਮੱਗਰੀ ਵਿਖਿਆ ਵਰਗੀ ਹੈ, ਜਨਮਾਂ ੨ ਵਿਚ ਦੁਖ ਦੇਣ ਵਾਲੀ ਹੈ, ਇਹ ਚਾਰ ਜਾਂ ਛਿਆਂ ਭਾਵ ਥੋੜੇ ਦਿਨ ਮਾਨਣ ਵਾਲੀ ਹੈ, ਓੜਕ ਨੂੰ ਇਸਨੂੰ ਹਰ ਕੋਈ ਛਡਕੇ ਚਲਿਆ ਗਿਆ ਹੈ। ਕਿਸਦੀ ਮਾਤਾ ਪਿਤਾ ਅਤੇ ਕਿਸਦਾ ਕੋਈ ਪੁਤ੍ਰ ਧੀ ਹੈ ਭਾਵ ਕੋਈ ਨਹੀਂ ਕਿਸੇ ਦਾ। ਘਰ ਤੇ ਇਸਤ੍ਰੀ ਕੁਛ ਵੀ ਨਾਲ ਨਹੀਂ ਲਿਆ ਹੈ। ਭਗਤੀ ਗਿਆਨ ਵਾਲੀ ਇਕੁਰ ਦੀ ਸਮੱਗਰੀ ਆਪਣੇ ਦਿਲ ਵਿਚ ਕੱਠੀ ਕਰ ਜੇਹੜੀ ਕਦੀ ਵੀ ਨਾਸ ਨਹੀਂ ਹੁੰਦੀ ਹੈ। ਜਿਸ ਨਾਮ ਗਿਆਨ ਭਗਤੀ ਦੇ ਨਾਲ ਤੂੰ ਪ੍ਰਤਾਪ ਇਜ਼ਤ ਨਾਲ ਆਪਣੇ ਘਰ ਨੂੰ ਜਾਵੇਂ। ਜਿਨ੍ਹਾਂ ਨੇ ਕਲਜੁਗ ਵਿਚ ਸਾਧ ਸੰਗਤ ਨਾਲ ਮਿਲਕੇ ਪ੍ਰਮੇਸ਼੍ਵਰ ਦਾ ਕੀਰਤਨ ਗਾਇਆ ਹੈ। ਗੁਰੂ ਜੀ—ਓਹ ਆਦਮੀ ਜੇਹੜਾ ਪਰਮੇਸ਼ਰਦਾ ਕੀਰਤਨ ਗੌਣ ਵਾਲਾਹੈ, ਮੁੜ ਕੇ ਜਨਮ ਵਿਚ ਨਹੀਂ ਆਇਆਹੈ।

**ਸਲੋਕੁ॥ ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤੁ॥ ਮਿਰਤਕ ਕਹੀਐ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ॥ ੧॥**

(ਪ੍ਰਮੇਸ਼ਰ ਤੋਂ ਬੇਮੁਖਾਂ ਦਾ ਹਾਲ)

ਭਾਵੇਂ ਬਹੁਤ ਸੁੰਦਰ ਹੈ, ਚੰਗੀ ਕੁਲ ਵਾਲਾ ਹੈ, ਸਿਆਣਾ ਹੈ ਜਾਂ ਮੂੰਹ ਦਾ ਸਿਆਣਾ ਹੈ, ਭਾਵ ਬਹੁਤ ਸਿਆਣਾ ਹੈ, ਗਿਆਨੀ ਹੈ ਅਤੇ ਧਨ

Digitized by Panjab Digital Library | www.panjabdigilib.org

ਵਾਲਾ ਹੈ ਜਾਂ ਮੂੰਹ ਦਾ ਗਿਆਨੀ ਹੈ ਭਾਵ ਬੋਲਣ ਨੂੰ ਤਕੜਾ ਹੈ।

ਗੁਰੂ ਜੀ–ਪਰ ਜਿਸਦੇ ਮਨ ਵਿਚ ਪਰਮੇਸ਼ਰ ਦੀ ਪ੍ਰੀਤੀ ਨਹੀਂ ਹੈ,ਉਸਨੂੰ ਮੁਰਦਾ ਆਖਿਆ ਜਾਂਦਾ ਹੈ ਜਾਂ ਆਖਣਾ ਚਾਹੀਦਾ ਹੈ।

**ਙੰਙਾ ਖਟੁ ਸਾਸਤ੍ਰ ਹੋਇ ਙਿਅਤਾ ॥ ਪੂਰਕੁ ਕੁੰਭਕ ਰੇਚਕ ਕਰਮਾਤਾ ॥ ਙਿਆਨ ਧਿਆਨ ਤੀਰਥ ਇਸਨਾਨੀ ॥ ਸੋਮ ਪਾਕ ਅਪਰਸ ਉਦਿਆਨੀ ॥ ਰਾਮ ਨਾਮ ਸੰਗਿ ਮਨਿ ਨਹੀ ਹੇਤਾ ॥ ਜੋ ਕਛੁ ਕੀਨੋ ਸੋਊ ਅਨੇਤਾ ॥ ਉਆ ਤੇ ਊਤਮੁ ਗਨਉ ਚੰਡਾਲਾ ॥ ਨਾਨਕ ਜਿਹ ਮਨਿ ਬਸਹਿ ਗੁਪਾਲਾ ॥ ੧੬ ॥**

ਭਾਵੇਂ ਛਿਆਂ ਸ਼ਾਸਤ੍ਰਾਂ ਦਾ ਜਾਣੂ ਹੋਵੇ ਭਾਵ ਸਾਰੇ ਵੇਦ ਪੁਰਾਣ ਸ਼ਾਸਤ੍ਰ ਪੜ੍ਹਿਆ ਹੋਇਆ ਹੋਵੇ। ਪੂਰਕ = ਪਾਣਾਂ ਨੂੰ ਸਰੀਰ ਅੰਦਰ ਭਰਨਾ, ਕੱਠਿਆਂ ਕਰਨਾ ਜੋ ਨਾਸਾਂ ਦੀ ਖੱਬੀ ਸੁਰ ਨਾਲ ਹੁੰਦਾ ਹੈ। ਕੁੰਭਕ ਪ੍ਰਾਣਾਂ ਨੂੰ ਖੜਿਆਂ ਕਰਨਾ। ਰੇਚਕ = ਪ੍ਰਾਣਾਂ ਨੂੰ ਸਰੀਰ ਤੋਂ ਬਾਹਰ ਕੱਢਣਾ ਜੋ ਨਾਸਾਂ ਦੀ ਖੱਬੀ ਸੁਰ ਨਾਲ ਹੁੰਦਾ ਹੈ। ਇੱਕੁਰ ਦੇ ਪ੍ਰਾਣਾਯਾਮ ਕਰਨ ਵਾਲਾ ਹੋਵੇ, ਇੱਕੁਰ ਦਾ ਕੰਮ ਕਰਨ ਵਿਚ ਮੱਤਾ ਹੋਇਆ ਹੋਵੇ ਭਾਵ ਬਹੁਤ ਹੀ ਜੋਗ ਸਾਧਨਾ ਕਰਦਾ ਹੋਵੇ। ਗਿਆਨ ਧਿਆਨ ਕਰਨ ਵਾਲਾ ਹੈ ਅਤੇ ਤੀਰਥ ਦਾ ਇਸ਼ਨਾਨ ਵੀ ਕਰਨ ਵਾਲਾ ਹੈ। ਸੋਮ = ਚੰਦ੍ਰਮਾਂ ਦੇ ਚੜ੍ਹਨ ਨਾਲ ਪਾਕ = ਰਸੋਈ ਕਰਦਾ ਹੈ ਭਾਵ ਇਕੁਰ ਦਾ ਰੋਜ਼ ਹੀ ਵਰਤ ਰੱਖਣ ਵਾਲਾ ਹੈ, ਦਿਨੇ ਰੋਟੀ ਨਹੀਂ ਖਾਂਦਾ, ਰਾਤ ਨੂੰ ਖਾਂਦਾ ਹੈ ਜਾਂ ਆਪਣੇ ਹੱਥ ਨਾਲ ਰੋਟੀ ਪਕਾਕੇ ਖਾਂਦਾ ਹੈ ਅਤੇ ਕਿਸੇ ਨਾਲ ਛੋਂਹਦਾ ਨਹੀਂ ਹੈ ਜਾਂ ਕਿਸੇ ਨੂੰ ਆਪਣੇ ਸਰੀਰ ਨਾਲ ਲੱਗਣ ਨਹੀਂ ਦੇਂਦਾ ਹੈ ਅਤੇ ਜੰਗਲ ਵਿਚ ਹੀ ਰਹਿੰਦਾ ਹੈ। ਪ੍ਰਮੇਸ਼ਰ ਦੇ ਨਾਮ ਨਾਲ ਮਨ ਦਾ ਪੇਮ ਨਹੀਂ ਹੈ। ਉਸ ਆਦਮੀ ਨੇ ਜੋ ਕੁਛਵੀ ਪਿਛੇ ਦੱਸਿਆ ਕੀਤਾਹੈ ਓਹ ਸਾਰਾ ਕਰਮ ਅਨੇਤਾ = ਅਨਿਤ ਭਾਵ ਝੂਠਾ ਹੈ ਭਾਵ ਬਿਅਰਥ ਹੈ, ਕਿਸੇ ਲੇਖੇ ਨਹੀਂ ਹੈ। ਉਸ ਇਕੁਰ ਦੇ ਵਿਧੀ ਨਾਲ ਕਰਮ ਕਰਨ ਵਾਲੇ ਨਾਲੋਂ ਚੰਡਾਲ ਅਦਮੀ ਨੂੰ ਚੰਗਾ ਗਿਣੋ ਭਾਵ ਸਮਝੋ।

ਗੁਰੂ ਜੀ–ਜਿਸ ਚੰਡਾਲ ਆਦਮੀ ਦੇ ਮਨ ਵਿਚ ਪ੍ਰਮੇਸ਼ਰ ਵੱਸਦਾ ਹੈ;

**ਸਲੋਕੁ ॥ ਕੁੰਟ ਚਾਰਿ ਦਹਦਿਸਿ ਭ੍ਰਮੇ ਕਰਮ ਕਿਰਤਿ**

Digitized by Panjab Digital Library | www.panjabdigilib.org

**ਕੀ ਰੇਖ॥ ਸੂਖ ਦੂਖ ਮੁਕਤਿ ਜੋਨਿ ਨਾਨਕ ਲਿਖਿਓ ਲੇਖ॥ ੧ ॥ ੨ ॥**

ਜੇਹੜਾ ਕੀਤਾ ਹੋਇਆ ਕਰਮ ਹੈ, ਉਸਦੀ ਜੇਹੜੀ ਲਕੀਰ ਵਗ ਗਈ ਹੈ ਭਾਵ ਜੋ ਉਸਦੀ ਸਜ਼ਾ ਲਿਖੀ ਗਈ ਹੈ, ਉਸਦੇ ਅਨੁਸਾਰ ਆਦਮੀ ਚਹੁੰਆਂ ਕੂੰਟਾਂ ਦਸਾਂ ਪਾਸਿਆਂ ਵੱਲ ਭੌਂਦੇ ਫਿਰਦੇ ਹਨ। ਗੁਰੂ ਜੀ- ਉਸਦੇ ਅਨੁਸਾਰ ਹੀ ਸੁਖ, ਦੁਖ, ਮੁਕਤੀ ਜੂਨੀਆਂ ਵਿਚ ਪੈਣਾ ਜੋ ਕੁਛ ਪ੍ਰਮੇਸ਼ਰ ਨੇ ਲੇਖ ਲਿਖਿਆ ਹੈ, ਓਹ ਜ਼ਰੂਰ ਭੋਗਣਾ ਪੈਂਦਾ ਹੈ।

**ਪਵੜੀ॥ ਕਕਾ ਕਾਰਨ ਕਰਤਾ ਸੋਊ॥ ਲਿਖਿਓ ਲੇਖੁ ਨ ਮੇਟਤ ਕੋਊ॥ ਨਹੀ ਹੋਤ ਕਛੁ ਦੋਊ ਬਾਰਾ॥ ਕਰਨੈਹਾਰੁ ਨ ਭੂਲਨਹਾਰਾ॥ ਕਾਹੂ ਪੰਥੁ ਦਿਖਾਰੈ ਆਪੈ॥ ਕਾਹੂ ਉਦਿਆਨ ਭ੍ਰਮਤ ਪਛੁਤਾਪੈ ॥ ਆਪਨ ਖੇਲੁ ਆਪ ਹੀ ਕੀਨੋ॥ ਜੋ ਜੋ ਦੀਨੋ ਸੁ ਨਾਨਕ ਲੀਨੋ॥ ੧੨॥**

ਓਹ ਜੇਹੜਾ ਪ੍ਰਮੇਸ਼ਰ ਸਾਰੇ ਜਗਤ ਦਾ ਕਰਤਾ ਹੈ, ਓਹ ਹੀ ਜਗਤ ਦਾ ਕਾਰਨ = ਬ੍ਰਹਮਾਂ ਆਦਕਾਂ ਦਾ ਕਰਤਾ ਹੈ। ਉਸਦਾ ਲਿਖਿਆ ਹੋਇਆ ਲੇਖ ਕੋਈ ਨਹੀਂ ਮੇਟ ਸਕਦਾ ਹੈ। ਦੂਸਰੀ ਵਾਰ ਹੋਰ ਕੁਛ ਨਹੀਂ ਹੁੰਦਾ ਹੈ, ਉਸਨੇ ਇਕ ਵਾਰ ਹੀ ਲਿਖ ਦਿਤਾ ਹੈ। ਓਹ ਕਰਨ ਵਾਲਾ ਭੁੱਲਣ ਵਾਲਾ ਨਹੀਂ ਹੈ। ਕਿਸੇ ਨੂੰ ਆਪੇ ਹੀ ਚੰਗਾ ਰਸਤਾ ਵਿਖਾਂਦਾ ਹੈ ਭਾਵ ਭਲੇ ਪਾਸੇ ਲਾ ਦੇਂਦਾ ਹੈ। ਕਿਸੇ ਨੂੰ ਜੰਗਲ ਵਿਚ ਭਰਮਾਂਦਾ ਹੈ ਭਾਵ ਬੁਰੇ ਪਾਸੇ ਲਾ ਦੇਂਦਾ ਹੈ। ਓਹ ਫੇਰ ਪਿਛੋਂ ਪੱਛਾਤਾਪ ਕਰਦਾ ਹੈ। ਉਸ ਪ੍ਰਮੇਸ਼ਰ ਨੇ ਆਪਣਾ ਖੇਲ ਆਪ ਹੀ ਕੀਤਾ ਹੈ। ਭਾਵ ਤਮਾਸ਼ੇ ਵਾਸਤੇ ਦੁਨੀਆਂ ਬਣਾਈ ਹੈ। ਗੁਰੂ ਜੀ--ਜੋ ਜੋ ਕੁਛ ਫਲ ਪ੍ਰਮੇਸ਼ਰ ਨੇ ਦਿਤਾ ਹੈ, ਓਹ ਓਹ ਜੀਵ ਨੇ ਲਿਆ ਹੈ ਭਾਵ ਸੁਖ ਦੁਖ।

**ਸਲੋਕੁ॥ ਖਾਤ ਖਰਚਤ ਬਿਲਛਤ ਰਹੇ ਟੂਟਿ ਨ ਜਾਹਿ ਭੰਡਾਰ॥ ਹਰਿ ਹਰਿ ਜਪਤ ਅਨੇਕ ਜਨ ਨਾਨਕ ਨਾਹਿ ਸੁਮਾਰ॥ ੧ ॥**

ਪ੍ਰਮੇਸ਼ਰ ਦਾ ਨਾਮ ਜਪਣ ਵਾਲਿਆਂ ਨੂੰ ਸਦਾ ਹੀ ਅਨੰਦ ਹੈ, ਓਹ ਨਾਮ ਧਨ ਨੂੰ ਖਾਂਦੇ ਹਨ ਅਤੇ ਅੱਗੇ ਸਿੱਖਾਂ ਸੇਵਕਾਂ ਨੂੰ ਅੱਗੇ ਖਰਚਣ ਨੂੰ

Digitized by Panjab Digital Library | www.panjabdigilib.org

ਦੇਂਦੇ ਹਨ ਅਤੇ ਫਿਰ ਬੜਾ ਅਨੰਦ ਕਰਦੇ ਰਹਿੰਦੇ ਹਨ ਭਾਵ ਉਪਦੇਸ਼ ਦੇਂਦੇ ਹਨ। ਓਹਨਾਂ ਦਾ ਖ਼ਜ਼ਾਨਾ ਮੁੱਕ ਨਹੀਂ ਜਾਂਦਾ ਹੈ। ਗੁਰੂ ਜੀ-ਪ੍ਰਮੇਸ਼ਰ ਦੇ ਨਾਮ ਨੂੰ ਅਨੇਕਾਂ ਹੀ ਆਦਮੀ ਜਪਦੇ ਰਹਿੰਦੇ ਹਨ,ਪਰ ਫਿਰ ਵੀ ਪ੍ਰਮੇਸ਼ਰ ਦੇ ਨਾਮ ਦਾ ਅੰਤ ਨਹੀਂ ਪਾਇਆ ਜਾਂਦਾ ਹੈ ।

**ਪਉੜੀ ॥ ਖਖਾ ਖੂਨਾ ਕਛੁ ਨਹੀ ਤਿਸੁ ਸਮ੍ਰਥ ਕੈ ਪਾਹਿ ॥ ਜੋ ਦੇਨਾ ਸੋ ਦੇ ਰਹਿਓ ਭਾਵੈ ਤਹ ਤਹ ਜਾਹਿ ॥ ਖਰਚੁ ਖਜਾਨਾ ਨਾਮ ਧਨੁ ਇਆ ਭਗਤਨ ਕੀ ਰਾਸਿ ॥ ਖਿਮਾ ਗਰੀਬੀ ਅਨਦ ਸਹਜ ਜਪਤ ਰਹਹਿ ਗੁਣਤਾਸ ॥ ਖੇਲਹਿ ਬਿਗਸਹਿ ਅਨਦ ਸਿਉ ਜਾਕਉ ਹੋਤ ਕ੍ਰਿਪਾਲ ॥ ਸਦੀਵ ਗਨੀਵ ਸੁਹਾਵਨੇ ਰਾਮ ਨਾਮ ਗ੍ਰਿਹਿ ਮਾਲ॥ ਖੇਦੁ ਨ ਦੂਖੁ ਨ ਡਾਨੁ ਤਿਹ ਜਾਕਉ ਨਦਰਿ ਕਰੀ ॥ ਨਾਨਕ ਜੋ ਪ੍ਰਭ ਭਾਣਿਆ ਪੂਰੀ ਤਿਨਾ ਪਰੀ ॥ ੧੯ ॥**

(ਖੱਖਾ) ਉਸ ਪ੍ਰਮੇਸ਼ਰ ਦੇ ਪਾਸ ਕੋਈ ਪਦਾਰਥ ਖੂਨਾ = ਊਣਾ ਨਹੀਂ ਹੈ ਭਾਵ ਘਟ ਨਹੀਂ ਹੈ। ਜੋ ਜੋ ਪਦਾਰਥ ਇਸ ਜੀਵ ਨੂੰ ਕਰਮਾਂ ਦੇ ਅਨੁਸਾਰ ਦੇਣਾ ਹੈ, ਓਹ ਦੇ ਰਿਹਾ ਹੈ। ਹੁਣ ਘੱਟ ਵੱਧ ਨਹੀਂ ਹੋ ਸਕਦਾ ਹੈ ਭਾਵੇਂ ਜਿੱਥੇ ੨ ਇਸ ਦੀ ਇਛਿਆ ਹੋਵੇ ਓਥੇ੨ਇਹ ਚਲਿਆ ਜਾਵੇ, ਜੋ ਕੁਛ ਮਿਲਨਾ ਹੈ ਓਹੋ ਹੀ ਮਿਲਨਾ ਹੈ। ਇਹ ਨਾਮ ਧਨ ਖਰਚਣ ਵਾਸਤੇ ਨ ਮੁੱਕਣ ਵਾਲਾ ਖ਼ਜ਼ਾਨਾ ਹੈ,ਏਹੋ ਹੀ ਭਗਤਾਂ ਦੀ ਰਾਸ ਹੈ।

ਖਿਮਾ ਰਖਣੀ ( ਗੁੱਸੇ ਵਾਲੇ ਅੱਗੇ ਚੁਪ ਰਹਿਣਾ ) ਗਰੀਬੀ ਵਿੱਚ ਅਨੰਦ,ਸ਼ਾਂਤੀ ਅਵਸਥਾ ਵਿੱਚ ਰਹਿਣਾ ਕਰਦੇ ਹਨ। ਗੁਣਾਂਦੇ ਸਮੁੰਦ੍ਰ ਪ੍ਰਮੇਸ਼ਰ ਨੂੰ ਜਪਦੇ ਰਹਿੰਦੇ ਹਨ। ਜਿਸਦੇ ਉਤੇ ਪ੍ਰਮੇਸ਼ਰ ਕਿਰਪਾਲੂ ਹੁੰਦਾ ਹੈ ਓਹ ਸੰਸਾਰ ਵਿੱਚ ਅਨੰਦ ਨਾਲ ਰਹਿੰਦਾ ਹੈ ਤੇ ਫੁੱਲਿਆ ਫਿਰਦਾ ਹੈ ।

ਓਹ ਸਦਾ ਹੀ ਧਨੀ ਹਨ ਤੇ ਸੋਹਣੇ ਲਗਦੇ ਹਨ, ਜਿਨ੍ਹਾਂ ਦੇ ਘਰ ਭਾਵ ਦਿਲ ਵਿੱਚ ਪ੍ਰਮੇਸ਼ਰ ਧਨ ਹੈ। ਪੀੜਾ, ਦੁਖ, ਡੰਨ ਨਹੀਂ ਹੈ, ਜਿਸ ਦੇ ਉਤੇ ਪ੍ਰਮੇਸ਼ਰ ਨੇ ਆਪ ਕਿਰਪਾ ਕੀਤੀ ਹੈ। ਗੁਰੂ ਜੀ-ਜੇਹੜੇ ਪ੍ਰਮੇਸ਼ਰ ਨੂੰ ਚੰਗੇ ਲੱਗੇ ਹਨ, ਓਹਨਾਂ ਦੀ ਹਰ ਤਰ੍ਹਾਂ ਨਾਲ ਪੂਰੀ ਪਈ ਹੈ

**ਸਲੋਕੁ ॥ ਗਨਿ ਮਿਨਿ ਦੇਖਹੁ ਮਨੈ ਮਾਹਿ ਸਰ-**

Digitized by Panjab Digital Library | www.panjabdigilib.org

**ਪਰ ਚਲਨੋ ਲੋਗ ॥ ਆਸ ਅਨਿਤ ਗੁਰਮੁਖਿ ਮਿਟੈ ਨਾਨਕ ਨਾਮ ਅਰੋਗੁ ॥ ੧ ॥**

ਗਿਣ ਮਿਣ ਭਾਵ ਚੰਗੀ ਤਰ੍ਹਾਂ ਵਿਚਾਰ ਕੇ ਆਪਣੇ ਵਿੱਚ ਵੇਖੋ, ਜ਼ਰੂਰ ਹੀ ਇਹ ਸਾਰੇ ਲੋਕ ਜਾਣ ਵਾਲੇ ਹਨ। ਗੁਰੂ ਜੀ-ਇਹ ਨ ਪੂਰੀ ਹੋਣ ਵਾਲੀ ਪਦਾਰਥਾਂ ਦੀ ਆਸਾ ਉਸ ਗੁਰਮੁਖ ਦੀ ਦੂਰ ਹੋਜਾਂਦੀ ਹੈ, ਕਿਉਂ ਜੋ ਗੁਰਮੁਖ ਨਾਮ ਜਪਕੇ ਰੋਗ ਤੋਂ ਬਿਨਾ ਹੋਇਆ ਹੈ, ਤੂੰ ਵੀ ਨਾਮ ਜਪਕੇ ਅਰੋਗ ਹੋ ਜਾਹ। ਨਿੱਤ = ਝੂਠੀ।

**ਪਉੜੀ ॥ ਗਗਾ ਗੋਬਿਦ ਗੁਣ ਰਵਹੁ ਸਾਸਿ ਸਾਸਿ ਜਪਿ ਨੀਤ ॥ ਕਹਾ ਬਿਸਾਸਾ ਦੇਹ ਕਾ ਬਿਲਮਨ ਕਰਿਹੋ ਮੀਤ ॥ ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ ॥ ਓਹ ਬੇਰਾ ਨਹ ਬੂਝੀਐ ਜਉ ਆਇ ਪਰੈ ਜਮ ਫੰਧੁ ॥ ਗਿਆਨੀ ਧਿਆਨੀ ਚਤੁਰ ਪੇਖਿ ਰਹਨੁ ਨਹੀ ਇਹ ਠਾਇ ॥ ਛਾਡਿ ਛਾਡਿ ਸਗਲੀ ਗਈ ਮੂੜ ਤਹਾ ਲਪਟਾਹਿ ॥ ਗੁਰ ਪ੍ਰਸਾਦਿ ਸਿਮਰਤ ਰਹੈ ਜਾਹੂ ਮਸਤਕਿ ਭਾਗ ॥ ਨਾਨਕ ਆਏ ਸਫਲ ਤੇ ਜਾਕਉ ਪ੍ਰਿਅਹਿ ਸੁਹਾਗ ॥ ੧੯ ॥**

(ਗੱਗਾ) ਹੇ ਸਿੱਖੋ ! ਪ੍ਰਮੇਸਰ ਦੇ ਗੁਣਾਂ ਨੂੰ ਸਦਾ ਹੀ ਮਨ ਵਿਚ ਬੋਲੋ, ਸੁਆਸ ਸੁਆਸ ਰੋਜ ਹੀ ਜਪਦੇ ਰਹੋ। ਹੇ ਮਿਤ੍ਰ ! ਚਿਰ ਨ ਲਾਓ, ਇਸ ਦੇਹ ਦਾ ਕੀ ਭਰੋਸਾ ਹੈ? ਨ ਕੋਈ ਬਾਲਕ ਉਮਰ ਦਾ ਨੇਮ ਹੈ, ਨ ਜੁਆਨੀ ਦਾ ਭਰੋਸਾ ਹੈ,ਨ ਕੋਈ ਬੁਢੇਪੇ ਦੀ ਉਮਰ ਦਾਹੀ ਨੇਮ ਹੈ,ਕਿਸੇ ਉਮਰਦਾ ਮੌਤ ਅਗੇ ਕੋਈ ਬੰਨ੍ਹਾ ਨਹੀਂ ਪਾਇਆ ਹੋਇਆ ਹੈ ਭਾਵ ਮੌਤ ਨੂੰ ਕੋਈ ਵੀ ਰੋਕ ਨਹੀਂ ਸਕਦਾ ਹੈ, ਹਰ ਉਮਰ ਵਿਚ ਹਰ ਵੇਲੇ ਸਿਰ ਉਤੇ ਖੜੀ ਹੈ।

ਉਹ ਵੇਲਾ ਮਾਲੂਮ ਹੀ ਨਹੀਂ ਹੁੰਦਾ ਜਦੋਂ ਜਮ ਦਾ ਫਾਹਾ ਗਲ ਵਿਚ ਆ ਪੈਂਦਾ ਹੈ ਭਾਵ ਅਚਾਨਕ ਮੌਤ ਆ ਜਾਂਦੀ ਹੈ। ਕੋਈ ਗਿਆਨੀ ਧਿਆਨੀ, ਸਿਆਣਾ ਨਹੀਂ ਰਹਿਣਾ ਪਾਵੇਗਾ। ਹੇ ਸਿਖ ! ਅੱਖਾਂ ਖੋਲਕੇਵੇਖ, ਇਸ ਥਾਂ ਉਤੇ ਕੋਈ ਰਹਿਣਾ ਨਹੀਂ ਪਾਂਦਾ ਹੈ ਭਾਵ ਇਹ ਥਾਂ ਰਹਿਣ ਵਾਲੀ ਨਹੀਂ ਹੈ। ਸਾਰੀ ਦੁਨੀਆਂ ਛੱਡ ੨ ਕੇ ਚਲੀ ਜਾਂਦੀ ਹੈ, ਇਹ ਬੜੀ ਅਸਚਰਜ ਦੀ ਗਲ ਹੈ ਕਿ ਮੂਰਖ ਆਦਮੀ ਮੁੜਕੇ ਓਥੇ ਹੀ ਚੰਬੜਦਾ ਹੈ ਭਾਵ ਫਿਰ ਦੁਨੀਆਂ ਦੇ ਮਗਰ ਭੌਂਦਾ ਫਿਰਦਾ ਹੈ। ਜਿਨ੍ਹਾਂ ਆਦਮੀਆਂ

Digitized by Panjab Digital Library | www.panjabdigilib.org

ਦੇ ਮੱਥੇ ਦੇ ਚੰਗੇ ਭਾਗ ਹਨ, ਓਹ ਗੁਰੂ ਦੀ ਕਿਰਪਾ ਨਾਲ ਰੋਜ਼ ਹੀ ਪ੍ਰਮੇਸ਼ਰ ਨੂੰ ਚੇਤੇ ਕਰਦੇ ਰਹਿੰਦੇ ਹਨ। ਗੁਰੂ ਜੀ-ਜਿਨ੍ਹਾਂ ਨੂੰ ਪਿਆਰੇ ਪ੍ਰਮੇਸ਼ਰ ਮਾਲਕ ਦੇ ਮਿਲਾਪ ਦਾ ਸੁਹਾਗ = ਅਨੰਦ ਹੈ,ਓਹ ਦੁਨੀਆਂ ਉਤੇ ਆਏ ਹੋਏ ਸਫਲ ਹਨ ਭਾਵ ਉਨ੍ਹਾਂ ਦਾ ਆਉਣਾ ਸਫਲ ਹੈ।

**ਸਲੋਕੁ ॥ ਘੋਖੇ ਸਾਸਤ੍ਰ ਬੇਦ ਸਭ ਆਨ ਨ ਕਥਤਉ ਕੋਇ ॥ ਆਦਿ ਜੁਗਾਦੀ ਹੁਣਿ ਹੋਵਤ ਨਾਨਕ ਏਕੈ ਸੋਇ ॥ ੧ ॥**

ਸਾਰਿਆਂ ਵੇਦਾਂ, ਸ਼ਾਸਤ੍ਰਾਂ ਨੂੰ ਪੜ੍ਹਕੇ ਵਿਚਾਰਿਆ ਹੈ,ਇਹ ਗੱਲ ਕੋਈ ਵੀ ਨਹੀਂ ਕਥਤਉ = ਕਹਿੰਦਾ ਹੈ ਕਿ ਪ੍ਰਮੇਸ਼ਰ ਤੋਂ ਬਿਨਾ ਹੋਰ ਕੋਈ ਦੂਸਰਾ ਵੀ ਹੈ । ਭਾਵ ਇੱਕ ਹੀ ਪ੍ਰਮੇਸ਼ਰ ਹੈ, ਦੂਸਰਾ ਕੋਈ ਨਹੀਂ ਹੈ।

ਗੁਰੂ ਜੀ-ਓਹ ਪ੍ਰਮੇਸ਼ਰ ਸਦਾ ਸਦਾ ਹੈ, ਹੁਣ ਵੀ ਹੈ, ਦੁਨੀਆਂ ਦੇ ਅੰਤ ਨੂੰ ਵੀ ਹੁੰਦਾ ਹੈ, ਓਹ ਜੇਹੜਾ ਇਕ ਪ੍ਰਮੇਸ਼ਰ ਹੈ ।

**ਪਉੜੀ ॥ ਘਘਾ ਘਾਲਹੁ ਮਨਹਿ ਏਹ ਬਿਨੁ ਹਰਿ ਦੂਸਰਿ ਨਾਹਿ ॥ ਨਹ ਹੋਆ ਨਹ ਹੋਵਨਾ ਜਤ ਕਤ ਓਹੀ ਸਮਾਹਿ ॥ ਘੂਲਹਿ ਤਉ ਮਨ ਜਉ ਆਵਹਿ ਸਰਨਾ ॥ ਨਾਮ ਤਤੁ ਕਲ ਮਹਿ ਪੁਨਹ ਚਰਨਾ ॥ ਘਾਲਿ ਘਾਲਿ ਅਨਿਕ ਪਛੁਤਾਵਹਿ ॥ ਬਿਨੁ ਹਰਿ ਭਗਤ ਕਹਾ ਥਿਤਿ ਪਾਵਹਿ ॥ ਘੋਲਿ ਮਹਾਰਸੁ ਅੰਮ੍ਰਿਤੁ ਤਿਹ ਪੀਆ ॥ ਨਾਨਕ ਹਰਿ ਗੁਰਿ ਜਾਕਉ ਦੀਆ ॥ ੨੦ ॥**

ਘੱਘਾ = ਹੇ ਸਿਖ ਜੇਹੜਾ ਸਾਡਾ ਇਹ ਉਪਦੇਸ਼ ਹੈ ਇਸਨੂੰ ਆਪਣੇ ਮਨ ਦੇ ਵਿਚ = ਘਾਲਹੁ ਪਾ ਲਓ ਭਾਵ ਧਾਰ ਲਓ ਕਿ ਪ੍ਰਮੇਸ਼ਰ ਤੋਂ ਬਿਨਾ ਦੂਸਰਾ ਹੋਰ ਕੋਈ ਨਹੀਂ ਹੈ। ਦੂਸਰਾ ਕੋਈ ਨ ਹੋਇਆ ਹੈ ਨ ਹੋਣਾ ਹੈ, ਜਿਧਰ ਕਿਧਰ ਓਹ ਪ੍ਰਮੇਸ਼ਰ ਹੀ ਸਮਾਇਆ ਹੋਇਆ ਹੈ।

ਜਦੋਂ ਤੂੰ ਮਨ ਕਰਕੇ ਪ੍ਰਮੇਸ਼ਰ ਦੀ ਸ਼ਰਨ ਆਵੇਂਗਾ ਤੇ ਤਾਂ ਤੇਰੇ ਸਾਰੇ ਬੰਧਨ ਘੂਲਹਿ = ਖੁਲ ਜਾਣਗੇ ਭਾਵ ਟੁੱਟ ਜਾਣਗੇ। ਹੇ ਸਿਖ! ਇਸ ਕਲਜੁਗ ਵਿਚ ਜੇਹੜਾ ਪ੍ਰਮੇਸ਼ਰ ਦਾ ਨਾਮ ਤੱਤ ਰੂਪ ਹੈ, ਓਹੋ ਹੀ ਸਾਰਿਆਂ ਪਾਪਾਂ ਦੇ ਵਾਸਤੇ ਪੁਨਹ ਚਰਨ ਭਾਵ ਪਾਪਾਂ ਦੇ ਦੂਰ ਕਰਨ

Digitized by Panjab Digital Library | www.panjabdigilib.org

ਵਾਸਤੇ ਜਤਨ ਹੈ, ਮੰਤ੍ਰ ਪੜ੍ਹਕੇ ਜੇਹੜਾ ਪਾਪ ਦੂਰ ਕੀਤਾ ਜਾਵੇ, ਉਸਨੂੰ ਪੁਨਹ ਚਰਨ ਆਖਦੇ ਹਨ ਭਾਵ ਗੁਰੂ ਦਾ ਉਪਦੇਸ਼ ਲੈਕੇ ਨਾਮ ਜਪਕੇ ਪਾਪਾਂ ਦਾ ਨਾਸ ਕੀਤਾ ਜਾਂਦਾ ਹੈ, ਇਕੱਰ ਕਈ ਪਾਪੀ ਤਰ ਜਾਂਦੇ ਹਨ। ਨਾਮ ਤੋਂ ਬਿਨਾ ਹੋਰਨਾਂ ਕਰਮਾਂ ਨੂੰ ਕਮਾ ਕਮਾ ਕੇ ਕਈ ਪੱਛਾਤਾਪ ਕਰਦੇ ਹਨ ਭਾਵ ਕਰਮਾਂ ਦਾ ਫਲ ਕੁਛ ਨਹੀਂ ਹੈ, ਨਾਮ ਦਾ ਪ੍ਰਤਾਪ ਵਡਾ ਹੈ। ਪ੍ਰਮੇਸ਼ਰ ਦੀ ਭਗਤੀ ਤੋਂ ਬਿਨਾਂ ਕੋਈ ਜਾਂ ਕਿਥੇ ਇਸਥਤੀ ਪਾਂਦੇ ਹਨ ਭਾਵ ਭੌਂਦੇ ਫਿਰਦੇ ਹਨ। ਵਡੇ ਸਵਾਦੀ ਅੰਮ੍ਰਿਤ ਰਸ ਨੂੰ ਉਸ ਆਦਮੀ ਨੇ ਘੋਲਕੇ ਪੀਤਾ ਹੈ ਭਾਵ ਵਿਚਾਰਿਆ ਜਾਂ ਆਨੰਦ ਲਿਆ ਹੈ। ਗੁਰੂ ਜੀ-ਜਿਸ ਚੰਗੇ ਆਦਮੀ ਨੂੰ ਪ੍ਰਮੇਸ਼ਰ ਸਰੂਪ ਗੁਰੂ ਨੇ ਆਪ ਦਿਤਾ ਹੈ।

**ਸਲੋਕੁ ॥ ਫਨਿ ਘਾਲੇ ਸਭ ਦਿਵਸ ਸਾਸ ਨਹ ਬਢਨ ਘਟਨ ਤਿਲੁ ਸਾਰ ॥ ਜੀਵਨ ਲੋਰਹਿ ਭਰਮ ਮੋਹ ਨਾਨਕ ਤੇਊ ਗਵਾਰ ॥ ੧ ॥**

ਪ੍ਰਮੇਸ਼ਰ ਨੇ ਸਾਰੇ ਸਾਸ ਗਿਣਕੇ ਇਸ ਦੇਹ ਵਿਚ ਪਾਏ ਹਨ, ਜਿਤਨੇ ਸਾਰੇ ਦਿਨਾਂ ਮਹੀਨਿਆਂ ਵਰ੍ਹਿਆਂ ਦੇ ਸਾਸ ਹਨ, ਇਹਨਾਂ ਵਿਚੋਂ ਇਕ ਤਿਲ ਜਿਤਨਾ ਵੀ ਵਧਨਾ ਘਟਨਾ ਨਹੀਂ ਹੁੰਦਾ ਹੈ, ਇਸ ਗਲ ਨੂੰ ਚੰਗੀਤਰਾਂ ਸਾਰ = ਸੰਭਾਲ ਭਾਵ ਚੇਤੇ ਕਰ ਲਓ ਜਾਂ ਤਿਲ ਸਾਰਖਾ ਵੀ ਨਹੀਂ ਵਧੇ ਘਟੇਗਾ। ਗੁਰੂ ਜੀ-ਜੇਹੜੇ ਆਦਮੀ ਭਰਮ ਮੋਹ ਕਰਕੇ ਇਸ ਦੇਹ ਵਿਚ ਬਹੁਤਾ ਚਿਰ ਜੀਊਣਾ ਲੋੜਦੇ ਹਨ, ਓਹ ਆਦਮੀ ਬਹੁਤ ਮੂਰਖ ਹਨ।

**ਪਉੜੀ ॥ ਫੈਫਾ ਫਾਸੈ ਕਾਲੁ ਤਿਹ ਜੋ ਸਾਕਤ ਪ੍ਰਭਿ ਕੀਨ ॥ ਅਨਿਕ ਜੋਨਿ ਜਨਮਹਿ ਮਰਹਿ ਆਤਮੁ ਰਾਮੁ ਨ ਚੀਨ ॥ ਗਿਆਨ ਧਿਆਨ ਤਾਹੂ ਕਉ ਆਏ ॥ ਕਰਿ ਕ੍ਰਿਪਾ ਜਿਹ ਆਪਿ ਦਿਵਾਏ ॥ ਫਣਤੀ ਫਣੀ ਨਹੀ ਕੋਊ ਛੂਟੈ ॥ ਕਾਚੀ ਗਾਗਰ ਸਰ ਪਰ ਫੂਟੈ ॥ ਸੋ ਜੀਵਤ ਜਿਹ ਜੀਵਤ ਜਪਿਆ ॥ ਪ੍ਰਗਟ ਭਏ ਨਾਨਕ ਨਹ ਛਪਿਆ ॥ ੨੧ ॥ ੩ ॥**

ਹੇ ਭਰਾ! ਓਨਾਂ ਆਦਮੀਆਂ ਨੂੰ ਕਾਲ ਭਗਵਾਨ ਮੂੰਹ ਵਿੱਚ ਗ੍ਰਸ ਕਰ ਲਏਗਾ ਭਾਵ ਖਾ ਲਏਗਾ, ਜੇਹੜੇ ਮਾਲਕ ਨੇ ਸਾਕਤ ਆਦਮੀ ਕੀਤੇ

Digitized by Panjab Digital Library | www.panjabdigilib.org

ਹਨ। ਓਹ ਆਦਮੀ ਅਨੇਕਾਂ ਜੂਨੀਆਂ ਵਿਚ ਜੰਮਦੇ ਮਰਦੇ ਰਹਿੰਦੇ ਹਨ ਜਿਨ੍ਹਾਂ ਆਦਮੀਆਂ ਨੇ ਆਪਣੇ ਮਨ ਅੰਦਰ ਪ੍ਰਮੇਸ਼ਰ ਨੂੰ ਨਹੀਂ ਜਾਣਿਆ ਹੈ।

ਗਿਆਨ ਧਿਆਨ ਓਸੇ ਨੂੰ ਹੀ ਆ ਪ੍ਰਾਪਤ ਹੋਏ ਹਨ ਭਾਵ ਆ ਮਿਲੇ ਹਨ। ਜਿਸਨੂੰ ਪ੍ਰਮੇਸ਼ਰ ਕਿਰਪਾ ਕਰਕੇ ਗੁਰੂ ਪਾਸੋਂ ਆਪ ਦਿਵਾਉਂਦਾ ਹੈ। ਗਿਆਨ ਤੋਂ ਬਿਨਾਂ ਬਹੁਤੀਆਂ ਗਿਣਤੀਆਂ ਗਿਣਨ ਨਾਲ ਭਾਵ ਬਹੁਤ ਸਿਆਣਪ ਕਰਨ ਨਾਲ ਮੌਤ ਤੋਂ ਕੋਈ ਨਹੀਂ ਛੁਟਦਾ ਹੈ।

ਇਹ ਕੱਚੀ ਗਾਗਰ ਜ਼ਰੂਰਹੀ ਟੁੱਟ ਜਾਵੇਗੀ ਭਾਵਇਹ ਦੇਹ ਜ਼ਰੂਰ ਨਾਸ ਹੋ ਜਾਵੇਗੀ। ਓਹ ਆਦਮੀ ਹਮੇਸ਼ਾਂ ਜੀਉਂਦੇ ਰਹਿੰਦੇ ਹਨ, ਜਿਨ੍ਹਾਂ ਨੇ ਜੀਉਂਦਿਆਂ ਜੀਉਂਦਿਆਂ ਪ੍ਰਮੇਸ਼ਰ ਨੂੰ ਜਪਿਆ ਹੈ, ਜਾਂ ਜਿਨ੍ਹਾਂ ਨੇ ਜੀਉਂਦੇ ਜਾਗਦੇ ਪ੍ਰਮੇਸ਼ਰ ਨੂੰ ਜਪਿਆ ਹੈ, ਪ੍ਰਮੇਸ਼ਰ ਸਦਾ ਜੀਉਂਦਾ ਰਹਿੰਦਾ ਹੈ। ਓਹ ਭਗਤ ਸਾਰੇ ਸੰਸਾਰ ਵਿਚ ਜਾਂ ਬੇਦਾਂ ਕਤੇਬਾਂ ਵਿਚ ਪ੍ਰਗਟ ਹੋ ਜਾਂਦੇ ਹਨ, ਓਹਨਾਂ ਦਾ ਜਸ ਸਾਰਿਆਂ ਵਿਚ ਪਰਸਿਧ ਹੈ ( ਗੁਰੂ ਜੀ ) ਲੁਕਿਆ ਹੋਇਆ ਨਹੀਂ ਹੈ।

**ਸਲੋਕੁ ॥ ਚਿਤਿ ਚਿਤਵਉ ਚਰਣਾਰ ਬਿੰਦ ਊਧ ਕਵਲ ਬਿਗਸਾਂਤ ॥ ਪ੍ਰਗਟ ਭਏ ਆਪਹਿ ਗੋੁਬਿੰਦ ਨਾਨਕ ਸੰਤ ਮਤਾਂਤ ॥ ੧ ॥**

ਇਸ ਲਈ ਹੇ ਭਰਾ ! ਪ੍ਰਮੇਸ਼ਰ ਸਰੂਪ ਗੁਰੂ ਦੇ ਚਰਨਾਂ ਕਮਲਾਂ ਨੂੰ ਚਿਤ ਵਿਚ ਯਾਦ ਕਰੋ, ਫਿਰ ਤੁਹਾਡਾ ਦਿਲ ਕੌਲ ਮੂਧਾ ਹੋਇਆ ਹੋਇਆ ਸਿੱਧਾ ਹੋ ਪਵੇਗਾ ਤੇ ਖਿੜ ਪਵੇਗਾ ਭਾਵ ਪ੍ਰਮੇਸ਼ਰ ਦੇ ਲਗਣ ਨਾਲ ਪ੍ਰਸੰਨ ਹੋਵੇਗਾ। ਗੁਰੂ ਜੀ ਏਹੋ ਹੀ ਸੰਤਾਂ ਦਾ ਮਤ ਹੈ ਜਾਂ ਮੰਤ੍ਰ ਹੈ। ਜਿਨ੍ਹਾਂ ਆਦਮੀਆਂ ਨੇ ਪ੍ਰਮੇਸ਼ਰ ਦੇ ਚਰਨ ਕਮਲਾਂ ਨੂੰ ਚੇਤੇ ਕੀਤਾ ਹੈ, ਓਨ੍ਹਾਂ ਦੇ ਦਿਲ ਅੰਦਰ ਪ੍ਰਮੇਸ਼ਰ ਪਰਗਟ ਹੋ ਆਇਆ ਹੈ।

**ਪਉੜੀ ॥ ਚਚਾ ਚਰਨ ਕਮਲ ਗੁਰ ਲਾਗਾ ॥ ਧਨਿ ਧਨਿ ਉਆ ਦਿਨ ਸੰਜੋਗ ਸਭਾਗਾ ॥ ਚਾਰ ਕੁੰਟ ਦਹਦਿਸਿ ਭ੍ਰਮਿ ਆਇਓ ॥ ਭਈ ਕ੍ਰਿਪਾ ਤਬ ਦਰਸਨੁ ਪਾਇਓ ॥ ਚਾਰ ਬਿਚਾਰ ਬਿਨਸਿਓ ਸਭ ਦੂਆ ॥ ਸਾਧ ਸੰਗਿ ਮਨੁ ਨਿਰਮਲ ਹੂਆ ॥ ਚਿੰਤ ਬਿਸਾਰੀ ਏਕ ਦ੍ਰਿਸਟੇਤਾ ॥ ਨਾਨਕ ਗਿਆਨ ਅੰਜਨੁ ਜਿਹ ਨੇਤ੍ਰਾ ॥ ੨੨ ॥**

Digitized by Panjab Digital Library | www.panjabdigilib.org

ਚੱਚਾ ਅਖਰ ॥ ਜਿਸ ਦਿਨ ਇਹ ਆਦਮੀ ਗੁਰੂ ਦੇ ਚਰਨ ਕਮਲਾਂ ਨਾਲ ਪ੍ਰੀਤੀ ਕਰਨ ਲੱਗਦਾ ਹੈ। ਓਹ ਦਿਨ ਮਿਲਾਪ ਵਾਲਾ ਚੰਗੇ ਭਾਗਾਂ ਵਾਲਾ ਹੈ ਭਾਵ ਜਿਸ ਦਿਨ ਮਾਲਕ ਨਾਲ ਮੇਲ ਹੋਇਆ ਹੈ। ਚਹੁੰਆਂ ਪਾਸਿਆਂ ਤੇ ਦਸਾਂ ਦਿਸ਼ਾਂ ਵਲ ਭੌਂਦਾ ਭੌਂਦਾ ਆਦਮੀ ਪੁੰਨਾਂ ਦੇ ਜ਼ੋਰ ਨਾਲ ਗੁਰੂ ਪਾਸ ਆਇਆ ਹੈ। ਜਦੋਂ ਪਰਮੇਸ਼ਰ ਦੀ ਕਿਰਪਾ ਹੋਈ ਜਾਂ ਗੁਰੂ ਦਾ ਦਰਸ਼ਨ ਪਾਇਆ। ਜਿਸ ਵੇਲੇ ਗੁਰੂ ਦੇ ਸੁੰਦਰ ਬਚਨਾਂ ਨੂੰ ਸਿੱਖ ਨੇ ਵਿਚਾਰਿਆ ਤਾਂ ਸਾਰਾ ਦੂਸਰਾ ਖਿਆਲ ਨਾਸ ਹੋ ਗਿਆ। ਸਾਧ ਸੰਗਤ ਕਰਕੇ ਮਨ ਸਾਫ ਹੋਇਆ। ਉਸਨੇ ਸਾਰੀ ਚਿੰਤਾ ਦੂਰ ਕਰ ਦਿਤੀ ਹੈ, ਇਕ ਪ੍ਰਮੇਸ਼ਰ ਦੇ ਵੇਖਣ ਵਾਲਾ ਹੈ। ਗੁਰੂ ਜੀ–ਗਿਆਨ ਰੂਪ ਸੁਰਮਾ ਜਿਸਦਿਆਂ ਨੇਤ੍ਰਾਂ ਵਿਚ ਹੈ ਭਾਵ ਜਿਸਦੇ ਨੇਤ੍ਰ ਬਰਾਬਰ ਵੇਖਣ ਵਾਲੇ ਹਨ।

**ਸਲੋਕੁ ॥ ਛਾਤੀ ਸੀਤਲ ਮਨੁ ਸੁਖੀ ਛੰਤ ਗੋਬਿਦ ਗੁਨ ਗਾਇ ॥ ਐਸੀ ਕਿਰਪਾ ਕਰਹੁ ਪ੍ਰਭ ਨਾਨਕ ਦਾਸ ਦਸਾਇ ॥ ੧ ॥**

ਜਿਸਨੂੰ ਗਿਆਨ ਹੋਗਿਆ ਹੈ, ਉਸਦੀ ਛਾਤੀ ਵੀ ਠੰਢੀ ਹੈ, ਮਨ ਵੀ ਸੁਖੀ ਹੈ, ਜੋਹੜਾ ਛੰਦਾਂਨੂੰ ਬਣਾਕੇ ਪ੍ਰਮੇਸ਼ਰ ਦੇ ਗੁਣਾਂ ਨੂੰ ਗਾਉਂਦਾ ਹੈ ਜਾਂ ਛੰਦਾਂ ਵਿਚ ਬਣਾ ਬਣਾਕੇ ਗਾਉਂਦਾ ਹੈ(ਤੂੰ ਵੀ ਪ੍ਰਮੇਸਰ ਦੇ ਅੱਗੇ ਇਕਰ ਬੇਨਤੀ ਕਰ।)

ਗੁਰੂ ਜੀ–ਹੇ ਮਾਲਕ ਮੇਰੇ ਉਤੇ ਇਕੁਰ ਹੀ ਕਿਰਪਾ ਕਰੋ ਕਿ ਮੈਨੂੰ ਆਪਣੇ ਦਾਸਾਂ ਦਾ ਦਾਸ ਕਰ ਲਓ।

**ਪਉੜੀ ॥ ਛਛਾ ਛੋਹਰੇ ਦਾਸ ਤੁਮਾਰੇ ॥ ਦਾਸ ਦਾਸਨ ਕੇ ਪਾਨੀਹਾਰੇ ॥ ਛਛਾ ਛਾਰੁ ਹੋਤ ਤੇਰੇ ਸੰਤਾ ॥ ਅਪਨੀ ਕ੍ਰਿਪਾ ਕਰਹੁ ਭਗਵੰਤਾ ॥ ਛਾਡਿ ਸਿਆਨਪ ਬਹੁ ਚਤੁਰਾਈ ॥ ਸੰਤਨ ਕੀ ਮਨ ਟੇਕ ਟਿਕਾਈ ॥ ਛਾਰੁ ਕੀ ਪੁਤਰੀ ਪਰਮ ਗਤਿ ਪਾਈ ॥ ਨਾਨਕ ਜਾਕਉ ਸੰਤ ਸਹਾਈ ॥ ੨੩ ॥**

(ਛੱਛਾ) ਅਸੀਂ ਤੁਹਾਡੇ ਨਿਕੇ ਦਾਸ ਹਾਂ। ਤੁਹਾਡੇ ਦਾਸਾਂ ਦੇ ਦਾਸਾਂ ਦਾ ਪਾਣੀ ਭਰਨ ਵਾਲੇ ਹਾਂ। ਹੇ ਮਾਲਕ! ਅਸੀਂ ਤੇਰੇ ਸੰਤਾਂ ਦੇ ਚਰਨਾਂ ਦੀ ਧੂੜ ਹੁੰਦੇ ਹਾਂ। ਹੇ ਮਾਲਕ! ਤੂੰ ਸਾਡੇ ਉਤੇ ਆਪਣੀ ਕਿਰਪਾ ਕਰ। ਅਸਾਂ ਆਪਣੀ ਸਿਆਣਪ ਚਤੁਰਾਈ ਛਡਕੇ ਇਸ ਮਨ ਵਿਚ ਸੰਤਾਂ ਦੀ ਟੇਕ

Digitized by Panjab Digital Library | www.panjabdigilib.org

ਟਿਕਾਈ ਹੈ ਭਾਵ ਓਟ ਲਈ ਹੈ। ਇਹ ਜੇਹੜੀ ਦੇਹ ਸੁਆਹ ਦੀ ਪੁਤਲੀ ਹੈ, ਓਨ੍ਹਾਂ ਭਗਤਾਂ ਨੇ ਇਸਦੇ ਵਿਚ ਹੀ ਪਰਮ ਗਤੀ ਪਾ ਲਈ ਹੈ ਭਾਵ ਪ੍ਰਮੇਸ਼ਰ ਨੂੰ ਪੁਜ ਗਏ ਹਨ ਭਾਵ ਜੇਹੜੀ ਇਹ ਦੇਹ ਪਲ ਵਿਚ ਨਾਸ ਹੋ ਜਾਣ ਵਾਲੀ ਹੈ,ਇਸ ਵਿਚ ਓਨ੍ਹਾਂ ਵੱਡੀ ਗਤੀ ਪਾ ਲਈ ਹੈ। ਗੁਰੂਜੀ– ਜਿਸਨੂੰ ਸੰਤ ਸਹਾਈ ਹੋਏ ਹਨ।

**ਸਲੋਕੁ ॥ ਜੋਰ ਜੁਲਮ ਫੂਲਹਿ ਘਨੋ ਕਾਚੀ ਦੇਹ ਬਿਕਾਰ॥ ਅਹੰਬੁਧਿ ਬੰਧਨ ਪਰੇ ਨਾਨਕ ਨਾਮ ਛੁਟਾਰ॥ ੧ ॥**

"ਸਤਸੰਗ ਤੋਂ ਬੇਮੁਖਾਂ ਦਾ ਹਾਲ" ਜ਼ੋਰ ਨਾਲ ਜ਼ੁਲਮ ਕਰਦਾ ਹੈ, ਅਤੇ ਬਹੁਤ ਫੁਲਦਾ ਹੈ, ਜੇਹੜਾ ਹੰਕਾਰ ਕਰਕੇ ਕਾਮ ਆਦਕ ਵਿਕਾਰਾਂ ਨੂੰ ਵਧਾਂਦਾ ਹੈ,ਓਸ ਨੂੰ ਕੁਛ ਨਹੀਂ ਮਿਲੇਗਾ,ਇਹ ਦੇਹ ਤਾਂ ਕੱਚੀ ਹੈ ਭਾਵ ਨਾਸ ਹੋਜਾਣ ਵਾਲੀ ਹੈ, ਇਸ ਵਿਚ ਕੀ ਵਿਕਾਰਾਂ ਨੂੰ ਵਧਾਂਦਾ ਹੈ ਜੀ ਜਿਸ ਦੇਹ ਵਿਚ ਨਾਸ ਹੋਣ ਦਾ ਹੀ ਹਰ ਵੇਲੇ ਹਰ ਹਾਲਤ ਵਿਚ ਡਰ ਹੈ ਉਸਨੂੰ ਵਿਕਾਰਾਂ ਨਾਲ ਕੀ ਵਧਾਣਾ ਹੈ ? ਗੁਰੂ ਜੀ–ਹੰਕਾਰ ਵਾਲੀ ਅਕਲ ਕਰਕੇ ਬੰਧਨਾਂ ਵਿਚ ਪਏ ਹੋਏ ਹਨ,ਇਸ ਫਾਹੀ ਤੋਂ ਪ੍ਰਮੇਸ਼ਰ ਦਾ ਨਾਮ ਹੀ ਓਨ੍ਹਾਂ ਨੂੰ ਛੁਡਾਉਣ ਵਾਲਾ ਹੈ।

**ਪਉੜੀ ॥ ਜਜਾ ਜਾਨੈ ਹਉ ਕਛੁ ਹੂਆ ॥ ਬਾਧਿਓ ਜਿਉ ਨਲਿਨੀ ਭ੍ਰਮਿ ਸੂਆ ॥ ਜਉ ਜਾਨੈ ਹਉ ਭਗਤੁ ਗਿਆਨੀ॥ ਆਗੈ ਠਾਕੁਰਿ ਤਿਲੁ ਨਹੀ ਮਾਨੀ ॥ ਜਉ ਜਾਨੈ ਮੈ ਕਥਨੀ ਕਰਤਾ ॥ ਬਿਆਪਾਰੀ ਬਸੁਧਾ ਜਿਉ ਫਿਰਤਾ ॥ ਸਾਧ ਸੰਗਿ ਜਿਹ ਹਉਮੈ ਮਾਰੀ ॥ ਨਾਨਕ ਤਾਕਉ ਮਿਲੇ ਮੁਰਾਰੀ ॥ ੨੪ ॥**

"ਜੱਜਾ" ਜਦੋਂ ਇਹ ਆਦਮੀ ਹੰਕਾਰ ਕਰਕੇ ਬੇਮੁਖ ਹੋਇਆ ੨ ਇਹ ਜਾਣਦਾ ਹੈ ਕਿ ਮੈਂ ਕੁਛ ਹੋ ਗਿਆ ਹਾਂ ਭਾਵ ਵੱਡਾ ਬਣ ਗਿਆ ਹਾਂ। ਓਹ ਇਕੁਰ ਆਪਣੇ ਆਪ ਹੀ ਬੰਨ੍ਹਿਆਂ ਗਿਆ ਹੈ, ਜਿਕੁਰ ਭਰਮ ਕਰਕੇ ਕੁੜੱਕੀ ਨਾਲ ਤੋਤਾ ਬੱਝ ਜਾਂਦਾ ਹੈ। ਜਦੋਂ ਇਹ ਜਾਣਦਾ ਹੈ ਕਿ ਮੈਂ ਕੁਛ ਭਗਤ ਗਿਆਨੀ ਬਣ ਗਿਆ ਹਾਂ। ਅੱਗੇ ਪ੍ਰਲੋਕ ਵਿਚ ਫਲ ਦੇਣ ਵੇਲੇ ਪ੍ਰਮੇਸਰ ਨੇ ਉਸਦੀ ਭਗਤੀ ਤਿਲ ਜਿੰਨੀ ਵੀ ਨਹੀਂ ਮੰਨੀ ਹੈ।

ਜੇ ਕੁਛ ਆਪਣੇ ਆਪ ਜਾਣੇ ਕਿ ਮੈਂ ਚੰਗੀ ਕਰਨੀ ਭਾਵ ਕਵੀਸ਼ਰਾਂ ਕਰਨੀ ਜਾਣਦਾ ਹਾਂ। ਓਹ ਆਦਮੀ ਇਕੁਰ ਹੈ ਜਿਕੁਰ ਬਪਾਰੀ

Digitized by Panjab Digital Library | www.panjabdigilib.org

ਧਰਤੀ ਉਤੇ ਲੋਭ ਵਾਸਤੇ ਭੱਜਾ ਫਿਰਦਾ ਹੈ। ਜਿਨ੍ਹਾਂ ਨੇ ਸਾਧ ਸੰਗ ਕਰਕੇ ਹੰਗਤਾ ਮਾਰੀ ਹੈ। ਗੁਰੂ ਜੀ-ਉਸਨੂੰ ਪ੍ਰਮੇਸਰ ਆ ਮਿਲਦਾ ਹੈ।

**ਸਲੋਕੁ ॥ ਝਾਲਾਗੈ ਉਠਿ ਨਾਮੁ ਜਪਿ ਨਿਸਿ ਬਾਸੁਰ ਆਰਾਧਿ ॥ ਕਾਰ੍ਹਾ ਤੁਝੈ ਨ ਬਿਆਪਈ ਨਾਨਕ ਮਿਟੈ ਉਪਾਧਿ ॥ ੧ ॥**

ਹੇ ਸਿਖ ! ਸਵੇਰੇ ਉਠਕੇ ਪ੍ਰਮੇਸਰ ਦਾ ਨਾਮ ਜਪ,ਇਕੁਰ ਦਾ ਜਪ ਕਿ ਰਾਤ ਦਿਨੇ ਪ੍ਰਮੇਸ਼ਰ ਦਾ ਨਾਮ ਹੀ ਯਾਦ ਕਰਦਾ ਰਹੋ। ਗੁਰੂ ਜੀ-ਤੈਨੂੰ ਝੋਰਾ ਨਹੀਂ ਛੋਹਵੇਗਾ ਅਤੇ ਉਪਾਧੀ ਵੀ ਦੂਰ ਹੋਜਾਵੇਗੀ ਭਾਵ ਅਚਾਨਕ ਚੱਕ ਜੋ ਡਰ ਹੋਣਾ ਹੈ,ਇਸ ਨੂੰ ਉਪਾਧੀ ਆਖਦੇ ਹਨ ਅਤੇ ਆਧੀ ਮਨ ਦਾ ਰੋਗ ਹੁੰਦਾ ਹੈ, ਬਿਆਧੀ ਸਰੀਰ ਦੇ ਰੋਗ ਨੂੰ ਆਖਦੇ ਹਨ।

**ਪਉੜੀ ॥ ਝਝਾ ਝੂਰਨੁ ਮਿਟੈ ਤੁਮਾਰੋ ॥ ਰਾਮ ਨਾਮ ਸਿਉ ਕਰਿ ਬਿਉਹਾਰੋ ॥ ਝੂਰਤ ਝੂਰਤ ਸਾਕਤ ਮੂਆ ॥ ਜਾਕੈ ਰਿਦੈ ਹੋਤ ਭਾਉ ਬੀਆ ॥ ਝਰਹਿ ਕਸੰਮਲ ਪਾਪ ਤੇਰੇ ਮਨੂਆ ॥ ਅੰਮ੍ਰਿਤ ਕਥਾ ਸੰਤਸੰਗਿ ਸੁਨੂਆ ॥ ਝਰਹਿ ਕਾਮ ਕ੍ਰੋਧ ਦ੍ਰੁਸਟਾਈ ॥ ਨਾਨਕ ਜਾਕਉ ਕ੍ਰਿਪਾ ਗੁਸਾਈ ॥ ੨੫॥**

– "ਝੱਝਾ" ਤੇਰਾ ਝੋਰਾ ਦੂਰ ਹੋ ਜਾਵੇਗਾ। ਤੂੰ ਪ੍ਰਮੇਸ਼ਰਦੇ ਨਾਮ ਨਾਲ ਵਿਹਾਰ ਕਰ। ਜੇਹੜਾ ਮਾਇਆ ਦਾ ਉਪਾਸ਼ਕ ਹੈ ਉਹ ਝੁਰਦਾ ਝੁਰਦਾ ਮਰ ਗਿਆ। ਜਿਸਦੇ ਅੰਦਰ ਦੂਸਰਾ ਖਿਆਲ ਪ੍ਰਗਟ ਹੁੰਦਾ ਸੀ ਭਾਵ ਜਿਸਦਾ ਮਨ ਹਰ ਵੇਲੇ ਮਾਇਆ ਵਲ ਸੀ। ਤੇਰੇ ਮਨ ਤੋਂ ਸਾਰੇ ਕਸਮਲ = ਪਾਪ (ਵਡੇ ਛੋਟੇ ਪਾਪਾਂ ਦਾ ਨਾਮ ਹੈ) ਝੜ ਜਾਣਗੇ ਜਾਂ ਹੇ ਪਾਪ ਕਰਨ ਵਾਲੇ ਮਨ ! ਤੇਰੇ ਸਾਰੇ ਪਾਪ ਦੂਰ ਹੋਜਾਣਗੇ। ਅੰਮ੍ਰਿਤ ਵਰਗੀ ਮਿੱਠੀ ਕਥਾ ਜਾਂ ਜਨਮ ਮਰਨ ਤੋਂ ਰਹਿਤ ਕਰਨ ਵਾਲੀ ਕਥਾ ਸੰਤਾਂ ਦੇ ਸੰਗ ਕਰਕੇ ਸੁਣ। ਉਨ੍ਹਾਂ ਦੇ ਕਾਮ ਕ੍ਰੋਧ ਆਦਿਕ ਸਾਰੇ ਦੁਸ਼ਟ ਝੜ ਜਾਣਗੇ। ਗੁਰੂ ਜੀ-ਜਿਨ੍ਹਾਂ ਦੇ ਉਤੇ ਪ੍ਰਮੇਸ਼ਰ ਦੀ ਕਿਰਪਾ ਹੈ।

**ਸਲੋਕੁ ॥ ਞਤਨ ਕਰਹੁ ਤੁਮ ਅਨਿਕ ਬਿਧਿ ਰਹਨੁ ਨ ਪਾਵਹੁ ਮੀਤ ॥ ਜੀਵਤ ਰਹਹੁ ਹਰਿ ਹਰਿ ਭਜਹੁ ਨਾਨਕ ਨਾਮ ਪਰੀਤਿ ॥ ੧ ॥**

ਹੇ ਭਰਾ ਪ੍ਰਮੇਸ਼ਰ ਤੋਂ ਬੇਮੁਖ ਹੋਕੇ ਇਸ ਸੰਸਾਰ ਵਿਚ ਰਹਿਣ ਵਾਸਤੇ

Digitized by Panjab Digital Library | www.panjabdigilib.org

ਭਾਵੇਂ ਤੁਸੀ ਅਨੇਕਾਂ ਵਿਧੀਆਂ ਕਰਕੇ ਜਤਨ ਕਰੋ ਭਾਵ ਬਹੁਤਾ ਚਿਰ ਜੀਵਣ ਵਾਸਤੇ ਅਨੇਕਾਂ ਉਪਾ ਕਰੋ,ਦਵਾਈਆਂ ਆਦਕ ਨੂੰ ਵਰਤੋ, ਪਰ ਫਿਰ ਵੀ ਹੇ ਮਿਤ੍ਰ! ਤੁਸੀ ਰਹਿਣਾ ਨਹੀਂ ਪਾਵੋਗੇ। ਇਕ ਜਤਨ ਦੁਨੀਆਂ ਵਿਚ ਰਹਿਣ ਦਾ ਵੀ ਹੈ। ਜੀਵਤ ਭਾਵ ਤੋਂ ਰਹਿਤ ਹੋਵੋ ਭਾਵ ਜੀਉਂਦੇ ਹੀ ਮੁਰਦੇ ਸਮਾਨ ਰਹੋ,ਹੰਕਾਰ ਨ ਕਰੋ,ਜਾਂ ਜਿੰਨਾਂ ਚਿਰ ਵੀ ਤੁਸੀ ਦੁਨੀਆਂ ਵਿਚ ਜੀਉਂਦੇ ਰਹੋ,ਪ੍ਰਮੇਸ਼ਰ ਦਾ ਨਾਮ ਚੇਤੇ ਕਰਦੇ ਰਹੋ। ਗੁਰੂ ਜੀ-ਨਾਮ ਦੇ ਨਾਲ ਹੀ ਪ੍ਰੀਤੀ ਰੱਖੋ,ਇਹ ਜੀਉਣ ਦਾ ਜਤਨ ਕਰੋ।

**ਪਵੜੀ ॥ ਢਢਾ ਢਾਨਹੁ ਦ੍ਰਿੜੁ ਸਹੀ ਬਿਨਸ ਜਾਤ ਏਹ ਹੇਤ ॥ ਗਣਤੀ ਗਣਉ ਨ ਗਿਣ ਸਕਉ ਊਠਿ ਸਿਧਾਰੇ ਕੇਤ ॥ ਢੇ ਪੇਖਉ ਸੋ ਬਿਨਸਤਉ ਕਾਸਿਉ ਕਰੀਐ ਸੰਗੁ ॥ ਢਾਨਹੁ ਇਆ ਬਿਧਿ ਸਹੀ ਚਿਤ ਝੂਠਉ ਮਾਇਆ ਰੰਗੁ ॥ ਢਾਨਤ ਸੋਈ ਸੰਤੁ ਸੁਇ ਭ੍ਰਮਤੇ ਕੀ ਚਿਤ ਭਿੰਨ ॥ ਅੰਧ ਕੂਪ ਤੇ ਤਿਹ ਕਢਹੁ ਜਿਹ ਹੋਵਹੁ ਸੁਪ੍ਰਸੰਨ ॥ ਢਾਕੇ ਹਾਥਿ ਸਮਰਥ ਤੇ ਕਾਰਨ ਕਰਨੈ ਜੋਗ ॥ ਨਾਨਕ ਤਿਹ ਉਸਤਤਿ ਕਰਉ ਢਾਹੂ ਕੀਓ ਸੰਜੋਗ ॥ ੨੬ ॥**

"ਢੱਢਾ" ਇਸ ਗੱਲ ਨੂੰ ਤੁਸੀ ਪੱਕ ਠੀਕ ਸਮਝੋ ਕਿ ਇਹ ਦੇਹ ਇਸਤ੍ਰੀ ਆਦਕ ਦਾ ਪ੍ਰੇਮ ਪਿਆਰ ਸਾਰਾ ਹੀ ਨਾਸ ਹੋ ਜਾਣ ਵਾਲਾ ਹੈ ਭਾ ਜਿਨ੍ਹਾਂ ਪਦਾਰਥਾਂ ਨਾਲ ਪਿਆਰ ਹੈ, ਇਹ ਥਿਰ ਰਹਿਣ ਵਾਲੇ ਨਹੀਂ ਹਨ, ਇਹ ਸਾਰਾ ਪ੍ਰੇਮ ਝੂਠਾ ਹੈ, ਇਸ ਦੁਨੀਆਂ ਉਤੇ ਦੇਹ ਕਰਕੇ ਕੋਈ ਟਿਕਿਆ ਰਹਿਣ ਵਾਲਾ ਨਹੀਂ ਹੈ। ਜੇ ਗਿਣਤੀ ਗਿਣਾਂ ਤਾਂ ਗਿਣ ਨਹੀਂ ਸਕਦਾ ਹਾਂ, ਕਿਤਨੇਕੁ ਉਠਕੇ ਚਲੇ ਗਏ ਹਨ ਭਾਵ ਬਹੁਤ ਲੋਕ ਮਰ ਗਏ ਹਨ। ਜੋ ਪਦਾਰਥ ਨਜ਼ਰ ਆਉਂਦਾ ਹੈ,ਸਭ ਨਾਸ ਹੋ ਜਾਣ ਵਾਲਾ ਹੈ,ਇਸ ਲਈ ਕਿਸਦੇ ਨਾਲ ਸਾਥ ਕਰੀਏ ਭਾਵ ਪਿਆਰ? ਤੁਸੀ ਇਸ ਰੀਤੀ ਨੂੰ ਨਿਸਚੇ ਕਰਕੇ ਠੀਕ ਚਿਤ ਵਿਚ ਸਮਝੋ ਕਿ ਇਹ ਮਾਇਆ ਦਾ ਪ੍ਰੇਮ ਝੂਠਾ ਹੈ। ਜੇਹੜਾ ਇਸ ਗਲ ਨੂੰ ਜਾਣਦਾ ਹੈ, ਓਹੋ ਹੀ ਸੰਤ ਹੈ, ਓਹੋ ਹੀ ਸੰਤ ਇਸ ਸੰਸਾਰ ਦੇ ਭਰਮ ਤੋਂ ਵਖਰਾ ਪ੍ਰਮੇਸਰ ਨੇ ਕੀਤਾ ਹੈ।

ਹੇ ਮਾਲਕਾ! ਜਿਸਦੇ ਉਤੇ ਤੂੰ ਪ੍ਰਸੰਨ ਹੁੰਦਾ ਹੈਂ, ਉਸਨੂੰ ਸੰਸਾਰ ਰੂਪ ਅੰਨ੍ਹੇ ਖੂਹ ਤੋਂ ਕੱਢ ਲੈਂਦਾ ਹੈਂ। ਹੇ ਭਰਾ, ਜਿਸ ਪ੍ਰਮੇਸ਼ਰ ਦੇ ਹਥ ਵੱਸ ਸਭ ਕੁਛ ਹੈ ਜੇਹੜਾ ਹਰਤਰ੍ਹਾਂ ਨਾਲ ਸਮਰਥ ਹੈ,ਜੇਹੜਾ ਸਾਰਿਆਂ ਕਾਰਨਾਂ

Digitized by Panjab Digital Library | www.panjabdigilib.org

ਨੂੰ ਕਰ ਸਕਦਾ ਹੈ। ਗੁਰੂ ਜੀ-ਹੇ ਭਰਾ ਉਸੇ ਪ੍ਰਮੇਸਰ ਦੀ ਉਸਤਤੀ ਕਰੋ, ਜਿਸਨੇ ਆਪਣੀ ਮਾਇਆ ਕਰਕੇ ਇਸ ਸੰਸਾਰ ਵਿਚ ਸਾਡਾ ਆਪਣੇ ਨਾਲ ਮੇਲ ਮਿਲਾਪ ਕੀਤਾ ਹੈ ।

**ਸਲੋਕੁ॥ ਟੂਟੇ ਬੰਧਨ ਜਨਮ ਮਰਨ ਸਾਧ ਸੇਵ ਸੁਖੁ ਪਾਇ ॥ ਨਾਨਕ ਮਨਹੁ ਨ ਬੀਸਰੈ ਗੁਣ ਨਿਧਿ ਗੋਬਿਦ ਰਾਇ॥ ੧ ॥**

ਜਿਸਨੇ ਗੁਰੂ ਦੀ ਸੇਵਾ ਕੀਤੀ ਹੈ,ਉਸਦੇ ਜਨਮ ਮਰਨ ਦੇ ਬੰਧਨ ਟੁਟ ਗਏ ਹਨ ਅਤੇ ਉਸਨੇ ਸੁਖ ਪਾਇਆ ਹੈ। ਗੁਰੂ ਜੀ-ਇਕੁਰ ਦਾ ਗੁਣਾਂ ਦਾ ਖਜ਼ਾਨਾ ਪ੍ਰਮੇਸ਼ਰ ਪ੍ਰਕਾਸ਼ਕ ਮਨ ਤੋਂ ਕਦੀ ਵੀ ਨਾ ਭੁਲੇ।

**ਪਉੜੀ ॥ ਟਹਲ ਕਰਹੁ ਤਉ ਏਕ ਕੀ ਜਾਤੇ ਬ੍ਰਿਥਾ ਨ ਕੋਇ ॥ ਮਨਿ ਤਨਿ ਮੁਖਿ ਹੀਐ ਬਸੈ ਜੋ ਚਾਹਹੁ ਸੋ ਹੋਇ॥ਟਹਲ ਮਹਲ ਤਾਕਉ ਮਿਲੈ ਜਾਕਉ ਸਾਧ ਕ੍ਰਿਪਾਲ॥ ਸਾਧੂ ਸੰਗਤਿ ਤਉ ਬਸੈ ਜਉ ਆਪਨ ਹੋਹਿ ਦਇਆਲ ॥ ਟੋਹੇ ਟਾਹੇ ਬਹੁ ਭਵਨ ਬਿਨੁ ਨਾਵੈ ਸੁਖੁ ਨਾਹਿ ॥ ਟਲਹਿ ਜਾਮਕੇ ਦੂਤ ਤਿਹ ਜੋ ਸਾਧੂ ਸੰਗਿ ਸਮਾਹਿ ॥ ਬਾਰਿ ਬਾਰਿ ਜਾਉ ਸੰਤ ਸਦਕੇ ॥ ਨਾਨਕ ਪਾਪ ਬਿਨਾਸੇ ਕਦਿਕੇ ॥੨੭॥**

ਇਕ ਪ੍ਰਮੇਸਰ ਦੀ ਤੁਸੀ ਟਹਿਲ ਕਰੋ,ਜਿਸਤੋਂ ਕੋਈ ਵੀ ਖਾਲੀ ਨਹੀਂ ਜਾਂਦਾ ਹੈ ਭਾਵ ਸਭ ਦੀਆਂ ਲੋੜਾਂ ਪੂਰੀਆਂ ਕਰਦਾ ਹੈ। ਮਨ,ਤਨ,ਮੂੰਹ, ਦਿਲ ਵਿਚ ਆ ਵਸਦਾ ਹੈ ਭਾਵ ਸਾਰੇ ਸਰੀਰ ਵਿਚ ਆ ਵਸਦਾ ਹੈ ਜਦੋਂ ਆ ਵਸੇਗਾ, ਫਿਰ ਤੁਸੀ ਜੋ ਚਾਹੋਗੇ ਸੋ ਹੋ ਜਾਵੇਗਾ ਭਾਵ ਤੁਹਾਡੀਆਂ ਸਾਰੀਆਂ ਲੋੜਾਂ ਪੂਰੀਆਂ ਹੋ ਜਾਣਗੀਆਂ। ਟਹਿਲ ਤੋਂ ਮਹਿਲ ਉਸਨੂੰ ਮਿਲਦੀ ਹੈ,ਜਿਸਦੇ ਉਤੇ ਗੁਰੂ ਜੀ ਕ੍ਰਿਪਾਲੂ ਹੋਣ ਭਾਵ ਗੁਰੂ ਦੇ ਪਸੰਨ ਹੋਣ ਨਾਲਜੀਵ ਪ੍ਰਮੇਸ਼ਰ ਨੂੰ ਮਿਲ ਜਾਂਦਾ ਹੈ,ਉਚੇ ਥਾਂ ਉਤੇ ਜਾ ਬੈਠਦਾ ਹੈ,ਫਿਰ ਉਸ ਥਾਂ ਤੋਂ ਕਦੀ ਵੀ ਨਹੀ ਡਿਗਦਾ ਹੈ। ਤਦੋਂ ਇਹ ਸੰਤਾਂ ਦੀ ਸੰਗਤ ਵਿਚ ਜਾ ਵਸਦਾ ਹੈ ਜਦੋਂ ਇਸਦੇ ਉਤੇ ਆਪ ਪ੍ਰਮੇਸਰ ਦਿਆਲੂ ਹੁੰਦਾ ਹੈ। ਸਾਰੇ ਚੌਦਾਂ ਲਕ ਚੰਗੀ ਤਰ੍ਹਾਂ ਟੋਹੇ ਟਾਹੇ ਭਾਵ ਵਿਚਾਰੇ, ਖੋਜੇ, ਵੇਖੇ ਹਨ, ਪਰ ਨਾਮ ਤੋਂ ਬਿਨਾਂ ਸੁਖ ਨਹੀਂ ਹੈ, ਸਾਰਿਆਂ ਹੀ ਲੋਕਾਂ ਨੂੰ ਵੇਖਿਆ ਹੈ। ਜੇਹੜਾ ਸੰਤਾਂ ਦੇ ਸੰਗ ਵਿਚ ਜਾ ਸਮਾਂਦਾ ਹੈ ਭਾਵ ਬੈਠਦਾ ਹੈ,ਉਸਦੇ ਪਾਸੋਂ ਜਮ ਦੇ

Digitized by Panjab Digital Library | www.panjabdigilib.org

ਦੂਤ ਟਲ ਜਾਂਦੇ ਹਨ ਭਾਵ ਨੇੜੇ ਨਹੀਂ ਆਉਂਦੇ ਹਨ। ਮੈਂ ਸੰਤਾਂ ਤੋਂ ਮੁੜ ੨ ਬਲਿਹਾਰ ਜਾਂਦਾਂ। ਗੁਰੂ ਜੀ-ਜਿਸ ਸੰਤਾਂ ਦੇ ਸੰਗ ਦੇ ਪ੍ਰਤਾਪ ਕਰਕੇ ਕਦੋਂ ਦੇ ਭਾਵ ਬਹੁਤ ਚਿਰਾਂ ਦੇ ਜੇਹੜੇ ਪਾਪ ਅਸਾਂ ਕੀਤੇ ਹੋਏ ਸੀ ਸੋ ਸਾਰੇ ਹੀ ਨਾਸ ਹੋ ਗਏ ਹਨ।

**ਸਲੋਕੁ ॥ ਠਾਕਿ ਨ ਹੋਤੀ ਤਿਨਹੁ ਦਰਿ ਜਿਹ ਹੋਵਹੁ ਸੁ ਪ੍ਰਸੰਨ ॥ ਜੋ ਜਨ ਪ੍ਰਭਿ ਅਪੁਨੇ ਕਰੇ ਨਾਨਕ ਤੇ ਧਨਿ ਧੰਨਿ ॥ ੧ ॥**

ਹੇ ਮਾਲਕ ! ਜਿਨ੍ਹਾਂ ਦੇ ਉਤੇ ਤੂੰ ਪ੍ਰਸੰਨ ਹੁੰਦਾ ਹੈਂ, ਉਨ੍ਹਾਂ ਨੂੰ ਕਿਸੇ ਦੇ ਬੂਹੇ ਉਤੋਂ ਜਾਂ ਤੇਰੇ ਬੂਹੇ ਉਤੋਂ ਰੋਕ ਟੋਕ ਨਹੀਂ ਹੁੰਦੀ ਹੈ। ਗੁਰੂ ਜੀ- ਓਹ ਇਕੁਰ ਦੇ ਆਦਮੀ ਮਾਲਕ ਨੇ ਆਪਣੇ ਦਾਸ ਬਣਾ ਲਏ ਹਨ,ਓਹ ਧੰਨ ਧੰਨ ਹਨ।

**ਪਉੜੀ ॥ ਠਠਾ ਮਨੂਆ ਠਾਹਹਿ ਨਾਹੀ॥ਜੋ ਸਗਲ ਤਿਆਗਿ ਏਕਹਿ ਲਪਟਾਹੀ ॥ ਠਹਕਿ ਠਹਕਿ ਮਾਇਆ ਸੰਗਿ ਮੂਏ ॥ ਉਆਕੈ ਕੁਸਲ ਨ ਕਤਹੂ ਹੂਏ ॥ ਠਾਂਢਿ ਪਰੀ ਸੰਤਹ ਸੰਗਿ ਬਸਿਆ ॥ ਅੰਮ੍ਰਿਤ ਨਾਮੁ ਤਹਾ ਜੀਅ ਰਸਿਆ॥ ਠਾਕੁਰ ਅਪੁਨੇ ਜੋ ਜਨੁ ਭਾਇਆ ॥ ਨਾਨਕ ਉਆਕਾ ਮਨੁ ਸੀਤਲਾਇਆ ॥ ੨੯ ॥**

ਜੇਹੜੇ ਆਦਮੀ ਕਿਸੇ ਦੇ ਮਨ ਨੂੰ ਢਾਹੁੰਦੇ ਨਹੀਂ ਹਨ ਭਾਵ ਦੁਖੀ ਨਹੀਂ ਕਰਦੇ ਹਨ। ਜੇਹੜੇ ਸਾਰਿਆਂ ਕੰਮਾਂ ਨੂੰ ਛੱਡਕੇ ਇਕ ਕੰਮ ਵਿਚ ਚੰਬੜਦੇ ਹਨ ਭਾਵ ਨਾਮ ਜਪਦੇ ਹਨ। ਜੇਹੜੇ ਪਮੇਸਰ ਤੋਂ ਬੇਮੁਖ ਹਨ ਓਹ ਮਾਇਆ ਦੇ ਨਾਲ ਲਗ ਲਗ ਕੇ ਠੋਕਰਾਂ ਖਾ ਖਾਕੇ ਮਰ ਗਏ ਹਨ। ਓਨ੍ਹਾਂ ਮਾਇਆ ਦੇ ਸੰਗੀਆਂ ਵਿਚੋਂ ਕਿਧਰੇ ਵੀ ਕਿਤੇ ਵੀ ਕਿਸੇ ਨੂੰ ਸੁਖ ਨਹੀਂ ਹੋਇਆ ਹੈ। ਮਾਇਆ ਅੱਗ ਤੋਂ ਉਸਨੂੰ ਠੰਢ ਪਈ ਹੈ, ਜੇਹੜਾ ਸੰਤਾਂ ਦੇ ਸੰਗ ਆਕੇ ਵਸਿਆ ਹੈ। ਅੰਮ੍ਰਿਤ ਵਰਗਾ ਮਿਠਾ ਨਾਮ ਜੀਅ ਦੇ ਨਾਲ ਆਕੇ ਰਸਿਆ ਹੈ ਭਾਵ ਚੰਗਾ ਲਗਾ ਹੈ। ਜੇਹੜਾ ਨੌਕਰ ਆਪਣੇ ਮਾਲਕ ਨੂੰ ਚੰਗਾ ਲੱਗਾ ਹੈ। ਗੁਰੂਜੀ- ਉਸ ਆਦਮੀ ਦਾ ਮਨ ਠੰਢਾ ਹੋਇਆ ਹੈ।

**ਸਲੋਕੁ ॥ ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ**

Digitized by Panjab Digital Library | www.panjabdigilib.org

ਸਮਰਥ॥ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥੧॥

ਹੇ ਮਾਲਕਾ ਤੇਨੂੰ ਅਸੀਂ ਅਨੇਕਾਂ ਵਾਰ ਨਮਸਕਾਰ ਕਰਦੇ ਹਾਂ ਜਾਂ ਅਨੇਕਾਂ ਵਾਰ ਸਾਡੀ ਨਮਸਕਾਰ ਹੋਵੇ,ਤੂੰ ਸਾਰੀਆਂ ਸ਼ਕਤੀਆਂ ਵਿੱਚ ਸਮਰੱਥ ਹੈਂ ਭਾਵ ਸਾਰੇ ਕੰਮ ਕਰ ਸਕਦਾ ਹੈਂ। ਗੁਰੂ ਜੀ–ਹੇ ਮਾਲਕ ! ਤੂੰ ਸਾਨੂੰ ਆਪਣੇ ਹੱਥ ਦੇਕੇ ਡੋਲਨ ਤੋਂ ਰੱਖ ਭਾਵ ਦੁਖ ਤੋਂ ਬਚਾ।

ਪਉੜੀ॥ ਡਡਾ ਡੇਰਾ ਇਹੁ ਨਹੀ ਜਹ ਡੇਰਾ ਤਹ ਜਾਨੁ॥ ਉਆ ਡੇਰਾ ਕਾ ਸੰਜਮੋ ਗੁਰਕੈ ਸਬਦਿ ਪਛਾਨੁ ॥ ਇਆ ਡੇਰਾ ਕਉ ਸ੍ਰਮੁ ਕਰਿ ਘਾਲੈ॥ ਜਾਕਾ ਤਸੂ ਨਹੀ ਸੰਗਿ ਚਾਲੈ॥ ਉਆ ਡੇਰਾ ਕੀ ਸੋ ਮਿਤਿ ਜਾਨੈ॥ ਜਾਕਉ ਦ੍ਰਿਸਟਿ ਪੂਰਨ ਭਗਵਾਨੈ॥ ਡੇਰਾ ਨਿਹਚਲੁ ਸਚੁ ਸਾਧਸੰਗਿ ਪਾਇਆ॥ ਨਾਨਕ ਤੇ ਜਨ ਨਹ ਡੋਲਾਇਆ॥ ੨੯॥

ਡੱਡਾ॥ ਇਹ ਡੇਰਾ ਟਿਕਿਆ ਰਹਿਣ ਵਾਲਾ ਨਹੀਂ ਹੈ ਭਾਵ ਇਸ ਦੁਨੀਆਂ ਉਤੇ ਸਦਾ ਬੈਠੇ ਨਹੀਂ ਰਹਿਣਾ ਹੈ, ਜਿੱਥੇ ਅਸਲ ਡੇਰਾ ਹੈ ਭਾਵ ਜਿਸ ਜਗਾ ਜ਼ਰੂਰ ਜਾਣਾ ਹੈ, ਉਸਨੂੰ ਤੂੰ ਸਮਝ ਭਾਵ ਉਸਨੂੰ ਚੇਤੇ ਰੱਖ ਨਾਮ ਜਪ। ਉਸ ਡੇਰੇ ਦੇ ਪੁੱਜਣ ਦਾ ਜੇਹੜਾ ਜਤਨ ਹੈ, ਉਸ ਜਤਨ ਨੂੰ ਗੁਰੂ ਦੇ ਉਪਦੇਸ਼ ਕਰਕੇ ਪਛਾਣ। ਜੇਹੜਾ ਤੂੰ ਇਸ ਲੋਕ ਦੇ ਡੇਰੇ ਨੂੰ ਬੜਾ ਦੁਖ ਨਾਲ ਘਾਲੈ = ਬਣਾਂਦਾ ਹੈਂ। ਇਸ ਡੇਰੇ ਦਾ ਥੋੜਾ ਜੇਹਾ ਵੀ ਕੁਛ ਤੇਰੇ ਨਾਲ ਨਹੀਂ ਚੱਲਣਾ ਹੈ, ਜਿਸ ਇਸ ਡੇਰੇ ਦਾ ਕੁਛ ਮਾਲ ਸੁਖ ਤੇਨੂੰ ਸੁਖਦਾਈ ਨਹੀਂ ਹੋਵੇਗਾ। ਉਸ ਪ੍ਰਲੋਕ ਦੇ ਡੇਰੇ ਦੀ ਰੀਤੀ ਨੂੰ ਓਹ ਜਾਣਦਾ ਹੈ। ਜਿਸ ਉਤੇ ਪੂਰਨ ਪ੍ਰਮੇਸ਼ਰ ਕਿਰਪਾ ਕਰਦਾ ਹੈ।

ਠੀਕ ਸਚ ਸਮਝੋ ਉਸਨੇ ਸਾਧ ਸੰਗਤ ਵਿੱਚ ਟਿਕਿਆ ਰਹਿਣ ਵਾਲਾ ਡੇਰਾ ਪਾਇਆ ਹੈ ਭਾਵ ਪ੍ਰਮੇਸ਼ਰ ਨਾਲ ਮਿਲ ਗਿਆ ਹੈ। ਗੁਰੂ ਜੀ– ਫਿਰ ਓਹ ਆਦਮੀ ਨਹੀਂ ਡੋਲਿਆ ਹੈ ਜਾਂ ਉਸ ਨੂੰ ਕਾਮ ਆਦਕ ਕੋਈ ਨਹੀਂ ਡੁਲਾ ਸਕਦਾ ਹੈ।

ਸਲੋਕੁ॥ ਢਾਹਨ ਲਾਗੇ ਧਰਮ ਰਾਇ ਕਿਨਹਿ ਨ ਘਾਲਿਓ ਬੰਧ॥ ਨਾਨਕ ਉਬਰੇ ਜਪਿ ਹਰੀ ਸਾਧ ਸੰਗਿ ਸਨਬੰਧ॥ ੧॥

ਜਦੋਂ ਧਰਮਰਾਜਾ ਦੇ ਹੁਕਮ ਨਾਲ ਇਸ ਦੇਹ ਰੂਪ ਡੇਰੇ ਨੂੰ ਜਮ

Digitized by Panjab Digital Library | www.panjabdigilib.org

ਆਕੇ ਢਾਹੁਣ ਲਗੇ ਤਾਂ ਕਿਸੇ ਨੇ ਭੀ ਬੰਧਾਣ ਨਹੀਂ ਪੌਣਾ ਹੈ ਭਾਵ ਰੋਕ ਨਹੀਂ ਸਕਣਾ, ਓਹ ਜਮਦੂਤ ਰੁਕ ਵੀ ਨਹੀਂ ਸਕਦੇ ਹਨ, ਦੇਹ ਨੂੰ ਜ਼ਰੂਰ ਮਾਰਦੇ ਹਨ। ਓਹਨਾਂ ਜਮਾਂ ਤੋਂ ਕੋਈ ਬਚਿਆ ਵੀ ਹੈ? ਗੁਰੂ ਜੀ-ਧਰਮ ਰਾਜਾ ਦੇ ਢਾਉਣ ਤੋਂ ਓਹ ਬਚੇ ਹਨ, ਜਿਨ੍ਹਾਂ ਨੇ ਪ੍ਰਮੇਸ਼ਰ ਨੂੰ ਜਪਿਆ ਹੈ ਅਤੇ ਜਿਨ੍ਹਾਂ ਨੇ ਸਾਧ ਸੰਗਤ ਦਾ ਮੇਲ ਮਿਲਾਪ ਕੀਤਾ ਹੈ। ਓਹ ਪ੍ਰਮੇਸ਼ਰ ਕਿਥੇ ਹੈ? (ਉੱਤਰ):-

**ਪਉੜੀ ਢਢਾ ਢੂਢਤ ਕਹ ਫਿਰਹੁ ਢੂਢਨੁ ਇਆ ਮਨ ਮਾਹਿ ॥ ਸੰਗਿ ਤੁਹਾਰੈ ਪ੍ਰਭੁ ਬਸੈ ਬਨੁ ਬਨੁ ਕਹਾ ਫਿਰਾਹਿ ॥ਢੇਰੀ ਢਾਹਹੁ ਸਾਧ ਸੰਗਿ ਅਹੰਬੁਧਿ ਬਿਕਰਾਲ ॥ ਸੁਖੁ ਪਾਵਹੁ ਸਹਜੇ ਬਸਹੁ ਦਰਸਨੁ ਦੇਖਿ ਨਿਹਾਲ ॥ ਢੇਰੀ ਜਾਮੈ ਜਮਿ ਮਰੈ ਗਰਭ ਜੋਨਿ ਦੁਖ ਪਾਇ ॥ ਮੋਹ ਮਗਨ ਲਪਟਤ ਰਹੈ ਹਉ ਹਉ ਆਵੈ ਜਾਇ ॥ ਢਹਤ ਢਹਤ ਅਬ ਢਹਿ ਪਰੇ ਸਾਧ ਜਨਾ ਸਰਨਾਇ ॥ ਦੁਖਕੇ ਫਾਹੇ ਕਾਟਿਆ ਨਾਨਕ ਲੀਏ ਸਮਾਇ ॥ ੩੦ ॥**

ਢੱਢਾ। ਪ੍ਰਮੇਸ਼ਰ ਨੂੰ ਬਾਹਰ ਕੀ ਲੱਭਦੇ ਫਿਰਦੇ ਹੋ,ਪ੍ਰਮੇਸ਼ਰ ਤਾਂ ਇਸ ਮਨ ਵਿੱਚ ਭੀ ਹੈ, ਸੋ ਸਰੀਰ ਦੇ ਅੰਦਰ ਹੀ ਲੱਭੋ। ਪ੍ਰਮੇਸ਼ਰ ਤੁਹਾਡੇ ਨਾਲ ਹੀ ਵੱਸਦਾ ਹੈ, ਤੁਸੀਂ ਜੰਗਲ ੨ ਵਿੱਚ ਕੀ ਫਿਰਦੇ ਹੋ? ਪ੍ਰਮੇਸ਼ਰ ਨੂੰ ਅੰਦਰ ਹੀ ਲੱਭੋ। ਜੇਹੜੀ ਬੜੀ ਡਰੌਣੀ ਹੰਗਤਾ ਰੂਪ ਢੇਰੀ ਹੈ ਭਾਵ ਖਰਾਬ ਅਕਲ ਹੈ, ਇਸ ਨੂੰ ਸਾਧ ਸੰਗਤ ਵਿੱਚ ਜਾਕੇ ਢਾਹੋ ਭਾਵ ਮਾੜੀ ਅਕਲ ਦਾ ਨਾਸ ਕਰੋ। ਜਦੋਂ ਮਾੜੀ ਅਕਲ ਦਾ ਨਾਸ ਕਰੋਗੇ ਤੇ ਤਾਂ ਸਹਿਜੇ ਹੀ ਸੁਖ ਪਾਓਗੇ ਤੇ ਸੁਖ ਵਿੱਚ ਵੱਸੋਗੇ, ਮਾਲਕ ਦਾ ਦਰਸ਼ਨ ਵੇਖਕੇ ਨਿਹਾਲ ਹੋਵੋਂਗੇ। ਜਿੰਨਾਂ ਚਿਰ ਇਹ ਮਾੜੀਅਕਲ ਰੂਪ ਢੇਰੀ ਸਰੀਰ ਵਿੱਚ ਜੰਮਦੀ ਭਾਵ ਉੱਗਦੀ ਹੈ ਉਤਨਾ ਚਿਰ ਆਦਮੀ ਜੰਮਦਾ ਮਰਦਾ ਹੈ ਤੇ ਗਰਭ ਜੂਨੀਆਂ ਵਿੱਚ ਦੁਖ ਪਾਂਵਦਾ ਹੈ। ਮੋਹ ਵਿੱਚ ਮਸਤ ਹੋਕੇ ਚੰਬੜਿਆ ਰਹਿੰਦਾ ਹੈ, ਓਨਾ ਚਿਰ ਹੰਕਾਰ ਕਰਦਾ ਹੈ ਜਿੰਨਾਂ ਚਿਰ ਆਉਂਦਾ ਜਾਂਦਾਹੈ।

ਅਸੀਂ ਹੁਣ ਢਹਿੰਦੇ ੨ ਸਾਧਾਂ ਦੀ ਸਰਨੀ ਢਹਿ ਪਏ ਹਾਂ ਭਾਵਚਰਨੀ ਡਿੱਗ ਪਏ ਹਾਂ। ਗੁਰੂ ਜੀ-ਦੁਖ ਦੇ ਫਾਹੇ ਕੱਟਕੇ ਸਾਨੂੰ ਪ੍ਰਮੇਸ਼ਰ ਨੇ ਨਾਲ ਮਿਲਾ ਲਿਆ ਹੈ ਜਾਂ ਸੰਤਾਂ ਨੇ ਦੁਖ ਦਾ ਫਾਹਾ ਅਗਿਆਨ ਨਾਸ ਕਰਕੇ ਸਾਨੂੰ ਪ੍ਰਮੇਸ਼ਰ ਨਾਲ ਮਿਲਾ ਦਿੱਤਾ ਹੈ।

Digitized by Panjab Digital Library | www.panjabdigilib.org

ਸਲੋਕੁ ॥ ਜਹ ਸਾਧੂ ਗੋਬਿਦ ਭਜਨੁ ਕੀਰਤਨੁ ਨਾਨਕ ਨੀਤ ॥ ਣਾ ਹਉ ਣਾ ਤੂੰ ਣਹ ਛੁਟਹਿ ਨਿਕਟਿ ਨ ਜਾਈਅਹੁ ਦੂਤ ॥ ੧ ॥

ਜਮਰਾਜਾ ਅਪਣਿਆਂ ਦੂਤਾਂ ਨੂੰ ਆਖਦਾ ਹੈ । ਜਿੱਥੇ ਸਾਧੂਆਂਦਾ ਸਮਾਗਮ ਹੋਵੇ ਤੇ ਭਜਨ ਕੀਰਤਨ ਹੁੰਦਾ ਹੋਵੇ। ਗੁਰੂ ਜੀ ਆਖਦੇ ਹਨ ਧਰਮ ਰਾਜ ਆਪਣਿਆਂ ਦੂਤਾਂ ਨੂੰ ਆਖਦਾ ਹੈ ਹੇ ਭਾਈ ਓਥੇ ਤੁਸਾਂ ਨਹੀਂ ਜਾਣਾ ਹੋਵੇਗਾ ਭਾਵ ਪ੍ਰਮੇਸ਼ਰ ਦਾ ਭਜਨ ਕੀਰਤਨ ਕਰਨ ਵਾਲਿਆਂ ਸੰਤਾਂ ਪਾਸ ਤੁਸੀਂ ਨਹੀਂ ਜਾਣਾ ਹੋਵੇਗਾ। ਜੇ ਤੁਸੀਂ ਭੁੱਲ ਭੁਲੇਖੇ ਚਲੇ ਵੀ ਗਏ ਤੇ ਤਾਂ ਸੁਣੋ। ਨ ਮੈਂ ਛੁੱਟ ਸਕਣਾ ਹੈ ਨ ਤੁਸਾਂ ਛੁੱਟ ਸਕਣਾ ਹੈ ਭਾਵ ਸਾਨੂੰ ਸਾਧ ਸੰਗਤ ਨੇ ਫੜ ਲੈਣਾ ਹੈ ਤੇ ਪ੍ਰਮੇਸ਼ਰ ਦੇ ਅੱਗੇ ਖੜਿਆਂ ਕਰ ਦੇਣਾ ਹੈ, ਫਿਰ ਤੁਸਾਡਾ ਤੇ ਮੇਰਾ ਛੁਟਕਾਰਾ ਹੋਣਾ ਬੜਾ ਔਖਾ ਹੋ ਜਾਵੇਗਾ,ਇਸ ਲਈ ਹੇ ਦੂਤੋ ! ਤੁਸੀਂ ਸਾਧ ਸੰਗਤ ਦੇ ਨੇੜੇ ਹੀ ਨਹੀਂ ਜਾਣਾ ਹੋਵੇਗਾ।

ਪਉੜੀ ॥ ਣਾਣਾ ਰਣ ਤੇ ਸੀਝੀਐ ਆਤਮ ਜੀਤੈ ਕੋਇ ॥ ਹਉਮੈ ਅਨਸਿਉ ਲਰਿ ਮਰੈ ਸੋ ਸੋਭਾਦੂ ਹੋਇ ॥ ਮਣੀ ਮਿਟਾਇ ਜੀਵਤ ਮਰੈ ਗੁਰ ਪੂਰੇ ਉਪਦੇਸ ॥ ਮਨੂਆ ਜੀਤੈ ਹਰਿ ਮਿਲੈ ਤਿਹ ਸੂਰਤਣ ਵੇਸ॥ ਣਾ ਕੋ ਜਾਣੈ ਆਪਣੋ ਏਕਹਿ ਟੇਕ ਅਧਾਰ ॥ ਰੈਣਿ ਦਿਣਸੁ ਸਿਮਰਤ ਰਹੈ ਸੋ ਪ੍ਰਭੁ ਪੁਰਖੁ ਅਪਾਰ ॥ ਰੇਣ ਸਗਲ ਇਆ ਮਨੁ ਕਰੈ ਏਊ ਕਰਮ ਕਮਾਇ ॥ ਹੁਕਮੈ ਬੂਝੈ ਸਦਾ ਸੁਖੁ ਨਾਨਕ ਲਿਖਿਆ ਪਾਇ ॥ ੩੧ ॥

ਹੇ ਭਰਾ ਓਹ ਆਦਮੀ ਇਹਨਾਂ ਕਾਮ ਆਦਕਾਂ ਦੇ ਰਣ ਤੋਂ ਫਤੇ ਪਾਂਦਾ ਹੈ ਭਾਵ ਜਿੱਤਦਾ ਹੈ, ਜਿਹੜਾ ਕੋਈ ਆਪਣੇ ਮਨ ਨੂੰ ਜਿਤਦਾ ਹੈ।

ਹੰਗਤਾ ਅਤੇ ਅਨ = ਮਮਤਾ ਦੇ ਨਾਲ ਲੜਕੇ ਮਰ ਜਾਵੇ ਭਾਵ ਇਨ੍ਹਾਂ ਨਾਲ ਸਾਹਮਣੇ ਹੋਕੇ ਲੜੇ ਤੇ ਫਿਰ ਆਪ ਜੀਵਤ ਭਾਵ ਤੋਂ ਮਰੇ, ਉਸ ਆਦਮੀ ਦੀ ਦੋਹਾਂ ਲੋਕਾਂ ਵਿੱਚ ਸੋਭਾ ਹੁੰਦੀ ਹੈ ਜਾਂ ਦੂਣੀ ਸੋਭਾ ਹੁੰਦੀ ਹੈ।

ਹੰਗਤਾ ਜਾਂ ਦੇਹ ਅਭਿਮਾਨ ਵਾਲੀ ਮਨੌਤ ਜਾਂ ਜਾਤੀ ਆਦਿਕ ਦੀ ਮਨੌਤ ਨੂੰ ਦੂਰ ਕਰ ਦੇਵੇ ਤੇ ਜੀਵਨ ਭਾਵ ਤੋਂ ਮਰ ਜਾਵੇ ਤੇ ਪੂਰੇ ਗੁਰੂ ਦੇ ਉਪਦੇਸ਼ ਨੂੰ ਸਮਝੇ। ਮਨ ਨੂੰ ਜਿੱਤੇ ਤਾਂ ਪ੍ਰਮੇਸ਼ਰ ਜੀ ਮਿਲਦੇ ਹਨ।

Digitized by Panjab Digital Library | www.panjabdigilib.org

ਇੱਕੁਰ ਕਰਨ ਨਾਲ ਸੂਰਮਿਆਂ ਵਰਗਾ ਵੇਸ ਭਾਵ ਇੱਕੁਰ ਦਾ ਸੂਰਮਾ ਹੁੰਦਾ ਹੈ। ਸਾਰਿਆਂ ਪਾਸਿਆਂ ਤੋਂ ਨਿਰਾਸ ਹੋਕੇ ਆਪਣਾ ਮਿੱਤ ਪਿਆਰਾ ਸਰਬੰਧੀ ਪ੍ਰਮੇਸ਼ਰ ਤੋਂ ਬਿਨਾਂ ਕਿਸੇ ਨੂੰ ਨਹੀਂ ਸਮਝਦੇ ਹਨ,ਸੂਰਮੇ ਇਕ ਪ੍ਰਮੇਸ਼ਰ ਦਾ ਹੀ ਆਸਰਾ ਭਰੋਸਾ ਰੱਖਦੇ ਹਨ। ਓਹ ਜੇਹੜਾ ਵੱਡਾ ਅਕਾਲ ਪੁਰਖ ਹੈ, ਉਸ ਨੂੰ ਦਿਨੇ ਤੇ ਰਾਤ ਸਿਮਰਦੇ ਰਹਿੰਦੇ ਹਨ

ਇਸ ਮਨ ਨੂੰ ਸਾਰਿਆਂ ਆਦਮੀਆਂ ਦੀ ਚਰਨ ਧੂੜ ਕਰਦੇ ਹਨ। ਭਾਵ ਸਾਰਿਆਂ ਨੂੰ ਪ੍ਰਮੇਸ਼ਰ ਰੂਪ ਸਮਝਕੇ ਸਾਰਿਆਂ ਦੇਚਰਨਾਂ ਦਾ ਦਾਸ ਇਸ ਮਨ ਨੂੰ ਕਰਦੇ ਹਨ,ਇੱਕੁਰ ਦੇ ਕਰਮ ਕਮਾਂਦੇ ਹਨ। ਗੁਰੂ ਜੀ—ਉਸ ਪ੍ਰਮੇਸ਼ਰ ਦੇ ਹੁਕਮ ਨੂੰ ਸਮਝਦੇ ਹਨ ਸਦਾ ਸੁਖ ਪਾਂਦੇ ਹਨ ਭਾਵ ਮਨ ਨੂੰ ਜਿੱਤੀਏ ਤੇ ਤਾਂ ਸੁਖ ਮਿਲਦਾ ਹੈ, ਪਰ ਜਿਸ ਦੇ ਮੱਥੇ ਉੱਤੇ ਇਹ ਕਰਮ ਲਿਖਿਆ ਹੋਇਆ ਹੁੰਦਾ ਹੈ, ਓਹ ਆਦਮੀ ਇਹ ਸੁਖ ਪਾਂਦਾ ਹੈ।

**ਸਲੋਕੁ ॥ ਤਨੁ ਮਨੁ ਧਨੁ ਅਰਪਉ ਤਿਸੈ ਪ੍ਰਭੂ ਮਿਲਾਵੈ ਮੋਹਿ ॥ ਨਾਨਕ ਭ੍ਰਮੁ ਭਉ ਕਾਟੀਐ ਚੂਕੈ ਜਮ ਕੀ ਜੋਹ ॥ ੧ ॥**

ਜੇਹੜਾ ਮੈਨੂੰ ਮਾਲਕ ਦੇ ਨਾਲ ਮਿਲਾ ਦੇਵੇ ਮੈਂ ਉਸ ਨੂੰ ਆਪਣਾ ਮਨ, ਤਨ, ਧਨ, ਸਭ ਕੁਛ ਦਿਆਂਗਾ। ਗੁਰੂ ਜੀ· ਉਸ ਮਾਲਕ ਦੇ ਨਾਲ ਮਿਲਨ ਨਾਲ ਭਰਮ, ਡਰ ਦੂਰ ਹੋ ਜਾਂਦਾ ਹੈ ਤੇ ਜਮ ਦਾ ਵੇਖਣਾ ਭੀ ਨਾਸ ਹੋ ਜਾਂਦਾ ਹੈ ਭਾਵ ਜਮ ਵੇਖ ਨਹੀਂ ਸਕਦਾ ਹੈ।

**ਪਉੜੀ ॥ ਤਤਾ ਤਾਸਿਉ ਪ੍ਰੀਤਿ ਕਰਿ ਗੁਣਨਿਧਿ ਗੋਬਿਦ ਰਾਇ ॥ ਫਲ ਪਾਵਹਿ ਮਨ ਬਾਛਤੇ ਤਪਤਿ ਤੁਹਾਰੀ ਜਾਇ ॥ ਤ੍ਰਾਸ ਮਿਟੈ ਜਮ ਪੰਥ ਕੀ ਜਾਸੁ ਬਸੈ ਮਨਿ ਨਾਉ॥ ਗਤਿ ਪਾਵਹਿ ਮਤਿ ਹੋਇ ਪ੍ਰਗਾਸੁ ਮਹਲੀ ਪਾਵਹਿ ਠਾਉ ॥ ਤਾਹੂ ਸੰਗਿ ਨ ਧਨੁ ਚਲੈ ਗ੍ਰਿਹ ਜੋਬਨ ਨਹ ਰਾਜ ॥ ਸੰਤ ਸੰਗਿ ਸਿਮਰਤ ਰਹਹੁ ਇਹੈ ਤੁਹਾਰੈ ਕਾਜ ॥ ਤਾਤਾ ਕਛੂ ਨ ਹੋਈਹੈ ਜਉ ਤਾਪ ਨਿਵਾਰੈ ਆਪ ॥ ਪ੍ਰਤਿਪਾਲੈ ਨਾਨਕ ਹਮਹਿ ਆਪਹਿ ਮਾਈ ਬਾਪ॥ ੩੨ ॥**

(ਤੱਤਾ) ਹੇ ਸਿਖ! ਉਸਦੇ ਨਾਲ ਪ੍ਰੀਤੀ ਕਰ,ਜੇਹੜਾ ਗੁਣਾਂ ਦਾ ਸਮੁੰਦਰ ਪ੍ਰਕਾਸ਼ਕ ਪ੍ਰਮੇਸਰ ਹੈ। ਮਨ ਭਾਉਂਦੇ ਫਲ ਪਾ ਲਏਂਗਾ ਅਤੇ

Digitized by Panjab Digital Library | www.panjabdigilib.org

ਤ੍ਰਿਸ਼ਨਾ ਅੱਗ ਦੀ ਸਾਰੀ ਤਪਸ਼ ਚਲੀ ਜਾਵੇਗੀ। ਉਸ ਪ੍ਰਮੇਸ਼ਰ ਦਾ ਜਿਸ ਦੇ ਮਨ ਵਿੱਚ ਨਾਮ ਵੱਸ ਜਾਂਦਾ ਹੈ, ਉਸਦੀ ਸਾਰੀ ਤ੍ਰਾਸ ਭਾਵ ਡਰਨ ਵਾਲੀ ਜਮਦੇ ਰਸਤੇ ਦੀ ਦੁਖਦਾਈ ਗਲ ਦੂਰ ਹੋ ਜਾਂਦੀ ਹੈ।

ਉਸੇ ਆਦਮੀ ਦੀ ਅਕਲ ਦਾ ਪ੍ਰਕਾਸ਼ ਹੁੰਦਾ ਹੈ ਭਾਵ ਗਿਆਨ ਵਾਲੀ ਅਕਲ ਆਉਂਦੀ ਹੈ, ਫਿਰ ਏਸੇ ਕਰਕੇ ਮੁਕਤੀ ਪਾਂਦਾ ਹੈ, ਫਿਰ ਉਸ ਮਹਿਲੀ ਪ੍ਰਮੇਸ਼ਰ ਵਿਚ ਟਿਕਣਾ ਪਾਂਦਾ ਹੈ ਭਾਵ ਪ੍ਰਮੇਸ਼ਰ ਨਾਲ ਮਿਲ ਜਾਂਦਾ ਹੈ। ਉਸ ਆਦਮੀ ਦੇ ਨਾਲ ਨ ਧਨ ਚਲਦਾ ਹੈ ਨ ਘਰ ਜੁਆਨੀ ਅਤੇ ਨ ਰਾਜ ਭਾਵ ਅੰਤ ਨੂੰ ਕੁਛ ਵੀ ਨਾਲ ਨਹੀਂ ਚਲਦਾ ਹੈ ! ਇਸਲਈ ਸਤਿਸੰਗ ਕਰੋ। ਸੰਤਾਂ ਦੇ ਨਾਲ ਰਲਕੇ ਪ੍ਰਮੇਸ਼ਰ ਨੂੰ ਯਾਦ ਕਰਦੇ ਰਹੋ, ਏਹੋ ਹੀ ਤੁਹਾਡਾ ਵੱਡਾ ਉਤਮ ਕੰਮ ਹੈ ਭਾਵ ਤੁਹਾਡਾ ਚੰਗਾ ਕੰਮ ਏਹੋ ਹੀ ਹੈ। ਜਦੋਂ ਪ੍ਰਮੇਸ਼ਰ ਆਪ ਇਸ ਆਦਮੀ ਦੇ ਸਾਰੇ ਪਾਪ ਦੂਰ ਕਰ ਦੇਵੇ ਤਾਂ ਇਸਨੂੰ ਤੱਤਾ ਕੁਛ ਨਹੀਂ ਹੁੰਦਾ ਹੈ ਭਾਵ ਸੁਖ ਹੀ ਸੁਖ ਹੁੰਦਾ ਹੈ, ਦੁਖ ਕਦੀ ਨਹੀਂ ਹੁੰਦਾ ਹੈ। ਗੁਰੂ ਜੀ-ਆਪ ਹੀ ਪ੍ਰਮੇਸ਼ਰ ਪਾਲਣਾ ਕਰਦਾ ਹੈ ਅਤੇ ਆਪ ਹੀ ਮਾਤਾ ਪਿਤਾ ਹੈ।

**ਸਲੋਕੁ ॥ ਥਾਕੇ ਬਹੁ ਬਿਧਿ ਘਾਲਤੇ ਤ੍ਰਿਪਤਿ ਨ ਤ੍ਰਿਸਨਾ ਲਾਥ ॥ ਸੰਚਿ ਸੰਚਿ ਸਾਕਤ ਮੂਏ ਨਾਨਕ ਮਾਇਆ ਨ ਸਾਥ ॥ ੧ ॥**

ਬਹੁਤ ਰੀਤੀਆਂ ਨਾਲ ਕਮਾਂਦੇ ੨ ਥੱਕ ਗਏ ਹਾਂ ਭਾਵ ਮਰ ਗਏ, ਪਰ ਰੱਜੇ ਨਹੀਂ ਹਾਂ ਅਤੇ ਨਾ ਹੀ ਤ੍ਰਿਸ਼ਨਾ ਲੱਥੀ ਹੈ, ਸਗੋਂ ਤ੍ਰਿਸ਼ਨਾ ਵਧਦੀ ਗਈ ਹੈ। ਗੁਰੂ ਜੀ-ਸਾਕਤ ਆਦਮੀ ਮਾਇਆ ਨੂੰ ਕੱਠਿਆਂ ਕਰ ਕਰਕੇ ਮਰ ਗਏ ਹਨ, ਪਰ ਮਾਇਆ ਨਾਲ ਨਹੀਂ ਚੱਲੀ ਹੈ, ਏਥੇ ਹੀ ਪਈ ਰਹੀ ਹੈ।

**ਪਉੜੀ ॥ ਥਥਾ ਥਿਰੁ ਕੋਊ ਨਹੀ ਕਾਇ ਪਸਾਰਹੁ ਪਾਵ ॥ ਅਨਿਕ ਬੰਛ ਬਲ ਛਲ ਕਰਹੁ ਮਾਇਆ ਏਕ ਉਪਾਵ ॥ ਥੈਲੀ ਸੰਚਹੁ ਸ੍ਰਮੁ ਕਰਹੁ ਥਾਕਿ ਪਰਹੁ ਗਾਵਾਰ ॥ ਮਨਕੈ ਕਾਮਿ ਨ ਆਵਈ ਅੰਤੇ ਅਉਸਰ ਬਾਰ ॥ ਥਿਤਿ ਪਾਵਹੁ ਗੋਬਿਦ ਭਜਹੁ ਸੰਤਹ ਕੀ ਸਿਖ ਲੇਹੁ ॥ ਪ੍ਰੀਤਿ ਕਰਹੁ ਸਦ ਏਕ ਸਿਉ ਇਆ ਸਾਚਾ ਅਸਨੇਹੁ ॥ ਕਾਰਨ ਕਰਨ**

Digitized by Panjab Digital Library | www.panjabdigilib.org

**ਕਰ ਵਨੇ ਸਭ ਬਿਧਿ ਏਕੈ ਹਾਥ ॥ ਜਿਤੁ ਜਿਤੁ ਲਾਵਹੁ ਤਿਤੁ ਤਿਤੁ ਲਗਹਿ ਨਾਨਕ ਜੰਤ ਅਨਾਥ ॥ ੩੩ ॥**

( ਥੱਥਾ ) ਇਸ ਸੰਸਾਰ ਵਿਚ ਬੈਠਾ ਰਹਿਣ ਵਾਲਾ ਕੋਈ ਨਹੀਂ ਹੈ, ਤੁਸੀਂ ਕਿਸ ਵਾਸਤੇ ਪੈਰ ਪਸਾਰਦੇ ਹੋ ਭਾਵ ਬਹੁਤ ਪਾਪ ਕਰਦੇਹੋ ? ਅਨੇਕਾਂ ਠੱਗੀਆਂ ਤੇ ਵਲ ਛਲ ਕਰਦੇ ਹੋ, ਇਕ ਮਾਇਆ ਦੇ ਕੱਠਿਆਂ ਕਰਨ ਦੇ ਹੀ ਜਤਨ ਕਰਦੇ ਹੋ, ਜਿਸ ਕਿਸਤਰਾਂ ਨਾਲ ਦੂਸਰੇ ਤੋਂ ਪਦਾਰਥ ਖੋਹ ਲੈਣਾ ਹੋਵੇ ਓਹੋ ਹੀ ਕੰਮ ਕਰਦੇ ਹੋ। ਥੈਲੀ ਬਣਾ ਬਣਾਕੇ ਕੱਠੀ ਕਰਦੇ ਹੋ ਅਤੇ ਬੜਾ ਕਸ਼ਟ ਕਰਦੇ ਹੋ ਭਾਵ ਦੁਖ ਸਹਾਰਦੇ ਹੋ, ਅੰਤ ਨੂੰ ਹੇ ਗਵਾਰ, ਥੱਕਕੇ ਡਿਗ ਪਏ ਹੋ। ਪਰ ਓੜਕ ਦੇ ਵੇਲੇ ਇਹ ਮਨ ਦੇ ਕੰਮ ਨਹੀਂ ਆਉਂਦੀ ਹੈ,ਸਗੋਂ ਓੜਕ ਦੇ ਵੇਲੇ ਨਰਕਾਂ ਵਿਚ ਪਾਉਣ ਵਾਲੀ ਹੈ। ਸੰਤਾਂ ਦੀ ਸਿਖਿਆ ਲਓ,ਪ੍ਰਮੇਸ਼ਰ ਨੂੰ ਯਾਦ ਕਰੋ ਤਾਂ ਇਸਥਤੀਪਾਓਗੇ ਸਦਾ ਇਕ ਪ੍ਰਮੇਸ਼ਰ ਨਾਲ ਹੀ ਪ੍ਰੀਤੀ ਕਰੋ। ਏਹੋ ਹੀ ਸੱਚਾ ਪ੍ਰੇਮ ਹੈ ਜੇਹੜਾ ਪ੍ਰਮੇਸ਼ਰ ਦੇ ਨਾਲ ਹੈ। ਪ੍ਰਮੇਸ਼ਰ ਬ੍ਰਹਮਾ ਆਦਿਕਾਂਦਾ ਵੀ ਕਰਤਾ ਹੈ ਅਤੇ ਉਨ੍ਹਾਂ ਤੋਂ ਪ੍ਰੇਰਕੇ ਸਭ ਕੁਛ ਕਰਾਉਣ ਵਾਲਾ ਵੀ ਹੈ ਇਕੱਰ ਦੀਆਂ ਸਾਰੀਆਂ ਵਿਧੀਆਂ ਉਸਦੇ ਹਥ ਹਨ। ਗੁਰੂਜੀ–ਹੇ ਪ੍ਰਮੇਸ਼ਰ!ਜਿਸ ੨ ਪਾਸੇ ਤੁਸੀਂਲਾਉਂਦੇ ਹੋ ਓਧਰ ੨ ਅਸੀਂ ਲੱਗਦੇ ਹਾਂ, ਇਹ ਸਾਰੇ ਜੀਅ ਗਰੀਬ ਹਨ ਭਾਵ ਇਹਨਾਂ ਦੇ ਹਥ ਵਸ ਕੁਛ ਨਹੀਂ ਹੈ।

**ਸਲੋਕੁ॥ ਦਾਸਹਿ ਏਕੁ ਨਿਹਾਰਿਆ ਸਭੁ ਕਛੁਦੇਵਨ ਹਾਰ ॥ ਸਾਸਿ ਸਾਸਿ ਸਿਮਰਤ ਰਹਹਿ ਨਾਨਕ ਦਰਸ ਅਧਾਰ ॥ ੧ ॥**

ਹੇ ਸਿਖ ! ਜੇਹੜੇ ਪ੍ਰਮੇਸ਼ਰ ਦੇ ਦਾਸ ਹਨ ਓਨ੍ਹਾਂ ਨੇ ਇਕ ਪ੍ਰਮੇਸ਼ਰ ਨੂੰ ਸਾਰੀਆਂ ਜਗਾਂ ਵਿਚ ਵੇਖਿਆ,ਦੂਸਰਾ ਨਹੀਂ ਵੇਖਿਆ ਹੈ, ਓਹ ਪ੍ਰਮੇਸ਼ਰ ਹੀ ਸਭ ਕੁਛ ਦੇਣ ਵਾਲਾ ਹੈ ਜਾਂ ਸਭ ਕੁਛ ਦੇਣ ਵਾਲਾ ਪ੍ਰਮੇਸ਼ਰ ਨੂੰ ਹੀ ਵੇਖਿਆ ਹੈ। ਗੁਰੂ ਜੀ–ਓਹ ਸਾਸ ਸਾਸ ਚੇਤੇ ਕਰਦੇ ਰਹਿੰਦੇ ਹਨ, ਦਾਸਾਂ ਨੂੰ ਨੂੰ ਤਾਂ ਪ੍ਰਮੇਸ਼ਰ ਦਾ ਹੀ ਆਸਰਾ ਹੈ।

**ਪਉੜੀ॥ ਦਦਾ ਦਾਤਾ ਏਕੁ ਹੈ ਸਭ ਕਉ ਦੇਵਨ ਹਾਰ ॥ ਦੇਂਦੇ ਤੋਟਿ ਨ ਆਵਈ ਅਗਨਤ ਭਰੇ ਭੰਡਾਰ ॥ ਦੈਨ ਹਾਰੁ ਸਦ ਜੀਵਨ ਹਾਰਾ ॥ ਮਨ ਮੂਰਖ ਕਿਉ ਤਾਹਿ ਬਿਸਾਰਾ ॥ ਦੋਸੁ ਨਹੀ ਕਾਹੂ ਕਉ ਮੀਤਾ ॥ ਮਾਇਆ ਮੋਹ**

Digitized by Panjab Digital Library | www.panjabdigilib.org

**ਬੰਧੁ ਪ੍ਰਭਿ ਕੀਤਾ ॥ ਦਰਦ ਨਿਵਾਰਹਿ ਜਾ ਕੇ ਆਪੇ ॥ਨਾਨਕ ਤੇਤੇ ਗੁਰਮੁਖਿ ਧ੍ਰਾਪੇ ॥ ੩੪ ॥**

( ਦੱਦਾ ) ਸਾਰਿਆਂ ਨੂੰ ਦੇਣ ਵਾਲਾ ਇਕ ਦਾਤਾ ਹੈ। ਜਿਸ ਨੂੰ ਦੇਂਦਿਆਂ ਟੋਟ ਨਹੀਂ ਆਉਂਦੀ ਹੈ। ਉਸਦੇ ਬਿਅੰਤ ਖਜ਼ਾਨੇ ਭਰੇ ਹਨ। ਓਹ ਦੇਣ ਵਾਲਾ ਸਦਾ ਜੀਊਣ ਵਾਲਾ ਹੈ। ਹੇ ਮਨ ਮੂਰਖ ! ਤੂੰ ਉਸ ਨੂੰ ਕਿਉਂ ਭੁਲਾਇਆ ਹੈ ? ਹੇ ਮਿਤਰ ! ਦੋਸ਼ ਤਾਂ ਕਿਸੇ ਨੂੰ ਨਹੀਂ ਹੈ,ਕਿਉਂਕਿ ਜੋ ਪ੍ਰਮੇਸ਼ਰ ਨੂੰ ਭੁਲਾਂਦੇ ਹਨ ਓਨ੍ਹਾਂਦੇ ਕੀ ਵੱਸ ਹੈਅੱਗੇ ਦੱਸਿਆ ਹੈ ਮਾਇਆ ਦਾ ਮੋਹ ਰੂਪ ਬੰਧਨ ਆਪ ਹੀ ਮਾਲਕ ਨੇ ਕੀਤਾ ਹੋਇਆ ਹੈ ਭਾਵ ਜੀਵ ਮਾਇਆ ਵਲ ਲੱਗਕੇ ਪ੍ਰਮੇਸ਼ਰ ਵਲ ਨਹੀਂ ਜਾ ਸਕਦੇ ਹਨ। ਜਿਨ੍ਹਾਂ ਦੇ ਦਰਦ ਆਪ ਹੀ ਪ੍ਰਮੇਸ਼ਰ ਦੂਰ ਕਰਦਾ ਹੈ। ਗੁਰੂ ਜੀ ਓਹ ਗੁਰਮੁਖ ਰੱਜ ਜਾਂਦੇ ਹਨ।

**ਸਲੋਕੁ ॥ ਧਰਿ ਜੀਅਰੇ ਇਕ ਟੇਕ ਤੂ ਲਾਹਿ ਬਿਡਾਨੀ ਆਸ ॥ ਨਾਨਕ ਨਾਮੁ ਧਿਆਈਐ ਕਾਰਜੁ ਆਵੈ ਰਾਸਿ ॥ ੧ ॥**

ਹੇ ਜੀਅ ! ਇਕ ਪ੍ਰਮੇਸ਼ਰ ਦੀ ਓਟ ਲੈ ਹੋਰ ਬਗਾਨੀ ਆਸ ਦੂਰ ਕਰ ਦੇਹ। ਗੁਰੂ ਜੀ-ਨਾਮ ਨੂੰ ਚੇਤੇ ਕਰ ਤੇਰੇ ਸਾਰੇ ਕੰਮ ਰਾਸ ਆਉਣਗੇ।

**ਪਉੜੀ॥ ਧਧਾ ਧਾਵਤ ਤਉ ਮਿਟੈ ਸੰਤ ਸੰਗਿ ਹੋਇ ਬਾਸੁ ॥ ਧੁਰ ਤੇ ਕਿਰਪਾ ਕਰਹੁ ਆਪਿ ਤਉ ਹੋਇ ਮਨਹਿ ਪਰਗਾਸੁ ॥ ਧਨੁ ਸਾਚਾ ਤੇਊ ਸਚ ਸਾਹਾ॥ ਹਰਿ ਹਰਿ ਪੂੰਜੀ ਨਾਮ ਬਿਸਾਹਾ ॥ ਧੀਰਜੁ ਜਸੁ ਸੋਭਾ ਤਿਹ ਬਨਿਆ ॥ ਹਰਿ ਹਰਿ ਨਾਮੁ ਸ੍ਰਵਨ ਜਿਹ ਸੁਨਿਆ ॥ ਗੁਰਮੁਖਿ ਜਿਹ ਘਟਿ ਰਹੇ ਸਮਾਈ ॥ ਨਾਨਕ ਤਿਹ ਜਨ ਮਿਲੀ ਵਡਾਈ ॥ ੩੫॥**

ਧੱਧਾ ॥ ਇਸ ਜੀਅ ਦਾ ਦੌੜਨਾ ਤਾਂ ਦੂਰ ਹੋਵੇਗਾ ਜਾਂ ਹੁੰਦਾ ਹੈ ਜਦੋਂ ਇਹ ਸੰਤਾਂ ਦੇ ਨਾਲ ਵਸਣਾ ਕਰਦਾ ਹੈ ਜਾਂ ਵਾਸਾ ਹੁੰਦਾ ਹੈ। ਹੇ ਮਾਲਕ!ਜਦੋਂ ਆਪ ਮੁੱਢ ਤੋਂ ਹੀ ਕਿਰਪਾ ਕਰਦੇ ਹੋ ਤੇ ਤਾਂ ਮਨ ਵਿੱਚ ਚਾਨਣ ਹੁੰਦਾ ਹੈ। ਜਿਸ ਦੇ ਪਾਸ ਸੱਚਾ ਨਾਮ ਧਨ ਹੈ,ਓਹੋ ਹੀ ਸੱਚਾ ਸ਼ਾਹੂਕਾਰ ਹੈ। ਜਿਨ੍ਹਾਂ ਦੇ ਪਾਸ ਪ੍ਰਮੇਸ਼ਰ ਦੇ ਨਾਮ ਦੀ ਰਾਸ ਹੈ,ਓਹ ਪ੍ਰਮੇਸ਼ਰ ਦਾ

Digitized by Panjab Digital Library | www.panjabdigilib.org

ਨਾਮ ਹੀ ਖਰੀਦਦੇ ਹਨ ਭਾਵ ਓਹ ਦੇਣਾ ਲੈਣਾ ਨਾਮ ਦਾ ਹੀ ਕਰਦੇ ਹਨ।

ਧੀਰਜ, ਜਸ, ਸੋਭਾ = ਵਡਿਆਈ ਇਹ ਸਭ ਕੁਛ ਓਸੇ ਮਹਾਤਮਾ ਦਾ ਹੀ ਬਣਿਆ ਹੈ। ਜਿਸਨੇ ਪ੍ਰਮੇਸ਼ਰ ਦਾ ਨਾਮ ਕੰਨੀ ਸੁਣਿਆ ਹੈ।

ਜਿਸ ਗੁਰਮੁਖ ਦੇ ਦਿਲ ਵਿੱਚ ਪ੍ਰਮੇਸ਼ਰ ਸਮਾਈ ਕਰ ਰਿਹਾ ਹੈ।

ਗੁਰੂ ਜੀ–ਉਸ ਜਨ ਨੂੰ ਵਡਿਆਈ ਮਿਲੀ ਹੈ।

**ਸਲੋਕੁ ॥ ਨਾਨਕ ਨਾਮੁ ਨਾਮੁ ਜਪੁ ਜਪਿਆ ਅੰਤਰਿ ਬਾਹਰਿ ਰੰਗਿ ॥ ਗੁਰਿ ਪੂਰੈ ਉਪਦੇਸਿਆ ਨਰਕੁ ਨਾਹਿ ਸਾਧਸੰਗਿ ॥ ੧ ॥**

ਪ੍ਰਮੇਸ਼ਰ ਦੇ ਨਾਮ ਦੇ ਜਪ ਨੂੰ ਸਰੀਰ ਦੇ ਅੰਦਰ ਵੀ ਜਪਿਆ ਤੇ ਬਾਹਰ ਰਸਨਾ ਦੁਆਰਾ ਵੀ ਪ੍ਰੇਮ ਨਾਲ ਜਪਿਆ ਹੈ। ਪੂਰੇ ਗੁਰੂ ਨੇ ਇਹ ਉਪਦੇਸ਼ ਦਿੱਤਾ ਹੈ ਕਿ ਸਾਧ ਸੰਗਤ ਕਰਨ ਨਾਲ ਨਰਕ ਵਿੱਚ ਨਹੀਂ ਜਾਈਦਾ ਹੈ।

**ਪਉੜੀ ॥ ਨੰਨਾ ਨਰਕਿ ਪਰਹਿ ਤੇ ਨਾਹੀ ॥ ਜਾ ਕੈ ਮਨਿ ਤਨਿ ਨਾਮੁ ਬਸਾਹੀ ॥ ਨਾਮੁ ਨਿਧਾਨੁ ਗੁਰਮੁਖਿ ਜੋ ਜਪਤੇ ॥ ਬਿਖੁ ਮਾਇਆ ਮਹਿ ਨਾ ਓਇ ਖਪਤੇ ॥ ਨੰਨਾਕਾਰੁ ਨ ਹੋਤਾ ਤਾ ਕਹੁ ॥ ਨਾਮ ਮੰਤ੍ਰੁ ਗੁਰਿ ਦੀਨੋ ਜਾ ਕਹੁ ॥ ਨਿਧਿ ਨਿਧਾਨ ਹਰਿ ਅੰਮ੍ਰਿਤ ਪੂਰੇ ॥ ਤਹ ਬਾਜੇ ਨਾਨਕ ਅਨਹਦ ਤੂਰੇ ॥ ੩੬ ॥**

(ਨੱਨਾ) ਓਹ ਆਦਮੀ ਨਰਕ ਵਿੱਚ ਕਦੀ ਨਹੀ ਪੈਂਦੇ ਹਨ, ਜਿਨ੍ਹਾਂ ਦੇ ਮਨ ਤਨ ਵਿਚ ਨਾਮ ਵਸਦਾ ਹੈ। ਜੇਹੜਾ ਨਾਮ ਨਿਧੀਆਂ ਦਾ ਖ਼ਜ਼ਾਨਾ ਹੈ, ਇਸ ਨੂੰ ਜੇਹੜੇ ਗੁਰਮੁਖ ਹੋਕੇ ਜਪਦੇ ਹਨ। ਵਿਹੁ ਰੂਪ ਮਾਇਆ ਵਿੱਚ ਓਹ ਨਹੀਂ ਖਪਦੇ ਹਨ ਭਾਵ ਵਿਸ਼ਿਆਂਵਿਚ ਨਹੀਂ ਪੈਂਦੇ ਹਨ। ਓਹਨਾਂ ਨੂੰ ਕਿਸੇ ਜਗ੍ਹਾ ਤੋਂ ਨਾਂਹ ਨਹੀਂ ਹੁੰਦੀ ਹੈ ਭਈ ਏਥੇ ਨ ਬੈਠੋ ਏਥੇ ਨ ਖੜੋਵੋ। ਜਿਨ੍ਹਾਂ ਨੂੰ ਗੁਰੂ ਨੇ ਨਾਮ ਦਾ ਉਪਦੇਸ਼ ਦਿੱਤਾ ਹੈ। ਸਾਰੀਆਂ ਨਿਧੀਆਂ ਦਾ ਖ਼ਜ਼ਾਨਾ ਜੇਹੜਾ ਪ੍ਰਮੇਸ਼ਰ ਦਾ ਨਾਮ ਅੰਮ੍ਰਿਤ ਹੈ,ਓਹ ਉਸ ਕਰਕੇ ਪੂਰੇ ਹੋਗਏ ਹਨ। ਗੁਰੂ ਜੀ–ਉਹਨਾਂ ਮਹਾਤਮਾ ਦੇ ਰਿਦੇ ਘਰ ਵਿੱਚ ਲਗਾਤਾਰ ਵਾਜੇ ਵੱਜਦੇ ਹਨ।

**ਸਲੋਕੁ ॥ ਪਤਿ ਰਾਖੀ ਗੁਰਿ ਪਾਰਬ੍ਰਹਮ ਤਜਿ**

Digitized by Panjab Digital Library | www.panjabdigilib.org

ਪਰਪੰਚ ਮੋਹ ਬਿਕਾਰ ॥ ਨਾਨਕ ਸੋਊ ਅਰਾਧੀਐ ਅੰਤੁ ਨ ਪਾਰਾਵਾਰੁ ॥ ੧ ॥

ਜਿਨ੍ਹਾਂ ਦੀ ਇੱਜ਼ਤ ਗੁਰੂ ਪ੍ਰਮੇਸ਼ਰ ਨੇ ਰੱਖੀ ਹੈ,ਓਹਨਾਂ ਨੇ ਛਲ, ਮੋਹ, ਵਿਕਾਰ ਜਾਂ ਸੰਸਾਰ ਦਿਆਂ ਸਾਰਿਆਂ ਵਿਸ਼ਿਆਂ ਨੂੰ ਛੱਡ ਦਿਤਾ ਹੈ। ਗੁਰੂ ਜੀ-ਓਨ੍ਹਾਂ ਆਦਮੀਆਂ ਨੇ ਉਸ ਪ੍ਰਮੇਸ਼ਰ ਦਾ ਹੀ ਅਰਾਧਣਾ ਕੀਤਾ ਹੈ, ਜਿਸਦਾ ਕੋਈ ਅੰਤ ਨਹੀਂ ਹੈ।

ਪਉੜੀ ॥ ਪਪਾ ਪਰਮਿਤਿ ਪਾਰੁ ਨ ਪਾਇਆ ॥ ਪਤਿਤ ਪਾਵਨ ਅਗਮ ਹਰਿ ਰਾਇਆ ॥ ਹੋਤ ਪੁਨੀਤ ਕੋਟ ਅਪਰਾਧੂ ॥ ਅੰਮ੍ਰਿਤ ਨਾਮੁ ਜਪਹਿ ਮਿਲਿ ਸਾਧੂ ॥ ਪਰਪਚ ਧ੍ਰੋਹ ਮੋਹ ਮਿਟਨਾਈ ॥ ਜਾਕਉ ਰਾਖਹੁ ਆਪਿ ਗੁਸਾਈ ॥ ਪਾਤਿਸਾਹੁ ਛਤ੍ਰ ਸਿਰ ਸੋਊ ॥ ਨਾਨਕ ਦੂਸਰ ਅਵਰੁ ਨ ਕੋਊ ॥ ੩੭ ॥

( ਪੱਪਾ ) ਹੇ ਸਿਖ ! ਜੇਹੜਾ ਪ੍ਰਮੇਸ਼ਰ ਸਾਰੀਆਂ ਰੀਤੀਆਂ ਭਾਵ ਸੋਚਾਂ ਵਿਚਾਰਾਂ ਤੋਂ ਪਰੇ ਹੈ ਓਸਦਾ ਅੰਤ ਕਿਸੇ ਨੇ ਨਹੀਂ ਪਾਇਆ ਹੈ। ਓਹ ਪਾਪੀਆਂ ਦੇ ਪਵਿੱਤਰ ਕਰਨ ਵਾਲਾ ਬਿਅੰਤ ਪ੍ਰਕਾਸ਼ਕ ਪ੍ਰਮੇਸ਼ਰ ਹੈ। ਕਰੋੜਾਂ ਅਪਰਾਧਾਂ ਦੇ ਕਰਨ ਵਾਲੇ ਉਸਦਾ ਨਾਮ ਜਪਕੇ ਪਵਿੱਤ੍ਰ ਹੋ ਜਾਂਦੇ ਹਨ। ਜੇਹੜੇ ਸੰਤਾਂ ਨਾਲ ਮਿਲਕੇ ਅੰਮ੍ਰਿਤ ਨਾਮ ਨੂੰ ਜਪਦੇ ਹਨ। ਤਿਨ੍ਹਾਂ ਦਾ ਇਕ ਤੇਰੇ ਨਾਮ ਨਾਲ ਛਲ, ਕਪਟ, ਮੋਹ ਦੂਰ ਹੋ ਜਾਂਦਾ ਹੈ। ਹੇ ਮਾਲਕ ! ਜਿਨ੍ਹਾਂਨੂੰ ਤੂੰ ਆਪ ਕਿਰਪਾ ਕਰਕੇ ਰੱਖਦਾ ਹੈਂ। ਓਹੋ ਹੀ ਪਾਤਸ਼ਾਹਾਂ ਦੇ ਸਿਰ ਦਾ ਛੱਤ੍ਰ ਹੈ ਭਾਵ ਸਿਰੋਮਣੀ ਹੈ। ਗੁਰੂ ਜੀ-ਉਸ ਵਰਗਾ ਦੂਸਰਾ ਹੋਰ ਕੋਈ ਨਹੀਂ ਹੈ।

ਸਲੋਕੁ ॥ ਫਾਹੇ ਕਾਟੇ ਮਿਟੇ ਗਵਨ ਫਤਹਿ ਭਈ ਮਨਿ ਜੀਤ ॥ ਨਾਨਕ ਗੁਰਤੇ ਥਿਤ ਪਾਈ ਫਿਰ ਨ ਮਿਟੇ ਨਿਤ ਨੀਤ ॥ ੧ ॥

ਅਵਿਦਯਾ ਕਾਮ ਆਦਿਕਾਂ ਦੇ ਬੰਧਨ ਕੱਟੇ ਗਏ, ਚੁਰਾਸੀ ਦੇ ਗੇੜੇ ਭੌਣੇ ਭੀ ਦੂਰ ਹੋਗਏ,ਫਤਹ ਹੋਗਈ,ਮਨ ਨੂੰ ਜਿਤ ਲਿਆ। ਗੁਰੂ ਜੀ-ਗੁਰੂ ਦੀ ਸੰਗਤ ਤੇ ਕਿਰਪਾ ਨਾਲ ਇਸਥਤੀ ਪਾਈ ਹੈ,ਜੇਹੜਾ ਰੋਜ਼ ਰੋਜ਼ ਚੁਰਾਸੀ ਦਾ ਫਿਰਨਾ ਸੀ,ਓਹ ਦੂਰ ਹੋ ਗਿਆ ਹੈ।

Digitized by Panjab Digital Library | www.panjabdigilib.org

ਪਉੜੀ ॥ ਫਫਾ ਫਿਰਤ ਫਿਰਤ ਤੂ ਆਇਆ ॥ ਦ੍ਰੁਲਭ ਦੇਹ ਕਲਿਜੁਗ ਮਹਿ ਪਾਇਆ ॥ ਫਿਰਿ ਇਆ ਅਉਸਰੁ ਚਰੈ ਨ ਹਾਥਾ ॥ ਨਾਮੁ ਜਪਹੁ ਤਉ ਕਟੀਅਹਿ ਫਾਸਾ ॥ ਫਿਰਿ ਫਿਰਿ ਆਵਨ ਜਾਨੁ ਨ ਹੋਈ ॥ ਏਕਹਿ ਏਕ ਜਪਹੁ ਜਪੁ ਸੋਈ ॥ ਕਰਹੁ ਕ੍ਰਿਪਾ ਪ੍ਰਭ ਕਰਨੈ ਹਾਰੇ ॥ ਮੇਲਿ ਲੇਹੁ ਨਾਨਕ ਬੇਚਾਰੇ ॥ ੩੯ ॥

(ਫੱਫਾ) ਹੇ ਜੀਵ ! ਤੂੰ ਚੁਰਾਸੀ ਤੋਂ ਭੌਂਦਾ ੨ ਮਨੁਖ ਜਨਮ ਵਿਚ ਆਇਆ ਹੈਂ । ਇਸ ਮਨੁਖ ਦੇਹ ਨੂੰ ਤੂੰ ਕਲਜੁਗ ਵਿਚ ਪਾਇਆ ਹੈ ਜੋ ਬਹੁਤ ਦੁਰਲੱਭ ਹੈ । ਇਹ ਅਮੋਲਕ ਸਮਾ ਫਿਰ ਤੇਰੇ ਹਥ ਉਤੇ ਨਹੀਂ ਚੜ੍ਹੇਗਾ ਭਾਵ ਨਹੀਂ ਮਿਲੇਗਾ। ਹੇ ਭਰਾ ! ਨਾਮ ਨੂੰ ਜਪੇਂਗਾ ਤੇ ਤਾਂ ਤੇਰਾ ਫਾਹਾ ਕੱਟਿਆ ਜਾਵੇਗਾ। ਮੁੜ ਮੁੜ ਤੇਰਾ ਆਉਣਾ ਜਾਣਾ ਨਹੀਂ ਹੋਵੇਗਾ । ਇਕ ਹੀ ਇਕ ਜੇਹੜਾ ਪ੍ਰਮੇਸ਼ਰ ਹੈ, ਉਸਦੇ ਜਪ ਨੂੰ ਜਪੋ। ਹੇ ਕਿਰਪਾ ਕਰਨ ਵਾਲਿਆ ਮਾਲਕਾ ! ਕਿਰਪਾ ਕਰ। ਗੁਰੂ ਜੀ-ਇਹਨਾਂ ਵਿਚਾਰਿਆਂ ਜੀਆਂ ਨੂੰ ਆਪਣੇ ਨਾਲ ਮੇਲ ਲੈ।

ਸਲੋਕੁ ॥ ਬਿਨਉ ਸੁਨਹੁ ਤੁਮ ਪਾਰਬ੍ਰਹਮ ਦੀਨ ਦਇਆਲ ਗੁਪਾਲ ॥ ਸੁਖ ਸੰਪੈ ਬਹੁ ਭੋਗ ਰਸ ਨਾਨਕ ਸਾਧ ਰਵਾਲ ॥ ੧ ॥

ਹੇ ਦੀਨ ਦਿਆਲੂ ਪ੍ਰਮੇਸ਼ਰ ਦੁਨੀਆਂ ਨੂੰ ਪਾਲਨ ਵਾਲਿਆ ! ਤੂੰ ਸਾਡੀ ਬੇਨਤੀ ਸੁਣ। ਜਿਤਨੇ ਸੁਖਹਨ,ਜਿਤਨੀਆਂ ਸਮੱਗਰੀਆਂ ਹਨ, ਜਿਤਨੇ ਬਹੁਤ ਸਾਰੇ ਭੋਗਾਂ ਦੇ ਸੁਆਦ ਹਨ, ਇਹ ਸਾਰੇ ਸੰਤਾਂ ਦੀ ਧੂੜੀ ਤੋਂ ਮਿਲਦੇ ਹਨ।

ਪਉੜੀ ॥ ਬਬਾ ਬ੍ਰਹਮੁ ਜਾਨਤ ਤੇ ਬ੍ਰਹਮਾ॥ ਬੈਸਨੋ ਤੇ ਗੁਰਮੁਖਿ ਸੁਚ ਧਰਮਾ ॥ ਬੀਰਾ ਆਪਨ ਬੁਰਾ ਮਿਟਾਵੈ ॥ ਤਾਹੂ ਬੁਰਾ ਨਿਕਟਿ ਨਹੀ ਆਵੈ ॥ ਬਾਧਿਓ ਆਪਨ ਹਉ ਹਉ ਬੰਧਾ॥ਦੋਸੁ ਦੇਤ ਆਗਹ ਕਉ ਅੰਧਾ॥ ਬਾਤ ਚੀਤ ਸਭ ਰਹੀਸਿਆਨਪ ॥ਜਿਸਹਿ ਜਨਾਵਹੁ ਸੋ ਜਾਨੈ ਨਾਨਕ॥੪੦॥

Digitized by Panjab Digital Library | www.panjabdigilib.org

(ਪ੍ਰਸ਼ਨੋਤ੍ਰੀ ਹੈ)

(ਬੱਬਾ) ਜੇਹੜਾ ਪ੍ਰਮੇਸ਼ਰ ਨੂੰ ਜਾਣਦਾ ਹੈ ਓਹ ਬ੍ਰਾਹਮਣ ਹੈ। ਜੇਹੜੇ ਗੁਰੂ ਦੇ ਸਾਹਮਣੇ ਰਹਿੰਦੇ ਹਨ ਤੇ ਪਵਿੱਤ੍ਰ ਹਨ। ਧਰਮ ਕਰਦੇ ਹਨ ਓਹ ਵੈਸ਼ਨਵ ਹਨ। ਹੇ ਭਰਾ ! ਜੇਹੜਾ ਆਪਣਾ ਬੁਰਾ ਸੁਭਾਵ ਗੁੱਸਾ ਆਦਿਕ ਦੂਰ ਕਰ ਦੇਂਦਾਹੈ ਓਹ ਸੂਰਮਾ ਹੈ। ਉਸ ਸੂਰਮੇ ਦੇ ਨੇੜੇ ਕਦੀ ਬੁਰਾ ਨਹੀਂ ਆਉਂਦਾ ਹੈ ਭਾਵ ਉਸਦਾ ਬੁਰਾ ਕਦੀ ਨਹੀਂ ਹੁੰਦਾ ਹੈ। ਆਪਣੇ ਹੰਕਾਰ ਵਿੱਚ ਆਪ ਹੀ ਬੰਨ੍ਹਿਆ ਹੋਇਆ ਹੈ ਭਾਵ ਜੇਹੜਾ ਆਦਮੀ ਹੰਕਾਰ ਕਰਦਾ ਹੈ ਓਹ ਬੱਧਾ ਹੋਇਆ ਹ ਮੁਕਤੀ ਨਹੀਂ ਹੈ।

ਅਤੇ ਅੰਨ੍ਹਾ ਆਦਮੀ ਅੱਗੇਨੂੰ ਦੋਸ਼ ਦੇਂਦਾਹੈ ਭਾਵ ਅਗਲਿਆਂ ਹੋਰਨਾਂ ਦੂਸਰਿਆਂ ਆਦਮੀਆਂ ਨੂੰ ਦੋਸ਼ ਦੇਂਦਾ ਹੈ ਜੋ ਅੱਗੇ ਸਾਹਮਣੇ ਆਵੇ ਉਸਨੂੰ ਬੁਰਾ ਆਖਦਾ ਹੈ। ਹੁਣ ਆਪਣੀ ਸਿਆਣਪ ਚਤਰਾਈ ਦੀ ਜੇਹੜੀ ਗੱਲ ਬਾਤ ਹੈ ਓਹ ਸਾਰੀ ਹੀ ਬਸ ਹੋਗਈ ਹੈ ਭਾਵ ਕੁਛ ਨਹੀਂ ਹੈ। ਗੁਰੂ ਜੀ–ਹੇ ਮਹਾਰਾਜ ਜੀ ! ਜਿਸ ਨੂੰ ਕਿਰਪਾ ਕਰਕੇ ਇਹ ਗਲ ਜਣਾਉਂਦੇ ਹੋ ਓਹੋ ਹੀ ਜਾਣਦਾ ਹੈ।

**ਸਲੋਕੁ ॥ ਭੈ ਭੰਜਨ ਅਘ ਦੂਖ ਨਾਸ ਮਨਹਿ ਅਰਾਧਿ ਹਰੇ॥ਸੰਤ ਸੰਗ ਜਿਹ ਰਿਦ ਬਸਿਓ ਨਾਨਕ ਤੇਨ ਭ੍ਰਮੇ॥੧॥**

ਜੇਹੜਾ ਪ੍ਰਮੇਸ਼ਰ ਸਾਰਿਆਂ ਡਰਾਂ ਦੇ ਨਾਸ ਕਰਨ ਵਾਲਾ ਹੈ। ਪਾਪਾਂ ਤੇ ਦੁੱਖਾਂ ਦੇ ਨਾਸ ਕਰਨ ਵਾਲਾ ਹੈ ਉਸਨੂੰ ਮਨ ਕਰਕੇ ਚੇਤੇ ਕਰੋ। ਗੁਰੂ ਜੀ-ਓਹ ਪ੍ਰਮੇਸ਼ਰ ਸੰਤਾਂ ਦੇ ਸੰਗ ਕਰਕੇ ਜਿਨ੍ਹਾਂ ਦੇ ਦਿਲ ਵਿੱਚ ਵੱਸਿਆ ਹੈ, ਓਹ ਫਿਰ ਚੁਰਾਸੀ ਵਿੱਚ ਨਹੀਂ ਭੌਂਦੇ ਹਨ।

**ਪਉੜੀ ॥ ਭਭਾ ਭਰਮੁ ਮਿਟਾਵਹੁ ਅਪਨਾ ॥ ਇਆ ਸੰਸਾਰੁ ਸਗਲ ਹੈ ਸੁਪਨਾ॥ ਭਰਮੇ ਸੁਰਿ ਨਰ ਦੇਵੀ ਦੇਵਾ॥ ਭਰਮੇ ਸਿਧ ਸਾਧਿਕ ਬ੍ਰਹਮੇਵਾ ॥ ਭਰਮਿ ਭਰਮਿ ਮਾਨੁਖ ਡਹਕਾਏ ॥ ਦੁਤਰ ਮਹਾ ਬਿਖਮ ਇਹ ਮਾਏ ॥ ਗੁਰਮੁਖਿ ਭ੍ਰਮ ਭੈ ਮੋਹ ਮਿਟਾਇਆ ॥ ਨਾਨਕ ਤੇਹ ਪਰਮ ਸੁਖ ਪਾਇਆ ॥ ੪੦ ॥**

(ਭਭਾ) ਹੇ ਭਰਾਓ ! ਆਪਣਾ ਭਰਮ ਦੂਰ ਕਰੋ। ਇਹ ਸਾਰਾ ਸੰਸਾਰ ਸੁਪਨਾ ਹੈ, ਭਾਵ ਇਸ ਵਿੱਚ ਕੋਈ ਨਹੀਂ ਰਿਹਾ ਹੈ।

Digitized by Panjab Digital Library | www.panjabdigilib.org

ਦੇਵੀ ਦੇਵਤੇ ਆਦਮੀ ਸਾਰੇ ਮੌਤ ਦੇ ਗੇੜੇ ਵਿੱਚ ਭੌਂਦੇ ਫਿਰਦੇ ਹਨ। ਸਿਧ, ਸਾਧਨਾ ਕਰਨ ਵਾਲੇ, ਬ੍ਰਹਮਾਂ ਆਦਿਕ ਵੀ ਭੌਂਦੇ ਫਿਰਦੇ ਹਨ। ਭੌਂ ਭੌਂ ਕੇ ਮਨੁਖ ਵੀ ਖਰਾਬ ਹੋ ਰਹੇ ਹਨ। ਇਹ ਜੇਹੜੀ ਮਾਇਆ ਹੈ, ਇਹ ਤਰਨੀ ਬਹੁਤ ਔਖੀ ਹੈ। ਗੁਰਮੁਖਾਂ ਨੇ ਭਰਮ,ਡਰ ਮੋਹ ਦੂਰ ਕੀਤਾ ਹੈ। ਗੁਰੂ ਜੀ–ਓਹਨਾਂ ਨੇ ਹੀ ਵੱਡਾ ਸੁਖ ਪਾਇਆ ਹੈ।

**ਸਲੋਕੁ ॥ ਮਾਇਆ ਡੋਲੈ ਬਹੁ ਬਿਧੀ ਮਨੁ ਲਪਟਿਓ ਤਿਹ ਸੰਗ ॥ ਮਾਗਨ ਤੇ ਜਿਹ ਤੁਮ ਰਖਹੁ ਸੁ ਨਾਨਕ ਨਾਮਹਿ ਰੰਗ ॥ ੧ ॥**

ਹੇ ਗੁਰੂ ਜੀ! ਅਸੀਂ ਤਾਂ ਬਹੁਤੀਆਂ ਰੀਤੀਆਂ ਕਰਕੇ ਮਾਇਆ ਨੂੰ ਕੱਠਿਆਂ ਕਰਨ ਵਾਸਤੇ ਭੌਂਦੇ ਫਿਰਦੇ ਹਾਂ, ਸਾਡਾ ਮਨ ਤਾਂ ਇਸ ਮਾਇਆ ਦੇ ਨਾਲ ਹੀ ਚੰਬੜਿਆ ਹੋਇਆ ਹੈ ਜਾਂ ਬਹੁਤੀਆਂ ਰੀਤੀਆਂ ਕਰਕੇ ਮਾਇਆ ਡੁਲਾ ਰਹੀ ਹੈ। ਗੁਰੂ ਜੀ--ਜਿਸ ਆਦਮੀ ਨੂੰ ਤੁਸੀਂ ਇਸ ਮਾਇਆ ਦੇ ਮੰਗਣ ਵਲੋਂ ਬਚਾ ਰਖਦੇ ਹੋ,ਉਸਦਾ ਨਾਮ ਨਾਲ ਪ੍ਰੇਮ ਹੁੰਦਾ ਹੈ।

**ਪਉੜੀ ॥ ਮੰਮਾ ਮਾਗਨ ਹਾਰ ਇਆਨਾ ॥ ਦੇਨ ਹਾਰ ਦੇ ਰਹਿਓ ਸੁਜਾਨਾ ॥ ਜੋ ਦੀਨੋ ਸੋ ਏਕਹਿ ਬਾਰ ॥ ਮਨ ਮੂਰਖ ਕਹ ਕਰਹਿ ਪੁਕਾਰ ॥ ਜਉ ਮਾਗਹਿ ਤਉ ਮਾਗਹਿ ਬੀਆ ॥ ਜਾ ਤੇ ਕੁਸਲ ਨ ਕਾਹੂ ਥੀਆ ॥ ਮਾਗਨਿ ਮਾਗ ਤ ਏਕਹਿ ਮਾਗ ॥ ਨਾਨਕ ਜਾ ਤੇ ਪਰਹਿ ਪਰਾਗ ॥ ੪੧ ॥**

(ਮੰਮਾਂ) ਮਾਇਆ ਨੂੰ ਮੰਗਣ ਵਾਲਾ ਮੂਰਖ ਹ। ਦੇਣ ਵਾਲਾ ਦਾਤਾ ਦੇ ਰਿਹਾ ਹੈ, ਓਹ ਬੜਾ ਸਿਆਣਾ ਹੈ। ਉਸਨੇ ਜੋ ਕੁਛ ਦਿਤਾ ਹੈ, ਸੋ ਇਕ ਵਾਰ ਹੀ ਦਿਤਾ ਹੈ ਭਾਵ ਰਜਾ ਦਿੱਤਾ ਹੈ। ਹੇ ਮਨ ਮੂਰਖ! ਤੂੰ ਕਿਸ ਲਈ ਪੁਕਾਰ ਕਰਦਾ ਏਂ? ਜਦੋਂ ਤੂੰ ਮੰਗਦਾ ਹੈਂ ਤਾਂ ਦ੍ਵੈਤ ਭਾਵ ਹੀ ਮੰਗਦਾ ਹੈਂ। ਜਿਸ ਦ੍ਵੈਤ ਭਾਵ ਤੋਂ ਸੁਖ ਕਿਸੇ ਨੂੰ ਨਹੀਂ ਹੋਇਆ ਹੈ ਭਾਵ ਤੂੰ ਵੀ ਓਹੋ ਹੀ ਮੰਗਦਾ ਹੈਂ। ਜੇ ਤੂੰ ਕੁਛ ਮੰਗਣਾ ਵੀ ਹੈ ਤਾਂ ਇਕ ਨਾਮ ਦਾ ਹੀ ਮੰਗਣਾ ਮੰਗ। ਗੁਰੂ ਜੀ–ਜਿਸ ਕਰਕੇ ਤੂੰ ਇਸ ਸੰਸਾਰ ਤੋਂ ਪਰਲੇ ਪਾਸੇ ਜਾ ਲੱਗੇਂ ਭਾਵ ਪਾਰ ਹੋ ਜਾਵੇਂ ਭਾਵ ਪ੍ਰਮੇਸ਼ਰ ਨੂੰ ਮਿਲ ਜਾਵੇਂ।

**ਸਲੋਕੁ ॥ ਮਤਿ ਪੂਰੀ ਪਰਧਾਨ ਤੇ ਗੁਰ ਪੂਰੇ ਮਨ**

Digitized by Panjab Digital Library | www.panjabdigilib.org

ਮੰਤ॥ਜਿਹ ਜਾਨਿਓ ਪ੍ਰਭੁ ਆਪੁਨਾ ਨਾਨਕ ਤੇ ਭਗਵੰਤ ॥੧॥

ਓਹਨਾਂ ਦੀ ਅਕਲ ਪੂਰੀ ਭਾਵ ਸਮਝ ਵਾਲੀ ਹੈ ਅਤੇ ਓਹੋ ਹੀ ਵੱਡੇ ਹਨ, ਜਿਨ੍ਹਾਂ ਨੇ ਪੂਰੇ ਗੁਰੂ ਦਾ ਉਪਦੇਸ਼ ਮਨ ਵਿਚ ਧਾਰਿਆ ਹੈ। ਗੁਰੂ ਜੀ-ਜਿਨ੍ਹਾਂ ਨੇ ਆਪਣਾ ਮਾਲਕ ਜਾਣਿਆ ਹੈ ਓਹ ਪ੍ਰਮੇਸ਼ਰ ਦਾ ਰੂਪ ਹੀ ਹਨ।

ਪਉੜੀ ॥ ਮੰਮਾ ਜਾਹੂ ਮਰਮੁ ਪਛਾਨਾ ॥ ਭੇਟਤ ਸਾਧ ਸੰਗ ਪਤੀਆਨਾ ॥ ਦੁਖ ਸੁਖ ਉਆ ਕੈ ਸਮਤ ਬੀਚਾਰਾ ॥ ਨਰਕ ਸੁਰਗ ਰਹਤ ਅਉਤਾਰਾ ॥ ਤਾਹੂ ਸੰਗ ਤਾਹੂ ਨਿਰਲੇਪਾ ॥ ਪੂਰਨ ਘਟ ਘਟ ਪੁਰਖ ਬਿਸੇਖਾ ॥ ਉਆ ਰਸ ਮਹਿ ਉਆਹੂ ਸੁਖੁ ਪਾਇਆ ॥ ਨਾਨਕ ਲਿਪਤ ਨਹੀ ਤਿਹ ਮਾਇਆ ॥ ੪੨ ॥

ਜਿਨ੍ਹਾਂ ਨੇ ਅਸਲ ਗੱਲ ਦੇ ਭੇਦ ਨੂੰ ਪਛਾਣਿਆ ਹੈ ਭਾਵ ਪ੍ਰਮੇਸ਼ਰ ਨੂੰ ਜਾਣਿਆ ਹੈ। ਓਹ ਸਾਧ ਸੰਗਤ ਨਾਲ ਮਿਲਕੇ ਨਿਸਚੇ ਵਾਲੇ ਹੋ ਗਏ ਹਨ ਭਾਵ ਓਹਨਾਂ ਦਾ ਮਨ ਮੰਨ ਗਿਆ ਹੈ। ਓਨ੍ਹਾਂ ਮਹਾਤਮਾਂ ਨੇ ਦੁਖ ਸੁਖ ਨੂੰ ਬਰਾਬਰ ਵਿਚਾਰਿਆ ਹੈ ਭਾਵ ਦੁਖ ਵਿਚ ਪ੍ਰਸੰਨ ਰਹਿੰਦੇ ਹਨ। ਨਰਕ ਸੁਰਗ ਵਿਚ ਜੇਹੜਾ ਅਵਤਾਰ ਭਾਵ ਆਦਮੀ ਦਾ ਆਉਣਾ ਹੈ, ਓਹ ਉਸਤੋਂ ਰਹਿਤ ਹੋ ਗਏ ਹਨ। ਓਨ੍ਹਾਂ ਇਸਤ੍ਰੀ ਪੁਤ੍ਰ ਆਦਕਾਂ ਦੇ ਨਾਲ ਭਾਵੇਂ ਗੁਰਮੁਖ ਰਹਿੰਦੇ ਹਨ,ਪਰ ਫਿਰ ਵੀ ਓਨ੍ਹਾਂ ਤੋਂ ਨਿਰਲੇਪ ਰਹਿੰਦੇਹਨ। ਸਾਰਿਆਂ ਵਿਚ ਪੂਰਨ ਪ੍ਰਮੇਸ਼ਰ ਹੈ, ਜੇਹੜਾ ਆਦਮੀ ਇਕੁਰ ਜਾਣਦਾ ਹੈ, ਓਹ ਵਸ਼ੇਖਾ ਭਾਵ ਬਹੁਤ ਚੰਗਾ ਹੈ। ਉਸ ਪ੍ਰਮੇਸ਼ਰ ਦੇ ਸੁਆਦ ਵਿਚ ਉਸ ਮਹਾਤਮਾਂ ਨੇ ਹੀ ਸੁਖ ਪਾਇਆ ਹੈ। ਗੁਰੂ ਜੀ-ਉਸਨੂੰ ਮਾਇਆ ਚੰਬੜਦੀ ਨਹੀਂ ਹੈ।

ਸਲੋਕੁ ॥ ਯਾਰ ਮੀਤ ਸੁਨਿ ਸਾਜਨਹੁ ਬਿਨੁ ਹਰਿ ਛੂਟਨੁ ਨਾਹਿ ॥ ਨਾਨਕ ਤਿਹ ਬੰਧਨ ਕਟੇ ਗੁਰ ਕੀ ਚਰਨੀ ਪਾਹਿ ॥ ੧ ॥

ਹੇ ਸੱਜਣੋਂ ਮਿਤ੍ਰੋ! ਸੁਣੋ,ਇਸ ਸੰਸਾਰ ਦੇ ਬੰਧਨਾਂ ਤੋਂ ਬਿਨਾਂ ਪ੍ਰਮੇਸ਼ਰ ਦੇ ਨਾਮ ਤੋਂ ਛੁਟਣਾ ਨਹੀਂ ਹੋਵੇਗਾ। ਗੁਰੂ ਜੀ-ਜੇਹੜੇ ਗੁਰੂ ਦੀ ਚਰਨੀ ਪੈਂਦੇ ਹਨ, ਓਨ੍ਹਾਂ ਦੇ ਬੰਧਨ ਕੱਟੇ ਜਾਂਦੇ ਹਨ।

Digitized by Panjab Digital Library | www.panjabdigilib.org

ਪਵੜੀ ॥ ਯਯਾ ਜਤਨ ਕਰਤ ਬਹੁ ਬਿਧੀਆ ॥ ਏਕ ਨਾਮ ਬਿਨੁ ਕਹ ਲਉ ਸਿਧੀਆ ॥ ਯਾਹੂ ਜਤਨ ਕਰਿ ਹੋਤ ਛੁਟਾਰਾ ॥ ਉਆਹੂ ਜਤਨ ਸਾਧ ਸੰਗਾਰਾ ॥ ਯਾ ਉਬਰਨ ਧਾਰੈ ਸਭੁ ਕੋਊ ॥ ਉਆਹਿ ਜਪੇ ਬਿਨੁ ਉਬਰ ਨ ਹੋਊ ॥ ਯਾਹੂ ਤਰਨ ਤਾਰਨ ਸਮਰਾਥਾ ॥ ਰਾਖਿ ਲੇਹੁ ਨਿਰਗੁਨ ਨਰ ਨਾਥਾ ॥ ਮਨ ਬਚ ਕ੍ਰਮ ਜਿਹ ਆਪਿ ਜਨਾਈ ॥ ਨਾਨਕ ਤਿਹ ਮਤ ਪ੍ਰਗਟੀ ਆਈ ॥ ੪੩ ॥

ਭਾਵੇਂ ਨਾਮ ਤੋਂ ਬਿਨ੍ਹਾਂ ਹੋਰ ਅਨੇਕਾਂ ਵਿਧੀਆਂ ਦਾ ਜਤਨ ਕਰਦੇ ਹਨ, ਪਰ ਸਫਲ ਕੋਈ ਨਹੀਂ ਹੈ। ਇਕ ਨਾਮ ਤੋਂ ਬਿਨਾਂ ਸਿਧ ਕੋਈ ਨਹੀਂ ਹੁੰਦਾ ਹੈ ਭਾਵ ਫਲ ਕੋਏ ਨਹੀਂ ਦੇਂਦਾ ਹੈ, ਕਹਲਉ = ਕਹਾਂ ਤਕ, ਕਿਥੋਂ ਤਕ ਭਾਵੇਂ ਜਤਨ ਕਰੋ। ਜਿਸ ਜਤਨ ਕਰਕੇ ਬੰਧਨਾਂ ਤੋਂ ਛੁਟਕਾਰਾ ਹੁੰਦਾ ਹੈ। ਓਹ ਜਤਨ ਸੰਤਾਂ ਪਾਸੋਂ ਮਿਲਦਾ ਹੈ, ਹੋਰ ਕਿਸੇ ਥਾਂ ਨਹੀਂ ਹੈ। ਇਸ ਸੰਸਾਰ ਤੋਂ ਤਰਨ ਵਾਸਤੇ ਹਰ ਕੋਈ ਚਾਹੁੰਦਾ ਹੈ। ਪਰ ਉਸ ਪ੍ਰਮੇਸਰ ਦੇ ਨਾਮ ਜਪਿਆਂ ਬਿਨਾਂ ਤਰਨਾ ਨਹੀਂ ਹੁੰਦਾ ਹੈ। ਹੇ ਪ੍ਰਮੇਸ਼ਰਾ! ਜਿਸਨੂੰ ਸੰਸਾਰ ਤੋਂ ਤਾਰਨ ਵਾਸਤੇ ਜਹਾਜ਼ ਰੂਪ ਹੀ ਤਕੜਾ ਹੈਂ। ਹੇ ਨਿਰਗੁਣ ਪ੍ਰਮੇਸ਼ਰਾ! ਮਨੁੱਖਾਂ ਦਿਆ ਮਾਲਕਾ! ਤੂੰ ਹੀ ਰੱਖ ਲੈਂਦਾ ਹੈਂ ਭਾਵ ਬਚਾਂਦਾ ਹੈਂ। ਜਿਸਨੂੰ ਮਨ ਬਾਣੀ ਸਰੀਰ ਕਰਕੇ ਆਪ ਜਣਾਉਂਦੇ ਹੋ ਭਾਵ ਦਸਦੇ ਹੋ। ਗੁਰੂ ਜੀ-ਉਸਦੇ ਅੰਦਰ ਚੰਗੀ ਅਕਲ ਪ੍ਰਗਟ ਹੋ ਆਈ ਹੈ।

ਸਲੋਕੁ ॥ ਰੋਸੁ ਨ ਕਾਹੂ ਸੰਗ ਕਰਹੁ ਆਪਨ ਆਪੁ ਬੀਚਾਰਿ ॥ ਹੋਇ ਨਿਮਾਨਾ ਜਗਿ ਰਹਹੁ ਨਾਨਕ ਨਦਰੀ ਪਾਰਿ ॥ ੧ ॥

ਕਿਸੇ ਦੇ ਨਾਲ ਗੁੱਸਾ ਨਾਂ ਕਰੋ, ਸਾਰਿਆਂ ਨੂੰ ਆਪਣਾ ਰੂਪ ਹੀ ਵਿਚਾਰ ਭਾਵ ਆਪਣੇ ਵਰਗਾ ਸਮਝ। ਗੁਰੂ ਜੀ-ਗਰੀਬ ਬਣਕੇ ਜਗਤ ਉਤੇ ਦਿਨ ਕੱਟ। ਪ੍ਰਮੇਸ਼ਰ ਦੀ ਕਿਰਪਾ ਨਾਲ ਪਾਰ ਹੋ ਜਾਵੇਂਗਾ।

ਪਉੜੀ ॥ ਰਾਰਾ ਰੇਨ ਹੋਤ ਸਭ ਜਾਕੀ ॥ ਤਜਿ ਅਭਿਮਾਨੁ ਛੁਟੈ ਤੇਰੀ ਬਾਕੀ ॥ ਰਣਿ ਦਰਗਹਿ ਤਉ

Digitized by Panjab Digital Library | www.panjabdigilib.org

ਸੀਝਹਿ ਭਾਈ ॥ ਜਉ ਗੁਰਮੁਖਿ ਰਾਮ ਨਾਮ ਲਿਵ ਲਾਈ॥ ਰਹਤ ਰਹਤ ਰਹਿ ਜਾਹਿ ਬਿਕਾਰਾ ॥ ਗੁਰ ਪੂਰੇ ਕੈ ਸਬਦਿ ਅਪਾਰਾ ॥ ਰਾਤੇ ਰੰਗ ਨਾਮ ਰਸ ਮਾਤੇ॥ ਨਾਨਕ ਹਰਿ ਗੁਰਿ ਕੀਨੀ ਦਾਤੇ ॥ ੪੪ ॥

ਹੇ ਭਰਾ ! ਜੇ ਤੂੰ ਸਾਰਿਆਂ ਦੇ ਚਰਨਾਂ ਦੀ ਧੂੜ ਹੋ ਜਾਵੇਂ ਤਾਂ ਹੰਕਾਰ ਨਾਸ ਹੋਵੇ। ਹੰਕਾਰ ਛੱਡ ਦੇਹ ਤੇਰੀ ਸਾਰੀ ਬਾਕੀ ਦੂਰ ਹੋ ਜਾਵੇਗੀ, ਭਾਵ ਤੇਰਾ ਜਮਾਂ ਦਾ ਕਰਜ਼ਾ ਲੱਥ ਜਾਵੇਗਾ। ਹੇ ਭਰਾ ! ਇਸ ਰਣ ਵਿਚੋਂ ਜੇ ਤੂੰ ਕਾਮ ਆਦਕ ਵੈਰੀਆਂ ਨੂੰ ਜਿੱਤੇਂਗਾ ਤਾਂ ਪ੍ਰਮੇਸ਼ਰ ਦੀ ਦਰਗਾਹ ਵਿਚ ਸੁਖ ਪਾਵੇਂਗਾ। ਜਦੋਂ ਤੂੰ ਗੁਰਾਂ ਨਾਲ ਮਿਲਕੇ ਪ੍ਰਮੇਸਰ ਦੇ ਨਾਲ ਚਿਤ ਬ੍ਰਿਤੀ ਲਾਈ ਤੇ ਰਾਮ ਨਾਮ ਜਪਿਆ ਤੇ ਤਾਂ ਹੀ ਕਾਮ ਆਦਕ ਵੈਰੀ ਮਰਨਗੇ। ਜਿਸ ੨ ਤਰ੍ਹਾਂ ਪ੍ਰਮੇਸਰ ਦੇ ਨਾਮ ਦਾ ਅਭਿਆਸ ਹੁੰਦਾ ਹੈ, ਓਸੇ ਓਸੇ ਤਰ੍ਹਾਂ ਵਿਕਾਰ ਨਾਸ ਹੋ ਜਾਂਦੇ ਹਨ। ਹੇ ਭਰਾ ਪੂਰਿਆਂ ਗੁਰੂਆਂ ਦੇ ਉਪਦੇਸ਼ ਦੀ ਮਹਿਮਾਂ ਅਪਾਰ ਹੀ ਹੈ ਭਾਵ ਬਿਅੰਤ ਹੈ।

ਜੇਹੜੇ ਗੁਰਾਂ ਦੇ ਉਪਦੇਸ਼ ਦੇ ਪ੍ਰੇਮ ਨਾਲ ਨਾਮ ਵਿਚ ਰੱਤੇ ਹਨ, ਓਹ ਨਾਮ ਦੇ ਰਸ ਨਾਲ ਹੀ ਮਸਤ ਹੋ ਗਏ ਹਨ। ਗੁਰੂ ਜੀ-ਇਹ ਨਾਮ ਦੀ ਦਾਤ ਪ੍ਰਮੇਸ਼ਰ ਸਰੂਪ ਗੁਰੂ ਨੇ ਕੀਤੀ ਹੈ।

ਸਲੋਕੁ॥ ਲਾਲਚ ਝੂਠ ਬਿਖੈ ਬਿਆਧਿ ਇਆ ਦੇਹੀ ਮਹਿ ਬਾਸ॥ ਹਰਿ ਹਰਿ ਅੰਮ੍ਰਿਤੁ ਗੁਰਮੁਖਿ ਪੀਆ ਨਾਨਕ ਸੂਖਿ ਨਿਵਾਸ॥ ੧ ॥

ਲਾਲਚ ਕਰਣਾ, ਝੂਠ ਬੋਲਣਾ, ਵਿਸ਼ਿਆਂ ਦਾ ਸੁਆਦ ਇਹ ਸਾਰੀਆਂ ਵਿਆਧੀਆਂ ਭਾਵ ਰੋਗ ਹਨ,ਇਹਨਾਂ ਸਾਰਿਆਂ ਦਾ ਇਸ ਦੇਹੀ ਵਿਚ ਵੱਸਣਾਂ ਹੈ ਭਾਵ ਸਾਰੀਆਂ ਰਸਨਾਂ ਆਦਕ ਇੰਦ੍ਰੀਆਂ ਆਪੋ ਆਪਣੇ ਸੁਆਦਾਂ ਨੂੰ ਚਾਹੁੰਦੀਆਂ ਹਨ। ਗੁਰੂ ਜੀ-ਗੁਰਮੁਖਾਂ ਨੇ ਪ੍ਰਮੇਸ਼ਰ ਦਾ ਨਾਮ ਅੰਮ੍ਰਿਤ ਪੀਤਾ ਹੈ, ਇਸ ਲਈ ਉਨ੍ਹਾਂ ਦਾ ਸੁਖ ਵਿਚ ਨਿਵਾਸ ਹੋਇਆ ਹੈ।

ਪਉੜੀ ॥ ਲਲਾ ਲਾਵਉ ਅਉਖਧ ਜਾਹੂ ॥ ਦੂਖ ਦਰਦ ਤਿਹ ਮਿਟਹਿ ਖਿਨਾਹੂ ॥ ਨਾਮ ਅਉਖਧੁ ਜਿਹ ਰਿਦੈ ਹਿਤਾਵੈ ॥ ਤਾਹਿ ਰੋਗੁ ਸੁਪਨੈ ਨਹੀ ਆਵੈ ॥ ਹਰਿ ਅਉਖਧੁ ਸਭ ਘਟ ਹੈ ਭਾਈ ॥ ਗੁਰ ਪੂਰੇ ਬਿਨੁ ਬਿਧਿ ਨ ਬਨਾਈ ॥

Digitized by Panjab Digital Library | www.panjabdigilib.org

**ਗੁਰਿ ਪੂਰੈ ਸੰਜਮੁ ਕਰਿ ਦੀਆ ॥ ਨਾਨਕ ਤਉ ਫਿਰਿ ਦੂਖ ਨ ਥੀਆ ॥ ੪੫ ॥**

(ਲੱਲਾ) ਹੇ ਗੁਰੂ ਜੀ! ਜਿਸਨੂੰ ਤੁਸੀਂ ਨਾਮ ਰੂਪ ਦਵਾਈ ਲਾਉਂਦੇ ਹੋ। ਉਸਦੇ ਦੁਖ ਦਰਦ ਛਿਨ ਵਿਚ ਨਾਸ ਹੋ ਜਾਂਦੇ ਹਨ। ਹੇ ਸਿਖ! ਇਹ ਨਾਮ ਦਵਾਈ ਜਿਸਦੇ ਦਿਲ ਵਿਚ ਚੰਗੀ ਲਗਦੀ ਹੈ। ਉਸ ਗੁਰਮੁਖ ਨੂੰ ਕਾਮ ਆਦਕ ਸੁਪਨੇ ਵਿਚ ਵੀ ਨਹੀਂ ਆਉਂਦਾ ਹੈ। ਹੇ ਭਾਈ! ਪ੍ਰਮੇਸ਼ਰਦੇ ਨਾਮ ਰੂਪਦੀਦਵਾਈ ਤਾਂ ਸਾਰਿਆਂ ਦਿਲਾਂ ਦੇ ਅੰਦਰ ਹੈ। ਪਰ ਪੂਰਿਆਂ ਗੁਰਾਂ ਬਿਨਾਂ ਨਾਮ ਜਪਣ ਦੀ ਵਿਧੀ ਨਹੀਂ ਬਣਾਈ ਜਾਂਦੀ ਹੈ, ਨਾਮ ਜਪਣ ਦੀ ਰੀਤੀ ਗੁਰੂ ਹੀ ਦਸਦੇ ਹਨ। ਪੂਰੇ ਗੁਰੂ ਨੇ ਮਨ ਆਦਕ ਇੰਦ੍ਰਿਆਂ ਦਾ ਰੋਕਣਾ ਦਸ ਦਿਤਾ ਹੈ। ਗੁਰੂ ਜੀ– ਫਿਰ ਮੁੜਕੇ ਦੁਖ ਨਹੀਂ ਹੋਇਆ ਹੈ।

**ਸਲੋਕੁ ॥ ਵਾਸੁਦੇਵ ਸਰਬਤ੍ਰ ਮੈ ਊਨ ਨ ਕਤਹੂ ਠਾਇ ॥ ਅੰਤਰਿ ਬਾਹਰਿ ਸੰਗਿ ਹੈ ਨਾਨਕ ਕਾਇ ਦੁਰਾਇ ॥ ੧ ॥**

ਪ੍ਰਮੇਸ਼ਰ ਸਾਰਿਆਂ ਵਿਚ ਹੈ, ਕੋਈ ਵੀ ਥਾਂ ਖਾਲੀ ਨਹੀਂ ਹੈ। ਸਾਰਿਆਂ ਜੀਆਂ ਦੇ ਨਾਲ ਪ੍ਰਮੇਸ਼ਰ ਅੰਦਰ ਬਾਹਰ ਨਾਲ ਰਹਿੰਦਾ ਹੈ। (ਗੁਰੂ ਜੀ) ਇਸ ਗਲ ਨੂੰ ਕੋਈ ਵੀ ਛਪਾਏ ਭਾਵ ਨਹੀਂ ਛਪਾ ਸਕਦਾ ਹੈ।

**ਪਉੜੀ ॥ ਵਵਾ ਵੈਰੁ ਨ ਕਰੀਐ ਕਾਹੂ ॥ ਘਟ ਘਟ ਅੰਤਰਿ ਬ੍ਰਹਮ ਸਮਾਹੂ ॥ ਵਾਸੁਦੇਵ ਜਲ ਥਲ ਮਹਿ ਰਵਿਆ ॥ ਗੁਰ ਪ੍ਰਸਾਦਿ ਵਿਰਲੈ ਹੀ ਗਵਿਆ ॥ ਵੈਰ ਵਿਰੋਧ ਮਿਟੇ ਤਿਹ ਮਨ ਤੇ ॥ ਹਰਿ ਕੀਰਤਨੁ ਗੁਰਮੁਖਿ ਜੋ ਸੁਨਤੇ ॥ ਵਰਨ ਚਿਹਨ ਸਗਲਹ ਤੇ ਰਹਤਾ ॥ ਨਾਨਕ ਹਰਿ ਹਰਿ ਗੁਰਮੁਖਿ ਜੋ ਕਹਤਾ ॥ ੪੬ ॥**

(ਵਵਾ) ਕਿਸੇ ਨਾਲ ਵੈਰ ਨਾਂ ਕਰੀਏ। ਸਾਰਿਆਂ ਦਿਲਾਂ ਅੰਦਰ ਪ੍ਰਮੇਸ਼ਰ ਹੈ। ਪ੍ਰਮੇਸ਼ਰ ਜਲਾਂ ਥਲਾਂ ਵਿਚ ਮਿਲਿਆ ਹੈ। ਗੁਰੂ ਦੀ ਕਿਰਪਾ ਨਾਲ ਕਿਸੇ ਵਿਰਲੇ ਨੇ ਹੀ ਉਸਨੂੰ (ਰਾਵਿਆ) ਗਾਇਆ ਭਾਵ ਬੋਲਿਆ, ਜਪਿਆ ਜਾਂ ਜਾਣਿਆ ਹੈ। ਓਨ੍ਹਾਂ ਗੁਰਮੁਖਾਂ

Digitized by Panjab Digital Library | www.panjabdigilib.org

ਦੇ ਮਨ ਤੋਂ ਵੈਰ ਵਿਰੋਧ ਦੂਰ ਹੋ ਗਏ ਹਨ। ਜੇਹੜਾ ਗੁਰਮੁਖ ਪ੍ਰਮੇਸ਼ਰ ਦੇ ਨਾਮ ਕੀਰਤਨ ਸੁਣਦੇ ਹਨ। ਗੁਰੂ ਜੀ-ਜੇਹੜਾ ਗੁਰਮੁਖ ਪ੍ਰਮੇਸ਼ਰ ਦੇ ਨਾਮ ਨੂੰ ਜਪਦਾ ਹੈ। ਓਹ ਸਾਰਿਆਂ ਬ੍ਰਾਹਮਣ ਆਦਕ ਵਰਨਾਂ ਤੋਂ ਚਿਹਨ = ਤਿਲਕ ਛਾਪਿਆਂ ਤੋਂ ਰਹਿਤ ਹੈ, ਭਾਵ ਵਖਰਾ ਹੈ।

**ਸਲੋਕੁ॥ ਹਉ ਹਉ ਕਰਤ ਬਿਹਾਨੀਆ ਸਾਕਤ ਮੁਗਧ ਅਜਾਨ॥ ੜੜਕਿ ਮੁਏ ਜਿਉ ਤ੍ਰਿਖਾਵੰਤ ਨਾਨਕ ਕਿਰਤਿ ਕਮਾਨ॥ ੧॥**

ਹੇ ਸਿਖ! ਬਹੁਤ ਮੂਰਖ ਮਾਇਆ ਦੇ ਉਪਾਸ਼ਕ ਆਦਕ ਦੀ ਉਮਰ ਹੰਕਾਰ ਕਰਦਿਆਂ ੨ ਬੀਤ ਗਈ ਹੈ। ਜਿਸਤਰ੍ਹਾਂ ਕੋਈ ਬਹੁਤ ਤਿਹਾਇਆ ਜੰਗਲ ਵਿਚ ਆਪਣੇ ਦੰਦ ਨਿਪੀੜ ੨ ਕੇ ਮਰ ਜਾਂਦਾ ਹੈ। (ਇਕੁਰ ਹੀ ਗੁਰੂ ਜੀ ਆਖਦੇ ਹਨ) ਕਿ ਓਹ ਸਾਕਤ ਮਰ ਗਏ ਹਨ ਜੋ ਆਪਣਾ ਓਨ੍ਹਾਂ ਦਾ ਕੰਮ ਕਮਾਣਾ ਸੀ, ਓਹ ਓਨ੍ਹਾਂ ਕਮਾਇਆ ਭਾਵ ਪਾਪ ਕੀਤਾ ਤੇ ਪਾਪ ਦਾ ਫਲ ਭੋਗਿਆ।

**ਪਉੜੀ॥ ੜਾੜਾ ੜਾੜਿ ਮਿਟੈ ਸੰਗਿ ਸਾਧੂ॥ ਕਰਮ ਧਰਮ ਤਤੁ ਨਾਮ ਅਰਾਧੂ॥ ਰੂੜੋ ਜੇਹ ਬਸਿਓ ਰਿਦ ਮਾਹੀ॥ ਉਆ ਕੀ ੜਾੜਿ ਮਿਟਤ ਬਿਨਸਾਹੀ॥ ੜਾੜਿ ਕਰਤ ਸਾਕਤ ਗਾਵਾਰਾ॥ ਜੇਹ ਹੀਐ ਅਹੰਬੁਧਿ ਬਿਕਾਰਾ॥ ੜਾੜਾ ਗੁਰਮੁਖਿ ੜਾੜਿ ਮਿਟਾਈ॥ ਨਿਮਖ ਮਾਹਿ ਨਾਨਕ ਸਮਝਾਈ॥ ੪੭॥**

ਜੇਹੜਾ ਸਾਧੂਆਂ ਦਾ ਸੰਗ ਕਰਦਾ ਹੈ, ਉਸਦੇ ਲੜਾਈਆਂ ਝਗੜੇ, ਝਖਾਂ ਮਾਰਨੀਆਂ ਇਹ ਸਾਰੇ ਹੀ ਕੰਮ ਦੂਰ ਹੋ ਜਾਂਦੇ ਹਨ। ਸਾਰਿਆਂ ਕਰਮਾਂ ਧਰਮਾਂ ਦਾ ਸਿੱਟਾ ਪ੍ਰਮੇਸ਼ਰ ਦਾ ਨਾਮ ਜਪਣਾ ਹੈ। ਸੁੰਦਰ ਮੂਰਤੀ ਵਾਲਾ ਪ੍ਰਮੇਸ਼ਰ ਜਿਸਦੇ ਮਨ ਅੰਦਰ ਵਸਿਆ ਹੈ। ਉਸ ਦੇ ਲੜਾਈ ਝਗੜੇ ਸਾਰੇ ਹੀ ਨਾਸ ਹੋ ਜਾਂਦੇ ਹਨ। ਹੇ ਭਰਾ! ਸਾਕਤ ਮੂਰਖ ਆਦਮੀ ਲੜਾਈਆਂ ਝਗੜੇ ਕਰਦਾ ਹੈ। ਜਿਸਦੇ ਦਿਲ ਅੰਦਰ ਹੰਕਾਰ ਵਾਲੀ ਅਕਲ ਤੇ ਕਾਮ ਆਦਕ ਵਿਕਾਰ ਹਨ। ਜਿਸ ਗੁਰਮੁਖ ਨੇ ਆਪਣੇ ਦਿਲ ਤੋਂ ਲੜਾਈ ਮਿਟਾਈ ਹੈ। ਗੁਰੂ ਜੀ-ਇਕ ਨਿਮਖ ਵਿਚ ਉਸਨੂੰ ਪ੍ਰਮੇਸ਼ਰ ਦੇ ਮਿਲਨ ਦੀ ਸਮਝ ਆ ਗਈ ਹੈ।

Digitized by Panjab Digital Library | www.panjabdigilib.org

ਸਲੋਕੁ ॥ ਸਾਧੂ ਕੀ ਮਨ ਓਟ ਗਹੁ ਉਕਤਿ ਸਿਆਨਪ ਤਿਆਗੁ ॥ ਗੁਰ ਦੀਖਿਆ ਜਿਹ ਮਨਿ ਬਸੈ ਨਾਨਕ ਮਸਤਕਿ ਭਾਗੁ ॥ ੧ ॥

ਹੇ ਮਨ! ਸੰਤਾਂ ਦੀ ਓਟ ਫੜ, ਆਪਣੀ ਉਕਤੀ ਸਿਆਣਪ ਛੱਡ ਦੇਹ। ਗੁਰੂ ਜੀ- ਜਿਸਦੇ ਮਨ ਵਿਚ ਗੁਰ ਦੀ ਸਿਖਿਆ ਵਸਦੀ ਹੈ, ਉਸਦੇ ਮੱਥੇ ਦੇ ਭਾਗ ਚੰਗੇ ਹਨ।

ਪਉੜੀ ॥ ਸਸਾ ਸਰਨਿ ਪਰੇ ਅਬ ਹਾਰੇ ॥ ਸਾਸਤ੍ਰ ਸਿਮ੍ਰਿਤਿ ਬੇਦ ਪੂਕਾਰੇ ॥ ਸੋਧਤ ਸੋਧਤ ਸੋਧਿ ਬੀਚਾਰਾ ॥ ਬਿਨੁ ਹਰਿ ਭਜਨ ਨਹੀ ਛੁਟਕਾਰਾ ॥ ਸਾਸਿ ਸਾਸਿ ਹਮ ਭੂਲਨਹਾਰੇ ॥ ਤੁਮ ਸਮਰਥ ਅਗਨਤ ਅਪਾਰੇ ॥ ਸਰਨਿ ਪਰੇ ਕੀ ਰਾਖੁ ਦਇਆਲਾ ॥ ਨਾਨਕ ਤੁਮਰੇ ਬਾਲ ਗੁਪਾਲਾ ॥ ੪੯ ॥

ਹੇ ਗੁਰੂ ਜੀ ! ਅਸੀਂ ਹਾਰਕੇ ਆਪ ਦੀ ਸ਼ਰਨ ਆ ਪਏ ਹਾਂ। ਸਾਰੇ ਸਾਸਤ੍ਰ ਸਿੰਮ੍ਰਿਤੀਆਂ ਵੇਦ ਵੀ ਏਹੋ ਹੀ ਪੁਕਾਰਦੇ ਹਨ। ਸੋਧਦਿਆਂ ੨ ਸੋਧ ਕੇ ਏਹੋ ਹੀ ਵਿਚਾਰਿਆ ਹੈ। ਪ੍ਰਮੇਸ਼ਰ ਦੇ ਭਜਨ ਤੋਂ ਬਿਨਾਂ ਛੁਟਕਾਰਾ ਨਹੀਂ ਹੈ। ਹੇ ਮਾਲਕ ! ਅਸੀਂ ਸਾਸ ਸਾਸ ਭੁਲਣ ਵਾਲੇ ਹਾਂ। ਤੁਸੀ ਅਣਗਿਣਤ ਅਪਾਰ ਸਮਰਥ ਭਾਵ ਬਖਸ਼ਣ ਜੋਗ ਹੋ। ਹੇ ਗੁਰੂ ਦਿਆਲੂ ! ਤੁਸੀ ਸ਼ਰਨ ਪਏ ਦੀ ਲੱਜਿਆ ਰੱਖੋ। ਗੁਰੂ ਜੀ–ਅਸੀ ਆਪਦੇ ਨਿਕੇ ਜਿਹੇ ਬਾਲਕ ਹਾਂ।

ਸਲੋਕੁ ॥ ਖੁਦੀ ਮਿਟੀ ਤਬ ਸੁਖ ਭਏ ਮਨ ਤਨ ਭਏ ਅਰੋਗ ॥ ਨਾਨਕ ਦ੍ਰਿਸਟੀ ਆਇਆ ਉਸਤਤਿ ਕਰਨੈ ਜੋਗੁ ॥ ੧ ॥

ਜਦੋਂ ਦੇਹ ਦੀ ਹੰਕਾਰ ਵਾਲੀ ਅਕਲ ਦੂਰ ਹੋ ਗਈ ਤਾਂ ਅਸੀ ਸੁਖੀ ਹੋ ਗਏ ਅਤੇ ਮਨ ਤਨ ਵੀ ਅਰੋਗ ਹੋ ਗਿਆ। ਗੁਰੂ ਜੀ–ਜੇਹੜਾ ਪ੍ਰਮੇਸ਼ਰ ਉਸਤਤ ਕਰਨ ਦੇ ਜੋਗ ਹੈ, ਉਹ ਨਜ਼ਰ ਆ ਗਿਆ।

ਪਉੜੀ ॥ ਖਖਾ ਖਰਾ ਸਰਾਹਉ ਤਾਹੂ ॥ ਜੋ ਖਿਨ ਮਹਿ ਊਨੇ ਸੁਭਰ ਭਰਾਹੂ ॥ ਖਰਾ ਨਿਮਾਨਾ ਹੋਤ ਪਰਾਨੀ ॥ ਅਨ

Digitized by Panjab Digital Library | www.panjabdigilib.org

ਦਿਨੁ ਜਾਪੈ ਪ੍ਰਭ ਨਿਰਬਾਨੀ ॥ ਭਾਵੈ ਖਸਮ ਤ ਉਆ ਸੁਖੁ ਦੇਤਾ ॥ ਪਾਰਬ੍ਰਹਮੁ ਐਸੋ ਆਗਨਤਾ ॥ ਅਸੰਖ ਖਤੇ ਖਿਨ ਬਖਸਨ ਹਾਰਾ ॥ ਨਾਨਕ ਸਾਹਿਬ ਸਦਾ ਦਇਆਰਾ ॥੪੯॥

ਹੇ ਸਿਖ ! ਉਸ ਪ੍ਰਮੇਸ਼ਰ ਨੂੰ ਚੰਗੀ ਤਰ੍ਹਾਂ ਸਲਾਹੋ। ਜੇਹੜਾ ਛਿਨ ਵਿਚ ਖਾਲੀਆਂ ਨੂੰ ਬਹੁਤ ਭਰ ਦੇਂਦਾ ਹੈ। ਜੇਹੜਾ ਆਦਮੀ ਬਹੁਤ ਹੀ ਨਿਮਾਣਾ ਹੁੰਦਾ ਹੈ। ਓਹ ਸੁਖ ਦੁਖ ਤੋਂ ਰਹਿਤ ਪ੍ਰਮੇਸਰ ਨੂੰ ਰਾਤ ਦਿਨੇ ਜਪਦਾ ਹੈ। ਜਦੋਂ ਓਹ ਆਪਣੇ ਮਾਲਕ ਨੂੰ ਚੰਗਾ ਲਗਦਾ ਹੈ ਤਾਂ ਉਸਨੂੰ ਪ੍ਰਮੇਸ਼ਰ ਬਹੁਤ ਸੁਖ ਦੇਂਦਾ ਹੈ। ਕੇਹੜਾ ਮਾਲਕ, ਜੇਹੜਾ ਪਰੇ ਰਹਿਣ ਵਾਲਾ ਤੇ ਸਾਰ ਮਿਲਿਆ ਹੋਇਆ ਹੈ ਅਤੇ ਅਣਗਿਣਤ ਹੈ, ਉਸਦੀ ਗਿਣਤੀ ਕੋਈ ਨਹੀਂ ਕਰ ਸਕਦਾ ਹੈ। ਅਨੇਕਾਂ ਗੁਨਾਹ ਇਕ ਛਿਨ ਵਿਚ ਬਖਸ਼ਣ ਵਾਲਾ ਹੈ। ਗੁਰੂ ਜੀ-ਮਾਲਕ ਸਦਾ ਹੀ ਦਿਆਲੂ ਹੈ।

ਸਲੋਕੁ ॥ ਸਤਿ ਕਹਉ ਸੁਨਿ ਮਨ ਮੇਰੇ ਸਰਨਿ ਪਰਹੁ ਹਰਿ ਰਾਇ ॥ ਉਕਤਿ ਸਿਆਨਪ ਸਗਲ ਤਿਆਗਿ ਨਾਨਕ ਲਏ ਸਮਾਇ ॥ ੧ ॥

ਹੇ ਮੇਰੇ ਮਨ ! ਸੁਣ,ਮੈਂ ਤੈਨੂੰ ਸੱਚ ਆਖਦਾ ਹਾਂ,ਤੂੰ ਪ੍ਰਮੇਸ਼ਰਦੀ ਸ਼ਰਨ ਪਓ। ਗੁਰੂ ਜੀ--ਤੂੰ ਆਪਣੀਆਂ ਸਾਰੀਆਂ ਚਤੁਰਾਈਆਂ ਛੱਡ ਹ ਪ੍ਰਮੇਸ਼ਰ ਤੈਨੂੰ ਆਪਣੇ ਨਾਲ ਮਿਲਾ ਲਏਗਾ।

ਪਉੜੀ ॥ ਸਸਾ ਸਿਆਨਪ ਛਾਡੁ ਇਆਨਾ ॥ ਹਿਕਮਤਿ ਹੁਕਮਿ ਨ ਪ੍ਰਭੁ ਪਤੀਆਨਾ ॥ ਸਹਸ ਭਾਤਿ ਕਰਹਿ ਚਤੁਰਾਈ ॥ ਸੰਗਿ ਤੁਹਾਰੈ ਏਕ ਨ ਜਾਈ ॥ ਸੋਊ ਸੋਊ ਜਪਿ ਦਿਨ ਰਾਤੀ ॥ ਰੇ ਜੀਅ ਚਲੈ ਤੁਹਾਰੈ ਸਾਥੀ ॥ ਸਾਧ ਸੇਵਾ ਲਾਵੈ ਜਿਹ ਆਪੈ ॥ ਨਾਨਕ ਤਾਕਉ ਦੂਖੁ ਨ ਬਿਆਪੈ ॥ ੫੦ ॥

ਹੇ ਮੂਰਖ ! ਸਾਰੀ ਚਤੁਰਾਈ ਛੱਡ ਦੇਹ। ਚਤੁਰਾਈ ਤੇ ਹੁਕਮ ਕਰਨ ਨਾਲ ਮਾਲਕ ਨਹੀਂ ਖੁਸ਼ੀ ਹੁੰਦਾ ਹੈ। ਤੂੰ ਭਾਵੇਂ ਹਜ਼ਾਰਾਂ ਤਰ੍ਹਾਂ ਕਰਕੇ ਚਤੁਰਾਈ ਕਰੇਂ। ਪਰ ਅੰਤ ਨੂੰ ਤੇਰੇ ਨਾਲ ਇਕ ਵੀ ਨਹੀਂ ਜਾਵੇਗੀ। ਉਸ ਪ੍ਰਮੇਸ਼ਰ ਨੂੰ ਦਿਨੇ ਰਾਤ ਜਪ। ਹੇ ਜੀਅ ! ਇਹ ਪ੍ਰਮੇਸ਼ਰ ਦਾ ਨਾਮ ਜਪਣਾ ਹੀ ਤੇਰੇ ਨਾਲ ਚੱਲੇਗਾ। ਜਿਸਨੂੰ ਪ੍ਰਮੇਸ਼ਰ

Digitized by Panjab Digital Library | www.panjabdigilib.org

ਆਪ ਹੀ ਸੰਤਾਂ ਦੀ ਸੇਵਾ ਵਿਚ ਲਾਉਂਦਾ ਹੈ। ਗੁਰੂ ਜੀ--ਉਸਨੂੰ ਕੋਈ ਦੁਖ ਨਹੀਂ ਛੋਹ ਸਕਦਾ ਹੈ।

**ਸਲੋਕੁ ॥ ਹਰਿ ਹਰਿ ਮੁਖ ਤੇ ਬੋਲਨਾ ਮਨਿ ਵੂਠੈ ਸੁਖੁ ਹੋਇ ॥ ਨਾਨਕ ਸਭ ਮਹਿ ਰਵਿ ਰਹਿਆ ਥਾਨ ਥਨੰਤਰਿ ਸੋਇ ॥ ੧ ॥**

ਮੂੰਹ ਤੋਂ ਪ੍ਰਮੇਸ਼ਰ ਦੇ ਨਾਮ ਦਾ ਬੋਲਣਾ ਹੋਵੇ ਤੇ ਮਨ ਵਿਚ ਵੀ ਸਦਾ ਪ੍ਰਮੇਸ਼ਰ ਦਾ ਨਾਮ ਵੱਸੇ ਤਾਂ ਸੁਖ ਹੁੰਦਾ ਹੈ। ਓਹ ਭਗਤ ਇਕੁਰ ਸਮਝਦਾ ਹੈ ਕਿ ਜੇਹੜਾ ਪ੍ਰਮੇਸ਼ਰ ਸਾਰਿਆਂ ਵਿਚ ਮਿਲਿਆ ਜੁਲਿਆ ਹੈ,ਓਹੋ ਹੀ ਸਾਰਿਆਂ ਥਾਨਾਂ ਦੇ ਅੰਦਰ ਹੈ।

**ਪਉੜੀ ॥ ਹੇਰਉ ਘਟਿ ਘਟਿ ਸਗਲ ਕੈ ਪੂਰਿ ਰਹੇ ਭਗਵਾਨ ॥ ਹੋਵਤ ਆਏ ਸਦ ਸਦੀਵ ਦੁਖ ਭੰਜਨ ਗੁਰ ਗਿਆਨ ॥ ਹਉ ਛੁਟਕੈ ਹੋਇ ਅਨੰਦੁ ਤਿਹ ਹਉ ਨਾਹੀ ਤਹ ਆਪਿ ॥ ਹਤੇ ਦੂਖ ਜਨਮਹ ਮਰਨ ਸੰਤ ਸੰਗ ਪਰਤਾਪ ॥ ਹਿਤ ਕਰਿ ਨਾਮ ਦ੍ਰਿੜੈ ਦਇਆਲਾ ॥ ਸੰਤਹ ਸੰਗਿ ਹੋਤਿ ਕਿਰਪਾਲਾ ॥ ਓਰੈ ਕਛੂ ਨ ਕਿਨਹੂ ਕੀਆ ॥ ਨਾਨਕ ਸਭੁ ਕਛੁ ਪ੍ਰਭ ਤੇ ਹੂਆ ॥ ੫੧ ॥**

ਸਾਰਿਆਂ ਆਦਮੀਆਂ ਦੇ ਦਿਲਾਂ ਅੰਦਰ ਪ੍ਰਮੇਸਰ ਪੂਰਨ ਹੋਇਆ ੨ ਹੈ। ਪ੍ਰਮੇਸ਼ਰ ਤਾਂ ਸਦਾ ਹੀ ਹੁੰਦਾ ਆਇਆ ਹੈ, ਭਾਵ ਸਦਾ ਰਹਿਣ ਵਾਲਾ ਹੈ, ਦੁਖਾਂ ਦੇ ਨਾਸ ਕਰਨ ਵਾਲਾ ਹੈ ਅਤੇ ਸਾਰਿਆਂ ਦਾ ਗੁਰੂ = ਵੱਡਾ ਹੈ ਜਾਂ ਪੂਜਨੀਕ ਹੈ ਜਾਂ ਸਾਰਿਆਂ ਗਿਆਨਾਂ ਤੋਂ ਇਹ ਗਿਆਨ ਚੰਗਾ ਹੈ ਜਾਂ ਗੁਰਾਂ ਦੁਆਰੇ ਇਹ ਗਿਆਨ ਹੁੰਦਾ ਹੈ। ਜਦੋਂ ਇਸ ਆਦਮੀ ਦੇ ਅੰਦਰੋਂ ਹੰਗਤਾ ਛੁਟ ਜਾਂਦੀ ਹੈ ਤੇ ਤਾਂ ਇਸਨੂੰ ਅਨੰਦ ਹੁੰਦਾ ਹੈ,ਜਿਸਦੇ ਅੰਦਰ ਹੰਗਤਾ ਨਹੀਂ ਉਸਦੇ ਅੰਦਰ ਆਪ ਪ੍ਰਮੇਸਰ ਹੈ। ਜਿਸਦੇ ਅੰਦਰ ਆਪ ਪ੍ਰਮੇਸਰ ਹੈ ਉਸਦੇ ਜਨਮ ਮਰਨ ਦੂਰ ਹੋ ਜਾਂਦੇ ਹਨ,ਪਰ ਇਹ ਗੱਲ ਸੰਤਾਂ ਦੇ ਸੰਗ ਕਰਕੇ ਪ੍ਰਾਪਤ ਹੁੰਦੀ ਹੈ। ਹਿਤ ਨਾਲ ਦਿਆਲੂ ਦਾ ਨਾਮ ਪੱਕਾ ਕਰੇ ਭਾਵ ਜਪੇ। ਸੰਤਾਂ ਦਾ ਸੰਗ ਕਰਨ ਨਾਲ ਪ੍ਰਮੇਸਰ ਕ੍ਰਿਪਾਲੂ ਹੁੰਦਾ ਹੈ। ਪ੍ਰਮੇਸਰ ਤੋਂ ਉਰੇ ਕੋਈ ਕੁਛ ਕਰਨ ਵਾਲਾ ਨਹੀਂ ਹੈ ਭਾਵ ਪ੍ਰਮੇਸਰ ਤੋਂ ਬਿਨਾਂ ਕੋਈ ਆਦਮੀ ਕੁਛ ਪਦਾਰਥ ਕੱਠਾ ਨਹੀਂ ਕਰ ਸਕਦਾ

Digitized by Panjab Digital Library | www.panjabdigilib.org

ਹੈ ਜਾਂ ਕੋਈ ਕੁਛ ਕਰ ਹੀ ਨਹੀਂ ਸਕਦਾ ਹੈ। ਸਾਰੇ ਸੰਸਾਰ ਦਾ ਖਲਾਰ ਪ੍ਰਮੇਸਰ ਤੋਂ ਹੀ ਹੋਇਆ ਹੈ, ਇਹ ਗੁਰੂ ਜੀ ਆਖਦੇ ਹਨ।

**ਸਲੋਕੁ ॥ ਲੇਖੈ ਕਤਹਿ ਨ ਛੂਟੀਐ ਖਿਨੁ ਖਿਨੁ ਭੂਲਨਹਾਰ ॥ ਬਖਸਨ ਹਾਰ ਬਖਸਿ ਲੈ ਨਾਨਕ ਪਾਰਿ ਉਤਾਰ ॥ ੧ ॥**

ਆਪਣਿਆਂ ਕੰਮਾਂ ਦੇ ਲੇਖੇ ਕਰਕੇ ਤਾਂ ਕਦੀ ਵੀ ਨਹੀਂ ਛੁਟੀਦਾ ਹੈ, ਕਿਉਂਕਿ ਅਸੀਂ ਤਾਂ ਪਲ ਪਲ ਭੁਲਣ ਵਾਲੇ ਜੀਵ ਹਾਂ। ਗੁਰੂ ਜੀ ਆਖਦੇ ਹਨ ਜੇ ਬਖਸ਼ਣ ਵਾਲਾ ਆਪ ਬਖਸ਼ ਲਏ ਤੇ ਤਾਂ ਪਾਰ ਉਤਾਰਾ ਹੁੰਦਾ ਹੈ।

**ਪਉੜੀ ॥ ਲੂਣ ਹਰਾਮੀ ਗੁਨਹਗਾਰ ਬੇਗਾਨਾ ਅਲਪ ਮਤਿ ॥ ਜੀਉ ਪਿੰਡੁ ਜਿਨਿ ਸੁਖ ਦੀਏ ਤਾਹਿ ਨ ਜਾਨਤ ਤਤ ॥ ਲਾਹਾ ਮਾਇਆ ਕਾਰਨੇ ਦਹਦਿਸਿ ਢੂਢਨ ਜਾਇ ॥ ਦੇਵਨ ਹਾਰ ਦਾਤਾਰ ਪ੍ਰਭ ਨਿਮਖ ਨ ਮਨਹਿ ਬਸਾਇ ॥ ਲਾਲਚ ਝੂਠ ਬਿਕਾਰ ਮੋਹ ਇਆ ਸੰਪੈ ਮਨ ਮਾਹਿ ॥ ਲੰਪਟ ਚੋਰ ਨਿੰਦਕ ਮਹਾ ਤਿਨਹੂ ਸੰਗਿ ਬਿਹਾਇ ॥ ਤੁਧੁ ਭਾਵੈ ਤਾ ਬਖਸਿ ਲੈਹਿ ਖੋਟੇ ਸੰਗ੍ਰਿ ਖਰੇ ॥ ਨਾਨਕ ਭਾਵੈ ਪਾਰਬ੍ਰਹਮ ਪਾਹਨ ਨੀਰਿ ਤਰੇ ॥ ੫੨ ॥**

ਇਹ ਆਦਮੀ ਤਾਂ ਲੂਣ ਹਰਾਮੀ ਤੇ ਗੁਨਾਹਗਾਰ ਹੈ ਤੇ ਬੇਗਾਨਾ = ਬਿਨਾਂ ਗਿਆਨ ਤੋਂ ਹੋਇਆ ਹੋਇਆ ਕਿਸੇ ਦਾ ਬਣਿਆ ਹੋਇਆ ਹੈ ਅਤੇ ਥੋੜੀ ਅਕਲ ਵਾਲਾ ਹੈ। ਜਿਸ ਪ੍ਰਮੇਸ਼ਰ ਨੇ ਜੀਅ ਸਰੀਰ ਤੇ ਸਰੀਰ ਨੂੰ ਪ੍ਰਾਣ ਇਕੁਰ ਦੇ ਹੋਰ ਅਨੇਕਾਂਸੁਖਦਾਈ ਪਦਾਰਥ ਦਿਤੇ ਹਨ,ਉਸ ਤਤ = ਅਸਲ ਰੂਪ ਨੂੰ ਨਹੀਂ ਜਾਣਦਾ ਹੈ ਮਾਇਆ ਦੇ ਲਾਭ ਵਾਸਤੇ ਦਸਾਂ ਪਾਸਿਆਂ ਵਲ ਲਭਣ ਜਾਂਦਾ ਹੈ ਭਾਵ ਮਾਇਆ ਨੂੰ ਲਭਦਾ ਹੈ। ਜੇਹੜਾ ਦੇਣ ਵਾਲਾ ਦਾਤਾ ਹੈ ਉਸਨੂੰ ਇਹ ਮਨ ਪਲ ਭਰ ਵੀ ਦਿਲ ਵਿਚ ਨਹੀਂ ਵਸਾਂਦਾ ਹੈ। ਲਾਲਚ, ਝੂਠ, ਵਿਕਾਰ, ਮੋਹ, ਇਸ ਸਮੱਗਰੀ ਦਾ ਇਸਦੇ ਮਨ ਵਿਚ ਅਕੱਠ ਹੈ। ਵਿਸ਼ਿਆਂ ਵਿਚ ਚੰਬੜੇ ਹੋਏ,ਚੋਰ ਅਤੇ ਬਹੁਤ ਨਿੰਦਿਆ ਕਰਨ ਵਾਲੇ ਇਹਨਾਂ ਦੇ ਨਾਲ ਹੀ ਇਸਦੀ ਸਾਰ ਉਮਰ ਬੀਤਦੀ ਹੈ। ਹੇ ਪ੍ਰਮੇਸਰ! ਜੇ ਤੈਨੂੰ ਭਾ ਜਾਵੇ ਤੇ ਤਾਂ ਤੂੰ ਛੇਤੀ ਹੀ ਬਖਸ਼

Digitized by Panjab Digital Library | www.panjabdigilib.org

ਲੈਂਦਾ ਹੈਂ, ਬੜੇ ਮਾੜੇ ਆਦਮੀ ਵੀ ਤੇਰੇ ਨਾਲ ਲਗ ਕੇ ਚੰਗੇ ਹੋ ਜਾਂਦੇ ਹਨ।

ਗੁਰੂ ਜੀ-ਜੇ ਪ੍ਰਮੇਸ਼ਰ ਨੂੰ ਚੰਗਾ ਲਗ ਜਾਵੇ ਤਾਂ ਪੱਥਰ ਵੀ ਪਾਣੀ ਉਤੇ ਤਰ ਪੈਂਦੇ ਹਨ।

**ਸਲੋਕੁ ॥ ਖਾਤ ਪੀਤ ਖੇਲਤ ਹਸਤ ਭਰਮੇ ਜਨਮ ਅਨੇਕ ॥ ਭਵਜਲ ਤੇ ਕਾਢਹੁ ਪ੍ਰਭੂ ਨਾਨਕ ਤੇਰੀ ਟੇਕ ॥੧॥**

ਅਸੀਂ ਖਾਂਦੇ, ਪੀਂਦੇ, ਖੇਡਦੇ, ਹਸਦੇ, ਅਨੇਕਾਂ ਜਨਮਾਂ ਵਿਚ ਭੌਂਦੇ ਫਿਰੇ ਹਾਂ। ਹੇ "ਨਾਨਕ" ਗੁਰੂ ਜੀ ਸਾਨੂੰ ਤਾਂ ਤੇਰੀ ਹੀ ਓਟ ਹੈ, ਇਸ ਸੰਸਾਰ ਸਮੁੰਦਰ ਤੋਂ ਕੱਢ ਲਓ।

**ਪਉੜੀ ॥ ਖੇਲਤ ਖੇਲਤ ਆਇਓ ਅਨਿਕ ਜੋਨਿ ਦੁਖ ਪਾਇ ॥ ਖੇਦ ਮਿਟੇ ਸਾਧੂ ਮਿਲਤ ਸਤਿਗੁਰ ਬਚਨ ਸਮਾਇ ॥ ਖਿਮਾ ਗਹੀ ਸਚੁ ਸੰਚਿਓ ਖਾਇਓ ਅੰਮ੍ਰਿਤੁ ਨਾਮ ॥ ਖਰੀ ਕ੍ਰਿਪਾ ਠਾਕੁਰ ਭਈ ਅਨਦ ਸੂਖ ਬਿਸ੍ਰਾਮ ॥ ਖੇਪ ਨਿਬਾਹੀ ਬਹੁਤੁ ਲਾਭ ਘਰਿ ਆਏ ਪਤਿਵੰਤ ॥ ਖਰਾ ਦਿਲਾਸਾ ਗੁਰਿ ਦੀਆ ਆਇ ਮਿਲੇ ਭਗਵੰਤ ॥ ਆਪਨ ਕੀਆ ਕਰਹਿ ਆਪਿ ਆਗੈ ਪਾਛੈ ਆਪਿ ॥ ਨਾਨਕ ਸੋਊ ਸਰਾਹੀਐ ਜਿ ਘਟਿ ਘਟਿ ਰਹਿਆ ਬਿਆਪਿ ॥ ੫੩ ॥**

ਅਨੇਕਾਂ ਦੁਨੀਆਂ ਵਿਚ ਖੇਡਦਾ ੨ ਭੋਗਾਂ ਨੂੰ ਭੋਗਦਾ ਹੋਇਆ ਅਨੇਕਾਂ ਦੁਖ ਪਾਕੇ ਇਸ ਮਨੁੱਖਾ ਜਨਮ ਵਿਚ ਆਇਆ ਹਾਂ। ਸਾਧੂਆਂ ਦੇ ਨਾਲ ਮਿਲਕੇ ਦੁਖ ਦੂਰ ਹੋ ਗਏ ਹਨ,ਕਿਉਂਕਿ ਗੁਰਾਂ ਦੇ ਬਚਨਾਂ ਵਿਚ ਸਮਾ ਰਿਹਾ ਹਾਂ ਜਾਂ ਗੁਰ ਉਪਦੇਸ਼ ਸੁਣਕੇ ਪ੍ਰਮੇਸਰ ਨਾਲ ਮਿਲ ਰਿਹਾ ਹਾਂ।

ਓਹ ਜੇਹੜੇ ਸਾਧਨ ਹਨ ਜਿਨ੍ਹਾਂ ਕਰਕੇ ਪ੍ਰਮੇਸਰ ਵਿਚ ਸਮਾਇਆ ਹਾਂ। ਇਕ ਖਿਮਾ ਫੜੀ ਹੈ, ਇਹ ਗੁੱਸੇ ਨੂੰ ਜਿੱਤਣ ਦਾ ਹਥਿਆਰ ਹੈ, ਦੂਸਰਾ ਸੱਚ ਬੋਲਣਾ, ਸੱਚ ਨੂੰ ਦਿਲ ਵਿਚ ਕੱਠਾ ਕੀਤਾ ਹੈ,ਤੀਸਰਾ ਨ ਮਰਨ ਦੇਣ ਵਾਲਾ ਨਾਮ ਖਾਧਾ ਹੈ ਭਾਵ ਜ਼ਬਾਨ ਨਾਲ ਜਪਿਆ ਹੈ। ਇਹਨਾਂ ਸਾਧਨਾਂ ਕਰਕੇ ਪ੍ਰਮੇਸਰ ਦੀ ਕਿਰਪਾ ਬਹੁਤ ਹੀ ਚੰਗੀ ਹੋਈ ਹੈ, ਹੁਣ ਅਨਿਕ ਸੁਖ ਵਿਚ ਬਿਸ੍ਰਾਮ ਹੋਇਆ ਹੈ। ਇਹ ਮਨੁਖ ਦੇਹ ਰੂਪ ਬਪਾਰ ਦੀ ਰੀਤੀ ਜਾਂ ਇਹ ਬਾਵਨ ਅਖਰੀ ਦੀ ਸਮਾਪਤੀ ਰੂਪ ਖੇਪ ਗੁਰੂ ਨੇ ਪੂਰੀ ਕੀਤੀ ਹੈ, ਇਸ ਵਿਚ ਬਹੁਤ ਲਾਭ ਹੋਇਆ ਹੈ, ਅਸੀਂ ਇਜ਼ਤ ਨਾਲ ਆਪਣੇ ਘਰ

Digitized by Panjab Digital Library | www.panjabdigilib.org

ਵਿੱਚ ਆਏ ਹਾਂ ਭਾਵ ਸਾਡਾ ਮਨ ਟਿਕ ਗਿਆ ਹੈ ਜਾਂ ਵਡਾਲੀ ਤੋਂ ਸ੍ਰੀ ਅੰਮ੍ਰਿਤਸਰ ਆਏ ਹਾਂ। ਸਾਨੂੰ ਗੁਰੂ ਨੇ ਬਹੁਤ ਹੀ ਚੰਗਾ ਦਿਲਾਸਾ ਦਿਤਾ ਹੈ, ਏਸੇ ਲਈ ਸਾਨੂੰ ਪ੍ਰਮੇਸਰ ਆ ਮਿਲਿਆ ਹੈ। ਸਾਨੂੰ ਇਹ ਸਮਝ ਆ ਗਈ ਹੈ ਕਿ ਪ੍ਰਮੇਸਰ ਨੇ ਆਪਣਾ ਆਪ ਹੀ ਕੀਤਾ ਹੈ ਜਾਂ ਸਭ ਕੁਛ ਆਪ ਹੀ ਕੀਤਾ ਹੈ ਅਤੇ ਹੁਣ ਵੀ ਕਰਦਾ ਹੈ, ਅਗੇ ਵੀ ਆਪ ਹੀ ਕਰੇਗਾ। ਗੁਰੂ ਜੀ-ਉਸਨੂੰ ਸਲਾਹੀਏ ਜੇਹੜਾ ਸਾਰਿਆਂ ਦਿਲਾਂ ਵਿਚ ਵਿਆਪ ਰਿਹਾ ਭਾਵ ਮਿਲਿਆ ਹੋਇਆ ਹੈ।

**ਸਲੋਕੁ ॥ ਆਏ ਪ੍ਰਭ ਸਰਨਾਗਤੀ ਕਿਰਪਾ ਨਿਧਿ ਦਇਆਲ ॥ ਏਕ ਅਖਰੁ ਹਰਿ ਮਨਿ ਬਸਤ ਨਾਨਕ ਹੋਤ ਨਿਹਾਲ ॥ ੧ ॥**

ਜੇਹੜਾ ਮਾਲਕ ਕਿਰਪਾ ਦੀ ਨਿਧੀ ਤੇ ਦਿਆਲੂ ਹੈ ਅਸੀਂ ਉਸਦੀ ਸ਼ਰਨ ਆਏ ਹਾਂ। ਗੁਰੂ ਜੀ-ਇਕ ਪ੍ਰਮੇਸਰ ਨਾਂ ਨਾਸ ਹੋਣ ਵਾਲਾ ਜਿਸਦੇ ਮਨ ਵਿਚ ਵੱਸ ਜਾਂਦਾ ਹੈ, ਓਹ ਆਦਮੀ ਨਿਹਾਲ ਹੋ ਜਾਂਦਾ ਹੈ।

**ਪਉੜੀ ॥ ਅਖਰ ਮਹਿ ਤ੍ਰਿਭਵਨ ਪ੍ਰਭਿ ਧਾਰੇ ॥ ਅਖਰ ਕਰਿ ਕਰਿ ਬੇਦ ਬੀਚਾਰੇ ॥ ਅਖਰ ਸਾਸਤ੍ਰ ਸਿੰਮ੍ਰਿਤਿ ਪੁਰਾਨਾ ॥ ਅਖਰ ਨਾਦ ਕਥਨ ਵਖ੍ਯ੍ਯਾਨਾ ॥ ਅਖਰ ਮੁਕਤਿ ਜੁਗਤਿ ਭੈ ਭਰਮਾ ॥ ਅਖਰ ਕਰਮ ਕਿਰਤਿ ਸੁਚ ਧਰਮਾ ॥ ਦ੍ਰਿਸਟਿ ਮਾਨ ਅਖਰ ਹੈ ਜੇਤਾ ॥ ਨਾਨਕ ਪਾਰਬ੍ਰਹਮ ਨਿਰਲੇਪਾ ॥ ੫੪ ॥**

ਪ੍ਰਮੇਸਰ ਨੇ ਆਪਣੇ ਨ ਨਾਸ ਹੋਣ ਵਾਲੇ ਰੂਪ ਵਿਚ ਤਿੰਨੇ ਲੋਕ ਧਰੇ ਹੋਏ ਹਨ ਭਾਵ ਆਸਰੇ ਰੱਖੇ ਹਨ। *ਅਖਰ ਕਰਕੇ ਹੀ ਸਾਰੇ ਬੇਦ = ਗਿਆਨ ਵਿਚਾਰੇ ਹਨ ਭਾਵ ਅਖਰ ਪੜ੍ਹਨ ਨਾਲ ਹੀ ਸਮਝ ਆਉਂਦੀ ਹੈ ਅਥਵਾ ਅਖਰਾਂ ਨਾਲ ਹੀ ਵੇਦਾਂ ਭਾਵ ਪੁਸਤਕਾਂ ਨੂੰ ਵਿਚਾਰਿਆ ਜਾਂਦਾ ਹੈ।

ਅੱਖਰਾਂ ਕਰਕੇ ਹੀ ਸ਼ਾਸਤ੍ਰ, ਸਿੰਮ੍ਰਤੀਆਂ, ਪੁਰਾਨ ਹੋਏ ਹਨ ਭਾਵ ਸਾਰੀਆਂ ਪੁਸਤਕਾਂ ਅੱਖਰਾਂ ਨਾਲ ਹੀ ਬਣੀਆਂ ਹਨ। ਅੱਖਰਾਂ ਕਰਕੇ

---

*ਅਖਰ ਦਾ ਅਰਥ ਨ ਨਾਸ ਹੋਣ ਵਾਲਾ ਕੀਤਾ ਹੈ ਭਾਵ ਪ੍ਰਮੇਸਰ ਨਾਸ ਨਹੀਂ ਹੁੰਦਾ ਹੈ, ਦੂਸਰਾ ਅਖਰ ਦਾ ਅਰਥ ਅੱਖਰ ਵੀ ਕੀਤਾ ਹੈ, ਜੋ ਅੱਖਰਾਂ ਕਰਕੇ ਹੀ ਗਿਆਨ ਹੁੰਦਾ ਹੈ,ਅੱਖਰਾਂ ਤੋਂ ਬਿਨਾਂ ਸਮਝ ਨਹੀਂ ਆਉਂਦੀ ਹੈ।

Digitized by Panjab Digital Library | www.panjabdigilib.org

ਹੀ ਨਾਦ = ਅਵਾਜ਼, ਬੋਲਦਾ ਕਥਨ ਤੇ ਵਿਖਿਆਨ ਹੁੰਦਾ ਹੈ।

ਅੱਖਰਾਂ ਕਰਕੇ ਹੀ ਮੁਕਤੀ ਦੀ ਜੁਗਤ ਮਿਲਦੀ ਹੈ ਤੇ ਡਰ ਭਰਮ ਵੀ ਨਾਸ ਹੋਜਾਂਦਾ ਹੈ। ਅੱਖਰਾਂ ਕਰਕੇ ਹੀ ਕਰਮਾਂ ਦੀ ਕਿਰਤ ਭਾਵ ਕੰਮਾਂ ਨੂੰ ਕਰਨਾ ਆਉਂਦਾ ਹੈ ਅਤੇ ਪਵਿਤ੍ਰਤਾ ਤੇ ਧਰਮ, ਭਾਵ ਦੁਨੀਆਂ ਦੇ ਮਤਾਂ ਦਾ ਗਿਆਨ ਹੁੰਦਾ ਹੈ। ਜਿਤਨਾਂ ਸੰਸਾਰ ਨਜ਼ਰ ਆਉਂਦਾ ਹੈ, ਇਹ ਸਾਰਾ ਅੱਖਰਾਂ ਦੇ ਵਿਚ ਲਿਖਿਆ ਹੋਇਆ ਹੈ ਭਾਵ ਅੱਖਰਾਂ ਨਾਲ ਲਿਖਿਆ ਜਾਂਦਾ ਹੈ। ਸਾਰਿਆਂ ਦਾ ਆਸਰਾ ਅੱਖਰ ਹਨ। ਗੁਰੂ ਜੀ–ਪਰ ਜੇਹੜਾ ਆਪ ਪ੍ਰਮੇਸ਼ਰ ਹੈ, ਓਹ ਅੱਖਰਾਂ ਤੋਂ ਵੱਖਰਾ ਹੈ,ਓਹ ਅੱਖਰਾਂ ਵਿਚ ਨਹੀਂ ਆ ਸਕਦਾ ਹੈ ਭਾਵ ਲਿਖਿਆ ਨਹੀਂ ਜਾਂਦਾ।

**ਸਲੋਕੁ ॥ ਹਥਿ ਕਲੰਮ ਅਗੰਮ ਮਸਤਕਿ ਲਿਖਾਵਤੀ॥ ਉਰਝਿ ਰਹਿਓ ਸਭ ਸੰਗਿ ਅਨੂਪ ਰੂਪਾਵਤੀ ॥ ਉਸਤਤਿ ਕਹਨੁ ਨ ਜਾਇ ਮੁਖਹੁ ਤੁਹਾਰੀਆ ॥ ਮੋਹੀ ਦੇਖਿ ਦਰਸੁ ਨਾਨਕ ਬਲਿਹਾਰੀਆ ॥ ੧ ॥**

ਇਸ ਸਲੋਕ ਦਾ ਅਰਥ ਅਠਵੀਂ ਪੋਥੀ ਵਿਚ ਹੋ ਚੁੱਕਾ ਹੈ।

**ਪਉੜੀ ॥ ਹੇ ਅਚੁਤ ਹੇ ਪਾਰਬ੍ਰਹਮ ਅਬਿਨਾਸੀ ਅਘਨਾਸ ॥ ਹੇ ਪੂਰਨ ਹੇ ਸਰਬ ਮੈ ਦੁਖ ਭੰਜਨ ਗੁਣਤਾਸ॥ ਹੇ ਸੰਗੀ ਹੇ ਨਿਰੰਕਾਰ ਹੇ ਨਿਰਗੁਣ ਸਭ ਟੇਕ॥ ਹੇ ਗੋਬਿਦ ਹੇ ਗੁਣ ਨਿਧਾਨ ਜਾਕੈ ਸਦਾ ਬਿਬੇਕ ॥ ਹੇ ਅਪਰੰਪਰ ਹਰਿ ਹਰੇ ਹਹਿ ਭੀ ਹੋਵਨ ਹਾਰ ॥ ਹੇ ਸੰਤਹ ਕੈ ਸਦਾ ਸੰਗਿ ਨਿਧਾਰਾ ਆਧਾਰ ॥ ਹੇ ਠਾਕੁਰ ਹਉ ਦਾਸਰੋ ਮੈ ਨਿਰਗੁਨ ਗੁਨੁ ਨਹੀ ਕੋਇ॥ ਨਾਨਕ ਦੀਜੈ ਨਾਮ ਦਾਨੁ ਰਾਖਉ ਹੀਐ ਪਰੋਇ ॥ ੫੫ ॥**

ਬੇਨਤੀ = ਹੇ ਨ ਡਿੱਗਣ ਵਾਲੇ ਭਾਵਜਨਮਮਰਨਵਿਚਨਹੀਂਆਉਂਦੇ ਹੋ ਪਾਰਬ੍ਰਹਮ ਨ ਨਾਸ ਹੋਣ ਵਾਲੇ, ਗੁਰੂ ਪਾਪਾਂ ਦੇ ਨਾਸ ਕਰਨ ਵਾਲੇ ਹੋ।

Digitized by Panjab Digital Library | www.panjabdigilib.org

ਹੇ ਸਾਰਿਆਂ ਵਿਚ ਪੂਰਨ ਦੁਖਾਂ ਦੇ ਨਾਸ ਕਰਨ ਵਾਲੇ, ਗੁਣਾਂ ਦੇ ਖਜ਼ਾਨੇ। ਹੇ ਨਿਰੰਕਾਰ ਸਾਰਿਆਂ ਦੇ ਸੰਗੀ ਨਿਰਗੁਣ ਰੂਪ ਸਾਰਿਆਂ ਦਾ ਆਸਰਾ। ਹੇ ਪ੍ਰਮੇਸ਼ਰ ਗੁਣਾਂ ਦੇ ਖਜ਼ਾਨੇ ਜਾਕੈ = ਜਿਸ ਆਪ ਦੇ ਅੰਦਰ ਸਦਾ ਹੀ ਗਿਆਨ ਹੈ ਭਾਵ ਆਪ ਸਦਾ ਹੀ ਸਾਰਿਆਂ ਦੀ ਗੱਲ ਜਾਣਦੇ ਹੋ। ਹੇ ਸੰਸਾਰ ਦਾ ਪਰਾ ਪ੍ਰਮੇਸ਼ਰ ਤੂੰ ਸਦਾ ਸਦਾ ਸਦਾ ਹੈਂ।

ਹੇ ਸੰਤਾਂ ਦੇ ਸਦਾਹੀ ਨਾਲ ਰਹਿਣ ਵਾਲੇ ਨਿਆਸਰਿਆਂ ਦਾ ਆਸਰਾ ਹੋ।

ਹੇ ਮਾਲਕ ! ਮੈਂ ਦਾਸ ਹਾਂ,ਮੇਰੇ ਵਿਚ ਕੋਈ ਗੁਣ ਨਹੀਂ ਹੈ। ਮੈਨੂੰ ਆਪਣਾ ਨਾਮ ਦੇਹ ਜੋ ਮੈਂ ਦਿਲ ਵਿਚ ਪਰੋ ਰੱਖਾਂ।

**ਸਲੋਕੁ ॥ ਗੁਰਦੇਵ ਮਾਤਾ ਗੁਰਦੇਵ ਪਿਤਾ ਗੁਰਦੇਵ ਸੁਆਮੀ ਪਰਮੇਸੁਰਾ ॥ ਗੁਰਦੇਵ ਸਖਾ ਅਗਿਆਨ ਭੰਜਨੁ ਗੁਰਦੇਵ ਬੰਧਿਪ ਸਹੋਦਰਾ ॥ ਗੁਰਦੇਵ ਦਾਤਾ ਹਰਿਨਾਮੁ ਉਪਦੇਸੈ ਗੁਰਦੇਵ ਮੰਤੁ ਨਿਰੋਧਰਾ ॥ ਗੁਰਦੇਵ ਸਾਂਤਿ ਸਤਿ ਬੁਧਿ ਮੂਰਤਿ ਗੁਰਦੇਵ ਪਾਰਸ ਪਰਸਪਰਾ ॥ ਗੁਰਦੇਵ ਤੀਰਥੁ ਅੰਮ੍ਰਿਤ ਸਰੋਵਰੁ ਗੁਰ ਗਿਆਨ ਮਜਨੁ ਅਪਰੰਪਰਾ॥ ਗੁਰਦੇਵ ਕਰਤਾ ਸਭਿ ਪਾਪ ਹਰਤਾ ਗੁਰਦੇਵ ਪਤਿਤ ਪਵਿਤ ਕਰਾ ॥ ਗੁਰਦੇਵ ਆਦਿ ਜੁਗਾਦਿ ਜੁਗੁ ਜੁਗੁ ਗੁਰਦੇਵ ਮੰਤੁ ਹਰਿ ਜਪਿ ਉਧਰਾ ॥ ਗੁਰਦੇਵ ਸੰਗਤਿ ਪ੍ਰਭ ਮੇਲਿ ਕਰਿ ਕਿਰਪਾ ਹਮ ਮੂੜ ਪਾਪੀ ਜਿਤੁ ਲਗਿ ਤਰਾ॥ ਗੁਰਦੇਵ ਸਤਿਗੁਰੁ ਪਾਰਬ੍ਰਹਮੁ ਪਰਮੇਸਰੁ ਗੁਰਦੇਵ ਨਾਨਕ ਹਰਿ ਨਮਸਕਰਾ ॥ ੧ ॥ ਏਹੁ ਸਲੋਕੁ ਆਦਿ ਅੰਤਿ ਪੜਣਾ ॥**

ਇਸ ਸਲੋਕ ਦਾ ਅਰਥ ਬਾਵਨ ਅਖਰੀ ਦੇ ਅਰੰਭ ਵਿਚ ਹੋ ਚੁੱਕਾ ਹੈ।

Digitized by Panjab Digital Library | www.panjabdigilib.org

ੴ ਸਤਿਗੁਰਪ੍ਰਸਾਦਿ ॥

{ ਜੀਵ ਦੇ ਉਧਾਰ ਵਾਸਤੇ ਇਹ ਮਹਾਂ ਉਤਮ ਬਾਣੀ ਸ੍ਰੀ ਗੁਰੂ ਜੀ ਨੇ ਸ੍ਰੀ ਰਾਮਸਰ ਤੀਰਥ ਉਤੇ ਇਕ ਬੇਰੀ ਹੇਠਾਂ ਬੈਠਕੇ ਉਚਾਰੀ ਹੈ। }

## ਗਉੜੀ ਸੁਖਮਨੀ ਮਃ ੫ ॥

### ਸਲੋਕੁ ॥

ਆਦਿ ਗੁਰ ਏਨਮਹ ॥
ਜੁਗਾਦਿ ਗੁਰ ਏਨਮਹ ॥
ਸਤਿਗੁਰ ਏਨਮਹ ॥
ਸ੍ਰੀ ਗੁਰਦੇਵ ਏਨਮਹ ॥ ੧ ॥

ਆਦਿ ਗੁਰੂ ਨਾਨਕ ਦੇਵ ਜੀ ਤਾਈਂ ਨਮਸਕਾਰ ਹੈ, ਦੂਸਰੇ ਗੁਰੂ ਅੰਗਦ ਦੇਵ ਜੀ ਤਾਈਂ ਨਮਸਕਾਰ ਹੈ, ਸਤਿਗੁਰੂ ਅਮਰ ਦੇਵ ਜੀ ਤਾਈਂ ਨਮਸਕਾਰ ਹੈ, ਸ੍ਰੀ ਗੁਰਦੇਵ ਗੁਰੂ ਰਾਮਦਾਸ ਜੀ ਤਾਈਂ ਨਮਸਕਾਰ ਹੈ।

### ਅਸਟਪਦੀ ॥

ਸਿਮਰਉ ਸਿਮਰਿ ਸਿਮਰਿ ਸੁਖ ਪਾਵਉ ॥
ਕਲਿ ਕਲੇਸ ਤਨ ਮਾਹਿ ਮਿਟਾਵਉ ॥
ਸਿਮਰਉ ਜਾਸੁ ਬਿਸੁੰਬਰ ਏਕੈ ॥
ਨਾਮੁ ਜਪਤ ਅਗਨਤ ਅਨੇਕੈ ॥
ਬੇਦ ਪੁਰਾਨ ਸਿੰਮ੍ਰਿਤਿ ਸੁਧਾਖ੍ਹਰ ॥
ਕੀਨੇ ਰਾਮ ਨਾਮ ਇਕ ਆਖ੍ਹਰ ॥
ਕਿਨਕਾ ਏਕ ਜਿਸੁ ਜੀਅ ਬਸਾਵੈ ॥
ਤਾ ਕੀ ਮਹਿਮਾ ਗਨੀ ਨ ਆਵੈ ॥
ਕਾਂਖੀ ਏਕੈ ਦਰਸ ਤੁਹਾਰੋ ॥
ਨਾਨਕ ਉਨ ਸੰਗਿ ਮੋਹਿ ਉਧਾਰੋ ॥ ੧ ॥

Digitized by Panjab Digital Library | www.panjabdigilib.org

ਹੇ ਭਾਈਓ ! ਪ੍ਰਮੇਸ਼ਰ ਦਾ ਨਾਮ ਸਿਮਰੋ, ਤੇ ਸਿਮਰ ੨ ਕੇ ਸੁਖ ਪਾਓ। ਕਲਪਨਾ ਤੇ ਕਲੇਸ਼ ਸਰੀਰ ਦੇ ਵਿਚੋਂ ਮਿਟਾ ਦਿਓ। ਸ੍ਰਿਸ਼ਟੀ ਦੇ ਪਾਲਨ ਵਾਲੇ ਇਕ ਰੱਬ ਨੂੰ ਸਿਮਰੋ। ਤੇਰੇ ਅਨੇਕ ਨਾਮ ਨੂੰ ਜਪ ਰਹੇ ਹਨ। ਵੇਦ ਪੁਰਾਨ ਤੇ ਸਿੰਮ੍ਰਤੀਆਂ ਨੂੰ ਸੋਧਿਆ ਹੈ। ਇਕ ਅੱਖਰ ਇਸ ਸੋਧ ਤੋਂ ਰਾਮ ਨਾਮ ਦਾ ਇਕ ਸੁਧ ਅੱਖਰ ਪ੍ਰਗਟ ਕੀਤਾ ਹੈ। ਇਸ ਨਾਮ ਦਾ ਇਕ ਕਿਣਕ ਜਿਸਦੇ ਜੀ ਵਿਚ ਰੱਬ ਵਸਾਵੇ ਉਸਦੀ ਮਹਿਮਾਂ ਗਿਣੀ ਨਹੀਂ ਜਾਂਦੀ। ਉਹ ਜੋ ਤੇਰੇ ਇਕ ਦਰਸ਼ਨ ਦੇ ਹੀ ਚਾਹਵਾਨ ਹਨ।

ਗੁਰੂ ਜੀ–ਮੈਨੂੰ ਉਨ੍ਹਾਂ ਦੇ ਨਾਲ ਉਧਾਰ ਲਓ।

**ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ ॥**
**ਭਗਤ ਜਨਾ ਕੈ ਮਨਿ ਬਿਸ੍ਰਾਮ ॥ ਰਹਾਉ ॥**
**ਪ੍ਰਭ ਕੈ ਸਿਮਰਨਿ ਗਰਭਿ ਨ ਬਸੈ ॥**
**ਪ੍ਰਭ ਕੈ ਸਿਮਰਨਿ ਦੂਖੁ ਜਮੁ ਨਸੈ ॥**
**ਪ੍ਰਭ ਕੈ ਸਿਮਰਨਿ ਕਾਲੁ ਪਰ ਹਰੈ ॥**
**ਪ੍ਰਭ ਕੈ ਸਿਮਰਨਿ ਦੁਸਮਨੁ ਟਰੈ ॥**
**ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ ॥**
**ਪ੍ਰਭ ਕੈ ਸਿਮਰਨਿ ਅਨਦਿਨੁ ਜਾਗੈ ॥**
**ਪ੍ਰਭ ਕੈ ਸਿਮਰਨਿ ਭਉ ਨ ਬਿਆਪੈ ॥**
**ਪ੍ਰਭ ਕੈ ਸਿਮਰਨਿ ਦੁਖੁ ਨ ਸੰਤਾਪੈ ॥**
**ਪ੍ਰਭ ਕਾ ਸਿਮਰਨੁ ਸਾਧ ਕੈ ਸੰਗਿ ॥**
**ਸਰਬ ਨਿਧਾਨ ਨਾਨਕ ਹਰਿ ਰੰਗਿ ॥ ੨ ॥**

ਪ੍ਰਭ ਦੇ ਅੰਮ੍ਰਿਤ ਨਾਮ ਦਾ ਸੁਖ ਇਸ ਵਿਚ ਹੈ। ਇਸ ਕਰਕੇ ਸੁਖਮਨੀ ਨਾਮ ਰੱਖਿਆ ਹੈ। ਇਸਦਾ ਬਿਸ੍ਰਾਮ ਭਗਤ ਜਨਾਂ ਦੇ ਮਨ ਵਿਚ ਹੈ। ਪ੍ਰਭ ਦੇ ਸਿਮਰਨ ਕਰਕੇ ਹੀ ਗਰਭ ਵਿਚ ਨਹੀਂ ਪੈਂਦਾ। ਪ੍ਰਭ ਦੇ ਸਿਮਰਨ ਕਰਕੇ ਜਮਾਂ ਦਾ ਦੁਖ ਨੱਸ ਜਾਂਦਾ ਹੈ। ਪ੍ਰਭ ਦੇ ਸਿਮਰਨ ਕਰਕੇ ਮੌਤ ਦੂਰ ਹੋ ਜਾਂਦੀ ਹੈ। ਪ੍ਰਭ ਦੇ ਸਿਮਰਨ ਕਰਕੇ ਦੁਸ਼ਮਨ ਟਲ ਜਾਂਦਾ ਹੈ। ਪ੍ਰਭ ਦੇ ਸਿਮਰਦਿਆਂ ਕੁਝ ਵਿਘਨ ਨਹੀਂ ਲਗਦਾ। ਪ੍ਰਭ ਦੇ ਸਿਮਰਨ ਕਰਕੇ ਦਿਨ ਰਾਤ ਜਾਗਦਾ ਹੈ। ਪ੍ਰਭ ਦੇ ਸਿਮਰਨ ਕਰਕੇ ਡਰ ਨਹੀਂ ਵਿਆਪਦਾ। ਪ੍ਰਭ ਦੇ ਸਿਮਰਨ ਕਰਕੇ ਕੋਈ ਦੁਖ ਸੰਤਾਪ ਨਹੀਂ

Digitized by Panjab Digital Library | www.panjabdigilib.org

ਦੇਂਦਾ। ਪ੍ਰਭ ਦਾ ਸਿਮਰਨ ਸਾਧਾਂ ਦੇ ਸੰਗ ਕਰਨ ਤੋਂ ਲੱਭਦਾ ਹੈ।

ਗੁਰੂ ਜੀ-ਹਰੀ ਦੇ ਪ੍ਰੇਮ ਵਿਚ ਸਾਰੇ ਪਦਾਰਥ ਹਨ।

ਪ੍ਰਭਕੈ ਸਿਮਰਨਿ ਰਿਧਿ ਸਿਧਿ ਨਉਨਿਧਿ॥
ਪ੍ਰਭਕੈ ਸਿਮਰਨਿ ਗਿਆਨੁ ਧਿਆਨੁ ਤਤੁ ਬੁਧਿ॥
ਪ੍ਰਭਕੈ ਸਿਮਰਨਿ ਜਪ ਤਪ ਪੂਜਾ॥
ਪ੍ਰਭਕੈ ਸਿਮਰਨਿ ਬਿਨਸੈ ਦੂਜਾ॥
ਪ੍ਰਭਕੈ ਸਿਮਰਨਿ ਤੀਰਥ ਇਸਨਾਨੀ॥
ਪ੍ਰਭਕੈ ਸਿਮਰਨਿ ਦਰਗਹ ਮਾਨੀ॥
ਪ੍ਰਭਕੈ ਸਿਮਰਨਿ ਹੋਇ ਸੁ ਭਲਾ॥
ਪ੍ਰਭਕੈ ਸਿਮਰਨਿ ਸੁਫਲ ਫਲਾ॥
ਸੇ ਸਿਮਰਹਿ ਜਿਨ ਆਪਿ ਸਿਮਰਾਏ॥
ਨਾਨਕ ਤਾਕੈ ਲਾਗਉ ਪਾਇ॥ ੩॥

ਪ੍ਰਭ ਦੇ ਸਿਮਰਨੇ ਕਰਕੇ *ਰਿਧੀਆਂ ਸਿਧੀਆਂ ਤੇ ਨਿਧੀਆਂ ਪ੍ਰਾਪਤ ਹੁੰਦੀਆਂ ਹਨ। ਪ੍ਰਭ ਦੇ ਸਿਮਰਨੇ ਕਰਕੇ ਗਤਾਨ ਧਤਾਨ ਤੋਂ ਅਸਲ ਧਿਆਨ ਪ੍ਰਾਪਤ ਹੁੰਦਾ ਹੈ। ਪ੍ਰਭ ਦੇ ਸਿਮਰਨੇ ਕਰਕੇ ਜਪ ਤਪ ਪੂਜਾ ਵਿਚੇ ਹੋ ਜਾਂਦੀ ਹੈ। ਪ੍ਰਭ ਦੇ ਸਿਮਰਨੇ ਕਰਕੇ ਦੂਜਾ ਭਾਉ ਨਾਸ ਹੋ ਜਾਂਦਾ ਹੈ। ਪ੍ਰਭ ਦੇ ਸਿਮਰਨੇ ਕਰਕੇ ਤੀਰਥ ਦਾ ਇਸ਼ਨਾਨੀ ਹੋ ਜਾਂਦਾ ਹੈ। ਪ੍ਰਭ ਦੇ ਸਿਮਰਨੇ ਕਰਕੇ ਦਰਗਾਹ ਵਿਚ ਮਾਨ ਵਾਲਾ ਹੁੰਦਾ ਹੈ। ਪ੍ਰਭ ਦੇ ਸਿਮਰਨੇ ਕਰਕੇ ਜੀਵ ਇਹ ਸਮਝ ਲੈਂਦਾ ਹੈ ਕਿ ਜੋ ਹੁੰਦਾ ਹੈ ਸੋ ਭਲਾ ਹੈ। ਪ੍ਰਭ ਦੇ ਸਿਮਰਨੇ ਕਰਕੇ ਸ੍ਰੇਸਟ ਫਲਾ ਕਰ ਫਲਦਾ ਹੈ, ਉਹ ਸਿਮਰਦੇ ਹਨ ਜਿਨ੍ਹਾਂ ਤੋਂ ਆਪ ਸਿਮਰਾਉਂਦਾ ਹੈ

ਗੁਰੂ ਜੀ-ਉਨ੍ਹਾਂ ਦੀ ਅਸੀਂ ਪੈਰੀਂ ਲਗਦੇ ਹਾਂ।

ਪ੍ਰਭ ਕਾ ਸਿਮਰਨੁ ਸਭ ਤੇ ਊਚਾ॥
ਪ੍ਰਭ ਕੈ ਸਿਮਰਨਿ ਉਧਰੇ ਮੂਚਾ॥

*ਸਿਧੀਆਂ ਦੀ ਬਾਬਤ ਸਪਸ਼ਟ ਅਰਥ ਵੇਖਣਾ ਹੈ ਤਾਂ ਵੇਖੋ ਟੀਕਾ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚੋਂ ੭ ਵਾਰ ਦਾ ਟੀਕਾ ਗਿਆਨੀ ਬਿਸ਼ਨ ਸਿੰਘ ਵਾਲਾ।

Digitized by Panjab Digital Library | www.panjabdigilib.org

ਪ੍ਰਭ ਕੈ ਸਿਮਰਨਿ ਤ੍ਰਿਸਨਾ ਬੁਝੈ ॥
ਪ੍ਰਭ ਕੈ ਸਿਮਰਨਿ ਸਭੁ ਕਿਛੁ ਸੁਝੈ ॥
ਪ੍ਰਭ ਕੈ ਸਿਮਰਨਿ ਨਾਹੀ ਜਮ ਤ੍ਰਾਸਾ ॥
ਪ੍ਰਭ ਕੈ ਸਿਮਰਨਿ ਪੂਰਨ ਆਸਾ ॥
ਪ੍ਰਭ ਕੈ ਸਿਮਰਨਿ ਮਨ ਕੀ ਮਲੁ ਜਾਇ ॥
ਅੰਮ੍ਰਿਤ ਨਾਮੁ ਰਿਦ ਮਾਹਿ ਸਮਾਇ ॥
ਪ੍ਰਭ ਜੀ ਬਸਹਿ ਸਾਧ ਕੀ ਰਸਨਾ ॥
ਨਾਨਕ ਜਨ ਕਾ ਦਾਸਨਿ ਦਸਨਾ ॥ ੪ ॥

ਪ੍ਰਭ ਦਾ ਸਿਮਰਨ ਸਭ ਸਾਧਨਾਂ ਤੋਂ ਉਚਾ ਹੈ। ਪ੍ਰਭ ਦੇ ਸਿਮਰਨੇ ਕਰਕੇ ਉਧਰ ਜਾਂਦੇ ਹਨ ਬਹੁਤ। ਪ੍ਰਭ ਦੇ ਸਿਮਰਨੇ ਕਰਕੇ ਤ੍ਰਿਸ਼ਨਾ ਬੁਝ ਜਾਂਦੀ ਹੈ। ਪ੍ਰਭ ਦੇ ਸਿਮਰਨੇ ਕਰਕੇ ਸਭ ਕੁਛ ਦਿਸ ਪੈਂਦਾ ਹੈ। ਪ੍ਰਭ ਦੇ ਸਿਮਰਨੇ ਕਰਕੇ ਜਮ ਦਾ ਡਰ ਨਹੀਂ ਹੁੰਦਾ। ਪ੍ਰਭ ਦੇ ਸਿਮਰਨੇ ਕਰਕੇ ਆਸਾ ਪੂਰੀ ਹੋ ਜਾਂਦੀ ਹੈ। ਪ੍ਰਭ ਦੇ ਸਿਮਰਨੇ ਕਰਕੇ ਮਨ ਦੀ ਮੈਲ ਦੂਰ ਹੋਜਾਂਦੀ ਹੈ। ਅੰਮ੍ਰਿਤ ਨਾਮ ਰਿਦੇ ਵਿਚ ਆ ਸਮਾਉਂਦਾ ਹੈ। ਪ੍ਰਭ ਜੀ ਸਾਧ ਕੀ ਰਸਨਾ ਪਰ ਵਸਦੇ ਹਨ।

ਗੁਰੂ ਜੀ–ਉਸ ਹਰੀ ਜਨ ਦੇ ਦਾਸਾਂ ਦਾ ਦਾਸ ਹੈ।

ਪ੍ਰਭ ਕਉ ਸਿਮਰਹਿ ਸੇ ਧਨਵੰਤੇ ॥
ਪ੍ਰਭ ਕਉ ਸਿਮਰਹਿ ਸੇ ਪਤਿਵੰਤੇ ॥
ਪ੍ਰਭ ਕਉ ਸਿਮਰਹਿ ਸੇ ਜਨ ਪਰਵਾਨ ॥
ਪ੍ਰਭ ਕਉ ਸਿਮਰਹਿ ਸੇ ਪੁਰਖ ਪ੍ਰਧਾਨ ॥
ਪ੍ਰਭ ਕਉ ਸਿਮਰਹਿ ਸਿ ਬੇਮੁਹਤਾਜੇ ॥
ਪ੍ਰਭ ਕਉ ਸਿਮਰਹਿ ਸਿ ਸਰਬ ਕੇ ਰਾਜੇ ॥
ਪ੍ਰਭ ਕਉ ਸਿਮਰਹਿ ਸੇ ਸੁਖ ਵਾਸੀ ॥
ਪ੍ਰਭ ਕਉ ਸਿਮਰਹਿ ਸਦਾ ਅਬਿਨਾਸੀ ॥
ਸਿਮਰਨ ਤੇ ਲਾਗੇ ਜਿਨ ਆਪਿ ਦਇਆਲਾ ॥
ਨਾਨਕ ਜਨ ਕੀ ਮੰਗੈ ਰਵਾਲਾ ॥ ੫ ॥

Digitized by Panjab Digital Library | www.panjabdigilib.org

ਜੋ ਪ੍ਰਭ ਨੂੰ ਸਿਮਰਦੇ ਹਨ ਸੋ ਧਨਵਾਨ ਹਨ। ਜੋ ਪ੍ਰਭ ਨੂੰ ਸਿਮਰਦੇ ਹਨ ਸੋ ਪਤ ਵਾਲੇ ਹਨ। ਜੋ ਪ੍ਰਭ ਨੂੰ ਸਿਮਰਦੇ ਹਨ ਸੋ ਜਨ ਪ੍ਰਵਾਨ ਹਨ। ਜੋ ਪ੍ਰਭ ਨੂੰ ਸਿਮਰਦੇ ਹਨ ਓਹ ਪ੍ਰਧਾਨ ਹਨ। ਜੋ ਪ੍ਰਭ ਨੂੰ ਸਿਮਰਦੇ ਹਨ ਉਹ ਕਿਸੇ ਦੇ ਮੁਥਾਜ ਨਹੀਂ। ਜੋ ਪ੍ਰਭ ਨੂੰ ਸਿਮਰਦੇ ਹਨ ਉਹ ਸਭਦੇ ਰਾਜੇ ਹਨ। ਜੋ ਪ੍ਰਭ ਨੂੰ ਸਿਮਰਦੇ ਹਨ ਉਹ ਸੁਖਾਂ ਵਿਚ ਵਸਦੇ ਹਨ। ਜੋ ਪ੍ਰਭ ਨੂੰ ਸਿਮਰਦੇ ਹਨ ਉਹ ਸਦੀਵ ਰਹਿੰਦੇ ਹਨ ਤੇ ਨਾਸ ਨਹੀਂ ਹੁੰਦੇ। ਸਿਮਰਨ ਵਿਚ ਓਹ ਲਗਦੇ ਹਨ ਜਿਨ੍ਹਾਂ ਪਰ ਆਪ ਖ਼ਿਆਲ ਹੁੰਦਾ ਹੈ। ਗੁਰੂ ਜੀ-ਉਸ ਜਨ ਦੀ ਚਰਨ ਧੂੜ ਮੰਗਦੇ ਹਨ।

ਪ੍ਰਭ ਕਉ ਸਿਮਰਹਿ ਸੇ ਪਰਉਪਕਾਰੀ ॥
ਪ੍ਰਭ ਕਉ ਸਿਮਰਹਿ ਤਿਨ ਸਦ ਬਲਿਹਾਰੀ ॥
ਪ੍ਰਭ ਕਉ ਸਿਮਰਹਿ ਸੇ ਮੁਖ ਸੁਹਾਵੇ ॥
ਪ੍ਰਭ ਕਉ ਸਿਮਰਹਿ ਤਿਨ ਸੂਖਿ ਬਿਹਾਵੈ ॥
ਪ੍ਰਭ ਕਉ ਸਿਮਰਹਿ ਤਿਨ ਆਤਮੁ ਜੀਤਾ ॥
ਪ੍ਰਭ ਕਉ ਸਿਮਰਹਿ ਤਿਨ ਨਿਰਮਲ ਰੀਤਾ ॥
ਪ੍ਰਭ ਕਉ ਸਿਮਰਹਿ ਤਿਨ ਅਨਦ ਘਨੇਰੇ ॥
ਪ੍ਰਭ ਕਉ ਸਿਮਰਹਿ ਬਸੇ ਹਰਿ ਨੇਰੇ ॥
ਸੰਤ ਕ੍ਰਿਪਾ ਤੇ ਅਨਦਿਨੁ ਜਾਗਿ ॥
ਨਾਨਕ ਸਿਮਰਨੁ ਪੂਰੈ ਭਾਗਿ ॥ ੬ ॥

ਜੋ ਪ੍ਰਭ ਨੂੰ ਸਿਮਰਦੇ ਹਨ ਸੋ ਪਰਉਪਕਾਰੀ ਹੋ ਜਾਂਦੇ ਹਨ। ਜੋ ਪ੍ਰਭ ਨੂੰ ਸਿਮਰਦੇ ਹਨ ਮੈਂ ਉਨ੍ਹਾਂ ਤੋਂ ਸਦਾ ਬਲਿਹਾਰ ਹਾਂ। ਜੋ ਪ੍ਰਭ ਨੂੰ ਸਿਮਰਦੇ ਹਨ ਉਹ ਮੂੰਹ ਸੁੰਦਰ ਹੁੰਦੇ ਹਨ। ਜੋ ਪ੍ਰਭ ਨੂੰ ਸਿਮਰਦੇ ਹਨ ਉਨਾਂ ਦੀ ਅਵਸਥਾ ਸੁਖ ਵਿਚ ਲੰਘਦੀ ਹੈ। ਜੋ ਪ੍ਰਭ ਨੂੰ ਸਿਮਰਦੇ ਹਨ ਉਨ੍ਹਾਂ ਨੇ ਮਨ ਨੂੰ ਜਿਤ ਲਿਆ ਹੈ। ਜੋ ਪ੍ਰਭ ਨੂੰ ਸਿਮਰਦੇ ਹਨ ਉਨ੍ਹਾਂ ਦੀ ਰੀਤੀ ਰਹਤ ਨਿਰਮਲ ਹੈ। ਜੋ ਪ੍ਰਭ ਨੂੰ ਸਿਮਰਦੇ ਹਨ ਉਨ੍ਹਾਂ ਨੂੰ ਬਹੁਤ ਅਨੰਦ ਹੁੰਦਾ ਹੈ। ਜੋ ਪ੍ਰਭ ਨੂੰ ਸਿਮਰਦੇ ਹਨ ਉਹ ਹਰੀ ਦੇ ਨੇੜੇ ਵਸਦੇ ਹਨ। ਸੰਤਾਂ ਦੀ ਕਿਰਪਾ ਕਰਕੇ ਓਹ ਦਿਨ ਰਾਤ ਜਾਗਦੇ ਹਨ। ਗੁਰੂ ਜੀ-ਪੂਰੇ ਭਾਗਾਂ ਕਰ ਸਿਮਰਨ ਪ੍ਰਾਪਤ ਹੁੰਦਾ ਹੈ।

Digitized by Panjab Digital Library | www.panjabdigilib.org

ਪ੍ਰਭ ਕੈ ਸਿਮਰਨਿ ਕਾਰਜ ਪੂਰੇ ॥
ਪ੍ਰਭ ਕੈ ਸਿਮਰਨਿ ਕਬਹੁ ਨ ਝੂਰੇ ॥
ਪ੍ਰਭ ਕੈ ਸਿਮਰਨਿ ਹਰਿਗੁਨ ਬਾਨੀ ॥
ਪ੍ਰਭ ਕੈ ਸਿਮਰਨਿ ਸਹਜਿ ਸਮਾਨੀ ॥
ਪ੍ਰਭ ਕੈ ਸਿਮਰਨਿ ਨਿਹਚਲ ਆਸਨੁ ॥
ਪ੍ਰਭ ਕੈ ਸਿਮਰਨਿ ਕਮਲ ਬਿਗਾਸਨੁ ॥
ਪ੍ਰਭ ਕੈ ਸਿਮਰਨਿ ਅਨਹਦ ਝੁਨਕਾਰ ॥
ਸੁਖੁ ਪ੍ਰਭ ਸਿਮਰਨ ਕਾ ਅੰਤੁ ਨ ਪਾਰ ॥
ਸਿਮਰਹਿ ਸੇ ਜਨ ਜਿਨਕਉ ਪ੍ਰਭ ਮਇਆ ॥
ਨਾਨਕ ਤਿਨ ਜਨ ਸਰਨੀ ਪਇਆ ॥ ੭ ॥

ਪ੍ਰਭ ਦੇ ਸਿਮਰਨ ਕਰਕੇ ਸਭ ਕੰਮ ਪੂਰੇ ਹੋ ਜਾਂਦੇ ਹਨ । ਪ੍ਰਭ ਦੇ ਸਿਮਰਨ ਕਰਕੇ ਕਦੀ ਨਹੀਂ ਝੂਰਦੇ ਜਪਨੇ ਵਾਲੇ। ਪ੍ਰਭ ਦੇ ਸਿਮਰਨ ਕਰਕੇ ਹਰੀ ਦੇ ਗੁਣਾਂ ਦੀ ਵੈਨੀ ਚੜ੍ਹਦੀ ਹੈ । ਪ੍ਰਭ ਦੇ ਸਿਮਰਨ ਕਰਕੇ ਬ੍ਰਿਤੀ ਸਹਜ ਵਿਚ ਸਮਾਉਂਦੀ ਹੈ। ਪ੍ਰਭ ਦੇ ਸਿਮਰਨ ਕਰਕੇ ਆਸਨ ਜਿਤ ਹੋ ਜਾਂਦਾ ਹੈ। ਸਿਮਰਨ ਵਾਲੇਦਾਪ੍ਰਭ ਦੇ ਸਿਮਰਨ ਕਰਕੇ ਰਿਦਾ ਕਮਲ ਖਿੜ ਪੈਂਦਾ ਹੈ । ਪ੍ਰਭ ਦੇ ਸਿਮਰਨ ਕਰਕੇ ਅਨਹਦ ਦਾ ਸਬਦ ਇਕ ਰਸ ਹੁੰਦਾ ਹੈ। ਪ੍ਰਭ ਦੇ ਸਿਮਰਨ ਦੇ ਸੁਖ ਦੇ ਅੰਤ ਦਾ ਪਾਰਾਵਾਰ ਨਹੀਂ। ਪਰ ਸਿਮਰਦੇ ਉਹ ਪੁਰਖ ਹਨ, ਜਿਨ੍ਹਾਂ ਪੁਰ ਪ੍ਰਭੂ ਦੀ ਕਿਰਪਾ ਹੈ।

ਗੁਰੂ ਜੀ-ਉਨ੍ਹਾਂ ਪੁਰਖਾਂ ਦੀ ਸਰਨ ਪਿਆ ਹੈ।

ਹਰਿ ਸਿਮਰਨੁ ਕਰਿ ਭਗਤ ਪ੍ਰਗਟਾਏ ॥
ਹਰਿ ਸਿਮਰਨਿ ਲਗਿ ਬੇਦ ਉਪਾਏ ॥
ਹਰਿ ਸਿਮਰਨਿ ਭਏ ਸਿਧ ਜਤੀ ਦਾਤੇ ॥
ਹਰਿ ਸਿਮਰਨਿ ਨੀਚ ਚਹੁ ਕੁੰਟ ਜਾਤੇ ॥
ਹਰਿ ਸਿਮਹਨਿ ਧਾਰੀ ਸਭ ਧਰਨਾ ॥
ਸਿਮਰਿ ਸਿਮਰਿ ਹਰਿ ਕਾਰਨ ਕਰਨਾ ॥
ਹਰਿ ਸਿਮਰਨਿ ਕੀਓ ਸਗਲ ਅਕਾਰਾ ॥

Digitized by Panjab Digital Library | www.panjabdigilib.org

ਹਰਿ ਸਿਮਰਨ ਮਹਿ ਆਪਿ ਨਿਰੰਕਾਰਾ ॥
ਕਰਿ ਕਿਰਪਾ ਜਿਸੁ ਆਪਿ ਬੁਝਾਇਆ ॥
ਨਾਨਕ ਗੁਰਮੁਖਿ ਹਰਿ ਸਿਮਰਨੁ ਤਿਨਿ ਪਾਇਆ ।।੮॥੧॥

ਹਰਿ ਦੇ ਸਿਮਰਨ ਕਰਕੇ ਭਗਤ ਪ੍ਰਗਟ ਹੋਏ । ਹਰਿ ਦੇ ਸਿਮਰਨ ਵਿਚ ਲਗਕੇ ਰਿਖੀਆਂ ਨੇ ਵੇਦ ਉਪਾਏ। ਹਰਿ ਦੇ ਸਿਮਰਨ ਕਰਕੇ ਸਿਧ ਜਤੀ ਤੇ ਦਾਤੇ ਹੋਏ। ਹਰਿ ਦੇ ਸਿਮਰਨ ਕਰਕੇ ਨੀਚ ਚਹੁ ਕੁੰਟ ਵਿਚ ਜਾਣੇ ਗਏ। ਹਰਿ ਦੇ ਸਿਮਰਨ ਕਰਕੇ ਧਾਰੀ ਹੋਈ ਹੈ ਸਾਰੀ ਧਰਤੀ । ਸਿਮਰ ਸਿਮਰ ਉਸ ਹਰੀ ਨੂੰ ਜੋ ਕਾਰਣਾਂ ਦੇ ਕਰਨੇ ਵਾਲਾ ਹੈ । ਹਰਿ ਦੇ ਸਿਮਰਨ ਵਾਸਤੇ ਸਾਰਾ ਬ੍ਰਹਮੰਡ ਰਚਿਆ ਹੈ। ਹਰਿ ਦੇ ਸਿਮਰਨਿ ਵਿਚ ਆਪ ਨਿਰੰਕਾਰ ਪ੍ਰਗਟ ਹੁੰਦਾ ਹੈ । ਜਿਸਨੂੰ ਕ੍ਰਿਪਾ ਕਰਕੇ ਵਾਹਿਗੁਰੂ ਆਪ ਬੁਝਾਵੇ !

ਗੁਰੂ ਜੀ-ਉਸ ਗੁਰਮੁਖ ਨੇ ਹਰਿ ਦਾ ਸਿਮਰਨਾ ਪ੍ਰਾਪਤ ਕੀਤਾ ਹੈ।

## ਸਲੋਕੁ ॥

ਦੀਨ ਦਰਦ ਦੁਖ ਭੰਜਨਾ ਘਟਿ ਘਟਿ ਨਾਥ ਅਨਾਥ॥
ਸਰਣਿ ਤੁਮ੍ਹਾਰੀ ਆਇਓ ਨਾਨਕ ਕੇ ਪ੍ਰਭ ਸਾਥ ॥ ੨ ॥

ਹੇ ਗ੍ਰੀਬਾਂ ਦੀ ਪੀੜ੍ਹਾ ਤੇ ਦੁਖਾਂ ਦੇ ਭੰਨਣੇ ਵਾਲੇ, ਹੇ ਘਟ ਘਟ ਵਿਚ ਪੂਰਨ ਅਨਾਥਾਂ ਦੇ ਨਾਥ ਹੇ ਪ੍ਰਭੋ ਗੁਰੂ ਦੇ ਨਾਲ ਮੈਂ ਤੁਹਾਡੀ ਸਰਨ ਆਇਆ ਹਾਂ।

## ਅਸਟਪਦੀ ॥

ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥
ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥
ਜਹ ਮਹਾ ਭਇਆਨ ਦੂਤ ਜਮ ਦਲੈ ॥
ਤਹ ਕੇਵਲ ਨਾਮੁ ਸੰਗਿ ਤੇਰੈ ਚਲੈ ॥
ਜਹ ਮੁਸਕਲ ਹੋਵੈ ਅਤਿ ਭਾਰੀ ॥
ਹਰਿ ਕੋ ਨਾਮੁ ਖਿਨ ਮਾਹਿ ਉਧਾਰੀ ॥
ਅਨਿਕ ਪੁਨਹ ਚਰਨ ਕਰਤ ਨਹੀ ਤਰੈ ॥
ਹਰਿਕੋ ਨਾਮੁ ਕੋਟਿ ਪਾਪ ਪਰ ਹਰੈ ॥

Digitized by Panjab Digital Library | www.panjabdigilib.org

ਗੁਰਮੁਖਿ ਨਾਮੁ ਜਪਹੁ ਮਨ ਮੇਰੇ॥
ਨਾਨਕ ਪਾਵਹੁ ਸੂਖ ਘਨੇਰੇ ॥ ੧ ॥

ਜਿਥੇ ਮਾਂ ਪਿਉ ਪੁਤ੍ਰ ਮਿਤ੍ਰ ਤੇ ਭਰਾ ਨਹੀਂ ਹਨ। ਹੇ ਮਨ ਉਥੇ ਨਾਮ ਤੇਰੇ ਸੰਗ ਸਹਾਈ ਹੋਵੇਗਾ। ਜਿਥੇ ਮਹਾਂ ਭਿਆਨਕ ਜਮਦੂਤਾਂ ਤੇ ਦਲ ਹੋਣਗੇ। ਉਥੇ ਕੇਵਲ ਨਾਮ ਤੇਰੇ ਨਾਲ ਚਲੇਗਾ। ਜਿਥੇ ਡਾਢੀ ਭਾਰੀ ਉਖਿਆਈ ਹੋਵੇਗੀ। ਹਰੀ ਦਾ ਨਾਮ ਪਲ ਵਿਚ ਉਧਾਰ ਕਰੇਗਾ। ਅਨੇਕ ਪ੍ਰਾਸਚਤ ਕਰਨੇ ਤੇ ਨਹੀਂ ਜੀਵ ਤਰ ਸਕਦਾ। ਹਰਿ ਦਾ ਨਾਮ ਕ੍ਰੋੜਾਂ ਪਾਪਾਂਨੂੰ ਦੂਰ ਕਰਦਾ ਹੈ।ਗੁਰਾਂ ਦਵਾਰੇ ਨਾਮਨੂੰ ਜਪ,ਹੇ ਮੇਰੇਮਨ!

ਗੁਰੂ ਜੀ- ਬਹੁਤੇ ਸੁਖ ਪ੍ਰਾਪਤ ਹੋਣਗੇ।

ਸਗਲ ਸ੍ਰਿਸਟਿ ਕੋ ਰਾਜਾ ਦੁਖੀਆ॥
ਹਰਿਕਾ ਨਾਮੁ ਜਪਤ ਹੋਇ ਸੁਖੀਆ॥
ਲਾਖ ਕਰੋਰੀ ਬੰਧੁਨ ਪਰੈ॥
ਹਰਿ ਕਾ ਨਾਮੁ ਜਪਤ ਨਿਸਤਰੈ॥
ਅਨਿਕ ਮਾਇਆ ਰੰਗ ਤਿਖ ਨ ਬੁਝਾਵੈ॥
ਹਰਿਕਾ ਨਾਮੁ ਜਪਤ ਆਘਾਵੈ॥
ਜਿਹ ਮਾਰਗ ਇਹੁ ਜਾਤ ਇਕੇਲਾ॥
ਤਹ ਹਰਿਨਾਮੁ ਸੰਗਿ ਹੋਤ ਸੁਹੇਲਾ॥
ਐਸਾ ਨਾਮੁ ਮਨ ਸਦਾ ਧਿਆਈਐ॥
ਨਾਨਕ ਗੁਰਮੁਖਿ ਪਰਮ ਗਤਿ ਪਾਈਐ॥ ੨ ॥

ਸਾਰੀ ਸ੍ਰਿਸ਼ਟੀ ਦਾ ਰਾਜਾ ਦੁਖੀਆ ਹੁੰਦਾ ਹੈ। ਹਰਿ ਦਾ ਨਾਮ ਜਪਣੇ ਕਰਕੇ ਸੁਖੀ ਹੋ ਜਾਂਦਾ ਹੈ। ਲੱਖਾਂ ਕ੍ਰੋੜਾਂ ਬੰਧਨ ਪਏ ਹੋਣ। ਹਰਿ ਦਾ ਨਾਮ ਜਪਣੇ ਤੇ ਨਿਸਤਾਰਾ ਹੋ ਜਾਂਦਾ ਹੈ। ਮਾਇਆ ਦੇ ਅਨੇਕ ਰੰਗ ਤ੍ਰਿਖਾ ਨਹੀਂ ਬੁਝਾਉਂਦੇ। ਪਰ ਹਰੀ ਦਾ ਨਾਮ ਜਪਨੇ ਤੇ ਤ੍ਰਿਪਤ ਹੋਜਾਂਦਾ ਹੈ। ਜਿਸ ਰਸਤੇ ਇਹ ਇਕੱਲਾ ਜਾਂਦਾ ਹੈ। ਉਥੇ ਹਰਿ ਦਾ ਸੁਖਦਾਇਕ ਨਾਮ ਸੰਗ ਹੁੰਦਾ ਹੈ। ਹੇ ਮਨ! ਐਸਾ ਨਾਮ ਸਦਾ ਧਿਆਈਏ।

ਗੁਰੂ ਜੀ-ਗੁਰੂ ਦਵਾਰੇ ਪਰਮ ਗਤੀ ਪਾਈਏ।

Digitized by Panjab Digital Library | www.panjabdigilib.org

ਛੂਟਤ ਨਹੀ ਕੋਟਿ ਲਖ ਬਾਹੀ ॥
ਨਾਮੁ ਜਪਤ ਤਹ ਪਾਰਿ ਪਰਾਹੀ ॥
ਅਨਿਕ ਬਿਘਨ ਜਹ ਆਇ ਸੰਘਾਰੈ ॥
ਹਰਿਕਾ ਨਾਮੁ ਤਤ ਕਾਲ ਉਧਾਰੈ ॥
ਅਨਿਕ ਜੋਨਿ ਜਨਮੈ ਮਰਿ ਜਾਮ ॥
ਨਾਮੁ ਜਪਤ ਪਾਵੈ ਬਿਸ੍ਰਾਮ ॥
ਹਉ ਮੈਲਾ ਮਲੁ ਕਬਹੁ ਨ ਧੋਵੈ ॥
ਹਰਿਕਾ ਨਾਮੁ ਕੋਟਿ ਪਾਪ ਖੋਵੈ ॥
ਐਸਾ ਨਾਮੁ ਜਪਹੁ ਮਨ ਰੰਗਿ ॥
ਨਾਨਕ ਪਾਈਐ ਸਾਧ ਕੈ ਸੰਗਿ ॥ ੩ ॥

ਜਿਹੜੇ ਲੱਖਾਂ ਕ੍ਰੋੜਾਂ ਸਨਬੰਧੀਆਂ ਦੇ ਹੋਣ ਤੇ ਨਹੀਂ ਛੁਟਦਾ। ਨਾਮ ਨੂੰ ਜਪਣੇ ਤੇ ਉਥੇ ਪਾਰ ਹੋ ਜਾਂਦਾ ਹੈ। ਦੁਖਾਂ ਤੋਂ ਜਿਥੇ ਅਨੇਕ ਵਿਘਨ ਆ ਮਾਰਦੇ ਹਨ। ਹਰਿ ਦਾ ਨਾਮ ਉਸ ਵੇਲੇ ਉਧਾਰ ਦਿੰਦਾ ਹੈ। ਅਨੇਕ ਜੂਨਾਂ ਵਿਚ ਪੈਕੇ ਜੰਮਦਾ ਮਰਦਾ ਹੈ। ਨਾਮ ਜਪਣੇ ਤੇ ਅਰਾਮ ਪਾਉਂਦਾ ਹੈ। ਹਉਮੈ ਕਰਕੇ ਜੀਵ ਮੈਲਾ ਹੈ, ਮੈਲ ਕਦੀ ਨਹਾਂ ਧੋ ਸਕਦਾ। ਹਰੀਦਾ ਨਾਮ ਕ੍ਰੋੜਾਂ ਪਾਪ ਦੂਰ ਕਰਦਾ ਹੈ। ਹੇ ਮਨ! ਐਸਾ ਨਾਮ ਪ੍ਰੇਮ ਨਾਲ ਜਪ।

ਗੁਰੂ ਜੀ—ਪਰ ਇਹ ਸਾਧੂ ਦੇ ਸੰਗ ਕਰਕੇ ਪਾਈਦਾ ਹੈ।

ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ ॥
ਹਰਿ ਕਾ ਨਾਮੁ ਊਹਾ ਸੰਗਿ ਤੋਸਾ ॥
ਜਿਹ ਪੈਡੈ ਮਹਾ ਅੰਧ ਗੁਬਾਰਾ ॥
ਹਰਿਕਾ ਨਾਮੁ ਸੰਗਿ ਉਜੀਆਰਾ ॥
ਜਹਾ ਪੰਥਿ ਤੇਰਾ ਕੋ ਨ ਸਿਞਾਨੂ ॥
ਹਰਿਕਾ ਨਾਮੁ ਤਹ ਨਾਲਿ ਪਛਾਨੂ ॥
ਜਹ ਮਹਾ ਭਇਆਨ ਤਪਤਿ ਬਹੁ ਘਾਮ ॥
ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ ॥

Digitized by Panjab Digital Library | www.panjabdigilib.org

ਜਹਾ ਤ੍ਰਿਖਾ ਮਨ ਤੁਝੁ ਆਕਰਖੈ ॥
ਤਹ ਨਾਨਕ ਹਰਿ ਹਰਿ ਅੰਮ੍ਰਿਤੁ ਬਰਖੈ ॥ ੪ ॥

ਜਿਸ ਰਸਤੇ ਦੇ ਕੋਹ ਨਹੀਂ ਗਿਣੇ ਜਾਂਦੇ। ਹਰਿ ਦਾ ਨਾਮ ਉਥੇ ਤੇਰੇ ਨਾਲ ਤੋਸਾ ਹੋਵੇਗਾ । ਜਿਸ ਪੈਂਡੇ ਵਿਚ ਬੜਾ ਹਨੇਰਾ ਤੇ ਗੁਬਾਰ ਹੈ । ਉਥੇ ਹਰੀ ਦੇ ਨਾਮ ਦਾ ਚਾਨਣ ਹੋਵੇਗਾ। ਜਿਸ ਰਸਤੇ ਵਿਚ ਤੇਰਾ ਕੋਈ ਜਾਣੂ ਨਹੀਂ ਹੋਵੇਗਾ। ਹਰੀ ਦਾ ਨਾਮ ਓਥੇ ਤੇਰੇ ਨਾਲ ਸਿਆਣੂ ਹੋਵੇਗਾ। ਜਿਥੇ ਮਹਾਂ ਭਿਆਨਕ ਧੁਪ ਦੀ ਤਪਤ ਹੋਵੇਗੀ । ਉਥੇ ਹਰੀ ਦੇ ਨਾਮ ਦੀ ਤੇਰੇ ਉਪਰ ਛਾਂ ਹੋਵੇਗੀ । ਜਿਥੇ ਤ੍ਰੇਹ ਤੈਨੂੰ ਹੇ ਮਨ ! ਖਿਚੇਗੀ। ਉਥੇ (ਗੁਰੂ ਜੀ) ਹਰਿ ਹਰਿ ਨਾਮ ਦਾ ਤੇਰੇ ਉਤੇ ਅੰਮ੍ਰਿਤ ਵਸੇਗਾ।

ਭਗਤ ਜਨਾ ਕੀ ਬਰਤਨਿ ਨਾਮੁ ॥
ਸੰਤ ਜਨਾ ਕੈ ਮਨਿ ਬਿਸ੍ਰਾਮੁ ॥
ਹਰਿਕਾ ਨਾਮੁ ਦਾਸ ਕੀ ਓਟ ॥
ਹਰਿਕੈ ਨਾਮਿ ਉਧਰੇ ਜਨ ਕੋਟਿ ॥
ਹਰਿ ਜਸੁ ਕਰਤ ਸੰਤ ਦਿਨੁ ਰਾਤਿ ॥
ਹਰਿ ਹਰਿ ਅਉਖਧੁ ਸਾਧ ਕਮਾਤਿ ॥
ਹਰਿ ਜਨਕੈ ਹਰਿਨਾਮੁ ਨਿਧਾਨੁ ॥
ਪਾਰਬ੍ਰਹਮਿ ਜਨ ਕੀਨੋ ਦਾਨ ॥
ਮਨ ਤਨ ਰੰਗਿ ਰਤੇ ਰੰਗ ਏਕੈ ॥
ਨਾਨਕ ਜਨਕੈ ਬਿਰਤਿ ਬਿਬੇਕੈ ॥ ੫ ॥

ਭਗਤ ਪੁਰਖਾਂ ਦੀ ਵਰਤੋਂ ਨਾਮ ਹੀ ਹੈ। ਉਸ ਨਾਮ ਦਾ ਬਿਸ੍ਰਾਮ ਸੰਤਾਂ ਦੇ ਮਨ ਵਿਖੇ ਹੈ । ਹਰਿ ਕਾ ਨਾਮ ਦਾਸਾਂ ਦਾ ਆਸਰਾ ਹੈ। ਹਰਿਕੇ ਨਾਮ ਕਰਕੇ ਕ੍ਰੋੜਾਂ ਜਨ ਉਧਰਦੇ ਹਨ। ਸੰਤ ਦਿਨ ਰਾਤ ਹਰੀ ਦਾ ਜਸ ਕਰਦੇ ਹਨ। ਹਰ ਹਰ ਰੂਪ ਦਵਾਈ ਸਾਧੂ ਕਮਾਉਂਦੇ ਹਨ । ਹਰਿ ਜਨ ਦੇ ਪਾਸ ਹਰਿ ਨਾਮ ਦਾ ਹੀ ਖਜ਼ਾਨਾ ਹੈ। ਇਹ ਦਾਨ ਪਾਰਬ੍ਰਹਮ ਨੇ ਆਪ ਦਾਸਾਂ ਪੁਰ ਕੀਤਾ ਹੈ। ਉਹ ਦਾਸ ਮਨ ਤਨ ਕਰਕੇ ਇਕ ਪ੍ਰਭੂ ਦੇ ਪ੍ਰੇਮ ਵਿਚ ਰੱਤੇ ਹੋਏ ਹਨ।

ਗੁਰੂ ਜੀ-ਜਨਾਂ ਦੀ ਬ੍ਰਤੀ ਵਿਚ ਗਿਆਨ ਹੀ ਗਿਆਨ ਹੈ।

Digitized by Panjab Digital Library | www.panjabdigilib.org

ਹਰਿਕਾ ਨਾਮੁ ਜਨ ਕਉ ਮੁਕਤਿ ਜੁਗਤਿ ॥
ਹਰਿਕੈ ਨਾਮਿ ਜਨਕਉ ਤ੍ਰਿਪਤਿ ਭੁਗਤਿ ॥
ਹਰਿ ਕਾ ਨਾਮੁ ਜਨਕਾ ਰੂਪ ਰੰਗੁ ॥
ਹਰਿਨਾਮੁ ਜਪਤ ਕਬ ਪਰੈ ਨ ਭੰਗੁ ॥
ਹਰਿਕਾ ਨਾਮੁ ਜਨਕੀ ਵਡਿਆਈ ॥
ਹਰਿਕੈ ਨਾਮਿ ਜਨ ਸੋਭਾ ਪਾਈ ॥
ਹਰਿਕਾ ਨਾਮੁ ਜਨਕਉ ਭੋਗੁ ਜੋਗੁ ॥
ਹਰਿਨਾਮੁ ਜਪਤ ਕਛੁ ਨਾਹਿ ਬਿਓਗੁ ॥
ਜਨੁ ਰਾਤਾ ਹਰਿ ਨਾਮ ਕੀ ਸੇਵਾ ॥
ਨਾਨਕ ਪੂਜੈ ਹਰਿ ਹਰਿ ਦੇਵਾ ॥ ੬ ॥

ਹਰੀ ਦਾ ਨਾਮ ਹੀ ਜਨਾਂ ਲਈ ਮੁਕਤੀ ਦੀ ਜੁਗਤ ਹੈ। ਹਰੀ ਦੇ ਨਾਮ ਦੀ ਭੁਗਤ ਕਰਕੇ ਜਨਾਂ ਨੂੰ ਤ੍ਰਿਪਤ ਹੈ। ਹਰੀ ਦਾ ਨਾਮ ਹੀ ਜਨਾਂ ਦਾ ਰੂਪ ਰੰਗ ਹੈ। ਉਨ੍ਹਾਂ ਨੂੰ ਹਰੀ ਦੇ ਨਾਮ ਜਪਦਿਆਂ ਕਦੀ ਭੰਗ ਨਹੀਂ ਪੈਂਦਾ। ਹਰੀ ਦੇ ਨਾਮ ਦੀ ਹੀ ਜਨਾਂ ਦੀ ਵਡਿਆਈ ਹੈ। ਹਰੀ ਦੇ ਨਾਮ ਕਰਕੇ ਜਨਾਂ ਨੇ ਸੋਭਾ ਪਾਈ ਹੈ। ਹਰੀ ਦਾ ਨਾਮ ਜਨਾਂ ਨੂੰ ਭੋਗ ਜੋਗ ਹੈ। ਹਰੀ ਦੇ ਨਾਮ ਜਪਦਿਆਂ ਕੁਛ ਵਿਛੋੜਾ ਨਹੀਂ ਪੈਂਦਾ। ਜਨ ਜੋ ਰੱਤਾ ਹੈ ਹਰੀ ਦੀ ਸੇਵਾ ਵਿਚ ਗੁਰੂ ਜੀ-ਉਸਨੂੰ ਪੂਜਦੇ ਹਨ ਵਿਸ਼ਨੂੰ ਸ਼ਿਵ ਆਦਿ ਦੇਵਤੇ।

ਹਰਿ ਹਰਿ ਜਨਕੈ ਮਾਲੁ ਖਜੀਨਾ ॥
ਹਰਿਧਨੁ ਜਨਕਉ ਆਪਿ ਪ੍ਰਭਿ ਦੀਨਾ ॥
ਹਰਿ ਹਰਿ ਜਨਕੈ ਓਟ ਸਤਾਣੀ ॥
ਹਰਿ ਪ੍ਰਤਾਪਿ ਜਨ ਅਵਰ ਨ ਜਾਣੀ ॥
ਓਤਿ ਪੋਤਿ ਜਨ ਹਰਿ ਰਸਿ ਰਾਤੇ ॥
ਸੂਨ ਸਮਾਧਿ ਨਾਮ ਰਸ ਮਾਤੇ ॥
ਆਠ ਪਹਰ ਜਨੁ ਹਰਿ ਹਰਿ ਜਪੈ ॥
ਹਰਿਕਾ ਭਗਤੁ ਪ੍ਰਗਟ ਨਹੀ ਛਪੈ ॥

Digitized by Panjab Digital Library | www.panjabdigilib.org

**ਹਰਿਕੀ ਭਗਤਿ ਮੁਕਤਿ ਬਹੁ ਕਰੇ ॥**
**ਨਾਨਕ ਜਨ ਸੰਗਿ ਕੇਤੇ ਤਰੇ ॥ ੭ ॥**

ਜਨਾਂ ਦੇ ਪਾਸ ਹਰੀ ਰੂਪ ਮਾਲ ਤੇ ਹਰੀ ਰੂਪ ਖਜ਼ਾਨਾ ਹੈ। ਹਰ ਧਨ ਜਨਾਂ ਨੂੰ ਪ੍ਰਭ ਨੇ ਆਪ ਦਿੱਤਾ ਹੈ। ਹਰ ਹਰ ਜਨਾਂ ਦੀ ਬਲ ਵਾਲੀ ਓਟ ਹੈ। ਹਰ ਪ੍ਰਤਾਪ ਦੇ ਤੁਲ ਜਨ ਹੋਰ ਕੁਝ ਨਹੀਂ ਜਾਣਦੇ । ਤਾਣੇ ਪੇਟੇ ਦੀ ਤਰਾਂ ਜਨ ਹਰ ਰਸ ਵਿਚ ਰੱਤੇ ਹੋਏ ਹਨ। ਸੁੰਨ ਸਮਾਧ ਲਗਾਕੇ ਨਾਮ ਰਸ ਵਿੱਚ ਮਸਤ ਹਨ। ਜਨ ਅੱਠ ਪਹਿਰ ਹਰ ਹਰ ਜਪਦਾ ਹੈ। ਹਰੀ ਦਾ ਭਗਤ ਪ੍ਰਗਟ ਹੁੰਦਾ ਹੈ,ਲੁਕਦਾ ਨਹੀਂ। ਹਰੀ ਦੀ ਭਗਤੀ ਨੇ ਬਹੁਤਿਆਂ ਦੀ ਮੁਕਤੀ ਕੀਤੀ ਹੈ। ਗੁਰੂ ਜੀ-ਜਨਾਂ ਦੇ ਨਾਲ ਕਿੰਨੇ ਹੀ ਤਰ ਗਏ ਹਨ।

**ਪਾਰ ਜਾਤੁ ਇਹੁ ਹਰਿ ਕੋ ਨਾਮ ॥**
**ਕਾਮ ਧੇਨ ਹਰਿ ਹਰਿ ਗੁਣ ਗਾਮ ॥**
**ਸਭਤੇ ਊਤਮ ਹਰਿਕੀ ਕਥਾ ॥**
**ਨਾਮੁ ਸੁਨਤ ਦਰਦ ਦੁਖ ਲਥਾ ॥**
**ਨਾਮ ਕੀ ਮਹਿਮਾ ਸੰਤ ਰਿਦ ਵਸੈ ॥**
**ਸੰਤ ਪ੍ਰਤਾਪਿ ਦੁਰਤੁ ਸਭੁ ਨਸੈ ॥**
**ਸੰਤ ਕਾ ਸੰਗੁ ਵਡਭਾਗੀ ਪਾਈਐ ॥**
**ਸੰਤ ਕੀ ਸੇਵਾ ਨਾਮੁ ਧਿਆਈਐ ॥**
**ਨਾਮ ਤੁਲਿ ਕਛੁ ਅਵਰੁ ਨ ਹੋਇ ॥**
**ਨਾਨਕ ਗੁਰਮੁਖਿ ਨਾਮੁ ਪਾਵੈ ਜਨੁ ਕੋਇ ॥ ੮ ॥ ੨ ॥**

ਇਹ ਹਰੀਦਾਨਾਮ ਕਲਪ ਰੁਖ ਹੈ। ਹਰਿ ਹਰਿ ਦੇ ਗੁਣ ਦਾ ਗਾਉਣਾ ਕਾਮਧੇਨ ਹੈ। ਸਭ ਤੇ ਉਤਮ ਹਰੀ ਦੀ ਕਥਾ ਹੈ। ਨਾਮ ਦੇ ਸੁਣਨੇ ਤੇ ਪੀੜ ਦੁਖ ਸਭ ਲਹਿ ਜਾਂਦੇ ਹਨ। ਨਾਮ ਦੀ ਮਹਿਮਾ ਸੰਤਾਂ ਦੇ ਹਿਰਦੇ ਵਿੱਚ ਵਸਦੀ ਹੈ। ਸੰਤਾਂ ਦੇ ਪ੍ਰਤਾਪ ਕਰਕੇ ਸਭ ਪਾਪ ਨੱਸ ਜਾਂਦੇਹਨ। ਸੰਤਾਂ ਦਾ ਸੰਗ ਵੱਡੇ ਭਾਗਾਂ ਕਰਕੇ ਪਾਈਦਾ ਹੈ। ਸੰਤਾਂ ਦੀ ਸੇਵਾ ਕਰਨੇ ਤੇ ਨਾਮ ਧਿਆਈਦਾ ਹੈ, ਨਾਮਦੇ ਤੁਲ ਕੁਝ ਹੋਰ ਨਹੀਂ ਹੁੰਦਾ। ਗੁਰੂ ਜੀ-ਗੁਰੂ ਦੁਆਰਾ ਨਾਮ ਕੋਈ ਵਿਰਲਾ ਪੁਰਖ ਹੀ ਪਾਉਂਦਾ ਹੈ।

Digitized by Panjab Digital Library | www.panjabdigilib.org

ਸਲੋਕੁ ॥

ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਢੋਲਿ ॥
ਪੂਜਸਿ ਨਾਹੀ ਹਰਿ ਹਰੇ ਨਾਨਕ ਨਾਮ ਅਮੋਲ ॥ ੩ ॥

ਬਹੁਤੇ ਸ਼ਾਸਤ੍ਰ ਤੇ ਬਹੁਤੀਆਂ ਸਿਮ੍ਰਿਤੀਆਂ ਸਾਰੇ ਹੀ ਵਿਚਾਰ ਕੇ ਦੇਖੇ ਹਨ। ਗੁਰੂ ਜੀ–ਹਰਿ ਹਰਿ ਨਾਮ ਦੇ ਤੁਲ ਨਹੀਂ ਪਹੁੰਚਦੇ, ਨਾਮ ਅਮੋਲਕ ਪਦਾਰਥ ਹੈ।

ਅਸਟਪਦੀ ॥

ਜਾਪ ਤਾਪ ਗਿਆਨ ਸਭਿ ਧਿਆਨ ॥
ਖਟ ਸਾਸਤ੍ਰ ਸਿਮ੍ਰਿਤਿ ਵਖਿਆਨ ॥
ਜੋਗ ਅਭਿਆਸ ਕਰਮ ਧ੍ਰਮ ਕਿਰਿਆ ॥
ਸਗਲ ਤਿਆਗਿ ਬਨ ਮਧੇ ਫਿਰਿਆ ॥
ਅਨਿਕ ਪ੍ਰਕਾਰ ਕੀਏ ਬਹੁ ਜਤਨਾ ॥
ਪੁੰਨ ਦਾਨ ਹੋਮੇ ਬਹੁ ਰਤਨਾ ॥
ਸਰੀਰੁ ਕਟਾਇ ਹੋਮੈ ਕਰਿ ਰਾਤੀ ॥
ਵਰਤ ਨੇਮ ਕਰੈ ਬਹੁ ਭਾਤੀ ॥
ਨਹੀ ਤੁਲਿ ਰਾਮ ਨਾਮ ਬੀਚਾਰ ॥
ਨਾਨਕ ਗੁਰਮੁਖਿ ਨਾਮੁ ਜਪੀਐ ਇਕ ਬਾਰ ॥ ੧ ॥

ਜਪ ਤਪ ਗਿਆਨ ਅਰ ਸਾਰੇ ਪ੍ਰਕਾਰਦੇਧਿਆਨ। ਛੀ ਸ਼ਾਸਤ੍ਰ ਅਰ ਸਿਮਤੀਆਂ ਦਾ ਵਖਯਾਨ ਕਰਨਾ। ਕਥਨ ਜੋਗਾਂ ਦਾ ਅਭਿਆਸ ਕਈ ਤਰਾਂ ਦੇ ਕਰਮ ਅਰ ਧਰਮ ਦੀ ਕ੍ਰਿਆ। ਸਾਰੇ ਕਰਮਾਂ ਨੂੰ ਤਿਆਗ ਕੇ ਬਨ ਵਿੱਚ ਫਿਰਿਆ। ਬੜੇ ਜਤਨ ਕਈ ੨ ਪ੍ਰਕਾਰ ਦੇ ਕੀਤੇ। ਯਥਾ ਪੁੰਨ ਦਾਨ ਕੀਤੇ। ਘਿਉ ਪਾ ਕੇ ਬੜੇ ਹੋਮ ਕੀਤੇ। ਸਰੀਰਨੂੰ ਕਟਾਕੇ ਰਤੀਰ ਕਰਕੇ ਹੋਮ ਕਰੇ; ਵਰਤਨੇਮ ਬੀ ਬਹੁਤੀਆਂ ਭਾਂਤਾਂ ਦੇ ਕਰੇ। ਪਰੰਤੂ ਰਾਮ ਨਾਮ ਦੇ ਵਿਚਾਰ ਦੇ ਤੁਲ ਕੋਈ ਨਹੀਂ। ਗੁਰੂ ਜੀ–ਗੁਰੂ ਦੁਆਰਾ ਨਾਮ ਜਪੀਏ ਇਕ ਵਾਰੀ।

ਨਉ ਖੰਡ ਪ੍ਰਿਥਮੀ ਫਿਰੈ ਚਿਰੁ ਜੀਵੈ ॥
ਮਹਾ ਉਦਾਸੁ ਤਪੀਸਰੁ ਥੀਵੈ ॥

Digitized by Panjab Digital Library | www.panjabdigilib.org

ਅਗਨਿ ਮਾਹਿ ਹੋਮਤ ਪਰਾਨ ॥
ਕਨਿਕ ਅਸ੍ਵ ਹੈਵਰ ਭੂਮ ਦਾਨ ॥
ਨਿਉਲੀ ਕਰਮ ਕਰੈ ਬਹੁ ਆਸਨ ॥
ਜੈਨ ਮਾਰਗ ਸੰਜਮ ਅਤਿ ਸਾਧਨ ॥
ਨਿਮਖ ਨਿਮਖ ਕਰਿ ਸਰੀਰੁ ਕਟਾਵੈ ॥
ਤਉ ਭੀ ਹਉਮੈ ਮੈਲੁ ਨ ਜਾਵੈ ॥
ਹਰਿਕੇ ਨਾਮ ਸਮਸਰਿ ਕਛੁ ਨਾਹਿ ॥
ਨਾਨਕ ਗੁਰਮੁਖਿ ਨਾਮੁ ਜਪਤ ਗਤਿ ਪਾਹਿ ॥ ੨ ॥

ਨਉਂ ਖੰਡਾਂ ਵਾਲੀ ਪ੍ਰਿਥਮੀ ਵਿੱਚ ਫਿਰੇ ਤੇ ਚਿਰ ਤਕ ਜੀਵੇ । ਬੜਾ ਉਦਾਸ ਹੋ ਜਾਵੇ, ਤਪੀ ਹੋ ਜਾਵੇ । ਅਗਨੀ ਵਿੱਚ ਪ੍ਰਾਣਾਂ ਨੂੰ ਹੋਮ ਕਰੇ। ਸੋਨਾ ਘੋੜੇ ਕੋਤਲਾ ਤੇ ਪ੍ਰਿਥਵੀ ਦਾਨ ਕਰੇ। ਨਿਓਲੀ ਕਰਮ ਕਰੇ, ਬਹੁਤੇ ਆਸਨ ਲਾਵੇ। ਜੈਨ ਮਤ ਦੇ ਕਰੜੇ ਸੰਜਮ ਕਰੇ ਤੇ ਅਤੀ ਸਾਧਨ ਕਰੇ, ਰਤਾ ੨ ਕਰਕੇ ਕਟਾ ਦੇਵੇ ਸਰੀਰ। ਤਦ ਭੀ ਹਉਮੈ ਮੈਲ ਨਹੀਂ ਜਾਂਦੀ। ਹਰਿ ਦੇ ਨਾਮਦੇ ਤੁਲ ਕੁਛ ਨਹੀਂ ਹੈ।ਗੁਰੂਜੀ–ਗੁਰਮੁਖ ਨਾਮਜਪਕੇਗਤ ਪਾਉਂਦੇਹਨ।

ਮਨ ਕਾਮਨਾ ਤੀਰਥ ਦੇਹ ਛੁਟੈ ॥
ਗਰਬੁ ਗੁਮਾਨੁ ਨ ਮਨਤੇ ਹੁਟੈ ॥
ਸੋਚ ਕਰੈ ਦਿਨਸੁ ਅਰੁ ਰਾਤਿ ॥
ਮਨਕੀ ਮੈਲੁ ਨ ਤਨ ਤੇ ਜਾਤਿ ॥
ਇਸੁ ਦੇਹੀ ਕਉ ਬਹੁ ਸਾਧਨਾ ਕਰੈ ॥
ਮਨਤੇ ਕਬਹੂ ਨ ਬਿਖਿਆ ਟਰੈ ॥
ਜਲਿ ਧੋਵੈ ਬਹੁ ਦੇਹ ਅਨੀਤ ॥
ਸੁਧ ਕਹਾ ਹੋਇ ਕਾਚੀ ਭੀਤਿ ॥
ਮਨ ਹਰਿਕੇ ਨਾਮ ਕੀ ਮਹਿਮਾਊਚ ॥
ਨਾਨਕ ਨਾਮਿ ਉਧਰੇ ਪਤਿਤ ਬਹੁ ਮੂਚ ॥ ੩ ॥

Digitized by Panjab Digital Library | www.panjabdigilib.org

ਮਨ ਕਾਮਨਾ ਨਾਮੇ ਤੀਰਥ ਪਰ ਦੇਹ ਛੱਡੇ। ਗਰਬ ਤੇ ਗੁਮਾਨ ਮਨ ਤੋਂ ਦੂਰ ਨਹੀਂ ਹੁੰਦੇ। ਦਿਨ ਰਾਤ ਪਵਿਤਰਤਾਈ ਕਰੇ। ਮਨ ਦੀ ਮੈਲ ਤਨ ਕਰਕੇ ਨਹੀਂ ਜਾਂਦੀ। ਇਸ ਦੇਹੀ ਵਾਸਤੇ ਬਹੁਤੀਆਂ ਸਾਧਨਾ ਕਰੇ। ਮਨ ਤੋਂ ਕਦੇ ਜ਼ਹਿਰ ਪਾਪਾਂ ਦੀ ਦੂਰ ਨਹੀਂ ਹੁੰਦੀ। ਝੂਠੀ ਦੇਹ ਨੂੰ ਜਲ ਨਾਲ ਬਹੁਤ ਧੋਵੇ। ਕਚੀ ਕੰਧ ਕਿੱਥੋਂ ਸ਼ੁਭ ਹੋ ਜਾਵੇ? ਹੇ ਮਨ! ਹਰਿਦੇ ਨਾਮ ਦੀ ਮਹਿਮਾ ਬਹੁਤ ਉੱਚੀ ਹੈ। ਗੁਰੂ ਜੀ–ਬਹੁਤ ਭਾਰੇ ਪਾਪੀ ਨਾਮ ਕਰਕੇ ਉਧਰਗਏ ਹਨ।

**ਬਹੁਤੁ ਸਿਆਣਪ ਜਮ ਕਾ ਭਉ ਬਿਆਪੈ ॥**
**ਅਨਿਕ ਜਤਨ ਕਰਿ ਤ੍ਰਿਸਨ ਨਾ ਧ੍ਰਾਪੈ ॥**
**ਭੇਖ ਅਨੇਕ ਅਗਨਿ ਨਹੀ ਬੁਝੈ ॥**
**ਕੋਟਿ ਉਪਾਵ ਦਰਗਹ ਨਹੀ ਸਿਝੈ ॥**
**ਛੂਟਸਿ ਨਾਹੀ ਊਭ ਪਇਆਲ ॥**
**ਮੋਹਿ ਬਿਆਪਹਿ ਮਾਇਆ ਜਾਲਿ ॥**
**ਅਵਰ ਕਰਤੂਤਿ ਸਗਲੀ ਜਮੁ ਡਾਨੈ ॥**
**ਗੋਵਿੰਦ ਭਜਨ ਬਿਨੁ ਤਿਲੁ ਨਹੀ ਮਾਨੈ ॥**
**ਹਰਿਕਾ ਨਾਮੁ ਜਪਤ ਦੁਖੁ ਜਾਇ ॥**
**ਨਾਨਕ ਬੋਲੈ ਸਹਜਿ ਸੁਭਾਇ ॥ ੪ ॥**

ਬਹੁਤ ਚਤੁਰਾਈਆਂ ਕਰਕੇ ਜਮ ਦਾ ਭੌ ਵਿਆਪਦਾ ਹੈ। ਅਨੇਕ ਜਤਨ ਕਰਕੇ ਤ੍ਰਿਸ਼ਨਾਂ ਨਹੀਂ ਤ੍ਰਿਪਤ ਹੁੰਦੀ। ਬਹੁਤੇ ਭੇਖਾਂ ਕਰਕੇ ਅੱਗ ਮਨ ਦੀ ਨਹੀਂ ਬੁਝਦੀ। ਕ੍ਰੋੜਾਂ ਉਪਾਵਾਂ ਕਰਕੇ ਦਰਗਾਹ ਵਿੱਚ ਨਹੀਂ ਛੁਟਕਾਰਾ ਪਾਉਂਦਾ। ਅਕਾਸ਼ ਤੇ ਪ੍ਰਿਥਵੀ ਵਿੱਚ ਕਿਤੇ ਵੀ ਨਹੀਂ ਛੁਟਦਾ। ਕਿਉਂਕਿ ਮੋਹ ਕਰਕੇ ਮਾਇਆ ਦਾ ਜਾਲ ਵਿਆਪਦਾ ਹੈ। ਹੋਰ ਸਾਰੀਆਂ ਕਰਤੂਤਾਂ ਪਰ ਜੰਮ ਡੰਡ ਦਿੰਦਾ ਹੈ। ਗੋਵਿੰਦਦੇ ਭਜਨ ਬਿਨ ਇਕਤਿਲ ਨਹੀਂ ਮੰਨਦਾ, ਹਰਿ ਦਾ ਨਾਮ ਜਪਦਿਆਂ ਦੁਖ ਦੂਰ ਹੋ ਜਾਂਦੇ ਹਨ। ਗੁਰੂ ਜੀ-ਗੁਰੂ ਸਹਿਜ ਸੁਭਾਵ ਬੋਲਦੇ ਹਨ।

**ਚਾਰ ਪਦਾਰਥ ਜੇ ਕੋ ਮਾਗੈ ॥**
**ਸਾਧ ਜਨਾ ਕੀ ਸੇਵਾ ਲਾਗੈ ॥**
**ਜੇ ਕੋ ਆਪੁਨਾ ਦੂਖੁ ਮਿਟਾਵੈ ॥**

Digitized by Panjab Digital Library | www.panjabdigilib.org

ਹਰਿ ਹਰਿ ਨਾਮੁ ਰਿਦੈ ਸਦ ਗਾਵੈ ॥
ਜੇ ਕੋ ਅਪੁਨੀ ਸੋਭਾ ਲੋਰੈ ॥
ਸਾਧ ਸੰਗਿ ਇਹ ਹਉਮੈ ਛੋਰੈ ॥
ਜੇ ਕੋ ਜਨਮ ਮਰਣ ਤੇ ਡਰੈ ॥
ਸਾਧ ਜਨਾ ਕੀ ਸਰਨੀ ਪਰੈ ॥
ਜਿਸੁ ਜਨ ਕਉ ਪ੍ਰਭ ਦਰਸ ਪਿਆਸਾ ॥
ਨਾਨਕ ਤਾਕੈ ਬਲਿ ਬਲਿ ਜਾਸਾ ॥ ੫ ॥

ਜੇ ਕੋਈ ਚਾਰ ਪਦਾਰਥ (ਧਰਮ, ਅਰਥ, ਕਾਮ, ਮੋਖ) ਮੰਗੇ। ਉਹ ਸਾਧ ਜਨਾਂ ਦੀ ਸੇਵਾ ਵਿੱਚ ਲੱਗੇ। ਜੇ ਕੋਈ ਆਪਣਾ ਦੁਖ ਮਿਟਾਉਣਾ ਚਾਹੇ ਹਰਿ ਹਰਿ ਨਾਮ ਹਿਰਦੇ ਵਿੱਚ ਸਦਾ ਗਾਵੇ । ਜੇ ਕੋਈ ਆਪਣੀ ਸੋਭਾ ਚਾਹੇ ਸਾਧਾਂ ਦੇ ਸੰਗ ਕਰਕੇ ਇਸ ਹਉਮੈ ਨੂੰ ਛੱਡੇ। ਜੇ ਕੋਈ ਜਨਮ ਮਰਨ ਤੋਂ ਡਰੇ ਸਾਧੂ ਪੁਰਖਾਂ ਦੀ ਸਰਨ ਪਵੇ। ਜਿਸ ਪੁਰਖ ਨੂੰ ਪ੍ਰਭੂ ਦੇ ਦਰਸ਼ਨ ਦੀ ਪਿਆਸ ਹੈ, ਗੁਰੂ ਜੀ-ਮੈਂ ਉਸ ਦੇ ਬਲਿਹਾਰ ਬਲਿਹਾਰ ਜਾਂਦਾ ਹਾਂ ।

ਸਗਲ ਪੁਰਖ ਮਹਿ ਪੁਰਖੁ ਪ੍ਰਧਾਨੁ ॥
ਸਾਧ ਸੰਗਿ ਜਾਕਾ ਮਿਟੈ ਅਭਿਮਾਨੁ ॥
ਆਪਸ ਕਉ ਜੋ ਜਾਣੈ ਨੀਚਾ ॥
ਸੋਊ ਗਨੀਐ ਸਭ ਤੇ ਊਚਾ ॥
ਜਾਕਾ ਮਨੁ ਹੋਇ ਸਗਲ ਕੀ ਰੀਨਾ ॥
ਹਰਿ ਹਰਿ ਨਾਮੁ ਤਿਨਿ ਘਟਿ ਘਟਿ ਚੀਨ੍ਹਾ ॥
ਮਨ ਅਪੁਨੇ ਤੇ ਬੁਰਾ ਮਿਟਾਨਾ ॥
ਪੇਖੈ ਸਗਲ ਸ੍ਰਿਸਟਿ ਸਾਜਨਾ ॥
ਸੂਖ ਦੂਖ ਜਨ ਸਮ ਦ੍ਰਿਸਟੇਤਾ ॥
ਨਾਨਕ ਪਾਪ ਪੁੰਨ ਨਹੀ ਲੇਪਾ ॥ ੬ ॥

ਸਾਰੇ ਪੁਰਖ ਵਿੱਚ ਉਹ ਪੁਰਖ ਪਰਧਾਨ ਹੈ। ਸਾਧਾਂਦਾਸੰਗਕਰਕੇ ਜਿਸ ਦਾ ਅਭਿਮਾਨ ਦੂਰਹੋ ਜਾਵੇ। ਆਪਣੇ ਆਪਨੂੰ ਜੋਨੀਚ ਜਾਣੇ। ਉਹ

Digitized by Panjab Digital Library | www.panjabdigilib.org

ਸਭਤੋਂ ਉੱਚਾ ਗਿਣੀਏ। ਜਿਸ ਦਾ ਮਨ ਹਰ ਕਿਸੇ ਦੀ ਰੇਨ = ਧੂੜੀ ਹੋਵੇ। ਹਰਿ ਹਰਿ ਨਾਮ ਉਸ ਨੇ ਘਟ ਘਟ ਵਿਖੇ ਪਛਾਣਿਆ ਹੈ। ਆਪਣੇ ਮਨ ਤੋਂ ਬੁਰਾ ਮਿਟਾਇਆ ਹੈ ਉਸ ਨੇ। ਅਰ ਸਾਰੀ ਸ੍ਰਿਸ਼ਟੀ ਨੂੰ ਆਪਣਾ ਸਜਨ ਦੇਖਦਾ ਹੈ। ਓਹ ਸਦਾ ਦੁਖ ਸੁਖ ਨੂੰ ਇੱਕ ਦੇਖਦਾ ਹੈ। ਗੁਰੂ ਜੀ-ਉਸ ਨੂੰ ਪਾਪ ਪੁੰਨ ਦਾ ਲੇਪ ਨਹੀਂ।

ਨਿਰਧਨ ਕਉ ਧਨੁ ਤੇਰੋ ਨਾਉ ॥
ਨਿਥਾਵੇ ਕਉ ਨਾਉ ਤੇਰਾ ਥਾਉ ॥
ਨਿਮਾਨੇ ਕਉ ਪ੍ਰਭ ਤੇਰੋ ਮਾਨੁ ॥
ਸਗਲ ਘਟਾ ਕਉ ਦੇਵਹੁ ਦਾਨੁ ॥
ਕਰਨ ਕਰਾਵਨ ਹਰਿ ਸੁਆਮੀ ॥
ਸਗਲ ਘਟਾ ਕੇ ਅੰਤਰਜਾਮੀ ॥
ਅਪਨੀ ਗਤਿ ਮਿਤਿ ਜਾਨਹੁ ਆਪੇ ॥
ਆਪਨ ਸੰਗਿ ਆਪਿ ਪ੍ਰਭ ਰਾਤੇ ॥
ਤੁਮਰੀ ਉਸਤਤਿ ਤੁਮਤੇ ਹੋਇ ॥
ਨਾਨਕ ਅਵਰੁ ਨ ਜਾਨਸਿ ਕੋਇ ॥ ੭ ॥

ਤੇਰਾ ਨਾਮ ਨਿਰਧਨ ਦਾ ਧਨ ਹੈ। ਤੇਰਾ ਨਾਮ ਨਿਥਾਵੇਂ ਦਾ ਥਾਂ ਹੈ। ਤੇਰਾ ਨਾਮ ਨਿਮਾਣੇ ਦਾ ਹੇ ਪ੍ਰਭੂ ! ਮਾਨ ਹੈ। ਸਗਲ ਘਟਾਂ ਜੀਵਾਂ ਨੂੰ ਆਪ ਦਾਨ ਦੇ ਰਿਹਾ ਹੈਂ। ਕਰਨ ਕਾਰਨ ਆਪ ਹੋ ਹੇ ਸੁਆਮੀ ! ਸਭ ਘਟ ਦੇ ਅੰਤਰ ਜਾਨਣ ਵਾਲੇ ਹੋ। ਆਪਣੀ ਗਤ ਮਿਤ ਤੁਸੀ ਆਪ ਹੀ ਜਾਣਦੇ ਹੋ। ਆਪਣੇ ਆਪ ਨਾਲ ਆਪ ਹੀ ਰਚ ਰਹੇ ਹੋ। ਤੁਹਾਡੀ ਉਸਤਤ ਤੁਹਾਥੋਂ ਆਪਣੇ ਆਪ ਤੋਂ ਹੀ ਹੋ ਸਕਦੀ ਹੈ। ਗੁਰੂ ਜੀ-ਕੋਈ ਹੋਰ ਨਹੀਂ ਜਾਣਦਾ।

ਸਰਬ ਧਰਮ ਮਹਿ ਸ੍ਰੇਸਟ ਧਰਮੁ ॥
ਹਰਿਕੋ ਨਾਮੁ ਜਪਿ ਨਿਰਮਲ ਕਰਮੁ ॥
ਸਗਲ ਕ੍ਰਿਆ ਮਹਿ ਊਤਮ ਕਿਰਿਆ ॥
ਸਾਧ ਸੰਗਿ ਦੁਰਮਤਿ ਮਲੁ ਹਿਰਿਆ ॥

Digitized by Panjab Digital Library | www.panjabdigilib.org

ਸਗਲ ਉਦਮ ਮਹਿ ਉਦਮੁ ਭਲਾ ॥
ਹਰਿਕਾ ਨਾਮੁ ਜਪਹੁ ਜੀਅ ਸਦਾ ॥
ਸਗਲ ਬਾਨੀ ਮਹਿ ਅੰਮ੍ਰਿਤ ਬਾਨੀ ॥
ਹਰਿਕੋ ਜਸੁ ਸੁਨਿ ਰਸਨ ਬਖਾਨੀ ॥
ਸਗਲ ਥਾਨ ਤੇ ਓਹੁ ਊਤਮ ਥਾਨੁ ॥
ਨਾਨਕ ਜਿਹ ਘਟਿ ਵਸੈ ਹਰਿ ਨਾਮੁ ॥ ੮ ॥ ੩ ॥

ਸਭ ਧਰਮਾਂ ਵਿਚ ਸ੍ਰੇਸ਼ਟ ਧਰਮ ਇਹ ਹੈ ਕਿ ਹਰਿ ਦਾ ਨਾਮ ਜਪੋ ਜੋ ਨਿਰਮਲ ਕਰਮ ਹੈ।ਸਭ ਕ੍ਰਿਆਂ ਵਿਚੋਂ ਉਤਮ ਕ੍ਰਿਆ ਏਹ ਹੈ ਕਿ ਸਾਧਾਂ ਦੇ ਸੰਗ ਨਾਲ ਦੁਰਮਤ ਦੀ ਮੈਲ ਦੂਰ ਕਰੋ। ਸਭ ਉਦਮਾਂ ਵਿਚੋਂ ਏਹ ਉਦਮ ਭਲਾ ਹੈ ਕਿ ਹਰੀ ਦਾ ਨਾਮ ਸਦਾ ਜੀ ਨਾਲ ਜਪੋ। ਸਭ ਬਾਣੀਆਂ ਵਿਚੋਂ ਉਤਮ ਬਾਣੀ ਏਹ ਹੈ ਕਿ ਹਰੀ ਦਾ ਜਸ ਸੁਣਕੇ ਰਸਨਾ ਨਾਲ ਜਪੋ। ਸਭ ਥਾਵਾਂ ਤੋਂ ਉਹ ਉਤਮ ਅਸਥਾਨ ਹੈ। ਗੁਰੂ ਜੀ–ਜਿਸ ਘਟ ਵਿਚ ਹਰੀ ਦਾ ਨਾਮ ਵਸਦਾ ਹੈ।

## ਸਲੋਕੁ ॥

ਨਿਰਗੁਨੀਆਰ ਇਆਨਿਆ ਸੋ ਪ੍ਰਭੁ ਸਦਾ ਸਮਾਲਿ ॥
ਜਿਨਿ ਕੀਆ ਤਿਸੁ ਚੀਤਿ ਰਖੁ ਨਾਨਕ ਨਿਬਹੀ ਨਾਲਿ ॥੪॥

ਹੇ ਗੁਣਾਂ ਤੋਂ ਰਹਿਤ ! ਹੇ ਇਆਣੇ ! ਉਸ ਪ੍ਰਭੂ ਨੂੰ ਸਦਾ ਯਾਦ ਰੱਖ, ਜਿਸਨੇ ਤੈਨੂੰ ਉਤਪਤ ਕੀਤਾ ਹੈ, ਉਸੇ ਨੂੰ ਯਾਦ ਰੱਖ, ਗੁਰੂ ਜੀ–ਤੇਰੇ ਨਾਲ ਓਹੋ ਹੀ ਨਿਭੇਗਾ।

## ਅਸਟਪਦੀ ॥

ਰਮਈਆ ਕੇ ਗੁਨ ਚੇਤਿ ਪਰਾਨੀ ॥
ਕਵਨ ਮੂਲ ਤੇ ਕਵਨ ਦ੍ਰਿਸਟਾਨੀ ॥
ਜਿਨਿ ਤੂੰ ਸਾਜਿ ਸਵਾਰਿ ਸੀਗਾਰਿਆ ॥
ਗਰਭ ਅਗਨਿ ਮਹਿ ਜਿਨਹਿ ਉਬਾਰਿਆ ॥

Digitized by Panjab Digital Library | www.panjabdigilib.org

ਬਾਰ ਬਿਵਸਥਾ ਤੁਝਹਿ ਪਿਆਰੈ ਦੂਧ ॥
ਭਰਿ ਜੋਬਨ ਭੋਜਨ ਸੁਖ ਸੂਧ॥
ਬਿਰਧਿ ਭਇਆ ਊਪਰਿ ਸਾਕ ਸੈਨ ॥
ਮੁਖਿ ਅਪਿਆਉ ਬੈਠ ਕਉ ਦੈਨ ॥
ਇਹੁ ਨਿਰਗੁਨੁ ਗੁਨੁ ਕਛੂ ਨ ਬੂਝੈ ॥
ਬਖਸਿ ਲੇਹੁ ਤਉ ਨਾਨਕ ਸੀਝੈ ॥ ੧ ॥

ਹੇ ਪ੍ਰਾਣੀ! ਪ੍ਰਮੇਸ਼ਰ ਦੇ ਗੁਣਾਂ ਨੂੰ ਯਾਦ ਕਰ। ਕਿਸ ਮੂਲ ਤੋਂ ਤੇਰੀ ਦੇਹ ਕੈਸੀ ਦਿਖਾਈ ਹੈ। ਜਿਸ ਨੇ ਤੈਨੂੰ ਰਚਕੇ ਸਵਾਰਿਆ ਤੇ ਫਬਾਯਾ। ਗਰਭ ਦੀ ਅੱਗ ਵਿਚੋਂ ਜਿਸਨੇ ਬਚਾਇਆ । ਬਾਲ ਅਵਸਥਾ ਵਿਚ ਤੈਨੂੰ ਦੁਧ ਪਲਾਉਂਦਾ ਹੈ। ਜਦ ਜੋਬਨ ਭਰਦਾ ਹੈ ਤਦ ਭੋਜਨ ਦਿਤੇ ਤੇ ਸੁਖਾਂ ਦੀ ਸੂਝ ਬਖਸ਼ੀ, ਜਦ ਬੁੱਢਾ ਹੋਯਾ ਤਦ ਸਾਕਅੰਗ ਉਪਰ ਆ ਰਾਖੀ ਕਰਦੇ ਹਨ। ਬੈਠੇ ਦੇ ਮੂੰਹ ਵਿਚ ਭੋਜਨ ਦਿੰਦੇ ਹਨ। ਇਹ ਜੀਵ ਨਿਰਗੁਣ ਹੈ,ਕੁਝ ਗੁਣ ਕਰਤਾਰ ਦਾ ਨਹੀਂ,ਹੇ ਅਕਾਲ ਪੁਰਖ ! ਬਖਸ਼ਲਵੇਂ,ਤਦ ਜੀਵਨੂੰ ਮੁਕਤਿ ਪ੍ਰਾਪਤ ਹੋਵੇ।

ਜਿਹ ਪ੍ਰਸਾਦਿ ਧਰ ਊਪਰਿ ਸੁਖਿ ਬਸਹਿ ॥
ਸੁਤ ਭ੍ਰਾਤ ਮੀਤ ਬਨਿਤਾ ਸੰਗਿ ਹਸਹਿ ॥
ਜਿਹ ਪ੍ਰਸਾਦਿ ਪੀਵਹਿ ਸੀਤਲ ਜਲਾ ॥
ਸੁਖਦਾਈ ਪਵਨੁ ਪਾਵਕੁ ਅਮੁਲਾ ॥
ਜਿਹ ਪ੍ਰਸਾਦਿ ਭੋਗਹਿ ਸਭਿ ਰਸਾ ॥
ਸਗਲ ਸਮਗ੍ਰੀ ਸੰਗਿ ਸਾਥਿ ਬਸਾ ॥
ਦੀਨੇ ਹਸਤ ਪਾਵ ਕਰਨ ਨੇਤ੍ਰ ਰਸਨਾ ॥
ਤਿਸਹਿ ਤਿਆਗਿ ਅਵਰ ਸੰਗਿ ਰਚਨਾ ॥
ਐਸੇ ਦੋਖ ਮੂੜ ਅੰਧ ਬਿਆਪੇ ॥
ਨਾਨਕ ਕਾਢਿ ਲੇਹੁ ਪ੍ਰਭ ਆਪੇ ॥ ੨ ॥

ਜਿਸਦੀ ਕ੍ਰਿਪਾ ਕਰਕੇ ਧਰਤੀ ਉਤੇ ਤੂੰ ਸੁਖ ਨਾਲ ਵਸਦਾ ਹੈਂ। ਪੁਤ੍ਰ, ਭਰਾ, ਮਿਤਰ,ਵਹੁਟੀ ਦੇ ਨਾਲ ਹਸਦਾ ਹੈਂ,ਖੁਸ਼ੀ ਹੁੰਦਾ ਹੈਂ। ਜਿਸਦੀ ਕ੍ਰਿਪਾ ਨਾਲ ਠੰਢਾ ਪਾਣੀ ਪੀਂਦਾ ਹੈਂ। ਸੁਖ ਦੇਣੇ ਵਾਲੀ ਪੌਣ ਤੇ ਅਗ ਅਮੋਲਕ ਤੈਨੂੰ

Digitized by Panjab Digital Library | www.panjabdigilib.org

ਮਿਲੀ ਹੈ। ਜਿਸਦੀ ਕਿਰਪਾ ਕਰਕੇ ਸਾਰੇ ਰਸ ਭੋਗਦਾ ਹੈਂ। ਸਾਰੇ ਪਦਾਰਥਾਂ ਅਰ ਸੰਗੀਆਂ ਦੇ ਸਮੇਤ ਤੂੰ ਵਸਦਾ ਹੈਂ। ਦਿਤੇ ਹਨ ਤੈਨੂੰ ਹੱਥ ਪੈਰ ਕੰਨ ਅੱਖਾਂ ਤੇ ਜੀਭ, ਉਸਨੂੰ ਛੱਡਕੇ ਹੋਰ ਨਾਲ ਲੰਪਟ ਨਾ ਹੋ। ਐਸੇ ਦੋਖ ਮੂਰਖਾਂ ਤੇ ਅੰਨ੍ਹਿਆਂ ਨੂੰ ਵਿਆਪਦੇ ਹਨ। ਹੇ ਮਾਲਕ! ਨਾਨਕ ਦੀ ਬੇਨਤੀ ਹੈ ਕਿ ਸਾਨੂੰ ਆਪੇ ਕੱਢ ਲਵੋ।

ਆਦਿ ਅੰਤਿ ਜੋ ਰਾਖਨਹਾਰੁ ॥
ਤਿਸ ਸਿਉ ਪ੍ਰੀਤਿ ਨ ਕਰੈ ਗਵਾਰੁ ॥
ਜਾ ਕੀ ਸੇਵਾ ਨਵਨਿਧਿ ਪਾਵੈ ॥
ਤਾ ਸਿਉ ਮੂੜਾ ਮਨੁ ਨਹੀ ਲਾਵੈ ॥
ਜੋ ਠਾਕੁਰੁ ਸਦ ਸਦਾ ਹਜੂਰੇ ॥
ਤਾ ਕਉ ਅੰਧਾ ਜਾਨਤ ਦੂਰੇ ॥
ਜਾ ਕੀ ਟਹਲ ਪਾਵੈ ਦਰਗਹ ਮਾਨੁ ॥
ਤਿਸਹਿ ਬਿਸਾਰੈ ਮੁਗਧੁ ਅਜਾਨੁ ॥
ਸਦਾ ਸਦਾ ਇਹੁ ਭੂਲਨਹਾਰੁ ॥
ਨਾਨਕ ਰਾਖਨਹਾਰੁ ਅਪਾਰੁ ॥ ੩ ॥

ਜਨਮ ਮਰਨ ਵੇਲੇ ਜੋ ਬਚਾਉਣ ਵਾਲਾ ਹੈ, ਉਸ ਨਾਲ ਮੂਰਖ ਪ੍ਰੀਤ ਨਹੀਂ ਕਰਦਾ। ਜਿਸਦੀ ਸੇਵਾ ਕਰਨੇ ਤੇ ਨੌ ਨਿਧਾਂ ਨੂੰ ਪਾ ਲਵੇ, ਉਸ ਨਾਲ ਮੂਰਖ ਮਨ ਨਹੀਂ ਲਾਉਂਦਾ। ਜੋ ਮਾਲਕ ਸਦੀਵ ਕਾਲ ਹਾਜ਼ਰਾ ਹਜ਼ੂਰ ਹੈ, ਉਸਨੂੰ ਅੰਨ੍ਹਾ ਦੂਰ ਜਾਣਦਾ ਹੈ। ਜਿਸਦੀ ਟਹਿਲ ਕਰਕੇ ਦਰਗਾਹ ਵਿਚ ਮਾਨ ਪਾਉਂਦਾ ਹੈ, ਉਸਨੂੰ ਵਿਸਾਰਦਾ ਹੈ ਮੂਰਖ ਤੇ ਅਗਯਾਨੀ। ਹੇ ਅਕਾਲ ਪੁਰਖ! ਇਹ ਜੀਵ ਸਦਾ ਭੁੱਲਣਹਾਰ ਹੈ। ਗੁਰੂ ਜੀ-ਬੇਨਤੀ ਹੈ ਕਿ ਆਪ ਰਖਣ ਵਾਲੇ ਹੋ ਅਰ ਬੇਅੰਤ ਹੋ।

ਰਤਨੁ ਤਿਆਗਿ ਕਉਡੀ ਸੰਗਿ ਰਚੈ ॥
ਸਾਚੁ ਛੋਡਿ ਝੂਠ ਸੰਗਿ ਮਚੈ ॥
ਜੋ ਛਡਨਾ ਸੁ ਅਸਥਿਰੁ ਕਰਿ ਮਾਨੈ ॥
ਜੋ ਹੋਵਨੁ ਸੋ ਦੂਰਿ ਪਰਾਨੈ ॥

Digitized by Panjab Digital Library | www.panjabdigilib.org

ਛੋਡਿ ਜਾਇ ਤਿਸਕਾ ਸ੍ਰਮੁ ਕਰੈ ॥
ਸੰਗਿ ਸਹਾਈ ਤਿਸੁ ਪਰਹਰੈ ॥
ਚੰਦਨ ਲੇਪੁ ਉਤਾਰੈ ਧੋਇ ॥
ਗਰਧਬ ਪ੍ਰੀਤਿ ਭਸਮ ਸੰਗਿ ਹੋਇ ॥
ਅੰਧ ਕੂਪ ਮਹਿ ਪਤਿਤ ਬਿਕਰਾਲ ॥
ਨਾਨਕ ਕਾਢਿ ਲੇਹੁ ਪ੍ਰਭ ਦਇਆਲ ॥ ੪ ॥

ਰਤਨ ਨੂੰ ਛੱਡਕੇ ਕੌਡੀ ਲਾਲ ਰਚ ਰਿਹਾ ਹੈ । ਸੱਚ ਨੂੰ ਛੱਡਕੇ ਝੂਠੇ ਵਿਸ਼ਿਆਂ ਵਿਚ ਖੱਚਤ ਹੋ ਰਿਹਾ ਹੈ। ਜੋ ਛੱਡਨਾਂ ਨੇ ਸੋ ਦ੍ਰਿੜ੍ਹ ਕਰਕੇ ਮੰਨਦਾ ਹੈ। ਜੋ ਹੋਣਾ ਹੈ, ਉਸਨੂੰ ਝੂਠ ਕਰਕੇ ਪਛਾਣਦਾ ਹੈ।ਜੋ ਪਦਾਰਥ ਛਡ ਜਾਣੇ ਹਨ, ਉਨ੍ਹਾਂ ਦੇ ਇਕੱਤਰ ਕਰਨੇ ਲਈ ਮੇਹਨਤ ਕਰਦਾ ਹੈ। ਜੋ ਸੰਗ ਸਹਾਈ ਪ੍ਰਮੇਸ਼ਰ ਉਸਨੂੰ ਛੱਡ ਦਿੰਦਾ ਹੈ। ਚੰਦਨ ਦਾ ਲੇਪ ਲਾਹ ਸੁਟਦਾ ਹੈ। ਖੋਤੇ ਦੀ ਪ੍ਰੀਤੀ ਸੁਆਹ ਨਾਲ ਹੀ ਹੁੰਦੀ ਹੈ । ਡਰਾਉਣੇ ਅੰਨ੍ਹੇ ਖੂਹ ਵਿਚ ਡਿਗ ਰਿਹਾ ਹੈ। ਹੇ ਦਯਾਲੂ ਮਾਲਕ!ਆਪ ਕੱਢਲਵੋ,ਸਾਡੀ ਇਹਬੇਨਤੀ ਹੈ।

ਕਰਤੂਤਿ ਪਸੂ ਕੀ ਮਾਨਸ ਜਾਤਿ ॥
ਲੋਕ ਪਚਾਰਾ ਕਰੈ ਦਿਨੁ ਰਾਤਿ ॥
ਬਾਹਰਿ ਭੇਖ ਅੰਤਰਿ ਮਲੁ ਮਾਇਆ ॥
ਛਪਸਿ ਨਾਹਿ ਕਛੁ ਕਰੈ ਛਪਾਇਆ ॥
ਬਾਹਰਿ ਗਿਆਨ ਧਿਆਨ ਇਸਨਾਨ ॥
ਅੰਤਰਿ ਬਿਆਪੈ ਲੋਭੁ ਸੁਆਨੁ ॥
ਅੰਤਰਿ ਅਗਨਿ ਬਾਹਰਿ ਤਨੁ ਸੁਆਹ ॥
ਗਲਿ ਪਾਥਰ ਕੈਸੇ ਤਰੈ ਅਥਾਹ ॥
ਜਾਕੈ ਅੰਤਰਿ ਬਸੈ ਪ੍ਰਭੁ ਆਪਿ ॥
ਨਾਨਕ ਤੇ ਜਨ ਸਹਜਿ ਸਮਾਤਿ ॥ ੫ ॥

ਜਾਤ ਤਾਂ ਮਨੁਖ ਦੀ ਹੈ, ਪਰ ਕਰਤੂਤ ਪਸ਼ੂ ਦੀ ਹੈ । ਲੋਕਾਂ ਦਾ ਦਿਖਲਾਵਾ ਦਿਨ ਰਾਤ ਕਰਦਾ ਰਹਿੰਦਾ ਹੈ। ਬਾਹਰ ਤਾਂ ਭੇਖ ਬਣਾਇਆ ਹੋਇਆ ਹੈ,ਅੰਦਰ ਮਾਇਆ ਦੀ ਮੈਲ ਹੈ । ਪਰ ਇਹ ਭੇਖ ਲੁਕਦਾ ਨਹੀਂ

Digitized by Panjab Digital Library | www.panjabdigilib.org

ਭਾਵੇਂ ਲੁਕਾਉਣ ਦਾ ਜਤਨ ਕਰੇ। ਬਾਹਰੋਂ ਤਾਂ ਗਿਆਨ ਧਿਆਨ ਤੇ ਇਸ਼ਨਾਨ ਕਰ ਕਰ ਦਸਦਾ ਹੈ। ਪਰ ਅੰਦਰ ਤਾਂ ਲੋਭ ਦਾ ਕੁੱਤਾ ਵੜਿਆ ਹੋਇਆ ਹੈ। ਅੰਦਰ ਤਾਂ ਅੱਗ ਹੈ,ਪਰ ਬਾਹਰੋਂ ਸਰੀਰ ਪੁਰ ਸੁਆਹ ਮਲੀ ਹੈ। ਗਲ ਵਿਚ ਤਾਂ ਪਖੰਡਦਾ ਪੰਥਰ ਬੱਧਾਹੈ,ਅਥਾਹ ਸਮੁੰਦਰਨੂੰ ਕਿਸਪ੍ਰਕਾਰ ਤਰੇ, ਜਿਸਦੇ ਅੰਦਰ ਆਪ ਪਰਮੇਸ਼ਰ ਵਸਦਾ ਹੈ। ਗੁਰੂ ਜੀ–ਓਹ ਜਨ ਸਹਜ ਪਦਵੀ ਵਿਚ ਸਮਾਉਂਦੇ ਹਨ।

**ਸੁਨਿ ਅੰਧਾ ਕੈਸੇ ਮਾਰਗੁ ਪਾਵੈ ॥**
**ਕਰੁ ਗਹਿ ਲੇਹੁ ਓੜਿ ਨਿਬਹਾਵੈ ॥**
**ਕਹਾ ਬੁਝਾਰਤਿ ਬੂਝੈ ਡੋਰਾ ॥**
**ਨਿਸਿ ਕਹੀਐ ਤਉ ਸਮਝੈ ਭੋਰਾ ॥**
**ਕਹਾ ਬਿਸਨ ਪਦ ਗਾਵੈ ਗੁੰਗ ॥**
**ਜਤਨ ਕਰੈ ਤਉ ਭੀ ਸੁਰ ਭੰਗ ॥**
**ਕਹ ਪਿੰਗੁਲ ਪਰਬਤ ਪਰ ਭਵਨ ॥**
**ਨਹੀ ਹੋਤ ਊਹਾ ਉਸੁ ਗਵਨ ॥**
**ਕਰਤਾਰ ਕਰੁਣਾ ਮੈ ਦੀਨੁ ਬੇਨਤੀ ਕਰੈ ॥**
**ਨਾਨਕ ਤੁਮਰੀ ਕਿਰਪਾ ਤਰੈ ॥ ੬ ॥**

ਅੰਨ੍ਹਾ ਸੁਣਨੇ ਕਰਕੇ ਕਿਸਤਰਾਂ ਰਸਤਾ ਲੱਭੇ ? ਇਸ ਲਈ ਹੈ ਅਕਾਲ ਪੁਰਖ ! ਹੱਥ ਫੜ ਲਓ ਤੇ ਅੰਤ ਤਕ ਨਿਬਾਹੋ। ਡੋਰਾ ਕਿਸ ਤਰਾਂ ਬੁਝਾਰਤ ਬੁਝ ਲਵੇ ? ਰਾਤ ਕਹੀਏ ਤਦ ਉਹ ਦਿਨ ਸਮਝਦਾ ਹੈ । ਗੁੰਗ ਬਿਸ਼ਨਪਦੇ ਕਿੱਕਰ ਗਾਵੇ ? ਜੇ ਜਤਨ ਕਰੇ ਤਦ ਭੀ ਅਵਾਜ਼ ਟੁਟ ਜਾਵੇਗੀ। ਕਿਸਤਰਾਂ ਪਿੰਗਲਾ ਪਰਬਤ ਉਤੇ ਭਵੇਂ ? ਉਸਦਾ ਤਾਂ ਉਥੇ ਜਾਣਾ ਭੀ ਨਹੀਂ ਹੋਸਕਦਾ। ਹੇ ਕਰਤਾਰ ਦਿਆਲੂ ! ਇਹ ਗਰੀਬ ਬੇਨਤੀ ਕਰਦਾ ਹੈ। ਗੁਰੂ ਜੀ–ਇਹ ਜੀਵ ਤੁਹਾਡੀ ਕਿਰਪਾ ਕਰਕੇ ਤਰ ਸਕਦਾ ਹੈ।

**ਸੰਗਿ ਸਹਾਈ ਸੁ ਆਵੈ ਨ ਚੀਤਿ ॥**
**ਜੋ ਬੈਰਾਈ ਤਾਸਿਉ ਪ੍ਰੀਤਿ ॥**
**ਬਲੂਆ ਕੇ ਗ੍ਰਿਹ ਭੀਤਰਿ ਬਸੈ ॥**
**ਅਨਦ ਕੇਲ ਮਾਇਆ ਰੰਗਿ ਰਸੈ ॥**

Digitized by Panjab Digital Library | www.panjabdigilib.org

ਦ੍ਰਿੜੁ ਕਰਿ ਮਾਨੈ ਮਨਹਿ ਪਰਤੀਤਿ ॥
ਕਾਲੁ ਨ ਆਵੈ ਮੂੜੇ ਚੀਤਿ ॥
ਬੈਰ ਬਿਰੋਧ ਕਾਮ ਕ੍ਰੋਧ ਮੋਹ ॥
ਝੂਠ ਬਿਕਾਰ ਮਹਾ ਲੋਭ ਧ੍ਰੋਹ ॥
ਇਆਹੂ ਜੁਗਤਿ ਬਿਹਾਨੇ ਕਈ ਜਨਮ ॥
ਨਾਨਕ ਰਾਖਿ ਲੇਹੁ ਆਪਨ ਕਰਿ ਕਰਮ ॥ ੭ ॥

ਜੋ ਸੰਗ ਹੈ ਅਰ ਸਹਾਇਕ ਹੈ ਸੋ ਚਿਤ ਨਹੀਂ ਆਉਂਦਾ। ਜੋ ਵੈਰ ਹੈ, ਉਸ ਨਾਲ ਪ੍ਰੀਤ ਹੈ। ਰੇਤ ਦੇ ਘਰ ਦੇ ਅੰਦਰ ਵਸਦਾ ਹੈ। ਨਾਸਮਾਨ ਸਰੀਰ ਵਿਚ ਮਾਇਆ ਦੇ ਪ੍ਰੇਮ ਵਿਚ ਰਸਿਆ ਹੋਇਆ ਅਨੰਦ ਤੇ ਕ੍ਰੀੜਾ ਕਰਦਾ ਹੈ। ਉਸ ਰੇਤ ਦੇ ਘਰ ਸਰੀਰ ਨੂੰ ਦ੍ਰਿੜ ਪ੍ਰਤੀਤ ਕਰਕੇ ਮਨ ਵਿਚ ਮੰਨਦਾ ਹੈ। ਪਰ ਮੂਰਖ ਨੂੰ ਕਾਲ ਚੇਤੇ ਨਹੀਂ ਆਉਂਦਾ। ਵੈਰ ਵਿਰੋਧ ਕਾਮ ਕ੍ਰੋਧ ਤੇ ਮੋਹ ਝੂਠ ਵਿਕਾਰ ਬਹੁਤਾ ਲਾਲਚ ਧ੍ਰੋਹ (ਵਿਸਾਹ ਘਾਤ) ਇਨ੍ਹਾਂ ਵਿਚ ਜੁੜਿਆਂ ਹੋਇਆਂ ਕਈ ਜਨਮ ਬੀਤ ਗਏ। ਗੁਰੂ ਜੀ—ਹੇ ਕਰਤਾਰ! ਆਪਣੀ ਦਇਆ ਕਰਕੇ ਰੱਖ ਲਵੋ।

ਤੂ ਠਾਕੁਰੁ ਤੁਮ ਪਹਿ ਅਰਦਾਸਿ ॥
ਜੀਉ ਪਿੰਡੁ ਸਭੁ ਤੇਰੀ ਰਾਸਿ ॥
ਤੁਮ ਮਾਤ ਪਿਤਾ ਹਮ ਬਾਰਿਕ ਤੇਰੇ ॥
ਤੁਮਰੀ ਕ੍ਰਿਪਾ ਮਹਿ ਸੂਖ ਘਨੇਰੇ ॥
ਕੋਇ ਨ ਜਾਨੈ ਤੁਮਰਾ ਅੰਤੁ ॥
ਊਚੇ ਤੇ ਊਚਾ ਭਗਵੰਤ ॥
ਸਗਲ ਸਮਗ੍ਰੀ ਤੁਮਰੈ ਸੂਤ੍ਰਿ ਧਾਰੀ ॥
ਤੁਮਤੇ ਹੋਇ ਸੁ ਆਗਿਆ ਕਾਰੀ ॥
ਤੁਮਰੀ ਗਤਿ ਮਿਤਿ ਤੁਮਹੀ ਜਾਨੀ ॥
ਨਾਨਕ ਦਾਸ ਸਦਾ ਕੁਰਬਾਨੀ ॥ ੮ ॥ ੪ ॥

ਤੂੰ ਮਾਲਕ ਹੈਂ, ਤੇਰੇ ਪਾਸ ਬੇਨਤੀ ਹੈ। ਜਿੰਦ ਤੇ ਸਰੀਰ ਸਭ ਤੇਰ ਰਾਸ ਪੂੰਜੀ ਹੈ। ਤੁਸੀਂ ਮਾਪੇ ਹੋ, ਅਸੀਂ ਤੁਹਾਡੇ ਬਾਲਕ ਹਾਂ। ਤੁਹਾਡੀ ਕ੍ਰਿਪਾ

Digitized by Panjab Digital Library | www.panjabdigilib.org

ਵਿਚ ਬਹੁਤੇ ਸੁਖ ਹਨ। ਤੁਹਾਡਾ ਅੰਤ ਕੋਈ ਨਹੀਂ ਜਾਣਦਾ। ਤੂੰ ਭਗਵੰਤ ਉਚਿਆਂ ਤੋਂ ਉਚਾ ਹੈਂ। ਸਾਰੀ ਸਮੱਗ੍ਰੀ ਪਦਾਰਥ ਤੁਹਾਡੀ ਚੇਤਨਸਤਾ ਦੇ ਸੂਤਰ ਨਾਲ ਧਾਰੀ ਹੋਈ ਖੜੀ ਹੈ। ਜੋ ਤੁਹਾਥੋਂ ਸ੍ਰਿਸਟਾ ਹੁੰਦੀ ਹੈ, ਸੋਈਓ ਆਗਿਆਕਾਰੀ ਹੈ। ਤੁਹਾਡੀ ਗਤੀ ਅਰ ਮਿਣਤੀ ਤੁਸੀਂ ਹੀ ਜਾਣਦੇ ਹੋ। ਗੁਰੂ ਜੀ- ਦਾਸ ਤੁਹਾਡੇ ਉਤੋਂ ਸਦਾ ਕੁਰਬਾਨ ਹੈ।

## ਸਲੋਕੁ॥

**ਦੇਨਹਾਰੁ ਪ੍ਰਭ ਛੋਡਿਕੈ ਲਾਗਹਿ ਆਨ ਸੁਆਇ॥**
**ਨਾਨਕ ਕਹੂ ਨ ਸੀਝਈ ਬਿਨੁ ਨਾਵੈ ਪਤਿ ਜਾਇ॥ ੧॥**

ਸਭ ਦਾਤਾਂਦੇ ਦੇਣ ਵਾਲੇ ਅਕਾਲ ਪੁਰਖਨੂੰਛੱਡਕੇ ਲਗਦੇ ਹਨ ਪ੍ਰਾਣੀ ਹੋਰਨਾਂ ਪ੍ਰਯੋਜਨਾਂ ਵਿਚ। ਕਹਿੰਦੇ ਹਨ ਗੁਰੂ ਨਾਨਕ ਸਾਹਿਬ ਐਸੇ ਪੁਰਖ ਕਿਤੇ ਮੁਕਤ ਨਹੀਂ ਪਾਉਂਦੇ, ਕਿਉਂਕਿ ਨਾਮ ਤੋਂ ਬਾਝ ਪਤ ਨਹੀਂ ਰਹਿੰਦੀ।

## ਅਸਟਪਦੀ॥

**ਦਸ ਬਸਤੂ ਲੇ ਪਾਛੈ ਪਾਵੈ॥**
**ਏਕ ਬਸਤੁ ਕਾਰਨਿ ਬਿਖੋਟਿ ਗਵਾਵੈ॥**
**ਏਕ ਭੀ ਨ ਦੇਇ ਦਸ ਭੀ ਹਿਰਿ ਲੇਇ॥**
**ਤਉ ਮੂੜਾ ਕਹੁ ਕਹਾ ਕਰੇਇ॥**
**ਜਿਸੁ ਠਾਕੁਰ ਸਿਉ ਨਾਹੀ ਚਾਰਾ॥**
**ਤਾਕਉ ਕੀਜੈ ਸਦਾ ਨਮਸਕਾਰਾ॥**
**ਜਾਕੈ ਮਨਿ ਲਾਗਾ ਪ੍ਰਭੁ ਮੀਠਾ॥**
**ਸਰਬ ਸੂਖ ਤਾਹੂ ਮਨਿ ਵੂਠਾ॥**
**ਜਿਸੁ ਜਨ ਅਪਨਾ ਹੁਕਮੁ ਮਨਾਇਆ॥**
**ਸਰਬ ਥੋਕ ਨਾਨਕ ਤਿਨਿ ਪਾਇਆ॥ ੧॥**

ਦਸ ਪਦਾਰਥ ਲੈਕੇ ਤਾਂ ਪਿਛੇ ਪਾਉਂਦਾ ਹੈ ਭਾਵ ਖ਼ੁਸ਼ ਹੋਕੇ ਸ਼ੁਕਰ ਨਹੀਂ ਕਰਦਾ। ਪਰ ਇਕ ਵਸਤੂ ਦੇ ਨਾ ਹੋਣ ਦੇ ਕਾਰਣ ਆਪਣਾ ਭਰੋਸਾ ਗਵਾ ਲੈਂਦਾ ਹੈ। ਭਲਾ ਕਰਤਾਰ ਜੇ ਉਹ ਇਕ ਭੀ ਨਾ ਦੇਵੇ ਤੇ ਪਹਿਲੀਆਂ ਦਸ ਵੀ ਖੋਹ ਲਵੇ। ਤਦ ਕਹੋ ਮੂਰਖ ਕੀ ਕਰੇ। ਤਾਂਤੇ ਜਿਸ ਸੁਆਮੀ ਨਾਲ ਪੇਸ਼ ਨਾ ਚੱਲੇ। ਉਸ ਨੂੰਸਦਾ ਨਿਮਸ਼ਕਾਰ ਕਰੀਏ। ਜਿਸਦੇ ਮਨ ਵਿਚ ਪ੍ਰਭੂਦਾ

Digitized by Panjab Digital Library | www.panjabdigilib.org

ਭਾਣਾ ਮਿਠਾ ਲਗਦਾ ਹੈ। ਸਾਰੇ ਸੁਖ ਉਸਦੇ ਮਨ ਵਿਚ ਪ੍ਰਾਪਤ ਹੋਏ। ਪਰ ਅਸਲ ਗਲ ਇਉਂ ਹੈ ਕਿ ਜਿਸ ਪੁਰਖ ਨੂੰ ਪ੍ਰਭੂ ਨੇ ਆਪਣਾ ਹੁਕਮ ਮਨਾਇਆ ਹੈ। ਗੁਰੂ ਜੀ-ਸਭ ਪਦਾਰਥ ਓਸ ਨੇ ਪਾ ਲਏ।

**ਅਗਨਤ ਸਾਹੁ ਅਪਨੀ ਦੇ ਰਾਸਿ ॥**
**ਖਾਤ ਪੀਤ ਬਰਤੈ ਅਨਦ ਉਲਾਸਿ ॥**
**ਅਪੁਨੀ ਅਮਾਨ ਕਛੁ ਬਹੁਰਿ ਸਾਹੁ ਲੇਇ ॥**
**ਅਗਿਆਨੀ ਮਨਿ ਰੋਸੁ ਕਰੇਇ ॥**
**ਅਪਨੀ ਪਰਤੀਤਿ ਆਪ ਹੀ ਖੋਵੈ ॥**
**ਬਹੁਰਿ ਉਸਕਾ ਬਿਸ੍ਵਾਸੁ ਨ ਹੋਵੈ ॥**
**ਜਿਸਕੀ ਬਸਤੁ ਤਿਸੁ ਆਗੈ ਰਾਖੈ ॥**
**ਪ੍ਰਭ ਕੀ ਆਗਿਆ ਮਾਨੈ ਮਾਥੈ ॥**
**ਉਸਤੇ ਚਉਗੁਨ ਕਰੈ ਨਿਹਾਲੁ ॥**
**ਨਾਨਕ ਸਾਹਿਬੁ ਸਦਾ ਦਇਆਲੁ ॥ ੨ ॥**

ਅਣਗਿਣਤ ਪਦਾਰਥਾਂ ਦਾ ਸ਼ਾਹ ਅਕਾਲਪੁਰਖ ਆਪਣੀ ਪੂੰਜੀਦਿੰਦਾ ਹੈ। ਉਸਦੀ ਦਾਤ ਨੂੰ ਖਾਂਦਾ ਪੀਂਦਾ ਵਰਤਦਾ ਖੁਸ਼ੀ ਕਰਦਾਬਹੁਤ ਖੁਸ਼ ਹੁੰਦਾ ਹੈ। ਜਦ ਸ਼ਾਹ ਆਪਣੀ ਅਮਾਨਤ ਫੇਰ ਲੈ ਲੈਂਦਾ ਹੈਤਦ ਅਗਿਆਨੀ ਮਨ ਗੁੱਸਾ ਕਰਦਾ ਹੈ। ਐਸਾ ਕਰਨੇ ਤੇ ਜੀਵ ਅਗਿਆਨੀ ਆਪਣੀ ਪ੍ਰਤੀਤ ਗੁਆ ਬੈਠਦਾ ਹੈ। ਫੇਰ ਉਸਦਾ ਵਿਸਾਹ ਨਹੀਂ ਹੁੰਦਾ ਭਾਵ ਸ਼ਾਹ ਉਸ ਨੂੰ ਖੋਟਾ ਜਾਣ ਲੈਂਦਾ ਹੈ, ਅਰ ਫੇਰ ਕਦੇ ਵਿਸਾਹ ਨਹੀਂ ਕਰਦਾ। ਤਾਂਤੇ ਨਾ ਸ਼ੁਕਰੇ ਹੋਣੇ ਤੇ ਅੱਗਾ ਬੀ ਮਾਰਿਆ ਜਾਂਦਾ ਹੈ। ਪ੍ਰੰਤੂ ਜੇ ਜਿਸਦੀ ਵਸਤੂ ਹੈ ਉਸ ਦੇ ਅਗੇ ਧਰ ਦੇਵੇ, ਅਰ ਮਾਲਕ ਦੀ ਆਗਿਆ ਸਿਰ ਮੱਥੇ ਤੇ ਮੰਨ ਲਵੇ, ਤਦ ਸ਼ਾਹ ਉਸਨੂੰ ਉਸਤੋਂ ਚੌਗੁਣਾ ਖੁਸ਼ ਕਰਦਾ ਹੈ। ਗੁਰੂ ਜੀ-ਇਸ ਕਰਕੇ ਕਿ ਉਹ ਮਾਲਕ ਸਦਾ ਹੀ ਦਿਆਲ ਹੈ।

**ਅਨਿਕ ਭਾਤਿ ਮਾਇਆ ਕੇ ਹੇਤ ॥**
**ਸਰਪਰ ਹੋਵਤ ਜਾਨੁ ਅਨੇਤ ॥**
**ਬਿਰਖ ਕੀ ਛਾਇਆ ਸਿਉ ਰੰਗੁ ਲਾਵੈ ॥**
**ਓਹ ਬਿਨਸੈ ਉਹੁ ਮਨਿ ਪਛੁਤਾਵੈ ॥**

Digitized by Panjab Digital Library | www.panjabdigilib.org

ਜੋ ਦੀਸੈ ਸੋ ਚਾਲਨਹਾਰੁ ॥
ਲਪਟਿ ਰਹਿਓ ਤਹ ਅੰਧ ਅੰਧਾਰੁ ॥
ਬਟਾਊ ਸਿਉ ਜੋ ਲਾਵੈ ਨੇਹ ॥
ਤਾਕਉ ਹਾਥਿ ਨ ਆਵੈ ਕੇਹ ॥
ਮਨ ਹਰਿਕੇ ਨਾਮ ਕੀ ਪ੍ਰੀਤਿ ਸੁਖਦਾਈ ॥
ਕਰਿ ਕਿਰਪਾ ਨਾਨਕ ਆਪਿ ਲਏ ਲਾਈ ॥ ੩ ॥

ਅਨੇਕ ਪਰਕਾਰ ਦੇ ਮਾਇਆ ਦੇ ਹਿਤ ਜੋ ਹਨ । ਸੋ ਹੇ ਮਿੱਤਰ ! ਨਿਸਚੇ ਜਾਣ ਕਿ ਅਨਿੱਤ ਹੁੰਦੇ ਹਨ। ਜਿਕਰ ਕੋਈ ਪੁਰਖ ਜੋ ਬ੍ਰਿਛ ਦੀ ਛਾਇਆ ਨਾਲ ਪਰੀਤ ਲਾਵੇ, ਓਹ ਓਸ ਛਾਇਆ ਦੇ ਬਿਨਸ ਜਾਣੇ ਪੁਰ ਮਨ ਵਿੱਚ ਪਛਤਾਉਂਦਾ ਹੈ। ਇਸੀ ਪਰਕਾਰ ਜੋ ਕੁਝ ਦਿੱਸ ਰਿਹਾ ਹੈ ਸਭ ਚਲਣਹਾਰ ਹੈ। ਉਸ ਹਨੇਰੇ ਨੂੰ ਅੰਨ੍ਹਾ ਲਪਟ ਰਿਹਾ ਹੈ । ਜੋ ਮੁਸਾਫਰ ਨਾਲ ਪਰੀਤ ਲਾਉਂਦਾ ਹੈ, ਉਸਦੇ ਹੱਥ ਕੁਝ ਨਹੀਂ ਆਉਂਦਾ । ਤਾਂਤੇ ਹੇ ਮਨ ! ਹਰੀ ਦੇ ਨਾਮ ਦੀ ਪਰੀਤ ਸੁਖਦਾਈ ਹੈ । ਗੁਰੂ ਜੀ–ਅਕਾਲ ਪੁਰਖ ਕ੍ਰਿਪਾ ਕਰਕੇ ਆਪ ਹੀ ਆਪਣੀ ਪ੍ਰੀਤ ਲਾ ਦੇਂਦਾ ਹੈ।

ਮਿਥਿਆ ਤਨੁ ਧਨੁ ਕੁਟੰਬੁ ਸਬਾਇਆ ॥
ਮਿਥਿਆ ਹਉਮੈ ਮਮਤਾ ਮਾਇਆ ॥
ਮਿਥਿਆ ਰਾਜ ਜੋਬਨ ਧਨ ਮਾਲ ॥
ਮਿਥਿਆ ਕਾਮ ਕ੍ਰੋਧ ਬਿਕਰਾਲ ॥
ਮਿਥਿਆ ਰਥ ਹਸਤੀ ਅਸ੍ਵ ਬਸਤ੍ਰਾ ॥
ਮਿਥਿਆ ਰੰਗ ਸੰਗਿ ਮਾਇਆ ਪੇਖਿ ਹਸਤਾ ॥
ਮਿਥਿਆ ਧ੍ਰੋਹ ਮੋਹ ਅਭਿਮਾਨੁ ॥
ਮਿਥਿਆ ਆਪਸ ਊਪਰਿ ਕਰਤ ਗੁਮਾਨੁ ॥
ਅਸਥਿਰੁ ਭਗਤਿ ਸਾਧ ਕੀ ਸਰਨ ॥
ਨਾਨਕ ਜਪਿ ਜਪਿ ਜੀਵੈ ਹਰਿਕੇ ਚਰਨ ॥ ੪ ॥

ਤਨ ਧਨ ਤੇ ਸਾਰਾ ਕੁਟੰਬ ਝੂਠਾ ਹੈ। ਹਉਮੈ ਮਮਤਾ ਮਾਇਆ ਝੂਠ ਹਨ। ਰਾਜ ਜੋਬਨ ਧਨ ਤੇ ਮਾਲ ਝੂਠ ਹਨ। ਭਯਾਨਕ ਕਾਮ ਤੇ ਕ੍ਰੋਧਝੂਠਹਨ।

Digitized by Panjab Digital Library | www.panjabdigilib.org

ਰਥ ਹਾਥੀ ਘੋੜੇ ਤੇ ਬਸਤਰ ਝੂਠ ਹਨ । ਖੁਸ਼ੀ ਨਾਲ ਮਾਇਆ ਨੂੰ ਦੇਖਕੇ ਹਸਦਾ ਹੈ, ਇਹ ਬੀ ਝੂਠ ਹੈ। ਧਰੋਹ, ਮੋਹ, ਹੰਕਾਰ ਸਭ ਝੂਠਾ ਹੈ। ਆਪਣੇ ਉਪਰ ਜੋ ਗੁਮਾਨ ਕਰਦਾ ਹੈ, ਝੂਠਾ ਹੈ । ਪਰੰਤੂ ਸਾਧ ਦੀ ਸਰਨ ਲੈਣੀ ਤੇ ਭਗਤੀ ਕਰਨੀ ਅਸਥਰ ਹੈ। ਗੁਰੂ ਜੀ–ਹਰਿ ਦੇ ਚਰਨ ਜਪਕੇ ਜੀਊਂਦਾ ਹੈ।

ਮਿਥਿਆ ਸ੍ਰਵਨ ਪਰ ਨਿੰਦਾ ਸੁਨਹਿ ॥
ਮਿਥਿਆ ਹਸਤ ਪਰ ਦਰਬ ਕਉ ਹਿਰਹਿ ॥
ਮਿਥਿਆ ਨੇਤ੍ਰ ਪੇਖਤ ਪਰ ਤ੍ਰਿਅ ਰੂਪਾਦ ॥
ਮਿਥਿਆ ਰਸਨਾ ਭੋਜਨ ਅਨਸ੍ਵਾਦ ॥
ਮਿਥਿਆ ਚਰਨ ਪਰ ਬਿਕਾਰ ਕਉ ਧਾਵਹਿ ॥
ਮਿਥਿਆ ਮਨ ਪਰ ਲੋਭੁ ਲੁਭਾਵਹਿ ॥
ਮਿਥਿਆ ਤਨ ਨਹੀ ਪਰਉਪਕਾਰਾ ॥
ਮਿਥਿਆ ਬਾਸੁ ਲੇਤ ਬਿਕਾਰਾ ॥
ਬਿਨੁ ਬੂਝੇ ਮਿਥਿਆ ਸਭ ਭਏ ॥
ਸਫਲ ਦੇਹ ਨਾਨਕ ਹਰਿ ਹਰਿ ਨਾਮ ਲਏ ॥ ੫ ॥

ਝੂਠੇ ਹਨ ਕੰਨ ਜੋ ਪਰਾਈ ਨਿੰਦਾ ਸੁਣਦੇ ਹਨ। ਝੂਠੇ ਹਨ ਹੱਥ ਜੋ ਪ੍ਰਾਇਆ ਧਨ ਚੁਰਾਉਂਦੇ ਹਨ। ਝੂਠੇ ਹਨ ਨੇਤ੍ਰ ਜੋ ਦੇਖਦੇ ਹਨ ਪ੍ਰਇਸਤ੍ਰੀਆਂ ਦੇ ਰੂਪ ਆਦਿਕ । ਝੂਠੀ ਹੈ ਜੀਭ ਜੋ ਹਰਰਸ ਛੱਡਕੇ ਭੋਜਨਾਦਿ ਹੋਰ ਸਵਾਦਾਂ ਵਿੱਚ ਲਗੀ ਹੋਈ ਹੈ। ਝੂਠੇ ਹਨ ਪੈਰ ਜੋ ਪਰਾਏ ਵਿਕਾਰਾਂ ਨੂੰ ਦੌੜਦੇ ਹਨ। ਝੂਠਾ ਹੈ ਮਨ ਜੋ ਪਰਾਏ ਪਦਾਰਥਾਂ ਦੇ ਲੋਭ ਵਿਚ ਲੁਭਾ ਰਿਹਾ ਹੈ। ਝੂਠਾ ਹੈ ਤਨ ਜੋ ਪਰਉਪਕਾਰ ਵਿਚ ਤਤਪਰ ਨਹੀਂ। ਝੂਠੀ ਹੈ ਨਾਸਕਾ ਜੋ ਵਿਕਾਰਾਂ ਦੀ ਵਾਸ਼ਨਾ ਲੈਂਦੀ ਹੈ। ਬਿਨਾ ਸਮਝੇ ਦੇ ਸਭ ਵਿਅਰਥ ਚਲੇ ਗਏ। ਗੁਰੂ ਜੀ–ਕੇਵਲ ਹਰੀ ਦਾ ਨਾਮ ਲੈਣੇ ਤੇ ਦੇਹ ਸਫਲ ਹੁੰਦੀ ਹੈ।

ਬਿਰਥੀ ਸਾਕਤ ਕੀ ਆਰਜਾ ॥
ਸਾਚ ਬਿਨਾ ਕਹ ਹੋਵਤ ਸੂਚਾ ॥
ਬਿਰਥਾ ਨਾਮ ਬਿਨਾ ਤਨੁ ਅੰਧ ॥
ਮੁਖਿ ਆਵਤ ਤਾਕੈ ਦੁਰਗੰਧ ॥

Digitized by Panjab Digital Library | www.panjabdigilib.org

ਬਿਨੁ ਸਿਮਰਨ ਦਿਨੁ ਰੈਨਿ ਬ੍ਰਿਥਾ ਬਿਹਾਇ ॥
ਮੇਘ ਬਿਨਾ ਜਿਉ ਖੇਤੀ ਜਾਇ ॥
ਗੋਬਿਦ ਭਜਨ ਬਿਨੁ ਬ੍ਰਿਥੇ ਸਭ ਕਾਮ ॥
ਜਿਉ ਕਿਰਪਨ ਕੇ ਨਿਰਾਰਥ ਦਾਮ ॥
ਧੰਨਿ ਧੰਨਿ ਤੇ ਜਨ ਜਿਹ ਘਟਿ ਬਸਿਓ ਹਰਿ ਨਾਉ ॥
ਨਾਨਕ ਤਾ ਕੈ ਬਲਿ ਬਲਿ ਜਾਉ ॥ ੬ ॥

ਬਿਰਥੀ ਹੈ ਸਾਕਤ ਦੀ ਸਾਰੀ ਉਮਰ। ਕਿਉਂਕਿ ਸੱਚ ਬਿਨਾ ਕਦੇ ਕੋਈ ਸੱਚਾ ਹੋ ਸਕਦਾ ਹੈ ? ਨਾਮ ਤੋਂ ਬਿਨਾਂ ਅੰਨ੍ਹੇ ਅਗਜਾਨੀ ਦਾ ਤਨ ਹੀ ਬ੍ਰਿਥਾ ਹੈ। ਉਸ ਦੇ ਮੂੰਹ ਤੋਂ ਬਦਬੋ ਝੂਠ, ਨਿੰਦਾ ਆਦਿ ਦੀ ਆਉਂਦੀ ਹੈ। ਬਿਨਾ ਸਿਮਰਨੇ ਦੇ ਦਿਨ ਰਾਤ ਬ੍ਰਿਥਾ ਬੀਤਦੇ ਹਨ। ਜਿੱਕੁਰ ਬੱਦਲ ਵੱਸੇ ਬਿਨਾਂ ਖੇਤੀ ਅਜਾਈਂ ਜਾਂਦੀ ਹੈ, ਗੋਬਿੰਦ ਦੇ ਭਜਨ ਬਿਨਾਂ ਸਾਰੇ ਕੰਮ ਬ੍ਰਿਥੇ ਹਨ। ਜਿਸ ਤਰਾਂ ਸ਼ੂਮ ਦਾ ਧਨ ਬ੍ਰਿਥਾ ਹੁੰਦਾ ਹੈ ਕਿਸੇ ਕੰਮ ਨਹੀਂ ਆਉਂਦਾ, ਕੇਵਲ ਉਹ ਪੁਰਖ ਧੰਨ ਧੰਨ ਹਨ, ਜਿਨ੍ਹਾਂ ਦੇ ਹਿਰਦੇ ਵਿੱਚ ਹਰੀ ਦਾ ਨਾਮ ਵਸਿਆ ਹੈ। ਗੁਰੂ ਜੀ-ਉਸ ਦੇ ਅਸੀਂ ਬਲਿਹਾਰ ਬਲਿਹਾਰ ਜਾਂਦੇ ਹਾਂ।

ਰਹਤ ਅਵਰ ਕਛੁ ਅਵਰ ਕਮਾਵਤ ॥
ਮਨਿ ਨਹੀ ਪ੍ਰੀਤਿ ਮੁਖਹੁ ਗੰਢ ਲਾਵਤ ॥
ਜਾਨਨਹਾਰ ਪ੍ਰਭੂ ਪਰਬੀਨ ॥
ਬਾਹਰਿ ਭੇਖ ਨ ਕਾਹੂ ਭੀਨ ॥
ਅਵਰ ਉਪਦੇਸੈ ਆਪਿ ਨ ਕਰੈ ॥
ਆਵਤ ਜਾਵਤ ਜਨਮੈ ਮਰੈ ॥
ਜਿਸ ਕੈ ਅੰਤਰਿ ਬਸੈ ਨਿਰੰਕਾਰੁ ॥
ਤਿਸ ਕੀ ਸੀਖ ਤਰੈ ਸੰਸਾਰੁ ॥
ਜੋ ਤੁਮ ਭਾਨੇ ਤਿਨ ਪ੍ਰਭੁ ਜਾਤਾ ॥
ਨਾਨਕ ਉਨ ਜਨ ਚਰਨ ਪਰਾਤਾ ॥ ੭ ॥

ਰਹਣੀ ਹੋਰ ਤੇ ਕਮਾਉਂਦਾ ਕੁਛ ਹੋਰ ਹੈ। ਮਨ ਵਿੱਚ ਤਾਂ ਪ੍ਰੀਤ ਨਹੀਂ,

Digitized by Panjab Digital Library | www.panjabdigilib.org

ਤੇ ਮੂੰਹੋਂ ਪ੍ਰੀਤ ਦੇ ਰੰਢ ਲਾਉਂਦਾ ਹੈ। ਪਰੰਤੂ ਜਾਣਨ ਵਾਲਾ ਪ੍ਰਭੂ ਪਰਬੀਨ ਹੈ,ਭਲੀ ਪ੍ਰਕਾਰ ਜਾਣਦਾ ਹੈ,ਬਾਹਰੋਂ ਕਿਸੇ ਭੇਖ ਕਰਕੇ ਉਹ ਨਹੀਂ ਭਿੱਜਦਾ। ਇਸ ਲਈ ਜੋ ਪੁਰਖ ਹੋਰਨਾਂ ਨੂੰ ਉਪਦੇਸ਼ ਦਿੰਦਾ ਹੈ ਤੇ ਆਪ ਨਹੀ ਕਰਦਾ,ਓਹ ਆਉਂਦਾ,ਜਾਂਦਾ ਤੇ ਜੰਮਦਾ,ਮਰਦਾ ਰਹਿੰਦਾ ਹੈ। ਜਿਸਦੇ ਮਨਵਿਚ ਨਿਰੰਕਾਰ ਵੱਸਦਾ ਹੈ। ਓਸਦੀ ਸਿੱਖਯਾ ਕਰਕੇ ਸੰਸਾਰ ਤਰਦਾ ਹੈ। ਜੋ ਤੈਨੂੰ ਭਾਉਂਦੇ ਹਨ, ਉਨ੍ਹਾਂ ਨੇ ਤੈਨੂੰ ਹੇ ਪ੍ਰਭੂ! ਪਛਾਣਿਆ ਹੈ,ਨਾਨਕ ਉਨ੍ਹਾਂ ਜਨਾਂ ਦੀ ਸਰਨੀ ਪੈਂਦਾ ਹੈ।

**ਕਰਉ ਬੇਨਤੀ ਪਾਰਬ੍ਰਹਮੁ ਸਭੁ ਜਾਨੈ ॥**
**ਅਪਨਾ ਕੀਆ ਆਪਹਿ ਮਾਨੈ ॥**
**ਆਪਹਿ ਆਪ ਆਪਿ ਕਰਤਿ ਨਿਬੇਰਾ ॥**
**ਕਿਸੈ ਦੂਰਿ ਜਨਾਵਤ ਕਿਸੈ ਬੁਝਾਵਤ ਨੇਰਾ ॥**
**ਉਪਾਵ ਸਿਆਨਪ ਸਗਲ ਤੇ ਰਹਤ ॥**
**ਸਭੁ ਕਛੁ ਜਾਨੈ ਆਤਮ ਕੀ ਰਹਤ ॥**
**ਜਿਸੁ ਭਾਵੈ ਤਿਸੁ ਲਏ ਲੜਿ ਲਾਇ ॥**
**ਥਾਨ ਥਨੰਤਰਿ ਰਹਿਆ ਸਮਾਇ ॥**
**ਸੋ ਸੇਵਕੁ ਜਿਸੁ ਕਿਰਪਾ ਕਰੀ ॥**
**ਨਿਮਖ ਨਿਮਖ ਜਪਿ ਨਾਨਕ ਹਰੀ ॥ ੮ ॥ ੫ ॥**

ਹੇ ਸੱਜਨੋ! ਉਸ ਪ੍ਰਭੂ ਅੱਗੇ ਬੇਨਤੀ ਕਰੋ,ਕਿਉਂਕਿ ਉਹ ਪਾਰਬ੍ਰਹਮ ਸਭ ਕੁਝ ਜਾਣਦਾ ਹੈ। ਆਪਣੇ ਕੀਤੇ ਹੋਏ ਭਗਤ ਨੂੰ ਆਪ ਹੀ ਮੰਨਦਾ ਹੈ। ਆਪੇ ਹੀ ਆਪਣੇ ਆਪ ਵਿੱਚ ਉਸਦਾ ਨਬੇੜਾ ਕਰਦਾ ਹੈ। ਕਿਸੇ ਨੂੰ ਦੂਰ ਜਣਾਉਂਦਾ ਹੈ, ਕਿਸੇ ਨੂੰ ਆਪਨ ਆਪ ਨੇੜੇ ਦਖਾਉਂਦਾ ਹੈ। ਉਪਾਵ ਤੇ ਅਕਲ ਸਭ ਤੋਂ ਰਹਤ ਹੈ। ਉਹ ਆਤਮਾਂ ਦੀ ਰਹਿਤ ਸਾਰੀ ਜਾਣਦਾ ਹੈ। ਜਿਸਨੂੰ ਭਾਵੇ ਲੜ ਲਾ ਲੈਂਦਾ ਹੈ। ਉਹ ਥਾਵਾਂ ਤੇ ਥਾਵਾਂ ਵਾਲਿਆਂ ਵਿੱਚ ਸਮਾ ਰਿਹਾ ਹੈ। ਉਹ ਉਸਦਾ ਸੇਵਕ ਹੈ, ਜਿਸ ਪੁਰ ਉਸ ਨੇ ਕ੍ਰਿਪਾ ਕੀਤੀ ਹੈ। ਗੁਰੂ ਜੀ-ਉਹ ਪਲ ਪਲ ਹਰੀ ਨੂੰ ਜਪਦਾ ਹੈ।

**ਸਲੋਕੁ ॥**

**ਕਾਮ ਕ੍ਰੋਧ ਅਰੁ ਲੋਭ ਮੋਹ ਬਿਨਸਿ ਜਾਇ ਅਹੰਮੇਵ ॥**
**ਨਾਨਕ ਪ੍ਰਭ ਸਰਣਾਗਤੀ ਕਰਿ ਪ੍ਰਸਾਦਿ ਗੁਰਦੇਵ ॥ ੧ ॥**

Digitized by Panjab Digital Library | www.panjabdigilib.org

ਹੇ ਪ੍ਰਭੂ ! ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਬਿਨਸ ਜਾਣ। ਬੇਨਤੀ ਕਰਦੇ ਹਨ ਗੁਰੂ ਜੀ ਅਸੀਂ ਹੇ ਪ੍ਰਭੂ ! ਤੇਰੀ ਸ਼ਰਨ ਹਾਂ। ਹੇ ਗੁਰਦੇਵ !

ਅਸਟਪਦੀ ॥

ਜਿਹ ਪ੍ਰਸਾਦਿ ਛਤੀਹ ਅੰਮ੍ਰਿਤ ਖਾਹਿ ॥
ਤਿਸੁ ਠਾਕੁਰ ਕਉ ਰਖੁ ਮਨ ਮਾਹਿ ॥
ਜਿਹ ਪ੍ਰਸਾਦਿ ਸੁਗੰਧਤ ਤਨਿ ਲਾਵਹਿ ॥
ਤਿਸ ਕਉ ਸਿਮਰਤ ਪਰਮ ਗਤਿ ਪਾਵਹਿ ॥
ਜਿਹ ਪ੍ਰਸਾਦਿ ਬਸਹਿ ਸੁਖ ਮੰਦਰਿ ॥
ਤਿਸਹਿ ਧਿਆਇ ਸਦਾ ਮਨ ਅੰਦਰਿ ॥
ਜਿਹ ਪ੍ਰਸਾਦਿ ਗ੍ਰਿਹ ਸੰਗਿ ਸੁਖ ਬਸਨਾ ॥
ਆਠ ਪਹਰ ਸਿਮਰਹੁ ਤਿਸੁ ਰਸਨਾ ॥
ਜਿਹ ਪ੍ਰਸਾਦਿ ਰੰਗ ਰਸ ਭੋਗ ॥
ਨਾਨਕ ਸਦਾ ਧਿਆਈਐ ਧਿਆਵਨ ਜੋਗ ॥ ੧ ॥

ਜਿਸ ਦੀ ਕ੍ਰਿਪਾ ਕਰਕੇ ਛਤੀ ਭੋਜਨ ਖਾਂਦਾ ਹੈਂ, ਉਸ ਪਰਮੇਸ਼ਰ ਨੂੰ ਮਨ ਵਿੱਚ ਰੱਖ। ਜਿਸ ਦੀ ਕ੍ਰਿਪਾ ਕਰਕੇ ਸੁਗੰਧਤ ਪਦਾਰਥ ਤਨ ਨੂੰ ਲਾਉਂਦਾ ਹੈਂ, ਉਸਨੂੰ ਸਿਮ੍ਰਦਿਆਂ ਪ੍ਰਮ ਗਤੀ ਪਾਵੇਂਗਾ। ਜਿਸ ਦੀ ਕ੍ਰਿਪਾ ਕਰਕੇ ਸੁਖ ਪੂਰਬਕ ਮੰਦਰ ਵਿੱਚ ਵਸਦਾ ਹੈਂ, ਉਸ ਨੂੰ ਸਦਾ ਮਨ ਵਿੱਚ ਧਿਆਓ। ਜਿਸ ਦੀ ਕ੍ਰਿਪਾ ਕਰਕੇ ਘਰ ਵਿੱਚ ਸੁਖਾਂ ਸਮੇਤ ਵਸਦਾ ਹੈਂ, ਉਸਨੂੰ ਅੱਠ ਪਹਿਰ ਰਸਨਾ ਕਰਕੇ ਸਿਮਰ। ਜਿਸ ਦੀ ਕ੍ਰਿਪਾ ਕਰਕੇ ਰੰਗਾਂ ਤੇ ਰਸਾਂ ਨੂੰ ਭੋਗਦਾ ਹੈਂ, ਗੁਰੂ ‑ਜੀ ਉਸ ਧਿਆਉਣੇ ਜੋਗ ਨੂੰ ਸਦਾ ਧਿਆਈਏ।

ਜਿਹ ਪ੍ਰਸਾਦਿ ਪਾਟ ਪਟੰਬਰ ਹਢਾਵਹਿ ॥
ਤਿਸਹਿ ਤਿਆਗਿ ਕਤ ਅਵਰ ਲੁਭਾਵਹਿ ॥
ਜਿਹ ਪ੍ਰਸਾਦਿ ਸੁਖਿ ਸੇਜ ਸੋਈਜੈ ॥
ਮਨ ਆਠ ਪਹਰ ਤਾਕਾ ਜਸੁ ਗਾਵੀਜੈ ॥
ਜਿਹ ਪ੍ਰਸਾਦਿ ਤੁਝੁ ਸਭੁ ਕੋਊ ਮਾਨੈ ॥
ਮੁਖਿ ਤਾਕੋ ਜਸੁ ਰਸਨ ਬਖਾਨੈ ॥

Digitized by Panjab Digital Library | www.panjabdigilib.org

ਜਿਹ ਪ੍ਰਸਾਦਿ ਤੇਰੋ ਰਹਤਾ ਧਰਮੁ ॥
ਮਨ ਸਦਾ ਧਿਆਇ ਕੇਵਲ ਪਾਰਬ੍ਰਹਮੁ ॥
ਪ੍ਰਭ ਜੀ ਜਪਤ ਦਰਗਹ ਮਾਨੁ ਪਾਵਹਿ ॥
ਨਾਨਕ ਪਤਿ ਸੇਤੀ ਘਰਿ ਜਾਵਹਿ ॥ ੨ ॥

ਜਿਸਦੀ ਕ੍ਰਿਪਾ ਕਰਕੇ ਤੂੰ ਦੇ ਤੇ ਰੇਸ਼ਮ ਦੇ ਕਪੜੇ ਹੰਢਾਉਂਦਾ ਹੈਂ, ਉਸ ਨੂੰ ਛੱਡਕੇ ਕਿੱਥੇ ਹੋਰਨਾਂ ਨੂੰ ਲਲਚਾਉਂਦਾ ਹੈਂ। ਜਿਸ ਦੀ ਕ੍ਰਿਪਾ ਕਰਕੇ ਸੁਖ ਨਾਲ ਸੇਜਾਂ ਪਰ ਸਵੀਂਦਾ ਹੈ, ਹੇ ਮਨ! ਅੱਠ ਪਹਿਰ ਉਸਦਾ ਜੱਸ ਗਾਵੀਏ। ਜਿਸ ਦੀ ਕ੍ਰਿਪਾ ਕਰਕੇ ਤੈਨੂੰ ਸਭ ਕੋਈ ਮੰਨਦਾ ਹੈ, ਮੁਖ ਤੋਂ ਜੀਭ ਦੁਆਰਾ ਉਸਦਾ ਜੱਸ ਕਰ। ਜਿਸ ਦੀ ਕ੍ਰਿਪਾ ਕਰਕੇ ਤੇਰਾ ਧਰਮ ਬਣਿਆ ਹੋਇਆ ਹੈ, ਹੇ ਮਨ! ਕੇਵਲ ਉਸ ਪਾਰਬ੍ਰਹਮ ਨੂੰ ਧਿਆਉ। ਪ੍ਰਭ ਜੀ ਨੂੰ ਜਪਦਿਆਂ ਦਰਗਾਹ ਵਿੱਚ ਮਾਨ ਪਾਵੇਂਗਾ। ਗੁਰੂ ਜੀ- ਪਤ ਨਾਲ ਆਪਣੇ ਘਰ ਜਾਵੇਂਗਾ।

ਜਿਹ ਪ੍ਰਸਾਦਿ ਆਰੋਗ ਕੰਚਨ ਦੇਹੀ ॥
ਲਿਵ ਲਾਵਹੁ ਤਿਸੁ ਰਾਮ ਸਨੇਹੀ ॥
ਜਿਹ ਪ੍ਰਸਾਦਿ ਤੇਰਾ ਓਲਾ ਰਹਤ ॥
ਮਨ ਸੁਖੁ ਪਾਵਹਿ ਹਰਿ ਹਰਿ ਜਸੁ ਕਹਤ ॥
ਜਿਹ ਪ੍ਰਸਾਦਿ ਤੇਰੇ ਸਗਲ ਛਿਦ੍ਰ ਢਾਕੇ ॥
ਮਨ ਸਰਨੀ ਪਰੁ ਠਾਕੁਰ ਪ੍ਰਭ ਤਾਕੈ ॥
ਜਿਹ ਪ੍ਰਸਾਦਿ ਤੁਝੁ ਕੋ ਨ ਪਹੂਚੈ ॥
ਮਨ ਸਾਸਿ ਸਾਸਿ ਸਿਮਰਹੁ ਪ੍ਰਭ ਊਚੇ ॥
ਜਿਹ ਪ੍ਰਸਾਦਿ ਪਾਈ ਦ੍ਰੁਲਭ ਦੇਹ ॥
ਨਾਨਕ ਤਾਕੀ ਭਗਤਿ ਕਰੇਹ ॥ ੩ ॥

ਜਿਸ ਦੀ ਕ੍ਰਿਪਾ ਕਰਕੇ ਕੰਚਨ ਵਰਗੀ ਤੇ ਅਰੋਗ ਦੇਹ ਹੋ ਰਹੀ ਹੈ, ਉਸ ਪ੍ਰੇਮ ਰੂਪ ਪ੍ਰਮੇਸ਼ਰ ਨਾਲ ਲਿਵ ਲਾਉ। ਜਿਸਦੀ ਕ੍ਰਿਪਾ ਕਰਕੇ ਤੇਰਾ ਪੜਦਾ ਰਹਿੰਦਾ ਹੈ, ਹੇ ਮਨ! ਹਰੀਹਰ ਦਾ ਜੱਸ ਕਰਦਿਆਂ ਸੁਖ ਪਾਵੇਂਗਾ। ਜਿਸ ਦੀ ਕ੍ਰਿਪਾ ਕਰਕੇ ਤੇਰੇ ਐਬ ਢੱਕੇ ਰਹਿੰਦੇ ਹਨ, ਹੇ ਮਨ! ਉਸ ਪ੍ਰਭ ਠਾਕੁਰ ਦੀ ਸਰਨੀ ਪੈ ਜਾਹ। ਜਿਸਦੀ ਕ੍ਰਿਪਾ ਕਰਕੇ ਤੈਨੂੰ ਕੋਈ ਨਹੀਂ ਪਹੁੰਚ

Digitized by Panjab Digital Library | www.panjabdigilib.org

ਸਕਦਾ, ਹੇ ਮਨ! ਉਸ ਉਚੇ ਪ੍ਰਭ ਨੂੰ ਸ੍ਵਾਸ ਸ੍ਵਾਸ ਸਿਮਰ। ਜਿਸ ਦੀ ਕ੍ਰਿਪਾ ਕਰਕੇ ਦੁਰਲਭ ਦੇਹ ਪਾਈ ਹੈ। ਗੁਰੂ ਜੀ-ਉਸੇ ਦੀ ਭਗਤੀ ਕਰ।

ਜਿਹ ਪ੍ਰਸਾਦਿ ਆਭੂਖਨ ਪਹਿਰੀਜੈ ॥
ਮਨ ਤਿਸੁ ਸਿਮਰਤ ਕਿਉ ਆਲਸੁ ਕੀਜੈ ॥
ਜਿਹ ਪ੍ਰਸਾਦਿ ਅਸ੍ਵ ਹਸਤਿ ਅਸਵਾਰੀ ॥
ਮਨ ਤਿਸੁ ਪ੍ਰਭ ਕਉ ਕਬਹੂ ਨ ਬਿਸਾਰੀ ॥
ਜਿਹ ਪ੍ਰਸਾਦਿ ਬਾਗ ਮਿਲਖ ਧਨਾ ॥
ਰਾਖੁ ਪਰੋਇ ਪ੍ਰਭੁ ਅਪੁਨੇ ਮਨਾ ॥
ਜਿਨਿ ਤੇਰੀ ਮਨ ਬਨਤ ਬਨਾਈ ॥
ਊਠਤ ਬੈਠਤ ਸਦ ਤਿਸਹਿ ਧਿਆਈ ॥
ਤਿਸਹਿ ਧਿਆਇ ਜੋ ਏਕੁ ਅਲਖੈ ॥
ਈਹਾ ਊਹਾ ਨਾਨਕ ਤੇਰੀ ਰਖੈ॥ ੪ ॥

ਜਿਸ ਦੀ ਕ੍ਰਿਪਾ ਕਰਕੇ ਗਹਿਣੇ ਪਹਰੀਦੇ ਹਨ, ਸੋ ਹੇ ਮਨ! ਉਸ ਨੂੰ ਸਿਮਰਦਿਆਂ ਕਿਉਂ ਆਲਸ ਕਰੀਏ? ਜਿਸ ਦੀ ਕ੍ਰਿਪਾ ਕਰਕੇ ਘੋੜੇ ਅਤੇ ਹਾਥੀਆਂ ਦੀ ਅਸਵਾਰੀ ਕਰਦਾ ਹੈਂ, ਹੇ ਮਨ! ਉਸ ਪ੍ਰਭੂ ਨੂੰ ਕਦੇ ਨਾ ਵਿਸਾਰੀਂ। ਜਿਸ ਦੀ ਕ੍ਰਿਪਾ ਕਰਕੇ ਬਗ਼ੀਚੇ ਮਹਲ ਤੇ ਧਨ ਪ੍ਰਾਪਤ ਹੈ, ਤੂੰ ਉਸ ਪ੍ਰਭੂ ਨੂੰ ਆਪਣੇ ਮਨ ਵਿੱਚ ਪਰੋਕੇ ਰੱਖ। ਹੇ ਮਨ! ਜਿਨ ਤੇਰੀ ਬਣਤ ਬਣਾਈ ਹੈ। ਉਠਦਿਆਂ ਬੈਠਦਿਆਂ ਸਦਾ ਉਸ ਨੂੰ ਧਿਆਈਂ। ਉਸ ਨੂੰ ਧਿਆ ਜੋ ਇਕ ਹੈ ਅਰ ਅਲਖ ਹੈ। ਗੁਰੂ ਜੀ-ਏਥੇ ਉਥੇ ਤੇਰੀ ਪੱਤ ਰੱਖੇਗਾ।

ਜਿਹ ਪ੍ਰਸਾਦਿ ਕਰਹਿ ਪੁੰਨ ਬਹੁ ਦਾਨ ॥
ਮਨ ਆਠ ਪਹਰ ਕਰਿ ਤਿਸਕਾ ਧਿਆਨ ॥
ਜਿਹ ਪ੍ਰਸਾਦਿ ਤੂ ਆਚਾਰ ਬਿਉਹਾਰੀ ॥
ਤਿਸੁ ਪ੍ਰਭ ਕਉ ਸਾਸਿ ਸਾਸਿ ਚਿਤਾਰੀ ॥
ਜਿਹ ਪ੍ਰਸਾਦਿ ਤੇਰਾ ਸੁੰਦਰ ਰੂਪੁ ॥
ਸੋ ਪ੍ਰਭੁ ਸਿਮਰਹੁ ਸਦਾ ਅਨੂਪੁ ॥

Digitized by Panjab Digital Library | www.panjabdigilib.org

ਜਿਹ ਪ੍ਰਸਾਦਿ ਤੇਰੀ ਨੀਕੀ ਜਾਤਿ ॥
ਸੋ ਪ੍ਰਭੁ ਸਿਮਰਿ ਸਦਾ ਦਿਨ ਰਾਤਿ ॥
ਜਿਹ ਪ੍ਰਸਾਦਿ ਤੇਰੀ ਪਤਿ ਰਹੈ ॥
ਗੁਰ ਪ੍ਰਸਾਦਿ ਨਾਨਕ ਜਸੁ ਕਹੈ ॥ ੫ ॥

ਜਿਸਦੀ ਕਿਰਪਾ ਕਰਕੇ ਪੁੰਨ ਤੇ ਬਹੁਤੇ ਦਾਨ ਕਰਦਾ ਹੈਂ, ਹੇ ਮਨ! ਆਠ ਪਹਿਰ ਉਸਦਾ ਧਿਆਨ ਕਰ। ਜਿਸਦੀ ਕਿਰਪਾ ਕਰਕੇ ਤੂੰ ਸਭ ਕੰਮਾਂ ਵਾਲਾ ਤੇ ਵਿਹਾਰੀ ਹੈਂ ਉਸ ਪ੍ਰਭੂ ਨੂੰ ਸੁਆਸ ਸੁਆਸ ਯਾਦ ਰੱਖੀਂ, ਜਿਸਦੀ ਕਿਰਪਾ ਕਰਕੇ ਤੇਰਾ ਰੂਪ ਸੁੰਦਰ ਹੈ। ਉਸ ਅਨੂਪ ਪ੍ਰਭੂ ਨੂੰ ਸਦਾ ਸਿਮਰ। ਜਿਸਦੀ ਕਿਰਪਾ ਕਰਕੇ ਤੇਰੀ ਉਤਮ ਜਾਤ ਹੈ, ਉਸ ਪ੍ਰਭੂ ਨੂੰ ਸਦਾ ਦਿਨ ਰਾਤ ਸਿਮਰ। ਜਿਸਦੀ ਕਿਰਪਾ ਕਰਕੇ ਤੇਰੀ ਪਤ ਰਹਿੰਦੀ ਹੈ। ਗੁਰੂ ਜੀ–ਗੁਰਾਂ ਦੀ ਕਿਰਪਾ ਕਰਕੇ ਅਸੀਂ ਜਸ ਕਹਿੰਦੇ ਹਾਂ।

ਜਿਹ ਪ੍ਰਸਾਦਿ ਸੁਨਹਿ ਕਰਨ ਨਾਦ ॥
ਜਿਹ ਪ੍ਰਸਾਦਿ ਪੇਖਹਿ ਬਿਸਮਾਦ ॥
ਜਿਹ ਪ੍ਰਸਾਦਿ ਬੋਲਹਿ ਅੰਮ੍ਰਿਤ ਰਸਨਾ ॥
ਜਿਹ ਪ੍ਰਸਾਦਿ ਸੁਖਿ ਸਹਜੇ ਬਸਨਾ ॥
ਜਿਹ ਪ੍ਰਸਾਦਿ ਹਸਤ ਕਰ ਚਲਹਿ ॥
ਜਿਹ ਪ੍ਰਸਾਦਿ ਸੰਪੂਰਨ ਫਲਹਿ ॥
ਜਿਹ ਪ੍ਰਸਾਦਿ ਪਰਮਗਤਿ ਪਾਵਹਿ ॥
ਜਿਹ ਪ੍ਰਸਾਦਿ ਸੁਖਿ ਸਹਜਿ ਸਮਾਵਹਿ ॥
ਐਸਾ ਪ੍ਰਭੁ ਤਿਆਗਿ ਅਵਰ ਕਤ ਲਾਗਹੁ ॥
ਗੁਰ ਪ੍ਰਸਾਦਿ ਨਾਨਕ ਮਨਿ ਜਾਗਹੁ ॥ ੬ ॥

ਜਿਸਦੀ ਕਿਰਪਾ ਕਰਕੇ ਕੰਨ ਨਾਲ ਨਾਦ ਰਾਗ ਆਦਿ ਸੁਣਦਾ ਹੈਂ। ਜਿਸਦੀ ਕਿਰਪਾ ਕਰਕੇ ਅਚਰਜ ਵਸਤੂਆਂ ਨੂੰ ਦੇਖਦਾ ਹੈਂ। ਜਿਸ ਦੀ ਕਿਰਪਾ ਕਰਕੇ ਰਸਨਾ ਦਵਾਰਾ ਅੰਮ੍ਰਿਤ ਬਚਨ ਬੋਲਦਾ ਹੈਂ। ਜਿਸ ਦੀ ਕਿਰਪਾ ਕਰਕੇ ਸਹਿਜੇ ਹੀ ਸੁਖ ਵਿੱਚ ਵਾਸਾ ਹੋ ਰਿਹਾ ਹੈ ਤੇਰਾ। ਜਿਸ ਦੀ ਕਿਰਪਾ ਕਰਕੇ ਹੱਥ ਤੇ ਪੈਰ ਚਲਦੇ ਹਨ ਜਾਂ ਹੱਸ ੨ ਤੁਰਦਾ ਹੈਂ। ਜਿਸ ਦੀ ਕਿਰਪਾ ਕਰਕੇ ਸੰਪੂਰਨ ਫਲਦਾ ਹੈਂ। ਜਿਸ ਦੀ ਕਿਰਪਾ ਕਰਕੇ ਪੂਰਨ

Digitized by Panjab Digital Library | www.panjabdigilib.org

ਗਤੀ ਨੂੰ ਪਾਉਂਦਾ ਹੈਂ । ਜਿਸ ਦੀ ਕਿਰਪਾ ਕਰਕੇ ਸਹਜ ਦੇ ਸੁਖ ਨੂੰ ਸਮਾਵੇਂ । ਐਸਾ ਪ੍ਰਭੂ ਛੱਡਕੇ ਹੋਰ ਕਿਸੇ ਵਿੱਚ ਲਗਦਾ ਹੈਂ । ਗੁਰੂ ਜੀ–ਗੁਰੂ ਦੀ ਕਿਰਪਾ ਕਰਕੇ ਮਨ ਵਿਖੇ ਜਾਗਹੁ ।

ਜਿਹ ਪ੍ਰਸਾਦਿ ਤੂੰ ਪ੍ਰਗਟੁ ਸੰਸਾਰਿ ॥
ਤਿਸੁ ਪ੍ਰਭ ਕਉ ਮੂਲਿ ਨ ਮਨਹੁ ਬਿਸਾਰਿ ॥
ਜਿਹ ਪ੍ਰਸਾਦਿ ਤੇਰਾ ਪ੍ਰਤਾਪੁ ॥
ਰੇ ਮਨ ਮੂੜ ਤੂ ਤਾ ਕਉ ਜਾਪੁ ॥
ਜਿਹ ਪ੍ਰਸਾਦਿ ਤੇਰੇ ਕਾਰਜ ਪੂਰੇ ॥
ਤਿਸਹਿ ਜਾਨੁ ਮਨ ਸਦਾ ਹਜੂਰੇ ॥
ਜਿਹ ਪ੍ਰਸਾਦਿ ਤੂੰ ਪਾਵਹਿ ਸਾਚੁ ॥
ਰੇ ਮਨ ਮੇਰੇ ਤੂੰ ਤਾ ਸਿਉ ਰਾਚੁ ॥
ਜਿਹ ਪ੍ਰਸਾਦਿ ਸਭ ਕੀ ਗਤਿ ਹੋਇ ॥
ਨਾਨਕ ਜਾਪੁ ਜਪੈ ਜਪੁ ਸੋਇ ॥ ੭ ॥

ਜਿਸ ਦੀ ਕਿਰਪਾ ਕਰਕੇ ਤੂੰ ਸੰਸਾਰ ਵਿੱਚ ਪ੍ਰਗਟ ਹੈਂ, ਓਸ ਪ੍ਰਭੂ ਨੂੰ ਮਨੋਂ ਮੂਲੋਂ ਨ ਵਿਸਾਰੋ । ਜਿਸ ਦੀ ਕਿਰਪਾ ਕਰਕੇ ਤੇਰਾ ਪ੍ਰਤਾਪ ਬਣ ਰਿਹਾ ਹੈ ਹੇ ਮਨ ਮੂਰਖ! ਓਸੇ ਨੂੰ ਜਪ । ਜਿਸਦੀ ਕਿਰਪਾ ਕਰਕੇ ਤੇਰੇ ਕਾਰਜ ਪੂਰਨ ਹੋ ਰਹੇ ਹਨ ਹੇ ਮਨ ਉਸਨੂੰ ਸਦਾ ਹਜ਼ੂਰ ਸਮਝ । ਜਿਸ ਦੀ ਕਿਰਪਾ ਕਰਕੇ ਤੂੰ ਸਚ ਨੂੰ ਪ੍ਰਾਪਤ ਹੋਵੇਂਗਾ । ਹੇ ਮੇਰੇ ਮਨ ! ਤੂੰ ਉਸ ਨਾਲ ਰਚ । ਜਿਸ ਦੀ ਕਿਰਪਾ ਕਰਕੇ ਸਭ ਦੀ ਗਤੀ ਹੁੰਦੀ ਹੈ । ਗੁਰੂ ਜੀ-ਉਸ ਜਪਣੇਜੋਗ ਦੇ ਜਾਪ ਨੂੰ ਜਪੇ ਤਾਂ ਮਨ ਬਾਣੀ ਕਰਕੇ ਜਪੇ ।

ਆਪਿ ਜਪਾਏ ਜਪੈ ਸੋ ਨਾਉ ॥
ਆਪਿ ਗਾਵਾਏ ਸੁ ਹਰਿਗੁਨ ਗਾਉ ॥
ਪ੍ਰਭ ਕਿਰਪਾ ਤੇ ਹੋਇ ਪ੍ਰਗਾਸੁ ॥
ਪ੍ਰਭੂ ਦਇਆ ਤੇ ਕਮਲ ਬਿਗਾਸੁ ॥
ਪ੍ਰਭ ਸੁ ਪ੍ਰਸੰਨ ਬਸੈ ਮਨਿ ਸੋਇ ॥
ਪ੍ਰਭ ਦਇਆ ਤੇ ਮਤਿ ਊਤਮ ਹੋਇ ॥

Digitized by Panjab Digital Library | www.panjabdigilib.org

ਸਰਬ ਨਿਧਾਨ ਪ੍ਰਭ ਤੇਰੀ ਮਇਆ ॥
ਆਪਹੁ ਕਛੂ ਨ ਕਿਨਹੂ ਲਇਆ ॥
ਜਿਤੁ ਜਿਤੁ ਲਾਵਹਿ ਤਿਤੁ ਲਗਹਿ ਹਰਿ ਨਾਥ ॥
ਨਾਨਕ ਇਨਕੈ ਕਛੂ ਨ ਹਾਥ ॥ ੮ ॥ ੬ ॥

ਜਿਸ ਨੂੰ ਉਹ ਆਪ ਜਪਾਵੇ ਸੋ ਨਾਮ ਜਪਦਾ ਹੈ। ਜਿਸ ਨੂੰ ਉਹ ਆਪ ਗਵਾਵੇਗਾ ਓਹੋ ਹਰੀ ਦੇ ਗੁਣ ਗਾਵੇਗਾ। ਪ੍ਰਭ ਦੀ ਕਿਰਪਾ ਕਰਕੇ ਪ੍ਰਕਾਸ਼ ਹੋ ਜਾਂਦਾ ਹੈ ਗਿਆਨ ਦਾ। ਪ੍ਰਭ ਦੀ ਕਿਰਪਾ ਕਰਕੇ ਕਮਲ ਖਿੜਦਾ ਹੈ। ਜਦ ਪ੍ਰਭੂ ਪ੍ਰਸੰਨ ਹੁੰਦਾ ਹੈ ਤਦ ਉਸਦੇ ਮਨ ਵਿਚ ਆਪ ਵਸਦਾ ਹੈ। ਪ੍ਰਭੂ ਦੀ ਦਇਆ ਨਾਲ ਬੁਧੀ ਉਤਮ ਹੁੰਦੀ ਹੈ। ਹੇ ਪ੍ਰਭੂ! ਤੇਰੀ ਕਿਰਪਾ ਸਭ ਖਜ਼ਾਨਿਆਂ ਦਾ ਖਜ਼ਾਨਾ ਹੈ। ਆਪ ਤਾਂ ਕਦੇ ਕਿਸੇ ਨੇ ਨਹੀਂ ਕੁਛ ਲਿਆ। ਹੇ ਹਰੀ ਨਾਥ! ਜਿਧਰ ਜੀਵਾਂ ਨੂੰ ਲਾਵੇਂ ਲਗਦੇ ਹਨ। ਗੁਰੂ ਜੀ-ਇਨ੍ਹਾਂ ਜੀਵਾਂ ਦੇ ਹਥ ਕੁਛ ਨਹੀਂ।

## ਸਲੋਕੁ ॥

ਅਗਮ ਅਗਾਧ ਪਾਰਬ੍ਰਹਮੁ ਸੋਇ ॥
ਜੋ ਜੋ ਕਹੈ ਸੁ ਮੁਕਤਾ ਹੋਇ ॥
ਸੁਨਿ ਮੀਤਾ ਨਾਨਕੁ ਬਿਨਵੰਤਾ ॥
ਸਾਧ ਜਨਾ ਕੀ ਅਚਰਜ ਕਥਾ ॥ ੧ ॥

ਉਹ ਪ੍ਰਮੇਸ਼ਰ ਗੰਮਤਾ ਤੋਂ ਰਹਿਤ ਹੈ,ਬੇਅੰਤ ਤੇ ਪਾਰਬ੍ਰਹਮ ਹੈ। ਜੋ ਜੋ ਕਹਿੰਦਾਹੈ ਉਸਦੇ ਨਾਮ ਨੂੰ ਸੋ ਮੁਕਤ ਹੋ ਜਾਂਦਾ ਹੈ। ਸੁਨ ਹੇ ਮਿਤ੍ਰ! ਨਾਨਕ ਬੇਨਤੀ ਕਰਦਾ ਹੈ ਕਿ ਐਸੇ ਪ੍ਰਭੂ ਦੇ ਨਾਮ ਜਪਨੇ ਵਾਲੇ ਸਾਧ ਪੁਰਖਾਂ ਦੀ ਕਥਾ ਅਸਚਰਜ ਹੈ।

## ਅਸਟਪਦੀ ॥

ਸਾਧ ਕੈ ਸੰਗ ਮੁਖ ਊਜਲ ਹੋਤ ॥
ਸਾਧ ਸੰਗਿ ਮਲੁ ਸਗਲੀ ਖੋਤ ॥
ਸਾਧ ਕੈ ਸੰਗਿ ਮਿਟੈ ਅਭਿਮਾਨੁ ॥
ਸਾਧ ਕੈ ਸੰਗਿ ਪ੍ਰਗਟੈ ਸੁ ਗਿਆਨੁ ॥

Digitized by Panjab Digital Library | www.panjabdigilib.org

ਸਾਧ ਕੈ ਸੰਗਿ ਬੁਝੈ ਪ੍ਰਭੁ ਨੇਰਾ ॥
ਸਾਧ ਸੰਗਿ ਸਭੁ ਹੋਤ ਨਿਬੇਰਾ ॥
ਸਾਧ ਕੈ ਸੰਗਿ ਪਾਏ ਨਾਮ ਰਤਨ ॥
ਸਾਧ ਕੈ ਸੰਗਿ ਏਕ ਊਪਰਿ ਜਤਨੁ ॥
ਸਾਧ ਕੀ ਮਹਿਮਾ ਬਰਨੈ ਕਉਨੁ ਪ੍ਰਾਨੀ ॥
ਨਾਨਕ ਸਾਧ ਕੀ ਸੋਭਾ ਪ੍ਰਭ ਮਾਹਿ ਸਮਾਨੀ ॥ ੧ ॥

ਸਾਧਾਂ ਦੇ ਸੰਗ ਕਰਕੇ ਮੁਖ ਉਜਲ ਹੁੰਦਾ ਹੈ। ਸਾਧਾਂ ਦੇ ਸੰਗ ਕਰਕੇ ਸਾਰੀ ਮੈਲ ਖੋਈ ਜਾਂਦੀ ਹੈ। ਸਾਧਾਂ ਦੇ ਸੰਗ ਕਰਕੇ ਅਭਿਮਾਨ ਮਿਟ ਜਾਂਦਾ ਹੈ। ਸਾਧਾਂ ਦੇ ਸੰਗ ਕਰਕੇ ਪ੍ਰਗਟਦਾ ਹੈ ਸ੍ਰੇਸ਼ਟ ਗਿਆਨ। ਸਾਧਾਂ ਦੇ ਸੰਗ ਕਰਕੇ ਪਰਮੇਸ਼ਰ ਨੇੜੇ ਸਮਝਿਆ ਜਾਂਦਾ ਹੈ। ਸਾਧਾਂ ਦੇ ਸੰਗ ਕਰਕੇ ਸਾਰਾ ਨਬੇੜਾ ਹੋਜਾਂਦਾ ਹੈ। ਸਾਧਾਂ ਦੇ ਸੰਗ ਕਰਕੇ ਜੀਵ ਨਾਮ ਰਤਨ ਪਾ ਲੈਂਦਾ ਹੈ। ਸਾਧਾਂ ਦੇ ਸੰਗ ਕਰਕੇ ਇਕ ਪਰਮੇਸ਼ਰ ਪੁਰ ਹੀ ਜਤਨ ਰਹ ਜਾਂਦਾ ਹੈ। ਭਾਵ ਮਾਇਆ ਝਗੜੇ ਮਿਟ ਜਾਂਦੇ ਹਨ। ਸਾਧ ਦੀ ਮਹਿਮਾਂ ਕੌਣ ਪ੍ਰਾਣੀ ਕਰ ਸਕਦਾ ਹੈ। ਗੁਰੂ ਜੀ-ਸਾਧ ਦੀ ਮੈਹਮਾ ਪ੍ਰਭੂ ਵਿਚ ਸਮਾਈ ਹੈ।

ਸਾਧ ਕੈ ਸੰਗ ਅਗੋਚਰ ਮਿਲੈ ॥
ਸਾਧ ਕੈ ਸੰਗਿ ਸਦਾ ਪਰਫੁਲੈ ॥
ਸਾਧ ਕੈ ਸੰਗਿ ਆਵਹਿ ਬਸਿ ਪੰਚਾ ॥
ਸਾਧ ਸੰਗਿ ਅੰਮ੍ਰਿਤ ਰਸੁ ਭੁੰਚਾ ॥
ਸਾਧ ਸੰਗਿ ਹੋਇ ਸਭ ਕੀ ਰੇਨ ॥
ਸਾਧ ਕੈ ਸੰਗਿ ਮਨੋਹਰ ਬੈਨ ॥
ਸਾਧ ਕੈ ਸੰਗਿ ਨ ਕਤਹੂੰ ਧਾਵੈ ॥
ਸਾਧ ਸੰਗਿ ਅਸਥਿਤਿ ਮਨੁ ਪਾਵੈ ॥
ਸਾਧ ਕੈ ਸੰਗਿ ਮਾਇਆ ਤੇ ਭਿੰਨ ॥
ਸਾਧ ਸੰਗਿ ਨਾਨਕ ਪ੍ਰਭ ਸੁ ਪ੍ਰਸੰਨ ॥ ੨ ॥

ਸਾਧੂ ਦੇ ਸੰਗ ਕਰਕੇ ਅਗੋਚਰ ਵਸਤਾਂ ਮਿਲ ਜਾਂਦੀਆਂ ਹਨ ਸਾਧੂ ਦੇ ਸੰਗ ਕਰਕੇ ਸਦਾ ਪ੍ਰਫੁਲਤ ਰਹਿੰਦਾ ਹੈ। ਸਾਧੂ ਦੇ ਸੰਗ ਕਰਕੇ ਪੰਜ ਵਿਸ਼ੇ ਭਾਵ

Digitized by Panjab Digital Library | www.panjabdigilib.org

ਇੰਦ੍ਰੇ ਵੱਸ ਆ ਜਾਂਦੇ ਹਨ। ਸਾਧੂ ਦੇ ਸੰਗ ਕਰਕੇ ਬ੍ਰਹਮ ਰਸ ਨੂੰ ਭੋਗਦਾ ਹੈ ਜੀਵ। ਸਾਧੂ ਦੇ ਸੰਗ ਕਰਕੇ ਸਭ ਦੀ ਰੇਣ ਹੋਜਾਂਦਾ ਹੈ ਜੀਵ। ਸਾਧੂ ਦੇ ਸੰਗ ਕਰਕੇ ਪਿਆਰੇ ਬਚਨ ਬੋਲਦਾ ਹੈ। ਸਾਧੂ ਦੇ ਸੰਗ ਕਰਕੇ ਕਿਤੇ ਦੌੜਦਾ ਨਹੀਂ,ਵਾਸ਼ਨਾ ਨਹੀਂ ਦੌੜਦੀਆਂ। ਸਾਧੂ ਦੇ ਸੰਗ ਕਰਕੇ ਮਨ ਦੀ ਇਸਥਿਤੀ ਪ੍ਰਾਪਤ ਕਰਦਾ ਹੈ। ਸਾਧੂ ਦੇ ਸੰਗ ਕਰਕੇ ਮਾਇਆ ਤੋਂ ਅੱਡ ਰਹਿੰਦਾ ਹੈ। ਸਾਧੂ ਦੇ ਸੰਗ ਕਰਕੇ ਪ੍ਰਭੂ ਭਲੀ ਪ੍ਰਕਾਰ ਪ੍ਰਸੰਨ ਹੁੰਦਾ ਹੈ।

**ਸਾਧ ਸੰਗਿ ਦੁਸਮਨ ਸਭਿ ਮੀਤ ॥**
**ਸਾਧੂ ਕੈ ਸੰਗਿ ਮਹਾ ਪੁਨੀਤ ॥**
**ਸਾਧ ਸੰਗਿ ਕਿਸ ਸਿਉ ਨਹੀ ਬੈਰੁ॥**
**ਸਾਧ ਕੈ ਸੰਗਿ ਨ ਬੀਗਾ ਪੈਰੁ ॥**
**ਸਾਧ ਕੈ ਸੰਗਿ ਨਾਹੀ ਕੋ ਮੰਦਾ ॥**
**ਸਾਧ ਸੰਗਿ ਜਾਨੇ ਪਰਮਾਨੰਦਾ ॥**
**ਸਾਧ ਕੈ ਸੰਗਿ ਨਾਹੀ ਹਉ ਤਾਪੁ ॥**
**ਸਾਧ ਕੈ ਸੰਗਿ ਤਜੈ ਸਭੁ ਆਪੁ ॥**
**ਆਪੇ ਜਾਨੈ ਸਾਧ ਬਡਾਈ ॥**
**ਨਾਨਕ ਸਾਧ ਪ੍ਰਭੂ ਬਨਿ ਆਈ ॥ ੩ ॥**

ਸਾਧੂਦੇ ਸੰਗਕਰਕੇ ਦੁਸ਼ਮਨ ਸਭ ਮਿਤ੍ਰ ਹੋ ਜਾਂਦੇ ਹਨ।ਸਾਧੂਦੇ ਸੰਗ ਕਰਕੇ ਸਦਾ ਪਵਿਤ੍ਰ ਹੁੰਦਾ ਹੈ।ਸਾਧੂ ਦੇ ਸੰਗ ਕਰਕੇ ਕਿਸੇ ਨਾਲ ਵੈਰ ਨਹੀਂ ਰਹਿੰਦਾ। ਸਾਧੂ ਦੇ ਸੰਗ ਕਰਕੇ ਵਿੰਗਾ ਪੈਰ ਨਹੀਂ ਹੁੰਦਾ ਕੁਮਾਰਗ ਨਹੀਂ ਤੁਰਦਾ। ਸਾਧੂ ਦੇ ਸੰਗ ਕਰਕੇ ਕੋਈ ਮੰਦਾ ਨਹੀਂ ਦਿਸਦਾ। ਸਾਧੂ ਦੇ ਸੰਗ ਕਰਕੇ ਪਰਮਾਨੰਦ ਨੂੰ ਜਾਣਦਾ ਹੈ। ਸਾਧੂ ਦੇ ਸੰਗ ਕਰਕੇ ਅਹੰਤਾ ਦਾ ਤਾਪ ਨਹੀਂ ਰਹਿੰਦਾ। ਸਾਧੂ ਦੇ ਸੰਗ ਕਰਕੇ ਆਪਾ ਭਾਵ ਸਾਰਾ ਛੱਡ ਦਿੰਦਾ ਹੈ।ਪਰਮੇਸ਼ਰ ਸਾਧ ਹੀ ਵਡਿਆਈ ਆਪ ਜਾਣਦਾ ਹੈ। ਗੁਰੂ ਜੀ-ਕਿਉਂਕਿ ਸਾਧੂ ਦੀ ਪ੍ਰਭੂ ਨਾਲ ਬਣ ਆਈ ਹੈ।

**ਸਾਧ ਕੈ ਸੰਗਿ ਨ ਕਬਹੂ ਧਾਵੈ ॥**
**ਸਾਧ ਕੈ ਸੰਗਿ ਸਦਾ ਸੁਖੁ ਪਾਵੈ ॥**
**ਸਾਧ ਸੰਗਿ ਬਸਤੁ ਅਗੋਚਰ ਲਹੈ ॥**

Digitized by Panjab Digital Library | www.panjabdigilib.org

ਸਾਧੂ ਕੈ ਸੰਗਿ ਅਜਰੁ ਸਹੈ ॥
ਸਾਧ ਕੈ ਸੰਗਿ ਬਸੈ ਥਾਨਿ ਊਚੈ ॥
ਸਾਧੂ ਕੈ ਸੰਗਿ ਮਹਲਿ ਪਹੂਚੈ ॥
ਸਾਧ ਕੈ ਸੰਗਿ ਦ੍ਰਿੜੈ ਸਭ ਧਰਮ ॥
ਸਾਧ ਕੈ ਸੰਗਿ ਕੇਵਲ ਪਾਰਬ੍ਰਹਮ ॥
ਸਾਧ ਕੈ ਸੰਗਿ ਪਾਏ ਨਾਮ ਨਿਧਾਨ ॥
ਨਾਨਕ ਸਾਧੂ ਕੈ ਕੁਰਬਾਨ ॥ ੪ ॥

ਸਾਧੂ ਦੇ ਸੰਗ ਕਰਕੇ ਕਦੀ ਵੀ ਨਹੀਂ ਦੌੜਦਾ ਵਾਸ਼ਨਾ ਰਹਿਤਹੋਜਾਂਦਾ ਹੈ। ਸਾਧੂ ਦੇ ਸੰਗ ਕਰਕੇ ਸਦਾ ਸੁਖ ਪਾਉਂਦਾ ਹੈ। ਸਾਧੂ ਦੇ ਸੰਗ ਕਰਕੇ ਅਗੋਚਰ ਵਸਤ ਨੂੰ ਪਾ ਲੈਂਦਾ ਹੈ। ਸਾਧੂ ਦੇ ਸੰਗ ਕਰਕੇ ਨਾ ਸਹਾਰੀ ਜਾਣ ਵਾਲੀ ਵਸਤੂ ਨੂੰ ਸਹਾਰਦਾ ਹੈ। ਸਾਧੂ ਦੇ ਸੰਗ ਕਰਕੇ ਉਚੇ ਥਾਂ ਵਿਚ ਵਸਦਾ ਹੈ। ਸਾਧੂ ਦੇ ਸੰਗ ਕਰਕੇ ਸਰੂਪ ਨੂੰ ਪ੍ਰਾਪਤ ਹੁੰਦਾ ਹੈ। ਸਾਧੂ ਦੇ ਸੰਗ ਕਰਕੇ ਸਾਰੇ ਧਰਮ ਨੂੰ ਦ੍ਰਿੜ ਕਰ ਲੈਂਦਾ ਹੈ। ਸਾਧੂ ਦੇ ਸੰਗ ਕਰਕੇ ਕੇਵਲ ਪਾਰਬ੍ਰਹਮ ਨੂੰ ਪਛਾਣਦਾ ਹੈ। ਸਾਧੂ ਦੇ ਸੰਗ ਕਰਕੇ ਨਾਮ ਰੂਪ ਖਜ਼ਾਨਾ ਪਾਉਂਦਾ ਹੈ। ਗੁਰੂ ਜੀ–ਪ੍ਰਭੂ ਸਾਧੂ ਉਤੇ ਕੁਰਬਾਨ ਜਾਂਦੇ ਹਨ।

ਸਾਧ ਕੈ ਸੰਗਿ ਸਭ ਕੁਲ ਉਧਾਰੈ ॥
ਸਾਧ ਸੰਗਿ ਸਾਜਨ ਮੀਤ ਕੁਟੰਬ ਨਿਸਤਾਰੈ ॥
ਸਾਧੂ ਕੈ ਸੰਗਿ ਸੋ ਧਨੁ ਪਾਵੈ ॥
ਜਿਸੁ ਧਨ ਤੇ ਸਭੁ ਕੋ ਵਰਸਾਵੈ ॥
ਸਾਧ ਸੰਗਿ ਧਰਮ ਰਾਇ ਕਰੇ ਸੇਵਾ ॥
ਸਾਧ ਕੈ ਸੰਗਿ ਸੋਭਾ ਸੁਰ ਦੇਵਾ ॥
ਸਾਧੂ ਕੈ ਸੰਗਿ ਪਾਪ ਪਲਾਇਨ ॥
ਸਾਧ ਸੰਗਿ ਅੰਮ੍ਰਿਤ ਗੁਨ ਗਾਇਨ ॥
ਸਾਧ ਕੈ ਸੰਗਿ ਸ੍ਰਬ ਥਾਨ ਗੰਮਿ ॥
ਨਾਨਕ ਸਾਧ ਕੈ ਸੰਗਿ ਸਫਲ ਜਨੰਮ ॥ ੫ ॥

ਸਾਧੂ ਦੇ ਸੰਗ ਕਰਕੇ ਸਾਰੀਆਂ ਕੁਲਾਂ ਉਧਾਰ ਲੈਂਦਾ ਹੈ ਜੀਵ।ਸਾਧੂ

Digitized by Panjab Digital Library | www.panjabdigilib.org

ਦੇ ਸੰਗ ਕਰਕੇ ਸੱਜਨ ਮਿਤ੍ਰ ਤੇ ਕੁਟੰਬ ਨੂੰ ਤਾਰਦਾ ਹੈ। ਸਾਧੂ ਦੇ ਸੰਗ ਕਰਕੇ ਉਹ ਨਾਮ ਰੂਪੀ ਧਨ ਨੂੰ ਪਾਉਂਦਾ ਹੈ, ਜਿਸ ਧਨ ਕਰਕੇ ਸਭ ਕੋਈ ਵਰੋਸਾਉਂਦਾ ਹੈ। ਸਾਧੂ ਦੇ ਸੰਗ ਕਰਕੇ ਧਰਮਰਾਇ ਸੇਵਾ ਕਰਦਾ ਹੈ। ਸਾਧੂ ਦੇ ਸੰਗ ਕਰਕੇ ਇੰਦ੍ਰ ਸੋਭਾ ਕਰਦਾ ਹੈ। ਸਾਧੂ ਦੇ ਸੰਗ ਕਰਕੇ ਪਾਪ ਨਸ਼ਟ ਹੋ ਜਾਂਦੇ ਹਨ। ਸਾਧੂ ਦੇ ਸੰਗ ਕਰਕੇ ਅੰਮ੍ਰਿਤ ਗੁਣਾਂ ਦਾ ਗਾਇਣ ਕਰਦਾ ਹੈ। ਸਾਧੂ ਦੇ ਸੰਗ ਕਰਕੇ ਸਰਬ ਥਾਵਾਂ ਵਿਚ ਗਮਤਾ ਹੋ ਜਾਂਦੀ ਹੈ। ਗੁਰੂ ਜੀ–ਸਾਧੂ ਦੇ ਸੰਗ ਕਰਕੇ ਜਨਮ ਸਫਲ ਹੋਜਾਂਦਾ ਹੈ।

**ਸਾਧ ਕੈ ਸੰਗਿ ਨਹੀ ਕਛੁ ਘਾਲ ॥**
**ਦਰਸਨੁ ਭੇਟਤ ਹੋਤ ਨਿਹਾਲ ॥**
**ਸਾਧ ਕੈ ਸੰਗਿ ਕਲੂਖਤ ਹਰੈ ॥**
**ਸਾਧ ਕੈ ਸੰਗਿ ਨਰਕ ਪਰਹਰੈ ॥**
**ਸਾਧ ਕੈ ਸੰਗਿ ਈਹਾ ਊਹਾ ਸੁਹੇਲਾ ॥**
**ਸਾਧ ਸੰਗਿ ਬਿਛੁਰਤ ਹਰਿ ਮੇਲਾ ॥**
**ਜੋ ਇਛੈ ਸੋਈ ਫਲੁ ਪਾਵੈ ॥**
**ਸਾਧ ਕੈ ਸੰਗਿ ਨ ਬਿਰਥਾ ਜਾਵੈ ॥**
**ਪਾਰਬ੍ਰਹਮੁ ਸਾਧ ਰਿਦ ਬਸੈ ॥**
**ਨਾਨਕ ਉਧਰੈ ਸਾਧ ਸੁਨਿ ਰਸੈ ॥ ੬ ॥**

ਸਾਧੂ ਦੇ ਸੰਗ ਕਰਕੇ ਕੁਝ ਮੇਹਨਤ ਨਹੀਂ ਕਰਨੀ ਪੈਂਦੀ। ਦਰਸ਼ਨ ਕਰਦਿਆਂ ਹੀ ਨਿਹਾਲ ਹੋਜਾਂਦਾ ਹੈ। ਸਾਧੂ ਦੇ ਸੰਗ ਕਰਕੇ ਪਾਪ ਦੂਰ ਹੋਜਾਂਦੇ ਹਨ। ਸਾਧੂ ਦੇ ਸੰਗ ਕਰਕੇ ਨਰਕ ਦਾ ਤਿਆਗ ਕਰਦਾ ਹੈ। ਸਾਧੂ ਦੇ ਸੰਗ ਕਰਕੇ ਏਥੇ ਸੁਖੀ ਹੁੰਦਾ ਹੈ। ਸਾਧੂ ਦੇ ਸੰਗ ਕਰਕੇ ਵਿਛੜਿਆਂ ਹੋਇਆਂ ਦਾ ਮੇਲ ਹੁੰਦਾ ਹੈ। ਜੋ ਚਾਹੇ ਫਲ ਪਾ ਲੈਂਦਾ ਹੈ।ਕਿਉਂਕਿ ਸਾਧੂ ਦਾ ਸੰਗ ਬਿਰਥਾ ਨਹੀਂ ਜਾਂਦਾ। ਪਾਰਬ੍ਰਹਮ ਸਾਧੂ ਦੇ ਹਿਰਦੇ ਵਿਚ ਵਸਦਾ ਹੈ। ਗੁਰੂ ਜੀ–ਸਾਧਾਂ ਦੇ ਰਸ ਭਰੇ ਬਚਨ ਸੁਣਕੇ ਉਧਰਦਾ ਹੈ।

**ਸਾਧ ਕੈ ਸੰਗਿ ਸੁਨਉ ਹਰਿ ਨਾਉ ॥**
**ਸਾਧ ਸੰਗਿ ਹਰਿ ਕੇ ਗੁਨ ਗਾਉ ॥**
**ਸਾਧ ਕੈ ਸੰਗਿ ਨ ਮਨ ਤੇ ਬਿਸਰੈ ॥**

Digitized by Panjab Digital Library | www.panjabdigilib.org

ਸਾਧ ਸੰਗਿ ਸਰ ਪਰ ਨਿਸਤਰੈ ॥
ਸਾਧ ਕੈ ਸੰਗਿ ਲਗੈ ਪ੍ਰਭੁ ਮੀਠਾ ॥
ਸਾਧੂ ਕੈ ਸੰਗਿ ਘਟਿ ਘਟਿ ਡੀਠਾ ।
ਸਾਧ ਸੰਗਿ ਭਏ ਅਗਿਆਕਾਰੀ ॥
ਸਾਧ ਸੰਗਿ ਗਤਿ ਭਈ ਹਮਾਰੀ ॥
ਸਾਧ ਕੈ ਸੰਗਿ ਮਿਟੇ ਸਭਿ ਰੋਗ ॥
ਨਾਨਕ ਸਾਧ ਭੇਟੇ ਸੰਜੋਗ ॥ ੭ ॥

ਸਾਧੂ ਦੇ ਸੰਗ ਕਰਕੇ ਸੁਣੋ ਪਰਮੇਸ਼ਰ ਦਾ ਨਾਮ। ਸਾਧੂ ਦੇ ਸੰਗ ਕਰਕੇ ਹਰੀ ਦੇ ਗੁਣਾਂ ਦਾ ਗਾਉਣਾ ਕਰੋ। ਸਾਧੂ ਦੇ ਸੰਗ ਕਰਕੇ ਮਨ ਤੋਂ ਨਹੀਂ ਵਿਸਰਦਾ ਪਰਮੇਸ਼ਰ। ਸਾਧੂ ਦੇ ਸੰਗ ਕਰਕੇ ਜਰੂਰ ਤਰ ਜਾਂਦਾ ਹੈ। ਸਾਧੂ ਦੇ ਸੰਗ ਕਰਕੇ ਪ੍ਰਭੂ ਮਿਠਾ ਲਗਦਾ ਹੈ।ਸਾਧੂ ਦੇ ਸੰਗ ਕਰਕੇ ਪਰਮੇਸ਼ਰ ਅਸਾਂ ਘਟ ਘਟ ਵਿਚ ਡਿਠਾ ਹੈ। ਸਾਧੂ ਦੇ ਸੰਗ ਕਰਕੇ ਆਗਿਆਕਾਰੀ ਹੋ ਗਏ। ਸਾਧੂ ਦੇ ਸੰਗ ਕਰਕੇ ਸਾਡੀ ਗਤੀ ਹੋਗਈ। ਸਾਧੂ ਦੇ ਸੰਗ ਕਰਕੇ ਸਾਰੇ ਰੋਗ ਮਿਟ ਗਏ। ਗੁਰੂ ਜੀ--ਸਾਧੂ ਪੂਰਬਲੇ ਸੰਜੋਗ ਕਰਕੇ ਮਿਲ ਗਏ।

ਸਾਧ ਕੀ ਮਹਿਮਾ ਬੇਦ ਨ ਜਾਨਹਿ ॥
ਜੇਤਾ ਸੁਨਹਿ ਤੇਤਾ ਬਖਿਆਨਹਿ ॥
ਸਾਧ ਕੀ ਉਪਮਾ ਤਿਹੁ ਗੁਣ ਤੇ ਦੂਰਿ ॥
ਸਾਧ ਕੀ ਉਪਮਾ ਰਹੀ ਭਰਪੂਰਿ ॥
ਸਾਧ ਕੀ ਸੋਭਾ ਕਾ ਨਾਹੀ ਅੰਤ ॥
ਸਾਧ ਕੀ ਸੋਭਾ ਸਦਾ ਬੇਅੰਤ ॥
ਸਾਧ ਕੀ ਸੋਭਾ ਊਚ ਤੇ ਊਚੀ ॥
ਸਾਧ ਕੀ ਸੋਭਾ ਮੂਚ ਤੇ ਮੂਚੀ ॥
ਸਾਧ ਕੀ ਸੋਭਾ ਸਾਧ ਬਨਿ ਆਈ ॥
ਨਾਨਕ ਸਾਧ ਪ੍ਰਭ ਭੇਦੁ ਨ ਪਾਈ ॥ ੮ ॥ ੭ ॥

ਸਾਧੂ ਦੀ ਮੈਹਮਾਂ ਵੇਦ ਨਹੀਂ ਜਾਣਦਾ। ਜਿੱਨਾਕੁ ਸੁਣਦਾ ਹੈ ਉਤਨਾ ਕਥਨ ਕਰਦਾ ਹੈ। ਸਾਧੂ ਦੀ ਉਪਮਾ ਤਿਨਾਂ ਗੁਣਾਂ ਤੋਂ ਦੂਰ ਹੈ, ਸਾਧੂ ਦੀ

Digitized by Panjab Digital Library | www.panjabdigilib.org

ਉਪਮਾ ਭਰ ਰਹੀ ਹੈ ਬ੍ਰਹਮੰਡ ਵਿੱਚ । ਸਾਧੂ ਦੀ ਸੋਭਾ ਦਾ ਅੰਤ ਨਹੀਂ ਹੈ। ਸਾਧੂ ਦੀ ਮੈਹਮਾਂ ਸਦਾ ਬੇਅੰਤ ਹੈ। ਸਾਧੂ ਦੀ ਸੋਭਾ ਉੱਚਿਆਂ ਤੋਂ ਉੱਚੀ ਹੈ। ਸਾਧੂ ਦੀ ਸੋਭਾ ਅਧਿਕ ਤੋਂ ਅਧਿਕ ਹੈ। ਸਾਧੂ ਦੀ ਸੋਭਾ ਸਾਧ ਨੂੰ ਬਣਿ ਆਈ ਹੈ। ਗੁਰੂ ਜੀ- ਸਾਧੂ ਅਤੇ ਪ੍ਰਮੇਸ਼ਰ ਵਿਚ ਫਰਕ ਨਹੀਂ ਹੈ ।

ਸਲੋਕੁ ॥

ਮਨਿ ਸਾਚਾ ਮੁਖਿ ਸਾਚਾ ਸੋਇ ॥
ਅਵਰੁ ਨ ਪੇਖੈ ਏਕਸੁ ਬਿਨੁ ਕੋਇ ॥
ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ ॥ ੧ ॥

ਮਨ ਵਿੱਚ ਸਚਾ ਪ੍ਰਮੇਸ਼ਰ ਤੇ ਮੂੰਹ ਵਿੱਚ ਬੀ ਉਹੋ ਸਚਾ ਹੋਏ, ਇੱਕ ਦੇ ਬਿਨਾ ਹੋਰ ਕਿਸੇ ਨੂੰ ਨਾ ਦੇਖੇ। ਗੁਰੂ ਜੀ-ਬ੍ਰਹਮ ਗਿਆਨੀ ਦੇ ਏਹ ਲੱਛਣ ਹੁੰਦੇ ਹਨ।

ਅਸਟਪਦੀ ॥

ਬ੍ਰਹਮ ਗਿਆਨੀ ਸਦਾ ਨਿਰਲੇਪ ॥
ਜੈਸੇ ਜਲ ਮਹਿ ਕਮਲ ਅਲੇਪ ॥
ਬ੍ਰਹਮ ਗਿਆਨੀ ਸਦਾ ਨਿਰਦੋਖ ॥
ਜੈਸੇ ਸੂਰੁ ਸਰਬ ਕਉ ਸੋਖ ॥
ਬ੍ਰਹਮ ਗਿਆਨੀ ਕੈ ਦ੍ਰਿਸਟਿ ਸਮਾਨਿ ॥
ਜੈਸੇ ਰਾਜ ਰੰਕ ਕਉ ਲਾਗੈ ਤੁਲਿ ਪਵਾਨ ॥
ਬ੍ਰਹਮ ਗਿਆਨੀ ਕੈ ਧੀਰਜੁ ਏਕ ॥
ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ ॥
ਬ੍ਰਹਮ ਗਿਆਨੀ ਕਾਇਹੈ ਗੁਨਾਉ ॥
ਨਾਨਕ ਜਿਉ ਪਾਵਕ ਕਾ ਸਹਜ ਸੁਭਾਉ ॥ ੧ ॥

ਬ੍ਰਹਮ ਗਿਆਨੀ ਸਦਾ ਮਾਇਆ ਤੋਂ ਨਿਰਲੇਪ ਹੈ, ਜਿਸ ਤਰ੍ਹਾਂ ਜਲ ਵਿੱਚ ਕਮਲ ਅਲੇਪ ਰਹਿੰਦਾ ਹੈ। ਬ੍ਰਹਮ ਗਿਆਨੀ ਸਦਾ ਦੂਖਣਾਂ ਥੀਂ ਰਹਿਤ ਹੈ, ਜਿਕਰ ਸੂਰਜ ਸਭ ਨੂੰ ਸੁਕਾਉਂਦਾ ਹੈ। ਬ੍ਰਹਮ ਗਿਆਨੀ ਦੀ ਦ੍ਰਿਸ਼ਟੀ ਸਮਾਨ ਇਕ ਰਸ ਹੈ ਜਿਕਰ ਰਾਜੇ ਤੇ ਕੰਗਲੇ ਸਭ ਨੂੰ ਪੌਣ ਇਕ ਸਾਰ ਲਗਦੀ ਹੈ। ਬ੍ਰਹਮ ਗਿਆਨੀ ਨੂੰ ਇਕ ਧੀਰਜ ਹਮੇਸ਼ਾਂ ਦ੍ਰਿੜ੍ਹ ਹੈ ਜਿਸ

Digitized by Panjab Digital Library | www.panjabdigilib.org

ਤਰਾਂ ਪ੍ਰਿਥਵੀ ਨੂੰ ਕੋਈ ਪੁੱਟੇ ਕੋਈ ਚੰਦਨ ਲੇਪ ਕਰੇ। ਬ੍ਰਹਮ ਗਿਆਨੀ ਦਾ ਇਹ ਗੁਣ ਹੈ ਕਿ ਜਿਕਰ ਅਗਨੀ ਦਾ ਸਹਿਜ ਸੁਭਾਵ ਹੀ ਇਹ ਹੈ ਕਿ ਕਿਸੇ ਵਸਤੂ ਦੀ ਅਪਵਿੱਤ੍ਰਤਾ ਕਰਕੇ ਅਪਵਿੱਤ੍ਰ ਨਹੀਂ ਹੁੰਦੀ।

ਬ੍ਰਹਮ ਗਿਆਨੀ ਨਿਰਮਲ ਤੇ ਨਿਰਮਲਾ ॥
ਜੈਸੇ ਮੈਲੁ ਨ ਲਾਗੈ ਜਲਾ ॥
ਬ੍ਰਹਮ ਗਿਆਨੀ ਕੈ ਮਨਿ ਹੋਇ ਪ੍ਰਗਾਸੁ ॥
ਜੈਸੇ ਧਰ ਊਪਰਿ ਆਕਾਸੁ ॥
ਬ੍ਰਹਮ ਗਿਆਨੀ ਕੈ ਮਿਤ੍ਰ ਸਤ੍ਰ ਸਮਾਨਿ ॥
ਬ੍ਰਹਮ ਗਿਆਨੀ ਕੈ ਨਾਹੀ ਅਭਿਮਾਨ ॥
ਬ੍ਰਹਮ ਗਿਆਨੀ ਊਚ ਤੇ ਊਚਾ ॥
ਮਨਿ ਅਪਨੈ ਹੈ ਸਭ ਤੇ ਨੀਚਾ ॥
ਬ੍ਰਹਮ ਗਿਆਨੀ ਸੇ ਜਨ ਭਏ ॥
ਨਾਨਕ ਜਿਨ ਪ੍ਰਭੁ ਆਪਿ ਕਰੇਇ ॥ ੨ ॥

ਬ੍ਰਹਮ ਗਿਆਨੀ ਨਿਰਮਲ ਤੋਂ ਨਿਰਮਲ ਹੈ ਜਿਕਰ ਜਲ ਨੂੰ ਮੈਲ ਨਹੀਂ ਲੱਗਦੀ। ਬ੍ਰਹਮ ਗਿਆਨੀ ਦੇ ਮਨ ਵਿੱਚ ਆਤਮਾ ਦਾ ਪ੍ਰਕਾਸ਼ ਹੁੰਦਾ ਹੈ ਜਿਕਰ ਧਰਤੀ ਦੇ ਹੇਠ ਵਿੱਚ ਉਤੇ ਅਕਾਸ ਪੂਰਨ ਹੈ। ਬ੍ਰਹਮ ਗਿਆਨੀ ਨੂੰ ਵੈਰੀ ਤੇ ਮਿਤ੍ਰ ਇਕ ਸਮਾਨ ਹੁੰਦੇ ਹਨ। ਬ੍ਰਹਮਗਿਆਨੀ ਨੂੰ ਹੰਕਾਰ ਨਹੀਂ ਹੁੰਦਾ। ਬ੍ਰਹਮ ਗਿਆਨੀ ਉਚਿਆਂ ਤੋਂ ਉੱਚਾ ਹੈ ਪਰ ਅਪਣੇ ਮਨ ਵਿੱਚ ਸਭ ਤੋਂ ਨੀਚਾ ਹੈ। ਬ੍ਰਹਮ ਗਿਆਨੀ ਉਹ ਪੁਰਖ ਹੋਏ ਹਨ (ਗੁਰੂ ਜੀ) ਜਿਨਾਂ ਨੂੰ ਪਰਮੇਸ਼ਰ ਆਪ ਕਰਦਾ ਹੈ।

ਬ੍ਰਹਮ ਗਿਆਨੀ ਸਗਲ ਕੀ ਰੀਨਾ ॥
ਆਤਮ ਰਸੁ ਬ੍ਰਹਮ ਗਿਆਨੀ ਚੀਨਾ ॥
ਬ੍ਰਹਮ ਗਿਆਨੀ ਕੀ ਸਭ ਊਪਰਿ ਮਇਆ ॥
ਬ੍ਰਹਮ ਗਿਆਨੀ ਤੇ ਕਛੁ ਬੁਰਾ ਨ ਭਇਆ ॥
ਬ੍ਰਹਮ ਗਿਆਨੀ ਸਦਾ ਸਮਦਰਸੀ ॥
ਬ੍ਰਹਮ ਗਿਆਨੀ ਕੀ ਦ੍ਰਿਸਟਿ ਅੰਮ੍ਰਿਤੁ ਬਰਸੀ ॥

Digitized by Panjab Digital Library | www.panjabdigilib.org

ਬ੍ਰਹਮ ਗਿਆਨੀ ਬੰਧਨ ਤੇ ਮੁਕਤਾ ॥
ਬ੍ਰਹਮ ਗਿਆਨੀ ਕੀ ਨਿਰਮਲ ਜੁਗਤਾ ॥
ਬ੍ਰਹਮ ਗਿਆਨੀ ਕਾ ਭੋਜਨੁ ਗਿਆਨ ॥
ਨਾਨਕ ਬ੍ਰਹਮ ਗਿਆਨੀ ਕਾ ਬ੍ਰਹਮ ਧਿਆਨੁ ॥ ੩ ॥

ਬ੍ਰਹਮ ਗਿਆਨੀ ਸਭ ਦੀ ਰੇਣ ਹੁੰਦਾ ਹੈ,ਨਿੰਮ੍ਰਤਾ ਕਰਦਾ ਹੈ। ਬ੍ਰਹਮ ਗਿਆਨੀ ਨੇ ਆਤਮ ਰਸ ਮਲੂਮ ਕੀਤਾ ਹੈ। ਬ੍ਰਹਮ ਗਿਆਨੀ ਦੀ ਸਭ ਉਪਰ ਕ੍ਰਿਪਾਹੁੰਦੀਹੈ.ਬ੍ਰਹਮਗਿਆਨੀਤੇਕੁਝਬੁਰਾ ਨਹੀਂ ਹੋਇਆ ਨਾ ਹੁੰਦਾ ਨਾ ਹੋਵੇਗਾ। ਬ੍ਰਹਮ ਗਿਆਨੀ ਸਦੀਵ ਇਕ ਸਮਾਨ ਦੇਖਣੇ ਵਾਲਾ ਰਹਿੰਦਾ ਹੈ। ਬ੍ਰਹਮ ਗਿਆਨੀ ਦੀ ਦ੍ਰਿਸ਼ਟੀ ਵਿੱਚ ਅੰਮ੍ਰਿਤ ਵਸਦਾ ਹੈ। ਬ੍ਰਹਮ ਗਿਆਨੀ ਬੰਧਨ ਤੋਂ ਮੁਕਤ ਹੈ। ਬ੍ਰਹਮ ਗਿਆਨੀ ਦੀ ਜੁਗਤ ਨਿਰਮਲ ਹੁੰਦੀ ਹੈ। ਬ੍ਰਹਮ ਗਿਆਨੀ ਦਾ ਗਿਆਨ ਹੀ ਭੋਜਨ ਹੈ। ਗੁਰੂ ਜੀ—ਬ੍ਰਹਮ ਗਿਆਨੀ ਦਾ ਬ੍ਰਹਮ ਵਿੱਚ ਹੀ ਧਿਆਨ ਰਹਿੰਦਾ ਹੈ।

ਬ੍ਰਹਮ ਗਿਆਨੀ ਏਕ ਊਪਰਿ ਆਸ ॥
ਬ੍ਰਹਮ ਗਿਆਨੀ ਕਾ ਨਹੀ ਬਿਨਾਸ ॥
ਬ੍ਰਹਮ ਗਿਆਨੀ ਕੈ ਗਰੀਬੀ ਸਮਾਹਾ ॥
ਬ੍ਰਹਮ ਗਿਆਨੀ ਪਰਉਪਕਾਰ ਉਮਾਹਾ ॥
ਬ੍ਰਹਮ ਗਿਆਨੀ ਕੈ ਨਾਹੀ ਧੰਧਾ ॥
ਬ੍ਰਹਮ ਗਿਆਨੀ ਲੇ ਧਾਵਤੁ ਬੰਧਾ ॥
ਬ੍ਰਹਮ ਗਿਆਨੀ ਕੈ ਹੋਇ ਸੁ ਭਲਾ ॥
ਬ੍ਰਹਮ ਗਿਆਨੀ ਸੁਫਲ ਫਲਾ ॥
ਬ੍ਰਹਮ ਗਿਆਨੀ ਸੰਗਿ ਸਗਲ ਉਧਾਰੁ ॥
ਨਾਨਕ ਬ੍ਰਹਮ ਗਿਆਨੀ ਜਪੈ ਸਗਲ ਸੰਸਾਰੁ ॥ ੪ ॥

ਬ੍ਰਹਮ ਗਿਆਨੀ ਦੀ ਇਕ ਪਰਮੇਸ਼ਰ ਪੁਰ ਆਸ ਹੁੰਦੀ ਹੈ। ਬ੍ਰਹਮ-ਗਿਆਨੀ ਦਾ ਬਿਨਾਸ ਨਹੀਂ ਹੁੰਦਾ। ਬ੍ਰਹਮਗਿਆਨੀ ਦੇ ਰਿਦੇ ਵਿਚ ਗ੍ਰੀਬੀ ਸਮਾਉਂਦੀ ਹੈ। ਬ੍ਰਹਮਗਿਆਨੀ ਨੂੰ ਪਰਉਪਕਾਰ ਵਿਚ ਉਤਸ਼ਾਹ ਹੁੰਦਾ ਹੈ। ਬ੍ਰਹਮ ਗਿਆਨੀ ਨੂੰ ਕੋਈ ਧੰਧਾ ਨਹੀਂ। ਬ੍ਰਹਮ ਗਿਆਨੀ ਦੌੜਦੇ ਮਨ ਨੂੰ ਫੜ੍ਹਕੇ ਬੰਨ੍ਹ ਲੈਂਦਾ ਹੈ। ਬ੍ਰਹਮ ਗਿਆਨੀ ਨੂੰ ਜੋ ਹੋਵੇ ਸੋ ਭੁਲਾ ਲੱਗਦਾ ਹੈ।

Digitized by Panjab Digital Library | www.panjabdigilib.org

ਬ੍ਰਹਮ ਗਿਆਨੀ ਸ੍ਰੇਸ਼ਟ ਫਲਾ ਦੈਵੀ ਸੰਪਦਾ ਦੇ ਗੁਣਾਂ ਕਰਕੇ ਫਲਦਾ ਹੈ। ਬ੍ਰਹਮ ਗਿਆਨੀ ਦੇ ਸੰਗ ਸਭ ਦਾ ਉਧਾਰ ਹੋ ਜਾਂਦਾ ਹੈ। ਬ੍ਰਹਮਗਿਆਨੀ ਨੂੰ ਸਾਰਾ ਸੰਸਾਰ ਜਪਦਾ ਹੈ।

ਬ੍ਰਹਮ ਗਿਆਨੀ ਕੈ ਏਕੈ ਰੰਗ ॥
ਬ੍ਰਹਮ ਗਿਆਨੀ ਕੈ ਬਸੈ ਪ੍ਰਭੁ ਸੰਗ ॥
ਬ੍ਰਹਮ ਗਿਆਨੀ ਕੈ ਨਾਮੁ ਅਧਾਰੁ ॥
ਬ੍ਰਹਮ ਗਿਆਨੀ ਕੈ ਨਾਮੁ ਪਰਵਾਰੁ ॥
ਬ੍ਰਹਮ ਗਿਆਨੀ ਸਦਾ ਸਦ ਜਾਗਤ ॥
ਬ੍ਰਹਮ ਗਿਆਨੀ ਅਹੰਬੁਧਿ ਤਿਆਗਤ ॥
ਬ੍ਰਹਮ ਗਿਆਨੀ ਕੈ ਮਨਿ ਪਰਮਾਨੰਦ ॥
ਬ੍ਰਹਮ ਗਿਆਨੀ ਕੈ ਘਰਿ ਸਦਾ ਅਨੰਦ ॥
ਬ੍ਰਹਮ ਗਿਆਨੀ ਸੁਖ ਸਹਜ ਨਿਵਾਸ ॥
ਨਾਨਕ ਬ੍ਰਹਮ ਗਿਆਨੀ ਕਾ ਨਹੀ ਬਿਨਾਸ ॥ ੫ ॥

ਬ੍ਰਹਮ ਗਿਆਨੀ ਦਾ ਸਦਾ ਇਕਰੰਗ ਰਹਿੰਦਾ ਹੈ।ਬ੍ਰਹਮ ਗਿਆਨੀ ਦੇ ਨਾਲ ਪ੍ਰਭੁ ਵਸਦਾ ਹੈ। ਬ੍ਰਹਮ ਗਿਆਨੀ ਦੇ ਰਿਦੇ ਵਿੱਚ ਨਾਮ ਦਾ ਆਸਰਾ ਹੈ। ਬ੍ਰਹਮ ਗਿਆਨੀ ਲਈ ਨਾਮ ਹੀ ਪ੍ਰਵਾਰ ਹੈ। ਬ੍ਰਹਮ ਗਿਆਨੀ ਸਦਾ ਸ੍ਰੇਸ਼ਟ ਵਸਤੂ ਆਤਮ ਰਸ ਵਿੱਚ ਜਾਗਦਾ ਹੈ। ਬ੍ਰਹਮ ਗਿਆਨੀ ਅਹੰਕਾਰ ਵਾਲੀ ਬੁੱਧੀ ਨੂੰ ਛੱਡ ਦਿੰਦਾ ਹੈ। ਬ੍ਰਹਮ ਗਿਆਨੀ ਦੇ ਮਨ ਵਿੱਚ ਪੂਰਨ ਅਨੰਦ ਰਹਿੰਦਾ ਹੈ। ਬ੍ਰਹਮ ਗਿਆਨ ਦੇ ਘਰ ਵਿੱਚ ਸਦਾ ਅਨੰਦ ਰਹਿੰਦਾ ਹੈ। ਬ੍ਰਹਮ ਗਿਆਨੀ ਦਾ ਨਿਵਾਸ ਸਹਜ ਦੇ ਸੁਖ ਵਿੱਚ ਹੁੰਦਾ ਹੈ। ਗੁਰੂ ਜੀ– ਬ੍ਰਹਮ ਗਿਆਨੀ ਦਾ ਨਾਸ ਨਹੀਂ ਹੁੰਦਾ।

ਬ੍ਰਹਮ ਗਿਆਨੀ ਬ੍ਰਹਮ ਕਾ ਬੇਤਾ ॥
ਬ੍ਰਹਮ ਗਿਆਨੀ ਏਕ ਸੰਗਿ ਹੇਤਾ ॥
ਬ੍ਰਹਮ ਗਿਆਨੀ ਕੈ ਹੋਇ ਅਚਿੰਤ ॥
ਬ੍ਰਹਮ ਗਿਆਨੀ ਕਾ ਨਿਰਮਲ ਮੰਤ ॥
ਬ੍ਰਹਮ ਗਿਆਨੀ ਜਿਸੁ ਕਰੈ ਪ੍ਰਭੁ ਆਪਿ ॥

Digitized by Panjab Digital Library | www.panjabdigilib.org

ਬ੍ਰਹਮ ਗਿਆਨੀ ਕਾ ਬਡ ਪਰਤਾਪ ॥
ਬ੍ਰਹਮ ਗਿਆਨੀ ਕਾ ਦਰਸੁ ਬਡਭਾਗੀ ਪਾਈਐ ॥
ਬ੍ਰਹਮ ਗਿਆਨੀ ਕਉ ਬਲਿ ਬਲਿ ਜਾਈਐ ॥
ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥
ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥ ੬ ॥

ਬ੍ਰਹਮ ਗਿਆਨੀ ਬ੍ਰਹਮ ਦਾ ਜਾਨਣੇ ਵਾਲਾ ਹੈ। ਬ੍ਰਹਮ ਗਿਆਨੀ ਦਾ ਇੱਕ ਨਾਲ ਹਿਤ ਹੁੰਦਾ ਹੈ। ਬ੍ਰਹਮ ਗਿਆਨੀ ਦੇ ਮਨ ਵਿੱਚ ਹੁੰਦੀ ਹੈ ਅਚਿੰਤਤਾਈ। ਬ੍ਰਹਮ ਗਿਆਨੀ ਦਾ ਮੰਤਰ ਨਿਰਮਲ ਹੈ। ਬ੍ਰਹਮ ਗਿਆਨੀ ਉਹ ਹੈ ਜਿਸ ਨੂੰ ਪ੍ਰਭ ਆਪ ਬਣਾਵੇ। ਬ੍ਰਹਮ ਗਿਆਨੀ ਦਾ ਪ੍ਰਤਾਪ ਵੱਡਾ ਹੁੰਦਾ ਹੈ। ਬ੍ਰਹਮ ਗਿਆਨੀ ਦਾ ਦਰਸ਼ਨ ਵੱਡੇ ਭਾਗਾਂ ਕਰਕੇ ਪਾਈਦਾ ਹੈ। ਬ੍ਰਹਮ ਗਿਆਨੀ ਤੋਂ ਸਦਾ ਬਲਿਹਾਰ ੨ ਜਾਈਏ। ਬ੍ਰਹਮਗਿਆਨੀ ਨੂੰ ਸ਼ਿਵ ਆਦਿ ਖੋਜਦੇ ਹਨ। ਗੁਰੂ ਜੀ–ਬ੍ਰਹਮ ਗਿਆਨੀ ਆਪ ਪ੍ਰਮੇਸ਼ਰ ਹੈ।

ਬ੍ਰਹਮ ਗਿਆਨੀ ਕੀ ਕੀਮਤਿ ਨਾਹਿ ॥
ਬ੍ਰਹਮ ਗਿਆਨੀ ਕੈ ਸਗਲ ਮਨ ਮਾਹਿ ॥
ਬ੍ਰਹਮ ਗਿਆਨੀ ਕਾ ਕਉਨ ਜਾਨੈ ਭੇਦੁ ॥
ਬ੍ਰਹਮ ਗਿਆਨੀ ਕਉ ਸਦਾ ਅਦੇਸੁ ॥
ਬ੍ਰਹਮ ਗਿਆਨੀ ਕਾ ਕਥਿਆ ਨ ਜਾਇ ਅਧਾਖ੍ਹਰੁ ॥
ਬ੍ਰਹਮ ਗਿਆਨੀ ਸਰਬ ਕਾ ਠਾਕੁਰੁ ॥
ਬ੍ਰਹਮ ਗਿਆਨੀ ਕੀ ਮਿਤਿ ਕਉਨੁ ਬਖਾਨੈ ॥
ਬ੍ਰਹਮ ਗਿਆਨੀ ਕੀ ਗਤਿ ਬ੍ਰਹਮ ਗਿਆਨੀ ਜਾਨੈ ॥
ਬ੍ਰਹਮ ਗਿਆਨੀ ਕਾ ਅੰਤੁ ਨ ਪਾਰੁ ॥
ਨਾਨਕ ਬ੍ਰਹਮ ਗਿਆਨੀ ਕਉ ਸਦਾ ਨਮਸਕਾਰੁ ॥ ੭ ॥

ਬ੍ਰਹਮ ਗਿਆਨੀ ਦੀ ਕੀਮਤ ਨਹੀ ਪੈਂਦੀ। ਬ੍ਰਹਮ ਗਿਆਨੀ ਦੇ ਮਨ ਵਿੱਚ ਸਭ ਕੁਝ ਹੈ। ਬ੍ਰਹਮ ਗਿਆਨੀ ਦਾ ਭੇਦ ਕੌਣ ਜਾਣਦਾ ਹੈ। ਬ੍ਰਹਮ ਗਿਆਨੀ ਨੂੰ ਸਦਾ ਨਿਮਸਕਾਰ ਹੋਵੇ। ਬ੍ਰਹਮ ਗਿਆਨੀ ਦਾ ਅੱਧਾ ਅੱਖਰ ਵੀ ਨਹੀਂ ਕਿਹਾ ਜਾਂਦਾ। ਭਾਵ ਥੋੜੀ ਮੈਹਮਾਂ ਵੀ ਨਹੀਂ ਕਹੀ ਜਾਂਦੀ। ਬ੍ਰਹਮ ਗਿਆਨੀ ਸਭ ਦਾ ਮਾਲਕ ਹੈ। ਬ੍ਰਹਮ ਗਿਆਨੀਦੀ ਮਤ ਪ੍ਰਜਾਦ ਕੌਣ

Digitized by Panjab Digital Library | www.panjabdigilib.org

ਕਹੇ। ਬ੍ਰਹਮ ਗਿਆਨੀ ਦੀ ਗਤੀ ਬ੍ਰਹਮ ਗਿਆਨੀ ਹੀ ਜਾਣਦਾ ਹੈ। ਬ੍ਰਹਮ ਗਿਆਨੀ ਦਾ ਅੰਤ ਨਹੀਂ ਪਾਇਆ ਜਾਂਦਾ। ਗੁਰੂ ਜੀ– ਬ੍ਰਹਮ ਗਿਆਨੀ ਨੂੰ ਸਦਾ ਸਾਡੀ ਨਿਮਸ਼ਕਾਰ ਹੈ।

ਬ੍ਰਹਮ ਗਿਆਨੀ ਸਭ ਸ੍ਰਿਸਟਿ ਕਾ ਕਰਤਾ ॥
ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ ॥
ਬ੍ਰਹਮ ਗਿਆਨੀ ਮੁਕਤਿ ਜੁਗਤਿ ਜੀਅ ਕਾ ਦਾਤਾ ॥
ਬ੍ਰਹਮ ਗਿਆਨੀ ਪੂਰਨ ਪੁਰਖੁ ਬਿਧਾਤਾ ॥
ਬ੍ਰਹਮ ਗਿਆਨੀ ਅਨਾਥ ਕਾ ਨਾਥੁ ॥
ਬ੍ਰਹਮ ਗਿਆਨੀ ਕਾ ਸਭ ਊਪਰਿ ਹਾਥੁ ॥
ਬ੍ਰਹਮ ਗਿਆਨੀ ਕਾ ਸਗਲ ਅਕਾਰੁ ॥
ਬ੍ਰਹਮ ਗਿਆਨੀ ਆਪਿ ਨਿਰੰਕਾਰੁ ॥
ਬ੍ਰਹਮ ਗਿਆਨੀ ਕੀ ਸੋਭਾ ਬ੍ਰਹਮ ਗਿਆਨੀ ਬਨੀ ॥
ਨਾਨਕ ਬ੍ਰਹਮ ਗਿਆਨੀ ਸਰਬ ਕਾ ਧਨੀ ॥ ੮ ॥ ੮ ॥

ਬ੍ਰਹਮ ਗਿਆਨੀ ਸਾਰੀ ਸ੍ਰਿਸ਼ਟੀ ਦਾ ਰਚਨੇਹਾਰਾ ਹੈ, ਬ੍ਰਹਮਗਿਆਨੀ ਸਦਾ ਜੀਂਵਦਾ ਹੈ,ਮਰਦਾ ਨਹੀਂ। ਬ੍ਰਹਮ ਗਿਆਨੀ ਮੁਕਤੀ ਤੇ ਜੁਗਤੀ ਤੇ ਜੀ ਦਾਨ ਦੇਣੇ ਵਾਲਾ ਹੈ। ਬ੍ਰਹਮਗਿਆਨੀ ਪੂਰਨ ਪੁਰਖ ਹੈ ਅਰ ਫਲ ਦੇਣੇ ਵਾਲਾ ਹੈ। ਬ੍ਰਹਮਗਿਆਨੀ ਅਨਾਥਾਂ ਦਾ ਨਾਥ ਹੈ। ਬ੍ਰਹਮਗਿਆਨੀ ਦਾ ਸਭ ਉਤੇ ਹੱਥ ਹੁੰਦਾਹੈ। ਬ੍ਰਹਮਗਿਆਨੀ ਦਾ ਸਾਰਾ ਰੂਪਹੈ।ਬ੍ਰਹਮ ਗਿਆਨੀ ਆਪ ਨਿਰੰਕਾਰ ਹੀ ਹੈ। ਬ੍ਰਹਮ ਗਿਆਨੀ ਦੀ ਸੋਭਾ ਬ੍ਰਹਮ ਗਿਆਨੀ ਨੂੰ ਸਜਦੀ ਹੈ। ਗੁਰੂ ਜੀ–ਬ੍ਰਹਮ ਗਿਆਨੀ ਸਭ ਦਾ ਧਨੀ ਹੁੰਦਾ ਹੈ।

## ਸਲੋਕੁ ॥

ਉਰਿਧਾਰੈ ਜੋ ਅੰਤਰਿ ਨਾਮੁ ॥
ਸਰਬ ਮੈ ਪੇਖੈ ਭਗਵਾਨੁ ॥
ਨਿਮਖ ਨਿਮਖ ਠਾਕੁਰ ਨਮਸਕਾਰੈ ॥
ਨਾਨਕ ਓਹੁ ਅਪਰਸੁ ਸਗਲ ਨਿਸਤਾਰੈ ॥ ੧ ॥

Digitized by Panjab Digital Library | www.panjabdigilib.org

ਜੋ ਹਿਰਦੇ ਦੇ ਅੰਦਰ ਨਾਮ ਨੂੰ ਧਾਰਨ ਕਰੇ ਅਰ ਸਭ ਵਿਚ ਅਕਾਲ ਪੁਰਖ ਨੂੰ ਦੇਖੇ, ਅਰ ਪਲਪਲ ਵਿਚ ਪਰਮੇਸ਼ਰ ਨੂੰ ਨਿਮਸ਼ਕਾਰ ਕਰੇ। ਗੁਰੂ ਜੀ–ਉਹ ਅਪਰਸ ਹੈ ਅਰ ਸਭ ਨੂੰ ਤਾਰਨ ਵਾਲਾ ਹੈ।

## ਅਸਟਪਦੀ ॥

**ਮਿਥਿਆ ਨਾਹੀ ਰਸਨਾ ਪਰਸ ॥**
**ਮਨ ਮਹਿ ਪ੍ਰੀਤਿ ਨਿਰੰਜਨ ਦਰਸ ॥**
**ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ ॥**
**ਸਾਧ ਕੀ ਟਹਲ ਸੰਤ ਸੰਗਿ ਹੇਤ ॥**
**ਕਰਨ ਨ ਸੁਨੈ ਕਾਹੂ ਕੀ ਨਿੰਦਾ ॥**
**ਸਭ ਤੇ ਜਾਨੈ ਆਪਸ ਕਉ ਮੰਦਾ ॥**
**ਗੁਰਪ੍ਰਸਾਦਿ ਬਿਖਿਆ ਪਰਹਰੈ ॥**
**ਮਨ ਕੀ ਬਾਸਨਾ ਮਨ ਤੇ ਟਰੈ ॥**
**ਇੰਦ੍ਰੀ ਜਿਤ ਪੰਚ ਦੋਖ ਤੇ ਰਹਤ ॥**
**ਨਾਨਕ ਕੋਟਿ ਮਧੇ ਕੋ ਐਸਾ ਅਪਰਸ ॥ ੧ ॥**

ਰਸਨਾ ਕਰਕੇ ਝੂਠ ਨਹੀਂ ਬੋਲਦਾ। ਮਨ ਵਿਚ ਅਕਾਲ ਪੁਰਖ ਦੇ ਦਰਸ਼ਨ ਦੀ ਪ੍ਰੀਤ ਰੱਖਦਾ ਹੈ। ਪਰਾਈ ਇਸਤ੍ਰੀ ਦਾ ਰੂਪ ਨੇਤ੍ਰਾਂ ਕਰਕੇ ਨਹੀਂ ਦੇਖਦਾ। ਸਭ ਸਾਧਾਂ ਦੀ ਟਹਿਲ ਕਰਦਾਹੈ,ਪਰ ਸੰਤਾਂ ਨਾਲ ਪ੍ਰੇਮ।ਕੰਨਾਂ ਨਾਲ ਕਿਸੇ ਦੀ ਨਿੰਦਾ ਨਹੀਂ ਸੁਣਦਾ। ਸਭ ਤੋਂ ਆਪਣੇ ਆਪ ਨੂੰ ਬੁਰਾ ਜਾਣੇ, ਗੁਰੂ ਦੀ ਕ੍ਰਿਪਾ ਕਰਕੇ ਵਿਸ਼ਜ ਵਾਸ਼ਨਾਂ ਰੂਪੀ ਵਿਹੁ ਨੂੰ ਛੱਡਦਾ ਹੈ। ਮਨ ਦੇ ਸੰਕਲਪਾਂ ਨੂੰ ਮਨ ਤੋਂ ਦੂਰ ਕਰਦਾ ਹੈ। ਇੰਦ੍ਰੇ ਵਸ ਕਰ ਲਏ ਹਨ ਉਸਨੇ ਪੰਜ ਦੂਸ਼ਨਾਂ ਤੋਂ ਰਹਿਤ ਹੈ। ਗੁਰੂ ਜੀ--ਕ੍ਰੋੜਾਂ ਵਿਚ ਕੋਈ ਐਸਾ ਅਸੰਗਪੁਰਖ ਹੁੰਦਾ ਹੈ।

**ਬੈਸਨੋ ਸੋ ਜਿਸੁ ਊਪਰਿ ਸੁ ਪ੍ਰਸੰਨ ॥**
**ਬਿਸਨ ਕੀ ਮਾਇਆ ਤੇ ਹੋਇ ਭਿੰਨ ॥**
**ਕਰਮ ਕਰਤ ਹੋਵੈ ਨਿਹਕਰਮ ॥**
**ਤਿਸੁ ਬੈਸਨੋ ਕਾ ਨਿਰਮਲ ਧਰਮ ॥**

Digitized by Panjab Digital Library | www.panjabdigilib.org

ਕਾਹੂ ਫਲ ਕੀ ਇਛਾ ਨਹੀ ਬਾਛੈ ॥
ਕੇਵਲ ਭਗਤਿ ਕੀਰਤਨ ਸੰਗਿ ਰਾਚੈ ॥
ਮਨ ਤਨ ਅੰਤਰਿ ਸਿਮਰਨ ਗੋਪਾਲ ॥
ਸਭ ਊਪਰਿ ਹੋਵਤ ਕਿਰਪਾਲ ॥
ਆਪਿ ਦ੍ਰਿੜੈ ਅਵਰਹ ਨਾਮੁ ਜਪਾਵੈ ॥
ਨਾਨਕ ਓਹੁ ਬੈਸਨੋ ਪਰਮ ਗਤਿ ਪਾਵੈ ॥ ੨ ॥

ਵੈਸ਼ਨੋ ਉਹ ਹੈ ਜਿਸ ਪੁਰ ਪਰਮੇਸ਼ਰ ਆਪ ਪ੍ਰਸੰਨ ਹੈ। ਅਰ ਜੋ ਪਰਮੇਸ਼ਰ ਦੀ ਮਾਇਆ ਤੋਂ ਅਤੀਤ ਹੈ। ਆਪਣੇ ਧਰਮ ਦੇ ਕਰਮ ਕਰਦਾ ਹੋਇਆ ਨਿਹਕਰਮੀ ਹੈ, ਉਸ ਵੈਸ਼ਨੋ ਦਾ ਧਰਮ ਪਵਿਤ੍ਰ ਹੈ। ਕਿਸੇ ਫਲ ਦੀ ਇਛਾ ਨੂੰ ਨਾਂ ਚਾਹੇ। ਕੇਵਲ ਪਰਮੇਸ਼ਰ ਦੀ ਭਗਤੀ ਤੇ ਉਸਦੇ ਜੱਸ ਗਾਉਣ ਵਿਚ ਹੀ ਰਚੇ। ਤਨ ਮਨ ਦੇ ਅੰਦਰ ਪਰਮੇਸ਼ਰ ਦਾ ਹੀ ਸਿਮਰਨ ਕਰੇ।ਸਭ ਉਤੇ ਕ੍ਰਿਪਾਲ ਹੋਏ। ਆਪ ਤਾਂ ਨਾਮ ਨੂੰ ਦ੍ਰਿੜ ਕਰ ਲਿਆ ਹੋਵੇ ਤੇ ਹੋਰਨਾਂ ਨੂੰ ਨਾਮ ਜਪਾਵੇ। ਗੁਰੂ ਜੀ--ਉਹ ਵੈਸ਼ਨੋ ਪਰਮ ਗਤੀ ਨੂੰ ਪ੍ਰਾਪਤ ਹੁੰਦਾ ਹੈ।

ਭਗਉਤੀ ਭਗਵੰਤ ਭਗਤ ਕਾ ਰੰਗੁ ॥
ਸਗਲ ਤਿਆਗੈ ਦੁਸਟ ਕਾ ਸੰਗੁ ॥
ਮਨ ਤੇ ਬਿਨਸੈ ਸਗਲਾ ਭਰਮੁ ॥
ਕਰਿ ਪੂਜੈ ਸਗਲ ਪਾਰਬ੍ਰਹਮੁ ॥
ਸਾਧਸੰਗਿ ਪਾਪਾ ਮਲੁ ਖੋਵੈ ॥
ਤਿਸੁ ਭਗਉਤੀ ਕੀ ਮਤਿ ਊਤਮ ਹੋਵੈ ॥
ਭਗਵੰਤ ਕੀ ਟਹਲ ਕਰੈ ਨਿਤ ਨੀਤਿ ॥
ਮਨੁ ਤਨੁ ਅਰਪੈ ਬਿਸਨ ਪਰੀਤਿ ॥
ਹਰਿਕੇ ਚਰਨ ਹਿਰਦੈ ਬਸਾਵੈ ॥
ਨਾਨਕ ਐਸਾ ਭਗਉਤੀ ਭਗਵੰਤ ਕਉ ਪਾਵੈ ॥ ੩ ॥

ਭਗਉਤੀ ਉਹ ਹੈ ਜਿਸ ਨੂੰ ਭਗਵੰਤ ਦੀ ਭਗਤੀ ਦਾ ਰੰਗ ਚੜ੍ਹਿਆ ਹੋਏ। ਸਰਬ ਥਾਂ ਦੁਸ਼ਟ ਦਾ ਸੰਗ ਤਿਆਗ ਦੇਵੇ। ਉਸਦੇ ਮਨ ਤੋਂ ਸਾਰਾ ਭਰਮ ਦੂਰ ਹੋ ਗਿਆ ਹੋਵੇ। ਸਭ ਪਾਰਬ੍ਰਹਮ ਕਰਕੇ ਪੂਜੇ। ਸਾਧਾਂ ਦਾ ਸੰਗ

Digitized by Panjab Digital Library | www.panjabdigilib.org

ਕਰਕੇ ਪਾਪਾਂ ਦੀ ਮੈਲ ਦੂਰ ਕਰੇ। ਉਸ ਭਗਉਤੀ ਦੀ ਬੁਧੀ ਉਤਮ ਹੁੰਦੀ ਹੈ। ਅਕਾਲ ਪੁਰਖ ਦੀ ਟਹਲ ਨਿਤ ਹੀ ਨਿਤ ਕਰੇ। ਮਨ ਤੇ ਤਨ ਦੋਵੇਂ ਅਕਾਲ ਪੁਰਖ ਦੀ ਪ੍ਰੀਤਿ ਦੇ ਅਰਪਣ ਕਰ ਦੇਵੇ। ਹਰਿ ਦੇ ਚਰਨ ਹਿਰਦੇ ਵਿਚ ਵਸਾਵੇ। ਗੁਰੂ ਜੀ--ਐਸਾ ਭਗਉਤੀ ਪਰਮੇਸ਼ਰ ਨੂੰ ਪਾਉਂਦਾ ਹੈ।

**ਸੋ ਪੰਡਿਤ ਜੋ ਮਨ ਪਰਬੋਧੈ ॥**
**ਰਾਮ ਨਾਮੁ ਆਤਮ ਮਹਿ ਸੋਧੈ ॥**
**ਰਾਮ ਨਾਮ ਸਾਰੁ ਰਸੁ ਪੀਵੈ ॥**
**ਉਸ ਪੰਡਿਤ ਕੈ ਉਪਦੇਸਿ ਜਗੁ ਜੀਵੈ ॥**
**ਹਰਿ ਕੀ ਕਥਾ ਹਿਰਦੈ ਬਸਾਵੈ ॥**
**ਸੋ ਪੰਡਿਤੁ ਫਿਰਿ ਜੋਨਿ ਨ ਆਵੈ ॥**
**ਬੇਦ ਪੁਰਾਨ ਸਿਮ੍ਰਿਤਿ ਬੂਝੈ ਮੂਲੁ ॥**
**ਸੂਖਮ ਮਹਿ ਜਾਨੈ ਅਸਥੂਲੁ ॥**
**ਚਹੁ ਵਰਨਾ ਕਉ ਦੇ ਉਪਦੇਸੁ ॥**
**ਨਾਨਕ ਉਸੁ ਪੰਡਿਤ ਕਉ ਸਦਾ ਅਦੇਸੁ ॥ ੪ ॥**

ਪੰਡਤ ਉਹ ਹੈ ਜੋ ਆਪਣੇ ਮਨ ਨੂੰ ਗਿਆਨਵਾਨ ਕਰੇ। ਰਾਮ ਨਾਮ ਨੂੰ ਆਪਣੇ ਮਨ ਵਿਖੇ ਵਿਚਾਰੇ। ਰਾਮ ਨਾਮ ਦਾ ਜੋ ਸਾਰ ਰਸ ਹੈ, ਉਸ ਨੂੰ ਪੀਵੇ। ਉਸ ਪੰਡਤ ਦੇ ਉਪਦੇਸ਼ ਕਰਕੇ ਜਗਤ ਦੇ ਜੀਵ ਜੀਊਂਦੇ ਹਨ। ਹਰੀ ਦੀ ਕੱਥਾ ਨੂੰ ਹਿਰਦੇ ਵਿੱਚ ਵਸਾਵੇ। ਉਹ ਪੰਡਿਤ ਫਿਰ ਜੂਨ ਨਹੀਂ ਪਾਉਂਦਾ। ਵੇਦ,ਪੁਰਾਨ ਤੇ ਸਿਮ੍ਰਤੀਆਂ ਦਾ ਮੂਲ ਸਮਝ ਲਵੇ। ਸੂਖਮ ਅਕਾਲ ਪੁਰਖ ਵਿਖੇ ਅਸਥੂਲ ਸਾਰੇ ਬ੍ਰਹਮੰਡ ਨੂੰ ਜਾਣ ਲਵੇ। ਚਹੁ ਵਰਨਾਂ ਨੂੰ ਉਪਦੇਸ਼ ਦੇਵੇ। ਗੁਰੂ ਜੀ-ਉਸ ਪੰਡਤ ਨੂੰ ਸਦਾ ਨਿਮਸ਼ਕਾਰ ਹੈ।

**ਬੀਜ ਮੰਤ੍ਰੁ ਸਰਬ ਕੋ ਗਿਆਨੁ ॥**
**ਚਹੁ ਵਰਨਾ ਮਹਿ ਜਪੈ ਕੋਊ ਨਾਮੁ ॥**
**ਜੋ ਜੋ ਜਪੈ ਤਿਸਕੀ ਗਤਿ ਹੋਇ ॥**
**ਸਾਧ ਸੰਗਿ ਪਾਵੈ ਜਨੁ ਕੋਇ ॥**
**ਕਰਿ ਕਿਰਪਾ ਅੰਤਰਿ ਉਰਧਾਰੈ ॥**

Digitized by Panjab Digital Library | www.panjabdigilib.org

ਪਸੁ ਪ੍ਰੇਤ ਮੁਘਦ ਪਾਥਰ ਕਉ ਤਾਰੈ ॥
ਸਰਬ ਰੋਗ ਕਾ ਅਉਖਦੁ ਨਾਮੁ ॥
ਕਲਿਆਨ ਰੂਪ ਮੰਗਲ ਗੁਣ ਗਾਮੁ ॥
ਕਾਹੂ ਜੁਗਤਿ ਕਿਤੈ ਨ ਪਾਈਐ ਧਰਮਿ ॥
ਨਾਨਕ ਤਿਸੁ ਮਿਲੈ ਜਿਸੁ ਲਿਖਿਆ ਧੁਰਿ ਕਰਮਿ ॥ ੫ ॥

ਸੱਤ ਮੰਤ੍ਰਾਂ ਦਾ ਬੀਜ ਗਿਆਨ ਹੈ। ਭਾਵੇਂ ਕੋਈ ਚਹੁ ਵਰਨਾਂ ਵਿੱਚੋਂ ਜਪੇ। ਜੋ ਜੋ ਜਪੇਗਾ ਉਹ ਦੀ ਮੁਕਤੀ ਹੋਵੇਗੀ। ਪਰ ਇਸ ਨਾਮ ਨੂੰ ਸਾਧਾਂ ਦੇ ਸੰਗ ਕਰਕੇ ਕੋਈ ਜਨ ਪਾਉਂਦਾ ਹੈ। ਜਿਸ ਪਰ ਅਕਾਲ ਪੁਰਖ ਕ੍ਰਿਪਾ ਕਰੇ ਉਹ ਨਾਮ ਨੂੰ ਹਿਰਦੇ ਵਿੱਚ ਧਾਰਦਾ ਹੈ। ਉਹ ਪਸ਼ੂ ਅਤੇ ਪ੍ਰੇਤ ਮੂਰਖ ਤੇ ਪੱਥਰਾਂ ਸਰੀਖਿਆਂ ਨੂੰ ਤਾਰਦਾ ਹੈ। ਸਾਰੇ ਰੋਗਾਂ ਦਾ ਦਾਰੂ ਇਹ ਨਾਮ ਹੈ। ਪਰਮੇਸ਼ਰ ਦੇ ਗੁਣਾਂ ਦਾ ਗਾਉਣਾ ਮੰਗਲ ਤੇ ਕਲਯਾਨ ਰੂਪ ਹੈ। ਪਰ ਇਹ ਧਰਮ ਕਿਸੇ ਜੁਗਤ ਕਰਕੇ ਕਿਤੇ ਬੀ ਨਹੀਂ ਲੱਭਦਾ। ਹਾਂ, ਉਸਨੂੰ ਮਿਲਦਾ ਹੈ ਜਿਸ ਨੂੰ ਧੁਰੋਂ ਕਰਤਾਰ ਵੱਲੋਂ ਬਖਸ਼ਸ਼ ਦਾ ਲੇਖ ਲਿਖਿਆ ਹੈ।

ਜਿਸ ਕੈ ਮਨਿ ਪਾਰਬ੍ਰਹਮ ਕਾ ਨਿਵਾਸੁ ॥
ਤਿਸਕਾ ਨਾਮੁ ਸਤਿ ਰਾਮਦਾਸੁ ॥
ਆਤਮ ਰਾਮੁ ਤਿਸੁ ਨਦਰੀ ਆਇਆ ॥
ਦਾਸ ਦਸੰਤਣ ਭਾਇ ਤਿਨਿ ਪਾਇਆ ॥
ਸਦਾ ਨਿਕਟਿ ਨਿਕਟਿ ਹਰਿ ਜਾਨੁ ॥
ਸੋ ਦਾਸੁ ਦਰਗਹ ਪਰਵਾਨੁ ॥
ਅਪੁਨੇ ਦਾਸ ਕਉ ਆਪਿ ਕਿਰਪਾ ਕਰੈ ॥
ਤਿਸੁ ਦਾਸ ਕਉ ਸਭ ਸੋਝੀ ਪਰੈ ॥
ਸਗਲ ਸੰਗਿ ਆਤਮ ਉਦਾਸੁ ॥
ਐਸੀ ਜੁਗਤਿ ਨਾਨਕ ਰਾਮਦਾਸੁ ॥ ੬ ॥

ਜਿਸ ਦੇ ਮਨ ਵਿੱਚ ਪਾਰਬ੍ਰਹਮ ਦਾ ਸਦਾ ਨਿਵਾਸ ਹੈ। ਉਸ ਦਾ ਨਾਮ ਨਿਸਚੇ ਕਰਕੇ ਰਾਮ ਦ ਦਾਸ ਹੈ। ਆਤਮਾਂ ਸਰੂਪ ਰਾਮ ਵਿਆਪਕ ਉਸ ਨੂੰ ਦਿਸ ਪਿਆ। ਦਾਸਾ ਭਾਵ ਨਾਲ ਹੀ ਉਸ ਦਾਸ ਨੇ ਉਸ ਪ੍ਰਮੇਸ਼ਰ ਨੂੰ ਪਾਇਆ ਹੈ। ਸਦੀਵ ਹਰੀ ਨੂੰ ਉਹ ਨੇੜੇ ਹੀ ਨੇੜੇ ਜਾਣਦਾ ਹੈ। ਉਹ

Digitized by Panjab Digital Library | www.panjabdigilib.org

ਦਾਸ ਦਰਗਾਹ ਵਿੱਚ ਪਰਵਾਨ ਹੁੰਦਾ ਹੈ। ਆਪਣੇ ਪਰਵਾਨ ਹੋਏ ਦਾਸ ਪਰ ਪਰਮੇਸ਼ਰ ਕ੍ਰਿਪਾ ਕਰਦਾ ਹੈ। ਤਦ ਉਸ ਦਾਸ ਨੂੰ ਪਰਮਾਰਥ ਦੀ ਸਾਰੀ ਸੋਝੀ ਪੈਜਾਂਦੀ ਹੈ। ਸਾਰੇ ਪਦਾਰਥਾਂ ਨਾਲੋਂ ਮਨ ਨੂੰ ਉਹ ਉਦਾਸ ਰੱਖਦਾ ਹੈ। ਗੁਰੂ ਜੀ—ਐਸੀ ਜੁਗਤ ਵਾਲਾ ਰਾਮ ਦਾਸ ਹੁੰਦਾ ਹੈ।

ਪ੍ਰਭ ਕੀ ਆਗਿਆ ਆਤਮ ਹਿਤਾਵੈ ॥
ਜੀਵਨ ਮੁਕਤਿ ਸੋਊ ਕਹਾਵੈ ॥
ਤੈਸਾ ਹਰਖੁ ਤੈਸਾ ਉਸੁ ਸੋਗੁ ॥
ਸਦਾ ਅਨੰਦੁ ਤਹ ਨਹੀ ਬਿਓਗੁ ॥
ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥
ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥
ਤੈਸਾ ਮਾਨੁ ਤੈਸਾ ਅਭਿਮਾਨੁ ॥
ਤੈਸਾ ਰੰਕੁ ਤੈਸਾ ਰਾਜਾਨੁ ॥
ਜੋ ਵਰਤਾਏ ਸਾਈ ਜੁਗਤਿ ॥
ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ॥ ੭॥

ਜਿਸ ਨੂੰ ਪ੍ਰਭੂ ਦੀ ਆਗਜਾ ਪਿਆਰੀ ਲੱਗੇ, ਉਹ ਜੀਵਨ ਮੁਕਤ ਕਹਾਉਂਦਾ ਹੈ। ਉਸਨੂੰ ਜਿਹਾ ਹਰਖ ਹੈ ਤਿਹਾ ਸੋਗਹੈ। ਉਸਨੂੰ ਸਦਾ ਆਨੰਦ ਹੈ, ਕਦੇ ਆਨੰਦ ਤੋਂ ਉਸਨੂੰ ਵਿਛੋੜਾ ਨਹੀਂ ਹੁੰਦਾ। ਜਿਹਾ ਉਸ ਨੂੰ ਸੋਨਾ ਹੈ ਤੇ ਤੇਹੀ ਮਿੱਟੀ ਹੈ। ਜਿਹਾ ਉਸ ਨੂੰ ਅੰਮ੍ਰਿਤ ਹੈ ਤਿਹੀ ਉਸਨੂੰ ਕੌੜੀ ਵਿਹੁ ਹੈ। ਜਿਹਾ ਉਸ ਨੂੰ ਆਦਰ ਹੈ ਤਿਹਾ ਅਨਾਦਰ ਹੈ। ਜਿਹਾ ਉਸ ਨੂੰ ਕੰਗਾਲ ਹੈ ਤਿਹਾ ਉਸ ਨੂੰ ਰਾਜਾ ਹੈ। ਜੋ ਪਰਮੇਸ਼ਰ ਭਾਣਾ ਵਰਤਾਵੇ ਉਹ ਉਸ ਨੂੰ ਯੋਗ ਜਾਣਦਾ ਹੈ। ਗੁਰੂ ਜੀ—ਉਹ ਪੁਰਖ ਜੀਵਣ ਮੁਕਤ ਕਹੀਦਾ ਹੈ।

ਪਾਰਬ੍ਰਹਮ ਕੇ ਸਗਲੇ ਠਾਉ ॥
ਜਿਤੁ ਜਿਤੁ ਘਰਿ ਰਾਖੈ ਤੈਸਾ ਤਿਨ ਨਾਉ ॥
ਆਪੇ ਕਰਨ ਕਰਾਵਨ ਜੋਗੁ ॥
ਪ੍ਰਭ ਭਾਵੈ ਸੋਈ ਫੁਨਿ ਹੋਗੁ ॥
ਪਸਰਿਓ ਆਪਿ ਹੋਇ ਅਨਤ ਤਰੰਗ ॥

Digitized by Panjab Digital Library | www.panjabdigilib.org

ਲਖੇ ਨ ਜਾਹਿ ਪਾਰਬ੍ਰਹਮ ਕੇ ਰੰਗ ॥
ਜੈਸੀ ਮਤਿ ਦੇਇ ਤੈਸਾ ਪਰਗਾਸ ॥
ਪਾਰਬ੍ਰਹਮੁ ਕਰਤਾ ਅਬਿਨਾਸ ॥
ਸਦਾ ਸਦਾ ਸਦਾ ਦਇਆਲ ॥
ਸਿਮਰਿ ਸਿਮਰਿ ਨਾਨਕ ਭਏ ਨਿਹਾਲ ॥ ੮ ॥ ੯ ॥

ਸਾਰੇ ਅਸਥਾਨ ਪਾਰਬ੍ਰਹਮ ਦੇ ਹਨ। ਜਿਸ ੨ ਘਰ ਵਿਚ ਰਖੇ ਓਹੋ ਨਾਮ ਪੈਜਾਂਦਾ ਹੈ। ਆਪ ਹੀ ਸ੍ਰਿਸ਼ਟੀ ਰਚਨ ਨੂੰ ਸਮਰਥ ਤੇ ਰਚਾਵਨੇ ਦੇਯੋਗ ਹੈ। ਜੋ ਪ੍ਰਭੂ ਨੂੰ ਭਾਉਂਦਾ ਹੈ ਉਹੋ ਫੇਰ ਹੁੰਦਾ ਹੈ।ਉਹ ਆਪ ਆਪਨੀ ਸ੍ਰਿਸ਼ਟੀ ਵਿਚ ਤ੍ਰੰਗਾਂ ਦੀ ਤਰਾਂ ਅਨਿਕ ਹੋਕੇ ਪਸਰ ਰਿਹਾ ਹੈ। ਪਰ ਪਾਰਬ੍ਰਹਮ ਦੇ ਰੰਗ ਸਮਝੇ ਨਹੀਂ ਜਾ ਸਕਦੇ। ਹਾਂ ਜਿਹੀ ਬੁਧ ਉਹ ਦਿੰਦਾ ਹੈ ਤਿਹਾ ਪਕਾਸ਼ ਹੋ ਆਉਂਦਾ ਹੈ। ਆਪ ਪਰਮੇਸ਼ਰ ਕਰਤਾ ਹੈ, ਪਰ ਨਾਸ ਤੋਂ ਰਹਤ ਹੈ। ਉਹ ਪ੍ਰਭੂ ਸਦਾ ਸਦਾ ਸਦਾ ਦਿਆਲ ਹੈ। ਉਸਨੂੰ ਸਿਮਰ ਸਿਮਰ ਕੇ ਗੁਰੂ ਜੀ ਨਿਹਾਲ ਹੋਏ ਹਨ।

## ਸਲੋਕੁ ॥

ਉਸਤਤਿ ਕਰਹਿ ਅਨੇਕ ਜਨ ਅੰਤੁ ਨ ਪਾਰਾਵਾਰ ॥
ਨਾਨਕ ਰਚਨਾ ਪ੍ਰਭਿ ਰਚੀ ਬਹੁ ਬਿਧਿ ਅਨਿਕ ਪ੍ਰਕਾਰ ॥੧॥

ਅਨੇਕਾਂ ਜਨ ਉਸ ਪ੍ਰਭੂ ਦੀ ਉਸਤਤ ਕਰਦੇ ਹਨ, ਜਿਨ੍ਹਾਂ ਦਾ ਅੰਤ ਪਾਰਾਵਾਰ ਨਹੀਂ। ਗੁਰੂ-ਜੀ-ਪ੍ਰਭ ਨੇ ਐਸੀ ਰਚਨਾ ਰਚੀ ਹੈ ਕਿ ਜਿਸਦਾ ਅੰਤ ਪਾਰਾਵਾਰ ਨਹੀਂ।

## ਅਸਟਪਦੀ ॥

ਕਈ ਕੋਟਿ ਹੋਏ ਪੂਜਾਰੀ ॥
ਕਈ ਕੋਟਿ ਆਚਾਰ ਬਿਉਹਾਰੀ ॥
ਕਈ ਕੋਟਿ ਭਏ ਤੀਰਥ ਵਾਸੀ ॥
ਕਈ ਕੋਟਿ ਬਨ ਭ੍ਰਮਹਿ ਉਦਾਸੀ ॥
ਕਈ ਕੋਟਿ ਬੇਦ ਕੇ ਸ੍ਰੋਤੇ ॥
ਕਈ ਕੋਟਿ ਤਪੀਸੁਰ ਹੋਤੇ ॥

Digitized by Panjab Digital Library | www.panjabdigilib.org

ਕਈ ਕੋਟਿ ਆਤਮ ਧਿਆਨੁ ਧਾਰਹਿ ॥
ਕਈ ਕੋਟਿ ਕਬਿ ਕਾਬਿ ਬੀਚਾਰਹਿ ॥
ਕਈ ਕੋਟਿ ਨਵਤਨ ਨਾਮ ਧਿਆਵਹਿ ॥
ਨਾਨਕ ਕਰਤੇ ਕਾ ਅੰਤੁ ਨ ਪਾਵਹਿ ॥ ੧ ॥

ਕਈ ਕ੍ਰੋੜਾਂ ਪੂਜਾ ਕਰਨ ਵਾਲੇ ਹੋਏ ਹਨ। ਕਈ ਕ੍ਰੋੜਾਂ ਕਰਮਾਂ ਦੇ ਵਿਹਾਰ ਕਰਨੇ ਵਾਲੇ ਹੋਏ ਹਨ। ਕਈ ਕ੍ਰੋੜਾਂ ਤੀਰਥਾਂ ਉਪਰ ਵੱਸਣੇ ਵਾਲੇ ਹੋਏ ਹਨ। ਕਈ ਕ੍ਰੋੜਾਂ ਬਨਾਂ ਵਿਚ ਉਦਾਸ ਫਿਰਦੇ ਹਨ। ਕਈ ਕ੍ਰੋੜਾਂ ਵੇਦ ਦੇ ਸੁਣਨੇ ਵਾਲੇ ਹਨ। ਕਈ ਕ੍ਰੋੜਾਂ ਵਡੇ ਤਪ ਕਰਨੇ ਵਾਲੇ ਹੁੰਦੇ ਹਨ। ਕਈ ਕ੍ਰੋੜਾਂ ਆਤਮਕ ਧਿਆਨ ਧਾਰਦੇ ਹਨ। ਕਈ ਕ੍ਰੋੜਾਂ ਕਵੀਸ਼ਰ ਹੋਕੇ ਕਾਵਯ ਨੂੰ ਵਿਚਾਰਦੇ ਹਨ। ਕਈ ਕ੍ਰੋੜਾਂ ਨਵੀਨ ਤੋਂ ਨਵੀਨ ਨਾਮ ਧਿਆਉਂਦੇ ਹਨ। ਗੁਰੂ ਜੀ- ਪਰਮੇਸ਼ਰ ਦਾ ਅੰਤ ਨਹੀਂ ਪਾ ਸਕਦੇ।

ਕਈ ਕੋਟਿ ਭਏ ਅਭਿਮਾਨੀ ॥
ਕਈ ਕੋਟਿ ਅੰਧ ਅਗਿਆਨੀ ॥
ਕਈ ਕੋਟਿ ਕਿਰਪਨ ਕਠੋਰ ॥
ਕਈ ਕੋਟਿ ਅਭਿਗ ਆਤਮ ਨਿਕੋਰ ॥
ਕਈ ਕੋਟਿ ਪਰਦਰਬ ਕਉ ਹਿਰਹਿ ॥
ਕਈ ਕੋਟਿ ਪਰਦੂਖਨਾ ਕਰਹਿ ॥
ਕਈ ਕੋਟਿ ਮਾਇਆ ਸ੍ਰਮ ਮਾਹਿ ॥
ਕਈ ਕੋਟਿ ਪ੍ਰਦੇਸ ਭ੍ਰਮਾਹਿ ॥
ਜਿਤੁ ਜਿਤੁ ਲਾਵਹੁ ਤਿਤੁ ਤਿਤੁ ਲਗਨਾ ॥
ਨਾਨਕ ਕਰਤੇ ਕੀ ਜਾਨੈ ਕਰਤਾ ਰਚਨਾ ॥ ੨ ॥

ਕਈ ਕ੍ਰੋੜ ਅਭਿਮਾਨ ਕਰਨੇ ਵਾਲੇ ਹਨ। ਕਈ ਕ੍ਰੋੜ ਬੜੇ ਅਗਿਆਨੀ ਹੋਏ ਹਨ। ਕਈ ਕ੍ਰੋੜ ਸੂਮ ਅਰ ਪੱਥਰ ਚਿਤ ਹੋਏ ਹਨ। ਕਈ ਕ੍ਰੋੜ ਆਤਮਾ ਕਰਕੇ ਨਾ ਭਿਜਣ ਵਾਲੇ ਨਿਕੋਰੇ ਹੋਏ ਹਨ। ਕਈ ਕ੍ਰੋੜ ਪਰਾਇਆ ਧਨ ਚੁਰਾਉਂਦੇ ਹਨ। ਕਈ ਕ੍ਰੋੜ ਪਰਾਏ ਦੂਸ਼ਨ ਕੱਢਦੇ ਹਨ। ਕਈ ਕ੍ਰੋੜ ਮਾਇਆ ਦਾ ਪ੍ਰਯਤਨ ਕਰਦੇ ਹਨ। ਕਈ ਕ੍ਰੋੜ ਪਰਦੇਸ ਵਿਚ ਭਰਮਦੇ ਹਨ। ਹੇ ਪਰਮੇਸ਼ਰ ਜਿਧਰ ੨ ਤੁਸੀਂ ਸਾਨੂੰ ਲਾਵੋ ਉਧਰ੨ ਅਸਾਂ ਲਗਨਾ ਹੈ। ਗੁਰੂ ਜੀ- ਰਚਨਹਾਰ ਆਪਣੀ ਰਚਨਾ ਨੂੰ ਆਪ ਜਾਣਦਾ ਹੈ।

Digitized by Panjab Digital Library | www.panjabdigilib.org

ਕਈ ਕੋਟਿ ਸਿਧ ਜਤੀ ਜੋਗੀ ॥
ਕਈ ਕੋਟਿ ਰਾਜੇ ਰਸ ਭੋਗੀ ॥
ਕਈ ਕੋਟਿ ਪੰਖੀ ਸਰਪ ਉਪਾਏ ॥
ਕਈ ਕੋਟਿ ਪਾਥਰ ਬਿਰਖ ਨਿਪਜਾਏ ॥
ਕਈ ਕੋਟਿ ਪਵਨ ਪਾਣੀ ਬੈਸੰਤਰ ॥
ਕਈ ਕੋਟਿ ਦੇਸ ਭੂਮੰਡਲ ॥
ਕਈ ਕੋਟਿ ਸਸੀਅਰ ਸੂਰ ਨਖ੍ਯਤ੍ਰ ॥
ਕਈ ਕੋਟਿ ਦੇਵ ਦਾਨਵ ਇੰਦ੍ਰ ਸਿਰ ਛਤ੍ਰ ॥
ਸਗਲ ਸਮਗ੍ਰੀ ਅਪਨੈ ਸੂਤਿ ਧਾਰੈ ॥
ਨਾਨਕ ਜਿਸੁ ਜਿਸੁ ਭਾਵੈ ਤਿਸੁ ਤਿਸੁ ਨਿਸਤਾਰੈ ॥ ੩ ॥

ਕਈ ਕ੍ਰੋੜ ਸਿਧ ਜਤੀ ਜੋਗੀ ਹੋਏ ਹਨ। ਕਈ ਕ੍ਰੋੜ ਰਾਜੇ ਰਸਾਂ ਦੇ ਭੋਗਣੇ ਵਾਲੇ ਹੋਏ ਹਨ। ਕਈ ਕ੍ਰੋੜ ਪੰਛੀ ਤੇ ਸਰਪ ਪ੍ਰਭੂ ਨੇ ਉਤਪਤ ਕੀਤੇ। ਕਈ ਕ੍ਰੋੜ ਪੱਥਰ ਤੇ ਬ੍ਰਿਛ ਪ੍ਰਭੂ ਨੇ ਉਤਪਤ ਕੀਤੇ। ਕਈ ਕ੍ਰੋੜ ਪੌਣ ਤੇ ਪਾਣੀ ਤੇ ਅਗਨ ਪ੍ਰਭੂ ਨੇ ਉਤਪਤ ਕੀਤੇ। ਕਈ ਕ੍ਰੋੜ ਦੇਸ ਤੇ ਪ੍ਰਿਥਵੀਆਂ ਹਨ। ਕਈ ਕ੍ਰੋੜ ਚੰਦਰਮਾਂ ਸੂਰਜ ਤੇ ਤਾਰੇ ਹਨ। ਕਈ ਕ੍ਰੋੜ ਦੇਉਤੇ ਦਾਨਵ ਤੇ ਇੰਦਰ ਛਤਰ ਦੇ ਧਾਰਨੇ ਵਾਲੇ ਹਨ। ਅਕਾਲ ਪੁਰਖ ਇਸ ਸਾਰੀ ਸਮੱਗਰੀ ਨੂ ਆਪਣੀ ਸੱਤਾ ਸਫੁਰਤੀ ਰੂਪ ਸੂਤਰ ਵਿਖੇ ਧਾਰਨ ਕਰਦਾ ਹੈ। ਗੁਰੂ ਜੀ--ਉਸਨੂੰ ਜੋ ਜੋ ਕੋਈ ਭਾਉਂਦਾ ਹੈ ਉਸਨੂੰ ਤਾਰਦਾ ਹੈ।

ਕਈ ਕੋਟਿ ਰਾਜਸ ਤਾਮਸ ਸਾਤਕ ॥
ਕਈ ਕੋਟਿ ਬੇਦ ਪੁਰਾਨ ਸਿਮ੍ਰਿਤਿ ਅਰੁ ਸਾਸਤ ॥
ਕਈ ਕੋਟਿ ਕੀਏ ਰਤਨ ਸਮੁੰਦ ॥
ਕਈ ਕੋਟਿ ਨਾਨਾ ਪ੍ਰਕਾਰ ਜੰਤ ॥
ਕਈ ਕੋਟਿ ਕੀਏ ਚਿਰ ਜੀਵੇ ॥
ਕਈ ਕੋਟਿ ਗਿਰੀ ਮੇਰ ਸੁਵਰਨ ਥੀਵੇ ॥
ਕਈ ਕੋਟਿ ਜਖ੍ਯ ਕਿੰਨਰ ਪਿਸਾਚ ॥

Digitized by Panjab Digital Library | www.panjabdigilib.org

**ਕਈ ਕੋਟਿ ਭੂਤ ਪ੍ਰੇਤ ਸੂਕਰ ਮ੍ਰਿਗਾਚ ॥**
**ਸਭ ਤੇ ਨੇਰੈ ਸਭਹੂ ਤੇ ਦੂਰਿ ॥**
**ਨਾਨਕ ਆਪਿ ਅਲਿਪਤੁ ਰਹਿਆ ਭਰਪੂਰਿ ॥ ੪ ॥**

ਕਈ ਕ੍ਰੋੜ ਰਜੋ ਗੁਣੀ ਤਮੋ ਗੁਣੀ ਤੇ ਸਤੋ ਗੁਣੀ ਹਨ। ਕਈ ਕ੍ਰੋੜ ਵੇਦ ਪੁਰਾਨ ਸਿਮਰਤੀਆਂ ਤੇ ਸ਼ਾਸਤਰ ਹਨ। ਕਈ ਕ੍ਰੋੜ ਸਮੁੰਦਰ ਰਚਨਾ ਸੰਯੁਕਤ ਰਚੇ ਹਨ। ਕਈ ਕ੍ਰੋੜ ਅਨੇਕਾਂ ਭਾਂਤਾਂ ਦੇ ਜੀਵ ਜੰਤੂ ਹਨ। ਕਈ ਕ੍ਰੋੜ ਵਡੀ ਆਰਬਲਾ ਵਾਲੇ ਰਚੇ ਹਨ। ਕਈ ਕ੍ਰੋੜ ਪਰਬਤ ਸੋਨੇ ਦੇ ਪਰਬਤ ਸੁਮੇਰ ਰਚੇ ਹਨ। ਕਈ ਕ੍ਰੋੜ ਯੱਖ ਕਿਨਰ ਤੇ ਪਿਸਾਚ ਹਨ। ਕਈ ਕ੍ਰੋੜ ਭੂਤ ਪ੍ਰੇਤ ਸੂਰ ਤੇ ਸ਼ੇਰ ਹਨ। ਆਪ ਪਰਮੇਸ਼ਰ ਸਭਨਾਂ ਦੇ ਨੇੜੇ ਹੈ ਅਰ ਸਭ ਤੋਂ ਦੂਰ ਹੈ। ਗੁਰੂ ਜੀ--ਆਪ ਪ੍ਰਭੂ ਅਲਿਪਤ ਹੈ।

**ਕਈ ਕੋਟਿ ਪਾਤਾਲ ਕੇ ਵਾਸੀ ॥**
**ਕਈ ਕੋਟਿ ਨਰਕ ਸੁਰਗ ਨਿਵਾਸੀ ॥**
**ਕਈ ਕੋਟਿ ਜਨਮਹਿ ਜੀਵਹਿ ਮਰਹਿ ॥**
**ਕਈ ਕੋਟਿ ਬਹੁ ਜੋਨੀ ਫਿਰਹਿ ॥**
**ਕਈ ਕੋਟਿ ਬੈਠਤ ਹੀ ਖਾਹਿ ॥**
**ਕਈ ਕੋਟਿ ਘਾਲਹਿ ਥਕਿ ਪਾਹਿ ॥**
**ਕਈ ਕੋਟਿ ਕੀਏ ਧਨਵੰਤ ॥**
**ਕਈ ਕੋਟਿ ਮਾਇਆ ਮਹਿ ਚਿੰਤ ॥**
**ਜਹ ਜਹ ਭਾਣਾ ਤਹ ਤਹ ਰਾਖੇ ॥**
**ਨਾਨਕ ਸਭੁ ਕਿਛੁ ਪ੍ਰਭ ਕੈ ਹਾਥੇ ॥ ੫ ॥**

ਕਈ ਕ੍ਰੋੜ ਪਾਤਾਲ ਦੇ ਵੱਸਣੇ ਵਾਲੇ ਹਨ। ਕਈ ਕ੍ਰੋੜ ਨਰਕ ਤੇ ਸੁਰਗ ਦੇ ਰਹਿਣੇ ਵਾਲੇ ਹਨ। ਕਈ ਕ੍ਰੋੜ ਜਨਮਦੇ ਜੀਉਂਦੇ ਤੇ ਮਰਦੇ ਹਨ। ਕਈ ਕ੍ਰੋੜ ਬਹੁਤੀਆਂ ਜੂਨਾਂ ਵਿਚ ਫਿਰਦੇ ਹਨ। ਕਈ ਕ੍ਰੋੜ ਬੈਠੇ ਹੀ ਖਾਂਦੇ ਹਨ। ਕਈ ਕ੍ਰੋ ਮੇਹਨਤ ਕਰਦੇ ਥੱਕ ਜਾਂਦੇ ਹਨ। ਕਈ ਕ੍ਰੋੜ ਧਨਵਾਨ ਬਨਾਏ ਹਨ। ਕਈ ਕ੍ਰੋੜ ਮਾਇਆ ਵਿਚ ਚਿੰਤਾਤੁਰ ਹਨ। ਜਿਥੇ ਜਿਥੇ ਪਰਮੇਸ਼ਰ ਨੂੰ ਭਾਉਂਦਾ ਹੈ ਆਪਣਿਆਂ ਨੂੰ ਰੱਖਦਾ ਹੈ। ਗੁਰੂ ਜੀ--ਇਸ ਲਈ ਕਿ ਸਭ ਕੁਝ ਪ੍ਰਭੂ ਦੇ ਆਪਣੇ ਹੱਥ ਵਿਚ ਹੈ।

Digitized by Panjab Digital Library | www.panjabdigilib.org

ਕਈ ਕੋਟਿ ਭਏ ਬੈਰਾਗੀ ॥
ਰਾਮ ਨਾਮ ਸੰਗਿ ਤਿਨਿ ਲਿਵ ਲਾਗੀ ॥
ਕਈ ਕੋਟਿ ਪ੍ਰਭ ਕਉ ਖੋਜੰਤੇ ॥
ਆਤਮ ਮਹਿ ਪਾਰਬ੍ਰਹਮੁ ਲਹੰਤੇ ॥
ਕਈ ਕੋਟਿ ਦਰਸਨ ਪ੍ਰਭ ਪਿਆਸ ॥
ਤਿਨ ਕਉ ਮਿਲਿਓ ਪ੍ਰਭੁ ਅਬਿਨਾਸ ॥
ਕਈ ਕੋਟਿ ਮਾਗਹਿ ਸਤ ਸੰਗੁ ॥
ਪਾਰਬ੍ਰਹਮ ਤਿਨ੍ ਲਾਗਾ ਰੰਗੁ ॥
ਜਿਨ ਕਉ ਹੋਏ ਆਪਿ ਸੁ ਪ੍ਰਸੰਨ ॥
ਨਾਨਕ ਤੇ ਜਨ ਸਦਾ ਧਨਿ ਧੰਨਿ ॥ ੬ ॥

ਕਈ ਕ੍ਰੋੜ ਵੈਰਾਗਵਾਨ ਹੋਏ ਹਨ। ਉਨ੍ਹਾਂ ਦੀ ਲਿਵ ਰਾਮ ਦੇ ਨਾਮ ਨਾਲ ਲਗੀ ਹੈ। ਕਈ ਕ੍ਰੋੜ ਪ੍ਰਭੂ ਨੂੰ ਖੋਜਦੇ ਹਨ। ਜੋ ਮਨ ਵਿਚ ਪਾਰਬ੍ਰਹਮ ਨੂੰ ਪਾਉਂਦੇ ਹਨ ਕਈ ਕ੍ਰੋੜ ਜੀਵਾਂ ਨੂੰ ਪ੍ਰਭੂ ਦੇ ਦਰਸ਼ਨ ਦੀ ਚਾਹ ਲਗੀ ਹੈ। ਉਨ੍ਹਾਂ ਨੂੰ ਅਬਿਨਾਸ਼ੀ ਪ੍ਰਭੂ ਮਿਲ ਪਿਆ ਹੈ। ਕਈ ਕ੍ਰੋੜ ਸਤਸੰਗ ਲੱਭਦੇ ਹਨ। ਉਨ੍ਹਾਂ ਨੂੰ ਅਕਾਲ ਪੁਰਖ ਦੀ ਰੰਗਨ ਚੜ੍ਹ ਗਈ ਹੈ। ਜਿਨ੍ਹਾਂ ਪੁਰ ਆਪ ਪ੍ਰਭੂ ਪਰਸੰਨ ਹੋਏ ਹਨ। (ਗੁਰੂ ਜੀ) ਉਹ ਪੁਰਖ ਸਦਾ ਧੰਨਯਤਾ ਦੇ ਯੋਗ ਹਨ।

ਕਈ ਕੋਟਿ ਖਾਣੀ ਅਰੁ ਖੰਡ ॥
ਕਈ ਕੋਟਿ ਅਕਾਸ ਬ੍ਰਹਮੰਡ ॥
ਕਈ ਕੋਟਿ ਹੋਏ ਅਵਤਾਰ ॥
ਕਈ ਜੁਗਤਿ ਕੀਨੋ ਬਿਸਥਾਰ ॥
ਕਈ ਬਾਰ ਪਸਰਿਓ ਪਾਸਾਰ ॥
ਸਦਾ ਸਦਾ ਇਕੁ ਏਕੰਕਾਰ ॥
ਕਈ ਕੋਟਿ ਕੀਨੇ ਬਹੁ ਭਾਤਿ ॥
ਪ੍ਰਭ ਤੇ ਹੋਇ ਪ੍ਰਭ ਮਾਹਿ ਸਮਾਤਿ ॥
ਤਾ ਕਾ ਅੰਤੁ ਨ ਜਾਨੈ ਕੋਇ ॥

Digitized by Panjab Digital Library | www.panjabdigilib.org

ਆਪੇ ਆਪਿ ਨਾਨਕ ਪ੍ਰਭੁ ਸੋਇ ॥ ੭ ॥

ਕਈ ਕ੍ਰੋੜ ਖਾਣਾਂ ਦੇ ਦੇਸ ਹਨ। ਕਈ ਕ੍ਰੋੜ ਅਕਾਸ ਤੇ ਬ੍ਰਹਮੰਡ ਹਨ। ਕਈ ਕ੍ਰੋੜ ਅਵਤਾਰ ਹੋਏ ਹਨ। ਕਈ ਜੁਗਤਾਂ ਨਾਲ ਇਹ ਪਸਾਰਾ ਰਚਿਆ ਹੈ। ਕਈ ਵੇਰ ਇਹ ਸੰਸਾਰ ਰਚਿਆ ਗਿਆ। ਪਰ ਇਕ ਅਕਾਲ ਪੁਰਖ ਸਦੀਵ ਅਨਿਤ ਹੈ। ਕਈ ਕ੍ਰੋੜ ਬਹੁਤੀਆਂ ਭਾਤਾਂ ਕਰਕੇ ਰਚੇਹਨ। ਜੋ ਪ੍ਰਭੂ ਤੋਂ ਉਤਪਤ ਹੋਕੇ ਉਸੇ ਵਿਚ ਸਮਾਉਂਦੇ ਹਨ। ਉਸ ਪ੍ਰਭੂ ਦਾ ਅੰਤ ਕੋਈ ਨਹੀਂ ਜਾਣਦਾ। ਗੁਰੂਜੀ-ਉਹ ਪ੍ਰਭੂ ਆਪ ਹੀ ਆਪ ਹੈ।

ਕਈ ਕੋਟਿ ਪਾਰਬ੍ਰਹਮ ਕੇ ਦਾਸ ॥
ਤਿਨ ਹੋਵਤ ਆਤਮ ਪਰਗਾਸ ॥
ਕਈ ਕੋਟਿ ਤਤ ਕੇ ਬੇਤੇ ॥
ਸਦਾ ਨਿਹਾਰਹਿ ਏਕੋ ਨੇਤ੍ਰੇ ॥
ਕਈ ਕੋਟਿ ਨਾਮ ਰਸੁ ਪੀਵਹਿ ॥
ਅਮਰ ਭਏ ਸਦ ਸਦ ਹੀ ਜੀਵਹਿ ॥
ਕਈ ਕੋਟਿ ਨਾਮ ਗੁਨ ਗਾਵਹਿ ॥
ਆਤਮ ਰਸਿ ਸੁਖਿ ਸਹਜਿ ਸਮਾਵਹਿ ॥
ਅਪੁਨੇ ਜਨ ਕਉ ਸਾਸਿ ਸਾਸਿ ਸਮਾਰੇ ॥
ਨਾਨਕ ਓਇ ਪਰਮੇਸੁਰ ਕੇ ਪਿਆਰੇ ॥ ੮ ॥ ੧੦ ॥

ਕਈ ਕ੍ਰੋੜ ਪ੍ਰਭੂ ਦੇ ਦਾਸ ਹਨ। ਉਹਨਾਂ ਨੂੰ ਆਤਮਾ ਦਾ ਪ੍ਰਕਾਸ਼ ਹੁੰਦਾ ਹੈ। ਕਈ ਕ੍ਰੋੜ ਤੱਤ ਦੇ ਜਾਨਣੇ ਵਾਲੇ ਹਨ। ਸਦੀਵ ਇਕ ਨੂੰ ਹੀ ਨੇਤ੍ਰਾਂ ਨਾਲ ਦੇਖਦਾ ਹੈ। ਕਈ ਕ੍ਰੋੜ ਨਾਮ ਰਸ ਨੂੰ ਪੀਂਦੇ ਹਨ। ਜੋ ਮੌਤ ਤੋਂ ਰਹਿਤ ਹੋਕੇ ਸਦਾ ਜੀਊਂਦੇ ਹਨ। ਕਈ ਕ੍ਰੋੜ ਨਾਮ ਦੇ ਗੁਣਾਂ ਨੂੰ ਗਾਉਂਦੇ ਹਨ। ਉਹ ਆਤਮ ਸੁਖ ਦੇ ਰਸ ਵਿਚ ਸਹਜੇ ਸਮਾਉਂਦੇ ਹਨ। ਪਰਮੇਸ਼ੁਰ ਆਪਣੇ ਜਨ ਨੂੰ ਸਾਸ ੨ ਯਾਦ ਕਰਦਾ ਹੈ। ਐਸੇ ਪੁਰਖ ਜੋ ਹਨ (ਗੁਰੂ ਜੀ)ਸੋਪਰਮੇਸ਼ੁਰ ਦੇ ਪਿਆਰੇ ਹਨ।

## ਸਲੋਕੁ ॥

ਕਰਨ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ ॥
ਨਾਨਕ ਤਿਸੁ ਬਲਿਹਾਰਣੈ ਜਲਿ ਥਲਿ ਮਹੀਅਲਿ ਸੋਇ ॥੧॥

Digitized by Panjab Digital Library | www.panjabdigilib.org

ਕਰਨੇ ਵਾਲਾ ਤੇ ਕਰਾਵਣੇ ਵਾਲਾ ਇਕੋ ਪ੍ਰਭੂ ਹੈ,ਦੂਜਾ ਕੋਈ ਨਹੀਂ। ਗੁਰੂ ਨਾਨਕ ਜੀ ਉਸ ਤੋਂ ਬਲਿਹਾਰ ਹਨ, ਕਿਉਂਕਿ ਜਲ ਥਲ ਧਰਤੀ ਤੇ ਅਕਾਸ ਵਿਚ ਉਹ ਇਕੋ ਪੂਰਨ ਹੈ।

ਅਸਟਪਦੀ ॥

ਕਰਨ ਕਰਾਵਨ ਕਰਨੈ ਜੋਗੁ ॥
ਜੋ ਤਿਸੁ ਭਾਵੈ ਸੋਈ ਹੋਗੁ ॥
ਖਿਨ ਮਹਿ ਥਾਪਿ ਉਥਾਪਨ ਹਾਰਾ ॥
ਅੰਤੁ ਨਹੀ ਕਿਛੁ ਪਾਰਾਵਾਰਾ ॥
ਹੁਕਮੇ ਧਾਰਿ ਅਧਰ ਰਹਾਵੈ ॥
ਹੁਕਮੇ ਉਪਜੈ ਹੁਕਮਿ ਸਮਾਵੈ ॥
ਹੁਕਮੇ ਊਚ ਨੀਚ ਬਿਉਹਾਰ ॥
ਹੁਕਮੇ ਅਨਿਕ ਰੰਗ ਪਰਕਾਰ ॥
ਕਰਿ ਕਰਿ ਦੇਖੈ ਅਪਨੀ ਵਡਿਆਈ ॥
ਨਾਨਕ ਸਭ ਮਹਿ ਰਹਿਆ ਸਮਾਈ ॥ ੧ ॥

ਕਰਨ ਨੂੰ ਤੇ ਕਰਾਉਣ ਨੂੰ ਉਹ ਪ੍ਰਭੂ ਯੋਗ ਹੈ। ਜੋ ਉਸਨੂੰ ਭਾਵੇ ਉਹੋ ਹੁੰਦਾ ਹੈ। ਪਲ ਵਿਚ ਰਚਨ ਤੇ ਭੰਨਣ ਵਾਲਾ ਹੈ। ਉਸ ਦੇ ਅੰਤ ਦਾ ਪਾਰਾਵਾਰ ਨਹੀਂ। ਆਪਣੇ ਹੁਕਮ ਨਾਲ ਸ੍ਰਿਸ਼ਟੀ ਧਾਰੀ ਤੇ ਆਪ ਨਿਰਾਸਰੇ ਰਹਿੰਦਾ ਹੈ। ਉਸਦੇ ਹੁਕਮ ਕਰਕੇ ਸ੍ਰਿਸ਼ਟੀ ਉਪਜਦੀ ਤੇ ਸਮਾਉਂਦੀ ਹੈ। ਹੁਕਮ ਵਿਚ ਹੀ ਉਚ ਨੀਚ ਦਾ ਵਿਹਾਰ ਹੋ ਰਿਹਾ ਹੈ। ਹੁਕਮ ਵਿਚ ਅਨੇਕ ਰੰਗ ਤੇ ਅਨੇਕ ਪਰਕਾਰ ਹੋਰਹੇ ਹਨ। ਉਹ ਪ੍ਰਭੂ ਅਪਨੀ ਵਡਿਆਈ ਆਪ ਬਨਾ ੨ ਕੇ ਵੇਖਦਾ ਹੈ। ਗੁਰੂ ਜੀ–ਆਪ ਸਭ ਵਿਚ ਸਮਾ ਰਿਹਾ ਹੈ।

ਪ੍ਰਭ ਭਾਵੈ ਮਾਨੁਖ ਗਤਿ ਪਾਵੈ ॥
ਪ੍ਰਭ ਭਾਵੈ ਤਾ ਪਾਥਰ ਤਰਾਵੈ ॥
ਪ੍ਰਭ ਭਾਵੈ ਬਿਨੁ ਸਾਸ ਤੇ ਰਾਖੈ ॥
ਪ੍ਰਭ ਭਾਵੈ ਤਾ ਹਰਿ ਗੁਣ ਭਾਖੈ ॥
ਪ੍ਰਭ ਭਾਵੈ ਤਾ ਪਤਿਤ ਉਧਾਰੈ ॥

Digitized by Panjab Digital Library | www.panjabdigilib.org

ਆਪਿ ਕਰੈ ਆਪਨ ਬੀਚਾਰੈ ॥
ਦੁਹਾ ਸਿਰਿਆ ਕਾ ਆਪਿ ਸੁਆਮੀ ॥
ਖੇਲੈ ਬਿਗਸੈ ਅੰਤਰਜਾਮੀ ॥
ਜੋ ਭਾਵੈ ਸੋ ਕਾਰ ਕਰਾਵੈ ॥
ਨਾਨਕ ਦ੍ਰਿਸਟੀ ਅਵਰੁ ਨ ਆਵੈ ॥ ੨ ॥

ਜੇ ਪ੍ਰਭੂ ਨੂੰ ਭਾਵੇ ਤਾਂ ਮਨੁਖ ਗਤੀ ਨੂੰ ਪ੍ਰਾਪਤ ਕਰਦਾ ਹੈ।ਜੇ ਪ੍ਰਭੂਨੂੰ ਭਾਵੇ ਤਾਂ ਪੱਥਰ ਨੂੰ ਤਰਾ ਦਿੰਦਾ ਹੈ। ਜੇ ਪ੍ਰਭੂ ਨੂੰ ਭਾਵੇ ਤਾਂ ਸਾਸਾਂ ਤੋਂ ਬਿਨਾਂ ਬੀ ਬਚਾ ਲੈਂਦਾ ਹੈ। ਜੇ ਪ੍ਰਭੂ ਨੂੰ ਭਾਵੇ ਤਾਂ ਜੀਵ ਹਰੀ ਦੇ ਗੁਣ ਗਾਉਂਦਾ ਹੈ। ਜੇ ਪ੍ਰਭੂ ਨੂੰ ਭਾਵੇ ਤਾਂ ਸਾਕਤਾਂ ਦਾ ਉਧਾਰ ਕਰਦਾ ਹੈ। ਆਪ ਕਰਦਾ ਹੈ ਆਪ ਵੀਚਾਰਦਾ ਹੈ। ਦੁਹਾਂ ਸਿਰਿਆਂ ਦਾ ਆਪ ਮਾਲਕ ਹੈ। ਆਪ ਹੀ ਸੰਸਾਰ ਕ੍ਰਿਆ ਦੀ ਖੇਡ ਖੇਡਦਾ ਹੈ ਆਪ ਹੀ ਵੇਖਕੇ ਅੰਤਰਜਾਮੀ ਪਰਸੰਨ ਹੁੰਦਾ ਹੈ। ਜੋ ਉਸਨੂੰ ਭਾਉਂਦੀ ਹੈ,ਸੋਈ ਕਾਰ ਕਰਾਉਂਦਾ ਹੈ। ਗੁਰੂ ਜੀ-ਸਾਨੂੰ ਹੋਰ ਕੋਈ ਦ੍ਰਿਸ਼ਟੀ ਨਹੀਂ ਆਉਂਦੀ।

ਕਹੁ ਮਾਨੁਖ ਤੇ ਕਿਆ ਹੋਇ ਆਵੈ ॥
ਜੋ ਤਿਸੁ ਭਾਵੈ ਸੋਈ ਕਰਾਵੈ ॥
ਇਸਕੈ ਹਾਥਿ ਹੋਇ ਤਾ ਸਭੁ ਕਿਛੁ ਲੇਇ ॥
ਜੋ ਤਿਸੁ ਭਾਵੈ ਸੋਈ ਕਰੇਇ ॥
ਅਨਜਾਨਤ ਬਿਖਿਆ ਮਹਿ ਰਚੈ ॥
ਜੇ ਜਾਨਤ ਆਪਨ ਆਪ ਬਚੈ ॥
ਭਰਮੇ ਭੂਲਾ ਦਹ ਦਿਸਿ ਧਾਵੈ ॥
ਨਿਮਖ ਮਾਹਿ ਚਾਰਿ ਕੁੰਟ ਫਿਰਿ ਆਵੈ ॥
ਕਰਿ ਕਿਰਪਾ ਜਿਸੁ ਅਪਨੀ ਭਗਤਿ ਦੇਇ ॥
ਨਾਨਕ ਤੇ ਜਨ ਨਾਮਿ ਮਿਲੇਇ ॥ ੩ ॥

ਕਹੁ ਮਨੁਖ ਤੋਂ ਕੀ ਹੋਸਕਦਾ ਹੈ। ਜੋ ਪਰਮੇਸੁਰ ਨੂੰ ਭਾਉਂਦਾ ਹੈ ਸੋਈ ਕਾਰ ਕਰਾਉਂਦਾ ਹੈ। ਜੇ ਇਸਦੇ ਹੱਥ ਹੋਵੇ ਤਾਂ ਸਭ ਕੁਝ ਨੂੰ ਜੱਫਾ ਮਾਰੇ। ਇਸ ਕਰਕੇ ਜੋ ਉਸਨੂੰ ਭਾਉਂਦਾ ਹੈ ਉਹ ਹੀ ਕਰਦਾ ਹੈ। ਇਹ ਅਗਿਆਨੀ ਹੈ

Digitized by Panjab Digital Library | www.panjabdigilib.org

ਤੇ ਇਸੇ ਕਰਕੇ ਵਿਸ਼ਿਆਂ ਵਿਚ ਰਚਦਾ ਹੈ।ਗਿਆਨ ਵਾਨ ਹੋਵੇ ਤਦ ਆਪਣਾ ਆਪ ਸਮਝਕੇ ਅਤੀਤ ਹੋਵੇ। ਭਰਮ ਵਿਚ ਭੁਲਾ ਹੋਇਆ ਦਸੋਂ ਦਿਸਾਂ ਦੌੜਦਾ ਹੈ। ਪਲ ਭਰ ਵਿਚ ਚਾਰੇ ਕੂੰਟਾਂ ਫਿਰ ਆਉਂਦਾ ਹੈ। ਪਰ ਜਿਨ੍ਹਾਂ ਜੀਵਾਂ ਨੂੰ ਅਕਾਲ ਪੁਰਖ ਕ੍ਰਿਪਾ ਕਰਕੇ ਆਪਣੀ ਭਗਤੀ ਦਿੰਦਾ ਹੈ। ਗੁਰੂ ਜੀ–ਉਹ ਪੁਰਖ ਨਾਮ ਨੂੰ ਪ੍ਰਾਪਤ ਹੋਏ ਹਨ।

ਖਿਨ ਮਹਿ ਨੀਚ ਕੀਟ ਕਉ ਰਾਜ ॥
ਪਾਰਬ੍ਰਹਮ ਗ੍ਰੀਬ ਨਿਵਾਜ ॥
ਜਾਕਾ ਦ੍ਰਿਸਟਿ ਕਛੂ ਨ ਆਵੈ ॥
ਤਿਸੁ ਤਤਕਾਲ ਦਹ ਦਿਸ ਪ੍ਰਗਟਾਵੈ ॥
ਜਾਕਉ ਅਪੁਨੀ ਕਰੈ ਬਖਸੀਸ ॥
ਤਾਕਾ ਲੇਖਾ ਨ ਗਨੈ ਜਗਦੀਸ ॥
ਜੀਉ ਪਿੰਡੁ ਸਭ ਤਿਸਕੀ ਰਾਸਿ ॥
ਘਟਿ ਘਟਿ ਪੂਰਨ ਬ੍ਰਹਮ ਪ੍ਰਗਾਸ ॥
ਅਪਨੀ ਬਣਤ ਆਪਿ ਬਨਾਈ ॥
ਨਾਨਕ ਜੀਵੈ ਦੇਖਿ ਬਡਾਈ ॥ ੪ ॥

ਉਹ ਪ੍ਰਭੂ ਜਿਸਨੂੰ ਬਖਸ਼ੇ ਪਲ ਭਰ ਵਿਚ ਨੀਚ ਕੀੜੇ ਤੋਂ ਰਾਜਾ ਕਰ ਦੇਂਦਾ ਹੈ। ਉਹ ਪਾਰਬ੍ਰਹਮ ਗਰੀਬਾਂ ਨੂੰ ਵਡਿਆਉਣ ਵਾਲਾ ਹੈ। ਜਿਸ ਜੀਵ ਦਾ ਨਾਮ ਥੇਹ ਕੁਝ ਵੀ ਨਾਂ ਦਿਸਦਾ ਹੋਵੇ ਉਸਨੂੰ ਝਟ ਪਟ ਦਸੋਂਦਿਸਾਂ ਵਿਖੇ ਪਰਗਟ ਕਰ ਦੇਂਦਾ ਹੈ। ਜਿਸ ਪੁਰ ਅਪਨੀ ਬਖਸ਼ੀਸ਼ ਕਰਦਾ ਹੈ। ਜਗਤ ਦਾ ਮਾਲਕ ਉਸਦਾ ਲੇਖਾ ਨਹੀਂ ਕਰਦਾ। ਜਿੰਦ ਤੇ ਸਰੀਰ ਸਭ ਪਰਮੇਸੁਰ ਦੀ ਮਾਲਕੀ ਹੈ। ਘਟ ੨ ਵਿਚ ਪੂਰਨ ਪਰਮੇਸੁਰ ਦਾ ਹੀ ਪਰਕਾਸ਼ ਹੋ ਰਿਹਾ ਹੈ। ਅਪਨੀ ਸਾਜਨਾ ਪਰਮੇਸੁਰ ਨੇ ਆਪ ਸਾਜੀ ਹੈ। ਗੁਰੂ ਜੀ–ਉਸੇ ਦੀ ਵਡਿਆਈ ਦੇਖ ਦੇਖ ਜੀਊਂਦੇ ਹਨ।

ਇਸਕਾ ਬਲੁ ਨਾਹੀ ਇਸੁ ਹਾਥ ॥
ਕਰਨ ਕਰਾਵਨ ਸਰਬ ਕੋ ਨਾਥ ॥
ਆਗਿਆ ਕਾਰੀ ਬਪੁਰਾ ਜੀਉ ॥
ਜੋ ਤਿਸੁ ਭਾਵੈ ਸੋਈ ਫੁਨਿ ਥੀਉ ॥

Digitized by Panjab Digital Library | www.panjabdigilib.org

ਕਬਹੂ ਊਚ ਨੀਚ ਮਹਿ ਬਸੈ ॥
ਕਬਹੂ ਸੋਗ ਹਰਖ ਰੰਗਿ ਹਸੈ ॥
ਕਬਹੂ ਨਿੰਦ ਚਿੰਦ ਬਿਉਹਾਰ ॥
ਕਬਹੂ ਊਭ ਅਕਾਸ ਪਇਆਲ ॥
ਕਬਹੂ ਬੇਤਾ ਬ੍ਰਹਮ ਬੀਚਾਰ ॥
ਨਾਨਕ ਆਪਿ ਮਿਲਾਵਣਹਾਰ ॥ ੫ ॥

ਇਸ ਜੀਵ ਦਾ ਬਲ ਇਸਦੇ ਹੱਥ ਨਹੀਂ। ਕਰਨ ਤੇ ਕਰਾਉਣ ਵਾਲਾ ਪਰਮੇਸੁਰ ਸਭ ਦਾ ਮਾਲਕ ਹੈ। ਇਹ ਵਿਚਾਰਾ ਜੀਵ ਤਾਂ ਆਗਿਆ ਪਲਕ ਹੈ। ਜੋ ਉਸਨੂੰ ਭਾਉਂਦਾ ਹੈ ਪੁਨਾਂ ਉਹੋ ਹੁੰਦਾ ਹੈ। ਕਦੀ ਤਾਂ ਇਹ ਜੀਵ ਉਚੀ ਨੀਵੀਂ ਜੂਨ ਵਿਚ ਵਸਦਾ ਹੈ। ਕਦੀ ਗਮੀ ਕਦੀ ਖੁਸ਼ੀ ਦੇ ਰੰਗ ਵਿਚ ਹੱਸਦਾ ਹੈ। ਕਦੀ ਨਿੰਦਾ ਕਦੀ ਉਸਤਤ ਦੇ ਵਿਹਾਰ ਵਿਚ ਲਗਦਾ ਹੈ। ਕਦੀ ਉਪਰ (ਅਕਾਸ ਵਿਚ) ਕਦੀ ਨੀਵਾਂ (ਪਤਾਲ ਵਿਚ) ਜਾਂਦਾ ਹੈ। ਕਦੀ ਗਿਆਨ ਵਾਨ ਹੋਕੇ ਬ੍ਰਹਮ ਦਾ ਵਿਚਾਰ ਕਰਦਾ ਹੈ। ਗੁਰੂ ਜੀ–ਪਰਮੇਸੁਰ ਆਪ ਮਿਲਾਵਨ ਵਾਲਾ ਹੈ।

ਕਬਹੂ ਨਿਰਤਿ ਕਰੈ ਬਹੁ ਭਾਤਿ ॥
ਕਬਹੂ ਸੋਇ ਰਹੈ ਦਿਨੁ ਰਾਤਿ ॥
ਕਬਹੂ ਮਹਾ ਕ੍ਰੋਧ ਬਿਕਰਾਲ ॥
ਕਬਹੂੰ ਸਰਬ ਕੀ ਹੋਤ ਰਵਾਲ ॥
ਕਬਹੂ ਹੋਇ ਬਹੈ ਬਡ ਰਾਜਾ ॥
ਕਬਹੂ ਭੇਖਾਰੀ ਨੀਚ ਕਾ ਸਾਜਾ ॥
ਕਬਹੂ ਅਪ ਕੀਰਤਿ ਮਹਿ ਆਵੈ ॥
ਕਬਹੂ ਭਲਾ ਭਲਾ ਕਹਾਵੈ ॥
ਜਿਉ ਪ੍ਰਭੁ ਰਾਖੈ ਤਿਵ ਹੀ ਰਹੈ ॥
ਗੁਰਪ੍ਰਸਾਦਿ ਨਾਨਕ ਸਚੁ ਕਹੈ ॥ ੬ ॥

ਕਦੇ ਨਾਚ ਕਰਦਾ ਹੈ ਕਦੀ ਦਿਨ ਰਾਤ ਸੌਂ ਰਹਿੰਦਾ ਹੈ। ਕਦੇ ਬੜੇ ਕ੍ਰੋਧ ਵਿਚ ਭਿਆਨਕ ਰੂਪ ਧਾਰਦਾ ਹੈ। ਕਦੇ ਸਭ ਦੇ ਚਰਨਾਂ ਦੀ ਧੂੜ ਹੁੰਦਾ

Digitized by Panjab Digital Library | www.panjabdigilib.org

ਹੈ। ਕਦੇ ਬੜਾ ਰਾਜਾ ਹੋ ਬੈਠਦਾ ਹੈ। ਕਦੇ ਮੰਗਤ ਨੀਚ ਤੇ ਸਾਜ ਵਾਲਾ ਹੁੰਦਾ ਹੈ। ਕਦੇ ਤਾਂ ਨਿੰਦਾ ਵਿਚ ਆਉਂਦਾ ਹੈ। ਕਦੇ ਭਲਾ ਭਲਾ ਹੀ ਕਹਾਉਂਦਾ ਹੈ। ਚਾਹੀਦਾ ਹੈ ਕਿ ਇਹ ਜੀਵ ਜਿਸ ਪਰਕਾਰ ਪਰਮੇਸੁਰ ਰੱਖੇ ਉਸ ਪਰਕਾਰ ਹੀ ਰਹੇ। ਗੁਰੂ ਜੀ–ਇਹ ਬਚਨ ਗੁਰੂ ਦੀ ਕ੍ਰਿਪਾ ਪਾਕੇ ਕਥਨ ਕਰਦੇ ਹਨ।

**ਕਬਹੂ ਹੋਇ ਪੰਡਿਤ ਕਰੇ ਬਖ੍ਯ਼ਾਨੁ ॥**
**ਕਬਹੂ ਮੋਨਿ ਧਾਰੀ ਲਾਵੈ ਧਿਆਨੁ ॥**
**ਕਬਹੂ ਤਟ ਤੀਰਥ ਇਸਨਾਨ ॥**
**ਕਬਹੂ ਸਿਧ ਸਾਧਿਕ ਮੁਖਿ ਗਿਆਨ ॥**
**ਕਬਹੂ ਕੀਟ ਹਸਤਿ ਪਤੰਗ ਹੋਇ ਜੀਆ ॥**
**ਅਨਿਕ ਜੋਨਿ ਭਰਮੈ ਭਰਮੀਆ ॥**
**ਨਾਨਾ ਰੂਪ ਜਿਉ ਸ੍ਵਾਗੀ ਦਿਖਾਵੈ ॥**
**ਜਿਉ ਪ੍ਰਭ ਭਾਵੈ ਤਿਵੈ ਨਚਾਵੈ ॥**
**ਜੋ ਤਿਸੁ ਭਾਵੈ ਸੋਈ ਹੋਇ ॥**
**ਨਾਨਕ ਦੂਜਾ ਅਵਰੁ ਨ ਕੋਇ ॥ ੭ ॥**

ਕਦੀ ਪੰਡਤ ਹੋਕੇ ਕਥਾ ਕਰਦਾ ਹੈ। ਕਦੀ ਚੁੱਪ ਹੋਕੇ ਧਿਆਨ ਲਾਉਂਦਾ ਹੈ। ਤੀਰਥਾਂ ਦੇ ਕਿਨਾਰੇ ਵੱਸਕੇ ਇਸ਼ਨਾਨ ਹੀ ਕਰਦਾ ਹੈ। ਕਦੀ ਸਿਧ ਤੇ ਸਾਧ ਹੋਕੇ ਮੂੰਹੋਂ ਗਿਆਨ ਕਥਨ ਕਰਦਾ ਹੈ। ਕਦੀ ਕੀੜੀ ਹਾਥੀ ਤੇ ਪਤੰਗਾ ਹੋਕੇ ਜੀਵਿਆ। ਅਨੇਕ ਜੂਨਾਂ ਵਿਚ ਭਰਮਾਇਆ ਹੋਇਆ ਭਰਮਦਾ ਰਿਹਾ ਹੈ। ਜਿਸ ਤਰਾਂ ਸ੍ਵਾਂਗੀ ਅਨਿਕ ਰੂਪ ਦਿਖਾਲਦਾ ਹੈ। ਜਿਸਤਰਾਂ ਰੱਬ ਨੂੰ ਭਾਉਂਦਾ ਹੈ ਉਸੇ ਤਰਾਂ ਨਚਾਉਂਦਾ ਹੈ।ਜੋ ਉਸਨੂੰ ਭਾਉਂਦਾ ਹੈ ਉਹੋ ਹੁੰਦਾ ਹੈ। ਗੁਰੂ ਜੀ–ਉਸ ਬਿਨਾਂ ਹੋਰ ਕੋਈ ਨਹੀਂ।

**ਕਬਹੂ ਸਾਧ ਸੰਗਤਿ ਇਹੁ ਪਾਵੈ ॥**
**ਉਸੁ ਅਸਥਾਨ ਤੇ ਬਹੁਰਿ ਨ ਆਵੈ ॥**
**ਅੰਤਰਿ ਹੋਇ ਗਿਆਨ ਪਰਗਾਸੁ ॥**
**ਉਸੁ ਅਸਥਾਨ ਕਾ ਨਹੀ ਬਿਨਾਸੁ ॥**
**ਮਨ ਤਨ ਨਾਮਿ ਰਤੇ ਇਕ ਰੰਗਿ ॥**

Digitized by Panjab Digital Library | www.panjabdigilib.org

**ਸਦਾ ਬਸਹਿ ਪਾਰਬ੍ਰਹਮ ਕੈ ਸੰਗਿ ॥**
**ਜਿਉ ਜਲ ਮਹਿ ਜਲੁ ਆਇ ਖਟਾਨਾ ॥**
**ਤਿਉ ਜੋਤੀ ਸੰਗਿ ਜੋਤਿ ਸਮਾਨਾ ॥**
**ਮਿਟਿ ਗਏ ਗਵਨ ਪਾਏ ਬਿਸ੍ਰਾਮ ॥**
**ਨਾਨਕ ਪ੍ਰਭ ਕੈ ਸਦ ਕੁਰਬਾਨ ॥ ੮ ॥ ੧੧ ॥**

ਕਦੀ ਏਹ ਸਾਧਾਂ ਦੀ ਸੰਗਤ ਪਰਾਪਤ ਕਰਦਾ ਹੈ। ਉਸ ਥਾਂ ਤੋਂ ਫੇਰ ਮੁੜਕੇਨਹੀਂ ਆਉਂਦਾ। ਅੰਦਰ ਇਸਦੇ ਗਿਆਨਦਾ ਪਰਕਾਸ਼ ਹੋ ਆਉਂਦਾ। ਉਸ ਸਰੂਪ ਰੂਪੀ ਥਾਉਂ ਦਾ ਕਦੇ ਬਿਨਾਸ ਨਹੀਂ। ਮਨ ਤਨ ਕਰਕੇ। ਨਾਮ ਦੇ ਇਕ ਰੰਗ ਵਿਚ ਰੱਤੇ ਹਨ ਜੇਹੜੇ ਉਹ ਸਦਾ ਪਰਮੇਸੁਰ ਦੇ ਨਾਲ ਵੱਸਦੇ ਹਨ। ਜਿਕੁਰ ਜਲ ਦੇ ਵਿਚ ਜਲ ਆ ਮਿਲਦਾ ਹੈ। ਉਕਰ ਜੋਤੀ ਪਰਮਾਂਤਮਾ ਨਾਲ ਜੋਤ ਜੀਵ ਸਮਾ ਜਾਂਦਾ ਹੈ। ਆਉਣਾ ਜਾਣਾ ਮਿਟ ਗਿਆ ਤੇ ਵਿਸਰਾਮ ਪਾਲਿਆ। ਗੁਰੂ ਜੀ–ਅਸੀ ਪਰਮੇਸੁਰ ਤੋਂ ਸਦਾ ਕੁਰਬਾਨ ਹਾਂ।

## ਸਲੋਕੁ ॥

**ਸੁਖੀ ਬਸੈ ਮਸਕੀਨੀਆ ਆਪੁ ਨਿਵਾਰਿ ਤਲੇ ॥**
**ਬਡੇ ਬਡੇ ਅਹੰਕਾਰੀਆ ਨਾਨਕ ਗਰਬਿ ਗਲੇ ॥ ੧ ॥**

ਸੁਖੀ ਵਸਦੇ ਹਨ ਗਰੀਬ ਜਿਨ੍ਹਾਂ ਨੇ ਆਪਾ ਭਾਵ ਦੂਰ ਕਰਕੇ ਨਿਵਾਣ ਧਾਰਿਆ ਹੈ। ਗੁਰੂ ਜੀ–ਵਡੇ ਵਡੇ ਜੋ ਹੰਕਾਰੀ ਹਨ ਸੋ ਆਪਣੇ ਹੰਕਾਰ ਵਿਖੇ ਗਲ ਗਏ ।

## ਅਸਟਪਦੀ ॥

**ਜਿਸਕੈ ਅੰਤਰਿ ਰਾਜ ਅਭਿਮਾਨੁ ॥**
**ਸੋ ਨਰਕ ਪਾਤੀ ਹੋਵਤ ਸੁਆਨੁ ॥**
**ਜੋ ਜਾਨੈ ਮੈ ਜੋਬਨ ਵੰਤੁ ॥**
**ਸੋ ਹੋਵਤ ਬਿਸਟਾ ਕਾ ਜੰਤੁ ॥**
**ਆਪਸ ਕਉ ਕਰਮਵੰਤੁ ਕਹਾਵੈ ॥**
**ਜਨਮਿ ਮਰੈ ਬਹੁ ਜੋਨਿ ਭ੍ਰਮਾਵੈ ॥**
**ਧਨ ਭੂਮਿ ਕਾ ਜੋ ਕਰੈ ਗੁਮਾਨੁ ॥**

Digitized by Panjab Digital Library | www.panjabdigilib.org

ਸੋ ਮੂਰਖੁ ਅੰਧਾ ਅਗਿਆਨੁ ॥
ਕਰਿ ਕਿਰਪਾ ਜਿਸਕੈ ਹਿਰਦੈ ਗਰੀਬੀ ਬਸਾਵੈ ॥
ਨਾਨਕ ਈਹਾ ਮੁਕਤੁ ਆਗੈ ਸੁਖੁ ਪਾਵੈ ॥ ੧ ॥

ਜਿਸ ਪੁਰਖ ਦੇ ਅੰਦਰ ਰਾਜ ਦਾ ਹੰਕਾਰ ਹੈ ਉਹ ਨਰਕ ਵਿਚ ਡਿਗਦਾ ਤੇ ਕੁਤਾ ਹੁੰਦਾ ਹੈ ਜੋ ਜਾਣਦਾ ਹੈ ਕਿ ਮੈਂ ਜੋਬਨ ਵਾਲਾ ਹਾਂ ਉਹ ਵਿਸ਼ਟਾ ਦਾ ਕੀੜਾ ਹੁੰਦਾ ਹੈ ਜੋ ਆਪਨੇ ਆਪ ਨੂੰ ਕਰਨ ਵਾਲਾ ਕਹਾਉਂਦਾ ਹੈ ਜੰਮਦਾ ਮਰਦਾ ਤੇ ਬਹੁਤ ਜੋਨੀਆਂ ਵਿਚ ਭਟਕਦਾ ਹੈ। ਧਨ ਤੇ ਧਰਤੀ ਦਾ ਜੋ ਹੰਕਾਰ ਕਰਦਾ ਹੈ ਉਹ ਮੂਰਖ ਹੈ ਅੰਨ੍ਹਾਂ ਹੈ ਤੇ ਅਗਿਆਨੀ ਹੈ। ਪਰ ਕਰਤਾਰ ਜਿਸਦੇ ਹਿਰਦੇ ਵਿਚ ਕ੍ਰਿਪਾ ਕਰਕੇ ਗਰੀਬੀ ਵਸਾ ਦੇਵੇ (ਗੁਰੂ ਜੀ)ਉਹ ਏਥੇ ਮੁਕਤੀ ਤੇ ਅਗੇ ਸੁਖ ਪਾਉਂਦਾ ਹੈ।

ਧਨਵੰਤਾ ਹੋਇ ਕਰਿ ਗਰਬਾਵੈ ॥
ਤ੍ਰਿਣ ਸਮਾਨਿ ਕਛੁ ਸੰਗਿ ਨ ਜਾਵੈ ॥
ਬਹੁ ਲਸਕਰ ਮਾਨੁਖ ਊਪਰਿ ਕਰੇ ਆਸ ॥
ਪਲ ਭੀਤਰਿ ਤਾਕਾ ਹੋਇ ਬਿਨਾਸ ॥
ਸਭ ਤੇ ਆਪ ਜਾਨੈ ਬਲਵੰਤੁ ॥
ਖਿਨ ਮਹਿ ਹੋਇ ਜਾਇ ਭਸ ਮੰਤੁ ॥
ਕਿਸੈ ਨ ਬਦੈ ਆਪਿ ਅਹੰਕਾਰੀ ॥
ਧਰਮ ਰਾਇ ਤਿਸੁ ਕਰੇ ਖੁਆਰੀ ॥
ਗੁਰਪ੍ਰਸਾਦਿ ਜਾਕਾ ਮਿਟੈ ਅਭਿਮਾਨੁ ॥
ਸੋ ਜਨੁ ਨਾਨਕ ਦਰਗਹ ਪਰਵਾਨੁ ॥ ੨ ॥

ਧਨ ਪਾਤ੍ਰ ਹੋਕੇ ਜੋ ਹੰਕਾਰ ਕਰਦਾ ਹੈ ਭੁਲਦਾ ਹੈ। ਕਿਉਂਕਿ ਤਿਲ ਜਿੰਨਾ ਭੀ ਕੁਝ ਨਾਲ ਨਹੀਂ ਜਾਣਾ। ਬਹੁਤੀਆਂ ਫੌਜਾਂ ਹੋਣ ਤੇ ਮਨੁੱਖ ਉੱਤੇ ਆਸਾ ਕਰੇ। ਤਾਂ ਕੀ ਗੁਣ ਕਿਉਂਕਿ ਉਸਦਾ ਨਾਸ ਪਲ ਭਰ ਵਿੱਚ ਹੋਜਾਂਦਾ ਹੈ। ਜੋ ਆਪਣੇ ਆਪਨੂੰ ਸਭ ਤੋਂ ਬਲਵਾਨ ਜਾਣਦਾ ਹੈ। ਪਲ ਵਿੱਚ ਸੁਆਹ ਹੋਜਾਂਦਾ ਹੈ। ਜੋ ਕਿਸੇ ਨੂੰ ਨ ਬਿਦੇ ਅਰ ਆਪਣੇ ਆਪ ਵਿੱਚ ਹੰਕਾਰੀ ਹੈ। ਧਰਮ ਰਾਜ ਉਸ ਨੂੰ ਖੁਆਰ ਕਰਦਾ ਹੈ। ਗੁਰੂ ਦੀ ਕ੍ਰਿਪਾ ਕਰਕੇ ਜਿਸਦਾ ਹੰਕਾਰ ਦੂਰ ਹੋਜਾਵੇ।(ਗੁਰੂ ਜੀ)ਉਹ ਪੁਰਖ ਦਰਗਾਹ ਵਿੱਚ ਮਨਜ਼ੂਰਹੁੰਦਾ ਹੈ।

Digitized by Panjab Digital Library | www.panjabdigilib.org

ਕੋਟਿ ਕਰਮ ਕਰੈ ਹਉ ਧਾਰੇ ॥
ਸ੍ਰਮੁ ਪਾਵੈ ਸਗਲੇ ਬਿਰਥਾਰੇ ॥
ਅਨਿਕ ਤਪਸਿਆ ਕਰੇ ਅਹੰਕਾਰ ॥
ਨਰਕ ਸੁਰਗ ਫਿਰਿ ਫਿਰਿ ਅਵਤਾਰ ॥
ਅਨਿਕ ਜਤਨ ਕਰਿ ਆਤਮ ਨਹੀ ਦ੍ਰਵੈ॥
ਹਰਿ ਦਰਗਹ ਕਹੁ ਕੈਸੇ ਗਵੈ ॥
ਆਪਸ ਕਉ ਜੋ ਭਲਾ ਕਹਾਵੈ ॥
ਤਿਸਹਿ ਭਲਾਈ ਨਿਕਟਿ ਨ ਆਵੈ ॥
ਸਰਬ ਕੀ ਰੇਨ ਜਾਕਾ ਮਨੁ ਹੋਇ ॥
ਕਹੁ ਨਾਨਕ ਤਾਕੀ ਨਿਰਮਲ ਸੋਇ ॥ ੩ ॥

ਜੋ ਕ੍ਰੋੜ ਕਰਮ ਕਰੇ ਪਰ ਹਉ ਮੈਂ ਧਾਰਨ ਕਰੇ। ਉਹ ਕੇਵਲ ਕਸ਼ਟ ਪਾਉਂਦਾ ਹੈ ਅਰ ਉਸਦੇ ਕਰਮ ਸਾਰੇ ਬ੍ਰਿਥਾ ਹਨ । ਤਪਸਿਆ ਕਰੇ ਪਰ ਮਨ ਵਿੱਚ ਹੰਕਾਰ ਹੋਵੇ। ਤਦ ਨਰਕ ਸੁਰਗ ਭੋਗਦਾ ਤੇ ਮੁੜ ੨ ਜੰਮਦਾ ਹੈ। ਅਨੇਕਾਂ ਜਤਨ ਕੀਤਿਆਂ ਜਿਸ ਦਾ ਆਤਮਾਂ ਦ੍ਰੱਵਦਾ ਨਹੀਂ। ਉਹ ਪਰਮੇਸ਼ਰ ਦੀ ਦਰਗਾਹ ਵਿੱਚ ਕਿਸ ਤਰਾਂ ਜਾ ਸਕਦਾ ਹੈ। ਜਿਸ ਦਾ ਮਨ ਸਭ ਦੀ ਧੂੜੀ ਬਣਦਾ ਹੈ। ਗੁਰੂ ਜੀ–ਉਸ ਦੀ ਸੋਭਾ ਨਿਰਮਲ ਹੈ।

ਜਬ ਲਗੁ ਜਾਨੈ ਮੁਝਤੇ ਕਛੁ ਹੋਇ ॥
ਤਬ ਇਸ ਕਉ ਸੁਖੁ ਨਾਹੀ ਕੋਇ ॥
ਜਬ ਇਹ ਜਾਨੈ ਮੈ ਕਿਛੁ ਕਰਤਾ ॥
ਤਬ ਲਗੁ ਗਰਭ ਜੋਨਿ ਮਹਿ ਫਿਰਤਾ ॥
ਜਬ ਧਾਰੈ ਕੋਊ ਬੈਰੀ ਮੀਤੁ ॥
ਤਬ ਲਗੁ ਨਿਹਚਲੁ ਨਾਹੀ ਚੀਤੁ ॥
ਜਬ ਲਗੁ ਮੋਹ ਮਗਨ ਸੰਗਿ ਮਾਇ ॥
ਤਬ ਲਗੁ ਧਰਮਰਾਇ ਦੇਇ ਸਜਾਇ ॥

Digitized by Panjab Digital Library | www.panjabdigilib.org

ਪ੍ਰਭ ਕਿਰਪਾ ਤੇ ਬੰਧਨ ਤੂਟੈ ॥
ਗੁਰਪ੍ਰਸਾਦਿ ਨਾਨਕ ਹਉ ਛੂਟੈ ॥ ੪ ॥

ਜਬ ਤਕ ਜਾਣਦਾ ਹੈ ਕਿ ਮੈਥੋਂ ਕੁਝ ਹੁੰਦਾ ਹੈ। ਤਦ ਤਕ ਇਸ ਨੂੰ ਕੋਈ ਸੁਖ ਨਹੀਂ। ਜਦ ਤਕ ਇਹ ਜਾਣਦਾ ਹੈ ਕਿ ਮੈਂ ਕੁਝ ਕਰਦਾ ਹਾਂ। ਤਦ ਤਕ ਇਹ ਗਰਭ ਜੂਨੀਆਂ ਵਿੱਚ ਫਿਰਦਾ ਹੈ। ਜਦ ਤਕ ਇਹ ਕਿਸੇ ਨੂੰ ਵੈਰੀ ਕਿਸੇ ਨੂੰ ਸਜਣ ਬਣਾਉਂਦਾ ਹੈ। ਤਦ ਤਕ ਇਸ ਦਾ ਚਿੱਤ ਨਿਹਚੱਲ ਦ੍ਰਿੜ੍ਹ ਇਸਥਿਤ ਨਹੀਂ ਹੈ। ਜਦ ਤਕ ਇਹ ਮੋਹ ਵਿੱਚ ਗ੍ਰਸਿਆ ਮਾਇਆ ਵਿਖੇ ਮਗਨ ਹੈ। ਤਦ ਤਕ ਇਸ ਨੂੰ ਧਰਮਰਾਜ ਡੰਡ ਦਿੰਦਾ ਹੈ। ਪ੍ਰਭੂ ਦੀ ਕ੍ਰਿਪਾ ਕਰਕੇ ਬੰਧਨ ਟੁਟਦੇ ਹਨ। ਗੁਰੂ ਜੀ--ਗੁਰੂ ਦੀ ਕ੍ਰਿਪਾ ਕਰਕੇ ਹਊਮੈਂ ਛੁੱਟਦੀ ਹੈ।

ਸਹਸ ਖਟੇ ਲਖ ਕਉ ਉਠਿ ਧਾਵੈ ॥
ਤ੍ਰਿਪਤਿ ਨ ਆਵੈ ਮਾਇਆ ਪਾਛੈ ਪਾਵੈ ॥
ਅਨਿਕ ਭੋਗ ਬਿਖਿਆ ਕੇ ਕਰੈ ॥
ਨਹ ਤ੍ਰਿਪਤਾਵੈ ਖਪਿ ਖਪਿ ਮਰੈ ॥
ਬਿਨਾ ਸੰਤੋਖ ਨਹੀ ਕੋਊ ਰਾਜੈ ॥
ਸੁਪਨ ਮਨੋਰਥ ਬ੍ਰਿਥੇ ਸਭ ਕਾਜੈ ॥
ਨਾਮ ਰੰਗਿ ਸਰਬ ਸੁਖੁ ਹੋਇ ॥
ਬਡਭਾਗੀ ਕਿਸੈ ਪਰਾਪਤਿ ਹੋਇ ॥
ਕਰਨ ਕਰਾਵਨ ਆਪੇ ਆਪਿ ॥
ਸਦਾ ਸਦਾ ਨਾਨਕ ਹਰਿ ਜਾਪਿ ॥ ੫ ॥

ਹਜ਼ਾਰ ਖੱਟਕੇ ਲੱਖ ਨੂੰ ਉੱਠ ਨੱਸਦਾ ਹੈ। ਮਾਇਆ ਕੱਠੀ ਕਰਦਿਆਂ ਰਜਦਾ ਨਹੀਂ। ਅਨੇਕ ਭੋਗ ਵਿਸ਼ਿਆਂ ਦੇ ਕਰਦਾ ਹੈ ਨਹੀਂ ਰੱਜਦਾ। ਸਗੋਂ ਖਪ ਖਪਕੇ ਮਰਦਾ,ਹੈ। ਸੰਤੋਖ ਤੋਂ ਬਿਨਾਂ ਕੋਈ ਨਹੀਂ ਰਜਦਾ। ਇੰਦ੍ਰੀਆਂ ਤ੍ਰਿਸ਼ਨਾ ਸੁਪਨੇ ਦੇ ਮਨੋਰਥਾਂ ਵਾਂਗੂ ਸਾਰੇ ਬ੍ਰਿਥੇ ਕੰਮ ਹਨ। ਨਾਮ ਦੇ ਰੰਗ ਕਰਕੇ ਪੂਰਨ ਜਾਂ ਸਾਰੇ ਸੁਖ ਹੁੰਦੇ ਹਨ। ਸੋ ਬੜੇ ਭਾਗਾਂ ਕਰਕੇ ਕਿਸੇ ਨੂੰ ਪ੍ਰਾਪਤ ਹੁੰਦੇ ਹਨ। ਕਰਨੇ ਵਾਲਾ ਤੇ ਕਰਾਉਣੇ ਵਾਲਾ ਆਪਹੀ ਹੈ। ਉਪਦੇਸ਼ ਕਰਦੇ ਹਨ ਗੁਰੂ ਜੀ ਹਰੀ ਨੂੰ ਸਦਾ ਜੱਪ।

Digitized by Panjab Digital Library | www.panjabdigilib.org

ਕਰਨ ਕਰਾਵਨ ਕਰਨੈ ਹਾਰੁ ॥
ਇਸਕੈ ਹਾਥਿ ਕਹਾ ਬੀਚਾਰੁ ॥
ਜੈਸੀ ਦ੍ਰਿਸਟਿ ਕਰੇ ਤੈਸਾ ਹੋਇ ॥
ਆਪੇ ਆਪਿ ਆਪਿ ਪ੍ਰਭੁ ਸੋਇ ॥
ਜੋ ਕਿਛੁ ਕੀਨੋ ਸੁ ਅਪਨੈ ਰੰਗਿ ॥
ਸਭ ਤੇ ਦੂਰਿ ਸਭਹੂ ਕੈ ਸੰਗਿ ॥
ਬੂਝੈ ਦੇਖੈ ਕਰੈ ਬਿਬੇਕ ॥
ਆਪਹਿ ਏਕ ਆਪਹਿ ਅਨੇਕ ॥
ਮਰੈ ਨ ਬਿਨਸੈ ਆਵੈ ਨ ਜਾਇ ॥
ਨਾਨਕ ਸਦ ਹੀ ਰਹਿਆ ਸਮਾਇ ॥ ੬ ॥

ਕਰਾਉਣੇ ਤੇ ਕਰਨੇ ਵਾਲਾ ਆਪ ਹੈ ਇਸਦੇ ਹੱਥ ਕਿਥੇ ਕੋਈ ਵਿਚਾਰ ਹੈ ਜੇਹੀ ਦ੍ਰਿਸ਼ਟੀ ਕਰਦਾ ਹੈ ਤਿਹਾ ਹੋਜਾਂਦਾ ਹੈ ਆਪੇ ਆਪ ਆਪ ਹੀ ਉਹ ਪਰਮੇਸ਼ਰ ਹੈ ਜੋ ਕੁਝ ਉਸਨੇ ਕੀਤਾ ਹੈ ਆਪਨੇ ਰੰਗ ਮੌਜ ਵਿਚ ਕੀਤਾ ਹੈ ਆਪ ਸਭ ਨਾਲੋਂ ਦੂਰ ਹੈ ਤੇ ਸਭ ਦੇ ਨਾਲ ਹੈ ਸਮਝਦਾ ਹੈ ਵੇਖਦਾ ਹੈ ਤੇ ਵਿਚਾਰ ਕਰਦਾ ਹੈ ਆਪ ਹੀ ਇਕ ਹੈ ਤੇ ਆਪ ਹੀ ਅਨੇਕ ਹੈ ਮਰਦਾ ਨਹੀਂ ਬਿਨਸਦਾ ਨਹੀਂ ਨ ਆਉਂਦਾ ਨ ਜਾਂਦਾ ਹੈ। ਗੁਰੂ ਜੀ-ਉਹ ਪ੍ਰਭੂ ਸਦਾ ਸਮਾ ਰਿਹਾ ਹੈ।

ਆਪਿ ਉਪਦੇਸੈ ਸਮਝੈ ਆਪਿ ॥
ਆਪੇ ਰਚਿਆ ਸਭ ਕੈ ਸਾਥਿ ॥
ਆਪਿ ਕੀਨੋ ਆਪਨ ਬਿਸਥਾਰੁ ॥
ਸਭੁ ਕਛੁ ਉਸਕਾ ਓਹੁ ਕਰਨੈ ਹਾਰੁ ॥
ਉਸਤੇ ਭਿੰਨ ਕਹਹੁ ਕਿਛੁ ਹੋਇ ॥
ਥਾਨ ਥਨੰਤਰਿ ਏਕੈ ਸੋਇ ॥
ਅਪੁਨੇ ਚਲਿਤ ਆਪਿ ਕਰਣੈ ਹਾਰ ॥
ਕਉਤਕ ਕਰੈ ਰੰਗ ਆਪਾਰ ॥

Digitized by Panjab Digital Library | www.panjabdigilib.org

ਮਨ ਮਹਿ ਆਪਿ ਮਨ ਅਪੁਨੇ ਮਾਹਿ ॥
ਨਾਨਕ ਕੀਮਤਿ ਕਹਨੁ ਨ ਜਾਇ ॥ ੭ ॥

ਆਪ ਉਪਦੇਸ਼ ਕਰਦਾ ਤੇ ਆਪ ਸਮਝਦਾ ਹੈ। ਆਪ ਹੀ ਸਭ ਨਾਲ ਰਚ ਰਿਹਾ ਹੈ। ਆਪ ਕੀਤਾ ਹੈ ਆਪਣੇ ਆਪ ਦਾ ਵਿਸਥਾਰ। ਸਭ ਕੁਝ ਉਸਦਾ ਹੈ ਅਰ ਉਹ ਰਚਨ ਵਾਲਾ ਹੈ। ਉਸਤੋਂ ਅੱਡ ਦਸੋ ਜੇ ਕੁਝ ਹੁੰਦਾ ਹੈ ਤਾਂ ਦੱਸੋ। ਥਾਵਾਂ ਤੇ ਥਾਵਾਂ ਦੇ ਅੰਤਰ ਗਤ ਬੀ ਉਹ ਇਕੋ ਹੈ। ਆਪਨੇ ਚੋਜ ਆਪ ਕਰਨੇ ਵਾਲਾ ਹੈ। ਕੌਤਕ ਕਰਦਾ ਹੈ ਰੰਗਾਂ ਨਾਲ ਜਿਨ੍ਹਾਂ ਦਾ ਪਾਰਾਵਾਰ ਨਹੀਂ। ਮਨਾਂ ਵਿਚ ਆਪ ਵਸਦਾ ਹੈ ਅਰ ਮਨ ਉਸਦੇ ਵਿਚ ਵਸਦੇ ਹਨ। ਗੁਰੂ ਜੀ—ਉਸ ਸੁਖ ਸਰੂਪ ਦੀ ਗਿਣਤੀ ਨਹੀਂ ਕਹੀ ਜਾਂਦੀ।

ਸਤਿ ਸਤਿ ਸਤਿ ਪ੍ਰਭੁ ਸੁਆਮੀ ॥
ਗੁਰਪਰਸਾਦਿ ਕਿਨੈ ਵਖਿਆਨੀ ॥
ਸਚੁ ਸਚੁ ਸਚੁ ਸਭੁ ਕੀਨਾ ॥
ਕੋਟਿ ਮਧੇ ਕਿਨੈ ਬਿਰਲੈ ਚੀਨਾ ॥
ਭਲਾ ਭਲਾ ਭਲਾ ਤੇਰਾ ਰੂਪ ॥
ਅਤਿ ਸੁੰਦਰ ਅਪਾਰ ਅਨੂਪ ॥
ਨਿਰਮਲ ਨਿਰਮਲ ਨਿਰਮਲ ਤੇਰੀ ਬਾਣੀ ॥
ਘਟਿ ਘਟਿ ਸੁਨੀ ਸ੍ਰਵਨ ਬਖ੍ਯ੍ਯਾਣੀ ॥
ਪਵਿਤ੍ਰ ਪਵਿਤ੍ਰ ਪਵਿਤ੍ਰ ਪੁਨੀਤ ॥
ਨਾਮੁ ਜਪੈ ਨਾਨਕ ਮਨਿ ਪ੍ਰੀਤਿ ॥ ੮ ॥ ੧੨ ॥

ਆਦਿ ਸੱਤ ਮਧ ਸੱਤ ਤੇ ਅੰਤ ਸੱਤਹੈ ਪਰਮੇਸ਼ਰ ਜੋ ਮਾਲਕਹੈਇਹ ਗਲ ਕਿਸੇ ਵਿਰਲੇ ਨੇ ਗੁਰੂ ਦੀ ਕਿਰਪਾ ਕਰ ਕਥਨ ਕੀਤੀ ਹੈ। ਆਦਿ ਅੰਤ ਮਧ ਵਿਚ ਸਭ ਸਚੋ ਸਚ ਕੀਤਾ ਹੈ। ਇਸ ਸੱਤ ਸਰੂਪ ਨੂੰ ਕ੍ਰੋੜਾਂ ਵਿੱਚੋਂ ਕਿਸੇ ਵਿਰਲੇ ਨੇ ਹੀ ਜਾਣਿਆ ਹੈ। ਆਦਿ ਮਧ ਅੰਤ ਵਿੱਚ ਹੇ ਪ੍ਰਭੂ ਤੇਰਾ ਰੂਪ ਭਲਾ ਭਲਾ ਹੈ। ਬਹੁਤ ਸੁੰਦਰ ਪਾਰ ਤੋਂ ਰਹਿਤ ਤੇ ਉਪਮਾਂ ਤੋਂ ਰਹਿਤ ਹੈ। ਤੇਰੀ ਬਾਣੀ ਤਿੰਨਾ ਕਾਲਾਂ ਵਿਖੇ ਨਿਰਮਲ ੩ ਹੈ । ਹ੍ਰਿਦੇ ੨ ਵਿੱਚ ਸੁਣੀ ਜਾਂਦੀ ਹੈ ਮੈਂ ਭੀ ਆਪਣੇ ਕੰਨਾਂ ਨਾਲ ਸੁਣਕੇ ਕਥਨ ਕੀਤੀ ਹੈ। ਕਹਨ ਵਾਲੇ ਪਵਿੱਤ੍ਰ ਸੁਣਨੇ ਵਾਲੇ ਪਵਿੱਤ੍ਰ ਧਾਰਨੇ ਵਾਲੇ ਪਵਿੱਤ੍ਰ ਤੇ ਧਾਰਨ ਕਰਾਵਨੇ

Digitized by Panjab Digital Library | www.panjabdigilib.org

ਵਾਲੇ ਮਹਾਂ ਪਵਿੱਤ੍ਰ ਹਨ। ਇਸ ਲਈ ਗੁਰੂ ਨਾਨਕ ਮਨ ਦੇ ਪ੍ਰੇਮ ਨਾਲ ਨਾਮ ਜਪਦਾ ਹੈ।

### ਸਲੋਕੁ ॥

ਸੰਤ ਸਰਨਿ ਜੋ ਜਨੁ ਪਰੈ ਸੋ ਜਨੁ ਉਧਰਨ ਹਾਰ ॥
ਸੰਤ ਕੀ ਨਿੰਦਾ ਨਾਨਕਾ ਬਹੁਰਿ ਬਹੁਰਿ ਅਵਤਾਰ ॥ ੧ ॥

ਜੋ ਪੁਰਖ ਸੰਤਾਂ ਦੀ ਸ਼ਰਨ ਪਏ ਹਨ ਉਧਰਨ ਯੋਗ ਹਨ। ਗੁਰੂ ਜੀ-ਪਰੰਤੂ ਸੰਤਾਂ ਦੀ ਨਿੰਦਾ ਮੁੜ ਮੁੜ ਜਨਮ ਦੇਣੇ ਵਾਲੀ ਹੈ।

### ਅਸਟਪਦੀ ॥

ਸੰਤ ਕੈ ਦੂਖਨਿ ਆਰਜਾ ਘਟੈ ॥
ਸੰਤ ਕੈ ਦੂਖਨਿ ਜਮ ਤੇ ਨਹੀ ਛੁਟੈ ॥
ਸੰਤ ਕੈ ਦੂਖਨਿ ਸੁਖੁ ਸਭੁ ਜਾਇ ॥
ਸੰਤ ਕੈ ਦੂਖਨਿ ਨਰਕ ਮਹਿ ਪਾਇ ॥
ਸੰਤ ਕੈ ਦੂਖਨਿ ਮਤਿ ਹੋਇ ਮਲੀਨ ॥
ਸੰਤ ਕੈ ਦੂਖਨਿ ਸੋਭਾ ਤੇ ਹੀਨ ॥
ਸੰਤ ਕੇ ਹਤੇ ਕਉ ਰਖੈ ਨ ਕੋਇ ॥
ਸੰਤ ਕੈ ਦੂਖਨਿ ਥਾਨ ਭ੍ਰਸਟੁ ਹੋਇ ॥
ਸੰਤ ਕ੍ਰਿਪਾਲ ਕ੍ਰਿਪਾ ਜੇ ਕਰੈ ॥
ਨਾਨਕ ਸੰਤ ਸੰਗਿ ਨਿੰਦਕੁ ਭੀ ਤਰੈ ॥ ੧ ॥

ਸੰਤ ਨੂੰ ਦੂਖਨ ਲਾਉਣੇ ਤੇ ਉਮਰ ਘੱਟਦੀ ਹੈ। ਸੰਤ ਨੂੰ ਦੂਖਣ ਲਾਉਣੇ ਤੇ ਜੀਵ ਜਮਾਂ ਤੋਂ ਨਹੀਂ ਛੁਟਦਾ। ਸੰਤ ਨੂੰ ਦੂਖਣ ਲਾਉਣੇ ਤੇ ਸਾਰਾ ਸੁਖ ਦੂਰ ਹੋ ਜਾਂਦਾ ਹੈ। ਸੰਤ ਨੂੰ ਦੂਖਣ ਲਾਉਣੇ ਤੇ ਨਰਕ ਵਿੱਚ ਪਾਇਆ ਜਾਂਦਾ ਹੈ, ਸੰਤ ਨੂੰ ਦੂਖਣ ਲਾਉਣ ਤੇ ਬੁੱਧੀ ਮਲੀਨ ਹੋਜਾਂਦੀ ਹੈ ਸੰਤ ਨੂੰ ਦੂਖਣ ਲਾਉਣੇ ਤੇ ਜੀਵ ਸੋਭਾ ਤੋਂ ਰਹਿਤ ਹੋਜਾਂਦਾ ਹੈ। ਸੰਤ ਦੇ ਮਾਰੇ ਨੂੰ ਕੋਈ ਬਚਾ ਨਹੀਂ ਸੱਕਦਾ। ਸੰਤ ਨੂੰ ਦੂਖਣ ਲਾਉਣੇ ਤੇ ਆਪਣੇ ਅਸਥਾਨ ਤੋਂ ਭ੍ਰਸਟ ਹੋਜਾਂਦਾ ਹੈ। ਕ੍ਰਿਪਾ ਕਰਨ ਵਾਲਾ ਸੰਤ ਜੇ ਕ੍ਰਿਪਾ ਕਰੇ ਤਾਂਗੁਰੂਜੀ-ਸੰਤਾਂ ਦੇ ਨਾਲ ਨਿੰਦਕ ਭੀ ਤਰ ਜਾਂਦੇ ਹਨ।

Digitized by Panjab Digital Library | www.panjabdigilib.org

ਸੰਤ ਕੈ ਦੂਖਨ ਤੇ ਮੁਖੁ ਭਵੈ ॥
ਸੰਤਨ ਕੈ ਦੂਖਨਿ ਕਾਗ ਜਿਉ ਲਵੈ ॥
ਸੰਤਨ ਕੈ ਦੂਖਨਿ ਸਰਪ ਜੋਨਿ ਪਾਇ ॥
ਸੰਤ ਕੈ ਦੂਖਨਿ ਤ੍ਰਿਗਦ ਜੋਨਿ ਕਿਰਮਾਇ ॥
ਸੰਤਨ ਕੈ ਦੂਖਨਿ ਤ੍ਰਿਸਨਾ ਮਹਿ ਜਲੈ ॥
ਸੰਤ ਕੈ ਦੂਖਨਿ ਸਭੁ ਕੋ ਛਲੈ ॥
ਸੰਤ ਕੈ ਦੂਖਨਿ ਤੇਜੁ ਸਭੁ ਜਾਇ ॥
ਸੰਤ ਕੈ ਦੂਖਨਿ ਨੀਚੁ ਨੀਚਾਇ ॥
ਸੰਤ ਦੋਖੀ ਕਾ ਥਾਉ ਕੋ ਨਾਹਿ ॥
ਨਾਨਕ ਸੰਤ ਭਾਵੈ ਤਾ ਓਇ ਭੀ ਗਤਿ ਪਾਹਿ ॥ ੨ ॥

ਸੰਤ ਨੂੰ ਦੂਸ਼ਨ ਲਾਉਣੇ ਤੇ ਮੂੰਹ ਭੌਂ ਜਾਂਦਾ ਹੈ। ਸੰਤ ਨੂੰ ਦੂਸ਼ਨ ਲਾਉਣੇ ਤੇ ਕਾਂ ਵਾਂਙੂ ਲੌਂਦਾ ਹੈ। ਸੰਤ ਨੂੰ ਦੂਸ਼ਣ ਲਾਉਣੇ ਤੇ ਸਪ ਦੀ ਜੂਨ ਪਾਉਂਦਾ ਹੈ। ਸੰਤ ਨੂੰ ਦੂਸ਼ਨ ਲਾਉਣੇ ਤੇ ਟੇਢੀਆਂ ਜੂਨਾਂ ਕੀੜੇ ਆਦਕਾਂ ਦੀਆਂ ਪਾਉਂਦਾ ਹੈ। ਸੰਤ ਨੂੰ ਦੂਸ਼ਨ ਲਾਉਣੇ ਤੇ ਤ੍ਰਿਸ਼ਨਾਂ ਰੂਪੀ ਅੱਗ ਵਿੱਚ ਸੜਦਾ ਹੈ। ਸੰਤ ਨੂੰ ਦੂਸ਼ਨ ਲਾਉਣੇ ਤੇ ਸਭ ਨੂੰ ਛਲਦਾ ਹੈ। ਸੰਤ ਨੂੰ ਦੂਸ਼ਨ ਲਾਉਣੇ ਤੇ ਸਾਰਾ ਪਰਤਾਪ ਨਸ਼ਟ ਹੋਜਾਂਦਾ ਹੈ। ਸੰਤ ਨੂੰ ਦੂਸ਼ਨ ਲਾਉਣੇ ਤੇ ਨੀਚ ਤੋਂ ਨੀਚ ਹੋਜਾਂਦਾ ਹੈ। ਸੰਤ ਨੂੰ ਦੂਸ਼ਨ ਲਾਉਣੇ ਵਾਲੇ ਦਾ ਕੋਈ ਥਾਂ ਨਹੀਂ। ਪਰ ਗੁਰੂ ਜੀ-ਜੇ ਸੰਤਾਂ ਦੀ ਮਰਜ਼ੀ ਹੋਵੇ ਤਾਂ ਉਹ ਭੀ ਗਤੀ ਨੂੰ ਪ੍ਰਾਪਤ ਹੋਜਾਂਦੇ ਹਨ।

ਸੰਤ ਕਾ ਨਿੰਦਕੁ ਮਹਾ ਅਤ ਤਾਈ ॥
ਸੰਤ ਕਾ ਨਿੰਦਕੁ ਖਿਨੁ ਟਿਕਨੁ ਨ ਪਾਈ ॥
ਸੰਤ ਕਾ ਨਿੰਦਕੁ ਮਹਾ ਹਤਿਆਰਾ ॥
ਸੰਤ ਕਾ ਨਿੰਦਕੁ ਪਰਮੇਸੁਰਿ ਮਾਰਾ ॥
ਸੰਤ ਕਾ ਨਿੰਦਕੁ ਰਾਜ ਤੇ ਹੀਨੁ ॥
ਸੰਤ ਕਾ ਨਿੰਦਕੁ ਦੁਖੀਆ ਅਰੁ ਦੀਨੁ ॥
ਸੰਤ ਕੇ ਨਿੰਦਕ ਕਉ ਸਰਬ ਰੋਗ ॥

Digitized by Panjab Digital Library | www.panjabdigilib.org

ਸੰਤ ਕੇ ਨਿੰਦਕ ਕਉ ਸਦਾ ਬਿਜੋਗੁ ॥
ਸੰਤ ਕੀ ਨਿੰਦਾ ਦੋਖ ਮਹਿ ਦੋਖੁ ॥
ਨਾਨਕ ਸੰਤ ਭਾਵੈ ਤਾ ਉਸਕਾ ਭੀ ਹੋਇ ਮੋਖੁ ॥ ੩ ॥

ਸੰਤ ਦਾ ਨਿੰਦਕ ਬੜਾ ਭਾਰੀ ਪਾਪੀ ਹੈ। ਸੰਤ ਦਾ ਨਿੰਦਕ ਕਿਤੇ ਵੀ ਪਲ ਭਰ ਟਿਕਣਾ ਨਹੀਂ ਪਾਉਂਦਾ; ਸੰਤ ਦਾ ਨਿੰਦਕ ਬੜੀ ਹੱਤਿਆਕਰਨੇ ਵਾਲਾ ਹੈ। ਸੰਤ ਦਾ ਨਿੰਦਕ ਪਰਮੇਸ਼ਰ ਦਾ ਮਾਰਿਆ ਹੋਇਆ ਹੈ। ਸੰਤ ਦਾ ਨਿੰਦਕ ਰਾਜ ਤੋਂ ਹੀਨ ਹੁੰਦਾ ਹੈ। ਸੰਤ ਦਾ ਨਿੰਦਕ ਦੁਖੀ ਤੇ ਆਤਰ ਹੁੰਦਾ ਹੈ। ਸੰਤ ਦੇ ਨਿੰਦਕ ਨੂੰ ਸਾਰੇ ਰੋਗ ਲਗਦੇ ਹਨ। ਸੰਤ ਦੇ ਨਿੰਦਕ ਨੂੰ ਸਦਾ ਵਿਛੋੜਾ ਰਹਿੰਦਾ ਹੈ। ਸੰਤ ਦੀ ਨਿੰਦਾ ਪਾਪਾਂ ਵਿੱਚ ਵੱਡਾ ਪਾਪ ਹੈ। ਗੁਰੂ ਜੀ– ਜੇ ਸੰਤ ਨੂੰ ਭਾਵੇ ਤਾਂ ਉਸਦੀ ਮੁਕਤੀ ਭੀ ਹੋਜਾਂਦੀ ਹੈ।

ਸੰਤ ਕਾ ਦੋਖੀ ਸਦਾ ਅਪਵਿਤੁ ॥
ਸੰਤ ਕਾ ਦੋਖੀ ਕਿਸੈ ਕਾ ਨਹੀ ਮਿਤੁ ॥
ਸੰਤ ਕੇ ਦੋਖੀ ਕਉ ਡਾਨੁ ਲਾਗੈ ॥
ਸੰਤ ਕੇ ਦੋਖੀ ਕਉ ਸਭ ਤਿਆਗੈ ॥
ਸੰਤ ਕਾ ਦੋਖੀ ਮਹਾ ਅਹੰਕਾਰੀ ॥
ਸੰਤ ਕਾ ਦੋਖੀ ਸਦਾ ਬਿਕਾਰੀ ॥
ਸੰਤ ਕਾ ਦੋਖੀ ਜਨਮੈ ਮਰੈ ॥
ਸੰਤ ਕੀ ਦੂਖਨਾ ਸੁਖ ਤੇ ਟਰੈ ॥
ਸੰਤ ਕੇ ਦੋਖੀ ਕਉ ਨਾਹੀ ਠਾਉ ॥
ਨਾਨਕ ਸੰਤ ਭਾਵੈ ਤਾ ਲਏ ਮਿਲਾਇ ॥ ੪ ॥

ਸੰਤ ਦਾ ਦੋਖੀ ਸਦਾ ਅਪਵਿਤ ਹੈ। ਸੰਤ ਦਾ ਦੋਖੀ ਕਿਸੇ ਦਾ ਮਿਤ੍ਰ ਨਹੀਂ ਬਣਦਾ। ਸੰਤ ਦੇ ਦੋਖੀ ਨੂੰ ਡੰਡ ਧਰਮ ਰਾਜ ਦਾ ਲਗਦਾ ਹੈ। ਸੰਤ ਦੇ ਦੋਖੀ ਨੂੰ ਸਭ ਤਿਆਗਦੇ ਹਨ। ਸੰਤ ਦਾ ਦੋਖੀ ਬੜਾ ਹੰਕਾਰੀ ਹੁੰਦਾ ਹੈ। ਸੰਤ ਦਾ ਦੋਖੀ ਸਦਾ ਵਿਕਾਰਾਂ ਵਿਚ ਰਹਿੰਦਾ ਹੈ। ਸੰਤ ਦਾ ਦੋਖੀ ਜੰਮਦਾ ਮਰਦਾ ਰਹਿੰਦਾ ਹੈ। ਸੰਤ ਦੀ ਦੂਸ਼ਣਾ ਕਰਨੇ ਤੇ ਸਭ ਸੁਖਾਂ ਤੋਂ ਵਾਂਜਿਆ ਜਾਂਦਾ ਹੈ। ਸੰਤ ਦੇ ਦੋਖੀ ਦੀ ਕੋਈ ਥਾਂ ਨਹੀਂ। ਗੁਰੂ ਜੀ–ਜੇ ਸੰਤ ਦੀ ਮਰਜ਼ੀ ਹੋਵੇ ਤਾਂ ਉਸਨੂੰ ਮਿਲਾ ਲੈਂਦਾ ਹੈ।

Digitized by Panjab Digital Library | www.panjabdigilib.org

ਸੰਤ ਕਾ ਦੋਖੀ ਅਧ ਬੀਚ ਤੇ ਟੂਟੈ ॥
ਸੰਤ ਕਾ ਦੋਖੀ ਕਿਤੈ ਕਾਜਿ ਨ ਪਹੂਚੈ ॥
ਸੰਤ ਕੇ ਦੋਖੀ ਕਉ ਉਦਿਆਨ ਭ੍ਰਮਾਈਐ ॥
ਸੰਤ ਕਾ ਦੋਖੀ ਉਝੜਿ ਪਾਈਐ ॥
ਸੰਤ ਕਾ ਦੋਖੀ ਅੰਤਰ ਤੇ ਥੋਥਾ ॥
ਜਿਉ ਸਾਸ ਬਿਨਾ ਮਿਰਤਕ ਕੀ ਲੋਥਾ ॥
ਸੰਤ ਕੇ ਦੋਖੀ ਕੀ ਜੜ ਕਿਛੁ ਨਾਹਿ ॥
ਆਪਨ ਬੀਜਿ ਆਪੇ ਹੀ ਖਾਹਿ ॥
ਸੰਤ ਕੇ ਦੋਖੀ ਕਉ ਅਵਰੁ ਨ ਰਾਖਨਹਾਰੁ ॥
ਨਾਨਕ ਸੰਤ ਭਾਵੈ ਤਾ ਲਏ ਉਬਾਰਿ ॥ ੫ ॥

ਸੰਤ ਦਾ ਦੋਖੀ ਅਧ ਵਿਚਕਾਰੋਂ ਟੁਟਦਾ ਹੈ। ਸੰਤ ਦਾ ਦੋਖੀ ਕਿਸੇ ਕੰਮ ਦੇ ਸਿਰੇ ਨਹੀਂ ਚੜ੍ਹਦਾ। ਸੰਤ ਦੇ ਦੋਖੀ ਨੂੰ ਉਜਾੜ ਵਿਚ ਭੁਟਕਾਈਦਾ ਹੈ। ਸੰਤ ਦੇ ਦੋਖੀ ਨੂੰ ਕੁਰਸਤੇ ਪਾਈਦਾ ਹੈ। ਸੰਤ ਦਾ ਦੋਖੀ ਅੰਦਰੋਂ ਖਾਲੀ ਹੁੰਦਾ ਹੈ। ਜਿਸਤਰਾਂ ਸਾਸ ਤੋਂ ਬਿਨਾਂ ਮੁਰਦੇ ਦੀ ਲੋਥ ਹੁੰਦੀ ਹੈ। ਸੰਤ ਦੇ ਦੋਖੀ ਦੀ ਜੜ੍ਹ ਕੁਝ ਨਹੀਂ ਹੁੰਦੀ। ਉਹ ਆਪਣਾ ਬੀਜਿਆ ਆਪ ਹੀ ਖਾਂਦਾ ਹੈ। ਸੰਤਦੇ ਦੋਖੀ ਨੂੰ ਹੋਰ ਕੋਈ ਰੱਖਣ ਵਾਲਾ ਨਹੀਂ। ਗੁਰੂ ਜੀ-ਜੇ ਸੰਤ ਨੂੰ ਭਾਵੇ ਤਾਂ ਉਸਦਾ ਭੀ ਉਧਾਰ ਕਰ ਦਿੰਦਾ ਹੈ।

ਸੰਤ ਕਾ ਦੋਖੀ ਇਉ ਬਿਲਲਾਇ ॥
ਜਿਉ ਜਲ ਬਿਹੂਨ ਮਛੁਲੀ ਤੜਫੜਾਇ ॥
ਸੰਤ ਕਾ ਦੋਖੀ ਭੂਖਾ ਨਹੀ ਰਾਜੈ ॥
ਜਿਉ ਪਾਵਕੁ ਈਧਨਿ ਨਹੀਂ ਧ੍ਰਾਪੈ ॥
ਸੰਤ ਕਾ ਦੋਖੀ ਛੁਟੈ ਇਕੇਲਾ ॥
ਜਿਉ ਬੂਆੜੁ ਤਿਲੁ ਖੇਤ ਮਾਹਿ ਦੁਹੇਲਾ ॥
ਸੰਤ ਕਾ ਦੋਖੀ ਧਰਮ ਤੇ ਰਹਤ ॥
ਸੰਤ ਕਾ ਦੋਖੀ ਸਦ ਮਿਥਿਆ ਕਹਤ ॥

Digitized by Panjab Digital Library | www.panjabdigilib.org

ਕਿਰਤੁ ਨਿੰਦਕ ਕਾ ਧੁਰਿ ਹੀ ਪਇਆ ॥
ਨਾਨਕ ਜੋ ਤਿਸੁ ਭਾਵੈ ਸੋਈ ਥਿਆ ॥ ੬ ॥

ਸੰਤ ਦਾ ਦੋਖੀ ਐਉਂ ਬਿਲਲਾਉਂਦਾ ਹੈ। ਜਿਕਰ ਜਲ ਬਿਨਾ ਮੱਛੀ ਤੜਫਦੀ ਹੈ। ਸੰਤ ਦਾ ਦੋਖੀ ਭੁਖਾ ਹੁੰਦਾ ਹੈ ਰੱਜਦਾ ਨਹੀਂ। ਜਿਕਰ ਅੱਗ ਲਕੜਾਂ ਨਾਲ ਨਹੀਂ ਰੱਜਦੀ। ਸੰਤ ਦਾ ਦੋਖੀ ਇਕੱਲਾ ਹੀ ਛੁਟਦਾ ਹੈ। ਜਿਕਰ ਤਿਲਾਂ ਦੇ ਖੇਤ ਵਿਚ ਬੂਆੜ ਦੁਖੀ ਰਹਿੰਦਾ ਹੈ। ਸੰਤ ਦਾ ਦੋਖੀ ਧਰਮ ਤੋਂ ਖਾਲੀ ਹੁੰਦਾ ਹੈ। ਸੰਤ ਦਾ ਦੋਖੀ ਸਦਾ ਝੂਠ ਬੋਲਦਾ ਹੈ। ਨਿੰਦਕ ਦੀ ਕਿਰਤ ਨਿੰਦ ਧੁਰੋਂ ਹੀ ਪਾਈ ਹੈ। ਗੁਰੂ ਜੀ—ਜੋ ਉਸ ਪ੍ਰਭੂ ਨੂੰ ਭਾਉਂਦਾ ਹੈ ਸੋਈ ਹੋਇਆ।

ਸੰਤ ਕਾ ਦੋਖੀ ਬਿਗੜ ਰੂਪੁ ਹੋਇ ਜਾਇ ॥
ਸੰਤ ਕੇ ਦੋਖੀ ਕਉ ਦਰਗਹ ਮਿਲੈ ਸਜਾਇ ॥
ਸੰਤ ਕਾ ਦੋਖੀ ਸਦਾ ਸਹਕਾਈਐ ॥
ਸੰਤ ਕਾ ਦੋਖੀ ਨ ਮਰੈ ਨ ਜੀਵਾਈਐ ॥
ਸੰਤ ਕੇ ਦੋਖੀ ਕੀ ਪੁਜੈ ਨ ਆਸਾ
ਸੰਤ ਕਾ ਦੋਖੀ ਉਠਿ ਚਲੈ ਨਿਰਾਸਾ ॥
ਸੰਤ ਕੈ ਦੋਖਿ ਨ ਤ੍ਰਿਸਟੈ ਕੋਇ ॥
ਜੈਸਾ ਭਾਵੈ ਤੈਸਾ ਕੋਈ ਹੋਇ ॥
ਪਇਆ ਕਿਰਤੁ ਨ ਮੇਟੈ ਕੋਇ ॥
ਨਾਨਕ ਜਾਨੈ ਸਾਚਾ ਸੋਇ ॥ ੭ ॥

ਸੰਤ ਦਾ ਦੋਖੀ ਕੋਹੜ ਵਰਗਾ ਹੋਜਾਂਦਾ ਹੈ। ਸੰਤ ਦ ਦੋਖੀ ਨੂੰ ਦਰਗਾਹ ਵਿਚ ਸਜਾ ਮਿਲਦੀ ਹੈ। ਸੰਤ ਦਾ ਦੋਖੀ ਸਦਾ ਸਹਕਾਈਦਾ ਹੈ। ਸੰਤ ਦੇ ਦੋਖੀ ਨੂੰ ਨਾ ਮਾਰੀ ਦਾ ਨਾਂ ਜਿਵਾਈਦਾ ਹੈ। ਸੰਤ ਦੇ ਦੋਖੀ ਦੀ ਆਸ ਪੂਰੀ ਨਹੀਂ ਹੁੰਦੀ। ਸੰਤ ਦਾ ਦੋਖੀ ਸੰਸਾਰ ਤੋਂ ਨਿਰਾਸ ਹੀ ਉਠ ਤੁਰਦਾ ਹੈ। ਸੰਤ ਦੇ ਦੂਖਣ ਕਰਨੇ ਤੇ ਕੋਈ ਇਸਥਿਤ ਨਹੀਂ ਹੁੰਦਾ। ਜੈਸਾ ਜਿਸਨੂੰ ਭਾਉਂਦਾ ਹੈ ਤੈਸਾ ਉਹ ਹੋਜਾਂਦਾ ਹੈ। ਕਰਮਾਂ ਅਨੁਸਾਰ ਜੋ ਭਾਗਾਂ ਵਿਚ ਪਿਆ ਸੋ ਕੋਈ ਨਹੀਂ ਮੇਟ ਸਕਦਾ। ਗੁਰੂ ਜੀ--ਇਸ ਗਲ ਦੀ ਅਸਲ ਨੂੰ ਉਹੋ ਸਚਾ ਪਰਮੇਸੁਰ ਹੀ ਜਾਣਦਾ ਹੈ।

Digitized by Panjab Digital Library | www.panjabdigilib.org

ਸਭ ਘਟ ਤਿਸਕੇ ਓਹੁ ਕਰਨੈ ਹਾਰੁ ॥
ਸਦਾ ਸਦਾ ਤਿਸ ਕਉ ਨਮਸਕਾਰੁ ॥
ਪ੍ਰਭ ਕੀ ਉਸਤਤਿ ਕਰਹੁ ਦਿਨੁ ਰਾਤਿ ॥
ਤਿਸਹਿ ਧਿਆਵਹੁ ਸਾਸਿ ਗਿਰਾਸਿ ॥
ਸਭੁ ਕਛੁ ਵਰਤੈ ਤਿਸਕਾ ਕੀਆ ॥
ਜੈਸਾ ਕਰੇ ਤੈਸਾ ਕੋ ਥੀਆ ॥
ਅਪਨਾ ਖੇਲੁ ਆਪਿ ਕਰਨੈ ਹਾਰੁ ॥
ਦੂਸਰ ਕਉਨੁ ਕਹੈ ਬੀਚਾਰੁ ॥
ਜਿਸਨੋ ਕ੍ਰਿਪਾ ਕਰੈ ਤਿਸੁ ਆਪਨ ਨਾਮੁ ਦੇਇ ॥
ਬਡ ਭਾਗੀ ਨਾਨਕ ਜਨ ਸੇਇ ॥ ੮ ॥ ੧੩ ॥

ਸਾਰੇ ਘਟ ਉਸੇ ਪ੍ਰਭੂ ਦੇ ਹਨ ਉਹ ਕਰਨੇ ਵਾਲਾ ਹੈ।ਸਦਾ ੨ ਉਸਨੂੰ ਨਿਮਸ਼ਕਾਰ ਹੈ। ਪ੍ਰਭ ਦੀ ਉਸਤਤ ਦਿਨ ਰਾਤ ਕਰੋ। ਉਸਨੂੰ ਸਾਸ ਗਿਰਾਸ ਸਿਮਰੋ। ਕਿਉਂਕਿ ਸਭ ਕੁਛ ਉਸਦਾ ਕੀਤਾ ਵਰਤ ਰਿਹਾ ਹੈ। ਜੈਸਾ ਕੋਈ ਕਰਮ ਕਰਦਾ ਹੈ ਤੈਸਾ ਹੋਜਾਂਦਾ ਹੈ। ਅਪਨੇ ਖੇਲ ਉਹ ਆਪ ਕਰਨੇ ਵਾਲਾ ਹੈ। ਦੂਸਰਾ ਹੋਰ ਕੌਣ ਇਸ ਵਿਚਾਰ ਨੂੰ ਕਥਨ ਕਰੇ। ਉਹ ਜਿਸ ਪੁਰ ਕ੍ਰਿਪਾ ਕਰਦਾ ਹੈ ਉਸਨੂੰ ਅਪਣਾ ਨਾਮ ਦੇਂਦਾ ਹੈ। ਗੁਰੂ ਜੀ ਉਹ ਪੁਰਖ ਵਡੇਭਾਗਾਂ ਵਾਲੇ ਹਨ।

ਸਲੋਕੁ ॥

ਤਜਹੁ ਸਿਆਨਪ ਸੁਰਿਜਨਹੁ ਸਿਮਰਹੁ ਹਰਿ ਹਰਿ ਰਾਇ ॥
ਏਕ ਆਸ ਹਰਿ ਮਨਿ ਰਖਹੁ ਨਾਨਕ ਦੂਖੁ ਭਰਮੁ ਭਉ ਜਾਇ ॥ ੧ ॥

ਹੇ ਬੁਧਮਾਨੋਂ! ਆਪਣੀ ਸਿਆਣਪ ਨੂੰ ਛੱਡੋ ਅਰ ਪ੍ਰਕਾਸ਼ ਸਰੂਪ ਹਰੀ ਨੂੰ ਸਿਮਰੋ। ਗੁਰੂਜੀ-ਇਕ ਹਰੀ ਦੀ ਆਸ ਮਨ ਵਿਚ ਰੱਖੋ ਤਦ ਦੁਖ ਭਰਮ ਤੇ ਡਰ ਦੂਰ ਹੋਜਾਏਗਾ।

ਅਸਟਪਦੀ ॥

ਮਾਨੁਖ ਕੀ ਟੇਕ ਬ੍ਰਿਥੀ ਸਭ ਜਾਨੁ ॥
ਦੇਵਨ ਕਉ ਏਕੈ ਭਗਵਾਨੁ ॥

Digitized by Panjab Digital Library | www.panjabdigilib.org

ਜਿਸਕੈ ਦੀਐ ਰਹੈ ਅਘਾਇ ॥
ਬਹੁਰਿ ਨ ਤ੍ਰਿਸਨਾ ਲਾਗੈ ਆਇ ॥
ਮਾਰੈ ਰਾਖੈ ਏਕੋ ਆਪਿ ॥
ਮਾਨੁਖ ਕੈ ਕਿਛੁ ਨਾਹੀ ਹਾਥਿ ॥
ਤਿਸਕਾ ਹੁਕਮੁ ਬੂਝਿ ਸੁਖੁ ਹੋਇ ॥
ਤਿਸਕਾ ਨਾਮੁ ਰਖੁ ਕੰਠਿ ਪਰੋਇ ॥
ਸਿਮਰਿ ਸਿਮਰਿ ਸਿਮਰਿ ਪ੍ਰਭੁ ਸੋਇ ॥
ਨਾਨਕ ਬਿਘਨੁ ਨ ਲਾਗੈ ਕੋਇ ॥ ੧ ॥

ਮਾਨੁਖ ਦੇ ਆਸਰੇ ਸਭ ਬ੍ਰਿਥਾ ਸਮਝ। ਦੇਵਨਹਾਰ ਇਕੋ ਪਰਮੇਸੁਰ ਹੈ, ਜਿਸਦੇ ਦਿਤੇ ਐਸਾ ਹੱਜ ਰਹੀਦਾ ਹੈ, ਫਿਰ ਤ੍ਰਿਸ਼ਨਾ ਆਕੇ ਨਹੀਂ ਲਗਦੀ। ਮਾਰਦਾ ਤੇ ਰੱਖਦਾ ਇਕੋ ਆਪ ਪਰਮੇਸੁਰ ਹੈ। ਮਾਨੁਖ ਦੇ ਹੱਥ ਕੁਝ ਬੀ ਨਹੀਂ। ਉਸਦਾ ਹੁਕਮ ਬੁਝਣੇ ਤੇ ਸੁਖ ਹੁੰਦਾ ਹੈ। ਇਸ ਕਰਕੇ ਉਸਦਾ ਨਾਮ ਹਿਰਦੇ ਵਿਚ ਪਰੋਕੇ ਰੱਖ। ਉਸੇ ਪ੍ਰਭੂ ਨੂੰ ਬਹਿੰਦਿਆਂ ਉਠਦਿਆਂ ਸੌਂਦਿਆਂ ਸਿਮਰ। ਗੁਰੂ ਜੀ--ਫੇਰ ਕੋਈ ਵਿਘਨ ਨਹੀਂ ਆਕੇ ਗ੍ਰਸੇਗਾ।

ਉਸਤਤਿ ਮਨ ਮਹਿ ਕਰਿ ਨਿਰੰਕਾਰ ॥
ਕਰਿ ਮਨ ਮੇਰੇ ਸਤਿ ਬਿਉਹਾਰ ॥
ਨਿਰਮਲ ਰਸਨਾ ਅੰਮ੍ਰਿਤੁ ਪੀਉ ॥
ਸਦਾ ਸੁਹੇਲਾ ਕਰਿ ਲੇਹਿ ਜੀਉ ॥
ਨੈਨਹੁ ਪੇਖੁ ਠਾਕੁਰ ਕਾ ਰੰਗੁ ॥
ਸਾਧ ਸੰਗਿ ਬਿਨਸੈ ਸਭ ਸੰਗੁ ॥
ਚਰਨ ਚਲਉ ਮਾਰਗਿ ਗੋਬਿੰਦ ॥
ਮਿਟਹਿ ਪਾਪ ਜਪੀਐ ਹਰਿ ਬਿੰਦ ॥
ਕਰ ਹਰਿ ਕਰਮ ਸ੍ਰਵਨਿ ਹਰਿ ਕਥਾ ॥
ਹਰਿ ਦਰਗਹ ਨਾਨਕ ਊਜਲ ਮਥਾ ॥ ੨ ॥

ਮਨ ਵਿੱਚ ਨਿਰੰਕਾਰ ਪਰਮੇਸ਼ਰ ਦੀ ਉਸਤਤ ਕਰ। ਹੇ ਮੇਰੇ ਮਨ ਇਹ ਸੱਚਾ ਵਿਹਾਰ ਹੈ। ਜੀਭਾਨੂੰ ਨਿੰਦਾ ਆਦਿ ਤੋਂ ਸੁੱਧ ਕਰਕੇ ਅੰਮ੍ਰਿਤ ਪੀ।

Digitized by Panjab Digital Library | www.panjabdigilib.org

ਇਸ ਪ੍ਰਕਾਰ ਆਪਣੇ ਮਨ ਨੂੰ ਸੁਖੀ ਕਰ ਲੈ । ਅੱਖਾਂ ਨਾਲ ਪਰਮੇਸ਼ਰ ਦਾ ਰੰਗ ਦੇਖ। ਸਾਧਾਂ,ਦਾ ਸੰਗ ਕਰ ਜਿਸ ਤੇ ਸਾਰਾ ਕੁਸੰਗ ਆਦਿ ਸੰਗ ਨਾਸ ਹੋਜਾਵੇ। ਪੈਰਾਂ ਕਰਕੇ ਪਰਮੇਸ਼ਰ ਦੇ ਰਸਤੇ ਤੁਰ। ਹੱਥਾਂ ਕਰਕੇ ਪ੍ਰਮੇ-ਸਰੀ ਕੰਮਕਰ, ਕੰਨਾਂ ਨਾਲ ਹਰੀ ਦੀ ਕਥਾ ਸੁਣ, (ਗੁਰੂ ਜੀ) ਤਾਂ ਤੇਰਾ ਮੱਥਾ ਹਰੀ ਦੀ ਦਰਗਾਹ ਵਿਚ ਉੱਜਲ ਹੋਵੇਗਾ।

**ਬਡਭਾਗੀ ਤੇ ਜਨ ਜਗ ਮਾਹਿ ॥**
**ਸਦਾ ਸਦਾ ਹਰਿਕੇ ਗੁਨ ਗਾਹਿ ॥**
**ਰਾਮ ਨਾਮ ਜੋ ਕਰਹਿ ਬੀਚਾਰ ॥**
**ਸੇ ਧਨਵੰਤ ਗਨੀ ਸੰਸਾਰ ॥**
**ਮਨਿ ਤਨਿ ਮੁਖਿ ਬੋਲਹਿ ਹਰਿ ਮੁਖੀ ॥**
**ਸਦਾ ਸਦਾ ਜਾਨਹੁ ਤੇ ਸੁਖੀ ॥**
**ਏਕੋ ਏਕੁ ਏਕੁ ਪਛਾਨੈ ॥**
**ਇਤ ਉਤ ਕੀ ਓਹੁ ਸੋਝੀ ਜਾਨੈ ॥**
**ਨਾਮ ਸੰਗਿ ਜਿਸਕਾ ਮਨੁ ਮਾਨਿਆ ॥**
**ਨਾਨਕ ਤਿਨਹਿ ਨਿਰੰਜਨੁ ਜਾਨਿਆ ॥ ੩ ॥**

ਉਹ ਪੁਰਖ ਸੰਸਾਰ ਵਿੱਚ ਵੱਡੇ ਭਾਗਾਂ ਵਾਲੇ ਹਨ ਜੋ ਸਦੀਵ ਕਾਲ ਪਰਮੇਸ਼ਰ ਦੇ ਗੁਣ ਗਾਉਂਦੇ ਹਨ। ਜੋ ਰਾਮ ਨਾਮ ਦਾ ਵੀਚਾਰ ਕਰਦੇ ਹਨ ਉਹ ਸੰਸਾਰ ਵਿੱਚ ਧਨ ਵਾਲੇ ਗਿਣੇ ਜਾਂਦੇ ਹਨ । ਜੋ ਮਨ ਤਨ ਤੇ ਮੁਖੋਂ ਹਰੀ ਬੋਲਦੇ ਹਨ, ਉਹ ਸੁਖੀ ਹਨ, ਉਨ੍ਹਾਂ ਨੂੰ ਹੀ ਸਦੀਵ ਕਾਲ ਦੇ ਸੁਖੀ ਜਾਣੋ ਜੋ ਆਦਿ ਮੱਧ ਅੰਤ ਤਿੰਨਾਂ ਕਾਲਾਂ ਵਿਖੇ ਇਕ ਰਹਿਣੇ ਵਾਲੇ ਪ੍ਰਮੇਸ਼ਰ ਨੂੰ ਪਛਾਣਦੇ ਹਨ। ਉਹ ਲੋਕ ਪ੍ਰਲੋਕ ਸਭ ਦੀ ਸੋਝੀ ਰੱਖਦੇ ਹਨ। ਜਿਨ੍ਹਾਂ ਦਾ ਮਨ ਰਾਮ ਵਿਖੇ ਦ੍ਰਿੜ੍ਹ ਹੋ ਗਿਆ ਹੈ। ਗੁਰੂ ਜੀ–ਉਨ੍ਹਾਂ ਨੇ ਨਿਰੰਜਨ ਜਾਣ ਲਿਆ ਹੈ।

**ਗੁਰਪ੍ਰਸਾਦਿ ਆਪਨ ਆਪੁ ਸੁਝੈ ॥**
**ਤਿਸਕੀ ਜਾਨਹੁ ਤ੍ਰਿਸਨਾ ਬੁਝੈ ॥**
**ਸਾਧ ਸੰਗਿ ਹਰਿ ਹਰਿ ਜਸੁ ਕਹਤ ॥**
**ਸਰਬ ਰੋਗ ਤੇ ਓਹੁ ਹਰਿ ਜਨੁ ਰਹਤ ॥**

Digitized by Panjab Digital Library | www.panjabdigilib.org

ਅਨਦਿਨੁ ਕੀਰਤਨੁ ਕੇਵਲ ਬਖੵਾਨੁ ॥
ਗ੍ਰਿਹਸਤ ਮਹਿ ਸੋਈ ਨਿਰਬਾਨੁ ॥
ਏਕ ਊਪਰਿ ਜਿਸੁ ਜਨ ਕੀ ਆਸਾ ॥
ਤਿਸਕੀ ਕਟੀਐ ਜਮ ਕੀ ਫਾਸਾ ॥
ਪਾਰਬ੍ਰਹਮ ਕੀ ਜਿਸੁ ਮਨਿ ਭੂਖ ॥
ਨਾਨਕ ਤਿਸਹਿ ਨ ਲਾਗਹਿ ਦੂਖ ॥ ੪ ॥

ਜਿਸ ਨੂੰ ਗੁਰੂ ਦੀ ਕ੍ਰਿਪਾ ਕਰਕੇ ਆਪਣਾ ਆਪ ਦਿਸ ਪਿਆ, ਉਸ ਦੀ ਤ੍ਰਿਸ਼ਨਾ ਜਾਣੋ ਕਿ ਬੁਝ ਗਈ। ਜੋ ਸਾਧਾਂ ਦੇ ਸੰਗ ਵਿਖੇ ਹਰੀ ਹਰ ਦਾ ਜੱਸ ਕਰਦਾ ਹੈ ਉਹ ਪੁਰਖ ਸਾਰੇ ਰੋਗਾਂ ਤੋਂ ਰਹਿਤ ਹੁੰਦਾ ਹੈ। ਦਿਨ ਰਾਤ ਜੋ ਕੇਵਲ ਕੀਰਤਨ ਵਖਾਨ ਕਰਦਾ ਹੈ। ਉਹ ਪੁਰਖ ਗ੍ਰਹਸਤ ਵਿਖੇ ਭੀ ਮੁਕਤ ਹੈ। ਜਿਸ ਪੁਰਖ ਦੀ ਆਸ ਇੱਕ ਪ੍ਰਮੇਸ਼ਰ ਉੱਤੇ ਹੀ ਹੈ, ਉਸ ਦੀ ਜਮਮਾਰਗ ਦੀ ਫਾਹੀ ਕੱਟੀਦੀ ਹੈ। ਜਿਸ ਦੇ ਮਨ ਵਿਖੇ ਪਾਰਬ੍ਰਹਮ ਦੀ ਭੁੱਖ ਹੈ। ਗੁਰੂ ਜੀ–ਉਸਨੂੰ ਦੁਖ ਨਹੀਂ ਲੱਗਦਾ।

ਜਿਸ ਕਉ ਹਰਿ ਪ੍ਰਭੁ ਮਨਿ ਚਿਤਿ ਆਵੈ ॥
ਸੋ ਸੰਤੁ ਸੁਹੇਲਾ ਨਹੀ ਡੁਲਾਵੈ ॥
ਜਿਸੁ ਪ੍ਰਭੁ ਅਪੁਨਾ ਕਿਰਪਾ ਕਰੈ ॥
ਸੋ ਸੇਵਕੁ ਕਹੁ ਕਿਸਤੇ ਡਰੈ ॥
ਜੈਸਾ ਸਾ ਤੈਸਾ ਦ੍ਰਿਸਟਾਇਆ ॥
ਅਪੁਨੇ ਕਾਰਜ ਮਹਿ ਆਪਿ ਸਮਾਇਆ ॥
ਸੋਧਤ ਸੋਧਤ ਸੋਧਤ ਸੀਝਿਆ ॥
ਗੁਰ ਪ੍ਰਸਾਦਿ ਤਤੁ ਸਭੁ ਬੂਝਿਆ ॥
ਜਬ ਦੇਖਉ ਤਬ ਸਭੁ ਕਿਛੁ ਮੂਲੁ ॥
ਨਾਨਕ ਸੋ ਸੂਖਮੁ ਸੋਈ ਅਸਥੂਲੁ ॥ ੫ ॥

ਜਿਸ ਨੂੰ ਹਰੀ ਪਰਮੇਸ਼ਰ ਮਨ ਵਿੱਚ ਯਾਦ ਆਉਂਦਾ ਹੈ। ਉਹ ਸੁਖੀ ਸੰਤ ਹੈ ਅਰ ਡੋਲਦਾ ਨਹੀਂ। ਜਿਸ ਪੁਰ ਆਪ ਪ੍ਰਭੂ ਕ੍ਰਿਪਾ ਕਰੇ, ਦੱਸੋ ਉਹ ਸੇਵਕ ਕਿਸ ਪਾਸੋਂ ਡਰੇ। ਉਸਨੂੰ ਤਾਂ ਜੈਸਾ ਪ੍ਰਭੂ ਸੀ ਉਹੋ ਜਿਹਾ ਦਿਸਿਆ

Digitized by Panjab Digital Library | www.panjabdigilib.org

ਹੈ।ਉਸਨੂੰ ਪ੍ਰਮੇਸ਼ਰ ਆਪਣੀ ਸਾਰੀ ਦ੍ਰਿਸ਼ਟੀਵਿੱਚਸਮਾਇਆ ਹੋਯਾ ਦਿੱਸਿਆ ਹੈ। ਉਸਨੇ ਸੋਧਿਆ ਤੇ ਸਮਝ ਲਿਆ ਹੈ ਅਰ ਗੁਰੂ ਦੀ ਕ੍ਰਿਪਾ ਕਰਕੇ ਤੱਤ ਸਰੂਪ ਨੂੰ ਪੂਰਨ ਰੂਪ ਕਰਕੇ ਬੂਝ ਲਿਆ ਹੈ। ਜਦ ਵਿਹਾਰ ਦੀ ਦ੍ਰਿਸ਼ਟੀ ਦੇਕੇ ਦੇਖਦੇ ਹਾਂ ਤਾਂ ਸਭ ਕੁਝ ਮੂਲ ਹੈ। ਗੁਰੂ ਜੀ-ਉਹੋ ਨਿਰਗੁਣ ਹੈ ਉਹੋ ਸਰਗੁਣ ਹੈ।

ਨਹ ਕਿਛੁ ਜਨਮੈ ਨਹ ਕਿਛੁ ਮਰੈ ॥
ਆਪਨ ਚਲਿਤੁ ਆਪ ਹੀ ਕਰੈ ॥
ਆਵਨੁ ਜਾਵਨੁ ਦ੍ਰਿਸਟਿ ਅਨਦ੍ਰਿਸਟਿ ॥
ਆਗਿਆ ਕਾਰੀ ਧਾਰੀ ਸਭ ਸ੍ਰਿਸਟਿ ॥
ਆਪੇ ਆਪਿ ਸਗਲ ਮਹਿ ਆਪਿ ॥
ਅਨਿਕ ਜੁਗਤਿ ਰਚਿ ਥਾਪਿਉ ਥਾਪਿ ॥
ਅਬਿਨਾਸੀ ਨਾਹੀ ਕਿਛੁ ਖੰਡ ॥
ਧਾਰਣ ਧਾਰਿ ਰਹਿਓ ਬ੍ਰਹਮੰਡ ॥
ਅਲਖ ਅਭੇਵ ਪੁਰਖ ਪਰਤਾਪ ॥
ਆਪਿ ਜਪਾਏ ਤ ਨਾਨਕ ਜਾਪ ॥ ੬ ॥

ਨਾ ਕੁਝ ਜੰਮਦਾ ਹੈ ਨਾ ਮਰਦਾ ਹੈ। ਪਰਮੇਸ਼ਰ ਆਪਣੇ ਚਰਿਤ੍ਰ ਆਪ ਕਰਦਾ ਹੈ। ਆਉਣੇ ਜਾਣੇ ਦਿਸਣੇ ਵਾਲੀ ਅਰ ਨਾ ਦਿਸਣੇ ਵਾਲੀ ਪਰਮੇਸ਼ਰ ਨੇ ਆਪਣੀ ਆਗਿਆਕਾਰ ਸ੍ਰਿਸ਼ਟੀ ਸਾਰੀ ਧਾਰਨ ਕੀਤੀ ਹੈ। ਆਪ ਹੀ ਆਪ ਹੈ ਅਰ ਸਭ ਵਿਚ ਵਿਆਪਕ ਆਪ ਹੈ। ਅਨੇਕ ਜੁਗਤਾਂ ਕਰਕੇ ਰਚਨਾਂ ਨੂੰ ਰਚਕੇ ਘੜਦਾ ਤੇ ਭੰਨਦਾ ਹੈ। ਪਰ ਆਪ ਨਾਮ ਤੋਂ ਰਹਿਤ ਹੈ ਉਸਦਾ ਕੋਈ ਟੁਕੜਾ ਨਹੀਂ। ਸਾਰੇ ਬ੍ਰਹਮੰਡ ਦੀ ਸ੍ਰਿਸ਼ਟੀ ਨੂੰ ਧਾਰ ਰਿਹਾ ਹੈ। ਉਸ ਪੁਰਖ ਦਾ ਪ੍ਰਤਾਪ ਲਿਖਿਆ ਨਹੀਂ ਜਾਂਦਾ। ਗੁਰੂ ਜੀ–ਉਸਦਾ ਉਹ ਆਪ ਅਪਨਾ ਨਾਮ ਕਿਸੇ ਨੂੰ ਜਪਾਏ ਤਾਂ ਜਪਿਆ ਜਾਂਦਾ ਹੈ।

ਜਿਨ ਪ੍ਰਭੁ ਜਾਤਾ ਸੁ ਸੋਭਾ ਵੰਤ ॥
ਸਗਲ ਸੰਸਾਰੁ ਉਧਰੈ ਤਿਨ ਮੰਤ ॥
ਪ੍ਰਭ ਕੇ ਸੇਵਕ ਸਗਲ ਉਧਾਰਨ ॥
ਪ੍ਰਭ ਕੇ ਸੇਵਕ ਦੂਖ ਬਿਸਾਰਨ ॥

Digitized by Panjab Digital Library | www.panjabdigilib.org

ਆਪੇ ਮੇਲਿ ਲਏ ਕਿਰਪਾਲ ॥
ਗੁਰ ਕਾ ਸਬਦੁ ਜਪਿ ਭਏ ਨਿਹਾਲ ॥
ਉਨਕੀ ਸੇਵਾ ਸੋਈ ਲਾਗੈ ॥
ਜਿਸਨੋ ਕ੍ਰਿਪਾ ਕਰਹਿ ਬਡਭਾਗੈ ॥
ਨਾਮੁ ਜਪਤ ਪਾਵਹਿ ਬਿਸ੍ਰਾਮੁ ॥
ਨਾਨਕ ਤਿਨ ਪੁਰਖ ਕਉ ਊਤਮ ਕਰਿ ਮਾਨੁ ॥ ੭ ॥

ਜਿਨਾਂ ਨੇ ਪ੍ਰਭੂ ਨੂੰ ਜਾਣਿਆਂ ਉਹ ਸੋਭਾ ਵਾਲੇ ਹਨ। ਸਾਰਾ ਸੰਸਾਰ ਉਨ੍ਹਾਂ ਦੇ ਮੰਤ੍ਰ ਕਰਕੇ ਉਧਰਦਾ ਹੈ। ਪ੍ਰਭ ਦੇ ਸੇਵਕ ਸਭ ਦਾ ਉਧਾਰ ਕਰਨ ਵਾਲੇ ਹਨ। ਪ੍ਰਭ ਦੇ ਸੇਵਕ ਦੁਖਾਂ ਨੂੰ ਵਿਸਰਜਣ ਕਰਨ ਵਾਲੇ ਹਨ, ਕਿਉਂਕਿ ਆਪਨੇ ਸੇਵਕਾਂ ਨੂੰ ਪਰਮੇਸ਼ਰ ਕ੍ਰਿਪਾਲ ਹੋਕੇ ਆਪੇ ਮੇਲ ਲੈਂਦਾ ਹੈ। ਹਰੀ ਦੇ ਸੇਵਕ ਗੁਰੂ ਦਾ ਸ਼ਬਦ ਜਪ ਜਪ ਕੇ ਨਿਹਾਲ ਹੋਗਏ ਹਨ। ਉਨ੍ਹਾਂ ਸੇਵਕ ਭਗਤਾਂ ਦੀ ਸੇਵਾ ਵਿਚ ਉਹ ਲਗਦਾ ਹੈ ਜਿਸਨੂੰ ਪ੍ਰਭੂ ਕ੍ਰਿਪਾ ਕਰੇ ਜੋ ਵੱਡੇ ਭਾਗਾਂ ਵਾਲੇ ਹਨ। ਜੋ ਨਾਮ ਜਪਣੇ ਕਰ ਆਰਾਮ ਪਾਉਂਦੇ ਹਨ। ਗੁਰੂ ਜੀ-ਉਨ੍ਹਾਂ ਪੁਰਖਾਂ ਨੂੰ ਉਤਮ ਕਰਕੇ ਸਮਝ।

ਜੋ ਕਿਛੁ ਕਰੈ ਸੁ ਪ੍ਰਭ ਕੈ ਰੰਗਿ ॥
ਸਦਾ ਸਦਾ ਬਸੈ ਹਰਿ ਸੰਗਿ ॥
ਸਹਜ ਸੁਭਾਇ ਹੋਵੈ ਸੋ ਹੋਇ ॥
ਕਰਣੈਹਾਰੁ ਪਛਾਣੈ ਸੋਇ ॥
ਪ੍ਰਭ ਕਾ ਕੀਆ ਜਨ ਮੀਠ ਲਗਾਨਾ ॥
ਜੈਸਾ ਸਾ ਤੈਸਾ ਦ੍ਰਿਸਟਾਨਾ ॥
ਜਿਸਤੇ ਉਪਜੇ ਤਿਸੁ ਮਾਹਿ ਸਮਾਏ ॥
ਓਇ ਸੁਖ ਨਿਧਾਨ ਉਨਹੂ ਬਨਿਆਏ ॥
ਆਪਸ ਕਉ ਆਪਿ ਦੀਨੋ ਮਾਨੁ ॥
ਨਾਨਕ ਪ੍ਰਭ ਜਨੁ ਏਕੋ ਜਾਨੁ ॥ ੮ ॥ ੧੪ ॥

ਭਗਤ ਜਨ ਜੋ ਕੁਝ ਕਰਦਾ ਹੈ ਅਪਣੇ ਪ੍ਰਭੂ ਦੇ ਰੰਗ ਵਿਖੇ ਕਰਦਾ ਹੈ। ਉਹ ਸਦੀਵ ਕਾਲ਼ ਪਰਮੇਸੁਰ ਦੇ ਸੰਗ ਵਸਦਾ ਹੈ। ਉਹ ਵਰਤਨ ਇਹ

Digitized by Panjab Digital Library | www.panjabdigilib.org

ਕਰਦਾ ਹੈ ਕਿ ਸਹਿਜ ਸੁਭਾਵ ਜੋ ਹੋਵੇ ਸੋ ਹੋਜਾਵੇ। ਪਰਮੇਸੁਰ ਕਰਨ ਹਾਰ ਨੂੰ ਹੀ ਉਹ ਪਛਾਣਦੇ ਹਨ। ਪ੍ਰਭ ਦਾ ਕੀਤਾ ਜਨ ਨੂੰ ਮਿਠਾ ਲਗਦਾ ਹੈ।ਕਿਉਂਕਿ ਉਸਨੇ ਪਰਮੇਸ਼ਰ ਨੂੰ ਜੈਸਾ ਉਹ ਹੈ ਵੈਸਾ ਡਿਠਾ ਹੈ। ਉਹ ਭਗਤ ਜਿਸ ਪਰਮੇਸ਼ਰ ਤੋਂ ਉਤਪਤ ਹੋਏ ਸਨ ਉਸ ਵਿਚ ਸਮਾ ਗਏ। ਉਹ ਸੁਖਾਂ ਦਾ ਨਿਧਾਨ ਪਰਮੇਸ਼ਰ ਉਨ੍ਹਾਂ ਭਗਤਾਂ ਨੂੰ ਹੀ ਪ੍ਰਾਪਤ ਹੁੰਦਾ ਹੈ। ਆਪਣੇ ਆਪ ਨੂੰ ਆਪਣੇ ਆਪ ਨੇ ਮਾਨ ਦਿਤਾ ਹੈ। ਗੁਰੂ ਜੀ--ਪ੍ਰਭ ਤੇ ਪ੍ਰਭੂ ਦੇ ਜਨ ਨੂੰ ਇਕ ਜਾਣੋ।

**ਸਲੋਕੁ ॥**

**ਸਰਬ ਕਲਾ ਭਰਪੂਰ ਪ੍ਰਭ ਬਿਰਥਾ ਜਾਨਨਹਾਰ ॥**
**ਜਾਕੈ ਸਿਮਰਨਿ ਉਧਰੀਐ ਨਾਨਕ ਤਿਸੁ ਬਲਿਹਾਰ ॥ ੧ ॥**

ਸਰਬ ਸ਼ਕਤੀਆਂ ਕਰਕੇ ਪੂਰਨ ਹੈ ਅਰ ਸਭ ਪੀੜਾ ਨੂੰ ਜਾਣਨੇ ਹਾਰਾ ਹੈ। ਜਿਸਦੇ ਸਿਮਰਨੇ ਕਰਕੇ ਉਧਾਰ ਹੋਵੇ ਗੁਰੂ ਨਾਨਕ ਜੀ ਉਸ ਤੋਂ ਬਲਿਹਾਰ ਹਨ।

**ਅਸਟਪਦੀ ॥**

**ਟੂਟੀ ਗਾਢਨਹਾਰ ਗੁੋਪਾਲ ॥**
**ਸਰਬ ਜੀਆ ਆਪੇ ਪ੍ਰਤਿਪਾਲ ॥**
**ਸਗਲ ਕੀ ਚਿੰਤਾ ਜਿਸੁ ਮਨ ਮਾਹਿ ॥**
**ਤਿਸਤੇ ਬਿਰਥਾ ਕੋਈ ਨਾਹਿ ॥**
**ਰੇ ਮਨ ਮੇਰੇ ਸਦਾ ਹਰਿ ਜਾਪਿ ॥**
**ਅਬਿਨਾਸੀ ਪ੍ਰਭੁ ਆਪੇ ਆਪਿ ॥**
**ਆਪਨ ਕੀਆ ਕਛੂ ਨ ਹੋਇ ॥**
**ਜੇ ਸਉ ਪ੍ਰਾਨੀ ਲੋਚੈ ਕੋਇ ॥**
**ਤਿਸੁ ਬਿਨੁ ਨਾਹੀ ਤੇਰੈ ਕਿਛੁ ਕਾਮ ॥**
**ਗਤਿ ਨਾਨਕ ਜਪਿ ਏਕ ਹਰਿ ਨਾਮ ॥ ੧ ॥**

ਟੁੱਟੀ ਹੋਈ ਨੂੰ ਗੰਢਣੇ ਵਾਲਾ ਪਰਮੇਸ਼ਰ ਹੈ। ਜੋ ਸਭ ਜੀਆਂ ਦੀ ਆਪ ਪ੍ਰਿਤਪਾਲ ਕਰਦਾ ਹੈ। ਜਿਸਦੇ ਮਨ ਵਿਚ ਸਾਰੀ ਬਿਸ਼ਵ ਦਾ ਫਿਕਰ ਹੈ।ਉਸ ਪਰਮੇਸ਼ਰ ਤੋਂ ਸੱਖਣਾ ਕੋਈ ਨਹੀਂ ਰਹ ਸਕਦਾ। ਇਸਲਈ ਹੇ ਮਨ ! ਉਸ ਸਿਰਜਨਹਾਰ ਵਾਹਿਗੁਰੂ ਨੂੰ ਸਦਾ ਜਪ। ਉਹ ਪ੍ਰਭੂ ਨਾਸ ਤੋਂ ਰਹਿਤ ਤੇ ਸੁਯੰ

Digitized by Panjab Digital Library | www.panjabdigilib.org

ਪ੍ਰਕਾਸ਼ ਹੈ। ਜੀਵ ਦਾ ਆਪਨਾ ਕੀਤਾ ਕੁਝ ਨਹੀਂ ਹੁੰਦਾ। ਭਾਵੇਂ ਕੋਈ ਪ੍ਰਾਣੀ ਸੌ ਲੋਚੇ ਪਿਆ। ਉਸ ਬਿਨਾਂ ਹੋਰ ਕੋਈ ਪਦਾਰਥ ਤੇਰੇ ਕੰਮ ਨਹੀਂ। ਗੁਰੂਜੀ-- ਇਕ ਹਰੀ ਦਾ ਨਾਮ ਜਪ, ਗਤੀ ਪ੍ਰਾਪਤ ਹੋਵੇਗੀ।

**ਰੂਪਵੰਤੁ ਹੋਇ ਨਾਹੀ ਮੋਹੈ ॥**
**ਪ੍ਰਭ ਕੀ ਜੋਤਿ ਸਗਲ ਘਟ ਸੋਹੈ ॥**
**ਧਨਵੰਤਾ ਹੋਇ ਕਿਆ ਕੋ ਗਰਬੈ ॥**
**ਜਾ ਸਭੁ ਕਿਛੁ ਤਿਸਕਾ ਦੀਆ ਦਰਬੈ ॥**
**ਅਤਿ ਸੂਰਾ ਜੇ ਕੋਊ ਕਹਾਵੈ ॥**
**ਪ੍ਰਭ ਕੀ ਕਲਾ ਬਿਨਾ ਕਹ ਧਾਵੈ ॥**
**ਜੇਕੋ ਹੋਇ ਬਹੈ ਦਾਤਾਰੁ ॥**
**ਤਿਸੁ ਦੇਨਹਾਰੁ ਜਾਨੈ ਗਾਵਾਰੁ ॥**
**ਜਿਸੁ ਗੁਰ ਪ੍ਰਸਾਦਿ ਤੂਟੈ ਹਉ ਰੋਗੁ ॥**
**ਨਾਨਕ ਸੋ ਜਨੁ ਸਦਾ ਅਰੋਗੁ ॥ ੨ ॥**

ਜੇ ਕੋਈ ਰੂਪ ਵਾਲਾ ਹੋਕੇ ਕਿਸੇ ਨੂੰ ਮੋਹਣਾ ਚਾਹੇ, ਤਾਂ ਉਸਤੋਂ ਕ੍ਰੋੜਾਂ ਗੁਣਾਂ ਵਧੀਕ ਸੁੰਦਰ ਪ੍ਰਭ ਦੀ ਜੋਤ ਸਾਰੇ ਘਟਾਂ ਵਿਚ ਸੋਭ ਰਹੀ ਹੈ। ਧਨ ਵਾਲਾ ਹੋਕੇ ਕੋਈ ਕੀ ਹੰਕਾਰ ਕਰ ਸਕਦਾਹੈ।ਜਦ ਸਭਪਦਾਰਥਦਿਤਾਹੋਇਆ ਹੀ ਉਸਦਾ ਹੈ। ਜੇ ਕੋਈ ਬੜਾ ਬਹਾਦਰ ਕਹਾਵੇ ਤਾਂ ਕਿਸ ਕੰਮ, ਕਿਉਂਕਿ ਪਰਮੇਸ਼ਰ ਦੀ ਸ਼ਕਤੀ ਬਿਨਾਂ ਕਿਸ ਪੁਰ ਧਾਵਾ ਕਰ ਸਕਦਾ ਹੈ। ਜੇ ਕੋਈ ਦਾਤਾ ਬਣ ਬੈਠੇ ਤਾਂ ਉਸ ਮੂਰਖ ਨੂੰ ਚਾਹੀਦਾ ਹੈ ਕਿ ਆਪਣੇ ਦੇਣੇ ਵਾਲੇ ਪਰਮੇਸ਼ਰ ਨੂੰ ਸਮਝੇ। ਗੁਰੂ ਦੀ ਕ੍ਰਿਪਾ ਕਰਕੇ ਜਿਸਦਾ ਅਹੰਤਾ ਰੂਪੀ ਰੋਗ ਨਾਸ ਹੋਵੇ। ਗੁਰੂ ਜੀ–ਉਹ ਪੁਰਖ ਸਦਾ ਨਿਰੋਆ ਹੈ।

**ਜਿਉ ਮੰਦਰ ਕਉ ਥਾਮੈ ਥੰਮਨੁ ॥**
**ਤਿਉ ਗੁਰ ਕਾ ਸਬਦੁ ਮਨਹਿ ਅਸਥੰਮਨੁ ॥**
**ਜਿਉ ਪਾਖਾਣੁ ਨਾਵ ਚੜਿ ਤਰੈ ॥**
**ਪ੍ਰਾਣੀ ਗੁਰ ਚਰਣ ਲਗਤੁ ਨਿਸਤਰੈ ॥**
**ਜਿਉ ਅੰਧਕਾਰ ਦੀਪਕ ਪਰਗਾਸੁ ॥**
**ਗੁਰ ਦਰਸਨੁ ਦੇਖਿ ਮਨਿ ਹੋਇ ਬਿਗਾਸੁ ॥**

Digitized by Panjab Digital Library | www.panjabdigilib.org

ਜਿਉ ਮਹਾ ਉਦਿਆਨ ਮਹਿ ਮਾਰਗੁ ਪਾਵੈ ॥
ਤਿਉ ਸਾਧੂ ਸੰਗਿ ਮਿਲਿ ਜੋਤਿ ਪ੍ਰਗਟਾਵੈ ॥
ਤਿਨ ਸੰਤਨ ਕੀ ਬਾਛਉ ਧੂਰਿ ॥
ਨਾਨਕ ਕੀ ਹਰ ਲੋਚਾ ਪੂਰਿ ॥ ੩ ॥

ਜਿਕੁਰ ਮੰਦਰ ਨੂੰ ਥੰਮਾ ਥੰਮਦਾ ਹੈ। ਤਿਵੇਂ ਗੁਰੂ ਕਾ ਸ਼ਬਦ ਮਨ ਦਾ ਆਸਰਾ ਹੈ। ਜਿਕੁਰ ਪੱਥਰ ਬੇੜੀ ਪੁਰ ਚੜ੍ਹਕੇ ਤਰਦਾ ਹੈ। ਇਕੁਰ ਜੀਵ ਗੁਰੂ ਦੇ ਚਰਨਾਂ ਨੂੰ ਲਗਕੇ ਮੁਕਤ ਹੁੰਦਾ ਹੈ। ਜਿਕੁਰ ਹਨੇਰੇ ਵਿਚ ਦੀਵੇ ਦਾ ਚਾਨਣਾ ਹੈ। ਤਿਵੇਂ ਗੁਰੂ ਦਾ ਦਰਸ਼ਨ ਦੇਖਕੇ ਮਨ ਖਿੜਦਾਹੈ। ਜਿਕੁਰ ਕੋਈ ਭੁਲਾ ਹੋਇਆ ਭਾਰੀ ਉਜਾੜ ਵਿਚ ਰਸਤਾ ਪਾਕੇ ਪਰਸੰਨ ਹੁੰਦਾ ਹੈ। ਤਿਵੇਂ ਸਾਧਾਂ ਦੇ ਸੰਗ ਮਿਲਨੇ ਤੇ ਜੋਤ ਪ੍ਰਗਟ ਹੁੰਦੀ ਹੈ। ਐਸੇ ਸੰਤਾਂ ਦੀ ਮੈਂ ਧੂੜ ਮੰਗਦਾ ਹਾਂ। ਹੇ ਹਰੀ ! ਨਾਨਕ ਦੀ ਇਹ ਇਛਾ ਪੂਰਨ ਕਰ।

ਮਨ ਮੂਰਖ ਕਾਹੇ ਬਿਲਲਾਈਐ ॥
ਪੁਰਬਿ ਲਿਖੇ ਕਾ ਲਿਖਿਆ ਪਾਈਐ ॥
ਦੂਖ ਸੂਖ ਪ੍ਰਭ ਦੇਵਨਹਾਰੁ ॥
ਅਵਰ ਤਿਆਗਿ ਤੂ ਤਿਸਹਿ ਚਿਤਾਰੁ ॥
ਜੋ ਕਛੁ ਕਰੈ ਸੋਈ ਸੁਖੁ ਮਾਨੁ ॥
ਭੂਲਾ ਕਾਹੇ ਫਿਰਹਿ ਅਜਾਨ ॥
ਕਉਨ ਬਸਤੁ ਆਈ ਤੇਰੈ ਸੰਗ ॥
ਲਪਟਿ ਰਹਿਓ ਰਸਿ ਲੋਭੀ ਪਤੰਗ ॥
ਰਾਮ ਨਾਮ ਜਪਿ ਹਿਰਦੇ ਮਾਹਿ ॥
ਨਾਨਕ ਪਤਿ ਸੇਤੀ ਘਰਿ ਜਾਹਿ ॥ ੪ ॥

ਹੇ ਮੂਰਖ ਮਨ ! ਕਿਉਂ ਬਿਰਲਾਪ ਕਰੀਏ। ਜਦ ਪੂਰਬਲੇ ਲੇਖਾਂ ਅਨੁਸਾਰ ਲਿਖਿਆ ਪਾਈਦਾ ਹੈ ਤਾਂ। ਦੁਖ ਸੁਖ ਦੇਣੇ ਵਾਲਾ ਤਾਂ ਪ੍ਰਭੂ ਹੈ। ਹੋਰ ਸੰਸੇ ਛੱਡਕੇ ਤੂੰ ਉਸਨੂੰ ਯਾਦ ਕਰ। ਜੋ ਕੁਝ ਪਰਮੇਸ਼ਰ ਕਰੇ ਤੂੰ ਉਸਨੂੰ ਸੁਖ ਕਰਕੇ ਜਾਣ। ਕਿਉਂ ਭੁਲਿਆ ਫਿਰਦਾ ਹੈਂ। ਤੇਰੇ ਨਾਲ ਕੀ ਚੀਜ਼ ਆਈ ਸੀ। ਜੋ ਤੂੰ ਲੋਭੀ ਕੀੜੇ ਰਸਾਂ ਨੂੰ ਲਿਪਟ ਰਿਹਾ ਹੈਂ। ਇਕ ਰਾਮ ਨਾਮ ਹਿਰਦੇ ਵਿਚ ਜਪ। ਗੁਰੂ ਜੀ--ਪਤ ਪ੍ਰਤੀਤ ਨਾਲ ਆਪਣੇ ਘਰ ਨੂੰ ਜਾਹ।

Digitized by Panjab Digital Library | www.panjabdigilib.org

ਜਿਸੁ ਵਖਰ ਕਉ ਲੈਨਿ ਤੂ ਆਇਆ ॥
ਰਾਮ ਨਾਮੁ ਸੰਤਨ ਘਰਿ ਪਾਇਆ ॥
ਤਜਿ ਅਭਿਮਾਨੁ ਲੇਹੁ ਮਨ ਮੋਲਿ ॥
ਰਾਮ ਨਾਮੁ ਹਿਰਦੇ ਮਹਿ ਤੋਲਿ ॥
ਲਾਦਿ ਖੇਪ ਸੰਤਹ ਸੰਗਿ ਚਾਲੁ ॥
ਅਵਰ ਤਿਆਗਿ ਬਿਖਿਆ ਜੰਜਾਲ ॥
ਧੰਨਿ ਧੰਨਿ ਕਹੈ ਸਭੁ ਕੋਇ ॥
ਮੁਖ ਊਜਲ ਹਰਿ ਦਰਗਹ ਸੋਇ ॥
ਇਹੁ ਵਾਪਾਰੁ ਵਿਰਲਾ ਵਾਪਾਰੈ ॥
ਨਾਨਕ ਤਾਕੈ ਸਦ ਬਲਿਹਾਰੈ ॥ ੫ ॥

ਜਿਸ ਸੌਦੇ ਨੂੰ ਤੂੰ ਲੈਣ ਵਾਸਤੇ ਆਇਆ ਹੈਂ, ਉਹ ਰਾਮ ਨਾਮ ਰੂਪ ਸੌਦਾ ਸੰਤਾਂ ਦੇ ਘਰ ਹਿਰਦੇ ਵਿਚ ਪਾਈਦਾ ਹੈ। ਤਾਂਤੇ ਅਭਮਾਨ ਨੂੰ ਛੱਡਕੇ ਮਨ ਦੇ ਮੁਲ ਰਾਮ ਨਾਮ ਨੂੰ ਲੈ। ਇਸ ਰਾਮ ਨਾਮ ਨੂੰ ਹਿਰਦੇ ਵਿਚ ਤੋਲ। ਇਸ ਵੱਖਰ ਨੂੰ ਲੱਦ ਤੇ ਸੰਤਾਂ ਦੀ ਸੰਗਤ ਵਿਚ ਰਹੁ। ਹੋਰ ਬਿਖ ਰੂਪੀ ਜੰਜਾਲ ਛੱਡ ਦੇਹ। ਤਦ ਤੈਨੂੰ ਸਭ ਕੋਈ ਧੰਨ ਧੰਨ ਕਹੇਗਾ। ਹਰੀ ਦੀ ਦਰਗਾਹ ਵਿਚ ਮੁਖ ਉਜਲ ਹੋਵੇਗਾ ਤੇ ਸੋਭਾ ਹੋਵੇਗੀ। ਪਰ ਇਸ ਵਾਪਾਰ ਨੂੰ ਕੋਈ ਵਿਰਲਾ ਵਾਪਾਰੀ ਵਿਹਾਝਦਾ ਹੈ। ਗੁਰੂ ਜੀ--ਪ੍ਰਭੂ ਉਸ ਵਾਪਾਰੀ ਦੇ ਸਦੀਵ ਕੁਰਬਾਨ ਹੈ।

ਚਰਨ ਸਾਧ ਕੇ ਧੋਇ ਧੋਇ ਪੀਉ ॥
ਅਰਪਿ ਸਾਧ ਕਉ ਅਪਨਾ ਜੀਉ ॥
ਸਾਧ ਕੀ ਧੂਰਿ ਕਰਹੁ ਇਸਨਾਨੁ ॥
ਸਾਧ ਊਪਰਿ ਜਾਈਐ ਕੁਰਬਾਨੁ ॥
ਸਾਧ ਸੇਵਾ ਵਡਭਾਗੀ ਪਾਈਐ ॥
ਸਾਧ ਸੰਗਿ ਹਰਿ ਕੀਰਤਨੁ ਗਾਈਐ ॥
ਅਨਿਕ ਬਿਘਨ ਤੇ ਸਾਧੂ ਰਾਖੈ ॥
ਹਰਿ ਗੁਨ ਗਾਇ ਅੰਮ੍ਰਿਤ ਰਸੁ ਚਾਖੈ ॥

Digitized by Panjab Digital Library | www.panjabdigilib.org

**ਓਟ ਗਹੀ ਸੰਤਹ ਦਰਿ ਆਇਆ ॥**
**ਸਰਬ ਸੂਖ ਨਾਨਕ ਤਿਹ ਪਾਇਆ ॥ ੬ ॥**

ਸਾਧੂ ਦੇ ਚਰਨ ਧੋ ਧੋ ਕੇ ਪੀ। ਫੇਰ ਆਪਣਾ ਮਨ ਸਾਧੂ ਦੇ ਅਰਪਨ ਕਰ। ਸਾਧੂ ਦੀ ਧੂੜ ਵਿਚ ਇਸ਼ਨਾਨ ਕਰ। ਸਾਧੂ ਉਤੋਂ ਸਦਾ ਕੁਰਬਾਨ ਹੋਵੀਏ। ਸਾਧੂ ਦੀ ਸੇਵਾ ਵੱਡੇ ਭਾਗਾਂ ਕਰਕੇ ਪ੍ਰਾਪਤ ਹੁੰਦੀ ਹੈ। ਫਲ ਇਹ ਹੁੰਦਾ ਹੈ ਕਿ ਸਾਧਾਂ ਦੇ ਸੰਗ ਕਰਕੇ ਕੀਰਤਨ ਗਾਵੀਦਾ ਹੈ ਅਰ ਅਨੇਕਾਂ ਵਿਘਨਾਂ ਤੋਂ ਸਾਧੂ ਬਚਾ ਲੈਂਦਾ ਹੈ। ਉਸਦੇ ਸੰਗ ਵਿਚ ਹਰੀ ਗੁਣ ਗਾਈਦਾ ਅਤ ਅੰਮ੍ਰਿਤ ਰਸ ਚੱਖੀਦਾ ਹੈ। ਜਿਸਨੇ ਸੰਤਾਂ ਦੀ ਓਟ ਲੈ ਲਈ ਅਰ ਉਨ੍ਹਾਂ ਦੇ ਦੁਆਰੇ ਆ ਡਿੱਗਾ। ਗੁਰੂ ਜੀ-ਸਮੂਹ ਸੁਖ ਉਸਨੂੰ ਪ੍ਰਾਪਤ ਹੋਗਿਆ।

**ਮਿਰਤਕ ਕਉ ਜੀਵਾਲਨ ਹਾਰ ॥**
**ਭੂਖੇ ਕਉ ਦੇਵਤ ਅਧਾਰ ॥**
**ਸਰਬ ਨਿਧਾਨ ਜਾਕੀ ਦ੍ਰਿਸਟੀ ਮਾਹਿ ॥**
**ਪੁਰਬ ਲਿਖੇ ਕਾ ਲਹਿਣਾ ਪਾਹਿ ॥**
**ਸਭੁ ਕਿਛੁ ਤਿਸਕਾ ਓਹੁ ਕਰਨੈ ਜੋਗੁ ॥**
**ਤਿਸੁ ਬਿਨੁ ਦੂਸਰ ਹੋਆ ਨ ਹੋਗੁ ॥**
**ਜਪਿ ਜਨ ਸਦਾ ਸਦਾ ਦਿਨੁ ਰੈਣੀ ॥**
**ਸਭ ਤੇ ਊਚ ਨਿਰਮਲ ਇਹ ਕਰਣੀ ॥**
**ਕਰਿ ਕਿਰਪਾ ਜਿਸ ਕਉ ਨਾਮੁ ਦੀਆ ॥**
**ਨਾਨਕ ਸੋ ਜਨੁ ਨਿਰਮਲੁ ਥੀਆ ॥ ੭ ॥**

ਮੁਰਦੇ ਨੂੰ ਜਿਵਾਵਣੇ ਵਾਲਾ ਹੈ ਪਰਮੇਸ਼੍ਵਰ। ਭੁਖੇ ਨੂੰ ਆਸਰਾ ਦੇਂਦਾ ਹੈ। ਸਾਰੇ ਪਦਾਰਥਾਂ ਦੇ ਭੰਡਾਰ ਜਿਸਦੀ ਦ੍ਰਿਸ਼ਟੀ ਵਿਚ ਹਨ। ਜਿਸਤੋਂ ਜੀਵ ਪੂਰਬਲੇ ਲਿਖੇ ਅਨੁਸਾਰ ਲੈਹਣਾ ਪ੍ਰਾਪਤ ਕਰਦੇ ਹਨ। ਸਭੋ ਕੁਝ ਉਸਦਾਹੈ, ਸਭ ਕੁਝ ਕਰਨੇ ਨੂੰ ਸਮਰੱਥ ਹੈ। ਉਸਤੋਂ ਬਿਨਾਂ ਨਾ ਕੋਈ ਹੋਇਆ ਨਾਂ ਕੋਈ ਹੋਏਗਾ। ਹੇ ਜੀਵ ਸਦੀਵ ਦਿਨ ਰਾਤ ਉਸਨੂੰ ਯਾਦ ਕਰ। ਸਭ ਤੋਂ ਉਚੀ ਅਰ ਨਿਰਮਲ ਇਹ ਕਾਰ ਹੈ। ਜਿਸਨੂੰ ਉਸ ਪਰਮੇਸ਼ਰ ਨੇ ਕ੍ਰਿਪਾ ਕਰਕੇ ਆਪਣਾ ਨਾਮ ਬਖਸ਼ਿਆ। ਗੁਰੂ ਜੀ-ਉਹ ਪੁਰਖ ਨਿਰਮਲ ਹੋਗਿਆ।

**ਜਾਕੈ ਮਨਿ ਗੁਰ ਕੀ ਪਰਤੀਤਿ ॥**
**ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ ॥**

Digitized by Panjab Digital Library | www.panjabdigilib.org

ਭਗਤੁ ਭਗਤੁ ਸੁਨੀਐ ਤਿਹੁ ਲੋਇ ॥
ਜਾ ਕੈ ਹਿਰਦੈ ਏਕੋ ਹੋਇ ॥
ਸਚੁ ਕਰਣੀ ਸਚੁ ਤਾ ਕੀ ਰਹਤ ॥
ਸਚੁ ਹਿਰਦੈ ਸਤਿ ਮੁਖਿ ਕਹਤ ॥
ਸਾਚੀ ਦ੍ਰਿਸਟਿ ਸਾਚਾ ਆਕਾਰੁ ॥
ਸਚੁ ਵਰਤੈ ਸਾਚਾ ਪਾਸਾਰੁ ॥
ਪਾਰਬ੍ਰਹਮ ਜਿਨਿ ਸਚੁ ਕਰਿ ਜਾਤਾ ॥
ਨਾਨਕ ਸੋ ਜਨੁ ਸਚਿ ਸਮਾਤਾ ॥ ੮ ॥ ੧੫ ॥

ਜਿਸਦੇ ਮਨ ਵਿਚ ਗੁਰੂ ਦੀ ਪ੍ਰਤੀਤ ਹੈ, ਉਸ ਪੁਰਖ ਨੂੰ ਹਰੀ ਪ੍ਰਭੂ ਯਾਦ ਆਉਂਦਾ ਹੈ। ਤਿਨ ਲੋਕਾਂ ਵਿਚ ਉਹ ਭਗਤ ੨ ਕਰਕੇ ਸੁਣਿਆ ਜਾਂਦਾ ਹੈ। ਜਿਸਦੇ ਹਿਰਦੇ ਵਿਚ ਇਕੋ ਹੁੰਦਾ ਹੈ। ਉਸਦੀ ਕਰਣੀ ਸਚ ਹੈ ਉਸਦੀ ਰਹਤ ਭੀ ਸਚ ਹੈ। ਸਚ ਹੀ ਉਸਦੇ ਹਿਰਦੇ ਵਿਚ ਹੈ, ਸਚ ਹੀ ਮੂੰਹੋਂ ਕਥਨ ਕਰਦਾ ਹੈ। ਸਚੀ ਉਸਦੀ ਦ੍ਰਿਸ਼ਟੀ ਹੈ ਸਚਾ ਹੀ ਉਸਦਾ ਰੂਪ ਹੈ। ਸਚ ਵਿਚ ਹੀ ਉਹ ਵਰਤਦਾ ਹੈ ਤੇ ਸਚਾ ਹੀ ਪਸਾਰਾ ਦੁਨੀਆ ਨੂੰ ਜਾਣਦਾ ਹੈ।ਪਰਮੇਸ਼ਰ ਨੂੰ ਜਿਸਨੇ ਸਤ ਕਰਕੇ ਜਾਣ ਲਿਆ ਹੈ। ਗੁਰੂ ਜੀ–ਉਹ ਪੁਰਖ ਸਚ ਵਿਚ ਹੀ ਲਿਵਲੀਨ ਹੋ ਜਾਂਦਾ ਹੈ।

## ਸਲੋਕੁ ॥

ਰੂਪੁ ਨ ਰੇਖ ਨ ਰੰਗੁ ਕਿਛੁ ਤ੍ਰਿਹੁ ਗੁਣ ਤੇ ਪ੍ਰਭ ਭਿੰਨ ॥
ਤਿਸਹਿ ਬੁਝਾਏ ਨਾਨਕਾ ਜਿਸੁ ਹੋਵੈ ਸੁ ਪ੍ਰਸੰਨ ॥ ੧ ॥

ਜਿਸਦਾ ਰੂਪ ਨਹੀਂ, ਰੰਗ ਨਹੀਂ, ਰੇਖ ਨਹੀਂ,ਉਹ ਪ੍ਰਭੂ ਤਿਨ ਗੁਣਾਂ ਤੋਂ ਪਾਰ ਹੈ। ਪਰ ਇਸ ਗਲ ਦੀ ਬੋਧ ਉਸਨੂੰ ਦੇਂਦਾ ਹੈ (ਗੁਰੂ ਜੀ) ਜਿਸ ਪੁਰ ਪਰਸੰਨ ਹੋਵੇ ।

## ਅਸਟਪਦੀ ॥

ਅਬਿਨਾਸੀ ਪ੍ਰਭੁ ਮਨ ਮਹਿ ਰਾਖੁ ॥
ਮਾਨੁਖ ਕੀ ਤੂ ਪ੍ਰੀਤਿ ਤਿਆਗੁ ॥
ਤਿਸ ਤੇ ਪਰੈ ਨਾਹੀ ਕਿਛੁ ਕੋਇ ॥

Digitized by Panjab Digital Library | www.panjabdigilib.org

ਸਰਬ ਨਿਰੰਤਰਿ ਏਕੋ ਸੋਇ ॥
ਆਪੇ ਬੀਨਾ ਆਪੇ ਦਾਨਾ ॥
ਗਹਿਰ ਗੰਭੀਰੁ ਗਹੀਰੁ ਸੁਜਾਨਾ ॥
ਪਾਰਬ੍ਰਹਮ ਪਰਮੇਸੁਰ ਗੋਬਿੰਦ ॥
ਕ੍ਰਿਪਾ ਨਿਧਾਨ ਦਇਆਲ ਬਖਸੰਦ ॥
ਸਾਧ ਤੇਰੇ ਕੀ ਚਰਨੀ ਪਾਉ ॥
ਨਾਨਕ ਕੈ ਮਨਿ ਇਹੁ ਅਨਰਾਉ ॥ ੧ ॥

ਨਾਸ਼ ਤੋਂ ਰਹਿਤ ਪ੍ਰਭੂ ਨੂੰ ਮਨ ਵਿੱਚ ਯਾਦ ਰਖ। ਮਨੁਖ ਦੀ ਪ੍ਰੀਤ ਨੂੰ ਤਿਆਗ ਦੇ। ਉਸ ਪਰਮੇਸ਼ਰ ਤੋਂ ਪਰੇ ਨਾਂ ਕੋਈ ਕੁਛ ਹੈ। ਸਭਸ ਵਿਚ ਅੰਤਰੇ ਤੋਂ ਰਹਿਤ ਇਕ ਉਹੋ ਆਪ ਹੀ ਦਿਸਦਾ ਹੈ ਤੇ ਆਪੇ ਹੀ ਜਾਨਣੇ ਵਾਲਾ ਹੈ। ਡੂੰਗਾ ਹੈ,ਗੰਭੀਰ ਹੈ,ਵਿਆਪਕ ਹੈ, ਜਾਨਣੇ ਹਾਰ ਹੈ। ਪਾਰਬ੍ਰਹਮ ਪਰਮੇਸ਼ਰ ਗੋਬਿੰਦ ਹੈ। ਕ੍ਰਿਪਾ ਦਾ ਸਮੁੰਦਰ ਹੈ, ਦਿਆਲ ਤੇ ਬਖਸ਼ਣੇ ਹਾਰ ਹੈ। ਹੇ ਪ੍ਰਭੂ ! ਮੈਂ ਤੇਰੇ ਸਾਧੂ ਦੀ ਚਰਨੀ ਪਵਾਂ। ਮੈਂ ਨਾਨਕ ਦੇ ਮਨ ਇਹੋ ਪ੍ਰੇਮ ਹੈ।

ਮਨਸਾ ਪੂਰਨ ਸਰਨਾ ਜੋਗ ॥
ਜੋ ਕਰਿ ਪਾਇਆ ਸੋਈ ਹੋਗੁ ॥
ਹਰਨ ਭਰਨ ਜਾਕਾ ਨੇਤ੍ਰ ਫੋਰੁ ॥
ਤਿਸਕਾ ਮੰਤ੍ਰੁ ਨ ਜਾਨੈ ਹੋਰੁ ॥
ਅਨਦ ਰੂਪ ਮੰਗਲ ਸਦ ਜਾਕੈ ॥
ਸਰਬ ਥੋਕ ਸੁਨੀਅਹਿ ਘਰਿ ਤਾਕੈ ॥
ਰਾਜ ਮਹਿ ਰਾਜੁ ਜੋਗ ਮਹਿ ਜੋਗੀ ॥
ਤਪ ਮਹਿ ਤਪੀਸਰੁ ਗ੍ਰਿਹਸਤ ਮਹਿ ਭੋਗੀ ॥
ਧਿਆਇ ਧਿਆਇ ਭਗਤਹ ਸੁਖੁ ਪਾਇਆ ॥
ਨਾਨਕ ਤਿਸੁ ਪੁਰਖ ਕਾ ਕਿਨੈ ਅੰਤੁ ਨ ਪਾਇਆ ॥ ੨ ॥

ਮਨ ਦੀ ਵਾਸ਼ਨਾ ਪੂਰਨ ਕਰਨੇ ਵਾਲਾ ਸ਼ਰਨ ਲੈਣੇ ਦੇ ਯੋਗ ਹੈ। ਜੋ ਉਸਨੇ ਜੀਵ ਦੇ ਹੱਥ ਵਿਚ ਪਾਇਆ ਹੈ ਉਹੋ ਹੋਵੇਗਾ।ਜਿਸਦੇ ਨੇਤਰ ਫੁਰਕਣੇ

Digitized by Panjab Digital Library | www.panjabdigilib.org

ਮਾਤ੍ਰ ਵਿਚ ਸ੍ਰਿਸ਼ਟੀ ਦਾ ਨਾਸ ਤੇ ਉਤਪਤੀ ਹੁੰਦੀ ਹੈ। ਉਸਦੇ ਮੰਤਰ ਸਲਾਹ ਨੂੰ ਉਸਤੋਂ ਬਿਨਾ ਹੋਰ ਕੋਈ ਨਹੀਂ ਜਾਣਦਾ ਆਪ ਅਨੰਦ ਰੂਪ ਹੈ ਅਰ ਉਸਦੇ ਘਰ ਸਦਾ ਖੁਸ਼ੀ ਹੈ। ਕਿਉਂਕਿ ਉਸਦੇ ਘਰ ਸਾਰੇ ਪਦਾਰਥ ਸੁਣੀਦੇ ਹਨ। ਰਾਜ ਵਿਚ ਰਾਜਿਆਂ ਨੇ ਜੋਗ ਵਿਚ ਜੋਗੀਆਂ ਨੇ। ਤਪ ਵਿਚ ਤਪੀਸ਼ਰ ਨੇ ਗ੍ਰਿਹਸਤ ਵਿਚ ਗ੍ਰਿਹਸਤੀਆਂ ਨੇ। ਧਿਆਇ ਧਿਅਇ ਕੇ ਭਗਤਾਂ ਨੇ ਸੁਖ ਪਾਯਾ ਹੈ। ਗੁਰੂ ਜੀ-ਉਸ ਪੂਰਨ ਪਰਮੇਸ਼ਰ ਦਾ ਕਿਸੇ ਨੇ ਅੰਤ ਨਹੀਂ ਪਾਇਆ।

**ਜਾਕੀ ਲੀਲਾ ਕੀ ਮਿਤਿ ਨਾਹਿ ॥**
**ਸਗਲ ਦੇਵ ਹਾਰੇ ਅਵਗਾਹਿ ॥**
**ਪਿਤਾ ਕਾ ਜਨਮੁ ਕਿ ਜਾਨੈ ਪੂਤੁ ॥**
**ਸਗਲ ਪਰੋਈ ਅਪੁਨੈ ਸੂਤਿ ॥**
**ਸੁਮਤਿ ਗਿਆਨੁ ਧਿਆਨੁ ਜਿਨ ਦੇਇ ॥**
**ਜਨ ਦਾਸ ਨਾਮੁ ਧਿਆਵਹਿ ਸੇਇ ॥**
**ਤਿਹੁ ਗੁਣ ਮਹਿ ਜਾਕਉ ਭਰਮਾਏ ॥**
**ਜਨਮਿ ਮਰੈ ਫਿਰਿ ਆਵੈ ਜਾਏ ॥**
**ਊਚ ਨੀਚ ਤਿਸਕੇ ਅਸਥਾਨ ॥**
**ਜੈਸਾ ਜਨਾਵੈ ਤੈਸਾ ਨਾਨਕ ਜਾਨ ॥ ੩ ॥**

ਜਿਸਦੀ ਕ੍ਰੀੜਾ ਖੇਲ ਦਾ ਅੰਤ ਨਹੀਂ। ਜਿਸਦਾ ਅੰਤ ਪਾਉਂਦੇ ਹੋਏ ਸਾਰੇ ਦੇਵ ਹਾਰ ਗਏ ਹਨ ਥਾਹ ਲੈਂਦੇ ਹੋਏ। ਪਿਤਾ ਦ ਜਨਮ ਪੁਤਰ ਕੀ ਜਾਣ ਸਕਦਾ ਹੈ? ਸਾਰੀ ਸ੍ਰਿਸ਼ਟੀ ਪਿਤਾ ਨੇ ਹੀ ਅਪਣੇ ਸਤਾ ਸਫੁਰਤੀ ਰੂਪੀ ਸੂਤ ਵਿਚ ਪ੍ਰੋਈ ਹੈ। ਨੇਕ ਬੁਧੀ ਆਤਮ ਵਸ਼ੇਣੀ ਗਿਆਨ ਤੇ ਧਿਆਨ ਜਿਨ੍ਹਾਂ ਨੂੰ ਪ੍ਰਭੂ ਦਿੰਦਾ ਹੈ। ਐਸੇ ਜੋ ਭਗਤ ਜਨ ਹਨ ਸੋ ਨਾਮ ਧਿਆਉਂਦੇ ਹਨ ਜਿਨ੍ਹਾਂ ਨੂੰ ਤਿਨਾਂ ਗੁਣਾਂ ਵਿਚ ਭਰਮਾਉਂਦਾ ਹੈ। ਉਹ ਜਨਮਦਾ ਮਰਦਾ ਤੇ ਫਿਰ ਆਉਂਦਾ ਜਾਂਦਾ ਹੈ। ਉਚੇ ਨੀਵੇ ਥਾਉਂ ਉਸੇ ਦੇ ਰਚੇ ਹੋਏ ਹਨ। ਜੈਸਾ ਜਿਸਨੂੰ ਜਣਾਉਂਦਾ ਹੈ ਨਾਨਕ ਤੈਸਾ ਕੋਈ ਜਾਣਦਾ ਹੈ।

**ਨਾਨਾ ਰੂਪ ਨਾਨਾ ਜਾਕੇ ਰੰਗ ॥**
**ਨਾਨਾ ਭੇਖ ਕਰਹਿ ਇਕ ਰੰਗ ॥**

Digitized by Panjab Digital Library | www.panjabdigilib.org

ਨਾਨਾ ਬਿਧਿ ਕੀਨੋ ਬਿਸਥਾਰੁ ॥
ਪ੍ਰਭੁ ਅਬਿਨਾਸੀ ਏਕੰਕਾਰੁ ॥
ਨਾਨਾ ਚਲਿਤ ਕਰੇ ਖਿਨ ਮਾਹਿ ॥
ਪੂਰਿ ਰਹਿਓ ਪੂਰਨੁ ਸਭ ਠਾਇ ॥
ਨਾਨਾ ਬਿਧਿ ਕਰਿ ਬਨਤ ਬਨਾਈ ॥
ਅਪਨੀ ਕੀਮਤਿ ਆਪੇ ਪਾਈ ॥
ਸਭ ਘਟ ਤਿਸਕੇ ਸਭ ਤਿਸਕੇ ਠਾਉ ॥
ਜਪਿ ਜਪਿ ਜੀਵੈ ਨਾਨਕ ਹਰਿ ਨਾਉ ॥ ੪ ॥

ਕਈ ਜਿਸਦੇ ਰੂਪ ਤੇ ਰੰਗ ਹਨ। ਕਈ ਭੇਖ ਕਰਦਾ ਹੋਇਆ ਫਿਰ ਇਕ ਰੰਗ ਰਹਿੰਦਾ ਹੈ। ਅਨੇਕ ਤਰਾਂ ਦਾ ਵਿਸਥਾਰ ਜਿਸਨੇ ਕੀਤਾ ਹੈ, ਉਹ ਪ੍ਰਭੂ ਨਾਸ ਤੋਂ ਰਹਿਤ ਇਕ ਰਸ ਹੈ। ਅਨੇਕਾਂ ਚਰਿਤਰ ਪਲ ਵਿਚ ਕਰਦਾ ਹੈ। ਉਹ ਪੂਰਨ ਪ੍ਰਮਾਤਮਾਂ ਸਭ ਥਾਈਂ ਪੂਰ ਰਹਿਆ ਹੈ। ਅਨੇਕਾਂ ਜੁਗਤਾਂ ਕਰ ਸੰਸਾਰ ਦੀ ਜਿਸਨੇ ਰਚਨਾ ਬਣਾਈ ਹੈ। ਉਸਨੇ ਆਪਣੀ ਕੀਮਤ ਆਪ ਹੀ ਪਾਈ ਹੈ। ਸਾਰੇ ਘਟ ਉਸਦੇ ਹਨ,ਸਾਰੇ ਥਾਂ ਉਸਦੇ ਹਨ। ਐਸੇ ਪ੍ਰਭੂ ਦ ਨਾਉਂ ਜਪ ਜਪ ਕੇ ਨਾਨਕ ਜੀਉਂਦਾ ਹੈ।

ਨਾਮ ਕੇ ਧਾਰੇ ਸਗਲੇ ਜੰਤ ॥
ਨਾਮ ਕੇ ਧਾਰੇ ਖੰਡ ਬ੍ਰਹਮੰਡ ॥
ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ॥
ਨਾਮ ਕੇ ਧਾਰੇ ਸੁਨਨ ਗਿਆਨ ਧਿਆਨ ॥
ਨਾਮ ਕੇ ਧਾਰੇ ਆਗਾਸ ਪਾਤਾਲ ॥
ਨਾਮ ਕੇ ਧਾਰੇ ਸਗਲ ਆਕਾਰ ॥
ਨਾਮ ਕੇ ਧਾਰੇ ਪੁਰੀਆ ਸਭ ਭਵਨ ॥
ਨਾਮ ਕੈ ਸੰਗਿ ਉਧਰੇ ਸੁਨਿ ਸ੍ਰਵਨ ॥
ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਏ ॥
ਨਾਨਕ ਚਉਥੇ ਪਦ ਮਹਿ ਸੋ ਜਨੁ ਗਤਿ ਪਾਏ ॥ ੫ ॥

Digitized by Panjab Digital Library | www.panjabdigilib.org

ਨਾਮ ਦੇ ਧਾਰੇ ਹੋਏ ਸਭ ਜੰਤ ਹਨ। ਨਾਮ ਦੇ ਧਾਰੇ ਹੋਏ ਸਭ ਦੇਸ ਬ੍ਰਹਮੰਡ ਹਨ। ਨਾਮ ਦੇ ਧਾਰੇ ਹੋਏ ਸਭ ਸਿਮ੍ਰਤੀਆਂ ਬੇਦ ਪੁਰਾਨ ਹਨ। ਨਾਮ ਦੇ ਧਾਰੇ ਹੋਏ ਸਭ ਸੁਣਨਾ ਗਿਆਨ ਧਿਆਨ ਹਨ। ਨਾਮ ਦੇ ਧਾਰੇ ਹੋਏ ਸਭ ਅਕਾਸ਼ ਪਾਤਾਲ ਹਨ। ਨਾਮ ਦੇ ਧਾਰੇ ਹੋਏ ਸਭ ਸਾਰੇ ਸਰੂਪ। ਨਾਮ ਦੇ ਧਾਰੇ ਹੋਏ ਸਭ ਪੁਰੀਆਂ ਤੇ ੧੪ ਭਵਨ। ਮੁਕਤ ਪ੍ਰਤੱਖ ਨਾਮ ਦੇ ਸੰਗ ਕਰਕੇ ਕੰਨਾਂ ਦੁਆਰਾ ਸੁਣਕੇ ਉਧਾਰ ਨੂੰ ਪ੍ਰਾਪਤ ਹੋਏ। ਪਰਮੇਸ਼ਰ ਕ੍ਰਿਪਾ ਕਰਕੇ ਜਿਸਨੂੰ ਆਪਣੇ ਨਾਮ ਵਿਚ ਲਾਵੇ। ਗੁਰੂ ਜੀ-ਚੌਥੇ ਪਦ ਵਿਚੋਂ ਉਹ ਪੁਰਖ ਮੁਕਤੀ ਪਾਉਂਦਾ ਹੈ।

**ਰੂਪੁ ਸਤਿ ਜਾਕਾ ਸਤਿ ਅਸਥਾਨੁ ॥**
**ਪੁਰਖੁ ਸਤਿ ਕੇਵਲ ਪਰਧਾਨੁ ॥**
**ਕਰਤੂਤਿ ਸਤਿ ਸਤਿ ਜਾਕੀ ਬਾਣੀ ॥**
**ਸਤਿ ਪੁਰਖ ਸਭ ਮਾਹਿ ਸਮਾਣੀ ॥**
**ਸਤਿ ਕਰਮੁ ਜਾਕੀ ਰਚਨਾ ਸਤਿ ॥**
**ਮੂਲੁ ਸਤਿ ਸਤਿ ਉਤਪਤਿ ॥**
**ਸਤਿ ਕਰਣੀ ਨਿਰਮਲ ਨਿਰਮਲੀ ॥**
**ਜਿਸਹਿ ਬੁਝਾਏ ਤਿਸਹਿ ਸਭ ਭਲੀ ॥**
**ਸਤਿ ਨਾਮੁ ਪ੍ਰਭ ਕਾ ਸੁਖਦਾਈ ॥**
**ਬਿਸ੍ਵਾਸੁ ਸਤਿ ਨਾਨਕ ਗੁਰ ਤੇ ਪਾਈ ॥ ੬ ॥**

ਜਿਸਦਾ ਰੂਪ ਸਤ ਹੈ ਤੇ ਅਸਥਾਨ ਭੀ ਸਤ ਹੈ। ਉਹ ਕੇਵਲ ਇਕੱਠਾ ਪੂਰਨ ਰੂਪ ਪ੍ਰਧਾਨ ਹੈ। ਕਰਣੀ ਜਿਸਦੀ ਸਤ ਹੈ ਤੇ ਬਾਣੀ ਸਤ ਹੈ। ਉਹ ਸਤ ਪੁਰਖ ਸਭ ਵਿਚ ਸਮਾ ਰਿਹਾ ਹੈ। ਜਿਸਦਾ ਕਰਮ ਬੀ ਸਤ ਤੇ ਰਚਨ ਬੀ ਸਤ ਹੈ। ਉਹ ਆਪ ਕਾਰਨ ਰੂਪ ਭੀ ਸਤ ਤੇ ਉਸਦੀ ਉਤਪਤੀ ਕਾਰਜ ਭੀ ਸਤ ਹੈ। ਸਤ ਹੈ ਕਰਣੀ ਜਿਸਦੀ ਤੇ ਨਿਰਮਲ ਤੋਂ ਨਿਰਮਲ ਹੈ। ਜਿਸਨੂੰ ਬੁਝਾਵੇ ਉਸਨੂੰ ਸਾਰੀ ਭਲੀ ਭਾਸਦੀ ਹੈ। ਐਸੇ ਪ੍ਰਭੂ ਦਾ ਸਤਨਾਮ ਸੁਖਦਾਈ ਹੈ। ਗੁਰੂ ਜੀ-ਇਸ ਸਤਨਾਮ ਪੁਰ ਸੱਤ ਨਿਸਚਾ ਗੁਰੂ ਤੋਂ ਪ੍ਰਾਪਤ ਕਰੀਦਾ ਹੈ।

**ਸਤਿ ਬਚਨ ਸਾਧੂ ਉਪਦੇਸ ॥**
**ਸਤਿ ਤੇ ਜਨ ਜਾਕੈ ਰਿਦੈ ਪ੍ਰਵੇਸ ॥**

Digitized by Panjab Digital Library | www.panjabdigilib.org

ਸਤਿ ਨਿਰਤਿ ਬੂਝੈ ਜੇ ਕੋਇ ॥
ਨਾਮੁ ਜਪਤ ਤਾਕੀ ਗਤਿ ਹੋਇ ॥
ਆਪਿ ਸਤਿ ਕੀਆ ਸਭੁ ਸਤਿ ॥
ਆਪੇ ਜਾਨੈ ਅਪਨੀ ਮਿਤਿ ਗਤਿ ॥
ਜਿਸਕੀ ਸ੍ਰਿਸਟਿ ਸੁ ਕਰਣੈ ਹਾਰੁ ॥
ਅਵਰ ਨ ਬੂਝਿ ਕਰਤ ਬੀਚਾਰੁ ॥
ਕਰਤੈ ਕੀ ਮਿਤਿ ਨ ਜਾਨੈ ਕੀਆ ॥
ਨਾਨਕ ਜੋ ਤਿਸੁ ਭਾਵੈ ਸੋ ਵਰਤੀਆ ॥ ੭ ॥

ਸਾਧੂ ਦਾ ਉਪਦੇਸ਼ ਤੇ ਸਤ ਬਚਨ। ਉਹ ਪੁਰਖ ਸਤ ਹਨ ਜਿਨ੍ਹਾਂ ਦੇ ਹਿਰਦੇ ਵਿਚ ਸਤ ਦਾ ਪ੍ਰਵੇਸ਼ ਹੈ। ਸਤ ਨੂੰ ਜੇ ਕੋਈ ਪ੍ਰੇਮ ਨਾਲ ਸਮਝ ਲਵੇ। ਨਾਮ ਜਪਦਿਆਂ ਹੋਇਆਂ ਉਸਦੀ ਗਤੀ ਹੁੰਦੀ ਹੈ। ਆਪ ਪ੍ਰਭੂ ਸਤ ਹੈ ਉਸਦੀ ਰਚਨਾ ਭੀ ਸਭ ਸਤ ਸਰੂਪ ਹੈ। ਉਹ ਪ੍ਰਭੂ ਆਪਣੀ ਮਿਤੀ ਮਰਯਾਦਾ ਗਤੀ ਨੂੰ ਆਪ ਹੀ ਜਾਣਦਾ ਹੈ। ਜਿਸਦੀ ਇਹ ਸ੍ਰਿਸ਼ਟੀ ਹੈ ਉਹ ਆਪ ਹੀ ਰਚਨ ਹਾਰ ਹੈ। ਹੋਰ ਕੋਈ ਇਸਨੂੰ ਸੁਝ ਨਹੀਂ ਸਕਦਾ ਭਾਵੇਂ ਵਿਚਾਰ ਕਰੋ। ਕਰਤੇ ਦੀ ਮਰਯਾਦਾ ਨੂੰ ਕੀਤਾ ਹੋਇਆ ਜੀਵ ਨਹੀਂ ਜਾਣਦਾ। ਗੁਰੂਜੀ – ਜੋ ਉਸਨੂੰ ਭਾਉਂਦਾ ਹੈ ਸੋ ਵਰਤਦਾ ਹੈ।

ਬਿਸਮਨ ਬਿਸਮ ਭਏ ਬਿਸਮਾਦ ॥
ਜਿਨਿ ਬੂਝਿਆ ਤਿਸੁ ਆਇਆ ਸ੍ਵਾਦ ॥
ਪ੍ਰਭ ਕੈ ਰੰਗਿ ਰਾਚਿ ਜਨ ਰਹੇ ॥
ਗੁਰ ਕੈ ਬਚਨਿ ਪਦਾਰਥ ਲਹੇ ॥
ਓਇ ਦਾਤੇ ਦੁਖ ਕਾਟਨ ਹਾਰ ॥
ਜਾ ਕੈ ਸੰਗਿ ਤਰੈ ਸੰਸਾਰ ॥
ਜਨ ਕਾ ਸੇਵਕੁ ਸੋ ਵਡਭਾਗੀ ॥
ਜਨ ਕੈ ਸੰਗਿ ਏਕ ਲਿਵ ਲਾਗੀ ॥
ਗੁਨ ਗੋਬਿੰਦ ਕੀਰਤਨੁ ਜਨੁ ਗਾਵੈ ॥
ਗੁਰਪ੍ਰਸਾਦਿ ਨਾਨਕ ਫਲੁ ਪਾਵੈ ॥ ੮ ॥ ੧੬ ॥

Digitized by Panjab Digital Library | www.panjabdigilib.org

ਜਿਨ੍ਹਾਂ ਡਿਠਾ ਹੈ ਉਹ ਅਸਚਰਜ ਹੁੰਦੇ ਹੋਏ ਅਸਚਰਜ ਹੋਕੇ ਅਸਰਚਜ ਰੂਪ ਹੋ ਗਏ ਹਨ। ਜਿਸਨੇ ਉਸਨੂੰ ਸਮਝਿਆ ਉਸੇ ਨੂੰ ਸੁਆਦ ਆਇਆ। ਉਹੀ ਜਨ ਪ੍ਰਭੂ ਦੇ ਰੰਗ ਵਿਚ ਰਚ ਰਹੇ ਹਨ। ਗੁਰੂ ਦੇ ਬਚਨਾਂ ਦੁਆਰਾ ਉਨ੍ਹਾਂ ਨੇ ਪਦਾਰਥ ਲਾਭ ਲੀਤਾ ਹੈ। ਉਹ ਗੁਰੂ ਜੀ ਦਾਤੇ ਤੇ ਦੁਖਾਂ ਦੇ ਕਟਣ ਹਾਰੇ ਹਨ। ਜਿਨ੍ਹਾਂ ਦੇ ਸੰਗ ਲਗਕੇ ਸੰਸਾਰ ਤਰਦਾ ਹੈ। ਜੋ ਐਸੇਭਗਤ ਪੁਰਖ ਦਾ ਸੇਵਕ ਹੈ ਸੋ ਵਡੇ ਭਾਗਾਂ ਵਾਲਾ ਹੈ। ਕਿਉਂਕਿ ਐਸੇ ਭਗਤ ਪੁਰਖ ਦਾ ਸੰਗ ਕਰਕੇ ਇਕ ਰਸ ਅਖੰਡ ਲਿਵ ਜੁੜਦੀ ਹੈ। ਉਹ ਸੇਵਕ ਗੋਬਿੰਦ ਦੇ ਗੁਣ ਤੇ ਕੀਰਤਨ ਗਾਉਂਦਾ ਹੈ। ਗੁਰੂ ਜੀ—ਤਦ ਗੁਰਾਂ ਦੀ ਕ੍ਰਿਪਾ ਕਰਕੇ ਫਲ ਪਾਉਂਦਾ ਹੈ।

## ਸਲੋਕੁ ॥

**ਆਦਿ ਸਚੁ ਜੁਗਾਦਿ ਸਚੁ ॥**
**ਹੈਭਿ ਸਚੁ ਨਾਨਕ ਹੋਸੀ ਭਿ ਸਚੁ ॥ ੧ ॥**

ਆਦਿ ਵਿਚ ਸਚ ਸੀ ਜੁਗਾਂ ਦੇ ਆਦਿ ਵਿਚ ਭੀ ਸਤ ਸੀ। ਹੁਣ ਵਰਤਮਾਨ ਵਿਚ ਭੀ ਸਤ ਹੈ। ਗੁਰੂ ਜੀ—ਅਗੇ ਨੂੰ ਭੀ ਸਤ ਹੋਵੇਗਾ।

## ਅਸਟਪਦੀ ॥

**ਚਰਨ ਸਤਿ ਸਤਿ ਪਰਸਨਹਾਰ ॥**
**ਪੂਜਾ ਸਤਿ ਸਤਿ ਸੇਵਦਾਰ ॥**
**ਦਰਸਨੁ ਸਤਿ ਸਤਿ ਪੇਖਨਹਾਰ ॥**
**ਨਾਮੁ ਸਤਿ ਸਤਿ ਧਿਆਵਨ ਹਾਰ ॥**
**ਆਪ ਸਤਿ ਸਤਿ ਸਭ ਧਾਰੀ ॥**
**ਆਪੇ ਗੁਣ ਆਪੇ ਗੁਣਕਾਰੀ ॥**
**ਸਬਦੁ ਸਤਿ ਸਤਿ ਪ੍ਰਭੁ ਬਕਤਾ ॥**
**ਸੁਰਤਿ ਸਤਿ ਸਤਿ ਜਸੁ ਸੁਨਤਾ ॥**
**ਬੁਝਨਹਾਰ ਕਉ ਸਤਿ ਸਭ ਹੋਇ ॥**
**ਨਾਨਕ ਸਤਿ ਸਤਿ ਪ੍ਰਭੁ ਸੋਇ ॥ ੧ ॥**

ਪ੍ਰਭ ਦੇ ਚਰਨ ਭੀ ਸਤ ਹਨ, ਤੇ ਪਰਸਨੇ ਵਾਲੇ ਭੀ ਸਤ ਹਨ। ਹਰੀ ਦੀ ਪੂਜਾ ਭੀ ਸਤ ਹੈ ਤੇ ਸੇਵਾ ਕਰਨ ਵਾਲੇ ਭੀ ਸਤ ਹਨ। ਉਸਦਾ ਦਰਸ਼ਨ

Digitized by Panjab Digital Library | www.panjabdigilib.org

ਭੀ ਸਚ ਹੈ ਤੇ ਦੇਖਨ ਵਾਲਾ ਭੀ ਸੱਤ ਹੈ। ਉਸਦਾ ਨਾਮ ਭੀ ਸਤ ਹੈ ਤੇ ਧਿਆਵਨ ਵਾਲਾ ਭੀ ਸਤ ਹੈ। ਪ੍ਰਭੂ ਆਪ ਭੀ ਸਤ ਹੈ ਤੇ ਸ੍ਰਿਸ਼ਟੀ ਧਾਰੀ ਭੀ ਸਤ ਹਨ। ਆਪ ਹੀ ਉਹ ਗੁਣ ਰੂਪ ਤੇ ਆਪ ਹੀ ਗੁਣ ਕਰਨੇ ਹਾਰਾ ਹੈ। ਸਬਦ ਭੀ ਸਤ ਹੈ ਤੇ ਜਸ ਕਰਨ ਵਾਲਾ ਭੀ ਸਤ ਹੈ। ਸੁਰਤ ਧਿਆਨ ਭੀ ਸਤ ਹੈ ਤੇ ਕੀਰਤਨ ਸੁਣਨੇ ਵਾਲਾ ਭੀ ਸਤ ਹੈ। ਗਿਆਨ ਵਾਨ ਲਈ ਸਭ ਸਤ ਰੂਪ ਹੀ ਹੈ। ਗੁਰੂ ਜੀ–ਸਤ ਹੈ ਸਤ ਹੈ ਉਹ ਪ੍ਰਭੂ।

ਸਤਿ ਸਰੂਪੁ ਰਿਦੈ ਜਿਨਿ ਮਾਨਿਆ ॥
ਕਰਨ ਕਰਾਵਨ ਤਿਨਿ ਮੂਲੁ ਪਛਾਨਿਆ ॥
ਜਾਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ ॥
ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ ॥
ਭੈ ਤੇ ਨਿਰਭਉ ਹੋਇ ਬਸਾਨਾ ॥
ਜਿਸਤੇ ਉਪਜਿਆ ਤਿਸੁ ਮਾਹਿ ਸਮਾਨਾ ॥
ਬਸਤੁ ਮਾਹਿ ਲੇ ਬਸਤ ਗਡਾਈ ॥
ਤਾਕਉ ਭਿੰਨ ਨ ਕਹਨਾ ਜਾਈ ॥
ਬੂਝੈ ਬੂਝਨ ਹਾਰੁ ਬਿਬੇਕ ॥
ਨਾਰਾਇਨ ਮਿਲੇ ਨਾਨਕ ਏਕ ॥ ੨ ॥

ਸਤ ਦੇ ਸਰੂਪ ਨੂੰ ਜਿਸਨੇ ਹਿਰਦੇ ਵਿਚ ਮੰਨ ਲਿਆ ਹੈ। ਕਰਨ ਕਰਾਵਣ ਵਾਲੇ ਪ੍ਰਭੂ ਦਾ ਉਸਨੇ ਮੂਲ ਪਛਾਣ ਲਿਆ ਹੈ। ਜਿਸਦੇ ਹਿਰਦੇ ਵਿਚ ਪ੍ਰਭੂ ਦਾ ਨਿਸਚਾ ਆ ਗਿਆ ਹੈ। ਉਸਦੇ ਮਨ ਵਿਚ ਤਤ ਗਿਆਨ ਪ੍ਰਗਟ ਹੋ ਗਿਆ। ਭੈ ਤੋਂ ਨਿਰਭੌ ਹੋਕੇ ਉਹ ਸੰਸਾਰ ਵਿਚ ਵੱਸਦਾ ਹੈ। ਜਿਸਤੇ ਉਹ ਉਪਜਿਆ ਸੀ ਉਸੇ ਵਿਚ ਸਮਾ ਗਿਆ। ਇਕ ਵਸਤ ਵਿਚ ਜਦ ਵਸਤੂ ਰਲਾ ਦਿਤ। ਉਸਨੂੰ ਅੱਡ ਨਹੀਂ ਕਿਹਾ ਜਾਂਦਾ,ਇਸ ਗਲ ਨੂੰ ਗਿਆਨ ਦੁਆਰਾ ਸਮਝਣੇ ਵਾਲੇ ਸਮਝਦੇ ਹਨ। ਗੁਰੂ ਜੀ–ਉਹ ਇਕ ਪਰਮੇਸ਼ਰ ਨੂੰ ਮਿਲੇ ਹਨ।

ਠਾਕੁਰ ਕਾ ਸੇਵਕੁ ਆਗਿਆਕਾਰੀ ॥
ਠਾਕੁਰ ਕਾ ਸੇਵਕੁ ਸਦਾ ਪੂਜਾਰੀ ॥
ਠਾਕੁਰ ਕੇ ਸੇਵਕ ਕੈ ਮਨਿ ਪਰਤੀਤਿ ॥

Digitized by Panjab Digital Library | www.panjabdigilib.org

ਠਾਕੁਰ ਕੇ ਸੇਵਕ ਕੀ ਨਿਰਮਲ ਰੀਤਿ ॥
ਠਾਕੁਰ ਕਉ ਸੇਵਕੁ ਜਾਨੈ ਸੰਗਿ ॥
ਪ੍ਰਭ ਕਾ ਸੇਵਕੁ ਨਾਮ ਕੈ ਰੰਗਿ ॥
ਸੇਵਕ ਕਉ ਪ੍ਰਭ ਪਾਲਨਹਾਰਾ ॥
ਸੇਵਕ ਕੀ ਰਾਖੈ ਨਿਰੰਕਾਰਾ ॥
ਸੋ ਸੇਵਕੁ ਜਿਸੁ ਦਇਆ ਪ੍ਰਭੁ ਧਾਰੈ ॥
ਨਾਨਕ ਸੋ ਸੇਵਕੁ ਸਾਸਿ ਸਾਸਿ ਸਮਾਰੈ ॥ ੩ ॥

ਪਰਮੇਸ਼ਰ ਦਾ ਸੇਵਕ ਆਗਿਆ ਵਿਚ ਚਲਦਾ ਹੈ। ਪਰਮੇਸ਼ਰ ਦਾ ਸੇਵਕ ਸਦ ਉਸਦੀ ਪੂਜਾ ਵਿਚ ਰਹਿੰਦਾ ਹੈ। ਪਰਮੇਸ਼ਰ ਦੇ ਸੇਵਕ ਦੇ ਮਨ ਵਿਚ ਭਰੋਸਾ ਹੁੰਦਾ ਹੈ। ਪਰਮੇਸ਼ਰ ਦੇ ਸੇਵਕ ਦੀ ਰੀਤੀ ਨਿਰਮਲ ਹੁੰਦੀ ਹੈ। ਪਰਮੇਸ਼ਰ ਨੂੰ ਸੇਵਕ ਸਦਾ ਹੀ ਜਾਣਦਾ ਹੈ। ਪਰਮੇਸ਼ਰ ਦਾ ਸੇਵਕ ਸਦਾ ਨਾਮ ਦੇ ਰੰਗ ਵਿਚ ਰੱਤਾ ਰਹਿੰਦਾ ਹੈ। ਐਸੇ ਸੇਵਕ ਨੂੰ ਪ੍ਰਭੂ ਪਾਲਨੇ ਵਾਲਾ ਹੈ। ਸੇਵਕ ਦੀ ਪਤ ਪਰਮੇਸ਼ਰ ਰੱਖਦਾ ਹੈ। ਸੇਵਕ ਉਹ ਹੈ ਜਿਸ ਪੁਰ ਪ੍ਰਭੂ ਕ੍ਰਿਪਾ ਕਰਦਾ ਹੈ। ਗੁਰੂ ਜੀ–ਉਹ ਸੇਵਕ ਪ੍ਰਭੂ ਨੂੰ ਸ੍ਵਾਸ ੨ ਸਿਮਰਦਾ ਹੈ।

ਅਪੁਨੇ ਜਨ ਕਾ ਪਰਦਾ ਢਾਕੈ ॥
ਅਪਨੇ ਸੇਵਕ ਕੀ ਸਰਪਰ ਰਾਖੈ ॥
ਅਪਨੇ ਦਾਸ ਕਉ ਦੇਇ ਵਡਾਈ ॥
ਅਪਨੇ ਸੇਵਕ ਕਉ ਨਾਮੁ ਜਪਾਈ ॥
ਅਪਨੇ ਸੇਵਕ ਕੀ ਆਪਿ ਪਤਿ ਰਾਖੈ ॥
ਤਾ ਕੀ ਗਤਿ ਮਿਤਿ ਕੋਇ ਨ ਲਾਖੈ ॥
ਪ੍ਰਭ ਕੇ ਸੇਵਕ ਕਉ ਕੋ ਨ ਪਹੂਚੈ ॥
ਪ੍ਰਭ ਕੇ ਸੇਵਕ ਊਚ ਤੇ ਊਚੇ ॥
ਜੋ ਪ੍ਰਭਿ ਅਪਨੀ ਸੇਵਾ ਲਾਇਆ ॥
ਨਾਨਕ ਸੋ ਸੇਵਕੁ ਦਹਦਿਸਿ ਪ੍ਰਗਟਾਇਆ ॥ ੪ ॥

ਪਰਮੇਸ਼ੁਰ ਆਪਣੇ ਸੇਵਕ ਦਾ ਪੜਦਾ ਢੱਕਦਾਹੈ।ਪਰਮੇਸ਼ੁਰ ਆਪਨੇ ਸੇਵਕ ਦੀ ਪਤ ਜ਼ਰੂਰ ਰੱਖਦਾ ਹੈ। ਪਰਮੇਸ਼ੁਰ ਆਪਨੇ ਸੇਵਕ ਨੂੰ ਵਡਾਈ ਦਿੰਦਾ ਹੈ।

Digitized by Panjab Digital Library | www.panjabdigilib.org

ਪਰਮੇਸ਼ੁਰ ਆਪਣੇ ਸੇਵਕ ਥੋਂ ਨਾਮ ਜਪਾਉਂਦਾ ਹੈ।ਪਰਮੇਸ਼ਰ ਆਪਨੇ ਸੇਵਕ ਦੀ ਆਪ ਅਬਰੋ ਰਖਦਾ ਹੈ। ਉਸ ਦੀ ਗਤੀ ਤੇ ਮਿਤੀ ਨੂੰ ਕੋਈ ਨਹੀਂ ਲਖ ਸਕਦਾ। ਪ੍ਰਭੂ ਦੇ ਸੇਵਕ ਦੀ ਕੋਈ ਬਰਾਬਰੀ ਨਹੀਂ ਕਰ ਸਕਦਾ। ਪ੍ਰਭੂ ਦੇ ਸੇਵਕ ਉਚਿਆਂ ਤੋਂ ਉੱਚੇ ਹਨ। ਜਿਸ ਨੂੰ ਪ੍ਰਭੂ ਨੇ ਅਪਨੀ ਸੇਵਾ ਵਿੱਚ ਲਾਇਆ ਹੈ। ਗੁਰੂ ਜੀ–ਉਹ ਸੇਵਕ ਦਸੋਂ ਦਿਸਾਵਿੱਚ ਪਰਗਟਹੋਜਾਂਦਾ ਹੈ।

ਨੀਕੀ ਕੀਰੀ ਮਹਿ ਕਲ ਰਾਖੈ ॥
ਭਸਮ ਕਰੈ ਲਸਕਰ ਕੋਟਿ ਲਾਖੈ ॥
ਜਿਸਕਾ ਸਾਸੁ ਨ ਕਾਢਤ ਆਪਿ ॥
ਤਾਕਉ ਰਾਖਤ ਦੇ ਕਰਿ ਹਾਥ ॥
ਮਾਨਸ ਜਤਨ ਕਰਤ ਬਹੁ ਭਾਤਿ ॥
ਤਿਸਕੇ ਕਰਤਬ ਬਿਰਥੇ ਜਾਤਿ ॥
ਮਾਰੈ ਨ ਰਾਖੈ ਅਵਰੁ ਨ ਕੋਇ ॥
ਸਰਬ ਜੀਆ ਕਾ ਰਾਖਾ ਸੋਇ ॥
ਕਾਹੇ ਸੋਚ ਕਰਹਿ ਰੇ ਪ੍ਰਾਣੀ ॥
ਜਪਿ ਨਾਨਕ ਪ੍ਰਭ ਅਲਖ ਵਿਡਾਣੀ ॥ ੫ ॥

ਜੇ ਪ੍ਰਭੂ ਨਿੱਕੀ ਕੀੜੀ ਵਿੱਚ ਆਪਨੀ ਕਲਾ ਰੱਖ ਦੇਵੇ ਤਦ ਉਹ ਕ੍ਰੋੜਾਂ ਲੱਖਾਂ ਲਸ਼ਕਰਾਂ ਨੂੰ ਭਸਮ ਕਰ ਸਕਦੀ ਹੈ। ਜਿਸ ਦਾ ਸੁਆਸ ਪ੍ਰਭੂ ਆਪ ਨਾ ਕੱਢਣਾ ਚਾਹੇ ਉਸ ਨੂੰ ਹੱਥ ਦੇਕੇ ਰੱਖ ਲੈਂਦਾ ਹੈ। ਮਨੁੱਖ ਕਈ ਤਰਾਂ ਦੇ ਜਤਨ ਕਰਦਾ ਹੈ। ਪਰ ਉਸਦੇ ਕਰਤਵ ਬਿਰਥੇ ਜਾਂਦੇ ਹਨ। ਮਾਰਨੇ ਵਾਲਾ ਰਖਨੇ ਵਾਲਾ ਹੋਰ ਕੋਈ ਨਹੀਂ ਹੈ। ਸਾਰੇ ਜੀਆਂ ਦਾ ਰਖਨੇ ਵਾਲਾ ਉਹ ਆਪ ਹੀ ਹੈ। ਹੇ ਪ੍ਰਾਣੀ!ਕਿਉਂ ਸੋਚ ਕਰਦਾ ਹੈਂ?ਗੁਰੂ ਜੀ–ਮਨ ਬਾਣੀ ਤੋਂ ਪਰੇ ਜੋ ਅਸਚਰਜ ਰੂਪ ਹੈ ਪ੍ਰਭੂ ਉਸ ਨੂੰ ਜਪ, ਸੋਚ ਦਾ ਤਿਆਗ ਕਰ।

ਬਾਰੰਬਾਰ ਬਾਰ ਪ੍ਰਭੁ ਜਪੀਐ ॥
ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ ॥
ਨਾਮ ਰਤਨੁ ਜਿਨਿ ਗੁਰਮੁਖਿ ਪਾਇਆ ॥
ਤਿਸੁ ਕਿਛੁ ਅਵਰੁ ਨਾਹੀ ਦ੍ਰਿਸਟਾਇਆ ॥

Digitized by Panjab Digital Library | www.panjabdigilib.org

ਨਾਮੁ ਧਨੁ ਨਾਮੋ ਰੂਪੁ ਰੰਗੁ ॥
ਨਾਮੋ ਸੁਖੁ ਹਰਿ ਨਾਮ ਕਾ ਸੰਗੁ ॥
ਨਾਮ ਰਸਿ ਜੋ ਜਨ ਤ੍ਰਿਪਤਾਨੇ ॥
ਮਨ ਤਨ ਨਾਮਹਿ ਨਾਮਿ ਸਮਾਨੇ ॥
ਊਠਤ ਬੈਠਤ ਸੋਵਤ ਨਾਮ ॥
ਕਹੁ ਨਾਨਕ ਜਨ ਕੈ ਸਦ ਕਾਮ ॥ ੬ ॥

ਘੜੀ ਮੁੜੀ ਘੜੀ ਮੁੜੀ ਪ੍ਰਭੂ ਨੂੰ ਜਪੀਏ । ਇਸ ਅੰਮ੍ਰਿਤ ਨੂੰ ਪੀਕੇ ਮਨ ਤਨ ਨੂੰ ਤ੍ਰਿਪਤ ਕਰੀਏ । ਨਾਮ ਰੂਪੀ ਰਤਨ ਜਿਨ੍ਹਾਂ ਗੁਰਮੁਖਾਂ ਨੇ ਪਾਯਾ ਹੈ, ਉਹਨਾਂ ਨੂੰ ਹੋਰ ਕੁਝ ਨਹੀਂ ਦਿਸਿਆ । ਨਾਮ ਹੀ ਉਸਦਾ ਧਨ ਹੈ ਨਾਮ ਹੀ ਉਸ ਦਾ ਰੂਪ ਹੈ ਤੇ ਨਾਮ ਹੀ ਰੰਗ ਹੈ । ਨਾਮ ਹੀ ਉਸ ਦਾ ਸੰਗੀ ਹੈ ਨਾਮ ਹੀ ਉਸਦਾ ਸੁਖਹੈ । ਨਾਮ ਰਸ ਵਿੱਚ ਜੋ ਪੁਰਖ ਤ੍ਰਿਪਤ ਹੋਏ ਹਨ।ਮਨਕਰਕੇ ਤਨ ਕਰਕੇ ਨਾਮ ਹੀ ਨਾਮ ਵਿੱਚ ਸਮਾਏਹਨ।ਉਠਦਿਆਂ ਬੈਠਦਿਆਂ ਸੌਂਦਿਆਂ ਨਾਮ ਜਪਦੇ ਹਨ । ਗੁਰੂ ਜੀ-ਭਗਤ ਪੁਰਖਾਂ ਦਾ ਸਦੀਵਦਾਕੰਮ ਇਕੋਨਾਮਹੈ।

ਬੋਲਹੁ ਜਸੁ ਜਿਹਬਾ ਦਿਨੁ ਰਾਤਿ ॥
ਪ੍ਰਭਿ ਅਪਨੈ ਜਨ ਕੀਨੀ ਦਾਤਿ ॥
ਕਰਹਿ ਭਗਤਿ ਆਤਮ ਕੈ ਚਾਇ ॥
ਪ੍ਰਭ ਅਪਨੇ ਸਿਉ ਰਹਹਿ ਸਮਾਇ ॥
ਜੋ ਹੋਆ ਹੋਵਤ ਸੋ ਜਾਨੈ ॥
ਪ੍ਰਭ ਅਪਨੇ ਕਾ ਹੁਕਮੁ ਪਛਾਨੈ ॥
ਤਿਸਕੀ ਮਹਿਮਾ ਕਉਨ ਬਖਾਨਉ ॥
ਤਿਸਕਾ ਗੁਨੁ ਕਹਿ ਏਕ ਨ ਜਾਨਉ ॥
ਆਠ ਪਹਰ ਪ੍ਰਭ ਬਸਹਿ ਹਜੂਰੇ ॥
ਕਹੁ ਨਾਨਕ ਸੇਈ ਜਨ ਪੂਰੇ ॥ ੭ ॥

ਤਾਂ ਤੇ ਹੇ ਪਿਆਰਿਆ ! ਦਿਨ ਰਾਤ ਜਿਹਬਾ ਕਰਕੇ ਪ੍ਰਭੂ ਦੇ ਜੱਸ ਨੂੰ ਹੀ ਬੋਲੋ । ਇਹੋ ਦਾਤ ਪ੍ਰਭੂ ਨੇ ਆਪਣੇ ਦਾਸ ਪੁਰ ਕੀਤੀ ਹੈ । ਗੁਰਮੁਖ ਪੁਰਖ ਆਤਮਾ ਦੀ ਖੁਸ਼ੀ ਵਿੱਚ ਭਗਤੀ ਕਰਦੇ ਹਨ । ਜੋ ਅਪਨੇ ਪ੍ਰਭੂ ਨਾਲ ਸਮਾਏ

Digitized by Panjab Digital Library | www.panjabdigilib.org

ਰਹਿੰਦੇ ਹਨ। ਜੋ ਹੋ ਬੀਤਿਆ ਜੋ ਹ ਰਿਹਾ ਹੈ ਜੋ ਹੋਵੇਗਾ ਉਸਨੂੰ ਜਾਣਦੇ ਹਨ, ਐਸਾ ਕਿ ਉਸ ਵਿੱਚ ਅਪਨੇ ਪ੍ਰਭੂ ਦਾ ਹੀ ਹੁਕਮ ਸਮਝਦੇ ਹਨ। ਉਸ ਪ੍ਰਭੂ ਦੀ ਮਹਿਮਾ ਨੂੰ ਕਉਣ ਵਰਣਨ ਕਰੇ। ਉਸ ਦਾ ਤਾਂ ਇਕ ਗੁਣ ਵੀ ਮੈਂ ਕਹਿ ਨਹੀਂ ਜਾਣਦਾ। ਜੋ ਅੱਠੇ ਪਹਿਰ ਪ੍ਰਭੂ ਦੇ ਹਜ਼ੂਰ ਵਸਦੇ ਹਨ। ਗੁਰੂ ਜੀ–ਉਹੋ ਪੂਰਨ ਪੁਰਖ ਹਨ।

**ਮਨ ਮੇਰੇ ਤਿਨਕੀ ਓਟ ਲੇਹਿ ॥**
**ਮਨੁ ਤਨੁ ਅਪਨਾ ਤਿਨ ਜਨ ਦੇਹਿ ॥**
**ਜਿਨਿ ਜਨਿ ਅਪਨਾ ਪ੍ਰਭੂ ਪਛਾਤਾ ॥**
**ਸੋ ਜਨੁ ਸਰਬ ਥੋਕ ਕਾ ਦਾਤਾ ॥**
**ਤਿਸੁ ਕੀ ਸਰਨਿ ਸਰਬ ਸੁਖ ਪਾਵਹਿ ॥**
**ਤਿਸਕੈ ਦਰਸਿ ਸਭ ਪਾਪ ਮਿਟਾਵਹਿ ॥**
**ਅਵਰ ਸਿਆਨਪ ਸਗਲੀ ਛਾਡੁ ॥**
**ਤਿਸ ਜਨ ਕੀ ਤੂ ਸੇਵਾ ਲਾਗੁ ॥**
**ਆਵਨੁ ਜਾਨੁ ਨ ਹੋਵੀ ਤੇਰਾ ॥**
**ਨਾਨਕ ਤਿਸੁ ਜਨ ਕੇ ਪੂਜਹੁ ਸਦ ਪੈਰਾ ॥ ੮ ॥ ੧੭ ॥**

ਹੇ ਮੇਰੇ ਮਨ! ਉਨ੍ਹਾਂ ਸਤ ਪੁਰਖਾਂ ਦੀ ਓਟ ਲੈ। ਮਨ ਤੇ ਤਨ ਆਪਣਾ ਉਨ੍ਹਾਂ ਜਨਾਂ ਨੂੰ ਅਰਪ। ਜਿਨ੍ਹਾਂ ਜਨਾਂ ਨੇ ਆਪਣਾ ਪ੍ਰਭੂ ਪਛਾਣ ਲਿਆ ਹੈ, ਕਿਉਂਕਿ ਉਹ ਪੁਰਖ ਸਭ ਪਦਾਰਥਾਂ ਦਾ ਦਾਤਾ ਹੁੰਦਾ ਹੈ। ਉਸੇ ਦੀ ਸ਼ਰਨ ਤੋਂ ਸਾਰੇ ਸੁਖ ਪਾਵੇਂਗਾ। ਉਸਦਾ ਦਰਸ਼ਨ ਕਰਕੇ ਤੂੰ ਸਾਰੇ ਪਾਪਾਂ ਨੂੰ ਮਿਟਾ ਲਵੇਂਗਾ। ਹੋਰ ਸਾਰੀ ਸਿਆਨਪ ਤੂੰ ਛੱਡ। ਉਸ ਪੁਰਖ ਦੀ ਸੇਵਾ ਵਿਖੇ ਲਗ। ਤਾਂ ਜੋ ਤੇਰਾ ਆਵਾਗੌਣ ਨਾਂ ਹੋਵੇ। ਗੁਰੂ ਜੀ–ਸੋ ਉਸ ਪੁਰਖ ਦੇ ਸਦਾ ਪੈਰ ਪੂਜੋ।

**ਸਲੋਕੁ ॥**

**ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰ ਤਿਸਕਾ ਨਾਉ ॥**
**ਤਿਸਕੈ ਸੰਗਿ ਸਿਖੁ ਉਧਰੈ ਨਾਨਕ ਹਰਿ ਗੁਨ ਗਾਉ ॥ ੧॥**

ਜਿਸਨੇ ਸਤ ਸਰੂਪ ਅਕਾਲ ਪੁਰਖ ਨੂੰ ਜਾਣ ਲਿਆ ਹੈ ਉਸਦਾ ਨਾਮ ਸਤਗੁਰੂ ਹੈ। ਉਸ ਸਤਗੁਰੂ ਦੇ ਸੰਗ ਕਰਨ ਨਾਲ ਹਰੀ ਦੇ ਗੁਣ ਗਾਉਣੇ ਕਰਕੇ (ਗੁਰੂ ਜੀ) ਸਿਖ ਉਧਾਰ ਨੂੰ ਪ੍ਰਾਪਤ ਹੁੰਦਾ ਹੈ।

Digitized by Panjab Digital Library | www.panjabdigilib.org

ਅਸਟਪਦੀ ॥

ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ ॥
ਸੇਵਕ ਕਉ ਗੁਰੁ ਸਦਾ ਦਇਆਲ ॥
ਸਿਖ ਕੀ ਗੁਰੁ ਦੁਰਮਤਿ ਮਲੁ ਹਿਰੈ ॥
ਗੁਰ ਬਚਨੀ ਹਰਿ ਨਾਮੁ ਉਚਰੈ ॥
ਸਤਿਗੁਰੁ ਸਿਖ ਕੇ ਬੰਧਨ ਕਾਟੈ ॥
ਗੁਰ ਕਾ ਸਿਖੁ ਬਿਕਾਰ ਤੇ ਹਾਟੈ ॥
ਸਤਿਗੁਰੁ ਸਿਖ ਕਉ ਨਾਮ ਧਨੁ ਦੇਇ ॥
ਗੁਰ ਕਾ ਸਿਖੁ ਵਡਭਾਗੀ ਹੇ ॥
ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ ॥
ਨਾਨਕ ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ ॥ ੧॥

ਸਤਗੁਰੂ ਸਿਖ ਦੀ ਪ੍ਰਿਤਪਾਲ ਕਰਦਾ ਹੈ। ਗੁਰੂ ਆਪਨੇ ਸਿਖ ਪੁਰ ਸਦਾ ਦਿਆਲ ਹੁੰਦਾ ਹੈ। ਗੁਰੂ ਜੀਆਪਣੇ ਸਿਖ ਦੀ ਖੋਟੀ ਬੁਧੀ ਰੂਪੀ ਮੈਲਨੂੰ ਦੂਰ ਕਰਦੇ ਹਨ। ਫੇਰ ਉਹ ਸਿਖ ਗੁਰੂ ਦੇ ਬਚਨ ਕਰਕੇ ਹਰ ਹਰ ਨਾਮ ਨੂੰ ਉਚਾਰਦਾ ਹੈ, ਸਤਗੁਰੂ ਸਿਖ ਦੇ ਬੰਧਨ ਕੱਟਦੇ ਹਨ। ਗੁਰੂ ਦਾ ਸਿਖਵਿਕਾਰਾਂ ਤੋਂ ਦੂਰ ਹੋਜਾਂਦਾ ਹੈ। ਸਤਗੁਰੂ ਸਿਖ ਨੂੰ ਨਾਮ ਰੂਪੀ ਧਨ ਦੇਂਦਾ ਹੈ। ਐਸਾ ਗੁਰੂਕਾ ਸਿਖ ਵਡਭਾਗਾਂ ਵਲਾ ਹੈ। ਸਤਗੁਰੂ ਆਪਨੇ ਸਿਖ ਦਾ ਲੋਕ ਪ੍ਰਲੋਕ ਸਵਾਰਦੇ ਹਨ। ਗੁਰੂ ਜੀ–ਸਤਗੁਰੂ ਤਾਂ ਅਪਨੇ ਸਿਖ ਨੂੰ ਜੀ ਦੇ ਨਾਲ ਸਮ੍ਹਾਲਦੇ ਹਨ।

ਗੁਰਕੈ ਗ੍ਰਿਹਿ ਸੇਵਕੁ ਜੋ ਰਹੈ ॥
ਗੁਰ ਕੀ ਆਗਿਆ ਮਨ ਮਹਿ ਸਹੈ ॥
ਆਪਸ ਕਉ ਕਰਿ ਕਛੁ ਨ ਜਨਾਵੈ ॥
ਹਰਿ ਹਰਿ ਨਾਮੁ ਰਿਦੈ ਸਦ ਧਿਆਵੈ ॥
ਮਨੁ ਬੇਚੈ ਸਤਿਗੁਰ ਕੈ ਪਾਸਿ ॥
ਤਿਸੁ ਸੇਵਕ ਕੇ ਕਾਰਜ ਰਾਸਿ ॥
ਸੇਵਾ ਕਰਤ ਹੋਇ ਨਿਹਕਾਮੀ ॥

Digitized by Panjab Digital Library | www.panjabdigilib.org

ਤਿਸ ਕਉ ਹੋਤ ਪਰਾਪਤਿ ਸੁਆਮੀ ॥
ਅਪਨੀ ਕ੍ਰਿਪਾ ਜਿਸੁ ਆਪਿ ਕਰੇਇ ॥
ਨਾਨਕ ਸੋ ਸੇਵਕੁ ਗੁਰ ਕੀ ਮਤਿ ਲੇਇ॥ ੨ ॥

ਜੋ ਸੇਵਕ ਗੁਰੂ ਦੇ ਘਰ ਵਿਚ ਰਹੇ। ਉਸਨੂੰ ਚਾਹੀਦਾ ਹੈ ਕਿ ਗੁਰੂ ਦੀ ਆਗਿਆ ਮਨ ਵਿਚ ਸਮਾਰੇ। ਆਪਣੇ ਆਪ ਨੂੰ ਕੁਛ ਕਰਕੇ ਨਾ ਜਣਾਵੇ। ਸਗੋਂ ਹਰੀ ਹਰ ਨਾਮ ਸਦੀਵ ਰਿਦੇ ਵਿਚ ਧਿਆਉਂਦਾ ਰਹੇ। ਆਪਣਾ ਮਨ ਸਤਗੁਰਾਂ ਪਾਸ ਵੇਚ ਦੇਵੇ,ਅਪਣੱਤ ਨਾ ਰਖੇ। ਉਸ ਸੇਵਕ ਦੇ ਕੰਮ ਰਾਸ ਹੁੰਦੇ ਹਨ। ਜੋ ਸੇਵਾ ਕਰਦਾ ਹੋਇਆ ਕਾਮਨਾਂ ਤੋਂ ਰਹਿਤ ਰਹੇ। ਉਸਨੂੰ ਅਕਾਲ ਪੁਰਖ ਪ੍ਰਾਪਤ ਹੁੰਦਾ ਹੈ। ਪ੍ਰਭੂ ਆਪਨੀ ਕ੍ਰਿਪਾ ਜਿਸ ਪੁਰ ਆਪ ਕਰੇ। ਗੁਰੂ ਜੀ-ਉਹ ਸੇਵਕ ਗੁਰੂ ਦੀ ਮੱਤ ਲੈਂਦਾ ਹੈ।

ਬੀਸ ਬਿਸਵੇ ਗੁਰਕਾ ਮਨੁ ਮਾਨੈ ॥
ਸੋ ਸੇਵਕੁ ਪਰਮੇਸਰ ਕੀ ਗਤਿ ਜਾਨੈ ॥
ਸੋ ਸਤਿਗੁਰੁ ਜਿਸੁ ਰਿਦੈ ਹਰਿ ਨਾਉ ॥
ਅਨਿਕ ਬਾਰ ਗੁਰ ਕਉ ਬਲਿਜਾਉ ॥
ਸਰਬ ਨਿਧਾਨ ਜੀਅ ਕਾ ਦਾਤਾ ॥
ਆਠ ਪਹਰ ਪਾਰਬ੍ਰਹਮ ਰੰਗਿ ਰਾਤਾ ॥
ਬ੍ਰਹਮ ਮਹਿ ਜਨੁ ਜਨ ਮਹਿ ਪਾਰਬ੍ਰਹਮੁ ॥
ਏਕਹਿ ਆਪਿ ਨਹੀ ਕਛੁ ਭਰਮੁ॥
ਸਹਸ ਸਿਆਨਪ ਲਇਆ ਨ ਜਾਈਐ ॥
ਨਾਨਕ ਐਸਾ ਗੁਰੁ ਵਡਭਾਗੀ ਪਾਈਐ ॥ ੩॥

ਜਿਸ ਸਿਖ ਪੁਰ ਗੁਰੂ ਦਾ ਮਨ ਵੀਹ ਵਿਸਵੇ ਮੰਨ ਜਾਵੇ। ਉਹ ਸੇਵਕ ਪਰਮੇਸ਼ਰ ਦੀ ਗਤੀ ਨੂੰ ਜਾਣਦਾ ਹੈ। ਸਤਗੁਰੂ ਉਹ ਹੈ ਜਿਸਦੇ ਹਿਰਦੇ ਵਿਚ ਪਰਮੇਸ਼ਰ ਦਾ ਨਾਮ ਹੈ। ਐਸੇ ਗੁਰੂ ਤੋਂ ਅਨੇਕ ਵੇਰ ਬਲਿਹਾਰਣੇ ਹਾਂ। ਉਹ ਗੁਰੂ ਸਭ ਦਾ ਨਿਧਾਨ ਤੇ ਜੀ ਦਾ ਦਾਤਾ ਹੈ। ਜੋ ਅੱਠ ਪਹਿਰ ਪਰਮੇਸ਼ਰ ਦੇ ਰੰਗ ਵਿਚ ਰੱਤਾ ਰਹਿੰਦਾ ਹੈ। ਐਸਾ ਗੁਰੂ ਭਗਤ ਵਿਚ ਤਾਂ ਬ੍ਰਹਮ ਹੈ ਅਰ ਬ੍ਰਹਮ ਵਿਚ ਭਗਤ ਹੈ। ਦੁਵੱਲੀ ਇਕੋ ਆਪ ਹੈ, ਕੁਝ ਸੰਸਾ ਨਹੀਂ। ਹਜ਼ਾਰਾਂ ਸਿਆਨਪਾਂ ਨਾਲ ਐਸਾ ਗੁਰੂ ਪ੍ਰਾਪਤ ਨਹੀਂ ਹੁੰਦਾ। ਗੁਰੂ ਜੀ-ਐਸਾ ਗੁਰੂ ਵਡੇ ਭਾਗਾਂ ਕਰ ਪਾਈਦਾ ਹੈ।

Digitized by Panjab Digital Library | www.panjabdigilib.org

ਸਫਲ ਦਰਸਨੁ ਪੇਖਤ ਪੁਨੀਤ ॥
ਪਰਸਤ ਚਰਨ ਗਤਿ ਨਿਰਮਲ ਰੀਤਿ ॥
ਭੇਟਤ ਸੰਗਿ ਰਾਮ ਗੁਨ ਰਵੇ ॥
ਪਾਰਬ੍ਰਹਮ ਕੀ ਦਰਗਹ ਗਵੇ ॥
ਸੁਨਿ ਕਰਿ ਬਚਨ ਕਰਨ ਆਘਾਨੇ ॥
ਮਨਿ ਸੰਤੋਖੁ ਆਤਮ ਪਤੀਆਨੇ ॥
ਪੂਰਾ ਗੁਰੁ ਅਖੵਉ ਜਾ ਕਾ ਮੰਤ੍ਰ ॥
ਅੰਮ੍ਰਿਤ ਦ੍ਰਿਸਟਿ ਪੇਖੈ ਹੋਇ ਸੰਤ ॥
ਗੁਣ ਬਿਅੰਤ ਕੀਮਤਿ ਨਹੀ ਪਾਇ ॥
ਨਾਨਕ ਜਿਸੁ ਭਾਵੈ ਤਿਸੁ ਲਏ ਮਿਲਾਇ ॥ ੪ ॥

ਐਸੇ ਗੁਰੂ ਦਾ ਦਰਸ਼ਨ ਸਫਲ ਹੈ, ਕਿਉਂਕਿ ਉਸਨੂੰ ਦੇਖਕੇ ਹੀ ਪਵਿਤਰ ਹੋਈਦਾ ਹੈ ਅਰ ਚਰਨ ਸਪਰਸ ਕਰਕੇ ਮੁਕਤੀ ਦੀ ਨਿਰਮਲ ਜੁਗਤ ਪ੍ਰਾਪਤ ਹੁੰਦੀ ਹੈ ਅਰ ਸੰਗ ਮਿਲਨੇ ਤੇ ਰਾਮ ਦੇ ਗੁਣ ਗਾਉਂਦਾ ਹੈ ਅਤੇ ਪਾਰਬ੍ਰਹਮ ਦੀ ਦਰਗਾਹ ਨੂੰ ਪ੍ਰਾਪਤ ਹੁੰਦਾ ਹੈ, ਅਤੇ ਉਸ ਗੁਰੂ ਦੇ ਬਚਨ ਸੁਣਨੇ ਤੇ ਕੰਨ ਤ੍ਰਿਪਤ ਹੋਗਏ। ਮਨ ਸੰਤੋਖੀ ਹੋਗਿਆ ਤੇ ਆਤਮਾ ਪਤੀਜ ਗਿਆ। ਉਹੋ ਪੂਰਾ ਗੁਰੂ ਹੈ ਜਿਸਦਾ ਮੰਤਰ ਨਾਸ ਤੋਂ ਰਹਿਤ ਹੈ। ਜਿਸਦੀ ਅੰਮ੍ਰਿਤ ਦ੍ਰਿਸ਼ਟੀ ਦੇਖਣੇ ਤੇ ਜੀਵ ਸੰਤ ਹੋ ਜਾਵੇ। ਐਸੇ ਗੁਰੂ ਦੇ ਗੁਣ ਬੇਅੰਤ ਹਨ,ਮੁਲ ਨਹੀਂ ਪੈਂਦਾ। ਗੁਰੂ ਜੀ--ਜਿਸਨੂੰ ਭਾਵੇ ਉਸਨੂੰ ਮਿਲਾ ਲੈਂਦੇ ਹਨ ਐਸੇ ਗੁਰੂ।

ਜਿਹਬਾ ਏਕ ਉਸਤਤਿ ਅਨੇਕ ॥
ਸਤਿ ਪੁਰਖ ਪੂਰਨ ਬਿਬੇਕ ॥
ਕਾਹੂ ਬੋਲ ਨ ਪਹੁਚਤ ਪ੍ਰਾਨੀ ॥
ਅਗਮ ਅਗੋਚਰ ਪ੍ਰਭ ਨਿਰਬਾਨੀ ॥
ਨਿਰਾਹਾਰ ਨਿਰਵੈਰ ਸੁਖਦਾਈ ॥
ਤਾ ਕੀ ਕੀਮਤਿ ਕਿਨੈ ਨ ਪਾਈ ॥
ਅਨਿਕ ਭਗਤ ਬੰਦਨ ਨਿਤ ਕਰਹਿ ॥

Digitized by Panjab Digital Library | www.panjabdigilib.org

ਚਰਨ ਕਮਲ ਹਿਰਦੈ ਸਿਮਰਹਿ ॥
ਸਦ ਬਲਿਹਾਰੀ ਸਤਿਗੁਰ ਅਪਨੇ ॥
ਨਾਨਕ ਜਿਸੁ ਪ੍ਰਸਾਦਿ ਐਸਾ ਪ੍ਰਭੁ ਜਪਨੇ ॥ ੫ ॥

ਰਸਨਾ ਇਕ ਹੈ ਪ੍ਰਭੂ ਦੀ ਉਸਤਤ ਅਨੇਕ ਹੈ। ਉਹ ਸਤ ਸਰੂਪ ਪੂਰਣ ਅਰ ਪੂਰਾ ਗਿਆਨ ਸਰੂਪ ਹੈ ਕਿਸੇ ਬਚਨ ਆਦਿ ਕਰਕੇ ਪ੍ਰਾਣੀ ਉਸਨੂੰ ਪੁੱਜ ਨਹੀਂ ਸਕਦਾ। ਪ੍ਰਭੂ ਗੰਮਤਾ ਤੋਂ ਪਰੇ ਹੈ ਇੰਦ੍ਰੀਆਂ ਦਾ ਵਿਸ਼ਾ ਨਹੀਂ। ਦੁਖ ਤੋਂ ਰਹਿਤ ਹੈ, ਅਹਾਰ ਤੋਂ ਰਹਿਤ ਹੈ ਵੈਰ ਕਿਸੇ ਨਾਲ ਨਹੀਂ ਕਰਦਾ ਸਭ ਨੂੰ ਸੁਖ ਦੇਨੇ ਵਾਲਾ ਹੈ। ਉਸਦਾ ਮੁਲ ਕਿਸੇ ਨਹੀਂ ਪਾਇਆ। ਅਨੇਕ ਭਗਤ ਨਿਤ ਉਸਦੀ ਪੂਜਾ ਕਰਦੇ ਹਨ। ਉਸਦੇ ਚਰਨ ਕਮਲਾਂ ਨੂੰ ਹਿਰਦੇ ਵਿਚ ਸਿਮਰਦੇ ਹਨ। ਮੈਂ ਨਾਨਕ ਆਪਣੇ ਸਤਿਗੁਰੂ ਤੋਂ ਸਦਾ ਬਲਿ-ਹਾਰ ਹਾਂ, ਜਿਸਦੀ ਕ੍ਰਿਪਾ ਕਰਕੇ ਐਸੇ ਪ੍ਰਭ ਦਾ ਨਾਮ ਜਪ ਰਿਹਾ ਹਾਂ।

ਇਹੁ ਹਰਿ ਰਸੁ ਪਾਵੈ ਜਨੁ ਕੋਇ ॥
ਅੰਮ੍ਰਿਤੁ ਪੀਵੈ ਅਮਰੁ ਸੋ ਹੋਇ ॥
ਉਸੁ ਪੁਰਖ ਕਾ ਨਾਹੀ ਕਦੇ ਬਿਨਾਸ ॥
ਜਾਕੈ ਮਨਿ ਪ੍ਰਗਟੇ ਗੁਨਤਾਸ ॥
ਆਠ ਪਹਰ ਹਰਿ ਕਾ ਨਾਮੁ ਲੇਇ ॥
ਸਚੁ ਉਪਦੇਸੁ ਸੇਵਕ ਕਉ ਦੇਇ ॥
ਮੋਹ ਮਾਇਆ ਕੈ ਸੰਗਿ ਨ ਲੇਪੁ ॥
ਮਨ ਮਹਿ ਰਾਖੈ ਹਰਿ ਹਰਿ ਏਕੁ ॥
ਅੰਧਕਾਰ ਦੀਪਕ ਪਰਗਾਸੇ ॥
ਨਾਨਕ ਭਰਮ ਮੋਹ ਦੁਖ ਤਹ ਤੇ ਨਾਸੇ ॥ ੬ ॥

ਇਸ ਹਰੀ ਰਸ ਨੂੰ ਕੋਈ ਵਿਰਲਾ ਪਾਉਂਦਾ ਹੈ। ਅਮਰ ਉਹ ਹੁੰਦਾ ਹੈ ਜੋ ਅੰਮ੍ਰਿਤ ਨੂੰ ਪਾਨ ਕਰਦਾ ਹੈ। ਉਸ ਪੁਰਖ ਦਾ ਕਦੇ ਨਾਸ ਨਹੀਂ ਹੁੰਦਾ ਜਿਸ ਦੇ ਮਨ ਵਿਚ ਗੁਣਾਂ ਦਾ ਸਮੁੰਦ੍ਰ ਪ੍ਰਭੂ ਪਰਗਟ ਭਯਾ ਹੈ । ਜੋ ਅੱਠ ਪਹਿਰ ਪਰਮੇਸ਼ਰ ਦਾ ਨਾਮ ਲਵੇ ਆਪਣੇ ਸੇਵਕਨੂੰਸੱਚਾਉਪਦੇਸ਼ ਦੇਵੇ। ਮੋਹ ਤੇ ਮਾਇਆ ਦਾ ਜਿਸ ਨੂੰ ਲੇਪ ਨਾ ਹੋਵੇ। ਮਨ ਵਿੱਚ ਇਕ ਹਰੀ ਹਰ ਨੂੰ ਰਖੇ। ਹਨੇਰੇ ਵਿਚ ਦੀਵਾ ਬਾਲ ਦੇਵੇ। ਗੁਰੂ ਜੀ--ਐਸੇ ਸਤ ਪੁਰਖ ਤੋਂ ਭਰਮ ਮੋਹ ਦਾ ਦੁਖ ਦੂਰ ਹੁੰਦਾ ਹੈ।

Digitized by Panjab Digital Library | www.panjabdigilib.org

ਤਪਤਿ ਮਾਹਿ ਠਾਢਿ ਵਰਤਾਈ ॥
ਅਨਦੁ ਭਇਆ ਦੁਖ ਨਾਠੇ ਭਾਈ ॥
ਜਨਮ ਮਰਨ ਕੇ ਮਿਟੇ ਅੰਦੇਸੇ ॥
ਸਾਧੂ ਕੇ ਪੂਰਨ ਉਪਦੇਸੇ ॥
ਭਉ ਚੂਕਾ ਨਿਰਭਉ ਹੋਇ ਬਸੇ ॥
ਸਗਲ ਬਿਆਧਿ ਮਨ ਤੇ ਖੈ ਨਸੇ ॥
ਜਿਸਕਾ ਸਾ ਤਿਨਿ ਕਿਰਪਾ ਧਾਰੀ ॥
ਸਾਧ ਸੰਗਿ ਜਪਿ ਨਾਮੁ ਮੁਰਾਰੀ ॥
ਥਿਤਿ ਪਾਈ ਚੂਕੇ ਭ੍ਰਮ ਗਵਨ ॥
ਸੁਨਿ ਨਾਨਕ ਹਰਿ ਹਰਿ ਜਸੁ ਸ੍ਰਵਨ ॥ ੭ ॥

ਐਸੇ ਗੁਰੂ ਨੇ ਸਾਡੇ ਤਪਤ ਹਿਰਦੇ ਵਿੱਚ ਠੰਢ ਵਰਤਾ ਦਿੱਤੀ ਹੈ। ਅਨੰਦ ਹੋਗਿਆ ਹੈ, ਹੇ ਭਾਈ! ਦੁਖ ਨੱਸ ਗਏ ਹਨ। ਜਨਮ ਮਰਨ ਦੇ ਸੰਸੇ ਦੂਰ ਹੋਗਏ ਹਨ। ਉਸ ਸਤਗੁਰੂ ਸਾਧੂ ਦੇ ਉਪਦੇਸ਼ ਕਰਕੇ ਡਰ ਦੂਰ ਹੋ ਗਿਆ। ਭੌ ਰਹਿਤ ਹੋਕੇ ਵਸ ਰਹੇ ਹਾਂ ਸਰੂਪ ਵਿੱਚ ਸਾਰੇ ਖੈ ਕਰਨੇ ਵਾਲੇ ਮਨ ਤੋਂ ਨਸ ਗਏ। ਜਿਸ ਪ੍ਰਭੂ ਦਾ ਇਹ ਜੀਵ ਸੀ ਉਸੇ ਨੇ ਕ੍ਰਿਪਾ ਕੀਤੀ ਕਿ ਸਾਧ ਸੰਗ ਬਖਸ਼ਿਆ ਜਿਸ ਕਰਕੇ ਪ੍ਰਭੂ ਦਾ ਨਾਮ ਜਪਿਆ। ਇਸਥਿਤ ਪਾ ਲਈ ਭਰਮ ਕਰਕੇ ਜੋ ਆਵਾਗੌਣ ਸੀ ਚੁਕ ਗਿਆ ਹੇ ਨਾਨਕ ਹਰੀ ਹਰਿ ਦਾ ਜੱਸ ਕੰਨਾਂ ਦੁਆਰੇ ਸੁਣਕੇ।

ਨਿਰਗੁਨੁ ਆਪਿ ਸਰਗੁਨੁ ਭੀ ਓਹੀ ॥
ਕਲਾਧਾਰਿ ਜਿਨਿ ਸਗਲੀ ਮੋਹੀ ॥
ਅਪਨੇ ਚਰਿਤ ਪ੍ਰਭਿ ਆਪਿ ਬਨਾਏ ॥
ਅਪੁਨੀ ਕੀਮਤਿ ਆਪੇ ਪਾਏ ॥
ਹਰਿ ਬਿਨੁ ਦੂਜਾ ਨਾਹੀ ਕੋਇ ॥
ਸਰਬ ਨਿਰੰਤਰਿ ਏਕੋ ਸੋਇ ॥
ਓਤਿ ਪੋਤਿ ਰਵਿਆ ਰੂਪ ਰੰਗ ॥

Digitized by Panjab Digital Library | www.panjabdigilib.org

ਭਏ ਪ੍ਰਗਾਸ ਸਾਧ ਕੈ ਸੰਗ ॥
ਰਚਿ ਰਚਨਾ ਅਪਨੀ ਕਲ ਧਾਰੀ ॥
ਅਨਿਕ ਬਾਰ ਨਾਨਕ ਬਲਿਹਾਰੀ ॥ ੮ ॥ ੧੮ ॥

ਨਿਰਗੁਣ ਤੇ ਸਰਗੁਣ ਦੋਵੇਂ ਸਰੂਪ ਆਪ ਹੀ ਹੈ। ਜਿਸ ਨੇ ਕਲਾ ਸ਼ਕਤੀ ਧਾਰਕੇ ਸਭ ਨੂੰ ਮੋਹ ਲਿਆ ਹੈ। ਅਪਨੇ ਚਰਿਤ ਪ੍ਰਭੂ ਨੇ ਆਪ ਰਚੇ ਹਨ। ਆਪਣੀ ਕਦਰ ਭੀ ਆਪ ਹੀ ਪਾਉਂਦਾ ਹੈ। ਉਸ ਹਰੀ ਤੋਂ ਬਾਝ ਦੂਜਾ ਕੋਈ ਨਹੀਂ। ਸਭ ਦੇ ਅੰਦਰ ਇਕ ਰਸ ਉਹੋ ਹੀ ਹੈ। ਤਾਣੇ ਪੇਟੇ ਵਤ ਸਾਰੇ ਰੂਪ ਤੇ ਰੰਗਾਂ ਵਿਚ ਉਹੋ ਰਵ ਰਿਹਾ ਹੈ। ਪਰ ਇਹ ਪ੍ਰਕਾਸ਼ ਸਾਧੂ ਦੇ ਸੰਗ ਕਰਕੇ ਪ੍ਰਾਪਤ ਹੋਇਆ ਹੈ। ਜਿਸਨੇ ਰਚਕੇ ਅਪਨੀ ਰਚਨਾ ਅਪਨੀ ਸ਼ਕਤੀ ਦੁਆਰਾ ਧਾਰਨ ਕੀਤੀ ਹੈ। ਉਸ ਪ੍ਰਭੂ ਤੋਂ ਨਾਨਕ ਅਨੇਕ ਵੇਰ ਬਲਹਾਰ ਹੈ।

## ਸਲੋਕੁ ॥

ਸਾਥਿ ਨ ਚਾਲੈ ਬਿਨੁ ਭਜਨ ਬਿਖਿਆ ਸਗਲੀ ਛਾਰੁ ॥
ਹਰਿ ਹਰਿ ਨਾਮੁ ਕਮਾਵਨਾ ਨਾਨਕ ਇਹੁ ਧਨੁ ਸਾਰੁ ॥ ੧ ॥

ਭਜਨ ਤੋਂ ਬਿਨਾਂ ਹੋਰ ਕੁਝ ਨਾਲ ਨਹੀਂ ਜਾਂਦਾ ਇਸਤੋਂ ਬਿਨਾਂ ਸਾਰੀ ਵਿਹੁ ਰੂਪ ਸੁਆਹ ਹੈ। ਹਰੀ ਹਰ ਨਾਮ ਦੀ ਕਮਾਈ ਕਰਨੀ (ਗੁਰੂਜੀ) ਇਹ ਅਸਲ ਧਨ ਹੈ ।

## ਅਸਟਪਦੀ ॥

ਸੰਤ ਜਨਾ ਮਿਲ ਕਰਹੁ ਬੀਚਾਰੁ ॥
ਏਕ ਸਿਮਰਿ ਨਾਮ ਆਧਾਰੁ ॥
ਅਵਰਿ ਉਪਾਵ ਸਭ ਮੀਤ ਬਿਸਾਰਹੁ ॥
ਚਰਨ ਕਮਲ ਰਿਦ ਮਹਿ ਉਰਿਧਾਰਹੁ ॥
ਕਰਨ ਕਾਰਨ ਸੋ ਪ੍ਰਭੁ ਸਮਰਥੁ ॥
ਦ੍ਰਿੜੁ ਕਰਿ ਗਹਹੁ ਨਾਮੁ ਹਰਿ ਵਥੁ ॥
ਇਹੁ ਧਨੁ ਸੰਚਹੁ ਹੋਵਹੁ ਭਗਵੰਤ ॥
ਸੰਤ ਜਨਾ ਕਾ ਨਿਰਮਲ ਮੰਤ ॥

Digitized by Panjab Digital Library | www.panjabdigilib.org

**ਏਕ ਆਸ ਰਾਖਹੁ ਮਨ ਮਾਹਿ ॥**
**ਸਰਬ ਰੋਗ ਨਾਨਕ ਮਿਟ ਜਾਹਿ ॥ ੧ ॥**

ਸੰਤ ਜਨਾਂ ਨਾਲ ਮਿਲਕੇ ਵਿਚਾਰ ਕਰੋ। ਇਕ ਨਾਮ ਨੂੰ ਸਿਮਰੋ ਤੇ ਨਾਮ ਦਾ ਹੀ ਆਧਾਰ ਕਰੋ। ਹੇ ਮਿਤਰ! ਹੋਰ ਸਾਰੇ ਉਪਾਵ ਵਿਸਾਰ ਦਿਓ। ਪਰਮੇਸ਼ਰ ਦੇ ਚਰਨ ਕਮਲ ਹਿਰਦੇ ਵਿਚ ਧਾਰੋ। ਉਹ ਪ੍ਰਭੂ ਕਰਨੇ ਤੇ ਕਰਾਵਨ ਨੂੰ ਸਮਰਥ ਹੈ।ਇਸ ਲਈ ਉਸੇ ਹਰੀ ਦੀ ਨਾਮਰੂਪੀ ਵਸਤ ਨੂੰਦ੍ਰਿੜ੍ਹ ਕਰਕੇ ਫੜੋ। ਇਸ ਹਰ ਧਨ ਨੂੰ ਕੱਠਾ ਕਰਕੇ ਭਾਗਾਂ ਵਾਲੇ ਬਣੋ। ਇਹ ਸੰਤ ਜਨਾਂ ਦਾ ਸ੍ਰੇਸ਼ਠ ਉਪਦੇਸ਼ ਹੈ। ਇਕ ਪ੍ਰਭੂ ਦੀ ਆਸ ਮਨ ਵਿਚ ਰੱਖੋ, ਗੁਰੂ ਜੀ–ਸਾਰੇ ਰੋਗ ਮਿਟ ਜਾਣਗੇ।

**ਜਿਸੁ ਧਨ ਕਉ ਚਾਰਿ ਕੁੰਟ ਉਠਿ ਧਾਵਹਿ ॥**
**ਸੋ ਧਨੁ ਹਰਿ ਸੇਵਾ ਤੇ ਪਾਵਹਿ ॥**
**ਜਿਸੁ ਸੁਖ ਕਉ ਨਿਤ ਬਾਛਹਿ ਮੀਤ ॥**
**ਸੋ ਸੁਖੁ ਸਾਧੂ ਸੰਗਿ ਪਰੀਤਿ ॥**
**ਜਿਸੁ ਸੋਭਾ ਕਉ ਕਰਹਿ ਭਲੀ ਕਰਨੀ ॥**
**ਸਾ ਸੋਭਾ ਭਜੁ ਹਰਿ ਕੀ ਸਰਨੀ ॥**
**ਅਨਿਕ ਉਪਾਵੀ ਰੋਗੁ ਨ ਜਾਇ ॥**
**ਰੋਗੁ ਮਿਟੈ ਹਰਿ ਅਵਖਧੁ ਲਾਇ ॥**
**ਸਰਬ ਨਿਧਾਨ ਮਹਿ ਹਰਿ ਨਾਮੁ ਨਿਧਾਨੁ ॥**
**ਜਪਿ ਨਾਨਕ ਦਰਗਹਿ ਪਰਵਾਨੁ ॥ ੨ ॥**

ਜਿਸ ਧਨ ਨੂੰ ਲੈਣ ਵਾਸਤੇ ਚਹੁੰ ਕੁੰਟ ਨੂੰ ਉਠ ਦੌੜਦਾ ਹੈ। ਉਹ ਧਨ ਹਰੀ ਦੀ ਸੇਵਾ ਤੇ ਪਾ ਸਕਦਾ ਹੈ। ਹੇ ਮਿਤਰ! ਜਿਸਨੂੰ ਨਿਤ ਚਾਹੁੰਦਾ ਹੈਂ। ਉਹ ਸੁਖ ਸਾਧੂ ਨਾਲ ਪਰੀਤ ਕਰਨੇ ਤੇ ਮਿਲਦਾ ਹੈ। ਜਿਸ ਸੋਭਾ ਵਾਸਤੇ ਤੂੰ ਭਲੇ ਕੰਮ ਕਰਦਾ ਹੈਂ। ਉਹ ਸੋਭਾ ਹਰੀ ਦੀ ਸ਼ਰਨ ਸੇਵਣ ਤੇ ਮਿਲਦੀ ਹੈ। ਅਨੇਕ ਉਪਾਵ ਕਰਨੇ ਤੇ ਰੋਗ ਨਹੀਂ ਜਾਂਦਾ। ਪਰ ਹਰੀ ਰੂਪ ਦਵਾਈ ਲਾਉਣੇ ਤੇ ਰੋਗ ਮਿਟ ਜਾਂਦਾ ਹੈ। ਸਾਰੇਆਂ ਨਿਧੀਆਂ ਵਿਚੋਂ ਹਰ ਨਾਮ ਹੀ ਸ੍ਰੇਸ਼ਟ ਨਿਧੀ ਹੈ। ਐਸੇ ਪਰਮੇਸ਼ਰ ਦੇ ਨਾਮ ਨੂੰ ਜਪ, ਗੁਰੂ ਜੀ–ਤਾਂ ਜੋ ਦਰਗਾਹ ਵਿਚ ਪਰਵਾਨ ਹੋਵੇਂ।

Digitized by Panjab Digital Library | www.panjabdigilib.org

ਮਨੁ ਪਰਬੋਧਹੁ ਹਰਿ ਕੈ ਨਾਇ ॥
ਦਹਦਿਸਿ ਧਾਵਤ ਆਵੈ ਠਾਇ ॥
ਤਾਕਉ ਬਿਘਨੁ ਨ ਲਾਗੈ ਕੋਇ ॥
ਜਾਕੈ ਰਿਦੈ ਬਸੈ ਹਰਿ ਸੋਇ ॥
ਕਲਿ ਤਾਤੀ ਠਾਢਾ ਹਰਿ ਨਾਉ ॥
ਸਿਮਰਿ ਸਿਮਰਿ ਸਦਾ ਸੁਖ ਪਾਉ ॥
ਭਉ ਬਿਨਸੈ ਪੂਰਨ ਹੋਇ ਆਸ ॥
ਭਗਤਿ ਭਾਇ ਆਤਮ ਪਰਗਾਸ ॥
ਤਿਤ ਘਰਿ ਜਾਇ ਬਸੈ ਅਬਿਨਾਸੀ ॥
ਕਹੁ ਨਾਨਕ ਕਾਟੀ ਜਮਫਾਸੀ ॥ ੩ ॥

ਹਰ ਦੇ ਨਾਮ ਨਾਲ ਇਸ ਮਨ ਨੂੰ ਸਮਝਾਓ। ਤਾਂ ਜੋ ਦਸੋ ਦਿਸਾਂ ਵਿਚ ਦੌੜਦਾ ਹੋਇਆ ਟਿਕਾਣੇ ਆ ਜਾਵੇ। ਉਸਨੂੰ ਕੋਈ ਵਿਘਨ ਨਹੀਂ ਲਗਦਾ, ਜਿਸਦੇ ਹਿਰਦੇ ਵਿਚ ਉਹ ਪ੍ਰਭੂ ਵਸਦਾ ਹੈ। ਕਲਜੁਗ ਤਪਤ ਹੈ,ਹਰ ਨਾਉਂ ਠੰਢਾ ਹੈ। ਪ੍ਰਭੂ ਨੂੰ ਸਿਮਰ ਸਿਮਰਕੇ ਸਦਾ ਸੁਖ ਪਾਵੋ। ਡਰ ਦੂਰ ਹੋਜਾਵੇ ਤੇ ਆਸਾ ਪੂਰਨ ਹੋਜਾਵੇ। ਪ੍ਰੇਮ ਭਗਤੀ ਕਰਨੇ ਤੇ ਆਤਮਾਂ ਪਰਕਾਸ਼ ਹੁੰਦਾ ਹੈ। ਫੇਰ ਜੀਵ ਉਸ ਅਬਿਨਾਸ਼ੀ ਘਰ ਸਰੂਪ ਵਿਚ ਜਾ ਵਸਦਾ ਹੈ, ਗੁਰੂ ਜੀ- ਜਿਥੇ ਜਮ ਦੀ ਫਾਸੀ ਕੱਟੀ ਹੋਈ ਹੈ।

ਤਤੁ ਬੀਚਾਰੁ ਕਹੈ ਜਨੁ ਸਾਚਾ ॥
ਜਨਮਿ ਮਰੈ ਸੋ ਕਾਚੋ ਕਾਚਾ ॥
ਆਵਾ ਗਵਨੁ ਮਿਟੈ ਪ੍ਰਭੁ ਸੇਵ ॥
ਆਪੁ ਤਿਆਗਿ ਸਰਨਿ ਗੁਰਦੇਵ ॥
ਇਉ ਰਤਨ ਜਨਮ ਕਾ ਹੋਇ ਉਧਾਰੁ ॥
ਹਰਿ ਹਰਿ ਸਿਮਰਿ ਪ੍ਰਾਨ ਆਧਾਰੁ ॥
ਅਨਿਕ ਉਪਾਵ ਨ ਛੂਟਨ ਹਾਰੇ ॥
ਸਿੰਮ੍ਰਿਤਿ ਸਾਸਤ ਬੇਦ ਬੀਚਾਰੇ ॥

Digitized by Panjab Digital Library | www.panjabdigilib.org

ਹਰਿ ਕੀ ਭਗਤਿ ਕਰਹੁ ਮਨੁ ਲਾਇ ॥
ਮਨਿ ਬੰਛਤ ਨਾਨਕ ਫਲ ਪਾਇ ॥ ੪ ॥

ਸੱਚਾ ਪੁਰਖ ਤੱਤ ਦਾ ਵੀਚਾਰ ਕਥਨ ਕਰਦਾ ਹੈ। ਜੋ ਜੰਮਦਾ ਮਰਦਾ ਹੈ, ਉਹ ਮੂਲੋਂ ਕੱਚਾ ਹੈ। ਪਰ ਜਨਮ ਮਰਨ ਹਰੀ ਦੀ ਸੇਵਾ ਤੇ ਮਿਟਦਾ ਹੈ। ਆਪਾ ਭਾਵ ਤਿਆਗਕੇ ਗੁਰੂ ਦੀ ਸੇਵਾ ਕਰਨੇ ਤੇ। ਇਸਤਰਾਂ ਇਸ ਰਤਨ ਅਮੋਲਕ ਜਨਮ ਦਾ ਉਧਾਰ ਹੁੰਦਾ ਹੈ। ਹਰੀ ਹਰ ਨੂੰ ਸਿਮਰ ਜੋ ਪ੍ਰਾਣਾਂ ਦਾ ਅਧਾਰ ਹੈ। ਹੋਰ ਜੋ ਉਪਾਵ ਹਨ ਉਨ੍ਹ ਕਰਕੇ ਜੀਵ ਛੁੱਟ ਨਹੀਂ ਸਕਦਾ। ਸਿੰਮ੍ਰਿਤੀਆਂ ਸ਼ਾਸਤਰ ਬੇਦ ਭੀ ਵਿਚਾਰਕੇ ਦੇਖ ਲਏ ਹਨ। ਹਰੀ ਦੀ ਭਗਤੀ ਮਨ ਲਾਕੇ ਕਰੋ, ਗੁਰੂ ਜੀ—ਮਨ ਇਛੇ ਫਲ ਪਾਓਗੇ।

ਸੰਗਿ ਨ ਚਾਲਸਿ ਤੇਰੈ ਧਨਾ ॥
ਤੂੰ ਕਿਆ ਲਪਟਾਵਹਿ ਮੂਰਖ ਮਨਾ ॥
ਸੁਤ ਮੀਤ ਕੁਟੰਬ ਅਰੁ ਬਨਿਤਾ ॥
ਇਨ ਤੇ ਕਹਹੁ ਤੁਮ ਕਵਨ ਸਨਾਥਾ ॥
ਰਾਜ ਰੰਗ ਮਾਇਆ ਬਿਸਥਾਰ ॥
ਇਨ ਤੇ ਕਹਹੁ ਕਵਨ ਛੁਟਕਾਰ ॥
ਅਸੁ ਹਸਤੀ ਰਥ ਅਸਵਾਰੀ ॥
ਝੂਠਾ ਡੰਫੁ ਝੂਠੁ ਪਾਸਾਰੀ ॥
ਜਿਨਿ ਦੀਏ ਤਿਸੁ ਬੁਝੈ ਨ ਬਿਗਾਨਾ ॥
ਨਾਮੁ ਬਿਸਾਰਿ ਨਾਨਕ ਪਛੁਤਾਨਾ ॥ ੫ ॥

ਤੇਰੇਨਾਲ ਧਨ ਨੇ ਨਹੀਂ ਜਾਣਾ, ਹੇ ਮੂਰਖਮਨਾ ! ਤੂੰ ਇਸ ਨੂੰ ਕਿਉਂ ਚੰਬੜਦਾ ਹੈਂ? ਪੁੱਤ੍ਰ, ਮਿੱਤ੍ਰ, ਟੱਬਰ ਤੇ ਵਹੁਟੀ। ਦੱਸ ਇਨ੍ਹਾਂ ਤੇ ਕੌਣ ਪਵਿੱਤ ਹੋਇਆ ਹੈ ? ਰਾਜ ਖੁਸ਼ੀਆਂ ਤੇ ਮਾਇਆ ਦੇ ਪਸਾਰੇ। ਕਹੁ ਇਹਨਾਂ ਤੋਂ ਕਿਸੇ ਨੇ ਛੁਟਕਾਰਾ ਪਾਇਆ ਹੈ। ਘੋੜੇ ਹਾਥੀ ਤੇ ਰਥ ਆਦਿ ਅਸਵਾਰੀਆਂ। ਏਹ ਝੂਠਾ ਡੰਭ ਤੇ ਝੂਠਾ ਪਸਾਰਾ ਹੈ। ਜਿਸ ਪ੍ਰਭ ਨੇ ਏਹ ਸਾਰੇ ਦਿੱਤੇ ਹਨ, ਉਸ ਨੂੰ ਮੂਰਖ ਨਹੀਂ ਪਛਾਣਦਾ। ਗੁਰੂ ਜੀ—ਪਰ ਨਾਮ ਨੂੰ ਵਿਸਾਰਕੇ ਪਛੁਤਾਉਂਦਾ ਹੈ ਜੀਵ।

Digitized by Panjab Digital Library | www.panjabdigilib.org

ਗੁਰ ਕੀ ਮਤਿ ਤੂੰ ਲੇਹਿ ਇਆਨੇ ॥
ਭਗਤਿ ਬਿਨਾ ਬਹੁ ਡੂਬੇ ਸਿਆਨੇ ॥
ਹਰਿ ਕੀ ਭਗਤਿ ਕਰਹੁ ਮਨ ਮੀਤ ॥
ਨਿਰਮਲ ਹੋਇ ਤੁਮਾਰੋ ਚੀਤ ॥
ਚਰਨ ਕਮਲ ਰਾਖਹੁ ਮਨ ਮਾਹਿ ॥
ਜਨਮ ਜਨਮ ਕੇ ਕਿਲ ਬਿਖ ਜਾਹਿ ॥
ਆਪਿ ਜਪਹੁ ਅਵਰਾ ਨਾਮੁ ਜਪਾਵਹੁ ॥
ਸੁਨਤ ਕਹਤ ਰਹਤ ਗਤਿ ਪਾਵਹੁ ॥
ਸਾਰ ਭੂਤ ਸਤਿ ਹਰਿ ਕੋ ਨਾਉ ॥
ਸਹਜਿ ਸੁਭਾਇ ਨਾਨਕ ਗੁਨ ਗਾਉ ॥ ੬ ॥

ਹੇ ਮੂੜ੍ਹ ! ਤੂੰ ਗੁਰ ਦੀ ਸਿਖਿਆ ਲੈ, ਕਿਉਂਕਿ ਭਗਤੀ ਤੋਂ ਬਾਝ ਬਹੁਤ ਸਿਆਣੇ ਡੁੱਬ ਗਏ ਹਨ। ਹੇ ਮਿੱਤ੍ਰ ! ਮਨ ਵਿਖੇ ਹਰੀ ਦੀ ਭਗਤੀ ਕਰੋ। ਜੋ ਤੁਹਾਡਾ ਚਿੱਤ ਨਿਰਮਲ ਹੋਜਾਵੇ। ਮਨ ਵਿਖੇ ਚਰਨਾਂ ਕਮਲਾਂ ਨੂੰ ਰਖੋ, ਜੋ ਜਨਮ ੨ ਦੇ ਪਾਪ ਨਾਸ ਹੋ ਜਾਣ। ਆਪ ਪਰਮੇਸ਼ਰ ਦਾ ਨਾਮ ਜਪੋ ਤੇ ਹੋਰਨਾਂ ਨੂੰ ਜਪਾਓ। ਤੱਤ ਰੂਪ ਤੇ ਸਤ ਰੂਪ ਹਰੀ ਦਾ ਹੀ ਨਾਮ ਹੈ। ਗੁਰੂ ਜੀ-ਸ਼ਾਂਤੀ ਸੁਭਾਵ ਨਾਲ ਹਰਿ ਗੁਣ ਗਾਓ।

ਗੁਨ ਗਾਵਤ ਤੇਰੀ ਉਤਰਸਿ ਮੈਲੁ ॥
ਬਿਨਸਿ ਜਾਇ ਹਉਮੈ ਬਿਖੁ ਫੈਲੁ ॥
ਹੋਹਿ ਅਚਿੰਤੁ ਬਸੈ ਸੁਖ ਨਾਲਿ ॥
ਸਾਸਿ ਗ੍ਰਾਸਿ ਹਰਿ ਨਾਮੁ ਸਮਾਲਿ ॥
ਛਾਡਿ ਸਿਆਨਪ ਸਗਲੀ ਮਨਾ ॥
ਸਾਧ ਸੰਗ ਪਾਵਹਿ ਸਚੁ ਧਨਾ ॥
ਹਰਿ ਪੂੰਜੀ ਸੰਚਿ ਕਰਹੁ ਬਿਉਹਾਰੁ ॥
ਈਹਾ ਸੁਖੁ ਦਰਗਹ ਜੈਕਾਰੁ ॥

Digitized by Panjab Digital Library | www.panjabdigilib.org

**ਸਰਬ ਨਿਰੰਤਰਿ ਏਕੋ ਦੇਖੁ ॥**
**ਕਹੁ ਨਾਨਕ ਜਾਕੈ ਮਸਤਕਿ ਲੇਖੁ ॥ ੭ ॥**

ਹਰ ਗੁਣ ਗਾਉਣੇ ਤੇ ਤੇਰੀ ਮੈਲ ਉਤਰਦੀ ਹੈ। ਅਹੰਤਾ ਰੂਪੀ ਜਹਿਰ ਫੈਲੀ ਹੋਈ ਨਾਸ ਹੋ ਜਾਂਦੀ ਹੈ। ਫੇਰ ਤੂੰ ਬੇਫਿਕਰ ਹੋਕੇ ਸੁਖ ਨਾਲ ਆਪਣੇ ਸਰੂਪ ਵਿਚ ਵੱਸ। ਸੁਆਸ ਲੈਂਦੇ ਹੋਏ ਬੁਰਕੀ ਖਾਂਦੇ ਹਰੀ ਦਾ ਨਾਮ ਸਿਮਰਨ ਕਰ। ਹੇ ਮਨ ਸਾਰੀ ਸਿਆਣਪ ਛੱਡ ਦੇਹ। ਸਾਧ ਸੰਗ ਕਰਕੇ ਸੱਚਾ ਧਨ ਪਾਵੇਂਗਾ। ਹਰੀ ਰੂਪੀਰਾਸ ਕੱਠੀ ਕਰਕੇ ਵਿਹਾਰ ਕਰ। ਇਥੇ ਸੁਖ ਪਾਵੇਂਗਾ ਤੇ ਦਰਗਾਹ ਵਿੱਚ ਜੈਕਾਰ ਹੋਵੇਗੀ। ਸਭ ਦੇ ਅੰਦਰ ਇੱਕ ਰਸ ਵਿਆਪਕ ਇਕ ਨੂੰ ਦੇਖ। ਪਰ ਉਸਨੂੰ ਐਸਾ ਹੋਸਕਦਾ ਹੈ, ਗੁਰੂਜੀ–ਜਿਸ ਦੇ ਮੱਥੇ ਤੇ ਲੇਖ ਹੋਣ।

**ਏਕੋ ਜਪਿ ਏਕੋ ਸਾਲਾਹਿ ॥**
**ਏਕੁ ਸਿਮਰਿ ਏਕੋ ਮਨ ਆਹਿ ॥**
**ਏਕਸ ਕੇ ਗੁਨ ਗਾਉ ਅਨੰਤ ॥**
**ਮਨਿ ਤਨਿ ਜਾਪਿ ਏਕ ਭਗਵੰਤ ॥**
**ਏਕੋ ਏਕੁ ਏਕੁ ਹਰਿ ਆਪਿ ॥**
**ਪੂਰਨ ਪੂਰਿ ਰਹਿਓ ਪ੍ਰਭੁ ਬਿਆਪਿ ॥**
**ਅਨਿਕ ਬਿਸਥਾਰ ਏਕ ਤੇ ਭਏ ॥**
**ਏਕੁ ਅਰਾਧਿ ਪਰਾਛਤ ਗਏ ॥**
**ਮਨ ਤਨ ਅੰਤਰਿ ਏਕੁ ਪ੍ਰਭੁ ਰਾਤਾ ॥**
**ਗੁਰ ਪ੍ਰਸਾਦਿ ਨਾਨਕ ਇਕੁ ਜਾਤਾ ॥ ੮ ॥ ੧੯ ॥**

ਇੱਕੋ ਨੂੰ ਜਪ, ਇਕੋਦੀ ਮਹਿਮਾ ਕਰ। ਇਕੋਨੂੰ ਸਿਮਰ,ਇਕੋਨੂੰ ਮਨ ਵਿਚ ਚਾਹ। ਇਕੋ ਦੇ ਬੇਅੰਤ ਗੁਣ ਗਾਉ। ਇਕੋ ਭਗਵੰਤ ਨੂੰ ਤਨ ਤੇ ਮਨ ਕਰਕੇ ਜਪ। ਇਕੋ ਇਕ ਕੇਵਲ ਇਕ ਪ੍ਰਮੇਸ਼ਰ ਆਪਣੇ ਆਪ ਹੈ। ਉਹ ਵਿਆਪਕ ਪ੍ਰਭੂ ਪੂਰ ਹੋਕੇ ਸਾਰੇ ਪੂਰ ਰਿਹਾ ਹੈ। ਅਨੇਕਾਂ ਪਸਾਰੇ ਉਸੇ ਇਕੋ ਤੋਂ ਹੋਏ ਹਨ। ਉਸਨੂੰ ਅਰਾਧਿਆਂ ਪਾਪ ਦੂਰ ਹੋਗਏ ਮਨ ਤੇ ਤਨ ਦੇ ਅੰਦਰ ਇਕ ਪ੍ਰਭੂ ਰਚ ਰਿਹਾ ਹੈ। ਗੁਰੂ ਦੀ ਕ੍ਰਿਪਾ ਕਰਕੇ ਗੁਰੂ ਜੀ-ਨੇ ਇਕ ਨੂੰ ਜਾਣ ਲਿਆ ਹੈ।

Digitized by Panjab Digital Library | www.panjabdigilib.org

ਸਲੋਕੁ ॥

ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ ॥
ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ ॥ ੧ ॥

ਹੇ ਪ੍ਰਭੂ ਫਿਰਦਾ ੨ ਮੈਂ ਆਇਆ ਹਾਂ ਅਰ ਤੇਰੀ ਸ਼ਰਨ ਪਿਆ ਹਾਂ ਨਾਨਕ ਦੀ ਏਹ ਬੇਨਤੀ ਹੈ ਕਿ ਹੇ ਪ੍ਰਭੂ ਮੈਨੂੰ ਅਪਣੀ ਭਗਤੀ ਵਿੱਚ ਲਗਾਵੋ।

ਅਸਟਪਦੀ ॥

ਜਾਚਕ ਜਨੁ ਜਾਚੈ ਪ੍ਰਭ ਦਾਨੁ ॥
ਕਰਿ ਕਿਰਪਾ ਦੇਵਹੁ ਹਰਿ ਨਾਮੁ ॥
ਸਾਧ ਜਨਾ ਕੀ ਮ ਗਉ ਧੂਰਿ ॥
ਪਾਰਬ੍ਰਹਮ ਮੇਰੀ ਸਰਧਾ ਪੂਰਿ ॥
ਸਦਾ ਸਦਾ ਪ੍ਰਭ ਕੇ ਗੁਨ ਗਾਵਉ ॥
ਸਾਸਿ ਸਾਸਿ ਪ੍ਰਭ ਤੁਮਹਿ ਧਿਆਵਉ ॥
ਚਰਨ ਕਮਲ ਸਿਉ ਲਾਗੈ ਪ੍ਰੀਤਿ ॥
ਭਗਤਿ ਕਰਉ ਪ੍ਰਭ ਕੀ ਨਿਤ ਨੀਤਿ ॥
ਏਕ ਓਟ ਏਕੋ ਆਧਾਰੁ ॥
ਨਾਨਕ ਮਾਗੈ ਨਾਮੁ ਪ੍ਰਭ ਸਾਰੁ ॥ ੧ ॥

ਮੰਗਣੇ ਵਾਲਾ ਦਾਸ ਹੈ ਹੇ ਪ੍ਰਭੂ ! ਦਾਨ ਮੰਗਦਾ ਹੈ। ਕ੍ਰਿਪਾਕਰਕੇਹਰਿ ਨਾਮ ਬਖਸ਼ੋ। ਸਾਧੂ ਪੁਰਖਾਂ ਦੀ ਧੂੜ ਮੰਗਦਾ ਹਾਂ। ਹੇ ਪਾਰ ੍ਹਮ ! ਮੇਰੀ ਇੱਛਾ ਨੂੰ ਪੂਰਨ ਕਰ। ਸਦਾ ਸਦਾ ਮੈਂ ਪ੍ਰਭੂ ਦੇ ਗੁਣ ਗਾਵਾਂ । ਸਾਸ ਸਾਸ ਵਿਖੇ ਪ੍ਰਭੂ ਤੁਹਾਨੂੰ ਧਿਆਵਾਂ। ਸਦੀਵ ਕਾਲ ਪ੍ਰਭੂ ਦੀ ਭਗਤੀ ਕਰਾਂ । ਇਕੋ ਤੂੰ ਮੇਰੀ ਓਟ ਹੋਵੇਂ ਇਕੋ ਤੂੰ ਮੇਰਾ ਆਸਰਾ ਹੋਵੇਂ ਹੇ ਪ੍ਰਭੂ ! ਨਾਨਕ ਆਪਦਾ ਸਾਰ ਨਾਮ ਮੰਗਦਾ ਹੈ।

ਪ੍ਰਭ ਕੀ ਦ੍ਰਿਸਟਿ ਮਹਾ ਸੁਖੁ ਹੋਇ ॥
ਹਰਿ ਰਸੁ ਪਾਵੈ ਬਿਰਲਾ ਕੋਇ ॥
ਜਿਨ ਚਾਖਿਆ ਸੇ ਜਨ ਤ੍ਰਿਪਤਾਨੇ ॥

Digitized by Panjab Digital Library | www.panjabdigilib.org

ਪੂਰਨ ਪੁਰਖ ਨਹੀ ਡੋਲਾਨੇ ॥
ਸੁਭਰ ਭਰੇ ਪ੍ਰੇਮ ਰਸ ਰੰਗਿ ॥
ਉਪਜੈ ਚਾਉ ਸਾਧ ਕੈ ਸੰਗਿ ॥
ਪਰੇ ਸਰਨਿ ਆਨ ਸਭ ਤਿਆਗਿ ॥
ਅੰਤਰਿ ਪ੍ਰਗਾਸ ਅਨਦਿਨੁ ਲਿਵ ਲਾਗਿ ॥
ਬਡਭਾਗੀ ਜਪਿਆ ਪ੍ਰਭੁ ਸੋਇ ॥
ਨਾਨਕ ਨਾਮਿ ਰਤੇ ਸੁਖੁ ਹੋਇ ॥ ੨ ॥

ਪ੍ਰਭੂ ਦੀ ਦਇਆ ਦ੍ਰਿਸ਼ਟੀ ਤੇ ਬੜਾ ਸੁਖ ਹੁੰਦਾ ਹੈ। ਪਰ ਹਰੀ ਰਸ ਨੂੰ ਕੋਈ ਵਿਰਲਾ ਪਾਉਂਦਾ ਹੈ। ਜਿਨ੍ਹਾਂ ਨੇ ਇਸ ਨੂੰ ਚੱਖਿਆ ਹੈ ਉਹ ਪੁਰਖ ਤ੍ਰਿਪਤ ਹੋ ਗਏ ਹਨ। ਉਹ ਪੂਰਨ ਪੁਰਖ ਕਦੇ ਨਹੀਂ ਡੋਲਦੇ। ਪ੍ਰੇਮ ਰਸ ਦੇ ਅਨੰਦ ਵਿੱਚ ਉਹ ਨਕਾ ਨਕ ਹਨ। ਉਨ੍ਹਾਂ ਨੂੰ ਸਾਧਾਂ ਦੇ ਸੰਗ ਕਰਕੇ ਚਾਉ ਉਪਜਦਾ ਹੈ। ਹੋਰ ਸਭ ਕੁਝ ਤਿਆਗਕੇ ਓਹ ਸਰਨ ਪੈ ਗਏ ਹਨ। ਉਨਾਂ ਦੇ ਅੰਦਰ ਪ੍ਰਗਾਸ ਹੈ ਅਰ ਦਿਨ ਰਾਤ ਉਨ੍ਹਾਂ ਦੀ ਲਿਵ ਲਗੀ ਰਹਿੰਦੀ ਹੈ। ਗੁਰੂ ਜੀ—ਨਾਮ ਵਿੱਚ ਰਤਿਆਂ ਸੁਖ ਹੁੰਦਾ ਹੈ।

ਸੇਵਕ ਕੀ ਮਨਸਾ ਪੂਰੀ ਭਈ ॥
ਸਤਿਗੁਰ ਤੇ ਨਿਰਮਲ ਮਤ ਲਈ ॥
ਜਨ ਕਉ ਪ੍ਰਭੁ ਹੋਇਓ ਦਇਆਲੁ ॥
ਸੇਵਕੁ ਕੀਨੋ ਸਦਾ ਨਿਹਾਲੁ ॥
ਬੰਧਨ ਕਾਟਿ ਮੁਕਤਿ ਜਨੁ ਭਇਆ
ਜਨਮ ਮਰਨ ਦੂਖੁ ਭ੍ਰਮੁ ਗਇਆ ॥
ਇਛ ਪੁੰਨੀ ਸਰਧਾ ਸਭ ਪੂਰੀ ॥
ਰਵਿ ਰਹਿਆ ਸਦ ਸੰਗਿ ਹਜੂਰੀ ॥
ਜਿਸਕਾ ਸਾ ਤਿਨਿ ਲੀਆ ਮਿਲਾਇ ॥
ਨਾਨਕ ਭਗਤੀ ਨਾਮਿ ਸਮਾਇ ॥ ੩ ॥

ਸੇਵਕ ਦੀ ਇੱਛਾ ਪੂਰੀ ਹੋਗਈ। ਜਦ ਸਤ ਗੁਰੂ ਤੋਂ ਨਿਰਮਲ ਮਤ ਲੈ ਲਈ, ਦਾਸ ਪੁਰ ਪ੍ਰਭੂ ਦਿਆਲ ਹੋਗਿਆ। ਸੇਵਕ ਨੂੰ ਸਦੀਵ ਨਿਹਾਲ

Digitized by Panjab Digital Library | www.panjabdigilib.org

ਕਰਦਿੱਤਾ। ਉਹ ਦਾਸ ਬੰਧਨਾਂ ਨੂੰ ਕੱਟਕੇ ਮੁਕਤ ਹੋਗਿਆ। ਉਸਦਾ ਜੰਮਨਾ ਮਰਨਾ ਦੁਖ ਤੇ ਭਰਮ ਚਲਾ ਗਿਆ। ਇੱਛਾ ਪੁੱਜ ਗਈ ਤੇ ਸਰਧਾ ਪੂਰਨ ਹੋ ਗਈ। ਕਿਉਂਕਿ ਹੁਣ ਰਵ ਰਹਿਆ ਹੈ ਪਰਮੇਸ਼ਰ ਸੋ ਅੰਗ ਸੰਗ ਤੇ ਹਜ਼ੂਰ ਦਿਸ ਰਿਹਾ ਹੈ। ਜਿਸ ਹਰੀ ਦਾ ਦਾਸ ਸੀ ਉਸ ਨੇ ਮਿਲਾ ਲਿਆ। ਗੁਰੂ ਜੀ–ਭਗਤੀ ਕਰਕੇ ਨਾਮ ਵਿਚ ਸਮਾ ਜਾਈਦਾ ਹੈ।

**ਸੋ ਕਿਉ ਬਿਸਰੈ ਜਿ ਘਾਲ ਨ ਭਾਨੈ ॥**
**ਸੋ ਕਿਉ ਬਿਸਰੈ ਜਿ ਕੀਆ ਜਾਨੈ ॥**
**ਸੋ ਕਿਉ ਬਿਸਰੈ ਜਿਨਿ ਸਭੁ ਕਿਛੁ ਦੀਆ ॥**
**ਸੋ ਕਿਉ ਬਿਸਰੈ ਜਿ ਜੀਵਨ ਜੀਆ ॥**
**ਸੋ ਕਿਉ ਬਿਸਰੈ ਜਿ ਅਗਨਿ ਮਹਿ ਰਾਖੈ ॥**
**ਗੁਰ ਪ੍ਰਸਾਦਿ ਕੋ ਬਿਰਲਾ ਲਾਖੈ ॥**
**ਸੋ ਕਿਉ ਬਿਸਰੈ ਜਿ ਬਿਖੁ ਤੇ ਕਾਢੈ ॥**
**ਜਨਮ ਜਨਮ ਕਾ ਟੂਟਾ ਗਾਢੈ ॥**
**ਗੁਰਿ ਪੂਰੈ ਤਤੁ ਇਹੈ ਬੁਝਾਇਆ ॥**
**ਪ੍ਰਭੁ ਅਪੁਨਾ ਨਾਨਕ ਜਨ ਧਿਆਇਆ ॥ ੪ ॥**

ਉਹ ਕਿਉਂ ਵਿਸਰੇ ਜੋ ਮੇਹਨਤ ਨੂੰ ਨਹੀਂ ਗਵਾਉਂਦਾ ? ਉਹ ਕਿਉਂ ਵਿਸਰੇ ਜੋ ਕੀਤਾ ਜਾਣਦਾ ਹੈ ? ਉਹ ਕਿਉਂ ਵਿਸਰੇ ਜਿਸਨੇ ਸਭ ਕੁਝ ਦਿਤਾ ਹੈ? ਉਹ ਕਿਉਂ ਵਿਸਰੇ ਜੋ ਜੀਵਨ ਦਾ ਬੀ ਜੀਵਨ ਹੈ? ਉਹ ਕਿਉਂ ਵਿਸਰੇ ਜੋ ਅਗਨੀ ਵਿਚੋਂ ਬਚਾਉਂਦਾ ਹੈ ? ਗੁਰੂ ਦੀ ਕ੍ਰਿਪਾ ਕਰਕੇ ਉਸਨੂੰ ਕੋਈ ਵਿਰਲਾ ਲਖਦਾ ਹੈ। ਉਹ ਕਿਉਂ ਵਿਸਰੇ ਜੋ ਜ਼ਹਿਰ ਤੋਂ ਕੱਢ ਲੈਂਦਾ ਹੈ ? ਅਰ ਜਨਮ ੨ ਦੇ ਵਿਛੁੜੇ ਨੂੰ ਮੇਲ ਲੈਂਦਾ ਹੈ। ਪੂਰੇ ਗੁਰੂ ਨੇ ਸਾਨੂੰ ਇਹ ਤੱਤ ਸਮਝਾਇਆ ਹੈ। ਕਿ ਭੁੱਲੋ ਨਹੀਂ, ਇਸ ਲਈ ਨਾਨਕ ਦਾਸ ਨੇ ਆਪਣਾ ਪ੍ਰਭੂ ਧਿਆਇਆ ਹੈ।

**ਸਾਜਨ ਸੰਤ ਕਰਹੁ ਇਹੁ ਕਾਮੁ ॥**
**ਆਨ ਤਿਆਗਿ ਜਪਹੁ ਹਰਿਨਾਮੁ ॥**
**ਸਿਮਰਿ ਸਿਮਰਿ ਸਿਮਰਿ ਸੁਖ ਪਾਵਹੁ ॥**
**ਆਪਿ ਜਪਹੁ ਅਵਰਹ ਨਾਮੁ ਜਪਾਵਹੁ ॥**

Digitized by Panjab Digital Library | www.panjabdigilib.org

ਭਗਤਿ ਭਾਇ ਤਰੀਐ ਸੰਸਾਰੁ ॥
ਬਿਨੁ ਭਗਤੀ ਤਨੁ ਹੋਸੀ ਛਾਰੁ ॥
ਸਰਬ ਕਲਿਆਣ ਸੂਖ ਨਿਧਿ ਨਾਮੁ॥
ਬੂਡਤ ਜਾਤ ਪਾਏ ਬਿਸ੍ਰਾਮੁ ॥
ਸਗਲ ਦੂਖ ਕਾ ਹੋਵਤ ਨਾਸੁ ॥
ਨਾਨਕ ਨਾਮੁ ਜਪਹੁ ਗੁਨਤਾਸੁ ॥ ੫ ॥

ਹੇ ਸਜਨੋਂ ਇਹ ਕੰਮ ਕਰੋ। ਹੋਰ ਸਭ ਕੁਝ ਤਿਆਗਕੇ ਹਰੀ ਦਾ ਨਾਮ ਜਪੋ। ਮਨ, ਤਨ, ਬਾਣੀ ਕਰਕੇ ਸੰਸਾਰ ਤੋਂ ਸੁਖ ਪਾਵੋ । ਆਪ ਜਪੋ ਤੇ ਹੋਰਨਾਂ ਨੂੰ ਨਾਮ ਜਪਾਵੋ। ਪ੍ਰੇਮ ਭਗਤੀ ਕਰਕੇ ਸੰਸਾਰ ਤੋਂ ਤਰੀਦਾ ਹੈ। ਭਗਤੀ ਤੋਂ ਬਿਨਾਂ ਦੇਹ ਸੁਆਹ ਹੋਜਾਇਗੀ। ਮੁਕਤੀ ਤੇ ਸੁਖ ਸਭ ਦਾ ਨਿਧ ਨਾਮ ਹੈ। ਇਸ ਕਰਕੇ ਡੁੱਬਦਾ ਜਾਂਦਾ ਭੀ ਆਰਾਮ ਪਾਉਂਦਾ ਹੈ । ਇਸ ਕਰਕੇ ਸਾਰੇ ਦੁਖਾਂ ਦਾ ਨਾਸ ਹੁੰਦਾ ਹੈ। ਤਾਂਤੇ ਗੁਰੂ ਜੀ- ਗੁਣਾਂ ਦੇ ਸਮੁੰਦ੍ ਨੂੰ ਜਪੋ।

ਉਪਜੀ ਪ੍ਰੀਤਿ ਪ੍ਰੇਮ ਰਸੁ ਚਾਉ ॥
ਮਨ ਤਨ ਅੰਤਰ ਇਹੀ ਸੁਆਉ ॥
ਨੇਤ੍ਰਹੁ ਪੇਖਿ ਦਰਸੁ ਸੁਖੁ ਹੋਇ ॥
ਮਨੁ ਬਿਗਸੈ ਸਾਧ ਚਰਨ ਧੋਇ ॥
ਭਗਤ ਜਨਾ ਕੈ ਮਨਿ ਤਨਿ ਰੰਗੁ॥
ਬਿਰਲਾ ਕੋਊ ਪਾਵੈ ਸੰਗੁ ॥
ਏਕ ਬਸਤੁ ਦੀਜੈ ਕਰਿ ਮਇਆ ॥
ਗੁਰ ਪ੍ਰਸਾਦਿ ਨਾਮੁ ਜਪਿ ਲਇਆ ॥
ਤਾਕੀ ਉਪਮਾ ਕਹੀ ਨ ਜਾਇ ॥
ਨਾਨਕ ਰਹਿਆ ਸਰਬ ਸਮਾਇ ॥ ੬ ॥

ਉਪਜੀ ਹੈ ਪ੍ਰੀਤ ਤੇ ਪ੍ਰੇਮ ਰਸ ਦਾ ਚਾ। ਤਨ ਦੇ ਅੰਦਰ ਮਨ ਤੇ ਮਨ ਵਿਚ ਇਹੋ ਪ੍ਰਯੋਜਨ ਦ੍ਰਿੜ ਹੋ ਗਿਆ ਨੇਤ੍ਰਾਂ ਨਾਲ ਸਾਧ ਦਾ ਦਰਸ਼ਨ ਦੇਖੇ ਸੁਖ ਹੁੰਦਾ ਹੈ। ਮਨ ਸਾਧਾਂ ਦੇ ਚਰਨ ਧੋਕੇ ਖਿੜਦਾ ਹੈ। ਭਗਤ ਜਨ ਦੇ ਮਨ

Digitized by Panjab Digital Library | www.panjabdigilib.org

ਤੇ ਸਰੀਰ ਵਿੱਚ ਅਨੰਦ ਹੁੰਦਾ ਹੈ। ਕੋਈ ਵਿਰਲਾ ਸੰਤ ਦੇ ਸੰਗ ਨੂੰ ਪਾਉਂਦਾ ਹੈ। ਹੇ ਪ੍ਰਭੂ ਕ੍ਰਿਪਾ ਕਰਕੇ ਇਕ ਵਸਤੂ ਦੀਜੀਏ ! ਗੁਰੂ ਦੀ ਕ੍ਰਿਪਾ ਕਰਕੇ ਮੈਂ ਨਾਮ ਨੂੰ ਜਪ ਲਵਾਂ। ਉਸ ਦੀ ਉਪਮਾਂ ਕਹੀ ਨਹੀਂ ਜਾਂਦੀ। ਗੁਰੂ ਜੀ-ਉਹ ਸਭ ਵਿੱਚ ਸਮਾ ਰਿਹਾ ਹੈ।

**ਪ੍ਰਭ ਬਖਸੰਦ ਦੀਨ ਦਇਆਲ ॥**
**ਭਗਤਿ ਵਛਲ ਸਦਾ ਕਿਰਪਾਲ ॥**
**ਅਨਾਥ ਨਾਥ ਗੋਬਿੰਦ ਗੁਪਾਲ ॥**
**ਸਰਬ ਘਟਾ ਕਰਤ ਪ੍ਰਤਿਪਾਲ ॥**
**ਆਦਿ ਪੁਰਖ ਕਾਰਣ ਕਰਤਾਰ ॥**
**ਭਗਤ ਜਨਾ ਕੇ ਪ੍ਰਾਨ ਅਧਾਰ ॥**
**ਜੋ ਜੋ ਜਪੈ ਸੁ ਹੋਇ ਪੁਨੀਤ ॥**
**ਭਗਤਿ ਭਾਇ ਲਾਵੈ ਮਨ ਹੀਤ ॥**
**ਹਮ ਨਿਰਗੁਨੀਆਰ ਨੀਚ ਅਜਾਨ ॥**
**ਨਾਨਕ ਤੁਮਰੀ ਸਰਨ ਪੁਰਖ ਭਗਵਾਨ ॥ ੭ ॥**

ਪ੍ਰਭੂ ਬਖਸ਼ਨੇ ਵਾਲਾ ਤੇ ਦੀਨਾ ਪੁਰ ਕ੍ਰਿਪਾਲੂ ਹੈ। ਭਗਤਾਂ ਦਾ ਪਿਆਰਾ ਤੇ ਸਦਾ ਮੇਹਰ ਕਰਨੇ ਵਾਲਾ ਹੈ। ਅਨਾਥਾਂ ਦਾ ਨਾਥ ਪ੍ਰਿਥਵੀ ਦੇ ਜਾਣਨੇ ਵਾਲਾ ਪ੍ਰਿਥਵੀ ਦੇ ਪਾਲਨੇ ਵਾਲਾ ਹੈ। ਸਾਰੇ ਘਟਾਂ ਸਰੀਰਾਂ ਦੀ ਪ੍ਰਿਤਪਾਲ ਕਰਦਾ ਹੈ। ਆਦਿ ਪੁਰਖ ਹੈ ਕਾਰਣ ਹੈ ਸਾਰੀ ਸ੍ਰਿਸ੍ਟੀ ਦਾ ਤੇ ਰਚਨਹਾਰਾ ਹੈ। ਭਗਤ ਜਨਾਂ ਦੇ ਪ੍ਰਾਣਾਂ ਦਾ ਆਧਾਰ ਹੈ। ਜੋ ਜੋ ਉਸ ਨੂੰ ਜਪਦਾ ਹੈ ਸੋ ਪਵਿੱਤ੍ਰ ਹੁੰਦਾ ਹੈ। ਅਰ ਉਹ ਜੋ ਪ੍ਰੇਮਾ ਭਗਤੀ ਕਰਕੇ ਮਨ ਪ੍ਰੇਮ ਵਿੱਚ ਲਾਉਂਦਾ ਹੈ। ਹੇ ਪ੍ਰਭੂ ਅਸੀਂ ਗੁਣਾਂ ਤੋਂ ਰਹਿਤ ਨੀਚ ਤੇ ਮੂਰਖ ਹਾਂ। ਹੇ ਪੂਰਨ ਭਗਵਾਨ ਨਾਨਕ ਤੁਹਾਡੀ ਸ਼ਰਨ ਹੈ।

**ਸਰਬ ਬੈਕੁੰਠ ਮੁਕਤਿ ਮੋਖ ਪਾਏ ॥**
**ਏਕ ਨਿਮਖ ਹਰਿ ਕੇ ਗੁਨ ਗਾਏ ॥**
**ਅਨਿਕ ਰਾਜ ਭੋਗ ਬਡਿਆਈ ॥**
**ਹਰਿਕੇ ਨਾਮ ਕੀ ਕਥਾ ਮਨਿ ਭਾਈ ॥**

Digitized by Panjab Digital Library | www.panjabdigilib.org

ਬਹੁ ਭੋਜਨ ਕਾਪਰ ਸੰਗੀਤ ॥
ਰਸਨਾ ਜਪਤੀ ਹਰਿ ਹਰਿ ਨੀਤ ॥
ਭਲੀ ਸੁ ਕਰਨੀ ਸੋਭਾ ਧਨਵੰਤ ॥
ਹਿਰਦੈ ਬਸੇ ਪੂਰਨ ਗੁਰਮੰਤ ॥
ਸਾਧ ਸੰਗਿ ਪ੍ਰਭ ਦੇਹੁ ਨਿਵਾਸ ॥
ਸਰਬ ਸੂਖ ਨਾਨਕ ਪਰਗਾਸ॥ ੮॥ ੨੦ ॥

ਉਸਨੇ ਸਾਰੇ ਬੈਕੁੰਠ ਮੁਕਤੀ ਤੇ ਛਲਾਸ ਪਾ ਲਈ। ਜਿਸ ਨੇ ਇਕ ਪਲ ਹਰੀ ਦੇ ਗੁਣ ਗਾਉਂ ਲੀਤੇ। ਉਸਨੇ ਅਨੇਕ ਰਾਜ, ਰਾਜ ਦੇ ਭੋਗ ਤੇ ਵਡਿਆਈ ਪਾਲਈ। ਜਿਸ ਦੇਮਨ ਵਿੱਚ ਹਰੀ ਦੇ ਨਾਮਦੀ ਕੱਥਾ ਭਾ ਗਈ। ਉਸਨੇ ਬਹੁਤੇ ਭੋਜਨ ਕੱਪੜੇ ਤਾਂ ਰਾਗ ਪ੍ਰਾਪਤ ਕਰ ਲਏ। ਜਿਸ ਦੀ ਰਸਨਾ ਹਰੀ ਹਰ ਨਿੱਤ ਜੱਪਦੀ ਹੈ, ਉਨ੍ਹਾਂ ਦੀ ਕਰਨੀ ਭਲੀ ਹੈ ਸੋਭਾ ਤੇ ਧਨਾਢਗੀ ਬੀ ਉਸਦੀ ਹੈ। ਜਿਸਦੇ ਹਿਰਦੇ ਵਿਚ ਪੂਰਨ ਗੁਰੂ ਦਾ ਮੰਤ੍ਰ ਵੱਸਦਾ ਹੈ। ਹੇ ਪ੍ਰਭੂ ਸਾਧਾਂ ਦੇ ਸੰਗ ਨਿਵਾਸ ਬਖਸ਼ੋ। ਗੁਰੂ ਜੀ-ਜਿਸਤੋਂ ਸਾਰੇ ਸੁਖਾਂ ਦਾ ਪ੍ਰਕਾਸ਼ ਹੋ ਆਉਂਦਾ ਹੈ।

## ਸਲੋਕੁ

ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ ॥
ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ ॥੧॥

ਸਰਗੁਨ, ਨਿਰਗੁਨ ਆਕਾਰ ਤੋਂ ਰਹਿਤ ਸੁੰਨ ਸਮਾਧ ਰੂਪ ਆਪ ਹੀ ਹੈ, ਆਪਣੇ ਕੀਤੇ ਹੋਏ ਨੂੰ ਫਿਰ ਆਪਹੀ ਯਾਦ ਰਖਦਾ ਹੈ ।

## ਅਸਟਪਦੀ

ਜਬ ਅਕਾਰੁ ਇਹੁ ਕਛੁ ਨ ਦ੍ਰਿਸਟੇਤਾ ॥
ਪਾਪ ਪੁੰਨ ਤਬ ਕਹਤੇ ਹੋਤਾ ॥
ਜਬ ਧਾਰੀ ਆਪਨ ਸੁੰਨ ਸਮਾਧਿ ॥
ਤਬ ਬੈਰ ਬਿਰੋਧ ਕਿਸੁ ਸੰਗਿ ਕਮਾਤਿ ॥
ਜਬ ਇਸਕਾ ਬਰਨੁ ਚਿਹਨੁ ਨ ਜਾਪਤ ॥
ਤਬ ਹਰਖ ਸੋਗ ਕਹੁ ਕਿਸਹਿ ਬਿਆਪਤ ॥

Digitized by Panjab Digital Library | www.panjabdigilib.org

ਜਬ ਆਪਨ ਆਪ ਆਪਿ ਪਾਰਬ੍ਰਹਮ ॥
ਤਬ ਮੋਹ ਕਹਾ ਕਿਸੁ ਹੋਵਤ ਭਰਮ ॥
ਆਪਨ ਖੇਲੁ ਆਪਿ ਵਰਤੀਜਾ ॥
ਨਾਨਕ ਕਰਨੈ ਹਾਰੁ ਨ ਦੂਜਾ ॥ ੧ ॥

ਜਦ ਇਸ ਪ੍ਰਪੰਚ ਦਾ ਆਕਾਰ ਕੁਝ ਨਹੀਂ ਸੀ ਦਿਸਦਾ ਤਦ ਪਾਪ ਪੁੰਨ ਕਿਸਤੋਂ ਹੁੰਦਾ ਸੀ। ਜਦ ਧਾਰੀ ਸੀ ਆਪਣੇ ਆਪ ਵਿਚ ਸੁੱਨ ਸਮਾਧੀ ਤਦ ਵੈਰ ਵਿਰੋਧ ਕਿਸ ਨਾਲ ਕਮਾਉਂਦਾ ਸੀ ? ਜਦ ਇਸ ਦਾ ਰੰਗ ਰੂਪ ਨਹੀਂ ਸੀ ਜਾਪਦਾ ਤਦ ਦੱਸੋ ਹਰਖ ਸੋਗ ਕਿਸਨੂੰ ਵਿਆਪਦਾ ਸੀ ? ਜਦ ਆਪਣੇ ਆਪ ਵਿੱਚ ਪਾਰਬ੍ਰਹਮ ਸੀ ਤਦ ਮੋਹ ਕਿਸ ਨੂੰ ਤੇ ਭਰਮ ਕਿਸ ਨੂੰ ਹੁੰਦਾ ਸੀ ? ਆਪਣੇ ਖੇਲ ਨੂੰ ਉਸ ਨੇ ਆਪ ਵਰਤਾਇਆ।ਗੁਰੂਜੀ–ਰਚਨੇ ਵਾਲਾ ਹੋਰ ਕੋਈ ਨਹੀਂ ਹੈ।

ਜਬ ਹੋਵਤ ਪ੍ਰਭ ਕੇਵਲ ਧਨੀ ॥
ਤਬ ਬੰਧ ਮੁਕਤਿ ਕਹੁ ਕਿਸ ਕਉ ਗਨੀ ॥
ਜਬ ਏਕਹਿ ਹਰਿ ਅਗਮ ਅਪਾਰ ॥
ਤਬ ਨਰਕ ਸੁਰਗ ਕਹੁ ਕਉਨ ਅਉਤਾਰ ॥
ਜਬ ਨਿਰਗੁਨ ਪ੍ਰਭ ਸਹਜ ਸੁਭਾਇ ॥
ਤਬ ਸਿਵ ਸਕਤਿ ਕਹਹੁ ਕਿਤੁ ਠਾਇ ॥
ਜਬ ਆਪਹਿ ਆਪਿ ਅਪਨੀ ਜੋਤਿ ਧਰੈ ॥
ਤਬ ਕਵਨ ਨਿਡਰੁ ਕਵਨ ਕਤ ਡਰੈ ॥
ਆਪਨ ਚਲਿਤ ਆਪਿ ਕਰਨੈ ਹਾਰ ॥
ਨਾਨਕ ਠਾਕੁਰ ਅਗਮ ਅਪਾਰ ॥ ੨ ॥

ਜਦ ਕੇਵਲ ਪ੍ਰਭੂ ਸੁਆਮੀ ਹੀ ਹੋਂਦਾ ਹੈ ਤਦ ਬਝਿਆ ਹੋਇਆ ਤੇ ਛੁਟਿਆਹੋਇਆਦਸੋ ਕਿਸ ਨੂੰ ਗਿਣੀਦਾਹੈ ?ਜਦ ਇਕੋ ਹਰੀ ਗੰਮਿਤਾਤੇ ਪਰ ਤੋਂ ਰਹਿਤ ਹੁੰਦਾ ਹੈ ਦਸੋ ਤਦ ਨਰਕਸੁਰਗ ਵਿੱਚ ਕੌਨ ਅਵਤਾਰ ਧਾਰਦਾਹੈ? ਜਦ ਪ੍ਰਭੂ ਨਿਰਗੁਨ ਅਵਸਥਾ ਵਿਚ ਆਪਨੇ ਸਹਜ ਸਰੂਪਵਿਖੇ ਹੋਂਦਾ ਹੈ ? ਦਸੋ ਤਦ ਈਸ਼ੂਰ ਤੇ ਮਾਇਆ ਕਿਸਥਾਂ ਤੇ ਹੋਂਦੀਹੈ ?ਜਦ ਆਪ ਹੀ ਆਪਣੇ ਵਿੱਚ ਆਪਣੀ ਜੋਤ ਧਾਰਦਾ ਹੈ ਦਸੋ ਤਦ ਕੌਨ ਡਰ ਤੋਂ ਰਹਿਤ ਤੇ ਕੌਣ

Digitized by Panjab Digital Library | www.panjabdigilib.org

ਕਿਸ ਤੋਂ ਡਰਦਾ ਹੈ? ਆਪਣੇ ਚਲਿਤ੍ਰ ਆਪ ਕਰਨੇ ਵਾਲਾ ਹੈ। ਗੁਰੂ ਜੀ-ਪਰਮੇਸ਼ਰ ਗੰਮਤਾ ਤੇ ਪਾਰ ਤੋਂ ਰਹਿਤ ਹੈ।

**ਅਬਿਨਾਸੀ ਸੁਖ ਆਪਨ ਆਸਨ ॥**
**ਤਹ ਜਨਮ ਮਰਨ ਕਹੁ ਕਹਾ ਬਿਨਾਸਨ ॥**
**ਜਬ ਪੂਰਨ ਕਰਤਾ ਪ੍ਰਭੁ ਸੋਇ ॥**
**ਤਬ ਜਮ ਕੀ ਤ੍ਰਾਸ ਕਹਹੁ ਕਿਸੁ ਹੋਇ ॥**
**ਜਬ ਅਬਿਗਤ ਅਗੋਚਰ ਪ੍ਰਭ ਏਕਾ ॥**
**ਤਬ ਚਿਤ੍ਰ ਗੁਪਤ ਕਿਸੁ ਪੂਛਤ ਲੇਖਾ ॥**
**ਜਬ ਨਾਥ ਨਿਰੰਜਨ ਅਗੋਚਰ ਅਗਾਧੇ ॥**
**ਤਬ ਕਉਨ ਛੁਟੇ ਕਉਨ ਬੰਧਨ ਬਾਧੇ ॥**
**ਆਪਨ ਆਪ ਆਪ ਹੀ ਅਚਰਜਾ ॥**
**ਨਾਨਕ ਆਪਨ ਰੂਪ ਆਪ ਹੀ ਉਪਰਜਾ ॥ ੩ ॥**

ਨਾਸ ਤੋਂ ਰਹਿਤ ਸੁਖ ਆਪਣੇ ਆਸਨ ਰੂਪ ਵਿੱਚ ਇਸਥਤੀ ਤੋਂ ਹੁੰਦਾ ਹੈ। ਦੱਸ ਓਥੇ ਜੰਮਣਾ ਮਰਨਾ ਨਾਸ ਹੋਣਾ ਕਿਥੇ ਹੁੰਦਾ ਹੈ? ਜਦ ਪੂਰਨ ਰਚਨਹਾਰ ਉਹ ਪ੍ਰਭੂ ਹੁੰਦਾ ਹੈ ਦਸ ਤਦ ਜਮ ਦਾ ਡਰ ਕਿਸਨੂੰ ਹੁੰਦਾ ਹੈ? ਜਦ ਬਿਸਮਯ ਰੂਪ ਇੰਦ੍ਰੀ ਅਤੀਤ ਮਨ ਬਾਣੀ ਤੋਂ ਪਰੇ ਹੁੰਦਾ ਹੈ ਤਦ ਕੌਣ ਛੁਟਿਆ ਤੇ ਕੌਣ ਬੰਧਣ ਵਿਚ ਪਿਆ ਹੁੰਦਾ ਹੈ? ਆਪਣੇ ਆਪ ਤੋਂ ਆਪ ਹੀ ਅਸਚਰਜ ਰੂਪ ਹੈ। ਗੁਰੂ ਜੀ-ਪ੍ਰਭੂ ਨੇ ਆਪਨਾ ਰੂਪ ਆਪਹੀਉਤਪਤਕੀਤਾ।

**ਜਹ ਨਿਰਮਲ ਪੁਰਖੁ ਪੁਰਖ ਪਤਿ ਹੋਤਾ ॥**
**ਤਹ ਬਿਨੁ ਮੈਲੁ ਕਹਹੁ ਕਿਆ ਧੋਤਾ ॥**
**ਜਹ ਨਿਰੰਜਨ ਨਿਰੰਕਾਰ ਨਿਰਬਾਨ ॥**
**ਤਹ ਕਉਨ ਕਉ ਮਾਨ ਕਉਨ ਅਭਿਮਾਨ ॥**
**ਜਹ ਸਰੂਪ ਕੇਵਲ ਜਗਦੀਸ ॥**
**ਤਹ ਛਲ ਛਿਦ੍ਰ ਲਗਤ ਕਹੁ ਕੀਸ ॥**
**ਜਹ ਜੋਤਿ ਸਰੂਪੀ ਜੋਤਿ ਸੰਗਿ ਸਮਾਵੈ ॥**
**ਤਹ ਕਿਸਹਿ ਭੂਖ ਕਵਨੁ ਤ੍ਰਿਪਤਾਵੈ ॥**

Digitized by Panjab Digital Library | www.panjabdigilib.org

**ਕਰਨ ਕਰਾਵਨ ਕਰਨੈ ਹਾਰੁ ॥**
**ਨਾਨਕ ਕਰਤੇ ਕਾ ਨਾਹਿ ਸੁਮਾਰੁ ॥੪॥**

ਜਦ ਮੈਲ ਤੋਂ ਰਹਿਤ ਪੁਰਖ ਦੀ ਅਬਰੋ ਪੁਰਖ ਹੀ ਹੁੰਦਾ ਹੈ। ਦੱਸ ਉਥੇ ਮੈਲ ਦੇ ਅਭਾਵ ਵਿੱਚ ਕੀ ਧੋਂਦਾ ਹੈ ? ਜਿਥੇ ਮਾਯਾ ਰਹਿਤ ਅਕਾਰ ਰਹਿਤ ਰੂਪ ਹੁੰਦਾ ਹੈ ।ਉਥੇ ਕਿਸ ਨੂੰ ਮਾਨ ਤੇ ਕਿਸ ਨੂੰ ਅਭਮਾਨ ਹੁੰਦਾ ਹੈ ? ਜਿੱਥੇ ਕੇਵਲ ਜਗਦੀਸ ਸਰੂਪ ਹੀ ਹੈ। ਦੱਸ ਉਥੇ ਛਲ ਛਿੱਦਰ ਕਿਸਨੂੰ ਲਗਦਾ ਹੈ? ਜਿੱਥੇ ਜੋਤ ਸਰੂਪ ਵਾਲਾ ਜੋਤ ਨਾਲ ਹੀ ਸਮਾਉਂਦਾ ਹੈ। ਤਿੱਥੇ ਕਿਸ ਨੂੰ ਭੁੱਖ ਹੁੰਦੀ ਹੈ ਤੇ ਕੌਣ ਰਜਾਉਂਦਾ ਹੈ ? ਕਰਾਵਨੇ ਵਾਲਾ ਤੇ ਕਰਨੇ ਵਾਲਾ ਆਪ ਹੈ। ਗੁਰੂ ਜੀ-ਕਰਤੇ ਦਾ ਅੰਤ ਨਹੀਂ।

**ਜਬ ਅਪਨੀ ਸੋਭਾ ਆਪਨ ਸੰਗਿ ਬਨਾਈ ॥**
**ਤਬ ਕਵਨ ਮਾਇ ਬਾਪ ਮਿਤ੍ਰ ਸੁਤ ਭਾਈ ॥**
**ਜਹ ਸਰਬ ਕਲਾ ਆਪਹਿ ਪਰਬੀਨ ॥**
**ਤਹ ਬੇਦ ਕਤੇਬ ਕਹਾ ਕੋਊ ਚੀਨ੍ ॥**
**ਜਬ ਆਪਨ ਆਪੁ ਆਪਿ ਉਰਿਧਾਰੈ ॥**
**ਤਉ ਸਗਨ ਅਪਸਗਨ ਕਹਾ ਬੀਚਾਰੈ ॥**
**ਜਹ ਆਪਨ ਊਚ ਆਪਨ ਆਪਿ ਨੇਰਾ ॥**
**ਤਹ ਕਉਨ ਠਾਕੁਰੁ ਕਉਨੁ ਕਹੀਐ ਚੇਰਾ ॥**
**ਬਿਸਮਨ ਬਿਸਮ ਰਹੇ ਬਿਸਮਾਦ ॥**
**ਨਾਨਕ ਅਪਨੀ ਗਤਿ ਜਾਨਹੁ ਆਪਿ ॥ ੫ ॥**

ਜਦ ਆਪਣੀ ਸੋਭਾ ਆਪਣੇ ਸੰਗ ਬਣਾਈ। ਤਦ ਕੌਣ ਮਾਂ ਪਿਓ ਮਿੱਤ੍ਰ ਪੁੱਤ੍ਰ ਭਰਾ ਸੀ?ਜਿੱਥੇ ਸਭ ਸ਼ਕਤੀਆਂ ਕਰ ਆਪੇ ਹੀਪ੍ਰਬੀਨ ਸੀ। ਤਦ ਵੇਦਤੇ ਕਿਤਾਬਾਂ ਕਿੱਥੇ ਤੇ ਕੌਣ ਉਨ੍ਹਾਂ ਦੇ ਜਾਣਨ ਵਾਲਾ ਸੀ ?ਜਦ ਆਪਣੇ ਆਪਨੂੰ ਆਪ ਆਪਣੇ ਹਿਰਦੇ ਵਿਚ ਧਾਰਦਾ ਹੈ। ਤਦ ਸਗਨ ਅਪਸਗਨ ਕੌਣ ਤੇ ਕਿੱਥੇ ਵਿਚਾਰਦਾ ਹੈ ? ਜਦ ਆਪਣਾ ਆਪ ਉੱਚਾ ਤੇ ਆਪਣਾ ਆਪ ਨੇੜੇ ਹੁੰਦਾ ਹੈ। ਤਦ ਕੌਣ ਮਾਲਕ ਤੇ ਕੌਣ ਸੇਵਕ ਕਹੀਦਾ ਹੈ ? ਅਸੀਂ ਅਸਚਰਜ ਰੂਪ ਨੂੰ ਦੇਖਕੇ ਅਸਚਰਜ ਤੋਂ ਅਸਚਰਜ ਹੋ ਰਹੇ ਹਾਂ। ਗੁਰੂ ਜੀ–ਹੇ ਪ੍ਰਭੂ ! ਤੁਸੀਂ ਆਪਣੀ ਗਤੀ ਨੂੰ ਆਪ ਜਾਣਦੇ ਹੋ।

Digitized by Panjab Digital Library | www.panjabdigilib.org

ਜਹ ਅਛਲ ਅਛੇਦ ਅਭੇਦ ਸਮਾਇਆ ॥
ਊਹਾ ਕਿਸਹਿ ਬਿਆਪਤਿ ਮਾਇਆ ॥
ਆਪਸ ਕਉ ਆਪਹਿ ਆਦੇਸੁ ॥
ਤਿਹੁ ਗੁਣ ਕਾ ਨਾਹੀ ਪਰਵੇਸੁ ॥
ਜਹ ਏਕਹਿ ਏਕ ਏਕ ਭਗਵੰਤਾ ॥
ਤਹ ਕਉਨੁ ਅਚਿੰਤੁ ਕਿਸੁ ਲਾਗੈ ਚਿੰਤਾ॥
ਜਹ ਆਪਨ ਆਪੁ ਆਪਿ ਪਤੀਆਰਾ ॥
ਤਹ ਕਉਨੁ ਕਥੈ ਕਉਨੁ ਸੁਨਨੈਹਾਰਾ ॥
ਬਹੁ ਬੇਅੰਤ ਊਚ ਤੇ ਊਚਾ ॥
ਨਾਨਕ ਆਪਸ ਕਉ ਆਪਹਿ ਪਹੂਚਾ ॥ ੬ ॥

ਜਿਥੇ ਛਲ ਤੋਂ ਰਹਿਤ ਛੇਦ ਭੇਦ ਤੋਂ ਰਹਿਤ ਇਸਥਿਤ ਹੈ । ਉਥੇ ਮਾਇਆ ਕਿਸਨੂੰ ਵਿਆਪਦੀ ਹੈ? ਉਥੇ ਆਪ ਨੂੰ ਆਪ ਹੀ ਅਦੇਸ ਕਰਦਾ ਹੈ ਅਰ ਉੱਥੇ ਤਿੰਨਾਂ ਗੁਣਾਂ ਦਾ ਪਰਵੇਸ਼ ਵੀ ਨਹੀਂ । ਜਿਥੇ ਇੱਕੋ ਇਕ ਕੇਵਲ ਇੱਕ ਭਗਵੰਤ ਹੈ। ਉੱਥੇ ਕੌਣ ਚਿੰਤਾ ਰਹਿਤ ਹੈ ਤੇ ਕਿਸਨੂੰ ਚਿੰਤਾ ਲਗਦੀ ਹੈ ? ਜਿੱਥੇ ਆਪਣੇ ਆਪ ਤੋਂ ਆਪ ਪਤੀਜਦਾ ਹੈ । ਉਥੇ ਕੌਣ ਕਹਿੰਦਾ ਹੈ ਤੇ ਕੌਣ ਸੁਣਨੇ ਵਾਲਾ ਹੁੰਦਾ ਹੈ? ਉਹ ਬਹੁਤ ਬੇਅੰਤ ਤੇ ਉਚਿਆਂ ਤੋਂ ਉਚਾ ਹੈ। ਗੁਰੂ ਜੀ-ਆਪਣੇ ਆਪ ਨੂੰ ਆਪ ਹੀ ਪਹੁੰਚਾ ਹੈ।

ਜਹ ਆਪਿ ਰਚਿਓ ਪਰਪੰਚੁ ਅਕਾਰੁ ॥
ਤਿਹੁ ਗੁਣ ਮਹਿ ਕੀਨੋ ਬਿਸਥਾਰੁ ॥
ਪਾਪੁ ਪੁੰਨੁ ਤਹ ਭਈ ਕਹਾਵਤ ॥
ਕੋਊ ਨਰਕ ਕੋਊ ਸੁਰਗ ਬੰਛਾਵਤ ॥
ਆਲ ਜਾਲ ਮਾਇਆ ਜੰਜਾਲ ॥
ਹਉਮੈ ਮੋਹ ਭਰਮ ਭੈ ਭਾਰ ॥
ਦੂਖ ਸੂਖ ਮਾਨ ਅਪਮਾਨ ॥
ਅਨਿਕ ਪ੍ਰਕਾਰ ਕੀਓ ਬਖ੍ਯਾਨ ॥

Digitized by Panjab Digital Library | www.panjabdigilib.org

ਆਪਨ ਖੇਲੁ ਆਪਿ ਕਰਿ ਦੇਖੈ ॥
ਖੇਲੁ ਸੰਕੋਚੈ ਤਉ ਨਾਨਕ ਏਕੈ ॥ ੭ ॥

ਜਿੱਥੇ ਆਪ ਪਰਪੰਚ ਦਾ ਸਰੂਪ ਰਚਕੇ ਤਿੰਨਾਂ ਗੁਣਾਂ ਵਿੱਚ ਉਸਦਾ ਖਲੇਰਾ ਖਲੇਰਿਆ। ਉੱਥੇ ਪਾਪ ਤੇ ਪੁੰਨ ਦੀ ਕਹਾਣੀ ਬਣ ਗਈ। ਉੱਥੇ ਕੋਈ ਨਰਕ ਤੋਂ ਡਰਦਾ ਹੈ ਕੋਈ ਸੁਰਗ ਮੰਗਦਾ ਹੈ। ਘਰਾਂ ਦੇ ਧੰਦੇ ਤੇ ਵਿਹਾਰਾਂ ਦੀਆਂ ਫਸੋਤੀਆਂ ਤੇ ਮਾਇਆ ਦੇ ਬਖੇੜੇ। ਅਹੰਤਾ ਮੋਹ ਭਰਮ ਡਰਦੇ ਬੋਝ। ਦੁਖ ਸੁਖ ਮਾਨ ਤੇ ਅਪਮਾਨ ਆਦਿ। ਅਨੇਕ ਪ੍ਰਕਾਰ ਕਰਕੇ ਕਥਨ ਕੀਤਾ ਹੈ ਪੁਸਤਕਾਂ ਆਦਿ ਵਿਚ। ਓਹ ਪ੍ਰਭੂ ਆਪਣੇ ਖੇਲ ਨੂੰ ਆਪ ਰਚਕੇ ਦੇਖਦਾ ਹੈ। ਜੇ ਖੇਲ ਨੂੰ ਕੱਠਿਆਂ ਕਰ ਲਵੇ ਤਦ ਗੁਰੂ ਜੀ-ਇੱਕੋ ਆਪ ਰਹਿ ਜਾਂਦਾ ਹੈ।

ਜਹ ਅਬਿਗਤੁ ਭਗਤੁ ਤਹ ਆਪਿ ॥
ਜਹ ਪਸਰੈ ਪਾਸਾਰੁ ਸੰਤ ਪਰਤਾਪਿ ॥
ਦੁਹੂ ਪਾਖ ਕਾ ਆਪਹਿ ਧਨੀ ॥
ਉਨਕੀ ਸੋਭਾ ਉਨਹੂ ਬਨੀ ॥
ਆਪਹਿ ਕਉਤਕ ਕਰੈ ਅਨਦ ਚੋਜ ॥
ਆਪਹਿ ਰਸ ਭੋਗਨ ਨਿਰਜੋਗ ॥
ਜਿਸੁ ਭਾਵੈ ਤਿਸੁ ਆਪਨ ਨਾਇ ਲਾਵੈ ॥
ਜਿਸੁ ਭਾਵੈ ਤਿਸੁ ਖੇਲ ਖਿਲਾਵੈ ॥
ਬੇ ਸੁਮਾਰ ਅਥਾਹ ਅਗਨਤ ਅਤੋਲੈ ॥
ਜਿਉ ਬੁਲਾਵਹੁ ਤਿਉ ਨਾਨਕ ਦਾਸ ਬੋਲੈ ॥ ੮ ॥ ੨੧ ॥

ਜਿੱਥੇ ਵਯਕਤੀ ਰਹਿਤ ਹੋਕੇ ਆਪ ਰਹਿੰਦਾ ਹੈ ਤਿੱਥੇ ਭਗਤ ਰਹਿੰਦੇ ਹਨ। ਜਿੱਥੇ ਪਸਾਰਦਾ ਹੈ ਪਸਾਰਾ ਉਥੇ ਸੰਤਾਂ ਦਾ ਪਤਾਪ ਹੀ ਮੁਖ ਹੁੰਦਾ ਹੈ। ਦੁਹ ਪੱਖਾਂ ਨਿਰਗੁਣਤਾ ਸਰਗੁਣਤਾ ਦਾ ਆਪ ਹੀ ਸੁਆਮੀ ਹੈ। ਉਨ੍ਹਾਂ ਦੀ ਸੋਭਾ ਉਸਨੂੰ ਹੀ ਬਣਦੀ ਹੈ।ਆਪ ਹੀ ਕੌਤਕ ਅਨੰਦ ਤੇ ਚੋਜ ਕਰਦਾ ਹੈ।ਆਪੇ ਅਨੰਦ ਨੂੰ ਭੋਗਦਾ ਹੋਇਆ ਅਸੰਗ ਹੈ। ਜਿਸ ਨੂੰ ਚਾਹੇ ਉਸਨੂੰ ਆਪਣੇ ਨਾਮ ਵਿਚ ਲਾਉਂਦਾ ਹੈ। ਜਿਸ ਨੂੰ ਚਾਹੇ ਸੰਸਾਰ ਰੂਪੀ ਖੇਡ ਖਿਡਾਉਂਦਾ ਹੈ। ਗਿਣਤੀ ਤੋਂ ਰਹਿਤ ਥਾਹ ਤੋਂ ਰਹਿਤ ਤੋਲ ਤੋਂ ਰਹਿਤ ਸੰਖਯਾ ਤੋਂ ਰਹਿਤ। ਗੁਰੂ ਜੀ–ਹੇ ਪ੍ਰਭੂ!ਜਿਕੁਰ ਤੁਸੀਂ ਬਲਾਉਂਦੇ ਹੋ,ਦਾਸਤਿਵੇਂ ਬੋਲਦਾ ਹੈ।

Digitized by Panjab Digital Library | www.panjabdigilib.org

ਸਲੋਕੁ ॥

ਜੀਅ ਜੰਤ ਕੇ ਠਾਕੁਰਾ ਆਪੇ ਵਰਤਨ ਹਾਰ ॥
ਨਾਨਕ ਏਕੋ ਪਸਰਿਆ ਦੂਜਾ ਕਹ ਦ੍ਰਿਸਟਾਰ ॥ ੧ ॥

ਹੇ ਜੀਵ ਜੰਤਾਂ ਦੇ ਮਾਲਕ! ਤੂੰ ਆਪ ਹੀ ਸਭ ਵਿਖੇ ਵਰਤਣੇ ਵਾਲਾ ਹੈਂ, ਇਕੋ ਤੂੰ ਸਾਰੇ ਪਸਰ ਰਿਹਾ ਹੈਂ ਦੂਜਾ ਕੋਈ ਕਿੱਥੇ ਦ੍ਰਿਸ਼ਟਦਾ ਹੈ ?

ਅਸਟਪਦੀ ॥

ਆਪਿ ਕਥੈ ਆਪਿ ਸੁਨਨੈ ਹਾਰੁ ॥
ਆਪਹਿ ਏਕੁ ਆਪਿ ਬਿਸਥਾਰੁ ॥
ਜਾ ਤਿਸੁ ਭਾਵੈ ਤਾ ਸ੍ਰਿਸਟਿ ਉਪਾਏ ॥
ਆਪਨੈ ਭਾਣੈ ਲਏ ਸਮਾਏ ॥
ਤੁਮ ਤੇ ਭਿੰਨ ਨਹੀ ਕਿਛੁ ਹੋਇ ॥
ਆਪਨ ਸੂਤਿ ਸਭੁ ਜਗਤੁ ਪਰੋਇ ॥
ਜਾ ਕਉ ਪ੍ਰਭ ਜੀਉ ਆਪਿ ਬੁਝਾਏ ॥
ਸਚੁ ਨਾਮੁ ਸੋਈ ਜਨੁ ਪਾਏ ॥
ਸੋ ਸਮਦਰਸੀ ਤਤ ਕਾ ਬੇਤਾ ॥
ਨਾਨਕ ਸਗਲ ਸ੍ਰਿਸਟਿ ਕਾ ਜੇਤਾ ॥ ੧ ॥

ਆਪ ਕਹਿੰਦਾ ਹੈ ਤੇ ਆਪ ਹੀ ਸੁਣਨੇ ਵਾਲਾ ਹੈ। ਆਪੇ ਇਕ ਹੈ ਤੇ ਆਪ ਹੀ ਵਿਸਥਾਰ ਵਾਲਾ। ਜਦ ਉਸਨੂੰ ਭਾਉਂਦਾ ਹੈ ਤਦ ਸ੍ਰਿਸ਼ਟੀ ਉਪਾਉਂਦਾ ਹੈ ਤੇ ਫਿਰ ਆਪਣੇ ਭਾਣੇ ਵਿੱਚ ਹੀ ਉਸਨੂੰ ਸਮੋ ਲੈਂਦਾ ਹੈ। ਹੇ ਪ੍ਰਭੂ! ਤੁਹਾਥੋਂ ਅੱਡ ਤਾਂ ਕੁਛ ਨਹੀ ਹੁੰਦਾ। ਆਪਣੇ ਸੂਤ ਵਿਖੇ ਤੁਸੀਂ ਸਾਰਾ ਜਗਤ ਪਰੋ ਰਖਿਆ ਹੈ। ਜਿਸ ਨੂੰ ਪ੍ਰਭੂ ਆਪ ਦੇਂਦੇ ਹਨ ਸੱਚਾ ਨਾਮ ਓਹੋ ਪੁਰਖ ਪਾਉਂਦਾ ਹੈ। ਉਹੋ ਸਮਦਰਸੀ ਹੈ ਉਹੋ ਤੱਤ ਦੇ ਜਾਣਨੇ ਵਾਲਾ ਹੈ। ਗੁਰੂ ਜੀ–ਉਹੋ ਸਾਰੀ ਸ੍ਰਿਸ਼ਟੀ ਨੂੰ ਜਿਤਣੇ ਵਾਲਾ ਹੈ।

ਜੀਅ ਜੰਤ੍ਰ ਸਭ ਤਾ ਕੈ ਹਾਥਿ ॥
ਦੀਨ ਦਇਆਲ ਅਨਾਥ ਕੋ ਨਾਥੁ ॥
ਜਿਸੁ ਰਾਖੈ ਤਿਸੁ ਕੋਇ ਨ ਮਾਰੈ ॥

Digitized by Panjab Digital Library | www.panjabdigilib.org

ਸੋ ਮੂਆ ਜਿਸੁ ਮਨਹੁ ਬਿਸਾਰੈ ॥
ਤਿਸੁ ਤਜਿ ਅਵਰ ਕਹਾ ਕੋ ਜਾਇ ॥।
ਸਭ ਸਿਰਿ ਏਕੁ ਨਿਰੰਜਨ ਰਾਇ ॥
ਜੀਅ ਕੀ ਜੁਗਤਿ ਜਾਕੈ ਸਭ ਹਾਥਿ ॥
ਅੰਤਰਿ ਬਾਹਰਿ ਜਾਨਹੁ ਸਾਥਿ ॥
ਗੁਨ ਨਿਧਾਨ ਬੇਅੰਤ ਅਪਾਰ ॥
ਨਾਨਕ ਦਾਸ ਸਦਾ ਬਲਿਹਾਰ ॥ ੨ ॥

ਜੀ ਜੰਤ ਸਭ ਉਸੇ ਦੇ ਹੱਥ ਵਿੱਚ ਹਨ। ਉਹ ਦੀਨਾਂ ਪੁਰ ਦਿਆਲ ਤੇ ਅਨਾਥਾਂ ਦਾ ਨਾਥ ਹੈ। ਜਿਸ ਨੂੰ ਉਹ ਰਖਦਾ ਹੈ ਉਸ ਨੂੰ ਕੋਈ ਨਹੀਂ ਮਾਰਦਾ। ਉਹ ਮਰ ਗਿਆ ਸਮਝੋ ਜਿਸ ਨੂੰ ਉਹ ਮਨੋ ਵਿਸਾਰਦਾ ਹੈ । ਉਸ ਨੂੰ ਛੱਡਕੇ ਹੋਰ ਕਿੱਥੇ ਕੋਈ ਜਾਏ ? ਕਿਉਂਕਿ ਸਭਨਾਂ ਦੇ ਸਿਰ ਤੇ ਇਕ ਪ੍ਰਮੇਸ਼ਰ ਮਾਲਕ ਹੈ। ਜੀਆਂ ਦੇ ਉਤਪਤ ਪਾਲਣ ਸਿੰਗਾਰ ਦੀ ਜੁਗਤ ਸਾਰੀ ਜਿਸ ਦੇ ਹੱਥ ਹੈ, ਉਸਨੂੰ ਅੰਦਰ ਬਾਹਰ ਆਪਣੇ ਨਾਲ ਜਾਣੋ। ਉਹ ਗੁਣਾਂ ਦਾ ਸਮੁੰਦ੍ਰ ਹੈ ਪਾਰ ਤੋਂ ਰਹਿਤ ਹੈ। ਨਾਨਕ ਦਾਸ ਸਦੀਵ ਉਸਤੋਂ ਬਲਿਹਾਰ ਹੈ।

ਪੂਰਨ ਪੂਰਿ ਰਹੇ ਦਇਆਲ ॥
ਸਭ ਊਪਰਿ ਹੋਵਤ ਕਿਰਪਾਲ ॥
ਅਪਨੇ ਕਰਤਬ ਜਾਨੈ ਆਪਿ ॥
ਅੰਤਰਜਾਮੀ ਰਹਿਓ ਬਿਆਪਿ ॥
ਪ੍ਰਤਿਪਾਲੈ ਜੀਅਨ ਬਹੁ ਭਾਤਿ ॥
ਜੋ ਜੋ ਰਚਿਓ ਸੁ ਤਿਸਹਿ ਧਿਆਤਿ ॥
ਜਿਸੁ ਭਾਵੈ ਤਿਸੁ ਲਏ ਮਿਲਾਇ ॥
ਭਗਤ ਕਰਹਿ ਹਰਿਕੇ ਗੁਣ ਗਾਇ ॥
ਮਨ ਅੰਤਰਿ ਬਿਸ੍ਵਾਸੁ ਕਰਿ ਮਾਨਿਆ ॥
ਕਰਨਹਾਰੁ ਨਾਨਕ ਇਕੁ ਜਾਨਿਆ ॥ ੩ ॥

ਦਿਆਲ ਤੇ ਪੂਰਨ ਪਰਮੇਸ਼ਰ ਜੀ ਸਾਰੇ ਪੂਰ ਰਹੇ ਹਨ। ਸਭ ਉੱਤੇ ਉਹ ਕ੍ਰਿਪਾਲੂ ਹੁੰਦਾ ਹੈ। ਆਪਣੇ ਕਰਤਬਾਂ ਨੂੰ ਆਪ ਜਾਣਦਾ ਹੈ । ਉਹ

Digitized by Panjab Digital Library | www.panjabdigilib.org

ਅੰਤਰਜਾਮੀ ਸਾਰੇ ਵਿਆਪ ਰਿਹਾ ਹੈ। ਜੀਵ ਨੂੰ ਅਨੇਕ ਤਰਾਂ ਪਾਲਦਾ ਹੈ। ਜੋ ਜੋ ਉਸਨੇ ਰਚਿਆ ਹੈ ਉਹ ਉਹ ਉਸ ਨੂੰ ਧਿਆਉਂਦਾ ਹੈ। ਜਿਸ ਨੂੰ ਚਾਹੇ ਉਸ ਨੂੰ ਮਿਲਾ ਲੈਂਦਾ ਹੈ। ਉਹ ਹਰੀ ਦੇ ਗੁਣ ਗਾਉਂਦਾ ਤੇ ਭਗਤੀ ਕਰਦਾ ਹੈ। ਉਨ੍ਹਾਂ ਨੇ ਮਨ ਦੇ ਅੰਦਰ ਨਿਸਚੇ ਕਰਕੇ ਮੰਨ ਲਿਆ ਹੈ। ਗੁਰੂ ਜੀ-ਉਨ੍ਹਾਂ ਨੇ ਇਕ ਪਰਮੇਸ਼ਰ ਨੂੰ ਕਰਨੇ ਵਾਲਾ ਜਾਣਿਆ ਹੈ।

**ਜਨੁ ਲਾਗਾ ਹਰਿ ਏਕੈ ਨਾਇ ॥**
**ਤਿਸਕੀ ਆਸ ਨ ਬਿਰਥੀ ਜਾਇ ॥**
**ਸੇਵਕ ਕਉ ਸੇਵਾ ਬਨਿਆਈ ॥**
**ਹੁਕਮੁ ਬੂਝਿ ਪਰਮ ਪਦੁ ਪਾਈ ॥**
**ਇਸਤੇ ਊਪਰਿ ਨਹੀ ਬੀਚਾਰੁ ॥**
**ਜਾਕੈ ਮਨਿ ਬਸਿਆ ਨਿਰੰਕਾਰੁ ॥**
**ਬੰਧਨ ਤੋਰਿ ਭਏ ਨਿਰਵੈਰ ॥**
**ਅਨਦਿਨੁ ਪੂਜਹਿ ਗੁਰਕੇ ਪੈਰ ॥**
**ਇਹ ਲੋਕ ਸੁਖੀਏ ਪਰਲੋਕ ਸੁਹੇਲੇ ॥**
**ਨਾਨਕ ਹਰਿ ਪ੍ਰਭਿ ਆਪਹਿ ਮੇਲੇ ॥ ੪ ॥**

ਜੋ ਜਨਇਕ ਹਰੀ ਦੇ ਨਾਮ ਨੂੰ ਲੱਗ ਪਿਆ ਹੈ। ਉਸਦੀ ਆਸ ਬ੍ਰਿਥੀ ਨਹੀਂ ਜਾਂਦੀ। ਸੇਵਕ ਨੂੰ ਸੇਵਾ ਕਰਨੀ ਹੀ ਯੋਗ ਹੈ। ਹੁਕਮ ਸਮਝਨੇ ਤੇ ਪਰਮ ਪਦ ਦੀ ਪ੍ਰਾਪਤੀ ਹੁੰਦੀ ਹੈ। ਇਸਤੋਂ ਵਧੀਕ ਹੋਰ ਵਿਚਾਰ ਨਹੀਂ ਹੈ। ਜਿਸ ਦੇ ਮਨ ਵਿੱਚ ਨਿਰੰਕਾਰ ਵੱਸਿਆ ਹੈ। ਉਹ ਬੰਧਨ ਤੋੜਕੇ ਵੈਰ ਤੋਂ ਰਹਿਤ ਹੋ ਜਾਂਦਾ ਹੈ ਅਰ ਦਿਨ ਰਾਤ ਗੁਰੂ ਦੇ ਚਰਨ ਪੂਜਦਾ ਹੈ। ਐਸੇ ਮਹਾਤਮਾਂ ਇਸ ਲੋਕ ਵਿੱਚ ਸੁਖੀ ਹੁੰਦੇਤੇ ਪਰਲੋਕ ਵਿੱਚ ਬੀ ਸੁਖੀ ਹੁੰਦੇ ਹਨ। ਗੁਰੂ ਜੀ-ਹਰੀ ਪ੍ਰਭੂ ਨੇ ਉਨ੍ਹਾਂ ਨੂੰ ਆਪ ਮਿਲਾ ਲਿਆ ਹੈ।

**ਸਾਧ ਸੰਗਿ ਮਿਲਿ ਕਰਹੁ ਅਨੰਦ ॥**
**ਗੁਨ ਗਾਵਹੁ ਪ੍ਰਭ ਪਰਮਾਨੰਦ ॥**
**ਰਾਮ ਨਾਮ ਤਤੁ ਕਰਹੁ ਬੀਚਾਰੁ ॥**
**ਦ੍ਰੁਲਭ ਦੇਹ ਕਾ ਕਰਹੁ ਉਧਾਰੁ ॥**

Digitized by Panjab Digital Library | www.panjabdigilib.org

ਅੰਮ੍ਰਿਤ ਬਚਨ ਹਰਿ ਕੇ ਗੁਨ ਗਾਉ ॥
ਪ੍ਰਾਨ ਤਰਨ ਕਾ ਇਹੈ ਸੁਆਉ ॥
ਆਠ ਪਹਰ ਪ੍ਰਭ ਪੇਖਹੁ ਨੇਰਾ ॥
ਮਿਟੈ ਅਗਿਆਨੁ ਬਿਨਸੈ ਅੰਧੇਰਾ ॥
ਸੁਨਿ ਉਪਦੇਸੁ ਹਿਰਦੈ ਬਸਾਵਹੁ ॥
ਮਨ ਇਛੇ ਨਾਨਕ ਫਲ ਪਾਵਹੁ ॥ ੫ ॥

ਸਾਧਾਂ ਦੇ ਸੰਗ ਮਿਲਕੇ ਅਨੰਦ ਕਰੋ। ਪਰਮ ਅਨੰਦ ਸਰੂਪ ਪ੍ਰਭੂ ਦੇ ਗੁਣ ਗਾਵੋ। ਰਾਮ ਨਾਮ ਦਾ ਜੋ ਸਾਰ ਹੈ ਉਸਦਾ ਵਿਚਾਰ ਕਰੋ ਇਸ ਦੁਰ-ਲੰਭ ਦੇਹੀ ਦਾ ਉਧਾਰ ਕਰੋ।ਸੰਤਾਂ ਦੇ ਅਮ੍ਰਿਤ ਰੂਪ ਬਚਨ ਸੁਣੋ ਅਰ ਹਰਿ ਦੇ ਗੁਣ ਗਾਵੋ।ਪ੍ਰਾਨ ਧਾਰਨੇ ਦਾ ਇਹੋ ਪ੍ਰਯੋਜਨ ਹੈ।ਅਠ ਪੈਹਰ ਪਰਮੇਸੁਰਨੂੰ ਨੇੜੇ ਕਰਕੇ ਦੇਖੋ। ਇਸਤਰਾਂ ਅਗਿਆਨ ਮਿਟ ਜਾਏਗਾ ਅੰਧੇਰਾ ਦੂਰਹੋਜਾਇਗਾ। ਉਪਦੇਸ਼ਨੂੰ ਸੁਣਕੇ ਹਿਰਦੇ ਵਿੱਚ ਵਸਾਓ।ਤਾਂ ਗੁਰੂ ਜੀ-ਮਨ ਇੱਛੇ ਫਲਪਾਵੋ।

ਹਲਤੁ ਪਲਤੁ ਦੁਇ ਲੇਹੁ ਸਵਾਰਿ ॥
ਰਾਮ ਨਾਮੁ ਅੰਤਰਿ ਉਰਧਾਰਿ ॥
ਪੂਰੇ ਗੁਰ ਕੀ ਪੂਰੀ ਦੀਖਿਆ ॥
ਜਿਸੁ ਮਨਿ ਬਸੈ ਤਿਸੁ ਸਾਚੁ ਪਰੀਖਿਆ ॥
ਮਨਿ ਤਨਿ ਨਾਮੁ ਜਪਹੁ ਲਿਵਲਾਇ ॥
ਦੂਖੁ ਦਰਦੁ ਮਨ ਤੇ ਭਉ ਜਾਇ ॥
ਸਚੁ ਵਾਪਾਰੁ ਕਰਹੁ ਵਾਪਾਰੀ ॥
ਦਰਗਹ ਨਿਬਹੈ ਖੇਪ ਤੁਮਾਰੀ ॥
ਏਕਾ ਟੇਕ ਰਖਹੁ ਮਨ ਮਾਹਿ ॥
ਨਾਨਕ ਬਹੁਰਿ ਨ ਆਵਹਿ ਜਾਹਿ ॥ ੬ ॥

ਲੋਕ ਪਰਲੋਕ ਦੋਵੇਂ ਸੁਆਰ ਲਵੋ, ਰਾਮ ਨਾਮ ਨੂੰ ਹਿਰਦੇ ਦੇ ਅਦਰ ਧਾਰਕੇ । ਇਸ ਪੂਰੇ ਗੁਰੂ ਦੀ ੂਰੀ ਦੀਖ੍ਯਾ ਹੈ, ਜਿਸਦੇ ਮਨ ਇਹ ਵੱਸੇ ਉਸਨੇ ਸੱਚ ਪਰਖ ਲਿਆ ਹੈ। ਮਨ ਤੇ ਤਨ ਕਰਕੇ ਪੀਤ ਸੰਜੁਗਤ ਨਾਮ ਜਪੋ। ਦੁਖ ਤੇ ਪੀੜ ਤੇ ਭਉ ਮਨ ਤੋਂ ਦੂਰ ਹੋਵੇ। ਹੇ ਵਪਾਰੀਉ ! ਇਹ ਸੱਚਾ

Digitized by Panjab Digital Library | www.panjabdigilib.org

ਵਪਾਰ ਕਰੋ। ਦਰਗਾਹ ਵਿਚ ਇਹ ਖੇਪ ਤੁਹਾਡੀ ਸਫਲ ਹੋਵੇਗੀ। ਇਕ ਰਾਮ ਨਾਮ ਦੀ ਟੇਕ ਮਨ ਵਿਚ ਰਖੋ। ਗੁਰੂ ਜੀ-ਫੇਰ ਜਨਮ ਮਰਨ ਨਹੀਂ ਪਵੇਗਾ।

ਤਿਸਤੇ ਦੂਰਿ ਕਹਾ ਕੋ ਜਾਇ ॥
ਉਬਰੈ ਰਾਖਨ ਹਾਰੁ ਧਿਆਇ ॥
ਨਿਰਭਉ ਜਪੈ ਸਗਲ ਭਉ ਮਿਟੈ ॥
ਪ੍ਰਭ ਕਿਰਪਾ ਤੇ ਪ੍ਰਾਨੀ ਛੁਟੈ ॥
ਜਿਸੁ ਪ੍ਰਭੁ ਰਾਖੈ ਤਿਸੁ ਨਾਹੀ ਦੂਖ ॥
ਨਾਮੁ ਜਪਤ ਮਨਿ ਹੋਵਤ ਸੂਖ ॥
ਚਿੰਤਾ ਜਾਇ ਮਿਟੈ ਅਹੰਕਾਰੁ ॥
ਤਿਸੁ ਜਨੁ ਕਉ ਕੋਇ ਨ ਪਹੁਚਨਹਾਰੁ ॥
ਸਿਰ ਊਪਰਿ ਠਾਢਾ ਗੁਰੁ ਸੂਰਾ ॥
ਨਾਨਕ ਤਾ ਕੈ ਕਾਰਜ ਪੂਰਾ ॥ ੭ ॥

ਉਸ ਪ੍ਰਭੂ ਤੋਂ ਦੂਰ ਕੋਈ ਕਿੱਥੇ ਜਾਵੇਗਾ ? ਉਬਰੇਗਾ ਤਦ ਰਖਨ ਹਾਰ ਨੂੰ ਧਿਆਵੇਗਾ। ਨਿਰਭਉ ਪ੍ਰਭੂ ਨੂੰ ਜਪ ਤਾਂ ਸਾਰਾ ਭਉ ਮਿਟ ਜਾਵੇ। ਪ੍ਰਭੂ ਦੀ ਹੀ ਕ੍ਰਿਪਾ ਤੇ ਪ੍ਰਾਣੀ ਛੁਟਕਾਰਾ ਪਾਉਂਦਾ ਹੈ। ਜਿਸਨੂੰ ਪ੍ਰਭੂ ਰੱਖੇ ਉਸਨੂੰ ਦੁੱਖ ਨਹੀਂ ਹੁੰਦਾ। ਨਾਮ ਜਪਦਿਆਂ ਮਨ ਸੁਖੀ ਹੁੰਦਾ ਹੈ। ਚਿੰਤਾ ਦੂਰ ਹੁੰਦੀ ਹੈ ਹੰਕਾਰ ਮਿਟਦਾ ਹੈ। ਉਸ ਪੁਰਖ ਤਕ ਕੋਈ ਨਹੀਂ ਪਹੁੰਚ ਸਕਦਾ, ਜਿਸਦੇ ਸਿਰ ਪੁਰ ਸੂਰਮਾਂ ਗੁਰੂ ਖੜਾ ਹੈ। ਗੁਰੂ ਜੀ-ਉਸਦੇ ਕੰਮ ਪੂਰੇ ਹਨ।

ਮਤਿ ਪੂਰੀ ਅੰਮ੍ਰਿਤੁ ਜਾਕੀ ਦ੍ਰਿਸਟਿ ॥
ਦਰਸਨੁ ਪੇਖਤ ਉਧਰਤ ਸ੍ਰਿਸਟਿ ॥
ਚਰਨ ਕਮਲ ਜਾਕਾ ਅਨੂਪ ॥
ਸਫਲ ਦਰਸਨੁ ਸੁੰਦਰ ਹਰਿ ਰੂਪ ॥
ਧੰਨੁ ਸੇਵਾ ਸੇਵਕੁ ਪਰਵਾਨੁ ॥
ਅੰਤਰਜਾਮੀ ਪੁਰਖੁ ਪ੍ਰਧਾਨੁ ॥
ਜਿਸੁ ਮਨਿ ਬਸੈ ਸੁ ਹੋਤ ਨਿਹਾਲੁ ॥

Digitized by Panjab Digital Library | www.panjabdigilib.org

ਤਾਕੈ ਨਿਕਟਿ ਨ ਆਵਤ ਕਾਲੁ ॥
ਅਮਰ ਭਏ ਅਮਰਾ ਪਦੁ ਪਾਇਆ ॥
ਸਾਧ ਸੰਗਿ ਨਾਨਕ ਹਰਿ ਧਿਆਇਆ ॥ ੮ ॥ ੨੨ ॥

ਜਿਸਦੀ ਬੁਧੀ ਪੂਰਨ ਹੈ ਤੇ ਦ੍ਰਿਸ਼ਟੀ ਜਿਸਦੀ ਅਮ੍ਰਿਤ ਹੈ । ਉਸਦਾ ਦਰਸ਼ਨ ਕਰਕੇ ਸ੍ਰਿਸ਼ਟੀ ਉਧਰਦੀ ਹੈ। ਕਮਲਾਂ ਵਰਗੇ ਚਰਨ ਜਿਸਦੇ ਉਪਮਾਂ ਤੋਂ ਰਹਿਤ ਹਨ। ਹਰੀ ਦੇ ਸੁੰਦਰ ਰੂਪ ਦਾ ਦਰਸ਼ਨ ਸਫਲ ਹੈ ਧੰਨ ਉਸਦੀ ਸੇਵਾ ਹੈ ਤੇ ਧੰਨ ਸੇਵਾ ਕਰਨੇ ਵਾਲਾ ਜੋ ਉਸਨੂੰ ਪਰਵਾਨ ਹੈ । ਅੰਤਰਜਾਮੀ ਸ੍ਰੇਸ਼ਟ ਪੁਰਖ। ਜਿਸਦੇ ਮਨ ਵਸੇ ਉਹ ਨਿਹਾਲ ਹੁੰਦਾ ਹੈ ਉਸਦੇ ਨੇੜੇ ਮੌਤ ਨਹੀਂ ਆਉਂਦੀ। ਕਿਉਂ ਜੋ ਉਹ ਅਮਰ ਪਦਵੀ ਨੂੰ ਪਾਕੇ ਅਮਰ ਹੋ ਗਏ ਹਨ। ਗੁਰੂ ਜੀ– ਜਿਨ੍ਹਾਂ ਨੇ ਸਾਧਾਂ ਦੇ ਸੰਗ ਕਰਕੇ ਹਰੀ ਨੂੰ ਧਿਆਇਆ ਹੈ।

## ਸਲੋਕੁ ॥

ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ॥
ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ॥੧॥

ਗੁਰੂ ਨੇ ਗਿਆਨ ਰੂਪੀ ਸੁਰਮਾ ਦਿੱਤਾ ਹੈ ਜਿਸ ਕਰਕੇ ਅਗਿਆਨ ਰੂਪੀ ਅੰਨੇਰੇ ਦਾ ਨਾਸ ਹੋਗਿਆ ਹੈ। ਹਰੀ ਦੀ ਕ੍ਰਿਪਾ ਕਰਕੇ ਸੰਤ ਮਿਲਿਆ ਹੈ । ਗੁਰੂ ਜੀ–ਜਿਨ੍ਹਾਂ ਦੀ ਕ੍ਰਿਪਾ ਕਰਕੇ ਮਨ ਵਿਚ ਪਰਗਾਸ ਹੋਇਆ ਹੈ।

## ਅਸਟਪਦੀ ॥

ਸੰਤ ਸੰਗਿ ਅੰਤਰਿ ਪ੍ਰਭੁ ਡੀਠਾ ॥
ਨਾਮੁ ਪ੍ਰਭੂ ਕਾ ਲਾਗਾ ਮੀਠਾ ॥
ਸਗਲ ਸਮਿਗ੍ਰੀ ਏਕਸੁ ਘਟ ਮਾਹਿ ॥
ਅਨਿਕ ਰੰਗ ਨਾਨਾ ਦ੍ਰਿਸਟਾਹਿ ॥
ਨਉਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥
ਦੇਹੀ ਮਹਿ ਇਸਕਾ ਬਿਸ੍ਰਾਮੁ ॥
ਸੁੰਨ ਸਮਾਧਿ ਅਨਹਤ ਤਹ ਨਾਦ ॥
ਕਹਨੁ ਨ ਜਾਈ ਅਚਰਜ ਬਿਸਮਾਦ॥

Digitized by Panjab Digital Library | www.panjabdigilib.org

ਤਿਨਿ ਦੇਖਿਆ ਜਿਸੁ ਆਪਿ ਦਿਖਾਏ ॥
ਨਾਨਕ ਤਿਸੁ ਜਨ ਸੋਝੀ ਪਾਏ ॥ ੧ ॥

ਸੰਤ ਦੇ ਸੰਗ ਕਰਕੇ ਅਸਾਂ ਆਪਣੇ ਅੰਦਰ ਪ੍ਰਭੂ ਡਿੱਠਾ ਹੈ । ਤਾਂਤੇ ਪਰਮੇਸ਼ਰ ਦਾ ਨਾਮ ਮਿੱਠਾ ਲੱਗਾ। ਸਾਰੀ ਸਮੱਗ੍ਰੀ ਰਚਨਾ ਇਕ ਪ੍ਰਭੂ ਦੇ ਹਿਰਦੇ ਵਿਚ ਹੈ। ਅਨੇਕ ਰੰਗ ਤਰਾਂ ਤਰਾਂ ਦੇ ਦਿਸਦੇ ਹਨ । ਪ੍ਰਭੂ ਨਾਮ ਅੰਮ੍ਰਤ ਅਰ ਨਵੇਂ ਨਿਧਾਂ ਹੈ। ਉਸ ਨਾਮ ਦਾ ਵਾਸਾ ਦੇਹ ਦੇ ਵਿਚ ਹੈ। ਸੁੰਨ ਸਮਾਧੀ ਜਦ ਲਗਦੀ ਹੈ ਤਦ ਉੱਥੇ ਅਨਾਹਦ ਸੁਣੀਦਾ ਹੈ । ਇਸ ਦਾ ਸਰੂਪ ਕਿਹਾ ਨਹੀਂ ਜਾਂਦਾ ਕਿਉਂਕਿ ਅਸਚਰਜ ਤੋਂ ਅਸਚਰਜ ਹੈ। ਜਿਸਨੂੰ ਪ੍ਰਭੂ ਆਪ ਦਿਖਾਏ ਉਸੇ ਨੇ ਇਸੇ ਨੂੰ ਡਿੱਠਾ ਹੈ। ਗੁਰੂ ਜੀ–ਓਸੇ ਪੁਰਖ ਨੂੰ ਪ੍ਰਭੂ ਸਾਰੀ ਸੋਝੀ ਪਾਉਂਦਾ ਹੈ।

ਸੋ ਅੰਤਰਿ ਸੋ ਬਾਹਰਿ ਅਨੰਤ ॥
ਘਟਿ ਘਟਿ ਬਿਆਪਿ ਰਹਿਆ ਭਗਵੰਤ ॥
ਧਰਨਿ ਮਾਹਿ ਆਕਾਸ ਪਇਆਲ ॥
ਸਰਬ ਲੋਕ ਪੂਰਨ ਪ੍ਰਤਿਪਾਲ ॥
ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ ॥
ਜੈਸੀ ਆਗਿਆ ਤੈਸਾ ਕਰਮੁ ॥
ਪਉਣ ਪਾਣੀ ਬੈਸੰਤਰ ਮਾਹਿ ॥
ਚਾਰਿ ਕੁੰਟ ਦਹਦਿਸੇ ਸਮਾਹਿ ॥
ਤਿਸ ਤੇ ਭਿੰਨ ਨਹੀ ਕੋ ਠਾਉ ॥
ਗੁਰਪ੍ਰਸਾਦਿ ਨਾਨਕ ਸੁਖੁ ਪਾਉ ॥ ੨ ॥

ਉਹੋ ਅੰਦਰ ਹੈ ਉਹੋ ਬੇਅੰਤ ਬਾਹਰ ਹੈ। ਘੱਟ ੨ ਵਿਚ ਭਗਵੰਤ ਵਿਆਪ ਰਿਹਾ ਹੈ। ਧਰਤੀ ਅਕਾਸ ਤੇ ਪਤਾਲ ਵਿਖੇ ਅਰ ਸਾਰੇ ਲੋਕਾਂ ਵਿਖੇ ਪ੍ਰਿਤਪਾਲ ਕਰਨੇ ਵਾਲਾ। ਬਣਾਂ ਤ੍ਰਿਣਾਂ ਪਰਬਤਾਂ ਵਿੱਚ ਪਾਰਬ੍ਰਹਮ ਹੈ। ਜੈਸੀ ਪ੍ਰਭੂ ਦੀ ਆਗਿਆ ਹੈ ਤੈਸਾ ਕਰਮ ਸਾਰੇ ਹੈ । ਹਵਾ ਪਾਣੀ ਤੇ ਅਗਨੀ ਵਿਚ। ਚੋਹਾਂ ਕੂੰਟਾਂ ਤੇ ਦਸੋਂ ਦਿਸ਼ਾਂ ਵਿੱਚ ਸਮਾ ਰਿਹਾ ਹੈ। ਉਸ ਤੋਂ ਅੱਡ ਹੋਰ ਕੋਈ ਥਾਂ ਨਹੀਂ। ਗੁਰੂ ਜੀ–ਗੁਰਾਂ ਦੀ ਕ੍ਰਿਪਾ ਹੋਵੇ ਤਦ ਸੁਖ ਪ੍ਰਾਪਤ ਹੁੰਦਾ ਹੈ।

Digitized by Panjab Digital Library | www.panjabdigilib.org

ਬੇਦ ਪੁਰਾਨ ਸਿੰਮ੍ਰਿਤਿ ਮਹਿ ਦੇਖੁ ॥
ਸਸੀਅਰ ਸੂਰ ਨਖ੍ਯ੍ਯਤ੍ਰ ਮਹਿ ਏਕੁ ॥
ਬਾਣੀ ਪ੍ਰਭ ਕੀ ਸਭੁ ਕੋ ਬੋਲੈ ॥
ਆਪਿ ਅਡੋਲੁ ਨ ਕਬਹੂ ਡੋਲੈ ॥
ਸਰਬ ਕਲਾ ਕਰਿ ਖੇਲੈ ਖੇਲ ॥
ਮੋਲਿ ਨ ਪਾਈਐ ਗੁਣਹ ਅਮੋਲ ॥
ਸਰਬ ਜੋਤਿ ਮਹਿ ਜਾਕੀ ਜੋਤਿ ॥
ਧਾਰਿ ਰਹਿਓ ਸੁਆਮੀ ਓਤਿ ਪੋਤਿ ॥
ਗੁਰਪਰਸਾਦਿ ਭਰਮ ਕਾ ਨਾਸੁ ॥
ਨਾਨਕ ਤਿਨ ਮਹਿ ਏਹੁ ਬਿਸਾਸੁ ॥ ੩ ॥

ਵੇਦਾਂ ਪੁਰਾਣਾਂ ਤੇ ਸਿਮ੍ਰਤੀਆਂ ਵਿਚ ਦੇਖ। ਚੰਦ ਸੂਰਜ ਅਰ ਤਾਰਿਆਂ ਵਿੱਚ ਵੇਖ ਉਹੋ ਇੱਕ ਪੂਰਨ ਹੈ। ਇਹ ਬਾਣੀ ਪ੍ਰਭੂ ਦੀ ਸਭ ਕੋਈ ਬੋਲਦਾ ਹੈ। ਪਰਮੇਸ਼ੁਰ ਆਪ ਅਡੋਲ ਹੈ ਕਦੇ ਡੋਲਦਾ ਨਹੀਂ। ਸਾਰੀਆਂ ਸ਼ਕਤੀਆਂ ਕਰ ਖੇਡਦਾ ਹੈ। ਇਹ ਪ੍ਰਭੂ ਮੁਲ ਨਹੀਂ ਮਿਲਦਾ ਉਸਦੇ ਗੁਣ ਬੀ ਅਮੋਲਕ ਹਨ ਸਭ ਪ੍ਰਕਾਸ਼ਾਂ ਵਿੱਚ ਜਿਸ ਦਾ ਪ੍ਰਕਾਸ਼ ਹੈ। ਉਹ ਮਾਲਕ ਸਾਰਿਆਂ ਨੂੰ ਤਾਣੇ ਪੇਟੇ ਹੋਕੇ ਧਾਰ ਰਿਹਾ ਹੈ। ਗੁਰਾਂ ਦੀ ਕਿਰਪਾ ਕਰਕੇ ਭਰਮ ਦਾ ਨਾਸ ਹੁੰਦਾ ਹੈ। ਗੁਰੂ ਜੀ-ਤਿਨ੍ਹਾਂ ਵਿਚ ਇਹ ਭਰੋਜ਼ਾ ਹੈ।

ਸੰਤ ਜਨਾ ਕਾ ਪੇਖਨੁ ਸਭੁ ਬ੍ਰਹਮ ॥
ਸੰਤ ਜਨਾ ਕੈ ਹਿਰਦੈ ਸਭਿ ਧਰਮ ॥
ਸੰਤ ਜਨਾ ਸੁਨਹਿ ਸੁਭ ਬਚਨ ॥
ਸਰਬ ਬਿਆਪੀ ਰਾਮ ਸੰਗਿ ਰਚਨ ॥
ਜਿਨਿ ਜਾਤਾ ਤਿਸਕੀ ਇਹ ਰਹਤ ॥
ਸਤਿ ਬਚਨ ਸਾਧੂ ਸਭਿ ਕਹਤ ॥
ਜੋ ਜੋ ਹੋਇ ਸੋਈ ਸੁਖੁ ਮਾਨੈ ॥
ਕਰਨ ਕਰਾਵਨ ਹਾਰੁ ਪ੍ਰਭੁ ਜਾਨੈ ॥

Digitized by Panjab Digital Library | www.panjabdigilib.org

**ਅੰਤਰਿ ਬਸੈ ਬਾਹਰਿ ਭੀ ਓਹੀ ॥**
**ਨਾਨਕ ਦਰਸਨੁ ਦੇਖਿ ਸਭ ਮੋਹੀ ॥ ੪ ॥**

ਸੰਤ ਪੁਰਖਾਂ ਦਾ ਦੇਖਣਾ ਸਭ ਬ੍ਰਹਮ ਰੂਪ ਹੀ ਹੈ। ਸੰਤ ਪੁਰਖਾਂ ਦੇ ਹਿਰਦੇ ਵਿਚ ਸਭ ਧਰਮ ਹੀ ਹੈ। ਸੰਤ ਜਨ ਸਤ ਬਚਣ ਪਰਮਾਰਥ ਹੀ ਸੁਣਦੇ ਹਨ। ਕਿਉਂਕਿ ਉਹ ਸਭ ਬਿਆਪੀ ਰਾਮ ਨਾਲ ਹੀ ਰਚਨਾ ਚਾਹੁੰਦੇ ਹਨ। ਜਿਸਨੇ ਜਾਣ ਲਿਆ ਹੈ ਇਹ ਉਸਦੀ ਰਹਿਣੀ ਹੈ। ਜੋ ਸਾਧੂ ਹੈ ਸਭ ਸਤ ਬਚਨ ਕਹਿੰਦਾ ਹੈ। ਜੋ ਜੋ ਕੁਝ ਹੁੰਦਾ ਜਾਂਦਾ ਹੈ ਉਸੇ ਵਿੱਚ ਸੁਖ ਮੰਨਦੇ ਹਨ। ਕਰਨੇ ਕਰਾਵਨੇ ਵਾਲੇ ਇਕੋ ਪ੍ਰਭੂ ਨੂੰ ਜਾਣਦੇ ਹਨ। ਉਹੋ ਅੰਦਰ ਵਸਦਾ ਹੈ ਓਹੋ ਬਾਹਰ। ਗੁਰੂ ਜੀ–ਉਸ ਦਾ ਦਰਸ਼ਨ ਦੇਖਕੇ ਸਭ ਕੋਈ ਮੋਹਿਤ ਹੋ ਜਾਂਦਾ ਹੈ।

**ਆਪਿ ਸਤਿ ਕੀਆ ਸਭੁ ਸਤਿ ॥**
**ਤਿਸੁ ਪ੍ਰਭ ਤੇ ਸਗਲੀ ਉਤਪਤਿ ॥**
**ਤਿਸੁ ਭਾਵੈ ਤਾ ਕਰੇ ਬਿਸਥਾਰੁ ॥**
**ਤਿਸੁ ਭਾਵੈ ਤਾ ਏਕੰਕਾਰੁ ॥**
**ਅਨਿਕ ਕਲਾ ਲਖੀ ਨਹ ਜਾਇ ॥**
**ਜਿਸੁ ਭਾਵੈ ਤਿਸੁ ਲਏ ਮਿਲਾਇ ॥**
**ਕਵਨ ਨਿਕਟਿ ਕਵਨ ਕਹੀਐ ਦੂਰਿ ॥**
**ਆਪੇ ਆਪਿ ਆਪ ਭਰਪੂਰਿ ॥**
**ਅੰਤਰ ਗਤਿ ਜਿਸੁ ਆਪਿ ਜਨਾਏ ॥**
**ਨਾਨਕ ਤਿਸੁ ਜਨ ਆਪਿ ਬੁਝਾਏ ॥ ੫ ॥**

ਪ੍ਰਭੂ ਆਪ ਸਤ ਹੈ ਉਸ ਨੇ ਜੋ ਰਚਿਆ ਸਭ ਸੱਤ ਹੈ। ਉਸ ਪ੍ਰਭੂ ਤੋਂ ਸਾਰੀ ਉਤਪਤੀ ਹੋਈ। ਉਸ ਨੂੰ ਭਾਵੇ ਤਾਂ ਪਸਾਰਾ ਖਲੇਰਦਾ ਹੈ। ਉਸ ਨੂੰ ਭਾਵੇ ਤਾਂ ਇੱਕ ਰੂਪ ਆਪ ਹੀ ਰਹਿ ਜਾਂਦਾ ਹੈ। ਉਸ ਦੀਆਂ ਅਨੇਕ ਸ਼ਕਤੀਆਂ ਹਨ ਲਖੀਆਂ ਨਹੀਂ ਜਾਂਦੀਆਂ। ਜਿਸ ਨੂੰ ਚਾਹੇ ਆਪਣੇ ਨਾਲ ਮਿਲਾ ਲੈਂਦਾ ਹੈ। ਕਿਸ ਨੂੰ ਦੂਰ ਤੇ ਕਿਸਨੂੰ ਨੇੜੇ ਕਹੀਏ? ਆਪ ਹੀ ਆਪਣੇ ਆਪ ਪੂਰਨ ਹੋ ਰਿਹਾ ਹੈ। ਵਥ ਦੂਰ ਕਰਕੇ ਜਿਸ ਨੂੰ ਆਪ ਬੁਝਾ ਦੇਵੇ, ਗੁਰੂ ਜੀ–ਉਸ ਪੁਰਖ ਨੂੰ ਆਪਣਾ ਆਪ ਬੁਝਾ ਦੇਂਦਾ ਹੈ।

Digitized by Panjab Digital Library | www.panjabdigilib.org

ਸਰਬ ਭੂਤ ਆਪਿ ਵਰਤਾਰਾ ॥
ਸਰਬ ਨੈਨ ਆਪਿ ਪੇਖਨ ਹਾਰਾ ॥
ਸਗਲ ਸਮਗ੍ਰੀ ਜਾਕਾ ਤਨਾ ॥
ਆਪਨ ਜਸੁ ਆਪ ਹੀ ਸੁਨਾ ॥
ਆਵਨ ਜਾਨੁ ਇਕੁ ਖੇਲੁ ਬਨਾਇਆ ॥
ਆਗਿਆਕਾਰੀ ਕੀਨੀ ਮਾਇਆ ॥
ਪ੍ਰਭ ਕੈ ਮਧਿ ਅਲਿਪਤੋ ਰਹੈ ॥
ਜੋ ਕਿਛੁ ਕਹਣਾ ਸੁ ਆਪੇ ਕਹੈ ॥
ਆਗਿਆ ਆਵੈ ਆਗਿਆ ਜਾਇ ॥
ਨਾਨਕ ਜਾ ਭਾਵੈ ਤਾ ਲਏ ਸਮਾਇ ॥ ੬ ॥

ਸਾਰੇ ਭੂਤਾਂ ਵਿੱਚ ਆਪ ਵਰਤ ਰਿਹਾ ਹੈ । ਸਾਰੇ ਨੈਨਾਂ ਦੇ ਅੰਤਰ ਗਤ ਆਪ ਦੇਖਣੇ ਵਾਲਾ ਹੈ। ਸਾਰੀ ਸਮੱਗ੍ਰੀ ਜਿਸਦਾ ਸਰੀਰ ਹੈ । ਆਪਣੇ ਜੱਸ ਨੂੰ ਆਪ ਹੀ ਸੁਣਦਾ ਹੈ। ਜੰਮਨ ਮਰਨਾ ਉਸਨੇ ਇਕ ਖੇਲ ਰਚਿਆ ਹੈ। ਆਪਣੀ ਆਗਿਆਵਰਤੀ ਮਾਇਆ ਕਰ ਛੱਡੀ ਹੈ । ਸੱਭ ਦੇ ਵਿੱਚ ਰਹਿੰਦਾ ਹੈ ਫੇਰ ਅਲਪਤ ਰਹਿੰਦਾ ਹੈ । ਜੋ ਕਹਿਣਾ ਹੁੰਦਾ ਹੈ ਆਪ ਹੀ ਕਹਿੰਦਾ ਹੈ। ਇਹ ਜੀਵ ਉਸਦੀ ਆਗਿਆ ਦਾ ਬੱਧਾ ਆਉਂਦਾ ਤੇ ਜਾਂਦਾ ਹੈ । ਗੁਰੂ ਜੀ-ਜਦ ਉਸ ਨੂੰ ਭਾਉਂਦਾ ਹੈ ਆਪਣੇ ਨਾਲ ਮਿਲਾ ਲੈਂਦਾ ਹੈ।

ਇਸਤੇ ਹੋਇ ਸੁ ਨਾਹੀ ਬੁਰਾ ॥
ਓਰੈ ਕਹਹੁ ਕਿਨੈ ਕਛੁ ਕਰਾ ॥
ਆਪਿ ਭਲਾ ਕਰਤੂਤਿ ਨੀਕੀ ॥
ਆਪੇ ਜਾਨੈ ਅਪਨੇ ਜੀਕੀ ॥
ਆਪਿ ਸਾਚੁ ਧਾਰੀ ਸਭ ਸਾਚੁ ॥
ਓਤਿ ਪੋਤਿ ਆਪਨ ਸੰਗਿ ਰਾਚੁ ॥
ਤਾਂਕੀ ਗਤਿ ਮਿਤਿ ਕਹੀ ਨ ਜਾਇ ॥
ਦੂਸਰ ਹੋਇ ਤ ਸੋਝੀ ਪਾਇ ॥

Digitized by Panjab Digital Library | www.panjabdigilib.org

ਤਿਸ ਕਾ ਕੀਆ ਸਭੁ ਪਰਵਾਨੁ ॥
ਗੁਰਪ੍ਰਸਾਦਿ ਨਾਨਕ ਇਹੁ ਜਾਨੁ ॥ ੭ ॥

ਇਸ ਪ੍ਰਭੂ ਤੋਂ ਜੋ ਕੁਝ ਹੁੰਦਾ ਹੈ ਬੁਰਾ ਨਹੀਂ ਹੁੰਦਾ। ਹੋਰ ਕਿਸੇ ਨੇ ਦਸ ਜੇ ਕੁਝ ਕੀਤਾ ਹੈ ਤਾਂ ? ਪ੍ਰਭੂ ਆਪ ਭਲਾ ਹੈ ਅਰ ਓਸ ਦੇ ਕੰਮ ਸਾਰੇ ਨੇਕ ਹਨ ਉਹ ਆਪਣੇ ਜੀ ਦੀ ਆਪੇ ਹੀ ਜਾਣਦਾ ਹੈ। ਆਪ ਸੱਚ ਹੈ ਜਿਸਨੂੰ ਧਾਰ ਰਿਹਾ ਹੈ ਸਭ ਸਚ ਹੈ। ਤਾਣੇ ਪੇਟੇ ਆਪਣੇ ਆਪ ਨਾਲ ਰਚ ਰਿਹਾ ਹੈ। ਉਸਦੀ ਗਤੀ ਤੇ ਮਿਣਤੀ ਕਹੀਂ ਨਹੀਂ ਜਾਂਦੀ। ਦੂਜਾ ਕੋਈ ਉਸ ਜਿਹਾ ਹੋਵੇ ਤਾਂ ਉਸ ਦੀ ਸੋਝੀ ਪਾਵੇ। ਉਸ ਦਾ ਕੀਤਾ ਸਭ ਹੀ ਯਥਾਰਥ ਹੈ। ਗੁਰੂ ਜੀ-ਇਹ ਗੁਣ ਗੁਰਾਂ ਦੀ ਕ੍ਰਿਪਾ ਕਰਕੇ ਸਮਝ।

ਜੋ ਜਾਨੈ ਤਿਸੁ ਸਦਾ ਸੁਖੁ ਹੋਇ ॥
ਆਪਿ ਮਿਲਾਇ ਲਏ ਪ੍ਰਭੁ ਸੋਇ ॥
ਓਹੁ ਧਨਵੰਤੁ ਕੁਲਵੰਤੁ ਪਤਿਵੰਤੁ ॥
ਜੀਵਨ ਮੁਕਤਿ ਜਿਸੁ ਰਿਦੈ ਭਗਵੰਤੁ ॥
ਧੰਨੁ ਧੰਨੁ ਧੰਨੁ ਜਨੁ ਆਇਆ ॥
ਜਿਸੁ ਪ੍ਰਸਾਦਿ ਸਭੁ ਜਗਤੁ ਤਰਾਇਆ ॥
ਜਨ ਆਵਨ ਕਾ ਇਹੈ ਸੁਆਉ ॥
ਜਨ ਕੈ ਸੰਗਿ ਚਿਤਿ ਆਵੈ ਨਾਉ ॥
ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥
ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ ॥ ੮ ॥ ੨੩ ॥

ਜੋ ਪੁਰਸ਼ ਉਪਰ ਲਿਖੇ ਨੂੰ ਜਾਣਦਾ ਹੈ ਉਸ ਨੂੰ ਸਦੀਵ ਸੁਖ ਹੁੰਦਾ ਹੈ ਉਹੋ ਪ੍ਰਭੂ ਉਸ ਨੂੰ ਆਪਣੇ ਵਿੱਚ ਮਿਲਾ ਲੈਂਦਾ ਹੈ। ਉਹ ਪੁਰਖ ਧਨ ਵਾਲਾ ਕੁਲ ਵਾਲਾ ਤੇ ਪਤ ਵਾਲਾ ਹੈ ਤੇ ਜੀਵਨ ਮੁਕਤ ਹੈ, ਜਿਸ ਦੇ ਹਿਰਦੇ ਵਿਚ ਪਰਮੇਸ਼ਰ ਹੈ। ਉਹ ਪੁਰਖ ਧੰਨ ਹੈ ਤੇ ਉਸ ਦਾ ਜੀਵਨ ਧੰਨ ਹੈ ਉਸਦਾ ਆਇਆ ਧੰਨ ਹੈ, ਜਿਸ ਦੀ ਕ੍ਰਿਪਾ ਕਰਕੇ ਸਾਰਾ ਜਗਤ ਤਾਰਿਆ ਜਾਂਦਾ ਹੈ। ਉਸ ਜਨ ਦੇ ਆਉਣ ਦਾ ਇਹੋ ਪ੍ਰਯੋਜਨ ਹੈ ਕਿ ਉਸ ਜਨ ਦੇ ਸੰਗ ਕਰਕੇ ਨਾਮ ਚਿੱਤ ਆਵੇ। ਆਪ ਮੁਕਤ ਹੋਵੇ ਤੇ ਸੰਸਾਰ ਨੂੰ ਮੁਕਤ ਕਰੇ। ਗੁਰੂ ਜੀ-ਉਸ ਪੁਰਖ ਨੂੰ ਸਾਡੀ ਸਦਾ ਨਿਮਸਕਾਰ ਹੈ।

Digitized by Panjab Digital Library | www.panjabdigilib.org

ਸਲੋਕੁ ॥

ਪੂਰਾ ਪ੍ਰਭੁ ਆਰਾਧਿਆ ਪੂਰਾ ਜਾ ਕਾ ਨਾਉ ॥
ਨਾਨਕ ਪੂਰਾ ਪਾਇਆ ਪੂਰੇ ਕੇ ਗੁਨ ਗਾਉ ॥ ੧ ॥

ਉਸ ਪੂਰਨ ਪ੍ਰਭੂ ਦੀ ਅਰਾਧਨਾ ਕੀਤੀ ਹੈ ਕਿ ਜਿਸਦਾ ਨਾਮ ਪੂਰਨ ਹੈ। ਗੁਰੂ ਜੀ-ਤੂੰਹ ਪੂਰਨ ਪ੍ਰਭੂ ਪਾਇਆ ਹੈ ਪੂਰੇ ਪ੍ਰਭੂ ਦੇ ਗੁਣ ਗਾਉਂਕੇ।

ਅਸਟਪਦੀ ॥

ਪੂਰੇ ਗੁਰ ਕਾ ਸੁਨਿ ਉਪਦੇਸੁ ॥
ਪਾਰਬ੍ਰਹਮੁ ਨਿਕਟਿ ਕਰਿ ਪੇਖੁ ॥
ਸਾਸਿ ਸਾਸਿ ਸਿਮਰਹੁ ਗੋਬਿੰਦ ॥
ਮਨ ਅੰਤਰ ਕੀ ਉਤਰੈ ਚਿੰਦ ॥
ਆਸ ਅਨਿਤ ਤਿਆਗਹੁ ਤਰੰਗ ॥
ਸੰਤ ਜਨਾ ਕੀ ਧੂਰਿ ਮਨ ਮੰਗ ॥
ਆਪੁ ਛੋਡਿ ਬੇਨਤੀ ਕਰਹੁ ॥
ਸਾਦ ਸੰਗਿ ਅਗਨਿ ਸਾਗਰੁ ਤਰਹੁ ॥
ਹਰਿ ਧਨ ਕੇ ਭਰਿ ਲੇਹੁ ਭੰਡਾਰ ॥
ਨਾਨਕ ਗੁਰ ਪੂਰੇ ਨਮਸਕਾਰ ॥ ੧ ॥

ਪੂਰੇ ਗੁਰੂ ਦਾ ਉਪਦੇਸ਼ ਸੁਣ। ਉਸ ਪਰਮੇਸ਼ਰ ਨੂੰ ਨੇੜੇ ਕਰਕੇ ਦੇਖ। ਸ੍ਵਾਸ ਸ੍ਵਾਸ ਪਰਮੇਸ਼ਰ ਨੂੰ ਸਿਮਰੋ। ਜੋ ਮਨ ਦੇ ਅੰਦਰ ਦੀ ਚਿੰਤਾ ਮਲ ਆਦਿ ਦੂਰ ਹੋਵੇ। ਅਨਿਤ ਆਸਾ ਤੇ ਉਸਦੇ ਤਰੰਗਾਂ ਨੂੰ ਛੱਡੋ। ਮਨ ਵਿਖੇ ਸੰਤਾਂ ਦੀ ਧੂੜ ਮੰਗੋ। ਆਪਾ ਭਾਵ ਛੱਡਕੇ ਪ੍ਰਭੂ ਅਗੇ ਬੇਨਤੀ ਕਰੋ। ਸਾਧਾਂ ਦਾ ਸੰਗ ਕਰਕੇ ਅੱਗ ਵਰਗਾ ਸੰਸਾਰ ਤਰ ਜਾਓ। ਹਰੀ ਰੂਪੀ ਧਨ ਦੇ ਭੰਡਾਰ ਭਰ ਲਵੋ। ਗੁਰੂ ਜੀ-ਪੂਰੇ ਗੁਰੂ ਨੂੰ ਨਿਮਸ਼ਕਾਰ ਕਰੋ।

ਖੇਮ ਕੁਸਲ ਸਹਜ ਆਨੰਦ ॥
ਸਾਧ ਸੰਗਿ ਭਜੁ ਪਰਮਾਨੰਦ ॥
ਨਰਕ ਨਿਵਾਰਿ ਉਧਾਰਹੁ ਜੀਉ ॥

Digitized by Panjab Digital Library | www.panjabdigilib.org

ਗੁਨ ਗੋਬਿੰਦ ਅੰਮ੍ਰਿਤ ਰਸੁ ਪੀਉ ॥
ਚਿਤਿ ਚਿਤਵਹੁ ਨਾਰਾਇਣ ਏਕ ॥
ਏਕ ਰੂਪ ਜਾਕੇ ਰੰਗ ਅਨੇਕ ॥
ਗੋਪਾਲ ਦਾਮੋਦਰ ਦੀਨ ਦਇਆਲ ॥
ਦੁਖਭੰਜਨ ਪੂਰਨ ਕਿਰਪਾਲ ॥
ਸਿਮਰਿ ਸਿਮਰਿ ਨਾਮੁ ਬਾਰੰਬਾਰ ॥
ਨਾਨਕ ਜੀਅ ਕਾ ਇਹੈ ਅਧਾਰ ॥ ੨ ॥

ਪ੍ਰੇਮ ਤੇ ਕੁਸਲ ਸ਼ਾਤੀ ਤੇ ਆਨੰਦ ਪ੍ਰਾਪਤ ਹੋਵੇਗਾ । ਜੇ ਸਾਧਾਂ ਦੇ ਸੰਗ ਕਰਕੇ ਪਰਮਾਨੰਦ ਨੂੰ ਭਜੇ । ਨਰਕ ਨੂੰ ਛੱਡਕੇ ਜੀਓ ਮੁਕਤ ਕਰ । ਗੋਬਿੰਦ ਦੇ ਗੁਣਾਂ ਅਨੁਵਾਦ ਦੇ ਅੰਮ੍ਰਿਤ ਰਸ ਨੂੰ ਪੀ । ਹਿਰਦੇ ਵਿਚ ਇੱਕ ਪ੍ਰਭੂ ਨੂੰ ਯਾਦ ਕਰੋ । ਜਿਸ ਦਾ ਰੂਪ ਇੱਕ ਹੈ ਤੇ ਰੰਗ ਅਨੇਕ ਹਨ । ਜਿਸ ਦੇ ਨਾਮ ਬੀ ਅਨੇਕ ਹਨ, ਯਥਾ ਗੁਪਾਲ ਦਾਮੋਦਰ ਦੀਨ ਦਿਆਲ ਦੁਖ ਭੰਜਨ ਪੂਰਨ ਕ੍ਰਿਪਾਲ । ਸੋ ਏਸੇ ਨਾਮ ਨੂੰ ਬਾਰ ਬਾਰ ਸਿਮਰੋ । ਗੁਰੂ ਜੀ–ਇਹੋ ਜੀ ਦਾ ਆਸਰਾ ਹੈ ।

ਉਤਮ ਸਲੋਕ ਸਾਧ ਕੇ ਬਚਨ ॥
ਅਮੁਲੀਕ ਲਾਲ ਏਹਿ ਤਰਨ ॥
ਸੁਨਤ ਕਮਾਵਤ ਹੋਤ ਉਧਾਰ ॥
ਆਪਿ ਤਰੈ ਲੋਕਹ ਨਿਸਤਾਰ ॥
ਸਫਲ ਜੀਵਨੁ ਸਫਲੁ ਤਾਕਾ ਸੰਗੁ ॥
ਜਾਕੈ ਮਨਿ ਲਾਗਾ ਹਰਿ ਰੰਗੁ ॥
ਜੈ ਜੈ ਸਬਦੁ ਅਨਾਹਦੁ ਵਾਜੈ ॥
ਸੁਨਿ ਸੁਨਿ ਅਨਦ ਕਰੇ ਪ੍ਰਭੁ ਗਾਜੈ ॥
ਪ੍ਰਗਟੇ ਗੁਪਾਲ ਮਹਾਂਤ ਕੈ ਮਾਥੇ ॥
ਨਾਨਕ ਉਧਰੇ ਤਿਨਕੈ ਸਾਥੇ ॥ ੩ ॥

Digitized by Panjab Digital Library | www.panjabdigilib.org

ਸਾਧੂ ਦੇ ਬਚਨ ਉਤਮ ਸਲੋਕ ਹਨ। ਇਹ ਅਮੋਲਕ ਲਾਲ ਤੇ ਰਤਨ ਹਨ। ਜਿਨ੍ਹਾਂ ਦੇ ਸੁਣਨੇ ਕਮਾਵਣੇ ਤੇ ਉਧਾਰ ਹੁੰਦਾ ਹੈ। ਆਪ ਤਰਦੇ ਹਨ ਲੋਕਾਂ ਦਾ ਨਿਸਤਾਰਾ ਕਰਦੇ ਹਨ। ਐਸੇ ਪੁਰਖਾਂ ਦਾ ਜੀਵਨ ਸਫਲ ਹੈ ਅਰ ਉਨ੍ਹਾਂ ਦਾ ਸੰਗ ਵੀ ਸਫਲ ਹੈ। ਜਿਨ੍ਹਾਂ ਦੇ ਮਨ ਹਰੀ ਦਾ ਰੰਗ ਲੱਗਾ ਹੈ। ਜੈ ਜੈ ਦਾ ਅਨਾਦ ਸ਼ਬਦ ਵੱਜਦਾ ਹੈ। ਸੁਣ ਸੁਣ ਕੇ ਉਹ ਅਨੰਦ ਕਰਦੇ ਹਨ ਤੇ ਪ੍ਰਭੂ ਨੂੰ ਬੋਲਦੇ ਹਨ। ਐਸੇ ਮਹਾਤਮਾਂ ਦੇ ਮੱਥੇ ਗੁਪਾਲ ਜੀ ਪ੍ਰਗਟਦੇ ਹਨ। ਗੁਰੂ ਜੀ–ਉਨ੍ਹਾਂ ਦੇ ਨਾਲ ਉਧਾਰ ਹੁੰਦਾ ਹੈ।

**ਸਰਨਿ ਜੋਗੁ ਸੁਨਿ ਸਰਨੀ ਆਏ ॥**
**ਕਰਿ ਕਿਰਪਾ ਪ੍ਰਭ ਆਪ ਮਿਲਾਏ ॥**
**ਮਿਟਿ ਗਏ ਬੈਰ ਭਏ ਸਭ ਰੇਨ ॥**
**ਅੰਮ੍ਰਿਤ ਨਾਮੁ ਸਾਧ ਸੰਗਿ ਲੈਨ ॥**
**ਸੁਪ੍ਰਸੰਨ ਭਏ ਗੁਰਦੇਵ ॥**
**ਪੂਰਨ ਹੋਈ ਸੇਵਕ ਕੀ ਸੇਵ ॥**
**ਆਲ ਜੰਜਾਲ ਬਿਕਾਰ ਤੇ ਰਹਤੇ ॥**
**ਰਾਮ ਨਾਮ ਸੁਨਿ ਰਸਨਾ ਕਹਤੇ ॥**
**ਕਰਿ ਪ੍ਰਸਾਦੁ ਦਇਆ ਪ੍ਰਭਿ ਧਾਰੀ ॥**
**ਨਾਨਕ ਨਿਬਹੀ ਖੇਪ ਹਮਾਰੀ ॥ ੪ ॥**

ਐਸੇ ਗੁਰੂ ਜੀ ਨੂੰ ਸਰਨ ਦੇ ਜੋਗ ਸੁਣਕੇ ਆਪ ਵੀ ਸਰਨ ਆਏ ਹਾਂ, ਕ੍ਰਿਪਾ ਕਰਕੇ ਪ੍ਰਭੂ ਨੇ ਆਪ ਐਸੇ ਸਤਗੁਰੂ ਮਿਲਾ ਦਿਤੇ। ਸਾਰੇ ਵੈਰ ਮਿਟ ਗਏ ਅਸੀ ਸਭ ਦੀ ਧੂੜ ਹੋ ਗਏ ਹਾਂ। ਸਾਧਾਂ ਦੇ ਸੰਗ ਵਿਚ ਅੰਮ੍ਰਿਤ ਨਾਮ ਲੈਣ ਕਰਕੇ ਗੁਰਦੇਵ ਜੀ ਭਲੀ ਪਰਕਾਰ ਪਰਸੰਨ ਹੋ ਗਏ ਹਨ। ਸੋ ਸੇਵਕ ਦੀ ਸੇਵਾ ਪੂਰੀ ਹੋਗਈ ਹੈ।ਆਲ ਜੰਜਾਲ ਤੇ ਵਿਕਾਰਾਂ ਤੋਂ ਰਹਿਤ ਹੋ ਗਏ ਹਾਂ, ਰਾਮ ਨਾਮ ਹਾਂ ਸੁਣਦੇ ਤੇ ਰਸਨਾ ਤੋਂ ਕੱਥਨ ਕਰਦੇ ਹਾਂ।ਪ੍ਰਭੂ ਨੇ ਕ੍ਰਿਪਾ ਕਰਕੇ ਦਇਆ ਕੀਤੀ ਹੈ। ਗੁਰੂਜੀ–ਉਸਦੀ ਦਇਆ ਕਰਕੇ ਸਾਡੀ ਖੇਪ ਨਿਭ ਗਈ।

**ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ ॥**
**ਸਾਵਧਾਨ ਏਕਾਗਰ ਚੀਤ ॥**
**ਸੁਖਮਨੀ ਸਹਜ ਗੋਬਿੰਦ ਗੁਨ ਨਾਮ ॥**

Digitized by Panjab Digital Library | www.panjabdigilib.org

ਜਿਸੁ ਮਨਿ ਬਸੈ ਸੁ ਹੋਤ ਨਿਧਾਨ ॥
ਸਰਬ ਇਛਾ ਤਾਕੀ ਪੂਰਨ ਹੋਇ ॥
ਪ੍ਰਧਾਨ ਪੁਰਖੁ ਪ੍ਰਗਟੁ ਸਭ ਲੋਇ ॥
ਸਭ ਤੇ ਊਚ ਪਾਏ ਅਸथਾਨੁ ॥
ਬਹੁਰਿ ਨ ਹੋਵੈ ਆਵਨ ਜਾਨੁ ॥
ਹਰਿ ਧਨੁ ਖਾਟਿ ਚਲੈ ਜਨੁ ਸੋਇ ॥
ਨਾਨਕ ਜਿਸਹਿ ਪਰਾਪਤਿ ਹੋਇ ॥ ੫ ॥

ਹੇ ਸੰਤੋ ! ਹੇ ਮਿੱਤ੍ਰੋ! ਪ੍ਰਭੂ ਦੀ ਉਸਤਤ ਕਰੋ, ਸਵਾਧਾਨ ਅਰ ਅਕਾਗਰ ਚਿਤ ਹੋਕੇ। ਸੁਖਮਨੀ ਵਿੱਚ ਸ਼ਾਂਤੀ ਗਿਆਨ ਤੇ ਪਰਮੇਸ਼ਰ ਦੇ ਗੁਣ ਤੇ ਨਾਮ ਦੀ ਮਹਿਮਾ ਹੈ ਇਹ ਜਿਸਦੇ ਮਨ ਵਿੱਚ ਵੱਸੇ ਉਹ ਗੁਣਾਂ ਦਾ ਸਮੁੰਦ੍ਰ ਹੋ ਜਾਂਦਾ ਹੈ। ਉਸਦੀਆਂ ਸਾਰੀਆਂ ਇੱਛਾਂ ਪੂਰਨ ਹੁੰਦੀਆਂ ਹਨ। ਉਹ ਪੁਰਖ ਸ੍ਰੇਸ਼੍ਟ ਹੋਕੇ ਸਾਰੇ ਲੋਕ ਵਿਚ ਪਰਗਟ ਹੈ। ਸਭ ਤੋਂ ਉੱਚਾ ਅਸਥਾਨ ਉਸਨੂੰ ਪ੍ਰਾਪਤ ਹੁੰਦਾ ਹੈ। ਫੇਰ ਉਸ ਨੂੰ ਜਰਮ ਮਰਨ ਨਹੀਂ ਹੁੰਦਾ। ਉਹ ਪੁਰਖ ਹਰੀ ਧਨ ਨੂੰ ਖੱਟਕੇ ਲੈ ਚੱਲੇ ਹਨ। ਗੁਰੂ ਜੀ–ਜਿਸ ਨੂੰ ਪ੍ਰਾਪਤ ਹੋਵੇ।

ਖੇਮ ਸਾਂਤਿ ਰਿਧਿ ਨਵਨਿਧਿ ॥
ਬੁਧਿ ਗਿਆਨੁ ਸਰਬ ਤਹ ਸਿਧਿ ॥
ਬਿਦਿਆ ਤਪੁ ਜੋਗੁ ਪ੍ਰਭ ਧਿਆਨੁ ॥
ਗਿਆਨੁ ਸ੍ਰੇਸਟ ਊਤਮ ਇਸਨਾਨੁ ॥
ਚਾਰਿ ਪਦਾਰਥ ਕਮਲ ਪ੍ਰਗਾਸ ॥
ਸਭ ਕੈ ਮਧਿ ਸਗਲ ਤੇ ਉਦਾਸ ॥
ਸੁੰਦਰੁ ਚਤੁਰੁ ਤਤ ਕਾ ਬੇਤਾ ॥
ਸਮਦਰਸੀ ਏਕ ਦ੍ਰਿਸਟੇਤਾ ॥
ਇਹ ਫਲ ਤਿਸੁ ਜਨ ਕੈ ਮੁਖਿ ਭਨੇ ॥
ਗੁਰ ਨਾਨਕ ਨਾਮ ਬਚਨ ਮਨਿ ਸੁਨੇ ॥ ੬ ॥

ਕਲਯਾਨ ਸ਼ਾਂਤੀ ਰਿਧੀ ਨੌ ਨਿਧੀਆਂ। ਬੁਧੀ ਗਿਆਨ ਸਾਰੀਆਂ ਸਿਧਿਆਂ। ਵਿੱਦਯਾ ਤਪ ਯੋਗ ਪ੍ਰਭੂ ਦਾ ਧਿਆਨ। ਸ੍ਰੇਸ਼੍ਟ ਗਿਆਨ, ਉੱਤਮ

Digitized by Panjab Digital Library | www.panjabdigilib.org

ਇਸ਼ਨਾਨ। ਚਾਰ ਪਦਾਰਥ ਹਿਰਦੇ ਕਲਮ ਦਾ ਖਿੜਨਾ । ਉਸਦਾ ਸਭ ਦੇ ਵਿਚ ਰੈਂਹਦੇ ਹੋਇਆਂ ਸਭਤੋਂ ਉਦਾਸ ਚੇਹਰਾ ਹੈ।ਉਸਦਾ ਸੁੰਦਰ ਚਤਰ ਤੇ ਤਤ ਦੇ ਜਾਣਨੇ ਹਾਰਾ ਹੋਣਾ। ਉਸਦਾ ਸਮਦਰਸੀ ਤੇ ਸਮ ਦ੍ਰਿਸ਼ਟਾ ਹੋਣਾ । ਇਹ ਫਲ ਉਸ ਪੁਰਖ ਲਈ ਅਸਾਂ ਮੂੰਹੋਂ ਕਥਨ ਕੀਤੇ ਹਨ । ਗੁਰੂ ਜੀ—ਜਿਸਨੇ ਗੁਰੂ ਜੀ ਦੇ ਇਹ ਬਚਨ ਜੋ ਸੁਖਮਨੀ ਵਿੱਚ ਪਰਮੇਸ਼ਰ ਦੇ ਨਾਮ ਸੰਬੰਧੀ ਕਹੇ ਹਨ, ਮਨ ਲਾਕੇ ਸੁਣੇ ਹਨ।

ਇਹੁ ਨਿਧਾਨੁ ਜਪੈ ਮਨਿ ਕੋਇ ॥
ਸਭ ਜੁਗਮਹਿ ਤਾਕੀ ਗਤਿ ਹੋਇ ॥
ਗੁਣ ਗੋਬਿੰਦ ਨਾਮ ਧੁਨਿ ਬਾਣੀ ॥
ਸਿਮ੍ਰਿਤਿ ਸਾਸਤ੍ਰ ਬੇਦ ਬਖਾਣੀ ॥
ਸਗਲ ਮਤਾਂਤ ਕੇਵਲ ਹਰਿਨਾਮ ॥
ਗੋਬਿੰਦ ਭਗਤ ਕੈ ਮਨਿ ਬਿਸ੍ਰਾਮ ॥
ਕੋਟਿ ਅਪ੍ਰਾਧ ਸਾਧ ਸੰਗਿ ਮਿਟੈ ॥
ਸੰਤ ਕ੍ਰਿਪਾ ਤੇ ਜਮ ਤੇ ਛੁਟੈ ॥
ਜਾਕੈ ਮਸਤਕਿ ਕਰਮ ਪ੍ਰਭਿ ਪਾਏ ॥
ਸਾਧ ਸਰਣਿ ਨਾਨਕ ਤੇ ਆਏ ॥ ੭ ॥

ਇਸ ਨਾਮ ਨਿਧਾਨ ਸੁਖਮਨੀ ਨੂੰ ਜੋ ਮਨ ਲਾਕੇ ਜਪੇ। ਸਾਰੇ ਜੁਗਾਂ ਵਿੱਚ ਉਸਦੀ ਗਤੀ ਹੁੰਦੀ ਹੈ। ਗੋਬਿੰਦ ਦੇ ਗੁਣਾਂ ਦੇ ਨਾਮ ਧੁਨੀ ਦੀ ਬਾਣੀ। ਸਿਮ੍ਰਿਤੀ ਸ਼ਾਸਤ੍ਰ ਵੇਦ ਜੋ ਕਹੀ ਹੈ। ਸਾਰੇ ਮਤਾਂ ਦਾ ਜੋ ਸਿਧਾਂਤ ਹੈ ਕੇਵਲ ਹਰ ਨਾਮ ਹੈ ।ਜਿਸ ਦਾ ਬਿਸ੍ਰਾਮ ਗੋਬਿੰਦ ਦੇ ਭਗਤ ਦੇ ਮਨ ਵਿਚ ਹੈ। ਐਸੇ ਭਗਤ ਸਾਧੂ ਦੇ ਸੰਗ ਕਰਕੇ ਕ੍ਰੋੜਾਂ ਅਪ੍ਰਾਧ ਮਿਟਦੇ ਹਨ । ਐਸੇ ਸੰਤਾਂ ਦੀ ਕ੍ਰਿਪਾ ਕਰਕੇ ਜਮ ਤੇ ਛੁਟਕਾਰਾ ਮਿਲਦਾ ਹੈ । ਜਿਸਦੇ ਮੱਥੇ ਪੁਰ ਪ੍ਰਭੂ ਨੇ ਲੇਖ ਲਿਖੇ ਹਨ, ਗੁਰੂ ਜੀ—ਉਹ ਸਾਧਾਂ ਦੀ ਸਰਨ ਆਏ ਹਨ।

ਜਿਸੁ ਮਨਿ ਬਸੈ ਸੁਨੈ ਲਾਇ ਪ੍ਰੀਤਿ ॥
ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ ॥
ਜਨਮ ਮਰਨ ਤਾਕਾ ਦੂਖ ਨਿਵਾਰੈ ॥
ਦੁਲਭ ਦੇਹ ਤਤਕਾਲ ਉਧਾਰੈ॥

Digitized by Panjab Digital Library | www.panjabdigilib.org

ਨਿਰਮਲ ਸੋਭਾ ਅੰਮ੍ਰਿਤ ਤਾਕੀ ਬਾਨੀ ॥
ਏਕੁ ਨਾਮੁ ਮਨ ਮਾਹਿ ਸਮਾਨੀ ॥
ਦੂਖ ਰੋਗ ਬਿਨਸੇ ਭੈ ਭਰਮ ॥
ਸਾਧ ਨਾਮ ਨਿਰਮਲ ਤਾਕੇ ਕਰਮ ॥
ਸਭ ਤੇ ਊਚ ਤਾਕੀ ਸੋਭਾ ਬਨੀ ॥
ਨਾਨਕ ਇਹ ਗੁਣਿ ਨਾਮੁ ਸੁਖਮਨੀ ॥ ੮ ॥ ੨੪ ॥

ਜਿਸਦੇ ਮਨ ਵਿੱਚ ਇਹ ਵੱਸੇ, ਜੋ ਪ੍ਰੀਤ ਲਾਕੇ ਸੁਣੇ ਉਸ ਪੁਰਖ ਨੂੰ ਹਰੀ ਪ੍ਰਭੂ ਚਿੱਤ ਆਉਂਦਾ ਹੈ। ਪ੍ਰਭੂ ਜੰਮਣ ਮਰਨ ਦਾ ਉਸਦਾ ਦੁਖ ਦੂਰ ਕਰਦੇ ਹਨ। ਦੁਰਲਭ ਮਾਨੁਖ ਦੇਹ ਦਾ ਤਤਕਾਲ ਉਧਾਰ ਕਰਦੇ ਹਨ। ਨਿਰਮਲ ਹੈ ਉਸ ਦੀ ਸੋਭਾ ਅਰ ਅੰਮ੍ਰਿਤ ਹੈ ਉਸ ਦੀ ਬਾਣੀ। ਇੱਕ ਨਾਮ ਜਿਸ ਦੇ ਮਨ ਵਿੱਚ ਸਮਾਇਆ ਹੈ। ਉਸਦਾ ਦੁਖ ਰੋਗ ਭੈ ਤੇ ਭਰਮ ਬਿਨਸਦਾ ਹੈ। ਸਾਧ ਉਸਦਾ ਨਾਮ ਕਹੀਦਾਹੈ ਅਰ ਉਸਦੇ ਕਰਮ ਨਿਰਮਲ ਹੋ ਜਾਂਦੇ ਹਨ। ਸਭ ਤੋਂ ਉਚੀ ਉਸਦੀ ਸੋਭਾ ਬਣ ਜਾਂਦੀ ਹੈ। ਗੁਰੂ ਜੀ—ਇਨ੍ਹਾਂ ਗੁਣਾਂ ਕਰਕੇ ਇਸ ਬਾਣੀ ਦਾ ਨਾਮ ਸੁਖਮਨੀ ਹੈ।

## ਥਿਤੀ ਗਉੜੀ ਮਹਲਾ ੫ ਸਲੋਕੁ ॥

ੴ ਸਤਿਗੁਰ ਪ੍ਰਸਾਦਿ ॥

ਜਲਿ ਥਲਿ ਮਹੀਅਲਿ ਪੂਰਿਆ ਸੁਆਮੀ ਸਿਰਜਨ ਹਾਰੁ ॥
ਅਨਿਕ ਭਾਂਤਿ ਹੋਇ ਪਸਰਿਆ ਨਾਨਕ ਏਕੰਕਾਰੁ ॥੧ ॥

ਜੇਹੜਾ ਮਾਲਕ ਪੈਦਾ ਕਰਨ ਵਾਲਾ ਹੈ ਓਹ ਜਲਾਂ, ਥਲਾਂ, ਧਰਤੀ, ਅਕਾਸ਼ ਵਿਚ ਪੂਰਨ ਹੋਕੇ ਮਿਲਿਆ ਹੋਇਆ ਹੈ। ਗੁਰੂ ਜੀ—ਓਹ ਇੱਕ ਅਨੇਕ ਤਰਾਂ ਹੋਕੇ ਸਾਰਿਆਂ ਵਿੱਚ ਫੈਲਿਆ ਹੋਇਆ ਹੈ।

ਪਉੜੀ॥ਏਕਮਏਕੰਕਾਰੁ ਪ੍ਰਭੁ ਕਰਉ ਬੰਦਨਾ ਧਿਆਇ॥ ਗੁਣ ਗੋਬਿੰਦ ਗੁਪਾਲ ਪ੍ਰਭ ਸਰਨਿ ਪਰਉ ਹਰਿ ਰਾਇ ॥ ਤਾਕੀ ਆਸ ਕਲਿਆਣ ਸੁਖ ਜਾਤੇ ਸਭੁ ਕਛੁ ਹੋਇ॥ ਚਾਰਿ ਕੁੰਟ ਦਹਦਿਸਿ ਭ੍ਰਮਿਓ ਤਿਸੁ ਬਿਨੁ ਅਵਰੁ ਨ ਕੋਇ॥ ਬੇਦ

Digitized by Panjab Digital Library | www.panjabdigilib.org

**ਪੁਰਾਨ ਸਿਮ੍ਰਿਤਿ ਸੁਨੇ ਬਹੁਬਿਧਿ ਕਰਉ ਬੀਚਾਰੁ ॥ ਪਤਿਤ ਉਧਾਰਨ ਭੈ ਹਰਨ ਸੁਖ ਸਾਗਰ ਨਿਰੰਕਾਰ॥ ਦਾਤਾ ਭੁਗਤਾ ਦੇਨਹਾਰੁ ਤਿਸੁ ਬਿਨੁ ਅਵਰੁ ਨ ਜਾਇ ॥ ਜੋ ਚਾਹਹਿ ਸੋਈ ਮਿਲੈ ਨਾਨਕ ਹਰਿਗੁਨ ਗਾਇ ॥ ੧ ॥**

ਏਕਮ ਦੁਆਰ ਆਖਦੇ ਹਨ ਜੇਹੜਾ ਓਹ ਇੱਕ ਓਅੰਕਾਰ ਪ੍ਰਮਾਤਮਾ ਹੈ ਉਸਨੂੰ ਯਾਦ ਕਰਕੇ ਨਮਸਕਾਰ ਕਰੋ। ਗੋਬਿੰਦ, ਗੋਪਾਲ, ਮਾਲਕ ਪ੍ਰਮੇਸ਼ਰ ਪ੍ਰਕਾਸ਼ਕ ਦੇ ਸਾਰੇ ਗੁਣ ਉਚਾਰਨ ਕਰੋ ਅਤੇ ਸਰਨੀ ਪਵੋ ਜਿਸ ਵਾਹਿਗੁਰੂ ਦੀ ਕਿਰਪਾ ਨਾਲ ਧਰਮ ਅਰਥ ਤੇ ਸੁਖ ਹੁੰਦਾ ਹੈ ਉਸ ਦੀ ਆਸ਼ਾ ਕਰੀਏ। ਚਹੁੰਆਂ ਹੀ ਕੂੰਟਾਂ ਦੇ ਅੰਦਰ ਜੋ ਦਸ ਦਿਸ਼ਾ ਹਨ ਓਹਨਾਂ ਵਿੱਚ ਫਿਰਕੇ ਥੱਕ ਗਏ ਹਾਂ, ਪਰ ਉਸ ਵਾਹਿਗੁਰੂ ਤੋਂ ਬਿਨਾਂ ਹੋਰ ਕੋਈ ਨਜ਼ਰ ਨਹੀਂ ਆਉਂਦਾ ਹੈ। ਵੇਦਾਂ ਪੁਰਾਨਾਂ ਸਿੰਮ੍ਰਿਤੀਆਂ ਨੂੰ ਸੁਣਿਆ ਹੈ ਅਤੇ ਬਹੁਤ ਤਰਾਂ ਦੇ ਵਿਚਾਰਾਂ ਨੂੰ ਵੀ ਕੀਤਾ ਹੈ। ਪਾਪੀਆਂ ਦਾ ਉਧਾਰ ਕਰਨ ਵਾਲਾ ਸਾਰਿਆਂ ਡਰਾਂ ਦੇ ਦੂਰ ਕਰਨ ਵਾਲਾ ਸੁਖਾਂ ਦਾ ਸਮੁੰਦਰ ਇਕ ਨਿਰੰਕਾਰ ਹੀ ਹੈ। ਓਹ ਆਪ ਹੀ ਦਾਤਾ ਹੋਕੇ ਦੇਣ ਵਾਲਾ ਅਤੇ ਆਪ ਹੀ ਉਸ ਦਾਤ ਦੇ ਖਾਣ ਵਾਲਾ ਹੈ। ਉਸ ਤੋਂ ਬਿਨਾਂ ਹੋਰ ਕੋਈ ਜਗਤ ਨਹੀਂ ਹੈ ਭਾਵ ਸਾਰਿਆਂ ਥਾਵਾਂ ਵਿੱਚ ਪੂਰਨ ਹੈ। ਗੁਰੂ ਜੀ—ਜੀਵ ਉਸ ਵਾਹਿਗੁਰੂ ਦੇ ਗੁਣਾਂ ਨੂੰ ਗਾਵੇ ਫਿਰ ਜੋ ਕੁਛ ਚਾਹੇਗਾ ਓਹੋ ਹੀ ਉਸ ਪਾਸੋਂ ਮਿਲੇਗਾ।

**ਗੋਬਿੰਦ ਜਸੁ ਗਾਈਐ ਹਰਿ ਨੀਤ॥ ਮਿਲਿ ਭਜੀਐ ਸਾਧ ਸੰਗਿ ਮੇਰੇ ਮੀਤ ॥ ੧ ॥ ਰਹਾਉ ॥**

ਹੇ ਮੇਰੇ ਮਿੱਤ੍ਰ! ਸੰਤਾਂ ਨਾਲ ਮਿਲਕੇ ਰੋਜ਼ ਪ੍ਰਮੇਸ਼ਰ ਦਾ ਜਸ ਗਾਈਏ ਅਤੇ ਉਸ ਦੇ ਨਾਮ ਦਾ ਭਜਨ ਕਰੀਏ।

**ਸਲੋਕੁ ॥ ਕਰਉ ਬੰਧਨਾ ਅਨਿਕ ਵਾਰ ਸਰਨਿ ਪਰਉ ਹਰਿ ਰਾਇ ॥ ਭ੍ਰਮੁ ਕਟੀਐ ਨਾਨਕ ਸਾਧ ਸੰਗਿ ਦੁਤੀਆ ਭਾਉ ਮਿਟਾਇ ॥ ੨ ॥**

ਪ੍ਰਮੇਸ਼ਰ ਪ੍ਰਕਾਸ਼ਕ ਨੂੰ ਅਨੇਕਾਂ ਵਾਰ ਬੰਦਨਾ ਕਰੋ ਅਤੇ ਸਰਨੀ ਪਵੋ। ਗੁਰੂ ਜੀ—ਤੁਹਾਡੇ ਸਾਰੇ ਭਰਮ ਕੱਟੇ ਜਾਣਗੇ ਅਤੇ ਸਤਸੰਗ ਕਰਕੇ ਦ੍ਵੈਤ ਭਾਵਨਾ ਵੀ ਦੂਰ ਹੋ ਜਾਵੇਗੀ।

Digitized by Panjab Digital Library | www.panjabdigilib.org

**ਪਉੜੀ॥ ਦੁਤੀਆ ਦੁਰਮਤਿ ਦੂਰਿ ਕਰਿ ਗੁਰਸੇਵਾ ਕਰਿ ਨੀਤ॥ ਰਾਮ ਰਤਨੁ ਮਨਿ ਤਨਿ ਬਸੈ ਤਜਿ ਕਾਮੁ ਕ੍ਰੋਧੁ ਲੋਭੁ ਮੀਤ ॥ ਮਰਣੁ ਮਿਟੈ ਜੀਵਨੁ ਮਿਲੈ ਬਿਨਸਹਿ ਸਗਲ ਕਲੇਸ॥ਆਪੁ ਤਜਹੁ ਗੋਬਿੰਦ ਭਜਹੁ ਭਾਉ ਭਗਤਿ ਪਰਵੇਸ॥ ਲਾਭੁ ਮਿਲੈ ਤੋਟਾ ਹਿਰੈ ਹਰਿ ਦਰਗਹ ਪਤਿਵੰਤ ॥ ਰਾਮ ਨਾਮ ਧਨੁ ਸੰਚਵੈ ਸਾਚ ਸਾਹ ਭਗਵੰਤ ॥ ਊਠਤ ਬੈਠਤ ਹਰਿ ਭਜਹੁ ਸਾਧੂ ਸੰਗਿ ਪਰੀਤਿ ॥ ਨਾਨਕ ਦੁਰਮਤਿ ਛੁਟਿ ਗਈ ਪਾਰਬ੍ਰਹਮ ਬਸੇ ਚੀਤਿ ॥ ੨ ॥**

ਦੂਸਰੀ ਤਿਥ ਦੁਆਰਾ ਆਖਦੇ ਹਨ ਕਿ ਕੱਚੀ ਅਕਲ ਨੂੰ ਦੂਰ ਕਰੋ ਅਤੇ ਰੋਜ਼ ਗੁਰਾਂ ਦੀ ਸੇਵਾ ਕਰੋ। ਹੇ ਮਿੱਤ੍ਰ! ਜੇ ਕਾਮ, ਕ੍ਰੋਧ, ਲੋਭ ਆਦਿਕ ਵਿਕਾਰਾਂਨੂੰਛੱਡਦੇਵੇਂਗਾ ਤਾਂ ਪ੍ਰਮੇਸ਼ਰ ਦਾ ਨਾਮ ਰਤਨ ਰੂਪ ਤੇਰੇ ਮਨ ਤਨ ਵਿਚ ਆ ਵਸੇਗਾ। ਮਰਨਾ ਦੂਰ ਹੋਜਾਵੇਗਾ ਜੀਵਣਾ ਮਿਲ ਜਾਵੇਗਾ ਭਾਵ ਸਦਾ ਰਹਿਣ ਵਾਲਾ ਗੁਰੂ ਮਿਲ ਜਾਵੇਗਾ ਅਤੇ ਸਾਰੇ ਕਲੇਸ਼ ਦੂਰ ਹੋ ਜਾਣਗੇ। ਹੰਕਾਰ ਨੂੰ ਛੱਡੋ ਗੋਬਿੰਦ ਦਾ ਭਜਨ ਕਰੋ ਅਤੇ ਮਨ ਵਿਚ ਪ੍ਰੇਮ ਭਗਤੀ ਦਾ ਪ੍ਰਵੇਸ਼ ਕਰੋ। ਆਤਮ ਲਾਭ ਮਿਲੇਗਾ ਅਤੇ ਜੇਹੜਾ ਸਾਰਾ ਸਾਸਾਂ ਦਾ ਘਾਟਾ ਪੈਂਦਾ ਹੈ ਓਹ ਨਾਸ ਹੋਜਾਵੇਗਾ ਭਾਵ ਸਾਸ ਸਫਲ ਹੋਣਗੇ ਅਤੇ ਪ੍ਰਮੇਸ਼ਰ ਦੀ ਦਰਗਾਹ ਵਿਚ ਇੱਜ਼ਤ ਵਾਲਾ ਹੋਵੇਗਾ। ਜੇਹੜਾ ਕੋਈ ਰਾਮ ਨਾਮ ਧਨ ਨੂੰ ਕੱਠਾ ਕਰਦਾ ਹੈ ਓਹ ਭਾਗਾਂ ਵਾਲਾ ਸੱਚਾ ਸ਼ਾਹ ਜਾਂ ਭਗਵੰਤ ਦਾ ਰੂਪ ਹੀ ਹੈ। ਇਸ ਲਈ ਸੰਤਾਂ ਦੇ ਨਾਲ ਪ੍ਰੀਤੀ ਕਰਕੇ ਉਠਦੇ ਬੈਠਦੇ ਪ੍ਰਮੇਸ਼ਰ ਨੂੰ ਯਾਦ ਕਰੋ। ਗੁਰੂ ਜੀ–ਜਿਨ੍ਹਾਂ ਦੀ ਦੁਰਮਤੀ ਨਾਸ ਹੋਗਈ ਹੈ ਓਹਨਾਂ ਦੇ ਚਿੱਤ ਵਿੱਚ ਪ੍ਰਮੇਸ਼ਰ ਵੱਸਦਾ ਹੈ ਜਾਂ ਜਦੋਂ ਪ੍ਰਮੇਸ਼ਰ ਵੱਸਦਾ ਹੈ ਤਾਂ ਖੋਟੀ ਅਕਲ ਦੂਰ ਹੋਜਾਂਦੀ ਹੈ।

**ਸਲੋਕੁ॥ ਤੀਨਿ ਬਿਆਪਹਿ ਜਗਤ ਕਉ ਤੁਰੀਆ ਪਾਵੈ ਕੋਇ ॥ ਨਾਨਕ ਸੰਤ ਨਿਰਮਲ ਭਏ ਜਿਨ ਮਨਿ ਵਸਿਆ ਸੋਇ ॥ ੩ ॥**

ਜਾਗ੍ਰਤ, ਸੁਪਨ, ਸਖੋਪਤਿ ਇਹ ਤਿੰਨ ਅਵਸਥਾਂ = ਹਾਲਤਾਂ ਸਾਰੇ ਸੰਸਾਰ ਨੂੰ ਚੰਬੜੀਆਂ ਹੋਈਆਂ ਹਨ। ਭਾਵ ਆਦਮੀ ਹੰਕਾਰੀ ਹੋਯਾ ੨ ਹੈ ਜਾਂ ਬੁਧੀ ਦੀਆਂ ਵਾਸ਼ਨਾ ਰਜੋ, ਸਤੋ, ਤਮੋ ਵਲ ਲਗੀਆਂ ਹੋਈਆਂ ਹਨ,ਇਹਨਾਂ

Digitized by Panjab Digital Library | www.panjabdigilib.org

ਤਿੰਨਾਂ ਨੂੰ ਛੱਡਕੇ ਚੌਥੀ ਹਾਲਤ ਨੂੰ ਕੋਈ ਵਿਰਲਾ ਹੀ ਸੰਤ ਪਾਉਂਦਾ ਹੈ ਭਾਵ ਜਗਤ ਵਿਚ ਹੰਕਾਰ ਨੂੰ ਛੱਡਕੇ ਕੋਈ ਹੀ ਪ੍ਰਮੇਸ਼ਰ ਨੂੰ ਮਿਲਦਾ ਹੈ।

ਗੁਰੂ ਜੀ–ਓਹ ਸੰਤ ਨਿਰਮਲ ਹੋ ਗਏ ਹਨ ਜਿਨਾਂ ਦੇ ਮਨ ਵਿੱਚ ਓਹ ਚੌਥੀ ਹਾਲਤ ਵਿੱਚ ਰਹਿਣ ਵਾਲਾ ਵਾਹਿਗੁਰੂ ਵੱਸਿਆ ਹੈ।

**ਪਉੜੀ॥ ਤ੍ਰਿਤੀਅ ਤ੍ਰੈ ਗੁਣ ਬਿਖੈ ਫਲ ਕਬ ਉਤਮ ਕਬ ਨੀਚੁ ॥ ਨਰਕ ਸੁਰਗ ਭ੍ਰਮਤਉ ਘਣੋ ਸਦਾ ਸੰਘਾਰੈ ਮੀਚੁ॥ਹਰਖ ਸੋਗ ਸਹਸਾ ਸੰਸਾਰੁ ਹਉ ਹਉ ਕਰਤ ਬਿਹਾਇ॥ ਜਿਨਿ ਕੀਏ ਤਿਸਹਿ ਨ ਜਾਣਨੀ ਚਿਤਵਹਿ ਅਨਿਕ ਉਪਾਇ ॥ ਅਧਿ ਬਿਆਧਿ ਉਪਾਧਿ ਰਸ ਕਬਹੁ ਨ ਤੂਟੈ ਤਾਪ ॥ ਪਾਰਬ੍ਰਹਮ ਪੂਰਨ ਧਨੀ ਨਹ ਬੂਝੈ ਪਰਤਾਪ ॥ ਮੋਹ ਭਰਮ ਬੂਡਤ ਘਣੋ ਮਹਾ ਨਰਕ ਮਹਿ ਵਾਸ ॥ ਕਰਿ ਕਿਰਪਾ ਪ੍ਰਭ ਰਾਖਿ ਲੇਹੁ ਨਾਨਕ ਤੇਰੀ ਆਸ ॥ ੩ ॥**

ਮੀਚ = ਮੌਤ

ਤੀਸਰੀ ਤਿੱਥ ਦੁਅ ਰਾ ਆਖਦੇ ਹਨ ਕਿ ਜੇਹੜਾ ਤਿੰਨਾਂ ਗੁਣਾਂ ਵਾਲਾ ਆਦਮੀ ਵਿਸ਼ਿਆਂ ਰੂਪ ਫਲਾਂ ਵਿੱਚ ਲੱਗਾ ਹੋਇਆ ਹੈ, ਓਹ ਕਦੀ ਉਤਮ ਰੀਤੀ ਨੂੰ ਪੁੱਜ ਜਾਂਦਾ ਹੈ, ਕਦੀ ਨੀਵੀਂ ਥਾਂ ਡਿਗ ਪੈਂਦਾ ਹੈ, ਭਾਵ ਕਰਮਾਂ ਨਾਲ ਚੰਗਾ ਮਾੜਾ ਬਣਦਾ ਹੈ। ਬਹੁਤਾ ਸਮਾਂ ਜਾਂ ਬਹੁਤਿਆਂ ਨਰਕਾਂ ਅਤੇ ਸੁਰਗਾਂ ਵਿੱਚ ਭਰਮਦਾ ਫਿਰਦਾ ਹੈ ਅਤੇ ਸਦਾ ਹੀ ਉਸਨੂੰ ਜਮਰਾਜ ਮਾਰਦਾ ਹੈ । ਕਦੀ ਖੁਸ਼ੀ ਕਦੀ ਗ਼ਮੀ ਸੰਸਾਰ ਦਾ ਸੰਸਾ ਜਾਂਦਾ ਨਹੀਂ ਹੈ। ਹੰਗਤਾ ਮਮਤਾ ਕਰਦੇ ਦੀ ਉਮਰ ਗੁਜ਼ਰਦੀ ਹੈ। ਜਿਸ ਵਾਹਿਗੁਰੂ ਨੇ ਪੈਦਾ ਕੀਤੇ ਹਨ ਉਸਨੂੰ ਤਾਂ ਜਾਣਦੇ ਨਹੀਂ ਹੈਨ ਅਤੇ ਹੋਰ ਹੋਰ ਕਈ ਕਈ ਤਰਾਂ ਦੇ ਉਪਾਵਾਂ ਨੂੰ ਸੋਚਦੇ ਵਿਚਾਰਦੇ ਰਹਿੰਦੇ ਹਨ। ਸ਼ਬਦ ਆਦਿਕ ਵਿਸ਼ਿਆਂ ਦੇ ਰਸ = ਅਨੰਦ ਵਿੱਚ ਪ੍ਰੀਤੀ ਹੋਣ ਨਾਲ ਆਧੀ, ਬਿਆਧੀ, ਉਪਾਧੀ ਇਹ ਤਿੰਨੇ ਤਾਪ ਨਹੀਂ ਟੁੱਟਦੇ ਹਨ। ਜੇਹੜਾ ਪਰੇ ਰਹਿਣ ਵਾਲਾ ਤੇ ਹਰ ਥਾਂ ਮਿਲਿਆ ਹੋਯਾ ਪੂਰਾ ਸ਼ਾਹੂਕਾਰ ਪ੍ਰਮੇਸ਼ਰ ਹੈ ਉਸਦੇ ਪ੍ਰਤਾਪ ਨੂੰ ਨਹੀਂ ਜਾਣਦੇ ਹਨ। ਆਦਮੀ ਬਹੁਤ ਹੀ ਭਰਮ ਅਤੇ ਮੋਹ ਵਿੱਚ ਡੁਬਦਾ ਹੈ ਅਤੇ ਡਰਾਉਣੇ ਨਰਕ ਵਿੱਚ ਵੱਸਦਾ ਹੈ। ਗੁਰੂ ਜੀ-ਸਾਨੂੰ ਤਾਂ ਤੇਰੀ ਹੀ ਆਸਾ ਹੈ, ਕ੍ਰਿਪਾ ਕਰਕੇ ਰਖ ਲੈ ਹੇ ਮਾਲਕਾ

Digitized by Panjab Digital Library | www.panjabdigilib.org

**ਸਲੋਕੁ ॥ ਚਤੁਰ ਸਿਆਣਾ ਸੁਘੜੁ ਸੋਇ ਜਿਨਿ ਤਜਿਆ ਅਭਿਮਾਨੁ ॥ ਚਾਰਿ ਪਦਾਰਥ ਅਸਟ ਸਿਧਿ ਭਜੁ ਨਾਨਕ ਹਰਿਨਾਮੁ॥ ੪ ॥**

ਓਹੋ ਹੀ ਚੰਗਿਆਂ ਸਿਆਣਿਆਂ ਤੋਂ ਸਿਆਣਾ ਤੇ ਚੰਗੀ ਅਕਲ ਵਾਲਾ ਭਾਵ ਚੰਗਿਆਂ ਕੰਮਾਂ ਦੇ ਕਰਨ ਵਾਲਾ ਹੈ ਜਿਸ ਨੇ ਹੰਕਾਰ ਨੂੰ ਛੱਡਿਆ ਹੈ।

ਗੁਰੂ ਜੀ–ਜੇਹੜਾ ਪ੍ਰਮੇਸ਼ਰ ਦੇ ਨਾਮ ਨੂੰ ਯਾਦ ਕਰਦਾ ਹੈ, ਉਸ ਨੂੰ ਚਾਰੇ ਪਦਾਰਥ ਅਤੇ ਅਠਾਰਾਂ ਸਿੱਧੀਆਂ ਮਿਲ ਜਾਣਗੀਆਂ।

**ਪਉੜੀ ॥ ਚਤੁਰਥਿ ਚਾਰੇ ਬੇਦ ਸੁਣਿ ਸੋਧਿਓ ਤਤੁ ਬੀਚਾਰੁ ॥ ਸਰਬ ਖੇਮ ਕਲਿਆਣ ਨਿਧਿ ਰਾਮ ਨਾਮੁ ਜਪਿ ਸਾਰੁ ॥ ਨਰਕ ਨਿਵਾਰੈ ਦੁਖ ਹਰੈ ਤੂਟਹਿ ਅਨਿਕ ਕਲੇਸ ॥ ਮੀਚ ਹੁਟੈ ਜਮ ਤੇ ਛੁਟੈ ਹਰਿ ਕੀਰਤਨ ਪਰਵੇਸ ॥ ਭਉ ਬਿਨਸੈ ਅੰਮ੍ਰਿਤੁ ਰਸੈ ਰੰਗਿ ਰਤੇ ਨਿਰੰਕਾਰ ॥ ਦੁਖ ਦਾਰਿਦ ਅਪਵਿਤ੍ਰਤਾ ਨਾਸਹਿ ਨਾਮ ਅਧਾਰ॥ ਸੁਰਿ ਨਰ ਮੁਨਿ ਜਨ ਖੋਜਤੇ ਸੁਖ ਸਾਗਰ ਗੋਪਾਲ ॥ ਮਨੁ ਨਿਰਮਲੁ ਮੁਖ ਊਜਲਾ ਹੋਇ ਨਾਨਕ ਸਾਧ ਰਵਾਲ ॥ ੪ ॥**

ਚੌਥੀ ਤਿੱਥ ਦੁਆਰਾ ਆਖਦੇ ਹਨ ਚਹੁੰਆਂ ਹੀ ਵੇਦਾਂ ਨੂੰ ਸੁਣਕੇ ਠੀਕ ਸੋਚ ਵਿਚਾਰਕੇ ਇਹ ਮਤਬਲ ਸੋਧਿਆ ਭਾਵ ਵਿਚਾਰਿਆ ਹੈ। ਰਾਮ ਨਾਮ ਦਾ ਜੇਹੜਾ ਚੰਗਾ ਜਾਪ ਹੈ ਏਹੋ ਹੀ ਸਾਰੇ ਸੁਖ ਕਲਯਾਨ ਆਦਿਕਾਂ ਦੀ ਨਿਧੀ ਹੈ। ਹਰੀ ਦੇ ਕੀਰਤਨ ਵਿੱਚ ਪ੍ਰਵੇਸ਼ ਹੋਣ ਨਾਲ ਇਹ ਲਾਭ ਹੁੰਦਾ ਹੈ ਨਰਕਾਂ ਤੋਂ ਬਚਦਾ ਹੈ ਦੁੱਖਾਂ ਨੂੰ ਦੂਰ ਕਰਦਾ ਹੈ ਹਰ ਤਰਾਂ ਦੇ ਕਲੇਸ਼ ਟੁੱਟ ਜਾਂਦੇ ਹਨ ਮੌਤ ਤੋਂ ਰਹਿਤ ਹੁੰਦਾ ਹੈ ਜਮ ਦੀ ਤਾੜਨਾ ਤੋਂ ਬਚ ਜਾਂਦਾ ਹੈ।

ਨਿਰੰਕਾਰ ਦੇ ਪ੍ਰੇਮ ਵਿਚ ਰੱਤਿਆਂ ਹੋਇਆਂ ਅਤੇਨਾਮ ਅਮ੍ਰਿਤ ਵਿਚਰਸ ਲੈਂਦਿਆਂ ਹੋਇਆਂ ਭਾਵ ਪੀਂਦਿਆਂ ਹੋਇਆਂ ਸਾਰੇ ਡਰ ਦੂਰ ਹੋ ਜਾਂਦੇ ਹਨ।

ਨਾਮ ਦਾ ਆਸਰਾ ਲੈਣ ਨਾਲ ਦੁਖ, ਦਰਿੱਦ੍ਰ, ਅਪਵਿੱਤ੍ਰਤਾ ਇਹ ਸਾਰੇ ਔਗੁਣ ਨਾਸ ਹੋ ਜਾਂਦੇ ਹਨ। ਦੇਵਤੇ, ਆਦਮੀ, ਮੁਨੀ, ਭਗਤ, ਸੁਖਾਂ ਦੇ ਸਮੁੰਦਰ ਵਾਹਿਗੁਰੂ ਨੂੰ ਲੱਭਦੇ ਫਿਰਦੇ ਹਨ। ਗੁਰੂ ਜੀ–ਸੰਤਾਂ ਦੀ ਚਰਨ ਧੂੜ ਹੋਣ ਨਾਲ ਮਨ ਨਿਰਮਲ ਤੇ ਮੂੰਹ ਪ੍ਰਕਾਸ਼ ਵਾਲਾ ਹੁੰਦਾ ਹੈ।

Digitized by Panjab Digital Library | www.panjabdigilib.org

**ਸਲੋਕੁ ॥ ਪੰਚ ਬਿਕਾਰ ਮਨ ਮਹਿ ਬਸੇ ਰਾਚੇ ਮਾਇਆ ਸੰਗਿ ॥ ਸਾਧ ਸੰਗਿ ਹੋਇ ਨਿਰਮਲਾ ਨਾਨਕ ਪ੍ਰਭ ਕੈ ਰੰਗਿ ॥ ੫ ॥**

ਜੀਵਾਂ ਦੇ ਮਨ ਅੰਦਰ ਪੰਜ ਵਿਕਾਰ ਵੱਸਦੇ ਹਨ ਅਤੇ ਮਾਇਆ ਦੇ ਨਾਲ ਬੜਾ ਮਿਲੇ ਹੋਏ ਹਨ। ਗੁਰੂ ਜੀ-ਸੰਤਾਂ ਦੇ ਸੰਗ ਕਰਕੇ ਮਾਲਕ ਨਾਲ ਪ੍ਰੇਮ ਕਰਨ ਨਾਲ ਮਨ ਵਿਕਾਰਾਂ ਦੀ ਮੈਲ ਤੋਂ ਰਹਿਤ ਹੁੰਦਾ ਹੈ।

**ਪਉੜੀ ॥ ਪੰਚਮਿ ਪੰਚ ਪ੍ਰਧਾਨ ਤੇ ਜਿਹ ਜਾਨਿਓ ਪਰਪੰਚੁ ॥ ਕੁਸਮ ਬਾਸ ਬਹੁ ਰੰਗੁ ਘਣੋ ਸਭ ਮਿਥਿਆ ਬਲਬੰਚੁ ॥ ਨਹ ਜਾਪੈ ਨਹ ਬੂਝੀਐ ਨਹ ਕਛੁ ਕਰਤ ਬੀਚਾਰੁ ॥ ਸੁਆਦ ਮੋਹ ਰਸ ਬੇਧਿਓ ਅਗਿਆਨਿ ਰਚਿਓ ਸੰਸਾਰੁ ॥ ਜਨਮ ਮਰਣ ਬਹੁ ਜੋਨਿ ਭ੍ਰਮਣ ਕੀਨੇ ਕਰਮ ਅਨੇਕ ॥ ਰਚਨਹਾਰੁ ਨਹ ਸਿਮਰਿਓ ਮਨਿ ਨ ਬੀਚਾਰਿ ਬਿਬੇਕ ॥ ਭਾਉ ਭਗਤਿ ਭਗਵਾਨ ਸੰਗਿ ਮਾਇਆ ਲਿਪਤ ਨ ਰੰਚ ॥ ਨਾਨਕ ਬਿਰਲੇ ਪਾਈਅਹਿ ਜੋ ਨ ਰਚਹਿ ਪਰਪੰਚ ॥ ੫ ॥**

ਪੰਜਵੀਂ ਤਿੱਥ ਦੁਆਰਾ ਆਖਦੇ ਹਨ ਕਿ ਓਹ ਪੰਚ ਨੰਬਰਦਾਰ ਭਾਵ ਬੜੇ ਚੰਗੇ ਸ੍ਰੇਸ਼੍ਰ ਆਦਮੀ ਸੰਤ ਸਾਰਿਆਂ ਨਾਲੋਂ ਵੱਡੇ ਹਨ ਜਿਨ੍ਹਾਂ ਨੇ ਜਗਤ ਨੂੰ ਮਿਥਿਆ ਜਾਣਿਆਂ ਹੈ ਭਾਵ ਜਗਤ ਨਾਸਵੰਤ ਹੈ। ਜਿਸਤਰਾਂ ਫੁੱਲਾਂ ਦੀ ਸੁਗੰਧੀ ਅਤੇ ਬਹੁਤ ਤੋਂ ਬਹੁਤ ਹੀ ਰੰਗ ਦੇਖੀਦੇ ਹਨ। ਓਹ ਥੋੜੇ ਹੀ ਦਿਨ ਰਹਿੰਦੇ ਹਨ ਇੱਕਰ ਹੀ ਇਸ ਜਗਤ ਵਿਚ ਠੱਗੀ ਦਾ ਜ਼ੋਰ ਹੈ ਜਾਂ ਠੱਗੀਆਂ ਬਹੁਤ ਹਨ ਤੇ ਇਹ ਜਗਤ ਝੂਠਾ ਹੈ। ਆਦਮੀ ਇਸ ਜਗਤ ਦਾ ਲੁਟਿਆ ਹੋਇਆ ਵਾਹਿਗੁਰੂ ਦਾ ਨਾਮ ਬਾਣੀ ਦੁਆਰਾ ਨਹੀਂ ਜਪਦਾ ਹੈ ਅਤੇ ਉਸਦਾ ਰਸਤਾ ਗੁਰਮੁਖਾਂ ਤੋਂ ਨਹੀਂ ਪੁੱਛਦਾ ਹੈ ਅਤੇ ਨਾ ਹੀ ਕੁਛ ਝੂਠ ਸਚ ਦਾ ਵਿਚਾਰ ਹੀ ਕਰਦਾ ਹੈ। ਵਿਸ਼ਿਆਂ ਦੇ ਸੁਆਦਾਂ ਦਾ ਮੋਹਿਆ ਹੋਇਆ ਸਬਦ ਸਪਰਸ ਆਦਕਾਂਵਿੱਚ ਬੇਧਿਓ = ਮਿਲਿਆਹੋਇਆ ਹੈ, ਪਰ ਅਗਜਾਨ ਕਰਕੇ ਜੀਵ ਸੰਸਾਰ ਵਿਚ ਫਸਿਆ ਹੋਇਆ ਹੈ। ਫਿਰ ਇਹ ਸਜ਼ਾ ਮਿਲਦੀ ਹੈ ਕਿ ਬਹੁਤ ਤਰਾਂ ਦੇ ਕਰਮ ਕਰਨ ਨਾਲ ਬਹੁਤ ਹੀ ਜੂਨੀਆਂ ਵਿਚ ਭਰਮਣਾ ਹੁੰਦਾ ਹੈ ਤੇ ਸਦਾ ਜੰਮਦਾ ਮਰਦਾ ਹੈ। ਕਰਮਾਂ ਵਿਚ ਲੱਗ ਕੇ ਰਚਨ ਵਾਲੇ ਵਾਹਿਗੁਰੂ ਨੂੰ ਨਹੀਂ ਯਾਦ ਕੀਤਾ ਹੈ ਅਤੇ ਨਾਂ ਹੀ

Digitized by Panjab Digital Library | www.panjabdigilib.org

ਮਨ ਵਿਚ ਜੀਵ ਈਸ਼੍ਵਰ ਦੋਹਾਂ ਦੀ ਏਕਤਾ ਦਾ ਕੁਛ ਵਿਚਾਰ ਵਿਚਾਰਿਆ ਹੈ। ਭਾਵ ਆਦਮੀ ਕਿਸਤਰਾਂ ਪ੍ਰਮੇਸ਼ਰ ਨੂੰ ਮਿਲ ਸੱਕਦਾ ਹੈ ? ਜੇਹੜੇ ਪ੍ਰੇਮ ਭਗਤੀ ਕਰਕੇ ਪ੍ਰਮੇਸ਼ਰ ਦੇ ਨਾਲ ਮਿਲੇ ਹਨ ਓਹਨਾਂ ਨੂੰ ਮਾਇਆ ਦਾ ਲੇਪ ਥੋੜਾ ਜੇਹਾ ਵੀ ਨਹੀਂ ਲੱਗਦਾ ਹੈ। ਗੁਰੂ ਜੀ—ਜੇਹੜੇ ਛਲ ਰੂਪ ਸੰਸਾਰਵਿਚ ਨਹੀਂ ਰਚਦੇ ਹਨ। ਓਹ ਇੱਕੁਰ ਦੇ ਭਗਤ ਕਿਤੇ ਵਿਰਲੇ ਹੀ ਪਾਈਦੇ ਹਨ।

**ਸਲੋਕੁ ॥ ਖਟ ਸਾਸਤ੍ਰ ਊਚੌ ਕਹਹਿ ਅੰਤੁ ਨ ਪਾਰਾ ਵਾਰ ॥ ਭਗਤ ਸੋਹਹਿ ਗੁਣ ਗਾਵਤੇ ਨਾਨਕ ਪ੍ਰਭ ਕੈ ਦੁਆਰ ॥ ੬ ॥**

ਛਿਆਂ ਸ਼ਾਸਤ੍ਰਾਂ ਨੂੰ ਉਚੀ ੨ ਪੁਕਾਰ ੨ ਆਖਦੇ ਹਨ ਕਿ ਵਾਹਿਗੁਰੂ ਦੇ ਪਾਰਾਵਾਰ ਦਾ ਕੋਈ ਅੰਤ ਨਹੀਂ ਹੈ। ਗੁਰੂ ਜੀ—ਇੱਕੁਰ ਦੇ ਮਾਲਕ ਦੇ ਦਰਵਾਜੇ ਉਤੇ ਭਗਤ ਆਦਮੀ ਗੁਣ ਗਾਕੇ ਸੁਹਣੇ ਲੱਗਦੇ ਹਨ।

**ਪਉੜੀ ॥ ਖਸਟਮਿ ਖਟ ਸਾਸਤ੍ਰ ਕਹਹਿ ਸਿੰਮ੍ਰਿਤਿ ਕਥਹਿ ਅਨੇਕ ॥ ਊਤਮ ਊਚੌ ਪਾਰਬ੍ਰਹਮੁ ਗੁਣ ਅੰਤੁ ਨ ਜਾਣਹਿ ਸੇਖ ॥ ਨਾਰਦ ਮੁਨਿ ਜਨ ਸੁਕ ਬਿਆਸ ਜਸੁ ਗਾਵਤ ਗੋਬਿੰਦ ॥ ਰਸ ਗੀਧੇ ਹਰਿ ਸਿਉ ਬੀਧੇ ਭਗਤ ਰਚੇ ਭਗਵੰਤ ॥ ਮੋਹ ਮਾਨ ਭ੍ਰਮ ਬਿਨਸਿਓ ਪਾਈ ਸਰਨਿ ਦਇਆਲ ॥ ਚਰਨ ਕਮਲ ਮਨਿ ਤਨਿ ਬਸੇ ਦਰਸਨੁ ਦੇਖਿ ਨਿਹਾਲ ॥ ਲਾਭੁ ਮਿਲੈ ਤੋਟਾ ਹਿਰੈ ਸਾਧ ਸੰਗਿ ਲਿਵ ਲਾਇ ॥ ਖਾਟਿ ਖਜਾਨਾ ਗੁਣ ਨਿਧਿ ਹਰੇ ਨਾਨਕ ਨਾਮੁ ਧਿਆਇ ॥ ੬ ।**

ਛੀਵੀਂ ਤਿੱਥ ਦੁਆਰਾ ਆਖਦੇ ਹਨ ਛੇ ਸ਼ਾਸਤ੍ਰ ਆਖਦੇ ਹਨ ਅਤੇ ਅਨੇਕਾਂ ਸਿਮ੍ਰਿਤੀਆਂ ਵੀ ਕਥਨਕਰਦੀਆਂ ਹਨਕਿ ਪ੍ਰਮੇਸ਼ਰ ਇੱਕੁਰਦਾ ਉੱਚਾ ਹੈ ਅਤੇ ਬੜਾ ਉਤਮ ਹੈ ਜਿਸਦੇ ਗੁਣਾਂ ਦਾ ਅੰਤ ਸ਼ੇਸ਼ਨਾਗ ਵੀ ਨਹੀਂਜਾਣ ਸੱਕਦਾ ਹੈ।

ਨਾਰਦ ਮੁਨੀ, ਆਦਮੀ, ਸੁਕਦੇਵ, ਬਿਆਸ, ਇਹ ਸਾਰੇ ਗੋਬਿੰਦ ਦਾ ਜਸ ਗਾਉਂਦੇ ਹਨ, ਭਗਤੀ ਦੇ ਰਸ = ਅਨੰਦ ਵਿੱਚ ਗੀਧੇ = ਮਿਲੇ ਹੋਏ ਹਨ ਅਤੇ ਪਰਮੇਸ਼ਰ ਦੇ ਨਾਲ ਵੀ ਬੀਧੇ = ਮਿਲੇ ਹੋਏ ਹਨ, ਇੱਕੁਰ ਜਿੱਕੁਰ ਪਿੱਛੇ ਦੱਸਿਆ ਹੈ, ਭਗਵੰਤ ਦੇ ਪ੍ਰੇਮ ਵਿੱਚ ਰੰਗੇ ਹੋਏ ਹਨ।

Digitized by Panjab Digital Library | www.panjabdigilib.org

ਭਗਤਾਂ ਦੇ ਮੋਹ,ਮਾਨ,ਭਰਮ ਦਾ ਨਾਸ਼ ਹੋ ਗਿਆ ਹੈ ਅਤੇ ਦਿਆਲੂ ਦੀ ਸਰਨ ਪਾਈ ਹੈ, ਮਨ ਤਨ ਦੇ ਅੰਦਰ ਭਗਵੰਤ ਦੇ ਚਰਨ ਕਮਲ ਆ ਵੱਸੇ ਹਨ, ਵਾਹਿਗੁਰੂ ਦਾ ਦਰਸ਼ਨ ਵੇਖਕੇ ਅਨੰਦ ਹੋਏ ਹਨ, ਜਾਂ ਇੱਕੁਰ ਦੇ ਸੰਤਾਂ ਦਾ ਦਰਸ਼ਨ ਕਰਕੇ ਨਿਹਾਲ ਹੋਈਦਾ ਹੈ। ਇੱਕੁਰ ਦੇ ਸੰਤਾਂ ਦੇ ਨਾਲ ਪ੍ਰੀਤੀ ਲਾਉਣ ਨਾਲ ਤੈਨੂੰ ਮਨੁੱਖਾ ਜਨਮ ਦਾ ਲਾਭ ਹਰਿ ਨਾਮ ਮਿਲੇਗਾ ਤੇ ਸਾਸਾਂ ਦਾ ਬਿਅਰਥ ਜਾਣਾ ਇਹ ਘਾਟਾ ਦੂਰ ਹੋ ਜਾਵੇਗਾ, ਭਾਵ ਸਾਸ ਸਫਲ ਹੋਣਗੇ। ਗੁਰੂ ਜੀ–ਪਰਮੇਸ਼ਰ ਦੇ ਨਾਮ ਨੂੰ ਯਾਦ ਕਰਕੇ ਗੁਣਾਂ ਦੀ ਨਿਧੀ ਪਰਮੇਸ਼ਰ ਦੀ ਪ੍ਰਾਪਤਿ ਰੂਪ ਖਜ਼ਾਨਾ ਖੱਟ ਲੈ।

**ਸਲੋਕੁ ॥ ਸੰਤ ਮੰਡਲ ਹਰਿ ਜਸੁ ਕਥਹਿ ਬੋਲਹਿ ਸਤਿ ਸੁਭਾਇ ॥ ਨਾਨਕ ਮਨੁ ਸੰਤੋਖੀਐ ਏਕਸੁ ਸਿਉ ਲਿਵਲਾਇ ॥ ੭ ॥**

ਓਹ ਬਹੁਤ ਸਾਰੇ ਸੰਤ ਰਲ ਕੇ ਪਰਮੇਸ਼ਰ ਦਾ ਜਸ ਆਖਦੇ ਹਨ ਅਤੇ ਸਹਿਜੇ ਹੀ ਸੱਚੇ ਬਚਨ ਬੋਲਦੇ ਹਨ। ਗੁਰੂ ਜੀ–ਇੱਕ ਪਰਮੇਸ਼ਰ ਦੇ ਨਾਲ ਪ੍ਰੀਤੀ ਲਗਾਕੇ ਓਹਨਾਂ ਦਾ ਮਨ ਸੰਤੋਖ ਵਾਲਾ ਹੋਇਆ ਹੈ।

**ਪਉੜੀ ॥ ਸਪਤਮਿ ਸੰਚਹੁ ਨਾਮ ਧਨੁ ਟੂਟਿ ਨ ਜਾਹਿ ਭੰਡਾਰ ॥ ਸੰਤ ਸੰਗਤਿ ਮਹਿ ਪਾਈਐ ਅੰਤੁ ਨ ਪਾਰਾਵਾਰ ॥ ਆਪੁ ਤਜਹੁ ਗੋਬਿੰਦ ਭਜਹੁ ਸਰਨਿ ਪਰਹੁ ਹਰਿ ਰਾਇ ॥ ਦੂਖ ਹਰੈ ਭਵਜਲੁ ਤਰੈ ਮਨ ਚਿੰਦਿਆ ਫਲੁ ਪਾਇ ॥ ਆਠ ਪਹਰ ਮਨਿ ਹਰਿ ਜਪੈ ਸਫਲੁ ਜਨਮੁ ਪਰਵਾਣੁ ॥ ਅੰਤਰਿ ਬਾਹਰਿ ਸਦਾ ਸੰਗਿ ਕਰਨੈ ਹਾਰੁ ਪਛਾਣੁ ॥ ਸੋ ਸਾਜਨੁ ਸੋ ਸਖਾ ਮੀਤੁ ਜੋ ਹਰਿ ਕੀ ਮਤਿ ਦੇਇ ॥ ਨਾਨਕ ਤਿਸੁ ਬਲਿਹਾਰਣੈ ਹਰਿ ਹਰਿ ਨਾਮੁ ਜਪੇਇ ॥ ੭ ॥**

"ਸੱਤਵੀਂ ਤਿਥ" ਨਾਮ ਧਨ ਕੱਠਾ ਕਰੋ, ਕਿਉਂਕਿ ਨਾਮ ਧਨ ਦਾ ਖਜ਼ਾਨਾ ਮੁੱਕ ਨਹੀਂ ਜਾਂਦਾ ਹੈ। ਪਰ ਜਿਸ ਨਾਮ ਧਨ ਖ਼ਜ਼ਾਨੇ ਦਾ ਕੋਈ ਪਾਰਾਵਾਰ ਦਾ ਅੰਤ ਨਹੀਂ ਹੈ, ਓਹ ਖ਼ਜ਼ਾਨਾ ਸੰਤਾਂ ਦੀ ਸੰਗਤ ਕਰਕੇ ਪਾਈਦਾ ਹੈ। ਹੰਕਾਰ ਨੂੰ ਛੱਡੋ ਗੋਬਿੰਦ ਦਾ ਭਜਨ ਕਰੋ ਅਤੇ ਪ੍ਰਮੇਸ਼ਰ ਪ੍ਰਕਾਸ਼ਕ ਦੀ ਸ਼ਰਨੀ ਪਵੋ। ਇਸ ਕਰਕੇ ਤੁਹਾਡੇ ਦੁਖ ਦੂਰ ਹੋਣਗੇ ਅਤੇ ਸੰਸਾਰ ਸਮੁੰਦਰ ਤੋਂ ਤਰ ਜਾਓਗੇ ਅਤੇ ਮਨ ਇੱਛਤ ਫਲ ਪਾ ਲਵੋਗੇ।

Digitized by Panjab Digital Library | www.panjabdigilib.org

ਜੇਹੜਾ ਮਨ ਵਿੱਚ ਅੱਠੇ ਪਹਿਰ ਪ੍ਰਮੇਸ਼ਰ ਦਾ ਨਾਮ ਜਪਦਾ ਹੈ, ਉਸ ਦਾ ਜਨਮ ਸਫਲ ਅਤੇ ਕਹਿਣਾ ਕਰਨਾ ਪਰਵਾਨ ਹੋਇਆ ਹੈ। ਅੰਦਰ ਬਾਹਰ ਭਾਵ ਸਾਰਿਆਂ ਥਾਵਾਂ ਵਿੱਚ ਸਦਾ ਹਰ ਵੇਲੇ ਬਣਾਉਣ ਵਾਲੇ ਵਾਹਿਗੁਰੂ ਨੂੰ ਨਾਲ ਹੀ ਜਾਣ। ਓਹੋ ਹੀ ਮਨ ਦਾ ਮਿਤ੍ਰ ਤੇ ਓਹੋ ਹੀ ਬਾਣੀ ਤੇ ਸਰੀਰ ਦਾ ਪਿਆਰਾ ਹੈ, ਜੇਹੜਾ ਪਰਮੇਸ਼ਰ ਦੇ ਨਾਮ ਦੀ ਸਿਖਿਆ ਦੇਂਦਾ ਹੈ। ਗੁਰੂ ਜੀ-ਜੇਹੜਾ ਮਨ ਬਾਣੀ ਕਰਕੇ ਹਰੀ ਦੇ ਨਾਮ ਨੂੰ ਜਪਦਾ ਹੈ, ਉਸ ਤੋਂ ਬਲਿਹਾਰ ਜਾਈਏ।

**ਸਲੋਕੁ ॥ ਆਠ ਪਹਰ ਗੁਨ ਗਾਈਅਹਿ ਤਜੀਅਹਿ ਅਵਰਿ ਜੰਜਾਲ ॥ ਜਮ ਕੰਕਰੁ ਜੋਹਿ ਨ ਸਕਈ ਨਾਨਕ ਪ੍ਰਭੂ ਦਇਆਲ ॥ ੮ ॥**

ਅੱਠੇ ਪਹਿਰ ਪਰਮੇਸ਼ਰ ਦੇ ਗੁਣ ਗਾਈਏ ਅਤੇ ਹੋਰਨਾਂ ਧੰਧਿਆਂ ਫਾਹੀਆਂ ਨੂੰ ਛੱਡ ਦੇਈਏ। ਗੁਰੂ ਜੀ–ਜੇਕਰ ਮਾਲਕ ਦਿਆਲੂ ਹੋ ਜਾਵੇ ਤਾਂ ਜਮ ਕੰਕਰ ਵੇਖ ਨਹੀਂ ਸੱਕਦਾ ਹੈ।

**ਪਉੜੀ ॥ ਅਸਟਮੀ ਅਸਟ ਸਿਧਿ ਨਵ ਨਿਧਿ ॥ ਸਗਲ ਪਦਾਰਥ ਪੂਰਨ ਬੁਧਿ ॥ ਕਵਲ ਪ੍ਰਗਾਸ ਸਦਾ ਆਨੰਦ ॥ ਨਿਰਮਲ ਰੀਤਿ ਨਿਰੋਧਰ ਮੰਤ ॥ ਸਗਲ ਧਰਮ ਪਵਿਤ੍ਰ ਇਸਨਾਨੁ ॥ ਸਭ ਮਹਿ ਊਚ ਬਿਸੇਖ ਗਿਆਨੁ ॥ ਹਰਿ ਹਰਿ ਭਜਨੁ ਪੂਰੇ ਗੁਰ ਸੰਗਿ ॥ ਜਪਿ ਤਰੀਐ ਨਾਨਕ ਨਾਮ ਹਰਿ ਰੰਗਿ ॥ ੮ ॥**

ਅੱਠਵੀਂ ਤਿੱਥ ਓਹਨਾਂ ਨੂੰ ਅੱਠ ਸਿੱਧੀਆਂ ਨੌ ਨਿੱਧੀਆਂ ਮਿਲਦੀਆਂ ਹਨ ਅਤੇ ਧਰਮ ਅਰਥ ਕਾਮ ਮੋਖ ਸਾਰੇ ਹੀ ਪਦਾਰਥ ਮਿਲਦੇ ਹਨ ਅਤੇ ਸਾਰੀਆਂ ਅਕਲਾਂ ਸਿਆਣਪਾਂ ਪ੍ਰਗਟ ਹੋ ਜਾਂਦੀਆਂ ਹਨ। ਦਿਲ ਕੌਲ ਫੁਲ ਵਿਚ ਚਾਨਣ ਹੋ ਜਾਂਦਾ ਹੈ ਭਾਵ ਖ਼ੁਸ਼ ਰਹਿੰਦਾ ਹੈ ਅਤੇ ਰੀਤੀ ਨਿਰਮਲ ਹੋ ਜਾਂਦੀ ਹੈ ਅਤੇ ਨਿਰੋਧਰ = ਇਸਤਤਿ ਰਹਿਣ ਵਾਲਾ ਮੰਤ੍ਰ ਹੋ ਜਾਂਦਾ ਹੈ ਭਾਵ ਉਪਦੇਸ਼ ਮੁਕਤੀ ਦੇਂਦਾ ਹੈ। ਸਾਰੇ ਧਰਮ ਅਤੇ ਪਵਿਤ੍ਰਤਾ ਤੇ ਸਾਰਿਆਂ ਤੀਰਥਾਂ ਦਾ ਇਸ਼ਨਾਨ ਕਰ ਲਿਆ ਹੈ। ਸਾਰਿਆਂ ਦੇ ਵਿਚ ਉੱਚਤਾਈ ਅਤੇ ਵਿਸ਼ੇਸ਼ ਗਿਆਨ ਭਾਵ ਆਤਮ ਬੋਧ ਆ ਜਾਂਦਾ ਹੈ।

Digitized by Panjab Digital Library | www.panjabdigilib.org

ਜਿਨ੍ਹਾਂ ਨੇ ਪੂਰਿਆਂ ਗੁਰਾਂ ਦੇ ਨਾਲ ਮਿਲਕੇ ਹਰਿ ਹਰਿ ਦਾ ਭਜਨ ਕੀਤਾ ਹੈ। ਗੁਰੂ ਜੀ-ਓਹਨਾਂ ਦੇ ਨਾਲ ਪ੍ਰੇਮ ਕਰਨ ਨਾਲ ਤੇ ਹਰਿ ਹਰਿ ਨਾਮ ਜਪਣ ਨਾਲ ਹੀ ਸੰਸਾਰ ਸਮੁੰਦਰ ਤੋਂ ਤਰੀਦਾ ਹੈ।

**ਸਲੋਕੁ ॥ ਨਾਰਾਇਣੁ ਨਹਿ ਸਿਮਰਿਓ ਮੋਹਿਓ ਸੁਆਦ ਬਿਕਾਰ ॥ ਨਾਨਕ ਨਾਮਿ ਬਿਸਾਰਿਐ ਨਰਕ ਸੁਰਗ ਅਵਤਾਰ ॥ ੯ ॥**

ਜਿਸਨੇ ਪ੍ਰਮੇਸ਼ਰ ਨੂੰ ਨਹੀਂ ਯਾਦ ਕੀਤਾ ਹੈ, ਵਿਕਾਰਾਂ ਦੇ ਸ੍ਵਾਦਾਂ ਵਿਚ ਮੋਹਿਆ ਗਿਆ ਹੈ। ਗੁਰੂ ਜੀ-ਓਹ ਨਾਮੀ ਪ੍ਰਮੇਸ਼ਰ ਨੂੰ ਵਿਸਾਰਕੇ ਨਰਕ ਸੁਰਗ ਵਿਚ ਆਉਂਦਾ ਜਾਂਦਾ ਰਹਿੰਦਾ ਹੈ।

**ਪਉੜੀ ॥ ਨਉਮੀ ਨਵੇ ਛਿਦ੍ਰ ਅਪਵੀਤ ॥ ਹਰਿ ਨਾਮੁ ਨ ਜਪਹਿ ਕਰਤ ਬਿਪਰੀਤਿ ॥ ਪਰ ਤ੍ਰਿਅ ਰਮਹਿ ਬਕਹਿ ਸਾਧ ਨਿੰਦ ॥ ਕਰਨ ਨ ਸੁਨਹੀ ਹਰਿ ਜਸੁ ਬਿੰਦ ॥ ਹਿਰਹਿ ਪਰਦਰਬੁ ਉਦਰ ਕੈ ਤਾਈ ॥ ਅਗਨਿ ਨ ਨਿਵਰੈ ਤ੍ਰਿਸਨਾ ਨ ਬੁਝਾਈ ॥ ਹਰਿ ਸੇਵਾ ਬਿਨੁ ਏਹ ਫਲ ਲਾਗੇ ॥ ਨਾਨਕ ਪ੍ਰਭ ਬਿਸਰਤ ਮਰਿ ਜਮਹਿ ਅਭਾਗੇ ॥ ੯ ॥**

ਬਿੰਦ = ਥੋੜਾ ਚਿਰ।

"ਨੌਂਵੀ ਤਿੱਥ" ੨ ਨਾਸਾਂ ੨ ਕੰਨ ੨ ਅੱਖਾਂ ੧ ਮੂੰਹ ੧ ਇੰਦ੍ਰੀ ੧ ਗੁਦਾ ਇਹ ਨੌ ਦਰਵਾਜ਼ੇ ਸਰੀਰ ਦੇ ਬੜੇ ਮੈਲੇ ਹਨ। ਆਦਮੀ ਪ੍ਰਮੇਸ਼ਰ ਦਾ ਨਾਮ ਜਪਦੇ ਨਹੀਂ ਹਨ, ਭਾਵ ਸਾਰੀਆਂ ਇੰਦ੍ਰੀਆਂ ਦੁਆਰਾ ਭਗਤੀ ਨਹੀਂ ਕਰਦੇ ਹਨ,ਭਗਤੀ ਤੋਂ ਬਿਪਰੀਤ = ਉਲਟੇ ਸਾਕਤ ਪੁਣੇ ਵਾਲੇ ਕੰਮ ਕਰਦੇ ਹਨ। ਪਰਾਈਆਂ ਇਸਤ੍ਰੀਆਂ ਨੂੰ ਭੋਗਦੇ ਹਨ ਅਤੇ ਸੰਤਾਂ ਦੀ ਨਿੰਦਿਆ ਕਰਦੇ ਹਨ। ਪ੍ਰਮੇਸ਼ਰ ਦਾ ਜਸ ਪਲ ਭਰ ਵੀ ਕੰਨਾਂ ਨਾਲ ਨਹੀਂ ਸੁਣਦੇ ਹਨ। ਪੇਟ ਭਰਨ ਲਈ ਪਰਾਇਆ ਧਨ ਚੁਰਾਉਂਦੇ ਹਨ। ਕ੍ਰੋਧ ਅੱਗ ਦੂਰ ਨਹੀਂ ਹੁੰਦੀ ਹੈ ਅਤੇ ਤ੍ਰਿਸ਼ਨਾ ਵੀ ਬੁਝਾਈ ਨਹੀਂ ਬੁਝਦੀ ਹੈ। ਇਹ ਪਿੱਛੇ ਦੱਸੇ ਸਾਰੇ ਫਲ ਹਰੀ ਦੀ ਸੇਵਾ ਕੀਤਿਆਂ ਬਿਨਾ ਲੱਗਦੇ ਹਨ। ਗੁਰੂ ਜੀ-ਜੇਹੜੇ ਮਾਲਕ ਨੂੰ ਵਿਸਾਰਦੇ ਹਨ ਓਹ ਅਭਾਗੀ ਮਰਦੇ ਜੰਮਦੇ ਹਨ।

Digitized by Panjab Digital Library | www.panjabdigilib.org

ਸਲੋਕੁ ॥ ਦਸ ਦਿਸ ਖੋਜਤ ਮੈ ਫਿਰਿਓ ਜਤ ਦੇਖਉ ਤਤ ਸੋਇ॥ ਮਨੁ ਬਸਿਆਵੈ ਨਾਨਕਾ ਜੇ ਪੂਰਨ ਕਿਰਪਾ ਹੋਇ ॥ ੧੦ ॥

ਮੈਂ ਦਸਾਂ ਦਿਸ਼ਾਂ ਵੱਲ ਲੱਭਦਾ ਫਿਰਿਆ ਹਾਂ ਜਿੱਥੇ ਜਾਕੇ ਵੇਖਦਾ ਹਾਂ ਓਥੇ ਓਸੇ ਮਨ ਦਾ ਹਾਲ ਵੇਖਦਾ ਹਾਂ ਜੋ ਪਹਿਲੇ ਸੀ। ਗੁਰੂ ਜੀ–ਮਨ ਤਾਂ ਵਸ ਆਉਂਦਾ ਹੈ ਜੇ ਪ੍ਰਮੇਸ਼ਰ ਦੀ ਬਹੁਤ ਹੀ ਕਿਰਪਾ ਹੋਵੇ ਜਾਂ ਪੂਰਨ ਪ੍ਰਮੇਸ਼ਰ ਦੀ ਕਿਰਪਾ ਹੋਵੇ।

ਪਉੜੀ ॥ ਦਸਮੀ ਦਸ ਦੁਆਰ ਬਸਿ ਕੀਨੇ ॥ ਮਨਿ ਸੰਤੋਖੁ ਨਾਮ ਜਪ ਲੀਨੇ ॥ ਕਰਨੀ ਸੁਨੀਐ ਜਸੁ ਗੋਪਾਲ ॥ ਨੈਨੀ ਪੇਖਤ ਸਾਧ ਦਇਆਲ ॥ ਰਸਨਾ ਗੁਨ ਗਾਵੈ ਬੇਅੰਤ ॥ ਮਨ ਮਹਿ ਚਿਤਵੈ ਪੂਰਨ ਭਗਵੰਤ ॥ ਹਸਤ ਚਰਨ ਸੰਤ ਟਹਲ ਕਮਾਈਐ॥ ਨਾਨਕ ਇਹੁ ਸੰਜਮ ਪ੍ਰਭ ਕਿਰਪਾ ਪਾਈਐ ॥ ੧੦ ॥

'ਦਸਵੀਂ ਤਿੱਥ' ਜਿਨ੍ਹਾਂ ਨੇ ਦਸੇ ਦਰਵਾਜ਼ੇ ਭਾਵ ਦਸੇ ਇੰਦ੍ਰੇ ਸਰੀਰ ਦੇ ਵਸ ਕਰ ਲਏ ਹਨ ਅਤੇ ਭਗਵੰਤ ਦੇ ਨਾਮ ਜਪਲਏ ਹਨ, ਓਹਨਾਂਦੇ ਮਨ ਵਿਚ ਸੰਤੋਖ ਹੋਇਆ ਹੈ।ਕੰਨਾਂਨਾਲ ਗੁਪਾਲਦਾ ਜਸ ਸੁਣੀਏ। ਅੱਖਾਂ ਨਾਲ ਦਿਆਲੂ ਸੰਤਾਂਦਾ ਦਰਸ਼ਨ ਵੇਖੀਏ। ਜੀਭ ਨਾਲ ਬਿਅੰਤ ਦੇ ਗੁਣ ਗਾਵੀਏ। ਮਨ ਵਿੱਚ ਪੂਰਨ ਭਗਵੰਤ ਨੂੰ ਯਾਦ ਕਰਦੇ ਰਹੀਏ। ਹੱਥਾਂ ਕਰਕੇ ਸੰਤਾਂ ਦੇ ਚਰਨਾਂ ਨੂੰ ਮੁੱਠੀਆਂ ਭਰਨ ਦੀ ਸੇਵਾ ਕਮਾਈਏ ਜਾਂ ਚਰਨਾਂ ਨਾਲ ਸੰਤਾਂ ਦੇ ਰਸਤੇ ਚੱਲੀਏ। ਗੁਰੂ ਜੀ–ਇਹ ਗੱਲਾਂ ਇਹ ਸਾਰਾ ਸੰਜਮ = ਤਰੀਕਾ ਮਾਲਕ ਦੀ ਕਿਰਪਾ ਨਾਲ ਪਾਈਦਾ ਹੈ।

ਸਲੋਕੁ ॥ ਏਕੋ ਏਕੁ ਬਖਾਨੀਐ ਬਿਰਲਾ ਜਾਣੈ ਸ੍ਵਾਦੁ ॥ ਗੁਣ ਗੋਬਿੰਦ ਨ ਜਾਣੀਐ ਨਾਨਕ ਸਭ ਬਿਸਮਾਦ ॥ ੧੧ ॥

ਹਰ ਕੋਈ ਇੱਕ ਹੀ ਇੱਕ ਆਖਦਾ ਹੈ, ਪਰ ਇਕ ਆਖਣ ਦਾ ਸੁਆਦ ਕੋਈ ਵਿਰਲਾ ਹੀ ਜਾਣਦਾ ਹੈ। ਗੁਰੂ ਜੀ ਜੇਹੜੇ ਗੋਬਿੰਦ ਦੇ ਗੁਣਾਂ ਨੂੰ ਜਾਣਦੇ ਨਹੀਂ ਹਨ। ਇਸ ਲਈ ਸਭ ਕੁਝ ਅਸਚਰਜ ਹੀ ਅਸਚਰਜ ਹੈ, ਜਾਂ ਸਾਰਾ ਬਿਸਮਾਦ = ਸੋਕ ਦਾ ਕਾਰਨ ਹੈ।

Digitized by Panjab Digital Library | www.panjabdigilib.org

ਪਉੜੀ ॥ ਏਕਾਦਸੀ ਨਿਕਟਿ ਪੇਖਹੁ ਹਰਿ ਰਾਮੁ ॥ ਇੰਦ੍ਰੀ ਬਸਿ ਕਰਿ ਸੁਣਹੁ ਹਰਿ ਨਾਮੁ ॥ ਮਨਿ ਸੰਤੋਖੁ ਸਰਬ ਜੀਅ ਦਇਆ ॥ ਇਨ ਬਿਧਿ ਬਰਤੁ ਸੰਪੂਰਨ ਭਇਆ ॥ ਧਾਵਤ ਮਨ ਰਾਖੈ ਇਕ ਠਾਇ ॥ ਮਨੁ ਤਨੁ ਸੁਧੁ ਜਪਤ ਹਰਿ ਨਾਇ ॥ ਸਭ ਮਹਿ ਪੂਰਿ ਰਹੇ ਪਾਰਬ੍ਰਹਮ ॥ ਨਾਨਕ ਹਰਿ ਕੀਰਤਨੁ ਕਰਿ ਅਟਲ ਏਹੁ ਧਰਮ ॥ ੧੧ ॥

ਯਾਰਵੀਂ ਤਿੱਥ ਸਾਰੇ ਫੈਲੇ ਹੋਏ ਪਰਮੇਸ਼ਰ ਨੂੰ ਪਾਸ ਤੋਂ ਪਾਸ ਹੀ ਵੇਖੋ। ਇੰਦ੍ਰੀਆਂ ਨੂੰ ਵੱਸ ਕਰਕੇ ਪਰਮੇਸ਼ਰ ਦੇ ਨਾਮ ਨੂੰ ਸੁਣੋ। ਮਨ ਵਿੱਚ ਸੰਤੋਖ ਰੱਖੋ ਅਤੇ ਸਾਰਿਆਂ ਜੀਆਂ ਉਤੇ ਦਯਾ ਕਰੋ। ਇਸ ਤਰਾਂ ਜਿਸ ਨੇ ਵਰਤ ਰੱਖਿਆ ਹੈ, ਉਸ ਦਾ ਸਾਰਾ ਵਰਤ ਸਫਲਾ ਹੋਇਆ ਹੈ। ਦੌੜਦੇ ਹੋਏ ਮਨ ਨੂੰ ਇੱਕ ਰਿਦੇ ਰੂਪ ਚੰਗੇ ਥਾਂ ਵਿੱਚ ਟਿਕਾ ਰੱਖੇ। ਮਨ ਤਨ ਨਾਲ ਪਰਮੇਸ਼ਰਦਾ ਨਾਮ ਜਪਦਿਆਂ ਹੋਇਆਂ ਮਨ ਤਨ ਸੁਚਾ ਹੁੰਦਾ ਹੈ। ਜੇਹੜਾ ਪਰੇ ਰਹਿਣ ਵਾਲਾ ਤੇ ਸਾਰਿਆਂ ਵਿੱਚ ਮਿਲਿਆ ਹੋਇਆ ਪਰਮੇਸ਼ਰ ਸਾਰਿਆਂ ਵਿੱਚ ਪੂਰਨ ਹੋਇਆ ਹੋਇਆ ਹੈ। ਗੁਰੂ ਜੀ--ਉਸ ਪਰਮੇਸ਼ਰ ਦਾ ਕੀਰਤਨ ਕਰ ਇਹ ਧਰਮ ਅਟੱਲ ਹੈ।

ਸਲੋਕੁ ॥ ਦੁਰਮਤਿ ਹਰੀ ਸੇਵਾ ਕਰੀ ਭੇਟੇ ਸਾਧ ਕ੍ਰਿਪਾਲ ॥ ਨਾਨਕ ਪ੍ਰਭ ਸਿਉ ਮਿਲਿ ਰਹੇ ਬਿਨਸੇ ਸਗਲ ਜੰਜਾਲ ॥ ੧੨ ॥

ਕ੍ਰਿਪਾਲੂ ਸੰਤਾਂ ਨੂੰ ਮਿਲਕੇ ਓਹਨਾਂ ਦੀ ਸੇਵਾ ਕਰਨ ਨਾਲ ਖੋਟੀ ਅਕਲ ਸਾਰੀ ਨਾਸ ਹੋ ਜਾਂਦੀ ਹੈ। ਗੁਰੂ ਜੀ–ਅਕਾਲ ਦੇ ਨਾਲ ਮਿਲਕੇ ਜਨਮ ਮਰਨ ਤੋਂ ਰਹਿਤ ਹੋ ਗਏ ਅਤੇ ਸਾਰੇ ਧੰਧੇ ਦੂਰ ਹੋ ਗਏ।

ਪਉੜੀ ॥ ਦੁਆਦਸੀ ਦਾਨੁ ਨਾਮੁ ਇਸਨਾਨੁ ॥ ਹਰਿ ਕੀ ਭਗਤਿ ਕਰਹੁ ਤਜਿ ਮਾਨੁ ॥ ਹਰਿ ਅੰਮ੍ਰਿਤ ਪਾਨ ਕਰਹੁ ਸਾਧ ਸੰਗਿ ॥ ਮਨ ਤ੍ਰਿਪਤਾਸੈ ਕੀਰਤਨ ਪ੍ਰਭ ਰੰਗਿ ॥ ਕੋਮਲ ਬਾਣੀ ਸਭ ਕਉ ਸੰਤੋਖੈ ॥ ਪੰਚ ਭੂਆਤਮਾ ਹਰਿ ਨਾਮ ਰਸਿ ਪੋਖੈ ॥ ਗੁਰ ਪੂਰੇ ਤੇ ਏਹ ਨਿਹਚਉ ਪਾਈਐ ॥ ਨਾਨਕ ਰਾਮ ਰਮਤ ਫਿਰਿ ਜੋਨਿ ਨ ਆਈਐ ॥ ੧੨ ॥

Digitized by Panjab Digital Library | www.panjabdigilib.org

ਬਾਰ੍ਹਵੀਂ ਤਿੱਥ ਦਾ ਇਹ ਫਲ ਹੈ ਕਿ ਹੇ ਆਦਮੀਓ! ਦਾਨ ਇਸ਼ਨਾਨ ਕਰੋ ਅਤੇ ਨਾਮ ਜਪੋ। ਹੰਕਾਰ ਨੂੰ ਛੱਡਕੇ ਪ੍ਰਮੇਸ਼ਰ ਦੀ ਭਗਤੀ ਕਰੋ। ਸਾਧ ਸੰਗਤ ਕਰਕੇ ਹਰੀ ਨਾਮ ਦਾ ਕੀਰਤਨ ਕਰਨ ਨਾਲ ਮਨ ਰੱਜ ਜਾਂਦਾ ਹੈ। ਕੋਮਲ ਮਿੱਠੀ ਬਾਣੀ ਬੋਲਕੇ ਸਾਰਿਆਂ ਨੂੰ ਸੰਤੋਖ ਦੇਵੇ ਭਾਵ ਪ੍ਰਸੰਨ ਕਰੇ। ਜੇਹੜਾ ਮਨ "ਪੰਜ ਭੂ ਆਤਮਾ" ਪੰਜਾਂ ਤੱਤਾਂ ਦੀ ਸਤੋ ਅੰਸ਼ ਲੈਕੇ ਪੈਦਾ ਹੋਇਆ ਹੈ, ਉਸ ਨੂੰ ਪ੍ਰਮੇਸ਼ਰ ਨਾਮ ਦੇ ਰਸ ਵਿਚ ਪੋਖੇ = ਪ੍ਰਸੰਨ ਕਰੇ ਭਾਵ ਰਜਾਵੇ। ਪਰ ਇਹ ਭਰੋਸਾ ਪੂਰਿਆਂ ਗੁਰਾਂ ਤੋਂ ਮਿਲਦਾ ਹੈ। ਗੁਰੂ ਜੀ-ਪ੍ਰਮੇਸ਼ਰ ਦਾ ਨਾਮ ਬੋਲਨ ਨਾਲ ਫਿਰ ਜੂਨੀਆਂ ਵਿੱਚ ਨਹੀਂ ਆਈਦਾ ਹੈ।

**ਸਲੋਕੁ ॥ ਤੀਨਿ ਗੁਣਾ ਮਹਿ ਬਿਆਪਿਆ ਪੂਰਨ ਹੋਤ ਨ ਕਾਮ ॥ ਪਤਿਤ ਉਧਾਰਣੁ ਮਨਿ ਬਸੈ ਨਾਨਕ ਛੂਟੈ ਨਾਮ ॥ ੧੩ ॥**

ਇਹ ਆਦਮੀ ਤਿੰਨਾਂ ਗੁਣਾਂ ਵਿਚ ਵਿਆਪਿਆ ਹੋਇਆ ਹੈ, ਇਸ ਲਈ ਇਸਦੀਆਂ ਸਾਰੀਆਂ ਇੱਛਿਆਂ ਪੂਰੀਆਂ ਨਹੀਂ ਹੁੰਦੀਆਂ ਹਨ। ਗੁਰੂ ਜੀ-ਜੇਹੜਾ ਵਾਹਿਗੁਰੂ ਦਾ ਨਾਮ ਪਾਪੀਆਂ ਦਾ ਉਧਾਰ ਕਰਨ ਵਾਲਾ ਹੈ, ਓਹ ਜੇ ਮਨ ਵਿਚ ਵਸ ਜਾਵੇ ਤਾਂ ਕਾਮਣਾਂ ਤੋਂ ਛੁਟ ਜਾਂਦਾ ਹੈ।

**ਪਉੜੀ ॥ ਤ੍ਰਉਦਸੀ ਤੀਨਿ ਤਾਪ ਸੰਸਾਰ ॥ ਆਵਤ ਜਾਵਤ ਨਰਕ ਅਵਤਾਰ ॥ ਹਰਿ ਹਰਿ ਭਜਨੁ ਨ ਮਨ ਮਹਿ ਆਇਓ ॥ ਸੁਖ ਸਾਗਰ ਪ੍ਰਭੁ ਨਿਮਖ ਨ ਗਾਇਓ ॥ ਹਰਖ ਸੋਗ ਕਾ ਦੇਹ ਕਰਿ ਬਾਧਿਓ ॥ ਦੀਰਘ ਰੋਗੁ ਮਾਇਆ ਆਸਾਧਿਓ ॥ ਦਿਨਹਿ ਬਿਕਾਰ ਕਰਤ ਸ੍ਰਮੁ ਪਾਇਓ ॥ ਨੈਨੀ ਨੀਦ ਸੁਪਨ ਬਰੜਾਇਓ ॥ ਹਰਿ ਬਿਸਰਤ ਹੋਵਤ ਏਹ ਹਾਲ ॥ ਸਰਨ ਨਾਨਕ ਪ੍ਰਭ ਪੁਰਖ ਦਇਆਲ ॥੧੩ ॥**

੧੩ਵੀਂ ਤਿਥ-ਸਾਰੇ ਸੰਸਾਰ ਨੂੰ ਤਿੰਨ ਤਾਪ ਲੱਗੇ ਹੋਏ ਹਨ। ਇਸ ਲਈ ਜੰਮਦਾ ਮਰਦਾ ਨਰਕਾਂ ਵਿਚ ਜਨਮ ਜਾ ਲੈਂਦਾ ਹੈ। ਕਿਉਂਕਿ ਮਨ ਦੇ ਅੰਦਰ ਪ੍ਰਮੇਸ਼ਰ ਦਾ ਭਜਨ ਨਹੀਂ ਆਇਆ ਹੈ। ਸੁਖਾਂ ਦੇ ਸਮੁੰਦਰ ਮਾਲਕ ਦਾ ਜਸ ਇਕ ਵਾਰ ਅੱਖ ਦੇ ਫਰਕਣ ਜਿਤਣਾ ਚਿਰ ਵੀ ਨਹੀਂ ਆਇਆ ਹੈ। ਖੁਸ਼ੀ ਗਮੀ ਕਰਕੇ ਸਰੀਰ ਬੱਧਾ ਹੋਇਆ ਹੈ ਭਾਵ

Digitized by Panjab Digital Library | www.panjabdigilib.org

ਸਰੀਰ ਦੇ ਅੰਦਰਲਾ ਮਨ ਦੁਖੀ ਹੈ ਅਤੇ ਬੜਾ ਵੱਡਾ ਭਾਰਾ ਨ ਹਟਣ ਵਾਲਾ ਮਾਇਆ ਦਾ ਰੋਗ ਲੱਗਾ ਹੋਇਆ ਹੈ । ਸਾਰਾ ਦਿਨ ਵਿਕਾਰਾਂ ਨੂੰ ਕਰਦਾ ਹੋਇਆ ਬੜਾ ਥਕੇਵਾਂ ਪਾਉਂਦਾ ਹੈ। ਜਦੋਂ ਰਾਤ ਨੂੰ ਅੱਖਾਂ ਵਿੱਚ ਨੀਂਦ ਆਉਂਦੀ ਹੈ ਤਾਂ ਸੁਫਨੇ ਵਿਚ ਮਾਇਆ ਦੇ ਪਦਾਰਥਾਂ ਨੂੰ ਬੜਾ ਬਰੜਾਉਂਦਾ ਹੈ। ਇਹ ਹਾਲ ਪ੍ਰਮੇਸ਼ਰ ਦੇ ਭੁੱਲਣ ਨਾਲ ਹੁੰਦਾ ਹੈ।

ਗੁਰੂ ਜੀ- ਮਾਲਕ ਦਿਆਲੂ ਅਕਾਲਪੁਰਖ ਦੀ ਸ਼ਰਨੀ ਪੌ, ਸਾਰੇ ਦੁਖ ਦੂਰ ਹੋਜਾਣਗੇ ।

**ਸਲੋਕੁ ॥ ਚਾਰਿ ਕੁੰਟ ਚਉਦਹ ਭਵਨ ਸਗਲ ਬਿਆਪਤ ਰਾਮ ॥ ਨਾਨਕ ਊਨ ਨ ਦੇਖੀਐ ਪੂਰਨ ਤਾਕੇ ਕਾਮ ॥ ੧੪ ॥**

"ਭਗਤਾਂ ਦੀ ਗਲ ਦਸਦੇ ਹਨ" ਚਹੁੰ ਕੂੰਟਾਂ ਵਿੱਚ ਚੌਦਾਂ ਲੋਕਾਂ ਵਿਚ ਸਾਰਿਆਂ ਥਾਵਾਂ ਵਿੱਚ ਜੇਹੜੇ ਪ੍ਰਮੇਸ਼ਰ ਨੂੰ ਪੂਰਨ ਜਾਣਦੇ ਹਨ।

ਗੁਰੂ ਜੀ-ਕਿਤੇ ਵੀ ਘੱਟ ਨਹੀਂ ਵੇਖਦੇ ਹਨ, ਓਹਨਾਂ ਦੇ ਕੰਮ ਸਾਰੇ ਪੂਰੇ ਹੋਕੇ ਸੌਰ ਗਏ ਹਨ ।

**ਪਉੜੀ ॥ ਚਉਦਹਿ ਚਾਰਿ ਕੁੰਟ ਪ੍ਰਭ ਆਪ ॥ ਸਗਲ ਭਵਨ ਪੂਰਨ ਪਰਤਾਪ ॥ ਦਸੇ ਦਿਸਾ ਰਵਿਆ ਪ੍ਰਭੁ ਏਕੁ ॥ ਧਰਨਿ ਅਕਾਸ ਸਭ ਮਹਿ ਪ੍ਰਭ ਪੇਖੁ ॥ ਜਲ ਥਲ ਬਨ ਪਰਬਤ ਪਾਤਾਲ ॥ ਪਰਮੇਸ੍ਵਰ ਤਹ ਬਸਹਿ ਦਇਆਲ ॥ ਸੂਖਮ ਅਸਥੂਲ ਸਗਲ ਭਗਵਾਨ ॥ ਨਾਨਕ ਗੁਰਮੁਖਿ ਬ੍ਰਹਮੁ ਪਛਾਨ ॥ ੧੪ ॥**

"ਚੌਦਵੀਂ ਤਿੱਥ" ਚਹੁੰਆਂ ਕੂੰਟਾਂ ਵਿੱਚ ਆਪ ਹੀ ਮਾਲਕ ਹੈ।

ਸਾਰਿਆਂ ਲੋਕਾਂ ਵਿਚ ਉਸਦਾ ਪ੍ਰਤਾਪ ਪੂਰਨ ਹੈ। ਓਹ ਇਕ ਹੀ ਮਾਲਕ ਦਸਾਂ ਦਿਸ਼ਾਂ ਵੱਲ ਮਿਲਿਆ ਹੋਇਆ ਹੈ। ਧਰਤੀ, ਅਕਾਸ਼ ਸਾਰਿਆਂ ਥਾਵਾਂ ਵਿੱਚ ਮਾਲਕ ਨੂੰ ਵੇਖੋ । ਜਲਾਂ, ਥਲਾਂ, ਜੰਗਲਾਂ, ਪਹਾੜਾਂ,ਪਤਾਲਾਂ ਵਿੱਚ ਜੇਹੜਾ ਹੈ। ਉਥੇ ਦਿਆਲੂ ਪ੍ਰਮੇਸ਼ਰ ਵੱਸਦਾ ਹੈ ਭਾਵ ਹਰ ਥਾਂ ਨਿੱਕੇ ਤੋਂ ਨਿੱਕਾ ਤੇ ਵੱਡੇ ਤੋਂ ਵੱਡਾ ਸਾਰੇ ਹੀ ਰੂਪ ਭਗਵਾਨ ਆਪ ਹੈ। ਗੁਰੂ ਜੀ-ਓਹ ਅਕਾਲ ਪੁਰਖ ਗੁਰਾਂ ਦੁਆਰੇ ਪਛਾਣਿਆ ਜਾਂਦਾ ਹੈ।

Digitized by Panjab Digital Library | www.panjabdigilib.org

ਸਲੋਕੁ ॥ ਆਤਮੁ ਜੀਤਾ ਗੁਰਮਤੀ ਗੁਣ ਗਾਏ ਗੋਬਿੰਦ ॥ ਸੰਤ ਪ੍ਰਸਾਦੀ ਭੈ ਮਿਟੇ ਨਾਨਕ ਬਿਨਸੀ ਚਿੰਦ ॥ ੧੫ ॥

ਜਿਨ੍ਹਾਂ ਨੇ ਗੁਰਾਂ ਦੀ ਸਿਖਿਆ ਲੈਕੇ ਗੋਬਿੰਦ ਦੇ ਗੁਣ ਗਾਏ ਹਨ ਅਤੇ ਆਤਮ = ਮਨ ਨੂੰ ਜਿਤ ਲਿਆ ਹੈ। ਗੁਰੂ ਜੀ–ਸੰਤਾਂ ਦੀ ਕਿਰਪਾ ਨਾਲ ਓਹਨਾਂ ਦੇ ਸਾਰੇ ਡਰ ਦੂਰ ਹੋ ਗਏ ਹਨ ਅਤੇ ਚਿੰਤਾਂ ਵੀ ਦੂਰ ਹੋ ਗਈਆਂ ਹਨ।

ਪਉੜੀ ॥ ਅਮਾਵਸ ਆਤਮ ਸੁਖੀ ਭਏ ਸੰਤੋਖੁ ਦੀਆ ਗੁਰਦੇਵ ॥ ਮਨੁ ਤਨੁ ਸੀਤਲੁ ਸਾਂਤਿ ਸਹਜ ਲਾਗਾ ਪ੍ਰਭ ਕੀ ਸੇਵ ॥ ਟੂਟੇ ਬੰਧਨ ਬਹੁ ਬਿਕਾਰ ਸਫਲ ਪੂਰਨ ਤਾਕੇ ਕਾਮ॥ ਦੁਰਮਤਿ ਮਿਟੀ ਹਉਮੈ ਛੁਟੀ ਸਿਮਰਤ ਹਰਿਕੋ ਨਾਮ॥ਸਰਨਿ ਗਹੀ ਪਾਰਬ੍ਰਹਮ ਕੀ ਮਿਟਿਆ ਆਵਾ ਗਵਨ॥ ਆਪਿ ਤਰਿਆ ਕੁਟੰਬ ਸਿਉ ਗੁਣ ਗੁਬਿੰਦ ਪ੍ਰਭ ਰਵਨ ॥ ਹਰਿ ਕੀ ਟਹਲ ਕਮਾਵਣੀ ਜਪੀਐ ਪ੍ਰਭ ਕਾ ਨਾਮੁ ॥ ਗੁਰ ਪੂਰੇ ਤੇ ਪਾਇਆ ਨਾਨਕ ਸੁਖ ਬਿਸ੍ਰਾਮੁ ॥ ੧੫ ॥

"ਮੱਸਿਆ ਦੀ ਤਿੱਥੀ" ਜਿਨ੍ਹਾਂ ਨੂੰ ਗੁਰਦੇਵ ਨੇ ਸੰਤੋਖ ਦਿੱਤਾ ਹੈ, ਓਹਨਾਂ ਦੇ ਮਨ ਆਦਿਕ ਇੰਦ੍ਰੇ ਸੁਖੀ ਹੋ ਗਏ ਹਨ। ਸੁਭਾਵਕ ਹੀ ਮਾਲਕ ਦੀ ਸੇਵਾ ਵਿਚ ਲਗ ਗਿਆ ਹੈ, ਇਸ ਲਈ ਮਨ ਤਨ ਸੀਤਲ ਹੋ ਗਿਆ ਹੈ ਅਤੇ ਹੋਰ ਹਰ ਤਰਾਂ ਨਾਲ ਸ਼ਾਂਤੀ ਹੋ ਗਈ ਹੈ। ਬਹੁਤ ਸਾਰਿਆਂ ਵਿਕਾਰਾਂ ਦੇ ਬੰਧਨ ਟੁੱਟ ਗਏ ਹਨ, ਦੇਹ ਦਾ ਆਉਣਾ ਸਫਲ ਹੋ ਗਿਆ ਹੈ ਅਤੇ ਉਸ ਦੇ ਸਾਰੇ ਕੰਮ ਪੂਰੇ ਹੋਕੇ ਸੌਰ ਗਏ ਹਨ। ਹਰੀ ਦਾ ਨਾਮ ਸਿਮਰਨ ਨਾਲ ਖੋਟੀ ਮਤ ਦੂਰ ਹੋ ਗਈ ਹੈ ਅਤੇ ਹੰਗਤਾ ਛੁਟ ਗਈ ਹੈ। ਜਿਸ ਨੇ ਪਾਰਬ੍ਰਹਮ ਦੀ ਸਰਨ ਫੜੀ ਹੈ, ਉਸਦਾ ਜੰਮਨਾ ਮਰਨਾ ਦੂਰ ਹੋਗਿਆ ਹੈ। ਓਹ ਗੋਬਿੰਦ ਦੇ ਗੁਣਾਂ ਨੂੰ ਉਚਾਰਕੇ ਆਪ ਟੱਬਰ ਦੇ ਸਹਿਤ ਤ਼ਰ ਗਿਆ ਹੈ। ਇਸ ਲਈ ਪ੍ਰਮੇਸ਼ਰ ਦੀ ਟਹਿਲ ਕਮਾਈਏ ਅਤੇ ਮਾਲਕ ਦਾ ਨਾਮ ਜਪੀਏ। ਗੁਰੂ ਜੀ–ਸੁਖਾਂ ਦਾ ਬਿਸ੍ਰਾਮ = ਘਰ ਨਾਮ ਜਾਂ ਸੁੱਖਾਂ ਵਿਚ ਟਿਕ ਜਾਣਾ "ਜਿਸ ਨੂੰ ਮਿਲਿਆ ਹੈ ਇਹ ਸੁਖ" ਸੋ ਸੱਚ ਜਾਣੋਂ ਪੂਰਿਆਂ ਗੁਰਾਂ ਤੋਂ ਹੀ ਪਾਇਆ ਹੈ।

Digitized by Panjab Digital Library | www.panjabdigilib.org

ਸਲੋਕੁ॥ ਪੂਰਨੁ ਕਬਹੁ ਨ ਡੋਲਤਾ ਪੂਰਾ ਕੀਆ ਪ੍ਰਭ ਆਪਿ। ਦਿਨੁ ਦਿਨੁ ਚੜੈ ਸਵਾਇਆ ਨਾਨਕ ਹੋਤ ਨ ਘਾਟਿ॥ ੧੬॥

ਜੇਹੜਾ ਮਾਲਕ ਨੇ ਆਪ ਪੂਰਾ ਕੀਤਾ ਹੈ, ਓਹ ਪੂਰਾ ਹੋਕੇ ਕਦੀ ਨਹੀਂ ਡੋਲਦਾ ਹੈ। ਗੁਰੂ ਜੀ–ਦਿਨ ਦਿਨ ਉਸਦਾ ਜਸ ਸਵਾਇਆ ਚੜ੍ਹਦਾ ਹੈ, ਕਦੀ ਵੀ ਘਟ ਨਹੀਂ ਹੁੰਦਾ ਹੈ।

ਪਉੜੀ॥ ਪੂਰਨਮਾ ਪੂਰਨ ਪ੍ਰਭ ਏਕੁ ਕਰਣ ਕਾਰਣ ਸਮਰਥੁ॥ ਜੀਅ ਜੰਤ ਦਇਆਲ ਪੁਰਖੁ ਸਭ ਊਪਰਿ ਜਾਕਾ ਹਥੁ॥ ਗੁਣ ਨਿਧਾਨ ਗੋਵਿੰਦ ਗੁਰ ਕੀਆ ਜਾਕਾ ਹੋਇ॥ ਅੰਤਰਜਾਮੀ ਪ੍ਰਭੁ ਸੁਜਾਨੁ ਅਲਖ ਨਿਰੰਜਨ ਸੋਇ॥ ਪਾਰਬ੍ਰਹਮ ਪਰਮੇਸਰੋ ਸਭ ਬਿਧਿ ਜਾਨਣ ਹਾਰ॥ ਸੰਤ ਸਹਾਈ ਸਰਨਿ ਜੋਗੁ ਆਠ ਪਹਰ ਨਮਸਕਾਰ॥ ਅਕਥ ਕਥਾ ਨਹ ਬੂਝੀਐ ਸਿਮਰਹੁ ਹਰਿਕੇ ਚਰਨ॥ ਪਤਿਤ ਉਧਾਰਨ ਅਨਾਥ ਨਾਥ ਨਾਨਕ ਪ੍ਰਭ ਕੀ ਸਰਨ॥ ੧੬॥

'ਪੁੰਨਿਆਂ' ਜੇਹੜਾ ਸਾਰਿਆਂ ਕਾਰਨਾਂ ਦੇ ਕਰਨ ਨੂੰ ਇੱਕ ਹੀ ਮਾਲਕ ਸਮਰੱਥ ਹੈ,ਓਹੋ ਹੀ ਸਾਰਿਆਂ ਥਾਵਾਂ ਵਿਚ ਪੂਰਨ ਹੈ। ਜਿਸ ਵਾਹਿਗੁਰੂ ਦਾ ਸਾਰਿਆਂ ਜੀਆਂ ਜੰਤਾਂ ਦੇ ਸਿਰ ਉੱਤੇ ਹੱਥਹੈ,ਓਹ ਦਿਆਲੂਹੈ।

ਜਿਸਦਾ ਕੀਤਾ ਹੋਇਆ ਸਭ ਕੁਛ ਹੁੰਦਾ ਹੈ, ਓਹੋ ਗੋਬਿੰਦ ਗੁਣਾਂ ਦਾ ਨਿਧੀ ਹੈ ਅਤੇ ਸਾਰਿਆਂ ਤੋਂ ਗੁਰ = ਵੱਡਾ ਹੈ। ਓਹੋ ਹੀ ਮਾਲਕ ਬੜੀ ਸਿਆਣਾ ਅੰਤਰਜਾਮੀ ਹੈ, ਅਤੇ ਅਲੱਖ ਹੈ, ਮਾਇਆ ਤੋਂ ਰਹਿਤ ਹੈ।

ਪਾਰਬ੍ਰਹਮ ਪ੍ਰਮੇਸ਼ਰ ਸਾਰੀਆਂ ਰੀਤੀਆਂ ਜਾਣਨ ਵਾਲਾ ਹੈ। ਸੰਤਾਂ ਦਾ ਸਹਾਈ ਹੈ, ਅਤੇ ਸ਼ਰਨ ਆਇਆਂ ਦੀ ਸਹੈਤਾ ਕਰਨ ਵਾਲਾ ਹੈ। ਇਸਲਈ ਉਸਨੂੰ ਅੱਠੇ ਪਹਿਰ ਨਮਸਕਾਰ ਕਰੋ। ਜਿਸਦੀਆਂ ਅਕੱਥ ਕਥਾ ਹਨ ਅਤੇ ਸਮਝ ਵਿਚ ਨਹੀਂ ਆਉਂਦੀਆਂ ਹਨ, ਉਸ ਪਰਮੇਸ਼ਰ ਦੇ ਚਰਨਾਂ ਦਾ ਸਿਮਰਨ ਕਰੋ। ਗੁਰੂ ਜੀ-ਜੇਹੜਾ ਗਰੀਬਾਂ ਯਤੀਮਾਂ ਦਾ ਮਾਲਕ ਤੇ ਪਾਪੀਆਂ ਦੇ ਉਧਾਰ ਕਰਨ ਵਾਲਾ ਹੈ, ਉਸ ਮਾਲਕ ਦੀ ਸਰਨ ਫੜੋ।

Digitized by Panjab Digital Library | www.panjabdigilib.org

ਸਲੋਕੁ॥ ਦੂਖ ਬਿਨਸੇ ਸਹਸਾ ਗਇਓ ਸਰਨਿ ਗਹੀ ਹਰਿਰਾਇ ॥ ਮਨਿ ਚਿੰਦੇ ਫਲ ਪਾਇਆ ਨਾਨਕ ਹਰਿਗੁਨ ਗਾਇ ॥ ੧੭ ॥

ਜਿਸਨੇ ਹਰੀ ਪ੍ਰਕਾਸ਼ਕ ਦੀ ਸ਼ਰਨ ਫੜੀ ਹੈ, ਉਸਦੇ ਦੁਖ ਦੂਰ ਹੋ ਗਏ ਹਨ ਤੇ ਸੰਸਾ ਚਲਿਆ ਗਿਆ ਹੈ। ਗੁਰੂ ਜੀ–ਪਰਮੇਸ਼ਰ ਦੇ ਗੁਣਾਂ ਨੂੰ ਗਾਕੇ ਮਨ ਭੌਂਦਿਆਂ ਫਲਾਂ ਨੂੰ ਪਾਇਆ ਹੈ।

ਪਉੜੀ॥ ਕੋਈ ਗਾਵੈ ਕੋ ਸੁਣੈ ਕੋਈ ਕਰੈ ਬੀਚਾਰੁ॥ ਕੋ ਉਪਦੇਸੈ ਕੋ ਦ੍ਰਿੜੈ ਤਿਸਕਾ ਹੋਇ ਉਧਾਰੁ ॥ ਕਿਲਬਿਖ ਕਾਟੈ ਹੋਇ ਨਿਰਮਲਾ ਜਨਮ ਜਨਮ ਮਲੁ ਜਾਇ॥ ਹਲਤਿ ਪਲਤਿ ਮੁਖੁ ਊਜਲਾ ਨਹ ਪੋਹੈ ਤਿਸੁ ਮਾਇ ॥ ਸੋ ਸੁਰਤਾ ਸੋ ਬੈਸਨੋ ਸੋ ਗਿਆਨੀ ਧਨਵੰਤੁ ॥ ਸੋ ਸੂਰਾ ਕੁਲਵੰਤੁ ਸੋਇ ਜਿਨਿ ਭਜਿਆ ਭਗਵੰਤੁ॥ ਖਤ੍ਰੀ ਬ੍ਰਾਹਮਣੁ ਸੂਦੁ ਬੈਸੁ ਉਧਰੈ ਸਿਮਰਿ ਚੰਡਾਲ ॥ ਜਿਨਿ ਜਾਨਿਓ ਪ੍ਰਭੁ ਆਪਨਾ ਨਾਨਕ ਤਿਸਹਿ ਰਵਾਲ ॥ ੧੭ ॥

ਕੋਈ ਰਾਗ ਵਿਚ ਗਾਵੇ ਜਾਂ ਸੁਭਾਵਕ ਹੀ ਪਾਠ ਕਰੇ, ਕੋਈ ਇਸ ਪਾਠ ਨੂੰ ਸੁਣੇ, ਕੋਈ ਇਸਦੇ ਅਰਥਾਂ ਦਾ ਵਿਚਾਰ ਕਰੇ। ਕੋਈ ਇਸਦੇ ਭਾਵਾਰਥ ਨੂੰ ਕੱਢਕੇ ਉਸਦਾ ਉਪਦੇਸ਼ ਕਰੇ, ਕੋਈ ਸੁਣੇ ਹੋਏ ਭਾਵਾਰਥ ਉਤੇ ਨਿਸਚਾ ਕਰੇ, ਉਸਦਾ ਇਸ ਸੰਸਾਰ ਸਮੁੰਦਰ ਤੋਂ ਉਧਾਰ ਹੋਵੇਗਾ। ਪਾਪਾਂ ਨੂੰ ਕੱਟਕੇ ਨਿਰਮਲ ਹੋ ਜਾਵੇਗਾ, ਜਨਮ ਜਨਮ ਦੀ ਮੈਲ ਚਲੀ ਜਾਵੇਗੀ। ਲੋਕ ਪ੍ਰਲੋਕ ਵਿਚ ਮੂੰਹ ਪਰਕਾਸ਼ ਵਾਲਾ ਹੋਵੇਗਾ ਅਤੇ ਉਸਨੂੰ ਮਾਇਆ ਨਹੀਂ ਛੋਹੇਗੀ। ਓਹ ਵਿਦਯਾ ਦਾ ਸਮਝਣ ਵਾਲਾ ਹੈ, ਓਹ ਵੈਸ਼ਨੋ ਹੈ ਅਤੇ ਗਿਆਨਵਾਨ ਹੈ ਧਨ ਵਾਲਾ ਹੈ। ਓਹੋ ਹੀ ਸੂਰਮਾ ਹੈ, ਓਹੋ ਹੀ ਕੁਲ ਵਾਲਾ ਹੈ, ਜਿਸਨੇ ਭਗਵੰਤ ਨੂੰ ਜਪਿਆ ਹੈ। ਖੱਤ੍ਰੀ, ਬ੍ਰਾਹਮਣ, ਸੂਦਰ, ਵੈਸ਼ ਭਾਵੇਂ ਕੋਈ ਵੀ ਹੋਵੇ ਜੇਹੜਾ ਸਿਮਰਨ ਕਰੇਗਾ, ਉਸਦਾ ਉਧਾਰ ਹੋ ਜਾਵੇਗਾ। ਗੁਰੂ ਜੀ–ਜਿਨ੍ਹਾਂ ਨੇ ਆਪਣੇ ਮਾਲਕ ਨੂੰ ਜਾਣਿਆ ਹੈ, ਉਸਦੇ ਚਰਨਾਂ ਦੀ ਧੂੜੀ ਹੋ ਜਾਈਏ ਜਾਂ ਓਹਨਾਂ ਦੀ ਚਰਨ ਧੂੜ ਮਿਲ ਜਾਵੇ।

Digitized by Panjab Digital Library | www.panjabdigilib.org

## ਗਉੜੀ ਕੀ ਵਾਰ ਮਹਲਾ ੪ ॥

ੴ ਸਤਿਗੁਰ ਪ੍ਰਸਾਦਿ ॥ ਸਲੋਕ ਮਃ ੪ ॥
ਸਤਿਗੁਰੁ ਪੁਰਖੁ ਦਇਆਲੁ ਹੈ ਜਿਸਨੋ ਸਮਤੁ ਸਭੁ ਕੋਇ ॥
ਏਕ ਦ੍ਰਿਸਟਿ ਕਰਿ ਦੇਖਦਾ ਮਨ ਭਾਵਨੀ ਤੇ ਸਿਧਿ ਹੋਇ ॥
ਸਤਿਗੁਰ ਵਿਚਿ ਅੰਮ੍ਰਿਤੁ ਹੈ ਹਰਿ ਉਤਮੁ ਹਰਿ ਪਦੁ ਸੋਇ ॥
ਨਾਨਕ ਕਿਰਪਾ ਤੇ ਹਰਿ ਧਿਆਈਐ ਗੁਰਮੁਖ ਪਾਵੈ ਕੋਇ ॥ ੧ ॥

ਸਮਤੁ = ਬਰਾਬਰ ॥

ਸਤਿਗੁਰੂ ਦਿਆਲੂ ਪੁਰਖ ਹਨ, ਜਿਨ੍ਹਾਂ ਨੂੰ ਸਭ ਕੋਈ ਇੱਕੋ ਹੀ ਜੇਹਾ ਹੈ। ਗੁਰੂ ਸਭ ਨੂੰ ਇਕ ਨਜ਼ਰ ਨਾਲ ਦੇਖਦਾ ਹੈ, ਪਰ ਜੀਵਾਂ ਨੂੰ ਮਨ ਦੀ ਸਰਧਾ ਨਾਲ ਸਿੱਧ ਹੁੰਦਾ ਹੈ ਭਾਵ ਪਤਾ ਲਗਦਾ ਹੈ ਅਥਵਾ ਫਲ ਮਿਲਦਾਹੈ। ਵਾਹਿਗੁਰੂ ਦਾ ਨਾਮ ਜਪਕੇ ਜੋ ਉਤਮ ਪਦਵੀ ਮੁਕਤੀ ਮਿਲਦੀ ਹੈ ਸੋਈ ਗੁਰਾਂ ਵਿਚ ਅੰਮ੍ਰਿਤ ਹੈ। ਗੁਰੂ ਜੀ--ਵਾਹਿਗੁਰੂ ਦੇ ਨਾਮ ਨੂੰ ਗੁਰਾਂ ਦੀ ਕਿਰਪਾ ਨਾਲ ਧਿਆਈਦਾ ਹੈ, ਪਰ ਨਾਮ ਨੂੰ ਕੋਈ ਗੁਰਮੁਖ ਹੀ ਪਾਉਂਦਾ ਹੈ।

ਮਃ ੪ ॥ ਹਉਮੈ ਮਾਇਆ ਸਭ ਬਿਖੁ ਹੈ ਨਿਤ ਜਗਿ ਤੋਟਾ ਸੰਸਾਰਿ ॥ ਲਾਹਾ ਹਰਿ ਧਨੁ ਖਟਿਆ ਗੁਰਮੁਖਿ ਸਬਦੁ ਵੀਚਾਰਿ ॥ ਹਉਮੈ ਮੈਲੁ ਬਿਖੁ ਉਤਰੈ ਹਰਿ ਅੰਮ੍ਰਿਤੁ ਹਰਿ ਉਰਧਾਰਿ ॥ ਸਭਿ ਕਾਰਜ ਤਿਨਕੇ ਸਿਧਿ ਹਹਿ ਜਿਨ ਗੁਰਮੁਖਿ ਕਿਰਪਾ ਧਾਰਿ ॥ ਨਾਨਕ ਜੋ ਧੁਰਿ ਮਿਲੇ ਸੇ ਮਿਲ ਰਹੇ ਹਰਿ ਮੇਲੇ ਸਿਰਜਣਹਾਰਿ ॥ ੨ ॥

ਹੰਗਤਾ ਮਮਤਾ ਮਾਇਆ ਸਭ ਵਿਹੁ ਰੂਪ ਹੈ, ਸੰਸਾਰ ਵਿਚ ਜੀਵ ਨੂੰ ਹਮੇਸ਼ਾਂ ਹੀ ਘਾਟਾ ਰਹਿੰਦਾ ਹੈ। ਗੁਰਮੁਖਾਂ ਨੇ ਗੁਰਾਂ ਦਾ ਸਬਦ ਵੀਚਾਰਕੇ ਹਰੀ ਧਨ ਦਾ ਲਾਭ ਖੱਟਿਆ ਹੈ। ਵਾਹਿਗੁਰੂ ਦਾ ਨਾਮ ਅੰਮ੍ਰਿਤ ਦਿਲ ਵਿਚ ਧਾਰੀਏ ਤਾਂ ਹੰਗਤਾ ਦੀ ਮੈਲ ਤੇ ਮਾਇਆ ਦੀ ਵਿਹੁ ਉਤਰਦੀ ਹੈ।

Digitized by Panjab Digital Library | www.panjabdigilib.org

ਜਿਨ੍ਹਾਂ ਉਤੇ ਗੁਰਾਂ ਨੇ ਕਿਰਪਾ ਕੀਤੀ ਹੈ, ਓਨ੍ਹਾਂ ਦੇ ਸਭ ਕੰਮ ਸਿਧ ਹੋਏ ਹਨ। ਗੁਰੂ ਜੀ–ਜੇਹੜੇ ਪਹਿਲੇ ਤੋਂ ਹੀ ਮਿਲੇ ਹਨ,ਓਹ ਹੁਣ ਵੀ ਮਿਲ ਰਹੇ ਹਨ, ਪਰ ਸਿਰਜਣਹਾਰ ਵਾਹਿਗੁਰੂ ਨੇ ਮੇਲੇ ਹਨ ।

**ਪਉੜੀ ॥ ਤੂ ਸਦਾ ਸਾਹਿਬੁ ਸਚੁ ਹੈ ਸਚੁ ਸਚਾ ਗੋਸਾਈ ॥ ਤੁਧਨੋ ਸਭ ਧਿਆਇਦੀ ਸਭ ਲਗੈ ਤੇਰੀ ਪਾਈ ॥ ਤੇਰੀ ਸਿਫਤਿ ਸੁਆਲਿਓ ਸਰੂਪ ਹੈ ਜਿਨਿ ਕੀਤੀ ਤਿਸੁ ਪਾਰਿ ਲਘਾਈ ॥ ਗੁਰਮੁਖਾ ਨੋ ਫਲੁ ਪਾਇਦਾ ਸਚਿ ਨਾਮਿ ਸਮਾਈ ॥ ਵਡੇ ਮੇਰੇ ਸਾਹਿਬਾ ਵਡੀ ਤੇਰੀ ਵਡਿਆਈ ॥ ੧ ॥**

ਹੇ ਵਾਹਿਗਰੂ ! ਤੂੰ ਸਚਾ ਸਾਹਿਬ ਸਚਾ ਹੈਂ ਸਚੇ ਤੋਂ ਸਚਾ ਧਰਤੀ ਦਾ ਮਾਲਕ ਹੈਂ। ਤੈਨੂੰ ਸਭ ਦੁਨੀਆਂ ਯਾਦ ਕਰਦੀ ਹੈ ਅਰ ਸਭ ਤੇਰੀ ਪੈਰੀਂ ਲਗਦੀ ਹੈ। ਹੇ ਸਲਾਹੁਣ ਯੋਗ ਸੁੰਦਰ ਸਰੂਪ ਵਾਲੇ ! ਤੇਰੀ ਜਿਸਨੇ ਉਸਤਤ ਕੀਤੀ ਹੈ, ਤਿਸਨੂੰ ਓਹ ਸਿਫਤ ਹੀ ਸੰਸਾਰ ਸਮੁੰਦਰ ਤੋਂ ਪਾਰ ਲੰਘਾਉਣ ਵਾਲੀ ਹੈ। ਗੁਰਮੁਖਾਂ ਨੂੰ ਆਪਣੀ ਸਿਫਤ ਦਾ ਫਲ ਦੇਂਦਾ ਹੈਂ, ਹੇ ਸਚੇ ਨਾਮੀ ! ਆਪਣੇ ਵਿਚ ਮੇਲ ਲੈਂਦਾ ਹੈਂ। ਹੇ ਮੇਰੇ ਵੱਡੇ ਸਾਹਿਬਾ ! ਤੇਰੀ ਵਡਿਆਈ ਵੀ ਵੱਡੀ ਹੈ।

**ਸਲੋਕੁ ਮਃ ੪ ॥ ਵਿਣੁ ਨਾਵੈ ਹੋਰੁ ਸਲਾਹਣਾ ਸਭੁ ਬੋਲਣੁ ਫਿਕਾ ਸਾਦੁ ॥ ਮਨਮੁਖ ਅਹੰਕਾਰੁ ਸਲਾਹਦੇ ਹਉਮੈ ਮਮਤਾ ਵਾਦੁ ॥ ਜਿਨ ਸਾਲਾਹਨਿ ਸੇ ਮਰਹਿ ਖਪਿ ਜਾਵੈ ਸਭ ਅਪਵਾਦੁ ॥ ਜਨ ਨਾਨਕ ਗੁਰਮੁਖਿ ਉਬਰੇ ਜਪਿ ਹਰਿ ਹਰਿ ਪਰਮਾਨਾਦੁ ॥ ੧ ॥**

ਨਾਮ ਤੋਂ ਬਿਨਾ ਜਿਹੜਾ ਹੋਰ ਸਲਾਹੁਣਾ ਅਤੇ ਬੋਲਣਾ ਹੈ,ਸੋ ਸਭ ਫਿਕਾ ਸੁਆਦ ਹੈ। ਮਨਮੁਖ ਹੰਕਾਰੀਆਂ ਨੂੰ ਸਲਾਹੁੰਦੇ ਹਨ ਅਤੇ ਹੰਗਤਾ ਮਮਤਾ ਝਗੜੇ ਕਰਦੇ ਹਨ । ਜਿਨ੍ਹਾਂ ਨੂੰ ਸਲਾਹੁੰਦੇ ਹਨ,ਸੋ ਮਰ ਜਾਂਦੇ ਹਨ ਅਤੇ ਨਿੰਦਾ ਕਰਨ ਵਾਲੇ ਸਾਰੇ ਖਪ ਜਾਂਦੇ ਹਨ। ਗੁਰੂ ਜੀ-ਜੇਹੜੇ ਗੁਰਮੁਖ ਹਨ, ਸੋ ਵਾਹਿਗੁਰੂ ਪਰਮ ਅਨੰਦ ਦੇਣ ਵਾਲੇ ਨੂੰ ਜਪ ਕੇ ਉਧਰ ਗਏ ਹਨ ।

Digitized by Panjab Digital Library | www.panjabdigilib.org

ਮਃ ੪ ॥ ਸਤਿਗੁਰ ਹਰਿ ਪ੍ਰਭੁ ਦਸਿ ਨਾਮੁ ਧਿਆਈ ਮਨਿ ਹਰੀ॥ਨਾਨਕਨਾਮੁ ਪਵਿਤੁ ਹਰਿ ਮੁਖਿ ਬੋਲੀ ਸਭਿ ਦੁਖ ਪਰਹਰੀ ॥ ੨ ॥

ਹੇ ਸਤਿਗੁਰੂ ਜੀ! ਮੈਨੂੰ ਵਾਹਿਗੁਰੂ ਦੱਸੋ, ਮੈਂ ਮਨ ਵਿਚ ਵਾਹਿਗੁਰੂ ਦਾ ਨਾਮ ਧਿਆਵਾਂ। ਗੁਰੂ ਜੀ—ਵਾਹਿਗੁਰੂ ਦਾ ਨਾਮ ਪਵਿਤ੍ਰ ਹੈ, ਸੋ ਮੁਖ ਤੋਂ ਬੋਲਾਂ ਅਤੇ ਸਾਰੇ ਦੁਖਾਂ ਨੂੰ ਦੂਰ ਕਰਾਂ।

ਪਉੜੀ ॥ ਤੂ ਆਪੇ ਆਪਿ ਨਿਰੰਕਾਰੁ ਹੈ ਨਿਰੰਜਨ ਹਰਿ ਰਾਇਆ ॥ ਜਿਨੀ ਤੂ ਇਕ ਮਨਿ ਸਚੁ ਧਿਆਇਆ ਤਿਨਕਾ ਸਭੁ ਦੁਖੁ ਗਵਾਇਆ ॥ ਤੇਰਾ ਸਰੀਕੁ ਕੋ ਨਾਹੀ ਜਿਸਨੋ ਲਵੈ ਲਾਇ ਸੁਣਾਇਆ ॥ ਤੁਧੁ ਜੇਵਡੁ ਦਾਤਾ ਤੂਹੈ ਨਿਰੰਜਨਾ ਤੂ ਹੈ ਸਚੁ ਮੇਰੈ ਮਨਿ ਭਾਇਆ ॥ ਸਚੇ ਮੇਰੇ ਸਾਹਿਬਾ ਸਚੇ ਸਚੁ ਨਾਇਆ ॥ ੨ ॥

ਹੇ ਵਾਹਿਗੁਰੂ ! ਤੂੰ ਆਪ ਹੀ ਆਪ ਨਿਰੰਕਾਰ ਮਾਇਆ ਤੋਂ ਰਹਿਤ ਪ੍ਰਕਾਸ਼ਕ ਹੈਂ। ਜਿਨ੍ਹਾਂ ਨੇ ਤੈਨੂੰ ਨਿਹਚੇ ਕਰਕੇ ਇਕ ਮਨ ਹੋਕੇ ਧਿਆਇਆ ਹੈ,ਤਿਨ੍ਹਾਂ ਦਾ ਤੂੰ ਸਾਰਾ ਦੁਖ ਦੂਰ ਕਰ ਦਿਤਾ ਹੈ। ਈਕੂਣ ਦਾ ਤੇਰਾ ਸ਼ਰੀਕ ਕੋਈ ਨਹੀਂ, ਜਿਸਨੂੰ ਤੇਰੇ ਬਰਾਬਰ ਸੁਣਾਯਾ ਜਾਵੇ। ਹੇ ਵਾਹਿਗੁਰੂ ! ਤੂੰ ਆਪਣੇ ਜਿਡਾ ਵੱਡਾ ਦਾਤਾ ਆਪੇ ਹੀ ਹੈਂ ਅਤੇ ਤੂੰਹੇਂ ਹੀ ਸਚਾ ਮੇਰੇ ਮਨ ਚੰਗਾ ਲਗਾ ਹੈਂ। ਹੇ ਮੇਰੇ ਸਚੇ ਸਾਹਿਬਾ ! ਤੇਰੇ ਨਾਮ ਸੱਚੇ ਹਨ।

ਸਲੋਕ ਮਃ ੪ ॥ ਮਨ ਅੰਤਰਿ ਹਉਮੈ ਰੋਗੁ ਭ੍ਰਮਿ ਭੂਲੇ ਮਨਮੁਖ ਦੁਰਜਨਾ॥ ਨਾਨਕ ਰੋਗੁ ਗਵਾਇ ਮਿਲਿ ਸਤਿਗੁਰ ਸਾਧੂ ਸਜਨਾ ॥ ੧ ॥

ਜਿਨ੍ਹਾਂ ਦੇ ਮਨ ਵਿਚ ਹੰਗਤਾ ਰੋਗ ਹੈ ਸੋ ਮਨਮੁਖ ਭੈੜੇ ਆਦਮੀ ਭਰਮ ਵਿਚ ਭੁਲੇ ਹੋਏ ਹਨ। ਗੁਰੂ ਜੀ--ਤੂੰ ਸਤਿਗੁਰੂ ਸਾਧੂ ਸਜਣਾਂ ਨਾਲ ਮਿਲਕੇ ਇਹ ਰੋਗ ਦੂਰ ਕਰ।

Digitized by Panjab Digital Library | www.panjabdigilib.org

ਮਃ ੪ ॥ ਮਨੁ ਤਨੁ ਰਤਾ ਰੰਗ ਸਿਉ ਗੁਰਮੁਖਿ ਹਰਿ ਗੁਣਤਾਸੁ ॥ ਜਨ ਨਾਨਕ ਹਰਿ ਸਰਣਾਗਤੀ ਹਰਿ ਮੇਲੇ ਗੁਰ ਸਾਬਾਸਿ ॥ ੨ ॥

ਜੇਹੜੇ ਗੁਰਮੁਖ ਗੁਣਾਂ ਦੇ ਖਜ਼ਾਨੇ ਹਨ ਓਨ੍ਹਾਂ ਦਾ ਮਨ ਤਨ ਵਾਹਿਗੁਰੂ ਦੇ ਪ੍ਰੇਮ ਵਿਚ ਰੱਤਾ ਹੈ। ਗੁਰੂ ਜੀ–ਜੋ ਵਾਹਿਗੁਰੂ ਦੀ ਸ਼ਰਨ ਆਏ ਹਨ ਓਹ ਗੁਰਾਂ ਨੇ ਵਾਹਿਗੁਰੂ ਨਾਲ ਮੇਲੇ ਹਨ ਅਤੇ ਓਹੋ ਹੀ ਧੰਨਤਾ ਯੋਗ ਹੋਏ।

ਪਉੜੀ॥ ਤੂ ਕਰਤਾ ਪੁਰਖੁ ਅਗੰਮੁ ਹੈ ਕਿਸੁ ਨਾਲਿ ਤੂ ਵੜੀਐ॥ ਤੁਧੁ ਜੇਵਡੁ ਹੋਇ ਸੁ ਆਖੀਐ ਤੁਧੁ ਜੇਹਾ ਤੂ ਹੈ ਪੜੀਐ ॥ ਤੂ ਘਟਿ ਘਟਿ ਇਕੁ ਵਰਤਦਾ ਗੁਰਮੁਖਿ ਪਰਗੜੀਐ ॥ ਤੂ ਸਚਾ ਸਭਸ ਦਾ ਖਸਮੁ ਹੈ ਸਭਦੂ ਤੂ ਚੜੀਐ॥ ਤੂ ਕਰਹਿ ਸੁ ਸਚੇ ਹੋਇਸੀ ਤਾ ਕਾਇਤੁ ਕੜੀਐ॥ ੩॥

ਤੂੰ ਵਾਹਿਗੁਰੂ ਅਗਮ ਹੈਂ ਕਿਸਦੇ ਨਾਲ ਤੈਨੂੰ ਬਰਾਬਰ ਵਡਿਆਈਏ? ਤੇਰੇ ਜਿੱਡਾ ਵੱਡਾ ਹੋਰ ਕੋਈ ਹੋਵੇ ਤਾਂ ਆਖੀਏ, ਤੇਰੇ ਜੈਸਾ ਤੂੰ ਹੈਂ ਹੀ ਕਹੀਦਾ ਹੈਂ। ਤੂੰ ਹਰ ਇਕ ਦਿਲ ਵਿੱਚ ਵਸਦਾ ਹੈਂ ਪਰ ਗੁਰਮੁਖਾਂ ਨੂੰ ਮਲੂਮ ਹੁੰਦਾ ਹੈਂ। ਤੂੰ ਸੱਚਾ ਸਾਰਿਆਂ ਦਾ ਮਾਲਕ ਹੈਂ ਸਭਨਾਂ ਨਾਲੋਂ ਚੜ੍ਹਦਾ ਹੈਂ।

ਹੇ ਵਾਹਿਗੁਰੂ! ਜੋ ਤੂੰ ਕਰਦਾ ਹੈਂ ਸੋ ਹੁੰਦਾ ਹੈ, ਇਸ ਲਈ ਅਸੀਂ ਫਿਰ ਕਿਉਂ ਝੂਰੀਏ ?

## ਸਲੋਕ ਮਃ ੪

ਮੈ ਮਨਿ ਤਨਿ ਪ੍ਰੇਮੁ ਪਿਰੰਮ ਕਾ ਅਠੇ ਪਹਰ ਲਗੰਨਿ੍॥ ਜਨ ਨਾਨਕ ਕਿਰਪਾ ਧਾਰਿ ਪ੍ਰਭ ਸਤਿਗੁਰ ਸੁਖਿ ਵਸੰਨਿ ॥ ੧ ॥

ਮੇਰੇ ਮਨ ਤਨ ਵਿਚ ਪਿਆਰੇ ਵਾਹਿਗੁਰੂ ਦਾ ਪ੍ਰੇਮ ਅੱਠੇ ਪਹਿਰ ਲੱਗਾ ਰਹਿੰਦਾ ਹੈ। ਗੁਰੂ ਜੀ–ਹੇ ਵਾਹਿਗੁਰੂ! ਐਸੀ ਕਿਰਪਾ ਕਰ ਜੋ ਗੁਰਾਂ ਨਾਲ ਮਿਲਕੇ ਤੇਰੇ ਅਨੰਦ ਵਿੱਚ ਵਸਦੇ ਰਹੀਏ।

ਮਃ ੪ ॥ ਜਿਨ ਅੰਦਰਿ ਪ੍ਰੀਤਿ ਪਿਰੰਮ ਕੀ ਜਿਉ ਬੋਲਨਿ ਤਿਵੈ ਸੋਹੰਨਿ ॥ ਨਾਨਕ ਹਰਿ ਆਪੇ ਜਾਣਦਾ ਜਿਨਿ ਲਾਈ ਪ੍ਰੀਤਿ ਪਿਰੰਨਿ ॥ ੨ ॥

Digitized by Panjab Digital Library | www.panjabdigilib.org

ਜਿਨ੍ਹਾਂ ਦੇ ਅੰਦਰ ਵਾਹਿਗੁਰੂ ਦੀ ਪ੍ਰੀਤੀ ਹੈ, ਜਿਸ ਤਰਾਂ ਓਹ ਬੋਲਦੇ ਹਨ ਓਸੇ ਤਰਾਂ ਹੀ ਚੰਗੇ ਲਗਦੇ ਹਨ। ਗੁਰੂ ਜੀ–ਜਿਸ ਵਾਹਿਗੁਰੂ ਨੇ ਪ੍ਰੀਤੀ ਲਾਈ ਹੈ,ਓਹ ਆਪੇ ਹੀ ਜਾਣਦਾ ਹੈ।

**ਪਉੜੀ ॥ ਤੂੰ ਕਰਤਾ ਆਪਿ ਅਭੁਲੁ ਹੈ ਭੁਲਣ ਵਿਚਿ ਨਾਹੀ ॥ ਤੂ ਕਰਹਿ ਸੁ ਸਚੇ ਭਲਾ ਹੈ ਗੁਰ ਸਬਦਿ ਬੁਝਾਹੀ ॥ ਤੂ ਕਰਣ ਕਾਰਣ ਸਮਰਥੁ ਹੈ ਦੂਜਾ ਕੋ ਨਾਹੀ ॥ ਤੂ ਸਾਹਿਬੁ ਅਗਮੁ ਦਇਆਲੁ ਹੈ ਸਭ ਤੁਧੁ ਧਿਆਹੀ ॥ ਸਭਿ ਜੀਅ ਤੇਰੇ ਤੂ ਸਭਸਦਾ ਤੂ ਸਭ ਛਡਾਹੀ ॥ ੪ ॥**

ਤੂੰ ਵਾਹਿਗੁਰੂ ਆਪ ਅਭੁੱਲ ਹੈਂ ਭੁਲਣ ਵਿਚ ਨਹੀਂ ਆਉਂਦਾ ਹੈਂ। ਹੇ ਸੱਚੇ!ਜੋ ਤੂੰ ਕਰੇਂ ਸੋ ਭਲਾ ਹੈ,ਪਰ ਇਹ ਸਮਝ ਗੁਰਾਂ ਦਾ ਸ਼ਬਦ ਸੁਣਨ ਵਾਲਿਆਂ ਨੂੰ ਆਈ ਹੈ। ਤੂੰ ਕਰਨ ਕਾਰਨ ਸਮਰੱਥ ਹੈਂ,ਤੇਰੇ ਤੋਂ ਬਿਨਾਂ ਦੂਜਾ ਕੋਈ ਨਹੀਂ। ਤੂੰ ਸੱਚਾ ਅਗੰਮ ਦਿਆਲੂ ਹੈਂ, ਸਭ ਦੁਨੀਆਂ ਤੈਨੂੰ ਧਿਆਉਂਦੀ ਹੈ। ਸਭ ਜੀਅ ਤੇਰੇ ਹਨ,ਤੂੰ ਸਾਰਿਆਂ ਦਾ ਮਾਲਿਕ ਹੈਂ, ਤੂੰ ਸਾਰਿਆਂ ਨੂੰ ਛੁਡਾਉਣ ਵਾਲਾ ਹੈਂ।

**ਸਲੋਕੁ ਮਃ ੪ ॥**

**ਸੁਣਿ ਸਾਜਨ ਪ੍ਰੇਮ ਸੰਦੇਸਰਾ ਅਖੀ ਤਾਰ ਲਗੰਨਿ ॥ ਗੁਰਿ ਤੁਠੈ ਸਜਣੁ ਮੇਲਿਆ ਜਨ ਨਾਨਕ ਸੁਖਿ ਸਵੰਨਿ ॥ ੧ ॥**

ਵਾਹਿਗੁਰੂ ਸੱਜਣ ਦਾ ਪ੍ਰੇਮ ਮਈ ਸੁਨੇਹਾ ਸੁਣਕੇ ਅੱਖਾਂ ਦੀ ਤਾਰ ਵਾਹਿਗੁਰੂ ਵਲ ਲੱਗ ਰਹੀ ਸੀ। ਜਦੋਂ ਗੁਰੂਜੀ ਪ੍ਰਸੰਨ ਹੋਏ ਵਾਹਿਗੁਰੂ ਨਾਲ ਮਿਲਾ ਦਿੱਤਾ। ਗੁਰੂ ਜੀ-ਫਿਰ ਓਹ ਦਾਸ ਸੁਖ ਵਿਚ ਸੌਂ ਗਏ।

**ਮਃ ੪ ॥ ਸਤਿਗੁਰੁ ਦਾਤਾ ਦਇਆਲੁ ਹੈ ਜਿਸਨੋ ਦਇਆ ਸਦਾ ਹੋਇ ॥ ਸਤਿਗੁਰੁ ਅੰਦਰਹੁ ਨਿਰਵੈਰੁ ਹੈ ਸਭ ਦੇਖੈ ਬ੍ਰਹਮੁ ਇਕੁ ਸੋਇ ॥ ਨਿਰਵੈਰਾ ਨਾਲਿ ਜਿ ਵੈਰੁ ਚਲਾਇਦੇ ਤਿਨ ਵਿਚਹੁ ਤਿਸਟਿਆ ਨ ਕੋਇ ॥ ਸਤਿਗੁਰ ਸਭਨਾ ਦਾ ਭਲਾ ਮਨਾਇਦਾ ਤਿਸਦਾ ਬੁਰਾ ਕਿਉ ਹੋਇ ॥ ਸਤਿਗੁਰ ਨੋ ਜੇਹਾ ਕੋ ਇਛਦਾ ਤੇਹਾ ਫਲੁ ਪਾਏ ਕੋਇ ॥ ਨਾਨਕ**

Digitized by Panjab Digital Library | www.panjabdigilib.org

**ਕਰਤਾ ਸਭੁ ਕਿਛੁ ਜਾਣਦਾ ਜਿਦੂ ਕਿਛੁ ਗੁਝਾ ਨ ਹੋਇ ॥੨॥**

ਸਤਿਗੁਰੂ ਦਾਤਾ ਦਿਆਲੂ ਹੈ, ਜਿਸ ਨੂੰ ਹਮੇਸ਼ਾਂ ਦਯਾ ਕਰਨੀ ਆਉਂਦੀ ਹੈ। ਸਤਿਗੁਰੂ ਅੰਦਰੋਂ ਨਿਰਵੈਰ ਹੈ, ਸਭਨਾਂ ਵਿਚ ਇੱਕ ਵਾਹਿਗੁਰੂ ਨੂੰ ਦੇਖਦਾ ਹੈ। ਜੋ ਨਿਰਵੈਰਾਂ ਨਾਲ ਵੈਰ ਰਖਣ ਵਾਲੇ ਹਨ, ਤਿਨ੍ਹਾਂ ਨੂੰ ਆਦਰ ਕੋਈ ਨਹੀਂ ਦੇਂਦਾ। ਸਤਿਗੁਰੂ ਸਾਰਿਆਂ ਦਾ ਭਲਾ ਮਨਾਉਂਦਾ ਹੈ,ਫਿਰ ਤਿਸ ਗੁਰੂ ਦਾ ਬੁਰਾ ਕਿਉਂ ਹੋਵੇ ? ਸਤਿਗੁਰੂ ਨੂੰ ਜੇਹਾ ਕੋਈ ਚਾਹੁੰਦਾ ਹੈ,ਓਹੋ ਜੇਹਾ ਹੀ ਕੋਈ ਫਲ ਪਾ ਲੈਂਦਾ ਹੈ। ਗੁਰੂ ਜੀ-ਵਾਹਿਗੁਰੂ ਸਭ ਕੁਛ ਜਾਣਦਾ ਹੈ, ਉਸ ਤੋਂ ਗੁੱਝਾ ਕੁਝ ਨਹੀਂ ਹੈ।

**ਪਉੜੀ ॥ ਜਿਸਨੋ ਸਾਹਿਬੁ ਵਡਾ ਕਰੇ ਸੋਈ ਵਡ ਜਾਣੀ ॥ ਜਿਸੁ ਸਾਹਿਬ ਭਾਵੈ ਤਿਸੁ ਬਖਸਿ ਲਏ ਸੋ ਸਾਹਿਬ ਮਨਿਭਾਣੀ ॥ ਜੇਕੋ ਓਸ ਦੀ ਰੀਸ ਕਰੇ ਸੋ ਮੂੜ ਅਜਾਣੀ। ਜਿਸਨੋ ਸਤਿਗੁਰੁ ਮੇਲੇ ਸੁ ਗੁਣ ਰਵੈ ਗੁਣ ਆਖਿ ਵਖਾਣੀ॥ ਨਾਨਕ ਸਦਾ ਸਚੁ ਹੈ ਬੁਝਿ ਸਚਿ ਸਮਾਣੀ ॥ ੫ ॥**

ਜਿਸਨੂੰ ਵਾਹਿਗੁਰੂ ਵੱਡਾ ਕਰੇ ਸੋਈ ਵੱਡਾ ਜਾਣੀਦਾ ਹੈ। ਜਿਸ ਨੂੰ ਵਾਹਿਗੁਰੂ ਚਾਹੁੰਦਾ ਹੈ,ਉਸ ਨੂੰ ਬਖਸ਼ ਲੈਂਦਾ ਹੈ ਅਰ ਉਸ ਦੀ ਹੀ ਕਰਨੀ ਵਾਹਿਗੁਰੂ ਦੇ ਮਨ ਚੰਗੀ ਲੱਗੀ ਹੈ। ਜੇਹੜਾ ਕੋਈ ਉਸਦੀ ਰੀਸ ਕਰੇ, ਸੋ ਬੜਾ ਮੂਰਖ ਹੈ। ਜਿਸ ਨੂੰ ਸਤਿਗੁਰੂ ਵਾਹਿਗੁਰੂ ਨਾਲ ਮੇਲਦੇ ਹਨ,ਓਸੇ ਨੂੰ ਹੀ ਗੁਣ (ਰਵੈ) ਪ੍ਰਾਪਤ ਹੁੰਦੇ ਹਨ,ਸੋ ਓਹੋ ਹੀ ਫਿਰ ਗੁਣਾਂ ਦਾ ਬਿਆਨ ਕਰਦਾ ਹੈ। ਗੁਰੂ ਜੀ-ਵਾਹਿਗੁਰੂ ਠੀਕ ਸੱਚਾ ਹੈ, ਜਿਨ੍ਹਾਂ ਨੂੰ ਈਕੁਨ ਦਾ ਭਰੋਸਾ ਹੋਯਾ ਹੈ ਓਨ੍ਹਾਂਦੀ ਬੁਧੀ ਕਿ ਸਮਝ ਸੱਚ ਵਿਚ ਸਮਾਈ ਹੈ।

**ਸਲੋਕ ਮਃ ੪ ॥ ਹਰਿ ਸਤਿ ਨਿਰੰਜਨ ਅਮਰੁ ਹੈ ਨਿਰਭਉ ਨਿਰਵੈਰੁ ਨਿਰੰਕਾਰੁ ॥ ਜਿਨ ਜਪਿਆ ਇਕ ਮਨਿ ਇਕ ਚਿਤਿ ਤਿਨ ਲਥਾ ਹਉਮੈ ਭਾਰੁ ॥ ਜਿਨ ਗੁਰਮੁਖਿ ਹਰਿ ਆਰਾਧਿਆ ਤਿਨ ਸੰਤ ਜਨਾ ਜੈਕਾਰੁ ॥ ਕੋਈ ਨਿੰਦਾ ਕਰੇ ਪੂਰੇ ਸਤਿਗੁਰੂ ਕੀ ਤਿਸਨੋ ਫਿਟੁ ਫਿਟੁ ਕਹੈ ਸਭੁ ਸੰਸਾਰੁ ॥ ਸਤਿਗੁਰ ਵਿਚਿ ਆਪਿ ਵਰਤਦਾ ਹਰਿ ਆਪੇ ਰਖਣਹਾਰੁ ॥ ਧਨੁ ਧੰਨੁ ਗੁਰੂ ਗੁਣ ਗਾਵਦਾ ਤਿਸਨੋ ਸਦਾ**

Digitized by Panjab Digital Library | www.panjabdigilib.org

**ਸਦਾ ਨਮਸਕਾਰੁ ॥ ਜਨ ਨਾਨਕ ਤਿਨ ਕਉ ਵਾਰਿਆ ਜਿਨ ਜਪਿਆ ਸਿਰਜਣਹਾਰੁ ॥ ੧ ॥**

ਵਾਹਿਗੁਰੂ ਸੱਚਾ, ਨਿਰੰਜਨ, ਅਮਰ, ਨਿਰਭੌ, ਨਿਰਵੈਰ, ਨਿਰੰਕਾਰ ਹੈ। ਜਿਨ੍ਹਾਂ ਨੇ ਇਕ ਮਨ ਇਕ ਚਿਤ ਹੋਕੇ ਜਪਿਆ ਹੈ ਤਿਨ੍ਹਾਂ ਦਾ ਹੰਗਤਾ ਮਮਤਾ ਭਾਰ ਲੱਥ ਗਿਆ ਹੈ। ਜਿਨ੍ਹਾਂ ਗੁਰਮੁਖਾਂ ਨੇ ਵਾਹਿਗੁਰੂ ਨੂੰ ਯਾਦ ਕੀਤਾ ਹੈ,ਤਿਨ੍ਹਾਂ ਸੰਤ ਜਨਾਂ ਦਾ ਜੈਕਾਰ ਹੁੰਦਾ ਹੈ। ਜੇ ਕੋਈ ੂਰੇ ਗੁਰਾਂ ਦੀ ਨਿੰਦਿਆ ਕਰੇ ਤਾਂ ਉਸ ਨੂੰ ਸਾਰਾ ਸੰਸਾਰ ਫਿੱਟ ਫਿੱਟ ਕਰਦਾ ਹੈ। ਵਾਹਿਗੁਰੂ ਸਤਿਗੁਰਾਂ ਵਿੱਚ ਆਪ ਵਰਤ ਰਿਹਾ ਹੈ ਅਤੇ ਆਪ ਹੀ ਰੱਖਿਆ ਕਰਨ ਵਾਲਾ ਹੈ। ਜੇਹੜਾ ਗੁਰਾਂ ਦੇ ਗੁਣ ਗਾਉਂਦਾ ਹੈ, ਓਹ ਧੰਨ ਹੈ,ਮੈਂ ਉਸਨੂੰ ਸਦਾ ਹ ਨਮਸਕਾਰ ਕਰਦਾ ਹਾਂ। ਗੁਰੂ ਜੀ–ਜਿਨ੍ਹਾਂ ਨੇ ਵਾਹਿਗੁਰੂ ਨੂੰ ਜਪਿਆ ਹੈ,ਮੈਂ ਓਹਨਾਂ ਤੋਂ ਵਾਰਨੇ ਜਾਂਦਾ ਹਾਂ।

**ਮਃ ੪ ॥ ਆਪੇ ਧਰਤੀ ਸਾਜੀਅਨੁ ਆਪੇ ਆਕਾਸੁ ॥ ਵਿਚਿ ਆਪੇ ਜੰਤ ਉਪਾਇਅਨੁ ਮੁਖਿ ਆਪੇ ਦੇਇ ਗਿਰਾਸੁ ॥ ਸਭੁ ਆਪੇ ਆਪਿ ਵਰਤਦਾ ਆਪੇ ਹੀ ਗੁਣਤਾਸੁ ॥ ਜਨ ਨਾਨਕ ਨਾਮੁ ਧਿਆਇ ਤੂ ਸਭਿ ਕਿਲ ਵਿਖ ਕਟੇ ਤਾਸੁ ॥੨॥**

ਵਾਹਿਗੁਰੂ ਨੇ ਆਪੇ ਹੀ ਧਰਤੀ ਸਾਜੀ ਅਤੇ ਆਪ ਹੀ ਅਕਾਸ।

ਆਪੇ ਹੀ ਵਿਚ ਜੀਅ ਉਪਾਏ ਹਨ ਅਤੇ ਆਪੇ ਹੀ ਮੂੰਹ ਵਿੱਚ ਗਿਰਾ-ਹਾਂਆਂ ਦੇਂਦਾ ਹੈ। ਸਾਰਿਆਂ ਜੀਵਾਂ ਵਿਚ ਆਪ ਹੀ ਵਰਤ ਰਿਹਾ ਹੈ ਅਤੇ ਆਪ ਹੀ ਗੁਣਾਂ ਦਾ ਤਾਸ = ਖਜ਼ਾਨਾ ਹੈ। ਗੁਰੂ ਜੀ–ਵਾਹਿਗੁਰੂ ਦਾ ਨਾਮ ਜਪ ਤੂੰ,ਜੇਹੜਾ ਜਪਦਾ ਹੈ ਉਸਦੇ ਸਭ ਪਾਪ ਦੂਰ ਹੋ ਜਾਂਦੇ ਹਨ।

**ਪਉੜੀ ॥ ਤੂ ਸਚਾ ਸਾਹਿਬੁ ਸਚੁ ਹੈ ਸਚੁ ਸਚੇ ਭਾਵੈ॥ ਜੋ ਤੁਧੁ ਸਚੁ ਸਲਾਹਦੇ ਤਿਨ ਜਮ ਕੰਕਰੁ ਨੇੜਿ ਨ ਆਵੈ ॥ ਤਿਨ ਕੇ ਮੁਖ ਦਰਿ ਉਜਲੇ ਜਿਨ ਹਰਿ ਹਿਰਦੈ ਸਚਾ ਭਾਵੈ ॥ ਕੂੜਿਆਰ ਪਿਛਾਹਾ ਸਟੀਅਨਿ ਕੂੜੁ ਹਿਰਦੈ ਕਪਟੁ ਮਹਾ ਦੁਖੁ ਪਾਵੈ ॥ ਮੁਹ ਕਾਲੇ ਕੂੜਿਆਰੀਆ ਕੂੜਿਆਰ ਕੂੜੋ ਹੋਇ ਜਾਵੈ ॥ ੬ ॥**

ਤੂੰ ਸੱਚਾ ਵਾਹਿਗੁਰੂ ਸੱਚਾ ਹੈਂ, ਤੈਨੂੰ ਸੱਚ ਬੋਲਣ ਵਾਲੇ ਚੰਗੇ ਲੱਗਦੇ

Digitized by Panjab Digital Library | www.panjabdigilib.org

ਹਨ। ਹੇ ਸੱਚੇ ਵਾਹਿਗੁਰੂ ਜੇੜ੍ਹੇ ਤੈਨੂੰ ਸਲਾਹੁੰਦੇ ਹਨ, ਤਿਨ੍ਹਾਂ ਦੇ ਜਮ ਕੰਕਰ ਨੇੜੇ ਨਹੀਂ ਆਉਂਦਾ। ਜਿਨ੍ਹਾਂ ਦੇ ਦਿਲ ਵਿੱਚ ਸੱਚਾ ਵਾਹਿਗੁਰੂ ਭਾਉਂਦਾ ਹੈ, ਓਨ੍ਹਾਂ ਦੇ ਮੂੰਹ ਦਰਗਾਹ ਵਿੱਚ ਉੱਜਲੇ ਹੁੰਦੇ ਹਨ। ਜੇਹੜੇ ਦਿਲ ਕਰ ਕਪਟ ਕਮਾਉਂਦੇ ਹਨ ਅਤੇ ਮੂੰਹੋਂ ਝੂਠ ਬੋਲਦੇ ਹਨ, ਓਹ ਝੂਠੇ ਸੰਤਾਂ ਦੇ ਬੂਹੇ ਤੋਂ ਪਿਛਾਂਹ ਕੀਤੇ ਜਾਂਦੇ ਹਨ ਅਤੇ ਅੰਤ ਨੂੰ ਦੁਖ ਪਾਉਂਦੇ ਹਨ। ਝੂਠਿਆਂ ਦੇ ਮੂੰਹ ਕਾਲੇ ਹੁੰਦੇ ਹਨ, ਕਿਉਂਕਿ ਝੂਠਿਆਂ ਦਾ ਕੰਮ ਝੂਠਾ ਹੀ ਹੋ ਜਾਂਦਾ ਹੈ।

**ਸਲੋਕ ਮਃ ੪ ॥ ਸਤਿਗੁਰੁ ਧਰਤੀ ਧਰਮ ਹੈ ਤਿਸੁ ਵਿਚਿ ਜੇਹਾ ਕੋ ਬੀਜੇ ਤੇਹਾ ਫਲੁ ਪਾਏ ॥ ਗੁਰਸਿਖੀ ਅੰਮ੍ਰਿਤੁ ਬੀਜਿਆ ਤਿਨ ਅੰਮ੍ਰਿਤ ਫਲੁ ਹਰਿਪਾਏ ॥ ਓਨ੍ਹਾ ਹਲਤਿ ਪਲਤਿ ਮੁਖ ਉਜਲੇ ਓਇ ਹਰਿ ਦਰਗਹ ਸਚੀ ਪੈਨ੍ਹਾਏ ॥ ਇਕਨ੍ਹਾ ਅੰਦਰਿ ਖੋਟੁ ਨਿਤ ਖੋਟੁ ਕਮਾਵਹਿ ਓਹੁ ਜੇਹਾ ਬੀਜੇ ਤੇਹਾ ਫਲੁ ਖਾਏ ॥ ਜਾ ਸਤਿਗੁਰੁ ਸਰਾਫੁ ਨਦਰਿ ਕਰਿ ਦੇਖੈ ਸੁਆਵਗੀਰ ਸਭਿ ਉਘੜਿ ਆਏ ॥ ਓਇ ਜੇਹਾ ਚਿਤਵਹਿ ਨਿਤ ਤੇਹਾ ਪਾਇਨਿ ਓਇ ਤੇਹੋ ਜੇਹੇ ਦਯਿ ਵਜਾਏ ॥ ਨਾਨਕ ਦੁਹੀ ਸਿਰੀ ਖਸਮੁ ਆਪੇ ਵਰਤੈ ਨਿਤ ਕਰਿ ਕਰਿ ਦੇਖੈ ਚਲਤ ਸਬਾਏ ॥ ੧ ॥**

ਸਤਿਗੁਰਾਂ ਵਿੱਚ ਧਰਤੀ ਵਾਂਙੂ ਧਰਮ (ਸੁਭਾਵ) ਹੈ, ਤਿਸ ਵਿੱਚ ਜੀਕੁਣ ਦੀ ਇੱਛਾ ਕਰਕੇ ਕੋਈ ਬੀਜ ਬੀਜਦਾ ਹੈ, ਓਹੋ ਜੇਹਾ ਫਲ ਪਾ ਲੈਂਦਾ ਹੈ। ਜਿਨ੍ਹਾਂ ਗੁਰ ਸਿੱਖਾਂ ਨੇ ਸਰਧਾ ਕਰਕੇ ਅੰਮ੍ਰਿਤ ਬੀਜ ਬੀਜਿਆ ਹੈ ਤਿਨ੍ਹਾਂ ਨੇ ਵਾਹਿਗੁਰੂ ਰੂਪ ਅੰਮ੍ਰਿਤ ਫਲ ਪਾ ਲਿਆ ਹੈ। ਓਨਾਂ ਦੇ ਦੋਹਾਂ ਲੋਕਾਂ ਵਿੱਚ ਮੂੰਹ ਉਜਲੇ ਹਨ ਅਤੇ ਓਨਾਂ ਨੂੰ ਵਾਹਿਗੁਰੂ ਦੀ ਸੱਚੀ ਦਰਗਾਹ ਤੋਂ ਇੱਜ਼ਤ ਰੂਪ ਪੁਸ਼ਾਕਾ ਪਾਉਣ ਨੂੰ ਮਿਲਦਾ ਹੈ।

ਇਕਨਾਂ ਮਨਮੁਖਾਂ ਦੇ ਦਿਲ ਖੋਟ ਹੈ,ਓਹ ਰੋਜ ਹੀ ਖੋਟ ਕਮਾਉਂਦੇ ਹਨ, ਓਹ ਜੇਹੋ ਜੇਹਾ ਬੀਜ ਬੀਜਦੇ ਹਨ, ਓਹੋ ਜੇਹਾ ਫਲ ਖਾਂਦੇ ਹਨ। ਜਦੋਂ ਸਤਿਗੁਰੂ ਸਰਾਫ ਨਜ਼ਰ ਕਰਕੇ ਦੇਖਦਾ ਹੈ ਤਾਂ ਸਭ ਮਤਲਬੀ ਪ੍ਰਗਟ ਹੋ ਜਾਂਦੇ ਹਨ। ਓਹ ਜੀਕੁਣ ਦਾ ਰੋਜ਼ ਚਿਤਵਦੇ ਹਨ,ਓਸੇਤਰਾਂ ਦਾ ਪਾ ਲੈਂਦੇ ਹਨ,ਤੇਹੋ ਜਹੇ ਓਹ ਵਾਹਿਗੁਰੂ ਨੇ ਪ੍ਰਗਟ ਕੀਤੇ ਹਨ। ਗੁਰੂ ਜੀ–

Digitized by Panjab Digital Library | www.panjabdigilib.org

ਦੋਹਾਂ ਪਾਸਿਆਂ ਵਲ ਵਾਹਿਗੁਰੂ ਆਪੇ ਹੀ ਵਰਤਦਾ ਹੈ, ਸਾਰੇ ਕੌਤਕ ਆਪੇ ਹੀ ਕਰਕੇ ਵੇਖਦਾ ਹੈ।

ਮਃ ੪ ॥ ਇਕੁ ਮਨੁ ਇਕੁ ਵਰਤਦਾ ਜਿਤੁ ਲਗੈ ਸੋ ਥਾਇ ਪਾਇ ॥ ਕੋਈ ਗਲਾ ਕਰੇ ਘਨੇਰੀਆ ਜਿ ਘਰਿ ਵਥੁ ਹੋਵੈ ਸਾਈ ਖਾਇ ॥ ਬਿਨੁ ਸਤਿਗੁਰ ਸੋਝੀ ਨਾ ਪਵੈ ਅਹੰਕਾਰੁ ਨ ਵਿਚਹੁ ਜਾਇ ॥ ਅਹੰਕਾਰੀਆ ਨੋ ਦੁਖ ਭੁਖ ਹੈ ਹਥੁ ਤਡਹਿ ਘਰਿ ਘਰਿ ਮੰਗਾਇ ॥ ਕੂੜੁ ਠਗੀ ਗੁਝੀ ਨਾ ਰਹੈ ਮੁਲੰਮਾ ਪਾਜੁ ਲਹਿ ਜਾਇ ॥ ਜਿਸੁ ਹੋਵੈ ਪੂਰਬਿ ਲਿਖਿਆ ਤਿਸੁ ਸਤਿਗੁਰੁ ਮਿਲੈ ਪ੍ਰਭੁ ਆਇ ॥ ਜਿਉ ਲੋਹਾ ਪਾਰਸਿ ਭੇਟੀਐ ਮਿਲਿ ਸੰਗਤਿ ਸੁਵਰਨੁ ਹੋਇ ਜਾਇ ॥ ਜਨ ਨਾਨਕ ਕੇ ਪ੍ਰਭ ਤੂ ਧਣੀ ਜਿਉ ਭਾਵੈ ਤਿਵੈ ਚਲਾਇ ॥ ੨ ॥

ਮਨ ਇੱਕ ਹੈ ਅਰ ਇੱਕ ਹੀ ਪਾਸੇ ਇਹ ਲਗ ਸਕਦਾ ਹੈ, ਜਿਸ ਪਾਸੇ ਲਗ ਜਾਵੇ,ਓਸੇ ਥਾਂ ਨੂੰ ਪਾ ਲੈਂਦਾ ਹੈ, ਭਾਵ ਸੰਸਾਰ ਵੱਲ ਲੱਗੇ ਸੰਸਾਰ ਨੂੰ, ਵਾਹਿਗੁਰੂ ਵਲ ਲੱਗੇ ਵਾਹਿਗੁਰੂ ਨੂੰ ਪਾ ਲੈਂਦਾ ਹੈ।

ਭਾਵੇਂ ਕੋਈ ਅਨੇਕ ਗੱਲਾਂ ਅੰਨ ਖਾਣ ਦੀਆਂ ਕਰੇ, ਪਰ ਜੋ ਚੀਜ਼ ਘਰ ਵਿੱਚ ਹੋਵੇ ਸੋਈ ਖਾਣ ਨੂੰ ਮਿਲਦੀ ਹੈ। ਗੁਰਾਂ ਤੋਂ ਬਿਨਾਂ ਸਮਝ ਨਹੀਂ ਪੈਂਦੀ ਅਰ ਨਾ ਹੀ ਵਿੱਚੋਂ ਹੰਕਾਰ ਜਾਂਦਾ ਹੈ। ਹੰਕਾਰੀਆਂ ਨੂੰ ਦੁਖ ਭੁਖ ਹੈ, ਹੱਥ ਟੱਡਦੇ ਘਰ ਘਰ ਮੰਗਦੇ ਹਨ। ਕੂੜੀ ਠਗੀ ਛਿਪੀ ਨਹੀਂ ਰਹਿੰਦੀ,ਮੁਲੰਮਾ ਪਾਜ ਲਹਿ ਜਾਂਦਾ ਹੈ। ਜਿਸਦਾ ਪਹਿਲੋਂ ਹੀ ਚੰਗਾ ਲੇਖ ਲਿਖਿਆ ਹੋਵੇ, ਤਿਸ ਨੂੰ ਸਮਰੱਥ ਸਤਿਗੁਰੂ ਆ ਮਿਲਦਾ ਹੈ।

ਜੀਕਣ ਲੋਹਾ ਪਾਰਸ ਛੋਹਣ ਨਾਲ ਸੋਨਾ ਹੋ ਜਾਂਦਾ ਹੈ,ਈਕੁਣ ਹੀ ਜੀਵ ਸੰਗਤ ਨਾਲ ਮਿਲਕੇ ਚੰਗੇ ਗੁਣਾਂ ਵਾਲਾ ਹੋ ਜਾਂਦਾ ਹੈ। ਗੁਰੂ ਜੀ- ਹੇ ਵਾਹਿਗੁਰੂ! ਮੇਰੇ ਦਾਸ ਦੇ ਤਾਂ ਆਪ ਹੀ ਧਨੀ ਹੋ ਜਿਸ ਤਰਾਂ ਚਾਹੋ ਓਸੇ ਤਰਾਂ ਚਲਾਵੋ।

ਪਉੜੀ ॥ ਜਿਨ ਹਰਿ ਹਿਰਦੈ ਸੇਵਿਆ ਤਿਨ ਹਰਿ ਆਪਿ ਮਿਲਾਇਆ ॥ ਗੁਣ ਕੀ ਸਾਝ ਤਿਨ ਸਿਉ ਕਰੀ ਸਭਿ

Digitized by Panjab Digital Library | www.panjabdigilib.org

ਅਵਗਣ ਸਬਦਿ ਜਲਾਏ ॥ ਅਉਗਣ ਵਿਕਣਿ ਪਲਰੀ ਜਿਸੁ ਦੇਹਿ ਸੁ ਸਚੇ ਪਾਏ ॥ ਬਲਿਹਾਰੀ ਗੁਰ ਆਪਣੇ ਜਿਨਿ ਅਉਗਣ ਮੇਟਿ ਗੁਣ ਪਰਗਟੀ ਆਏ ॥ ਵਡੀ ਵਡਿਆਈ ਵਡੇ ਕੀ ਗੁਰਮੁਖਿ ਆਲਾਏ ॥ ੭ ॥

ਵਿਕਣ = ਵਿਕ ਗਏ ॥ ਪਲਰੀ = ਖਾਲੀ, ਪਰਾਲੀ ॥

ਜਿਨ੍ਹਾਂ ਨੇ ਰਿਦੇ ਵਿੱਚ ਵਾਹਿਗੁਰੂ ਨੂੰ ਯਾਦ ਕੀਤਾ ਹੈ, ਤਿਨ੍ਹਾਂ ਨੂੰ ਵਾਹਿਗੁਰੂ ਆਪ ਮਿਲਾ ਲੈਂਦਾ ਹੈ। ਜਿਨ੍ਹਾਂ ਨੇ ਓਨ੍ਹਾਂ ਨਾਲ ਗੁਣਾ ਦੀ ਸਾਂਝ ਭਿਆਲੀ ਕੀਤੀ ਹੈ, ਓਨਾਂ ਦੇ ਓਨਾਂ ਨੇ ਸਾਰੇ ਔਗਣ ਉਪਦੇਸ਼ ਦੇਕੇ ਸਾੜ ਦਿੱਤੇ ਹਨ। ਔਗਣ ਖਾਲੀ ਪਰਾਲੀ ਵਾਂਙੂ ਜਾਣ ਕੇ ਛੱਡ ਦਿੱਤੇ ਹਨ, ਵਾਹਿਗੁਰੂ ਜਿਸ ਨੂੰ ਗੁਣ ਦੇਵੇ ਓਹੋ ਸਚੇ ਗੁਣਾਂ ਨੂੰ ਪਾਉਂਦਾ ਹੈ।

ਆਪਣੇ ਗੁਰਾਂ ਤੋਂ ਬਲਿਹਾਰੇ ਜਾਈਏ, ਜਿਨ੍ਹਾਂ ਨੇ ਔਗੁਣ ਦੂਰ ਕਰਕੇ ਗੁਣਪ੍ਰਗਟ ਕਰ ਦਿੱਤੇ ਹਨ। ਵੱਡੇ ਦੀ ਵੱਡੀ ਹੀ ਵਡਿਆਈ ਹੈ, ਗੁਰਮੁਖ ਹੀ ਉਚਾਰਦੇ ਹਨ ॥ ੭ ॥

ਸਲੋਕ ਮਃ ੪ ॥ ਸਤਿਗੁਰ ਵਿਚਿ ਵਡੀ ਵਡਿਆਈ ਜੋ ਅਨਦਿਨੁ ਹਰਿ ਹਰਿ ਨਾਮੁ ਧਿਆਵੈ ॥ ਹਰਿ ਹਰਿ ਨਾਮੁ ਰਮਤ ਸੁਚ ਸੰਜਮੁ ਹਰਿ ਨਾਮੇ ਹੀ ਤ੍ਰਿਪਤਾਵੈ ॥ ਹਰਿਨਾਮੁ ਤਾਣੁ ਹਰਿਨਾਮੁ ਦੀਬਾਣੁ ਹਰਿ ਨਾਮੋ ਰਖ ਕਰਾਵੈ ॥ ਜੋ ਚਿਤੁ ਲਾਇ ਪੂਜੇ ਗੁਰ ਮੂਰਤਿ ਸੋ ਮਨਿ ਇਛੇ ਫਲ ਪਾਵੈ ॥ ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ ਤਿਸੁ ਕਰਤਾ ਮਾਰ ਦਿਵਾਵੈ ॥ ਫੇਰਿ ਓਹ ਵੇਲਾ ਓਸੁ ਹਥਿ ਨ ਆਵੈ ਓਹੁ ਆਪਣਾ ਬੀਜਿਆ ਆਪੇ ਖਾਵੈ ॥ ਨਰਕਿ ਘੋਰਿ ਮੁਹਿ ਕਾਲੈ ਖੜਿਆ ਜਿਉ ਤਸਕਰੁ ਪਾਇ ਗਲਾਵੈ ॥ ਫਿਰ ਸਤਿਗੁਰ ਕੀ ਸਰਣੀ ਪਵੈ ਤਾ ਉਬਰੈ ਜਾ ਹਰਿ ਹਰਿ ਨਾਮੁ ਧਿਆਵੈ ॥ ਹਰਿ ਬਾਤਾ ਆਖਿ ਸੁਣਾਏ ਨਾਨਕੁ ਹਰ ਕਰਤੇ ਏਵੈ ਭਾਵੈ ॥ ੧ ॥

ਗੁਰਾਂ ਵਿੱਚ ਵੱਡੀ ਵਡਿਆਈ ਹੈ, ਜੋ ਰਾਤ ਦਿਨੇ ਵਾਹਿਗੁਰੂ ਦਾ

Digitized by Panjab Digital Library | www.panjabdigilib.org

ਨਾਮ ਧਿਆਉਂਦੇ ਹਨ। ਵਾਹਿਗੁਰੂ ਦਾ ਨਾਮ ਜਪਦੇ ਹਨ ਅਤੇ ਸੰਜਮ ਰੱਖਦੇ ਹਨ ਅਰ ਵਾਹਿਗੁਰੂ ਦੇ ਨਾਮ ਕਰਕੇ ਹੀ ਰੱਜੇ ਰਹਿੰਦੇ ਹਨ ।

ਵਾਹਿਗੁਰੂ ਦਾ ਨਾਮ ਹੀ ਬਲ, ਵਾਹਿਗੁਰੂ ਦਾ ਨਾਮ ਹੀ ਆਸਰਾ ਅਤੇ ਵਾਹਿਗੁਰੂ ਦਾ ਨਾਮ ਹੀ ਰੱਖਿਆ ਕਰਨ ਵਾਲਾ ਜਾਣਦੇ ਹਨ।

ਈਕੁਣਦੇ ਪੂਰੇਗੁਰਾਂਦੀ ਮੂਰਤੀਨੂੰ ਜੇਹੜਾ ਆਦਮੀਚਿਤਲਾਕੇ ਪੂਜਦਾਹੈ, ਓਹ ਮਨ ਭਾਵਤ ਫਲ ਪਾਉਂਦਾ ਹੈ। ਈਕੁਣ ਦੇ ਪੂਰੇ ਗੁਰਾਂ ਦੀ ਜੇਹੜਾ ਨਿੰਦਿਆ ਕਰਦਾ ਹੈ, ਉਸ ਨੂੰ ਵਾਹਿਗੁਰੂ ਮਾਰ ਪਵਾਉਂਦਾ ਹੈ। ਫਿਰ ਉਸ ਨੂੰ ਓਹ ਵੇਲਾ ਹੱਥ ਨਹੀਂ ਆਉਂਦਾ, ਆਪਣਾ ਬੀਜਿਆ ਆਪੇ ਹੀ ਖਾਂਦਾ ਹੈ। ਕਾਲੇ ਮੂੰਹ ਵਾਲੇ ਨੂੰ ਘੋਰ ਨਰਕ ਵਿੱਚ ਜਮਦੂਤਾਂ ਨੇ ਖੜਿਆ, ਜੀਕੁਣ ਗਲ ਵਿੱਚ ਗਲਾਵਾਂ ਪਾਕੇ ਚੋਰ ਨੂੰ ਲੈ ਜਾਈਦਾ ਹੈ।

ਜੇ ਗੁਰਾਂ ਦੀ ਸ਼ਰਨ ਪੈ ਕੇ ਵਾਹਿਗੁਰੂ ਦਾ ਨਾਮ ਜਪੇ ਤਾਂ ਬਚ ਜਾਂਦਾ ਹੈ।

ਗੁਰੂ ਜੀ—ਮੈਂ ਜੇਹੜੀਆਂ ਵਾਹਿਗੁਰੂ ਕਰਤੇ ਦੀਆਂ ਬਾਤਾਂ ਆਖਕੇ ਸੁਣਾਈਆਂਹਨ ਇਹ ਵਾਹਿਗੁਰੂ ਨੂੰ ਈਕਣ ਹੀ ਭਾਉਂਦੀਆਂ ਹਨ।

**ਮਃ ੪ ॥ ਪੂਰੇ ਗੁਰ ਕਾ ਹੁਕਮ ਨ ਮੰਨੈ ਓਹੁ ਮਨਮੁਖ ਅਗਿਆਨੁ ਮੁਠਾ ਬਿਖੁ ਮਾਇਆ ॥ ਓਸੁ ਅੰਦਰਿ ਕੂੜੁ ਕੂੜੋ ਕਰਿ ਬੁਝੈ ਅਣਹੋਦੇ ਝਗੜੇ ਦਯਿ ਓਸਦੈ ਗਲਿ ਪਾਇਆ॥ ਓਹੁ ਗਲ ਫਰੋਸੀ ਕਰੇ ਬਹੁਤੇਰੀ ਓਸਦਾ ਬੋਲਿਆ ਕਿਸੈ ਨ ਭਾਇਆ ॥ ਓਹੁ ਘਰਿ ਘਰਿ ਹੰਢੈ ਜਿਉ ਰੰਨ ਦੋਹਾਗਣਿ ਓਸ ਨਾਲਿ ਮੁਹੁ ਜੋੜੇ ਓਸੁ ਭੀ ਲਛਣੁ ਲਾਇਆ ॥ ਗੁਰ ਮੁਖਿ ਹੋਇ ਸੁ ਅਲਿਪਤੋ ਵਰਤੈ ਓਸੁ ਦਾ ਪਾਸੁ ਛਡਿ ਗੁਰ ਪਾਸਿ ਬਹਿ ਜਾਇਆ ॥ ਜੋ ਗੁਰੁ ਗੋਪੇ ਆਪਣਾ ਸੁ ਭਲਾ ਨਾਹੀ ਪੰਚਹੁ ਓਨਿ ਲਾਹਾ ਮੂਲੁ ਸਭੁ ਗਵਾਇਆ ॥ ਪਹਿਲਾ ਅਗਮੁ ਨਿਗਮੁ ਨਾਨਕੁ ਆਖਿ ਸੁਣਾਏ ਪੂਰੇ ਗੁਰ ਕਾ ਬਚਨੁ ਉਪਰਿ ਆਇਆ ॥ ਗੁਰ ਸਿਖਾ ਵਡਿਆਈ ਭਾਵੈ ਗੁਰਪੂਰੇ ਕੀ ਮਨਮੁਖਾ ਓਹ ਵੇਲਾ ਹਥਿ ਨ ਆਇਆ ॥ ੨ ॥**

Digitized by Panjab Digital Library | www.panjabdigilib.org

ਜੇਹੜਾ ਪੂਰੇ ਗੁਰਾਂ ਦਾ ਹੁਕਮ ਨਹੀਂ ਮੰਨਦਾ,ਓਹ ਮਨਮੁਖ ਅਗਯਾਨ ਦਾ ਲੁੱਟਿਆ ਹੋਯਾ ਵਿਹੁ ਰੂਪ ਮਾਇਆ ਵਿੱਚ ਲਗ ਗਿਆ ਹੈ। ਉਸ ਦੇ ਅੰਦਰ ਝੂਠ ਹੈ,ਓਹ ਸੱਚੇ ਬਚਨਾਂ ਨੂੰ ਵੀ ਝੂਠੇ ਕਰਕੇ ਸਮਝਦਾ ਹੈ, ਵਾਹਿਗੁਰੂ ਨੇ ਬਿਅਰਥ ਝਗੜਿਆਂ ਨੂੰ ਉਸਦੇ ਗਲ ਪਾ ਦਿੱਤਾ ਹੈ। ਓਹ ਬਹੁਤ ਗੱਲਾਂ ਵੇਚਦਾ ਹੈ ਭਾਵ ਬੜੀਆਂ ਗੱਪਾਂ ਮਾਰਕੇ ਰੋਟੀਆਂ ਖਾਂਦਾ ਹੈ, ਉਸਦਾ ਬੋਲਿਆ ਕਿਸੇ ਨੂੰ ਨਹੀਂ ਭਾਉਂਦਾ। ਓਹ ਘਰ ੨ ਦੁਹਾਗਣਿ ਇਸਤ੍ਰੀ ਵਾਕੂੰ ਫਿਰਦਾ ਹੈ ਅਰ ਜੇਹੜਾ ਆਦਮੀ ਉਸ ਨਾਲ ਮੂੰਹ ਜੋੜਦਾ ਕੀ ਮੇਲ ਕਰਦਾ ਹੈ ਉਸਨੂੰ ਵੀ ਓਹ ਕੁਝ ਕੁਲੱਛਣ ਲਾ ਦੇਂਦਾ ਹੈ। ਜੇਹੜਾ ਗੁਰਮੁਖ ਹੁੰਦਾ ਹੈ ਸੋ ਉਸ ਨਾਲੋਂ ਵਖਰਾ ਹੋ ਜਾਂਦਾ ਹੈ, ਮਨਮੁਖ ਦਾ ਪਾਸਾ ਛੱਡਕੇ ਗੁਰਾਂ ਪਾਸ ਬਹਿ ਜਾਂਦਾ ਹੈ। ਹੇ ਸੰਤੋ ! ਜੇਹੜਾ ਆਪਣੇ ਗੁਰੂ ਨੂੰ ਛਪਾਉਂਦਾ ਹੈ, ਓਹ ਭਲਾ ਨਹੀਂ, ਉਸਨੇ ਲਾਭ ਤੇ ਮੂਲ ਸਭ ਗਵਾ ਲਿਆ ਹੈ। ਗੁਰੂ ਰਾਮਦਾਸ ਜੀ ਆਖਦੇ ਹਨ ਗੁਰੂ ਨਾਨਕ ਦੇਵ ਜੀ ਨੇ ਪਹਿਲਾਂ ਹੀ ਅਗਮ ਨਿਗਮ ਕੀ ਵੇਦਾਂ ਸ਼ਾਸ਼ਤ੍ਰਾਂ ਦੇ ਪ੍ਰਸੰਗ ਆਖਕੇ ਸੁਣਾਏ ਕਿ ਪੂਰੇ ਗੁਰਾਂ ਦਾ ਬਚਨ ਸਭ ਤੋਂ ਉਪਰ ਆਉਂਦਾ ਕੀ ਵੱਡਾ ਹੁੰਦਾ ਹੈ।

ਗੁਰੂ ਦੇ ਸਿੱਖਾਂ ਨੂੰ ਪੂਰੇ ਗੁਰਾਂ ਦੀ ਵਡਿਆਈ ਭਾਉਂਦੀ ਹੈ ਅਤੇ ਮਨ ਮੁਖਾਂ ਨੂੰ ਓਹ ਵੇਲਾ ਵਡਿਆਈ ਕਰਨ ਦਾ ਵਾ ਵਿਛੋੜੇ ਦਾ ਹੱਥ ਨਹੀਂ ਆਉਂਦਾ ਹੈ।

**ਪਉੜੀ ॥ ਸਚੁ ਸਚਾ ਸਭਦੂ ਵਡਾ ਹੈ ਸੋ ਲਏ ਜਿਸੁ ਸਤਿਗੁਰੁ ਟਿਕੇ॥ ਸੋ ਸਤਿਗੁਰੁ ਜਿ ਸਚੁ ਧਿਆਇਦਾ ਸਚੁ ਸਚਾ ਸਤਿਗੁਰੁ ਇਕੇ ॥ ਸੋਈ ਸਤਿਗੁਰੁ ਪੁਰਖੁ ਹੈ ਜਿਨਿ ਪੰਜੇ ਦੂਤ ਕੀਤੇ ਵਸਿ ਛਿਕੇ ॥ ਜਿ ਬਿਨੁ ਸਤਿਗੁਰ ਸੇਵੇ ਆਪੁ ਗਣਾਇਦੇ ਤਿਨ ਅੰਦਰਿ ਕੂੜੁ ਫਿਟੁ ਫਿਟੁ ਮੁਹ ਫਿਕੇ ॥ ਓਇ ਬੋਲੇ ਕਿਸੈ ਨ ਭਾਵਨੀ ਮੁਹ ਕਾਲੇ ਸਤਿਗੁਰ ਤੇ ਚੁਕੇ ॥ ੯ ॥**

ਸੱਚਾ ਵਾਹਿਗੁਰੂ ਸਭ ਤੋਂ ਵੱਡਾ ਹੈ ਸੋ ਆਦਮੀ ਉਸ ਨੂੰ ਲਭ ਲੈਂਦਾ ਹੈ, ਜਿਸ ਨੂੰ ਸਤਿਗੁਰੂ ਇਸਥਿਤ ਕਰਨ ਯਾ ਗੁਰੂ ਸਿਖਿਆ ਰੂਪ ਤਿਲਕ ਦੇਣ। ਜੇਹੜਾ ਵਾਹਿਗੁਰੂ ਨੂੰ ਯਾਦ ਰੱਖਦਾ ਹੈ, ਸੋ ਗੁਰੂ ਹੈ ਅਤੇ ਵਾਹਿ ਗੁਰੂ ਤੇ ਗੁਰੂ ਇਕ ਹੀ ਹੈ ਦੋ ਨਹੀਂ। ਜਿਸ ਨੇ ਪੰਜੇ ਦੂਤ ਖਿੱਚਕੇ ਵੱਸ ਕੀਤੇ ਹਨ, ਸੋਈ ਸਤਿਗੁਰੂ ਪੁਰਖ ਹੈ। ਜੇਹੜੇ ਗੁਰਾਂ ਨੂੰ ਸੇਵਣ

Digitized by Panjab Digital Library | www.panjabdigilib.org

ਤੋਂ ਬਿਨਾ ਆਪਣੇ ਆਪ ਨੂੰ ਗਿਣਾਉਂਦੇ ਹਨ,ਓਹਨਾਂ ਦੇ ਅੰਦਰ ਝੂਠ ਹੈ ਅਤੇ ਮੂੰਹੋਂ ਫਿਕੇ ਹਨ, ਇਸਲਈ ਫਿਟ ੨ ਹੁੰਦੀ ਹੈ। ਓਹ ਮੂੰਹ ਕਾਲੇ ਵਾਲੇ ਕਿਸੇ ਨੂੰ ਬੋਲੇ ਨਹੀਂ ਭਉਂਦੇ, ਕਿਉਂਕਿ ਓਹ ਸਤਿਗੁਰਾਂ ਤੋਂ ਭੁਲੇ ਹੋਏ ਹਨ।

**ਸਲੋਕੁ ਮਃ ੪ ॥ ਹਰਿ ਪ੍ਰਭਕਾ ਸਭੁ ਖੇਤੁ ਹੈ ਹਰਿ ਆਪਿ ਕਿਰਸਾਣੀ ਲਾਇਆ ॥ ਗੁਰਮੁਖਿ ਬਖਸਿ ਜਮਾਈ-ਅਨੁ ਮਨਮੁਖੀ ਮੂਲੁ ਗਵਾਇਆ ॥ ਸਭੁ ਕੋ ਬੀਜੇ ਆਪਣੇ ਭਲੇ ਨੋ ਹਰਿ ਭਾਵੈ ਸੋ ਖੇਤੁ ਜਮਾਇਆ ॥ ਗੁਰ ਸਿਖੀ ਹਰਿ ਅੰਮ੍ਰਿਤੁ ਬੀਜਿਆ ਹਰਿ ਅੰਮ੍ਰਿਤੁ ਨਾਮੁ ਫਲੁ ਅੰਮ੍ਰਿਤੁ ਪਾਇਆ ॥ ਜਮੁ ਚੂਹ ਕਿਰਸ ਨਿਤ ਕੁਰਕ ਦਾਹਰਿ ਕਰਤੈ ਮਾਰਿ ਕਢਾਇਆ॥ਕਿਰਸਾਣੀ ਜੰਮੀ ਭਾਉ ਕਰਿ ਹਰਿ ਬੋਹਲ ਬਖਸ ਜਮਾਇਆ॥ਤਿਨ ਕਾ ਕਾੜਾ ਅੰਦੇਸਾ ਸਭੁ ਲਾਹਿਓਨੁ ਜਿਨੀ ਸਤਿਗੁਰੁ ਪੁਰਖੁ ਧਿਆਇਆ ॥ ਜਨ ਨਾਨਕ ਨਾਮੁ ਅਰਾਧਿਆ ਆਪਿ ਤਰਿਆ ਸਭੁ ਜਗਤੁ ਤਰਾਇਆ ॥ ੧ ॥**

ਸਾਰਾ ਸੰਸਾਰ ਵਾਹਿਗੁਰੂ ਦਾ ਖੇਤ ਹੈ, ਕੰਮਾਂ ਰੂਪ ਕਿਰਸਾਣੀ ਵਿੱਚ ਸਾਰੇ ਜੀਵਾਂ ਨੂੰ ਵਾਹਿਗੁਰੂ ਨੇ ਲਾ ਛੱਡਿਆ ਹੈ। ਗੁਰਮੁਖਾਂ ਨੂੰ ਜੇਹੜੀ ਬਖਸ਼ਸ਼ ਮਿਲੀ ਹੈ, ਇਹ ਖੇਤੀ ਜਮਾਇ ਲਈ ਹੈ ਅਤੇ ਮਨਮੁਖਾਂ ਨੇ ਸ੍ਵਾਸਾਂ ਰੂਪ ਮੂਲ ਗਵਾ ਲਿਆ ਹੈ। ਹਰ ਇੱਕ ਆਪਣੇ ਭਲੇ ਨੂੰ ਬੀਜਦਾ ਹੈ, ਪਰ ਜੋ ਵਾਹਿਗੁਰੂ ਨੂੰ ਭਾਵੇ ਓਹ ਖੇਤ ਜਮਾਉਂਦਾ ਹੈ। ਗੁਰਮੁਖਾਂ ਨੇ ਅੰਮ੍ਰਿਤ ਵੇਲੇ ਵਾਹਿਗੁਰੂ ਦਾ ਨਾਮ ਅੰਮ੍ਰਿਤ ਬੀਜਿਆ = ਜਪਿਆ ਤੇ ਗਿਆਨ ਫਲ ਪਾ ਲਿਆ ਤੇ ਅਮਰ ਹੋ ਗਏ। ਉਮਰ ਰੂਪ ਖੇਤੀ ਨੂੰ ਰੋਜ਼ ਹੀ ਜਮ ਰੂਪ ਚੂਹਾ ਟੁਕਦਾ ਸੀ, ਵਾਹਿਗੁਰੂ ਨੇ ਮਾਰ ਕੇ ਰਿਦੇ ਵਿੱਚੋਂ ਬਾਹਰ ਕੱਢ ਦਿੱਤਾ। ਪ੍ਰੇਮ ਕਰਕੇ ਬੜੀ ਖੇਤੀ ਜੰਮੀ, ਵਾਹਿਗੁਰੂ ਦੀ ਬਖਸ਼ਸ਼ ਦੇ ਬੋਹਲ ਦਾ ਢੇਰ ਲਗ ਗਿਆ। ਜਿਨ੍ਹਾਂ ਨੇ ਸਤਿਗੁਰ ਪੁਰਖ ਨੂੰ ਯਾਦ ਕੀਤਾ ਹੈ, ਓਨ੍ਹਾਂ ਦਾ ਝੋਰਾ, ਸੰਸਾ ਸਭ ਦੂਰ ਕਰ ਦਿੱਤਾ।

ਗੁਰੂ ਜੀ—ਜਿਸ ਨੇ ਨਾਮ ਧਿਆਇਆ ਹੈ, ਓਹ ਆਪ ਤਰ ਗਿਆ ਅਰ ਸਾਰੇ ਸੰਸਾਰ ਨੂੰ ਤਾਰ ਗਿਆ।

Digitized by Panjab Digital Library | www.panjabdigilib.org

ਮਃ ੪ ॥ ਸਾਰਾ ਦਿਨੁ ਲਾਲਚਿ ਅਟਿਆ ਮਨਮੁਖਿ ਹੋਰੇ ਗਲਾ ॥ ਰਾਤੀ ਊਘੈ ਦਬਿਆ ਨਵੈ ਸੋਤ ਸਭਿ ਢਿਲਾ॥ ਮਨਮੁਖਾ ਦੈ ਸਿਰਿ ਜੋਰਾ ਅਮਰੁ ਹੈ ਨਿਤ ਦੇਵਹਿ ਭਲਾ ॥ ਜੋਰਾ ਦਾ ਆਖਿਆ ਪੁਰਖ ਕਮਾਵਦੇ ਸੇ ਅਪਵਿਤ ਅਮੇਧ ਖਲਾ ॥ ਕਾਮਿ ਵਿਆਪੇ ਕੁਸੁਧ ਨਰ ਸੇ ਜੋਰਾ ਪੁਛਿ ਚਲਾ ॥ ਸਤਿਗੁਰ ਕੈ ਆਖਿਐ ਜੋ ਚਲੈ ਸੋ ਸਤਿਪੁਰਖੁ ਭਲ ਭਲਾ ॥ ਜੋਰਾ ਪੁਰਖੁ ਸਭਿ ਆਪਿ ਉਪਾਇਅਨੁ ਹਰਿ ਖੇਲ ਸਭਿ ਖਿਲਾ॥ ਸਭ ਤੇਰੀ ਬਣਤ ਬਣਾਵਣੀ ਨਾਨਕ ਭਲ ਭਲਾ ॥ ੨ ॥

ਅਮੇਧ = ਬੁਧੀ ਹੀਨ । ਖਲਾ = ਮੂਰਖ ।

ਸਾਰਾ ਦਿਨ ਲਾਲਚ ਵਿੱਚ ਦੱਬਿਆ ਹੋਇਆ ਮਨਮੁਖ ਵਾਹਿਗੁਰੂ ਤੋਂ ਬਿਨਾ ਹੋਰ ਹੀ ਗੱਲਾਂ ਕਰਦਾ ਰਹਿੰਦਾ ਹੈ। ਰਾਤ ਨੂੰ ਨੀਂਦ ਦਾ ਦਬਾਇਆ ਰਹਿੰਦਾ ਹੈ, ਇਸ ਲਈ ਨਵੇਂ ਹੀ ਇੰਦ੍ਰੀਆਂ ਅਤੇ ਸਰੀਰ ਸਾਰਾ ਢਿੱਲਾ ਹੋ ਜਾਂਦਾ ਹੈ। ਮਨਮੁਖਾਂ ਦੇ ਸਿਰ ਤੇ ਇਸਤ੍ਰੀਆਂ ਦਾ ਹੁਕਮ ਹੈ, ਰੋਜ਼ ਚੰਗਾ ਚੰਗਾ ਪਦਾਰਥ ਲਿਆ ਕੇ ਦੇਂਦੇ ਹਨ। ਜੇਹੜੇ ਆਦਮੀ ਇਸਤ੍ਰੀਆਂ ਦਾ ਕਹਿਣਾ ਮੰਨਦੇ ਹਨ, ਓਹ ਅਪਵਿੱਤ੍ਰ ਅਕਲ ਤੋਂ ਹੀਨ ਮੂਰਖ ਹਨ। ਜਿਨ੍ਹਾਂ ਕੁਸੁੱਧ ਆਦਮੀਆਂ ਦੇ ਅੰਦਰ ਕਾਮ ਵਿਆਪਿਆ ਹੋਯਾ ਹੈ, ਓਹ ਔਰਤਾਂ ਨੂੰ ਪੁੱਛਕੇ ਟੁਰਦੇ ਹਨ। ਜੇਹੜਾ ਸਤਿਗੁਰਾਂ ਦੇ ਕਹਿਣੇ ਵਿੱਚ ਚਲਦਾ ਹੈ, ਓਹ ਸੱਚਾ ਵੱਡਾ ਆਦਮੀ ਭਲੇ ਤੋਂ ਭਲਾ ਹੈ।

ਇਸਤ੍ਰੀਆਂ ਪੁਰਖ ਸਭ ਆਪ ਹੀ ਪ੍ਰਗਟ ਕੀਤੇ ਹਨ, ਇਹ ਖੇਲ ਸਾਰਾ ਵਾਹਿਗੁਰੂ ਨੇ ਖੇਡਿਆ ਹੈ। ਗੁਰੂ ਜੀ—ਹੇ ਵਾਹਿਗੁਰੂ!ਇਹ ਬਣਤ ਤੇਰੀ ਹੀ ਬਣਾਈ ਹੋਈ ਹੈ ਅਤੇ ਤੈਨੂੰ ਹੀ ਬਣਾਉਣੀ ਆਉਂਦੀ ਹੈ ਅਤੇ ਆਪ ਹੀ ਤੂੰ ਭਲਿਆਂ ਤੋਂ ਭਲਾ ਹੈਂ।

ਪਉੜੀ ॥ ਤੂ ਵੇਪਰਵਾਹੁ ਅਥਾਹੁ ਹੈ ਅਤੁਲੁ ਕਿਉ ਤੁਲੀਐ॥ਸੇ ਵਡਭਾਗੀ ਜਿ ਤੁਧੁ ਧਿਆਇਦੇ ਜਿਨ ਸਤਿਗੁਰੁ ਮਿਲੀਐ ॥ ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ ਗੁਰਬਾਣੀ ਬਣੀਐ ॥ ਸਤਿਗੁਰ ਕੀ ਰੀਸੈ ਹੋਰਿ ਕਚੁ ਪਿਚੁ ਬੋਲਦੇ ਸੇ

Digitized by Panjab Digital Library | www.panjabdigilib.org

ਕੂੜਿਆਰ ਕੂੜੇ ਝੜਿ ਪੜੀਐ ॥ ਓਨ੍ਾ ਅੰਦਰਿ ਹੋਰੁ ਮੁਖਿ ਹੋਰੁ ਹੈਬਿਖੁ ਮਾਇਆ ਨੋ ਝਖਿ ਮਰਦੇ ਕੜੀਐ ॥ ੯ ॥

ਤੂੰ ਵੇ ਪਰਵਾਹ, ਡੂੰਘਾ, ਅਤੁਲ ਹੈਂ, ਕੀਕੁਣ ਤੈਨੂੰ ਤੋਲੀਏ ? ਜਿਨ੍ਹਾਂ ਨੂੰ ਸਤਿਗੁਰ ਮਿਲਿਆ ਹੈ ਓਹ ਵੱਡੇ ਭਾਗਾਂ ਵਾਲੇ ਹਨ ਅਰ ਤੈਨੂੰ ਯਾਦ ਰੱਖਦੇ ਹਨ। ਗੁਰਾਂ ਦੀ ਬਾਣੀ ਸੱਤ ਸਰੂਪ ਹੈ, ਗੁਰਾਂ ਦੀ ਬਾਣੀ ਮੰਨਣ ਨਾਲ ਬੜੇ ਚੰਗੇ ਬਣ ਜਾਈਦਾ ਹੈ ਭਾਵ ਜੋ ਕੋਈ ਬਣਿਆ ਹੈ ਸੋ ਬਾਣੀ ਕਰਕੇ ਹੀ ਬਣਿਆ ਹੈ। ਗੁਰਾਂ ਦੀ ਰੀਸ ਕਰਕੇ ਜੋ ਕੱਚੀ ਪਿੱਚੀ ਹੋਈ ਬਾਣੀ ਬੋਲਦੇ ਹਨ,ਸੋਝੂਠੇ ਝੂਠੇ ਪਦਾਰਥਾਂ ਵਿਚ ਲਗਕੇ ਵਾਹਿਗੁਰੂ ਵਲੋਂ ਡਿਗ ਪੈਂਦੇ ਹਨ। ਓਹਨਾਂ ਦੇ ਅੰਦਰ ਹੋਰ ਮੂੰਹ ਵਿੱਚ ਹੋਰ ਹੈ,ਵਿਹੁ ਰੂਪ ਮਾਇਆ ਵਾਸਤੇ ਝੂਰਦੇ ਹਨ ਅਰ ਪਖ ਮਰਦੇ ਹਨ।

ਸਲੋਕ ਮਃ ੪ ॥ ਸਤਿਗੁਰ ਕੀ ਸੇਵਾ ਨਿਰਮਲੀ ਨਿਰਮਲ ਜਨੁ ਹੋਇ ਸੁ ਸੇਵਾ ਘਾਲੇ ॥ ਜਿਨ੍ ਅੰਦਰਿ ਕਪਟੁ ਵਿਕਾਰੁ ਝੂਠੁ ਓਇ ਆਪੇ ਸਚੈ ਵਖਿ ਕਢੇ ਜਜਮਾਲੇ॥ ਸਚਿਆਰ ਸਿਖ ਬਹਿ ਸਤਿਗੁਰ ਪਾਸਿ ਘਾਲਨਿ ਕੂੜਿਆਰ ਨ ਲਭਨੀ ਕਿਤੈ ਥਾਹਿ ਭਾਲੇ ॥ ਜਿਨਾ ਸਤਿਗੁਰ ਕਾ ਆਖਿਆ ਸੁਖਾਵੈ ਨਾਹੀ ਤਿਨ੍ਾ ਮੁਹ ਭਲੇਰੇ ਫਿਰਹਿ ਦਯਿ ਗਾਲੇ ॥ ਜਿਨ ਅੰਦਰਿ ਪ੍ਰੀਤਿ ਨਹੀ ਹਰਿ ਕੇਰੀ ਸੇ ਕਿਚਰਕੁ ਵੇਰਾਈਅਨਿ ਮਨਮੁਖ ਬੇਤਾਲੇ ॥ ਸਤਿਗੁਰ ਨੋ ਮਿਲੈ ਸੁ ਆਪਣਾ ਮਨੁ ਥਾਇ ਰਖੈ ਓਹੁ ਆਪਿ ਵਰਤੈ ਆਪਣੀ ਵਥੁ ਨਾਲੇ ॥ ਜਨ ਨਾਨਕ ਇਕਨਾ ਗੁਰੁ ਮੇਲਿ ਸੁਖੁ ਦੇਵੈ ਇਕਿ ਆਪੇ ਵਖਿ ਕਢੈ ਠਗਵਾਲੇ ॥ ੧ ॥

ਜਜਮਾਲੇ = ਦੋਸ਼ੀ ਵ ਕਲੰਕੀ।

ਗੁਰਾਂ ਦੀ ਸੇਵਾ ਨਿਰਮਲੀ ਹੈ, ਜੇਹੜਾ ਆਦਮੀ ਨਿਰਮਲ ਹੁੰਦਾ ਹੈ,ਓਹ ਸੇਵਾ ਕਰਦਾ ਹੈ। ਜਿਨ੍ਹਾਂ ਦੇ ਅੰਦਰ ਕਪਟ,ਵਿਕਾਰ,ਝੂਠਹੈ ਓਹ ਕਲੰਕੀ ਆਪ ਹੀ ਸੱਚੇਨੇ ਵਖਰੇ ਕਰਦਿੱਤੇ ਹਨ। ਜੇਹੜੇ ਸੱਚੇ ਸਿੱਖਹਨਸੋਗੁਰਾਂਪਾਸ ਬਹਿਕੇ ਸੇਵਾਕਰਦੇ ਹਨ,ਜੋ ਝੂਠੇ ਹਨ ਸੋ ਲੱਭੇ ਹੋਏਵੀ ਕਿਸੇ ਜਗਾਂਤੋਂ ਨਹੀਂ ਲੱਭਦੇ। ਜਿਨ੍ਹਾਂ ਨੂੰ ਗੁਰਾਂ ਦਾ ਕਹਿਣਾ ਸੁਖਾਉਂਦਾ ਨਹੀਂ, ਓਹਨਾਂ ਦੇ ਮੂੰਹ

Digitized by Panjab Digital Library | www.panjabdigilib.org

ਭਾਵੇਂ ਚੰਗੇ ਵੀ ਹਨ, ਪਰ ਫਿਰ ਵੀ ਵਾਹਿਗੁਰੂ ਦੇ ਗਾਲੇ ਹੋਏ ਫਿਰਦੇ ਹਨ। ਜਿਨ੍ਹਾਂ ਦੇ ਅੰਦਰ ਵਾਹਿਗੁਰੂ ਦੀ ਪ੍ਰੀਤ ਨਹੀਂ, ਓਹਨਾਂ ਮਨਮੁਖਾਂ ਕੁਤਨਿਆਂ ਨੂੰ ਕਿਨਾਂ ਕੁ ਚਿਰ ਧੀਰਜ ਦੇਈਏ ? ਜੇਹੜਾ ਸਤਿਗੁਰਾਂ ਨੂੰ ਮਿਲਦਾ ਹੈ, ਓਹ ਆਪਣਾ ਮਨ ਰੋਕ ਲੈਂਦਾ ਹੈ ਅਤੇ ਆਪਣੀ ਚੀਜ਼ ਨਾਲ ਆਪ ਵਰਤਦਾ ਹੈ ਭਾਵ ਆਤਮ ਅਨੰਦ ਲੈਂਦਾ ਹੈ। ਗੁਰੂ ਜੀ-ਇਕਨਾਂ ਨੂੰ ਗੁਰੂ ਨਾਲ ਰਲਕੇ ਸੁਖ ਦੇਂਦਾ ਹੈ ਅਰ ਇਕ ਆਪੇ ਹੀ ਠੱਗੀਆਂ ਕਰਨ ਵਾਲੇ ਵਖ ਕਰ ਦਿੱਤੇ ਹਨ।

**ਮਃ ੪ ॥ ਜਿਨਾ ਅੰਦਰਿ ਨਾਮੁ ਨਿਧਾਨੁ ਹਰਿ ਤਿਨ ਕੇ ਕਾਜ ਦਯਿ ਆਦੇ ਰਾਸਿ ॥ ਤਿਨ ਚੂਕੀ ਮੁਹਤਾਜੀ ਲੋਕਨ ਕੀ ਹਰਿ ਪ੍ਰਭੁ ਅੰਗੁ ਕਰਿ ਬੈਠਾ ਪਾਸਿ ॥ ਜਾਂ ਕਰਤਾ ਵਲਿ ਤਾ ਸਭੁ ਕੋ ਵਲਿ ਸਭਿ ਦਰਸਨੁ ਦੇਖਿ ਕਰਹਿ ਸਾਬਾਸਿ॥ ਸਾਹੁ ਪਾਤਿਸਾਹੁ ਸਭੁ ਹਰਿ ਕਾ ਕੀਆ ਸਭਿ ਜਨ ਕਉ ਆਇ ਕਰਹਿ ਰਹਰਾਸਿ ॥ ਗੁਰ ਪੂਰੇ ਕੀ ਵਡੀ ਵਡਿਆਈ ਹਰਿ ਵਡਾ ਸੇਵਿ ਅਤੁਲੁ ਸੁਖੁ ਪਾਇਆ ॥ ਗੁਰਿ ਪੂਰੈ ਦਾਨੁ ਦੀਆ ਹਰਿ ਨਿਹਚਲੁ ਨਿਤ ਬਖਸੇ ਚੜੈ ਸਵਾਇਆ ॥ ਕੋਈ ਨਿੰਦਕੁ ਵਡਿਆਈ ਦੇਖਿ ਨ ਸਕੈ ਸੋ ਕਰਤੈ ਆਪਿ ਪਚਾਇਆ ॥ ਜਨੁ ਨਾਨਕੁ ਗੁਣ ਬੋਲੈ ਕਰਤੇ ਕੇ ਭਗਤਾ ਨੋ ਸਦਾ ਰਖਦਾ ਆਇਆ ॥ ੨ ॥**

ਜਿਨ੍ਹਾਂ ਦੇ ਅੰਦਰ ਨਾਮ ਦਾ ਖਜ਼ਾਨਾ ਹੈ, ਓਨ੍ਹਾਂ ਦੇ ਕੰਮ ਵਾਹਿਗੁਰੂ ਨੇ ਰਾਸ ਕਰ ਦਿੱਤੇ ਹਨ। ਤਿਨ੍ਹਾਂ ਨੂੰ ਹੋਰ ਲੋਕਾਂ ਪਾਸੋਂ ਮੰਗਣ ਦੀ ਲੋੜ ਨਹੀਂ ਰਹੀ ਕਿਉਂਕਿ ਵਾਹਿਗੁਰੂ ਪੱਖ ਕਰਕੇ ਓਹਨਾਂ ਦੇ ਪਾਸ ਬੈਠ ਗਿਆ ਹੈ ਜਾਂ ਵਾਹਿ-ਗੁਰੂ ਆਪਣੀ (ਸਾਡੀ) ਵੱਲ ਹੈ ਤਾਂ ਹਰ ਕੋਈ ਸਾਡੀ ਵੱਲ ਹੈ ਅਤੇ ਸਭ ਆਦਮੀ ਦਰਸ਼ਨ ਕਰਕੇ ਸ਼ਾਬਾਸ਼ੇ ਦੇਂਦੇ ਹਨ। ਸ਼ਾਹੂਕਾਰ ਅਤੇ ਪਾਤਸ਼ਾਹ ਸਭ ਵਾਹਿਗੁਰੂ ਦਾ ਕੀਤਾ ਹੋਯਾ ਹੈ, ਸਭ ਭਗਤਾਂ ਪਾਸ ਆਕੇ ਨਮਸਕਾਰਾਂ ਬੇਨਤੀਆਂ ਕਰਦੇ ਹਨ। ਪੂਰੇ ਗੁਰਾਂ ਦੀ ਵੱਡੀ ਵਡਿ-ਆਈ ਹੈ, ਵਾਹਿਗੁਰੂ ਵੱਡੇ ਨੂੰ ਸੇਵ ਕੇ ਬੜਾ ਸੁਖ ਪਾਇਆ ਹੈ।

ਵਾਹਿਗੁਰੂ ਨੇ ਪੂਰੇ ਗੁਰਾਂ ਨੂੰ ਜੇਹੜਾ ਆਪਣਾ ਨਾਮ ਨਿਹਚਲ ਦਾਨ ਦਿਤਾ ਹੈ, ਓਹ ਬਹੁਤ ਦੇਣ ਨਾਲ ਦਿਨ ੨ ਸਵਾਇਆ ਵਧਦਾ ਹੈ। ਜੇਹੜਾ

Digitized by Panjab Digital Library | www.panjabdigilib.org

ਕੋਈ ਨਿੰਦਕ ਗੁਰਾਂ ਦੀ ਵਡਿਆਈ ਨਹੀਂ ਵੇਖ ਸੁਖਾਉਂਦਾ ਹੈ,ਸੋ ਵਾਹਿਗੁਰੂ ਨੇ ਆਪ ਸਾੜ ਦਿਤਾ ਹੈ। ਗੁਰੂ ਜੀ–ਮੈਂ ਦਾਸ ਵਾਹਿਗੁਰੂ ਦੇ ਗੁਣਾਂ ਨੂੰ ਬੋਲਦਾ ਹਾਂ ਕਿ ਭਗਤਾਂ ਨੂੰ ਸਦਾ ਰੱਖਦਾ ਆਇਆ ਹੈ।

ਪਉੜੀ ॥ ਤੂ ਸਾਹਿਬੁ ਅਗਮ ਦਇਆਲੁ ਹੈ ਵਡ ਦਾਤਾ ਦਾਣਾ ॥ ਤੁਧੁ ਜੇਵਡੁ ਮੈ ਹੋਰੁ ਕੋ ਦਿਸਿ ਨ ਆਵਈ ਤੂਹੈਂ ਸੁਘੜੁ ਮੇਰੈ ਮਨਿ ਭਾਣਾ ॥ ਮੋਹੁ ਕੁਟੰਬੁ ਦਿਸਿ ਆਵਦਾ ਸਭੁ ਚਲਣਹਾਰਾ ਆਵਣ ਜਾਣਾ ॥ ਜੋ ਬਿਨੁ ਸਚੇ ਹੋਰਤੁ ਚਿਤੁ ਲਾਇਦੇ ਸੇ ਕੂੜਿਆਰ ਕੂੜਾ ਤਿਨ ਮਾਣਾ ॥ ਨਾਨਕ ਸਚੁ ਧਿਆਇ ਤੂ ਬਿਨੁ ਸਚੇ ਪਚਿ ਪਚਿ ਮੁਏ ਅਜਾਣਾ ॥ ੧੦ ॥

ਹੇ ਵਾਹਿਗੁਰੂ ! ਤੂੰ ਸਾਹਿਬ ਅਗਮ ਦਿਆਲੂ ਵੱਡਾ ਦਾਤਾ ਸਿਆਣਾ ਹੈਂ। ਤੇਰੇ ਜਿੱਡਾ ਵੱਡਾ ਮੈਨੂੰ ਹੋਰ ਕੋਈ ਨਹੀਂ ਦਿਸ ਆਉਂਦਾ, ਤੂੰਹੇਂ ਸਿਆਣਾ ਮੇਰੇ ਮਨ ਨੂੰ ਚੰਗਾ ਲਗਦਾ ਹੈਂ। ਜਿੰਨਾ ਟੱਬਰ ਦਿਸਦਾ ਹੈ, ਸਭ ਚੱਲਣ ਵਾਲਾ ਹੈ,ਇਨ੍ਹਾਂ ਵਿਚ ਮੋਹ ਕਰਨ ਨਾਲ ਜੰਮਣਾ ਮਰਨਾ ਪੈਂਦਾ ਹੈ। ਜੋ ਸੱਚੇ ਤੋਂ ਬਿਨਾਂ ਹੋਰਥੇ ਮਨ ਲਾਉਂਦੇ ਹਨ,ਓਹ ਝੂਠੇ ਹਨ ਅਰ ਝੂਠਾ ਹੀ ਓਨ੍ਹਾਂ ਨੂੰ ਮਾਣ ਹੈ। ਗੁਰੂ ਜੀ–ਹੇ ਭਾਈ ! ਤੂੰ ਸੱਚੇ ਨੂੰ ਯਾਦ ਕਰ ਬਿਨਾਂ ਸੱਚੇ ਤੋਂ ਸਭ ਅਜਾਣ ਖੱਪ ਖੱਪ ਕੇ ਮਰ ਗਏ ਹਨ।

{ ਸ੍ਰੀ ਗੁਰੂ ਅਮਰ ਦਾਸ ਜੀ ਨੇ ਬਾਉਲੀ ਸਾਹਿਬ ਨੂੰ ਸੰਪੂਰਨ ਕਰਾਕੇ ਸਭਨਾਂ ਲੋਕਾਂ ਨੂੰ ਭੰਡਾਰਾ ਕੀਤਾ ਇਕ ਤਪੇ ਨੂੰ ਵੀ ਆਖਿਆ ਤਪਾ ਨਾ ਆਯਾ,ਜਦ ਸੁਣਿਆ ਕਿ ਗੁਰਾਂ ਨੇ ਇਕ ੨ ਮੁਹਰ ਦੱਖਣਾ ਦੇਣੀ ਹੈ ਤਾਂ ਤਪਾ ਭਰਮ ਗਿਆ,ਤਿਸ ਪ੍ਰਸੰਗ ਨੂੰ ਗੁਰੂ ਰਾਮਦਾਸ ਜੀ ਵਰਨਨ ਕਰਦੇ ਹਨ। }

ਸਲੋਕ ਮਃ ੪ ॥ ਅਗੋ ਦੇ ਸਤ ਭਾਉ ਨ ਦਿਚੈ ਪਿਛੋ ਦੇ ਆਖਿਆ ਕੰਮਿ ਨ ਆਵੈ ॥ ਅਧ ਵਿਚਿ ਫਿਰੈ ਮਨਮੁਖੁ ਵੇਚਾਰਾ ਗਲੀ ਕਿਉ ਸੁਖੁ ਪਾਵੈ ॥ ਜਿਸੁ ਅੰਦਰਿ ਪ੍ਰੀਤਿ ਨਹੀ ਸਤਿਗੁਰ ਕੀ ਸੁ ਕੂੜੀ ਆਵੈ ਕੂੜੀ ਜਾਵੈ ॥

Digitized by Panjab Digital Library | www.panjabdigilib.org

ਜੇ ਕ੍ਰਿਪਾ ਕਰੈ ਮੇਰਾ ਹਰਿ ਪ੍ਰਭੁ ਕਰਤਾ ਤਾਂ ਸਤਿਗੁਰੁ ਪਾਰਬ੍ਰਹਮੁ ਨਦਰੀ ਆਵੈ ॥ ਤਾ ਅਪਿਉ ਪੀਵੈ ਸਬਦੁ ਗੁਰ ਕੇਰਾ ਸਭੁ ਕਾੜਾ ਅੰਦੇਸਾ ਭਰਮੁ ਚੁਕਾਵੈ ॥ ਸਦਾ ਅਨੰਦਿ ਰਹੈ ਦਿਨੁ ਰਾਤੀ ਜਨ ਨਾਨਕ ਅਨਦਿਨੁ ਹਰਿ ਗੁਣ ਗਾਵੈ ॥੧॥

ਪਹਿਲੇ ਗੁਰਾਂ ਨੇ ਪ੍ਰੇਮ ਕਰਕੇ ਆਦਰ ਨਾਲ ਨਿਉਤਾ ਦਿਤਾ, ਪਰ ਤਪੇ ਨੇ ਨਾ ਮੰਨਿਆਂ। ਪਿਛੋਂ ਮੁਹਰ ਦਾ ਲਾਲਚ ਸੁਣਕੇ ਲੋਕਾਂ ਨੂੰ ਆਖਦਾ ਹੈ ਕਿ ਮੈਨੂੰ ਗੁਰੂ ਜੀ ਬੁਲਾ ਲੈਣ, ਪਰ ਗੁਰੂ ਜੀ ਆਖਦੇ ਹਨ ਈਕੁਣ ਕਹਿਣਾ ਹੁਣ ਕੰਮ ਨਹੀਂ ਆਉਂਦਾ। ਕਦੀ ਘਰ ਵੱਲ, ਕਦੀ ਭੰਡਾਰੇ ਵਾਲੀ ਜਗਾ ਵੱਲ ਅਧ ਵਿਚਕਾਰ ਭਾਵ ਰਾਹ ਦੇ ਵਿਚ ਉੱਚੀ ੨ ਗੱਲਾਂ ਕਰਦਾ ਫਿਰਦਾ ਹੈ ਕਿ ਮਨਮੁਖ ਵਿਚਾਰਾ ਕੀਕੁਣ ਸੁਖ ਪਾਵੇ? ਜਿਸਦੇ ਅੰਦਰ ਗੁਰ ਦੀ ਪ੍ਰੀਤ ਨਹੀਂ, ਸੋ ਝੂਠ ਹੀ ਆਉਂਦਾ ਤੇ ਝੂਠ ਹੀ ਜਾਂਦਾ ਹੈ।

ਜੇ ਮੇਰਾ ਵਾਹਿਗੁਰੂ ਪ੍ਰਭੂ ਕਰਤਾ ਕਿਰਪਾ ਕਰੇ ਤਾਂ ਗੁਰੂ ਪਾਰਬ੍ਰਹਮ ਰੂਪ ਨਜ਼ਰ ਆਉਣ। ਤਾਂ ਗੁਰਾਂ ਦਾ ਉਪਦੇਸ਼ ਅੰਮ੍ਰਿਤ ਸੁਣਦਾ ਹੈ, ਸਾਰਾ ਝੋਰਾ ਸੰਸਾ ਭਰਮ ਦੂਰ ਹੋ ਜਾਂਦਾ ਹੈ। ਗੁਰੂ ਜੀ-ਜੇਹੜਾ ਵਾਹਿਗੁਰੂ ਦੇ ਗੁਣਾਂ ਨੂੰ ਗਾਉਂਦਾ ਹੈ, ਸੋ ਸਦਾ ਰਾਤ ਦਿਨੇ ਅਨੰਦ ਰਹਿੰਦਾ ਹੈ।

(ਈਕੁਣ ਦਾ ਸਿਖ ਹੋਣਾ ਚਾਹੀਦਾ ਹੈ।)

ਮਃ ੪ ॥ ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥ ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ ॥ ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲ ਵਿਖ ਪਾਪ ਦੋਖ ਲਹਿ ਜਾਵੈ ॥ ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥ ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ॥ਜਿਸਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥ ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰ ਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥ ੨ ॥

Digitized by Panjab Digital Library | www.panjabdigilib.org

ਜੇਹੜਾ ਗੁਰਾਂ ਦਾ ਸਿਖ ਕਹਾਵੇ, ਸੋ ਸਵੇਰੇ ਉਠਕੇ ਰੋਜ਼ ਵਾਹਿਗੁਰੂ ਦਾ ਨਾਮ ਜਪੇ। ਹਰ ਰੋਜ਼ ਤੜਕੇ ਉੱਠਣ ਦਾ ਉੱਦਮ ਕਰੇ, ਪਹਿਲੇ ਇਸ਼ਨਾਨ ਕਰੇ, ਫੇਰ ਸਤਸੰਗ ਵਿਚ ਨ੍ਹਾਵੇ ਭਾਵ ਨਾਮ ਜਪਕੇ ਡੁਬਕੀਆਂ ਲਾਵੇ ਅਥਵਾ ਪਹਿਲੇ ਕੌਲ ਸਰ ਆਦਿਕ ਤਾਲਾਂ ਵਿਚੋਂ ਜਾਂ ਕਿਸੇ ਖੂਹ ਤੋਂ ਇਸ਼ਨਾਨ ਕਰਕੇ ਫਿਰ *ਅੰਮ੍ਰਿਤਸਰ ਨ੍ਹਾਵੇ। ਗੁਰਾਂ ਦਾ ਉਪਦੇਸ਼ ਲੈਕੇ ਵਾਹਿਗੁਰੂ ੨ ਜਾਪ ਜਪੇ ਤਾਂ ਸਾਰੇ ਪਾਪ ਦੋਖ ਕਲੰਕ ਦਾਗ਼ ਦੂਰ ਹੋ ਜਾਣਗੇ। ਫਿਰ ਦਿਨ ਚੜ੍ਹੇ ਗੁਰਾਂ ਦੀ ਬਾਣੀ ਗਾਵੇ, ਬਹਿੰਦਿਆਂ ਉਠਦਿਆਂ ਵਾਹਿਗੁਰੂ ਦਾ ਨਾਮ ਜਪੇ। ਜੇਹੜਾ ਸਾਸ ਗਿਰਾਸ ਮੇਰੇ ਵਾਹਿਗੁਰੂ ਨੂੰ ਯਾਦ ਕਰਦਾ ਹੈ, ਸੋ ਗੁਰਸਿਖ ਗੁਰੂ ਨੂੰ ਭਾਉਂਦਾ ਹੈ।

ਜਿਸਨੂੰ ਦਿਆਲੂ ਹੋਵੇ ਮੇਰਾ ਸੁਆਮੀ ਤਿਸ ਗੁਰ ਸਿਖ ਨੂੰ ਗੁਰੂ ਉਪਦੇਸ਼ ਸੁਣਾਉਂਦਾ ਹੈ। ਗੁਰੂ ਜੀ-ਮੈਂ ਤਿਸਦੇ ਚਰਨਾਂ ਦੀ ਧੂੜ ਮੰਗਦਾ ਹਾਂ, ਜੋ ਆਪ ਨਾਮ ਜਪਦਾ ਤੇ ਹੋਰਨਾਂ ਨੂੰ ਜਪਾਉਂਦਾ ਹੈ।

**ਪਉੜੀ ॥ ਜੋ ਤੁਧੁ ਸਚੁ ਧਿਆਇਦੇ ਸੇ ਵਿਰਲੇ ਥੋੜੇ ॥ ਜੋ ਮਨਿ ਚਿਤਿ ਇਕੁ ਅਰਾਧਿਦੇ ਤਿਨ ਕੀ ਬਰਕਤਿ ਖਾਹਿ ਅਸੰਖ ਕਰੋੜੇ ॥ ਤੁਧਨੋ ਸਭ ਧਿਆਇਦੀ ਸੇ ਥਾਇ ਪਏ ਜੋ ਸਾਹਿਬ ਲੋੜੇ। ਜੋ ਬਿਨੁ ਸਤਿਗੁਰ ਸੇਵੇ ਖਾਦੇ ਪੈਨਦੇ ਸੇ ਮੁਏ ਮਰਿ ਜੰਮੇ ਕੋੜੇ ॥ ਓਇ ਹਾਜਰੁ ਮਿਠਾ ਬੋਲਦੇ ਬਾਹਰਿ ਵਿਸੁ ਕਢਹਿ ਮੁਖਿ ਘੋਲੇ ॥ ਮਨਿ ਖੋਟੇ ਦਯਿ ਵਿਛੋੜੇ ॥ ੧੧ ॥**

ਹੇ ਵਾਹਿਗੁਰੂ! ਜੇਹੜੇ ਤੈਨੂੰ ਯਾਦ ਕਰਦੇ ਹਨ, ਸੋ ਬਹੁਤ ਥੋੜ੍ਹੇ ਹਨ।

ਜੇਹੜੇ ਮਨ ਚਿਤ ਇਕ ਕਰਕੇ ਤੈਨੂੰ ਯਾਦ ਕਰਦੇ ਹਨ, ਤਿਨ੍ਹਾਂ ਦੀ ਬਰਕਤ ਅਣਗਿਣਤ ਕਰੋੜਾਂ ਖਾਂਦੇ ਹਨ। ਸਾਰੀ ਦੁਨੀਆਂ ਤੈਨੂੰ ਯਾਦ ਕਰਦੀ ਹੈ, ਪਰ ਜਿਨ੍ਹਾਂ ਨੂੰ ਤੂੰ ਚਾਹੁੰਦਾ ਹੈਂ, ਓਹ ਥਾਂ ਪੈਂਦੇ ਭਾਵ ਮੰਨੇ ਜਾਂਦੇ ਹਨ। ਜੋ ਗੁਰਾਂ ਦੀ ਸੇਵਾ ਬਿਨਾਂ ਖਾਂਦੇ ਪਹਿਨਦੇ ਹਨ ਸੋ ਕੋੜ੍ਹੇ ਮੁੜ ੨ ਜੰਮਦੇ ਮਰਦੇ ਹਨ। ਓਹ ਸਾਹਮਣੇ ਤਾਂ ਮੂੰਹੋਂ ਮਿੱਠਾ ਬੋਲਦੇ ਹਨ,

*ਗੁਰੂ ਜੀ ਨੇ ਇਹ ਅੰਮ੍ਰਿਤਸਰ ਦੀ ਮਰਯਾਦਾ ਦੱਸੀ ਹੈ ਅਰ ਇਸਦਾ ਠੀਕ ਅਸਲੀ ਅਰਥ ਇਹ ਹੈ ਕਿ ਜਿਥੇ ਕਿਥੇ ਕੋਈ ਗੁਰੂ ਦਾ ਸਿਖ ਰਹਿੰਦਾ ਹੋਵੇ, ਪਹਿਲੇ ਤੜਕੇ ਉਠਕੇ ਜੰਗਲ ਪਾਣੀ ਦਾਤਨ ਕਰੇ ਤਾਂ ਫੇਰ ਸਤਸੰਗ ਵਿਚ ਜਾਵੇ।

Digitized by Panjab Digital Library | www.panjabdigilib.org

ਪਿੱਛੋਂ ਬਾਹਰ ਜਾਕੇ ਮੂੰਹੋਂ ਵਿਹੁ ਘੋਲਕੇ ਕੱਢਦੇ ਹਨ ਭਾਵ ਨਿੰਦਿਆ ਕਰਦੇ ਹਨ। ਓਹ ਮਨ ਖੋਟੇ ਵਾਹਿਗੁਰੂ ਨੇ ਵਿਛੋੜ ਛਡੇ ਹਨ।

{ ਛੇਕੜ ਨੂੰ ਮਰਵਾਹੇ ਨੇ ਆਪਣੇ ਕੱਪੜੇ ਕਾਲੇ ਕਰਕੇ ਆਪਣੇ ਨੌਕਰ ਦੇ ਗਲ ਵਿਚ ਪਾਕੇ ਅਕਬਰ ਦੇ ਪਾਸ ਗੁਰੂ ਅਮਰਦਾਸ ਜੀ ਦੀ ਚੁਗਲੀ ਕੀਤੀ। }

**ਸਲੋਕੁ ਮਃ ੪ ॥ ਮਲੁ ਜੂਈ ਭਰਿਆ ਨੀਲਾ ਕਾਲਾ ਖਿਧੋਲੜਾ ਤਿਨਿ ਵੇਮੁਖਿ ਵੇਮੁਖੈ ਨੋ ਪਾਇਆ ॥ ਪਾਸਿ ਨ ਦੇਇ ਕੋਈ ਬਹਣਿ ਜਗਤ ਮਹਿ ਗੂਹ ਪੜਿ ਸਗਵੀ ਮਲੁ ਲਾਇ ਮਨਮੁਖੁ ਆਇਆ ॥ ਪਰਾਈ ਜੋ ਨਿੰਦਾ ਚੁਗਲੀ ਨੋ ਵੇਮੁਖੁ ਕਰਿਕੈ ਭੇਜਿਆ ਓਥੈ ਭੀ ਮੁਹ ਕਾਲਾ ਦੁਹਾ ਵੇਮੁਖਾ ਦਾ ਕਰਾਇਆ॥ ਤੜ ਸੁਣਿਆ ਸਭਤੁ ਜਗਤ ਵਿਚਿ ਭਾਈ ਵੇਮੁਖੁ ਸਣੇ ਨਫਰੈ ਪਉਲੀ ਪਉਦੀ ਫਾਵਾ ਹੋਇਕੈ ਉਠਿ ਘਰਿ ਆਇਆ ॥ ਅਗੈ ਸੰਗਤੀ ਕੁੜਮੀ ਵੇਮੁਖੁ ਰਲਣਾ ਨ ਮਿਲੈ ਤਾ ਵਹੁਟੀ ਭਤੀਜੀ ਫਿਰਿ ਆਣਿ ਘਰਿ ਪਾਇਆ ॥ ਹਲਤੁ ਪਲਤੁ ਦੋਵੈ ਗਏ ਨਿਤ ਭੁਖਾ ਕੂਕੇ ਤਿਹਾਇਆ ॥ ਧਨੁ ਧਨੁ ਸੁਆਮੀ ਕਰਤਾਪੁਰਖੁ ਹੈ ਜਿਨਿ ਨਿਆਉ ਸਚੁ ਬਹਿ ਆਪਿ ਕਰਾਇਆ॥ ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ ਸੋ ਸਾਚੈ ਮਾਰਿ ਪਚਾਇਆ ॥ ਏਹੁ ਅਖਰੁ ਤਿਨਿ ਆਖਿਆ ਜਿਨਿ ਜਗਤੁ ਸਭੁ ਉਪਾਇਆ ॥ ੧ ॥**

ਮੈਲ ਨਾਲ ਤੇ ਜੂਆਂ ਨਾਲ ਭਰਿਆ ਹੋਇਆ ਨੀਲਾ ਕਾਲਾ ਜੁੱਲਾ ਤਿਸ ਮਰਵਾਹੇ ਨੇ ਤਪੇ ਦਾ ਕਹਿਣਾ ਮੰਨਕੇ ਆਪਣੇ ਨੌਕਰ ਦੇ ਗਲ ਪਾਯਾ।

ਗੋਂਦੇ ਦੇ ਪੁੱਤ੍ਰ ਨੂੰ ਅਕਬਰ ਨੇ ਧੱਕਾ ਮਾਰਕੇ ਵਿਸ਼ਟਾ ਵਾਲੀ ਖਾਈ ਵਿੱਚ ਸੁੱਟ ਦਿੱਤਾ। ਜਗਤ ਵਿਚ ਕੋਈ ਪਾਸ ਨਹੀਂ ਬਹਿਣ ਦੇਂਦਾ, ਜੁੱਲਾ ਗੰਦ ਨਾਲ ਭਰ ਗਿਆ ਸਗੋਂ ਬਹੁਤ ਸਾਰੀ ਮੈਲ ਲਾਕੇ ਮਨਮੁਖ ਘਰ ਆਯਾ। ਮਰਵਾਹੇ ਤੇ ਤਪੇ ਨੇ ਸਲਾਹ ਕਰਕੇ ਪਰਾਈ ਨਿੰਦਿਆ ਚੁਗਲੀ ਕਰਨ ਨੂੰ ਵੇਮੁਖ ਨੂੰ ਘੱਲਿਆ, ਓਥੇ ਦਿੱਲੀ ਵਿਚ ਵੀ ਦੋਹਾਂ

Digitized by Panjab Digital Library | www.panjabdigilib.org

ਵੇਮੁਖਾਂ ਦਾ ਮਰਵਾਹੇ ਤੇ ਨੌਕਰ ਦਾ ਅਕਬਰ ਨੇ ਮੂੰਹ ਕਾਲਾ ਕਰਵਾਇਆ।

ਛੇਤੀ ਨਾਲ ਸਾਰੇ ਜਗਤ ਵਿੱਚ ਸੁਣਿਆ ਗਿਆ ਕਿ ਹੇ ਭਾਈ! ਵੇਮੁਖ ਮਰਵਾਹਾ ਸਣੇ ਆਪਣੇ ਨੌਕਰ ਦੇ ਜੁੱਤੀਆਂ ਖਾਕੇ ਹੌਲਾ ਹੋਕੇ ਘਰ ਨੂੰ ਉਠ ਆਯਾ। ਅਗੋਂ ਸੰਗਤਾਂ ਕੁੜਮਾਂ ਵਿੱਚ ਵੇਮੁਖ ਨੂੰ ਰਲਣਾ ਨ ਮਿਲੇ, ਸ਼ਰਮ ਕਰਕੇ ਬਾਹਰ ਬਹਿ ਰਿਹਾ, ਕੋਈ ਅਗੋਂ ਲੈਨ ਨ ਗਿਆ ਤਾਂ ਪੁਤ੍ਰ ਦੀ ਇਸਤ੍ਰੀ ਤੇ ਭਰਾ ਦੀ ਧੀ ਨੇ ਫਿਰ ਘਰ ਵਿੱਚ ਲਿਆ ਲੰਮਾ ਪਾਯਾ।

ਲੋਕ ਪਰਲੋਕ ਦੋਵੇਂ ਗਏ, ਗਲ ਵਿਚ ਰੋਗ ਸੀ, ਬੜਾ ਔਖਾ ਅੰਨ ਪਾਣੀ ਅੰਦਰ ਲੰਘਦਾ ਸੀ, ਇਸ ਲਈ ਨਿਤ ਭੁਖਾ ਤਿਹਾਇਆ ਕੂਕਦਾ ਰਹਿੰਦਾ ਹੈ। ਧੰਨ ਵਾਹਿਗੁਰੂ ਹੈ, ਜਿਨ ਆਪ ਬਹਿਕੇ ਸੱਚਾ ਨਿਆਉਂ ਕਰਵਾਇਆ ਹੈ। ਜੇਹੜਾ ਪੂਰੇ ਗੁਰਾਂ ਦੀ ਨਿੰਦਿਆ ਕਰਦਾ ਹੈ, ਸੋ ਵਾਹਿਗੁਰੂ ਨੇ ਮਾਰਕੇ ਸਾੜ ਦਿਤਾ। ਜਿਸਨੇ ਸਾਰਾ ਜਗਤ ਪੈਦਾ ਕੀਤਾ ਹੈ, ਇਹ ਅਖਰ ਉਸਨੇ ਆਖਿਆ ਹੈ।

**ਮਃ ੪ ॥ ਸਾਹਿਬੁ ਜਿਸ ਕਾ ਨੰਗਾ ਭੁਖਾ ਹੋਵੈ ਤਿਸ ਦਾ ਨਫਰੁ ਕਿਥਹੁ ਰਜਿ ਖਾਏ ॥ ਜਿ ਸਾਹਿਬ ਕੈ ਘਰਿ ਵਥੁ ਹੋਵੈ ਸੁ ਨਫਰੈ ਹਥਿ ਆਵੈ ਅਣਹੋਦੀ ਕਿਥਹੁ ਪਾਏ ॥ ਜਿਸ ਦੀ ਸੇਵਾ ਕੀਤੀ ਫਿਰਿ ਲੇਖਾ ਮੰਗੀਐ ਸਾ ਸੇਵਾ ਅਉਖੀ ਹੋਈ ॥ ਨਾਨਕ ਸੇਵਾ ਕਰਹੁ ਹਰਿ ਗੁਰ ਸਫਲ ਦਰਸਨ ਕੀ ਫਿਰਿ ਲੇਖਾ ਮੰਗੈ ਨ ਕੋਈ ॥ ੨ ॥**

ਜਿਸਦਾ ਮਾਲਕ ਨੰਗਾ ਭੁੱਖਾ ਹੋਵੇ, ਤਿਸਦਾ ਨੌਕਰ ਕਿੱਥੋਂ ਰੱਜਕੇ ਖਾਵੇ? ਜੇ ਕੋਈ ਮਾਲਕ ਦੇ ਘਰ ਚੀਜ਼ ਹੋਵੇ ਤਾਂ ਨੌਕਰ ਦੇ ਹੱਥ ਆਵੇ, ਐਵੇਂ ਕਿੱਥੋਂ ਮਿਲ ਜਾਵੇ? ਜਿਸਦੀ ਸੇਵਾ ਕਰਨ ਨਾਲ ਮੁੜਕੇ ਲੇਖਾ ਮੰਗਿਆ ਜਾਵੇ, ਸੋ ਸੇਵਾ ਔਖੀ ਹੁੰਦੀ ਹੈ ਭਾਵ ਨਹੀਂ ਹੁੰਦੀ। ਗੁਰੂ ਜੀ— ਵਾਹਿਗੁਰੂ ਦੀ ਅਤੇ ਗੁਰਾਂ ਦੇ ਸਫਲ ਦਰਸ਼ਨ ਦੀ ਸੇਵਾ ਕਰੋ, ਜਿਸ ਕਰਕੇ ਫਿਰ ਕੋਈ ਲੇਖਾ ਨ ਮੰਗੇ।

**ਪਉੜੀ ॥ ਨਾਨਕ ਵੀਚਾਰਹਿ ਸੰਤਿ ਜਨ ਚਾਰਿ ਵੇਦ ਕਹੰਦੇ ॥ ਭਗਤ ਮੁਖੈ ਤੇ ਬੋਲਦੇ ਸੇ ਵਚਨ ਹੋਵੰਦੇ ॥ ਪ੍ਰਗਟ ਪਹਾਰਾ ਜਾਪਦਾ ਸਭਿ ਲੋਕ ਸੁਣੰਦੇ ॥ ਸੁਖੁ ਨ ਪਾਇਨਿ ਮੁਗਧ ਨਰ ਸੰਤ ਨਾਲਿ ਖਹੰਦੇ ॥ ਓਇ ਲੋਚਨਿ**

Digitized by Panjab Digital Library | www.panjabdigilib.org

ਓਨਾ ਗੁਣੈ ਨੋ ਓਇ ਅਹੰਕਾਰ ਸੜੰਦੇ ॥ ਓਇ ਵਿਚਾਰੇ ਕਿਆ ਕਰਹਿ ਜਾ ਭਾਗ ਧੁਰਿ ਮੰਦੇ ॥ ਜੋ ਮਾਰੇ ਤਿਨਿ ਪਾਰਬ੍ਰਹਮਿ ਸੇ ਕਿਸੈ ਨ ਸੰਦੇ ॥ ਵੈਰੁ ਕਰਹਿ ਨਿਰਵੈਰ ਨਾਲਿ ਧਰਮ ਨਿਆਇ ਪਚੰਦੇ ॥ ਜੋ ਜੋ ਸੰਤਿ ਸਰਾਪਿਆ ਸੇ ਫਿਰਹਿ ਭਵੰਦੇ ॥ ਪੇਡੁ ਮੁੰਢਾਹੂੰ ਕਟਿਆ ਤਿਸੁ ਡਾਲ ਸੁਕੰਦੇ ॥ ੧੨ ॥

ਗੁਰੂ ਜੀ ਵਿਚਾਰ ਕੇ ਆਖਦੇ ਹਨ ਕਿ ਸੰਤ ਜਨਾਂ ਦੀ ਉਪਮਾ ਚਾਰੇ ਵੇਦ ਕਰਦੇ ਹਨ। ਜੋ ਭਗਤ ਮੂੰਹੋਂ ਬੋਲਦੇ ਹਨ, ਸੋ ਬਚਨ ਠੀਕ ਹੁੰਦੇ ਹਨ। ਪਹਾਰਾ--ਸੰਸਾਰ ਵਾ ਸੁਨਿਆਰੇ ਦਾ। ਸਾਰੇ ਇਸ ਸੰਸਾਰ ਪਸਾਰੇ ਵਿਚ ਠੀਕ ਜਾਪਦਾ ਹੈ ਅਤੇ ਲੋਕ ਵੀ ਸਾਰੇ ਸੁਣਦੇ ਯਾ ਸੁਣਾਉਂਦੇ ਹਨ। ਜੇਹੜੇ ਸੰਤਾਂ ਨਾਲ ਖਹਿੰਦੇ ਹਨ, ਓਹ ਮੂਰਖ ਆਦਮੀ ਸੁਖ ਨਹੀਂ ਪਾਉਂਦੇ। ਓਹ ਮੂਰਖ ਚਾਹੁੰਦੇ ਹਨ ਕਿ ਅਸੀਂ ਵੀ ਸੰਤਾਂ ਵਰਗੇ ਬਣੀਏ ਅਥਵਾ ਓਹ ਸੰਤ ਚਾਹੁੰਦੇ ਕਿ ਅਸੀ ਇਨ੍ਹਾਂ ਨੂੰ ਗੁਣ ਦੇਈਏ, ਪਰ ਓਹ ਮੂਰਖ ਹੰਕਾਰ ਵਿਚ ਸੜਦੇ ਰਹਿੰਦੇ ਹਨ। ਜਾਂ ਓਹਨਾਂ ਦੇ ਭਾਗ ਹੀ ਧੁਰੋਂ ਮਾੜੇ ਹੋਏ ਤਾਂ ਓਹ ਵਿਚਾਰੇ ਕੀ ਕਰਨ? ਜੇਹੜੇ ਉਸ ਵਾਹਿਗੁਰੂ ਨੇ ਮਾਰੇ ਹਨ, ਓਹ ਕਿਸੇ ਦੇ ਵੀ ਨਹੀਂ ਬਣਦੇ। ਜੋ ਨਿਰਵੈਰ ਨਾਲ ਵੈਰ ਕਰਦੇ ਹਨ, ਸੋ ਠੀਕ ਜਾਣੋ ਜਦੋਂ ਧਰਮ ਨਿਆਇ ਹੁੰਦਾ ਹੈ ਤਾਂ ਸੜ ਮਰਦੇ ਸਨ। ਜੋ ਜੋ ਸੰਤਾਂ ਦੇ ਸਰਾਪੇ ਹੋਏ ਨੇ ਸੋ ਸੋ ਭੌਂਦੇ ਫਿਰਦੇ ਹਨ। ਰੁਖ ਮੁੱਢੋਂ ਵੱਢਿਆ ਜਾਵੇ ਤਾਂ ਡਾਲ ਵੀ ਤਿਸਦੇ ਸੁੱਕ ਜਾਂਦੇ ਹਨ। (ਇਸ ਪੌੜੀ ਦੇ ਪਿਛਲੇ ਸਲੋਕਾਂ ਵਿਚ ਮਰਵਾਹੇ, ਤਪੇ, ਮਰਵਾਹੇ ਦੇ ਨੌਕਰ ਗੌਂਦੇ ਦੇ ਪੁੱਤ੍ਰ ਦਾ ਸਾਰਾ ਪ੍ਰਸੰਗ ਆਯਾ ਹੈ।)

ਸਲੋਕ ਮਃ ੪ ॥ ਅੰਤਰਿ ਹਰਿ ਗੁਰੂ ਧਿਆਇਦਾ ਵਡੀ ਵਡਿਆਈ ॥ ਤੁਸਿ ਦਿਤੀ ਪੂਰੈ ਸਤਿਗੁਰੂ ਘਟੈ ਨਾਹੀ ਇਕੁ ਤਿਲੁ ਕਿਸੈ ਦੀ ਘਟਾਈ ॥ ਸਚੁ ਸਾਹਿਬੁ ਸਤਿਗੁਰੂ ਕੈ ਵਲਿ ਹੈ ਤਾ ਝਖਿ ਝਖਿ ਮਰੈ ਸਭ ਲੋੁਕਾਈ ॥ ਨਿੰਦਕਾ ਕੇ ਮੁਹ ਕਾਲੇ ਕਰੇ ਹਰਿ ਕਰਤੈ ਆਪਿ ਵਧਾਈ ॥ ਜਿਉ ਜਿਉ ਨਿੰਦਕ ਨਿੰਦ ਕਰਹਿ ਤਿਉ ਤਿਉ ਨਿਤ ਨਿਤ ਚੜੈ

Digitized by Panjab Digital Library | www.panjabdigilib.org

**ਸਵਾਈ ॥ ਜਨ ਨਾਨਕ ਹਰਿ ਆਰਾਧਿਆ ਤਿਨਿ ਪੈਰੀ ਆਣਿ ਸਭ ਪਾਈ ॥**

(ਗੁਰੂ ਜੀ)ਦਿਲ ਵਿਚ ਵਾਹਿਗੁਰੂਨੂੰ ਧਿਆਉਂਦਾ ਹੈ,ਇਸ ਲਈ ਗੁਰਾਂ ਦੀ ਵੱਡੀ ਵਡਿਆਈ ਹੈ। ਪੂਰੇ ਗੁਰੂ ਅੰਗਦ ਜੀ ਨੇ ਪ੍ਰਸੰਨ ਹੋਕੇ ਦਿਤੀ ਹੈ, ਇਸ ਲਈ ਤਿਲ ਜਿੰਨੀ ਵੀ ਕਿਸੇ ਦੀ ਘਟਾਈ ਹੋਈ ਨਹੀਂ ਘਟਦੀ। ਸੱਚਾ ਸਾਹਿਬ ਗੁਰਾਂ ਦੇ ਵੱਲ ਹੋਵੇ ਤਾਂ ਸਾਰੀ ਦੁਨੀਆਂ ਝਖ ਮਾਰਕੇ ਮਰੇ,ਕੁਛ ਨਹੀਂ ਹੁੰਦਾ। ਵਾਹਿਗੁਰੂ ਕਰਤੇ ਨੇ ਨਿੰਦਕਾਂ ਦੇ ਮੂੰਹ ਕਾਲੇ ਕੀਤੇ ਹਨ ਅਤੇ ਆਪ ਗੁਰਾਂ ਦੀ ਵਡਿਆਈ ਵਧਾਈ ਹੈ। ਜਿਉਂ ਜਿਉਂ ਨਿੰਦਕ ਨਿੰਦਿਆ ਕਰਦੇ ਹਨ, ਤਿਉਂ ਤਿਉਂ ਨਿਤ ਨਿਤ ਗੁਰਾਂ ਦੀ ਵਡਿਅਈ ਬਹੁਤੀ ਹੁੰਦੀ ਹੈ। ਗੁਰੂ ਜੀ-ਗੁਰਾਂ ਨੇ ਵਾਹਿਗੁਰੂ ਨੂੰ ਯਾਦ ਕੀਤਾ ਹੈ,ਇਸ ਲਈ ਤਿਸ ਵਾਹਿਗੁਰੂ ਨੇ ਸਾਰੀ ਦੁਨੀਆਂ ਗੁਰਾਂ ਦੀ ਚਰਨੀ ਲਿਆ ਪਾਈ ਹੈ।

**ਮਃ ੪ ॥ ਸਤਿਗੁਰ ਸੇਤੀ ਗਣਤ ਜਿ ਰਖੈ ਹਲਤੁ ਪਲਤੁ ਸਭ ਤਿਸੁ ਕਾ ਗਇਆ ॥ ਨਿਤ ਝਹੀਆ ਪਾਏ ਝਗੂ ਸੁਟੇ ਝਖਦਾ ਝਖਦਾ ਝੜਿ ਪਇਆ॥ਨਿਤ ਉਪਾਵ ਕਰੈ ਮਾਇਆ ਧਨ ਕਾਰਣਿ ਅਗਲਾ ਧਨੁ ਭੀ ਉਡਿ ਗਇਆ ॥ ਕਿਆ ਓਹੁ ਖਟੇ ਕਿਆ ਓਹੁ ਖਾਵੈ ਜਿਸੁ ਅੰਦਰਿ ਸਹਸਾ ਦੁਖੁ ਪਇਆ ॥ ਨਿਰਵੈਰੈ ਨਾਲਿ ਜਿ ਵੈਰੁ ਰਚਾਏ ਸਭੁ ਪਾਪੁ ਜਗਤੈ ਕਾ ਤਿਨਿ ਸਿਰਿ ਲਇਆ ॥ ਓਸੁ ਅਗੈ ਪਿਛੈ ਢੋਈ ਨਾਹੀ ਜਿਸੁ ਅੰਦਰਿ ਨਿੰਦਾ ਮੁਹਿ ਅੰਬੁ ਪਇਆ ॥ ਜੇ ਸੁਇਨੇ ਓਹੁ ਹਥੁ ਪਾਏ ਤਾ ਖੇਹੂ ਸੇਤੀ ਰਲਿ ਗਇਆ ॥ ਜੇ ਗੁਰ ਕੀ ਸਰਣੀ ਫਿਰਿ ਓਹੁ ਆਵੈ ਤਾ ਪਿਛਲੇ ਅਉਗਣ ਬਖਸਿ ਲਇਆ ॥ ਜਨ ਨਾਨਕ ਅਨਦਿਨੁ ਨਾਮੁ ਧਿਆਇਆ ਹਰਿ ਸਿਮਰਤ ਕਿਲਵਿਖ ਪਾਪ ਗਇਆ ॥ ੨ ॥**

ਗੁਰਾਂ ਨਾਲ ਜੇਹੜਾ ਝਗੜੇ ਦੀਆਂ ਗਿਣਤੀਆਂ ਰੱਖਦਾ ਸੀ, ਇਸ ਕਰਕੇ ਤਿਸ ਦਾ ਲੋਕ ਪ੍ਰਲੋਕ ਸਭ ਚਲਾ ਗਿਆ। ਰੋਜ਼ ਕੁੱਤਿਆਂ ਵਾਂਙੂ ਝਹੀਆਂ ਪਾਉਂਦਾ,ਕਚੀਚੀਆਂ ਲੈਂਦਾ, ਦੰਦ ਪੀਂਹਦਾ, ਮੂੰਹੋਂ ਨਿੰਦਿਆ

Digitized by Panjab Digital Library | www.panjabdigilib.org

ਕਰਦਾ ਝੱਗ ਸੁੱਟਦਾ ਖਪਦਾ ਨ ਰੋਜ਼ ਹੇਠਾਂ ਡਿਗਦਾ ਹੀ ਘਟਦਾ ਗਿਆ।

ਰੋਜ਼ ਉਪਾਇਕਰਦਾ ਸੀ ਹਾਥੀਆਂ ਘੋੜਿਆਂ ਅਤੇ ਰੋਕ ਧਨ ਵਾਸਤੇ, ਸਗੋਂ ਅਗਲਾ ਧਨ ਵੀ ਗਵਾਹੀਆਂ ਵਿੱਚ ਉੱਡ ਗਿਆ। ਜਿਸਦੇ ਦਿਲ ਵਿੱਚ ਸੰਸਾ ਤੇ ਦੁਖ ਪਿਆ ਹੋਇਆ ਹੈ,ਓਹ ਕੀ ਖੱਟੇ ਅਤੇਕੀ ਖਾਵੇ?

ਜੇਹੜਾ ਨਿਰਵੈਰ ਨਾਲ ਵੈਰ ਕਰਦਾ ਹੈ, ਤਿਸ ਨੇ ਜਗਤ ਦਾ ਸਾਰਾ ਪਾਪ ਆਪਣੇ ਸਿਰ ਲੈ ਲਿਆ ਹੈ। ਉਸਨੂੰ ਅੱਗੇ ਪਿਛੇ ਕਿਤੇ ਢੋਈ ਨਹੀਂ, ਜਿਸ ਦੇ ਮੂੰਹ ਵਿੱਚ ਨਿੰਦਿਆ ਰੂਪ ਅੰਬ ਦਾ ਰਸ ਪਿਆ ਹੈ ਅਥਵਾ ਜਿਸਦਾ ਨਿੰਦਿਆ ਕਰਦਿਆਂ ੨ ਅੰਦਰੋਂ ਮੂੰਹ ਅੰਬ ਗਿਆ ਹੈ। ਜੇ ਓਹ ਸੋਨੇ ਨੂੰ ਹੱਥ ਪਾਵੇ ਤਾਂ ਓਹ ਵੀ ਸੁਆਹ ਨਾਲ ਰਲ ਗਿਆ।

ਜੇ ਫਿਰ ਓਹ ਗੁਰਾਂ ਦੀ ਸ਼ਰਨ ਆਵੇ ਤਾਂ ਉਸ ਦੇ ਪਿਛਲੇ ਔਗੁਣ ਮਾਫ਼ ਕਰਕੇ ਗੁਰਾਂ ਨੇ ਉਸ ਨੂੰ ਬਖਸ਼ ਲਿਆ। ਗੁਰੂ ਜੀ-ਜਿਨ੍ਹਾਂ ਨੇ ਰਾਤ ਦਿਨੇ ਵਾਹਿਗੁਰੂ ਦਾ ਨਾਮ ਧਿਆਇਆ ਹੈ ਅਤੇ ਵਾਹਿਗੁਰੂ ਦਾ ਹੀ ਸਿਮਰਨ ਕੀਤਾ ਹੈ, ਤਿਨ੍ਹਾਂ ਦਾ ਸਾਰਾ ਪਾਪ ਦੂਰ ਹੋ ਜਾਂਦਾ ਹੈ।

**ਪਉੜੀ॥ਤੂਹੈ ਸਚਾ ਸਚੁ ਤੂ ਸਭਦੂ ਉਪਰਿ ਤੂ ਦੀਬਾਣੁ॥ ਜੋ ਤੁਧੁ ਸਚੁ ਧਿਆਇਦੇ ਸਚੁ ਸੇਵਨਿ ਸਚੇ ਤੇਰਾ ਮਾਣੁ ॥ ਓਨ੍ਾ ਅੰਦਰਿ ਸਚੁ ਮੁਖ ਉਜਲੇ ਸਚੁ ਬੋਲਨਿ ਸਚੇ ਤੇਰਾ ਤਾਣੁ॥ ਸੇ ਭਗਤਿ ਜਿਨੀ ਗੁਰਮੁਖਿ ਸਾਲਾਹਿਆ ਸਚੁ ਸਬਦੁ ਨੀਸਾਣੁ ॥ ਸਚੁ ਜਿ ਸਚੇ ਸੇਵਦੇ ਤਿਨ ਵਾਰੀ ਸਦ ਕੁਰਬਾਣੁ॥ ੧੩॥**

ਤੂੰਹੇਂ ਵਾਹਿਗੁਰੂ,ਤੂੰਹੇਂ ਸੱਚਾ,ਤੂੰਹੇਂ ਸਭਨਾਂ ਤੋਂ ਉਪਰ ਵੱਡਾ ਅਤੇ ਤੂੰਹੇਂ ਸਭ ਦਾ ਆਸਰਾ ਹੈਂ। ਹੇ ਵਾਹਿਗੁਰੂ!ਜੇਹੜੇ ਤੈਨੂੰ ਯਾਦ ਕਰਦੇ ਹਨ ਅਤੇ ਤੇਰਾ ਹੀ ਓਨ੍ਹਾਂ ਨੂੰ ਮਾਣ ਹੈ, ਸੋ ਸੱਚੇ ਹਨ। ਓਨ੍ਹਾਂ ਦੇ ਅੰਦਰ ਸਚ ਹੈ,ਸਚ ਬੋਲਦੇ ਹਨ ਅਤੇ ਹੇ ਸਚੇ!ਤੇਰਾ ਹੀ ਓਹਨਾਂ ਨੂੰ ਬਲ ਹੈ, ਇਸ ਲਈ ਓਹਨਾਂ ਦੇ ਮੂੰਹ ਉੱਜਲੇ ਹਨ। ਜਿਨ੍ਹਾਂ ਨੇ ਗੁਰਾਂ ਨਾਲ ਮਿਲਕੇ ਸਲਾਹਿਆ ਹੈ ਅਤੇ ਸਚੇ ਉਪਦੇਸ਼ ਦਾ ਪਰਵਾਨਾ ਲਿਆ ਹੈ, ਸੋ ਭਗਤ ਹਨ। ਹੇ ਵਾਹਿਗੁਰੂ! ਜੇਹੜੇ ਨੀਕ ਤੈਨੂੰ ਸੇਂਵਦੇ ਹਨ, ਮੈਂ ਤਿਨ੍ਹਾਂ ਤੋਂ ਵਾਰੀ ਘੋਲੀ ਸਦਾ ਸਦਾ ਕੁਰਬਾਨ ਜਾਂਦਾ ਹਾਂ।

Digitized by Panjab Digital Library | www.panjabdigilib.org

{ ਜੋ ਬਚਨ ਗੁਰੂ ਅਮਰ ਦਾਸ ਜੀ ਨੇ ਕੀਤਾ ਹੈ, ਸੋ ਤਿਸਦਾ ਗੁਰੂ ਰਾਮਦਾਸ ਜੀ ਸਲੋਕ ਬਣਾਕੇ ਸਿੱਖਾਂ ਨੂੰ ਸੁਣਾਉਂਦੇ ਹਨ। }

**ਸਲੋਕ ਮ: ੪ ॥ ਧੁਰਿ ਮਾਰੇ ਪੂਰੈ ਸਤਿਗੁਰੂ ਸੇਈ ਹੁਣਿ ਸਤਿਗੁਰਿ ਮਾਰੇ ॥ ਜੇ ਮੇਲਣ ਨੋ ਬਹੁਤੇਰਾ ਲੋਚੀਐ ਨ ਦੇਈ ਮਿਲਣ ਕਰਤਾਰੇ ॥ ਸਤ ਸੰਗਤਿ ਢੋਈ ਨਾ ਲਹਨਿ ਵਿਚਿ ਸੰਗਤਿ ਗੁਰਿ ਵੀਚਾਰੇ ॥ ਕੋਈ ਜਾਇ ਮਿਲੈ ਹੁਣਿ ਓਨਾ ਨੋ ਤਿਸੁ ਮਾਰੇ ਜਮੁ ਜੰਦਾਰੇ ॥ ਗੁਰਿ ਬਾਬੈ ਫਿਟਕੇ ਸੇ ਫਿਟੇ ਗੁਰਿ ਅੰਗਦਿ ਕੀਤੇ ਕੂੜਿਆਰੇ ॥ ਗੁਰਿ ਤੀਜੀ ਪੀੜੀ ਵੀਚਾਰਿਆ ਕਿਆ ਹਥਿ ਏਨਾ ਵੇਚਾਰੇ ॥ ਗੁਰ ਚਉਥੀ ਪੀੜੀ ਟਿਕਿਆ ਤਿਨਿ ਨਿੰਦਕ ਦੁਸਟ ਸਭਿ ਤਾਰੇ ॥ ਕੋਈ ਪੁਤੁ ਸਿਖੁ ਸੇਵਾ ਕਰੇ ਸਤਿਗੁਰੂ ਕੀ ਤਿਸੁ ਕਾਰਜ ਸਭਿ ਸਵਾਰੇ ॥ ਜੋ ਇਛੈ ਸੋ ਫਲੁ ਪਾਇਸੀ ਪੁਤੁ ਧਨੁ ਲਖਮੀ ਖੜਿ ਮੇਲੇ ਹਰਿ ਨਿਸਤਾਰੇ ॥ ਸਭਿ ਨਿਧਾਨ ਸਤਿਗੁਰੂ ਵਿਚਿ ਜਿਸੁ ਅੰਦਰਿ ਹਰਿ ਉਰਧਾਰੇ ॥ ਸੋ ਪਾਏ ਪੂਰਾ ਸਤਿਗੁਰੂ ਜਿਸੁ ਲਿਖਿਆ ਲਿਖਤੁ ਲਿਲਾਰੇ ॥ ਜਨੁ ਨਾਨਕੁ ਮਾਗੈ ਧੂੜਿ ਤਿਨ ਜੋ ਗੁਰ ਸਿਖ ਮਿਤੁ ਪਿਆਰੇ ॥ ੧ ॥**

ਜੋ ਪਹਿਲੋਂ ਪੂਰੇ ਗੁਰੂ ਨਾਨਕ ਜੀ ਨੇ ਬੇਮੁਖ ਮਾਰੇ ਸਨ, ਸੋਈ ਹੁਣ ਗੁਰੂ ਅੰਗਦ ਜੀ ਮਾਰੇ ਹਨ। ਜੇ ਅਸੀਂ ਉਨ੍ਹਾਂ ਨੂੰ ਮੇਲਣ ਨੂੰ ਬਹੁਤਾ ਚਾਹੀਏ ਤਾਂ ਵਾਹਿਗੁਰੂ ਨਹੀ ਮਿਲਣ ਦੇਂਦਾ। ਸਤਿ ਸੰਗਤ ਵਿਚ ਢੋਈ ਨਹੀਂ ਲੈ ਸਕਦੇ, ਇਹ ਵਿਚਾਰ ਕੇ ਗੁਰੂ ਅਮਰਦਾਸ ਜੀ ਨੇ ਸਤਿ ਸੰਗਤ ਵਿਚ ਆਖਿਆ ਹੈ। ਜੇ ਕੋਈ ਹੁਣ ਓਨ੍ਹਾਂ ਦਾ ਜਾਕੇ ਸਾਥੀ ਹੋਵੇ ਤਾਂ ਤਿਸਨੂੰ ਵੀ ਜਮਦੂਤ ਡੰਡਾ ਮਾਰਦੇ ਹਨ। ਜੋ ਗੁਰੂ ਬਾਬੇ ਨਾਨਕ ਜੀ ਨੇ ਫਿਟਕੇ ਹਨ, ਸੋ ਫਿਟ ਗਏ ਭਾਵ ਵਿਗੜ ਗਏ, ਫਿਰ ਗੁਰੂ ਅੰਗਦ ਜੀ ਨੇ ਓਹੋ ਹੀ ਝੂਠੇ ਕੀਤੇ। ਗੁਰੂ ਅਮਰਦਾਸ ਜੀ ਵਿਚਾਰਿਆ ਕਿ ਏਨ੍ਹਾਂ ਵਿਚਾਰਿਆਂ ਦੇ ਹਥ ਕੀ ਹੈ ਭਾਵ ਇਹਨਾਂ ਦਾ ਦੋਸ਼ ਕੀ ਹੈ? ਜਿਸ ਗੁਰੂ

Digitized by Panjab Digital Library | www.panjabdigilib.org

ਅਮਰਦਾਸ ਜੀ ਨੇ ਮੈਨੂੰ ਚੌਥੀ ਪੀੜ੍ਹੀ ਟਿਕਿਆ ਹੈ, ਤਿਸ ਗੁਰੂ ਜੀ ਨੇ ਕਿਰਪਾ ਕਰਕੇ ਨਿੰਦਕ ਦੁਸ਼ਟ ਸਭ ਤਾਰ ਦਿੱਤੇ। ਸਿਖ ਜਾਂ ਪੁਤ ਕੋਈ ਹੋਵੇ ਜੇਹੜਾ ਗੁਰਾਂ ਦੀ ਸੇਵਾ ਕਰੇ, ਤਿਸਦੇ ਸਾਰੇ ਕੰਮ ਗੁਰੂ ਸਵਾਰ ਦੇਂਦੇ ਹਨ। ਜੋ ਚਾਹੇ ਸੋ ਫਲ ਪਾ ਲੈਂਦਾ ਹੈ-ਪੁਤ, ਧਨ, ਇਸਤ੍ਰੀ, ਅਥਵਾ ਨਕਦ ਮਾਇਆ ਲੈਕੇ (ਖੜਿ)ਆਪਣੇ ਆਪ ਨੂੰ ਗੁਰਾਂ ਦੀ ਸਤਸੰਗਤ ਵਿਚ ਮੇਲੇ, ਫਿਰ ਵਾਹਿਗੁਰੂ ਉਸਨੂੰ ਤਾਰ ਲੈਂਦਾ ਹੈ। ਜਿਸ ਗੁਰੂ ਨੇ ਰਿਦੇ ਵਿਚ ਵਾਹਿਗੁਰੂ ਨੂੰ ਧਾਰਨ ਕੀਤਾ ਹੈ, ਤਿਸ ਵਿਚ ਸਾਰੀਆਂ ਨਿਧਾਂ ਹਨ। ਜਿਸਦੇ ਮੱਥੇ ਤੇ ਚੰਗਾ ਲੇਖ ਲਿਖਿਆ ਹੈ, ਸੋ ਪੂਰੇ ਗੁਰਾਂ ਨੂੰ ਪਾਉਂਦਾ ਹੈ। ਗੁਰੂ ਜੀ-ਹੁਣ ਮੈਂ ਤਿਨ੍ਹਾਂ ਦੇ ਚਰਨਾਂ ਦੀ ਧੂੜ ਮੰਗਦਾ ਹਾਂ ਜੋ ਗੁਰੂ ਕੇ ਸਿੱਖ ਮੇਰੇ ਮਿੱਤ੍ਰਾਂ ਵਾਂਗੂ ਪਿਆਰੇ ਹਨ।

**ਮਃ ੪ ॥ ਜਿਨ ਕਉ ਆਪਿ ਦੇਇ ਵਡਿਆਈ ਜਗਤੁ ਭੀ ਆਪੇ ਆਣਿ ਤਿਨ ਕਉ ਪੈਰੀ ਪਾਏ ॥ ਡਰੀਐ ਤਾਂ ਜੇ ਕਿਛੁ ਆਪ ਦੂ ਕੀਚੈ ਸਭੁ ਕਰਤਾ ਆਪਣੀ ਕਲਾ ਵਧਾਏ ॥ ਦੇਖਹੁ ਭਾਈ ਏਹੁ ਅਖਾੜਾ ਹਰਿ ਪ੍ਰੀਤਮ ਸਚੇ ਕਾ ਜਿਨਿ ਆਪਣੈ ਜੋਰਿ ਸਭਿ ਆਣ ਨਿਵਾਏ॥ਆਪਣਿਆ ਭਗਤਾ ਕੀ ਰਖ ਕਰੇ ਹਰਿ ਸੁਆਮੀ ਨਿੰਦਕਾ ਦੁਸਟਾ ਕੇ ਮੁਹ ਕਾਲੇ ਕਰਾਏ ॥ ਸਤਿਗੁਰ ਕੀ ਵਡਿਆਈ ਨਿਤ ਚੜੈ ਸਵਾਈ ਹਰਿ ਕੀਰਤਿ ਭਗਤਿ ਨਿਤਿ ਆਪਿ ਕਰਾਏ ॥ ਅਨਦਿਨੁ ਨਾਮੁ ਜਪਹੁ ਗੁਰ ਸਿਖਹੁ ਹਰਿ ਕਰਤਾ ਸਤਿਗੁਰੁ ਘਰੀ ਵਸਾਏ ॥ ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰ ਸਿਖਹੁ ਹਰਿ ਕਰਤਾ ਆਪਿ ਮੁਹਹੁ ਕਢਾਏ ॥ ਗੁਰ ਸਿਖਾ ਕੇ ਮੁਹ ਉਜਲੇ ਕਰੇ ਹਰਿ ਪਿਆਰਾ ਗੁਰ ਕਾ ਜੈਕਾਰੁ ਸੰਸਾਰਿ ਸਭਤੁ ਕਰਾਏ ॥ ਜਨੁ ਨਾਨਕੁ ਹਰਿ ਕਾ ਦਾਸੁ ਹੈ ਹਰਿ ਦਾਸਨ ਕੀ ਹਰਿ ਪੈਜ ਰਖਾਏ ॥ ੨ ॥**

ਜਿਨ੍ਹਾਂ ਨੂੰ ਆਪ ਵਾਹਿਗੁਰੂ ਵਡਿਆਈ ਦੇਂਦਾ ਹੈ, ਤਿਨ੍ਹਾਂ ਦੇ ਚਰਨਾਂ ਉੱਤੇ ਸਾਰੇ ਜਗਤ ਨੂੰ ਵੀ ਆਪੇ ਲਿਆ ਪਾਉਂਦਾ ਹੈ। ਜੇ ਕੁਛ ਆਪ ਕਰੀਏ ਤਾਂ ਡਰੀਏ, ਇਹ ਸਭ ਵਾਹਿਗੁਰੂ ਆਪਣੀ ਕਲਾ ਵਧਾਉਂਦਾ ਹੈ।

Digitized by Panjab Digital Library | www.panjabdigilib.org

ਹੇ ਭਾਈ! ਦੇਖੋ, ਇਹ ਸੰਸਾਰ ਅਖਾੜਾ ਪਰਮੇਸ਼ਰ ਵਾਹਿਗੁਰੂ ਸੱਚੇ ਦਾ ਹੈ, ਜਿਸ ਨੇ ਆਪਣੇ ਜ਼ੋਰ ਨਾਲ ਸਾਰੇ ਲੋਕ ਗੁਰਾਂ ਅੱਗੇ ਆਨ ਨਿਵਾਏ ਹਨ। ਵਾਹਿਗੁਰੂ ਸੁਆਮੀ ਆਪਣਿਆਂ ਭਗਤਾਂ ਦੀ ਰੱਖਿਆ ਕਰਦਾ ਹੈ ਨਿੰਦਕਾਂ ਦੁਸ਼ਟਾਂ ਦੇ ਮੂੰਹ ਕਾਲੇ ਕਰਾਉਂਦਾ ਹੈ। ਗੁਰਾਂ ਦੀ ਵਡਿਆਈ ਰੋਜ਼ ਦੂਣੀ ਚੌਣੀ ਹੁੰਦੀ ਹੈ, ਕਿਉਂਕਿ ਵਾਹਿਗੁਰੂ ਦਾ ਕੀਰਤਨ ਭਗਤੀ ਰੋਜ਼ ਕਰਦੇ ਅਤੇ ਕਰਾਉਂਦੇ ਹਨ। ਇਸ ਲਈ ਹੇ ਗੁਰੂ ਕੇ ਸਿੱਖੋ! ਰਾਤ ਦਿਨੇ ਵਾਹਿਗੁਰੂ ਦਾ ਨਾਮ ਜਪੋ, ਤੁਹਾਨੂੰ ਵਾਹਿਗੁਰੂ ਕਰਤੇ ਦਾ ਰੂਪ ਜੋ ਸਤਿਗੁਰੂ ਹੈ ਸੋ ਘਰ ਵਸਾਵੇਗਾ ਭਾਵ ਵਾਹਿਗੁਰੂ ਨਾਲ ਮੇਲ ਦੇਵੇਗਾ। ਹੇ ਗੁਰੂ ਕੇ ਸਿਖੋ! ਗੁਰਾਂ ਦੀ ਬਾਣੀ ਤਨ ਮਨ ਕਰਕੇ ਸੱਚੀ ਜਾਣੋ, ਕਿਉਂਕਿ ਵਾਹਿਗੁਰੂ ਕਰਤਾ ਆਪ ਗੁਰਾਂ ਦੇ ਮੂੰਹੋਂ ਕਢਾਉਂਦਾ ਹੈ। ਜੇਹੜੇ ਗੁਰੂ ਦੇ ਸਿੱਖ ਹਨ, ਤਿਨ੍ਹਾਂ ਦੇ ਮੂੰਹ ਹਰੀ ਪਿਆਰਾ ਉੱਜਲੇ ਕਰਦਾ ਹੈ ਅਤੇ ਸਾਰੇ ਸੰਸਾਰ ਵਿੱਚ ਗੁਰਾਂ ਦਾ ਜੈਕਾਰ ਕਰਾਉਂਦਾ ਹੈ। ਗੁਰੂ ਜੀ—ਮੈਂ ਵਾਹਿਗੁਰੂ ਦਾ ਦਾਸ ਹਾਂ, ਵਾਹਿਗੁਰੂ ਦਾਸਾਂ ਦੀ ਲੱਜਿਆ ਰੱਖਦਾ ਹੈ।

**ਪਉੜੀ ॥ ਤੂੰ ਸਚਾ ਸਾਹਿਬੁ ਆਪਿ ਹੈ ਸਚੁ ਸਾਹ ਹਮਾਰੇ ॥ ਸਚੁ ਪੂਜੀ ਨਾਮ ਦ੍ਰਿੜਾਇ ਪ੍ਰਭੁ ਵਣਜਾਰੇ ਥਾਰੇ ॥ ਸਚੁ ਸੇਵਹਿ ਸਚੁ ਵਣੰਜਿ ਲੈਹਿ ਗੁਣ ਕਥਹ ਨਿਰਾਰੇ ॥ ਸੇਵਕ ਭਾਇ ਸੇ ਜਨ ਮਿਲੇ ਗੁਰ ਸਬਦਿ ਸਵਾਰੇ ॥ ਤੂ ਸਚਾ ਸਾਹਿਬੁ ਅਲਖੁ ਹੈ ਗੁਰ ਸਬਦਿ ਲਖਾਰੇ ॥ ੧੪ ॥**

ਹੇ ਵਾਹਿਗੁਰੂ! ਅਸੀਂ ਤਾਂ ਤੈਨੂੰ ਹੀ ਸੱਚਾ ਸਾਹਿਬ ਤੇ ਸੱਚਾ ਸ਼ਾਹ ਜਾਣਦੇ ਹਾਂ। ਹੇ ਪ੍ਰਭੂ ਅਸੀਂ ਤੇਰੇ ਵਣਜਾਰੇ ਹਾਂ, ਸਾਨੂੰ ਸੱਚੀ ਪੂੰਜੀ ਨਾਮ ਦੇਹ। ਤੈਨੂੰ ਹੀ ਸੇਂਵਦੇ ਹਾਂ, ਤੈਨੂੰ ਹੀ ਖਰੀਦ ਲੈਂਦੇ ਹਾਂ, ਤੇਰੇ ਹੀ ਗੁਣਾਂ ਨੂੰ ਕਥਕੇ ਨਿਰਨਾ ਕਰਦੇ ਹਾਂ। ਸੇਵਕਾਂ ਵਾਙੂ ਹੋਕੇ ਜਿਨ੍ਹਾਂ ਨੇ ਗੁਰਾਂ ਦੇ ਉਪਦੇਸ਼ ਨਾਲ ਮਨ ਸਵਾਰੇ ਹਨ, ਸੋ ਤੇਰੇ ਨਾਲ ਮਿਲੇ ਹਨ। ਤੂੰ ਸਚਾ ਸਾਹਿਬ ਦਿਸਦਾ ਨਹੀਂ, ਪਰ ਗੁਰਾਂ ਦਾ ਸ਼ਬਦ ਸੁਣਨ ਵਾਲਿਆਂ ਨੇ ਤੈਨੂੰ ਵੇਖ ਲਿਆ ਹੈ।

**ਸਲੋਕ ਮਃ ੪ ॥ ਜਿਸੁ ਅੰਦਰਿ ਤਾਤ ਪਰਾਈ ਹੋਵੈ ਤਿਸਦਾ ਕਦੇ ਨ ਹੋਵੀ ਭਲਾ ॥ ਓਸ ਦੈ ਆਖਿਐ ਕੋਈ ਨ ਲਗੈ ਨਿਤ ਓਜਾੜੀ ਪੂਕਾਰੇ ਖਲਾ ॥ ਜਿਸੁ ਅੰਦਰਿ ਚੁਗਲੀ**

Digitized by Panjab Digital Library | www.panjabdigilib.org

ਚੁਗਲੋ ਵਜੈ ਕੀਤਾ ਕਰਤਿਆ ਓਸ ਦਾ ਸਭੁ ਗਇਆ ॥ ਨਿਤ ਚੁਗਲੀ ਕਰੇ ਅਣਹੋਦੀ ਪਰਾਈ ਮੁਹੁ ਕਢਿ ਨ ਸਕੈ ਓਸਦਾ ਕਾਲਾ ਭਇਆ ॥ ਕਰਮ ਧਰਤੀ ਸਰੀਰੁ ਕਲਿਜੁਗ ਵਿਚਿ ਜੇਹਾ ਕੋ ਬੀਜੇ ਤੇਹਾ ਕੋ ਖਾਏ ॥ ਗਲਾ ਉਪਰਿ ਤਪਾਵਸੁ ਨ ਹੋਈ ਵਿਸੁ ਖਾਧੀ ਤਤਕਾਲ ਮਰਿ ਜਾਏ ॥ ਭਾਈ ਵੇਖਹੁ ਨਿਆਉ ਸਚੁ ਕਰਤੇ ਕਾ ਜੇਹਾ ਕੋਈ ਕਰੇ ਤੇਹਾ ਕੋਈ ਪਾਏ ॥ ਜਨ ਨਾਨਕ ਕਉ ਸਭ ਸੋਝੀ ਪਾਈ ਹਰਿ ਦਰ ਕੀਆ ਬਾਤਾ ਆਖਿ ਸੁਣਾਏ ॥ ੧ ॥

ਜਿਸਦੇ ਦਿਲ ਅੰਦਰ ਪਰਾਈ ਨਿੰਦਿਆ ਹੁੰਦੀ ਹੈ, ਉਸਦਾ ਕਦੀ ਨਹੀਂ ਭਲਾ ਹੁੰਦਾ। ਉਸਦੇ ਆਖੇ ਕੋਈ ਨਹੀਂ ਲਗਦਾ, ਓਹ ਰੋਜ਼ ਉਜਾੜਾਂ ਵਿਚ ਖੜਾ ਪੁਕਾਰਦਾ ਹੈ। ਜਿਸਦੇ ਅੰਦਰ ਚੁਗਲੀ ਹੁੰਦੀ ਹੈ, ਓਹ ਚੁਗਲ ਕਹਾਉਂਦਾ ਹੈ, ਇਸ ਕਰਕੇ ਕੀਤਾ ਕਤਰਿਆ ਉਸਦਾ ਸਭ ਚਲਾ ਗਿਆ। ਰੋਜ਼ ਅਣਹੁੰਦੀ ਪਰਾਈ ਚੁਗਲੀ ਕਰਦਾ ਹੈ, ਓਸਦਾ ਮੂੰਹ ਕਾਲਾ ਹੋਇਆ, ਓਹ ਮੂੰਹ ਕੱਢ ਨਹੀਂ ਸਕਦਾ ਭਾਵ ਕਿਸੇ ਦੇ ਸਾਹਮਣੇ ਨਹੀਂ ਕਰ ਸਕਦਾ। ਕਲਜੁਗ ਵਿਚ ਇਹ ਸਰੀਰ ਕੰਮ ਕਰਨ ਦੀ ਧਰਤੀ ਹੈ, ਜਿੱਕੁਰ ਦਾ ਕੋਈ ਬੀਜਦਾ (ਕੰਮ ਕਰਦਾ) ਹੈ, ਤਿੱਕੁਰ ਦਾ ਹੀ ਕੋਈ ਫਲ ਖਾਂਦਾ ਹੈ। ਗੱਲਾਂ ਉਤੇ ਨਿਆਉਂ ਨਹੀਂ ਹੁੰਦਾ, ਵਿਹੁ ਖਾਣ ਨਾਲ ਛੇਤੀ ਨਾਲ ਹੀ ਮਰ ਜਾਂਦਾ ਹੈ ਭਾਵ ਜੇ ਅੰਮ੍ਰਿਤ ਦੀਆਂ ਗੱਲਾਂ ਕਰੇ ਤੇ ਵਿਹੁ ਖਾਏ ਲਵੇ ਤਾਂ ਬਚ ਨਹੀਂ ਜਾਂਦਾ, ਈਕੁਣ ਹੀ ਖੋਟੇ ਕੰਮ ਕਰਕੇ ਸੁਖ ਨਹੀਂ ਪਾਉਂਦਾ, ਜ਼ਰੂਰ ਦੁਖ ਭੋਗਦਾ ਹੈ। ਹੇ ਭਾਈ! ਸੱਚੇ ਕਰਤੇ ਦਾ ਨਿਆਉਂ ਦੇਖੋ, ਜੀਕੁਣ ਦਾ ਕੋਈ ਕੰਮ ਕਰਦਾ ਹੈ, ਤੀਕੁਣ ਦਾ ਫਲ ਪਾ ਲੈਂਦਾ ਹੈ। ਗੁਰੂ ਜੀ-ਦਾਸ ਨੂੰ ਵਾਹਿਗੁਰੂ ਨੇ ਸਾਰੀ ਗਲ ਸਮਝਾ ਦਿਤੀ ਹੈ,ਇਸਲਈ ਵਾਹਿਗੁਰੂ ਦੀ ਦਰਗਾਹ ਦੀਆਂ ਸਾਰੀਆਂ ਗਲਾਂ ਕਰਕੇ ਸੁਣਾਈਆਂ ਹਨ।

ਮਃ ੪ ॥ ਹੋਦੈ ਪਰਤਖਿ ਗੁਰੂ ਜੋ ਵਿਛੁੜੇ ਤਿਨ ਕਉ ਦਰਿ ਢੋਈ ਨਾਹੀ ॥ ਕੋਈ ਜਾਇ ਮਿਲੇ ਤਿਨ ਨਿੰਦਕਾ ਮੁਹ ਫਿਕੇ ਥੁਕ ਥੁਕ ਮੁਹਿ ਪਾਹੀ ॥ ਜੋ ਸਤਿਗੁਰਿ ਫਿਟਕੇ ਸੇ ਸਭ ਜਗਤਿ ਫਿਟਕੇ ਨਿਤ ਭੰਭਲਭੂਸੇ ਖਾਹੀ ॥ ਜਿਨ

Digitized by Panjab Digital Library | www.panjabdigilib.org

ਗੁਰੁ ਗੋਪਿਆ ਆਪਨਾ ਸੋ ਲੈਦੇ ਢਹਾ ਫਿਰਾਹੀ ॥ ਤਿਨ ਕੀ ਭੁਖ ਕਦੇ ਨ ਉਤਰੈ ਨਿਤ ਭੁਖਾ ਭੁਖ ਕੂਕਾਹੀ ॥ ਓਨਾ ਦਾ ਆਖਿਆ ਕੋ ਨ ਸੁਣੈ ਨਿਤ ਹਉਲੇ ਹਉਲਿ ਮਰਾਹੀ ॥ ਸਤਿਗੁਰ ਕੀ ਵਡਿਆਈ ਵੇਖਿ ਨ ਸਕਨੀ ਓਨਾ ਅਗੈ ਪਿਛੈ ਥਾਉ ਨਾਹੀ ॥ ਜੋ ਸਤਿਗੁਰਿ ਮਾਰੇ ਤਿਨ ਜਾਇ ਮਿਲਹਿ ਰਹਦੀ ਖੁਹਦੀ ਸਭ ਪਤਿ ਗਵਾਹੀ ॥ ਓਇ ਅਗੈ ਕੁਸਟੀ ਗੁਰ ਕੇ ਫਿਟਕੇ ਜਿ ਓਸੁ ਮਿਲੈ ਤਿਸੁ ਕੁਸਟੁ ਉਠਾਹੀ ॥ ਹਰਿ ਤਿਨ ਕਾ ਦਰਸਨੁ ਨਾ ਕਰਹੁ ਜੋ ਦੂਜੈ ਭਾਇ ਚਿਤੁ ਲਾਹੀ ॥ ਧੁਰਿ ਕਰਤੈ ਆਪਿ ਲਿਖਿ ਪਾਇਆ ਤਿਸੁ ਨਾਲਿ ਕਿਹੁ ਚਾਰਾ ਨਾਹੀ ॥ ਜਨ ਨਾਨਕ ਨਾਮੁ ਅਰਾਧਿ ਤੂ ਤਿਸੁ ਅਪੜਿ ਕੋ ਨ ਸਕਾਹੀ ॥ ਨਾਵੈ ਕੀ ਵਡਿਆਈ ਵਡੀ ਹੈ ਨਿਤ ਸਵਾਈ ਚੜੈ ਚੜਾਹੀ ॥ ੨ ॥

ਜੋ ਗੁਰਾਂ ਦੇ ਹੁੰਦਿਆਂ ਹੀ ਗੁਰਾਂ ਕੋਲੋਂ ਵਿਛੜ ਗਏ ਹਨ, ਤਿਨ੍ਹਾਂ ਨੂੰ ਦਰਗਾਹ ਵਿਚ ਢੋਈ ਨਹੀਂ ਮਿਲਦੀ। ਜੇ ਕੋਈ ਤਿਨ੍ਹਾਂ ਨਿੰਦਕਾਂ ਨੂੰ ਜਾ ਮਿਲਦਾ ਹੈ, ਤਾਂ ਤਿਨ੍ਹਾਂ ਦੇ ਵੀ ਮੂੰਹ ਫਿਕੇ ਵਿਚ ਥੁੱਕ ਹੀ ਥੁੱਕ ਪੈਂਦਾ ਹੈ। ਜੋ ਗੁਰਾਂ ਨੇ ਫਿਟਕਾਰੇ ਹਨ, ਸੋ ਸਾਰੇ ਜਗਤ ਨੇ ਫਿਟਕਾਰੇ ਹਨ, ਰੋਜ਼ ਐਧਰ ਓਧਰ ਖੇਹ ਭੱਸ ਖਾਂਦੇ ਫਿਰਦੇ ਹਨ। ਜਿਨ੍ਹਾਂ ਨੇ ਆਪਣਾ ਗੁਰੂ ਛਪਾਯਾ ਹੈ, ਸੋ ਹੋਰਨਾਂ ਦਾ ਆਸਰਾ ਲੈਂਦੇ ਫਿਰਦੇ ਹਨ ਅਥਵਾ ਧਾਹਾਂ ਮਾਰਦੇ ਫਿਰਦੇ ਹਨ। ਤਿਨ੍ਹਾਂ ਦੀ ਭੁਖ ਕਦੀ ਨਹੀਂ ਲਹਿੰਦੀ, ਰੋਜ਼ ਭੁਖੇ ਭੁਖੇ ਕੂਕਦੇ ਹਨ। ਓਨ੍ਹਾਂ ਦਾ ਕਿਹਾ ਕੋਈ ਨਹੀਂ ਸੁਣਦਾ, ਰੋਜ਼ ਡਰ ਫਿਕਰ ਵਿਚ ਹੀ ਮਰਦੇ ਹਨ। ਗੁਰਾਂ ਦੀ ਵਡਿਆਈ ਵੇਖ ਨਹੀਂ ਸਕਦੇ, ਇਸ ਲਈ ਓਨ੍ਹਾਂ ਨੂੰ ਲੋਕ ਪ੍ਰਲੋਕ ਵਿਚ ਸੁਖ ਦਾ ਥਾਂ ਨਹੀਂ ਮਿਲਦਾ।

ਜੋ ਗੁਰਾਂ ਨੇ ਮਾਰੇ ਹਨ, ਜੋ ਓਨ੍ਹਾਂ ਨੂੰ ਜਾ ਮਿਲਦੇ ਹਨ, ਤਿਨ੍ਹਾਂ ਨੇ ਵੀ ਰਹਿੰਦੀ ਖੁਹਿੰਦੀ ਇਜ਼ਤ ਗਵਾ ਲਈ ਹੈ। ਓਹ ਗੁਰੂ ਦੇ ਫਿਟਕਾਰੇ ਹੋਏ ਅਗੇ ਹੀ ਕੋੜ੍ਹੇ ਸਨ, ਜੇ ਕੋਈ ਓਨ੍ਹਾਂ ਨੂੰ ਜਾ ਮਿਲੇ ਤਾਂ ਉਸਨੂੰ ਵੀ ਕੋੜ੍ਹ ਰੋਗ ਹੋ ਜਾਂਦਾ ਹੈ।

ਵਾਹਿਗੁਰੂ ਨੂੰ ਛੱਡਕੇ ਜੋ ਦ੍ਵੈਤਭਾਵ ਵਿਚ ਚਿਤ ਨੂੰ ਲਾਉਂਦੇ ਹਨ, ਓਨ੍ਹਾਂ ਦਾ ਦਰਸ਼ਨ ਨਾ ਕਰੋ, ਜੋ ਪਹਿਲਾਂ ਹੀ ਵਾਹਿਗੁਰੂ ਨੇ ਆਪ ਲੇਖ ਲਿਖ

Digitized by Panjab Digital Library | www.panjabdigilib.org

ਪਾਇਆ ਹੈ,ਤਿਸ ਨਾਲ ਕੋਈ ਉਪਾਇ ਨਹੀਂ ਚਲਦਾ। ਗੁਰੂ ਜੀ–ਤੂੰ ਨਾਮ ਨੂੰ ਯਾਦ ਕਰ,ਤਿਸਨੂੰ ਕੋਈ ਨਹੀਂ ਪਹੁੰਚ ਸਕਦਾ। ਵਾਹਿਗੁਰੂ ਦੇ ਨਾਮ ਦੀ ਵਡਿਆਈ ਵਡੀ ਹੈ ਰੋਜ਼ ਸਵਾਈ ਚੜ੍ਹਾਈ ਚੜ੍ਹਦੀ ਹੈ।

ਮਃ ੪ ॥ ਜਿ ਹੋਦੈ ਗੁਰੂ ਬਹਿ ਟਿਕਿਆ ਤਿਸੁ ਜਨ ਕੀ ਵਡਿਆਈ ਵਡੀ ਹੋਈ॥ ਤਿਸੁ ਕਉ ਜਗਤੁ ਨਿਵਿਆ ਸਭੁ ਪੈਰੀ ਪਇਆ ਜਸੁ ਵਰਤਿਆ ਲੋਈ ॥ ਤਿਸ ਕਉ ਖੰਡ ਬ੍ਰਹਮੰਡ ਨਮਸਕਾਰੁ ਕਰਹਿ ਜਿਸਕੈ ਮਸਤਕਿ ਹਥੁ ਧਰਿਆ ਗੁਰਿ ਪੂਰੈ ਸੋ ਪੂਰਾ ਹੋਈ॥ਗੁਰਕੀ ਵਡਿਆਈ ਨਿਤ ਚੜੈ ਸਵਾਈ ਅਪੜਿ ਕੋ ਨ ਸਕੋਈ ॥ ਜਨੁ ਨਾਨਕੁ ਹਰਿ ਕਰਤੈ ਆਪਿ ਬਹਿ ਟਿਕਿਆ ਆਪੇ ਪੈਜ ਰਖੈ ਪ੍ਰਭੁ ਸੋਈ ॥ ੩ ॥

ਜੋ ਗੁਰੂ ਅੰਗਦ ਜੀ ਨੇ ਆਪ ਹੁੰਦਿਆਂ ਹੀ ਗੁਰੂ ਅਮਰ ਦਾਸ ਜੀ ਨੂੰ ਬਹਿਕੇ ਟਿਕਿਆ ਹੈ, ਇਸ ਲਈ ਤਿਸਦੀ ਵਡਿਆਈ ਵੱਡੀ ਹੋਈ ਹੈ। ਤਿਨ੍ਹਾਂਨੂੰ ਸਾਰਾ ਜਗਤ ਨਿਵਿਆਂ ਅਤੇ ਪੈਰੀਂ ਪਿਆ,ਫਿਰ ਸਾਰੇਲੋਕਾਂ ਵਿਚ ਜਸ ਵਰਤ ਗਿਆ ਭਾਵ ਫੈਲ ਗਿਆ। ਜਿਸਦੇ ਮੱਥੇ ਤੇ ਪਹਿਲੋਂ ਹੀ ਪੂਰੇ ਗੁਰਾਂ ਨੇ ਹਥ ਰਖਿਆ ਹੈ, ਸੋ ਪੂਰਾ ਹੋਇਆ ਹੈ ਅਤੇ ਤਿਸਨੂੰਹੀ ਸਾਰੇ ਖੰਡ ਬ੍ਰਹਮੰਡ ਨਮਸ਼ਕਾਰ ਕਰਦੇ ਹਨ। ਗੁਰਾਂ ਦੀ ਵਡਿਆਈ ਰੋਜ਼ ਸਵਾਈ ਹੁੰਦੀ ਹੈ, ਤਿਸਨੂੰ ਕੋਈ ਨਹੀਂ ਪਹੁੰਚ ਸਕਦਾ ਭਾਵ ਤਿਸ ਵਡਿਆਈ ਦੇ ਬਰਾਬਰ ਕੋਈ ਨਹੀਂ ਹੋ ਸਕਦਾ। ਗੁਰੂ ਜੀ–ਜਿਸ ਵਾਹਿਗੁਰੂ ਨੇ ਆਪ ਬਹਿਕੇ ਟਿਕਿਆ ਹੈ, ਸੋਈ ਲੱਜਿਆ ਰਖਦਾ ਹੈ।

ਪਉੜੀ ॥ ਕਾਇਆ ਕੋਟੁ ਅਪਾਰ ਹੈ ਅੰਦਰਿ ਹਟ ਨਾਲੇ ॥ ਗੁਰਮੁਖਿ ਸਉਦਾ ਜੋ ਕਰੇ ਹਰਿ ਵਸਤੁ ਸਮਾਲੇ ॥ ਨਾਮੁ ਨਿਧਾਨੁ ਹਰਿ ਵਣਜੀਐ ਹੀਰੇ ਪਰਵਾਲੇ ॥ ਵਿਣੁ ਕਾਇਆ ਜਿ ਹੋਰਥੈ ਧਨੁ ਖੋਜਦੇ ਸੇ ਮੂੜ ਬੇਤਾਲੇ ॥ ਸੇ ਉਝੜਿ ਭਰਮਿ ਭਵਾਈਅਹਿ ਜਿਉ ਝਾੜ ਮਿਰਗੁ ਭਾਲੇ ॥ ੧੫ ॥

Digitized by Panjab Digital Library | www.panjabdigilib.org

ਦੇਹ ਰੂਪ ਬੜਾ ਸੁੰਦਰ ਕਿਲਾ ਹੈ, ਤਿਸ ਵਿਚ ਇੰਦ੍ਰੀਆਂ ਰੂਪ ਹੱਟੀਆਂ ਹਜ਼ਾਰ ਹਨ। ਜੋ ਗੁਰਮੁਖ ਹੋਕੇ ਇਸ ਬਜ਼ਾਰ ਵਿਚ ਸੌਦਾ ਕਰਦੇ ਹਨ ਭਾਵ ਇੰਦ੍ਰੀਆਂ ਨੂੰ ਭਲੇ ਪਾਸੇ ਭਗਤੀ ਕਰਨ ਵਲ ਲਾਉਂਦੇ ਹਨ, ਸੋ ਹਰੀ ਵਸਤੂ ਨੂੰ ਸੰਭਾਲ ਲੈਂਦੇ ਹਨ। ਹਰੀ ਦਾ ਨਾਮ ਨਿਧੀਆਂ ਦਾ ਘਰ ਇੰਦ੍ਰੀਆਂ ਕਰਕੇ ਲੈਂਦੇ ਦੇਂਦੇ ਹਨ ( ਹੀਰੇ ) ਗਿਆਨ ਵਰਾਗ ( ਪਰਵਾਲੇ ) ਮੂੰਗੇ ਭਾਵ ਸੰਸਾਰ ਦੇ ਬੰਧਨਾਂ ਤੋਂ ਪਰੇ ਹੋਣਾ। ਇਸ ਕਾਇਆ ਨੂੰ ਛੱਡਕੇ ਜੇਹੜੇ ਵਾਹਿਗੁਰੂ ਧਨ ਨੂੰ ਹੋਰਥੇ ਲਭਦੇ ਹਨ,ਸੋ ਮੂਰਖ ਭੂਤਨੇਹਨ।

ਸੋ ਈਕੁਣ ਭਰਮ ਕਰਕੇ ਸੰਸਾਰ ਉਜਾੜ ਵਿਚ ਭੌਂਦੇ ਫਿਰਦੇ ਹਨ, ਜੀਕੁਣ ਹਰਨ ਝਾੜ ਭਾਲਦਾ ਹੈ।

**ਸਲੋਕ ਮਃ ੪ ॥ ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ ਸੁ ਅਉਖਾ ਜਗ ਮਹਿ ਹੋਇਆ ॥ ਨਰਕ ਘੋਰੁ ਦੁਖ ਖੂਹੁ ਹੈ ਓਥੈ ਪਕੜਿ ਓਹੁ ਢੋਇਆ॥ਕੂਕ ਪੁਕਾਰ ਕੋ ਨ ਸੁਣੇ ਓਹੁ ਅਉਖਾ ਹੋਇ ਹੋਇ ਰੋਇਆ ॥ ਓਨਿ ਹਲਤੁ ਪਲਤੁ ਸਭੁ ਗਵਾਇਆ ਲਾਹਾ ਮੂਲੁ ਸਭੁ ਖੋਇਆ ॥ ਓਹੁ ਤੇਲੀ ਸੰਦਾ ਬਲਦੁ ਕਰਿ ਨਿਤ ਭਲਕੇ ਉਠਿ ਪ੍ਰਭਿ ਜੋਇਆ ॥ ਹਰਿ ਵੇਖੈ ਸੁਣੈ ਨਿਤ ਸਭੁ ਕਿਛੁ ਤਿਦੂ ਕਿਛੁ ਗੁਝਾ ਨ ਹੋਇਆ ॥ ਜੈਸਾ ਬੀਜੇ ਸੋ ਲੁਣੈ ਜੇਹਾ ਪੁਰਬਿ ਕਿਨੈ ਬੋਇਆ ॥ ਜਿਸੁ ਕ੍ਰਿਪਾ ਕਰੇ ਪ੍ਰਭੁ ਆਪਣੀ ਤਿਸੁ ਸਤਿਗੁਰ ਕੇ ਚਰਣ ਧੋਇਆ ॥ ਗੁਰ ਸਤਿਗੁਰ ਪਿਛੈ ਤਰਿ ਗਇਆ ਜਿਉ ਲੋਹਾ ਕਾਠ ਸੰਗੋਇਆ ॥ ਜਨ ਨਾਨਕ ਨਾਮੁ ਧਿਆਇ ਤੂ ਜਪਿ ਹਰਿ ਹਰਿ ਨਾਮਿ ਸੁਖੁ ਹੋਇਆ ॥ ੧ ॥**

ਜੇਹੜਾ ਪੂਰੇ ਗੁਰਾਂ ਦੀ ਨਿੰਦਿਆ ਕਰਦਾ ਹੈ, ਓਹ ਜੱਗ ਵਿਚ ਦੁਖੀ ਹੁੰਦਾ ਹੈ। ਭਿਆਨਕ ਨਰਕ ਜੋ ਦੁੱਖਾਂ ਦਾ ਖੂਹ ਹੈ, ਉਸ ਜਗਾ ਉਸਨੂੰ ਫੜਕੇ ਪਹੁੰਚਾ ਦਿਤਾ। ਓਥੇ ਉਸਦੀ ਕੋਈ ਕੂਕ ਪੁਕਾਰ ਨਹੀਂ ਸੁਣਦਾ, ਓਹ ਦੁਖੀ ਹੋ ਹੋਕੇ ਰੋਂਦਾਹੈ। ਉਸਨੇ ਲੋਕ ਪ੍ਰਲੋਕ ਸਭ ਗਵਾ ਲਿਆ, ਲਾਹਾ ਮੂਲ ਸਭ ਖੋ ਲਿਆ। ਓਹ ਤੇਲੀ ਦਾ ਬੌਲਦ ਬਣਾਕੇ ਰੋਜ਼ ਸਵੇਰੇ ਉਠਕੇ ਵਾਹਿਗੁਰੂ ਤੇਲੀ ਨੇ ਉਸ ਨੂੰ ਕੋਲ੍ਹੂ ਜੋਇਆ ਭਾਵ ਚੁਰਾਸੀ

Digitized by Panjab Digital Library | www.panjabdigilib.org

ਵਿਚ ਪਾਯਾ। ਵਾਹਿਗੁਰੂ ਸਭ ਕੁਛ ਦੇਖਦਾ ਸੁਣਦਾ ਹੈ,ਤਿਸ ਤੋਂ ਕੋਈ ਕੰਮ ਛਿਪਿਆ ਹੋਯਾ ਨਹੀਂ। ਜੀਕੁਣ ਦਾ ਬੀਜੇਗਾ ਤੀਕੁਣ ਦਾ ਹੀ ਵੱਢੇਗਾ, ਜੀਕੁਣ ਦਾ ਕਿਸੇ ਨੇ ਪਹਿਲੇ ਬੀਜਿਆ ਹੈ। ਜਿਸਤੇ ਵਾਹਿਗੁਰੂ ਆਪਣੀ ਕਿਰਪਾ ਕਰਦਾ ਹੈ, ਤਿਸਨੇ ਗੁਰਾਂ ਦੇ ਚਰਨਾਂ ਨੂੰ ਧੋਤਾ ਹੈ। ਜੋ ਪੂਜਨੀਕ ਗੁਰਾਂ ਦੇ ਪਿੱਛੇ ਲੱਗਾ,ਸੋ ਤਰ ਗਿਆ,ਜੀਕੁਣ ਲੋਹਾ ਲਕੜ ਨਾਲ ਮਿਲਕੇ ਤਰ ਜਾਂਦਾ ਹੈ। ਗੁਰੂ ਜੀ–ਹੇ ਭਾਈ! ਤੂੰ ਨਾਮ ਨੂੰ ਜਪ,ਕਿਉਂਕਿ ਵਾਹਿਗੁਰੂ ਦਾ ਨਾਮ ਜਪਣ ਵਾਲੇ ਨੂੰ ਸੁਖ ਹੁੰਦਾ ਹੈ।

**ਮਃ ੪ ॥ ਵਡਭਾਗੀਆ ਸੁਹਾਗਣੀ ਜਿਨਾ ਗੁਰਮੁਖਿ ਮਿਲਿਆ ਹਰਿਰਾਇ ॥ ਅੰਤਰ ਜੋਤਿ ਪ੍ਰਗਾਸੀਆ ਨਾਨਕ ਨਾਮਿ ਸਮਾਇ ॥ ੨ ॥**

ਜਿਨ੍ਹਾਂ ਨੂੰ ਗੁਰਾਂ ਦੁਆਰਾ ਵਾਹਿਗੁਰੂ ਪ੍ਰਕਾਸ਼ਕ ਮਿਲਿਆ ਹੈ, ਸੋ ਸੁਹਾਗਣਾਂ ਵੱਡੇ ਭਾਗਾਂ ਵਾਲੀਆਂ ਹਨ। ਗੁਰੂ ਜੀ–ਜਿਸ ਦੇ ਅੰਦਰ ਗਿਆਨ ਦੀ ਜੋਤ ਪ੍ਰਕਾਸ਼ੀ ਹੈ, ਸੋ ਵਾਹਿਗੁਰੂ ਵਿਚ ਸਮਾ ਗਈ ਹੈ।

**ਪਉੜੀ ॥ ਇਹੁ ਸਰੀਰੁ ਸਭੁ ਧਰਮੁ ਹੈ ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ ॥ ਗੁਹਜ ਰਤਨ ਵਿਚਿ ਲੁਕਿ ਰਹੇ ਕੋਈ ਗੁਰਮੁਖਿ ਸੇਵਕੁ ਕਢੈ ਖੋਤਿ ॥ ਸਭੁ ਆਤਮ ਰਾਮ ਪਛਾਣਿਆ ਤਾ ਇਕੁ ਰਵਿਆ ਇਕੋ ਓਤਿ ਪੋਤਿ ॥ ਇਕੁ ਦੇਖਿਆ ਇਕੁ ਮੰਨਿਆ ਇਕੋ ਸੁਣਿਆ ਸ੍ਰਵਣ ਸਰੋਤਿ ॥ ਜਨ ਨਾਨਕ ਨਾਮੁ ਸਲਾਹਿ ਤੂ ਸਚੁ ਸਚੇ ਸੇਵਾ ਤੇਰੀ ਹੋਤਿ ॥ ੧੬ ॥**

ਇਹ ਸਾਰਾ ਸਰੀਰ ਧਰਮਾਂ ਦਾ ਸਬੱਬ ਹੈ, ਜਿਸ ਵਿਚ ਵਾਹਿਗੁਰੂ ਦੀ ਗਿਆਤ ਹੈ। ਇਸ ਵਿਚ ਗੁਹਜ ਰਤਨ ਵੈਰਾਗ ਆਦਿਕ ਲੁਕੇ ਹੋਏ ਹਨ, ਪਰ ਕੋਈ ਗੁਰਮੁਖ ਸੇਵਕ ਹੀ ਪੁਟਕੇ ਕੱਢਦਾ ਹੈ ਭਾਵ ਵਿਚਾਰ ਕਰਦਾ ਹੈ। ਜਿਸ ਵੇਲੇ ਸਭਨਾਂ ਵਿਚ ਇਕ ਵਾਹਿਗੁਰੂ ਪਛਾਣਿਆਂ ਤਾਂ ਆਪ ਵੀ ਇਕ ਨਾਲ ਮਿਲ ਗਿਆ। ਕੀਕੁਣ, ਜੀਕੁਣ ਤਾਣਾ ਪੇਟਾ ਇਕ ਹੁੰਦਾ ਹੈ। ਫਿਰ ਇਕ ਨੂੰ ਹੀ ਦੇਖਿਆ ਤੇ ਇਕ ਨੂੰ ਹੀ ਮਨ ਵਿਚ ਮੰਨਿਆਂ ਅਤੇ ਇਕ ਨੂੰ ਹੀ ਸੁਣਨ ਵਾਲਾ ਹੋਕੇ ਕੰਨਾਂ ਨਾਲ ਸੁਣਿਆ। ਗੁਰੂ ਜੀ -

Digitized by Panjab Digital Library | www.panjabdigilib.org

ਹੇ ਭਾਈ! ਤੂੰ ਨਾਮ ਨੂੰ ਹੀ ਸਲਾਹ, ਸੱਚੇ ਨਾਮ ਕਰਕੇ ਹੀ ਤੇਰੀ ਸੇਵਾ ਹੁੰਦੀ ਰਹੇਗੀ ਅਥਵਾ ਤੇਰੇ ਵੱਲੋਂ ਏਹੋ ਹੀ ਸਮਝੀ ਜਾਵੇਗੀ ।

ਸਲੋਕ ਮਃ ੪ ॥ ਸਭਿ ਰਸ ਤਿਨ ਕੇ ਰਿਦੈ ਹਹਿ ਜਿਨ ਹਰਿ ਵਸਿਆ ਮਨ ਮਾਹਿ ॥ ਹਰਿ ਦਰਗਹਿ ਤੇ ਮੁਖ ਉਜਲੇ ਤਿਨ ਕਉ ਸਭਿ ਦੇਖਣ ਜਾਹਿ ॥ ਜਿਨ ਨਿਰਭਉ ਨਾਮੁ ਧਿਆਇਆ ਤਿਨ ਕਉ ਭਉ ਕੋਈ ਨਾਹਿ ॥ ਹਰਿ ਉਤਮੁ ਤਿਨੀ ਸਰੇਵਿਆ ਜਿਨ ਕਉ ਧੁਰਿ ਲਿਖਿਆ ਆਹਿ॥ ਤੇ ਹਰਿ ਦਰਗਹਿ ਪੈਨਾਈਅਹਿ ਜਿਨਿ ਹਰਿ ਵੁਠਾ ਮਨ ਮਾਹਿ ॥ ਓਇ ਆਪਿ ਤਰੇ ਸਭ ਕੁਟੰਬ ਸਿਉ ਤਿਨ ਪਿਛੈ ਸਭੁ ਜਗਤੁ ਛਡਾਹਿ ॥ ਜਨ ਨਾਨਕ ਕਉ ਹਰਿ ਮੇਲਿ ਜਨ ਤਿਨ ਵੇਖਿ ਵੇਖਿ ਹਮ ਜੀਵਾਹਿ ॥ ੧ ॥

ਜਿਨ੍ਹਾਂ ਦੇ ਮਨ ਵਿਚ ਵਾਹਿਗੁਰੁ ਵਸਿਆ ਹੈ, ਓਨ੍ਹਾਂ ਦੇ ਰਿਦੇ ਵਿਚ ਸਾਰੇ ਅਨੰਦ ਹਨ। ਓਨ੍ਹਾਂ ਦੇ ਮੁਖ ਵਾਹਿਗੁਰੂ ਦੀ ਦਰਗਾਹ ਵਿਚ ਉੱਜਲੇ ਹਨ ਅਤੇ ਓਨ੍ਹਾਂ ਦਾ ਹੀ ਸਾਰੇ ਦਰਸ਼ਨ ਕਰਨ ਜਾਂਦੇ ਹਨ। ਜਿਨ੍ਹਾਂ ਨੇ ਨਿਰਭੈ ਦੇ ਨਾਮ ਨੂੰ ਧਿਆਇਆ ਹੈ,ਓਨ੍ਹਾਂ ਨੂੰ ਕੋਈ ਭੈ ਨਹੀਂ। ਜਿਨ੍ਹਾਂ ਨੂੰ ਧੁਰੋਂ ਹੀ ਲਿਖਿਆ ਹੈ ਓਨ੍ਹਾਂ ਨੇ ਉਤਮ ਵਾਹਿਗੁਰੂ ਨੂੰ ਸੇਵਿਆ ਹੈ। ਜਿਨ੍ਹਾਂ ਦੇ ਮਨ ਵਿਚ ਵਾਹਿਗੁਰੂ ਵਸਿਆ ਹੈ, ਤਿਨ੍ਹਾਂ ਨੂੰ ਵਾਹਿਗੁਰੂ ਦੀ ਦਰਗਾਹ ਵਿਚ ਪੁਸ਼ਾਕਾ ਪਾਉਣ ਨੂੰ ਮਿਲਦਾ ਹੈ ਭਾਵ ਇਜ਼ਤ ਹੁੰਦੀ ਹੈ। ਓਹ ਆਪ ਸਾਰੇ ਟੱਬਰ ਸਮੇਤ ਤਰੇ ਹਨ ਤੇ ਤਿਨ੍ਹਾਂ ਦੇ ਪਿੱਛੇ ਸਾਰਾ ਜਗਤ ਛੁਟਾ ਹੈ। ਗੁਰੂ ਜੀ—ਹੇ ਵਾਹਿਗੁਰੂ! ਮੈਨੂੰ ਦਾਸ ਨੂੰ ਸੰਤ ਜਨ ਮੇਲ, ਮੈਂ ਜਿਨ੍ਹਾਂ ਨੂੰ ਵੇਖ ਵੇਖ ਜੀਵਾਂ।

ਮਃ ੪ ॥ ਸਾ ਧਰਤੀ ਭਈ ਹਰੀਆਵਲੀ ਜਿਥੈ ਮੇਰਾ ਸਤਿਗੁਰੁ ਬੈਠਾ ਆਇ ॥ ਸੇ ਜੰਤ ਭਏ ਹਰੀਆਵਲੇ ਜਿਨੀ ਮੇਰਾ ਸਤਿਗੁਰੁ ਦੇਖਿਆ ਜਾਇ ॥ ਧਨੁ ਧੰਨੁ ਪਿਤਾ ਧਨੁ ਧੰਨੁ ਕੁਲੁ ਧਨੁ ਧੰਨੁ ਸੁ ਜਨਨੀ ਜਿਨਿ ਗੁਰੂ ਜਣਿਆ ਮਾਇ ॥ ਧਨੁ ਧੰਨੁ ਗੁਰੂ ਜਿਨਿ ਨਾਮੁ ਅਰਾਧਿਆ ਆਪਿ

Digitized by Panjab Digital Library | www.panjabdigilib.org

ਤਰਿਆ ਜਿਨੀ ਡਿਠਾ ਤਿਨਾ ਲਏ ਛਡਾਇ ॥ ਹਰਿ ਸਤਿ ਗੁਰੁ ਮੇਲਹ ਦਇਆ ਕਰਿ ਜਨੁ ਨਾਨਕੁ ਧੋਵੈ ਪਾਇ ॥ ੨॥

ਸੋ ਧਰਤੀ ਰੌਣਕ ਵਾਲੀ ਹੋ ਗਈ ਹੈ, ਜਿੱਥੇ ਮੇਰਾ ਗੁਰੂ ਆ ਬੈਠਾ ਹੈ। ਜਿਨ੍ਹਾਂ ਨੇ ਮੇਰਾ ਗੁਰੂ ਜਾ ਕੇ ਦੇਖਿਆ ਹੈ, ਸੋ ਆਦਮੀ ਪ੍ਰਸੰਨ ਹੋ ਗਏ ਹਨ। "ਮਾਇ" ਹੇ ਮੇਰੀ ਸਖ ! ਓਹ ਪਿਤਾ ਵੀ ਧੰਨ ਹੈ, ਓਹ ਕੁਲ ਵੀ ਧੰਨ ਹੈ, ਓਹ ਮਾਂ ਵੀ ਧੰਨ ਹੈ, ਜਿਸਨੇ ਗੁਰੂ ਨੂੰ ਜਣਿਆਂ ਹੈ।

ਓਹ ਗੁਰੂ ਵੀ ਧੰਨ ਹੈ ਜਿਸਨੇ ਨਾਮ ਅਰਾਧਿਆ ਹੈ ਆਪ ਸੰਸਾਰ ਤੋਂ ਤਰ ਗਿਆ ਅਰ ਜਿਨ੍ਹਾਂ ਨੇ ਦਰਸ਼ਨ ਕੀਤਾ ਓਨ੍ਹਾਂ ਨੂੰ ਵੀ ਛੁਡਾ ਲੈਂਦਾ ਹੈ।

ਗੁਰੂ ਜੀ–ਹੇ ਵਾਹਿਗੁਰੂ ! ਕਿਰਪਾ ਕਰਕੇ ਗੁਰਾਂ ਨੂੰ ਮੇਲ, ਮੈਂ ਦਾਸ ਓਨ੍ਹਾਂ ਦੇ ਚਰਨਾਂ ਨੂੰ ਧੋਵਾਂ।

ਪਉੜੀ ॥ ਸਚੁ ਸਚਾ ਸਤਿਗੁਰੁ ਅਮਰੁ ਹੈ ਜਿਸੁ ਅੰਦਰਿ ਹਰਿ ਉਰਧਾਰਿਆ ॥ ਸਚੁ ਸਚਾ ਸਤਿਗੁਰੁ ਪੁਰਖੁ ਹੈ ਜਿਨਿ ਕਾਮੁ ਕ੍ਰੋਧੁ ਬਿਖੁ ਮਾਰਿਆ ॥ ਜਾ ਡਿਠਾ ਪੂਰਾ ਸਤਿ ਗੁਰੁ ਤਾ ਅੰਦਰਹੁ ਮਨੁਸਾਧਾਰਿਆ ॥ਬਲਿਹਾਰੀ ਗੁਰਆਪਣੇ ਸਦਾ ਸਦਾ ਘੁਮਿਵਾਰਿਆ ॥ ਗੁਰਮੁਖਿ ਜਿਤਾ ਮਨਮੁਖਿ ਹਾਰਿਆ ॥ ੧੭ ॥

ਜਿਸ ਗੁਰੂ ਨੇ ਵਾਹਿਗੁਰੂ ਨੂੰ ਅੰਦ੍ਰ ਧਾਰਿਆ ਹੈ, ਸੋ ਸੱਚਾ ਅਤੇ ਮੌਤ ਤੋਂ ਰਹਿਤ ਹੈ। ਜਿਸਨੇ ਵਿਹੁ ਰੂਪ ਕਾਮ,ਕ੍ਰੋਧ ਆਦਿਕਾਂ ਨੂੰ ਮਾਰਿਆ ਸੋ ਗੁਰੂ ਸੱਚਾ ਪੁਰਖ ਹੈ। ਜਾਂ ਪੂਰੇ ਗੁਰਾਂ ਨੂੰ ਦੇਖਿਆ ਤਾਂ ਅੰਦ੍ਰੋਂ ਮਨ ਨੂੰ ਧਰਵਾਸ ਆਯਾ ਭਾਵ ਧੀਰਜ ਆਈ। ਆਪਣੇ ਗੁਰਾਂ ਤੋਂ ਸਦਾ ੨ ਵਾਰਨੇ ਬਲਿਹਾਰਨੇ ਜਾਈਏ। ਗੁਰਮੁਖਾਂ ਨੇ ਜਨਮ ਜਿਤ ਲਿਆ ਅਤੇ ਮਨਮੁਖਾਂ ਨੇ ਹਾਰ ਲਿਆ।

ਸਲੋਕ ਮਃ ੪ ॥ ਕਰਿ ਕਿਰਪਾ ਸਤਿਗੁਰੁ ਮੇਲਿਓਨੁ ਮੁਖਿ ਗੁਰਮੁਖਿ ਨਾਮੁ ਧਿਆਇਸੀ ॥ ਸੋ ਕਰੇ ਜਿ ਸਤਿਗੁਰ ਭਾਵਸੀ ਗੁਰੁ ਪੂਰਾ ਘਰੀ ਵਸਾਇਸੀ ॥ ਜਿਨ ਅੰਦਰਿ ਨਾਮੁ ਨਿਧਾਨੁ ਹੈ ਤਿਨ ਕਾ ਭਉ ਸਭੁ ਗਵਾਇਸੀ ॥ ਜਿਨ ਰਖਣ ਕਉ ਹਰਿ ਆਪਿ ਹੋਇ ਹੋਰ ਕੇਤੀ ਝਖਿ ਝਖਿ ਜਾਇਸੀ ॥

Digitized by Panjab Digital Library | www.panjabdigilib.org

**ਜਨ ਨਾਨਕ ਨਾਮੁ ਧਿਆਇ ਤੂ ਹਰਿ ਹਲਤਿ ਪਲਤਿ ਛੋਡਾਇਸੀ ॥ ੧ ॥**

ਜਿਸ ਨੂੰ ਵਾਹਿਗੁਰੂ ਨੇ ਕਿਰਪਾ ਕਰਕੇ ਗੁਰੂ ਮਿਲਾਏ ਹਨ,ਸੋ ਗੁਰ-ਮੁਖਾਂ ਵਾਂਙੂ ਮੂੰਹੋਂ ਨਾਮ ਨੂੰ ਧਿਆਵੇਗਾ। ਜੋ ਗੁਰਾਂ ਨੂੰ ਭਾਵੇ ਸੋ ਕਰਦੇ ਹਨ, ਗੁਰੂ ਪੂਰਾ ਆਪਣੇ ਸਰੂਪ ਘਰ ਵਿਚ ਵਸਾਵੇਗਾ। ਜਿਨ੍ਹਾਂ ਦੇ ਦਿਲ ਵਿਚ ਨਿਧੀਆਂ ਦਾ ਖਜ਼ਾਨਾ ਨਾਮ ਹੈ, ਤਿਨ੍ਹਾਂ ਦਾ ਭੌ ਸਾਰਾ ( ਵਾਹਿ-ਗੁਰੂ ) ਦੂਰ ਕਰੇਗਾ। ਜਿਨ੍ਹਾਂ ਦੀ ਰਖਿਆ ਕਰਨ ਨੂੰ ਆਪ ਹਰੀ ਹੋ ਜਾਵੇ, ਹੋਰ ਕਿਨੀ ਹੀ ਦੁਨੀਆਂ ਖਪ ਖਪ ਜਾਵੇ, ਪਰ ਕੁਝ ਨਹੀਂ ਬਣਦਾ।

ਗੁਰੂ ਜੀ–ਹੇ ਭਾਈ ! ਨਾਮ ਨੂੰ ਤੂੰ ਧਿਆਇ,ਨਾਮ ਤੈਨੂੰ ਲੋਕ ਪ੍ਰਲੋਕ ਵਿਚ ਛੁਡਾਵੇਗਾ।

**ਮਃ ੪॥ਗੁਰ ਸਿਖਾ ਕੈ ਮਨ ਭਾਵਦੀ ਗੁਰ ਸਤਿਗੁਰ ਕੀ ਵਡਿਆਈ ॥ ਹਰਿ ਰਾਖਹੁ ਪੈਜ ਸਤਿਗੁਰੂ ਕੀ ਨਿਤ ਚੜੈ ਸਵਾਈ ॥ ਗੁਰ ਸਤਿਗੁਰ ਕੈ ਮਨਿ ਪਾਰਬ੍ਰਹਮੁ ਹੈ ਪਾਰਬ੍ਰਹਮੁ ਛਡਾਈ ॥ ਗੁਰ ਸਤਿਗੁਰ ਤਾਣੁਦੀਬਾਣੁ ਹਰਿ ਤਿਨਿ ਸਭ ਆਨਿ ਨਿਵਾਈ ॥ ਜਿਨੀ ਡਿਠਾ ਮੇਰਾ ਸਤਿ ਗੁਰੁ ਭਾਉਕਰਿ ਤਿਨਕੇ ਸਭਿ ਪਾਪ ਗਵਾਈ॥ ਹਰਿਦਰਗਹ ਤੇ ਮੁਖ ਉਜਲੇ ਬਹੁ ਸੋਭਾ ਪਾਈ ॥ਜਨੁ ਨਾਨਕੁ ਮੰਗੈ ਧੂੜਿ ਤਿਨ ਜੋ ਗੁਰਕੇ ਸਿਖ ਮੇਰੇ ਭਾਈ ॥ ੨ ॥**

ਪੂਜਨੀਕ ਗੁਰਾਂ ਦੀ ਵਡਿਆਈ ਗੁਰ ਸਿੱਖਾਂ ਦੇ ਮਨ ਭਾਉਂਦੀ ਹੈ।

ਵਾਹਿਗੁਰੂ ਗੁਰਾਂ ਦੀ ਪੈਜ ਰਖਦਾ ਹੈ,ਸੋ ਰੋਜ਼ ਸਵਾਈ ਚੜ੍ਹਦੀ ਹੈ।

ਪੂਜਨੀਕ ਗੁਰਾਂ ਦੇ ਮਨ ਵਿਚ ਵਾਹਿਗੁਰੂ ਵਸਦਾ ਹੈ, ਇਸ ਵਾਸਤੇ ਵਾਹਿਗੁਰੂ ਛੁਡਾ ਲੈਂਦਾ ਹੈ। ਪੂਜਨੀਕ ਗੁਰਾਂ ਦਾ ਵਾਹਿਗੁਰੂ ਹੀ ਬਲ ਤੇ ਆਸਰਾ ਹੈ, ਇਸ ਲਈ ਸਾਰੀ ਦੁਨੀਆਂ ਵਾਹਿਗੁਰੂ ਨੇ ਗੁਰਾਂ ਅੱਗੇ ਆਣ ਨਿਵਾਈ ਹੈ। ਜਿਨ੍ਹਾਂ ਮੇਰਾ ਗੁਰੂ ਪ੍ਰੇਮ ਕਰਕੇ ਦੇਖਿਆ ਹੈ, ਤਿਨ੍ਹਾਂ ਦੇ ਪਾਪ ਦੂਰ ਹੋ ਜਾਂਦੇ ਹਨ। ਵਾਹਿਗੁਰ ਦੀ ਦਰਗਾਹ ਵਿਚ ਤਿਨ੍ਹਾਂ ਦੇ ਮੁਖ ਉੱਜਲੇ ਹੋਏ ਹਨ ਅਤੇ ਬੜੀ ਸੋਭਾ ਪਾਈ ਹੈ। ਗੁਰੂ ਜੀ– ਮੈਂ ਦਾਸ ਤਿਨਾਂ ਦੇ ਚਰਨਾਂ ਦੀ ਧੂੜ ਮੰਗਦਾ ਹਾਂ ਜੇਹੜੇ ਗੁਰੂਦੇ ਸਿਖ ਮੇਰੇ ਭਰਾ ਹਨ ॥

Digitized by Panjab Digital Library | www.panjabdigilib.org

ਪਉੜੀ ॥ ਹਉ ਆਖਿ ਸਲਾਹੀ ਸਿਫਤਿ ਸਚੁ ਸਚੁ ਸਚੇ ਕੀ ਵਡਿਆਈ ॥ ਸਾਲਾਹੀ ਸਚੁ ਸਲਾਹ ਸਚੁ ਸਚੁ ਕੀਮਤਿ ਕਿਨੈ ਨ ਪਾਈ ॥ ਸਚੁ ਸਚਾ ਰਸੁ ਜਿਨੀ ਚਖਿਆ ਸੇ ਤ੍ਰਿਪਤਿ ਰਹੇ ਆਘਾਈ ॥ ਇਹੁ ਹਰਿ ਰਸੁ ਸੇਈ ਜਾਣਦੇ ਜਿਉ ਗੂੰਗੈ ਮਿਠਿਆਈ ਖਾਈ ॥ ਗੁਰਿ ਪੂਰੈ ਹਰਿ ਪ੍ਰਭੁ ਸੇਵਿਆ ਮਨਿ ਵਜੀ ਵਾਧਾਈ ॥ ੧੯ ॥

ਮੈਂ ਸਚੇ ਦੀ ਸਿਫਤ ਹੀ ਮੂੰਹੋਂ ਕਰਦਾ ਰਹਿੰਦਾ ਹਾਂ, ਸੋ ਸਚੇ ਦੀ ਵਡਿਆਈ ਵੀ ਸਚ ਰੂਪ ਬਣਾ ਦੇਂਦੀ ਹੈ। ਵਾਹਿਗੁਰੂ ਸਲਾਹੁਣੇ ਜੋਗ ਹੈ, ਉਸਤਤ ਵੀ ਉਸਦੀ ਸਚੀ ਹੈ, ਸਚੇ ਦੀ ਕੀਮਤ ਕਿਸੇ ਨਹੀਂ ਪਾਈ। ਜਿਨ੍ਹਾਂ ਨੇ ਸਚੇ ਵਾਹਿਗੁਰੂ ਦਾ ਸੱਚਾ ਆਤਮ ਅਨੰਦ ਚੱਖਿਆ ਹੈ,ਸੋ ਬਹੁਤ ਰੱਜੇ ਰਹਿੰਦੇ ਹਨ। ਇਸ ਵਾਹਿਗੁਰੂ ਦੇ ਅਨੰਦ ਨੂੰ ਸੋਈ ਜਾਣਦੇ ਹਨ, ਜਿਨ੍ਹਾਂ ਨੂੰ ਮਿਲਿਆ ਹੈ, ਜੀਕੁਣ ਗੂੰਗਾ ਮਠਿਆਈ ਖਾਕੇ ਸੁਆਦ ਦਸ ਨਹੀਂ ਸਕਦਾ। ਜਿਨ੍ਹਾਂ ਨੇ ਪੂਰੇ ਗੁਰਾਂ ਦੁਆਰਾ ਵਾਹਿਗੁਰੂ ਨੂੰ ਸੇਵਿਆ ਹੈ, ਤਿਨ੍ਹਾਂ ਦੇ ਮਨ ਵਿਚ ਵਧਾਈ ਵੱਜੀ ਹੈ।

ਸਲੋਕ ਮਃ ੪ ॥ ਜਿਨਾ ਅੰਦਰਿ ਉਮਰਥਲ ਸੇਈ ਜਾਣਨਿ ਸੂਲੀਆ ॥ ਹਰਿ ਜਾਣਹਿ ਸੇਈ ਬਿਰਹੁ ਹਉ ਤਿਨ ਵਿਟਹੁ ਸਦ ਘੁਮਿ ਘੋਲੀਆ ॥ ਹਰਿ ਮੇਲਹੁ ਸਜਣੁ ਪੁਰਖੁ ਮੇਰਾ ਸਿਰੁ ਤਿਨ ਵਿਟਹੁ ਤਲ ਰੋਲੀਆ ॥ ਜੋ ਸਿਖ ਗੁਰ ਕਾਰ ਕਮਾਵਹਿ ਹਉ ਗੁਲਮੁ ਤਿਨਾ ਕਾ ਗੋਲੀਆ ॥ ਹਰਿ ਰੰਗਿ ਚਲੂਲੈ ਜੋ ਰਤੇ ਤਿਨ ਭਿੰਨੀ ਹਰਿ ਰੰਗਿ ਚੋਲੀਆ ॥ ਕਰਿ ਕਿਰਪਾ ਨਾਨਕ ਮੇਲਿ ਗੁਰ ਪਹਿ ਸਿਰੁ ਵੇਚਿਆ ਮੋਲੀਆ ॥ ੧ ॥

ਉਮਰਥਲ = ਫੋੜਾ,ਜੇਹੜਾ ਪਿਠ ਪਿਛੇ ਹੁੰਦਾ ਹੈ, ਤਿਸਦਾ ਨਾਮ ਗਦੋਂ ਧਾਣਾ ਵੀ ਹੈ ਅਥਵਾ ਥਾਂ ਔਥ ਗਿਆ। ਸੂਲੀਆ = ਦੁਖ। ਬਿਰਹੁ = ਪ੍ਰੇਮ ਵਾ ਵਿਛੋੜਾ।

ਜਿਨ੍ਹਾਂ ਦੇ ਅੰਦਰ ਫੋੜਾ ਹੈ, ਸੋਈ ਦੁਖ ਨੂੰ ਜਾਣਦੇ ਹਨ ਜਾਂ ਵਾਹਿਗੁਰੂ ਉਸ ਪ੍ਰੇਮ ਨੂੰ ਜਾਣਦਾ ਹੈ, ਮੈਂ ਓਨ੍ਹਾਂ ਤੋਂ ਸਦਾ

Digitized by Panjab Digital Library | www.panjabdigilib.org

ਬਲਿਹਾਰੇ ਜਾਂਦਾ ਹਾਂ। ਹੇ ਵਾਹਿਗੁਰੂ ! ਮੇਰਾ ਸਜਣ ਪੁਰਖ ਮਿਲਾਵੋ, ਮੇਰਾ ਸਿਰ ਵਾਰਿਆ ਹੋਇਆ ਤਿਨ੍ਹਾਂ ਦੇ ਚਰਨਾਂ ਹੇਠਾਂ ਰੁਲੇ। ਜੇਹੜੇ ਸਿੱਖ ਗੁਰਾਂ ਦੀ ਕਾਰ ਕਰਦੇਹਨ,ਮੈਂ ਤਿਨ੍ਹਾਂ ਦੇ ਦਾਸਾਂਦਾ ਦਾਸ ਹਾਂ। ਜੇਹੜੇ ਵਾਹਿਗੁਰੂ ਦੇ ਗਾੜ੍ਹੇ ਪ੍ਰੇਮ ਵਿਚ ਰੱਤੇ ਹੋਏ ਹਨ,ਤਿਨ੍ਹਾਂ ਦੀ ਬੁਧੀ ਵਾ ਦੇਹ ਰੂਪ ਚੋਲੀ ਵਾਹਿਗੁਰੂ ਦੇ ਪ੍ਰੇਮ ਵਿਚ ਭਿੱਜੀ ਹੋਈ ਹੈ। ਗੁਰੂ ਜੀ–ਜਾਂ ਵਾਹਿਗੁਰੂ ਨੇ ਕਿਰਪਾ ਕੀਤੀ,ਗੁਰੂ ਮਿਲਾ ਦਿਤੇ ਤਾਂ ਅਸਾਂ ਗੁਰਾਂ ਪਾਸ ਸਿਰ ਮੁਲ ਵੇਚ ਦਿਤਾ।

**ਮਃ ੪॥ ਅਉਗੁਣੀ ਭਰਿਆ ਸਰੀਰੁ ਹੈ ਕਿਉ ਸੰਤਹੁ ਨਿਰਮਲੁ ਹੋਇ॥ ਗੁਰਮੁਖਿ ਗੁਣ ਵੇਹਾਝੀਅਹਿ ਮਲਿ ਹਉਮੈ ਕਢੈ ਧੋਇ॥ ਸਚੁ ਵਣੰਜਹਿ ਰੰਗ ਸਿਉ ਸਚੁ ਸਉਦਾ ਹੋਇ॥ ਤੋਟਾ ਮੂਲਿ ਨ ਆਵਈ ਲਾਹਾ ਹਰਿਭਾਵੈ ਸੋਇ॥ਨਾਨਕਤਿਨ ਸਚੁ ਵਣੰਜਿਆਜਿਨਾ ਧੁਰਿ ਲਿਖਿਆ ਪਰਾਪਤਿਹੋਇ॥ ੨ ॥**

ਹੇ ਸੰਤੋ!ਇਹ ਸਰੀਰ ਔਗੁਣਾਂ ਨਾਲ ਭਰਿਆ ਹੋਇਆ ਹੈ,ਨਿਰਮਲ ਕੀਕੁਣ ਹੋਵੇ ? ਗੁਰਮੁਖਾਂ ਪਾਸੋਂ ਗੁਣਾਂ ਨੂੰ ਖਰੀਦੀਏ,ਸੋ ਗੁਣ ਹੰਗਤਾ ਮਮਤਾ ਮੈਲ ਨੂੰ ਧੋਕੇ ਕੱਢ ਦੇਂਦੇ ਹਨ। ਜੇਹੜੇ ਪ੍ਰੇਮ ਨਾਲ ਸਚੇ ਸ਼ਬਦ ਦਾ ਖਰੀਦਣਾ ਕਰਦੇ ਹਨ, ਤਿਨ੍ਹਾਂ ਦਾ ਸੌਦਾ ਸਚਾ ਹੁੰਦਾ ਹੈ। ਜਿਨ੍ਹਾਂਨੂੰਵਾਹਿਗੁਰੂ ਰੂਪ ਨਫਾ ਭਾਉਂਦਾ ਹੈ,ਤਿਨ੍ਹਾਂ ਨੂੰ ਘਾਟਾ ਕਦੀ ਨਹੀਂ ਹੋਂਦਾ। ਗੁਰੂ ਜੀ–ਤਿਨ੍ਹਾਂ ਨੇ ਸਚ ਨੂੰ ਖਰੀਦਿਆ ਹੈ,ਜਿਨ੍ਹਾਂ ਨੂੰ ਪਹਿਲੋਂ ਹੀ ਲਿਖਿਆ ਹੋਇਆ ਪ੍ਰਾਪਤ ਹੋਇਆ ਹੈ।

**ਪਉੜੀ॥ ਸਾਲਾਹੀ ਸਚੁ ਸਾਲਾਹਣਾ ਸਚੁ ਸਚਾ ਪੁਰਖੁ ਨਿਰਾਲੇ॥ ਸਚੁ ਸੇਵੀ ਸਚੁ ਮਨਿ ਵਸੈ ਸਚੁ ਸਚਾ ਹਰਿ ਰਖਵਾਲੇ॥ ਸਚੁ ਸਚਾ ਜਿਨੀ ਅਰਾਧਿਆ ਸੇ ਜਾਇ ਰਲੇ ਸਚ ਨਾਲੇ॥ ਸਚੁ ਸਚਾ ਜਿਨੀ ਨ ਸੇਵਿਆ ਸੇ ਮਨਮੁਖ ਮੂੜ ਬੇਤਾਲੇ॥ ਓਹੁ ਆਲੁ ਪਤਾਲੁ ਮੁਹਹੁ ਬੋਲਦੇ ਜਿਉਪੀਤੈ ਮਦਿ ਮਤਵਾਲੇ॥ ੧੯॥**

ਸਚੇ "ਸਲਾਹੀ" ਵਾਹਿਗੁਰੂ ਦਾ ਸਲਾਹੁਣਾ ਕਰੀਏ, ਜੇਹੜਾ ਸਚਾ ਪੁਰਖ ਸਭ ਤੋਂ ਵਖਰਾ ਹੈ। ਸਚਾ ਸੇਵਣ ਨਾਲ ਸਚਾ ਮਨ ਵਿਚ ਵਸਦਾ ਹੈ, ਸਚਾ ਵਾਹਿਗੁਰੂ ਸਭਨਾਂ ਜੀਵਾਂ ਦੀ ਰਖਿਆ ਕਰਨ ਵਾਲਾ ਹੈ।

Digitized by Panjab Digital Library | www.panjabdigilib.org

ਜਿਨ੍ਹਾਂ ਨੇ ਠੀਕ ਸਚੇਨੂੰ ਯਾਦਕੀਤਾ ਹੈ,ਸੋ ਸਚੇ ਦੇ ਨਾਲ ਰਲਗਏ ਹਨ। ਜਿਨ੍ਹਾਂਨੇ ਸਚੇ ਨੂੰ ਨਹੀਂ ਸੇਵਿਆ,ਸੋ ਮਨਮੁਖ ਮੂਰਖ ਭੂਤਨੇ ਹਨ। ਓਹ ਉਲਟ ਪੁਲਟ ਮੂੰਹੋਂ ਬੋਲਦੇ ਹਨ,ਜੀਕੁਣ ਸ਼ਰਾਬ ਪੀਕੇ ਸ਼ਰਾਬੀ ਬੋਲਦੇਹਨ।

**ਸਲੋਕ ਮਹਲਾ ੩ ॥ ਗਉੜੀ ਰਾਗਿ ਸੁਲਖਣੀ ਜੇ ਖਸਮੈ ਚਿਤਿ ਕਰੇਇ ॥ ਭਾਣੈ ਚਲੈ ਸਤਿਗੁਰੂ ਕੈ ਐਸਾ ਸੀਗਾਰੁ ਕਰੇਇ ॥ ਸਚਾ ਸਬਦੁ ਭਤਾਰੁ ਹੈ ਸਦਾ ਸਦਾ ਰਾਵੇਇ ॥ ਜਿਉ ਉਬਲੀ ਮਜੀਠੈ ਰੰਗੁ ਗਹਗਹਾ ਤਿਉ ਸਚੇ ਨੋ ਜੀਉ ਦੇਇ ॥ ਰੰਗਿ ਚਲੂਲੈ ਅਤਿ ਰਤੀ ਸਚੇ ਸਿਉ ਲਗਾ ਨੇਹੁ ॥ ਕੂੜੁ ਠਗੀ ਗੁਝੀ ਨਾ ਰਹੈ ਕੂੜੁ ਮੁਲੰਮਾ ਪਲੇਟਿ ਧਰੇਹੁ ॥ ਕੂੜੀ ਕਰਨਿ ਵਡਾਈਆ ਕੂੜੇ ਸਿਉ ਲਗਾ ਨੇਹੁ ॥ ਨਾਨਕ ਸਚਾ ਆਪਿ ਹੈ ਆਪੇ ਨਦਰਿ ਕਰੇਇ ॥ ੧ ॥**

ਗਉੜੀ ਰਾਗਨੀ ਗਾਈ ਹੋਈ ਤਾਂ ਹੀ ਸੁਲੱਖਣੀ ਹੈ,ਜੇ ਵਾਹਿਗੁਰੂ ਨੂੰ ਯਾਦ ਕਰੇ ਅਥਵਾ ਬੁਧੀ ਤਾਂ ਹੀ ਪ੍ਰੇਮ ਤੇ ਉਤਮ ਲੱਛਣਾਂ ਵਾਲੀ ਹੈ,ਜੇਮਾਲਕ ਨੂੰ ਯਾਦ ਕਰੇ। ਗੁਰਾਂ ਦੇ ਹੁਕਮ ਵਿਚ ਚਲੇ ਈਕੁਣ ਦਾ ਸ਼ਿੰਗਾਰ ਕਰੇ। ਸੱਚੇ ਵਾਹਿਗੁਰੂ ਪਤੀ ਨੂੰ ਹਮੇਸ਼ਾਂ ਉਚਾਰਨ ਕਰੇ। ਜੀਕੁਣ ਉਬਲੀ ਹੋਈ ਮਜੀਠ ਦਾ ਰੰਗ ਗਾੜ੍ਹਾ ਹੁੰਦਾ ਹੈ,ਓਸੇ ਤਰਾਂ ਸੱਚੇ ਨੂੰ ਆਪਣਾ ਜੀਅ ਦੇਵੇ ਭਾਵ ਨਾਲ ਮਿਲ ਜਾਵੇ। ਜਿਸਦਾ ਸਚੇ ਨਾਲ ਪ੍ਰੇਮ ਲਗਾ ਹੈ, ਸੋ ਸਖੀ ਬੜੇ ਗਾੜ੍ਹੇ ਪ੍ਰੇਮ ਵਿਚ ਰਤੀ ਹੋਈ ਹੈ। ਜੋ ਝੂਠ ਅਤੇ ਠੱਗੀ ਹੈ,ਸੋ ਛਿਪੀ ਨਹੀਂ ਰਹਿੰਦੀ, ਜੀਕੁਣ ਝੂਠੇ ਮੁਲੰਮੇ ਨੂੰ ਕੋਈ ਲਪੇਟ ਕੇ ਰਖੇ, ਪਰ ਉਸਦਾ ਖੋਟ ਅੰਤ ਨੂੰ ਪ੍ਰਗਟ ਹੋਜਾਂਦਾ ਹੈ। ਜੇਹੜੇ ਝੂਠੀਆਂ ਵਡਿਆਈਆਂ ਕਰਦੇ ਹਨ,ਤਿਨ੍ਹਾਂ ਦਾ ਝੂਠ ਨਾਲ ਪ੍ਰੇਮ ਲਗਾ ਹੋਇਆ ਹੈ। ਗੁਰੂ ਜੀ-ਵਾਹਿਗੁਰੂ ਆਪ ਹੀ ਸਚਾ ਹੈ,ਜੇ ਆਪਣੀ ਕ੍ਰਿਪਾ ਦ੍ਰਿਸ਼ਟੀ ਕਰੇ ਤਾਂ ਠੱਗੀਆਂ ਦੂਰ ਹੁੰਦੀਆਂ ਹਨ।

**ਮ: ੪ ॥ ਸਤਸੰਗਤਿ ਮਹਿ ਹਰਿ ਉਸਤਤਿ ਹੈ ਸੰਗਿ ਸਾਧੂ ਮਿਲੇ ਪਿਆਰਿਆ ॥ ਓਇ ਪੁਰਖ ਪ੍ਰਾਣੀ ਧੰਨਿ ਜਨ ਹਹਿ ਉਪਦੇਸੁ ਕਰਹਿ ਪਰ ਉਪਕਾਰਿਆ ॥ ਹਰਿ ਨਾਮੁ ਦ੍ਰਿੜਾਵਹਿ ਹਰਿ ਨਾਮੁ ਸੁਣਾਵਹਿ ਹਰਿ ਨਾਮੇ ਜਗੁ**

Digitized by Panjab Digital Library | www.panjabdigilib.org

ਨਿਸਤਾਰਿਆ ॥ ਗੁਰੁ ਵੇਖਣ ਕਉ ਸਭੁ ਕੋਈ ਲੋਚੈ ਨਵਖੰਡ ਜਗਤਿ ਨਮਸਕਾਰਿਆ ॥ ਤੁਧੁ ਆਪੇ ਆਪੁ ਰਖਿਆ ਸਤਿਗੁਰ ਵਿਚਿ ਗੁਰੁ ਆਪੇ ਤੁਧੁ ਸਵਾਰਿਆ ॥ ਤੂ ਆਪੇ ਪੂਜਹਿ ਪੂਜ ਕਰਾਵਹਿ ਸਤਿਗੁਰ ਕਉ ਸਿਰਜਣ ਹਾਰਿਆ ॥ ਕੋਈ ਵਿਛੁੜਿ ਜਾਇ ਸਤਿਗੁਰੂ ਪਾਸਹੁ ਤਿਸੁ ਕਾਲਾ ਮੁਹੁ ਜਮਿ ਮਾਰਿਆ ॥ ਤਿਸੁ ਅਗੈ ਪਿਛੈ ਢੋਈ ਨਾਹੀ ਗੁਰ ਸਿਖੀ ਮਨਿ ਵੀਚਾਰਿਆ ॥ ਸਤਿਗੁਰੂ ਨੋ ਮਿਲੇ ਸੇਈ ਜਨ ਉਬਰੇ ਜਿਨ ਹਿਰਦੈ ਨਾਮੁ ਸਮਾਰਿਆ ॥ ਜਨ ਨਾਨਕ ਕੇ ਗੁਰ ਸਿਖ ਪੁਤ ਹਹੁ ਹਰਿ ਜਪਿਅਹੁ ਹਰਿ ਨਿਸਤਾਰਿਆ ॥ ੨ ॥

ਹੇ ਵਾਹਿਗੁਰੂ!ਸੰਤਾਂ ਦੀ ਸੰਗਤ ਵਿਚ ਤੇਰੀ ਉਸਤਤਿ ਹੁੰਦੀ ਹੈ, ਇਸ ਲਈ ਤੇਰੇ ਪਿਆਰਿਆਂ ਸਾਧੂਆਂ ਦੀ ਸੰਗਤ ਮੈਨੂੰ ਮਿਲੇ। ਓਹ ਸੰਤ ਜਨ ਪੁਰਸ਼ ਧੰਨ ਹਨ, ਜੇਹੜੇ ਪਰਉਪਕਾਰ ਵਾਸਤੇ ਆਦਮੀਆਂ ਨੂੰ ਉਪਦੇਸ਼ ਕਰਦੇ ਹਨ। ਹੇ ਵਾਹਿਗੁਰੂ!ਤੇਰਾ ਨਾਮ ਹੀ ਦ੍ਰਿੜ ਕਰਾਉਂਦੇ ਹਨ ਅਤੇ ਤੇਰਾ ਨਾਮ ਹੀ ਸੁਣਾਉਂਦੇ ਹਨ ਅਤੇ ਤੇਰੇ ਨਾਮ ਨਾਲ ਹੀ ਜੀਵਾਂ ਨੂੰ ਸੰਸਾਰ ਸਮੁੰਦ੍ਰ ਤੋਂ ਤਾਰਦੇ ਹਨ। ਗੁਰਾਂ ਦਾ ਦਰਸ਼ਨ ਕਰਨ ਨੂੰ ਸਭ ਕੋਈ ਚਾਹੁੰਦਾ ਹੈ ਅਤੇ ਨੌਂਖੰਡ ਸਾਰਾ ਜਗਤ ਨਮਸਕਾਰ ਕਰਦਾ ਹੈ। ਤੂੰ ਆਪੇ ਆਪਣੇ ਜੈਸਾ ਗੁਰਾਂ ਨੂੰ ਬਣਾ ਰਖਿਆ ਹੈ, ਸਤਿਗੁਰਾਂ ਵਿਚ ਤਾਂ ਤੇਰੇ ਵਿਚ ਕੋਈ ਫਰਕ ਨਹੀਂ, ਕਿਉਂਕਿ ਗੁਰਾਂ ਨੂੰ ਤੂੰ ਆਪ ਹੀ ਸਵਾਰਿਆ ਹੈ। ਹੇ ਸਿਰਜਣਹਾਰ ! ਤੂੰ ਆਪੇ ਪੂਜਦਾ ਹੈਂ ਤੇ ਆਪੇਹੀ ਗੁਰਾਂ ਦੀ ਪੂਜਾ ਕਰਾਉਂਦਾ ਹੈਂ। ਜੇ ਕੋਈ ਈਕੁਣ ਦੇ ਗੁਰਾਂ ਪਾਸੋਂ ਵਿਛੜ ਜਾਵੇ, ਤਿਸ ਨੂੰ ਜਮਾਂ ਨੇ ਕਾਲਾ ਮੂੰਹ ਕਰਕੇ ਮਾਰਿਆ ਹੈ। ਤਿਸ ਨੂੰ ਲੋਕ ਪ੍ਰਲੋਕ ਵਿੱਚ ਢੋਈ ਨਹੀਂ ਮਿਲਦੀ, ਇਹ ਗੁਰਾਂ ਦੇ ਸਿੱਖਾਂ ਨੇ ਮਨ ਵਿੱਚ ਵਿਚਾਰਿਆ ਹੈ। ਜਿਨ੍ਹਾਂ ਨੇ ਗੁਰਾਂ ਨਾਲ਼ ਮਿਲਕੇ ਤੇਰਾ ਨਾਮ ਰਿਦੇ ਵਿਚ ਸਿਮਰਿਆ ਹੈ,ਸੋ ਪੁਰਸ਼ ਤਰ ਗਏ ਹਨ। ਗੁਰੂ ਜੀ-ਹੇ ਗੁਰੂ ਕੇ ਸਿੱਖੋ ਅਤੇ ਪੁਤ੍ਰ! ਵਾਹਿਗੁਰੂ ਨੂੰ ਜਪੋ, ਜਿਸ ਨੇ ਜਗਤ ਨੂੰ ਤਾਰਿਆ ਹੈ।

ਮਹਲਾ ੩ ॥ ਹਉਮੈ ਜਗਤੁ ਭੁਲਾਇਆ ਦੁਰਮਤਿ ਬਿਖਿਆ ਬਿਕਾਰ ॥ ਸਤਿਗੁਰੁ ਮਿਲੈ ਤ ਨਦਰਿ ਹੋਇ

Digitized by Panjab Digital Library / www.panjabdigilib.org

**ਮਨਮੁਖ ਅੰਧ ਅੰਧਿਆਰ ॥ ਨਾਨਕ ਆਪੇ ਮੇਲਿ ਲਏ ਜਿਸਨੋ ਸਬਦਿ ਲਾਏ ਪਿਆਰੁ ॥ ੩ ॥**

ਹੰਕਾਰ ਨੇ ਅਤੇ ਵਿਸ਼ੇ ਵਿਕਾਰਾਂਵਾਲੀ ਖੋਟੀ ਬੁੱਧੀ ਨੇ ਜਗਤ ਨੂੰ ਤੇਰੇ ਵੱਲੋਂ ਭੁਲਾ ਦਿੱਤਾ ਹੈ। ਮਨਮੁਖਾਂ ਨੂੰ ਮਾੜਾ ਹਨੇਰਾ ਹੈ, ਗੁਰੂ ਮਿਲਨ ਤਾਂ ਨਜ਼ਰ ਆਵੇ। ਗੁਰੂ ਜੀ-ਜਿਸਨੂੰ ਆਪੇ ਵਾਹਿਗੁਰੂ ਸ਼ਬਦ ਵਿੱਚ ਪਿਆਰ ਲਾਵੇ ਤਾਂ ਤਿਸ ਨੂੰ ਮੇਲ ਲੈਂਦਾ ਹੈ।

**ਪਉੜੀ ॥ ਸਚੁ ਸਚੇ ਕੀ ਸਿਫਤ ਸਲਾਹ ਹੈ ਸੋ ਕਰੇ ਜਿਸੁ ਅੰਦਰੁ ਭਿਜੈ ॥ ਜਿਨੀ ਇਕ ਮਨਿ ਇਕੁ ਅਰਾਧਿਆ ਤਿਨ ਕਾ ਕੰਧੁ ਨ ਕਬਹੂ ਛਿਜੈ ॥ ਧਨੁ ਧਨੁ ਪੁਰਖ ਸਾਬਾਸਿ ਹੈ ਜਿਨ ਸਚੁ ਰਸਨਾ ਅੰਮ੍ਰਿਤੁ ਪਿਜੈ ॥ ਸਚੁ ਸਚਾ ਜਿਨ ਮਨਿ ਭਾਵਦਾ ਸੇ ਮਨਿ ਸਚੀ ਦਰਗਹ ਲਿਜੈ ॥ ਧਨੁ ਧੰਨੁ ਜਨਮੁ ਸਚਿਆਰੀਆ ਮੁਖ ਉਜਲ ਸਚੁ ਕਰਿਜੈ ॥ ੨੦ ॥**

ਵਾਹਿਗੁਰੂ ਦੀ ਸਿਫਤ ਸਲਾਹੁਨੇ ਜੋਗ ਹੈ, ਸੋ ਕਰਦਾ ਹੈ, ਜਿਸ ਦਾ ਰਿਦਾ ਗਾੜ੍ਹੇ ਪ੍ਰੇਮ ਵਿਚ ਭਿਜਾ ਹੁੰਦਾ ਹੈ। ਜਿਨ੍ਹਾਂ ਨੇ ਇਕ ਮਨ ਹੋਕੇ ਇਕ ਨੂੰ ਅਰਾਧਿਆ ਹੈ, ਤਿਨ੍ਹਾਂ ਦਾ ਸਰੀਰ ਕਦੀ ਨਹੀ ਨਾਸ ਹੁੰਦਾ। ਓਹ ਪੁਰਖ ਧੰਨ ਅਤੇ ਸ਼ਾਬਾਸ਼ ਦੇ ਜੋਗ ਹਨ, ਜਿਨ੍ਹਾਂ ਨੇ ਰਸਨਾ ਕਰਕੇ ਸੱਚਾ ਨਾਮ ਅੰਮ੍ਰਿਤ ਪੀਤਾ ਹੈ। ਜਿਨ੍ਹਾਂ ਦੇ ਮਨ ਵਿੱਚ ਠੀਕ ਸੱਚਾ ਭਾਉਂਦਾ ਹੈ, ਓਹ ਸਚੀ ਦਰਗਹ ਵਿਚ ਮਾਨ ਪਾਉਂਦੇ ਹਨ। ਓਨ੍ਹਾਂ ਸਚੇ ਪੁਰਖਾਂ ਦਾ ਜਨਮ ਧੰਨ ਹੈ, ਵਾਹਿਗੁਰੂ ਓਨ੍ਹਾਂ ਦਾ ਮੁਖ ਉਜਲਾ ਕਰਦਾ ਹੈ।

**ਸਲੋਕੁ ਮਃ ੪ ॥ ਸਾਕਤ ਜਾਇ ਨਿਵਹਿ ਗੁਰ ਆਗੈ ਮਨਿ ਖੋਟੇ ਕੂੜਿ ਕੂੜਿਆਰੇ ॥ ਜਾ ਗੁਰੁ ਕਹੈ ਉਠਹੁ ਮੇਰੇ ਭਾਈ ਬਹਿ ਜਾਹਿ ਘੁਸਰਿ ਬਗੁਲਾਰੇ ॥ ਗੁਰ ਸਿਖਾ ਅੰਦਰਿ ਸਤਿਗੁਰੁ ਵਰਤੈ ਚੁਣਿ ਕਢੇ ਲਧੋਵਾਰੇ ॥ ਓਇ ਅਗੈ ਪਿਛੈ ਬਹਿ ਮੁਹੁ ਛਪਾਇਨਿ ਨ ਰਲਨੀ ਖੋਟੇਆਰੇ ॥ ਓਨ੍ਹਾ ਦਾ ਭਖੁ ਸੁ ਓਥੈ ਨਾਹੀ ਜਾਇ ਕੂੜੁ ਲਹਨਿ ਭੇਡਾਰੇ ॥ ਜੇ ਸਾਕਤੁ ਨਰੁ ਖਾਵਾਈਐ ਲੋਚੀਐ ਬਿਖੁ ਕਢੈ ਮੁਖਿ**

Digitized by Panjab Digital Library | www.panjabdigilib.org

**ਉਗਲਾਰੇ ॥ ਹਰਿ ਸਾਕਤ ਸੇਤੀ ਸੰਗੁ ਨ ਕਰੀਅਹੁ ਓਇ ਮਾਰੇ ਸਿਰਜਣਹਾਰੇ ॥ ਜਿਸਕਾ ਇਹੁ ਖੇਲੁ ਸੋਈ ਕਰਿ ਵੇਖੈ ਜਨ ਨਾਨਕ ਨਾਮੁ ਸਮਾਰੇ ॥ ੧ ॥**

ਘੁਸਰਿ = ਘੁਸ, ਲੁਕਕੇ। ਬਗੁਲਾਰੇ = ਬਗਲੇ ਵਾਂਙੂ ਅਥਵਾ ਵਖਰੇ। ਲਧੋ ਵਾਰੇ = ਲੱਭਣ ਵਾਲੇ।

ਜੇਕਰ ਸਾਕਤ ਆਦਮੀ ਗੁਰਾਂ ਦੇ ਅਗੇ ਜਾ ਵੀ ਨਿਉਂਦੇ ਹਨ ਤਾਂ ਵੀ ਓਨ੍ਹਾਂ ਦੇ ਮਨ ਖੋਟੇ ਹੁੰਦੇ ਹਨ ਅਤੇ ਓਹ ਝੂਠੇ ਝੂਠ ਹੀ ਬੋਲਦੇ ਹਨ।

ਜੇ ਗੁਰੂ ਜੀ ਆਖਣ ਕਿ ਉਠੋ ਭਾਈ ਫਲਾਣਾ ਕੰਮ ਕਰ ਲਵੋ ਤਾਂ ਓਹ ਬਹੁਤਿਆਂ ਲੋਕਾਂ ਵਿਚ ਲੁਕਕੇ ਬਹਿ ਜਾਂਦੇ ਹਨ, ਓਨ੍ਹਾਂ ਦਾ ਕੰਮ ਬਗਲੇ ਵਾਂਙੂ ਝੂਠਾ ਹੁੰਦਾ ਹੈ ਅਥਵਾ ਵਖਰੇ ਹੋ ਬੈਠਦੇ ਹਨ। ਗੁਰੂ ਦੇ ਸਿਖਾਂ ਅੰਦਰ ਗੁਰੂ ਦਾ ਹੁਕਮ ਵਰਤਦਾ ਹੈ, ਸੋ ਲੱਭਣ ਵਾਲੇ ਸਿੱਖਾਂ ਨੇ ਓਹ ਸਾਰਿਆਂ ਵਿਚੋਂ ਚੁਣਕੇ ਲੁਕੇ ਹੋਏ ਕੱਢ ਲਏ।

ਜਦੋਂ ਕੁਝ ਖਾਣ ਨੂੰ ਮਿਲੇ ਤਾਂ ਓਹ ਅਗੇ ਹੋਕੇ ਬਾਹਾਂ ਲੰਮੀਆਂ ਕਰਕੇ ਲੈ ਲੈਂਦੇ ਹਨ ਅਰ ਜਦੋਂ ਕੋਈ ਕੰਮ ਪਵੇ ਤਾਂ ਪਿਛੇ ਬਹਿਕੇ ਮੂੰਹ ਛਪਾ ਲੈਂਦੇ ਹਨ ਕਿ ਸਾਨੂੰ ਕੁਝ ਕੋਈ ਕੰਮ ਨ ਦਸ ਦੇਵੇ, ਇਸ ਲਈ ਓਹ ਖੋਟੇ, ਸਿਖਾਂ ਵਿਚ ਰਲਾਏ ਹੋਏ ਨਹੀਂ ਰਲਦੇ। ਕਿਉਂਕਿ ਓਨ੍ਹਾਂ ਦਾ ਖਾਣਾ ਨਿੰਦਿਆ ਚੁਗਲੀ ਕਰਨਾ, ਸੋ ਓਥੇ ਸਾਧ ਸੰਗਤ ਵਿਚ ਹੁੰਦਾ ਨਹੀਂ, ਜਿਸਨੂੰ ਓਹ ਭੇਡਾਂ ਵਾਂਙੂ ਜਾਕੇ ਖਾ ਲੈਣ ਭਾਵ ਜੀਕੁਣ ਭੇਡਾਂ ਵਿਸ਼ਟੇ ਵਲ ਭੱਜਾਆਂ ਜਾਂਦੀਆਂ ਹਨ,ਈਕੁਣ ਹੀ ਓਹ ਨਿੰਦਿਆ ਕਰਨ ਵਲ ਦੌੜਦੇ ਹਨ।

ਜੇਕਰ ਓਨ੍ਹਾਂ ਸਾਕਤਾਂ ਆਦਮੀਆਂ ਨੂੰ ਕੁਝ ਚੰਗਾ ਖਾਣਾ ਖਵਾਇਆ ਚਾਹੀਏ ਤੇ ਤਦ ਵੀ ਓਹ ਮੂੰਹੋਂ ਵਿਹੁ ਉਗਾਲੀ ਕਰਕੇ ਕੱਢਦੇ ਹਨ ਭਾਵ ਜੀਕੁਣ ਪਸ਼ੂ ਉਗਾਲੀ ਕਰਦਾ ਹੈ,ਈਕੁਣ ਹੀ ਓਹ ਵੀ ਚੰਗਾ ਪਦਾਰਥ ਖਾ ਕੇ ਨਿੰਦਿਆ ਕਰਦੇ ਹਨ। ਇਸ ਲਈ ਹੇ ਭਾਈ! ਸਾਕਤਾਂ ਨਾਲਸੰਗ ਨਾ ਕਰਨਾ, ਕਿਉਂਕਿ ਓਹ ਵਾਹਿਗੁਰੂ ਸਿਰਜਣਹਾਰ ਨੇ ਮਾਰੇ ਹੋਏ ਹਨ।

ਗੁਰੂ ਜੀ–ਜਿਸ ਵਾਹਿਗੁਰੂ ਦਾ ਇਹ ਖੇਲ ਹੈ,ਸੋਈ ਕਰਕੇ ਵੇਖਦਾ ਹੈ,ਸੋ ਵਾਹਿਗੁਰੂ ਦਾ ਦਾਸ ਨਾਮ ਨੂੰ ਜਪੇ, ਯਾਦ ਰਖੇ।

**ਮਃ ੪ ॥ ਸਤਿਗੁਰੁ ਪੁਰਖੁ ਅਗੰਮੁ ਹੈ ਜਿਸੁ ਅੰਦਰਿ ਹਰਿ ਉਰਿਧਾਰਿਆ॥ ਸਤਿਗੁਰੂ ਨੋ ਅਪੜਿ ਕੋਇ ਨ ਸਕਈ ਜਿਸੁ ਵਲਿ ਸਿਰਜਣਹਾਰਿਆ ॥ ਸਤਿਗੁਰੂ ਕਾ ਖੜਗੁ**

Digitized by Panjab Digital Library | www.panjabdigilib.org

**ਸੰਜੋਉ ਹਰਿ ਭਗਤਿ ਹੈ ਜਿਤੁ ਕਾਲੁ ਕੰਟਕੁ ਮਾਰਿ ਵਿਡਾਰਿਆ ॥ ਸਤਿਗੁਰੂ ਕਾ ਰਖਣਹਾਰਾ ਹਰਿ ਆਪਿ ਹੈ ਸਤਿਗੁਰੂ ਕੈ ਪਿਛੈ ਹਰਿ ਸਭਿ ਉਬਾਰਿਆ ॥ ਜੋ ਮੰਦਾ ਚਿਤਵੈ ਪੂਰੇ ਸਤਿਗੁਰੂ ਕਾ ਸੋ ਆਪਿ ਉਪਾਵਣਹਾਰੈ ਮਾਰਿਆ ॥ ਏਹ ਗਲ ਹੋਵੈ ਹਰਿ ਦਰਗਹ ਸਚੇ ਕੀ ਜਨ ਨਾਨਕ ਅਗਮੁ ਵੀਚਾਰਿਆ ॥ ੨ ॥**

ਗੁਰੂ ਅਗੰਮ ਪੁਰਖ ਹੈ, ਜਿਸਨੇ ਦਿਲ ਵਿਚ ਵਾਹਿਗੁਰੂ ਨੂੰ ਯਾਦ ਰਖਿਆ ਹੈ। ਜਿਸ ਵਲ ਸਿਰਜਨਹਾਰ ਵਾਹਿਗੁਰੂ ਹੈ,ਤਿਸ ਗੁਰੂ ਨੂੰ ਕੋਈ ਨਹੀਂ ਅਪੜ ਸਕਦਾ ਭਾਵ ਕੁਝ ਨਹੀਂ ਕਰ ਸਕਦਾ। ਗੁਰਾਂਦਾ ਖੰਡਾ ਗਿਆਨ ਹੈ "ਗਰੀਬੀ ਗਦਾ ਹਮਾਰੀ" ਤੇ ਵਾਹਿਗੁਰੂ ਦੀ ਭਗਤੀ ਸੰਜੋਅ ਹੈ, ਜਿਸ ਕਰਕੇ ਕਾਲ ਦੁਖਦਾਈ ਨੂੰ ਮਾਰ ਸੁੱਟਿਆ ਹੈ। ਗੁਰਾਂ ਦੀ ਰੱਖਿਆ ਕਰਨ ਵਾਲਾ ਵਾਹਿਗੁਰੂ ਆਪ ਹੈ, ਸਤਿਗੁਰਾਂ ਦੇ ਪਿੱਛੇ ਤੁਰਨ ਵਾਲਿਆਂ ਸਾਰਿਆਂ ਨੂੰ ਵਾਹਿਗੁਰੂ ਨੇ ਬਚਾ ਲਿਆ ਹੈ। ਜੋ ਪੂਰੇ ਗੁਰਾਂ ਦਾ ਮੰਦਾ ਚਿਤਵਦਾ ਹੈ, ਸੋ ਪੈਦਾ ਕਰਨ ਵਾਲੇ ਨੇ ਆਪ ਮਾਰਿਆ ਹੈ। ਇਹ ਗਲ ਸਚੇ ਵਾਹਿਗੁਰੂ ਦੀ ਦਰਗਾਹ ਵਿਚ ਹੁੰਦੀ ਹੈ, ਗੁਰੂ ਜੀ- ਇਹ ਅਸਾਂ ਅਗਮੁ = ਅਗੋਂ ਹੀ ਵਿਚਾਰ ਲਿਆ ਹੈ।

**ਪਉੜੀ ॥ ਸਚੁ ਸੁਤਿਆ ਜਿਨੀ ਅਰਾਧਿਆ ਜਾ ਉਠੇ ਤਾ ਸਚੁ ਚਵੇ ॥ ਸੇ ਵਿਰਲੇ ਜੁਗ ਮਹਿ ਜਾਣੀਅਹਿ ਜੋ ਗੁਰਮੁਖਿ ਸਚੁ ਰਵੇ ॥ ਹਉ ਬਲਿਹਾਰੀ ਤਿਨ ਕਉ ਜਿ ਅਨਦਿਨੁ ਸਚੁ ਲਵੇ ॥ ਜਿਨ ਮਨਿ ਤਨਿ ਸਚਾ ਭਾਵਦਾ ਸੇ ਸਚੀ ਦਰਗਹ ਗਵੇ ॥ ਜਨੁ ਨਾਨਕੁ ਬੋਲੈ ਸਚੁ ਨਾਮੁ ਸਚੁ ਸਚਾ ਸਦਾ ਨਵੇ ॥ ੨੧ ॥**

ਚਵੇ = ਉਚਾਰਦੇ। ਰਵੇ = ਮਿਲ ਗਏ। ਲਵੇ = ਬੋਲਦੇ। ਗਵੇ = ਗਏ।

ਜਿਨ੍ਹਾਂ ਨੇ ਸੁਤਿਆਂ ਹੋਇਆਂ ਵਾਹਿਗੁਰੂ ਨੂੰ ਯਾਦ ਕੀਤਾ ਹੈ, ਓਹ ਜਦ ਉਠਦੇ ਹਨ ਤੇ ਤਦ ਵੀ ਵਾਹਿਗੁਰੂ ਹੀ ਉਚਾਰਦੇ ਹਨ। ਪਰ ਜੇਹੜੇ ਗੁਰਮੁਖ ਵਾਹਿਗੁਰੂ ਨਾਲ ਮਿਲ ਗਏ ਹਨ,ਓਹ ਜੁਗ ਵਿਚ ਵਿਰਲੇ ਹੀ ਜਾਣੀਦੇ ਹਨ। ਮੈਂ ਓਨ੍ਹਾਂ ਤੋਂ ਬਲਿਹਾਰ ਜਾਂਦਾ ਹਾਂ ਜੋ ਰਾਤ ਦਿਨੇ

Digitized by Panjab Digital Library | www.panjabdigilib.org

ਸਚ ਨੂੰ ਬੋਲਦੇ ਹਨ। ਜਿਨ੍ਹਾਂ ਨੂੰ ਮਨ ਤਨ ਕਰਕੇ ਸੱਚਾ ਭਾਂਵਦਾ ਹੈ, ਸੋ ਸੱਚੀ ਦਰਗਾਹ ਵਿਚ ਗਏ ਹਨ। ਗੁਰੂ ਜੀ-ਜੇਹੜਾ ਆਦਮੀ ਵਾਹਿਗੁਰੂ ਦੇ ਨਾਮ ਨੂੰ ਉਚਾਰਨ ਕਰੇ, ਓਹ ਹਮੇਸ਼ਾਂ ਠੀਕ ਸੱਚਾ ਨਵਾਂ ਰਹਿੰਦਾ ਹੈ।

**ਸਲੋਕੁ ਮਃ ੪ ॥ ਕਿਆ ਸਵਣਾ ਕਿਆ ਜਾਗਣਾ ਗੁਰਮੁਖਿ ਤੇ ਪਰਵਾਣੁ ॥ ਜਿਨਾ ਸਾਸਿ ਗਿਰਾਸਿ ਨ ਵਿਸਰੈ ਸੇ ਪੂਰੇ ਪੁਰਖ ਪਰਧਾਨ ॥ ਕਰਮੀ ਸਤਿਗੁਰੁ ਪਾਈਐ ਅਨਦਿਨੁ ਲਗੈ ਧਿਆਨੁ ॥ ਤਿਨ ਕੀ ਸੰਗਤਿ ਮਿਲਿ ਰਹਾ ਦਰਗਹ ਪਾਈ ਮਾਨੁ ॥ ਸਉਦੇ ਵਾਹੁ ਵਾਹੁ ਉਚਰਹਿ ਉਠਦੇ ਭੀ ਵਾਹੁ ਕਰੇਨਿ ॥ ਨਾਨਕ ਤੇ ਮੁਖ ਉਜਲੇ ਜਿ ਨਿਤ ਉਠਿ ਸੰਮਾਲੇਨਿ ॥ ੧ ॥**

ਕੇ ਜਾਗਣਾ ਕੀ ਸੌਣਾ ਭਾਵ ਭਾਵੇਂ ਜਾਗਣ ਭਾਵੇਂ ਸੌਣ ਗੁਰਮੁਖ ਓਵੇਂ ਹੀ ਪਰਵਾਣ ਹਨ। ਕਿਉਂਕਿ ਜਿਨ੍ਹਾਂ ਨੂੰ ਸਾਸ ਗਿਰਾਸ ਵਾਹਿਗੁਰੂ ਨਹੀਂ ਵਿਸਰਦਾ, ਸੋ ਪੁਰਖ ਪੂਰੇ ਪਰਧਾਨ ਹਨ। ਪੂਰੇ ਕਰਮਾਂ ਨਾਲ ਗੁਰਾਂ ਦੀ ਪ੍ਰਾਪਤੀ ਹੁੰਦੀ ਹੈ, ਰਾਤ ਦਿਨੇ ਵਾਹਿਗੁਰੂ ਵਿਚ ਧਿਆਨ ਲੱਗਦਾ ਹੈ। ਜੇਹੜਾ ਓਨ੍ਹਾਂ ਦੀ ਸੰਗਤ ਵਿਚ ਮਿਲ ਰਹੇ,ਓਹ ਵਾਹਿਗੁਰੂ ਦੀ ਦਰਗਾਹ ਵਿਚ ਮਾਨ ਪਾਉਂਦਾ ਹੈ। ਸੌਣ ਲਗੇ ਿਓਹ ਧੰਨ ਵਾਹਿਗੁਰੂ ਆਖਦੇ ਹਨ ਅਤੇ ਉਠਣ ਲਗੇ ਵੀ ਵਾਹ ਵਾਹ ਕਰਦੇ ਹਨ।

ਗੁਰੂ ਜੀ-ਜੋ ਨਿਤ ਉੱਠਕੇ ਵਾਹਿਗੁਰੂ ਨੂੰ ਯਾਦ ਕਰਦੇ ਹਨ,ਓਨ੍ਹਾਂ ਦੇ ਮੂੰਹ ਉਜਲੇ ਹਨ।

**ਮਃ ੪ ॥ ਸਤਿਗੁਰੁ ਸੇਵੀਅਹਿ ਆਪਣਾ ਪਾਈਐ ਨਾਮੁ ਅਪਾਰੁ ॥ ਭਉਜਲਿ ਡੁਬਦਿਆ ਕਢਿ ਲਏ ਹਰਿ ਦਾਤਿ ਕਰੇ ਦਾਤਾਰੁ ॥ ਧੰਨੁ ਧੰਨੁ ਸੇ ਸਾਹ ਹੈ ਜਿ ਨਾਮਿ ਕਰਹਿ ਵਾਪਾਰੁ ॥ ਵਣਜਾਰੇ ਸਿਖ ਆਵਦੇ ਸਬਦਿ ਲਘਾਵਣ ਹਾਰੁ ॥ ਜਨ ਨਾਨਕ ਜਿਨ ਕਉ ਕ੍ਰਿਪਾ ਭਈ ਤਿਨ ਸੇਵਿਆ ਸਿਰਜਣਹਾਰੁ ॥ ੨ ॥**

ਜੇ ਆਪਣੇ ਸਤਿਗੁਰਾਂ ਨੂੰ ਸੇਵੀਏ ਤਾਂ ਬਿਅੰਤ ਵਾਹਿਗੁਰੂ ਦਾ ਨਾਮ ਪਾਈਦਾ ਹੈ। ਓਹ ਦਾਤਾਰ ਗੁਰੂ ਵਾਹਿਗੁਰੂ ਨਾਮ ਦੀ ਦਾਤ ਦੇਕੇ

Digitized by Panjab Digital Library | www.panjabdigilib.org

ਸੰਸਾਰ ਸਮੁੰਦਰ ਵਿਚੋਂ ਡੁਬਦਿਆਂ ਕਢ ਲੈਂਦਾ ਹੈ। ਓਹ ਸ਼ਾਹ ਧੰਨ ਹਨ, ਜੇਹੜੇ ਨਾਮ ਦਾ ਵਪਾਰ ਕਰਦੇ ਹਨ। ਜੇਹੜੇ ਸਿਖ ਸੌਦਾ ਲੈਣ ਵਾਲੇ ਹੋਕੇ ਆਂਵਦੇ ਹਨ ਓਨ੍ਹਾਂ ਨੂੰ ਗੁਰੂ ਉਪਦੇਸ਼ ਦੇਕੇ ਪਾਰ ਲੰਘਾਉਣ ਵਾਲੇ ਹਨ। ਗੁਰੂ ਜੀ–ਜਿਨ੍ਹਾਂ ਨੂੰ ਵਾਹਿਗੁਰੂ ਦੀ ਕਿਰਪਾ ਹੋਈ ਹੈ, ਤਿਨ੍ਹਾਂ ਨੇ ਸਿਰਜਨਹਾਰ ਨੂੰ ਸੇਵਿਆ ਹੈ।

**ਪਉੜੀ॥ ਸਚੁ ਸਚੇ ਕੇ ਜਨ ਭਗਤ ਹਹਿ ਸਚੁ ਸਚਾ ਜਿਨੀ ਅਰਾਧਿਆ॥ਜਿਨ ਗੁਰਮੁਖਿ ਖੋਜਿ ਢੰਢੋਲਿਆ ਤਿਨ ਅੰਦਰਹੁ ਹੀ ਸਚੁ ਲਾਧਿਆ॥ ਸਚੁ ਸਾਹਿਬੁ ਸਚੁ ਜਿਨੀ ਸੇਵਿਆ ਕਾਲੁ ਕੰਟਕੁ ਮਾਰਿ ਤਿਨੀ ਸਾਧਿਆ॥ਸਚੁ ਸਚਾ ਸਬਦੁ ਵਡਾ ਹੈ ਸਚੁ ਸੇਵਨਿ ਸੇ ਸਚਿ ਰਲਾਧਿਆ॥ ਸਚੁ ਸਚੇ ਨੋ ਸਾਬਾਸਿ ਹੈ ਸਚੁ ਸਚਾ ਸੇਵਿ ਫਲਾਧਿਆ॥੨੨॥**

ਸੋ ਸਚੇ ਵਾਹਿਗੁਰੂ ਦੇ ਭਗਤ ਜਨ ਸਚੇ ਹਨ, ਜਿਨ੍ਹਾਂ ਨੇ ਠੀਕ ਸਚਾ ਅਰਾਧਿਆ ਹੈ। ਜਿਨ੍ਹਾਂ ਗੁਰਮੁਖਾਂ ਨੇ ਰਸਤਾ ਲੱਭਿਆ ਹੈ, ਤਿਨ੍ਹਾਂ ਨੇ ਅੰਦਰੋਂ ਹੀ ਵਾਹਿਗੁਰੂ ਨੂੰ ਲੱਭ ਲਿਆ ਹੈ। ਜਿਨ੍ਹਾਂ ਨੇ ਠੀਕ ਵਾਹਿਗੁਰੂ ਨੂੰ ਸੇਵਿਆ ਹੈ, ਓਨ੍ਹਾਂ ਨੇ ਦੁਖਦਾਈ ਕਾਲ ਨੂੰ ਮਾਰਕੇ ਵੱਸ ਕਰ ਲਿਆ ਹੈ। ਵਾਹਿਗੁਰੂ ਠੀਕ ਸਭ ਤੋਂ ਵੱਡਾ ਹੈ,ਜੇਹੜੇ ਸਚ ਨੂੰ ਸੇਂਵਦੇ ਹਨ,ਸੋ ਸਚ ਵਿਚ ਰਲ ਜਾਂਦੇ ਹਨ। ਠੀਕ ਸਚੇ ਨੂੰ ਸ਼ਾਬਾਸ਼ੇ ਹੈ,ਜਿਨ੍ਹਾਂ ਨੇ ਠੀਕ ਸਚੇ ਨੂੰ ਸੇਵਿਆ ਹੈ,ਓਨ੍ਹਾਂ ਨੂੰ ਬਹੁਤ ਫਲ ਮਿਲਿਆ।

**ਸਲੋਕ ਮਃ ੪॥ ਮਨਮੁਖੁ ਪ੍ਰਾਣੀ ਮੁਗਧੁ ਹੈ ਨਾਮ ਹੀਣ ਭਰਮਾਇ॥ਬਿਨੁ ਗੁਰ ਮਨੂਆ ਨਾ ਟਿਕੈ ਫਿਰਿ ਫਿਰਿ ਜੂਨੀ ਪਾਇ॥ ਹਰਿ ਪ੍ਰਭੁ ਆਪਿ ਦਇਆਲੁ ਹੋਹਿ ਤਾਂ ਸਤਿਗੁਰੁ ਮਿਲਿਆ ਆਇ॥ ਜਨ ਨਾਨਕ ਨਾਮੁ ਸਲਾਹਿ ਤੂ ਜਨਮ ਮਰਣ ਦੁਖੁ ਜਾਇ॥ ੧॥**

ਮਨਮੁਖ ਆਦਮੀ ਮੂਰਖ ਹੈ,ਨਾਮ ਤੋਂ ਬਿਨਾਂ ਭਰਮਦਾ ਹੈ। ਗੁਰਾਂ ਦੇ ਉਪਦੇਸ਼ ਤੋਂ ਬਿਨਾਂ ਮਨ ਨਹੀਂ ਟਿਕਦਾ,ਫਿਰ ੨ ਜੂਨਾਂ ਵਿਚ ਪੈਂਦਾ ਹੈ। ਜੇਕਰ ਵਾਹਿਗੁਰੂ ਦਿਆਲੂ ਹੋਵੇਤਾਂ ਗੁਰੂ ਆਕੇ ਮਿਲ ਪੈਂਦਾ ਹੈ। ਗੁਰੂ ਜੀ–ਹੇ ਭਾਈ ਨਾਮ ਨੂੰ ਸਲਾਹ ਜਿਸ ਕਰਕੇ ਜਨਮ ਮਰਣ ਦੁਖ ਜਾਂਦਾ ਰਹੇ।

Digitized by Panjab Digital Library | www.panjabdigilib.org

**ਮਃ ੪ ॥ ਗੁਰੁ ਸਾਲਾਹੀ ਆਪਣਾ ਬਹੁ ਬਿਧਿ ਰੰਗਿ ਸੁਭਾਇ ॥ ਸਤਿਗੁਰ ਸੇਤੀ ਮਨੁ ਰਤਾ ਰਖਿਆ ਬਣਤ ਬਣਾਇ ॥ ਜਿਹਵਾ ਸਾਲਾਹਿ ਨ ਰਜਈ ਹਰਿ ਪ੍ਰੀਤਮ ਚਿਤੁ ਲਾਇ ॥ ਨਾਨਕ ਨਾਵੈ ਕੀ ਮਨਿ ਭੁਖ ਹੈ ਮਨੁ ਤ੍ਰਿਪਤੈ ਹਰਿ ਰਸੁ ਖਾਇ ॥ ੨ ॥**

ਜੇ ਬਹੁਤ ਤਰਾਂ ਦੇ ਪ੍ਰੇਮ ਨਾਲ ਆਪਣੇ ਗੁਰਾਂ ਨੂੰ ਸਲਾਹੀਏ ਤਾਂ ਸੋਭਾ ਪਾਈਦੀ ਹੈ। ਜਿਨ੍ਹਾਂ ਦਾ ਮਨ ਗੁਰਾਂ ਨਾਲ ਰੱਤਾ ਹੈ, ਤਿਨ੍ਹਾਂ ਦੀ ਹਰ ਤਰਾਂ ਦੀ ਗੁਰਾਂ ਨੇ ਬਣਤ ਬਣਾਕੇ ਰੱਖਿਆ ਕੀਤੀ ਹੈ। ਰਸਨਾ ਕਰਕੇ ਉਸਤਤਿ ਕਰਦੇ ਰੱਜਦੇ ਨਹੀਂ ਅਤੇ ਚਿਤ ਵਾਹਿਗੁਰੂ ਵਿਚ ਲਾਇਆ ਹੈ।

ਗੁਰੂ ਜੀ-ਓਨ੍ਹਾਂ ਦੇ ਮਨ ਵਿਚ ਨਾਮ ਦੀ ਹੀ ਭੁੱਖ ਹੈ ਅਰ ਮਨ ਵਾਹਿਗੁਰੂ ਦੇ ਨਾਮ ਰਸ ਨੂੰ ਹੀ ਖਾਕੇ ਰੱਜਦਾ ਹੈ।

**ਪਉੜੀ ॥ ਸਚੁ ਸਚਾ ਕੁਦਰਤਿ ਜਾਣੀਐ ਦਿਨੁ ਰਾਤੀ ਜਿਨਿ ਬਣਾਈਆ ॥ ਸੋ ਸਚੁ ਸਲਾਹੀ ਸਦਾ ਸਦਾ ਸਚੁ ਸਚੇ ਕੀਆ ਵਡਿਆਈਆ ॥ ਸਾਲਾਹੀ ਸਚੁ ਸਲਾਹ ਸਚੁ ਸਚੁ ਕੀਮਤਿ ਕਿਨੈ ਨ ਪਾਈਆ॥ ਜਾ ਮਿਲਿਆ ਪੂਰਾ ਸਤਿਗੁਰੂ ਤਾ ਹਾਜਰੁ ਨਦਰੀ ਆਈਆ ॥ ਸਚੁ ਗੁਰਮੁਖਿ ਜਿਨੀ ਸਲਾਹਿਆ ਤਿਨਾ ਭੁਖਾ ਸਭਿ ਗਵਾਈਆ ॥ ੨੩ ॥**

ਵਾਹਿਗੁਰੂ ਠੀਕ ਕੁਦਰਤ ਕਰਕੇ ਜਾਣੀਦਾ ਹੈ, ਜਿਸਨੇ ਦਿਨ ਰਾਤਾਂ ਬਣਾਈਆਂ ਹਨ। ਜਿਸ ਸੱਚੇ ਦੀਆਂ ਸਚੀਆਂ ਵਡਿਆਈਆਂਹਨ,ਸੋ ਸਚਾ ਸਦਾ ਸਦਾ ਸਲਾਹੁਣੇ ਜੋਗ ਹੈ। ਵਾਹਿਗੁਰੂ ਵੀ ਸਚਾ ਅਰ ਉਸਦੀ ਸਿਫਤ ਵੀ ਸਚੀ ਹੈ, ਵਾਹਿਗੁਰੂ ਦੀ ਕੀਮਤ ਕਿਸੇ ਨਹੀਂ ਪਾਈ।

ਪਰ ਜਦੋਂ ਪੂਰਾ ਗੁਰੂ ਮਿਲਿਆਤਾਂ ਸਾਰੀਆਂ ਵਡਿਆਈਆਂ ਪਰਗਟ ਹੀ ਨਜ਼ਰ ਆ ਗਈਆਂ। ਜਿਨ੍ਹਾਂ ਗੁਰਮੁਖਾਂ ਨੇ ਸਚੇ ਨੂੰ ਸਲਾਹਿਆ ਹੈ, ਤਿਨ੍ਹਾਂ ਨੇ ਆਪਣੀਆਂ ਭੁਖਾਂ ਸਭ ਦੂਰ ਕਰ ਲਈਆਂ ਹਨ।

**ਸਲੋਕੁ ਮਃ ੪ ॥ ਮੈ ਮਨੁ ਤਨੁ ਖੋਜਿ ਖੋਜੇਦਿਆ ਸੋ ਪ੍ਰਭੁ ਲਧਾ ਲੋੜਿ ॥ ਵਿਸਟੁ ਗੁਰੂ ਮੈ ਪਾਇਆ ਜਿਨਿ ਹਰਿ ਪ੍ਰਭੁ ਦਿਤਾ ਜੋੜਿ ॥ ੧ ॥**

Digitized by Panjab Digital Library | www.panjabdigilib.org

ਵਿਸਟੁ = ਵਕੀਲ।

ਮੈਂ ਮਨ ਤਨ ਕਰਕੇ ਖੋਜਦੇ ੨ ਨੇ ਵਾਹਿਗੁਰੂ ਜੇਹੜਾ ਮੈਂ ਚਾਹੁੰਦਾ ਸੀ ਲਭ ਲਿਆ। ਪਰ ਮੈਂ ਆਪਣੇ ਗੁਰੂ ਨੂੰ ਵਿਚ ਵਕੀਲ ਪਾਇਆ ਹੈ, ਜਿਨ੍ਹਾਂ ਨੇ ਮੈਨੂੰ ਵਾਹਿਗੁਰੂ ਨਾਲ ਮਿਲਾ ਦਿਤਾ।

**ਮਃ ੩ ॥ ਮਾਇਆ ਧਾਰੀ ਅਤਿ ਅੰਨਾ ਬੋਲਾ ॥ ਸਬਦੁ ਨ ਸੁਣਈ ਬਹੁ ਰੋਲ ਘਚੋਲਾ ॥ ਗੁਰਮੁਖਿ ਜਾਪੈ ਸਬਦਿ ਲਿਵਲਾਇ ॥ ਹਰਿ ਨਾਮੁ ਸੁਣਿ ਮੰਨੇ ਹਰਿ ਨਾਮਿ ਸਮਾਇ ॥ ਜੋ ਤਿਸੁ ਭਾਵੈ ਸੁ ਕਰੇ ਕਰਾਇਆ ॥ ਨਾਨਕ ਵਜਦਾ ਜੰਤੁ ਵਜਾਇਆ ॥ ੨ ॥**

[ ਰੋਲ = ਰੌਲਾ। ਘਚੋਲਾ = ਮਿਲ ਰਿਹਾ ਹੈ। ]

ਸਰਧਾ ਰੂਪ ਕੰਨਾਂ ਤੋਂ ਬਿਨਾਂ ਅਤੇ ਵਿਚਾਰ ਰੂਪ ਅੱਖਾਂ ਤੋਂ ਬਿਨਾਂ ਮਾਇਆ ਧਾਰੀ ਬਹੁਤ ਅੰਨ੍ਹਾਂ ਬੋਲਾ ਹੈ। ਗੁਰਾਂ ਦਾ ਉਪਦੇਸ਼ ਨਹੀਂ ਸੁਣਦਾ, ਸੰਸਾਰ ਦੇ ਰੌਲੇ ਘਚੌਲੇ ਵਿਚ ਪੈ ਰਿਹਾ ਹੈ।

ਜਿਨ੍ਹਾਂ ਨੇ ਗੁਰ ਸ਼ਬਦ ਵਿਚ ਬਿਰਤੀ ਲਾਈ ਹੈ, ਸੋ ਗੁਰਮੁਖ ਜਾਣੀਦੇ ਹਨ। ਜੇਹੜੇ ਵਾਹਿਗੁਰੂ ਦੇ ਨਾਮ ਨੂੰ ਸੁਣਕੇ ਮੰਨਦੇ ਹਨ ਸੋ ਵਾਹਿਗੁਰੂ ਦੇ ਨਾਮ ਵਿਚ ਸਮਾ ਜਾਂਦੇ ਹਨ। ਜੇਹੜਾ ਕੰਮ ਤਿਸ ਵਾਹਿਗੁਰੂ ਨੂੰ ਕਰਾਉਣਾ ਚੰਗਾ ਲਗਦਾ ਹੈ ਗੁਰਮੁਖ ਸੋ ਕਰਦਾ ਹੈ।

ਗੁਰੂ ਜੀ-ਜੀਕੁਣ ਵਾਜਾ ਵਜਾਇਆ ਹੋਇਆ ਵਜਦਾ ਹੈ, ਓਸੇ ਤਰਾਂ ਜੀਵ ਵਾਹਿਗੁਰੂ ਦਾ ਵਜਾਇਆ ਹੋਇਆ ਵਜਦਾ ਹੈ।

**ਪਉੜੀ॥ ਤੂ ਕਰਤਾ ਸਭੁ ਕਿਛੁ ਜਾਣਦਾ ਜੋ ਜੀਆ ਅੰਦਰਿ ਵਰਤੈ ॥ ਤੂ ਕਰਤਾ ਆਪਿ ਅਗਣਤੁ ਹੈ ਸਭੁ ਜਗੁ ਵਿਚਿ ਗਣਤੈ॥ਸਭੁ ਕੀਤਾ ਤੇਰਾ ਵਰਤਦਾ ਸਭ ਤੇਰੀ ਬਣਤੈ॥ ਤੂ ਘਟਿ ਘਟਿ ਇਕੁ ਵਰਤਦਾ ਸਚੁ ਸਾਹਿਬ ਚਲਤੈ ॥ ਸਤਿਗੁਰ ਨੋ ਮਿਲੇ ਸੁ ਹਰਿ ਮਿਲੇ ਨਾਹੀ ਕਿਸੈ ਪਰਤੈ॥੨੪॥**

ਹੇ ਵਾਹਿਗੁਰੂ! ਜੋ ਜੀਵਾਂ ਦੇ ਅੰਦਰ ਵਰਤਦਾ ਹੈ, ਸੋ ਸਭ ਕੁਝ ਤੂੰ ਜਾਣਦਾ ਹੈਂ। ਤੂੰ ਕਰਤਾ ਆਪ ਅਗਿਣਤ ਹੈਂ, ਸਾਰਾ ਜਗ ਗਿਣਤੀ ਵਿਚ ਹੈ। ਸਭ ਕੁਝ ਤੇਰਾ ਕੀਤਾ ਹੋਇਆ ਵਰਤਦਾ ਹੈ ਅਤੇ ਤੇਰੀ ਸਾਰੀ ਬਣਾਵਟ ਹੈ। ਤੂੰ ਘਟਾਂ ਘਟਾਂ ਵਿਚ ਇਕ ਵਰਤਦਾ ਹੈਂ ਹੇ। ਸੱਚੇ

Digitized by Panjab Digital Library | www.panjabdigilib.org

ਸਾਹਿਬ! ਤੇਰੇ ਤਮਾਸ਼ੇ ਬਿਅੰਤ ਹਨ। ਜੇਹੜੇ ਗੁਰਾਂ ਨੂੰ ਮਿਲੇ ਹਨ, ਸੋਈਓ ਹੀ ਵਾਹਿਗੁਰੂ ਨੂੰ ਮਿਲੇ ਹਨ ਅਤੇ ਮਿਲਦੇ ਹੋਏ ਕਿਸੇ ਨੇ ਮੋੜੇ ਨਹੀਂ ਅਥਵਾ ਓਹ ਗੁਰਮੁਖ ਕਿਸੇ ਪਦਾਰਥ ਵਿਚ ਪੈਕੇ ਫਸਦੇ ਨਹੀਂ।

**ਸਲੋਕ ਮਃ ੪ ॥ ਇਹੁ ਮਨੂਆ ਦ੍ਰਿੜੁ ਕਰਿ ਰਖੀਐ ਗੁਰਮੁਖਿ ਲਾਈਐ ਚਿਤੁ ॥ ਕਿਉ ਸਾਸਿ ਗਿਰਾਸਿ ਵਿਸਾ-ਰੀਐ ਬਹਦਿਆ ਉਠਦਿਆ ਨਿਤ ॥ ਮਰਣ ਜੀਵਣ ਕੀ ਚਿੰਤਾ ਗਈ ਇਹੁ ਜੀਅੜਾ ਹਰਿ ਪ੍ਰਭ ਵਸਿ ॥ ਜਿਉ ਭਾਵੈ ਤਿਉ ਰਖੁ ਤੂ ਜਨ ਨਾਨਕ ਨਾਮੁ ਬਖਸਿ ॥ ੧ ॥**

ਹੇ ਭਾਈ! ਇਸ ਮਨ ਨੂੰ ਚੰਗੀ ਤਰ੍ਹਾਂ ਪੱਕਾ ਕਰਕੇ ਰੋਕ ਰਖੀਏ ਅਤੇ ਗੁਰਮੁਖਾਂ ਵਾਂਙੂ ਵਾਹਿਗੁਰੂ ਵਿਚ ਚਿਤ ਲਾਈਏ। ਬਹਿੰਦਿਆਂ ਉਠਦਿਆਂ ਖਾਂਦਿਆਂ ਪੀਂਦਿਆਂ ਸਾਹ ਲੈਂਦਿਆਂ ਹੋਜ਼ ਉਸ ਵਾਹਿਗੁਰੂ ਨੂੰ ਕਿਉਂ ਵਿਸਾਰੀਏ ? ਜਿਨ੍ਹਾਂ ਨੇ ਇਹ ਜੀਅੜਾ ਵਾਹਿਗੁਰੂ ਦੇ ਵੱਸ ਕਰ ਦਿੱਤਾ ਹੈ, ਓਨ੍ਹਾਂ ਦੀ ਮਰਣ ਜੰਮਣ ਦੀ ਚਿੰਤਾ ਦੂਰ ਹੋ ਗਈ ਹੈ।

ਗੁਰੂ ਜੀ-ਹੇ ਵਾਹਿਗੁਰੂ! ਜੀਕੁਣ ਤੈਨੂੰ ਭਾਉਂਦਾ ਹੈ, ਓਸੇ ਤਰਾਂ ਤੂੰ ਰਖ, ਪਰ ਮੈਨੂੰ ਨਾਮ ਦੇਹ।

**ਮਃ ੩ ॥ ਮਨਮੁਖੁ ਅਹੰਕਾਰੀ ਮਹਲੁ ਨ ਜਾਣੈ ਖਿਨੁ ਆਗੈ ਖਿਨੁ ਪੀਛੈ ॥ ਸਦਾ ਬੁਲਾਈਐ ਮਹਲਿ ਨ ਆਵ ਕਿਉ ਕਰਿ ਦਰਗਹ ਸੀਝੈ ॥ ਸਤਿਗੁਰ ਕਾ ਮਹਲੁ ਵਿਰਲਾ ਜਾਣੈ ਸਦਾ ਰਹੈ ਕਰ ਜੋੜਿ ॥ ਆਪਣੀ ਕ੍ਰਿਪਾ ਕਰੇ ਹਰਿ ਮੇਰਾ ਨਾਨਕ ਲਏ ਬਹੋੜਿ ॥ ੨ ॥**

ਮਨਮੁਖ ਹੰਕਾਰੀ ਸਤਸੰਗ ਨੂੰ ਨਹੀਂ ਜਾਣਦੇ, ਛਿਨ ਵਿਚ ਜਦੋਂ ਕੁਝ ਮਿਲਦਾ ਹੋਵੇ ਤਾਂ ਅਗੇ ਆ ਹੁੰਦੇ ਹਨ ਅਤੇ ਜਦੋਂ ਕੋਈ ਕੰਮ ਪਵੇ ਜਾਂ ਦੁਖ ਪਵੇ ਤਾਂ ਪਿਛੇ ਹਟ ਜਾਂਦੇ ਹਨ। ਸਦਾ ਬੁਲਾਈਦੇ ਹਨ ਸਤਸੰਗਤ ਵਿੱਚ ਨਹੀਂ ਆਉਂਦੇ, ਵਾਹਿਗੁਰੂ ਦੀ ਦਰਗਾਹ ਵਿਚ ਕੀਕੁਣ ਮੁਕਤੀ ਪਾਉਣਗੇ। ਗੁਰਾਂ ਦੇ ਸਤਸੰਗ ਅਥਵਾ ਮਤਲਬ ਨੂੰ ਕੋਈ ਵਿਰਲਾ ਹੀ ਜਾਣਦਾ ਹੈ ਜੇਹੜਾ ਹਮੇਸ਼ਾਂ ਹਥ ਜੋੜਕੇ ਸਾਹਮਣੇ ਖੜੋਤਾ ਰਹੇ। ਗੁਰੂ ਜੀ-ਜੇ ਮੇਰਾ ਵਾਹਿਗੁਰੂ ਆਪਣੀ ਕਿਰਪਾ ਕਰੇ ਤਾਂ ਸੰਸਾਰ ਵਲੋਂ ਆਪਣੇ ਵਲ ਮੋੜ ਲੈਂਦਾ ਹੈ।

Digitized by Panjab Digital Library | www.panjabdigilib.org

ਪਉੜੀ ॥ ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨੁ ਮੰਨੇ ॥ ਜਾ ਸਤਿਗੁਰ ਕਾ ਮਨੁ ਮੰਨਿਆ ਤਾ ਪਾਪ ਕਸੰਮਲ ਭੰਨੇ ॥ ਉਪਦੇਸੁ ਜਿ ਦਿਤਾ ਸਤਿਗੁਰੂ ਸੋ ਸੁਣਿਆ ਸਿਖੀ ਕੰਨੇ ॥ ਜਿਨ ਸਤਿਗੁਰ ਕਾ ਭਾਣਾ ਮੰਨਿਆ ਤਿਨ ਚੜੀ ਚਵਗਣਿ ਵੰਨੇ ॥ ਇਹ ਚਾਲ ਨਿਰਾਲੀ ਗੁਰਮੁਖੀ ਗੁਰ ਦੀਖਿਆ ਸੁਣਿ ਮਨੁ ਭਿੰਨੇ ॥ ੨੫ ॥

ਓਹ ਸੇਵਾ ਕੀਤੀ ਸਫਲ ਹੈ, ਜਿਸ ਕਰਕੇ ਗੁਰਾਂ ਦਾ ਮਨ ਮੰਨੇ। ਜਦੋਂ ਗੁਰਾਂ ਦਾ ਮਨ ਮੰਨ ਗਿਆ ਤਾਂ ਸਾਰੇ ਪਾਪ ਨਾਸ ਅਥਵਾ ਦੌੜ ਗਏ। ਜੇਹੜਾ ਉਪਦੇਸ਼ ਗੁਰਾਂ ਨੇ ਦਿੱਤਾ ਹੈ, ਸੋ ਸਿੱਖਾਂ ਨੇ ਕੰਨਾਂ ਵਿਚ ਸੁਣਿਆ ਹੈ। ਜਿਨ੍ਹਾਂ ਨੇ ਗੁਰਾਂ ਦਾ ਭਾਣਾ ਮੰਨਿਆ ਹੈ, ਤਿਨ੍ਹਾਂ ਨੂੰ ਚੌਗੁਣੀ ਰੰਗੀਨਤਾ ਚੜ੍ਹੀ ਹੈ। ਗੁਰਮੁਖਾਂ ਦੀ ਇਹ ਚਾਲ ਵੱਖਰੀ ਹੈ ਕਿ ਗੁਰਾਂ ਦਾ ਉਪਦੇਸ਼ ਸੁਣਕੇ ਮਨ ਭਿੱਜ ਜਾਂਦਾ ਹੈ।

ਸਲੋਕੁ ਮਃ ੩ ॥ ਜਿਨਿ ਗੁਰ ਗੋਪਿਆ ਆਪਣਾ ਤਿਸੁ ਠਉਰ ਨ ਠਾਉ ॥ ਹਲਤੁ ਪਲਤੁ ਦੋਵੈ ਗਏ ਦਰਗਹ ਨਾਹੀ ਥਾਉ ॥ ਓਹ ਵੇਲਾ ਹਥਿ ਨ ਆਵਈ ਫਿਰਿ ਸਤਿਗੁਰੁ ਲਗਹਿ ਪਾਇ ॥ ਸਤਿਗੁਰ ਕੀ ਗਣਤੈ ਘੁਸੀਐ ਦੁਖੇ ਦੁਖਿ ਵਿਹਾਇ ॥ ਸਤਿਗੁਰੁ ਪੁਰਖੁ ਨਿਰਵੈਰੁ ਹੈ ਆਪੇ ਲਏ ਜਿਸੁ ਲਾਇ ॥ ਨਾਨਕ ਦਰਸਨੁ ਜਿਨਾ ਵੇਖਾਲਿਓਨੁ ਤਿਨਾ ਦਰਗਹ ਲਏ ਛਡਾਇ ॥ ੧ ॥

ਜਿਨ੍ਹਾਂ ਨੇ ਆਪਣੇ ਗੁਰੂ ਨੂੰ ਛੁਪਾਇਆ ਹੈ, ਤਿਨ੍ਹਾਂ ਨੂੰ ਖੜੋਣ ਨੂੰ ਥਾਂ ਨਹੀਂ। ਲੋਕ ਪ੍ਰਲੋਕ ਦੋਵੇਂ ਚਲੇ ਗਏ, ਦਰਗਾਹ ਵਿਚ ਵੀ ਥਾਂ ਨਹੀਂ। ਓਹ ਵੇਲਾ ਤਾਂ ਫੇਰ ਹਥ ਨਹੀਂ ਆਉਂਦਾ ਜੋ ਫੇਰ ਮੁੜਕੇ ਗੁਰਾਂ ਦੇ ਚਰਨੀ ਆਕੇ ਲਗ ਜਾਣ। ਜੇਹੜੀ ਗੁਰਾਂ ਨੇ ਗਿਣਤੀ ਕਰਾਈ ਹੈ ਜੇ ਉਸਤੋਂ ਭੁਲ ਜਾਈਏ ਤਾਂ ਸਾਰੀ ਉਮਰ ਦੁਖਾਂ ਹੀ ਦੁਖਾਂ ਵਿਚ ਬੀਤਦੀ ਹੈ। ਸਤਿਗੁਰੂ ਪੁਰਖ ਨਿਰਵੈਰ ਹੈ ਜਿਸ ਨੂੰ ਆਪ ਵਾਹਿਗੁਰੂ ਆਪਣੇ ਵਿਚ ਲਾ ਲੈਂਦਾ ਹੈ ਸੋ ਲਗਦਾ ਹੈ। ਗੁਰੂ ਜੀ–ਜਿਨ੍ਹਾਂ

Digitized by Panjab Digital Library | www.panjabdigilib.org

ਨੂੰ ਗੁਰਾਂ ਨੇ ਦਰਸ਼ਨ ਦਿਤਾ ਹੈ ਤਿਨ੍ਹਾਂ ਨੂੰ ਦਰਗਾਹ ਵਿਚ ਛੁਡਾ ਲੈਂਦਾ ਹੈ।

**ਮਃ ੩ ॥ ਮਨਮੁਖੁ ਅਗਿਆਨ ਦੁਰਮਤਿ ਅਹੰਕਾਰੀ ॥ ਅੰਤਰਿ ਕ੍ਰੋਧੁ ਜੂਐ ਮਤਿ ਹਾਰੀ ॥ ਕੂੜੁ ਕੁਸਤੁ ਓਹੁ ਪਾਪ ਕਮਾਵੈ ॥ ਕਿਆ ਓਹੁ ਸੁਣੈ ਕਿਆ ਆਖਿ ਸੁਣਾਵੈ ॥ ਅੰਨ੍ਹਾ ਬੋਲ ਖੁਇ ਉਝੜਿ ਪਾਇ ॥ ਮਨਮੁਖੁ ਅੰਧਾ ਆਵੈ ਜਾਇ ॥ ਬਿਨ ਸਤਿਗੁਰੁ ਭੇਟੇ ਥਾਇ ਨ ਪਾਇ ॥ ਨਾਨਕ ਪੂਰਬਿ ਲਿਖਿਆ ਕਮਾਇ ॥ ੨ ॥**

ਮਨਮੁਖ ਅਗਜਾਨੀ ਖੋਟੀ ਮਤ ਵਾਲਾ ਹੰਕਾਰੀ ਹੈ। ਅੰਦਰ ਕ੍ਰੋਧ ਵਿਸ਼ੇ ਵਿਕਾਰ ਰੂਪ ਜੂਏ ਵਿਚ ਅਕਲ ਹਾਰੀ ਹੈ। ਓਹ ਝੂਠ ਬੋਲਦਾ, ਕੁਸੱਤ ਕਰਦਾ, ਪਾਪ ਕਮੌਂਦਾ ਹੈ। ਵਾਹਿਗੁਰੂ ਦਾ ਨਾਮ ਕੀ ਓਹ ਸੁਣੇਗਾ ਤੇ ਕੀ ਹੋਰਨਾਂ ਨੂੰ ਆਖਕੇ ਸੁਣਾਵੇਗਾ? ਵਿਚਾਰ ਰੂਪ ਅੱਖਾਂ ਸਰਧਾ ਰੂਪ ਕੰਨਾਂ ਥੋਂ ਅੰਨ੍ਹਾਂ ਬੋਲ਼ਾ ਹੈ,ਵਾਹਿਗੁਰੂ ਵੱਲੋਂ ਭੁੱਲਕੇ ਸੰਸਾਰ ਰੂਪ ਜੰਗਲ ਵਿਚ ਪੈਂਦਾ ਹੈ। ਏਸੇ ਕਰਕੇ ਮਨਮੁਖ ਅੰਨ੍ਹਾਂ ਜੰਮਦਾ ਮਰਦਾ ਹੈ। ਗੁਰਾਂ ਦੇ ਮਿਲੇ ਬਿਨਾਂ ਕਿਤੇ ਬਹਿਣ ਨੂੰ ਥਾਂ ਨਹੀਂ ਪਾਉਂਦਾ ਅਥਵਾ ਵਾਹਿਗੁਰੂ ਦੀ ਜਗਾ ਨੂੰ ਨਹੀਂ ਪਹੁੰਚਦਾ। ਗੁਰੂ ਜੀ-ਜੀਕੁਣ ਦਾ ਪੂਰਬਲਾ ਲੇਖ ਲਿਖਿਆ ਹੋਇਆ ਹੈ,ਓਸੇਤਰਾਂ ਉਹਦੇਅਨੁਸਾਰ ਕ਼ਮਾਉਂਦਾ ਹੈ।

**ਪਉੜੀ ॥ ਜਿਨ ਕੇ ਚਿਤ ਕਠੋਰ ਹਹਿ ਸੇ ਬਹਹਿ ਨ ਸਤਿਗੁਰ ਪਾਸਿ ॥ ਓਥੈ ਸਚੁ ਵਰਤਦਾ ਕੂੜਿਆਰਾ ਚਿਤ ਉਦਾਸਿ ॥ ਓਇ ਵਲੁ ਛਲੁ ਕਰਿ ਝਤਿ ਕਢਦੇ ਫਿਰਿ ਜਾਇ ਬਹਹਿ ਕੂੜਿਆਰਾ ਪਾਸਿ ॥ ਵਿਚਿ ਸਚੇ ਕੂੜੁ ਨ ਗਡਈ ਮਨਿ ਵੇਖਹੁ ਕੋ ਨਿਰਜਾਸਿ ॥ ਕੂੜਿਆਰਿ ਕੂੜਿਆਰੀ ਜਾਇ ਰਲੇ ਸਚਿਆਰ ਸਿਖ ਬੈਠੇ ਸਤਿਗੁਰ ਪਾਸਿ ॥ ੨੬ ॥**

ਜਿਨ੍ਹਾਂ ਦੇ ਚਿਤ ਕਰੜੇ ਹਨ;ਗੁਰਾਂ ਦੇ ਪਾਸ ਨਹੀਂ ਬਹਿੰਦੇ। ਓਥੇ ਸਚ ਵਰਤਦਾ ਹੈ,ਝੂਠਿਆਂ ਦੇ ਚਿਤ ਉਦਾਸ ਹੋ ਜਾਂਦੇ ਹਨ। ਓਹ ਮਨਮੁਖ

Digitized by Panjab Digital Library | www.panjabdigilib.org

ਵਲ ਛਲ ਕਰਕੇ ਸਮਾ ਲੰਘਾਉਂਦੇ ਹਨ ਫਿਰ ਝੂਠਿਆਂ ਪਾਸ ਜਾ ਬਹਿੰਦੇ ਹਨ। ਤੁਸੀਂ ਮਨਵਿਚ ਠੀਕ ਵਿਚਾਰਕੇ ਵੇਖ ਲਵੋ ਕਿ ਸਚਿਆਂ ਆਦਮੀਆਂ ਵਿਚ ਝੂਠਾ ਨਹੀਂ ਮਿਲਦਾ। ਝੂਠੇ ਝੂਠਿਆਂ ਵਿਚ ਜਾ ਰਲਦੇ ਹਨ, ਸੱਚੇ ਸਿੱਖ ਗੁਰਾਂ ਪਾਸ ਬੈਠਦੇ ਹਨ।

**ਸਲੋਕ ਮਃ ੫ ॥ ਰਹਦੇ ਖੁਹਦੇ ਨਿੰਦਕ ਮਾਰਿਅਨੁ ਕਰਿ ਆਪੇ ਆਹਰੁ ॥ ਸੰਤ ਸਹਾਈ ਨਾਨਕਾ ਵਰਤੈ ਸਭ ਜਾਹਰੁ ॥ ੧ ॥**

ਜੇਹੜੇ ਗੁਰਾਂ ਪਾਸ ਰਹਿੰਦੇ ਅਤੇ ਗੁਰਾਂ ਨਾਲ ਖਹਿੰਦੇ ਭਾਵ ਈਰਖਾ ਕਰਦੇ ਸਨ, ਓਹ ਨਿੰਦਕ ਆਪੇ ਹੀ ਵਾਹਿਗੁਰੂ ਨੇ ਉਦਮ ਕਰਕੇ ਮਾਰ ਦਿਤੇ ਅਥਵਾ ਗੁਰੂ ਨਾਨਕ ਗੁਰੂ ਅੰਗਦ ਜੀ ਦੇ ਨਿੰਦਕ ਪਰਮੇਸ਼ਰ ਨੇ ਪਹਿਲੇ ਹੀ ਮਾਰ ਦਿਤੇ (ਜੋਗੀ ਆਦਿਕ) ਗੁਰੂ ਅਮਰਦਾਸ ਜੀ ਦੇ ਵੇਲੇ ਹੀ ਸਾਰਾ ਕੰਮ ਹੋ ਗਿਆ। ਗੁਰੂ ਜੀ–ਪਰਗਟ ਹੀ ਵਾਹਿਗੁਰੂ ਸੰਤਾਂ ਦਾ ਸਹਾਈ ਹੋਕੇ ਵਰਤਦਾ ਹੈ।

**ਮਃ ੫ ॥ ਮੁੰਢਹੁ ਭੁਲੇ ਮੁੰਢ ਤੇ ਕਿਥੈ ਪਾਇਨਿ ਹਥੁ ॥ ਤਿੰਨੈ ਮਾਰੇ ਨਾਨਕਾ ਜਿ ਕਰਣ ਕਾਰਣ ਸਮਰਥੁ ॥ ੨ ॥**

ਜੇਹੜੇ ਪਹਿਲੇ ਹੀ ਵਾਹਿਗੁਰੂ ਵੱਲੋਂ ਭੁਲ ਗਏ ਹਨ, ਓਹ ਕਿਥੇ ਹੱਥ ਪਾਉਣ ਭਾਵ ਕੀਹਦਾ ਆਸਰਾ ਲੈਣ ? ਗੁਰੂ ਜੀ– ਓਹ ਤਿਸਨੇ ਮਾਰੇ ਹਨ,ਜੋ ਸੰਸਾਰ ਦੇ ਕਰਨ ਵਿਚ ਸਮਰੱਥ ਹੈ।

**ਪਉੜੀ ੫ ॥ ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ ॥ ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ ॥ ਸੰਨ੍ਹੀ ਦੇਨਿ ਵਿਖੰਮ ਥਾਇ ਮਿਠਾ ਮਦੁ ਮਾਣੀ ॥ ਕਰਮੀ ਆਪੋ ਆਪਣੀ ਆਪੇ ਪਛੁਤਾਣੀ ॥ ਅਜਰ ਈਲ ਫਰੇਸਤਾ ਤਿਲ ਪੀੜੇ ਘਾਣੀ ॥ ੨੭ ॥**

{ ਪਿਛੇ ਸ੍ਰੀ ਗੁਰੂ ਰਾਮਦਾਸ ਜੀ ਦੀਆਂ ਪੌੜੀਆਂ ਸਨ, ਹੁਣ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਆਪਣੀਆਂ ਪੌੜੀਆਂ ਬਣਾਕੇ ਲਿਖਣੀਆਂ ਹਨ, ਇਸ ਲਈ ਮਃ ੫ ਲਿਖਿਆ ਹੈ। }

ਜੇਹੜੇ ਆਦਮੀ ਰਾਤ ਨੂੰ ਫਾਹੇ ਲੈਕੇ ਤੁਰਦੇ ਹਨ, ਓਨ੍ਹਾਂ ਨੂੰ ਵਾਹਿਗੁਰੂ ਜਾਣਦਾ ਹੈ। ਹਨੇ੍ਰੇ ਥਾਵਾਂ ਵਿਚ ਲੁਕਕੇ ਪਰਾਈਆਂ

Digitized by Panjab Digital Library | www.panjabdigilib.org

ਇਸਤ੍ਰੀਆਂ ਨੂੰ ਵੇਖਦੇ ਹਨ ਕਿ ਗਹਿਣੇ ਲਾਹੀਏ । ਔਖੀਆਂ ਥਾਵਾਂ ਨੂੰ ਸੰਨ੍ਹਾਂ ਲਾਉਂਦੇ ਹਨ, ਅਰ ਸ਼ਰਾਬ ਆਦਿਕ ਦਾ ਬੜਾ ਮਿੱਠਾ ਅਨੰਦ ਮਾਣਦੇ ਹਨ। ਆਪੋ ਆਪਣੇ ਕਰਮਾਂ ਅਨੁਸਾਰ ਆਪੇ ਹੀ ਪਛਤਾਉਂਦੇ ਹਨ। ਜਾਨ ਕੱਢਣ ਵਾਲਾ ਜਮਦੂਤ ਈਕੁਣ ਓਨ੍ਹਾਂ ਜੀਵਾਂ ਨੂੰ ਦੁੱਖ ਦੇਂਦਾ ਹੈ, ਜੀਕਣ ਤੇਲੀ ਤਿਲਾਂ ਨੂੰ ਕੋਹਲੂ ਵਿਚ ਪੀੜਦਾ ਹੈ।

**ਸਲੋਕ ਮਃ ੫ ॥ ਸੇਵਕ ਸਚੇ ਸਾਹ ਕੇ ਸੇਈ ਪਰਵਾਣੁ ॥ ਦੂਜਾ ਸੇਵਨਿ ਨਾਨਕਾ ਸੇ ਪਚਿ ਪਚਿ ਮੁਏ ਅਜਾਣ ॥ ੧ ॥**

ਜੇਹੜੇ ਸੱਚੇ ਵਾਹਿਗੁਰੂ ਦੇ ਸੇਵਕ ਹਨ, ਸੋਈ ਹੀ ਪ੍ਰਵਾਣ ਹਨ। ਗੁਰੂ ਜੀ-ਜੋ ਦੂਜਾ ਸੇਂਵਦੇ ਹਨ, ਸੋ ਮੂਰਖ ਖਪ ਖਪ ਕੇ ਮਰ ਗਏ ਹਨ।

**ਮਃ ੫ ॥ ਜੋ ਧੁਰਿ ਲਿਖਿਆ ਲੇਖੁ ਪ੍ਰਭ ਮੇਟਣਾ ਨ ਜਾਇ॥ ਰਾਮ ਨਾਮੁ ਧਨੁ ਵਖਰੋ ਨਾਨਕ ਸਦਾ ਧਿਆਇ॥੨॥**

ਜੋ ਧੁਰੋਂ ਹੀ ਵਾਹਿਗੁਰੂ ਨੇ ਲੇਖ ਲਿਖਿਆ ਹੈ, ਸੋ ਮੇਟਿਆ ਨਹੀਂ ਜਾਂਦਾ। ਗੁਰੂ ਜੀ—ਵਾਹਿਗੁਰੂ ਦਾ ਜੋ ਨਾਮ ਧਨ ਲਾਭਦਾਇਕ ਸੌਦਾ ਹੈ, ਇਸਨੂੰ ਹਮੇਸ਼ਾ ਯਾਦ ਰੱਖੋ।

**ਪਉੜੀ ੫ ॥ ਨਾਰਾਇਣਿ ਲਇਆ ਨਾਠੂੰਗੜਾ ਪੈਰ ਕਿਥੈ ਰਖੈ॥ ਕਰਦਾ ਪਾਪ ਅਮਿਤਿਆ ਨਿਤ ਵਿਸੋ ਚਖੈ॥ ਨਿੰਦਾ ਕਰਦਾ ਪਚਿ ਮੁਆ ਵਿਚਿ ਦੇਹੀ ਭਖੈ॥ ਸਚੈ ਸਾਹਿਬ ਮਾਰਿਆ ਕਉਣੁ ਤਿਸਨੋ ਰਖੈ॥ ਨਾਨਕ ਤਿਸੁ ਸਰਣਾਗਤੀ ਜੋ ਪੁਰਖੁ ਅਲਖੈ॥ ੨੯॥**

ਨਾਠੂੰਗੜਾ = ਨੱਸਣਾ । ਠੂੰਗਾ।

ਵਾਹਿਗੁਰੂ ਕੋਲੋਂ ਨੱਸਕੇ ਪੈਰ ਕਿਥੇ ਰਖੇ ਅਥਵਾ ਜਿਸਦੇ ਸਿਰ ਵਿਚ ਹੰਕਾਰ ਜਾਂ ਮਾਯਾ ਨੇ ਠੂੰਗਾ ਮਾਰਿਆ ਹੈ। ਜੇਹੜਾ ਬਹੁਤ ਪਾਪ ਕਰਦਾ ਹੈ ਸੋ ਰੋਜ਼ ਵਿਹੁ ਚੱਖਦਾ ਹੈ। ਨਿੰਦਿਆ ਕਰਦਾ ਹੀ ਖਪ ਗਿਆ ਤਿਸਦਾ ਜੀਵ ਦੇਹੀ ਵਿਚ ਹੀ ਤਪਦਾ ਹੈ। ਜੋ ਸੱਚੇ ਸਾਹਿਬ ਨੇ ਮਾਰਿਆ ਹੈ ਤਿਸਨੂੰ ਕੌਣ ਰਖ ਸਕਦਾ ਹੈ। ਗੁਰੂ ਜੀ--ਜੋ ਅਲੱਖ ਪੁਰਖ ਹੈ ਮੈਂ ਤਿਸ ਦੀ ਸ਼ਰਣ ਹਾਂ।

Digitized by Panjab Digital Library | www.panjabdigilib.org

ਸਲੋਕ ਮਃ ੫ ॥ ਨਰਕ ਘੋਰ ਬਹੁ ਦੁਖ ਘਣੇ ਅਕਿਰਤਘਣਾ ਕਾ ਥਾਨੁ ॥ ਤਿਨਿ ਪ੍ਰਭਿ ਮਾਰੇ ਨਾਨਕਾ ਹੋਇ ਹੋਇ ਮੁਏ ਹਰਾਮੁ ॥ ੧ ॥

ਜਿਸ ਭਿਆਨਕ ਨਰਕ ਵਿਚ ਬਹੁਤ ਵੱਡੇ ਦੁੱਖ ਹਨ, ਸੋ ਅਕਿਰਤ-ਘਣਾਂ ਦਾ ਥਾਂ ਹੈ। ਗੁਰੂ ਜੀ-ਤਿਨ੍ਹਾਂ ਅਕਿਰਤਘਣਾਂ ਨੂੰ ਵਾਹਿਗੁਰੂ ਮਾਰਦਾ ਹੈ ਅਤੇ ਸੋ ਹਰਾਮ ਹੋ ਹੋ ਕੇ ਮਰੇ ਹਨ।

ਮਃ ੫ ॥ ਅਵਖਧ ਸਭੇ ਕੀਤਿਅਨੁ ਨਿੰਦਕ ਕਾ ਦਾਰੂ ਨਾਹਿ ॥ ਆਪਿ ਭੁਲਾਏ ਨਾਨਕਾ ਪਚਿ ਪਚਿ ਜੋਨੀ ਪਾਹਿ ॥ ੨ ॥

ਹੋਰ ਸਭਨਾਂ ਰੋਗਾਂ ਦੀਆਂ ਅਤੇ ਸਭਨਾਂ ਲੋਕਾਂ ਦੀਆਂ ਦਵਾਈਆਂ ਬਣਾਈਆਂ ਹਨ, ਪਰ ਨਿੰਦਕ ਦਾ ਦਾਰੂ ਕੋਈ ਨਹੀਂ। ਗੁਰੂ ਜੀ–ਜਿਸ ਨੂੰ ਆਪ ਵਾਹਿਗੁਰੂ ਹੀ ਭੁਲਾਂਵਦਾ ਹੈ, ਸੋ ਖਪ ਖਪ ਕੇ ਜੂਨੀਆਂ ਵਿਚ ਪੈਂਦਾ ਹੈ।

ਪਉੜੀ ੫ ॥ ਤੁਸਿ ਦਿਤਾ ਪੂਰੈ ਸਤਿਗੁਰੂ ਹਰਿਧਨੁ ਸਚੁ ਅਖੁਟੁ ॥ ਸਭਿ ਅੰਦੇਸੇ ਮਿਟ ਗਏ ਜਮ ਕਾ ਭਉ ਛੁਟੁ ॥ ਕਾਮ ਕ੍ਰੋਧ ਬੁਰਿਆਈਆਂ ਸੰਗਿ ਸਾਧੂ ਤੁਟੁ ॥ ਵਿਣੁ ਸਚੇ ਦੂਜਾ ਸੇਵਦੇ ਹੁਇ ਮਰਸਨਿ ਬੁਟੁ ॥ ਨਾਨਕ ਕਉ ਗੁਰਿ ਬਖਸਿਆ ਨਾਮੈ ਸੰਗਿ ਜੁਟੂ ॥ ੨੯ ॥

ਬੁਟੁ = ਪਿੰਗਲੇ ਹਥਾਂ ਪੈਰਾਂ ਤੋਂ ਬਿਨਾਂ ॥

ਜਿਸਨੂੰ ਪੂਰੇ ਸਤਿਗੁਰਾਂ ਨੇ ਵਾਹਿਗੁਰੂ ਦਾ ਨਾਮ ਧਨ ਸੱਚਾ ਅਖੁੱਟ ਪ੍ਰਸੰਨ ਹੋਕੇ ਦਿੱਤਾ ਹੈ। ਉਸਦੇ ਸਾਰੇ ਅੰਦੇਸੇ ਦੂਰ ਹੋ ਗਏ ਹਨ ਅਤੇ ਜਮ ਦਾ ਭੈ ਵੀ ਨਾਸ ਹੋ ਗਿਆ ਹੈ। ਸੰਤਾਂ ਦੇ ਸੰਗ ਕਰਕੇ ਕਾਮ ਕ੍ਰੋਧ ਬੁਰਿਆਈਆਂ ਵੀ ਟੁੱਟ ਗਈਆਂ ਹਨ। ਜਿਹੜੇ ਸੱਚੇ ਵਾਹਿਗੁਰੂ ਤੋਂ ਬਿਨਾਂ ਹੋਰ ਕਿਸੇ ਨੂੰ ਸੇਂਵਦੇ ਹਨ, ਓਹ ਪਿੰਗਲੇ ਹੋਕੇ ਮਰਨਗੇ। ਗੁਰੂ ਜੀ–ਜੇਹੜਾ ਨਾਮ ਨਾਲ ਜੁੜਿਆ ਹੈ, ਓਸਨੂੰ ਵਾਹਿਗੁਰੂ ਬਖਸ਼ ਲਏਗਾ ; ਅਥਵਾ ਗੁਰਾਂ ਨੇ ਆਪ ਬਖਸ਼ਿਆ ਹੈ।

Digitized by Panjab Digital Library | www.panjabdigilib.org

ਸਲੋਕ ਮਃ ੪ ॥ ਤਪਾ ਨ ਹੋਵੈ ਅੰਦ੍ਰਹੁ ਲੋਭੀ ਨਿਤ ਮਾਇਆ ਨੋ ਫਿਰੈ ਜਜਮਾਲਿਆ ॥ ਅਗੋ ਦੇ ਸਦਿਆਂ ਸਤੈ ਦੀ ਭਿਖਿਆ ਲਏ ਨਾਹੀ ਪਿਛੋਦੇ ਪਛੁਤਾਇਕੈ ਆਣਿ ਤਪੈ ਪੁਤੁ ਵਿਚਿ ਬਹਾਲਿਆ ॥ ਪੰਚ ਲੋਗ ਸਭਿ ਹਸਣ ਲਗੇ ਤਪਾ ਲੋਭਿ ਲਹਰਿ ਹੈ ਗਾਲਿਆ ॥ ਜਿਥੈ ਥੋੜਾ ਧਨੁ ਵੇਖੈ ਤਿਥੈ ਤਪਾ ਭਿਟੈ ਨਾਹੀ ਧਨਿ ਬਹੁਤੈ ਡਿਠੈ ਤਪੈ ਧਰਮੁ ਹਾਰਿਆ ॥ ਭਾਈ ਏਹੁ ਤਪਾ ਨਾ ਹੋਵੀ ਬਗੁਲਾ ਹੈ ਬਹਿ ਸਾਧ ਜਨਾ ਵੀਚਾਰਿਆ ॥ ਸਤ ਪੁਰਖ ਕੀ ਤਪਾ ਨਿੰਦਾ ਕਰੈ ਸੰਸਾਰੈ ਕੀ ਉਸਤਤਿ ਵਿਚਿ ਹੋਵੈ ਏਤੁ ਦੋਖੈ ਤਪਾ ਦਯਿ ਮਾਰਿਆ ॥ ਮਹਾਂ ਪੁਰਖਾਂ ਕੀ ਨਿੰਦਾ ਕਾ ਵੇਖੁ ਜਿ ਤਪੇ ਨੋ ਫਲੁ ਲਗਾ ਸਭੁ ਗਇਆ ਤਪੇ ਕਾ ਘਾਲਿਆ ॥ ਬਾਹਰਿ ਬਹੈ ਪੰਚਾ ਵਿਚਿ ਤਪਾ ਸਦਾਏ ॥ ਅੰਦਰਿ ਬਹੈ ਤਪਾ ਪਾਪ ਕਮਾਏ ॥ ਹਰਿ ਅੰਦਰਲਾ ਪਾਪੁ ਪੰਚਾ ਨੋ ਉਘਾ ਕਰਿ ਵੇਖਾਲਿਆ ॥ ਧਰਮ ਰਾਇ ਜਮ ਕੰਕਰਾ ਨੋ ਆਖਿ ਛਡਿਆ ਏਸੁ ਤਪੈ ਨੋ ਤਿਥੈ ਖੜਿ ਪਾਇਅਹੁ ਜਿਥੈ ਮਹਾ ਮਹਾਂ ਹਤਿਆਰਿਆ ॥ ਫਿਰਿ ਏਸੁ ਤਪੇ ਦੈ ਮੁਹਿ ਕੋਈ ਲਗਹੁ ਨਾਹੀ ਏਹੁ ਸਤਿਗੁਰ ਹੈ ਫਿਟਕਾਰਿਆ ॥ ਹਰਿ ਕੈ ਦਰਿ ਵਰਤਿਆ ਸੁ ਨਾਨਕ ਆਖਿ ਸੁਣਾਇਆ ॥ ਸੋ ਬੂਝੈ ਜੁ ਦਯਿ ਸਵਾਰਿਆ ॥ ੧ ॥

[ਪਿਛੇ ਜਿਸ ਤਪੇ ਦਾ ਪ੍ਰਸੰਗ ਦੱਸ ਆਏ ਹਾਂ, ਜਿਸਨੂੰ ਗੁਰੂ ਜੀ ਨੇ ਜੱਗ ਤੇ ਬੁਲਾਯਾ ਸੀ, ਮੁਹਰ ਦਾ ਲੋਭ ਸੁਣਕੇ ਪੁੱਤ੍ਰ ਨੂੰ ਕੰਧ ਦੇ ਉਤੋਂ ਦੀ ਟਪਾ ਦਿਤਾ। ਤਿਸ ਪ੍ਰਸੰਗ ਨੂੰ ਗੁਰੂ ਜੀ ਵਰਨਨ ਕਰਦੇ ਹਨ]

ਓਹ ਤਪਾ ਨਹੀਂ ਹੁੰਦਾ,ਜੇਹੜਾ ਅੰਦ੍ਰੋਂ ਲੋਭੀ ਹੁੰਦਾ ਹੈ,ਇਹ ਨਿਤ ਤ੍ਰਿਸ਼ਨਾ ਦਾ ਦਬਾਇਆ ਹੋਯਾ ਮਾਇਆਨੂੰ ਫਿਰਦਾ ਹੈ। ਪਹਿਲਾਂ ਤਾਂ ਆਦਰ ਨਾਲ

Digitized by Panjab Digital Library | www.panjabdigilib.org

ਬੁਲਾਇਆ ਹੋਯਾ ਭਿਖਿਆ ਲੈਂਦਾ ਨਹੀਂ ਸੀ। ਪਿਛੋਂ ਅਫਸੋਸ ਕਰਕੇ ਤਪੇ ਨੇ ਆਪਣਾ ਪੁੱਤ੍ਰ ਵਿਚ ਆਣ ਬਹਾਲਿਆ। ਪੈਂਚ ਅਤੇ ਹੋਰ ਲੋਕ ਸਭ ਹਾਸੀ ਕਰਨ ਲਗ ਗਏ ਕਿ ਵੇਖੋ ਭਾਈ ਤਪਾ ਲੋਭ ਦੀ ਲੈਹਰ ਵਿਚ ਗਲ ਗਿਆ ਹੈ। ਜਿੱਥੇ ਥੋੜਾ ਧਨ ਦੇਖਦਾ ਹੈ, ਓਥੇ ਤਪਾ ਛੁੰਹਦਾ ਨਹੀਂ, ਬਹੁਤਾ ਧਨ ਦੇਖਕੇ ਤਪੇ ਨੇ ਧਰਮ ਹਾਰ ਦਿਤਾ। ਹੇ ਭਾਈ! ਇਹ ਤਪਾ ਨਹੀਂ ਹੈਗਾ,ਇਹ ਬਗੁਲਾ ਹੈ, ਸੰਤਾਂ ਨੇ ਬੈਠਕੇ ਵਿਚਾਰਿਆ ਹੈ।

ਸੱਤ ਪੁਰਖਾਂ ਦੀ ਤਪਾ ਨਿੰਦਿਆ ਕਰਦਾ ਹੈ ਅਤੇ ਸੰਸਾਰ ਦੀ ਉਸ-ਤਤਿ ਵਿਚ ਹੁੰਦਾ ਹੈ, ਏਸ ਦੋਸ਼ ਕਰ ਤਪਾ ਵਾਹਿਗੁਰੂ ਨੇ ਮਾਰਿਆ ਹੈ।

ਦੇਖੋ ਜੋ ਮਹਾਂ ਪੁਰਖਾਂ ਦੀ ਨਿੰਦਿਆ ਦਾ ਤਪੇ ਨੂੰ ਫਲ ਲੱਗਾ, ਤਪੇ ਦਾ ਸਭ ਜਪ ਤਪ ਕੀਤਾ ਕਤਰਿਆ ਐਵੇਂ ਨਿਸਫਲ ਚਲਾ ਗਿਆ।

ਬਾਹਰ ਪੈਂਚਾਂ ਵਿਚ ਬੈਠਕੇ ਤਪਾ ਕਹੌਂਦਾ ਹੈ। ਅਤੇ ਅੰਦਰ ਬਹਿਕੇ ਤਪਾ ਪਾਪ ਕਮੌਂਦਾ ਹੈ। ਵਾਹਿਗੁਰੂ ਨੇ ਅੰਦਰਲਾ ਪਾਪ *ਪੈਂਚਾਂ ਨੂੰ ਉੱਘਾ ਕਰਕੇ ਵਿਖਾਲ ਦਿੱਤਾ। ਧਰਮ ਰਾਇ ਨੇ ਅਪਨੇ ਦਾਸਾਂ ਜਮਦੂਤਾਂ ਨੂੰ ਆਖ ਛੱਡਿਆ ਹੈ ਕਿ ਏਸ ਤਪੇ ਨੂੰ ਓਥੇ ਖੜਕੇ ਪਾਇਓ,ਜਿਥੇ ਮਹਾਂ ਮਹਾਂ ਹਤਿਆਰੇ ਹੋਣ। ਫਿਰ ਇਸ ਤਪੇ ਦੇ ਮੂੰਹ ਕੋਈ ਨਾ ਲੱਗਿਓ, ਕਿਉਂਕਿ ਇਹ ਸਤਿਗੁਰਾਂ ਨੇ ਫਿਟਕਾਰਿਆ ਹੈ।

ਗੁਰੂ ਜੀ—ਵਾਹਿਗੁਰੂ ਦੀ ਦਰਗਾਹ ਵਿਚ ਵਰਤਿਆ ਹੈ,ਸੋ ਮੈਂ ਆਖਕੇ ਸੁਣਾਇਆ ਹੈ। ਇਸਨੂੰ ਸੋ ਸਮਝੇਗਾ, ਜੋ ਵਾਹਿਗੁਰੂ ਦਾ ਸਵਾਰਿਆ ਹੋਯਾ ਹੈ।

**ਮਃ ੪ ॥ ਹਰਿ ਭਗਤਾਂ ਹਰਿ ਆਰਾਧਿਆ ਹਰਿ ਕੀ ਵਡਿਆਈ ॥ ਹਰਿ ਕੀਰਤਨੁ ਭਗਤਿ ਨਿਤ ਗਾਂਵਦੇ ਹਰਿ ਨਾਮੁ ਸੁਖਦਾਈ ॥ ਹਰਿ ਭਗਤਾਂ ਨੋ ਨਿਤ ਨਾਵੈ ਦੀ ਵਡਿਆਈ ਬਖਸੀਅਨੁ ਨਿਤ ਚੜੈ ਸਵਾਈ ॥ ਹਰਿ ਭਗਤਾਂ ਨੋ ਥਿਰੁ ਘਰੀ ਬਹਾਲਿਅਨੁ ਅਪਣੀ ਪੈਜ ਰਖਾਈ ॥ ਨਿੰਦਕਾਂ ਪਾਸਹੁ ਹਰਿ ਲੇਖਾ ਮੰਗਸੀ ਬਹੁ ਦੇਇ ਸਜਾਈ ॥ ਜੇਹਾ ਨਿੰਦਕ ਅਪਣੈ ਜੀਇ ਕਮਾਵਦੇ ਤੇਹੋ ਫਲੁ ਪਾਈ ॥ ਅੰਦਰਿ ਕਮਾਣਾ ਸਰਪਰ ਉਘੜੈ ਭਾਵੈ ਕੋਈ ਬਹਿ ਧਰਤੀ**

*ਪ੍ਰਾਈ ਇਸਤ੍ਰੀ ਨਾਲ ਫੜਿਆ ਗਿਆ।

Digitized by Panjab Digital Library | www.panjabdigilib.org

**ਵਿਚਿ ਕਮਾਈ ॥ ਜਨ ਨਾਨਕੁ ਦੇਖਿ ਵਿਗਸਿਆ ਹਰਿ ਕੀ ਵਡਿਆਈ ॥ ੨ ॥**

ਵਾਹਿਗੁਰੂ ਦੇ ਭਗਤਾਂ ਨੇ ਵਾਹਿਗੁਰੂ ਨੂੰ ਯਾਦ ਕੀਤਾ ਹੈ ਅਤੇ ਵਾਹਿ-ਗੁਰੂ ਦੀ ਹੀ ਵਡਿਆਈ ਕਰਦੇ ਹਨ। ਭਗਤ ਵਾਹਿਗੁਰੂ ਦਾ ਕੀਰਤਨ ਹਮੇਸ਼ਾਂ ਕਰਦੇ ਹਨ ਅਤੇ ਸੁਖਦਾਈ ਨਾਮ ਉਚਾਰਦੇ ਹਨ। ਵਾਹਿਗੁਰੂ ਨੇ ਭਗਤਾਂ ਨੂੰ ਨਾਮ ਦੀ ਵਡਿਆਈ ਦਿੱਤੀ ਹੈ, ਸੋ ਰੋਜ਼ ਸਵਾਈ ਚੜ੍ਹਦੀ ਹੈ। ਵਾਹਿਗੁਰ ਨੇ ਭਗਤਾਂ ਨੂੰ ਇਸਥਿਤ ਰਹਿਣ ਵਾਲੇ ਘਰ ਵਿਚ ਬਹਾਲਿਆ ਹੈ ਭਾਵ ਆਪਣੇ ਨਾਲ ਮੇਲ ਲਿਆ ਹੈ,ਆਪਣੀ ਪੈਜ ਜਾਣਕੇ ਰਖਿਆ ਕੀਤੀ ਹੈ। ਨਿੰਦਕਾਂ ਪਾਸੋਂ ਵਾਹਿਗੁਰੂ ਲੇਖਾ ਮੰਗੇਗਾ ਅਤੇ ਬਹੁਤ ਸਜ਼ਾ ਦੇਵੇਗਾ। ਨਿੰਦਕ ਜੀਕੁਣ ਦਾ ਆਪਣੇ ਰਿਦੇ ਵਿਚ ਕਮੌਂਦੇ ਹਨ,ਤਿਕੁਣ ਦਾ ਫਲ ਪਾ ਲੈਂਦੇ ਹਨ। ਅੰਦਰ ਦਾ ਕਮਾਇਆ ਹੋਯਾ ਕੰਮ ਜ਼ਰੂਰ ਬਹਿਰ ਪ੍ਰਗਟ ਹੁੰਦਾ ਹੈ,ਚਾਹੇ ਕੋਈ ਧਰਤੀ ਵਿਚ ਬੈਠਕੇ ਕਮਾਵੇ। ਗੁਰੂ ਜੀ—ਮੈਂ ਵਾਹਿਗੁਰੂ ਦੀ ਵਡਿਆਈ ਵੇਖਕੇ ਰਾਜ਼ੀ ਹੋਇਆ ਹਾਂ।

**ਪਉੜੀ ਮਃ ੫ ॥ ਭਗਤ ਜਨਾ ਕਾ ਰਾਖਾ ਹਰਿ ਆਪਿ ਹੈ ਕਿਆ ਪਾਪੀ ਕਰੀਐ ॥ ਗੁਮਾਨੁ ਕਰਹਿ ਮੂੜ ਗੁਮਾਨੀਆ ਵਿਸੁ ਖਾਧੀ ਮਰੀਐ ॥ ਆਇ ਲਗੇ ਨੀ ਦਿਹ ਥੋੜੜੇ ਜਿਉ ਪਕਾ ਖੇਤੁ ਲੁਣੀਐ ॥ ਜੇਹੇ ਕਰਮ ਕਮਾਂਵਦੇ ਤੇਵੇਹੋ ਭਣੀਐ ॥ ਜਨ ਨਾਨਕ ਕਾ ਖਸਮੁ ਵਡਾ ਹੈ ਸਭਨਾ ਦਾ ਧਣੀਐ ॥ ੩੦ ॥**

ਭਗਤ ਜਨਾਂ ਦਾ ਰਾਖਾ ਵਾਹਿਗੁਰੂ ਆਪ ਹੈ, ਪਾਪੀ ਕੀ ਕਰੇਗਾ ?

ਜੇਹੜੇ ਮੂਰਖ ਹੰਕਾਰੀ ਹੰਕਾਰ ਕਰਦੇ ਹਨ, ਸੋ ਈਕੁਣ ਮਰ ਜਾਂਦੇ ਹਨ,ਜੀਕੁਣ ਵਿਹੁ ਖਾਣ ਨਾਲ ਮਰ ਜਾਈਦਾ ਹੈ। ਉਮਰ ਮੁਕਣ ਦੇ ਥੋੜੇ ਦਿਨ ਹੋਣ ਤੇ ਆ ਲਗੇ, ਜੀਕੁਣ ਪੱਕਾ ਖੇਤ ਵੱਢੀਦਾ ਹੈ, ਈਕੁਣ ਵੱਢੇ ਜਾਣਗੇ। ਜੀਕੁਣਦੇ ਕੰਮ ਕਮਾਉਂਦੇ ਹਨ,ਓਸੇ ਤਰ੍ਹਾਂਦੇ ਕਹਾਉਂਦੇ ਹਨ। ਗੁਰੂ ਜੀ-ਸਾਡਾ ਖਸਮ ਤਾਂ ਵੱਡਾ ਹੈ ਅਤੇ ਸਭ ਦਾ ਮਾਲਕ ਹੈ।

Digitized by Panjab Digital Library | www.panjabdigilib.org

ਸਲੋਕ ਮ: ੪ ॥ ਮਨਮੁਖ ਮੂਲਹੁ ਭੁਲਿਆ ਵਿਚਿ ਲਬੁ ਲੋਭੁ ਅਹੰਕਾਰੁ ॥ ਝਗੜਾ ਕਰਦਿਆ ਅਨਦਿਨੁ ਗੁਦਰੈ ਸਬਦਿ ਨ ਕਰਹਿ ਵੀਚਾਰੁ ॥ ਸੁਧਿ ਮਤਿ ਕਰਤੈ ਸਭ ਹਿਰਿ ਲਈ ਬੋਲਨਿ ਸਭੁ ਵਿਕਾਰੁ ॥ ਦਿਤੈ ਕਿਤੈ ਨ ਸੰਤੋਖੀਅਹਿ ਅੰਤਰਿ ਤਿਸਨਾ ਬਹੁ ਅਗਿਆਨੁ ਅੰਧਾਰੁ ॥ ਨਾਨਕ ਮਨਮੁਖਾ ਨਾਲੋ ਤੁਟੀ ਭਲੀ ਜਿਨ ਮਾਇਆ ਮੋਹੁ ਪਿਆਰੁ ॥ ੧ ॥

ਮਨਮੁਖ ਵਾਹਿਗੁਰੂ ਤੋਂ ਭੁੱਲਾ ਹੋਯਾ ਹੈ, ਰਿਦੇ ਵਿਚ ਲੱਬ, ਲੋਭ, ਹੰਕਾਰ ਕਰਦਾ ਹੈ। ਮਾਇਆ ਦਾ ਝਗੜਾ ਕਰਦਿਆਂ ਨੂੰ ਰਾਤ ਦਿਨ ਗੁਜ਼ਰਦਾ ਹੈ, ਗੁਰਾਂ ਦੇ ਉਪਦੇਸ਼ ਦਾ ਵੀਚਾਰ ਨਹੀਂ ਕਰਦੇ। ਚੰਗੀ ਅਕਲ ਵਾਹਿਗੁਰੂ ਨੇ ਨਾਸ ਕਰ ਦਿਤੀ ਹੈ,ਇਸ ਲਈ ਸਭ ਵਿਕਾਰ ਬਚਨ ਬੋਲਦੇ ਹਨ। ਕਿਤਨੇ ਸਾਰੇ ਪਦਾਰਥ ਦੇ ਦੇਣ ਨਾਲ ਵੀ ਨਹੀਂ ਰੱਜਦੇ, ਅਗਜਾਨੀਆਂ ਅੰਨ੍ਹਿਆਂ ਦੇ ਰਿਦੇ ਵਿੱਚ ਤ੍ਰਿਸ਼ਨਾ ਬਹੁਤ ਹੈ। ਗੁਰੂ ਜੀ– ਜਿਨ੍ਹਾਂ ਮਨਮੁਖਾਂ ਦਾ ਮਾਇਆ ਨਾਲ ਮੋਹ ਪਿਆਰ ਹੈ, ਓਹਨਾਂ ਨਾਲੋਂ ਟੁੱਟੀ ਹੀ ਚੰਗੀ ਹੈ।

ਮ: ੪ ॥ ਜਿਨਾ ਅੰਦਰਿ ਦੂਜਾ ਭਾਉ ਹੈ ਤਿਨ੍ਾ ਗੁਰਮੁਖਿ ਪ੍ਰੀਤਿ ਨ ਹੋਇ ॥ ਓਹੁ ਆਵੈ ਜਾਇ ਭਵਾਈਐ ਸੁਪਨੈ ਸੁਖੁ ਨ ਕੋਇ ॥ ਕੂੜੁ ਕਮਾਵੈ ਕੂੜੁ ਉਚਰੈ ਕੂੜੇ ਲਗਿਆ ਕੂੜੁ ਹੋਇ ॥ ਮਾਇਆ ਮੋਹੁ ਸਭੁ ਦੁਖੁ ਹੈ ਦੁਖਿ ਬਿਨਸੈ ਦੁਖੁ ਰੋਇ ॥ ਨਾਨਕ ਧਾਤੁ ਲਿਵੈ ਜੋੜੁ ਨ ਆਵਈ ਜੇ ਲੋਚੈ ਸਭੁ ਕੋਇ ॥ ਜਿਨ ਕਉ ਪੋਤੈ ਪੁੰਨੁ ਪਇਆ ਤਿਨਾ ਗੁਰ ਸਬਦੀ ਸੁਖੁ ਹੋਇ ॥ ੨ ॥

ਪੋਤੈ = ਪੱਲੇ, ਖਜ਼ਾਨੇ, ਅਥਵਾ ਜਹਾਜ਼।

ਜਿਨ੍ਹਾਂ ਦੇ ਅੰਦਰ ਦ੍ਵੈਤ ਹੈ, ਓਹਨਾਂ ਦੇ ਨਾਲ ਗੁਰਮੁਖਾਂ ਦੀ ਪ੍ਰੀਤ ਨਹੀਂ ਹੁੰਦੀ। ਓਹ ਮਨਮੁਖ ਆਉਂਦੇ ਜਾਂਦੇ ਹੀ ਭੌਂਦੇ ਫਿਰਦੇ ਰਹਿੰਦੇ ਹਨ, ਓਹਨਾਂ ਨੂੰ ਕਦੀ ਸੁਪਨੇ ਵਿਚ ਵੀ ਸੁਖ ਨਹੀਂ ਹੁੰਦਾ। ਓਹ ਝੂਠ

Digitized by Panjab Digital Library | www.panjabdigilib.org

ਕਮੌਂਦੇ,ਝੂਠ ਬੋਲਦੇ ਹਨ,ਓਹਨਾਂ ਦਾ ਮਨ ਝੂਠ ਵਿਚ ਹੀ ਲਗਾ ਰਹਿੰਦਾ ਹੈ, ਇਸ ਲਈ ਓਨ੍ਹਾਂ ਦਾ ਨਾਮ ਝੂਠਾ ਹੀ ਪੈ ਜਾਂਦਾ ਹੈ,ਜਾਂ ਝੂਠ ਹੀ ਫਲ ਹੁੰਦਾਹੈ। ਮਾਇਆ ਦਾ ਮੋਹ ਸਾਰਾ ਦੁੱਖ ਹੀ ਹੈ ਜਦ ਪਦਾਰਥ ਨਾਸ ਹੋ ਜਾਂਦਾ ਹੈ ਤਾਂ ਵੀ ਦੁਖ ਪਾਉਂਦਾ ਹੈ ਤੇ ਦੁਖ ਕਰਕੇ ਰੋਂਦਾ ਹੈ। ਗੁਰੂ ਜੀ– ਮਾਇਆ (ਧਾਤ) ਵਲ ਲੱਗਣ ਵਾਲਿਆਂ ਦਾ ਅਤੇ ਵਾਹਿਗੁਰੂ ਵਲ ਬ੍ਰਿਤੀ (ਲਿਵੈ) ਲਾਉਣ ਵਾਲਿਆਂ ਦਾ ਕਦੀ ਵੀ ਮਿਲਾਪ ਨਹੀਂ ਹੋ ਸਕਦਾ, ਭਾਵੇਂ ਸਭ ਕੋਈ ਚਾਹੇ ਵੀ। ਜਿਨ੍ਹਾਂ ਦੇ ਪੱਲੇ ਵਿਚ ਪੁੰਨ ਪਿਆ ਭਾਵ ਪਹਿਲੇ ਜਨਮ ਵਿਚ ਚੰਗੇ ਕੰਮ ਕੀਤੇ ਹਨ, ਓਹਨਾਂ ਗੁਰ ਸ਼ਬਦੀਆਂ ਨੂੰ ਸੁਖ ਹੁੰਦਾ ਹੈ।

**ਪਉੜੀ ਮਃ ੫ ॥ ਨਾਨਕ ਵੀਚਾਰਹਿ ਸੰਤ ਮੁਨਿ ਜਨਾਂ ਚਾਰਿ ਵੇਦ ਕਹੰਦੇ ॥ ਭਗਤ ਮੁਖੈ ਤੇ ਬੋਲਦੇ ਸੇ ਵਚਨ ਹੋਵੰਦੇ ॥ ਪਰਗਟ ਪਾਹਾਰੈ ਜਾਪਦੇ ਸਭਿ ਲੋਕ ਸੁਣੰਦੇ ॥ ਸੁਖੁ ਨ ਪਾਇਨਿ ਮੁਗਧ ਨਰ ਸੰਤ ਨਾਲਿ ਖਹੰਦੇ ॥ ਓਇ ਲੋਚਨਿ ਓਨਾ ਗੁਣੈ ਨੋ ਓਇ ਅਹੰਕਾਰਿ ਸੜੰਦੇ ॥ ਓਇ ਵੇਚਾਰੇ ਕਿਆ ਕਰਹਿ ਜਾਂ ਭਾਗ ਧੁਰਿ ਮੰਦੇ ॥ ਜੋ ਮਾਰੇ ਤਿਨਿ ਪਾਰਬ੍ਰਹਮਿ ਸੇ ਕਿਸੈ ਨ ਸੰਦੇ ॥ ਵੈਰੁ ਕਰਨਿ ਨਿਰਵੈਰ ਨਾਲਿ ਧਰਮਿ ਨਿਆਇ ਪਚੰਦੇ ॥ ਜੋ ਜੋ ਸੰਤ ਸਰਾਪਿਆ ਸੇ ਫਿਰਹਿ ਭਵੰਦੇ ॥ ਪੇਡੁ ਮੁੰਢਾਹੂ ਕਟਿਆ ਤਿਸੁ ਡਾਲ ਸੁਕੰਦੇ ॥ ੩੧ ॥**

ਗੁਰੂ ਜੀ ਵਿਚਾਰ ਕੇ ਆਖਦੇ ਹਨ ਕਿ ਸੰਤਾਂ ਮਹਾਤਮਾਂ ਦਾਸਾਂ ਦੀ ਚਾਰੇ ਵੇਦ ਉਪਮਾਂ ਕਰਦੇ ਹਨ। ਜੋ ਭਗਤ ਮੂੰਹੋਂ ਬੋਲਦੇ ਹਨ, ਸੋ ਬਚਨ ਸੱਚੇ ਹੁੰਦੇ ਹਨ। ਪ੍ਰਗਟ ਹੀ ਸਾਰੇ ਸੰਸਾਰ ਵਿੱਚ ਦਿਸਦੇ ਹਨ ਅਤੇ ਸਾਰੇ ਲੋਕ ਸੁਣਦੇ ਹਨ। ਜੋ ਮੂਰਖ ਸੰਤਾਂ ਨਾਲ ਖਹਿੰਦੇ ਹਨ, ਓਹ ਸੁਖ ਨਹੀਂ ਪਾਉਂਦੇ। ਓਹ ਸੰਤ ਤਾਂ ਓਹਨਾਂ ਨੂੰ ਗੁਣ ਦੇਣ ਨੂੰ ਚਾਹੁੰਦੇ ਹਨ, ਓਹ ਹੰਕਾਰ ਵਿੱਚ ਸੜਦੇ ਰਹਿੰਦੇ ਹਨ। ਜਾਂ ਭਾਗ ਹੀ ਧੁਰੋਂ ਮੰਦੇ ਹੋਏ ਤਾਂ ਓਹ ਵਿਚਾਰੇ ਕੀ ਕਰਨ ? ਜੋ ਉਸ ਵਾਹਿਗੁਰੂ ਨੇ ਮਾਰੇ ਹਨ,ਸੋ ਕਿਸੇ ਦੇ ਵੀ ਨਹੀਂ ਹੁੰਦੇ ਭਾਵ ਓਨ੍ਹਾਂਨੂੰ ਕੋਈ ਢੋਈ ਨਹੀਂ ਦੇਂਦਾ। ਜੇਹੜੇ ਨਿਰਵੈਰਾਂ ਨਾਲ ਵੈਰ ਕਰਦੇ ਹਨ ਸੋ ਧਰਮ ਨਿਆਇ ਹੋਣ

Digitized by Panjab Digital Library | www.panjabdigilib.org

ਦੇ ਵੇਲੇ ਸੜ ਮਰਦੇ ਹਨ। ਜੋ ਜੋ ਮਨਮੁਖਾਂ ਦੇ ਟੋਲੇ ਸੰਤਾਂ ਦੇ ਸਰਾਪੇ ਹੋਏ ਹਨ,ਸੋ ਸੋ ਭੌਂਦੇ ਫਿਰਦੇ ਹਨ। ਜੇਹੜਾਰੁਖ ਮੁੱਢੋਂ ਵੱਢਿਆ ਜਾਵੇ, ਉਸ ਦੇ ਡਾਲ ਸੁਕ ਜਾਂਦੇ ਹਨ।

**ਸਲੋਕ ਮਃ ੫ ॥ ਗੁਰ ਨਾਨਕ ਹਰਿ ਨਾਮੁ ਦ੍ਰਿੜਾਇਆ ਭੰਨਣ ਘੜਣ ਸਮਰਥੁ ॥ ਪ੍ਰਭੁ ਸਦਾ ਸਮਾਲਹਿ ਮਿਤ੍ਰ ਤੂ ਦੁਖੁ ਸਬਾਇਆ ਲਥੁ ॥ ੧ ॥**

ਗੁਰੂ ਜੀ-ਵਾਹਿਗੁਰੂ ਭੰਨਣ ਘੜਨ ਸਮਰੱਥ ਦਾ ਨਾਮ ਜਿਨ੍ਹਾਂ ਨੂੰ ਪੂਰੇ ਗੁਰਾਂ ਨੇ ਪੱਕਾ ਕਰਾਇਆ ਹੈ। ਓਨ੍ਹਾਂ ਦਾ ਸਾਰਾ ਦੁਖ ਦੂਰ ਹੋ ਗਿਆ ਹੈ,ਇਸ ਲਈ ਹੇ ਮਿਤ੍ਰ ! ਤੂੰ ਵੀ ਵਾਹਿਗੁਰੂ ਦਾ ਨਾਮ ਯਾਦ ਰੱਖ ।

**ਮਃ ੫ ॥ ਖੁਧਿਆਵੰਤੁ ਨ ਜਾਣਈ ਲਾਜ ਕੁਲਾਜ ਕੁਬੋਲੁ ॥ ਨਾਨਕੁ ਮਾਂਗੈ ਨਾਮ ਹਰਿ ਕਰਿ ਕਿਰਪਾ ਸੰਜੋਗੁ ॥ ੨ ॥**

ਜੀਕੁਣ ਭੁੱਖਾ ਆਦਮੀ ਲੱਜਿਆ ਕੁਲੱਜਿਆ ਅਤੇ ਬੁਰੇ ਬਚਨਾਂ ਨੂੰ ਨਹੀਂ ਜਾਣਦਾ। ਈਕੁਣ ਹੀ ਗੁਰੂ ਜੀ-ਮੈਂ ਨਾਮ ਮੰਗਦਾ ਹਾਂ ਹੇ ਵਾਹਿਗੁਰੂ ! ਕਿਰਪਾ ਕਰਕੇ ਮੈਨੂੰ ਨਾਮ ਜਪਣ ਵਾਲਿਆਂ ਦਾ ਮਿਲਾਪ ਕਰਾ ।

**ਪਉੜੀ ॥ ਜੇਵੇਹੇ ਕਰਮ ਕਮਾਵਦਾ ਤੇਵੇਹੇ ਫਲਤੇ ॥ ਚਬੇ ਤਤਾ ਲੋਹਸਾਰੁ ਵਿਚਿ ਸੰਘੈ ਪਲਤੇ ॥ ਘਤਿ ਗਲਾਵਾਂ ਚਾਲਿਆ ਤਿਨਿ ਦੂਤਿ ਅਮਲਤੇ ॥ ਕਾਈ ਆਸ ਨ ਪੁੰਨੀਆ ਨਿਤ ਪਰਮਲੁ ਹਿਰਤੇ ॥ ਕੀਆ ਨ ਜਾਣੈ ਅਕਿਰਤਘਣ ਵਿਚਿ ਜੋਨੀ ਫਿਰਤੇ ॥ ਸਭੇ ਧਿਰਾਂ ਨਿਖੁਟੀਅਸੁ ਹਿਰਿ ਲਈਅਸੁ ਧਰਤੇ ॥ ਵਿਝਣ ਕਲਹ ਨ ਦੇਵਦਾ ਤਾਂ ਲਇਆ ਕਰਤੇ ॥ ਜੋ ਜੋ ਕਰਤੈ ਅਹੰਮੇਉ ਝੜਿ ਧਰਤੀ ਪੜਤੇ ॥ ੩੨ ॥**

{ ਪਲਤੇ = ਫਸ ਜਾਵੇ। ਲੋਹ ਸਾਰ = ਲੋਹਾ ਧਾਤੂ।
ਪਰਮਲ = ਪਰਾਈ ਮੈਲ ਨਿੰਦਿਆ ਅਥਵਾ ਸੁਗੰਧੀ।
ਹਿਰਤੇ = ਚੁਰਾਉਂਦੇ,ਲੈਂਦੇ, ਕਰਦੇ। ਹਿਰਿ = ਨਾਸ। ਧਰ = ਧਰਤੀ }

Digitized by Panjab Digital Library | www.panjabdigilib.org

ਆਦਮੀ ਜੀਕੁਣ ਦੇ ਕੰਮ ਕਰਦਾ ਹੈ, ਓਸੇ ਤਰ੍ਹਾਂ ਦਾ ਫਲ ਮਿਲਦਾ ਹੈ। ਜੀਕੁਣ ਕੋਈ ਤਤਾ ਲੋਹਾ ਚੱਬੇ ਤਾਂ ਓਹ ਲੋਹਾ ਸੰਘ ਵਿਚ ਫਸ ਜਾਂਦਾ ਹੈ। ਤਿਨ੍ਹਾਂ ਖੋਟਿਆਂ ਅਮਲਾਂ ਕਰਕੇ ਜਮਾਂ ਨੇ ਗਲ ਵਿਚ ਗਲਾਵਾਂ ਪਾਕੇ ਅੱਗੇ ਲਾ ਲਿਆ। ਜੋ ਰੋਜ਼ ਪਰਾਈ ਨਿੰਦਿਆ ਕਰਦੇ ਸਨ, ਓਨ੍ਹਾਂ ਦੀ ਕੋਈ ਆਸ ਵੀ ਨਾਂ ਪੂਰੀ ਹੋਈ।

ਅਕ੍ਰਿਤਘਣ ਵਾਹਿਗੁਰੂ ਦਾ ਉਪਕਾਰ ਕੀਤਾ ਹੋਇਆ ਨਹੀਂ ਜਾਣਦੇ, ਇਸ ਲਈ ਜੂਨਾਂ ਵਿਚ ਫਿਰਦੇ ਹਨ। ਸਾਰੀਆਂ ਧਿਰਾਂ ਨਿਖੁੱਟ ਗਈਆਂ, ਧਰਤੀ ਉਤੋਂ ਨਾਸ਼ ਕਰ ਦਿਤਾ। ਲੜਾਈ ਨੂੰ ਹਟਣ ਨਹੀਂ ਸੀ ਦੇਂਦਾ, ਇਸ ਲਈ ਕਰਤੇ ਨੇ ਮਾਰ ਲਿਆ। ਜੋ ਜੋ ਹੰਕਾਰ ਕਰਦੇ ਹਨ, ਧਰਤੀ ਉਤੇ ਝੜ ਪੈਂਦੇ ਹਨ।

**ਸਲੋਕ ਮਃ ੩ ॥ ਗੁਰਮੁਖਿ ਗਿਆਨੁ ਬਿਬੇਕ ਬੁਧਿ ਹੋਇ ॥ ਹਰਿ ਗੁਣ ਗਾਵੈ ਹਿਰਦੈ ਹਾਰੁ ਪਰੋਇ ॥ ਪਵਿਤੁ ਪਾਵਨੁ ਪਰਮ ਬੀਚਾਰੀ ॥ ਜਿ ਓਸੁ ਮਿਲੈ ਤਿਸੁ ਪਾਰਿ ਉਤਾਰੀ ॥ ਅੰਤਰਿ ਹਰਿਨਾਮੁ ਬਾਸਨਾ ਸਮਾਣੀ ॥ ਹਰਿ ਦਰਿ ਸੋਭਾ ਮਹਾ ਉਤਮ ਬਾਣੀ ॥ ਜਿ ਪੁਰਖੁ ਸੁਣੈ ਸੁ ਹੋਇ ਨਿਹਾਲੁ ॥ ਨਾਨਕ ਸਤਿਗੁਰ ਮਿਲਿਐ ਪਾਇਆ ਨਾਮੁ ਧਨੁ ਮਾਲੁ ॥ ੧ ॥**

ਗੁਰਮੁਖਾਂ ਦੀ ਗਿਆਨ ਵਿਚਾਰ ਦੀ ਅਕਲ ਹੁੰਦੀ ਹੈ। ਵਾਹਿਗੁਰੂ ਦੇ ਗੁਣ ਗਾਉਂਦੇ ਅਤੇ ਰਿਦੇ ਵਿਚ ਵਾਹਿਗੁਰੂ ਦੇ ਨਾਮ ਦਾ ਹਾਰ ਪਰੋਇ ਰਖਦੇ ਹਨ। ਪਵਿਤ੍ਰ ਤੋਂ ਪਵਿਤ੍ਰ ਚੰਗੇ ਵਿਚਾਰ ਵਾਲਾ ਹੈ। ਜੇਹੜਾ ਓਨ੍ਹਾਂ ਨੂੰ ਮਿਲਦਾ ਹੈ, ਤਿਸਨੂੰ ਪਾਰ ਉਤਾਰਦੇ ਹਨ। ਤਿਨ੍ਹਾਂ ਦੇ ਅੰਦਰ ਵਾਹਿਗੁਰੂ ਦੇ ਨਾਮ ਦੀ ਵਾਸ਼ਨਾ ਸਮਾਈ ਹੈ। ਬੜੀ ਚੰਗੀ ਉਤਮ ਬਾਣੀ ਬੋਲਦੇ ਹਨ, ਇਸ ਲਈ ਓਹਨਾਂ ਦੀ ਵਾਹਿਗੁਰੂ ਦੀ ਦਰਗਾਹ ਵਿੱਚ ਸੋਭਾ ਹੁੰਦੀ ਹੈ। ਜੇਹੜਾ ਆਦਮੀ ਗੁਰਾਂ ਦੀ ਬਾਣੀ ਸੁਣਦਾ ਹੈ, ਸੋ ਨਿਹਾਲ ਹੁੰਦਾ ਹੈ। ਗੁਰੂ ਜੀ-ਜੇਹੜੇ ਸਤਿਗੁਰਾਂ ਨੂੰ ਮਿਲੇ ਹਨ, ਤਿਨ੍ਹਾਂ ਨੇ ਨਾਮ ਧਨ ਪਦਾਰਥ ਪਾਇਆ ਹੈ।

**ਮਃ ੪ ॥ ਸਤਿਗੁਰ ਕੇ ਜੀਅ ਕੀ ਸਾਰ ਨ ਜਾਪੈ ਕਿ ਪੂਰੈ ਸਤਿਗੁਰ ਭਾਵੈ ॥ ਗੁਰਸਿਖਾ ਅੰਦਰਿ ਸਤਿਗੁਰੂ**

Digitized by Panjab Digital Library | www.panjabdigilib.org

ਵਰਤੈ ਜੋ ਸਿਖਾਂ ਨੋ ਲੋਚੈ ਸੋ ਗੁਰ ਖੁਸੀ ਆਵੈ ॥ ਸਤਿਗੁਰੁ ਆਖੈ ਸੁ ਕਾਰ ਕਮਾਵਨਿ ਸੁ ਜਪੁ ਕਮਾਵਹਿ ਗੁਰਸਿਖਾਂ ਕੀ ਘਾਲ ਸਚਾ ਥਾਇ ਪਾਵੈ ॥ ਵਿਣੁ ਸਤਿਗੁਰ ਕੇ ਹੁਕਮੈ ਜਿ ਗੁਰ ਸਿਖਾਂ ਪਾਸਹੁ ਕੰਮੁ ਕਰਾਇਆ ਲੋੜੇ ਤਿਸੁ ਗੁਰਸਿਖੁ ਫਿਰਿ ਨੇੜਿ ਨ ਆਵੈ ॥ ਗੁਰ ਸਤਿਗੁਰ ਅਗੈ ਕੋ ਜੀਉ ਲਾਇ ਘਾਲੈ ਤਿਸੁ ਅਗੈ ਗੁਰਸਿਖੁ ਕਾਰ ਕਮਾਵੈ ॥ ਜਿ ਠਗੀ ਆਵੈ ਠਗੀ ਉਠਿ ਜਾਇ ਤਿਸੁ ਨੇੜੈ ਗੁਰਸਿਖੁ ਮੂਲਿ ਨ ਆਵੈ ॥ ਬ੍ਰਹਮੁ ਬੀਚਾਰੁ ਨਾਨਕੁ ਆਖਿ ਸੁਣਾਵੈ ॥ ਜਿ ਵਿਣੁ ਸਤਿਗੁਰ ਕੇ ਮਨੁ ਮੰਨੇ ਕੰਮੁ ਕਰਾਏ ਸੋ ਜੰਤੁ ਮਹਾ ਦੁਖੁ ਪਾਵੈ ॥ ੨ ॥

ਗੁਰਾਂ ਦੀ ਦਿਲ ਦੀ ਬਾਤ ਨਹੀਂ ਜਾਣੀ ਜਾਂਦੀ ਕਿ ਪੂਰੇ ਗੁਰਾਂ ਨੂੰ ਕੀ ਭਾਉਂਦਾ ਹੈ ? ਗੁਰਾਂ ਦੇ ਸਿੱਖਾਂ ਦੇ ਮਨ ਵਿਚ ਉਪਦੇਸ਼ ਵਰਤਦਾ ਹੈ ਜੇਹੜਾ ਕੋਈ ਸਿੱਖਾਂ ਦੀ ਪੂਜਾ ਸੇਵਾ ਕੀਤੀ ਚਾਹੁੰਦਾ ਹੈ, ਉਸ ਆਦਮੀ ਉੱਤੇ ਗੁਰਾਂ ਦੀ ਖੁਸ਼ੀ ਹੁੰਦੀ ਹੈ। ਜੇਹੜਾ ਸਤਿਗੁਰੂ ਕੰਮ ਆਖਦੇ ਹਨ, ਸੋ ਕਰਦੇ ਹਨ ਤੇ ਸੋਈ ਜਪ ਕਮਾਉਂਦੇ ਹਨ, ਏਸੇ ਵਾਸਤੇ ਗੁਰਾਂਦੇ ਸਿੱਖਾਂਦੀਸੇਵਾ ਵਾਹਿਗੁਰੂ ਥਾਂ ਪਾਂਉਦਾ ਹੈ ਭਾਵ ਲੇਖੇ ਲਾਉਂਦਾ ਹੈ। ਜੇ ਕੋਈ ਗੁਰਾਂ ਦੇ ਹੁਕਮ ਮੰਨੇ ਬਿਨਾਂ ਗੁਰ ਸਿੱਖਾਂ ਪਾਸੋਂ ਕੰਮ ਕਰਾਇਆ ਚਾਹੇ, ਗੁਰੂ ਦੇ ਸਿੱਖ ਉਸ ਦੇ ਨੇੜੇ ਫੇਰ ਮੁੜਕੇ ਨਹੀਂ ਆਉਂਦੇ। ਜੇਹਾ ਕੋਈ ਗੁਰਾਂ ਅੱਗੇ ਜੀਅ ਲਾਕੇ ਸੇਵਾ ਕਰੇ, ਤਿਸ ਦੇ ਅੱਗੇ ਗੁਰੂ ਕੇ ਸਿੱਖ ਕਾਰ ਕਮੌਂਦੇ ਹਨ,

ਜੇਹੜਾ ਆਦਮੀ ਠੱਗੀ ਕਰਕੇ ਆਉਂਦਾ ਹੈ ਅਤੇ ਠੱਗੀ ਕਰਕੇ ਹੀ ਉਠ ਜਾਂਦਾ ਹੈ, ਤਿਸ ਦੇ ਨੇੜੇ ਗੁਰੂ ਦੇ ਸਿੱਖ ਕਦੀ ਨਹੀਂ ਆਉਂਦੇ।

ਗੁਰੂ ਜੀ ਵਾਹਿਗੁਰੂ ਦਾ ਹੁਕਮ ਸੁਣਾਉਂਦੇ ਹਨ। ਜੇਹੜੇ ਆਦਮੀ ਗੁਰਾਂ ਦੇ ਮਨ ਮੰਨੇ ਤੋਂ ਬਿਨਾਂ ਕੰਮ ਕਰਾਉਂਦੇ ਹਨ, ਸੋ ਜੰਤ ਮਹਾਂ ਦੁਖ ਪਾਉਂਦੇ ਹਨ।

ਪਉੜੀ ॥ ਤੂੰ ਸਚਾ ਸਾਹਿਬੁ ਅਤਿ ਵਡਾ ਤੁਹਿ ਜੇਵਡੁ ਤੂੰ ਵਡ ਵਡੇ ॥ ਜਿਸੁ ਤੂੰ ਮੇਲਹਿ ਸੋ ਤੁਧੁ ਮਿਲੈ ਤੂੰ ਆਪੇ ਬਖਸਿ ਲੈਹਿ ਲੇਖਾ ਛਡੇ ॥ ਜਿਸ ਨੋ ਤੂੰ ਆਪਿ ਮਿਲਾ-

Digitized by Panjab Digital Library | www.panjabdigilib.org

**ਇਦਾ ਸੋ ਸਤਿਗੁਰੁ ਸੇਵੇ ਮਨੁ ਗਡ ਗਡੇ ॥ ਤੂੰ ਸਚਾ ਸਾਹਿਬੁ ਸਚੁ ਤੂ ਸਭੁ ਜੀਉ ਪਿੰਡੁ ਚੰਮੁ ਤੇਰਾ ਹਡੇ ॥ ਜਿਉ ਭਾਵੈ ਤਿਉ ਰਖੁ ਤੂੰ ਸਚਿਆ ਨਾਨਕ ਮਨਿ ਆਸ ਤੇਰੀ ਵਡ ਵਡੇ ॥ ੩੩ ॥ ੧ ॥ *ਸੁਧੁ ॥**

ਤੂੰ ਸੱਚਾ ਸਾਹਿਬ ਬੜਾ ਵੱਡਾ ਹੈਂ, ਹੇ ਵਡਿਆਂ ਤੋਂ ਵੱਡੇ ! ਤੇਰੇ ਜਿੱਡਾ ਵੱਡਾ ਕੋਈ ਨਹੀਂ। ਜਿਸ ਨੂੰ ਤੂੰ ਕਿਰਪਾ ਕਰਕੇ ਮੇਲਦਾ ਹੈਂ, ਸੋ ਤੈਨੂੰ ਮਿਲਦਾ ਹੈ, ਤੂੰ ਆਪੇ ਹੀ ਲੇਖਾ ਛੱਡਕੇ ਬਖਸ਼ ਲੈਂਦਾ ਹੈਂ। ਜਿਸ ਨੂੰ ਤੂੰ ਆਪ ਮਿਲਾਉਂਦਾ ਹੈਂ, ਸੋ ਸਤਿਗੁਰਾਂ ਦੀ ਸੇਵਾ ਮਨ ਗੱਡਕੇ ਕਰਦਾ ਹੈ।

ਤੂੰ ਸੱਚਾ ਸਾਹਿਬ ਸੱਚਾ ਹੈਂ, ਸਾਰੇ ਜੀਵਾਂ ਦਾ ਸਰੀਰ ਜੀਅ ਚੰਮ ਹੱਡ ਸਭ ਕੁਝ ਤੇਰਾ ਹੀ ਬਖਸ਼ਿਆ ਹੋਯਾ ਹੈ। ਗੁਰੂ ਜੀ–ਹੇ ਸਚਿਆ ਜੀਕੁਣ ਤੈਨੂੰ ਭਾਉਂਦਾ ਹੈ, ਓਸੇ ਤਰਾਂ ਹੀ ਸਾਨੂੰ ਰੱਖ ਲੈ। ਹੇ ਵਡਿਆਂ ਤੋਂ ਵਡੇ ! ਮਨ ਵਿਚ ਤੇਰੀ ਹੀ ਆਸ ਹੈ।

## ਗਉੜੀ ਕੀ ਵਾਰ ਮਹਲਾ ੫ ॥

## ਰਾਇ ਕਮਾਲਦੀ ਮੋਜਦੀਕੀ ਵਾਰ ਕੀ ਧੁਨਿਉਪਰਿ ਗਾਵਣੀ

ਰਾਇ ਕਮਾਲ ਦੀਨ ਅਤੇ ਰਾਇ ਸਾਰੰਗ ਦੋਵੇਂ ਭਰਾ ਸਨ, ਸਾਰੰਗਦਾ ਪੁਤਰ ਮੌਜਦੀ ਅਤੇ ਰਣਧੀਰ ਪੋਤਰਾ ਸੀ। ਕਮਾਲ ਦੀਨ ਨੇ ਸਾਰੰਗ ਨੂੰ ਅਕਬਰ ਪਾਸ ਕੈਦ ਕਰਾ ਦਿਤਾ, ਸਾਰੰਗ ਕਿਸੇ ਕਾਰਨ ਪਾਤਸ਼ਾਹ ਦੀ ਕੈਦ ਵਿਚੋਂ ਛੁੱਟ ਗਿਆ, ਕਮਾਲ ਦੀਨ ਬੜਾ ਡਰਿਆ ਅਰ ਆਉਂਦੇ ਭਰਾ ਦੀ ਬੜੀ ਖਾਤਰ ਕੀਤੀ, ਧੋਖੇ ਨਾਲ ਸ਼ਰਾਬ ਪਿਆਕੇ ਮਾਰ ਦਿਤਾ, ਰਣਧੀਰ ਬਾਬੇ ਦਾ ਮਰਨਾ ਸੁਣਕੇ ਨਾਨਕਿਆਂ ਤੋਂ ਫੌਜ ਲੈਕੇ ਆਇਆ ਅਤੇ ਆਪਣੇ ਪਿਓ ਮੌਜਦੀ ਨੂੰ ਨਾਲ ਲੈਕੇ ਕਮਾਲ ਦੀਨ ਨਾਲ ਜੰਗ ਕੀਤਾ ਕਮਾਲ ਦੀਨ ਨੂੰ ਮਾਰਕੇ ਸਾਰੰਗ ਨੇ ਆਪਨੇ ਬਾਬੇ ਦਾ ਵੈਰ ਲੈ ਲੀਤਾ। ਇਹ ਵਾਰ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਚਾੜ੍ਹਕੇ ਹੁਕਮ ਦਿਤਾ ਕਿ ਇਸ ਸਾਡੀ ਗਉੜੀ ਰਾਗ ਦੀ ਦੂਜੀ ਵਾਰ ਨੂੰ ਰਾਇ ਕਮਾਲਦੀ ਮੌਜਦੀ ਕੀ ਧੁਨੀ ਉਪਰ ਗਾਉਣਾ।

*ਗੁਰੂ ਅਰਜਨ ਦੇਵ ਜੀ–ਜੇਹੜੀਆਂ ਅਸਾਂ ਨਵੀਆਂ ਪੌੜੀਆਂ ਪਾਈਆਂ ਹਨ, ਓਹ ਸੁਧ ਕੀਤੀਆਂ ਹੋਈਆਂ ਹਨ।

Digitized by Panjab Digital Library | www.panjabdigilib.org

ਯਥਾ

ਰਾਣਾਂ ਰਾਇ ਕਮਾਲ ਦੀਨ ਰਣ ਭਾਰਾ ਬਾਹੀ।
ਮੋਜਦੀਨ ਤਲਵੰਡੀਓਂ ਚੜ੍ਹਿਆ ਸਾਬ੍ਹਾਹੀ।
ਢਾਲੀਂ ਅੰਬਰ ਛਾਇਆ ਵਾਂਗੂ ਫੁੱਲੀ ਕਾਹੀ।
ਜੁਟੇ ਆਮੋ ਸਾਹਮਣੇ ਨੇਜੇ ਝਲਕਾਹੀ।
ਸੋ ਜੋ ਘਰ ਵਧਾਈਆਂ ਘਰ ਚਾਚੇ ਧਾਹੀ।

ੴ ਸਤਿਗੁਰਪ੍ਰਸਾਦਿ ॥ ਸਲੋਕ ਮਃ ੫ ॥

ਹਰਿ ਹਰਿ ਨਾਮੁ ਜੋ ਜਨੁ ਜਪੈ ਸੋ ਆਇਆ ਪਰਵਾਣੁ ॥ ਤਿਸੁ ਜਨ ਕੈ ਬਲਿਹਾਰਣੈ ਜਿਨਿ ਭਜਿਆ ਪ੍ਰਭੁ ਨਿਰਬਾਣੁ॥ ਜਨਮ ਮਰਨ ਦੁਖੁ ਕਟਿਆ ਹਰਿ ਭੇਟਿਆ ਪੁਰਖੁ ਸੁਜਾਣੁ ॥ ਸੰਤ ਸੰਗਿ ਸਾਗਰੁ ਤਰੇ ਜਨ ਨਾਨਕ ਸਚਾ ਤਾਣੁ ॥ ੧ ॥

ਜੇਹੜਾ ਆਦਮੀ ਵਾਹਿਗੁਰੂ ਦਾ ਨਾਮ ਜਪਦਾ ਹੈ, ਸੋ ਸੰਸਾਰ ਵਿਚ ਆਇਆ ਪਰਵਾਣ ਹੈ। ਤਿਸ ਆਦਮੀ ਦੇ ਬਲਿਹਾਰਨੇ ਹਾਂ, ਜਿਸਨੇ ਸੁਧ ਵਾਹਿਗੁਰੂ ਨੂੰ ਭਜਿਆ ਹੈ। ਜਿਸਵੇਲੇ ਸਿਆਣਾ ਪੁਰਖ ਵਾਹਿਗੁਰੂ ਮਿਲਿਆ ਤਾਂ ਜਨਮ ਮਰਨ ਦਾ ਦੁਖ ਦੂਰ ਹੋ ਗਿਆ। ਗੁਰੂ ਜੀ-ਜਿਨ੍ਹਾਂ ਸਤ ਸੰਗੀਆਂ ਨੂੰ ਸੱਚਾ ਬਲ ਹੈ,ਸੋ ਸੰਸਾਰ ਸਮੁੰਦਰ ਤੋਂ ਤਰ ਗਏ ਹਨ।

ਮਃ ੫॥ ਭਲਕੇ ਉਠਿ ਪਰਾਹੁਣਾ ਮੇਰੈ ਘਰਿ ਆਵਉ ॥ ਪਾਉ ਪਖਾਲਾ ਤਿਸ ਕੇ ਮਨਿ ਤਨਿ ਨਿਤ ਭਾਵਉ ॥ ਨਾਮੁ ਸੁਣੇ ਨਾਮੁ ਸੰਗ੍ਰਹੈ ਨਾਮੇ ਲਿਵ ਲਾਵਉ ॥ ਗ੍ਰਿਹੁ ਧਨੁ ਸਭੁ ਪਵਿਤ੍ਰੁ ਹੋਇ ਹਰਿ ਕੇ ਗੁਣ ਗਾਵਉ ॥ ਹਰਿ ਨਾਮ ਵਾਪਾਰੀ ਨਾਨਕਾ ਵਡਭਾਗੀ ਪਾਵਉ ॥ ੨ ॥

ਓਹ ਗੁਰਮੁਖ ਸਵੇਰੇ ਉਠਦਾ ਹੀ ਮੇਰੇ ਘਰ ਪਰਾਹੁਣਾ ਆਵੇ। ਮੈਂ ਉਸਦੇ ਪੈਰ ਧੋਵਾਂ ਅਤੇ ਮਨ ਤਨ ਕਰਕੇ ਉਸਨੂੰ ਚਾਹਾਂ। ਉਸ ਕੋਲੋਂ ਨਾਮ ਹੀ ਮੈਂ ਸੁਣਾਂਗਾ, ਨਾਮ ਨੂੰ ਹੀ ਦਿਲ ਵਿਚ ਕੱਠਾ ਕਰਾਂਗਾ, ਨਾਮ ਵਿਚ ਹੀ ਬ੍ਰਿਤੀ ਲਾਵਾਂਗਾ। ਵਾਹਿਗੁਰੂ ਦੇ ਗੁਣ ਗਾਉਣ ਨਾਲ ਘਰ ਧਨ ਸਭ ਪਵਿਤ੍ਰ ਹੁੰਦਾ ਹੈ। ਗੁਰੂ ਜੀ-ਈਕੁਣ ਦਾ ਵਾਹਿਗੁਰੂ ਦੇ ਨਾਮ ਦਾ ਵਪਾਰੀ ਵਡੇ ਭਾਗਾਂ ਨਾਲ ਹੀ ਪਾਈਦਾ ਹੈ।

Digitized by Panjab Digital Library | www.panjabdigilib.org

ਪਉੜੀ ॥ ਜੋ ਤੁਧੁ ਭਾਵੈ ਸੋ ਭਲਾ ਸਚੁ ਤੇਰਾ ਭਾਣਾ ॥ ਤੂ ਸਭ ਮਹਿ ਏਕੁ ਵਰਤਦਾ ਸਭ ਮਹਿ ਸਮਾਣਾ ॥ ਥਾਨ ਥਨੰਤਰਿ ਰਵਿ ਰਹਿਆ ਜੀਅ ਅੰਦਰਿ ਜਾਣਾ ॥ ਸਾਧ ਸੰਗਿ ਮਿਲਿ ਪਾਈਐ ਮਨਿ ਸਚੇ ਭਾਣਾ ॥ ਨਾਨਕ ਪ੍ਰਭ ਸਰਣਾ-ਗਤੀ ਸਦ ਸਦ ਕੁਰਬਾਣਾ ॥੧ ॥

ਜੋ ਤੈਨੂੰ ਭਾਉਂਦਾ ਹੈ, ਸੋਈਓ ਹੀ ਚੰਗਾ ਹੈ, ਤੇਰਾ ਭਾਣਾ ਸੱਚਾ ਹੈ ਤੂੰ ਸਾਰਿਆਂ ਵਿਚ ਇਕ ਵਰਤਿਆ ਹੋਇਆ ਹੈਂ ਅਰ ਸਾਰਿਆਂ ਵਿਚ ਸਮਾਇਆ ਹੋਇਆ ਹੈਂ। ਸਾਰੇ ਥਾਵਾਂ ਤੇ ਥਾਵਾਂ ਵਾਲਿਆਂ ਵਿਚ ਰਵ ਰਹਿਆ ਹੈਂ ਮੈਂ ਜੀਅ ਵਿਚ ਜਾਣਿਆ ਹੈ। ਸਾਧ ਸੰਗਤ ਨੂੰ ਮਿਲਕੇ ਤੇਰਾ ਸੱਚਾ ਭਾਣਾ ਮੰਨੀਦਾ ਹੈ। ਗੁਰੂ ਜੀ–ਮੈਂ ਤੇਰੀ ਸ਼ਰਣ ਹਾਂ, ਸਦਾ ਸਦਾ ਕੁਰਬਾਨ ਜਾਂਦਾ ਹਾਂ।

ਸਲੋਕ ਮਃ ੫ ॥ ਚੇਤਾਈ ਤਾਂ ਚੇਤਿ ਸਾਹਿਬੁ ਸਚਾ ਸੋ ਧਣੀ ॥ ਨਾਨਕ ਸਤਿਗੁਰੁ ਸੇਵਿ ਚੜਿ ਬੋਹਿਥਿ ਭਉਜਲੁ ਪਾਰਿ ਪਉ ॥

{ ਚੇਤਾਈ = ਜੇ ਤੈਨੂੰ ਚੇਤਾ ਹੈ ਵਾ ਬੁੱਧੀ ਵਾ ਚੇਤਾ ਕਰਾਇਆ ਹੈ।
ਬੋਹਿਥਿ = ਜਹਾਜ਼। ਭਉਜਲੁ = ਸੰਸਾਰ ਸਮੁੰਦ੍ਰ। }

ਜੇਹੜਾ ਮਾਂ ਦੇ ਪੇਟ ਵਿਚ ਇਕਰਾਰ ਕੀਤਾ ਸਾਈ ਜੇ ਤੈਨੂੰ ਓਹ ਯਾਦ ਹੈ ਤਾਂ ਸੱਚੇ ਮਾਲਕ ਵਾਹਿਗੁਰੂ ਨੂੰ ਯਾਦ ਕਰ ਅਥਵਾ ਮੈਂ ਤੈਨੂੰ ਯਾਦ ਕਰਵਾਇਆ ਹੈ। ਗੁਰੂ ਜੀ-ਪ੍ਰਭੂ ਦੀ ਸੇਵਾ ਕਰਕੇ ਜਹਾਜ਼ ਉੱਤੇ ਚੜ੍ਹਕੇ ਸੰਸਾਰ ਸਮੁੰਦ੍ਰ ਤੋਂ ਪਾਰ ਹੋ ਜਾਹ।

ਮਃ ੫ ॥ ਵਾਊ ਸੰਦੇ ਕਪੜੇ ਪਹਿਰਹਿ ਗਰਬਿ ਗਵਾਰ ॥ ਨਾਨਕ ਨਾਲਿ ਨ ਚਲਨੀ ਜਲਿ ਬਲਿ ਹੋਏ ਛਾਰੁ ॥ ੨ ॥

ਮੂਰਖ ਆਦਮੀ ਹਵਾ ਦੇ ਕਪੜੇ ਪਾਕੇ ਹੰਕਾਰ ਕਰਦੇ ਹਨ ਭਾਵ ਜੇਹੜਾ ਸਰੀਰ ਹਵਾ ਵਾਂਙੂ ਛਿਨ ਵਿੱਚ ਉਡ ਜਾਣ ਵਾਲਾ ਹੈ,ਇਸ ਕਪੜੇ ਨੂੰ ਪਾਕੇ ਹੰਕਾਰ ਕਰਦੇ ਹਨ। ਗੁਰੂ ਜੀ–ਇਹ ਸਰੀਰ ਨਾਲ ਨਹੀਂ ਜਾਂਦੇ, ਏਥੇ ਹੀ ਬਲਦੀ ਅੱਗ ਵਿਚ ਸੜਕੇ ਸੁਆਹ ਹੋ ਜਾਂਦੇ ਹਨ।

Digitized by Panjab Digital Library | www.panjabdigilib.org

ਪਉੜੀ ॥ ਸੇਈ ਉਬਰੇ ਜਗੈ ਵਿਚਿ ਜੋ ਸਚੈ ਰਖੇ ॥ ਮੁਹਿ ਡਿਠੈ ਤਿਨਕੈ ਜੀਵੀਐ ਹਰਿ ਅੰਮ੍ਰਿਤੁ ਚਖੇ ॥ ਕਾਮੁ ਕ੍ਰੋਧੁ ਲੋਭੁ ਮੋਹੁ ਸੰਗਿ ਸਾਧਾ ਭੁਖੇ ॥ ਕਰਿ ਕਿਰਪਾ ਪ੍ਰਭਿ ਆਪਣੀ ਹਰਿ ਆਪਿ ਪਰਖੇ ॥ ਨਾਨਕ ਚਲਤ ਨ ਜਾਪਨੀ ਕੋ ਸਕੈ ਨ ਲਖੇ ॥ ੨ ॥

ਭੁੱਖੇ = ਖਾਣਾ।

ਜੇਹੜੇ ਵਾਹਿਗੁਰੂ ਨੇ ਰੱਖੇ ਹਨ, ਓਹੋ ਹੀ ਜਗਤ ਵਿਚ ਬਚੇ ਹਨ। ਜੇਹੜੇ ਵਾਹਿਗੁਰੂ ਦੇ ਨਾਮ ਅੰਮ੍ਰਿਤ ਦਾ ਸੁਆਦ ਲੈਂਦੇ ਹਨ, ਓਹਨਾਂ ਦੇ ਮੂੰਹ ਡਿਠਿਆਂ ਜੀਵੀਦਾ ਹੈ। ਕਾਮ, ਕ੍ਰੋਧ, ਲੋਭ, ਮੋਹ ਨੂੰ ਸੰਤਾਂ ਦੇ ਨਾਲ ਰਲਕੇ ਨਾਸ ਕਰੀਦਾ ਹੈ। ਹੇ ਵਾਹਿਗੁਰੂ ! ਜਿਸਤੇ ਤੂੰ ਆਪਣੀ ਕਿਰਪਾ ਕੀਤੀ ਹੈ, ਤਿਸਨੂੰ ਆਪ ਹੀ ਪਰਖਦਾ ਹੈਂ। ਗੁਰੂ ਜੀ–ਵਾਹਿਗੁਰੂ ਦੇ ਤਮਾਸ਼ੇ ਨਹੀਂ ਜਾਣੇ ਜਾਂਦੇ ਅਰ ਨਾਂ ਹੀ ਕੋਈ ਵਾਹਿਗੁਰੂ ਨੂੰ ਵੇਖ ਸਕਦਾ ਹੈ।

ਸਲੋਕ ਮਃ ੫ ॥ ਨਾਨਕ ਸੋਈ ਦਿਨਸੁ ਸੁਹਾਵੜਾ ਜਿਤੁ ਪ੍ਰਭੁ ਆਵੈ ਚਿਤਿ ॥ ਜਿਤੁ ਦਿਨਿ ਵਿਸਰੈ ਪਾਰਬ੍ਰਹਮੁ ਫਿਟੁ ਭਲੇਰੀ ਰੁਤਿ ॥ ੧ ॥

ਗੁਰੂ ਜੀ–ਸੋਈ ਦਿਨ ਚੰਗਾ ਹੈ, ਜਿਸ ਵਿਚ ਵਾਹਿਗੁਰੂ ਚਿਤ ਆਵੇ। ਜਿਸ ਦਿਨ ਵਾਹਿਗੁਰੂ ਭੁਲ ਜਾਵੇ, ਉਸ ਚੰਗੀ ਰੁਤ ਨੂੰ ਵੀ ਧ੍ਰਿਗ ਹੈ।

ਮਃ ੫ ॥ ਨਾਨਕ ਮਿਤ੍ਰਾਈ ਤਿਸੁ ਸਿਉ ਸਭ ਕਿਛੁ ਜਿਸ ਕੈ ਹਾਥਿ ॥ ਕੁਮਿਤ੍ਰਾ ਸੇਈ ਕਾਂਢੀਅਹਿ ਇਕ ਵਿਖ ਨ ਚਲਹਿ ਸਾਥਿ ॥

ਵਿਖ – ਕਦਮ। ਕਾਂਢੀਅਹਿ = ਕਹੀਦੇ।

ਗੁਰੂ ਜੀ–ਜਿਸ ਦੇ ਸਭ ਕੁਝ ਹੱਥ ਹੈ, ਉਸ ਨਾਲ ਦੋਸਤੀ ਕਰ। ਜੇਹੜੇ ਇਕ ਕਦਮ ਭੀ ਨਾਲ ਨਹੀਂ ਚਲ ਸਕਦੇ, ਓਹ ਖੋਟੇ ਮਿੱਤ੍ਰ ਕਹੀਦੇ ਹਨ।

ਪਉੜੀ ॥ ਅੰਮ੍ਰਿਤੁ ਨਾਮੁ ਨਿਧਾਨੁ ਹੈ ਮਿਲਿ ਪੀਵਹੁ ਭਾਈ ॥ ਜਿਸੁ ਸਿਮਰਤ ਸੁਖੁ ਪਾਈਐ ਸਭ ਤਿਖਾ

Digitized by Panjab Digital Library | www.panjabdigilib.org

**ਬੁਝਾਈ ॥ ਕਰਿ ਸੇਵਾ ਪਾਰਬ੍ਰਹਮ ਗੁਰ ਭੁਖ ਰਹੈ ਨ ਕਾਈ ॥ ਸਗਲ ਮਨੋਰਥ ਪੁੰਨਿਆ ਅਮਰਾ ਪਦੁ ਪਾਈ ॥ ਤੁਧੁ ਜੇਵਡੁ ਤੂ ਹੈ ਪਾਰਬ੍ਰਹਮ ਨਾਨਕ ਸਰਣਾਈ ॥ ੩ ॥**

ਹੇ ਭਾਈ ! ਨਾਮ ਨਿਧੀਆਂ ਦੇ ਭੰਡਾਰ ਅੰਮ੍ਰਿਤ ਨੂੰ ਮਿਲਕੇ ਪੀਵੋ। ਜਿਸ ਦੇ ਸਿਮਰਨ ਨਾਲ ਸੁਖ ਪਾਈਦਾ ਹੈ ਅਰ ਸਾਰੀ ਤੇਹ ਲਹਿ ਜਾਂਦੀ ਹੈ। ਵਾਹਿਗੁਰੂ ਦਾ ਸਰੂਪ ਗੁਰਾਂ ਦੀ ਸੇਵਾ ਕਰਦਿਆਂ ਹੋਇਆਂ ਕੋਈ ਭੁਖ ਨਹੀਂ ਰਹਿੰਦੀ। ਸਾਰੇ ਮਨੋਰਥ ਪੂਰੇ ਹੋ ਜਾਂਦੇ ਹਨ ਅਤੇ ਦੇਵਤਿਆਂ ਵਾਲੀ ਪਦਵੀ ਪਾ ਲਈਦੀ ਹੈ। ਗੁਰੂਜੀ–ਹੇ ਵਾਹਿਗੁਰੂ ! ਤੂੰ ਆਪਣੇ ਜਿੱਡਾ ਵੱਡਾ ਆਪੇ ਹੀ ਹੈਂ, ਮੈਂ ਤੇਰੀ ਸ਼ਰਨ ਹਾਂ।

**ਸਲੋਕ ਮਃ ੫ ॥ ਡਿਠੜੋ ਹਭ ਠਾਇ ਊਣ ਨ ਕਾਈ ਜਾਇ ॥ ਨਾਨਕ ਲਧਾ ਤਿਨ ਸੁਆਉ ਜਿਨ੍ਹਾ ਸਤਿਗੁਰੁ ਭੇਟਿਆ ॥ ੧ ॥**

ਲਧਾ = ਲੱਭਿਆ। ਸੁਆਉ = ਸੁਆਦ। ਭੇਟਿਆ = ਮਿਲਿਆ।

ਸਾਰੀਆਂ ਜਗਾਂ ਵਿਚ ਡਿੱਠਾ ਹੈ, ਕੋਈ ਜਗਾ ਉਸਤੋਂ ਖਾਲੀ ਨਹੀਂ। ਗੁਰੂ ਜੀ–ਜਿਨ੍ਹਾਂ ਨੂੰ ਗੁਰੂ ਮਿਲਿਆ ਹੈ, ਓਨ੍ਹਾਂ ਨੂੰ ਓਹ ਅਨੰਦ ਆਇਆ ਹੈ।

**ਮਃ ੫ ॥ ਦਾਮਨੀ ਚਮਤਕਾਰ ਤਿਉ ਵਰਤਾਰਾ ਜਗ ਖੇ ॥ ਵਥੁ ਸੁਹਾਵੀ ਸਾਇ ਨਾਨਕ ਨਾਉ ਜਪੰਦੋ ਤਿਸੁ ਧਣੀ ॥ ੨ ॥**

ਖੇ = ਅਕਾਸ। ਦਾਮਨੀ = ਬਿਜਲੀ। ਵਥ = ਵਸਤੂ।

ਜੱਗ ਦਾ ਵਰਤਾਰਾ ਅਕਾਸ ਵਿਚ ਬਿਜਲੀ ਦੇ ਚਾਨਣ ਵਾਂਗੂ ਹੈ। ਗੁਰੂ ਜੀ–ਤਿਸਦੀ ਹੀ ਦੇਹ ਰੂਪ ਵਸਤੂ ਚੰਗੀ ਹੈ, ਜਿਸਨੇ ਮਾਲਕ ਵਾਹਿਗੁਰੂ ਦਾ ਨਾਮ ਜਪਿਆ ਹੈ।

**ਪਉੜੀ ॥ ਸਿਮ੍ਰਿਤਿ ਸਾਸਤ੍ਰ ਸੋਧਿ ਸਭਿ ਕਿਨੈ ਕੀਮ ਨ ਜਾਣੀ ॥ ਜੋ ਜਨੁ ਭੇਟੈ ਸਾਧ ਸੰਗਿ ਸੋ ਹਰਿ ਰੰਗੁ ਮਾਣੀ ॥ ਸਚੁ ਨਾਮੁ ਕਰਤਾ ਪੁਰਖੁ ਏਹ ਰਤਨਾ ਖਾਣੀ ॥ ਮਸਤਕਿ**

Digitized by Panjab Digital Library | www.panjabdigilib.org

**ਹੋਵੈ ਲਿਖਿਆ ਹਰਿ ਸਿਮਰਿ ਪਰਾਣੀ ॥ ਤੋਸਾ ਦਿਚੈ ਸਚੁ ਨਾਮੁ ਨਾਨਕ ਮਿਹਮਾਣੀ ॥ ੪ ॥**

ਤੋਸਾ = ਖਰਚ । ਮਿਹਮਾਣੀ = ਪ੍ਰਾਹੁਣਚਾਰੀ ।

ਸਿੰਮ੍ਰਿਤੀਆਂ ਸ਼ਾਸਤ੍ਰ ਸਾਰੇ ਵਿਚਾਰੇ ਹਨ, ਪ੍ਰਮੇਸ਼ਰ ਦੀਕੀਮਤ ਕਿਸੇਨਹੀਂ ਜਾਣੀ ।ਜੇਹੜਾ ਆਦਮੀ ਸਾਧ ਸੰਗਤ ਨੂੰ ਮਿਲਦਾਹੈ,ਸੋ ਵਾਹਿਗੁਰੂ ਦੇ ਅਨੰਦ ਨੂੰ ਮਾਣਦਾ ਹੈ । ਵਾਹਿਗੁਰੂਦਾ ਜੇਹੜਾ ਸੱਚਾ ਨਾਮ ਹੈ ਏਹੋ ਹੀ ਰਤਨਾਂ ਦੀ ਖਾਣੀ ਹੈ । ਜੇਕਰ ਮੱਥੇ ਤੇ ਚੰਗਾ ਲੇਖ ਲਿਖਿਆ ਹੋਵੇ ਤਾਂ ਪ੍ਰਾਣੀ ਵਾਹਿਗੁਰੂ ਨੂੰ ਸਿਮਰਦਾ ਹੈ । ਗੁਰੂ ਜੀ–ਹੇ ਵਾਹਿਗੁਰੂ!ਮੈਨੂੰ ਮਿਹਮਾਣੀ ਤੇ ਪ੍ਰਲੋਕ ਦਾ ਖਰਚ ਨਾਮ ਦੇਹ ।

**ਸਲੋਕ ਮਃ ੫ ॥ ਅੰਤਰਿ ਚਿੰਤਾ ਨੈਣੀ ਸੁਖੀ ਮੂਲਿ ਨ ਉਤਰੈ ਭੁਖ ॥ ਨਾਨਕ ਸਚੇ ਨਾਮ ਬਿਨੁ ਕਿਸੈ ਨ ਲਥੋ ਦੁਖੁ ॥ ੧ ॥**

ਅੰਦਰ ਬੜੀ ਚਿੰਤਾ ਹੁੰਦੀ ਹੈ, ਨੇਤਰਾਂ ਕਰਕੇ ਹੀ ਸੁਖੀ ਦਿਸਦੇ ਹਨ, ਮਾਇਆ ਦੀ ਭੁਖ ਕਦੀ ਨਹੀਂ ਲਹਿੰਦੀ। ਗੁਰੂ ਜੀ–ਸਚੇ ਨਾਮ ਤੋਂ ਬਿਨਾਂ ਕਿਸੇ ਦਾ ਵੀ ਦੁਖ ਦੂਰ ਨਹੀਂ ਹੋਇਆ ।

**ਮਃ ੫ ॥ ਮੁਠੜੇ ਸੇਈ ਸਾਥ ਜਿਨੀ ਸਚੁ ਨ ਲਦਿਆ ॥ ਨਾਨਕ ਸੇ ਸਾਬਾਸਿ ਜਿਨੀ ਗੁਰ ਮਿਲਿ ਇਕੁ ਪਛਾਣਿਆ ॥ ੨ ॥**

ਜਿਨ੍ਹਾਂ ਨੇ ਸਚੇ ਵਾਹਿਗੁਰੂ ਨੂੰ ਨਹੀਂ ਲੱਭਿਆ,ਓਹ ਟੋਲਿਆਂ ਦੇ ਟੋਲੇ ਸਾਰੇ ਲੁੱਟੇ ਗਏ ਹਨ। ਗੁਰੂ ਜੀ–ਜਿਨ੍ਹਾਂ ਨੇ ਗੁਰਾਂ ਨੂੰ ਮਿਲਕੇ ਇਕਨੂੰ ਜਾਣਿਆ ਹੈ, ਤਿਨ੍ਹਾਂ ਨੂੰ ਸ਼ਾਬਾਸ਼ੇ ਹੈ ।

**ਪਉੜੀ ॥ ਜਿਥੈ ਬੈਸਨਿ ਸਾਧ ਜਨ ਸੋ ਥਾਨੁ ਸੁਹੰਦਾ ॥ ਓਇ ਸੇਵਨਿ ਸੰਮ੍ਰਿਥੁ ਆਪਣਾ ਬਿਨਸੈ ਸਭੁ ਮੰਦਾ ॥ ਪਤਿਤ ਉਧਾਰਣ ਪਾਰਬ੍ਰਹਮ ਸੰਤ ਬੇਦੁ ਕਹੰਦਾ ॥ ਭਗਤ ਵਛਲੁ ਤੇਰਾ ਬਿਰਦੁ ਹੈ ਜੁਗਿ ਜੁਗਿ ਵਰਤੰਦਾ ॥ ਨਾਨਕੁ ਜਾਚੈ ਏਕੁ ਨਾਮੁ ਮਨਿ ਤਨਿ ਭਾਵੰਦਾ ॥ ੫ ॥**

Digitized by Panjab Digital Library | www.panjabdigilib.org

ਜਿਥੇ ਸੰਤ ਜਨ ਬੈਠਦੇ ਹਨ;ਓਹ ਥਾਂ ਸੋਭਾ ਵਾਲਾ ਹੁੰਦਾ ਹੈ। ਓਹ ਸਮਰੱਥ ਵਾਹਿਗੁਰੂ ਨੂੰ ਆਪਣਾ ਮਾਲਕ ਜਾਣਕੇ ਸੇਵਦੇ ਹਨ ਅਤੇ ਓਨ੍ਹਾਂ ਦੇ ਰਿਦੇ ਵਿਚੋਂ ਮੰਦਾ ਭਾਉ ਦੂਰ ਹੋਂਦਾ ਹੈ। ਵਾਹਿਗੁਰੂ ਪਾਪੀਆਂ ਦੇ ਤਾਰਨ ਵਾਲਾ ਹੈ;ਇਹ ਗਲ ਸਾਰੇ ਸੰਤਾਂ ਦਾ ਟੋਲਾ ਜੋ ਵੇਦ ਅਥਵਾ ਜਾਣਕੇ ਆਖਦਾ ਹੈ। ਭਗਤਾਂ ਦਾ ਪਿਆਰਾ ਹੋਣਾ ਭਗਤਾਂ ਤੇ ਕਿਰਪਾ ਕਰਨੀ, ਇਹ ਤੇਰਾ ਪ੍ਰਣ ਹੈ, ਜੁਗਾਂ ੨ ਵਿਚ ਵਰਤ ਰਿਹਾ ਹੈਂ। ਗੁਰੂ ਜੀ-ਮੈਂ ਤੇਰਾ ਇਕ ਨਾਮ ਮਨ, ਤਨ ਵਿਚ ਭਾਉਣ ਵਾਲਾ ਮੰਗਦਾ ਹਾਂ।

**ਸਲੋਕ ਮਃ ੫ ॥ ਚਿੜੀ ਚੁਹਕੀ ਪਹੁ ਫੁਟੀ ਵਗਨਿ ਬਹੁਤੁ ਤਰੰਗ ॥ ਅਚਰਜ ਰੂਪ ਸੰਤਨ ਰਚੇ ਨਾਨਕ ਨਾਮਹਿ ਰੰਗ ॥ ੧ ॥**

ਜਦੋਂ ਚਿੜੀ ਚੂਕਦੀ ਅਤੇ ਪੂਹ ਫੁਟਦੀ ਹੈ, ਓਦੋਂ ਜੀਆਂ ਦੇ ਦਿਲ ਵਿਚ ਕਈ ਤਰਾਂ ਦੇ ਮਾਯਾ ਦੇ ਸੰਕਲਪ ਉੱਠਦੇ ਹਨ। ਗੁਰੂ ਜੀ-ਜਿਨ੍ਹਾਂ ਸੰਤਾਂ ਨੂੰ ਵਾਹਿਗੁਰੂ ਦੇ ਨਾਮ ਦਾ ਪ੍ਰੇਮ ਹੈ, ਓਹ ਉਸ ਵੇਲੇ ਤੋਂ ਲੈਕੇ ਸਾਰਿਆਂ ਵੇਲਿਆਂ ਵਿੱਚ ਅਚਰਜ ਰੂਪ ਵਾਹਿਗੁਰੂ ਵਿਚ ਰਚੇ ਰਹਿੰਦੇ ਹਨ ਭਾਵ ਜਿਨ੍ਹਾਂ ਦੀ ਅਕਲ ਸਚ ਝੂਠ ਦਾ ਵਿਚਾਰ ਕਰਨ ਲਗੀ ਅਤੇ ਗਿਆਨ ਦੀ ਪੂਹ ਫੁੱਟੀ ਤਾਂ ਉਨ੍ਹਾਂ ਦੇ ਸਾਰੇ ਤਰੰਗ ਜਾਂਦੇ ਰਹੇ ਅਤੇ ਨਾਮ ਦੇ ਪ੍ਰੇਮੀ ਹੋਕੇ ਵਾਹਿਗੁਰੂ ਨਾਲ ਮਿਲ ਗਏ।

**ਮਃ ੫ ॥ ਘਰਿ ਮੰਦਰ ਖੁਸੀਆ ਤਹੀ ਜਿਹ ਤੂ ਆਵਹਿ ਚਿਤਿ ॥ ਦੁਨੀਆ ਕੀਆ ਵਡਿਆਈਆ ਨਾਨਕ ਸਭਿ ਕੁਮਿਤ ॥ ੨ ॥**

ਘਰ ਮੰਦਰ ਵੀ ਤਾਂ ਹੀ ਚੰਗੇ ਹਨ ਅਤੇ ਖੁਸ਼ੀਆਂ ਵੀ ਉਸੇ ਜਗਾਂ ਹਨ; ਜਿਥੇ ਤੂੰ ਚਿਤ ਆਂਵਦਾ ਹੈਂ। ਗੁਰੂ ਜੀ-ਜਿੰਨੀਆਂ ਦੁਨੀਆਂ ਦੀਆਂ ਵਡਿਆਈਆਂ ਹਨ, ਨਾਮ ਤੋਂ ਬਿਨਾਂ ਸਭ ਖੋਟੇ ਮਿਤ੍ਰ ਵਾਙੂੰ ਦੁਖਦਾਈ ਹਨ।

**ਪਉੜੀ ॥ ਹਰਿ ਧਨੁ ਸਚੀ ਰਾਸਿ ਹੈ ਕਿਨੈ ਵਿਰਲੈ ਜਾਤਾ ॥ ਤਿਸੈ ਪਰਾਪਤਿ ਭਾਇਰਹੁ ਜਿਸੁ ਦੇਇ ਬਿਧਾਤਾ ॥ ਮਨ ਤਨ ਭੀਤਰਿ ਮਉਲਿਆ ਹਰਿ ਰੰਗਿ ਜਨੁ ਰਾਤਾ ॥ ਸਾਧ ਸੰਗਿ ਗੁਣ ਗਾਇਆ ਸਭਿ ਦੋਖਹ ਖਾਤਾ ॥ ਨਾਨਕ ਸੋਈ ਜੀਵਿਆ ਜਿਨਿ ਇਕੁ ਪਛਾਤਾ ॥ ੬ ॥**

Digitized by Panjab Digital Library | www.panjabdigilib.org

ਵਾਹਿਗੁਰੂ ਦਾ ਨਾਮ ਸੱਚੀ ਰਾਸ ਹੈ ਪਰ ਕਿਸੇ ਵਿਰਲੇ ਨੇ ਹੀ ਜਾਣਿਆ ਹੈ। ਹੇ ਭਾਈਓ ! ਜਿਹਨੂੰ ਵਾਹਿਗੁਰੂ ਦੇਂਦਾ ਹੈ, ਓਸੇ ਨੂੰ ਹੀ ਮਿਲਦਾ ਹੈ। ਜੇਹੜਾ ਵਾਹਿਗੁਰੂ ਮਨ ਤਨ ਵਿਚ ਮਿਲ ਰਿਹਾ ਹੈ, ਉਸ ਦੇ ਪ੍ਰੇਮ ਵਿਚ ਦਾਸ ਰਤਾ ਹੋਯਾ ਹੈ। ਜਿਸਨੇ ਸਾਧ ਸੰਗਤ ਨਾਲ ਮਿਲਕੇ ਗੁਣਾਂ ਨੂੰ ਗਾਇਆ ਹੈ, ਉਸ ਨੇ ਸਾਰੇ ਦੋਖਾਂ ਨੂੰ ਖਾ ਲਿਆ ਹੈ। ਗੁਰੂ ਜੀ-ਓਸੇ ਆਦਮੀ ਦਾ ਜੀਵਣਾ ਸਫਲ ਹੈ, ਜਿਨ ਇਕ ਵਾਹਿਗੁਰੂ ਨੂੰ ਜਾਤਾ ਹੈ।

**ਸਲੋਕ ਮਃ ੫ ॥ ਖਖੜੀਆ ਸੁਹਾਵੀਆ ਲਗੜੀਆ ਅਕ ਕੰਠਿ ॥ ਬਿਰਹ ਵਿਛੋੜਾ ਧਣੀ ਸਿਉ ਨਾਨਕ ਸਹਸੈ ਗੰਠਿ ॥ ੧ ॥**

{ ਕੰਠਿ = ਗਲ। ਗੰਠਿ = ਗੰਡਾਂ, ਤੂੰਬੇ। ਧਣੀ = ਵਾਹਿਗੁਰੂ ਮਾਲਕ। ਸਹਿਸੈ = ਹਜ਼ਾਰਾਂ ਸੈਂਕੜੇ। }

ਜੀਕੁਣ ਖਖੜੀਆਂ ਅੱਕ ਦੇ ਨਾਲ ਲੱਗੀਆਂ ਹੋਈਆਂ ਚੰਗੀਆਂ ਲਗਦੀਆਂ ਹਨ। ਗੁਰੂ ਜੀ-ਜਦੋਂ ਅੱਕ ਨਾਲੋਂ ਵਿਛੜ ਜਾਂਦੀਆਂ ਹਨ ਤਾਂ ਸੈਂਕੜੇ ਹੀ ਤੂੰਬੇ ਤੂੰਬੇ (ਰਤਾ ਰਤਾ) ਹੋਕੇ ਉਡ ਜਾਂਦੀਆਂ ਹਨ, ਈਕੁਣ ਹੀ ਜੀਅ ਵਾਹਿਗੁਰੂ ਨਾਲ ਮਿਲੇ ਹੀ ਚੰਗੇ ਲਗਦੇ ਹਨ, ਜਦੋਂ ਵਿਛੋੜਾ ਹੋ ਜਾਂਦਾ ਹੈ ਤਾਂ ਚੁਰਾਸੀ ਦੇ ਫੇਰਿਆਂ ਵਿਚ ਭੌਂਦੇ ਹਨ ਅਤੇ ਦੇਹ ਰੂਪ ਗੰਢਾਂ ਨੂੰ ਪਾਉਂਦੇ ਹਨ।

**ਮਃ ੫ ॥ ਵਿਸਾਰੇ ਦੇ ਮਰਿ ਗਏ ਮਰਿ ਭਿ ਨ ਸਕਹਿ ਮੂਲਿ ॥ ਵੇਮੁਖ ਹੋਇ ਰਾਮ ਤੇ ਜਿਉ ਤਸਕਰ ਉਪਰਿ ਸੂਲਿ ॥ ੨ ॥**

ਤਸਕਰ = ਚੋਰ।

ਵਾਹਿਗੁਰੂ ਨੂੰ ਵਿਸਾਰਨੇ ਵਾਲੇ ਮਰ ਗਏ (ਨਹੀਂ, ਨਹੀਂ) ਓਹ ਮਰ ਵੀ ਕਦੀ ਨਹੀਂ ਸਕਦੇ, ਕਿਉਂਕਿ ਜੀਅ ਤਾਂ ਮਰਦਾ ਨਹੀਂ। ਜੀਕੁਣ ਚੋਰ ਸੂਲੀ ਉਤੇ ਚੜ੍ਹਿਆ ਹੋਇਆ ਦੁਖ ਪਾਉਂਦਾ ਹੈ, ਈਕੁਣ ਓਹ ਵਾਹਿਗੁਰੂ ਤੋਂ ਬੇਮੁਖ ਹੋਏ ੨ ਦੁਖ ਪਾਉਣਗੇ।

**ਪਉੜੀ ॥ ਸੁਖ ਨਿਧਾਨੁ ਪ੍ਰਭੁ ਏਕੁ ਹੈ ਅਬਿਨਾਸੀ ਸੁਣਿਆ ॥ ਜਲਿ ਥਲਿ ਮਹੀਅਲਿ ਪੂਰਿਆ ਘਟਿ ਘਟਿ ਹਰਿ ਭਣਿਆ ॥ ਊਚ ਨੀਚ ਸਭ ਇਕ ਸਮਾਨਿ ਕੀਟ**

Digitized by Panjab Digital Library | www.panjabdigilib.org

**ਹਸਤੀ ਬਣਿਆ ॥ ਮੀਤ ਸਖਾ ਸੁਤ ਬੰਧਪੋ ਸਭਿ ਤਿਸਦੇ ਜਣਿਆ ॥ ਤੁਸਿ ਨਾਨਕ ਦੇਵੈ ਜਿਸੁ ਨਾਮੁ ਤਿਨਿ ਹਰਿ ਰੰਗੁ ਮਣਿਆ ॥ ੭ ॥**

ਸੁਖਾਂ ਦਾ ਭੰਡਾਰ ਮਰਨ ਤੋਂ ਰਹਿਤ ਇਕ ਵਾਹਿਗੁਰੂ ਹੀ ਸੁਣਿਆ ਹੈ। ਉਸਦਾ ਪਤਾ ਜਲਾਂਥਲਾਂ ਧਰਤੀ ਅਕਾਸ਼ ਸਾਰਿਆਂ ਜੀਵਾਂ ਵਿਚ ਠੀਕ ਪੂਰਨ ਹੋਇਆ ਹੋਇਆ ਸੰਤਾਂ ਪੁਸਤਕਾਂ ਨੇ ਦੱਸਿਆ ਹੈ। ਨੀਵੇਂ ਉਚੇ ਥਾਂ ਅਰ ਹਾਥੀ ਤੋਂ ਲੈਕੇ ਕੀੜੀ ਤਕ ਸਾਰਿਆਂ ਵਿਚ ਇਕੋ ਜੇਹਾ ਬਣਿਆ ਹੋਇਆ ਹੈ। ਭਾਈ, ਮਿਤਰ, ਪੁਤਰ, ਸਰਬੰਧੀ ਸਭ ਤਿਸਦੇ ਪ੍ਰਗਟ ਕੀਤੇ ਹੋਏ ਹਨ। ਗੁਰੂ ਜੀ--ਜਿਸਨੂੰ ਪ੍ਰਸੰਨ ਹੋਕੇ ਵਾਹਿਗੁਰੂ ਆਪਣਾ ਨਾਮ ਦੇਵੇ, ਤਿਸਨੇ ਵਾਹਿਗੁਰੂ ਦੇ ਨਾਮ ਦਾ ਅਨੰਦ ਮਾਣਿਆ ਹੈ।

**ਸਲੋਕ ਮਃ ੫ ॥ ਜਿਨ੍ਹਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ ॥ ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥ ੧ ॥**

ਜਿਨ੍ਹਾਂ ਨੂੰ ਵਾਹਿਗੁਰੂ ਦੇ ਨਾਮ ਦਾ ਮੰਤ੍ਰ ਖਾਂਦਿਆਂ ਪੀਂਦਿਆਂ ਸਾਹ ਲੈਂਦਿਆਂ ਨਹੀਂ ਭੁਲਦਾ। ਗੁਰੂ ਜੀ-ਓਹੋ ਹੀ ਪੂਰੇ ਸੰਤ ਹਨ ਅਰ ਓਨ੍ਹਾਂ ਨੂੰ ਹੀ ਧੰਨ ਹੈ।

**ਮਃ ੫ ॥ ਅਠੇ ਪਹਰ ਭਉਦਾ ਫਿਰੈ ਖਾਵਣ ਸੰਦੜੈ ਸੂਲਿ ॥ ਦੋਜਕ ਪਉਦਾ ਕਿਉ ਰਹੈ ਜਾ ਚਿਤਿ ਨ ਹੋਇ ਰਸੂਲਿ ॥ ੨ ॥**

ਖਾਣ ਦੇ ਦੁਖਾਂ ਵਿਚ ਅੱਠੇ ਪਹਿਰ ਭੌਂਦਾ ਫਿਰਦਾ ਹੈ। ਜਿਨੂੰ ਵਾਹਿਗੁਰੂ ਦਾ ਨਾਮ ਚੇਤੇ ਨਹੀਂ, ਓਹ ਨਰਕ ਵਿਚ ਪੈਂਦਾ ਕੀਕੁਣ ਬਚੇਗਾ ?

**ਪਉੜੀ ॥ ਤਿਸੈ ਸਰੇਵਹੁ ਪ੍ਰਾਣੀਹੋ ਜਿਸਦੇ ਨਾਉ ਪਲੈ ॥ ਐਥੈ ਰਹਹੁ ਸੁਹੇਲਿਆ ਅਗੈ ਨਾਲਿ ਚਲੈ ॥ ਘਰੁ ਬੰਧਹੁ ਸਚ ਧਰਮ ਕਾ ਗਡਿ ਥੰਮੁ ਅਹਲੈ ॥ ਓਟ ਲੈਹੁ ਨਾਰਾਇਣੈ ਦੀਨ ਦੁਨੀਆ ਝਲੈ ॥ ਨਾਨਕ ਪਕੜੇ ਚਰਣ ਹਰਿ ਤਿਸੁ ਦਰਗਹ ਮਲੈ ॥ ੮ ॥**

Digitized by Panjab Digital Library | www.panjabdigilib.org

ਹੇ ਭਾਈ ! ਉਸਨੂੰ ਸੇਵੋ, ਜਿਸਦੇ ਰਿਦੇ ਰੂਪ ਪੱਲੇ ਵਿਚ ਨਾਮ ਹੈ। ਐਥੇ ਸੁਖੀਰਹੋਗੇ ਅਗੇ ਨਾਮ ਨਾਲ ਚੱਲੇਗਾ। ਸੱਚ ਧਰਮ ਦਾ ਘਰ ਬੰਨ੍ਹੋ ਅਰ ਜੇਹੜਾ ਹਿਲੇ ਨਾਂ,ਓਹ ਥੰਮ ਗੱਡੋ। ਵਾਹਿਗੁਰੂ ਦਾ ਆਸਰਾ ਲਓ, ਐਥੇ ਓਥੇ ਰਖਿਆ ਕਰੇਗਾ। ਗੁਰੂ ਜੀ-ਜਿਸਨੇ ਵਾਹਿਗੁਰੂ ਦੇ ਚਰਨ ਫੜੇ ਹਨ, ਤਿਸਨੇ ਵਾਹਿਗੁਰੂ ਦੀ ਦਰਗਾਹ ਨੂੰ ਮੱਲ ਲਿਤਾ ਹੈ।

**ਸਲੋਕ ਮਃ ੫ ॥ ਜਾਚਕੁ ਮੰਗੈ ਦਾਨੁ ਦੇਹਿ ਪਿਆ-ਰਿਆ ॥ ਦੇਵਣਹਾਰੁ ਦਾਤਾਰੁ ਮੈ ਨਿਤ ਚਿਤਾਰਿਆ ॥ ਨਿਖੁਟਿ ਨ ਜਾਈ ਮੂਲਿ ਅਤੁਲ ਭੰਡਾਰਿਆ ॥ ਨਾਨਕ ਸਬਦੁ ਅਪਾਰੁ ਤਿਨਿ ਸਭੁ ਕਿਛੁ ਸਾਰਿਆ ॥ ੧ ॥**

ਹੇ ਪਿਆਰਿਆ!ਮੈਂ ਮੰਗਤਾ ਦਾਨ ਮੰਗਦਾ ਹਾਂ,ਈਕੁਣ ਦਾ ਦਾਨ ਦੇਹ ਜੋ ਮੈਂ ਤੈਨੂੰ ਦੇਣ ਵਾਲੇ ਦਾਤੇ ਨੂੰ ਰੋਜ਼ ਹੀ ਯਾਦ ਕਰਦਾ ਰਹਾਂ। ਤੇਰਾ ਅਤੁੱਲ ਭੰਡਾਰਾ ਕਦੀ ਨਹੀਂ ਮੁੱਕ ਜਾਂਦਾ। ਗੁਰੂ ਜੀ-ਜਿਨ੍ਹਾਂ ਨੇ ਅਪਾਰ ਵਾਹਿਗੁਰੂ ਦਾ ਉਪਦੇਸ਼ ਲਿਆ ਹੈ, ਓਹਨਾਂ ਨੇ ਸਭ ਕੁਝ ਸਵਾਰ ਲਿਆ ਹੈ।

**ਮਃ ੫ ॥ ਸਿਖਹੁ ਸਬਦੁ ਪਿਆਰਿਹੋ ਜਨਮ ਮਰਨ ਕੀ ਟੇਕ ॥ ਮੁਖ ਊਜਲ ਸਦਾ ਸੁਖੀ ਨਾਨਕ ਸਿਮਰਤ ਏਕ ॥ ੨ ॥**

ਹੇ ਪਿਆਰਿਓ ! ਗੁਰਾਂ ਦਾ ਸ਼ਬਦ ਸਿੱਖੋ, ਕਿਉਂਕਿ ਏਹੋ ਹੀ ਜਨਮ ਮਰਨ ਦੇ ਦੁੱਖਾਂ ਤੋਂ ਬਚਾਉਣ ਵਾਲਾ ਹੈ। ਗੁਰੂ ਜੀ-ਜੇਹੜੇ ਇਕ ਵਾਹਿਗੁਰੂ ਨੂੰ ਸਿਮਰਦੇ ਹਨ, ਓਨ੍ਹਾਂ ਦੇ ਮੁਖ ਉੱਜਲ ਸਦਾ ਸੁਖੀ ਰਹਿੰਦੇ ਹਨ।

**ਪਉੜੀ ॥ ਓਥੈ ਅੰਮ੍ਰਿਤੁ ਵੰਡੀਐ ਸੁਖੀਆ ਹਰਿ ਕਰਣੇ ॥ ਜਮ ਕੈ ਪੰਥਿ ਨ ਪਾਈਅਹਿ ਫਿਰਿ ਨਾਹੀ ਮਰਣੇ ॥ ਜਿਸਨੋ ਆਇਆ ਪ੍ਰੇਮ ਰਸੁ ਤਿਸੈ ਹੀ ਜਰਣੇ ॥ ਬਾਣੀ ਉਚਰਹਿ ਸਾਧ ਜਨ ਅਮਿਉ ਚਲਹਿ ਝਰਣੇ ॥ ਪੇਖਿ ਦਰਸਨੁ ਨਾਨਕੁ ਜੀਵਿਆ ਮਨ ਅੰਦਰਿ ਧਰਣੇ ॥ ੯ ॥**

Digitized by Panjab Digital Library | www.panjabdigilib.org

ਓਥੇ ਸਤਸੰਗ ਵਿਚ ਸਭਨਾਂ ਨੂੰ ਸੁਖੀ ਕਰਨ ਵਾਲਾ ਨਾਮ ਅੰਮ੍ਰਿਤ ਵੰਡੀਦਾ ਹੈ। ਜਮ ਦੇ ਰਸਤੇ ਨਹੀਂ ਪਾਏ ਜਾਂਦੇ ਅਤੇ ਨਾਂ ਹੀ ਫਿਰ ਜਨਮ ਮਰਨ ਹੁੰਦਾ ਹੈ। ਜਿਸ ਨੂੰ ਪ੍ਰੇਮ ਰਸ ਆਇਆ ਹੈ, ਤਿਸਨੇ ਹੀ ਲੋਕਾਂ ਦੇ ਕਬੋਲ ਸਹਾਰਨੇ ਈਕੁਣ ਦੇ ਗੁਣ ਧਾਰੇ ਹਨ। ਸੰਤ ਜਨ ਈਕੁਣਦੀ ਉੱਤਮ ਬਾਣੀ ਉਚਾਰਦੇ ਹਨ ਜੋ ਅੰਮ੍ਰਿਤ ਦੇ ਝਰਣੇ ਵੱਗ ਤੁਰਦੇ ਹਨ। ਗੁਰੂ ਜੀ-ਜਿਸ ਨੇ ਓਹਨਾਂ ਸੰਤਾਂ ਦਾ ਦਰਸ਼ਨ ਕੀਤਾ, ਅਰ ਬਚਨ ਮਨ ਅੰਦ੍ਰ ਧਾਰਨ ਕੀਤੇ, ਜਾਣੋ ਓਹੋ ਹੀ ਸੰਸਾਰ ਉਤੇ ਜੀਵਿਆ ਹੈ।

**ਸਲੋਕੁ ਮ: ੫॥ ਸਤਿਗੁਰਿ ਪੂਰੈ ਸੇਵਿਐ ਦੂਖਾ ਕਾ ਹੋਇ ਨਾਸੁ॥ ਨਾਨਕ ਨਾਮਿ ਅਰਾਧਿਐ ਕਾਰਜੁ ਆਵੈ ਰਾਸਿ॥ ੧॥**

ਪੂਰੇ ਸਤਿਗੁਰਾਂ ਨੂੰ ਸੇਵੀਏ ਤਾਂ ਦੁੱਖਾਂ ਦਾ ਨਾਸ ਹੁੰਦਾ ਹੈ। ਗੁਰੂ ਜੀ–ਵਾਹਿਗੁਰੂ ਨੂੰ ਯਾਦ ਕਰਨ ਨਾਲ ਸਾਰੇ ਕਾਰਜ ਰਾਸ ਹੁੰਦੇ ਹਨ।

**ਮ: ੫॥ ਜਿਸੁ ਸਿਮਰਤ ਸੰਕਟ ਛੁਟਹਿ ਅਨਦ ਮੰਗਲ ਬਿਸ੍ਰਾਮੁ॥ ਨਾਨਕ ਜਪੀਐ ਸਦਾ ਹਰਿ ਨਿਮਖ ਨ ਬਿਸਰਉ ਨਾਮੁ॥ ੨॥**

ਜਿਸ ਵਾਹਿਗੁਰੂ ਦੇ ਸਿਮਰਨ ਕਰਨ ਨਾਲ ਸਾਰੇ ਸੰਕਟ ਦੂਰ ਹੋ ਜਾਂਦੇ ਹਨ ਅਤੇ ਅਨੰਦ ਮੰਗਲ ਵਿਚ ਬਿਸਰਾਮ ਹੁੰਦਾ ਹੈ। ਗੁਰੂ ਜੀ–ਉਸ ਵਾਹਿਗੁਰੂ ਦਾ ਨਾਮ ਹਮੇਸ਼ਾਂ ਜਪੀਏ, ਨਿਮਖ ਵੀ ਨ ਭੁਲੀਏ।

**ਪਉੜੀ॥ ਤਿਨ ਕੀ ਸੋਭਾ ਕਿਆ ਗਣੀ ਜਿਨੀ ਹਰਿ ਹਰਿ ਲਧਾ॥ ਸਾਧਾ ਸਰਣੀ ਜੋ ਪਵੈ ਸੋ ਛੁਟੈ ਬਧਾ॥ ਗੁਣ ਗਾਵੈ ਅਬਿਨਾਸੀਐ ਜੋਨਿ ਗਰਭ ਨ ਦਧਾ॥ ਗੁਰੁ ਭੇਟਿਆ ਪਾਰਬ੍ਰਹਮੁ ਹਰਿ ਪੜਿ ਬੁਝਿ ਸਮਧਾ॥ ਨਾਨਕ ਪਾਇਆ ਸੋ ਧਣੀ ਹਰਿ ਅਗਮ ਅਗਧਾ॥ ੧੦॥**

ਜਿਨ੍ਹਾਂ ਨੇ ਵਾਹਿਗੁਰੂ ਦੇ ਨਾਮ ਨੂੰ ਲੱਭਿਆ ਹੈ, ਓਹਨਾਂ ਦੀ ਸੋਭਾ ਕੀ ਗਿਣੀਏ? ਜੇਹੜਾ ਸੰਤਾਂ ਦੀ ਸ਼ਰਣ ਪੈਂਦਾ ਹੈ, ਸੋ ਬੰਨ੍ਹਿਆ ਹੋਯਾ ਛੁਟ ਜਾਂਦਾ ਹੈ। ਜੇਹੜਾ ਵਾਹਿਗੁਰੂ ਦੇ ਗੁਣਾਂ ਨੂੰ ਗਾਉਂਦਾ ਹੈ, ਓਹ ਮਾਂ ਦੇ

Digitized by Panjab Digital Library | www.panjabdigilib.org

ਪੇਟ ਦੀ ਅੱਗ ਵਿੱਚ ਨਹੀਂ ਸੜਦਾ। ਜਿਸ ਨੂੰ ਵਾਹਿਗੁਰੂ ਰੂਪ ਗੁਰੂ ਮਿਲਿਆ ਹੈ, ਓਹ ਵਾਹਿਗੁਰੂ ਦੇ ਨਾਮ ਨੂੰ ਪੜ, ਪੁਛਕੇ ਸਮਝ ਗਿਆ ਹੈ ਭਾਵ ਸਿਆਣਾ ਹੋ ਗਿਆ ਹੈ। ਗੁਰੂ ਜੀ-ਸੋ ਅਗਮ ਅਗਾਧ ਮਾਲਕ ਵਾਹਿਗੁਰੂ ਪਾ ਲਿਆ ਹੈ।

**ਸਲੋਕ ਮਃ ੫ ॥ ਕੰਮੁ ਨ ਕਰਹੀ ਆਪਣਾ ਫਿਰਹਿ ਅਵਤਾ ਲੋਇ ॥ ਨਾਨਕ ਨਾਇ ਵਿਸਾਰਿਐ ਸੁਖੁ ਕਿਨੇਹਾ ਹੋਇ ॥ ੧ ॥**

ਅਵਤਾ = ਉਲਟਾ।

ਜੋ ਆਪਣਾ ਕੰਮ ਨਾਮ ਜਪਣਾ ਹੈ, ਓਹ ਤਾਂ ਕਰਦਾ ਨਹੀਂ; ਸਗੋਂ ਇਸ ਲੋਕ ਵਿੱਚ ਉਲਟਾ ਆਕੜਿਆ ਫਿਰਦਾ ਹੈ। ਗੁਰੂ ਜੀ–ਨਾਮ ਵਿਸਾਰਨ ਨਾਲ ਸੁਖ ਕੀਕੁਣ ਹੋਵੇਗਾ ?

**ਮਃ ੫ ॥ ਬਿਖੈ ਕਉੜਤਣਿ ਸਗਲ ਮਾਹਿ ਜਗਤਿ ਰਹੀ ਲਪਟਾਇ ॥ ਨਾਨਕ ਜਨਿ ਵੀਚਾਰਿਆ ਮੀਠਾ ਹਰਿ ਕਾ ਨਾਉ ॥ ੨ ॥**

ਵਿਸ਼ਿਆਂ ਦੀ ਕੌੜੱਤਣ "ਪੀੜ" ਸਾਰੇ ਜਗਤ ਵਿੱਚ ਲਪਟ ਰਹੀ ਹੈ। ਗੁਰੂ ਜੀ-ਦਾਸ ਨੇ ਵਾਹਿਗੁਰੂ ਦਾ ਨਾਮ ਮਿੱਠਾ ਵਿਚਾਰਿਆ ਹੈ।

**ਪਉੜੀ ॥ ਇਹ ਨਿਸਾਣੀ ਸਾਧ ਕੀ ਜਿਸੁ ਭੇਟਤ ਤਰੀਐ ॥ ਜਮ ਕੰਕਰੁ ਨੇੜਿ ਨ ਆਵਈ ਫਿਰਿ ਬਹੁੜਿ ਨ ਮਰੀਐ ॥ ਭਵ ਸਾਗਰੁ ਸੰਸਾਰੁ ਬਿਖੁ ਸੋ ਪਾਰਿ ਉਤਰੀਐ ॥ ਹਰਿਗੁਣ ਗੁੰਫਹੁ ਮਨਿ ਮਾਲ ਹਰਿ ਸਭ ਮਲੁ ਪਰਹਰੀਐ ॥ ਨਾਨਕ ਪ੍ਰੀਤਮ ਮਿਲ ਰਹੇ ਪਾਰਬ੍ਰਹਮ ਨਰਹਰੀਐ ॥ ੧੧ ॥**

ਸਾਗਰੁ = ਸਮੁੰਦ੍ਰ। ਬਿਖੁ = ਵਿਹੁ, ਵਿਸ਼ੇ ਵਿਕਾਰ।

ਸੰਤ ਦੀ ਇਹ ਪੱਕੀ ਨਿਸ਼ਾਨੀ ਹੈ ਕਿ ਜਿਸ ਨੂੰ ਮਿਲਨ ਨਾਲ ਤਰਾ ਜਾਈਦਾ ਹੈ। ਜਮ ਦਾ ਦਾਸ ਨੇੜੇ ਨਹੀਂ ਆਉਂਦਾ ਅਰ ਨਾਂ ਹੀ ਮੁੜਕੇ ਮਰੀਦਾ ਹੈ। *ਜੇਹੜਾ ਦੁਖਦਾਈ ਭਿਆਨਕ ਸੰਸਾਰ ਸਮੁੰਦ੍ਰ

*ਭਵ = ਸੰਸਾਰ, ਜੰਮਣਾ, ਡਰ, ਸ਼ਿਵਜੀ, ਇਹਦੇ ਚਾਰ ਅਰਥ ਹਨ, ਏਥੇ "ਡਰ" ਕੀਤਾ ਹੈ।

Digitized by Panjab Digital Library | www.panjabdigilib.org

ਹੈ, ਤਿਸ ਤੋਂ ਪਾਰ ਉਤਰ ਜਾਈਦਾ ਹੈ। ਵਾਹਿਗੁਰੂ ਦੇ ਗੁਣਾਂ ਦੀ ਮਾਲਾ ਮਨ ਨਾਲ ਗੁੰਦਣੀ ਕਰੋ, ਵਾਹਿਗੁਰੂ ਸਾਰੀ ਮੈਲ ਦੂਰ ਕਰ ਦੇਵੇਗਾ।

ਗੁਰੂ ਜੀ-ਏਕੁਣ ਦੇ ਸੰਤ ਨਰਾਂ ਨੂੰ ਹਰਿਆਂ ਕਰਨ ਵਾਲੇ ਪਿਆਰੇ ਵਾਹਿਗੁਰੂ ਨਾਲ ਮਿਲ ਰਹੇ ਹਨ।

**ਸਲੋਕ ਮਃ ੫ ॥ ਨਾਨਕ ਆਏ ਸੇ ਪਰਵਾਣੁ ਹੈ ਜਿਨ੍ ਹਰਿ ਵੁਠਾ ਚਿਤਿ ॥ ਗਾਲ੍ੀ ਅਲ ਪਲਾਲੀਆ ਕੰਮਿ ਨ ਆਵਹਿ ਮਿਤ ॥ ੧ ॥**

ਅਲ ਪਲਾਲੀਆ = ਭੈੜੀਆਂ।

ਗੁਰੂ ਜੀ–ਓਹ ਆਦਮੀ ਆਏ ਪਰਵਾਣ ਹਨ, ਜਿਨ੍ਹਾਂ ਦੇ ਮਨ ਵਿਚ ਵਾਹਿਗੁਰੂ ਵੱਸਿਆ ਹੈ। ਹੇ ਮਿਤਰ! ਅਸਤ ਬਿਅਸਤ ਭਾਵ ਵਿਸ਼ਿਆਂ ਦੀਆਂ ਗਲਾਂ ਕੰਮ ਨਹੀਂ ਆਉਂਦੀਆਂ।

**ਮਃ ੫ ॥ ਪਾਰਬ੍ਰਹਮੁ ਪ੍ਰਭੁ ਦ੍ਰਿਸਟੀ ਆਇਆ ਪੂਰਨ ਅਗਮ ਬਿਸਮਾਦ ॥ ਨਾਨਕ ਰਾਮ ਨਾਮੁ ਧਨੁ ਕੀਤਾ ਪੂਰੇ ਗੁਰ ਪਰਸਾਦਿ ॥ ੨ ॥**

ਜੇਹੜਾ ਵਾਹਿਗੁਰੂ ਅਗਮ ਅਸਚਰਜ ਹੈ, ਸੋ ਸਾਰਿਆਂ ਵਿਚ ਪੂਰਨ ਨਜ਼ਰ ਆਇਆ ਹੈ। ਗੁਰੂ ਜੀ--ਪੂਰੇ ਗੁਰਾਂ ਦੀ ਕਿਰਪਾ ਨਾਲ ਵਾਹਿਗੁਰੂ ਦਾ ਨਾਮ ਧਨ ਹੀ ਕੱਠਾ ਕੀਤਾ ਹੈ।

**ਪਉੜੀ ॥ ਧੋਹੁ ਨ ਚਲੀ ਖਸਮ ਨਾਲਿ ਲਬਿ ਮੋਹਿ ਵਿਗੁਤੇ ॥ ਕਰਤਬ ਕਰਨਿ ਭਲੇਰਿਆ ਮਦਿ ਮਾਇਆ ਸੁਤੇ ॥ ਫਿਰਿ ਫਿਰਿ ਜੂਨਿ ਭਵਾਈਅਨਿ੍ ਜਮ ਮਾਰਗਿ ਮੁਤੇ ॥ ਕੀਤਾ ਪਾਇਨਿ ਆਪਣਾ ਦੁਖ ਸੇਤੀ ਜੁਤੇ ॥ ਨਾਨਕ ਨਾਇ ਵਿਸਾਰਿਐ ਸਭ ਮੰਦੀ ਰੁਤੇ ॥ ੧੨ ॥**

[ ਧੋਹੁ = ਦਗਾ। ਵਿਗੁਤੇ = ਖਰਾਬ ਹੋਏ।
ਮਾਰਗ = ਰਸਤਾ ਮੁਤੇ = ਲੁਟੇ, ਖਰਾਬ, ਛੱਡੇ ਗਏ, ਘੱਲੇ ਗਏ। ]

ਜੇਹੜੇ ਲਬ ਲੋਭ ਮੋਹ ਵਿਚ ਖਰਾਬ ਹੋਏ ਹੋਏ ਹਨ ਅਤੇ ਦਗਾ ਕਰਨ ਵਾਸਤੇ ਭੇਖ ਧਾਰੇ ਹੋਏ ਹਨ,ਓਹਨਾਂਦਾ ਦਗਾ ਵਾਹਿਗੁਰੂ ਨਾਲ ਨਹੀਂ

Digitized by Panjab Digital Library | www.panjabdigilib.org

ਚਲਦਾ। ਮਾਇਆ ਦੇ ਹੰਕਾਰ ਵਿਚ ਸੁਤੇ ਹੋਏ ਹਨ,ਦਿਖਲਾਵੇ ਮਾਤਰ ਚੰਗੇ ਕੰਮ ਕਰਦੇਹਨ;ਵਾਸਤਵ ਵਿਚ ਭੈੜੇ ਹੁੰਦੇ ਹਨ। ਓਹ ਮੁੜਕੇ ਜੂਨਾਂ ਵਿਚ ਭਵਾਈਦੇ ਹਨ ਅਤੇ ਜਮ ਦੇ ਰਸਤੇ ਵਿਚ ਖਰਾਬ ਹੁੰਦੇ ਹਨ। ਦੁਖਾਂ ਨਾਲ ਜੁੜੇ ਹੋਏ ਆਪਣਾ ਕੀਤਾ ਪਾਉਂਦੇ ਹਨ। ਗੁਰੂ ਜੀ--ਜਿਨ੍ਹਾਂ ਨੇ ਨਾਮ ਵਿਸਾਰਿਆ ਹੈ;ਓਨ੍ਹਾਂ ਨੂੰ ਸਭ ਸਮਾਂ ਦੁਖਦਾਈ ਹੈ।

**ਸਲੋਕ ਮਃ ੫ ॥ ਉਠੰਦਿਆ ਬਹੰਦਿਆ ਸਵੰਦਿਆ ਸੁਖੁ ਸੋਇ ॥ ਨਾਨਕ ਨਾਮਿ ਸਲਾਹਿਐ ਮਨੁ ਤਨੁ ਸੀਤਲੁ ਹੋਇ ॥ ੧ ॥**

ਉਠਦਿਆਂ ਬਹਿੰਦਿਆਂ ਸੌਂਦਿਆਂ ਸੋ ਸੁਖ ਹੁੰਦਾ ਹੈ (ਜੇਹੜਾ ਕਦੀ ਵੀ ਕਿਸੇ ਤਰਾਂ ਕਿਸੇ ਪੁਰਸ਼ ਨੂੰ ਨ ਹੋ ਸਕਿਆ ਹੋਵੇ।) ਗੁਰੂ ਜੀ-ਨਾਮ ਨੂੰ ਸਲਾਹੀਏ ਤਾਂ ਮਨ ਤਨ ਠੰਢਾ ਹੁੰਦਾ ਹੈ।

**ਮਃ ੫ ॥ ਲਾਲਚਿ ਅਟਿਆ ਨਿਤ ਫਿਰੈ ਸੁਆਰਥੁ ਕਰੇ ਨ ਕੋਇ ॥ ਜਿਸੁ ਗੁਰੁ ਭੇਟੈ ਨਾਨਕਾ ਤਿਸੁ ਮਨਿ ਵਸਿਆ ਸੋਇ ॥ ੨ ॥**

ਅਟਿਆ – ਦੱਬਿਆ। ਸੁਆਰਥ – ਚੰਗਾ ਕੰਮ।

ਲਾਲਚ ਦਾ ਦੱਬਿਆ ਹੋਇਆ ਨਿਤ ਫਿਰਦਾ ਹੈ, ਚੰਗਾ ਕੰਮ ਕੋਈ ਨਹੀਂ ਕਰਦਾ। ਗੁਰੂ ਜੀ–ਜਿਸਨੂੰ ਗੁਰੂ ਮਿਲੇ ਹਨ,ਉਸਦੇ ਮਨ ਵਿਚ ਸੋ ਵਾਹਿਗੁਰੂ ਵਸਿਆ ਹੈ।

**ਪਉੜੀ ॥ ਸਭੇ ਵਸਤੂ ਕਉੜੀਆ ਸਚੇ ਨਾਉ ਮਿਠਾ ॥ ਸਾਦੁ ਆਇਆ ਤਿਨ ਹਰਿ ਜਨਾਂ ਚਖਿ ਸਾਧੀ ਡਿਠਾ ॥ ਪਾਰਬ੍ਰਹਮਿ ਜਿਸੁ ਲਿਖਿਆ ਮਨਿ ਤਿਸੈ ਵੁਠਾ ॥ ਇਕੁ ਨਿਰੰਜਨੁ ਰਵਿ ਰਹਿਆ ਭਾਉ ਦੁਯਾ ਕੁਠਾ ॥ ਹਰਿ ਨਾਨਕ ਮੰਗੈ ਜੋੜਿ ਕਰਿ ਪ੍ਰਭੁ ਦੇਵੈ ਤੁਠਾ ॥ ੧੩॥**

ਹੋਰ ਸਾਰੀਆਂ ਚੀਜ਼ਾਂ ਦੁਖਦਾਈ ਹਨ, ਇਕ ਸੱਚੇ ਵਾਹਿਗੁਰੂ ਦਾ ਨਾਮ ਸੁਖਦਾਈ ਹੈ। ਪਰ ਤਿਨ੍ਹਾਂ ਵਾਹਿਗੁਰੂ ਦੇ ਦਾਸਾਂ ਨੂੰ ਸੁਆਦ ਆਇਆ ਹੈ,ਜਿਨ੍ਹਾਂਨੇ ਚੰਗੇ ਸੰਤਾਂ ਦੀ ਰਾਹੀਂ ਚੱਖਕੇ ਡਿਠਾ ਹੈ। ਜਿਸਦੇ ਮੱਥੇ ਤੇ ਚੰਗਾ ਲੇਖ ਲਿਖਿਆ ਹੈ, ਉਸਦੇ ਮਨ ਵਿਚ ਵਾਹਿਗੁਰੂ ਵਸਿਆ ਹੈ।

ਜਿਸ ਨੇ ਦ੍ਵੈਤ ਭਾਉ ਨੂੰ ਨਾਸ ਕਰ ਦਿਤਾ ਹੈ, ਉਸ ਨੇ ਸਾਰੇ ਇਕ

Digitized by Panjab Digital Library | www.panjabdigilib.org

ਵਾਹਿਗੁਰੂ ਨੂੰ ਫੈਲਿਆ ਹੋਯਾ ਜਾਣਿਆ ਹੈ। ਗੁਰੂ ਜੀ-ਮੈਂ ਹੱਥ ਜੋੜਕੇ ਵਾਹਿਗੁਰੂ ਪਾਸੋਂ ਇਕ ਦ੍ਰਿਸ਼ਟੀ ਮੰਗਦਾ ਹਾਂ, ਪ੍ਰਭੂ ਪ੍ਰਸੰਨ ਹੋਕੇ ਦੇਣਗੇ।

**ਸਲੋਕ ਮਃ ੫ ॥ ਜਾਚੜੀ ਸਾ ਸਾਰੁ ਜੋ ਜਾਚੰਦੀ ਹੇਕੜੋ ॥ ਗਾਲ੍ਹੀ ਬਿਆ ਵਿਕਾਰ ਨਾਨਕ ਧਣੀ ਵਿਹੂਣੀਆ ॥ ੧ ॥**

{ ਜਾਚੜੀ = ਮੰਗਤੀ। ਸਾਰ = ਚੰਗੀ। ਹੇਕੜੋ = ਇਕ। ਬਿਆ = ਹੋਰ ਵਾ ਦੋ। ਵਿਕਾਰ = ਐਂਵੇ। }

ਬੁਧੀ ਵਾ ਬਾਣੀ ਰੂਪ ਓਹੋ ਮੰਗਤੀ ਚੰਗੀ ਹੈ। ਜੇਹੜੀ ਇਕ ਵਾਹਿਗੁਰੂ ਨੂੰ ਮੰਗਦੀ ਹੈ। ਗੁਰੂ ਜੀ—ਜੇਹੜੀਆਂ ਵਾਹਿਗੁਰੂ ਤੋਂ ਬਿਨਾਂ ਗੱਲਾਂ ਹਨ, ਓਹ ਬਿਅਰਥ ਹਨ।

**ਮਃ ੫ ॥ ਨੀਹਿ ਜਿ ਵਿਧਾ ਮੰਨੁ ਪਛਾਣੂ ਵਿਰਲੋ ਥਿਓ ॥ ਜੋੜਣਹਾਰਾ ਸੰਤੁ ਨਾਨਕ ਪਾਧਰੁ ਪਧਰੋ ॥ ੨ ॥**

{ ਨੀਹਿ = ਪ੍ਰੇਮ। ਵਿਧਾ = ਮਿਲਿਆ। ਥਿਓ = ਹੋਇਆ। ਪਾਧਰੁ = ਰਸਤਾ। ਪਧਰੋ = ਸੁਖਾਲਾ। }

ਜਿਨ੍ਹਾਂ ਦਾ ਮਨ ਵਾਹਿਗੁਰੂ ਦੇ ਪ੍ਰੇਮ ਵਿਚ ਮਿਲਿਆ ਹੈ, ਓਨ੍ਹਾਂ ਦਾ ਪਛਾਣੂ ਕੋਈ ਵਿਰਲਾ ਹੀ ਹੋਇਆ ਹੈ। ਗੁਰੂ ਜੀ—ਵਾਹਿਗੁਰੂ ਵਿਚ ਮਨ ਨੂੰ ਜੋੜਨ ਵਾਲਾ ਸੰਤ ਜਿਨ੍ਹਾਂ ਨੂੰ ਮਿਲਿਆ ਹੈ, ਤਿਨ੍ਹਾਂ ਨੂੰ ਸੁਖੱਲਾ ਰਸਤਾ ਲਭ ਪਿਆ ਹੈ।

**ਪਉੜੀ ॥ ਸੋਈ ਸੇਵਿਹੁ ਜੀਅੜੇ ਦਾਤਾ ਬਖਸਿੰਦੁ ॥ ਕਿਲਵਿਖ ਸਭਿ ਬਿਨਾਸੁ ਹੋਨਿ ਸਿਮਰਤ ਗੋਵਿੰਦੁ ॥ ਹਰਿ ਮਾਰਗੁ ਸਾਧੂ ਦਸਿਆ ਜਪੀਐ ਗੁਰ ਮੰਤੁ ॥ ਮਾਇਆ ਸੁਆਦ ਸਭਿ ਫਿਕਿਆ ਹਰਿ ਮਨਿ ਭਾਵੰਦੁ ॥ ਧਿਆਇ ਨਾਨਕ ਪਰਮੇਸਰੈ ਜਿਨਿ ਦਿਤੀ ਜਿੰਦੁ ॥ ੧੪ ॥**

ਹੇ ਜੀਵੋ! ਓਸੇ ਨੂੰ ਹੀ ਸੇਵੋ ਜਿਹੜਾ ਬਖਸ਼ਨਹਾਰ ਦਾਤਾ ਹੈ। ਵਾਹਿਗੁਰੂ ਨੂੰ ਯਾਦ ਕਰਨ ਨਾਲ ਸਾਰੇ ਪਾਪ ਨਾਸ ਹੋ ਜਾਣਗੇ। ਵਾਹਿਗੁਰੂ ਦਾ ਰਸਤਾ ਸੰਤਾਂ ਨੇ ਦੱਸਿਆ ਹੈ, ਇਸ ਲਈ ਗੁਰਾਂ ਦਾ ਉਪਦੇਸ਼ ਜਪੀਏ। ਮਾਇਆ ਦੇ ਸੁਆਦ ਸਾਰੇ ਫਿਕੇ ਹਨ, ਵਾਹਿਗੁਰੂ

Digitized by Panjab Digital Library | www.panjabdigilib.org

ਮਨ ਨੂੰ ਚੰਗਾ ਲਗਦਾ ਹੈ। ਗੁਰੂ ਜੀ-ਵਾਹਿਗੁਰੂ ਨੂੰ ਯਾਦ ਕਰ, ਜਿਸਨੇ ਜਿੰਦ ਦਿੱਤੀ ਹੈ।

**ਸਲੋਕ ਮਃ ੫ ॥ ਵਤ ਲਗੀ ਸਚੇ ਨਾਮ ਕੀ ਜੋ ਬੀਜੇ ਸੋ ਖਾਇ ॥ ਤਿਸਹਿ ਪਰਾਪਤਿ ਨਾਨਕਾ ਜਿਸਨੋ ਲਿਖਿਆ ਆਇ ॥ ੧ ॥**

(ਜੀਕੁਣ ਮੀਂਹ ਵਰ੍ਹਨ ਦੇ ਪਿਛੋਂ ਜਦੋਂ ਜ਼ਮੀਨ ਨੂੰ ਵੱਤਰ ਆਉਂਦਾ ਹੈ, ਜੇ ਓਸੇ ਵੇਲੇ ਹੀ ਕੁਝ ਬੀਜਿਆ ਜਾਵੇ ਤਾਂ ਸਮੇ ਸਿਰ ਛਕਣ ਨੂੰ ਮਿਲ ਜਾਂਦਾ ਹੈ) ਈਕੁਣ ਹੀ ਹੁਣ ਕਲਜੁਗ ਵਿਚ ਸਚੇ ਨਾਮ ਦੀ ਵਤ ਲਗੀ ਹੈ, ਜੇਹੜਾ ਬੀਜੇਗਾ ਸੋ ਖਾਏਗਾ ਅਥਵਾ ਜੀਕੁਣ ਦਾ ਬੀਅ ਪਾਵੇਗਾ, ਓਸੇ ਤਰਾਂ ਦਾ ਵੱਢੇਗਾ ਭਾਵ ਜੇਹੜਾ ਮਨੁਖਾ ਜਨਮ ਵਿਚ ਭਜਣ ਕਰੇਗਾ, ਓਸਨੂੰ ਸੁਖ ਹੋਵੇਗਾ। ਗੁਰੂ ਜੀ-ਜਿਸਨੂੰ ਧੁਰੋਂ ਹੀ ਲਿਖਿਆ ਹੋਇਆ ਆਇਆ ਹੈ, ਇਹ ਓਸੇ ਨੂੰ ਹੀ ਪ੍ਰਾਪਤ ਹੁੰਦਾ ਹੈ।

**ਮਃ ੫ ॥ ਮੰਗਣਾ ਤ ਸਚੁ ਇਕੁ ਜਿਸੁ ਤੁਸਿ ਦੇਵੈ ਆਪਿ ॥ ਜਿਤੁ ਖਾਧੈ ਮਨੁ ਤ੍ਰਿਪਤੀਐ ਨਾਨਕ ਸਾਹਿਬ ਦਾਤਿ ॥ ੨ ॥**

ਜੇ ਮੰਗਣਾ ਹੋਵੇ ਤਾਂ ਇਕ ਸੱਚੇ ਨਾਮ ਨੂੰ ਮੰਗੀਏ, ਪਰ ਇਹ ਤਿਸਨੂੰ ਮਿਲਦਾ ਹੈ, ਜਿਸਨੂੰ ਆਪ ਵਾਹਿਗੁਰੂ ਪ੍ਰਸੰਨ ਹੋਕੇ ਦੇਂਦਾ ਹੈ। ਗੁਰੂ ਜੀ-ਜਿਸਦੇ ਖਾਣ ਕਰਕੇ ਮਨ ਰੱਜ ਜਾਂਦਾ ਹੈ, ਓਹ ਨਾਮ ਵਾਹਿਗੁਰੂਦੀ ਦਾਤ ਹੈ।

**ਪਉੜੀ ॥ ਲਾਹਾ ਜਗ ਮਹਿ ਸੇ ਖਟਹਿ ਜਿਨ ਹਰਿ ਧਨੁ ਰਾਸਿ ॥ ਦੁਤੀਆ ਭਾਉ ਨ ਜਾਣਨੀ ਸਚੇ ਦੀ ਆਸ ॥ ਨਿਹਚਲੁ ਏਕੁ ਸਰੇਵਿਆ ਹੋਰੁ ਸਭ ਵਿਣਾਸੁ ॥ ਪਾਰਬ੍ਰਹਮੁ ਜਿਸੁ ਵਿਸਰੈ ਤਿਸੁ ਬਿਰਥਾ ਸਾਸੁ ॥ ਕੰਠਿ ਲਾਇ ਜਨ ਰਖਿਆ ਨਾਨਕ ਬਲਿ ਜਾਸੁ ॥ ੧੫ ॥**

ਜਿਨ੍ਹਾਂ ਦੇ ਪਾਸ ਵਾਹਿਗੁਰੂ ਦੇ ਨਾਮ ਧਨ ਦੀ ਰਾਸ ਹੈ, ਓਹ ਜਗਤ ਵਿਚ ਲਾਭ ਖੱਟਦੇ ਨਨ। ਦ੍ਵੈਤ ਭਾਉ ਨੂੰ ਜਾਣਦੇ ਨਹੀਂ, ਇਕ ਵਾਹਿਗੁਰੂ ਦੀ ਆਸ ਰੱਖਦੇ ਹਨ। ਹੋਰ ਸਾਰੇ ਸੰਸਾਰ ਨੂੰ ਨਾਸਵੰਤ ਜਾਣਕੇ ਇਕ ਨਿਹਚਲ ਨੂੰ ਸੇਵਿਆ ਹੈ। ਜਿਸਨੂੰ ਵਾਹਿਗੁਰੂ ਭੁਲ ਜਾਂਦਾ ਹੈ,ਓਸ ਦਾ ਸਾਸ ਬਿਰਥਾ ਜਾਂਦਾ ਹੈ। ਗੁਰੂ ਜੀ-ਜੋਹੜਾ ਭਗਤ

Digitized by Panjab Digital Library | www.panjabdigilib.org

ਨੂੰ ਗਲ ਨਾਲ ਲਾਕੇ ਰਖਿਆ ਕਰਦਾ ਹੈ,ਮੈਂ ਉਸਤੋਂ ਬਲਿਹਾਰੇ ਜਾਂਦਾ ਹਾਂ।

**ਸਲੋਕ ਮਃ ੫ ॥ ਪਾਰਬ੍ਰਹਮਿ ਫੁਰਮਾਇਆ ਮੀਹੁ ਵੁਠਾ ਸਹਜਿ ਸੁਭਾਇ ॥ ਅੰਨੁ ਧੰਨੁ ਬਹੁਤੁ ਉਪਜਿਆ ਪ੍ਰਿਥਮੀ ਰਜੀ ਤਿਪਤਿ ਅਘਾਇ ॥ ਸਦਾ ਸਦਾ ਗੁਣ ਉਚਰੈ ਦੁਖੁ ਦਾਲਦੁ ਗਇਆ ਬਿਲਾਇ ॥ ਪੂਰਬਿ ਲਿਖਿਆ ਪਾਇਆ ਮਿਲਿਐ ਤਿਸੈ ਰਜਾਇ ॥ ਪਰਮੇਸਰਿ ਜੀਵਾਲਿਆ ਨਾਨਕ ਤਿਸੈ ਧਿਆਇ ॥ ੧ ॥**

ਜਦੋਂ ਵਾਹਿਗੁਰੂ ਨੇ ਹੁਕਮ ਕੀਤਾ ਤਾਂ ਮੀਂਹ ਵਰਿਆ ਭਾਵ ਜਦੋਂ ਵਾਹਿਗੁਰੂ ਰੂਪ ਗੁਰਾਂ ਨੇ ਉਪਦੇਸ਼ ਦਿਤਾ ਤਾਂ ਸਿਖਾਂ ਦਾ ਮਨ ਸ਼ਾਂਤੀ ਸੁਭਾਉ ਵਾਲਾ ਹੋਇਆ।

{ ਤਿਪਤਿ = ਤ੍ਰਿਪਤ ਹੋਈ, ਰੱਜ ਗਈ। ਅਘਾਇ = ਖਾਕੇ ਰੱਜਣਾ। ਬਿਲਾਇ = ਦੂਰ ਹੋ ਗਿਆ। }

ਬੜਾ ਅੰਨ ਧਨ ਹੋ ਗਿਆ ਧਰਤੀ ਪਾਣੀ ਨਾਲ ਬਹੁਤ ਭਰ ਗਈ ਭਾਵ ਚੰਗੇ ਗੁਣ ਲੋਕਾਂ ਵਿਚ ਹੋਏ ਅਤੇ ਸਭਨਾਂ ਸਿਖਾਂ ਦੀ ਬੁਧੀ ਰੱਜ ਗਈ।

ਓਹ ਸਿਖ ਹਮੇਸ਼ਾਂ ਗੁਣਾਂ ਨੂੰ ਉਚਾਰਦੇ ਹਨ, ਓਨ੍ਹਾਂ ਦਾ ਦੁਖ ਦਲਿਦ੍ਰ ਦੂਰ ਹੋ ਗਿਆ ਹੈ। ਜਿਸਨੇ ਧੁਰੋਂ ਹੀ ਚੰਗਾ ਲੇਖ ਲਿਖਿਆ ਹੋਇਆ ਪਾਇਆ ਹੈ ਭਾਵ ਜਿਸਦਾ ਪਹਿਲੋਂ ਹੀ ਚੰਗਾ ਲੇਖ ਲਿਖਿਆ ਹੋਇਆ ਸੀ, ਉਸਨੂੰ ਵਾਹਿਗੁਰੂ ਦਾ ਨਾਮ ਮਿਲਿਆ। ਗੁਰੂ ਜੀ–ਜਿਸ ਵਾਹਿਗੁਰੂ ਨੇ ਜੀਵਾਲਿਆ ਹੈ, ਉਸਨੂੰ ਯਾਦ ਕਰ।

**ਮਃ ੫ ॥ ਜੀਵਨ ਪਦੁ ਨਿਰਬਾਣੁ ਇਕੋ ਸਿਮਰੀਐ ॥ ਦੂਜੀ ਨਾਹੀ ਜਾਇ ਕਿਨਿ ਬਿਧਿ ਧੀਰੀਐ ॥ ਡਿਠਾ ਸਭੁ ਸੰਸਾਰੁ ਸੁਖੁ ਨ ਨਾਮ ਬਿਨੁ ॥ ਤਨੁ ਧਨੁ ਹੋਸੀ ਛਾਰੁ ਜਾਣੈ ਕੋਇ ਜਨੁ ॥ ਰੰਗ ਰੂਪ ਰਸ ਬਾਦਿ ਕਿ ਕਰਹਿ ਪਰਾਣੀਆ ॥ ਜਿਸੁ ਭੁਲਾਇ ਆਪਿ ਤਿਸੁ ਕਲ ਨਹੀ ਜਾਣੀਆ ॥ ਰੰਗਿ ਰਤੇ ਨਿਰਬਾਣੁ ਸਚਾ ਗਾਵਹੀ ॥ ਨਾਨਕ ਸਰਣਿ ਦੁਆਰਿ ਜੇ ਤੁਧੁ ਭਾਵਹੀ ॥ ੨ ॥**

ਜੀਵਨ ਪਦਵੀ ਪਾਉਣ ਲਈ ਇਕ ਸੁਧ ਵਾਹਿਗੁਰੂ ਨੂੰ ਯਾਦ

Digitized by Panjab Digital Library | www.panjabdigilib.org

ਕਰੀਏ। ਇਕ ਤੋਂ ਬਿਨਾਂ ਦੂਜੀ ਥਾਂ ਨਹੀਂ,ਕੀਕੁਣ ਧੀਰਜ ਕਰੀਏ? ਸਾਰਾ ਜਗ ਦੇਖਿਆ ਹੈ,ਨਾਮ ਤੋਂ ਬਿਨਾਂ ਕਿਤੇ ਵੀ ਸੁਖ ਨਹੀਂ। ਇਹ ਤਨ ਧਨ ਸੁਆਹ ਹੋਜਾਏਗਾ,ਕੋਈ ਵਿਰਲਾ ਹੀ ਜਾਣਦਾ ਹੈ। ਅਨੰਦ ਤਮਾਸ਼ੇ ਸੁੰਦਰ ਰੂਪ ਵਿਸ਼ਿਆਂ ਦੇ ਸੁਆਦ ਸਭ ਬਾਦ = ਬਿਅਰਥ ਹਨ, ਹੇ ਪ੍ਰਾਣੀ! ਇਹਨਾਂ ਦਾ ਅਨੰਦ ਲੈਣਾ ਕੀ ਕਰਦਾ ਹੈਂ ? ਜਿਸਨੂੰ ਆਪ ਭੁਲਾਉਂਦਾ ਹੈ,ਉਸਨੇ ਵਾਹਿਗੁਰੂ ਦੀ ਸ਼ਕਤੀ ਨਹੀਂ ਜਾਣੀ। ਜੇਹੜੇ ਸ਼ੁਧ ਵਾਹਿਗੁਰੂ ਦੇ ਪ੍ਰੇਮ ਵਿਚ ਰੱਤੇ ਹੋਏ ਹਨ, ਓਹ ਸਚਾ ਨਾਮ ਗਾਉਂਦੇ ਹਨ। ਗੁਰੂਜੀ–ਹੇ ਵਾਹਿਗੁਰੂ ! ਜੇ ਤੈਨੂੰ ਇਹ ਸਾਰੀਬੇਨਤੀਭਾਉਂਦੀ ਹੈ ਤਾਂ ਸਾਧ ਸੰਗਤ ਦੇ ਬੂਹੇ ਦੀ ਸ਼ਰਨ ਦੇਹ ਅਥਵਾ ਹੇ ਭਾਈ! ਜੇ ਤੈਨੂੰਇਹ ਗਲ ਚੰਗੀ ਲਗਦੀ ਹੈ ਤਾਂ ਸਾਧ ਸੰਗਤ ਦੇ ਬੂਹੇ ਦੀ ਸ਼ਰਨ ਪੌ।

**ਪਉੜੀ ॥ ਜੰਮਣੁ ਮਰਣੁ ਨ ਤਿੰਨ੍ ਕਉ ਜੋ ਹਰਿ ਲੜਿ ਲਾਗੇ ॥ ਜੀਵਤ ਸੇ ਪਰਵਾਣੁ ਹੋਏ ਹਰਿ ਕੀਰਤਨਿ ਜਾਗੇ ॥ ਸਾਧ ਸੰਗੁ ਜਿਨ੍ ਪਾਇਆ ਸੇਈ ਵਡਭਾਗੇ ॥ ਨਾਇ ਵਿਸਰਿਐ ਧ੍ਰਿਗੁ ਜੀਵਣਾ ਤੂਟੇ ਕਚ ਧਾਗੇ ॥ ਨਾਨਕ ਧੂੜਿ ਪੁਨੀਤ ਸਾਧ ਲਖ ਕੋਟਿ ਪਿਰਾਗੇ ॥ ੧੬ ॥**

ਜੇਹੜੇ ਵਾਹਿਗੁਰੂ ਦੇ ਲੜ ਲਗੇ ਹਨ, ਓਨ੍ਹਾਂ ਨੂੰ ਜਨਮ ਮਰਣ ਨਹੀਂ ਹੁੰਦਾ। ਜੇਹੜੇ ਵਾਹਿਗੁਰੂ ਦੇ ਕੀਰਤਨ ਵਿਚ ਜਾਗਦੇ ਹਨ, ਓਹ ਜੀਂਉਦੇ ਹੀ ਪਰਵਾਣ ਹੋਏ ਹਨ। ਜਿਨ੍ਹਾਂ ਨੇ ਸਾਧ ਸੰਗਤ ਨੂੰ ਪਾਇਆ ਹੈ,ਓਹੋ ਹੀ ਵੱਡਿਆਂ ਭਾਗਾਂ ਵਾਲੇ ਹਨ। ਜੇਹੜਾ ਨਾਮ ਵਿਸਾਰਦਾ ਹੈ ਅਥਵਾ ਨਾਮ ਦੇ ਭੁਲਣ ਨਾਲ ਜੀਉਂਣ ਨੂੰ ਧ੍ਰਿਗ ਹੈ, ਜੀਕੁਣ ਕੱਚਾ ਧਾਗਾ ਟੁਟਦਾ ਹੈ,ਈਕੁਣ ਇਹ ਸਰੀਰ ਨਾਸ ਹੋਵੇਗਾ। ਗੁਰੂ ਜੀ–ਸੰਤਾਂ ਦੇ ਚਰਨਾਂ ਦੀ ਧੂੜ ਪਰਾਗਰਾਜ ਦੇ ਲੱਖਾਂ ਕ੍ਰੋੜਾਂ ਇਸ਼ਨਾਨਾਂ ਨਾਲੋਂ ਪਵਿਤ੍ਰ ਹੈ।

**ਸਲੋਕ ਮਃ ੫ ॥ ਧਰਣਿ ਸੁਵੰਨੀ ਖੜ ਰਤਨ ਜੜਾਵੀ ਹਰਿ ਪ੍ਰੇਮਪੁਰਖੁ ਮਨਿ ਵੁਠਾ ॥ ਸਭੇ ਕਾਜੁ ਸੁਹੇਲੜੇ ਥੀਏ ਗੁਰੁ ਨਾਨਕੁ ਸਤਿਗੁਰੁ ਤੁਠਾ ॥ ੧ ॥**

ਸੁਵੰਨੀ = ਚੰਗੇ ਰੰਗ ਵਾਲੀ । ਖੜ = ਘਾਹ, ਛੇ। ਜੜਾਵੀ = ਜੜੀ ਹੋਈ।

ਜੀਕੁਣ ਮੀਂਹਵਰ੍ਹਨ ਨਾਲ ਧਰਤੀ ਚੰਗੇ ਹਰੇ ਹਰੇ ਰੰਗ ਵਾਲੀ ਘਾਹ ਆਦਿਕ ਰਤਨਾਂ ਨਾਲ ਜੜੀ ਹੋਈ ਚੰਗੀ ਲਗਦੀ ਹੈ, ਈਕੁਣ ਹੀ ਜਿਸ

Digitized by Panjab Digital Library | www.panjabdigilib.org

ਆਦਮੀ ਦੇ ਮਨ ਵਿਚ ਵਾਹਿਗੁਰੂ ਦਾ ਪ੍ਰੇਮ ਵਸਿਆ ਹੈ, ਓਸ ਦੀ ਬੁਧੀ ਖਟ ਸੰਪਤੀ ਸਾਧਨਾਂ ਸਹਿਤ ਚੰਗੀ ਲਗਦੀ ਹੈ। ਗੁਰੂ ਜੀ--ਜਿਨ੍ਹਾਂ ਤੇ ਗੁਰੂ ਪ੍ਰਸੰਨ ਹੋਇਆ ਹੈ, ਓਨ੍ਹਾਂ ਦੇ ਸਾਰੇ ਕਾਰਜ ਸੁਖਾਲੇ ਹੋ ਗਏ ਹਨ।

**ਮਃ ੫ ॥ ਫਿਰਦੀ ਫਿਰਦੀ ਦਹ ਦਿਸਾ ਜਲ ਪਰਬਤ ਬਨਰਾਇ ॥ ਜਿਥੈ ਡਿਠਾ ਮਿਰਤਕੋ ਇਲ ਬਹਿਠੀ ਆਇ ॥ ੨ ॥**

ਬਨਰਾਇ = ਬਨਾਸਪਤੀ। ਮਿਰਤਕੋ = ਮੁਰਦਾ।

ਸਮੁੰਦਰ ਪਹਾੜਾਂ ਜੰਗਲਾਂ ਦਸਾਂ ਦਿਸ਼ਾਂ ਵਲ ਭੌਂਦੀ ਭੌਂਦੀ। ਜਿਥੇ ਮੁਰਦਾ ਦੇਖਦੀ ਹੈ ਓਥੇ *ਇਲ ਆ ਬਹਿੰਦੀ ਹੈ। ਈਕੁਣ ਹੀ ਬਣ ਵਾਸੀ ਘਰ ਛੱਡਕੇ ਜੰਗਲਾਂ ਵਿਚ ਭੌਂਦਾ ਭੌਂਦਾ ਜਿਥੇ ਧਨ ਇਸਤਰੀ ਵੇਖਦਾ ਹੈ, ਬੈਠ ਜਾਂਦਾ ਹੈ।

**ਪਉੜੀ ॥ ਜਿਸੁ ਸਰਬ ਸੁਖਾ ਫਲ ਲੋੜੀਅਹਿ ਸੋ ਸਚੁ ਕਮਾਵਉ ॥ ਨੇੜੈ ਦੇਖਉ ਪਾਰਬ੍ਰਹਮੁ ਇਕੁ ਨਾਮੁ ਧਿਆਵਉ ॥ ਹੋਇ ਸਗਲ ਕੀ ਰੇਣੁਕਾ ਹਰਿ ਸੰਗਿ ਸਮਾਵਉ ॥ ਦੂਖੁ ਨ ਦੇਈ ਕਿਸੈ ਜੀਅ ਪਤਿ ਸਿਉ ਘਰਿ ਜਾਵਉ ॥ ਪਤਿਤ ਪੁਨੀਤ ਕਰਤਾ ਪੁਰਖੁ ਨਾਨਕ ਸੁਣਾਵਉ ॥ ੧੭ ॥**

ਜਿਸਨੂੰ ਸਾਰੇ ਸੁਖਦਾਈ ਫਲਾਂ ਦੀ ਲੋੜ ਹੈ, ਓਹ ਸੱਚ ਨੂੰ ਕਮਾਵ, ਅਥਵਾ ਜੇ ਤੁਹਾਨੂੰ ਸਾਰੇ ਸੁਖਦਾਈ ਫਲ ਚਾਹੀਦੇ ਹਨ ਤਾਂ ਵਾਹਿਗੁਰੂ ਦੇ ਸੱਚੇ ਨਾਮ ਨੂੰ ਜਪੋ। ਇਕ ਨਾਮ ਨੂੰ ਯਾਦ ਕਰੋ ਅਰ ਵਾਹਿਗੁਰੂ ਨੂੰ ਨੇੜੇ ਦੇਖੋ। ਜੇ ਸਾਰਿਆਂ ਦੇ ਚਰਨਾਂ ਦੀ ਧੂੜ ਹੋਕੇ ਰਹੋਗੇ ਤਾਂ ਵਾਹਿਗੁਰੂ ਨਾਲ ਮਿਲ ਜਾਓਗੇ। ਜੇ ਕਿਸੇ ਜੀਅ ਨੂੰ ਦੁਖ ਨ ਦਿਓਗੇ ਤਾਂ ਇਜ਼ਤ ਨਾਲ ਆਪਣੇ ਵਾਹਿਗੁਰੂ ਦੇ ਘਰ ਨੂੰ ਜਾਓਗੇ। ਗੁਰੂ ਜੀ–ਪਾਪੀਆਂਨੂੰ ਪਵਿਤ੍ਰ ਕਰਨ ਵਾਲਾ ਵਾਹਿਗੁਰੂ ਦਾ ਜਸ ਆਪ ਸੁਣੋ ਤੇ ਹੋਰਨਾਂ ਨੂੰ ਸੁਣਾਵੋ।

---

*ਇਲ = ਬੁਧੀ ਭਾਵ ਭੈੜਿਆਂ ਆਦਮੀਆਂ ਦੀ ਐਂਵੇ ਮਤ ਮਾਰੀ ਜਾਂਦੀਹੈ। ਪਹਿਲਾਂ ਘਰ ਨੂੰ ਛੱਡ ਦੇਂਦੇ ਹਨ,ਫੇਰ ਜਿਥੇ ਦੌਲਤ ਔਰਤ ਵੇਖਦੇ ਹਨ, ਓਥੇ ਹੀ ਡਿਗ ਪੈਂਦੇ ਹਨ।

Digitized by Panjab Digital Library | www.panjabdigilib.org

**ਸਲੋਕ ਦੋਹਾ ਮਃ ੫ ॥ ਏਕੁ ਜਿ ਸਾਜਨੁ ਮੈ ਕੀਆ ਸਰਬ ਕਲਾ ਸਮਰਥੁ ॥ ਜੀਉ ਹਮਾਰਾ ਖੰਨੀਐ ਹਰਿ ਮਨ ਤਨ ਸੰਦੜੀ ਵਥੁ ॥ ੧ ॥**

ਖੰਨੀਐ = ਟੁਕੜੇ। ਸੰਦੜੀ = ਦੀ। ਵਥੁ = ਚੀਜ਼।

ਜੇਹੜਾ ਮੈਂ ਇਕ ਵਾਹਿਗੁਰੂ ਸੱਜਨ ਬਣਾਇਆ ਹੈ, ਓਹ ਸਰਬ ਕਲਾਂ ਸਮਰੱਥ ਹੈ। ਉਸ ਵਾਹਿਗੁਰੂ ਤੋਂ ਮੇਰਾ ਜੀਅ ਕੁਰਬਾਨ ਹੁੰਦਾ ਹੈ, ਕਿਉਂਕਿ ਵਾਹਿਗੁਰੂ ਮੇਰੇ ਮਨ ਤਨ ਦਾ ਆਸਰਾ ਹੈ।

**ਮਃ ੫ ॥ ਜੇਕਰੁ ਗਹਹਿ ਪਿਆਰੜੇ ਤੁਧੁ ਨ ਛੋਡਾ ਮੂਲਿ ॥ ਹਰਿ ਛੋਡਨਿ ਸੇ ਦੁਰਜਨਾ ਪੜਹਿ ਦੋਜਕ ਕੈ ਸੂਲਿ ॥ ੨ ॥**

ਹੇ ਵਾਹਿਗੁਰੂ ! ਜੇ ਤੂੰ ਮੇਰਾ ਹੱਥ ਫੜ ਲਵੇਂ ਤਾਂ ਮੈਂ ਤੈਨੂੰ ਕਦੀ ਨਾ ਛੱਡਾਂ। ਜੇਹੜੇ ਵਾਹਿਗੁਰੂ ਨੂੰ ਛੱਡਦੇ ਹਨ, ਓਹ ਭੈੜੇ ਆਦਮੀ ਹਨ ਅਤੇ ਨਰਕਾਂ ਦੇ ਦੁਖਾਂ ਵਿਚ ਪੈਂਦੇ ਹਨ।

**ਪਉੜੀ ॥ ਸਭਿ ਨਿਧਾਨਿ ਘਰਿ ਜਿਸਦੈ ਹਰਿ ਕਰੇ ਸੁ ਹੋਵੈ ॥ ਜਪਿ ਜਪਿ ਜੀਵਹਿ ਸੰਤ ਜਨ ਪਾਪਾ ਮਲੁ ਧੋਵੈ ॥ ਚਰਨ ਕਮਲ ਹਿਰਦੈ ਵਸਹਿ ਸੰਕਟ ਸਭਿ ਖੋਵੈ ॥ ਗੁਰੁ ਪੂਰਾ ਜਿਸੁ ਭੇਟੀਐ ਮਰਿ ਜਨਮਿ ਨ ਰੋਵੈ ॥ ਪ੍ਰਭ ਦਰਸ ਪਿਆਸ ਨਾਨਕ ਘਣੀ ਕਿਰਪਾ ਕਰ ਦੇਵੈ ॥ ੧੮ ॥**

ਜਿਸ ਵਾਹਿਗੁਰੂ ਦੇ ਘਰ ਸਾਰੇ ਖ਼ਜ਼ਾਨੇ ਹਨ,ਓਹ ਜੋ ਕੁਝ ਕਰਦਾ ਹੈ, ਸੋ ਹੁੰਦਾ ਹੈ। ਉਸਨੂੰ ਜਪ ਜਪ ਕੇ ਸੰਤ ਜਨ ਪਾਪਾਂ ਦੀ ਮੈਲ ਧੋਂਦੇ ਹਨ ਅਤੇ ਜੀਊਂਦੇ ਹਨ। ਜਿਨ੍ਹਾਂ ਦੇ ਰਿਦੇ ਵਿਚ ਵਾਹਿਗੁਰੂ ਦੇ ਚਰਨ ਕਮਲ ਵਸਦੇ ਹਨ,ਓਨ੍ਹਾਂ ਦੇ ਸੰਕਟ ਸਾਰੇ ਨਾਸ ਹੋਜਾਂਦੇ ਹਨ। ਜਿਸਨੂੰ ਪੂਰਾ ਗੁਰੂ ਮਿਲਦਾ ਹੈ, ਉਸਨੂੰ ਜੇਮਣਾ ਮਰਨਾ ਤੇ ਰੋਣਾ ਨਹੀਂ ਹੁੰਦਾ। ਗੁਰੂ ਜੀ-ਵਾਹਿਗੁਰੂ ਦੇ ਦਰਸ਼ਨ ਦੀ ਬੜੀ ਇਛਾ ਹੈ, ਕ੍ਰਿਪਾ ਕਰਕੇ ਦੇਵੇਗਾ।

**ਸਲੋਕ ਡਖਣਾ ਮਃ ੫ ॥ ਭੋਰੀ ਭਰਮੁ ਵਞਾਇ ਪਿਰੀ**

Digitized by Panjab Digital Library | www.panjabdigilib.org

**ਮੁਹਬਤਿ ਹਿਕੁ ਤੂ ॥ ਜਿਥਹੁ ਵੰਞੈ ਜਾਇ ਤਿਥਾਊ ਮਉਜੂਦੁ ਸੋਇ ॥੧॥**

ਭੋਰੀ = ਥੋੜਾ। ਹਿਕੁ = ਇਕ।

ਹੇ ਭਾਈ! ਇਕ ਥੋੜਾ ਜੇਹਾ ਭਰਮ ਦੂਰ ਕਰਕੇ ਇਕ ਪਿਆਰੇ ਵਾਹਿਗੁਰੂ ਨਾਲ ਮੁਹੱਬਤ ਕਰ। ਫਿਰ ਤੂੰ ਜਿਥੇ ਕਿਤੇ ਜਾਵੇਂਗਾ, ਓਥੇ ਹੀ ਸੋ ਵਾਹਿਗੁਰੂ ਪ੍ਰਗਟ ਹੋਵੇਗਾ ਅਥਵਾ ਜਿਥੋਂ ਕਿਤੋਂ ਤੁਰੇ ਅਤੇ ਜਿਥੇ ਕਿਤੇ ਜਾਵੇ, ਓਥੇ ਹੀ ਵਾਹਿਗੁਰੂਨਜ਼ਰ ਆਉਂਦਾ ਹੈ।

**ਮঃ ੫ ॥ ਚੜ੍ਹਿਕੈ ਘੋੜੜੈ ਕੁੰਦੇ ਪਕੜਹਿ ਖੂੰਡੀ ਦੀ ਖੇਡਾਰੀ ॥ ਹੰਸਾ ਸੇਤੀ ਚਿਤੁ ਉਲ੍ਹਾਸਹਿ ਕੁਕੜ ਦੀ ਓਡਾਰੀ ॥ ੨ ॥**

ਕੁੰਦੇ = ਬੰਦੂਕ ਦੇ ਕੁੰਦੇ।

ਜੀਕੁਣ ਖਿਦੋ ਖੂੰਡੀ ਦੀ ਖਿਡਾਰੀ ਵਾਲਾ ਘੋੜੇ ਉਤੇ ਚੜ੍ਹਕੇ ਬੰਦੂਕ ਦੇ ਕੁੰਦੇ ਨੂੰ ਫੜੇ ਤਾਂ ਨਹੀਂ ਫੜ ਸਕਦਾ। ਜੀਕੁਣ ਕੁਕੜ ਦੀ ਉਡਾਰੀ ਵਾਲਾ ਜਾਨਵਰ ਮਨ ਵਿਚ ਹੰਸਾਂ ਨਾਲ ਉਡਣਾ ਚਾਹੇ ਤਾਂ ਨਹੀਂ ਉਡ ਸਕਦਾ ਭਾਵ ਈਕੁਣ ਹੀ ਭਰਮੀ ਗਿਆਨ ਵਾਲਾ ਘੋੜੇ ਤੇ ਚੜ੍ਹਕੇ (ਭਾਵ ਆਖੇ ਕਿ ਮੈਨੂੰ ਗਿਆਨ ਹੋਗਿਆ ਹੈ) ਗੁਰੂ ਬਣਕੇ ਉਪਦੇਸ਼ ਦੇਣਾ ਚਾਹੇ ਤਾਂ ਨਹੀਂ ਦੇ ਸਕਦਾ, ਕਿਉਂਕਿ ਉਸ ਦਾ ਮਨ ਤਾਂ ਸੰਸਾਰ ਦੇ ਵਿਹਾਰਾਂ ਵਿਚ ਫਸਿਆ ਹੋਇਆ ਹੈ ਅਤੇ ਦਿਲ ਵਿਚ ਉਤਸ਼ਾਹ ਕਰਦਾ ਹੈ ਕਿ ਸੰਤਾਂ ਨਾਲ ਬਚਨ ਬਿਲਾਸ ਕਰਾਂ, ਸੋ ਕੀਕੁਣ ਕਰ ਸਕੇ?

**ਪਉੜੀ ॥ ਰਸਨਾ ਉਚਰੈ ਹਰਿ ਸ੍ਰਵਣੀ ਸੁਣੈ ਸੋ ਉਧਰੈ ਮਿਤਾ ॥ ਹਰਿ ਜਸੁ ਲਿਖਹਿ ਲਾਇ ਭਾਵਨੀ ਸੇ ਹਸਤ ਪਵਿਤਾ ॥ ਅਠਸਠਿ ਤੀਰਥ ਮਜਨਾ ਸਭਿ ਪੁੰਨ ਤਿਨਿ ਕਿਤਾ ॥ ਸੰਸਾਰ ਤੇ ਉਧਰੇ ਬਿਖਿਆ ਗੜੁ ਜਿਤਾ ॥ ਨਾਨਕ ਲੜਿ ਲਾਇ ਉਧਾਰਿਅਨੁ ਦਯੁ ਸੇਵਿ ਅਮਿਤਾ॥੧੯॥**

ਉਲਾਸਹਿ = ਉਤਸ਼ਾਹ ਵਾ ਚਾਹੁੰਦਾ ਹੈ।
ਦਯੁ = ਵਾਹਿਗੁਰੂ। ਅਮਿਤਾ = ਵਡਾ।

ਹੇ ਮਿਤਰ! ਜੇਹੜਾ ਰਸਨਾ ਨਾਲ ਵਾਹਿਗੁਰੂ ਦਾ ਨਾਮ ਉਚਾਰੇ ਅਤੇ ਕੰਨਾਂ ਨਾਲ ਸੁਣੇ,ਓਹ ਸੰਸਾਰ ਤੋਂ ਤਰ ਜਾਂਦਾ ਹੈ। ਜੇਹੜੇ ਹਥ ਸਰਧਾ

Digitized by Panjab Digital Library | www.panjabdigilib.org

ਲਾਕੇ ਵਾਹਿਗੁਰੂ ਦਾ ਜਸ ਲਿਖਦੇ ਹਨ,ਓਹ ਪਵਿਤਰ ਹੁੰਦੇ ਹਨ। ਤਿਸਨੇ ਅਠਾਠ ਤੀਰਥਾਂ ਦਾ ਇਸ਼ਨਾਨ ਤੇ ਸਾਰੇ ਪੁੰਨ ਕਰ ਲਏ ਹਨ। ਜਿਨ੍ਹਾਂ ਨੇ ਵਿਸ਼ਿਆਂ ਦਾ ਕਿਲਾ ਜਿਤਿਆ ਭਾਵ ਇੰਦਰੀਆਂ ਨੂੰ ਵਸ ਕੀਤਾ ਹੈ, ਓਹ ਸੰਸਾਰ ਸਮੁੰਦਰ ਤੋਂ ਤਰ ਗਏ ਹਨ। ਗੁਰੂ ਜੀ-ਜਿਨ੍ਹਾਂ ਨੇ ਵਡੇ ਵਾਹਿਗੁਰੂ ਨੂੰ ਸੇਵਿਆਹੈ,ਓਹ ਲੋਕਾਂ ਨੂੰ ਲੜ ਨਾਲ ਲਾਕੇ ਤਾਰ ਲੈਂਦੇ ਹਨ।

**ਸਲੋਕੁ ਮ: ੫ ॥ ਧੰਧੜੇ ਕੁਲਾਹ ਚਿਤਿ ਨ ਆਵੈ ਹੇਕੜੋ ॥ ਨਾਨਕ ਸੇਈ ਤੰਨ ਫੁਟੰਨਿ ਜਿਨਾ ਸਾਂਈ ਵਿਸਰੈ ॥ ੧ ॥**

ਸੰਸਾਰ ਦੇ ਧੰਧਿਆਂ ਵਿਚ ਕੋਈ ਲਾਭ ਨਹੀਂ,ਖੋਟਾ ਲਾਭ ਦੇਣ ਵਾਲੇ ਹਨ,ਇਹ ਚਿਤ ਵਿਚ ਹੋਣ ਤਾਂ ਇਕ ਵਾਹਿਗੁਰੂ ਚਿਤ ਵਿਚ ਨਹੀਂ ਆਉਂਦਾ। ਗੁਰੂ ਜੀ-ਓਹ ਸਰੀਰਫੁਟ ਜਾਂਦੇਹਨ,ਜਿਨ੍ਹਾਂਨੂੰ ਵਾਹਿਗੁਰੂ ਵਿਸਰਜਾਂਦਾਹੈ।

**ਮ: ੫ ॥ ਪਰੇਤਹੁ ਕੀਤੋਨੁ ਦੇਵਤਾ ਤਿਨਿ ਕਰਣੈ ਹਾਰੇ ॥ ਸਭੇ ਸਿਖ ਉਬਾਰਿਅਨੁ ਪ੍ਰਭਿ ਕਾਜ ਸਵਾਰੇ ॥ ਨਿੰਦਕ ਪਕੜਿ ਪਛਾੜਿਅਨੁ ਝੂਠੇ ਦਰਬਾਰੇ ॥ ਨਾਨਕ ਕਾ ਪ੍ਰਭੁ ਵਡਾ ਹੈ ਆਪਿ ਸਾਜਿ ਸਵਾਰੇ ॥ ੨ ॥**

ਤਿਸ ਕਰਨ ਵਾਲੇ ਵਾਹਿਗੁਰੂ ਨੇ ਆਦਮੀ ਨੂੰ ਪ੍ਰੇਤ ਤੋਂ ਦੇਵਤਾ ਬਣਾ ਦਿਤਾਹੈ। ਪ੍ਰਮੇਸ਼ਰਨੇਸਾਰੇ ਸਿੱਖਾਂਦੇ ਕੰਮ ਸਵਾਰਕੇ ਦੁਖਾਂਤੋਂ ਬਚਾ ਲਿਆਹੈ। ਨਿੰਦਕਾਂ ਨੂੰ ਦਰਗਾਹ ਵਿਚ ਫੜਕੇ ਝੂਠੇ ਬਣਾਕੇ ਪਛਾੜਿਆ ਹੈ। ਗੁਰੂ ਜੀ—ਮੈਂ ਦਾਸ ਦਾ ਵੱਡਾ ਪ੍ਰਮੇਸ਼ਰ ਹੈ, ਆਪੇ ਹੀ ਜਗਤ ਨੂੰ ਸਾਜਦਾ ਹੈ ਅਤੇ ਆਪੇ ਹੀ ਸਵਾਰਦਾ ਹੈ।

**ਪਉੜੀ ॥ ਪ੍ਰਭੁ ਬੇਅੰਤੁ ਕਿਛੁ ਅੰਤੁ ਨਾਹਿ ਸਭੁ ਤਿਸੈ ਕਰਣਾ ॥ ਅਗਮ ਅਗੋਚਰੁ ਸਾਹਿਬੋ ਜੀਆਂ ਕਾ ਪਰਣਾ ॥ ਹਸਤ ਦੇਇ ਪ੍ਰਤਿਪਾਲਦਾ ਭਰਣ ਪੋਖਣੁ ਕਰਣਾ ॥ ਮਿਹਰਵਾਨੁ ਬਖਸਿੰਦੁ ਆਪਿ ਜਪਿ ਸਚੇ ਤਰਣਾ ॥ ਜੋ ਤੁਧੁ ਭਾਵੈ ਸੋ ਭਲਾ ਨਾਨਕ ਦਾਸ ਸਰਣਾ ॥ ੨੦ ॥**

ਪਰਣਾ = ਆਸਰਾ।

ਪ੍ਰਮੇਸਰ ਬਿਅੰਤ ਹੈ,ਉਸਦਾ ਕੁਝ ਅੰਤ ਨਹੀਂ,ਸਾਰਿਆਂ ਉਤੇ ਉਸਦੀ

Digitized by Panjab Digital Library | www.panjabdigilib.org

ਕਰਣਾ = ਕਿਰਪਾ ਹੈ। ਜਿਸ ਪਾਸ ਪੁੱਜਿਆ ਨ ਜਾਵੇ, ਜੇਹੜਾ ਨਜ਼ਰ ਨ ਆਵੇ, ਓਹ ਸਾਹਿਬ ਜੀਆਂ ਦਾ ਆਸਰਾ ਹੈ। ਹਥ ਦੇ ਦੇ ਪਾਲਦਾ, ਭਰਣ ਵਾਲਾ ਤੇ ਪਾਲਣਾ ਕਰਨ ਵਾਲਾ ਹੈ। ਜੇਹੜਾ ਮਿਹਰਵਾਨ ਬਖਸ਼ਨ ਵਾਲਾ ਆਪ ਹੈ, ਉਸਦੇ ਸੱਚੇ ਨਾਮ ਨੂੰ ਜਪਕੇ ਤਰਨਾ ਹੁੰਦਾ ਹੈ। ਗੁਰੂ ਜੀ-ਜੋ ਤੈਨੂੰ ਭਾਉਂਦਾ ਹੈ, ਸੋ ਚੰਗਾ ਹੈ; ਮੈਂ ਦਾਸ ਤੇਰੀ ਸਰਨ ਹਾਂ।

**ਸਲੋਕ ਮਃ ੫ ॥ ਤਿਨ੍ਾ ਭੁਖ ਨ ਕਾ ਰਹੀ ਜਿਸਦਾ ਪ੍ਰਭੁ ਹੈ ਸੋਇ ॥ ਨਾਨਕ ਚਰਣੀ ਲਗਿਆ ਉਧਰੈ ਸਭੋ ਕੋਇ ॥ ੧ ॥**

ਜਿਨ੍ਹਾਂ ਦਾ ਮਾਲਕ ਓਹ ਪ੍ਰਮੇਸ਼ਰ ਹੈ, ਓਨ੍ਹਾਂ ਨੂੰ ਕੋਈ ਭੁਖ ਨਹੀਂ ਰਹੀ ਹੈ। ਗੁਰੂ ਜੀ-ਉਸ ਪ੍ਰਭ ਦੀ ਚਰਨੀਂ ਲੱਗਿਆਂ ਸਭ ਕੋਈ ਉਧਰ ਜਾਂਦਾ ਹੈ।

**ਮਃ ੫ ॥ ਜਾਚਿਕੁ ਮੰਗੈ ਨਿਤ ਨਾਮੁ ਸਾਹਿਬੁ ਕਰੇ ਕਬੂਲੁ ॥ ਨਾਨਕ ਪਰਮੇਸਰੁ ਜਜਮਾਨੁ ਤਿਸਹਿ ਭੁਖ ਨ ਮੂਲਿ ॥ ੨ ॥**

ਜੇ ਮੰਗਤਾ ਰੋਜ਼ ਹੀ ਨਾਮ ਨੂੰ ਮੰਗੇ ਤਾਂ ਇਸ ਬੇਨਤੀ ਨੂੰ ਪਰਮੇਸ਼ਰ ਕਬੂਲ ਕਰ ਲੈਂਦਾ ਹੈ। ਗੁਰੂ ਜੀ-ਜਿਸਦਾ ਜਜਮਾਨ ਪ੍ਰਮੇਸ਼ਰ ਹੈ, ਉਸਨੂੰ ਕਦੇ ਵੀ ਭੁਖ ਨਹੀਂ ਲਗਦੀ ਹੈ।

**ਪਉੜੀ ॥ ਮਨੁ ਰਤਾ ਗੋਵਿੰਦ ਸੰਗਿ ਸਚੁ ਭੋਜਨੁ ਜੋੜੇ ॥ ਪ੍ਰੀਤਿ ਲਗੀ ਹਰਿ ਨਾਮ ਸਿਉ ਏ ਹਸਤੀ ਘੋੜੇ ॥ ਰਾਜ ਮਿਲਖ ਖੁਸੀਆ ਘਣੀ ਧਿਆਇ ਮੁਖੁ ਨ ਮੋੜੇ ॥ ਢਾਢੀ ਦਰਿ ਪ੍ਰਭ ਮੰਗਣਾ ਦਰੁ ਕਦੇ ਨ ਛੋੜੇ ॥ ਨਾਨਕ ਮਨਿ ਤਨਿ ਚਾਉ ਇਉ ਨਿਤ ਪ੍ਰਭ ਕਉ ਲੋੜੇ ॥੨੧॥ ੧॥ *ਸੁਧੁ ਕੀਚੇ**

ਜੇਹੜਾ ਮੇਰਾ ਮਨ ਪ੍ਰਮੇਸ਼ਰ ਨਾਲ ਰੱਤਾ ਹੋਇਆ ਹੈ, ਏਹੋ ਹੀ ਮੈਨੂੰ

*ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ ਨੂੰ ਇਹ ਇਸ਼ਾਰਾ ਕੀਤਾ ਹੈ ਕਿ ਇਸ ਵਾਰ ਨੂੰ ਚੰਗੀ ਤਰਾਂ ਫੇਰ ਮੁੜਕੇ ਪੜ੍ਹਕੇ ਸੁਧ ਕਰ ਲੌ ਕਿ ਕੋਈ ਅਖਰ ਵਧ ਘਟ ਤਾਂ ਨਹੀਂ ਲਿਖਿਆ ਗਿਆ।

Digitized by Panjab Digital Library | www.panjabdigilib.org

ਸੱਚਾ ਨਾਮ ਅੰਨ ਜੁੜੇ ਜਾਂ ਏਹੋ ਹੀ ਅੰਨ ਤੇ ਪੁਸ਼ਾਕੇ ਹਨ। ਜੇਹੜੀ ਪ੍ਰਮੇਸ਼ਰ ਨਾਲ ਪ੍ਰੀਤੀ ਲੱਗੀ ਹੋਈ ਹੈ, ਇਹ ਹਾਥੀ ਘੋੜੇ ਹਨ। ਏਹੋ ਹੀ ਰਾਜ ਮਿਲਖ ਬਹੁਤ ਸਾਰੀਆਂ ਖੁਸ਼ੀਆਂ ਹਨ ਜੋ ਮੇਰਾ ਮਨ ਤੈਨੂੰ ਯਾਦ ਕਰਦਾ ਹੋਇਆ ਕਦੀ ਵੀ ਮੂੰਹ ਨ ਮੋੜੇ। ਹੇ ਪ੍ਰਮੇਸ਼ਰ! ਜੱਸ ਕਰਨ ਵਾਲੇ ਨੇ ਸਦਾ ਬੂਹੇ ਉਤੇ ਆ ਕੇ ਮੰਗਣਾ ਹੈ, ਮੇਰਾ ਮਨ ਤੇਰਾ ਬੂਹਾ ਕਦੀ ਵੀ ਨ ਛੱਡੇ। ਗੁਰੂ ਜੀ-ਮੇਰੇ ਮਨ ਤਨ ਵਿਚ ਏਹੋ ਚਾਉ ਹੈ ਜੋ ਮੇਰਾ ਮਨ ਸਦਾ ਪਰਮੇਸ਼ਰ ਨੂੰ ਚਾਹੁੰਦਾ ਰਹੇ।

**ਰਾਗੁ ਗਉੜੀ ਭਗਤਾਂ ਕੀ ਬਾਣੀ**

**ੴ ਸਤਿਨਾਮੁ ਕਰਤਾ ਪੁਰਖੁ ਗੁਰਪ੍ਰਸਾਦਿ ॥**

**ਗਉੜੀ ਗੁਆਰੇਰੀ ਸ੍ਰੀ ਕਬੀਰਜੀਉਕੇ ਚਉਪਦੇ ੧੪॥**

**ਅਬ ਮੋਹਿ ਜਲਤ ਰਾਮ ਜਲੁ ਪਾਇਆ॥ ਰਾਮ ਉਦਕਿ ਤਨੁ ਜਲਤ ਬੁਝਾਇਆ ॥ ੧ ॥ ਰਹਾਉ ॥**

ਉਦਕਿ = ਜਲ।

(ਕਬੀਰ ਜੀ ਕਹਿੰਦੇ ਹਨ)ਹੁਣ ਮੈਂ(ਕਾਮ ਕ੍ਰੋਧਾਦਿਕ ਤ੍ਰਿਸ਼ਨਾਅਗਨੀ ਕਰਕੇ ) ਸੜਦੇ ਨੇ ਵਾਹਿਗੁਰੂ ਰੂਪ ਪਾਣੀ ਪਾਇਆ ਹੈ। ਵਾਹਿਗੁਰੂ ਰੂਪ ਜਲ ਨੇ ਸਰੀਰ ਸੜਦੇ ਨੂੰ ਬੁਝਾ ਦਿਤਾ ਹੈ।

**ਮਨੁ ਮਾਰਣ ਕਾਰਣ ਬਨ ਜਾਈਐ॥ ਸੋ ਜਲੁ ਬਿਨੁ ਭਗਵੰਤ ਨ ਪਾਈਐ ॥ ੧ ॥**

ਮਨ ਦੇ ਮਾਰਨ ਵਾਸਤੇ ਜੰਗਲਾਂ ਨੂੰ ਜਾਈਦਾ ਹੈ, ਪਰ ਸੋ ਵਾਹਿਗੁਰੂ ਰੂਪ ਜਲ। ਵਾਹਿਗੁਰੂ ਦੀ ਕ੍ਰਿਪਾ ਬਿਨਾਂ ਨਹੀਂ ਪਾਇਆ ਜਾਂਦਾ।

**ਜਿਹ ਪਾਵਕ ਸੁਰਿ ਨਰ ਹੈ ਜਾਰੇ ॥ ਰਾਮ ਉਦਕਿ ਜਨ ਜਲਤ ਉਬਾਰੇ ॥ ੨ ॥**

ਪਾਵਕ = ਅਗਨੀ। ਸੁਰਿ = ਦੇਵਤੇ। ਉਦਕਿ = ਜਲ।

ਜਿਸ ਮਾਇਆ ਰੂਪੀ ਅਗਨੀ ਨੇ ਦੇਵਤੇ ਆਦਮੀ ਸਾੜੇ ਹਨ। ਉਸ ਅਗਨੀ ਤੋਂ ਵਾਹਿਗੁਰੂ ਰੂਪ ਪਾਣੀ ਨੇ ਦਾਸ ਸੜਦੇ ਉਬਾਰੇ = ਬਚਾ ਲਏ।

**ਭਵਸਾਗਰ ਸੁਖ ਸਾਗਰ ਮਾਹੀ ॥ ਪੀਵ ਰਹੇ ਜਲ ਨਿਖੁਟਤ ਨਾਹੀ ॥ ੩ ॥**

ਭਵ ਸਾਗਰ = ਸੰਸਾਰ ਸਮੁੰਦਰ।

Digitized by Panjab Digital Library | www.panjabdigilib.org

ਸੰਸਾਰ ਸਮੁੰਦਰ ਵਿਚ ਸੁਖਾਂ ਦਾ ਸਮੁੰਦਰ ਵਾਹਿਗੁਰੂ ਰੂਪ ਪਾਣੀ ਪੀ ਰਹੇ ਹਾਂ ਅਤੇ ਮੁਕਦਾ ਨਹੀਂ।

**ਕਹਿ ਕਬੀਰ ਭਜੁ ਸਾਰਿੰਗ ਪਾਨੀ ॥ ਰਾਮ ਉਦਕਿ ਮੇਰੀ ਤਿਖਾ ਬੁਝਾਨੀ ॥ ੪ ॥ ੧ ॥**

ਸਾਰਿੰਗਪਾਨੀ = ਪਪੀਹਾ ਤੇ ਪਾਣੀ। ਉਦਕਿ = ਜਲ।

ਕਬੀਰ ਜੀ ਕਹਿੰਦੇ ਹਨ ਜਿਕਰ ਪਪੀਹਾ ਪਾਣੀਪਾਣੀ ਉਚਾਰਦਾ ਹੈ, ਇਕੁਰ ਤੂੰ ਵਾਹਿਗੁਰੂ ਨੂੰ ਭਜ। ਵਾਹਿਗੁਰੂ ਰੂਪ ਜਲ ਨੇ ਮੇਰੀ ਤਿਖਾ ਬੁਝਾ ਦਿਤੀ ਹੈ।

**ਗਉੜੀ ਕਬੀਰ ਜੀ ॥ ਮਾਧਉ ਜਲ ਕੀ ਪਿਆਸ ਨ ਜਾਇ ॥ ਜਲ ਮਹਿ ਅਗਨਿ ਉਠੀ ਅਧਿਕਾਇ ॥ ੧ ॥ ਰਹਾਉ ॥**

ਵਾਹਿਗੁਰੂ ਜਲ ਦੀ ਪਿਆਸ ਨਹੀਂ ਜਾਂਦੀ। ਜਿਕੁਰ ਜਲ ਵਿਚ ਬਹੁਤੀ ਅਗਨੀ ਮਚਦੀ ਹੈ, ਇਕੁਰ ਹੀ ਉਸ ਵਾਹਿਗੁਰੂ ਜਲ ਦੇ ਵਿਚ ਹੋਣ ਕਰਕੇ ਨਾਮ ਜਪਣੇ ਦੀ ਬਾਹਲੀ ਇਛਾ ਲਗਦੀ ਹੈ ਵਾ ਹੇ ਵਾਹਿਗੁਰੂ ! ਤੇਰੇ ਨਾਮ ਰੂਪ ਜਲ ਦੀ ਪਿਆਸ ਨਹੀਂ ਹਟਦੀ, ਕਿਉਂਕਿ ਉਸ ਤੇਰੇ ਨਾਮ ਰੂਪ ਜਲ ਵਿਚੋਂ ਪ੍ਰੇਮ ਰੂਪ ਅਗਨੀ ਬਾਹਲੀ ਪੈਦਾ ਹੋਈ ਹੈ ਅਥਵਾ ਉਸ ਜਲ ਵਿਚ ਜੋ ਅਗਨ ਬਾਹਲੀ ਸਾਰੀ ਸੀ ਸੋ ਸਭ ਉਠ ਖੜੀ ਹੋਈ ਕਿਆ ਦੂਰ ਹੋਗਈ ਵਾ ਜਦ ਤੇਰਾ ਨਾਮ ਰਿਦੇ ਵਿਚ ਆਇਆ ਤਾਂ ਜੋ ਅਧਕ ਅਗਨੀ ਸੀ ਸੋ ਦੂਰ ਹੋਗਈ ਵਾ ਨਾਮ ਜਪਣ ਦੀ ਬਹੁਤ ਇਛਾ ਹੋਈ ਵਾ ਵਾਹਿਗੁਰੂ ਜਲ ਦੀ ਪਿਆਸ ਨਹੀਂ ਹਟਦੀ। ਵਾਹਿਗੁਰੂ ਜਲ ਰਿਦੇ ਵਿਚ ਹੋਣ ਕਰਕੇ ਜੋ ਬਾਹਲੀ ਸਾਰੀ ਅੱਗ ਸੀ ਸੋ ਸਭ ਦੂਰ ਹੋਗਈ ਹੈ।

**ਤੂੰ ਜਲ ਨਿਧਿ ਹਉ ਜਲ ਕਾ ਮੀਨੁ ॥ ਜਲ ਮਹਿ ਰਹਉ ਜਲਹਿ ਬਿਨੁ ਖੀਨੁ ॥ ੧ ॥**

ਜਲ ਨਿਧਿ = ਸਮੁੰਦਰ। ਮੀਨ = ਮੱਛ।

ਤੂੰ ਸਮੁੰਦਰ ਹੈਂ, ਮੈਂ ਤੇਰੇ ਵਿਚ ਰਹਿਣ ਵਾਲਾ ਮੱਛ ਹਾਂ। ਜਲ ਵਿਚ ਰਹਾਂ ਤਾਂ ਜੀਊਂਦਾ ਹਾਂ ਅਤੇ ਜੇ ਜਲ ਤੋਂ ਬਿਨਾਂ ਹੋਵਾਂ ਤਾਂ ਖੀਨ = ਨਾਸ (ਮਾੜਾ) ਹੋਜਾਂਦਾ ਹਾਂ।

**ਤੂੰ ਪਿੰਜਰੁ ਹਉ ਸੂਅਟਾ ਤੋਰ ॥ ਜਮੁ ਮੰਜਾਰੁ ਕਹਾ ਕਰੈ ਮੋਰ ॥ ੨ ॥**

Digitized by Panjab Digital Library | www.panjabdigilib.org

ਸੂਅਟਾ = ਤੋਤਾ। ਮੰਜਾਰ = ਬਿਲਾ।

ਤੂੰ ਮੇਰਾ ਪਿੰਜਰ=ਆਸਰਾ ਹੈਂ, ਜਦ ਮੈਂ ਤੇਰੇ ਆਸਰੇ ਰਹਿਣ ਵਾਲਾ ਤੋਤਾ ਹਾਂ ਤਾਂ ਜਮ ਰੂਪ ਬਿਲਾ ਮੇਰਾ ਕੀ ਕਰ ਸਕਦਾ ਹੈ ?

**ਤੂੰ ਤਰਵਰੁ ਹਉ ਪੰਖੀ ਆਹਿ ॥ ਮੰਦ*ਭਾਗੀ ਤੇਰੋ ਦਰਸਨੁ ਨਾਹਿ ॥ ੩ ॥**

ਤਰਵਰ = ਬ੍ਰਿਛ।

ਤੂੰ ਬ੍ਰਿਛ ਹੈਂ, ਮੈਂ ਤੇਰੇ ਆਸਰੇ ਰਹਿਣ ਵਾਲਾ ਪੰਛੀ ਹਾਂ। ਮੰਦ ਭਾਗੀਆਂ ਨੂੰ ਤੇਰਾ ਦਰਸ਼ਨ ਨਹੀਂ ਹੁੰਦਾ।

**ਤੂੰ ਸਤਿਗੁਰੁ ਹਉ ਨਉਤਨੁ ਚੇਲਾ ॥ ਕਹਿ ਕਬੀਰ ਮਿਲ ਅੰਤ ਕੀ ਬੇਲਾ ॥ ੪ ॥ ੨ ॥**

ਨਉਤਨੁ = ਨਵਾਂ।

ਤੂੰ ਸਤਿਗੁਰੂ ਹੈਂ,ਮੈਂ ਤੇਰਾ ਨਵਾਂ ਹੀ ਚੇਲਾ ਹਾਂ। ਕਬੀਰ ਜੀ ਕਹਿੰਦੇ ਹਨ ਹੇ ਵਾਹਿਗੁਰੂ ! ਮਿਲ ਹੁਣ ਅੰਤਦੇ ਵੇਲੇ ਭਾਵ ਮਨੁਖਾ ਜਨਮ ਵਿਚ ਉਧਾਰ ਕਰ।

(ਚੋਰ ਦੀ ਸਾਖੀ । ਲੋਕਾਂ ਨੂੰ ਉਪਦੇਸ਼ )

**ਗਉੜੀ ਕਬੀਰ ਜੀ ॥ ਜਬ ਹਮ ਏਕੋ ਏਕੁ ਕਰਿ ਜਾਨਿਆ ॥ ਤਬ ਲੋਗਹ ਕਾਹੇ ਦੁਖੁ ਮਾਨਿਆ ॥ ੧ ॥**

ਜਦ ਮੈਂ ਸਭ ਵਿਚ ਇਕੋ ਵਾਹਿਗੁਰੂ ਨੂੰ ਇਕ ਕਰਕੇ ਜਾਣਿਆ ਹੈ ਤਾਂ ਲੋਕਾਂ ਨੇ ਕਿਉਂ ਦੁਖ ਮੰਨਿਆ ਹੈ?

**ਹਮ ਅਪਤਹ ਅਪੁਨੀ ਪਤਿ ਖੋਈ ॥ ਹਮਰੈ ਖੋਜਿ ਪਰਹੁ †ਮਤਿ ਕੋਈ ॥ ੧ ॥ ਰਹਾਉ ॥**

ਜੇਮੈਂ ਅਪਤ। ਹਾਂ ਤਾਂ ਆਪਣੀ ਹੀ ਪਤ=ਇਜ਼ਤ ਖੋਈ ਹੈ ਮਤਿ = ਦਾ ਅਰਥ ਨਹੀਂ ਹੈ)ਸਾਡੇ ( ਭਗਤਾਂ ਦੇ)( ਖੋਜ) ਪਿਛੇ ਤੁਸੀ ਮਤ ਕੋਈ ਪਵੋ।

---

*ਹੈ(ਨਾਹਿ)ਸੁਆਮੀ ਤੇਰੇ ਦਰਸ਼ਨ ਕਰਕੇ ਮੇਰੀ ਮੰਦਤਾ ਭਜ ਗਈਹੈ।

†ਕਈਮਤਿ ਦਾ ਅਰਥ ਅਕਲ ਕਰਦੇ ਹਨ, ਪਰ ਏਥੇ ਨਹੀਂ ਲਗ ਸਕਦਾ.ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਵਿਚ ਇਹ ਸ਼ਬਦ ਬਹੁਤ ਜਗਾ ਹੈ ਕਿਤੇ ਮਤ, ਕਿਤੇ ਮਤੁ ਕਿਤੇ ਮਤਿ ਹੈ ਪਰ ਅਰਥ ਇਕ ਨਹਾਂ ਹੀ ਹੈ।

Digitized by Panjab Digital Library | www.panjabdigilib.org

**ਹਮ ਮੰਦੇ ਮੰਦੇ ਮਨ ਮਾਹੀ ॥ ਸਾਝ ਪਾਤਿ ਕਾਹੂ ਸਿਉ ਨਾਹੀ ॥ ੨ ॥**

ਅਸੀ ਬੁਰੇ ਹਾਂ ਤਾਂ ਆਪਣੇ ਮਨ ਵਿਚ ਹੀ ਬੁਰੇ ਹਾਂ ਸਾਡੀ ਵਰਤਣ ਵਿਹਾਰ ਕਿਸੇ ਨਾਲ ਵੀ ਨਹੀਂ।

**ਪਤਿ ਅਪਤਿ ਤਾਕੀ ਨਹੀ ਲਾਜ ॥ ਤਬ ਜਾਨਹੁਗੇ ਜਬ ਉਘਰੈਗੋ ਪਾਜ ॥ ੩ ॥**

ਜਿਕਰ ਇਜ਼ਤ ਰਹਿ ਆਉਂਦੀ ਹੈ ਅਤੇ ਜਿਕਰ ਅਪਤਿ=ਬੇਇਜ਼ਤੀ ਹੁੰਦੀ ਹੈ, ਤਿਸਦੀ ਤੁਹਾਨੂੰ ਲੱਜਿਆ ਨਹੀਂ। ਤਦੋਂ ਤੁਸੀ ਜਾਣੋਗੇ ਜਦੋਂ ਤੁਹਾਡਾ (ਵਾ ਮੇਰਾ) ਵਾਹਿਗੁਰੂ ਦੇ ਪਿੰਡ ਪਾਜ ਉਘਾ ਹੋਵੇਗਾ।

**ਕਹੁ ਕਬੀਰ ਪਤਿ ਹਰਿ ਪਰਵਾਨੁ ॥ ਸਰਬ ਤਿਆਗਿ ਭਜੁ ਕੇਵਲ ਰਾਮੁ ॥ ੪ ॥ ੩ ॥**

ਕਬੀਰ ਜੀ ਕਹਿੰਦੇ ਹਨ ਇਜ਼ਤ ਓਹੋ ਹੀ ਹੈ, ਜਿਸਨੂੰ ਵਾਹਿਗੁਰੂ ਪਰਵਾਣ ਕਰ ਲਵੇ। ਸਾਰੇ ਕੰਮਾਂ ਨੂੰ ਛੱਡਕੇ ਇਕ ਵਾਹਿਗੁਰੂ ਦਾ ਨਾਮ ਜਪੋ।

( ਨਾਂਗੇ ਸਾਧੂ.ਸੰਨਿਆਸੀ ਅਤੇ ਬ੍ਰਹਮਚਾਰੀ ਨੂੰ ਸਿਖਿਆ )

**ਗਉੜੀ ਕਬੀਰ ਜੀ ॥ ਨਗਨ ਫਿਰਤ ਜੌ ਪਾਈਐ ਜੋਗੁ ॥ ਬਨ ਕਾ ਮਿਰਗੁ ਮੁਕਤਿ ਸਭੁ ਹੋਗੁ ॥ ੧ ॥**

ਹੇ ਜੋਗੀ ! ਜੇ ਨੰਗੇ ਫਿਰਨ ਕਰਕੇ ਜੋਗ ਪਾਇਆ ਜਾਂਦਾ ਹੈ ਤ, ਜੰਗਲ ਦੇ ਰਹਿਣ ਵਾਲੇ ਜਿਨੇਕੁ ਹਰਨ ਆਦਿਕ ਜਾਨਵਰ ਹਨ, ਉਹ ਸਾਰੇ ਮੁਕਤਿ ਹੋਣੇ ਚਾਹੀਦੇ ਹਨ।

**ਕਿਆ ਨਾਗੇ ਕਿਆ ਬਾਧੇ ਚਾਮ ॥ ਜਬ ਨਹੀ ਚੀਨਸਿ ਆਤਮ ਰਾਮ ॥ ੧ ॥ ਰਹਾਉ ॥**

ਕੀ ਨੰਗੇ ਰਹਿਣ ਕਰਕੇ ਹੁੰਦਾ ਹੈ ਅਤੇ ਕੀ ਮ੍ਰਿਗਛਾਲਾ ਆਦਿਕ ਚਿੰ ਸਰੀਰ ਤੇ ਬੰਨ੍ਹਣੇ ਕਰਕੇ (ਪਾਲਾ ਰੋਕਣ ਕਰਕੇ) ਹੁੰਦਾ ਹੈ ? ਜਿਨਾ ਚਮ ਕਿ ਇਕ ਵਾਹਿਗੁਰੂ ਆਤਮ=ਮਨ ਕਰਕੇ ਵਾ ਮਨ ਵਿਚ ਨਹੀਂ ਚੀਨ੍ਹਿਆ= ਜਾਣਿਆ ਵਾ ਜਾਣਦਾ।

**ਮੂੰਡ ਮੁੰਡਾਏ ਜੌ ਸਿਧਿ ਪਾਈ ॥ ਮੁਕਤੀ ਭੇਡ ਨ ਗਈਆ ਕਾਈ ॥ ੧ ॥**

Digitized by Panjab Digital Library | www.panjabdigilib.org

ਸਿਰ ਮੁਨੰਣ ਕਰਕੇ ਜੇ ਸਿਧਿ=ਮੁਕਤੀ ਪਾਈਦੀ ਹੋਵੇ ਤਾਂ ਕੋਈ ਮੁੰਨੀਆਂ ਹੋਈਆਂ ਭੇਡਾਂ ਤੇ ਮੁਕਤਿ ਨਾ ਹੋ ਗਈਆਂ ? ਭਾਵ ਛੇ ਮਹੀਨੀਂ ਭੇਡਾਂ ਮੁੰਨੀਆਂ ਜਾਂਦੀਆਂ ਹਨ, ਉਹ ਕਿਉਂ ਨਹੀਂ ਮੁਕਤਿ ਹੋ ਜਾਂਦੀਆਂ ਹਨ ?

**ਬਿੰਦੁ ਰਾਖਿ ਜੌ ਤਰੀਐ ਭਾਈ ॥ ਖੁਸਰੈ ਕਿਉ ਨ ਪਰਮਗਤਿ ਪਾਈ ॥ ੩ ॥**

ਜੇ ਬੀਰਜ ਨੂੰ ਰੋਕ ਕੇ ਤਰੀਦਾ ਹੈ, ਹੇ ਭਾਈ! ਤਾਂ ਖੁਸਰੇ ਨੇ ਕਿਉਂ ਨਾਂ ਪਰਮ ਪਦਵੀ ਪਾਈ ?

**ਕਹੁ ਕਬੀਰ ਸੁਨਹੁ ਨਰ ਭਾਈ ॥ ਰਾਮ ਨਾਮ ਬਿਨੁ ਕਿਨਿ ਗਤਿ ਪਾਈ ॥ ੪ ॥ ੪ ॥**

(ਕਬੀਰ ਜੀ ਕਹਿੰਦੇ ਹਨ) ਸੁਣੋ ਹੇ ਭਾਈ ਪੁਰਸ਼ੋ ! ਵਾਹਿਗੁਰੂ ਦੇ ਨਾਮ ਤੋਂ ਬਿਨਾਂ ਕਿਸਨੇ ਮੁਕਤੀ ਪਾਈ ਹੈ।

( ਬ੍ਰਾਹਮਣ ਨੂੰ ਸਿਖਿਆ )

**ਗਉੜੀ ਕਬੀਰ ਜੀ ॥ ਸੰਧਿਆ ਪ੍ਰਾਤ ਇਸਨਾਨੁ ਕਰਾਹੀ ॥ ਜਿਉ ਭਏ ਦਾਦੁਰ ਪਾਨੀ ਮਾਹੀ ॥ ੧ ॥**

ਦਾਦੁਰ = ਡੱਡੂ ॥

ਸੰਧਿਆ ਅਤੇ ਸਵੇਰੇ ਇਸ਼ਨਾਨ ਕਰਦੇ ਹੋ, ਵਾਹਿਗੁਰੂ ਦੇ ਨਾਮ ਤੋਂ ਬਿਨਾਂ ਇਕੁਰ ਦੇ ਹੋ ਜਿਕੁਰ ਪਾਣੀ ਵਿਚ ਡੱਡੂ ਹੁੰਦੇ ਹਨ।

**ਜਉ ਪੈ ਰਾਮ ਨਾਮ ਰਤਿ ਨਾਹੀ ॥ ਤੇ ਸਭ ਧਰਮਰਾਇ ਕੈ ਜਾਹੀ ॥ ੧ ॥ ਰਹਾਉ ॥**

ਰਤਿ = ਪ੍ਰੀਤੀ।

ਜੇ ਵਾਹਿਗੁਰੂ ਦੇ ਨਾਮ ਵਿਚ ਪ੍ਰੀਤੀ ਨਹੀਂ ਤਾਂ ਸਾਰੇ ਜਮ ਦੇ ਪਿੰਡ ਨੂੰ ਜਾਣਗੇ।

**ਕਾਇਆ ਰਤਿ ਬਹੁ ਰੂਪ ਰਚਾਹੀ ॥ ਤਿਨ ਕਉ ਦਇਆ ਸੁਪਨੈ ਭੀ ਨਾਹੀ ॥ ੨ ॥**

ਕਾਇਆਂ ਨਾਲ ਪ੍ਰੀਤੀ ਕਰਕੇ ਜੋ ਬਹੁਤ ਤਰਾਂ ਦੇ ਰੂਪ ਰਚਦੇ ਹਨ ਭਾਵ ਸੁੰਦਰ ਸ਼ਿੰਗਾਰ ਕਰਦੇ ਹਨ, ਤਿਨ੍ਹਾਂਨੂੰ ਦਯਾ ਸੁਪਨੇ ਵਿਚ ਵੀ ਨਹੀਂ।

Digitized by Panjab Digital Library | www.panjabdigilib.org

**ਚਾਰਿ ਚਰਨ ਕਹਹਿ ਬਹੁ ਆਗਰ ॥ ਸਾਧੂ ਸੁਖੁ ਪਾਵਹਿ ਕਲਿ ਸਾਗਰ ॥੩॥**

ਆਗਰ = ਚਤੁਰ। ਚਾਰਿਚਰਨ = ਵੇਦ ਵਾ ਪਸ਼ੂ।
ਕਲਿ = ਕਲਜੁਗ (ਕਲਪਣਾ ਵਾਲਾ) ਸਾਗਰ = ਸਮੁੰਦਰ।

ਚੌਹਾਂ ਵੇਦਾਂ ਨੂੰ ਆਪ ਬੜੇ ਚਤੁਰ ਬਣਕੇ ਕਹਿੰਦੇ ਹਨ ਵਾ ਚਾਰੇ ਵੇਦ ਤੇ ਸਿਆਣੇ ਆਦਮੀ ਏਹ ਕਹਿੰਦੇ ਹਨ ਕਿ ਸੰਤ ਸੰਸਾਰ ਸਮੁੰਦਰ ਵਿਚ ਸੁਖ ਪਾਉਂਦੇ ਹਨ। ਅਥਵਾ ਚਤਰ ਪੁਰਸ਼ ਅਜੇਹੇ ਆਦਮੀਨੂੰ ਪਸ਼ੂ ਕਹਿੰਦੇ ਹਨ।

**ਕਹੁ ਕਬੀਰ ਬਹੁ ਕਾਇ ਕਰੀਜੈ ॥ *ਸਰਬਰਸੁ ਛੋਡਿ ਮਹਾ ਰਸੁ ਪੀਜੈ ॥ ੪ ॥ ੫ ॥**

ਕਬੀਰ ਜੀ ਕਹਿੰਦੇ ਹਨ ਬਹੁਤੀਆਂ ਬਾਤਾਂ ਵਾ ਇਸਤਰਾਂ ਦੀਆਂ ਕੀ ਕਿਰਿਆ ਕਰਣੀਆਂ ਚਾਹੀਦੀਆਂ ਹਨ ? ਸਾਰੇ ਰਸਾਂ ਨੂੰ ਛੱਡਕੇ ਮਹਾਂ ਰਸ (ਵਾਹਿਗੁਰੂ ਦੇ ਅਨੰਦ ਦਾ ਅਨੰਦ) ਪੀਓ।

( ੍ਰਾਹਮਣ ਨੂੰ ਉਪਦੇਸ਼ )

**ਕਬੀਰ ਜੀ ਗਉੜੀ ॥ ਕਿਆ ਜਪੁ ਕਿਆ ਤਪੁ ਕਿਆ ਬ੍ਰਤ ਪੂਜਾ ॥ ਜਾ ਕੈ ਰਿਦੈ ਭਾਉ ਹੈ ਦੂਜਾ ॥ ੧ ॥**

ਜਿਸਦੇ ਰਿਦੇ ਵਿਚ ਦ੍ਵੈਤ ਭਾਉ ਹੈ,ਉਸਨੂੰ ਜਪ ਤਪ ਬ੍ਰਤ ਪੂਜਾਕਰਨੀ ਕੀ ਹੈ ? ਭਾਵ ਕੁਝ ਨਹੀਂ।

**ਰੇ ਜਨ ਮਨੁ ਮਾਧਉ ਸਿਉ ਲਾਈਐ ॥ ਚਤੁਰਾਈ ਨ ਚਤੁਰਭੁਜੁ ਪਾਈਐ ॥ ੧ ॥ ਰਹਾਉ ॥**

ਮਾਧਉ = ਮਾਇਆ ਦਾ ਪਤੀ ਵਾਹਿਗੁਰੂ ॥

ਹੇ ਭਾਈ ਮਨ ਵਾਹਿਗੁਰੂ ਨਾਲ ਲਾਉਣਾ ਚਾਹੀਦਾ ਹੈ, ਚਤੁਰਾਈ ਕਰਕੇ ਚਹੁ ਬਾਹਾਂ ਵਾਲਾ ਵਾਹਿਗੁਰੂ ਨਹੀਂ ਪਾਇਆ ਜਾਂਦਾ।

**ਪਰਹਰੁ ਲੋਭੁ ਅਰੁ ਲੋਕਾਚਾਰੁ ॥ ਪਰਹਰੁ ਕਾਮੁ ਕ੍ਰੋਧੁ ਅਹੰਕਾਰੁ ॥ ੨ ॥**

ਪਰਹਰੁ = ਛੱਡ ਦੇ।

ਲੋਭ ਅਤੇ ਲੋਕਾਂ ਵਾਲੇ ਕਰਤਬ ਛੱਡ ਦੇ, ਕਾਮ ਕ੍ਰੋਧ ਹੰਕਾਰ ਵੀ ਛੱਡ ਦੇ।

---

*ਸਰਬਸੁ = ਪਾਠ ਵੀ ਹੁੰਦਾ ਹੈ,ਉਸਦਾ ਅਰਥ ਸਰਬੰਸ ਛੱਡ ਕੇ।

Digitized by Panjab Digital Library | www.panjabdigilib.org

**ਕਰਮ ਕਰਤ ਬਧੇ ਅਹੰਮੇਵ ॥ ਮਿਲਿ ਪਾਥਰ ਕੀ ਕਰਹੀ ਸੇਵ ॥ ੩ ॥**

ਅਹੰਮੇਵ = ਹੰਕਾਰ।

ਹੋਛੇ ਹੋਛੇ ਕਰਮ ਨੇਤੀ ਧੋਤੀ ਆਦਿਕ ਕਰਦੇ ਹੋਏ ਹੰਕਾਰ ਵਿਚ ਬੰਨ੍ਹੇ ਗਏ। (ਜੇਹੜੇ) ਮਿਲ ਕਰਕੇ ਪੱਥਰਾਂ ਦੀ ਸੇਵਾ ਕਰਦੇ ਸੀ।

**ਕਹੁ ਕਬੀਰ ਭਗਤਿ ਕਰਿ ਪਾਇਆ ॥ ਭੋਲੇ ਭਾਇ ਮਿਲੇ ਰਘੁਰਾਇਆ ॥ ੪ ॥ ੬ ॥**

( ਸ਼ੰਕਾ ) ਧੰਨੇ ਭਗਤ ਪੱਥਰ ਪੂਜਾ ਕੀਤੀ ਸੀ ( ਉਤਰ )

ਕਬੀਰ ਜੀ ਕਹਿੰਦੇ ਹਨ ਧੰਨੇ ਨੇ ਭਗਤੀ ਕਰਕੇ ਪਾਇਆ ਸੀ।ਭੋਲੇ ਭਾਇ ਵਾਹਿਗੁਰੂ(ਵਾ ਹੇ ਭੋਲੇ!ਵਾਹਿਗੁਰੂ ਭਾਇ ਪ੍ਰੇਮ ਕਰਨਨਾਲ)ਮਿਲਦਾਹੈ।

'ਫੇਰ'

**ਗਉੜੀ ਕਬੀਰ ਜੀ ॥ ਗਰਭ ਵਾਸ ਮਹਿ ਕੁਲੁ ਨਹੀ ਜਾਤੀ ॥ ਬ੍ਰਹਮ ਬਿੰਦੁ ਤੇ ਸਭ ਉਤਪਾਤੀ ॥ ੧ ॥**

ਜਦ ਮਾਂ ਦੇ ਪੇਟ ਵਿਚ ਜੀਵ ਹੁੰਦਾ ਹੈ ਤਾਂ ਕੁਲ ਜਾਤੀ ਕੁਝ ਨਹੀਂ ਹੁੰਦੀ। ਹੇ ਬ੍ਰਾਹਮਣ ਰਕਤ ਬੀਰਜ ਤੋਂ ਸਭ ਦੀ ਉਤਪਤੀ ਹੈ ਵਾ ਵਾਹਿਗੁਰੂ ਤੋਂ ਸਭ ਦੀ ਉਤਪਤ (ਬਿੰਦੀ) ਜਾਣ।

**ਕਹੁ ਰੇ ਪੰਡਿਤ ਬਾਮਨ ਕਬ ਕੇ ਹੋਏ ॥ ਬਾਮਨ ਕਹਿ ਕਹਿ ਜਨਮੁ ਮਤ ਖੋਏ ॥ ੧ ॥ ਰਹਾਉ ॥**

ਕਹੋ ਓਏ ਪੰਡਤਾ ਬ੍ਰਾਹਮਣ ਕਦੋਂ ਦਾ ਹੋਇਓਂ? ਬਾਮਣ ਕਹਿਕਹਿਕੇ ਜਨਮ ਮਤ ਨਾਸ ਕਰ।

**ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ ॥ ਤਉ ਆਨ ਬਾਟ ਕਾਹੇ ਨਹੀ ਆਇਆ ॥ ੨ ॥**

ਆਨ = ਹੋਰ।

ਹੇ ਬ੍ਰਾਹਮਣ! ਜੇ ਤੈਨੂੰ ਬ੍ਰਾਹਮਣੀਨੇ ਜਾਇਆਹੈ ਤਾਂ ਹੋਰ ਰਸਤੇ ਕਿਉਂ ਨਹੀਂ ਆਇਆ ?

**ਤੁਮ ਕਤ ਬ੍ਰਾਹਮਣ ਹਮ ਕਤ ਸੂਦ ॥ ਹਮ ਕਤ ਲੋਹੂ ਤੁਮ ਕਤ ਦੂਧ ॥ ੩ ॥**

Digitized by Panjab Digital Library | www.panjabdigilib.org

ਤੁਸੀਂ ਕਿਕੁਰ ਬ੍ਰਾਹਮਣ ਹੋ ਅਤੇ ਅਸੀ ਕਿਕਰ ਸ਼ੂਦਰ ਹਾਂ ? ਲਿਆ ਖਾਂ ਭਲਾ ਤੇਰਾ ਮੇਰਾ ਸਰੀਰ ਚੀਰੀਏ। ਸਾਡੇ ਵਿਚ ਕੀ ਲਹੂ ਹੈ ਅਤੇ ਤੁਹਾਡੇ ਵਿਚ ਕੀ ਦੁਧ ਹੈ ?

(ਬ੍ਰਾਹਮਣ) ਤੁਸੀ ਕਿਸਨੂੰ ਬ੍ਰਾਹਮਣ ਕਹਿੰਦੇ ਹੋ ?

**ਕਹੁ ਕਬੀਰ ਜੋ ਬ੍ਰਹਮੁ ਬੀਚਾਰੈ ॥ ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ ॥ ੪ ॥ ੭ ॥**

ਕਬੀਰ ਜੀ ਕਹਿੰਦੇ ਹਨ ਜੋ ਵਾਹਿਗੁਰੂ ਨੂੰ ਵੀਚਾਰੇ, ਓਹ ਸਾਡੇ ਮਤ ਵਿਚ ਬ੍ਰਾਹਮਣ ਕਹੀਦਾ ਹੈ।

( ਫੇਰ )

**ਗਉੜੀ ਕਬੀਰ ਜੀ ॥ ਅੰਧਕਾਰ ਸੁਖਿ ਕਬਹਿ ਨ ਸੋਈਹੈ ॥ ਰਾਜਾ ਰੰਕੁ ਦੋਊ ਮਿਲਿ ਰੋਈਹੈ ॥ ੧ ॥**

ਅਗਿਆਨ ਅਨ੍ਹੇਰੇ ਵਿਚ ਕਦੀ ਵੀ ਸੁਖੀ ਨਹੀਂ ਸਵੀਂਦਾ। ਰਾਜਾ ਰੰਕ (ਕੰਗਾਲ) ਦੋਵੇਂ ਮਿਲਕੇ ਰੋਂਦੇ ਹਨ।

**ਜਉ ਪੈ ਰਸਨਾ ਰਾਮੁ ਨ ਕਹਿਬੋ ॥ ਉਪਜਤ ਬਿਨਸਤ ਰੋਵਤ ਰਹਿਬੋ ॥ ੧ ॥ ਰਹਾਉ ॥**

ਜੇ ਜੀਭ ਕਰਕੇ ਵਾਹਿਗੁਰੂ ਨਾ ਕਹੇਂਗਾ ਤਾਂ ਫਿਰ ਜਨਮਦਾ ਮਰਦਾ ਰੋਂਦਾ ਹੀ ਰਹੇਂਗਾ।

**ਜਸ ਦੇਖੀਐ ਤਰਵਰ ਕੀ ਛਾਇਆ ॥ ਪ੍ਰਾਨ ਗਏ ਕਹੁ ਕਾਂਕੀ ਮਾਇਆ ॥ ੨ ॥**

ਤਰਵਰ = ਬ੍ਰਿਛ।

ਜਿੱਕੁਰ ਬ੍ਰਿਛ ਦੀ ਛਾਂ ਵੇਖੀਦੀ ਹੈ, ਪ੍ਰਾਣ ਨਿਕਲ ਗਏ ਤਾਂ ਦੱਸ ਖ ਕਿਸ ਦੀ ਮਾਇਆ ਹੈ ?

**ਜਸ ਜੰਤੀ ਮਹਿ ਜੀਉ ਸਮਾਨਾ ॥ ਮੂਏ ਮਰਮੁ ਕੋ ਕਾਕਰਿ ਜਾਨਾ ॥ ੩ ॥**

ਜੰਤੀ = ਵਜਾਓਣ ਵਾਲਾ।

ਜਿਸ ਤਰ੍ਹਾਂ ਵਜਾਓਣ ਵਾਲੇ ਵਿਚ ਸੁਰ ਸਮਾ ਜਾਂਦੀ ਹੈ, ਅਰਥਾਤ ਜਿਤਨਾ ਚਿਰ ਓਹ ਵਜੋਂਦਾ ਰਹੇ, ਤਾਂ ਸੁਰ ਨਿਕਲਦੀ ਹੈ, ਅਤੇ ਜਦੋਂ ਛਡ ਦੇਵੇ ਤਾਂ ਸੁਰ ਦਾ ਨਾਸ ਹੋ ਜਾਂਦਾ ਹੈ। ਇਸੇ ਤਰ੍ਹਾਂ ਏਹ ਜੀਵ ਰੂਪੀ ਬਾਜਾ

Digitized by Panjab Digital Library | www.panjabdigilib.org

ਈਸ਼ਵਰ ਵਿਚ ਸਮਾ ਜਾਂਦਾ ਹੈ । ਮਰੇ ਹੋਏ ਦੇ ਭੇਦ ਨੂੰ ਤੁਸੀਂ ਕਿੱਕਰ ਸਮਝਿਆ ਹੈ ? (ਪਹਿਲੀ ਤੁਕ ਦੂਜੀ ਤੁਕ ਦਾ ਜਵਾਬ ਹੈ।)

**ਹੰਸਾ ਸਰਵਰੁ ਕਾਲੁ ਸਰੀਰ ॥ ਰਾਮ ਰਸਾਇਨ ਪੀਉ ਰੇ ਕਬੀਰ ॥ ੪ ॥ ੯ ॥**

ਜੀਵ = ਹੰਸ ਤਾਂ ਵਾਹਿਗੁਰੂ ਸਰੋਵਰ ਨੂੰ ਮਿਲ ਜਾਂਦੇ ਹਨ ਅਤੇ ਕਾਲ ਸਰੀਆਂ ਨੂੰ ਨਾਸ ਕਰਦਾਹੈ ਅਥਵਾ ਜਿਸਤਰਾਂ ਸਰੋਵਰਉਤੇ ਹੰਸ ਰਹਿੰਦੇਹਨ, ਏਸੇ ਤਰਾਂ ਸਰੀਰ ਦੇ ਪਾਸ ਜ਼ਰੂਰ ਮੌਤ ਰਹਿੰਦੀ ਹੈ ਤਾਂਤੇ ਵਾਹਿਗੁਰੂ ਨਾਮ ਜੋ ਰਸਾਂ ਦਾ ਘਰ ਹੈ, ਹੇ ਕਬੀਰ ! ਪੀਓ ।

(ਬ੍ਰਾਹਮਣ ਸੁਧ ਹੋਕੇ ਪੁੱਛਣ ਲਗਾ)

**ਗਉੜੀ ਕਬੀਰ ਜੀ ॥ ਜੋਤਿ ਕੀ ਜਾਤਿ ਜਾਤਿ ਕੀ ਜੋਤੀ ॥ ਤਿਤੁ ਲਾਗੇ ਕੰਚੂਆ ਫਲ ਮੋਤੀ ॥ ੧ ॥**

ਜੋਤਿ ਸਰੂਪ ਵਾਹਿਗੁਰੂ ਦੀ ਜਾਤਿ = ਉਤਪਤ ਕੀਤੀ ਹੋਈ ਸ੍ਰਿਸ਼ਟੀ ਤਿਸਦੀ ਜੋਤੀ ਬੁਧੀਨੂੰ ਕੱਚ ਤੇ ਮੋਤੀ ਫਲ ਲਗੇਹਨ ਭਾਵ ਚੰਗੀਮਾੜੀਬੁਧੀਹੈ।

**ਕਵਨੁ ਸੁ ਘਰੁ ਜੋ ਨਿਰਭਉ ਕਹੀਐ ॥ ਭਉ ਭਜਿ ਜਾਇ ਅਭੈ ਹੋਇ ਰਹੀਐ ॥ ੧ ॥ ਰਹਾਉ ॥**

ਜੇਹੜਾ ਨਿਰਭੈ ਕਹੀਦਾ ਹੈ ਅਤੇ ਜਿਥੇ ਜਾਣ ਨਾਲ ਡਰ ਦੂਰ ਹੋਜਾਂਦਾ ਹੈ ਅਤੇ ਨਿਡਰ ਹੋਕੇ ਰਹੀਦਾ ਹੈ, ਓਹ ਕੇਹੜਾ ਘਰ ਹੈ?

**ਤਟਿ ਤੀਰਥਿ ਨਹੀ ਮਨੁ ਪਤੀਆਇ ॥ ਚਾਰ ਅਚਾਰ ਰਹੇ ਉਰਝਾਇ ॥ ੨ ॥**

ਤਟਿ = ਕੰਢਾ । ਚਾਰ ਅਚਾਰ = ਮਾੜੇ ਚੰਗੇ ਕੰਮ ।

ਤੀਰਥਾਂ ਉਤੇ ਭੀ ਮਨ ਨਹੀਂ ਲਗਦਾ(ਕਿਉਂਕਿ ਓਥੋਂ ਦੇ ਪਾਂਡੇ)ਮਾੜੇ ਚੰਗੇ ਕੰਮਾਂ ਵਿਚ ਫਸ ਰਹੇ ਹਨ ।

**ਪਾਪ ਪੁੰਨ ਦੁਇ ਏਕ ਸਮਾਨ ॥ ਨਿਜ ਘਰਿਪਾਰਸੁ ਤਜਹੁ ਗੁਨ ਆਨ ॥ ੩ ॥**

ਆਨ = ਹੋਰ । ਨਿਜ = ਆਪ ।

ਪਾਪ ਪੁੰਨ ਦੋਵੇਂ ਇਕੋ ਜਿਹੇ ਹਨ ਆਪਣੇ ਘਰ ਵਿਚ ਪਾਰਸ ਰੂਪ ਵਾਹਿਗੁਰੂ ਨੂੰ ਵਿਚਾਰ ਅਤੇ ਹੋਰ ਸਾਰੇ ਗੁਣ ਛੱਬ ਦੇਹ ਵਾ ਵਿਚਾਰ ਵਾਲਾ ਹੋਕੇ ਆਨ = ਦ੍ਵੈਤ ਨੂੰ ਛੱਡ ।

Digitized by Panjab Digital Library | www.panjabdigilib.org

**ਕਬੀਰ ਨਿਰਗੁਣ ਨਾਮ ਨ ਰੋਸੁ ॥ ਇਸ ਪਰਚਾਇ ਪਰਚਿ ਰਹੁ ਏਸੁ ॥ ੪ ॥ ੯ ॥**

ਕਬੀਰ ਜੀ ਕਹਿੰਦੇ ਹਨ ਹੇ ਨਿਰਗੁਣਿਆਰੇ ਜੀਵ! ਨਾਮ ਨਾਲ ਗੁਸਾ ਨਾ ਕਰ, ਇਸ ਨਾਮ ਦੇ ਪਰਚੇ ਵਿਚ ਪਰਚ ਰਹੁ ਵਾ ਹੋਰਨਾਂ ਨੂੰ ਵੀ ਇਸ ਵਿਚ ਲਾਓ ਤੇ ਆਪ ਵੀ ਲਗ ਰਹੁ ਵਾ ਮਨ ਨੂੰ ਵਾਹਿਗੁਰੂ ਵਿਚ ਪਰਚਾ ਕੇ ਆਪ ਵੀ ਪਰਚ ਰਹੁ ।

(ਜੇਹੜੇ ਵਾਹਿਗੁਰੂ ਨੂੰ ਛੱਡਕੇ ਵੈਕੁੰਠਦੀ ਆਸਾ ਕਰਦੇ ਹਨ, ਤਿਨ੍ਹਾਂ ਪਰਥਾਇ)

**ਗਉੜੀ ਕਬੀਰ ਜੀ ॥ ਜੋ ਜਨ ਪਰਮਿਤਿ ਪਰਮ ਨ ਜਾਨਾ ॥ *ਬਾਤਨ ਹੀ ਬੈਕੁੰਠ ਸਮਾਨਾ ॥ ੧ ॥**

ਜਿਨ੍ਹਾਂ ਜਨਾਂ ਨੇ ਹੱਛੀ ਮਰਯਾਦਾ ਵਾਲੇ ਵਡੇ ਵਾਹਿਗੁਰੂ ਨੂੰ ਨਹੀਂ ਜਾਣਿਆ ਹੈ ਅਰ ਉਹ ਆਦਮੀ ਗਲਾਂ ਨਾਲ ਹੀ ਵੈਕੁੰਠ ਜਾਇਆ ਚਾਹੁੰਦੇ ਹਨ ।

**ਨਾ ਜਾਨਾ ਬੈਕੁੰਠ ਕਹਾਹੀ ॥ ਜਾਨੁ ਜਾਨੁ ਸਭਿ ਕਹਹਿ ਤਹਾਹੀ ॥ ੧ ॥ ਰਹਾਉ ॥**

ਮੈਂ ਨਹੀਂ ਜਾਣਦਾ ਕਿ ਬੈਕੁੰਠ ਕਿਥੇ ਹੈ, ਸਾਰੇ ਓਥੇ ਜਾਣਾ ਜਾਣਾ ਆਖਦੇ ਹਨ ।

**ਕਹਨ ਕਹਾਵਨ ਨਹ ਪਤਿਅਈਹੈ ॥ ਤਉ ਮਨ ਮਾਨੈ ਜਾਤੇ ਹਉਮੈ ਜਈ ਹੈ ॥ ੨ ॥**

ਕਹਿਣੇ ਕਹਾਉਣੇ ਕਰਕੇ ਨਹੀਂ ਪਤੀਆਈਦਾ, ਤਾਂ ਮਨ ਮੰਨਦਾ ਹੈ, ਜੇ ਹੰਗਤਾ ਚਲੀ ਜਾਏ ।

**ਜਬ ਲਗੁ ਮਨਿ ਬੈਕੁੰਠ ਕੀ ਆਸ ॥ ਤਬ ਲਗੁ ਹੋਇ ਨਹੀ ਚਰਨ ਨਿਵਾਸੁ ॥ ੩ ॥**

ਜਿੰਨਾ ਚਿਰ ਮਨ ਵਿਚ ਬੈਕੁੰਠ ਦੀ ਆਸਾ ਲਗ ਰਹੀ ਹੈ, ਉੱਨਾ ਚਿਰ ਵਾਹਿਗੁਰੂ ਦੇ ਚਰਨਾਂ ਵਿਚ ਨਿਵਾਸ ਨਹੀਂ ਹੁੰਦਾ ।

**ਕਹੁ ਕਬੀਰ ਇਹ ਕਹੀਐ ਕਾਹਿ ॥ ਸਾਧ ਸੰਗਤਿ ਬੈਕੁੰਠੈ ਆਹਿ ॥ ੪ ॥ ੧੦ ॥**

---

*ਜਿਨ੍ਹਾਂ ਨੇ ਵਡੇ ਵਾਹਿਗੁਰੂ ਨੂੰ ਜਾਣਿਆ ਹੈ, ਉਹ ਸਰੀਰ ਦੇ ਨਾਲ ਹੀ ਬੈਕੁੰਠ ਨੂੰ ਚਲੇ ਗਏ ਹਨ,

Digitized by Panjab Digital Library | www.panjabdigilib.org

ਕਬੀਰ ਜੀ ਕਹਿੰਦੇ ਹਨ ਇਹ ਗਲ ਕੀ ਕਹੀਏ ਅਥਵਾ ਕਿਸ ਨੂੰ ਕਹੀਏ ਕਿ ਸਾਧ ਸੰਗਤ ਹੀ ਬੈਕੁੰਠ ਹੈ।

(ਉਪਦੇਸ਼)

**ਗਉੜੀ ਕਬੀਰ ਜੀ ॥ ਉਪਜੈ ਨਿਪਜੈ ਨਿਪਜਿ ਸਮਾਈ ॥ ਨੈਨਹੁ ਦੇਖਤ ਇਹੁ ਜਗੁ ਜਾਈ ॥ ੧ ॥**

ਪਹਿਲਾਂ ਚੰਦਰਮਾਂ ਦੀਆਂ ਕਿਰਨਾਂ ਕਰਕੇ ਖੇਤੀ ਵਿਚ ਰਸ ਉਪਜਦਾ ਹੈ,ਉਸ ਰਸ ਦੇ ਜ਼ੋਰ ਕਰਕੇ ਰਕਤ ਬੀਰਜਮਾਤਾ ਪਿਤਾਦਾਨਿਪਜੈ = ਬਣਦਾ ਹੈ,ਅਤੇ ਤਦ ਫਿਰ ਜੀਵ ਨਿਪਜ = ਜੰਮਦਾ ਹੈ ਤੇ ਜੰਮਕੇ ਸਮਾਈ = ਮਰ ਜਾਂਦਾ ਹੈ, ਇਕੁਰ ਅਖੀਂ ਦੇਖਦਿਆਂ ਹੀ ਸਾਰਾ ਜਗਤ ਚਲਿਆ ਜਾਂਦਾ ਹੈ।

**ਲਾਜ ਨ ਮਰਹੁ ਕਹਹੁ ਘਰੁ ਮੇਰਾ ॥ ਅੰਤ ਕੀ ਬਾਰ ਨਹੀ ਕਛੁ ਤੇਰਾ ॥ ੧ ॥ ਰਹਾਉ ॥**

ਹੇ ਭਾਈ!(ਤੂੰ) ਲੱਜਿਆ ਕਰਕੇ ਨਹੀਂ ਮਰਦਾ, ਜੋ ਕਹਿੰਦਾ ਹੈਂ ਘਰ ਮੇਰਾ ਹੈ,ਅੰਤ ਦੇ ਵੇਲੇ ਕੁਝ ਵੀ ਤੇਰਾ ਨਹੀਂ ਹੋਣਾ।

**ਅਨਿਕ ਜਤਨ ਕਰਿ ਕਾਇਆ ਪਾਲੀ ॥ ਮਰਤੀ ਬਾਰ ਅਗਨਿ ਸੰਗਿ ਜਾਲੀ ॥ ੨ ॥**

ਅਨੇਕਾਂ ਉਪਾਵਾਂ ਕਰਕੇ ਦੇਹ ਪਾਲੀਦੀ ਹੈ, ਪਰ ਮਰਨ ਦੇ ਵੇਲੇ ਅਗਨੀ ਦੇ ਨਾਲ ਸਾੜ ਦੇਈਦੀ ਹੈ।

**ਚੋਆ ਚੰਦਨੁ ਮਰਦਨ ਅੰਗਾ ॥ ਸੋ ਤਨੁ ਜਲੈ ਕਾਠ ਕੈ ਸੰਗਾ ॥ ੩ ॥**

ਮਰਦਨ = ਮਲਣਾ।

( ਜਿਸ ਸਰੀਰ ਤੇ ) ਅਤਰ ਫੁਲੇਲ ਆਦਿਕ ਅੰਗਾਂ ਨੂੰ ਮਲੀਦਾ ਹੈ, ਓਹ ਸਰੀਰ ਲਕੜੀਆਂ ਨਾਲ ਸੜ ਜਾਂਦਾ ਹੈ।

**ਕਹੁ ਕਬੀਰ ਸੁਨਹੁ ਰੇ ਗੁਨੀਆ ॥ ਬਿਨਸੈਗੋ ਰੂਪ ਦੇਖੈ ਸਭ ਦੁਨੀਆ ॥ ੪ ॥ ੧੧ ॥**

ਕਬੀਰ ਜੀ ਕਹਿੰਦੇ ਹਨ ਸੁਣੋ ਹੇ ਗੁਣੀ ਪੁਰਸ਼ੋ ! ਏਹ ਸਾਰਾ ਰੂਪ ਜੇਹੜਾ ਤੁਸੀ ਸਾਰੀ ਸ੍ਰਿਸ਼ਟੀ ਵਿਚ ਵੇਖ ਰਹੇਹੋ,ਨਾਸ ਹੋਜਾਵੇਗਾ ਵਾ ਦੁਨੀਆਂ ਸਾਰੀ ਦੇਖਦਿਆਂ ਨਾਸ ਹੋਵੇਗੀ।

Digitized by Panjab Digital Library | www.panjabdigilib.org

( ਉਪਦੇਸ਼ )

ਗਉੜੀ ਕਬੀਰ ਜੀ ॥ ਅਵਰ ਮੂਏ ਕਿਆ ਸੋਗੁ ਕਰੀਜੈ ॥ ਤਉ ਕੀਜੈ ਜਉ ਆਪਨ ਜੀਜੈ ॥ ੧ ॥

ਹੋਰ ਦੇ ਮੋਇਆਂ ਕੀ ਸ਼ੋਕ ਕਰੀਏ, ਤਾਂ ਕਰੀਏ ਜੇ ਆਪ ਜੀਊਂਦੇ ਰਹਿਣਾ ਹੋਵੇ।

( ਕੀ ਤੂੰ ਨਹੀਂ ਮਰਨਾ ?)

ਮੈ ਨ ਮਰਉ ਮਰਿਬੋ ਸੰਸਾਰਾ ॥ ਅਬ ਮੋਹਿ ਮਿਲਿਓ ਹੈ ਜੀਆਵਨ ਹਾਰਾ ॥ ੧ ॥ ਰਹਾਉ ॥

ਮੈਂ ਨਹੀਂ ਮਰਨਾ, ਸੰਸਾਰ ਮਰੇਗਾ, ਕਿਉਂਕਿ ਮੈਨੂੰ ਹੁਣ ਜੀਵਾਉਣ ਵਾਲਾ ਵਾਹਿਗੁਰੂ ਮਿਲਿਆ ਹੈ।

ਇਆ ਦੇਹੀ ਪਰਮਲ ਮਹਕੰਦਾ ॥ ਤਾ ਸੁਖ ਬਿਸਰੇ ਪਰਮਾਨੰਦਾ ॥ ੨ ॥

ਇਸ ਦੇਹੀ ਉਪਰ ਜੀਵ ਸੁਗੰਧੀਆਂ ਨੂੰ ਸੁਗੰਧਤ ਕਰਦਾ ਹੈ, ਤਿਸ ਸੁਖ ਕਰਕੇ ਵਾਹਿਗੁਰੂ ਵਿਸਰਦਾ ਹੈ।

ਕੂਅਟਾ ਏਕੁ ਪੰਚ ਪਨਿਹਾਰੀ ॥ ਟੂਟੀ ਲਾਜੁ ਭਰੈ ਮਤਿਹਾਰੀ ॥ ੩ ॥

ਕੂਅਟਾ = ਖੂਹ। ਪਨਿਹਾਰੀ = ਪਾਣੀ ਭਰਨ ਵਾਲੀਆਂ।

ਇਕ ਸਰੀਰ ਖੂਹਾ ਹੈ, ਪੰਜ ਪਾਣੀ ਭਰਨ ਵਾਲੀਆਂ ਕਾਮਾਦਿਕ ਇੰਦ੍ਰੀਆਂ ਹਨ,ਅਜ ਅਵਿਦਜਾ ਲੱਜ ਟੁੱਟਗਈ ਤਾਂ ਭਰਨ ਵੱਲੋਂ ਅਕਲ ਥੱਕ ਗਈ ਅਥਵਾ ਓਹ ਮੂਰਖ ਤੇਰੀਆਂਇੰਦ੍ਰੀਆਂਟੁੱਟੀ ਹੋਈ ਲੱਜ ਨਾਲ ਭੀ ਪਾਣੀ ਭਰੀ ਜਾਂਦੀਆਂ ਹਨ। (ਕਮਜ਼ੋਰ ਹੋਣ ਤੇ ਭੀ ਵਿਸ਼ੇ ਨਹੀਂ ਛਡਦੇ )

ਕਹੁ ਕਬੀਰ ਇਕ ਬੁਧਿ ਬੀਚਾਰੀ ॥ ਨਾ ਓਹ ਕੂਅਟਾ ਨਾ ਪਨਿਹਾਰੀ ॥ ੪ ॥ ੧੨ ॥

ਕਬੀਰ ਜੀ ਕਹਿੰਦੇ ਹਨ, ਜਦ ਅਕਲ ਵਿਚ ਇਕ ਵਿਚਾਰ ਕੀਤੀ ਤਾਂ ਨਾ ਉਹ ਖੂਹਾ ਸੱਚਾ ਹੈ ਅਤੇ ਨਾ ਉਹ ਪਾਣੀ ਭਰਨ ਵਾਲੀਆਂ।

"ਸਨਮੁਖ ਬੇਨਤੀ"

ਗਉੜੀ ਕਬੀਰ ਜੀ ॥ ਅਸਥਾਵਰ ਜੰਗਮ ਕੀਟ ਪਤੰਗਾ ॥ ਅਨਿਕ ਜਨਮ ਕੀਏ ਬਹੁ ਰੰਗਾ ॥ ੧ ॥

Digitized by Panjab Digital Library | www.panjabdigilib.org

{ ਅਸਥਾਵਰ = ਟਿਕੇ ਰਹਿਣ ਵਾਲੇ ਪਰਬਤ, ਬ੍ਰਿਛ ਆਦਿਕ। ਜੰਗਮ = ਤੁਰਨ ਵਾਲੇ। }

(ਹੇ ਵਾਹਿਗੁਰੂ ਅਸਾਂ) ਅਸਥਾਵਰ ਜੰਗਮ ਕੀੜੇ ਪਤੰਗੇ ਹੋਕੇ ਬਹੁਤ ਰੰਗਾਂ ਦੇ ਅਨੇਕਾਂ ਹੀ ਜਨਮ ਧਾਰੇ ਹਨ।

**ਐਸੇ ਘਰ ਹਮ ਬਹੁਤੁ ਬਸਾਏ ॥ ਜਬ ਹਮ ਰਾਮ ਗਰਭ ਹੋਇ ਆਏ ॥ ੧ ॥ ਰਹਾਉ ॥**

ਹੇ ਰਾਮ = ਵਾਹਿਗੁਰੂ ! ਜਦ ਅਸੀਂ ਹਮ = ਹੰਕਾਰ ਵਾਲੇ ਹੋਏ। ਇਕੁਰ ਦੇ ਘਰ ਅਸਾਂ ਬਹੁਤ ਵਸਾਏ ਅਥਵਾ ਇਕੁਰ ਦੇ ਉਪ੍ਰੋਕਤ ਘਰ ਅਸੀ ਬਹੁਤ ਵਸਾਏ ਹਨ, ਹੇ ਪ੍ਰਮਾਤਮਾਂ ! ਜਦੋਂ ਮਾਤਾ ਦੇ ਪੇਟ ਵਿਚ ਆਏ ਤਾਂ।

**ਜੋਗੀ ਜਤੀ ਤਪੀ ਬ੍ਰਹਮਚਾਰੀ ॥ ਕਬਹੂ ਰਾਜਾ ਛਤ੍ਰਪਤਿ ਕਬਹੂ ਭੇਖਾਰੀ ॥ ੨ ॥**

ਕਦੇ ਜੋਗੀ ਕਦੇ ਜਤੀ ਤੇ ਕਦੇ ਤਪੀ ਬ੍ਰਹਮਚਾਰੀ ਹੋਏ,ਤੇ ਕਦੀ ਰਾਜਾ ਚੱਕਰਵਰਤੀ,ਕਦੀ ਭੇਖਾਰੀ ਹੋਏ।

**ਸਾਕਤ ਮਰਹਿ ਸੰਤ ਸਭ ਜੀਵਹਿ ॥ ਰਾਮਰਸਾਇਨੁ ਰਸਨਾ ਪੀਵਹਿ ॥ ੩ ॥**

ਸ਼ਕਤੀ ਉਪਾਸ਼ਕ ਮਨਮੁਖ ਮਰਦੇਹਨ ਅਤੇ ਸੰਤ ਸਭ ਜੀਊਂਦੇ ਹਨ, ਕਿਉਂਕਿ ਸੰਤ ਵਾਹਿਗੁਰੂ ਜੋ ਰਸਾਂ ਦਾ ਘਰ ਹੈ, ਉਸਦੇ ਨਾਮ ਰਸ ਨੂੰ ਰਸਨਾ ਕਰਕੇ ਪੀਂਦੇ ਹਨ ਅਰਥਾਤ ਉਸ ਵਿਚ ਮਗਨ ਰਹਿੰਦੇ ਹਨ।

**ਕਹੁ ਕਬੀਰ ਪ੍ਰਭ ਕਿਰਪਾ ਕੀਜੈ ॥ ਹਾਰਿ ਪਰੇ ਅਬ ਪੂਰਾ ਦੀਜੈ ॥ ੪ ॥ ੧੩ ॥**

ਕਬੀਰ ਜੀ ਕਹਿੰਦੇ ਹਨ ਹੇ ਵਾਹਿਗੁਰੂ ! ਅਸਾਡੇ ਤੇ ਕਿਰਪਾ ਕਰ, ਕਿਉਂਕਿ ਅਸੀ ਹੁਣ ਹਾਰਕੇ ਤੇਰੇ ਬੂਹੇ ਤੇ ਡਿਗ ਪਏ ਹਾਂ, ਹੁਣ ਸਾਨੂੰ ਪੂਰਾ ਗਿਆਨ ਵਾ ਨਾਮ ਵਾ ਮੋਖ ਪਦ ਦੇਹ।

***ਗਉੜੀ ਕਬੀਰ ਜੀ ਕੀ ਨਾਲਿ ਰਲਾਇ ਲਿਖਿਆ ਮ ੫ ॥ ਐਸੋ ਅਚਰਜੁ ਦੇਖਿਓ ਕਬੀਰ ॥ ਦਧਿਕੈ ਭੋਲੈ ਬਿਰੋਲੈ ਨੀਰੁ ॥ ੧ ॥ ਰਹਾਉ ॥**

---

*ਗੁਰੂ ਜੀ ਆਪਣੇ ਨਾਲ ਭਗਤਾਂ ਦੀ ਅਭੇਦਤਾ ਕਰਦੇ ਹਨ।

Digitized by Panjab Digital Library | www.panjabdigilib.org

ਕਬੀਰ ਜੀ ਕਹਿੰਦੇ ਹਨ ਕਿ ਮੈਂ ਇਕੁਰ ਦਾ ਅਸਚਰਜ ਤਮਾਸ਼ਾ ਸੰਸਾਰਵਿਚ ਦੇਖਿਆਹੈ ਕਿ ਦਹੀਂਦੇ ਭੁਲੇਖੇਜੀਵਨੀਰ = ਪਾਣੀਨੂੰਬਿਰੋਲੈ = ਰਿੜਕ ਰਹੇ ਹਨ ਭਾਵ ਚੰਗੇ ਕਰਮਾਂ ਦੇ ਭੁਲੇਖੇ ਮਾੜੇ ਕੰਮ ਕਰਦੇ ਹਨ।

**ਹਰੀ ਅੰਗੂਰੀ ਗਦਹਾ ਚਰੈ ॥ ਨਿਤ ਉਠ ਹਾਸੈ ਹੀਗੈ ਮਰੈ ॥ ੧ ॥**

ਵਿਸ਼ਿਆਂ ਰੂਪ ਹਰੀ ਅੰਗੂਰੀ ਮਨ ਰੂਪਗਧਾ(ਗਦਗਦ) ਪ੍ਰਸੰਨਹੋਕਰ ਚਰਦਾ ਹੈ ਅਤੇ ਰੋਜ਼ ਹੀ ਉਠਕੇ,ਹਸਦਾ ਤੇ ਹੀਂਗਦਾ ਤੇ(ਜੰਮਦਾ) ਮਰਦਾ ਹੈ।

**ਮਾਤਾ ਭੈਸਾ ਅੰਮੁਹਾ ਜਾਇ ॥ ਕੁਦਿ ਕੁਦਿ ਚਰੈ ਰਸਾਤਲ ਪਾਇ ॥ ੨ ॥**

ਅੰਮੁਹਾ = ਅਮੋੜ। ਰਸਾਤਲ = ਪਤਾਲ, ਨਰਕ।

ਫਿੱਟਿਆ ਹੋਇਆ ਝੋਟਾ (ਮਨ) ਅਮੋੜ ਜਾਂਦਾ ਹੈ, ਛਾਲ ਮਾਰ ਮਾਰਕੇ ਵਿਸ਼ੇ ਰੂਪੀ ਖੇਤੀ ਨੂੰ ਚਰਦਾ ਹੈ ਅਤੇ ਨਰਕ ਵਿੱਚ ਪੈਂਦਾ ਹੈ।

**ਕਹੁ ਕਬੀਰ ਪਰਗਟ ਭਈ ਖੇਡ ॥ ਲੇਲੇ ਕਉ ਚੂੰਘੈ ਨਿਤ ਭੇਡ ॥ ੩ ॥**

ਕੀਬਰ ਜੀ ਕਹਿੰਦੇ ਹਨ ਇਹ ਖੇਡ ਸੰਤ ਜਨਾਂ ਨੂੰ ਪ੍ਰਗਟ ਹੋਈ ਹੈ ਕਿ ਲੇਲੇ ਜੀਵ ਨੂੰ ਭੇਡ (ਮਾਇਆ) ਰੋਜ਼ ਹੀ ਚੁੰਘ ਰਹੀ ਹੈ।

**ਰਾਮ *ਰਮਤ ਮਤਿ ਪਰਗਟੀ ਆਈ ॥ ਕਹੁ ਕਬੀਰ**

*ਏਥੇ ਮਤਿ ਦਾ ਅਰਥ ਅਕਲ ਹੈ (ਹਮਰੈ ਖੋਜ ਪਰਹੁ ਮਤਿ ਕੋਈ) ਏਥੇ ਮਤਿ ਦਾ ਅਰਥ ਨਹੀਂ ਹੈ, ਇਹ ਸ਼ਬਦ ਕਈ ਜਗਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੈ ਜੋਕਿਸੇ ਜਗਾ ਮਤਹੈ,ਕਿਸੇ ਜਗਾ ਮਤੁ ਹੈ,ਕਿਸੇ ਜਗਾ ਮਤਿ ਹੈ। ਅਗਲੀਆਂ ਪੰਗਤੀਆਂ ਤੋਂ ਵੇਖੋ (ਮਤੁ ਜਾਣ ਸਹਿ ਗਲੀ ਪਾਇਆ। ਨਾਉ ਸੈਤਾਨ ਮਤੁ ਕਟਿ ਜਾਈ, ਸਿਰੀ ਰਾਗ ਮਃ ੧) (ਮਨ ਤੂੰ ਮਤ ਮਾਣ ਕਰਹਿ ਜਿ ਹਉ ਕਿਛ ਜਾਣਦਾ,ਆਸਾ ਮਃ ੩) (ਮਤ ਮੈ ਪਿਛੈਕੋਈ ਰੋਵਸੀ, ਰਾਮਕਲੀ ਸਦ) (ਬੇਦ ਪਾਠ ਮਤਿ ਪਾਪਾ ਖਾਇ, ਵਾਰ ਸੂਹੀ) (ਮੇਰੀ ਮਤਿ ਬਉਰੀ, ਆਸਾ ਕਬੀਰ ਜੀ) ਸੰਤਾ ਕਉ ਮਤਿ ਕੋਈ ਨਿੰਦਹੁ, ਸੂਹੀ ਕਬੀਰ ਜੀ) (ਮਤ ਹਰਿ ਪੂਛੈ ਕਉਨ ਹੈ, ਸਃ ਕਃ ੬੦) (ਮਤ ਬਸ ਪਰਉ ਲੁਹਾਰ ਕੇ, ਸਃ ਕਃ ੯੦ (ਮੈਂ ਬਿਗਰੇ ਅਪਨੀ ਮਤਿ ਖੋਈ, ਮੇਰੇ ਭਰਮਿ ਭੂਲਉ ਮਤਿ ਕੋਈ, ਬਿਲਾਵਲ ਕਬੀਰ) (ਬੇਦ ਪੁਰਾਨ ਸਭੈ ਮਤਿ ਸੁਨਕੈ, ਸੋਰਠ ਕਬੀਰ ਜੀ) (ਬੇਦ ਕਤੇਬ ਕਹਹੁ ਮਤ ਝੂਠੇ, ਪ੍ਰਭਾਤੀ ਕਬੀਰ ਜੀ)

Digitized by Panjab Digital Library | www.panjabdigilib.org

**ਗੁਰਿ ਸੋਝੀ ਪਾਈ ॥ ੪ ॥ ੧ ॥ ੧੪ ॥**

ਰਮਤ = ਜਪਣਾ। ਮਤਿ = ਅਕਲ।

ਕਬੀਰ ਜੀ ਕਹਿੰਦੇਹਨ ਕਿ ਵਾਹਿਗੁਰੂ ਜਪਣ ਨਾਲ ਅਕਲ ਪ੍ਰਗਟ ਹੋਆਈ ਹੈ ਅਤੇ ਵਾਹਿਗੁਰੂ ਜਪਣ ਦੀ ਸੋਝੀ ਗੁਰਾਂ ਕੋਲੋਂ ਪਾਈ ਹੈ।

**ਗਉੜੀ ਕਬੀਰ ਜੀ ॥ *ਪੰਚਪਦੇ ੨ ॥ ਜਿਉ ਜਲ ਛੋਡਿ ਬਾਹਰਿ ਭਇਓ ਮੀਨਾ । ਪੂਰਬ ਜਨਮ ਹਉ ਤਪਕਾ ਹੀਨਾ ॥ ੧ ॥**

ਮੀਨ = ਮੱਛ। ਪੂਰਬ = ਪਹਿਲਾ।

ਜਿੱਕੁਰ ਜਲ ਨੂੰ ਛੱਡਕੇ ਬਾਹਿਰ ਹੋਇਆ ੨ ਮੱਛ ਦੁਖ ਪਾਉਂਦਾ ਹੈ, ਮੈਂ ਜਾਣਿਆ ਹੈ ਕਿ ਪੂਰਬਲੇ ਜਨਮ ਤੂੰ (ਸਨਮੁਖ ਹੋਕੇ ਵਾਹਿਗੁਰੂ ਕਹਿੰਦਾ ਹੈ) ਤਪ ਦਾ ਹੀਣਾ ਹੈਂ, ਵਾ ਕਬੀਰ ਜੀ ਕਹਿੰਦੇ ਹਨ ਮੈਂ ਪੈਹਲੇ ਦਾ ਤਪ ਦਾ ਹੀਣਾ ਹਾਂ। ਆਪਣੀਨਿੰਦਾ ਤੋਂ ਉਸਤਤ ਅਤੇ ਕਾਂਸ਼ੀ ਦੀ ਉਸਤਤਿ ਕਰਕੇ ਨਿੰਦਾ ਨਿਕਲੀ।

**ਅਬ ਕਹੁ ਰਾਮ ਕਵਨ ਗਤਿ ਮੋਰੀ ॥ ਤਜੀਲੇ ਬਨਾਰਸ ਮਤਿ ਭਈ ਥੋਰੀ ॥ ੧ ॥ ਰਹਾਉ ॥**

ਹੁਣ ਕਹੁ ਖਾਂ ਹੇ ਵਾਹਿਗੁਰੂ! ਕੀ ਮੇਰੀ ਗਤੀ ਹੋਵੇਗੀ? ਕਿਉਂਕਿ ਕਾਂਸੀ ਨੂੰ ਛੱਡ ਦਿੱਤਾ ਹੈ, ਅਕਲ ਥੋੜ੍ਹੀ ਹੋ ਗਈ ਹੈ ਵਾ ਹੇ (ਰਾਮ) ਭਾਈ! ਮੇਰੀ ਕੀ ਗਤੀ ਹੋਵੇਗੀ? (ਉੱਤਰ) ਤੂੰ ਕਾਂਸ਼ੀ ਛੱਡੀ ਹੈ, ਤੇਰੀ ਅਕਲਤੁੱਛ ਹੋ ਗਈ ਹੈ।

**ਸਗਲ ਜਨਮੁ ਸਿਵ ਪੁਰੀ ਗਵਾਇਆ ॥ ਮਰਤੀ ਬਾਰ ਮਗਹਰ ਉਠਿ ਆਇਆ ॥ ੨ ॥**

ਸਾਰਾ ਜਨਮ ਤੂੰ ਸ਼ਿਵ ਪੁਰੀ ਵਿਚ ਗਵਾਇਆ ਹੈ ਅਤੇ ਮਰਣ ਦੇ ਵੇਲੇ ਮਗਹਰ ਦੇਸ ਉਠ ਆਇਆ ਹੈਂ।

**ਬਹੁਤੁ ਬਰਸੁ ਤਪੁ ਕੀਆ ਕਾਸੀ ॥ ਮਰਨੁ ਭਇਆ ਮਗਹਰ ਕੀ ਬਾਸੀ ॥ ੩ ॥**

---

*ਮਗਹਰ ਦੇਸ ਜੋ ਗਣੇਸ਼ ਜੀ ਦਾ ਵਸਾਇਆ ਹੋਯਾ ਹੈ, ਏਥੇ ਮਰਣ ਨਾਲ ਜੀਵ ਨਰਕ ਨੂੰ ਜਾਂਦਾ ਹੈ ਤੇ ਕਾਂਸ਼ੀ ਵਿਚ ਸੁਰਗ ਨੂੰ, ਇਹ ਲੋਕਾਂ ਦਾ ਖਿਆਲ ਹੈ।

Digitized by Panjab Digital Library | www.panjabdigilib.org

ਬਾਹਲੇ ਵਰ੍ਹੇ ਤੂੰ ਕਾਸ਼ੀ ਤਪ ਕੀਤਾ ਹੈ ਅਤੇ ਮਰਣਾ ਤੇਰਾ ਮਗਹਰ ਦੀ ਬਾਸੀ ਵਿੱਚ ਹੋਇਆ ਹੈ। (ਉੱਤਰ)

**ਕਾਸੀ ਮਗਹਰ ਸਮ ਬੀਚਾਰੀ ॥ ਓਛੀ ਭਗਤਿ ਕੈਸੇ ਉਤਰਸਿ ਪਾਰੀ ॥ ੪ ॥**

ਮੈਂ ਤਾਂ ਕਾਸ਼ੀ ਮਗਹਰ ਬਰਾਬਰ ਵੀਚਾਰੀ ਹੈ, ਤੁੱਛ ਭਗਤੀ ਕਰਕੇ ਕਿੱਕੁਰ ਪਾਰ ਉਤਰੀਦਾ ਹੈ? ਭਾਵ ਮੈਂ ਇੱਕੁਰ ਦੀ ਭਗਤੀ ਕੀਤੀ ਹੈ ਕਿ ਜਿਥੇ ਮਰਾਂਗਾ, ਓਥੇ ਹੀ ਮੁਕਤਿ ਹੋਵਾਂਗਾ।

**ਕਹੁ *ਗੁਰ ਗਜਿ ਸਿਵ ਸਭੁ ਕੋ ਜਾਨੈ ॥ ਮੁਆ ਕਬੀਰੁ ਰਮਤ ਸ੍ਰੀ ਰਾਮੈ ॥ ੫ ॥ ੧੫ ॥**

ਗੁਰ = ਰਾਮਾਨੰਦ। ਗਜਿ = ਗਣੇਸ਼।

ਕਬੀਰ ਜੀ ਕਹਿੰਦੇ ਹਨ ਕਿ ਹੇ ਰਾਮਾਨੰਦ ਜੀ! ਗਣੇਸ਼ ਸ਼ਿਵ ਸਭ ਜਾਣਦੇ ਹਨ ਕਿ ਰਾਮ ਰਾਮ ਕਹਿੰਦਾ ਕਬੀਰ ਮੋਇਆ ਹੈ।

(ਉਪਦੇਸ਼)

**ਗਉੜੀ ਕਬੀਰ ਜੀ ॥ ਚੋਆ ਚੰਦਨ ਮਰਦਨ ਅੰਗਾ ॥ ਸੋ ਤਨੁ ਜਲੈ ਕਾਠ ਕੈ ਸੰਗਾ ॥ ੧ ॥**

ਮਰਦਨ = ਵਟਨਾ ਮਲਣਾ।

ਅਤਰ ਫੁਲੇਲ ਜਿਨ੍ਹਾਂ ਅੰਗਾਂ ਨੂੰ ਮਲਦਾ ਸੀ, ਸੋ ਸਰੀਰ ਲਕੜੀਆਂ ਨਾਲ ਜਲਦਾ ਹੈ।

**ਇਸੁ ਤਨ ਧਨ ਕੀ ਕਵਨ ਬਡਾਈ ॥ ਧਰਨਿ ਪਰੈ ਉਰਵਾਰਿ ਨ ਜਾਈ ॥ ੧ ॥ ਰਹਾਉ ॥**

ਇਸ ਤਨ ਧਨ ਦੀ ਕੀ ਵਡਿਆਈ ਹੈ? ਸਰੀਰ ਤਾਂ ਧਰਤੀ ਵਿਚ ਗੱਡਿਆ ਵਾ ਮਿਲ ਜਾਂਦਾ ਹੈ ਅਤੇ ਧਨ ਉਰਵਾਰਿ = ਏਥੇ ਹੀ ਰਹਿੰਦਾ ਹੈ, ਅਗੇ ਨਹੀਂ ਜਾਂਦਾ।

(ਜਿਕੁਰ ਤਨ ਧਨ ਵਿਚ ਲਗਕੇ ਜੀਵ ਵਾਹਿਗੁਰੂ ਤੋਂ ਬੇਮੁਖ ਹੋ ਰਹੇ ਹਨ, ਸੋ ਕਹਿੰਦੇ ਹਨ)

**ਰਾਤਿ ਜਿ ਸੋਵਹਿ ਦਿਨ ਕਰਹਿ ਕਾਮ ॥ ਇਕੁ ਖਿਨੁ ਲੇਹਿ ਨ ਹਰਿ ਕੋ ਨਾਮ ॥ ੨ ॥**

*ਵਾ ਯਾਰਾਂ ਸੌ ਇਕਤਾਲੀ ਸੰਮਤ ਵਿੱਚ ਕਬੀਰ ਜੀ ਸਮਾਏ।

Digitized by Panjab Digital Library | www.panjabdigilib.org

ਜੇਹੜੇ ਰਾਤ ਨੂੰ ਸੌਂਦੇ ਹਨ ਅਤੇ ਦਿਨ ਨੂੰ ਕੰਮ ਕਰਦੇ ਹਨ, ਇਕਪਲ ਵੀ ਵਾਹਿਗੁਰੂ ਦਾ ਨਾਮ ਨਹੀਂ ਲੈਂਦੇ।

**ਹਾਥਿ ਤ * ਡੋਰ ਮੁਖਿ ਖਾਇਓ ਤੰਬੋਰ ॥ ਮਰਤੀ ਬਾਰ ਕਸਿ ਬਾਧਿਓ ਚੋਰ॥ ੩ ॥**

ਹੱਥਾਂ ਵਿਚ ਬਾਜਾਂ ਦੀਆਂ ਡੋਰਾਂ ਹਨ ਅਤੇ ਮੁਖ ਨਾਲ ਪਾਨ ਖਾਂਦਾਹੈ, (ਜਿਕੁਰ ਚੋਰ ਨੂੰ ਸਪਾਹੀ ਬੰਨ੍ਹ ਲੈਂਦੇ ਹਨ) ਉਕਰ ਮਰਨ ਦੇ ਵੇਲੇ ਜਮਾਂ ਨੇ ਕੱਸਕੇ ਬੰਨ੍ਹ ਲਿਆ।

( ਸੰਸਾਰ ਵਿਚ ਸੁਖੀ ਕੌਣ ਹੈ ? )

**ਗੁਰਮਤਿ ਰਸਿ ਰਸਿ ਹਰਿ ਗੁਨ ਗਾਵੈ ॥ ਰਾਮੈ ਰਾਮ ਰਮਤ ਸੁਖੁ ਪਾਵੈ ॥ ੪ ॥**

ਜੇਹੜੇ ਗੁਰਮਤਿ = ਸਿਖਿਆ ਨੂੰ ਰਸਿ ਰਸਿਕੇ(ਪ੍ਰੇਮ ਨਾਲ)ਵਾਹਿਗੁਰੂ ਦੇ ਗੁਣ ਗਾਉਂਦੇ ਹਨ ਸੋ ਪੁਰਸ਼ ਵਾਹਿਗੁਰੂ ੨ ਰਮਤ = ਜਪਦੇ ਹੋਏ ਸੁਖ ਪਾਉਂਦੇ ਹਨ।

**ਕਿਰਪਾ ਕਰਿ ਕੈ ਨਾਮੁ ਦ੍ਰਿੜਾਈ ॥ ਹਰਿ ਹਰਿ ਬਾਸੁ ਸੁਗੰਧ ਬਸਾਈ ॥ ੫ ॥**

ਜਿਨ੍ਹਾਂ ਨੂੰ ਗੁਰਾਂ ਨੇ ਕ੍ਰਿਪਾ ਦ੍ਰਿਸ਼ਟੀ ਕਰਕੇ ਨਾਮ ਦੀ ਪ੍ਰੀਤੀ ਦ੍ਰਿੜ੍ਹ ਕਰਵਾਈ ਹੈ, ਤਿਨ੍ਹਾਂ ਨੇ ਰਿਦੇ ਵਿਚੋਂ ਹੋਰ ਆਸ – ਵਾਸ਼ਨਾ ਹਰਿ – ਨਾਸ ਕਰਕੇ ਹਰਿ = ਵਾਹਿਗੁਰੂ ਦੇ ਨਾਮ ਦੀ ਵਾਸ਼ਨਾ ਵਸਾਈ ਹੈ ਵਾ ਵਾਂਸ ਵਿਚ ਸੁਗੰਧ ਵਸਾਈ ਹੈ।

**ਕਹਤੁ ਕਬੀਰ ਚੇਤਿ ਰੇ ਅੰਧਾ ॥ ਸਤਿਨਾਮੁ ਝੂਠਾ ਸਭੁ ਧੰਧਾ ॥ ੬ ॥ ੧੯ ॥**

ਕਬੀਰ ਜੀ ਕਹਿੰਦੇ ਹਨ ਹੇ ਅੰਨ੍ਹੇ ਜੀਵ! ਵਾਹਿਗੁਰੂ ਨੂੰ ਜਪ,ਕਿਉਂਕਿ ਵਾਹਿਗੁਰੂ ਸੱਚਾ ਹੈ ਅਤੇ ਹੋਰ ਸਭ ਧੰਧਾ ਝੂਠਾ ਹੈ।

(ਕਬੀਰ ਜੀ ਆਪਣੀ ਗਿਆਨ ਅਵਸਥਾ ਦਾ ਹਾਲ ਦਸਦੇ ਹਨ)

---

*ਤਡੋਰ (ਪਸਾਰੇ) ਟੱਡੇ ਹੋਏ ਹਥ ਵੀ ਅਰਥ ਹੈ।

Digitized by Panjab Digital Library | www.panjabdigilib.org

## ਗਉੜੀ ਕਬੀਰ ਜੀ *ਤਿਪਦੇ ਚਾਰਤੁਕੇ ॥

**ਜਮ ਤੇ ਉਲਟ ਭਏ ਹੈ ਰਾਮ ॥ ਦੁਖ ਬਿਨਸੇ ਸੁਖ ਕੀਓ ਬਿਸਰਾਮ ॥ ਬੈਰੀ ਉਲਟਿ ਭਏ ਹੈ ਮੀਤਾ ॥ ਸਾਕਤ ਉਲਟਿ ਸੁਜਨ ਭਏ ਚੀਤਾ ॥ ੧ ॥**

ਜਮਾਂ ਤੋਂ ਉਲਟਕੇ ਸਾਨੂੰ ਹੁਣ ਵਾਹਿਗੁਰੂ ਦੇ ਦਾਸ ਲੈਣ ਵਾਸਤੇ ਆਏ ਹਨ, ਭਾਵ ਜੋ ਜਮ ਲੋਕਾਂ ਨੂੰ ਦੁਖ ਦੇਂਦੇ ਹਨ, ਓਹ ਭਗਤਾਂ ਪਾਸ ਨਹੀਂ ਆਉਂਦੇ ਅਤੇ ਦੁਖ ਦੂਰ ਹੋਗਏ ਤੇ ਸੁਖ ਵਿਚ ਬਿਸ੍ਰਾਮ ਕੀਤਾ ਭਾਵਸੁਖ ਹੋਯਾ।

ਵੈਰੀ ( ਕਾਮ ਆਦਿਕ ) ਉਲਟਕੇ ਮਿਤ੍ਰ ਹੋਗਏ ਹਨ ਅਤੇ ਸਾਕਤ ਆਦਮੀ ਉਲਟਕੇ ਚਿਤ ਵਿਚ ਸ੍ਰੇਸ਼ਟ ਜਨ ਹੋਗਏ ਹਨ।

**ਅਬ ਮੋਹਿ ਸਰਬ ਕੁਸਲ ਕਰਿ ਮਾਨਿਆ ॥ ਸਾਂਤਿ ਭਈ ਜਬ ਗੋਬਿਦੁ ਜਾਨਿਆ ॥ ੧ ॥ ਰਹਾਉ ॥**

ਹੁਣ ਮੈਂ ਸਭ ਵਲੋਂ ਕੁਸਲ – ਸੁਖ ਕਰਕੇ ਮੰਨਿਆ ਹੈ ਅਤੇ ਸ਼ਾਂਤੀ ਹੋਈ ਹੈ, ਜਦ ਵਾਹਿਗੁਰੂ ਨੂੰ ਜਾਣ ਲਿਆ।

**ਤਨ ਮਹਿ ਹੋਤੀ ਕੋਟਿ ਉਪਾਧਿ ॥ ਉਲਟਿ ਭਈ ਸੁਖ ਸਹਜਿ ਸਮਾਧਿ ॥ ਆਪੁ ਪਛਾਨੈ ਆਪੈ ਆਪ ॥ ਰੋਗੁ ਨ ਬਿਆਪੈ ਤੀਨੋ ਤਾਪ ॥ ੨ ॥**

ਜੇਹੜੀ ਪਹਿਲੋਂ ਸ਼ਰੀਰ ਵਿਚ ਕ੍ਰੋੜਾਂ ਤਰਾਂ ਦੀ ਉਪਾਧੀ ਹੁੰਦੀ ਸੀ ਉਸ ਤੋਂ ਬ੍ਰਿਤੀ ਉਲਟ ਕੇ ਸਹਜ ਸੁਖ ( ਵਾਹਿਗੁਰੂ ) ਵਿਚ ਸਮਾਧੀ ਲਗੀ ਹੈ।

ਜਦ ਆਪਣੇ ਆਪਨੂੰ ਵਾਹਿਗੁਰੂਰੂਪ ਜਾਣਿਆ ਤਾਂ ਸਾਰਾ ਜੱਗ ਆਪਣਾ ਹੀ ਰੂਪ ਦਿਸਿਆ ਵਾ ਆਪਣੇ ਆਪ ਵਿਚ ਆਪ ਹੀ ਵਾਹਿਗੁਰੂ ਨੂੰ ਪਛਾਣ ਲਿਆ, ਤਦ ਰੋਗ ਵੀ ਨਾ ਵਿਆਪਦੇ ਹੋਏ ਅਤੇ ਤਿੰਨੇ ਤਾਪ ਵੀ(ਦੂਰ ਹੋਏ)

**ਅਬ †ਮਨੁ ਉਲਟਿ ਸਨਾਤਨੁ ਹੂਆ ॥ ਤਬ ਜਾਨਿਆ ਜਬ ਜੀਵਤ ਮੂਆ ॥ ਕਹੁ ਕਬੀਰ ਸੁਖ ਸਹਜਿ**

*ਚਾਰ ਚਾਰ ਤੁਕਾਂ ਦੀ ਪੌੜੀ ਹੋਵੇਗੀ ਅਤੇ ਤਿੰਨ ਤਿੰਨ ਪੌੜੀ ਦੇ ਸ਼ਬਦ (ਪਦੇ) ਆਵਣਗੇ।

†ਹੇ ਭਾਈ ! ਮਨ ਨੂੰ ਸੰਬੋਧਨ ਕਰਕੇ ਜੀਵ ਵਲ ਇਸ਼ਾਰਾ ਹੈ।

Digitized by Panjab Digital Library | www.panjabdigilib.org

**ਸਮਾਵਉ ॥ ਆਪਿ ਨ ਡਰਹੁ ਅਵਰ ਨ ਡਰਾਵਉ ॥ ੩ ॥ ੧੭ ॥**

ਹੁਣ ਮਨ ਸੰਸਾਰ ਵਲੋਂ ਉਲਟਕੇ ਪੁਰਾਣਾ ( ਵਾਹਿਗੁਰੂ ੨ ਜਪਣ ਵਾਲਾ ) ਹੋਇਆ ਹੈ, ਪਰ ਤਦੋਂ ਜਾਣਿਆ ਜਦ ਜੀਵਤ ਭਾਉ ਤੋਂ ਮੋਇਆ ।

ਕਬੀਰ ਜੀ ਕਹਿੰਦੇ ਹਨ ਹੁਣ ਅਸੀ ਸਹਿਜ ਸੁਖ ਵਿਚ ਸਮਾ ਰਹੇ ਹਾਂ ਨਾ ਆਪ ਡਰਦੇ ਹਾਂ ਅਤੇ ਨਾ ਹੋਰਨਾਂ ਨੂੰ ਡਰਾਉਂਦੇ ਹਾਂ ।

( ਸ਼ੰਕਾ ) ਓਹ ਅਨੰਦ ਕਹੋ ?

**ਗਉੜੀ ਕਬੀਰ ਜੀ ॥ ਪਿੰਡਿ ਮੂਐ ਜੀਉ ਕਿਹ ਘਰ ਜਾਤਾ ॥ ਸਬਦਿ ਅਤੀਤਿ ਅਨਾਹਦਿ ਰਾਤਾ ॥ ਜਿਨਿ ਰਾਮੁ ਜਾਨਿਆ ਤਿਨਹਿ ਪਛਾਨਿਆ ॥ ਜਿਉ ਗੂੰਗੇ ਸਾਕਰ ਮਨੁ ਮਾਨਿਆ ॥ ੧ ॥**

ਪਿੰਡਿ = ਸਰੀਰ ।

(ਪ੍ਰਸ਼ਨ)ਗਿਆਨੀ ਦੇ ਗੁਜਰਨ ਪਿਛੋਂ ਜੀਉਕਿਸ ਘਰ = ਥਾਂ ਜਾਂਦਾ ਹੈ ( ਉਤਰ ) ਇਕ ਰਸ ਜੋ ਅਸ਼ੱਖ ਵਾਹਿਗੁਰੂ ਹੈ, ਉਸ ਵਿਚ ਜੀਉ ਜੀਊਂਦਾ ਵੀ ਰੱਤਾ ਰਹਿੰਦਾ ਹੈ ਅਤੇ ਮੋਇਆ ਹੋਇਆ ਵੀ ਓਥੇ ਜਾਂਦਾ ਹੈ ।

ਜਿਸਨੇ ਵਾਹਿਗੁਰੂ ਨੂੰ ਜਾਣਿਆ ਹੈ, ਵਾਹਿਗੁਰੂ ਦੀ ਪ੍ਰਾਪਤੀ ਦਾ ਆਨੰਦ ਉਸਨੇ ਹੀ ਪਛਾਣਿਆ ਹੈ । ( ਕੋਈ ਦ੍ਰਿਸ਼ਟਾਂਤ ) ਜਿਕੁਰ ਗੁੰਗੇਦਾ ਮਠਿਆਈ = ਸ਼ੱਕਰ ਨਾਲ ਮਨ ਮੰਨਿਆ ਹੈ ।

**ਐਸਾ ਗਿਆਨੁ ਕਥੈ ਬਨਵਾਰੀ ॥ ਮਨ ਰੇ ਪਵਨ ਦ੍ਰਿੜ ਸੁਖਮਨ ਨਾਰੀ ॥ ੧ ॥ ਰਹਾਉ ॥**

ਇਕੁਰ ਦਾ ਗਿਆਨ ਬਨਵਾਰੀ = ਵਾਹਿਗੁਰੂ ਦਾ ਕੋਈ ਹੀ ਭਗਤ ਦਸਦਾ ਹੈ (ਵਾ ਕ੍ਰਿਸ਼ਨ ਜੀ ਨੇ ਅਰਜਨ ਨੂੰ ਗੀਤਾ ਵਿਚ ਦਸਿਆ ਹੈ)(ਸ਼ੰਕਾ) ਤੁਸੀ ਦਸੋ ( ਉਤਰ ) ਹੇ ਮਨ = ਪਿਆਰੇ ਪਵਨ = ਪ੍ਰਾਣਾਂ ਨੂੰ ਸੁਖਮਨਾ ਨਾੜੀ ਵੱਲ ਲਾਵੋ ਭਾਵ ਸ੍ਵਾਸ ਸ੍ਵਾਸ ਭਗਤੀ ਕਰੋ ।

**ਸੋ ਗੁਰੁ ਕਰਹੁ ਜਿ ਬਹੁਰਿ ਨ ਕਰਨਾ ॥ ਸੋ ਪਦੁ ਰਵਹੁ ਜਿ ਬਹੁਰਿ ਨ ਰਵਨਾ ॥ ਸੋ ਧਿਆਨੁ ਧਰਹੁ ਜਿ ਬਹੁਰਿ ਨ ਧਰਨਾ ॥ ਐਸੇ ਮਰਹੂ ਜਿ ਬਹੁਰਿ ਨ ਮਰਨਾ ॥ ੨ ॥**

Digitized by Panjab Digital Library | www.panjabdigilib.org

ਰਵਹੁ = ਪਰਾਪਤ ਵਾ ਉਚਾਰਨਾ।

ਸੋ ਗੁਰੂ ਕਰੋ ਜੋ ਫੇਰ ਨਾ ਕਰਨਾ ਪਵੇ। ਸੋ ਤਿਸ ਪਦ ਨੂੰ ਪਰਾਪਤ ਹੋਵੇ ਜੋ ਚੁਰਾਸੀ ਦਾ ਫਿਰਨਾ ਮਿਟ ਜਾਵੇ ਵਾ ਉਹ ਨਾਮ ਜਪੋ ਜਿਸਦੇ ਪਰਤਾਪ ਕਰਕੇ ਹੋਰ ਨਾਮ ਨ ਜਪਣਾ ਪਵੇ। ਓਸ ਵਾਹਿਗੁਰੂ ਦਾ ਉਹ ਧਿਆਨ ਧਰੇ ਜੋ ਫਿਰ ਹੋਰ(ਦੇਵੀ ਦੇਵਤਿਆਂ ਦਾ) ਨਾ ਧਰਨਾ ਪਵੇ। ਇਕੁਰ ਦਾ ਮਰੋ ਜੋ ਫਿਰ ਨਾ ਮੁੜਕੇ ਮਰਨਾ ਪਵੇ।

**ਉਲਟੀ ਗੰਗਾ ਜਮੁਨ ਮਿਲ ਵਉ ॥ ਬਿਨੁ ਜਲ ਸੰਗਮ ਮਨ ਮਹਿ ਨ੍ਹਾਵਉ ॥ ਲੋਚਾ ਸਮਸਰਿ ਇਹੁ ਬਿਉਹਾਰਾ ॥ ਤਤੁ ਬੀਚਾਰਿ ਕਿਆ ਅਵਰਿ ਬੀਚਾਰਾ ॥ ੩ ॥**

ਲੋਚਾ = ਨੇਤਰਾਂ ਦੀ ਦ੍ਰਿਸ਼ਟੀ।

ਮੋੜਕੇ ਗੰਗਾਨੂੰ ਜਮਨਾ ਨਾਲ ਮਿਲਾਵੋ ਅਤੇ ਬਿਨ੍ਹਾਂਹੀ ਜਲ ਦੇ ਸੰਗਮ ਤੇ ਮਨ ਵਿਚ ਇਸ਼ਨਾਨ ਕਰੋ ਭਾਵ ਇੜਾ ਪਿੰਗੁਲਾ ਕਰਕੇ ਸ੍ਵਾਸ ਰੋਕਕੇ ਸੁਖਮਨਾ ਨਾੜੀਦੁਆਰਾ ਦਸਵੇਂ ਦ੍ਵਾਰ ਵਾਹਿਗੁਰੂ ਪਾਸ ਪਹੁੰਚੋ ਅਥਵਾ ਸੰਸਾਰ ਵਲੋਂ ਬਿਰਤੀ ਉਲਟਾਵੋ ਤੇ ਜਮ ਨੂੰ ਨਾ ਮਿਲਾਵੋ,ਫਿਰ ਨਿਡਰ ਹੋਕੇ ਨਾਮਜਪੋ।

ਉਨ੍ਹਾਂ ਦੇ ਨੇਤਰਾਂ ਦੀ ਦ੍ਰਿਸ਼ਟੀ ਵਿਚ ਇਕੋ ਜਿਹਾ ਬਿਉਹਾਰ ਹੈ ਭਾਵ ਸਭ ਨੂੰ ਬਰਾਬਰ ਜਾਣਦੇ ਹਨ,ਜਿਨ੍ਹਾਂ ਨੇ ਤੱਤ ਮਿਥਿਆ( ਵਾ ਵਾਹਿਗੁਰੂ ਨੂੰ ) ਵਿਚਾਰਿਆ ਹੈ,ਓਨ੍ਹਾਂ ਨੇ ਹੋਰ ਕੁਝ ਕੀ ਵਿਚਰਨਾ ਹੈ ?।

**ਅਪੁਤੇਜੁਬਾਇ ਪ੍ਰਿਥਮੀ ਅਕਾਸਾ ॥ ਐਸੀ ਰਹਤ ਰਹਉ ਹਰਿ ਪਾਸਾ ॥ ਕਹੈ ਕਬੀਰ ਨਿਰੰਜਨ ਧਿਆਵਉ ॥ ਤਿਤੁ ਘਰਿ ਜਾਉ ਜਿ ਬਹੁਰਿ ਨ ਆਵਉ ॥ ੪ ॥ ੧੯ ॥**

ਅਪੁ = ਪਾਣੀ। ਤੇਜੁ ਅਗਨੀ। ਬਾਇ = ਪਵਣ।

੧ ਪਾਣੀ,੨ ਅਗਨੀ,੩ ਪੌਣ, ੪ ਧਰਤੀ, ੫ ਅਕਾਸ, ਇੱਕੁਰ ਦੀ ਰਹਤ ਰਹੋ ਤਾਂ ਵਾਹਿਗੁਰੂ ਤੁਹਾਡੇ ਪਾਸ ਹੀ ਹੈ, ਭਾਵ ਜਿੱਕੁਰ ਪਾਣੀ ਆਦਿਕ ਸੀਤਲ ਹਨ, ਇੱਕੁਰ ਦੇ ਤੁਸੀਂ ਹੋਵੋ ਤਾਂ ਵਾਹਿਗੁਰੂ ਤੁਹਾਨੂੰ ਮਿਲ ਪਵੇਗਾ।

ਕਬੀਰ ਜੀ ਕਹਿੰਦੇ ਹਨ ਮਾਇਆ ਰਹਿਤ (ਵਾਹਿਗੁਰੂ) ਨੂੰ ਯਾਦ ਕਰੋ ਅਤੇ ਉਸ ਘਰ ਵਿੱਚ ਜਾਓ, ਜਿਥੋਂ ਫੇਰ ਮੁੜਕੇ ਨਾ ਆਓ।

Digitized by Panjab Digital Library | www.panjabdigilib.org

(ਰਾਜੇ ਨੂੰ ਉਪਦੇਸ਼)

**ਗਉੜੀ ਕਬੀਰ ਜੀ *ਤਿਪਦੇ੧੫ ॥ ਕੰਚਨ ਸਿਉ ਪਾਈਐ ਨਹੀ ਤੋਲਿ॥ਮਨੁ ਦੇ ਰਾਮੁ ਲੀਆ ਹੈ ਮੋਲਿ ॥ ੧॥**

ਕੰਚਨ = ਸੋਨਾ।

ਸੋਨੇ ਦੇ ਤੋਲ ਨਾਲ ਵਾਹਿਗੁਰੂ ਨੂੰ ਨਹੀਂ ਪਾਈਦਾ,ਭਾਵ ਸੋਨੇਦੇ ਵੱਟੇ ਸੱਟੇ ਵਾਹਿਗੁਰੂ ਨਹੀਂ ਮਿਲਦਾ, ਕਿਉਂਕਿ ਅਸਾਂ ਮਨ ਦੇਕੇ ਵਾਹਿਗੁਰੂ ਮੁੱਲ ਲਿਆ ਹੈ ( ਵਾ ਤੂੰ ਲੈ )।

**ਅਬ ਮੋਹਿ ਰਾਮ ਅਪੁਨਾ ਕਰਿ ਜਾਨਿਆ ॥ ਸਹਜ ਸੁਭਾਇ ਮੇਰਾ ਮਨੁ ਮਾਨਿਆ ॥ ੧ ॥ ਰਹਾਉ ॥**

ਹੁਣ ਮੈਂ ਵਾਹਿਗੁਰੂ ਨੂੰ ਆਪਨਾ ਕਰਕੇ ਜਾਣਿਆ ਹੈ ( ਸੋ ਆਪਣੀ ਚੀਜ਼ ਦਿਤੀ ਨਹੀਂ ਜਾਂਦੀ)ਜਦ ਮੇਰਾ ਮਨ ਮੰਨਿਆ ਤਾਂ ਸ਼ਾਂਤੀ ਸੁਭਾਉ ਹੋਯਾ

( ਉਸ ਵਾਹਿਗੁਰੂ ਦਾ )

**ਬ੍ਰਹਮੈ ਕਥਿ ਕਥਿ ਅੰਤੁ ਨ ਪਾਇਆ ॥ ਰਾਮ ਭਗਤਿ ਬੈਠੇ ਘਰਿ ਆਇਆ ॥ ੨ ॥**

ਬ੍ਰਹਮਾ ਨੇ ਵੀ ਕਥਾ ਨੂੰ ਕਥ ਕੇ ਅੰਤ ਨਹੀਂ ਪਾਇਆ, ਵਾਹਿਗੁਰੂ ਦੇ ਭਗਤਾਂ ਨੂੰ ਘਰ ਬੈਠਿਆਂ ਹੀ ਆ ਮਿਲਿਆ ਹੈ, ਭਾਵ ਭਗਤਾਂ ਨੂੰ ਓਹ ਇਕੁਰ ਦਾ ਵਾਹਿਗੁਰੂ ਗ੍ਰਿਹਸਤ ਵਿਚ ਹੀ ਮਿਲ ਪਿਆ ਹੈ।

( ਭਗਤੀ ਕਿਕੁਰ ਦੀ ਕੀਤੀ ?)

**ਕਹੁ ਕਬੀਰ ਚੰਚਲ ਮਤਿ ਤਿਆਗੀ ॥ ਕੇਵਲ ਰਾਮ ਭਗਤਿ ਨਿਜ ਭਾਗੀ ॥ ੩ ॥ ੧੯ ॥**

ਕਬੀਰਜੀ ਕਹਿੰਦੇ ਹਨ ਚੰਚਲ ਅਕਲ ਛੱਡੀ ਅਤੇ ਕੇਵਲ ਵਾਹਿਗੁਰੂ ਦੀ ਭਗਤੀ ਦੇ ( ਨਿਜ ) ਆਪ ( ਅਸੀਂ ) ਭਾਗੀ ਹਿਸੇਦਾਰ ਹੋਏ।

( ਉਪਦੇਸ਼ )

**ਗਉੜੀ ਕਬੀਰ ਜੀ ॥ ਜਿਹ ਮਰਨੈ ਸਭੁ ਜਗਤੁ ਤਰਾਸਿਆ ॥ ਸੋ ਮਰਨਾ ਗੁਰ ਸਬਦਿ ਪ੍ਰਗਾਸਿਆ ॥ ੧ ॥**

*੧੫ ਸ਼ਬਦ ਤਿੰਨ ੨ ਪੌੜੀਆਂ ਦੇ ਆਉਣਗੇ।

Digitized by Panjab Digital Library | www.panjabdigilib.org

ਜਿਸ ਮਰਣੇ ਨੇ ਸਾਰਾ ਜਗਤ ਡਰਾਇਆ ਹੈ, ਉਹ ਮਰਨਾ ਗੁਰਾਂ ਦੇ ਸ਼ਬਦ ਨੇ ਪ੍ਰਕਾਸ਼ਤ ਕਰ ਦਿਤਾ ਹੈ,ਭਾਵ ਮਰਨ ਦਾ ਡਰ ਦੂਰ ਕਰ ਦਿਤਾ ਹੈ।

( ਤੂੰ ਵੀ ਕਿਸੇ ਦਿਨ ਮਰੇਂਗਾ )

**ਅਬ ਕੈਸੇ ਮਰਉ ਮਰਨਿ ਮਨੁ ਮਾਨਿਆ ॥ ਮਰਿ ਮਰਿ ਜਾਤੇ ਜਿਨਿ ਰਾਮੁ ਨ ਜਾਨਿਆ ॥ ੧ ॥ ਰਹਾਉ ॥**

ਹੁਣਮੈਂ ਕਿਕੁਰ ਮਰਾਂ ? ਮੇਰਾ ਮਨ ਜੀਵਤ ਭਾਉ ਤੋਂ ਮਰਕੇ ਮੰਨ ਗਿਆਹੈ,ਉਹ ਮਰ ਮਰਕੇ ਜਾਂਦੇ ਹਨ,ਜਿਨ੍ਹਾਂਨੇਵਾਹਿਗੁਰੂ ਨੂੰ ਨਹੀਂ ਜਾਣਿਆ।

**ਮਰਨੋ ਮਰਨੁ ਕਹੈ ਸਭੁ ਕੋਈ ॥ ਸਹਜੇ ਮਰੈ ਅਮਰੁ ਹੋਇ ਸੋਈ ॥ ੨ ॥**

ਮਰਨਾ ਮਰਨਾ ਸਭ ਕੋਈ ਆਖਦਾ ਹੈ, ਪਰ ਜੇਹੜਾ ਸਹਿਜੇ ਹੀ ਜੀਵਤ ਭਾਉ ਤੋਂ ਮੋਇਆ ਹੈ,ਸੋਈ ਅਮਰ ਹੋਇਆ ਹੈ।

**ਕਹੁ ਕਬੀਰ ਮਨਿ ਭਇਆ ਅਨੰਦਾ ॥ ਗਇਆ ਭਰਮੁ ਰਹਿਆ ਪਰਮਾਨੰਦਾ ॥ ੩ ॥ ੨੦ ॥**

ਕਬੀਰ ਜੀ ਕਹਿੰਦੇ ਹਨ ਹੁਣ ਮਨ ਵਿਚ ਬੜਾ ਅਨੰਦ ਹੋਇਆ ਹੈ, ਕਿਉਂਕਿ ਭਰਮ ਦੂਰ ਹੋ ਗਿਆ ਹੈ, ਅਤੇ ਬਾਕੀ ਵਾਹਿਗੁਰੂ ੨ ਹੀ ਰਹਿ ਗਿਆ ਹੈ, ਭਾਵ ਆਪਣੇ ਵਿਚ ਵਾਹਿਗੁਰੂ ਨੂੰ ਜਾਣਿਆ।

( ਵੈਦ ਪ੍ਰਤਿ )

**ਗਉੜੀ ਕਬੀਰ ਜੀ ॥ ਕਤ ਨਹੀ ਠਉਰ ਮੂਲੁ ਕਤ ਲਾਵਉ ॥ ਖੋਜਤ ਤਨ ਮਹਿ ਠਉਰ ਨ ਪਾਵਉ ॥ ੧ ॥**

ਮੂਲ = ਬੂਟੀ, ਦਵਾਈ।

(ਵੈਦ)ਕਿਸੇ ਜਗ੍ਹਾ ਵੀ ਪੀੜਾ ਨਹੀਂ ਹੈ,ਮੈਂ ਬੂਟੀ ਕਿੱਥੇ ਲਾਵਾਂ?ਸਾਰੇ ਸਰੀਰ ਵਿਚ ਮੈਂ ਲੱਭਦਾ ਹੋਇਆ ਓਹ ਜਗ੍ਹਾਂ ਨਹੀਂ ਲੱਭ ਸਕਦਾ ਜਿਥੇਏਹਨੂੰ ਦਰਦ ਹੋਵੇ (ਵਾ ਕਬੀਰ ਜੀ)ਕਹਿੰਦੇ ਹਨ ਕਿ ਮੈਨੂੰ ਕਿਸੇ ਥਾਂ ਪੀੜਾ ਨਹੀਂਹੈ ਭਾਵ ਮੇਰਾ ਵਾਲ ਵਾਲ ਪ੍ਰੇਮ ਦੀ ਪੀੜਾ ਨਾਲ ਵਿੰਨ੍ਹਿਆਂ ਹੋਇਆ ਹੈ ਅਤੇ ਤੂੰ ਬੂਟੀ ਕੇਹੜੀ ਜਗ੍ਹਾ ਲਾਵੇਂਗਾ?ਇਕੁਰ ਦੀ ਜਗ੍ਹਾਂ ਤਨ ਵਿਚ ਕੋਈਨਹੀਂ ਜਿਥੇ ਪੀੜਾ ਨਾ ਹੋਵੇ।( ਵੈਦ ) ਏਹ ਪੀੜਾ ਮੈਂ ਤਾਂ ਨਹੀਂ ਜਾਣ ਸਕਦਾ।

**ਲਾਗੀ ਹੋਇ ਸੁ ਜਾਨੈ ਪੀਰ ॥ ਰਾਮ ਭਗਤਿ ਅਨਿਆਲੇ ਤੀਰ ॥ ੧ ॥ ਰਹਾਉ ॥**

Digitized by Panjab Digital Library | www.panjabdigilib.org

( ਕਬੀਰ ਜੀ ਕਹਿੰਦੇ ਹਨ ) ਜੇ ਇਕੁਰ ਦੀ ਪੀੜਾ ਤੈਨੂੰ ਲੱਗੀ ਹੋਵੇ ਤੇ ਤਾਂ ਤੂੰ ਜਾਣੇ ਨਾਂ, ਵਾ ਜਿਸਨੂੰ ਪੀੜਾ ਲਗੀ ਹੁੰਦੀ ਹੈ,ਸੋਈਓਹੀ ਜਾਣਦਾਹੈ, ਹੇ ਵੈਦ!ਏਹ ਵਾਹਿਗੁਰੂ ਦੀ ਭਗਤੀ ਦੇ ਅਨੀਆਲੇ = ਕੁੰਡੀਆਂ ਵਾਲੇ ਤੀਰ ਹਨ,ਏਹ ਖੁਭ ਜਾਂਦੇ ਨੇ,ਪਰ ਨਿਕਲਦੇ ਨਹੀਂ ।

**ਏਕ ਭਾਇ ਦੇਖਉ ਸਭ ਨਾਰੀ ॥ ਕਿਆ ਜਾਨਉ ਸਹ ਕਉਨ ਪਿਆਰੀ ॥ ੨ ॥**

(ਸ਼ੰਕਾ)ਤੂੰ ਆਪਣੇ ਆਪ ਨੂੰ ਵਾਹਿਗੁਰੂ ਦਾ ਪਿਆਰਾ ਸਮਝਦਾ ਹੈਂ? ( ਉਤਰ ) ਜਿਕੁਰ ਰਾਜੇ ਦੀਆਂ ਸਾਰੀਆਂ ਰਾਣੀਆਂ ਇਕ ਤਰਾਂ ਦੀਆਂ ਦੇਖਦੀਆਂ ਹਨ, ਪਰ ਕੀ ਜਾਣੀਏ ਜੋ ਸਹਿ = ਵਾਹਿਗੁਰੂ ਰੂਪ ਪਤੀਨੂੰ ਕੌਣ ਪਿਆਰੀ ਹੈ ?

**ਕਹੁ ਕਬੀਰ ਜਾਕੈ ਮਸਤਕਿ ਭਾਗੁ ॥ ਸਭ ਪਰਹਰਿ ਤਾਕਉ ਮਿਲੈ ਸੁਹਾਗੁ ॥ ੩ ॥ ੨੧ ॥**

ਕਬੀਰ ਜੀ ਕਹਿੰਦੇ ਹਨ ਜਿਸਦੇ ਮੱਥੇ ਤੇ ਭਾਗ ਹੁੰਦਾ ਹੈ, ਰਾਜਾ ਸਾਰੀਆਂ ਰਾਣੀਆਂ ਨੂੰ ਪਰਹਰਿ = ਛੱਡ ਦੇਂਦਾ ਹੈ ਅਤੇ ਤਿਸਨੂੰ ਸੁਹਾਗ ਮਿਲਦਾ ਹੈ, ਭਾਵ ਤਿਸਦਾ ਪੁਤਰ ਰਾਜ ਭਾਗ ਦਾ ਅਧਿਕਾਰੀ ਹੁੰਦਾ ਹੈ,ਭਾਵ ਜਿਸ ਜਗਿਆਸੂ ਦੇ ਪਿਛਲੇ ਕੰਮ ਚੰਗੇ ਹੋਣ, ਤਿਸਨੂੰ ਅਨੰਦ ਹੁੰਦਾ ਹੈ ।

( ਉਪਦੇਸ਼ )

**ਗਉੜੀ ਕਬੀਰ ਜੀ ॥ ਜਾਕੈ ਹਰਿ ਸਾ ਠਾਕੁਰੁ ਭਾਈ ॥ ਮੁਕਤਿ ਅਨੰਤ ਪੁਕਾਰਣਿ ਜਾਈ ॥ ੧ ॥**

ਜਿਸਦੇ ਪਾਸ ਵਾਹਿਗੁਰੂ ਵਰਗਾ ਸੁਆਮੀ ਹੈ,ਹੇ ਭਾਈ ! ਉਸਦੇ ਬੂਹੇ ਤੇ ਅਨੇਕਾਂ ਤਰਾਂ ਦੀਆਂ ਮੁਕਤੀਆਂ ਪੁਕਾਰਣ ਜਾਂਦੀਆਂ ਹਨ ।

( ਸਨਮੁਖ ਬੇਨਤੀ )

**ਅਬ ਕਹੁ ਰਾਮ ਭਰੋਸਾ ਤੋਰਾ ॥ ਤਬ ਕਾਹੂ ਕਾ ਕਵਨੁ ਨਿਹੋਰਾ ॥ ੧ ॥ ਰਹਾਉ ॥**

ਹੁਣ ਮੈਂ ਕਹਿੰਦਾ ਹਾਂ ਕਿ ਹੇ ਵਾਹਿਗੁਰੂ!ਮੈਨੂੰ ਤੇਰਾ ਹੀ ਭਰੋਸਾ ਹੈ ਤਾਂ ਫਿਰ ਮੈਨੂੰ ਕਿਸੇ ਦਾ ਕੀ ਨਿਹੋਰਾ ਤਰਲਾ ਹੈ, ਵਾ ਜੀਵ ਤੂੰ ਕਹੋ ਕਿ ਹੇ ਵਾਹਿਗੁਰੂ ਮੈਨੂੰ ਤੇਰਾ ਹੀ ਆਸਰਾ ਹੈ, ਇਕੁਰ ਕਹੇ ਤੇ ਫਿਰ ਕਿਸੇ ਦੀ ਕੀ ਖੁਸ਼ਾਮਤ ਕਰਨੀ ਰਹੇਗੀ ?

Digitized by Panjab Digital Library | www.panjabdigilib.org

**ਤੀਨ ਲੋਕ ਜਾ ਕੈ ਹਹਿ ਭਾਰ ॥ ਸੋ ਕਾਹੇ ਨ ਕਰੈ ਪ੍ਰਤਿਪਾਰ ॥ ੨ ॥**

ਤਿੰਨ ਲੋਕ ਜਿਸ ਵਾਹਿਗੁਰੂ ਦੇ ਆਸਰੇ ਹਨ, ਓਹ ਤੇਰੀ ਪ੍ਰਤਿਪਾਰ = ਪਾਲਨ ਕਿਉਂ ਨ ਕਰੇਗਾ ?

**ਕਹੁ ਕਬੀਰ ਇਕ ਬੁਧਿ ਬੀਚਾਰੀ ॥ ਕਿਆ ਬਸੁ ਜਉ ਬਿਖੁ ਦੇ ਮਹਤਾਰੀ ॥ ੩ ॥ ੨੨ ॥**

ਕਬੀਰ ਜੀ ਕਹਿੰਦੇ ਹਨ ਇਕ ਅਕਲ ਵਿਚ ਗੱਲ ਵਿਚਾਰੀ ਹੈ, ਕੀ ਵਸ ਚਲਦਾ ਹੈ ਜੇ ਮਹਤਾਰੀ ਮਾਂ ਹੀ ਵਿਹੁ ਦੇ ਦੇਵੇ ਭਾਵ ਵਾਹਿਗੁਰੂ ਹੀ ਜੀਵਾਂ ਨੂੰ ਅਵਿਦਿਆ ਪਾ ਦੇਵੇ।

( ਸਤੀ ਪਰਥਾਇ )

**ਗਉੜੀ ਕਬੀਰ ਜੀ ॥ ਬਿਨੁ ਸਤ ਸਤੀ ਹੋਇ ਕੈਸੇ ਨਾਰਿ ॥ ਪੰਡਤ ਦੇਖਹੁ ਰਿਦੈ ਬੀਚਾਰਿ ॥ ੧ ॥**

ਸਤ ਤੋਂ ਬਿਨਾਂ ਇਸਤਰੀ ਕਿਕੁਰ ਸਤੀ ਹੋਵੇ ? ਹੇ ਪੰਡਤ ! ਤੂੰ ਆਪ ਹੀ ਰਿਦੇ ਵਿਚ ਵਿਚਾਰਕੇ ਦੇਖ।

**ਪ੍ਰੀਤਿ ਬਿਨਾ ਕੈਸੇ ਬਧੈ ਸਨੇਹੁ ॥ ਜਬ ਲਗ ਰਸੁ ਤਬ ਲਗ ਨਹੀ ਨੇਹੁ ॥ ੧ ॥ ਰਹਾਉ ॥**

ਸਨੇਹੁ = ਪ੍ਰੇਮ।

ਪ੍ਰੀਤਿ ਤੋਂ ਬਿਨਾਂ ਕਿਕੁਰ ਪ੍ਰੇਮ ਵਧਦਾ ਹੈ ? ਜਿੱਨਾ ਚਿਰ ਜੀਵ ਰੂਪ ਇਸਤ੍ਰੀ ਨੂੰ ਰਸਾਂ ਦਾ ਅਨੰਦ ਹੈ, ਓਨਾ ਚਿਰ ਨੇਹੁ ਪ੍ਰੇਮ ਦਾ ਨਾਮ ਨਿਸ਼ਾਨ ਨਹੀਂ।

**ਸਾਹਨਿ ਸਤੁ ਕਰੈ ਜੀਅ ਅਪਨੈ ॥ ਸੋ ਰਮਯੇ ਕਉ ਮਿਲੈ ਨ ਸੁਪਨੈ ॥ ੨ ॥**

ਸਾਹਨਿ = ਸ਼ਾਹੂਕਾਰ ਦੀ ਇਸਤਰੀ ਵਾ ਮਾਇਆ।

ਜੋ ਇਸਤਰੀ ਸਤ ਕਰਦੀ ਹੈ ਆਪਣੇ ਜੀਉ ਵਿਚ ਓਹ ਵਾਹਿਗੁਰੂ ਨੂੰ ਸੁਪਨੇ ਵਿਚ ਭੀ ਨਹੀਂ ਮਿਲਦੀ; ਭਾਵ ਜੋ ਜੀਵ ਮਾਇਆ ਨੂੰ ਸਤ ਕਰਕੇ ਜਾਣਦਾ ਹੈ, ਓਹ ਵਾਹਿਗੁਰੂ ਨੂੰ ਨਹੀਂ ਮਿਲਦਾ।

Digitized by Panjab Digital Library | www.panjabdigilib.org

ਤਨੁ ਮਨੁ ਧਨੁ ਗ੍ਰਿਹੁ ਸਉਪਿ ਸਰੀਰੁ ॥ ਸੋਈ ਸੁਹਾਗਨਿ ਕਹੈ ਕਬੀਰੁ ॥ ੩ ॥ ੨੩ ॥

ਤਨ (ਪੁਤਰ) ਮਨ ਧਨ ਗ੍ਰਿਹ ਘਰ ਸਭ ਕੁਝ ਸਰੀਰ ਪ੍ਰਯੰਤ ਸੌਂਪ ਦੇਵੇ, ਓਹ ਸੁਹਾਗਣ ਹੈ, ਕਬੀਰ ਜੀ ਕਹਿੰਦੇ ਹਨ।

(ਉਪਦੇਸ਼)

ਗਉੜੀ ਕਬੀਰ ਜੀ ॥ ਬਿਖਿਆ ਬਿਆਪਿਆ ਸਗਲ ਸੰਸਾਰੁ ॥ ਬਿਖਿਆ ਲੈ ਡੂਬੀ ਪਰਵਾਰੁ ॥ ੧ ॥

ਸਾਰਾ ਸੰਸਾਰ ਹੀ ਵਿਸ਼ਿਆਂ ਵਿਚ ਮਿਲ ਰਿਹਾ ਹੈ, ਵਿਸ਼ਿਆਂ ਦੀ ਵਾਸ਼ਨਾ ਸਭਨਾਂ ਨੂੰ ਪਰਵਾਰ ਦੇ ਸਹਿਤ ਲੈ ਡੁਬੀ ਹੈ।

ਰੇ ਮਨ ਨਾਵ ਚਉੜਿ ਕਤ ਬੋੜੀ ॥ ਹਰਿ ਸਿਉ ਤੋੜਿ ਬਿਖਿਆ ਸੰਗਿ ਜੋੜੀ ॥ ੧ ॥ ਰਹਾਉ ॥

ਨਾਵ = ਬੇੜੀ। ਚਉੜਿ = ਰੜੇ ਮੈਦਾਨ।

ਹੇ ਭਾਈ! ਬੇੜੀ ਕੀ ਤੂੰ ਸੁਕੇ ਥਾਂ ਹੀ ਡੋਬ ਲਈ ਹੈ, ਭਾਵ ਅਕਲ ਨੂੰ ਕੀ ਤੂੰ ਵਿਸ਼ਿਆਂ ਵਲ ਲਾ ਛੱਡਿਆ ਹੈ, ਓਹ ਅਜੇਹੀ ਅਕਲ ਵਾਹਿਗੁਰੂ ਨਾਲੋਂ ਤੋੜਕੇ ਵਿਸ਼ਿਆਂ ਨਾਲ ਜੋੜ ਲਈ ਊ?

ਸੁਰਿ ਨਰ ਦਾਧੇ ਲਾਗੀ ਆਗਿ ॥ ਨਿਕਟਿ ਨੀਰੁ ਪਸੁ ਪੀਵਸਿ ਨ ਝਾਗਿ ॥ ੨ ॥

ਸੁਰਿ = ਦੇਵਤੇ। ਦਾਧੇ = ਸੜੇ। ਨੀਰੁ = ਪਾਣੀ।

(ਉਸ ਵਿਸ਼ਿਆਂ ਰੂਪ ਅੱਗ ਨੇ) ਦੇਵਤੇ, ਆਦਮੀ ਸਾੜੇ ਹਨ, ਸਾਰਿਆਂ ਨੂੰ ਅੱਗ ਲਗੀ ਹੋਈ ਹੈ। ਜੀਵ ਪਸੂ ਦੇ ਪਾਸ ਹੀ ਪਾਣੀ ਹੈ, ਉਤੋਂ ਬੂਰ ਨੂੰ ਹਟਾਕੇ ਨਹੀਂ ਪੀਂਦਾ।

ਚੇਤਤ ਚੇਤਤ ਨਿਕਸਿਓ ਨੀਰੁ ॥ ਸੋ ਜਲੁ ਨਿਰਮਲੁ ਕਥਤ ਕਬੀਰੁ ॥ ੩ ॥ ੨੪ ॥

ਯਾਦ ਕਰਦਿਆਂ ਕਰਦਿਆਂ ਓਹ ਨੀਰੁ = ਪਾਣੀ ਨਿਕਲਿਆ ਹੈ, ਸੋ ਓਹ ਪਾਣੀ ਬਹੁਤ ਹੀ ਨਿਰਮਲ ਹੈ ਕਬੀਰ ਜੀ ਕਹਿੰਦੇ ਹਨ।

Digitized by Panjab Digital Library | www.panjabdigilib.org

(ਵਾਹਿਗੁਰੂ ਤੋਂ ਬੇਮੁਖ ਕੁਲ ਦਾ ਨਿਸ਼ੇਧ ਕਰਦੇ ਹਨ)

**ਗਉੜੀ ਕਬੀਰ ਜੀ ॥ ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ ॥ ਬਿਧਵਾ ਕਸ ਨ ਭਈ ਮਹਤਾਰੀ ॥ ੧ ॥**

ਜਿਸ ਕੁਲ ਵਿਚ ਆਤਮ ਗਿਆਨਦੇ ਵਿਚਾਰਨ ਵਾਲਾ ਪੁਤਰ ਨਹੀਂ ਹੋਇਆ, ਤਿਸਦੀ ਮਾਤਾ ਵਿਧਵਾ ਕਿਉਂ ਨ ਹੋ ਗਈ ? ਮਹਤਾਰੀ = ਮਾਤਾ।

**ਜਿਹ ਨਰ ਰਾਮ ਭਗਤਿ ਨਹਿ ਸਾਧੀ ॥ ਜਨਮਤ ਕਸ ਨ ਮੁਓ ਅਪਰਾਧੀ ॥ ੧ ॥ ਰਹਾਉ ॥**

ਜਿਸ ਆਦਮੀ ਨੇ ਵਾਹਿਗੁਰੂ ਦੀ ਭਗਤ ਨਹੀਂ ਸਿਧ ਕੀਤੀ, ਉਹ ਜੰਮਦਾ ਹੀ ਅਪਰਾਧੀ ਕਿਉਂ ਨ ਮਰ ਗਿਆ ?

**ਮੁਚੁ ਮੁਚੁ ਗਰਭ ਗਏ ਕੀ ਨ ਬਚਿਆ ॥ ਬੁਡ ਭੁਜ ਰੂਪ ਜੀਵੇ ਜਗ ਮਝਿਆ ॥ ੨ ॥**

{ ਮੁਚੁ = ਬਹੁਤ। ਮੁਚੁ = ਛਣ ( ਕੱਚੇ ਨਿਕਲ ਗਏ )
ਬੁਡ ਭੁਜ ਰੂਪ = ਕੁਸ਼ਟੀ ਰੂਪ ਵਾ ਬਾਹਾਂ ਪ੍ਰਯੰਤ ਡੁਬਾ ਹੋਇਆ। }

ਬਹੁਤ ਗਰਭ ਛਣ ਗਏ, ਪਰ ਏਹ ਕਿਉਂ ਬਚਿਆ ਵਾ ਹੋਰਨਾਂ ਬੱਚਿਆਂ ਛਣ ਗਿਆਂ ਦੇ ਬਰਾਬਰ ਹੈ ਕਿਉਂਕਿ ਕੁਸ਼ਟੀਰੂਪਡਰੌਣਾ ਜੀਊਂਦਾ ਹੈ ਵਾ ਬਾਹਾਂ ਪਰਯੰਤ ਵਿਸ਼ਿਆਂ ਵਿਚ ਡੁਬਾ ਹੋਇਆ ਹੈ ਅਤੇ ਆਪਣੇ ਆਪ ਨੂੰ ਜੀਊਂਦਾ ਜਗ ਵਿਚ ਮੰਨਦਾ ਹੈ।

**ਕਹੁ ਕਬੀਰ ਜੈਸੇ ਸੁੰਦਰ ਸਰੂਪ ॥ ਨਾਮ ਬਿਨਾ ਜੈਸੇ ਕੁਬਜ ਕੁਰੂਪ ॥ ੩ ॥ ੨੫ ॥**

ਕਬੀਰ ਜੀ ਕਹਿੰਦੇ ਹਨ ਜਿੱਕੁਰ ਸੁੰਦਰ ਸਰੂਪ ਵਾਲਾ ਆਦਮੀ ਹੁੰਦਾ ਹੈ ਅਤੇਨਾਮਤੋਂਬਿਨਾਂ ਉੱਕਰਦਾ ਹੈ ਜਿੱਕੁਰਕੋਈਕੁੱਬਾਖੋਟੇਰੂਪਵਾਲਾ ਹੁੰਦਾ ਹੈ।

**ਗਉੜੀ ਕਬੀਰ ਜੀ ॥ ਜੋ ਜਨ ਲੇਹਿ ਖਸਮ ਕਾ ਨਾਉ ॥ ਤਿਨਕੈ ਸਦ ਬਲਿਹਾਰੈ ਜਾਉ ॥ ੧ ॥**

ਜੇਹੜੇ ਆਦਮੀ ਵਾਹਿਗੁਰੂ ਦਾ ਨਾਮ ਲੈਂਦੇ ਹਨ, ਉਨ੍ਹਾਂ ਦੇ ਮੈਂ ਸਦ ਬਲਿਹਾਰੇ ਜਾਂਦਾ ਹਾਂ।

**ਸੋ ਨਿਰਮਲੁ ਨਿਰਮਲ ਹਰਿ ਗੁਨ ਗਾਵੈ ॥ ਸੋ ਭਾਈ ਮੇਰੈ ਮਨਿ ਭਾਵੈ ॥ ੧ ॥ ਰਹਾਉ ॥**

Digitized by Panjab Digital Library | www.panjabdigilib.org

ਓਹ ਆਪ ਵੀ ਨਿਰਮਲ ਹੈ,ਕਿਉਂਕਿ ਵਾਹਿਗੁਰੂ ਨਿਰਮਲ ਦੇ ਗੁਣ ਗਾਉਂਦਾ ਹੈ, ਸੋ ਓਹ ਭਾਈ = ਪ੍ਰੇਮੀ ਮੇਰੇ ਮਨ ਨੂੰ ਭਾਉਂਦਾ ਹੈ।

**ਜਿਹ ਘਟ ਰਾਮੁ ਰਹਿਆ ਭਰਪੂਰਿ ॥ ਤਿਨ ਕੀ ਪਗ ਪੰਕਜ ਹਮ ਧੂਰਿ ॥ ੨ ॥**

ਘਟ = ਰਿਦਾ। ਪੰਕਜ = ਕੌਲ ਫੁਲ।

ਜਿਸਦੇ ਹਿਰਦੇ ਵਿਚ ਵਾਹਿਗੁਰੂ ਪੂਰਨ ਹੋਰਿਹਾ ਹੈ,ਤਿਨ੍ਹਾਂ ਦੇ ਚਰਨਾਂ ਕਮਲਾਂ ਦੀ ਧੂੜੀ ਹੋ ਰਿਹਾ ਹਾਂ।

**ਜਾਤਿ ਜੁਲਾਹਾ ਮਤਿ ਕਾ ਧੀਰੁ ॥ ਸਹਜਿ ਸਹਜਿ ਗੁਣ ਰਮੈ ਕਬੀਰੁ ॥ ੩ ॥ ੨੬ ॥**

ਭਾਵੇਂ ਜਾਤੀ ਦਾ ਜੁਲਾਹਾ ਹੀ ਹਾਂ,ਪਰ ਫਿਰ ਭੀ ਅਕਲ ਦਾ ਬਾਹਲਾ ਧੀਰਜ ਵਾਲਾ ਹਾਂ। ਸਹਿਜੇ ੨ ਵਾਹਿਗੁਰੂ ਦੇ ਗੁਣ ਰਮੈ = ਉਚਾਰਦਾ ਹਾਂ।

( ਸ਼ਰਾਬੀ ਨੂੰ ਉਪਦੇਸ਼ )

**ਗਉੜੀ ਕਬੀਰ ਜੀ ॥ ਗਗਨਿ ਰਸਾਲ ਚੁਐ ਮੇਰੀ ਭਾਠੀ ॥ ਸੰਚਿ ਮਹਾ ਰਸੁ ਤਨੁ ਭਇਆ ਕਾਠੀ ॥ ੧ ॥**

ਗਗਨ = ਅਕਾਸ਼।

ਵਾਹਿਗੁਰੂ ਜੋ ਸਾਰੇ ਰਸਾਂ ਦਾ ਘਰ ਹੈ, ਇਹੋ ਮੇਰੀ ਭੱਠੀ ਚੋਂਦੀ ਹੈ ਅਤੇ ਵਾਹਿਗੁਰੂ ਦੀ ਪਰਾਪਤੀ ਕਰਕੇ ਜੋ ਅਨੰਦ ਰਿਦੇ ਵਿਚ ਇਕੱਠਾ ਕੀਤਾ ਹੈ, ਇਹ ਸ਼ਰਾਬ ਹੈ ਅਤੇ ਸਰੀਰ ਦੇ ਹੰਕਾਰ ਨੂੰ ਜੋ ਸਾੜਿਆ ਹੈ, ਇਹ ਹੇਠਾਂ ਲਕੜੀਆਂ ਬਾਲੀਆਂ ਹਨ।

**ਉਆ ਕਉ ਕਹੀਐ ਸਹਜ ਮਤਵਾਰਾ ॥ ਪੀਵਤ ਰਾਮ ਰਸੁ ਗਿਆਨ ਬੀਚਾਰਾ ॥ ੧ ॥ ਰਹਾਉ ॥**

ਹੇ ਯੋਗੀ!ਉਸ ਇਕੁਰ ਦੇ ਪੀਣ ਵਾਲੇ ਨੂੰ ਸ਼ਰਾਬ ਤੋਂ ਬਿਨਾਂ ਸੁਤੇ ਹੀ ਮਸਤ ਕਹੀਦਾਹੈ,ਜੇੜ੍ਹਾ ਆਦਮੀ ਵਾਹਿਗੁਰੂ ਦੇ ਅਨੰਦ ਰੂਪ ਸ਼ਰਾਬ ਨੂੰ ਵਿਚਾਰ ਕਰਕੇ ਗਯਾਨ ਦੁਆਰਾ ਪੀਂਦਾ ਹੈ(ਓਹ ਉਸ ਸ਼ਰਾਬ ਨੂੰ ਹਛਾ ਨਹੀਂਜਾਣਦਾ)

**ਸਹਜ ਕਲਾਲਨਿ ਜਉ ਮਿਲਿ ਆਈ ॥ ਆਨੰਦ ਮਾਤੇ ਅਨਦਿਨੁ ਜਾਈ ॥ ੨ ॥**

Digitized by Panjab Digital Library | www.panjabdigilib.org

ਅਨ = ਰਾਤ।

ਸ਼ਾਂਤੀ ਕਲਾਲਨਿ ਜੋ ਮਿਲਕੇ ਆਈ ਹੈ, ਭਾਵ ਸ਼ਾਂਤਿ ਰੂਪ ਮੱਟੀ ਮਿਲੀਹੈ,ਇਸ ਲਈ ਮਸਤ ਹੋਇਆ ੨ ਰਾਤ ਦਿਨ ਅਨੰਦ ਵਿਚ ਬੀਤਦਾਹੈ।

**ਚੀਨਤ ਚੀਤੁ ਨਿਰੰਜਨ ਲਾਇਆ ॥ ਕਹੁ ਕਬੀਰ ਤੌ ਅਨਭਉ ਪਾਇਆ ॥ ੩ ॥ ੨੭ ॥**

ਚੀਨਤ = ਜਾਣਿਆ।

ਆਪਣੇ ਆਪ ਹੀ ਜਾਣਦੇ ਹੀ ਜਦ ਵਾਹਿਗੁਰੂ ਵਿਚ ਚਿਤ ਲਾਇਆ ਤਾਂ ( ਕਬੀਰ ਜੀ ਕਹਿੰਦੇ ਹਨ ) ਮੈਂ ਅਨਭਉ ਨੂੰ ਪਾ ਲਿਆ॥

( ਉਪਦੇਸ਼ )

**ਗਉੜੀ ਕਬੀਰ ਜੀ ॥ ਮਨ ਕਾ ਸੁਭਾਉ ਮਨਹਿ ਬਿਆਪੀ ॥ ਮਨਹਿ ਮਾਰ ਕਵਨ ਸਿਧਿ ਥਾਪੀ ॥ ੧ ॥**

ਮਨ ਦਾ ਸੁਭਾ ਮਨ ਨੂੰ ਵਿਆਪ ਰਿਹਾ ਹੈ, ਭਾਵ ਸੰਕਲਪਾਂ ਕਰਕੇ ਮਨ ਨੂੰ ਦੁਖ ਹੋ ਰਿਹਾ ਹੈ ਅਤੇ ਮਨ ਨੂੰ ਮਾਰਕੇ ਕੇਹੜੀ ਸਿਧੀ ਥਾਪੀਹੈ?ਭਾਵ ਜਿਨ੍ਹਾਂ ਨੇ ਮਨ ਨੂੰ ਮਾਰਿਆ ਹੈ, ਉਨ੍ਹਾਂ ਨੂੰ ਸਭ ਕੁਝ ਪ੍ਰਾਪਤ ਹੋਇਆ ਹੈ।

**ਕਵਨੁ ਸੁ ਮੁਨਿ ਜੋ ਮਨੁ ਕਉ ਮਾਰੈ ॥ ਮਨ ਕਉ ਮਾਰਿ ਕਹਹੁ ਕਿਸੁ ਤਾਰੈ ॥ ੧ ॥ ਰਹਾਉ ॥**

ਜੇਹੜਾ ਮਨ ਨੂੰ ਮਾਰੇ ਤਿਸਦੇ ਬਰਾਬਰ ਕੌਣ ਮੁਨਿ (ਸੰਤ) ਹੈ ? ਮਨ ਨੂੰਮਾਰਕੇ ਕਹੋ ਕਿਸਨੂੰ ਤਾਰੇ = ਤਾੜੇਗਾ ਵਾ ਤਾਰੇਗਾ?ਭਾਵ ਤਿਸਦਾਤਰਣਾ ਡੁੱਬਣਾ ਦੂਰ ਹੋ ਗਿਆ।

**ਮਨ ਅੰਤਰਿ ਬੋਲੈ ਸਭੁ ਕੋਈ ॥ ਮਨ ਮਾਰੇ ਬਿਨੁ ਭਗਤਿ ਨ ਹੋਈ ॥ ੨ ॥**

ਮਨ ਦੇ ਅੰਦਰ ਹੀ ਸਭ ਕੋਈ ਬੋਲਦਾ ਹੈ, ਭਾਵ ਮਨਮਤ ਕਰਕੇ ਜੀਵ ਕਰਮਾਂ ਨੂੰ ਕਰਦਾ ਹੈ ਤੇ ਮਨ ਮਾਰੇ ਬਿਨਾਂ ਭਗਤੀ ਨਹੀਂ ਹੁੰਦੀ।

**ਕਹੁ ਕਬੀਰ ਜੋ ਜਾਨੈ ਭੇਉ ॥ ਮਨੁ ਮਧੁਸੂਦਨੁ ਤ੍ਰਿਭਵਣ ਦੇਉ ॥ ੩ ॥ ੨੮ ॥**

ਮਧੁਸੂਦਨੁ = ਹੰਕਾਰ ਦੈਂਤ ਨੂੰ ਨਸ਼ਟ ਕਰੇ ਜੇਹੜਾ।

ਜੇਹੜਾ ਇਸ ਗਲ ਦਾ ਭੇਦ ਜਾਣੇ ਅਤੇ ਮਨ ਦੈਂਤ ਬਲੀ ਨੂੰ ਮਾਰੇ,

Digitized by Panjab Digital Library | www.panjabdigilib.org

ਓਹ ਤਿੰਨਾਂ ਭਵਣਾਂ ਦਾ ਦੇਉ = ਪ੍ਰਕਾਸ਼ਕ ਭਾਵ ਜਾਣੀਜਾਣ ਵਾਹਿਗੁਰੂ ਦਾ ਰੂਪ ਬਣ ਜਾਂਦਾ ਹੈ।

(ਨਾਸਤਕ ਨੂੰ ਉਪਦੇਸ਼)

**ਗਉੜੀ ਕਬੀਰ ਜੀ ॥ ਓਇ ਜੁ ਦੀਸਹਿ ਅੰਬਰਿ ਤਾਰੇ ॥ ਕਿਨਿ ਓਇ ਚੀਤੇ ਚੀਤਨਹਾਰੇ ॥ ੧ ॥**

ਅੰਬਰਿ = ਅਕਾਸ਼।

ਓਹ ਜੋ ਅਕਾਸ਼ ਵਿਚ ਤਾਰੇ ਦਿਸਦੇ ਹਨ, ਸੋ ਓਹ ਕਿਸ ਚਿਤੇਰੇ ਨੇ ਚਿਤਰੇ ਹਨ ? ਭਾਵ ਵਾਹਿਗੁਰੂ ਨੇ ਬਣਾਏ ਹਨ।

**ਕਹੁ ਰੇ ਪੰਡਿਤ ਅੰਬਰੁ ਕਾ ਸਿਉ ਲਾਗਾ ॥ ਬੂਝੈ ਬੂਝਨਹਾਰੁ ਸਭਾਗਾ ॥ ੧ ॥ ਰਹਾਉ ॥**

ਅੰਬਰੁ = ਅਕਾਸ਼।

ਕਹੋ ਰੇ ਪਾਂਡੇ ਅਕਾਸ਼ ਕਿਸ ਨਾਲ ਲੱਗਾ ਹੋਇਆ ਹੈ? (ਸ਼ੰਕਾ) ਤੁਸੀ ਦੱਸੋ (ਉਤਰ) ਚੰਗੇ ਭਾਗਾਂ ਵਾਲਾ ਕੋਈ ਪੁੱਛਣ ਵਾਲਾ ਪੁੱਛੇਗਾ।

**ਸੂਰਜ ਚੰਦੁ ਕਰਹਿ ਉਜੀਆਰਾ ॥ ਸਭ ਮਹਿ ਪਸਰਿਆ ਬ੍ਰਹਮ ਪਸਾਰਾ ॥ ੨ ॥**

ਸੂਰਜ ਚੰਦਰਮਾ ਜੋ ਪ੍ਰਕਾਸ਼ ਕਰ ਰਹੇ ਹਨ,ਓਹ ਵਾਹਿਗੁਰੂ ਸਾਰਿਆਂ ਵਿਚ ਪਸਾਰੇ ਕਰਕੇ ਪਸਰ ਰਿਹਾਹੈ,ਭਾਵ ਸਭ ਪਸਾਰਿਆਂ ਵਿਚ ਵਾਹਿਗੁਰੂਹੈ।

**ਕਹੁ ਕਬੀਰ ਜਾਨੈਗਾ ਸੋਇ ॥ ਹਿਰਦੈ ਰਾਮੁ ਮੁਖਿ ਰਾਮੈ ਹੋਇ ॥ ੩ ॥ ੨੯ ॥**

ਇਸ ਗਲ ਨੂੰ ਉਹ ਜਾਣੇਗਾ, ਜਿਸਦੇ ਹਿਰਦੇ ਵਿਚ ਵੀ ਵਾਹਿਗੁਰੂ ਹੈ ਅਤੇ ਮੁਖੋਂ ਵੀ ਵਾਹਿਗੁਰ ਕਹਿੰਦਾ ਹੋਵੇਗਾ।

( ਕਰਮ ਕਾਂਡ ਵੇਦ ਸਿੰਮ੍ਰਿਤੀਆਂ ਮੰਨਣ ਵਾਲੇ ਨੂੰ ਉਪਦੇਸ਼ )

**ਗਉੜੀ ਕਬੀਰ ਜੀ ॥ ਬੇਦ ਕੀ ਪੁਤ੍ਰੀ ਸਿੰਮ੍ਰਿਤਿ ਭਾਈ ॥ ਸਾਂਕਲ ਜੇਵਰੀ ਲੈ ਹੈ ਆਈ ॥ ੧ ॥**

ਹੇ ਭਾਈ ! ਵੇਦ ਦੀਆਂ ਪੁਤਰੀਆਂ ਜੋ ਸਿੰਮ੍ਰਿਤੀਆਂ ਹਨ ਭਾਵ ਜੋ ਵੇਦ ਦਾ ਆਸ਼ਾ ਲੈਕੇ ਰਿਖੀਆਂ ਨੇ ਬਣਾਈਆਂ ਹਨ ਏਹ ਯੱਗ ਆਦਿਕ ਸੰਗਲ ਅਤੇ ਕ੍ਰਿਆ ਆਦਿਕ ਜੇਉੜੀਆਂ ਸੰਸਾਰ ਵਿਚ ਲੈਕੇ ਆਈਆਂ ਹਨ।

Digitized by Panjab Digital Library | www.panjabdigilib.org

ਆਪਨ ਨਗਰੁ ਆਪ ਤੇ ਬਾਧਿਆ ॥ ਮੋਹ ਕੈ ਫਾਧਿ ਕਾਲ ਸਰੁ ਸਾਂਧਿਆ ॥ ੧ ॥ ਰਹਾਉ ॥

ਸਰੁ = ਬਾਣ।

ਆਪ ਨਗਰ ਬਣਾਕੇ ਜੀਵ ਆਪ ਹੀ ਵਿਚ ਬੰਨ੍ਹਿਆ ਗਿਆ ਹੈ ਅਤੇ ਮੋਹ ਵਿਚ ਫਸਿਆ ਹੋਇਅ ਹੈ, ਇਸ ਲਈ ਕਾਲ ਨੇ ਇਸਦੇ ਸਿਰ ਉਪਰ ਬਾਣ ਸਾਧਿਆ = ਖਿਚਿਆ ਹੋਇਆ ਹੈ।

ਕਟੀ ਨ ਕਟੈ ਤੂਟਿ ਨ ਜਾਈ ॥ ਸਾ ਸਾਪਨਿ ਹੋਇ ਜਗ ਕਉ ਖਾਈ ॥ ੨ ॥

ਏਹ ਕਰਮ ਰੂਪ ਜੇਉੜੀ ਕੱਟੀ ਹੋਈ ਵੀ ਕੱਟੀ ਨਹੀਂ ਜਾਂਦੀ ਅਤੇ ਟੁਟਦੀ ਵੀ ਨਹੀਂ, ਸੋ ਉਹ ਸਿਮ੍ਰਿਤੀਆਂ ਸਰਪਣੀਆਂ ਹੋਕੇ ਜਗਤ ਨੂੰ ਖਾ ਰਹੀਆਂ ਹਨ।

ਹਮ ਦੇਖਤ ਜਿਨਿ ਸਭੁ ਜਗੁ *ਲੂਟਿਆ ॥ ਕਹੁ ਕਬੀਰ ਮੈ ਰਾਮ ਕਹਿ ਛੂਟਿਆ ॥ ੩ ॥ ੩੦ ॥

ਮੇਰੇ ਦੇਖਦਿਆਂ ਹੀ ਇਸ ਨੇ ਸਭ ਜਗ ਲੁਟ ਲਿਆ ਹੈ, ਮੈਂ ਇਕ ਵਾਹਿਗੁਰੂ ਕਹਿਕੇ ਛੁਟਿਆ ਹਾਂ।

( ਘੋੜਾ ਦੇਣ ਵਾਲੇ ਨੂੰ ਉਪਦੇਸ਼ )

ਗਉੜੀ ਕਬੀਰ ਜੀ ॥ ਦੇਇ ਮੁਹਾਰ ਲਗਾਮੁ ਪਹਿਰਾਵਉ ॥ ਸਗਲ ਤਜੀਨੁ ਗਗਨ ਦਉਰਾਵਉ ॥ ੧ ॥

ਗਗਨ = ਅਕਾਸ਼।

ਜੇਹੜਾ ਮੇਰ ਨੂੰ ਹਟੌਣਾ ਹੈ,ਇਹ ਮੁਹਾਰ ਦਿਤੀ ਹੈ ਅਤੇ ਜੋ ਵਾਹਿਗੁਰੂ ਵਿਚ ਬਹੁਤ ਲਗਣਾ ਹੈ, ਇਹ ਲਗਾਮ ਪਹਿਰਉਂਦਾ ਹਾਂ ਅਤੇ ਜੋ ਸਭ ਨੂੰ ਤਜੀਨੁ = ਛਡਦਾਹਾਂ,ਇਹ ਜੀਨ ਪੌਂਦਾਹਾਂ ਅਤੇ ਵਾਹਿਗੁਰੂਵੱਲਦੌੜਾਂਵਦਾ ਹਾਂ।

ਅਪਨੈ ਬੀਚਾਰਿ ਅਸਵਾਰੀ ਕੀਜੈ ॥ ਸਹਜ ਕੈ ਪਾਵੜੇ ਪਗੁ ਧਰਿ ਲੀਜੈ ॥ ੧ ॥ ਰਹਾਉ ॥

ਪਾਵੜੈ = ਰਕਾਬਾਂ।

ਆਪਣੇ ਬਿਚਾਰ ਅਨੁਸਾਰ ਮੈਂ ਅਸਵਾਰੀ ਕਰਦਾ ਹਾਂ ਵਾ ਕੀਤੀ ਹੈ, ਗਿਆਨ ਦੀਆਂ ਰਕਾਬਾਂ ਵਿਚ ਬੁਧੀ ਰੂਪ ਪੈਰ ਧਰ ਲਏ ਹਨ।

*ਇਹ ਸ਼ਬਦ ਮਾਇਆ ਪਰਥਾਇ ਵੀ ਲੁਗਦਾ ਹੈ।

Digitized by Panjab Digital Library | www.panjabdigilib.org

**ਚਲੁ ਰੇ ਬੈਕੁੰਠ ਤੁਝਹਿ ਲੇ ਤਾਰਉ ॥ ਹਿਚਹਿ ਤ ਪ੍ਰੇਮ ਕੈ ਚਾਬੁਕ ਮਾਰਉ ॥ ੨ ॥**

ਚਲ ਰੇ ਮਨ ਘੋੜੇ ! ਤੈਨੂੰ ਵਾਹਿਗੁਰੂ ਦੇ ਪਿੰਡ ਵਲ ਲਿਜਾਕੇ ਤਾਰਾਂ, ਜੇ ( ਹਿਚਹਿ ) ਪਿਛਾਹਾਂ ਮੁੜੇਂਗਾ ਤ ਮੈਂ ਪ੍ਰੇਮ ਦੇ ਚਾਬਕ ਤੈਨੂੰ ਮਾਰਾਂਗਾ।

**ਕਹਤ ਕਬੀਰ ਭਲੇ ਅਸਵਾਰਾ ॥ ਬੇਦ ਕਤੇਬ ਤੇ ਰਹਹਿ ਨਿਰਾਰਾ ॥ ੩ ॥ ੩੧ ॥**

ਕਬੀਰ ਜੀ ਕਹਿੰਦੇ ਹਨ, ਇਕੁਰ ਦੇ ਭਲੇ ਅਸਵਾਰ ਹਨ, ਜੇਹੜੇ ਬੇਦ ਕਤੇਬ ਤੇ ਨਿਆਰੇ ਰਹਿੰਦੇ ਹਨ।

(ਇਕ ਹੰਕਾਰੀ ਮੋਏ ਨੂੰ ਵੇਖਕੇ ਸਨਮੁਖ ਬੇਨਤੀ ਕਰਦੇ ਹਨ)

**ਗਉੜੀ ਕਬੀਰ ਜੀ ॥ ਜਿਹ ਮੁਖਿ ਪਾਂਚਉ ਅੰਮ੍ਰਿਤ ਖਾਏ ॥ ਤਿਹ ਮੁਖ ਦੇਖਤ ਲੂਕਟ ਲਾਏ ॥ ੧ ॥**

ਲੂਕਟ = ਮੁਆਤੇ ।ਲੰਬੂ।

ਜਿਸ ਮੂੰਹ ਨਾਲ ਸਾਰੇ ਦੁਧ ਦਹੀਂ ਆਦਿਕ ਪਦਾਰਥ ਖਾਂਦਾ ਸੀ, ਤਿਸ ਮੂੰਹ ਨਾਲ ਸਾਰਿਆਂ ਦੇ ਦੇਖਦਿਆਂ ਹੀ ਸਨਬੰਧੀਆਂ ਨੇ ਮੁਆਤੇ ਲਾਏ।

**ਇਕ ਦੁਖੁ ਰਾਮ ਰਾਇ ਕਾਟਹੁ ਮੇਰਾ ॥ ਅਗਨਿ ਦਹੈ ਅਰੁ ਗਰਭ ਬਸੇਰਾ ॥ ੧ ॥ ਰਹਾਉ ॥**

ਹੇ ਵਾਹਿਗੁਰੂ ! ਇਕ ਦੁਖ ਮੇਰਾ ਕੱਟੋ, ਇੱਕ ਤਾਂ ਅਗਨੀ ਦਹੈ = ਸਾੜਦੀ ਹੈ ਅਤੇ ਇੱਕ ਬਾਰ ਬਾਰ ਗਰਭ ਵਿਚ ਵਸਣਾ ਹੁੰਦਾ ਹੈ।

***ਕਾਇਆ ਬਿਗੂਤੀ ਬਹੁ ਬਿਧਿ ਭਾਤੀ ॥ ਕੋ ਜਾਰੇ ਕੋ ਗਡ ਲੇ ਮਾਟੀ ॥ ੨ ॥**

ਏਹ ਕਾਇਆਂ ਕਈ ਤਰਾਂ ਖਰਾਬ ਹੋਈ ਕਿਸੇ ਨੇ ਸਾੜ ਦਿੱਤੀ ਅਤੇ ਕਿਸੇ ਨੇ ਮਿੱਟੀ ਵਿਚ ਗੱਡ ਦਿੱਤੀ।

**ਕਹੁ ਕਬੀਰ ਹਰਿ ਚਰਣ ਦਿਖਾਵਹੁ ॥ ਪਾਛੈ ਤੇ ਜਮੁ ਕਿਉ ਨ ਪਠਾਵਹੁ ॥ ੩ ॥ ੩੨ ॥**

---

*ਠੰਢੀ ਤਾਤੀ ਮਿੱਟੀ ਖਾਈ ॥ ਓਹ ਨ ਬਾਲਾ ਬੂਢਾ ਭਾਈ ॥ (ਆਸਾ, ੩੩ ਮ: ੫) ਇਕ ਦਝਹਿ ਇਕ ਦਬੀਅਹਿ ਇਕਨਾ ਕੁਤੇ ਖਾਹਿ ॥ ਇਕ ਪਾਣੀ ਵਿਚ ਉਸਟੀਅਹਿ ਇਕ ਭੀ ਫਿਰਹਸਣਿ ਪਾਹਿ॥(ਵਾਰ ਸੋਰਠਿ)

Digitized by Panjab Digital Library | www.panjabdigilib.org

ਕਬੀਰ ਜੀ ਕਹਿੰਦੇ ਹਨ, ਹੇ ਵਾਹਿਗੁਰੂ ! ਮੈਨੂੰ ਆਪਨੇ ਚਰਨ ਦਿਖਾ ਅਤੇ ਫਿਰ ਭਾਵੇਂ ਪਿੱਛੋਂ ਜਮ ਨੂੰ ਕਿਉਂ ਨ ਭੇਜ ਦਿਓ ਭਾਵ ਫਿਰ ਜਮ ਮੇਰਾ ਕੁਝ ਨਹੀਂ ਕਰੇਗਾ ਵਾ ਪਿੱਛੋਂ ਜਮ ਨੂੰ ਕਿਉਂ ਨਹੀਂ ਮੋੜਦੇ ?

(ਕਿਸੇ ਦੁਸ਼ਟ ਨੇ ਕਬੀਰ ਦੇ ਘਰ ਨੂੰ ਅੱਗ ਲਾ ਦਿਤੀ)

**ਗਉੜੀ ਕਬੀਰ ਜੀ ॥ ਆਪੇ ਪਾਵਕੁ ਆਪੇ ਪਵਨਾ ॥ ਜਾਰੈ ਖਸਮੁ ਤ ਰਾਖੈ ਕਵਨਾ ॥ ੧ ॥**

ਪਾਵਕੁ = ਅਗਨੀ।

ਹੇ ਭਾਈ ! ਆਪੇ ਹੀ ਵਾਹਿਗੁਰੂ ਅਗਨੀ ਹੈ ਅਤੇ ਆਪੇ ਹੀ ਪੌਣ ਹੈ, ਜੇ ਵਾਹਿਗੁਰੂ ਸਾੜੇਗਾ ਤਾਂ ਕੌਣ ਰਖ ਸਕਦਾ ਹੈ ?

**ਰਾਮ ਜਪਤ ਤਨੁ ਜਰਿ ਕੀ ਨ ਜਾਇ ॥ ਰਾਮ ਨਾਮ ਚਿਤੁ ਰਹਿਆ ਸਮਾਇ ॥ ੧ ॥ ਰਹਾਉ ॥**

ਵਾਹਿਗੁਰੂ ਕਹਿੰਦਿਆਂ ਸਰੀਰ ਸੜ ਕਿਉਂ ਨ ਜਾਵੇ ? ਭਾਵ ਬੇਸ਼ੱਕ ਸੜ ਜਾਵੇ ਮੇਰਾ ਮਨ ਤਾਂ ਵਾਹਿਗੁਰੂ ਵਿੱਚ ਸਮਾ ਰਿਹਾ ਹੈ ਵਾ ਵਾਹਿਗੁਰੂ ਮਨ ਵਿਚ ਸਮਾ ਰਿਹਾ ਹੈ।

**ਕਾਕੋ ਜਰੈ ਕਾਹਿ ਹੋਇ ਹਾਨਿ ॥ ਨਟ ਵਟ ਖੇਲੈ ਸਾਰਿਗਪਾਨਿ ॥ ੨ ॥**

ਕਿਸੇ ਦਾ ਕਿਆ ਕੁਝ ਸੜਦਾ ਹੈ ਅਤੇ ਕੀ ਨੁਕਸਾਨ ਹੁੰਦਾ ਹੈ, ਮਦਾਰੀ ਦੇ ਵੱਟੇ ਵਾਂਗੂ ਸਾਰਿਗਪਾਨਿ = ਵਾਹਿਗੁਰੂ ਹੀ ਖੇਲ ਰਿਹਾ ਹੈ।

**ਕਹੁ ਕਬੀਰ ਅਖਰ ਦੁਇ ਭਾਖਿ ॥ ਹੋਇਗਾ ਖਸਮੁ ਤ ਲੇਇਗਾ ਰਾਖਿ ॥ ੩ ॥ ੩੩ ॥**

ਕਬੀਰ ਜੀ ਕਹਿਦੇ ਹਨ ਦੋ ਅਖਰ ਰਾਮ ਨਾਮ ਕਹੋ, ਜੇ ਸਾਡਾ ਵਾਹਿਗੁਰੂ ਹੋਵੇਗਾ ਤਾਂ ਰੱਖ ਲਵੇਗਾ।

**ਗਉੜੀ ਕਬੀਰ ਜੀ ਦੁਪਦੇ ੨ ॥ ਨਾ ਮੈ ਜੋਗ ਧਿਆਨ ਚਿਤੁ ਲਾਇਆ ॥ ਬਿਨੁ ਬੈਰਾਗ ਨ ਛੂਟਸਿ ਮਾਇਆ ॥ ੧ ॥**

ਨਾ ਮੈਂ ਜੋਗ ਦੇ ਧਿਆਨ ਕਰਕੇ ਵਾਹਿਗੁਰੂ ਵਿੱਚ ਚਿੱਤ ਲਾਇਆ, ਸੋ ਵੈਰਾਗ ਤੋਂ ਬਿਨਾਂ ਮਾਇਆ ਨਹੀਂ ਛੁਟਦੀ।

Digitized by Panjab Digital Library | www.panjabdigilib.org

**ਕੈਸੇ ਜੀਵਨੁ ਹੋਇ ਹਮਾਰਾ ॥ ਜਬ ਨ ਹੋਇ ਰਾਮ ਨਾਮ ਅਧਾਰਾ ॥ ੧ ॥ ਰਹਾਉ ॥**

ਕਿੱਕੁਰ ਸਾਡਾ ਜੀਵਣਾ ਹੋਵੇਗਾ, ਜਦ ਤਕ ਕਿ ਸਾਨੂੰ ਵਾਹਿਗੁਰੂ ਨਾਮ ਦਾ ਅਧਾਰਾ = ਆਸਰਾ ਨਾ ਹੋਵੇ।

**ਕਹੁ ਕਬੀਰ ਖੋਜਉ ਅਸਮਾਨ ॥ ਰਾਮ ਸਮਾਨ ਨ ਦੇਖਉ ਆਨ ॥ ੨ ॥ ੩੪ ॥**

ਆਨ = ਹੋਰ।

ਕਬੀਰ ਜੀ ਕਹਿੰਦੇ ਹਨ, ਮੈਂ ਅਸਮਾਨ ਆਦਿਕ ਸਾਰੇ ਥਾਂ ਲਭਦਾ ਹਾਂ, ਪਰ ਵਾਹਿਗੁਰੂ ਦੇ ਸਮਾਨ ਕਿਸੇ ਨੂੰ ਨਹੀਂ ਦੇਖਦਾ।

**ਗਉੜੀ ਕਬੀਰ ਜੀ ॥ ਜਿਹ ਸਿਰਿ ਰਚਿ ਰਚਿ ਬਾਂਧਤ ਪਾਗ ॥ ਸੋ ਸਿਰੁ ਚੁੰਚ ਸਵਾਰਹਿ ਕਾਗ ॥ ੧ ॥**

(ਕੰਮ ਕਾਰ ਛੱਡਕੇ ਪੱਗਾਂ ਬੰਨ੍ਹਣ ਵਾਲਿਆਂ ਨੂੰ ਸਿੱਖਯਾ)

ਜਿਸ ਸਿਰ ਤੇ ਬਣਾ ੨ ਕੇ ਪੱਗ ਬੰਨਦਾ ਸੀ, ਤਿਸ ਸਿਰ ਤੇ ਕਾਂ ਬੈਠਾ ਹੋਇਆ ਚੁੰਝ ਨੂੰ ਸਵਾਰ ਰਿਹਾ ਹ, ਭਾਵ ਕਾਂ ਮਾਸ ਖਾ ਰਿਹਾ ਹੈ ਅਤੇ ਚੁੰਝ ਘਸਾ ਰਿਹਾ ਹੈ।

**ਇਸ ਤਨ ਧਨ ਕੋ ਕਿਆ ਗਰਬਈਆ ॥ ਰਾਮ ਨਾਮੁ ਕਾਹੇ ਨ ਦ੍ਰਿੜ੍ਹੀਆ ॥ ੧ ॥ ਰਹਾਉ ॥**

ਇਸ ਤਨ ਧਨ ਦਾ ਕੀ ਹੰਕਾਰ ਕਰਦਾ ਹੈਂ? (ਹੇ ਮਨ!) ਵਾਹਿਗੁਰੂ ਨਾਮ ਕਿਉਂ ਨਹੀਂ ਪੱਕਾ ਕਰਦਾ ?

**ਕਹਤ ਕਬੀਰ ਸੁਨਹੁ ਮਨ ਮੇਰੇ ॥ ਇਹੀ ਹਵਾਲ ਹੋਹਿਗੇ ਤੇਰੇ ॥ ੨ ॥ ੩੫ ॥**

**ਗਉੜੀ ਗੁਆਰੇਰੀ ਕੇ ਪਦੇ ਪੈਤੀਸ ॥**

ਕਬੀਰ ਜੀ ਕਹਿੰਦੇ ਹਨ ਹੇ ਮਨ ਮੇਰੇ ਸੁਣ! ਏਹ ਪਿਛੇ ਕਥਨ ਕੀਤੇ ਹਾਲ ਤੇਰੇ ਭੀ ਹੋਣਗੇ।

Digitized by Panjab Digital Library | www.panjabdigilib.org

## ਰਾਗੁ ਗਉੜੀ ਗੁਆਰੇਰੀ ਅਸਟਪਦੀ ਕਬੀਰ ਜੀ ਕੀ ॥

### ੧ ੴ ਸਤਿਗੁਰਪ੍ਰਸਾਦਿ ॥

**ਸੁਖੁ ਮਾਂਗਤ ਦੁਖੁ ਆਗੈ ਆਵੈ ॥ ਸੋ ਸੁਖੁ ਹਮਹੁ ਨ ਮਾਂਗਿਆ ਭਾਵੈ ॥੧॥**

ਸੁਖ ਮੰਗਦਿਆਂ ਹੋਇਆਂ ਦੁਖ ਅੱਗੇ ਆ ਜਾਂਦਾ ਹੈ, ਭਾਵ ਜੇ ਏਥੇ ਸੁਖ ਭੋਗੀਏ ਤਾਂ ਵਾਹਿਗੁਰੂ ਦੇ ਪਿੰਡ ਦਖ ਮਿਲਦਾ ਹੈ ਵਾ ਸੁਖ ਵਿੱਚ ਕੋਈ ਨ ਕੋਈ ਅਜੇਹੀ ਬਿਪਤਾ ਆ ਪੈਂਦੀ ਹੈ, ਜਿਸਤੋਂ ਛੁੱਟਣਾ ਔਖਾ ਹੁੰਦਾ ਹੈ, ਸੋ ਸੁਖ ਸਾਨੂੰ ਮੰਗਿਆ ਨਹੀਂ ਭੌਂਦਾ।

**ਬਿਖਿਆ ਅਜਹੁ ਸੁਰਤਿ ਸੁਖ ਆਸਾ ॥ ਕੈਸੇ ਹੋਈ ਹੈ ਰਾਜਾ ਰਾਮ ਨਿਵਾਸਾ ॥ ੧ ॥ ਰਹਾਉ ॥**

ਵਿਸ਼ਿਆਂ ਵਿੱਚ ਅਜੇ ਤਕ ਸੁਰਤੀ ਹੈ ਅਤੇ ਆਸ਼ਾ ਸੁਖ ਦੀ ਹੈ, ਪਰ ਕਿੱਕੁਰ ਪ੍ਰਕਾਸ਼ਕ ਵਾਹਿਗੁਰੂ ਵਿੱਚ ਨਿਵਾਸ ਹੋਵੇ ?

**ਇਸੁ ਸੁਖ ਤੇ ਸਿਵ ਬ੍ਰਹਮ ਡਰਾਨਾ ॥ ਸੋ ਸੁਖੁ ਹਮਹੁ ਸਾਚੁ ਕਰਿ ਜਾਨਾ ॥ ੨ ॥**

ਜਿਸ ਸੁਖ ਤੋਂ ਸ਼ਿਵਜੀ ਬ੍ਰਹਮਾ ਵੀ ਡਰਿਆ ਹੈ, ਸੋ ਸੁਖ ਅਸਾਂ ਨੇ (ਵਾ ਮੈਂ) ਸੱਚਾ ਕਰਕੇ ਜਾਨਿਆ ਹੈ।

**ਸਨਕਾਦਿਕ ਨਾਰਦ ਮੁਨਿ ਸੇਖਾ ॥ ਤਿਨ ਭੀ ਤਨ ਮਹਿ ਮਨੁ ਨਹੀ ਪੇਖਾ ॥ ੩ ॥**

ਸਨਕ ਆਦਿਕ ਬ੍ਰਹਮਾਂ ਦੇ ਚਾਰ ਪੁਤਰ ਅਤੇ ਨਾਰਦ ਮੁਨੀ ਸ਼ੇਸ਼ ਨਾਗ, ਏਹਨਾਂ ਭੀ ਸਰੀਰ ਵਿੱਚ ਮਨ ਨੂੰ ਨਹੀਂ ਦੇਖਿਆ, ਭਾਵ ਵਿਸ਼ਿਆਂ ਦੇ ਹੁੰਦਿਆਂ ਮਨ ਨੂੰ ਵਾਹਿਗੁਰੂ ਵੱਲ ਲਗਾ ਨਹੀਂ ਵੇਖਿਆ।

**ਇਸੁ ਮਨ ਕਉ ਕੋਈ ਖੋਜਹੁ ਭਾਈ ॥ ਤਨ ਛੂਟੇ ਮਨੁ ਕਹਾ ਸਮਾਈ ॥ ੪ ॥**

ਹੇ ਭਾਈ! ਇਸ ਮਨ ਨੂੰ ਕੋਈ ਖੋਜੋ ਕਿ ਸਰੀਰ ਤੇ ਛੁੱਟਣ ਬਾਦ ਮਨ (ਆਤਮਾ) ਕਿਥੇ ਜਾਕੇ ਰਹਿੰਦਾ ਹੈ ?

Digitized by Panjab Digital Library | www.panjabdigilib.org

ਗੁਰ ਪਰਸਾਦੀ ਜੈ ਦੇਉ ਨਾਮਾ ॥ ਭਗਤਿ ਕੈ ਪ੍ਰੇਮਿ ਇਨਹੀ ਹੈ ਜਾਨਾ ॥ ੫ ॥

ਗੁਰਾਂ ਕੀ ਕਿਰਪਾ ਕਰਕੇ ਜੈ ਦੇਉ ਅਤੇ ਨਾਮ ਦੇਉ ਜੀ ਨੇ ਭਗਤੀ ਵਿਚ ਪ੍ਰੇਮ ਕਰਕੇ ਜਾਣਿਆ ਹੈ ।

ਇਸੁ ਮਨ ਕਉ ਨਹੀ ਆਵਨ ਜਾਨਾ ॥ ਜਿਸਕਾ ਭਰਮੁ ਗਇਆ ਤਿਨਿ ਸਾਚੁ ਪਛਾਨਾ ॥ ੬ ॥

ਇਸ ਮਨ ਨੂੰ ਔਣਾ ਜਾਣਾ ਨਹੀਂ ਪਰ ਜਿਸਦਾ ਭਰਮ ਗਿਆ ਹੈ, ਤਿਸਨੇ ਨਿਸਚੇ ਕਰਕੇ ਜਾਣਿਆ ਹੈ।

ਇਸ ਮਨ ਕਉ ਰੂਪੁ ਨ ਰੇਖਿਆ ਕਾਈ ॥ ਹੁਕਮੇ ਹੋਇਆ ਹੁਕਮੁ ਬੂਝਿ ਸਮਾਈ ॥ ੭ ॥

ਇਸ ਮਨ ਦਾ ਕੋਈ ਰੂਪ ਚਿਹਨ ਨਹੀਂ ਹੈ।ਵਾਹਿਗੁਰੂਦੇ ਹੁਕਮ ਕਰਕੇ ਹੋਯਾ ਹੈ ਅਤੇ ਵਾਹਿਗੁਰੂਦਾ ਹੁਕਮ ਬੁਝਕੇ ਹੀ ਵਾਹਿਗੁਰੂ ਵਿਚ ਸਮਾਜਾਂਦਾਹੈ।

ਇਸੁ ਮਨ ਕਾ ਕੋਈ ਜਾਨੈ ਭੇਉ ॥ ਇਹ ਮਨਿ ਲੀਣ ਭਏ ਸੁਖ ਦੇਉ ॥ ੮ ॥

ਇਸ ਮਨ ਦਾ ਕੋਈ ਭੇਦ ਜਾਣਦਾ ਹੈ ਕਿ ਏਹ ਮਨ ਵਾਹਿਗੁਰੂ ਵਿਚ ਲੀਨ ਹੋਇਆ ਹੋਇਆ ਆਪਣੇ ਆਪ ਨੂੰ ਸੁਖ ਰੂਪ ਅਤੇ ਪ੍ਰਕਾਸ਼ਕ ਮੰਨਦਾਹੈ।

ਜੀਉ ਏਕੁ ਅਰੁ ਸਗਲ ਸਰੀਰਾ ॥ ਇਸੁ ਮਨ ਕਉ ਰਵਿ ਰਹੇ ਕਬੀਰਾ ॥ ੯ ॥ ੧ ॥ ੩੬ ॥

ਜੀਵ ਇਕ ਹੈ ਅਤੇ ਸਾਰੇ ਸਰੀਰਾਂ ਵਿਚ ਹੈ। ਇਸ ਮਨ ਨੂੰਕਬੀਰਜੀ ਰਵ = ਉਚਾਰ ਰਹੇ ਹਨ।

ਗਉੜੀ ਗੁਆਰੇਰੀ ॥ ਅਹਿਨਿਸਿ ਏਕ ਨਾਮ ਜੋ ਜਾਗੇ॥ ਕੇਤਕ ਸਿਧ ਭਏ ਲਿਵ ਲਾਗੇ ॥ ੧ ॥ ਰਹਾਉ ॥

ਅਹਿਨਿਸਿ = ਦਿਨ ਰਾਤ।

ਰਾਤ ਦਿਨੇ ਜੋ ਇਕ ਨਾਮ ਵਿਚ ਜਾਗਦੇ ਹਨ,ਓਹ ਕਿਨੇ ਸਾਰੇ ਬ੍ਰਿਤੀ ਲੌਣੇ ਕਰਕੇ ਸਿਧ ਹੋਗਏ ਹਨ।

ਸਾਧਕ ਸਿਧ ਸਗਲ ਮੁਨਿ ਹਾਰੇ ॥ ਏਕ ਨਾਮ ਕਲਿਪਤਰ ਤਾਰੇ ॥ ੧ ॥

Digitized by Panjab Digital Library | www.panjabdigilib.org

ਕਲਿਪਤਰ = ਸੰਸਾਰ ਸਮੁੰਦਰ। ਕਲਪ ਬ੍ਰਿਛ।

ਸਿਧੀਆਂ ਵਾਲੇ ਸਿਧ ਅਤੇ ਸਾਰੇ ਮੁਨੀ ਹਾਰ ਗਏ ਹਨ। ਇਕ ਵਾਹਿਗੁਰੂ ਦਾ ਨਾਮ ਹੀ ਸੰਸਾਰ ਸਮੁੰਦਰ ਤੋਂ ਤਾਰਦਾ ਹੈ ਵਾ ਕਲਪ ਬ੍ਰਿਛ ਵਤ ਵਾਹਿਗੁਰੂ ਦਾ ਨਾਮ ਤਾਰਨ ਨੂੰ ਸਮਰਥ ਹੈ।

**ਜੋ ਹਰਿ ਹਰੇ ਸੁ ਹੋਹਿ ਨ ਆਨਾ ॥ ਕਹਿ ਕਬੀਰ ਰਾਮ ਨਾਮ ਪਛਾਨਾ ॥ ੨ ॥ ੩੭ ॥**

ਆਨਾ = ਹੋਰ।

ਜੇਹੜੇ ਵਾਹਿਗੁਰੂ ਨੇ ਆਪਣੇ ਵੱਲ ਹਰੇ = ਲਾ ਲਏ ਹਨ,ਓਹ ਵਖਰੇ ਨਹੀਂ ਹੋਸਕਦੇ। ਵਾ ਜੋ ਵਾਹਿਗੁਰੂ ਨੂੰ ਜਪਦੇ ਹਨ, ਤਿਨ੍ਹਾਂ ਦੇ ਬਰਾਬਰ ਕੋਈ ਨਹੀਂ ਹੋਸਕਦਾ। ਕਬੀਰ ਜੀ ਕਹਿੰਦੇ ਹਨ, ਮੈਂ ਵਾਹਿਗੁਰੂ ਦਾ ਨਾਮ ਹੀ ਪਛਾਣਿਆ ਹੈ।

**ਗਉੜੀ ਭੀ ਸੋਰਠਿ ਭੀ ॥ ਰੇ ਜੀਅ ਨਿਲਜ ਲਾਜ ਤੁਹਿ ਨਾਹੀ ॥ ਹਰਿ ਤਜਿ ਕਤ ਕਾਹੂ ਕੇ ਜਾਂਹੀ ॥ ੧॥ ਰਹਾਉ ॥**

ਰੇ ਜੀਅ ਨਿਲੱਜ!ਤੈਨੂੰ ਲੱਜਿਆ ਨਹੀਂ ਆਉਂਦੀ, ਵਾਹਿਗੁਰੂ ਛੱਡਕੇ ਕਿਸ ਵਾਸਤੇ ਕਿਸੇਪਾਸ ਜਾਂਦਾਹੈਂ ਭਾਵ ਦੇਵੀਦੇਵਤਿਆਂਦੇ ਪਾਸਕਿਉਂਜਾਂਦਾਹੈ?

**ਜਾਕੋ ਠਾਕੁਰੁ ਊਚਾ ਹੋਈ ॥ ਸੋ ਜਨੁ ਪਰ ਘਰ ਜਾਤ ਨ ਸੋਹੀ ॥ ੧ ॥**

ਜਿਸਦਾ ਠਾਕਰ ਉਚਾ ਅਰਥਾਤ ਵਡਾ ਹੁੰਦਾ ਹੈ, ਓਹ ਪੁਰਖ ਪਰਾਏ ਘਰ ਜਾਂਦਾ ਹੱਛਾ ਨਹੀਂ ਲਗਦਾ।

**ਸੋ ਸਾਹਿਬੁ ਰਹਿਆ ਭਰਪੂਰਿ ॥ ਸਦਾ ਸੰਗਿ ਨਾਹੀ ਹਰਿ ਦੂਰਿ ॥**

ਜੋ ਵਾਹਿਗੁਰੂ ਸਾਰੇ ਪੂਰਨ ਹੋ ਰਿਹਾ ਹੈ ਓਹ ਸਦਾ ਹੀ ਤੇਰੇ ਨਾਲ ਹੈ ਅਤੇ ਦੂਰ ਨਹੀਂ।

**ਕਵਲਾ ਚਰਨ ਸਰਨਿ ਹੈ ਜਾਕੇ ॥ ਕਹੁ ਜਨ ਕਾ ਨਾਹੀ ਘਰ ਤਾਕੇ ॥ ੩ ॥**

ਕਵਲਾ = ਲੱਖਮੀ।

ਜਿਸਦੇ ਚਰਣਾਂ ਦੀ ਸ਼ਰਣ ਲਖਮੀ ਰਹਿੰਦੀ ਹੈ, ਕਹੋ ਹੇ ਭਾਈ! ਕੀ ਨਹੀਂ ਹੈ ਤਿਸ (ਸਰਬਸ਼ਕਤੀ ਵਾਲੇ) ਦੇ ਘਰ ?

Digitized by Panjab Digital Library | www.panjabdigilib.org

**ਸਭੁ ਕੋਊ ਕਹੈ ਜਾਸੁ ਕੀ ਬਾਤਾ ॥ ਸੋ ਸੰਮ੍ਰਥੁ ਨਿਜ ਪਤਿ ਹੈ ਦਾਤਾ ॥ ੪ ॥**

ਸਭ ਕੋਈ ਜਿਸਦੀਆਂ ਬਾਤਾਂ ਅਰਥਾਤ ਸਿਫਤਾਂ ਕਹਿੰਦਾ ਹੈ, ਸੋ ਉਹ ਸਮਰਥ ਹੈ, ਖੁਦ ਮਾਲਿਕ ਅਤੇ ਦਾਤਾ ਹੈ ।

**ਕਹੈ ਕਬੀਰੁ ਪੂਰਨ ਜਗ ਸੋਈ ॥ ਜਾਕੈ ਹਿਰਦੈ ਅਵਰੁ ਨ ਹੋਈ ॥ ੫ ॥ ੩੯ ॥**

ਕਬੀਰ ਜੀ ਕਹਿੰਦੇ ਹਨ ਜਗਤ ਵਿਚ ਪੂਰਨ ਕਾਮਨਾਂ ਵਾਲਾ ਸੋਈ ਆਦਮੀ ਹੈ ਜਿਸਦੇ ਹਿਰਦੇ ਵਿਚ ਹੋਰ ਕੋਈ (ਵਾਹਿਗੁਰੂ ਤੋਂ ਬਿਨਾ) ਨਹੀਂ,

{ ਕਬੀਰ ਜੀ ਨੇ ਪੁਤ੍ਰ ਦੇ ਵਜੋਗ ਵਿਚ ਇਕ ਆਦਮੀ ਰੋਂਦਾ ਵੇਖਿਆ,ਤਿਸਨੂੰ ਉਪਦੇਸ਼ ਦੇਂਦੇ ਹਨ }

**ਕਉਨੁ ਕੋ ਪੂਤੁ ਪਿਤਾ ਕੋ ਕਾਕੋ ॥ ਕਉਨੁ ਮਰੈ ਕੋ ਦੇਇ ਸੰਤਾਪੋ ॥ ੧ ॥**

ਕੌਣ ਕਿਸੇ ਦਾ ਪੁਤ੍ਰ ਹੈ ਅਤੇ ਕੌਣ ਕਿਸੇ ਦਾ ਪਿਤਾ ਹੈ ਅਤੇ ਕੌਣ ਮਰਦਾ ਹੈ ਅਤੇ ਕੌਣ ਦੁਖ ਦੇਂਦਾ ਹੈ ?

**ਹਰਿ ਠਗ ਜਗ ਕਉ ਠਗਉਰੀ ਲਾਈ ॥ ਹਰਿ ਕੇ ਬਿਓਗ ਕੈਸੇ ਜੀਅਉ ਮੇਰੀ †ਮਾਈ ॥ ੧ ॥ ਰਹਾਉ ॥**

ਵਾਹਿਗੁਰੂ ਠੱਗ ਨੇ ਜਗਤ ਨੂੰ ਮਾਇਆ ਰੂਪ ਠੱਗ ਬੂਟੀ ਲਾਈ ਹੋਈ ਹੈ, ਵਾਹਿਗੁਰੂ ਦੇ ਵਿਛੋੜੇ ਕਰਕੇ ਕਿੱਕੁਰ ਜੀਵੇਂਗੇ ਹੇ ਮੇਰੀ ਮਾਈ ?

**ਕਉਨ ਕੋ ਪੁਰਖੁ ਕਉਨ ਕੀ ਨਾਰੀ ॥ ਇਆ ਤਤ ਲੇਹੁ ਸਰੀਰ ਬਿਚਾਰੀ ॥ ੨ ॥**

ਕੌਣ ਕਿਸੇ ਦਾ ਆਦਮੀ ਹੈ ਅਤੇ ਕੌਣ ਕਿਸ ਦੀ ਇਸਤ੍ਰੀ ਹੈ, ਇਹ (ਤੱਤ) ਝੂਠ ਸੱਚ ਦਾ ਸਰੀਰ ਵਿਚ ਵਿਚਾਰ ਕਰ ਲਵੇ, ਭਾਵ ਮਨੁੱਖਾ ਜਨਮ ਦਾ ਏਹ ਲਾਭ ਹੈ ਕਿ ਵਾਹਿਗੁਰੂ ਦਾ ਵਿਚਾਰ ਕਰ ਲਵੇ ।

---

†ਮਾਈ ਨਾਮ ਸਖੀ ਦਾ ਵੀ ਹੁੰਦਾ ਹੈ ਅਤੇ ਭਾਈ ਇੱਕੁਰ ਵੀ ਸੰਬੋਧਨ ਹੁੰਦਾ ਹੈ ਵਾ ਮੇਰੀ ਬੁਧੀ ਵਿਚ ਨਿਸਚਾ ਹੋਇਆ ਹੈ ਕਿ ਮਾਇਆ ਦੇ ਪਤੀ ਵਾਹਿਗੁਰੂ ਦੇ ਵਿਛੋੜੇ ਕਿੱਕੁਰ ਏਹ ਜੀਂਉਣਗੇ ?

Digitized by Panjab Digital Library | www.panjabdigilib.org

ਕਹਿ ਕਬੀਰ ਠਗ ਸਿਉ ਮਨੁ ਮਾਨਿਆ ॥ ਗਈ ਠਗਉਰੀ ਠਗੁ ਪਹਿਚਾਨਿਆ ॥ ੩ ॥ ੩੯ ॥

ਜਿੱਕੁਰ ਕੋਈ ਕਿਸੇ ਠੱਗ ਨਾਲ ਮਿਲ ਜਾਂਦਾ ਹੈ ਤਾਂ ਉਸਨੂੰ ਠੱਗ ਕੁਝ ਨਹੀਂ ਆਖਦਾ ਇੱਕੁਰ ਹੀ ਕਬੀਰ ਜੀ ਆਖਦੇ ਹਨ ਕਿ ਜਿਸਦਾ ਮਨ ਵਾਹਿਗੁਰੂ ਠੱਗ ਨਾਲ ਮੰਨਿਆ ਹੈ ਅਤੇ ਜਦ ਠੱਗ ਨੂੰ ਜਾਣ ਲਿਆ ਤਾਂ ਠਗੌਰੀ ਜਾਂਦੀ ਰਹੀ ਵਾ ਵਾਹਿਗੁਰੂ ਨੂੰ ਜਾਣਿਆ ਤਾਂ ਮਾਇਆ ਦੂਰ ਹੋਗਈ ।

ਅਬ ਮੋਕਉ ਭਏ ਰਾਜਾ ਰਾਮ ਸਹਾਈ ॥ ਜਨਮ ਮਰਨ ਕਟਿ ਪਰਮਗਤਿ ਪਾਈ ॥ ੧ ॥ਰਹਾਉ ॥

ਹੁਣ ਮੇਰੇ ਪ੍ਰਕਾਸ਼ਕ ਵਾਹਿਗੁਰੂ ਸਹਾਇਕ ਹੋਏ ਹਨ, ਜੰਮਣਾ ਮਰਨਾ ਦੂਰ ਹੋਗਿਆ ਹੈ ਅਤੇ ਪਰਮਗਤੀ (ਮੁਕਤਿ) ਪਾ ਲਈ ਹੈ ॥

ਸਾਧੂ ਸੰਗਤਿ ਦੀਓ ਰਲਾਇ ॥ ਪੰਚ ਦੂਤ ਤੇ ਲੀਓ ਛਡਾਇ ॥ ਅੰਮ੍ਰਿਤ ਨਾਮੁ ਜਪਉ ਜਪੁ ਰਸਨਾ ॥ ਅਮੋਲ ਦਾਸੁ ਕਰਿ ਲੀਨੋ ਅਪਨਾ ॥ ੧ ॥

ਸੰਤਾਂ ਦੀ ਸਤਸੰਗਤ ਵਿਚ ਰਲਾ ਦਿੱਤਾ ਹੈ ਅਤੇ ਪੰਜਾਂ ਦੂਤਾਂ (ਕਾਮਾਦਿਕਾਂ) ਤੋਂ ਛੁਡਾ ਲਿਆ ਹੈ ॥

ਅੰਮ੍ਰਿਤ ਨਾਮ ਦਾ ਜਾਪ ਰਸਨਾ ਕਰਕੇ ਜਪਣ ਲਗਾ ਹਾਂ,(ਵਾਹਿਗੁਰੂ ਨੇ) ਅਮੋਲਕ ਦਾਸ ਆਪਣਾ (ਮੈਨੂੰ) ਕਰ ਲਿਆ ਹੈ ।

ਸਤਿਗੁਰ ਕੀਨੋ ਪਰਉਪਕਾਰੁ ॥ ਕਾਢ ਲੀਨ ਸਾਗਰ ਸੰਸਾਰ ॥ ਚਰਨ ਕਮਲ ਸਿਉ ਲਾਗੀ ਪ੍ਰੀਤਿ ॥ ਗੋਬਿੰਦੁ ਬਸੈ ਨਿਤਾ ਨਿਤ ਚੀਤ ॥ ੨ ॥

ਸਤਿਗੁਰਾਂ ਨੇ ਪਰ ਉਪਕਾਰ ਕਰਕੇ ਸੰਸਾਰ (ਸਾਗਰ) ਸਮੁੰਦਰ ਵਿਚੋਂ (ਦਯਾ ਕਰਕੇ ਮੈਨੂੰ) ਕੱਢ ਲਿਆ ਹੈ ॥

ਵਾਹਿਗੁਰੂ ਦੇ ਚਰਨਾਂ ਕਮਲਾਂ ਨਾਲ ਪ੍ਰੀਤੀ ਲੱਗੀ ਹੈ ਅਤੇ ਵਾਹਿਗੁਰੂ ਨਿਤ ਹੀ ਨਿਤ ਮੇਰੇ ਚਿੱਤ ਵਿਚ ਵਸਦਾ ਹੈ ॥

ਮਾਇਆ ਤਪਤਿ ਬੁਝਿਆ ਅੰਗਿਆਰੁ ॥ ਮਨਿ ਸੰਤੋਖੁ ਨਾਮੁ ਆਧਾਰੁ॥ ਜਲਿ ਥਲਿ ਪੂਰਿ ਰਹੇ ਪ੍ਰਭ ਸੁਆਮੀ॥ ਜਤ ਪੇਖਉ ਤਤ ਅੰਤਰਜਾਮੀ ॥ ੩ ॥

Digitized by Panjab Digital Library | www.panjabdigilib.org

ਮਾਇਆ ਰੂਪ ਤਪ ਦਾ ਅੰਗਿਆਰ ਬੁਝ ਗਿਆ ਹੈ ਮਨ ਨੂੰ ਨਾਮ ਦੇ ਆਸਰੇ ਕਰਕੇ ਸੰਤੋਖ ਆਇਆ ਹੈ। ਜੇਹੜਾ ਜਲਾਂ ਥਲਾਂ ਵਿੱਚ ਪ੍ਰਭੂ ਸੁਆਮੀ ਪੂਰਨ ਹੋ ਰਿਹਾ ਹੈ, ਤਿਸ ਅੰਤਰਜਾਮੀ ਨੂੰ ਜਿਧਰ ਦੇਖਦਾ ਹਾਂ ਓਧਰ ਹੀ ਦਿਖਾਈ ਦੇਂਦਾ ਹੈ।

**ਅਪਨੀ ਭਗਤਿ ਆਪ ਹੀ ਦ੍ਰਿੜਾਈ ॥ ਪੂਰਬ ਲਿਖਤੁ ਮਿਲਿਆ ਮੇਰੇ ਭਾਈ ॥ ਜਿਸੁ ਕ੍ਰਿਪਾ ਕਰੇ ਤਿਸੁ ਪੂਰਨ ਸਾਜ ॥ ਕਬੀਰ ਕੋ ਸੁਆਮੀ ਗਰੀਬ ਨਿਵਾਜ ॥ ੪ ॥ ੪੦ ॥**

ਵਾਹਿਗੁਰੂ ਨੇ ਆਪਣੀ ਭਗਤੀ ਆਪ ਹੀ ਪੱਕੀ ਕਰਾਈ ਹੈ। ਪਿਛੇ ਮੇਰੇ ਕਰਮਾਂ ਵਿੱਚ ਲਿਖਿਆ ਹੋਇਆ ਸੀ, ਇਸਲਈ ਹੇ ਮੇਰੇ ਭਾਈ! ਮੈਨੂੰ ਵਾਹਿਗੁਰੂ ਆ ਮਿਲਿਆ। ਜਿਸ ਤੇ ਕਿਰਪਾ ਕਰਦਾ ਹੈ, ਤਿਸਦੇ ਪੂਰੇ ਕੰਮ ਹੁੰਦੇ ਹਨ। ਕਬੀਰ ਜੀ ਕਹਿੰਦੇ ਹਨ ਸਾਡਾ ਸੁਆਮੀ ਗਰੀਬਨਿਵਾਜ ਹੈ।

(ਸੂਤਕ ਮੰਨਣ ਵਾਲੇ ਪ੍ਰਤਿ)

**ਜਲਿ ਹੈ ਸੂਤਕੁ ਥਲਿ ਹੈ ਸੂਤਕੁ ਸੂਤਕੁ ਓਪਤਿ ਹੋਈ ॥ ਜਨਮੇ ਸੂਤਕੁ ਮੂਏ ਫੁਨਿ ਸੂਤਕੁ ਸੂਤਕੁ ਪਰਜ ਬਿਗੋਈ ॥ ੧ ॥**

ਓਪਤਿ = ਉਤਪਤੀ ॥

ਜਲਾਂ ਵਿਚ ਵੀ ਸੂਤਕ ਹੈ ਥਲਾਂ ਵਿਚ ਭੀ ਸੂਤਕ ਹੈ, ਸੂਤਕ ਕਰਕੇ ਹੀ ਸਾਰੀ ਉਤਪਤੀ ਹੁੰਦੀ ਹੈ। ਜੀਵ ਜੰਮਦੇ ਵੀ ਸੂਤਕ ਵਿੱਚ ਹਨ, ਫਿਰ ਮਰਦੇ ਵੀ ਸੂਤਕ ਵਿਚ ਹਨ, ਸੂਤਕ ਨੇ ਸਾਰੀ ਹੀ ਪਰਜਾ (ਬਿਗੋਈ) = ਖਰਾਬ ਕੀਤੀ ਹੈ।

**ਕਹੁ ਰੇ ਪੰਡੀਆ ਕਉਨ ਪਵੀਤਾ ॥ ਐਸਾ ਗਿਆਨੁ ਜਪਹੁ ਮੇਰੇ ਮੀਤਾ ॥ ੧ ॥ ਰਹਾਉ ॥**

ਕਹੋ ਰੇ ਪਾਂਡੇ ਕੌਣ ਪਵਿਤ੍ਰ ਹੈ? ਇੱਕੁਰ ਦਾ ਗਿਆਨ ਵਿਚਾਰਕੇ ਹੇ ਮੇਰੇ ਮਿੱਤਰ ਵਾਹਿਗੁਰੂ ਦਾ ਨਾਮ ਜਪ!

**ਨੈਨਹੁ ਸੂਤਕੁ ਬੈਨਹੁ ਸੂਤਕੁ ਸੂਤਕੁ ਸ੍ਰਵਨੀ ਹੋਈ ॥ ਊਠਤ ਬੈਠਤ ਸੂਤਕੁ ਲਾਗੈ ਸੂਤਕੁ ਪਰੈ ਰਸੋਈ ॥ ੨ ॥**

Digitized by Panjab Digital Library | www.panjabdigilib.org

ਨੇਤਰਾਂ ਵਿਚ ਸੂਤਕ ਹੈ, ਬਚਨਾਂ ਵਿਚ ਵੀ ਸੂਤਕ ਹੈ ਅਤੇ ਸੂਤਕ ਹੀ ਕੰਨਾਂ ਵਿਚ ਹੁੰਦਾ ਹੈ, ਭਾਵ ਨਿੰਦਿਆ ਉਸਤਤੀ ਸੁਣਨ ਕਰਕੇ ਉਠਦਿਆਂ ਬੈਠਦਿਆਂ ਸੂਤਕ ਲਗਦਾ ਹੈ, ਭਾਵ ਜੀਵ ਮਰਦੇ ਹਨ ਅਤੇ ਸੂਤਕ ਹੀ ਰਸੋਈ ਵਿਚ ਪੈਂਦਾ ਹੈ ਭਾਵ ਅੱਗ ਵਿਚ ਕਈ ਜੀਵ ਸੜਦੇ ਹਨ।

**ਫਾਸਨ ਕੀ ਬਿਧਿ ਸਭੁ ਕੋਊ ਜਾਨੈ ਛੂਟਨ ਕੀ ਇਕੁ ਕੋਈ ॥ ਕਹਿ ਕਬੀਰ ਰਾਮੁ ਰਿਦੈ ਬਿਚਾਰੈ ਸੂਤਕੁ ਤਿਨੈ ਨ ਹੋਈ ॥ ੩ ॥ ੪ ॥**

ਕਰਮ ਕਾਂਡਾਂ ਵਿਚ ਫਸਣ ਦੀ ਰੀਤੀ ਸਭ ਕੋਈ ਜਾਣਦਾ ਹੈ ਅਤੇ ਛੁਟਣ ਦੀ ਇਕ ਕੋਈ ਸੰਤ ਹੀ। ਕਬੀਰ ਜੀ ਕਹਿੰਦੇ ਹਨ, ਜੋ ਇਕ ਵਾਹਿਗੁਰੂ ਨੂੰ ਰਿਦੇ ਵਿਚ ਵਿਚਾਰੇ ਉਸਨੂੰ ਸੂਤਕ ਨਹੀਂ ਹੁੰਦਾ ਹੈ।

**ਗਉੜੀ ॥ ਝਗਰਾ ਏਕੁ ਨਿਬੇਰਹੁ ਰਾਮ ॥ ਜਉ ਤੁਮ ਅਪਨੇ ਜਨ ਸੌ ਕਾਮੁ ॥ ੧ ॥**

(ਸਨਮੁਖ ਬੇਨਤੀ)

ਹੇ ਵਾਹਿਗੁਰੂ ! ਇਕ ਝਗੜਾ ਨਿਬੇੜੋ, ਜੇ ਤੁਹਾਨੂੰ ਆਪਣੇ ਦਾਸਾਂ ਨਾਲ ਕੰਮ ਹੈ ਤਾਂ (ਕੀ ਝਗੜਾ ?)

**ਇਹੁ ਮਨੁ ਬਡਾ ਕਿ ਜਾਸਉ ਮਨੁ ਮਾਨਿਆ ॥ ਰਾਮੁ ਬਡਾ ਕੈ ਰਾਮਹਿ ਜਾਨਿਆ ॥ ੧ ॥ ਰਹਾਉ ॥**

ਇਹੁ ਮਨ ਵੱਡਾ ਹੈ ਕਿ ਜਿਸ ਨਾਲ ਮਨ ਮੰਨਿਆ ਹੈ ਓਹ ਵੱਡਾ ਹੈ? (ਉੱਤਰ) ਵਾਹਿਗੁਰੂ ਵੱਡਾ ਹੈ (ਸ਼ੰਕਾ) ਵਾਹਿਗੁਰੂ ਵੱਡਾ ਹੈ ਕਿ ਵਾਹਿਗੁਰੂ ਨੂੰ ਜਾਨਣ ਵਾਲਾ ? (ਉੱਤਰ) ਜਾਨਣ ਵਾਲਾ।

**ਬ੍ਰਹਮਾ ਬਡਾ ਕਿ ਜਾਸੁ ਉਪਾਇਆ ॥ ਬੇਦੁ ਬਡਾ ਕਿ ਜਹਾਂ ਤੇ ਆਇਆ ॥ ੨ ॥**

(ਪ੍ਰਸ਼ਨ)

ਬ੍ਰਹਮਾ ਵੱਡਾ ਹੈ ਕਿ ਜਿਸ ਵਾਹਿਗੁਰੂ ਨੇ ਬ੍ਰਹਮਾ ਨੂੰ ਪ੍ਰਗਟ ਕੀਤਾ ਹੈ ਉਹ ਵੱਡਾ ਹੈ ? (ਉੱਤਰ) "ਪ੍ਰਗਟ ਕਰਨ ਵਾਲਾ" (ਪ੍ਰਸ਼ਨ) ਵੇਦ ਵੱਡਾ ਹੈ ਕਿ ਜਿਥੋਂ ਵੇਦ ਆਇਆ ਹੈ ਓਹ ਵਡਾ ਹੈ ? ( ਉਤਰ ) ਜਿਥੋਂ ਆਇਆ ਹੈ।

Digitized by Panjab Digital Library | www.panjabdigilib.org

**ਕਹਿ ਕਬੀਰ ਹਉ ਭਇਆ ਉਦਾਸੁ ॥ ਤੀਰਥੁ ਬਡਾ ਕਿ *ਹਰਿ ਕਾ ਦਾਸੁ ॥ ੩ ॥ ੪੨ ॥**

ਕਬੀਰ ਜੀ ਕਹਿੰਦੇ ਹਨ ਕਿ ਮੈਂ ਉਦਾਸ ਹੋਇਆ ੨ ਹਾਂ, ਤੀਰਥ ਵੱਡਾ ਹੈ ਕਿ ਵਾਹਿਗੁਰੂ ਦਾ ਦਾਸ ? ( ਉਤਰ ) ਦਾਸ।

( ਉਪਦੇਸ਼ )

**ਰਾਗੁ ਗਉੜੀ ਚੇਤੀ ॥ ਦੇਖੌ ਭਾਈ ਗ੍ਯਾਨ ਕੀ ਆਈ ਆਂਧੀ ॥ ਸਭੈ ਉਡਾਨੀ ਭ੍ਰਮ ਕੀ ਟਾਟੀ ਰਹੈ ਨ ਮਾਇਆ ਬਾਂਧੀ ॥ ੧ ॥ ਰਹਾਉ ॥**

ਦੇਖੋ ਭਾਈ! ਗਿਆਨ ਦੀ ਅੰਧੇਰੀ ਆਗਈ ਹੈ ਅਤੇ ਭਰਮ ਰੂਪ ਟੱਟੀ ਸਭ ਉਡ ਗਈ ਹੈ ਅਤੇ ਮਾਇਆ ਦੇ ਬੰਨ੍ਹਣ ਵੀ ਨਹੀਂ ਰਹੇ ਵਾ ਗਿਆਨ ਵਿਚ ਮਾਇਆ ਬੰਨ੍ਹੀ ਹੋਈ ਵੀ ਨਹੀਂ ਰਹਿੰਦੀ।

**ਦੁਚਿਤੇ ਕੀ ਦੁਇ ਥੂਨਿ ਗਿਰਾਨੀ ਮੋਹ ਬਲੇਂਡਾ ਟੂਟਾ ॥ ਤਿਸਨਾ ਛਾਨਿ ਪਰੀ ਧਰ ਊਪਰਿ ਦੁਰਮਤਿ ਭਾਂਡਾ ਫੂਟਾ ॥ ੧ ॥**

ਬਲੇਂਡਾ = ਵਲਾ।

ਦੁਚਿਤੇ ਮਨ ਦੀਆਂ ਜੋ ਦੋ ਬਿਰਤੀਆਂ ਥੂਨੀਆਂ ਵਤ ਸਨ ਸੋ ਗਿਆਨ ਹਨੇਰੀ ਨੇ ਡੇਗ ਦਿਤੀਆਂ ਅਤੇ ਮੋਹ ਰੂਪ ਵਲਾ ਭੀ ਟੁੱਟ ਗਿਆ ਅਤੇ ਤ੍ਰਿਸ਼ਨਾ ਰੂਪ ਛੰਨ ਵੀ ਧਰਤੀ ਉਪਰ ਡਿਗ ਪਈ ਅਤੇ ਖੋਟੀ ਮੱਤ ਰੂਪ ਭਾਂਡਾ ਫੁਟ ਗਿਆ।

**ਆਂਧੀ ਪਾਛੈ ਜੋ ਜਲੁ ਬਰਖੈ ਤਿਹਿ ਤੇਰਾ ਜਨੁ ਭੀਨਾ ॥ ਕਹਿ ਕਬੀਰ ਮਨਿ ਭਇਆ ਪ੍ਰਗਾਸਾ ਉਦੈ ਭਾਨੁ ਜਬ ਚੀਨਾ ॥ ੨ ॥ ੪੩ ॥**

---

*ਇਸ ਸ਼ਬਦ ਦੇ ਵਿਚ ਜੇਹੜੇ ਪ੍ਰਸ਼ਨ ਹਨ ਓਹੋ ਹੀ ਉਤਰ ਹਨ। ਦੇਖੋ ਕਵਿ ਰਾਇ ਅੰਮ੍ਰਿਤਰਾਇ ਲਾਹੌਰ ਨਿਵਾਸੀ ਜੀ ਦੇ ਚਿਤਰ ਬਿਲਾਸ ਗ੍ਰੰਥ ਦਾ ੮੫-੯੬ ਦੋਹਾਃ-

ਕੋ ਸਭ ਜਗ ਮੈ ਅਮਲ ਜਲ ਕੋ ਸੁੰਦਰ ਸੁਭ ਕਾਮ।
ਕੋ ਸੁਬਾਸ ਸ੍ਰੀ ਕਰ ਕਮਲ ਕੋ ਸਭ ਸੰਜਤ ਨਾਮ। ਹੋਰ ਦੇਖੋ-
ਧਰਮ ਰਾਜ ਬੋਲੇ ਕਹਾਂ ਕਾਲ ਕਰੈ ਕੋ ਕਰਮ।
ਜ਼ਨਮ ਦੁਖੀ ਕੋ ਜਗਤ ਮੈਂ ਪ੍ਰਭ ਕੋ ਜਾਨੈ ਮਰਮ ॥ ੯੨ ॥

Digitized by Panjab Digital Library | www.panjabdigilib.org

ਊਦੈ = ਪ੍ਰਗਟ। ਭਾਨੁ = ਸੂਰਜ। ਚੀਨਾ = ਜਾਣਿਆ।

ਗਿਆਨ ਰੂਪ ਅੰਨ੍ਹੇਰੀ ਪਿਛੇ ਜੇਹੜਾ ਸ਼ਾਂਤੀ ਰੂਪ ਪਾਣੀ ਵਰ੍ਹਦਾ ਹੈ, ਉਸ ਨਾਲ ਤੇਰਾ ਦਾਸ ਭਿਜ ਗਿਆ ਹੈ। ਕਬੀਰ ਜੀ ਕਹਿੰਦੇ ਹਨ, ਮੇਰੇ ਮਨ! ਵਿਚ ਇਕੁਰ ਦਾ ਪਰਕਾਸ਼ ਹੋਇਆ ਹੈ, ਜਿਕੁਰ ਸੂਰਜ ਦੇ ਚੜ੍ਹਨ ਨਾਲ ਅੰਧੇਰਾ ਦੂਰ ਹੋ ਜਾਂਦਾ ਹੈ, ਤਿਕੁਰ ਹੀ ਜਦ ਵਾਹਿਗੁਰੂ ਨੂੰ ਜਾਣਿਆ ਤਾਂ ਅਗਿਆਨ ਨਾਸ ਹੋਇਆ।

(ਮਨਮੁਖਾਂ ਦਾ ਹਾਲ ਦਸਦੇ ਹਨ)

ਗਉੜੀ ਚੇਤੀ

ੴ ਸਤਿਗੁਰ ਪ੍ਰਸਾਦਿ ॥

**ਹਰਿ ਜਸੁ ਸੁਨਹਿ ਨ ਹਰਿ ਗੁਨ ਗਾਵਹਿ ॥ ਬਾਤਨ ਹੀ ਅਸਮਾਨੁ ਗਿਰਾਵਹਿ ॥ ੧ ॥**

ਨਾਂ ਵਾਹਿਗੁਰੂ ਦਾ ਜਸ ਸੁਣਦੇ ਹਨ ਅਤੇ ਨਾ ਵਾਹਿਗੁਰੂ ਦੇ ਗੁਣ ਗਾਉਂਦੇ ਹਨ, ਗੱਲਾਂ ਨਾਲ ਹੀ ਅਸਮਾਨ ਨੂੰ ਡੇਗਦੇ ਹਨ ਭਾਵ ਝੂਠ ਬੋਲਦੇ ਹਨ।

**ਐਸੇ ਲੋਗਨ ਸਿਉ ਕਿਆ ਕਹੀਐ ॥ ਜੋ ਪ੍ਰਭ ਕੀਏ ਭਗਤਿ ਤੇ ਬਾਹਜ ਤਿਨ ਤੇ ਸਦਾ ਡਰਾਨੇ ਰਹੀਐ ॥ ੧ ॥ ਰਹਾਉ ॥**

ਇਕੁਰ ਦੇ ਲੋਕਾਂ ਨੂੰ ਕੀ ਕਹੀਏ ? ਜੇਹੜੇ ਵਾਹਿਗੁਰੂ ਨੇ ਭਗਤੀ ਤੋਂ ਬਾਹਜ = ਬਿਨਾ ਕੀਤੇ ਹਨ, ਤਿਨ੍ਹਾਂ ਤੋਂ ਸਦਾ ਹੀ ਡਰਦੇ ਰਹੀਏ।

**ਆਪਿ ਨ ਦੇਹਿ ਚੁਰੂ ਭਰਿ ਪਾਨੀ ॥ ਤਿਹ ਨਿੰਦਹਿ ਜਿਹ ਗੰਗਾ ਆਨੀ ॥ ੨ ॥**

ਚੁਰੂ = ਚੁੱਲੀ।

ਆਪ ਤਾਂ ਕਿਸੇ ( ਤਿਹਾਏ ) ਨੂੰ ਚੁਲੀ ਭਰਕੇ ਪਾਣੀ ਵੀ ਨਹੀਂ ਦੇਂਦੇ ਅਤੇ ਤਿਸ (ਭਾਗੀਰਥ) ਨੂੰ ਨਿੰਦਦੇ ਹਨ, ਜਿਸ ਨੇ ਗੰਗਾ ਆਂਦੀ ਹੈ।

**ਬੈਠਤ ਉਠਤ ਕੁਟਿਲਤਾ ਚਾਲਹਿ ॥ ਆਪੁ ਗਏ ਅਉਰਨ ਹੂ ਘਾਲਹਿ ॥ ੩ ॥**

ਕੁਟਿਲਤਾ = ਟੇਢੇ।

ਬੈਠਦੇ ਉਠਦੇ ਟੇਢੇ ਚਲਦੇ ਹਨ ਆਪ ਤਾਂ ਗਏ ਗਵਾਤੇ ਅਤੇ ਹੋਰਨਾਂ ਨੂੰ ਉਸ ਪਾਸੇ ਘਾਲਹਿ = ਪਾਉਂਦੇ ਹਨ, ਭਾਵ ਵਿਸ਼ਿਆਂ ਵਲ ਨਰਕ ਵਲ ਖੜਦੇ ਹਨ।

Digitized by Panjab Digital Library | www.panjabdigilib.org

**ਛਾਡਿ ਕੁਦਰਚਾ ਆਨ ਨ ਜਾਨਹਿ ॥ ਬ੍ਰਹਮਾ ਹੂ ਕੋ ਕਹਿਓ ਨ ਮਾਨਹਿ ॥ ੪ ॥**

ਆਨ = ਹੋਰ।

ਖੋਟੀ ਚਰਚਾ ਨੂੰ ਛੱਡਕੇ ਹੋਰ ਕੁਝ ਜਾਣਦੇ ਹੀ ਨਹੀਂ। ਭਾਵ ਖੋਟੀਆਂ ਗੱਲਾਂ ਤੋਂ ਬਿਨਾ ਹੋਰ ਕੁਝ ਨਹੀਂ ਜਾਣਦੇ ਅਤੇ ਹਠੀ ਇੱਕੁਰ ਦੇ ਹਨ ਕਿ ਬ੍ਰਹਮਾ ਦਾ ਕਿਹਾ ਭੀ ਨਹੀਂ ਮੰਨਦੇ।

**ਆਪੁ ਗਏ ਅਉਰਨ ਹੂ ਖੋਵਹਿ ॥ ਆਗਿ ਲਗਾਇ ਮੰਦਰ ਮਹਿ ਸੋਵਹਿ ॥ ੫ ॥**

ਆਪ ਤਾਂ ਗਏ ਗਵਾਤੇ ਹਨ ਅਤੇ ਹੋਰਨਾਂ ਨੂੰ ਵੀ ਖੋਂਵਦੇ ਹਨ ਭਾਵ ਆਪ ਤਾਂ ਵਾਹਿਗੁਰੂ ਦਾ ਨਾਮ ਨਹੀਂ ਜਪਦੇ, ਪਰ ਹੋਰਨਾਂ ਨੂੰ ਵੀ ਨਹੀਂ ਜਪਣ ਦੇਂਦੇ ਅਤੇ ਸਗੋਂ ਉਨ੍ਹਾਂ ਦੀ ਉਮਰ ਖਰਾਬ ਕਰਦੇ ਅਤੇ ਸਰੀਰ ਰੂਪ ਮੰਦਰ ਵਿੱਚ ਕਾਮ ਕਰੋਧ ਰੂਪ ਅੱਗ ਲਗਾਕੇ ਸੌਂਦੇ ਹਨ।

**ਅਵਰਨ ਹਸਤ ਆਪ ਹਹਿ ਕਾਨੇ ॥ ਤਿਨ ਕਉ ਦੇਖਿ ਕਬੀਰ ਲਜਾਨੇ ॥ ੬ ॥ ੧ ॥ ੪੪ ॥**

ਹੋਰਨਾਂ ਨੂੰ ਹਸਦੇ ਹਨ ਅਤੇ ਆਪ ਕਾਣੇ ਹਨ ਭਾਵ ਆਪ ਔਗੁਣਾਂ ਵਾਲੇ ਹਨ ਅਤੇ ਹੋਰਨਾਂ ਨੂੰ ਭੀ ਔਗੁਣਾਂ ਵਾਲੇ ਦੇਖਦੇ ਹਨ, ਤਿਨ੍ਹਾਂ ਨੂੰ ਵੇਖਕੇ ਕਬੀਰ ਜੀ ਲੱਜਿਆ ਵਾਲੇ ਹੋਏ ਹਨ।

( ਗੁਰਮਤਿ ਵਿਚ ਸਰਾਧ ਦਾ ਕਰਨਾ ਮਨੇ ਹੈ )

**ਰਾਗੁ ਗਉੜੀ ਬੈਰਾਗਣਿ ਕਬੀਰ ਜੀ**

**ੴ ਸਤਿਗੁਰ ਪ੍ਰਸਾਦਿ ॥**

**ਜੀਵਤ ਪਿਤਰ ਨ ਮਾਨੈ ਕੋਊ ਮੂਏਂ ਸਿਰਾਧ ਕਰਾਹੀ ॥ ਪਿਤਰ ਭੀ ਬਪੁਰੇ ਕਹੁ ਕਿਉ ਪਾਵਹਿ ਕਊਆ ਕੂਕਰ ਖਾਹੀ ॥ ੧ ॥**

ਬਪੁਰੇ = ਵਿਚਾਰੇ।

ਜੀਊਂਦਿਆਂ ਪਿਤਰਾਂ ਨੂੰ ਕੋਈ ਮੰਨਦਾ ਨਹੀਂ ਹੈ ਅਤੇ ਮੋਇਆਂਦੇ ਸਰਾਧ ਕਰਾਉਂਦੇ ਹਨ ਵਾ ਸੰਤਾਂ ਜੀਊਂਦਿਆਂ ਨੂੰ ਮੋਈ ਨਹੀਂ ਮੰਨਦਾ ਅਤੇ ਮੋਇਆਂ ਦੇਵੀ ਦੇਵਤਿਆਂ ਪੱਥਰਾਂ ਦੀ ਪੂਜਾ ਲੋਕ ਕਰਦੇ ਹਨ।

Digitized by Panjab Digital Library | www.panjabdigilib.org

ਪਿਤਰ ਵੀ ਵਿਚਾਰੇ ਕਹੋ ਖਾਂ ਕਿਕੁਰ ਕੁਝ ਪਾਉਣ? (ਓਹ ਤਾਂ ਸਗੋਂ) ਕਾਂ ਕੁੱਤੇ ਹੀ ਖਾਂਦੇ ਹਨ।

**ਮੋਕਉ ਕੁਸਲੁ ਬਤਾਵਹੁ ਕੋਈ ॥ ਕੁਸਲੁ ਕੁਸਲੁ ਕਰਤੇ ਜਗੁ ਬਿਨਸੈ ਕੁਸਲੁ ਭੀ ਕੈਸੇ ਹੋਈ ॥ ੧ ॥ ਰਹਾਉ ॥**

ਕੁਸਲ = ਸੁਖ।

ਮੈਨੂੰ ਕੋਈ ਸੁਖ ਦੱਸੋ। ਸੁਖ ਸੁਖ ਕਰਦਿਆਂ ਜਗਤ ਮਰਦਾ ਜਾਂਦਾ ਹੈ, ਪਰ ਸੁਖ ਕਿੱਕੁਰ ਹੋਵੇ ?

**ਮਾਟੀ ਕੇ ਕਰਿ ਦੇਵੀ ਦੇਵਾ ਤਿਸੁ ਆਗੈ ਜੀਉ ਦੇਹੀ ॥ ਐਸੇ ਪਿਤਰ ਤੁਮਾਰੇ ਕਹੀਅਹਿ ਆਪਨ ਕਹਿਆ ਨ ਲੇਹੀ ॥ ੨ ॥**

ਮਿੱਟੀ ਦੇ ਦੇਵੀ ਦੇਵਤੇ ਬਣਾਕੇ ਤਿਸ ਆਗੇ ਜੀਊਂਦੇ ਬੱਕਰੇ ਮਾਰ ਦੇਂਦੇ ਹਨ, ਇੱਕੁਰ ਦੇ ਪਿਤਰ ਤੁਹਾਡੇ ਕਹੀਦੇ ਹਨ। ਭਾਵ ਮਿੱਟੀ ਦੇ ਖਡੌਣਿਆਂ ਵਾਕੁਰ ਅਤੇ ਆਪਣੀ ਪੂਜਾ ਉਨ੍ਹਾਂ ਸ਼ਾਸਤ੍ਰਾਂ ਵਿੱਚ ਕਹੀ ਹੈ। ਪਰ ਤਿਸ ਨੂੰ ਪ੍ਰਗਟ ਹੋਕੇ( ਕਹਿ ਕਰ ) ਕਿਉਂ ਨਹੀਂ ਲੈਂਦੇ ?

**ਸਰਜੀਉ ਕਾਟਹਿ ਨਿਰਜੀਉ ਪੂਜਹਿ ਅੰਤ ਕਾਲ ਕਉ ਭਾਰੀ ॥ ਰਾਮ ਨਾਮ ਕੀ ਗਤਿ ਨਹੀ ਜਾਨੀ ਭੈ ਡੂਬੇ ਸੰਸਾਰੀ ॥ ੩ ॥**

ਸੁਰਜੀਤ ਜੀਵਾਂ ਨੂੰ ਤੁਸੀਂ ਕਟਦੇ ਹੋ ਅਤੇ ਨਿਰਜੀਉ = ਮੋਇਆਂ ਹੋਇਆਂ ਨੂੰ ਪੂਜਦੇ ਹੋ, ਇਸ ਲਈ ਤੁਹਾਨੂੰ ਓੜਕ ਦੇ ਵੇਲੇ ਬਾਹਲੀ ਪੀੜਾ ਹੋਵੇਗੀ। ਵਾਹਿਗੁਰੂ ਦੇ ਨਾਮ ਦੀ ਗਤਿ = ਪਰਾਪਤੀ ਜਾਣੀ ਨਹੀਂ,ਇਸਲਈ ਏਹ ਡਰਾਉਣੇ ਸੰਸਾਰ ਵਿਚ ਡੁੱਬੇ ਹਨ।

**ਦੇਵੀ ਦੇਵਾ ਪੂਜਹਿ ਡੋਲਹਿ ਪਾਰਬ੍ਰਹਮੁ ਨਹੀ ਜਾਨਾ ॥ ਕਹਤ ਕਬੀਰ ਅਕੁਲੁ ਨਹੀ ਚੇਤਿਆ ਬਿਖਿਆ ਸਿਉ ਲਪਟਾਨਾ ॥ ੪ ॥ ੧ ॥ ੪੫ ॥**

ਦੇਵੀ ਦੇਵਤਿਆਂ ਨੂੰ ਪੂਜਦੇ ਫਿਰਦੇ ਹਨ ਅਤੇ ਵਾਹਿਗੁਰੂਨੂੰ ਜਾਣਿਆਂ ਨਹੀਂ, ਕਬੀਰ ਜੀ ਕਹਿੰਦੇ ਹਨ ਜਾਤ ਪਾਤ ਤੋਂ ਰਹਿਤ ਵਾਹਿਗੁਰੂ ਨੂੰ ਨਹੀਂ ਯਾਦ ਕੀਤਾ ਅਤੇ ਵਿਸ਼ਿਆਂ ਨਾਲ ਜਗਤ ਚੰਬੜ ਰਿਹਾ ਹੈ।

Digitized by Panjab Digital Library | www.panjabdigilib.org

(ਉਪਦੇਸ਼)

**ਗਉੜੀ ॥ ਜੀਵਤ ਮਰੈ ਮਰੈ ਫੁਨਿ ਜੀਵੈ ਐਸੇ ਸੁੰਨਿ ਸਮਾਇਆ ॥ ਅੰਜਨ ਮਾਹਿ ਨਿਰੰਜਨਿ ਰਹੀਐ ਬਹੁੜਿ ਨ ਭਵਜਲਿ ਪਾਇਆ ॥ ੧ ॥**

ਅੰਜਨ = ਮਾਇਆ।

ਜੀਵਤ ਭਾਉ ਤੋਂ ਮਰੇ ਤੇ ਮਰਕੇ ਫਿਰ ਵਾਹਿਗੁਰੂ ਵਲ ਜੀਵੇ ਇਕੁਰ ਅਫੁਰ ਵਾਹਿਗੁਰੂ ਵਿਚ ਸਮਾਇਆ ਜਾਂਦਾ ਹੈ ਅਤੇ ਮਾਇਆ ਵਿਚ ਹੀ ਰਹਿਕੇ ਮਾਇਆ ਤੋਂ ਰਹਿਤ ਰਹੇ, ਓਹ ਫਿਰ ਡਰਾਉਣੇ ਸੰਸਾਰ ਵਿਚ ਨਹੀਂ ਪਾਇਆ ਜਾਂਦਾ।

**ਮੇਰੇ ਰਾਮ ਐਸਾ ਖੀਰੁ ਬਿਲੋਈਐ ॥ ਗੁਰਮਤਿ ਮਨੂਆ ਅਸਥਿਰੁ ਰਾਖਹੁ ਇਨ ਬਿਧਿ ਅੰਮ੍ਰਿਤੁ ਪੀਓਈਐ ॥ ੧ ॥ ਰਹਾਉ ॥**

ਖੀਰੁ = ਦੁਧ। ਬਿਲੋਈਐ = ਰਿੜਕੀਏ।

ਹੇ ਮੇਰੇ ਭਾਈ ! ਇਕੁਰ ਦਾ ਦੁਧ ਰਿੜਕੀਏ (ਪ੍ਰਸ਼ਨ) ਕਿਕੁਰ ਦਾ ? ( ਉਤਰ ) ਗੁਰਾਂ ਦੀ ਸਿਖਿਆ ਲੈਕੇ ਮਨ ਨੂੰ ਟਿਕਾ ਰੱਖੋ ਇਕੁਰ ਦੀ ਰੀਤੀ ਨਾਲ ਨਾਮ ਅੰਮ੍ਰਿਤ ਪੀਵੋ।

**ਗੁਰ ਕੈ ਬਾਣਿ ਬਜਰ ਕਲ ਛੇਦੀ ਪ੍ਰਗਟਿਆ ਪਦੁ ਪਰਗਾਸਾ ॥ ਸਕਤਿ ਅਧੇਰ ਜੇਵੜੀ ਭ੍ਰਮੁ ਚੂਕਾ ਨਿਹਚਲੁ ਸਿਵ ਘਰਿ ਬਾਸਾ ॥ ੨ ॥**

ਬਜਰ – ਕਠੋਰ।

ਗੁਰਾਂ ਦੇ ਬਚਨ ਬਾਣ ਨੇ ( ਵਾ ਬਾਣੀ ਨੇ ) ਪੱਥਰ ਵਤ ਕਲੇਸ਼ ਰੂਪ ਕਲਾ ਅਵਿਦਿਆ ਵਿੰਨੀ ਅਤੇ ਪਰਕਾਸ਼ ਵਾਲਾ ਪਦ ਪਰਗਟ ਹੋਇਆ ਅਤੇ ਅਵਿਦਿਆ ਸ਼ਕਤੀ ਦਾ ਭਰਮ ਦੂਰ ਹੋਗਿਆ, ਜਿਕਰ ਅੰਧੇਰੇ ਵਿਚ ਜੇਉੜੀ ਸੱਪ ਵਤ ਦਿਸਦੀ ਹੈ, ਪਰ ਚਾਨਣ ਹੋਣ ਨਾਲ ਭਰਮ ਦੂਰ ਹੋਜਾਂਦਾ ਹੈ ਅਤੇ ਫਿਰ ਅਟੱਲ ਕਲਿਆਨ ਰੂਪ ਵਾਹਿਗੁਰੂ ਦੇ ਘਰ ਵਿਚ ਨਿਵਾਸ ਹੋਇਆ।

**ਤਿਨਿ ਬਿਨੁ ਬਾਣੈ ਧਨਖੁ ਚਢਾਈਐ ਇਹੁ ਜਗੁ ਬੇਧਿਆ ਭਾਈ ॥ ਦਹਦਿਸ ਬੂਡੀ ਪਵਨੁ ਝੁਲਾਵੈ ਡੋਰਿ ਰਹੀ ਲਿਵ ਲਾਈ ॥ ੩ ॥**

Digitized by Panjab Digital Library | www.panjabdigilib.org

ਤਿਨ੍ਹਾਂਨੇ ਬਿਨਾਂ ਹੀ ਬਾਣਾਂ ਧਨੁਖ ਨੂੰ ਚੜ੍ਹਾਇਆ ਹੈ ਅਤੇ ਇਸ ਜਗਤ ਨੂੰ (ਹੇ ਭਾਈ!) ਵਿੰਨਿਆ ਹੈ, ਭਾਵ ਜਗਤ ਨੂੰ ਝੂਠਾ ਜਾਣਿਆ ਹੈ; ਤਿਨ੍ਹਾਂ ਦੀ ਦੇਹ ਰੂਪ ਗੁਡੀ ਦਸਾਂ ਹੀ ਦਿਸ਼ਾਂ ਵਲ ਪ੍ਰਾਰਬਧ (ਪੌਣ) ਫਿਰਾ ਰਹੀ ਹੈ ਅਤੇ ਡੋਰ = ਚਿਤ ਬ੍ਰਿਤੀ ਵਾਹਿਗੁਰੂ ਵਿਚ ਲਗ ਰਹੀ ਹੈ।

**ਉਨਮਨਿ ਮਨੂਆ ਸੁੰਨਿ ਸਮਾਨਾ ਦੁਬਿਧਾ ਦੁਰਮਤਿ ਭਾਗੀ ॥ ਕਹੁ ਕਬੀਰ ਅਨਭਉ ਇਕੁ ਦੇਖਿਆ ਰਾਮ ਨਾਮਿ ਲਿਵਲਾਗੀ ॥ ੪ ॥ ੨ ॥ ੪੬ ॥**

ਮਸਤ ਮਨ ਅਫੁਰ ਵਾਹਿਗੁਰੁ ਵਿਚ ਸਮਾਇਆ ਹੈ ਅਤੇ ਦ੍ਵੈਤ ਖੋਟੀ ਮਤ ਦੂਰ ਹੋਗਈ ਹੈ, ਕਬੀਰ ਜੀ ਕਹਿੰਦੇ ਹਨ ਜਦ ਵਾਹਿਗੁਰੂ ਦੇ ਨਾਮ ਵਿਚ ਬ੍ਰਿਤੀ ਲਗੀ ਤਾਂ ਅਨਭਉ ਇਕ ਜੋ ਵਾਹਿਗੁਰੂ ਹੈ, ਤਿਸਨੂੰ ਦੇਖ ਲਿਆ।

**ਗਉੜੀ ਬੈਰਾਗਣਿ ਤਿਪਦੇ ॥ *ਉਲਟਤ ਪਵਨ †ਚਕ੍ਰ ਖਟੁ ਭੇਦੇ ਸੁਰਤਿ ਸੁੰਨ ਅਨਰਾਗੀ ॥ ਆਵੈ ਨ ਜਾਇ ਮਰੈ ਨ ਜੀਵੈ ਤਾਸੁ ਖੋਜੁ ਬੈਰਾਗੀ ॥ ੧ ॥**

ਅਨੁਰਾਗੀ = ਪ੍ਰੇਮੀ।

ਯੋਗ ਦੇ ਰਸਤੇ ਜਦ ਪ੍ਰਾਣ ਕਲਾ ਉਲਟੀ, ਭਾਵ ਦਸਵੇਂ ਦਵਾਰੇ ਨੂੰ ਆਈ ਤਾਂ ਖਟ – ਛਿਆਂ ਚੱਕ੍ਰਾਂ ਨੂੰ ਭੇਦੇ = ਵਿੰਨ੍ਹ ਦਿੱਤਾ ਭਾਵ ਚੱਕਰਾਂ ਦੇ ਰਸਤੇ ਆਈ,ਫਿਰ ਓਹ ਦਸਵੇਂ ਦੁਆਰ ਵਿੱਚ ਆਕੇ ਅਫੁਰ ਵਾਹਿਗੁਰੂ ਵਿੱਚ ਹੱਛੀ ਪਰੀਤੀ ਕਰ ਰਹੀ ਹੈ,ਫਿਰ ਓਥੋਂ ਆਉਂਦੀ ਜਾਂਦੀ ਨਹੀਂ, ਹੇ ਬੈਰਾਗੀ! ਉਸਨੂੰ ਖੋਜ ਵਾ ਸ੍ਵਾਸਾਂ ਨੂੰ ਰੋਕਿਆ ਤਾਂ ਪੰਜ ਗਿਆਨ ਇੰਦ੍ਰੇ ਤੇ ੧ ਮਨ ਜੋ ਭੌਂਦਾ ਸੀ,ਉਸਨੂੰ ਵੱਸ ਕੀਤਾ ਤਾਂ ਫਿਰ ਜਨਮ ਮਰਨ ਦਾ ਡਰ ਦੂਰ ਹੋ ਗਿਆ ਤੇ ਤਿਸ ਵਾਹਿਗੁਰੂ ਦੀ ਖੋਜ ਹੋਈ।

---

*ਵਾ ਸੰਸਾਰ ਵਲੋਂ ਜਦ ਬਿਰਤੀ ਉਲਟੀ ਤਾਂ ਪੰਜ ਕਾਮ ਅਦਿਕ ਅਤੇ ਛੇਵਾਂ ਮਨ ਵੱਸ ਕੀਤਾ ਅਤੇ ਓਹ ਬਿਰਤੀ ਵਾਹਿਗੁਰੂ ਵਿਚ ਪ੍ਰੀਤ ਕਰਨ ਵਾਲੀ ਹੋਈ।

†ਛਿਆਂ ਚੱਕਰਾਂ ਦੇ ਨਾਮ ੧–ਅਧਾਰ ਚੱਕਰ। ੨-ਲਿੰਗ ਚੱਕਰ। ੩–ਨਾਭਿ ਚੱਕਰ। ੪-ਹ੍ਰਿਦੈ ਚੱਕਰ। ੫–ਕੰਠ ਚੱਕਰ। ੬–ਮੂਰਤ ਚੱਕਰ।

Digitized by Panjab Digital Library | www.panjabdigilib.org

ਮੇਰੇ ਮਨ ਮਨ ਹੀ ਉਲਟਿ ਸਮਾਨਾ ॥ ਗੁਰਪਰਸਾਦਿ ਅਕਲਿ ਭਈ ਅਵਰੈ ਨਾਤਰੁ ਥਾ ਬੇਗਾਨਾ ॥ ੧ ॥ ਰਹਾਉ ॥

ਹੇ ਮੇਰੇ ਮਨ = ਪਿਆਰੇ ! ਜਦ ਮਨ ਹੀ ਸੰਸਾਰ ਵੱਲੋਂ ਉਲਟਕੇ ਵਾਹਿਗੁਰੂ ਵਿੱਚ ਸਮਾਇਆ ਤਦ ਗੁਰਾਂ ਦੀ ਕਿਰਪਾ ਕਰਕੇ ਹੋਰ ਹੀ ਤਰਾਂ ਦੀ ਅਕਲ ਹੋ ਗਈ। ਨਾਤਰੁ – ਨਹੀਂ ਤਾਂ ਬੇਗਾਨਾ = ਜਮਾਂ ਦਾ ਸੀ।

ਨਿਵਰੈ ਦੂਰਿ ਦੂਰਿ ਫੁਨਿ ਨਿਵਰੈ ਜਿਨਿ ਜੈਸਾ ਕਰਿ ਮਾਨਿਆ ॥ ਅਲਉਤੀ ਕਾ ਜੈਸੇ ਭਇਆ ਬਰੇਡਾ ਜਿਨਿ ਪੀਆ ਤਿਨਿ ਜਾਨਿਆ ॥ ੨ ॥

ਫੁਨਿ = ਫੇਰ। ਨਿਵਰੈ = ਨੇੜੇ।ਅਲਉਤੀ = ਮਿਸਰੀ। ਬਰੇਡਾ = ਸ਼ਰਬਤ।

ਜੇਹੜੇ ਕਾਮ ਆਦਿਕ ਵਿਸ਼ੇ ਨੇੜੇ ਸਨ,ਓਹ ਦੂਰ ਹੋ ਗਏ ਅਤੇ ਜੇਹੜੇ ਸਤ ਸੰਤੋਖਾਂਦੀ ਦੂਰ ਸਨ,ਓਹ ਪਾਸ ਹੋ ਗਏ, ਓਹ ਅਨੰਦ ਜਿਸ ਕਿਸੇ ਨੇ ਜਿੱਕੁਰ ਦਾ ਮੰਨਣਾ ਕੀਤਾ ਹੈ ਉੱਕਰ ਦਾ ਹੀ ਓਸਨੂੰ ਅਨੰਦ ਆਇਆ ਹੈ, ਓਹ ਅਨੰਦ ਇੱਕੁਰ ਦਾ ਹੈ ਕਿ ਜਿੱਕੁਰ ਮਿਸਰੀ ਦਾ ਸ਼ਰਬਤ ਜੋ ਹੋਇਆ ਹੈ ਓਹ ਜਿਸਨੇ ਪੀਤਾ ਹੈ ਓਹ ਅਨੰਦ ਓਸਨੂੰ ਹੀ ਆਯਾ ਹੈ, ਦੂਜਾ ਕੋਈ ਨਹੀਂ ਜਾਣਦਾ।

ਤੇਰੀ ਨਿਰਗੁਨ ਕਥਾ ਕਾਇ ਸਿਉ ਕਹੀਐ ਐਸਾ ਕੋਇ ਬਿਬੇਕੀ ॥ ਕਹੁ ਕਬੀਰ ਜਿਨਿ ਦੀਆ ਪਲੀਤਾ ਤਿਨਿ ਤੈਸੀ ਝਲ ਦੇਖੀ ॥ ੩ ॥ ੩ ॥ ੪੭ ॥

ਹੇ ਵਾਹਿਗੁਰੂ ! ਤੇਰੀ ਇਹ ਕਥਾ ਕਿਸ ਅੱਗੇ ਕਹੀਏ ਇੱਕੁਰ ਦਾ ਸੁਣਨ ਵਾਲਾ ਕੋਈ ਹੀ ਇਕ ਵਿਚਾਰਵਾਨ ਹੈ, ਕਬੀਰ ਜੀ ਕਹਿੰਦੇ ਹਨ ਜਿਸ ਤੋਪ ਚਲਾਉਣ ਵਾਲੇ ਨੇ ਜਿੱਕੁਰ ਦਾ ਪਲੀਤਾ ਦਿੱਤਾ ਹੈ,ਉਸਨੇ ਉਕਰ ਦੀ ਹੀ ਝਲਕ ਦੇਖੀ ਹੈ।

( ਗੁਰਾਂ ਦੇ ਰਹਿਣ ਦਾ ਅਸਥਾਨ )

ਗਉੜੀ ॥ ਤਹ ਪਾਵਸ ਸਿੰਧੁ ਧੂਪ ਨਹੀ ਛਹੀਆ ਤਹ ਉਤਪਤਿ ਪਰਲਉ ਨਾਹੀ ॥ ਜੀਵਨ ਮਿਰਤੁ ਨ ਦੁਖੁ ਸੁਖੁ ਬਿਆਪੈ ਸੁੰਨ ਸਮਾਧਿ ਦੋਊ ਤਹ ਨਾਹੀ ॥ ੧ ॥

Digitized by Panjab Digital Library | www.panjabdigilib.org

ਸਿੰਧ = ਸਮੁੰਦਰ। ਪਾਵਸ = ਸੌਣ ਭਾਦਰੋਂ ਦੀ ਰੁੱਤ।

ਓਥੇ ਪਾਵਸ, ਸਮੁੰਦਰ, ਧੁੱਪ, ਛਾਂ ਵੀ ਨਹੀਂ ਅਤੇ ਫਿਰ ਓਥੇ ਉਤ-ਪੱਤੀ ਪਰਲੋ ਭੀ ਨਹੀਂ। ਜੀਵਣ, ਮਰਣ, ਦੁਖ ਸੁਖ ਕੁਝ ਨਹੀਂ ਵਿਆਪਦਾ ਅਤੇ ਅਫੁਰ ਵਾਹਿਗੁਰੂ ਵਿਚ ਸਮਾਧੀ ਹੈ ਅਤੇ ਦ੍ਵੈਤ ਨਹੀਂ ਵਾ ਨਿਰਵਿਕੱਲਪ ਅਤੇ ਸਵਿਕਲਪ ਦੋਵੇਂ ਸਮਾਧੀਆਂ ਓਥੇ ਨਹੀਂ॥

**ਸਹਜ ਕੀ ਅਕਥ ਕਥਾ ਹੈ ਨਿਰਾਰੀ॥ ਤੁਲਿ ਨਹੀ ਚਢੈ ਜਾਇ ਨ ਮੁਕਾਤੀ ਹਲੁਕੀ ਲਗੈ ਨ ਭਾਰੀ॥ ੧ ਰਹਾਉ॥**

ਤੁਲਿ – ਤੱਕੜ।

ਹੇ ਭਾਈ! ਉਸ ਸਹਿਜ ਦੀ ਅਕਥ ਕਥਾ ਵੱਖਰੀ ਹੀ ਹੈ, ਨਾ ਤੱਕੜੀ ਤੇ ਚੜ੍ਹਦੀ ਹੈ, ਭਾਵ ਅਕਲ ਵਿਚਾਰ ਨਹੀਂ ਸਕਦੀ ਅਤੇ ਮੁਕਦੀ ਵੀ ਨਹੀਂ ਹੈ ਅਤੇ ਹਲਕੀ ਭਾਰੀ ਭੀ ਨਹੀਂ ਲੱਗਦੀ।

**ਅਰਧ ਉਰਧ ਦੋਊ ਤਹ ਨਾਹੀ ਰਾਤਿ ਦਿਨਸੁ ਤਹ ਨਾਹੀ॥ ਜਲੁ ਨਹੀ ਪਵਨੁ ਪਾਵਕੁ ਫੁਨਿ ਨਾਹੀ ਸਤਿਗੁਰ ਤਹਾ ਸਮਾਹੀ ॥ ੨ ॥**

ਅਰਧ = ਨੀਵਾਂ। ਉਰਧ ਉੱਚਾ। ਪਾਵਕ = ਅੱਗ।

ਨੀਵਾਂ ਉੱਚਾ ਓਥੇ ਦਵੇਂ ਹੀ ਨਹੀ ਅਤੇ ਦਿਨ ਰਾਤ ਵੀ ਓਥੇ ਨਹੀਂ। ਜਲ ਵੀ ਨਹੀਂ ਅਤੇ ਪੌਣ ਅਗਨੀ ਵੀ ਨਹੀਂ ਓਥੇ ਸਤਿਗੁਰੂ ਸਮਾਈ ਕਰ ਰਹੇ ਹਨ, ਭਾਵ ਦੁਖ ਸੁਖ ਆਦਿਕ ਜਿੱਥੇ ਨਹੀਂ ਓਥੇ ਸਤਿ-ਗੁਰੂ ਹਨ।

**ਅਗਮ ਅਗੋਚਰੁ ਰਹੈ ਨਿਰੰਤਰਿ ਗੁਰ ਕਿਰਪਾ ਤੇ ਲਹੀਐ॥ ਕਹੁ ਕਬੀਰ ਬਲਿ ਜਾਉ ਗੁਰ ਅਪੁਨੇ ਸਤ ਸੰਗਤਿ ਮਿਲਿ ਰਹੀਐ। ੩ ॥ ੪ ॥ ੪੮ ॥**

{ ਅਗਮ = ਸ਼ਾਸਤ੍ਰਾਂ ਦਾ ਪਰਾ। ਅਗੋਚਰ – ਇੰਦ੍ਰੀਆਂ ਦਾ ਪਰਾ। ਨਿਰੰਤਰਿ – ਇਕ ਰਸ। }

ਅਗਮ ਅਗੋਚਰ ਨਿਰੰਤਰ ਹੋਕੇ ਰਹਿੰਦੇ ਹਨ ਸੋ ਗੁਰਾਂ ਦੀ ਹੀ ਕ੍ਰਿਪਾ ਕਰਕੇ ਵੇਖੀਦੇ ਹਨ। ਇਸ ਲਈ ਕਬੀਰ ਜੀ ਆਖਦੇ ਹਨ ਕਿ ਮੈਂ ਅਪਨੇ ਗੁਰਾਂ ਤੋਂ ਬਲਿਹਾਰਨੇ ਜਾਂਦਾ ਹਾਂ ਅਤੇ ਇੱਕੁਰ ਦੇ ਗੁਰਾਂ ਦੀ ਸਤਿਸੰਗਤ ਵਿਚ ਮਿਲ ਰਹਿਣਾ ਚਾਹੀਦਾ ਹੈ।

Digitized by Panjab Digital Library | www.panjabdigilib.org

(ਜੀਵਾਂ ਨੂੰ ਵਣਜਾਰਿਆਂ ਵਤ ਕਲਪ ਕੇ ਵਰਨਣ ਕਰਦੇ ਹਨ)

**ਗਉੜੀ ॥ ਪਾਪ ਪੁੰਨੁ ਦੁਇ ਬੈਲ ਬਿਸਾਹੇ ਪਵਨੁ ਪੂਜੀ ਪਰਗਾਸਿਓ ॥ ਤ੍ਰਿਸਨਾ ਗੂਣਿ ਭਰੀ ਘਟ ਭੀਤਰਿ ਇਨ ਬਿਧਿ ਟਾਂਡ ਬਿਸਾਹਿਓ ॥ ੧ ॥**

{ ਬਿਸਾਹੇ = ਖਰੀਦੇ। ਭੀਤਰ = ਵਿੱਚ। ਟਾਂਡਾ = ਬਲਦਾਂ ਦਾ ਅਕੱਠ। ਬਿਸਾਹਿਓ = ਖਰੀਦਿਆ। }

ਜੇਹੜੇ ਦੋ ਪਾਪ ਪੁੰਨ ਕਰਨੇ ਹਨ ਏਹ ਦੋ ਬੈਲ ਖਰੀਦੇ ਹਨ (ਜੀਵਾਂ ਨੇ ਵ ਅਸਾਂ) ਜੋ ਸਰੀਰ ਵਿੱਚੋਂ ਸ੍ਵਾਸ ਨਿਕਲ ਰਹੇ ਹਨ ਏਹ ਪੂੰਜੀ (ਰਾਸ) ਅਸਾਂ ਪਾਸ ਰਖੀ ਹੋਈ ਸੀ,ਸੋ ਦਿਨ ਦਿਨ ਘਟ ਰਹੀ ਹੈ। ਰਿਦੇ ਰੂਪ ਗੂਣ ਵਿੱਚ ਤ੍ਰਿਸ਼ਨਾ ਰੂਪ ਵਸਤੂ ਭਰੀ ਹੋਈ ਹੈ, ਇੱਕੁਰ ਦੀ ਰੀਤੀ ਵਾਲਾ ਬੈਲਾਂ ਦਾ ਅਕੱਠ(ਭਾਵ ਜਿਨ੍ਹਾਂ ਬੈਲਾਂ ਤੇ ਸੌਦਾ ਲੱਦਿਆ ਹੋਵੇ) ਖਰੀਦਿਆ ਹੈ।

**ਐਸਾ ਨਾਇਕੁ ਰਾਮੁ ਹਮਾਰਾ ॥ ਸਗਲ ਸੰਸਾਰੁ ਕੀਓ ਬਨਜਾਰਾ ॥ ੧ ॥ ਰਹਾਉ ॥**

ਨਾਇਕ = ਪਤੀ, ਮਾਲਕ।

ਇੱਕੁਰ ਦਾ ਵਾਹਿਗੁਰੂ ਸਾਡਾ ਮਾਲਕ ਹੈ ਜਿਸ ਨੇ ਸਾਰਾ ਸੰਸਾਰ ਵਣਜਾਰਾ ਕੀਤਾ ਹੋਇਆ ਹੈ।

**ਕਾਮੁ ਕ੍ਰੋਧੁ ਦੁਇ ਭਏ ਜਗਾਤੀ ਮਨ ਤਰੰਗ ਬਟਵਾਰਾ ॥ ਪੰਚ ਤਤੁ ਮਿਲਿ ਦਾਨੁ ਨਿਬੇਰਹਿ ਟਾਂਡਾ ਉਤਰਿਓ ਪਾਰਾ ॥ ੨ ॥**

ਜਗਾਤੀ = ਮਸੂਲੀਏ। ਬਟਵਾਰਾ = ਰਾਹ ਮਾਰ।

ਕਾਮ ਕ੍ਰੋਧ ਦੋਵੇਂ ਮਸੂਲੀਏ ਹੋਏ ਹਨ ਅਤੇ ਮਨ ਦਾ ਤਰੰਗ ਰਾਹਮਾਰ ਹੈ, ਭਾਵ ਕਾਮ ਕ੍ਰੋਧ ਤੇ ਮਨ ਦਾ ਤਰੰਗ ਦੁਖਦਾਈ ਹੈ, ਸੋ ਤਿਸ ਨੂੰ ਅਸਾਂ ਜਿੱਤਿਆ ਹੈ। ਪੰਜਾਂ ਤੱਤਾਂ ਦੇ ਸਰੀਰ ਨਾਲ ਮਿਲਕੇ ਵਾ ਸਰੇਸ਼ਟ ਸੰਤਾਂ ਨਾਲ ਮਿਲਕੇ ਤੱਤ ਸਰੂਪ ਵਾਹਿਗੁਰੂ ਨੂੰ ਜਾਣਿਆ, ਸੋ ਤਿਸੇ ਕਰਕੇ ਜਮ ਪਿਤਰ ਦੇਵਤਿਆਂ ਦਾ ਦਾਨ=ਡੰਡ (ਮਸੂਲ) ਨਿੱਬੜ ਗਿਆ ਅਤੇ ਟਾਂਡਾ ਸੰਸਾਰ ਸਮੁੰਦਰ ਤੋਂ ਪਾਰ ਹੋ ਗਿਆ।

Digitized by Panjab Digital Library | www.panjabdigilib.org

**ਕਹਤ ਕਬੀਰ ਸੁਨਹੁ ਰੇ ਸੰਤਹੁ ਅਬ ਐਸੀ ਬਨਿਆਈ ॥ ਘਾਟੀ ਚਢਤ ਬੈਲੁ ਇਕੁ ਥਾਕਾ ਚਲੋ ਗੋਨਿ ਛਿਟਕਾਈ ॥ ੩ ॥ ੫ ॥ ੪੯ ॥**

ਕਬੀਰ ਜੀ ਕਹਿੰਦੇ ਹਨ ਹੇ ਸੰਤੋ ! ਸੁਣੋ ਹੁਣ ਇੱਕੁਰ ਦੀ ਬਾਤ ਬਣ ਆਈ ਹੈ। ਗਿਆਨ ਰੂਪ ਘਾਟੀ ਪਹਾੜ ਦੀ ਚੜ੍ਹਦਿਆਂ ਹੋਇਆਂ ਪਾਪਾਂ ਪੁੰਨਾਂ ਦੇ ਕਰਨ ਵਾਲਾ ਸਰੀਰ ਰੂਪ ਬੈਲ ਥੱਕ ਗਿਆ ਹੈ ਅਤੇ ਲਿੰਗ ਸਰੀਰ ਰੂਪ ਗੂਣ ਨੂੰ ਛੱਡਕੇ ਵਾਹਿਗੁਰੂ ਵੱਲ ਚਲਿਆ ਹੈ (ਪ੍ਰੇਮ ਵਿਚ ਜੀਵ ਦੀ ਇਸਤਰਾਂ ਦਸ਼ਾ ਕਹਿੰਦੇ ਹਨ) ।

**ਗਉੜੀ ਪੰਚਪਦਾ ੩ ॥ ਪੇਵਕੜੈ ਦਿਨ ਚਾਰਿ ਹੈ ਸਾਹੁਰੜੈ ਜਾਣਾ ॥ ਅੰਧਾ ਲੋਕੁ ਨ ਜਾਣਈ ਮੂਰਖੁ ਏਆਣਾ ॥ ੧ ॥**

ਇਸ ਜੀਵ ਇਸਤ੍ਰੀ ਨੇ ਪੇਕੇ ਸੰਸਾਰ ਵਿੱਚ ਚਾਰ ਦਿਨ ਹੀ ਰਹਿਣ ਹੈ, ਅੰਤ ਨੂੰ ਜ਼ਰੂਰ ਹੀ ਸਾਹੁਰੇ ਪ੍ਰਲੋਕ ਜਾਣਾ ਹੈ। ਅਗਿਆਨੀ ਲੋਕ ਮੂਰਖ ਇਆਣਾ ਮਰਨ ਨੂੰ ਨਹੀਂ ਜਾਣਦਾ।

**ਕਹੁ ਡਡੀਆ ਬਾਧੈ ਧਨ ਖੜੀ ॥ ਪਾਹੂ ਘਰਿ ਆਏ ਮੁਕਲਾਊ ਆਏ ॥ ੧ ॥ ਰਹਾਉ ॥**

ਖੜੀ = ਲੈ ਜਾਣਗੇ। ਧਨ = ਇਸਤਰੀ। ਪਾਹੂ = ਪਰਾਹੁਣੇ।

ਡੰਡਿਆਂ ਵਾਲੇ ਜਮਦੂਤ ਇਸਤਰੀ ਨੂੰ ਬੰਨ੍ਹਕੇ ਲੈਜਾਣਗੇ ( ਵਾ ਕਿਸੇ ਨੇ ਪੁਛਿਆ ਕਿਸ ਨੂੰ ? ) ਤੇ ਕਿਹਾ ਜੋ ਖਲੋਤੀ ਧੋਤੀ ਨੂੰ ਬੰਨ ਰਹੀ ਹੈ,ਤਿਸਨੂੰ ਮੁਕਲੌਣ ਵਾਲੇ ਜਮ ਪਰਾਹੁਣੇ ਘਰ ਆਏ ਹਨ ਭਾਵ ਜੋ ਜੀਵ ਸੰਸਾਰਾਂ ਤੇ ਅਨੰਦ ਕਰ ਰਿਹਾ ਹੈ ਤਿਸਨੂੰ ਜਮ ਮਾਰ ਲੈ ਜਾਣਗੇ ਵਾ ਦੱਸੋ ਖਾਂ ਧੋਤੀ ਨੂੰ ਬੰਨ੍ਹਕੇ ਇਸਤਰੀ ਕਿਆ ਖੜੋਤੀ ਹੈ ? ਉਸਦੇ ਘਰ ਮੁਕਲੌਣ ਵਾਲੇ ਪਰਾਹੁਣੇ ਆਏ ਹਨ।

**ਓਹ ਜਿ ਦਿਸੈ ਖੂਹੜੀ ਕਉਨ ਲਾਜੁ ਵਹਾਰੀ ॥ ਲਾਜੁ ਘੜੀ ਸਿਉ ਤੂਟਿ ਪੜੀ ਉਠਿ ਚਲੀ ਪਨਿਹਾਰੀ ॥੨॥**

ਓਹ ਜੇਹੜੀ ਜੀਵ ਰੂਪੀ ਇਤਸਰੀ ਸੰਸਾਰ ਰੂਪ ਖੂਹੇ ਤੇ ਸ੍ਵਾਸਾਂ ਰੂਪ ਲਜ ਨੂੰ ਵਹਾ ਰਹੀ ਹੈ ਭਾਵ ਬਿਅਰਥ ਸ੍ਵਾਸਾਂ ਨੂੰ ਖੋ ਰਹੀ ਹੈ। ਉਹ ਜਦ ਸ੍ਵਾਸਾਂ ਰੂਪ ਲੱਜ ਘੜੀ ਨਾਲੋਂ ਟੁਟ ਪਈ ਤਾਂ ਪਾਣੀ ਭਰਨ ਵਾਲੀ ਭਾਵ

Digitized by Panjab Digital Library | www.panjabdigilib.org

ਪਦਾਰਥ ਕੱਠੇ ਕਰਨ ਵਾਲੀ ਜੀਵ ਰੂਪ ਇਸਤਰੀ ਨਿਰਾਸੀ ਹੋਕਰ ਉਠ ਚਲੀ ਭਾਵ ਮਰ ਗਈ।

**ਸਾਹਿਬੁ ਹੋਇ ਦਇਆਲੁ ਕ੍ਰਿਪਾ ਕਰੇ ਅਪਨਾ ਕਾਰਜੁ ਸਵਾਰੇ ॥ ਤਾ ਸੋਹਾਗਣਿ ਜਾਣੀਐ ਗੁਰ ਸਬਦੁ ਬੀਚਾਰੇ ॥੩॥**

ਜੇ ਸਾਹਿਬ ਦਿਆਲੂ ਹੋਕੇ ਕਿਰਪਾ ਕਰਨ ਤਾਂ ਜੀਵ ਆਪਣਾ ਕੰਮ ਸਵਾਰ ਲੈਂਦਾ ਹੈ। ਤਾਂ ਸੁਹਾਗਣਿ ਇਸਤਰੀ ਜਾਣੀਦੀ ਹੈ, ਜੇ ਗੁਰੂ ਪਰਮਾਤਮਾ ਪਤੀ ਦੇ ਸ਼ਬਦ=ਉਪਦੇਸ਼ ਨੂੰ ਵਿਚਾਰੇ।

**ਕਿਰਤ ਕੀ ਬਾਂਧੀ ਸਭ ਫਿਰੈ ਦੇਖਹੁ ਬੀਚਾਰੀ ॥ ਏਸਨੋ ਕਿਆ ਆਖੀਐ ਕਿਆ ਕਰੇ ਵਿਚਾਰੀ ॥ ੪ ॥**

ਪਿਛਲੇ ਕੰਮ ਕੀਤੇ ਹੋਇਆਂ ਦੇ ਅਨੁਸਾਰ ਜੀਵ ਰੂਪ ਇਸਤ੍ਰੀ ਬੰਨ੍ਹੀ ਹੋਈ ਫਿਰਦੀ ਹੈ, ਤੁਸੀਂ ਵਿਚਾਰਕੇ ਦੇਖੋ। ਇਸਨੂੰ ਅਸੀਂ ਕੀ ਆਖੀਏ ? ਏਹ ਵਿਚਾਰੀ ਕੀ ਕਰ ਸਕਦੀ ਹੈ?

**ਭਈ ਨਿਰਾਸੀ ਉਠਿ ਚਲੀ ਚਿਤ ਬੰਧਿ ਨ ਧੀਰਾ ॥ ਹਰਿ ਕੀ ਚਰਣੀ ਲਾਗਿ ਰਹੁ ਭਜੁ ਸਰਣਿ ਕਬੀਰਾ ॥ ੫ ॥ ੬ ॥ ੫੦ ॥**

ਜਦੋਂ ਅੰਤ ਨੂੰ ਜਮਾਂ ਨੇ ਮਾਰਕੇ ਅੱਗੇ ਲਾ ਲਈ ਤਾਂ ਨਿਰਾਸੀ ਹੋਕੇ ਉੱਠ ਤੁਰੀ ਅਤੇ ਚਿਤ ਵਿੱਚ ਧੀਰਜ ਵੀ ਨਹੀਂ ਬੰਨ੍ਹਦੀ। ਜੇ ਤੂੰ ਸੁਖ ਲੈਣਾ ਹੈ ਤਾਂ ਵਾਹਿਗੁਰੂ ਦੀ ਚਰਨੀ ਲਗ ਰਹੋ ਅਤੇ ਉਸ ਵਡੇ ਦੀ ਸ਼ਰਣ ਨੂੰ ਯਾਦ ਕਰ ਵਾ ਹੇ ਕਬੀਰ ! ਤੂੰ ਲੋਕਾਂ ਨੂੰ ਕੀ ਉਪਦੇਸ਼ ਦੇਂਦਾ ਹੈਂ ? ਤੂੰ ਆਪ ਹੀ ਵਾਹਿਗੁਰੂ ਦੀ ਚਰਨੀ ਲਗਕੇ ਸ਼ਰਣ ਨੂੰ ਯਾਦ ਕਰ।

(ਹਰ ਇਕ ਆਪਣੇ ਮੱਤ ਨੂੰ ਹੀ ਸਲਾਉਂਦਾ ਹੈ)

**ਗਉੜੀ ॥ ਜੋਗੀ ਕਹਹਿ ਜੋਗੁ ਭਲ ਮੀਠਾ ਅਵਰੁ ਨ ਦੂਜਾ ਭਾਈ ॥ ਰੁੰਡਿਤ ਮੁੰਡਿਤ ਏਕੈ ਸਬਦੀ ਏਇ ਕਹਹਿ ਸਿਧਿ ਪਾਈ ॥ ੧ ॥**

{ਰੁੰਡਿਤ = ਸਿਰ ਗਲ ਵਿਚ ਪਾਉਣ ਵਾਲੇ ਭੈਰੋਂ ਮਤ ਦੇ।
ਮੁੰਡਿਤ = ਮੋਨੇ ਸਾਧ। ਏਕੈ ਸ਼ਬਦੀ = ਅਲੱਖ ੨ ਕਰਨ ਵਾਲੇ ਔਧੂਤ।}

ਯੋਗੀ ਤਾਂ ਕਹਿੰਦੇ ਹਨ ਯੋਗ ਹੀ ਬੜਾ ਹੱਛਾ ਮਿੱਠਾ ਹੈ, ਹੇ ਭਾਈ! ਹੋਰ ਕੋਈ ਦੂਜਾ ਹੱਛਾ ( ਭਾਉਂਦਾ ਹੀ ) ਨਹੀਂ। ਰੁੰਡਿਤ ਮੁੰਡਿਤ ਅਤੇ

Digitized by Panjab Digital Library | www.panjabdigilib.org

ਏਕੈ ਸ਼ਬਦੀ ਏਹ ਸਾਰੇ ਆਪੋ ਆਪਣੇ ਮਤਾਂ ਨੂੰ ਸਲਾਹੁੰਦੇ ਹਨ ਅਤੇ ਆਖਦੇ ਹਨ ਅਸਾਂ ਨੇ ਹੀ ਸਿੱਧੀ ਪਾਈ ਹੈ।

**ਹਰਿ ਬਿਨੁ ਭਰਮਿ ਭੁਲਾਨੇ ਅੰਧਾ ॥ ਜਾਪਹਿ ਜਾਉ ਆਪੁ ਛੁਟਕਾਵਨਿ ਤੇ ਬਾਧੇ ਬਹੁ ਫੰਧਾ ॥ ੧ ॥ ਰਹਾਉ ॥**

ਵਾਹਿਗੁਰੂ ਤੋਂ ਬਿਨਾਂ ਸਾਰੇ ਅੰਨ੍ਹੇ ਭਰਮ ਵਿੱਚ ਭੁੱਲੇ ਹੋਏ ਹਨ। ਜਿਸਦੇ ਪਾਸ ਮੈਂ ਆਪਣਾ ਆਪ ਛੁਡੌਣ ਜਾਂਦਾ ਹਾਂ, ਉਹ ਆਪ ਬਹੁਤ ਬੰਧਨਾਂ ਵਿਚ ਬੰਨ੍ਹੇ ਹੋਏ ਹਨ।

**ਜਹ ਤੇ ਉਪਜੀ ਤਹੀ ਸਮਾਨੀ ਇਹਿ ਬਿਧਿ ਬਿਸਰੀ ਤਬਹੀ ॥ ਪੰਡਿਤ ਗੁਣੀ ਸੂਰ ਹਮ ਦਾਤੇ ਏਹਿ ਕਹਹਿ ਬਡ ਹਮਹੀ ॥ ੨ ॥**

( ਇਹ ਬਿਧਿ ਬਿਸਰੀ ਜਬ ਹੀ, ਜਹ ਤੇ ਉਪਜੀ ਤਹੀ ਸਮਾਨੀ ਤਬਹੀ )

ਭਾਵ ਜੀਵ ਕਲਾ ਚੇਤਨ ਨਾਲ ਸਮਾ ਗਈ। ਇੱਕੁਰ ਅਨਵੈ ਕਰਕੇ ਜਦ ਹੀ ਪਦ ਉੱਪਰੋਂ ਅਧਿਆਹਾਰਕਰ ਲੈਣਾ,ਅਥਵਾਜਦਮੈਂ ਆਪਣੀਮੁਕਤੀ ਵਾਸਤੇ ਗੁਰਾਂ ਨੂੰ ਲੱਭਦਾ ਏਨ੍ਹਾਂ ਪਾਸ ਗਿਆ ਤਾਂ ਇਹ ਸਾਰੇ ਹੀ ਆਖਣ ਲੱਗੇ। ਅਸੀ ਪੰਡਤ ਹਾਂ ਅਸੀ ਗੁਣੀ ਹਾਂ, ਅਸੀ ਸੂਰਮੇਂ ਹਾਂ ਅਤੇ ਹਮ ਦਾਤੇ ਹਾਂ, ਇੱਕੁਰ ਏਹ ਕਹਿੰਦੇ ਹਨ ਕਿ ਅਸੀ ਹੀ ਵੱਡੇ ਹਾਂ।

**ਜਿਸਹਿ ਬੁਝਾਏ ਸੋਈ ਬੂਝੈ ਬਿਨੁ ਬੂਝੇ ਕਿਉ ਰਹੀਐ ॥ ਸਤਿਗੁਰੁ ਮਿਲੈ ਅੰਧੇਰਾ ਚੂਕੈ ਇਨ ਬਿਧਿ ਮਾਣਕੁ ਲਹੀਐ ॥ ੩ ॥**

ਜਿਸ ਨੂੰ ਵਾਹਿਗੁਰੂ ਜਣਾਉਂਦਾ ਹੈ, ਉਹ ਬੁੱਝਦਾ ਹੈ,ਬਿਨਾ ਬੁੱਝਣ ਤੋਂ ਕਿੱਕੁਰ ਰਹੀਏ ? ਭਾਵ ਨਹੀਂ ਰਹਿਣਾ ਚਾਹੀਦਾ ਵਾ ਵਾਹਿਗੁਰੂ ਵਿੱਚ ਕਿਸਤਰਾਂ ਇਸਥਿਤ ਹੋਈਏ? ਸਤਿਗੁਰਾਂ ਦੇ ਮਿਲਣ ਕਰਕੇ ਅਗਿ-ਆਨ ਰੂਪ ਅੰਧੇਰਾ ਦੂਰ ਹੁੰਦਾ ਹੈ, ਇੱਕੁਰ ਦੀ ਰੀਤੀ ਨਾਲ ਰਤਨ ਰੂਪ ਵਾਹਿਗੁਰੂ ਨੂੰ ਵੇਖ ਲਈਦਾ ਹੈ।

**ਤਜਿ ਬਾਵੇ ਦਾਹਨੇ ਬਿਕਾਰਾ ਹਰਿ ਪਦੁ ਦ੍ਰਿੜੁ ਕਰਿ ਰਹੀਐ ॥ ਕਹੁ ਕਬੀਰ ਗੂੰਗੈ ਗੁੜ ਖਾਇਆ ਪੂਛੇ ਤੇ ਕਿਆ ਕਹੀਐ ॥ ੪ ॥ ੭ ॥ ੫੧ ॥**

Digitized by Panjab Digital Library | www.panjabdigilib.org

ਛਾਵੇ = ਖੱਬੇ। ਦਹਿਨੇ=ਸੱਜੇ।

ਸੱਜੇ ਖੱਬੇ ਵਿਕਾਰਾਂ ਨੂੰ ਛੱਡਕੇ ਵਾਹਿਗੁਰੂ ਦਾ (ਪਦ) ਜੋ ਸਰੂਪ ਹੈ, ਤਿਸਨੂੰ ਪੱਕਾ ਕਰ ਰੱਖੀਏ । ਕਬੀਰ ਜੀ ਕਹਿੰਦੇ ਹਨ, ਓਹ ਜੇਹੜਾ ਸਵਾਦ ਹੈ, ਓਹ ਇੱਕੁਰ ਦਾ ਹੈ, ਜਿੱਕੁਰ ਗੁੰਗਾ ਗੁੜ ਖਾਂਦਾ ਹੈ, ਜਾਂ ਉਸਨੂੰ ਪੁੱਛੀਏ ਤਾਂ ਓਹ ਸਵਾਦ ਨਹੀਂ ਕੈਹ ਸਕਦਾ।

(ਕਬੀਰ ਦਾ ਮਿੱਤ੍ਰ ਇਕ ਯੋਗੀ ਸੀ, ਉਹ ਮਰ ਗਿਆ; ਤਿਸ ਪ੍ਰਥਾਇ)

## ਰਾਗੁ ਗਉੜੀ ਪੂਰਬੀ ਕਬੀਰ ਜੀ

**ੴ ਸਤਿਗੁਰਪ੍ਰਸਾਦਿ ॥ ਜਹ ਕਛੁ ਅਹਾ ਤਹਾ ਕਿਛੁ ਨਾਹੀ ਪੰਚ ਤਤੁ ਤਹ ਨਾਹੀ ॥ ਇੜਾ ਪਿੰਗੁਲਾ ਸੁਖਮਨ ਬੰਦੇ ਏ ਅਵਗਨ ਕਤ ਜਾਹੀ ॥ ੧ ॥**

{ ਇੜਾ = ਸੱਜੀ ਸੁਰ। ਪਿੰਗੁਲਾ = ਖੱਬੀ ਸੁਰ। ਸੁਖਮਨ=ਜਿੱਥੇਪ੍ਰਾਣ ਠੈਹਰਦੇ ਹਨ ਬੰਦੇ = ਬੰਧਾਨ। }

ਜਿੱਥੇ ਕੁਝ ਹੈ ਸੀ, ਉਥੇ ਕੁਝ ਨਹੀਂ ਅਤੇ ਪੰਜਾਂ ਤੱਤਾਂ ਦਾ ਬਣਾਇਆ ਹੋਇਆ ਸਰੀਰ ਵੀ ਤਿਸ ਜਗਾ ਨਹੀਂ ਹੈ। ਇੜਾ, ਪਿੰਗੁਲਾ ਅਤੇ ਸੁਖਮਨਾ ਦਾ ਬੰਧਾਨ ਕਿੱਥੇ ਗਿਆ ? ਏਹ ਸਾਰੇ ਕੰਮ ਅਵ = ਹੁਣ ਕਿੱਕੁਰ ਗਨ = ਗਿਣੇ ਜਾਣ ਵਾ ਏਹ ਔਗੁਣ ਮਾੜੇ ਕੰਮ ਕਿੱਧਰ ਗਏ ?

**ਤਾਗਾ ਤੂਟਾ ਗਗਨੁ ਬਿਨਸਿ ਗਇਆ ਤੇਰਾ ਬੋਲਤੁ ਕਹਾ ਸਮਾਈ ॥ ਏਹਿ ਸੰਸਾ ਮੋਕਉ ਅਨਦਿਨੁ ਬਿਆਪੈ ਮੋਕਉ ਕੋ ਨ ਕਹੈ ਸਮਝਾਈ ॥ ੧ ॥ ਰਹਾਉ ॥**

ਗਗਨ = ਅਕਾਸ਼। ਅਨਦਿਨੁ = ਰਾਤ ਦਿਨ।

ਪ੍ਰਾਣਾਂ ਰੂਪ ਤਾਗਾ ਵੀ ਟੁੱਟ ਗਿਆ ਅਤੇ ਦਸਵਾਂ ਦੁਆਰ ਵੀ ਨਾਸ ਹੋਗਿਆ। ਹੇ ਯੋਗੀ ! ਤੇਰਾ ਬੋਲਣਾ ਕਿੱਥੇ ਸਮਾ ਗਿਆ ? ਏਹ ਸੰਸਾ ਮੈਨੂੰ ਰਾਤ ਦਿਨ ਵਿਆਪਦਾ ਹੈ, ਪਰ ਮੈਨੂੰ ਕੋਈ ਸਮਝਾਕੇ ਨਹੀਂ ਕਹਿੰਦਾ।

**ਜਹ ਬਰਭੰਡੁ ਪਿੰਡੁ ਤਹ ਨਾਹੀ ਰਚਨਹਾਰੁ ਤਹ ਨਾਹੀ ॥ ਜੋੜਣਹਾਰੋ ਸਦਾ ਅਤੀਤਾ ਇਹ ਕਹੀਐ ਕਿਸੁ ਮਾਹੀ ॥ ੨ ॥**

ਬਰਭੰਡ = ਵੱਡਾ ਭਾਂਡਾ। ਬ੍ਰਹਮੰਡ = ਦਸਵਾਂ ਦੁਆਰ। ਪਿੰਡ = ਸਰੀਰ।

ਜਿਸ ਦਸਵੇਂ ਦੁਆਰ ਵਿੱਚ ਸਾਰੇ ਬ੍ਰਹਮੰਡ ਨੂੰ ਵੇਖਦਾ

Digitized by Panjab Digital Library | www.panjabdigilib.org

ਸੀ, ਅੱਜ ਓਥੇ ਸਰੀਰ ਹੀ ਨਹੀਂ ਹੈ ਅਤੇ ਜੋਗੀ ਦਾ ਮਨ ਰਚਣ ਵਾਲਾ ਵੀ ਓਥੇ ਨਹੀਂ ਹੈ। ਜੋੜਣ ਵਾਲਾ ਸਾਖੀ ਆਤਮਾ ਏਹ ਸਦਾ ਹੀ ਵੱਖਰਾ ਹੈ, ਇਹ ਕਿਸ ਵਿਚ ਕਹੀਏ ਭਾਵ ਚੇਤਨ ਵਿਚ ਕਲਪਤ ਹੈ।

**ਜੋੜੀ ਜੁੜੈ ਨ ਤੋੜੀ ਤੂਟੈ ਜਬ ਲਗੁ ਹੋਇ ਬਿਨਾਸੀ ॥ ਕਾਕੋ ਠਾਕੁਰੁ ਕਾਕੋ ਸੇਵਕੁ ਕੋ ਕਾਹੂ ਕੈ ਜਾਸੀ ॥੩॥**

ਸਾਖੀ ਚੇਤਨ ਨਾਲ ਏਹ ਜੋੜੀ ਹੋਈ ਜੁੜਦੀ ਨਹੀਂ ਅਤੇ ਤੋੜੀ ਹੋਈ ਤੁਟਦੀ ਨਹੀਂ ਜਦੋਂ ਤੱਕ ਪਰਤੀਤ ਹੁੰਦੀ ਹੈ, ਕੀ ਇਸਨੂੰ ਨਾਸ ਰੂਪ ਸਮਝਣਾ ਚਾਹੀਏ? ਹੁਣ ਕੌਣ ਕਿਸੇ ਦਾ ਠਾਕਰ ਅਤੇ ਕੌਣ ਕਿਸੇ ਦਾ ਸੇਵਕ ਅਤੇ ਕੌਣ ਕਿਸੇ ਦੇ ਜਾਵੇਗਾ?

**ਕਹੁ ਕਬੀਰ ਲਿਵ ਲਾਗਿ ਰਹੀ ਹੈ ਜਹਾ ਬਸੇ ਦਿਨ ਰਾਤੀ ॥ *ਉਆ ਕਾ ਮਰਮੁ ਓਹੀ ਪਰੁ ਜਾਨੈ ਓਹੁ ਤਉ ਸਦਾ ਅਬਿਨਾਸੀ ॥ ੪ ॥ ੧ ॥ ੫੨ ॥**

ਜਿਥੇ ਦਿਨ ਰਾਤ ਯੋਗੀ ਯੋਗਾਭਿਆਸ ਕਰਕੇ ਵੱਸ ਰਿਹਾ ਸੀ, ਓਥੇ ਹੀ ਹੁਣ ਲਿਵ ਲਗ ਰਹੀ ਹੈ। (ਕਬੀਰ ਜੀ ਕਹਿੰਦੇ ਹਨ) ਉਸ ਯੋਗੀ ਦਾ ਭੇਦ ਓਹੋ ਹੀ ਹੱਛੀ ਤਰਾਂ ਜਾਣਦਾ ਹੈ, ਓਹ ਤਾਂ ਸਦਾ ਹੀ ਅਵਿਨਾਸ਼ੀ ਹੈ।

(ਯੋਗੀ ਨੂੰ ਉਪਦੇਸ਼)

**ਗਉੜੀ ॥ ਸੁਰਤਿ ਸਿਮ੍ਰਿਤਿ ਦੁਇ ਕੰਨੀ ਮੁੰਦਾ ਪਰਮਿਤਿ ਬਾਹਰਿ ਖਿੰਥਾ ॥ ਸੁੰਨ ਗੁਫਾ ਮਹਿਆਸਣੁ ਬੈਸਣੁ ਕਲਪ ਬਿਬਰਜਿਤ ਪੰਥਾ ॥ ੧ ॥**

{ ਸੁਰਤਿ=ਪ੍ਰੀਤੀ। ਸਿਮ੍ਰਿਤਿ=ਯਾਦਗੀਰੀ ॥
ਸੁੰਨ=ਅਫੁਰ। ਪੰਥਾ=ਰਸਤਾ ਵਾ ਫਿਰਕਾ। }

ਵਾਹਿਗੁਰੂ ਵਿਚ ਪ੍ਰੀਤੀ ਕਰਨੀ ਅਤੇ ਵਾਹਿਗੁਰੂ ਨੂੰ ਯਾਦ ਰਖਣਾ ਏਹ ਦੋ ਕੰਨੀਂ ਮੁੰਦ੍ਰਾਂ ਹਨ ਵਾ ਵੇਦਾਂ ਸਿੰਮ੍ਰਿਤੀਆਂ ਵਲੋਂ ਜੋ ਮਨ ਨੂੰ ਮੁੰਦਣਾ ਹੈ,ਏਹ ਮੁੰਦਰਾਂ ਹਨ ਅਤੇ ਹਛੀ ਮਰਯਾਦਾ ਵਾਲੇ ਹੋਣਾ ਏਹ ਬਾਹਰਲੀ ਖਿੰਥਾ ਹੈ। ਜੇਹੜੀ ਅਫੁਰ ਵਾਹਿਗੁਰੂ ਵਿਚ ਪ੍ਰੀਤੀ ਕਰਨੀ ਹੈ ਏਹੋ ਹੀ ਸਾਡਾ ਸੁੰਨ ਗੁਫਾ ਵਿਚ ਆਸਣ ਕਰਕੇ ਬੈਠਣਾ ਹੈ ਅਤੇ ਜੋ ਕਲਪਨਾਂ ਤੋਂ ਮਨ ਨੂੰ ਵਰਜਦੇ ਹਾਂ, ਇਹੋ ਹੀ ਸਾਡਾ ਪੰਥ ਹੈ।

*ਦੂਜਾ ਅਰਥ ਗਯਾਨ ਵਾਨ ਦੀ ਦਸ਼ਾ ਤੇ ਵੀ ਕਰਦੇ ਹਨ।

Digitized by Panjab Digital Library | www.panjabdigilib.org

**ਮੇਰੇ ਰਾਜਨ ਮੈ ਬੈਰਾਗੀ ਜੋਗੀ ॥ ਮਰਤ ਨ ਸੋਗ ਬਿਓਗੀ ॥ ੧ ॥ ਰਹਾਉ ॥**

ਹੇ ਮੇਰੇ ਰਾਜੇ ਜੋਗੀ ! ਮੈਂ ਇੱਕੁਰ ਦਾ ਵੈਰਾਗਵਾਨ ਯੋਗੀ ਹਾਂ, ਨਾ ਮਰਦਾ ਹਾਂ ਨਾ ਸੋਗੀ ਹੁੰਦਾ ਹਾਂ ਅਤੇ ਨਾ ਵਾਹਿਗੁਰੂ ਤੋਂ ਵਿਛੁੜਦਾ ਹਾਂ।

**ਖੰਡ ਬ੍ਰਹਮੰਡ ਮਹਿ ਸਿੰਙੀ ਮੇਰਾ ਬਟੂਆ ਸਭੁ ਜਗੁ ਭਸਮਾਧਾਰੀ ॥ ਤਾੜੀ ਲਾਗੀ ਤ੍ਰਿਪਲੁ ਪਲਟੀਐ ਛੂਟੈ ਹੋਇ ਪਸਾਰੀ ॥ ੨ ॥**

ਬਟੂਆ=ਸੁਆਹ ਦਾ ਗੋਲਾ । ਭਸਮਾਧਾਰੀ=ਝੋਲੀ। ਤ੍ਰਿਪਲ=ਤਿੰਨ ਗੁਣ।

ਸਾਰਿਆਂ ਖੰਡਾਂ ਬ੍ਰਹਮੰਡਾਂ ਵਿਚ ਵਾਹਿਗੁਰੂ ਨੂੰ ਜਾਣਿਆ ਹੈ,ਏਹ ਮੇਰੀ ਸਿੰਙੀ ਵਜ ਰਹੀ ਹੈ ਅਤੇ ਬਟੂਆ ਏਹੋ ਹੀ ਹੈ ਜੋ ਸਾਰੇ ਸੰਸਾਰ ਨੂੰ ਸੁਆਹ (ਨਾਸਵੰਤ, ਜਾਣਿਆ ਹੈ ਅਤੇ ਸੰਤੋਖ ਰੂਪ ਝੋਲੀ ਹੈ। ਜੇਹੜੀ ਤਿੰਨਾਂ ਗੁਣਾਂ ਤੋਂ ਬਿਰਤੀ ਪਲਟ ਗਈ ਹੈ, ਏਹ ਸਾਡੀ ਤਾੜੀ ਲੱਗੀ ਹੋਈ ਹੈ ਅਤੇ ਪਸਾਰਾ ਕਰਨ ਵਾਲੇ ਵਾਹਿਗੁਰੂ ਦੇ ਜਾਣੀ ਜਾਣ ਹੋਏ ਹਾਂ ਅਤੇ ਜਮਾਂ ਤੋਂ ਛੁਟ ਗਏ ਹਾਂ, ਇਸ ਲਈ ਪਸਾਰੀ ਹੋਏ ਹਾਂ ਭਾਵ ਸਾਡੀ ਅਕਲ ਵਿੱਚ ਸਭ ਅੰਤ੍ਰਜਾਮਤਾ ਹੋਗਈ ਹੈ ਅਥਵਾ ਜੇਹੜੀ ਅਕਲ ਪਦਾਰਥਾਂ ਵਿਚ ਪਸਾਰੀ ਸੀ, ਇਸ ਤੋਂ ਛੁੱਟੇ ਹਾਂ।

**ਮਨੁ ਪਵਨੁ ਦੁਇ ਤੂੰਬਾ ਕਰੀਹੈ ਜੁਗ ਜੁਗ ਸਾਰਦ ਸਾਜੀ ॥ ਥਿਰੁ ਭਈ ਤੰਤੀ ਤੂਟਸਿ ਨਾਹੀ ਅਨਹਦ ਕਿੰਗੁਰੀ ਬਾਜੀ ॥ ੩ ॥**

ਜੁਗ=ਦੋ। ਸਾਰਦ=ਡੰਡੀ।

ਮਨ ਨੂੰ ਰੋਕਕੇ ਸ੍ਵਾਸ ਸ੍ਵਾਸ ਵਾਹਿਗੁਰੂ ਜਪਣਾ ਕਰਦੇ ਹਾਂ ਏਹ ਦੋ ਤੂੰਬੇ ਕੀਤੇ ਹਨ ਅਤੇ ਜੋ ਜੁਗਾਂ ਜੁਗਾਂ ਵਿਚ ਦੋਵੇਂ ਜੀਵ ਈਸ਼ਰ ਇਕ ਮੰਨੇ ਹਨ ਏਹ ਅਸੀ ਡੰਡੀ ਬਣਾਈ ਹੈ। ਉਸ ਇਕੁਰ ਦੀ ਕਿੰਗੁਰੀ ਦੀ ਤਾਰ ਇਕ ਰਸ ਇਸਥਿਤ ਹੋ ਗਈ ਹੈ ਅਤੇ ਟੁਟਦੀ ਨਹੀਂ ਹੈ, ਏਹ ਸਾਡੀ ਕਿੰਗੁਰੀ ਵਜ ਰਹੀ ਹੈ।

**ਸੁਨਿ ਮਨ ਮਗਨ ਭਏ ਹੈ ਪੂਰੇ ਮਾਇਆ ਡੋਲ ਨ ਲਾਗੀ ॥ ਕਹੁ ਕਬੀਰ ਤਾ ਕਉ ਪੁਨਰਪਿ ਜਨਮੁ ਨਹੀ ਖੇਲਿ ਗਇਓ ਬੈਰਾਗੀ ॥ ੪ ॥ ੨ ॥ ੫੩ ॥**

Digitized by Panjab Digital Library | www.panjabdigilib.org

ਮਗਨ = ਮਸਤ।

ਅਸੀ ਵਾ ਜਿਨ੍ਹਾਂ ਦੇ ਪੂਰਬਲੇ ਪੂਰਨ ਭਾਗ ਹਨ, ਉਹ ਇਸ ਕਿੰਗੁਰੀ ਨੂੰ ਸੁਣਕੇ ਮਨ ਵਿਚ ਹੀ ਮਸਤ ਹੋਗਏ ਹਨ ਅਤੇ ਮਾਇਆ ਦੀ ਭੁਲਾਵਨੀ ਭਾਵ ਤ੍ਰਿਸ਼ਨਾ ਸਾਨੂੰ ਨਹੀਂ ਲਗਦੀ। ਕਬੀਰ ਜੀ ਕਹਿੰਦੇ ਹਨ ਤਿਸ ਨੂੰ ਪੁਨਰਪਿ=ਫੇਰ ਜਨਮ ਮਰਨ ਨਹੀਂ ਹੁੰਦਾ, ਜੇਹੜਾ ਇਕੁਰ ਦਾ ਵੈਰਾਗਵਾਨ ਯੋਗੀ ਸੰਸਾਰ ਤੇ ਆਕੇ ਯੋਗ ਦੇ ਰਸਤੇ ਵਿਚ ਖੇਲ ਗਿਆ।

(ਜੀਵ ਜੁਲਾਹੇ ਪਾਸ ਬੁਧੀ ਆਈ ਕਿ ਮੁੜ ਕੇ ਜਨਮ ਧਾਰ ਕੇ ਦੁਨੀਆਂ ਵਿਚ ਆਵੇ)

**ਗਉੜੀ॥ *ਗਜ ਨਵ †ਗਜ ਦਸ ‡ਗਜ ਇਕੀਸ ਪੁਰੀਆ ਏਕ ਤਨਾਈ॥ ੦ਸਾਠ ਸੂਤ ਨਵ ਖੰਡ ਬਹਤਰਿ ਪਾਟੁ ਲਗੋ ਅਧਿਕਾਈ॥ ੧॥**

ਨਵ = ਨੌ। ਪੁਰੀਆ = ਪੁਰੀ। ਤਨਾਈ = ਤਾਣੀ।

ਨਵ = ਨੌ। ਪਾਟ = ਬਸਤਰ। ਖੰਡ = ਟੁਕੜੇ।

ਨੌ ਗਜ, ਦਸ ਗਜ ਅਤੇ ਇਕੀਸ ਗਜ ਦੀ ਪੂਰੀ ਤਾਣੀ ਤਣੀ ਜਾਵੇ। ਜੋ ਸੱਠ ਨਾੜੀਆਂ ਹਨ, ਇਹ ਸਰੀਰ ਤਾਣੇ ਦਾ ਸੂਤ ਹੈ ਅਤੇ ਨੌ ਜੋੜ ਜੇਹੜੇ ਗੋਡਿਆਂ ਮੋਢਿਆਂ ਆਦਿਕ ਦੇ ਹਨ ਇਹ ਕਾਨੇ ਹਨ ਅਤੇ ਬਰੀਕ ਬਹੱਤਰ ਨਾੜਾਂ ਜੋ ਹਨ ਸੋ ਇਹ ਸ਼ਰੀਰ ਤਾਣੀ ਵਿਚ ਤਾਣੇ

*ਕਪੜੇ ਦਾ ਪੂਰਾ ਥਾਨ ( ਟੁਕੜਾ ) ਚਾਲੀ ਗਜ ਦਾ ਹੁੰਦਾ ਹ।

†ਨੌਂ ਗਜ ਤੇ ਮਤਲਬ ਸਰੀਰ ਦੇ ਨੌਂ ਇੰਦਰੇ ਅਤੇ ਦਸ ਗਜ ਤੇ ਮਤਲਬ ਗਿਆਨ ਅਤੇ ਕੰਮ ਦੇ ਇੰਦਰੇ ( ਹਥਿਆਰ ) ਹਨ।

‡ਇਕੀਹ ਗਜ ਤੇ ਮਤਲਬ ਪੰਜ ਸੂਛਮ ਮਾਦੇ ਅਤੇ ਪੰਜ ਅਸਥੂਲ ਅਤੇ ਦਸ ਜਿਸਮ ਦੇ ਸਾਹ ਅਤੇ ਇਕ ਮਨ ਵਾ ਇਕੀਸ ਗਜ। ਬਾਜੇ ਹਿੰਦੁਸਤਾਨੀ ਅੰਗ ਵਿਦਿਆ ਜਾਨਣ ਵਾਲੇ ਇਕੀਹ ਪਿਠ ਦੇ ਮਣਕੇ ਆਖਦੇ ਹਨ। ਏਹ ਚਾਲੀ ਹੀ ਜਿਸਮ ਨੂੰ ਬਣੌਂਦੇ ਹਨ ਜੇਹੜਾ ਕਿ ਜੁਲਾਹਿਆਂ ਦੇ ਮੁਹਾਵਰੇ ਵਿਚ ਕਪੜੇ ਦੇ ਪੂਰੇ ਟੁਕੜੇ ਨਾਲ ਮੁਕਾਬਲਾ ਕੀਤਾ ਗਿਆ ਹੈ।

੦ਸੱਠ ਧਾਗੇ ਤੋਂ ਮਤਲਬ ਖ਼ੂਨ ਦੇ ਸੱਠ "ਬਰਤਨ" ਪੈਣ ਵਾਲੇ ਥਾਂ ਹਨ, ਪਰ ਹਿੰਦੁਸਤਾਨੀ ਅੰਗ ਵਿਦਿਆ ਜਾਨਣ ਵਾਲਿਆਂ ਨੇ ਕੁਲ ੧੭੫ ਖ਼ੂਨ ਦੇ ਪੈਣ ਵਾਲੀਆਂ ਜਗਾਂ ਗਿਣੀਆਂ ਹਨ ਅਤੇ ਨੌ ਹਿਸੇ ਲੱਤਾਂ ਦੇ, ਚਾਰ ਟੁਕੜੇ ਬਾਹਾਂ ਦੇ, ਚਾਰ ਟੁਕੜੇ ਅਤੇ ਸਿਰ ਹੈ ਅਤੇ ਬਹੱਤਰ ਤਾਣੇ ਬਾਣੇ ਦੇ ਧਾਗੇ ਤੇ ਮਤਲਬ ਜੋਗੀਆਂ ਦੇ ਕਹਿਣੇ ਅਨੁਸਾਰ ਸਰੀਰ ਦੀਆਂ ਬਹੱਤਰ ਕੋਠੜੀਆਂ ਹਨ।

Digitized by Panjab Digital Library | www.panjabdigilib.org

ਨਾਲੋਂ ਬਹੁਤ ਪੇਟਾ ਲਗਾ ਹੈ ਭਾਵ ਓਹਦੇ ਵਿਚ ਸੱਠ ਧਾਗੇ ਹੋਣ, ਨੌਂ ਜੋੜੇ ਹੋਣ ਅਤੇ ਬਹੱਤਰ ਧਾਗੇ ਇਕ ਦੂਜੇ ਦੇ ਉਤੋਂ ਦੀ ਹੋਣ।

***ਗਈ ਬੁਨਾਵਨ ਮਾਹੋ॥ ਘਰਿ ਛੋਡਿਐ ਜਾਇ ਜੁਲਾਹੋ॥ ੧॥ ਰਹਾਉ॥**

ਮਾਹੋ = ਮਾਇਆ, ਜੱਟੀ, ਬੁਧੀ।

ਬੁਧ ਰੂਪ ਜੱਟੀ ਮਨ ਰੂਪ ਜੁਲਾਹੇ ਪਾਸ ਕੱਪੜਾ ਉਨੌਣ ਗਈ ਹੈ ਅਤੇ ਅਗੋ ਮਨ ਜੁਲਾਹਾ ਘਰ ਛੱਡਕੇ ਬਾਹਰ ਪਿਆ ਫਿਰਦਾ ਹੈ ਭਾਵ ਜੁਲਾਹਾ ਆਪਣੀ ਪਹਿਲੀ ਰਹਿਣ ਵਾਲੀ ਜਗਾ ਨੂੰ ਛੱਡਕੇ ਆਉਂਦਾ ਹੈ।

**ਗਜੀ ਨ ਮਿਨੀਐ ਤੋਲਿ ਨ ਤੁਲੀਐ ਪਾਚਨੁ ਸੇਰ ਅਢਾਈ॥ ਜੌ ਕਰਿ ਪਾਚਨੁ ਬੇਗਿ ਨ ਪਾਵੈ ਝਗਰੁ ਕਰੈ ਘਰਹਾਈ॥ ੨॥**

ਪਾਚਨੁ = ਪਾਣ। ਬੇਗਿ = ਛੇਤੀ। ਘਰਹਾਈ = ਘਰ ਦੀ ਮਾਲਕਣ ਵਾ ਘਰ ਦੀ ਨਾਇਕ।

ਗਜਾਂ ਕਰਕੇਮਿਣੀ ਨਹੀਂ ਜਾਂਦੀ ਤੋਲ ਕਰਕੇ ਤੋਲੀ ਨਹੀਂ ਜਾਂਦੀ। (ਵਾ ਮਿਣੀ ਤੋਲੀ ਜਾਂਦੀ ਹੈ) ਓਹ ਪਾਣ ਯਾ ਖ਼ੁਰਾਕ ਢਾਈ ਸੇਰ ਹੈ ਭਾਵ (ਪ੍ਰਸ਼ਨ) ਕੀ ਸਰੀਰ ਗਜਾਂ ਕਰਕੇ ਨਹੀਂ ਮਿਣਿਆ ਗਿਆ ਹੈ ਅਤੇ ਵਜ਼ਨ ਨਾਲ ਨਹੀਂ ਤੋਲਿਆ ਗਿਆ ਹੈ? ਕੀ ਇਸਨੂੰ ਢਾਈ ਸੇਰ ਆਟਾ ਅਹਾਰ ਲਈ ਨਹੀਂ ਦਿਤਾ ਗਿਆ ਹੈ? (ਤੀਨ ਸੇਰ ਦਿਹਾੜੀ ਦਾ ਮਿਹਮਾਨ)।

ਜੇਕਰ ਪਾਣ ਛੇਤੀ ਨਾਲ ਨਾ ਪਵੇ ਤਾਂ ਘਰਦਾ ਮਾਲਕ ਝਗੜਾ ਕਰਦਾ ਹੈ, ਭਾਵ ਜੇਕਰ ਇਸ ਸਰੀਰ ਨੂੰ ਅਹਾਰ ਛੇਤੀ ਨਾਲ ਨਾ ਮਿਲੇ ਤਾਂ ਝਗੜਾ ਕਰੇਗਾ ਅਤੇ ਅਪਣੀ ਰਹਿਣ ਵਾਲੀ ਜਗਾਂ ਨੂੰ ਨਾਸ ਕਰੇਗਾ।

**ਦਿਨਕੀ ਬੈਠ ਖਸਮ ਕੀ ਬਰਕਸ ਇਹ ਬੇਲਾ ਕਤ ਆਈ॥ ਛੂਟੇ †ਕੂੰਡੇ ਭੀਗੈ ਪੁਰੀਆ ਚਲਿਓ ਜੁਲਾਹੋ ਰੀਸਾਈ॥ ੩॥**

---

*ਰੂਹ ਆਪਣੀ ਪਿਛਲੀ ਜਗਾ ਰਹਿਣ ਵਾਲੀ ਛੱਡ ਦੇਂਦੀ ਹੈ ਅਤੇ ਇਕ ਨਵੇਂ ਸਰੀਰ ਵਿਚ ਆਕੇ ਕਬਜ਼ਾ ਕਰ ਲੈਂਦੀ ਹੈ।

†ਕੂੰਡਾ ਇੱਕ ਮੱਟੀਦਾ ਬੱਠਲ ਹੁੰਦਾ ਹੈ,ਜਿਹਦੇ ਵਿੱਚ ਧਾਗਾ ਭਿਉਣ ਲਈ ਪਾਯਾ ਜਾਂਦਾ ਹੈ, ਧਾਗਾ ਜਦ ਭਿੱਜ ਜਾਂਦਾ ਹੈ ਤਾਂ ਨਲੀਆਂ (ਡੋਰੀਆਂ) ਲਾਈਆਂ ਜਾਂਦੀਆਂ ਹਨ, ਏਹ ਮਤਲਬ ਦੁਨੀਆਂ ਦੇ ਪਦਾਰਥਾਂ ਦਾ ਹੈ।

Digitized by Panjab Digital Library | www.panjabdigilib.org

ਬਰਕਸ = ਬਰਖਾਸਤ ਵਾ ਖਿੱਚ, ਉਲਟ, ਬਰਖਿਲਾਫ਼।
ਰੀਸਾਈ = ਗੁਸੇ ਹੋਕੇ।

ਤੂੰ ਦਿਨੇ ਹੀਕੀਬੈਠ ਰਿਹਾਹੈਂ ਜਦੋਂ ਵਾਹਿਗੁਰੂ ਨੇ ਕਚਹਿਰੀ ਉਠਾਵਣਾ ਕੀਤੀ ਤਾਂ ਫਿਰ ਤੈਨੂੰ ਇਹ ਵੇਲਾ ਕਿਥੇ ਆਉਣਾ ਹੈ? ਭਾਵ (ਪ੍ਰਸ਼ਨ) ਹੇ ਆਦਮੀ! ਕਿੰਨੇਕੁ ਦਿਨ ਤੇਰੇ ਲਈ ਸੁਸਤ ਬੈਠਣ ਦੇ ਹਨ ਤੂੰ ਜੇਹੜਾ ਕਿ ਵਾਹਿਗੁਰੂ ਦੇ ਬਰਖਿਲਾਫ਼ ਹੈਂ, ਫੇਰ ਕਦ ਇੱਕੁਰਦਾ ਵੇਲਾ ਪਾਵੇਂਗਾ?

ਕੂੰਡੇ ਛੁਟ ਗਏ, ਪੁਰੀਆਂ ਭਿੱਜ ਗਈਆਂ ਅਤੇ ਜੁਲਾਹਾ ਗੁੱਸੇ ਹੋਕੇ ਤੁਰ ਪਿਆ ਭਾਵ ਉਸ ਜੀਵ ਤੋਂ ਪਦਾਰਥ ਛੁਟ ਜਾਣਗੇ ਅਤੇ ਵਾਸ਼ਨਾ ਦੂਰ ਹੋ ਜਾਣਗੀਆਂ ਜਦ ਓਹ ਮਰ ਜਾਵੇਗਾ। ਬਰਤਨ ਅਤੇ ਭਿੱਜੀਆਂ ਹੋਈਆਂ ਨਲੀਆਂ (ਜਾਲੀ ਬੁਣਨ ਦੀ ਸਲਾਈ) ਟੁਕੜੇ ਟੁਕੜੇ ਹੋਜਾਣਗੀਆਂ ਅਤੇ ਜੁਲਾਹਾ ਗੁੱਸੇ ਵਿੱਚ ਚਲਿਆ ਜਾਵੇਗਾ।

(ਮਰਨ ਦੇ ਪਿੱਛੋਂ ਗਲੇ ਬਾਣੀ ਕੋਈ ਸਾਹ ਨਹੀਂ ਆਉਂਦਾ ਹੈ)

**ਛੋਛੀ ਨਲੀ ਤੰਤੁ ਨਹੀ ਨਿਕਸੈ ਨਤਰ ਰਹੀ ਉਰਝਾਈ॥ ਛੋਡਿ ਪਸਾਰੁ ਈਹਾ ਰਹੁ ਬਪੁਰੀ ਕਹੁ ਕਬੀਰ ਸਮਝਾਈ*** ॥੪॥੩॥੫੪॥

ਤੰਤੁ = ਤਾਰ। ਨਤਰ = ਤੁਰ। ਛੋਛੀ = ਖਾਲੀ। ਬਪੁਰੀ = ਵਿਚਾਰੀ।

ਜੀਭ ਰੂਪੀ ਨਲੀ ਖਾਲੀ ਹੋ ਜਾਵੇਗੀ, ਬਚਨ ਰੂਪ ਤਾਰ ਨਹੀਂ ਨਿਕਲੇਗੀ ਅਤੇ ਨਾਭੀ ਰੂਪ ਤੁਰ ਫਸੀ ਨਹੀਂ ਰਹੇਗੀ ਭਾਵ ਧਾਗਾ ਇਕ ਖਾਲੀ ਨਲੀ ਵਿੱਚੋਂ ਨਹੀਂ ਨਿਕਲਦਾ ਹੈ ਅਤੇ ਕਪੜਾ ਸਰੀਰ ਦੇ ਉਦਾਲੇ ਵਲ੍ਹੇਟਿਆ ਹੋਯਾ ਨਹੀ ਰਹੇਗਾ। ਛਡਕੇ ਪਸਾਰਾ (ਹੇ ਬੁਧੀ ਰੂਪ ਜੱਟੀ) ਏਥੇ ਹੀ, ਰਹੋ! ਹੇ ਵਿਚਾਰੀ ਤੈਨੂੰ ਕਬੀਰ ਜੀ ਸਮਝਾਕੇ ਆਖਦੇ ਹਨ। ਭਾਵ:—

ਓ ਕੰਬਖਤ ਆਦਮੀ ਕਬੀਰ ਤੈਨੂੰ ਏਹ ਸਲਾਹ ਦੇਂਦਾ ਹੈ ਕਿ ਦੁਨੀਆਂ ਵਿਚ ਰਹੁ ਪਰੰਤੂ ਦੁਨੀਆਂ ਦਾ ਪਸਾਰਾ ਛੱਡ ਦੇਹ।

---

†ਇਸ ਬਾਹਲੇ ਔਖੇ ਸ਼ਬਦ ਦਾ ਭਾਵ ਏਹ ਹੈ ਕਿ ਕੁਝ ਪੰਡਤਾਂ ਨੇ ਕਬੀਰ ਜੀ ਦਾ ਹਾਲ ਵੇਖਕੇ ਘ੍ਰਿਣਾ ਕਰਕੇ ਆਖਿਆ ਕਿ ਏਹੁ ਜੁਲਾਹੇ ਲਈ ਇਕ ਭਾਰੀ ਸ਼ਰਮ ਦੀ ਗਲ ਹੈ ਕਿ ਵਾਹਿਗੁਰੂ ਦਾ ਨਾਮ ਲੈਣ ਲਈ ਦਲੇਰੀ ਕਰਦਾ ਹੈ, ਕਬੀਰ ਨੇ ਜਵਾਬ ਦਿੱਤਾ ਕਿ ਹਰ ਇਕ ਆਦਮੀ ਨੂੰ ਗੁੱਝੇ ਅਰਥਾਂ ਵਿਚ ਜੁਲਾਹਾ ਬਣਨਾ ਚਾਹੀਏ ਤਾਕਿ ਮੁਕਤੀ ਮਿਲੇ। ਪੰਡਤਾਂ ਨੇ ਪੁਛਿਆ ਕਿਸ ਤਰਾਂ ਸਾਰੇ ਆਦਮੀ ਜੁਲਾਹੇ ਹੋ ਸਕਦੇ

(ਬਾਕੀ ਦੇਖੋ ਸਫ਼ਾ ੭੭੧)

Digitized by Panjab Digital Library | www.panjabdigilib.org

(ਜੀਵ ਦੀ ਜੋਤ ਇਕ ਪਰਮਾਤਮਾ ਦੀ ਜੋਤ ਨਾਲ ਮੇਲ ਰਖਦੀ ਹੈ)

**ਗਉੜੀ ॥ ਏਕ ਜੋਤਿ ਏਕਾ ਮਿਲੀ ਕਿੰਬਾ ਹੋਇਮ ਹੋਇ ॥ ਜਿਤੁ ਘਟਿ ਨਾਮੁ ਨ ਊਪਜੈ ਫੂਟਿ ਮਰੈ ਜਨੁ ਸੋਇ ॥ ੧ ॥**

ਮਹੋਇ=ਮਤ ਹੋਵੇ,ਭਾਵ ਨਹੀਂ ਹੁੰਦੀ। ਕਿੰਬਾ=ਫੇਰ।

(ਜਿਨ੍ਹਾਂ ਭੁਗਤਾਂ ਦੀ ਇੱਕ ਜੋਤ) ਇੱਕ ਵਾਹਿਗੁਰੂ ਨਾਲ ਇੱਕ ਰੂਪੀ ਹੋਕੇ ਮਿਲ ਗਈ ਹੈ (ਫ਼ਿਕਾ) ਵੱਖਰੀ ਹੋ ਸਕਦੀ ਹੈ ?(ਉੱਤਰ) ਨਹੀਂ ਹੁੰਦੀ ਅਤੇ ਜਿਸਦੇ ਘਟ = ਰਿਦੇ ਵਿੱਚ ਵਾਹਿਗੁਰੂ ਦਾ ਨਾਮ ਨਹੀਂ ਪਰਗਟ ਹੁੰਦਾ, ਓਹ ਆਦਮੀ ਫੁਟ ਮਰੇ।

---

(੭੭੦ ਸਫੇ ਦੀ ਬਾਕੀ)

ਹਨ ? ਕਬੀਰ ਜੀ ਨੇ ਆਖਿਆ ਕਿ ਜੁਲਾਹੇ ਦੀ ਇਸਤ੍ਰੀ (ਬੁਧੀ) ਆਪਣੇ ਪਤੀ (ਮਨ) ਕੋਲ ਗਈ ਤਾਕਿ ਕਪੜਾ ਬੁਣਾਵੇ, ਪਰ ਮਨ ਹਮੇਸ਼ਾ ਹੀ ਆਪਣਾ ਘਰ ਛੱਡਦਾ ਰਹਿੰਦਾ ਸੀ। ਕਬੀਰ ਨੂੰ ਤਦ ਪੁਛਿਆ ਕਿ ਉਸਨੇ ਕਪੜੇ ਨਾਲ ਸਰੀਰ ਨੂੰ ਮੁਕਾਬਲਾ ਕਿੱਕੁਰ ਕਰ ਦਿੱਤਾ ਹੈ ਤਾਂ ਉਸਨੇ ਜਵਾਬ ਦਿੱਤਾ ਕਿ ਏਹ ਨੌਂ ਗਜ ਅਤੇ ਦਸ ਗਜ ਅਤੇ ਇਕੀਹ ਗਜ ਦਾ ਹੁੰਦਾ ਹੈ ਅਤੇ ਤਾਣੇ ਦੇ ੬੦ ਧਾਗੇ ਤੇ ਨੌਂ ਜੋੜ ਅਤੇ ਬਹੱਤਰ ਧਾਗੇ ਇਕ ਦੂਜੇ ਦੇ ਉੱਪਰ ਹੁੰਦੇ ਹਨ, ਕੀ ਜਿਸਮ ਗਜਾਂ ਨਾਲ ਨਹੀਂ ਮਿਣਿਆ ਜਾਂਦਾ ਅਤੇ ਤੋਲ ਨਾਲ ਨਹੀਂ ਤੋਲਿਆ ਜਾਂਦਾ ਅਤੇ ਢਾਈ ਸੇਰ ਆਟੇ ਨਾਲ ਅਹਾਰ ਦਿਤਾ ਨਹੀਂ ਜਾਂਦਾ ਹੈ ?

ਜੇਕਰ ਸਰੀਰ ਨੂੰ ਛੇਤੀ ਅਹਾਰ ਨਾ ਮਿਲੇ ਤਾਂ ਇਸਦਾ ਪਤੀ (ਮਨ) ਝਗੜਾ ਕਰੇਗਾ ਕਦ ਤਾਂਈ ਫੇਰ ਇਸ ਕਿਸਮ ਦੇ ਮੌਕੇ ਔਣਗੇ ਜ਼ਿੰਦਗੀ ਦੇ ਦਿਨ ਛੇਤੀ ਖਤਮ ਹੋਜਾਣਗੇ ਅਤੇ ਆਤਮਾ ਜੁਦਾ ਹੋਜਾਵੇਗਾ ਤਦ ਤੂੰ ਫੇਰ ਆਪਣੇ ਕੂੰਡੇ ਅਤੇ ਭਿੱਜੀਆਂ ਹੋਈਆਂਨਲੀਆਂ ਛੱਡ ਦੇਵੇਂਗਾ। ਅਤੇ ਆਤਮਾ ਗੁਸੇ ਵਿੱਚ ਛਡਕੇ ਚਲਿਆ ਜਾਵੇਗਾ, ਧਾਗਾ ਖਾਲੀ ਨਲੀ ਤੋਂ ਨਹੀਂ ਨਿਕਲੇਗਾ ਅਤੇ ਕਪੜਾ ਤੁਰਦੇ ਦੁਆਲੇ ਵਲੇਟਿਆ ਰੈਹ ਜਾਵੇਗਾ, ਮਨ ਬੁਧੀ ਨੂੰ ਕਹਿੰਦਾ ਹੈ ਓ ਕੰਬਖਤ! ਏਹ ਝਗੜਾ ਛੱਡ ਦੇਹ ਅਤੇ ਮੇਰੇ ਪਾਸ ਰਹੋ, ਕਬੀਰ ਨੇ ਏਹ ਕਥਨ ਕੀਤਾ ਹੈ।

ਇਸ ਉੱਚੇ ਭਾਵ ਵਾਲੇਸ਼ਬਦ ਤੋਂ ਪਤਾ ਲਗਦਾ ਹੈ ਕਿ ਕਬੀਰ ਜੀ ਘਰ ਵਿੱਚ ਰਹਿੰਦੇ, ਕਾਰ ਵਿਹਾਰ ਕਰਦੇ, ਕਿਡੇ ਵਡੇ ਗਿਆਨਵਾਨ ਸੀ। ਧੰਨ ਕਮਾਈ ਬਾਬਾ ਅਸਾਂ ਜੀਵਾਂ ਤੋਂ ਨਹੀਂ ਹੋਸਕਦੀ।

Digitized by Panjab Digital Library | www.panjabdigilib.org

**ਸਾਵਲ ਸੁੰਦਰ ਰਾਮਈਆ ਮੇਰਾ ਮਨੁ ਲਾਗਾ ਤੋਹਿ ॥ ॥ ੧ ॥ ਰਹਾਉ ॥**

ਹੇ ਸੁੰਦਰ ਸਰੂਪ ਮੇਰੇ ਵਾਹਿਗੁਰੂ ! ਮੇਰਾ ਮਨ ਤਾਂ ਤੇਰੇ ਨਾਲ ਹੀ ਲੱਗਾ ਹੋਇਆ ਹੈ।

**ਸਾਧੁ ਮਿਲੈ ਸਿਧਿ ਪਾਈਐ ਕਿ ਏਹੁ ਜੋਗੁ ਕਿ ਭੋਗੁ ॥ ਦੁਹੁ ਮਿਲਿ ਕਾਰਜ ਊਪਜੈ ਰਾਮ ਨਾਮ ਸੰਜੋਗੁ ॥ ੨ ॥**

ਸੰਤ ਦੇ ਮਿਲਣ ਨਾਲ ਮੁਕਤੀ ਪਾਈਦੀ ਹੈ, ਭਾਵੇਂ ਏਹ ਆਦਮੀ ਜੋਗ ਕਰੇ ਭਾਵੇਂ ਭੋਗ ਭੋਗੇ, ਅਥਵਾ ਜੇ ਸੰਤ ਕੋਈ ਨਹੀਂ ਮਿਲਿਆ ਤਾਂ ਜੋਗ ਕੀਤਾ ਕੀ ਹੈ ਅਤੇ ਭੋਗ ਭੋਗੇ ਕੀ ਹਨ ਭਾਵ ਬਿਅਰਥ ਹਨ । ਗੁਰ ਸਿੱਖ ਦੋਵੇਂ ਮਿਲਨ ਤਾਂ ਕੰਮ ਸੌਰਦਾ ਹੈ (ਕੀ ਕੰਮ ਸੌਰਦਾ ਹੈ ?) ਵਾਹਿਗੁਰੂ ਨਾਮ ਨਾਲ ਮਿਲਾਪ ਹੁੰਦਾ ਹੈ।

**ਲੋਗੁ ਜਾਨੈ ਇਹੁ ਗੀਤੁ ਹੈ ਇਹੁ ਤਉ ਬ੍ਰਹਮ ਬੀਚਾਰ॥ ਜਿਉ ਕਾਸੀ ਉਪਦੇਸੁ ਹੋਇ ਮਾਨਸ ਮਰਤੀ ਬਾਰ॥ ੩ ॥**

ਲੋਕ ਜਾਣਦੇ ਹਨ ਇਹ ਗੀਤ ,ਹੈਪਰ ਇਹ ਤਾਂ ਵਾਹਿਗੁਰੂ ਦਾ ਪੂਰਾ ਵਿਚਾਰ ਹੈ। ਜਿੱਕੁਰ ਕਾਂਸ਼ੀ ਵਿੱਚ ਉਪਦੇਸ਼ ਹੁੰਦਾ ਹੈ ਆਦਮੀ ਨੂੰ ਮਰਨ ਦੇ ਵੇਲੇ।

**ਕੋਈ ਗਾਵੈ ਕੋ ਸੁਣੈ ਹਰਿ ਨਾਮਾ ਚਿਤੁ ਲਾਇ॥ ਕਹੁ ਕਬੀਰ ਸੰਸਾ ਨਹੀ ਅੰਤਿ ਪਰਮਗਤਿ ਪਾਇ ॥ ੪ ॥ ॥ ੧ ॥ ੪ ॥ ੫੫ ॥**

ਕੋਈ ਗਾਵੇ ਯਾ ਕੋਈ ਸੁਣੇ ਵਾਹਿਗੁਰੂ ਦੇ ਨਾਮ ਨੂੰ ਚਿੱਤ ਲਾਕੇ।

ਕਬੀਰ ਜੀ ਕਹਿੰਦੇ ਹਨਇਸ ਵਿੱਚ ਕੋਈ ਸੰਸਾ ਨਹੀਂ ਅੰਤ ਨੂੰ ਓਹ ਪਰਮਗਤੀ ਨੂੰ ਪਾ ਲੈਂਦਾ ਹੈ।

**ਗਉੜੀ ॥ ਜੇਤੇ ਜਤਨ ਕਰਤ ਤੇ ਡੂਬੇ ਭਵ ਸਾਗਰੁ ਨਹੀ ਤਾਰਿਓ ਰੇ ॥ ਕਰਮ ਧਰਮ ਕਰਤੇ ਬਹੁ ਸੰਜਮ ਅਹੰਬੁਧਿ ਮਨੁ ਜਾਰਿਓ ਰੇ॥ ੧ ॥**

Digitized by Panjab Digital Library | www.panjabdigilib.org

ਭਵ ਸਾਗਰ = ਸੰਸਾਰ ਸਮੁੰਦਰ।

ਨਾਮ ਤੋਂ ਬਿਨਾ ਜਿੰਨੇਕੁ ਪੁਰਸ਼ ਹੋਰ ਜਤਨ ਕਰ ਰਹੇ ਹਨ,ਸੋ ਸਭ ਸੰਸਾਰ ਸਮੁੰਦਰ ਵਿੱਚ ਡੁੱਬ ਗਏ ਹਨ, ਉਨ੍ਹਾਂ ਵਿਚੋਂ ਕੋਈ ਵੀ ਹੇ ਭਾਈ! ਨਹੀਂ ਤਰਿਆ। ਕਰਮ ਧਰਮ ਅਤੇ ਬਹੁਤ ਤਰਾਂ ਦੇ ਇੰਦ੍ਰੀਆਂ ਨੂੰ ਰੋਕਣ ਵਾਲੇ ਸੰਜਮ ਕਰਦੇ ਸਨ, ਪਰ ਹੰਕਾਰ ਵਾਲੀ ਅਕਲ ਨੇ ਉਨ੍ਹਾਂ ਦਾ ਮਨ ਸਾੜ ਦਿੱਤਾ।

**ਸਾਸ ਗ੍ਰਾਸ ਕੋ ਦਾਤੋ ਠਾਕੁਰੁ ਸੋ ਕਿਉ ਮਨਹੁ ਬਿਸਾਰਿਓ ਰੇ ॥ ਹੀਰਾ ਲਾਲੁ ਅਮੋਲੁ ਜਨਮੁ ਹੈ ਕਉਡੀ ਬਦਲੈ ਹਾਰਿਓ ਰੇ ॥ ੧ ॥ ਰਹਾਉ ॥**

ਜੋ ਸਾਸ ਗ੍ਰਾਸ ਦਾ ਦਾਤਾ ਵਾਹਿਗੁਰੂ ਹੈ, ਸੋ ਤੂੰ ਮਨੋਂ ਕਿਉਂ ਭੁਲਾਯਾ ਹੈ?

ਹੀਰੇ ਲਾਲ ਵਾਂਙੂ ਅਮੋਲਕ ਜਨਮ ਹੈ, ਸੋ ਤੂੰ ਕੌਡੀ ਬਦਲੇ ਹਾਰ ਦਿੱਤਾ ਹੈ।

**ਤ੍ਰਿਸਨਾ ਤ੍ਰਿਖਾ ਭੂਖ ਭ੍ਰਮਿ ਲਾਗੀ ਹਿਰਦੈ ਨਾਹਿ ਬੀਚਾਰਿਓ ਰੇ ॥ ਉਨਮਤ ਮਾਨ ਹਿਰਿਓ ਮਨ ਮਾਹੀ ਗੁਰ ਕਾ ਸਬਦੁ ਨ ਧਾਰਿਓ ਰੇ ॥ ੨ ॥**

ਉਨਮਤ = ਮਸਤ। ਹਿਰਿਓ = ਹਰਾ ਲਿਆ, ਲੁਟਿਆ ਗਿਆ।

ਤ੍ਰਿਸ਼ਨਾ ਰੂਪ ਤ੍ਰਿਖਾ ਅਤੇ ਭਰਮ ਰੂਪ ਭੁੱਖ ਲੱਗੀ ਹੋਈ ਹੈ, ਇਸ ਲਈ ਇਸ ਜੀਵ ਨੇ ਹਿਰਦੇ ਵਿੱਚ ਵਾਹਿਗੁਰੂ ਪਤੀ ਦਾ ਬਿਚਾਰ ਨਹੀਂ ਵਿਚਾਰਿਆ ਹੈ। ਮਾਨ ਆਦਿਕ ਵਿਕਾਰਾਂ ਕਰਕੇਉਨਮਤ = ਮਸਤ ਹੋਇਆ ੨ ਹੈ, ਇਸ ਲਈ ਲੁਟਿਆ ਗਿਆ ਹੈ, ਕਿਉਂਕਿ ਮਨ ਵਿਚ ਗੁਰਾਂ ਦਾ ਸ਼ਬਦ ਨਹੀਂ ਧਾਰਿਆ ਹੈ।

**ਸੁਆਦ ਲੁਭਤ ਇੰਦ੍ਰੀ ਰਸ ਪ੍ਰੇਰਿਓ ਮਦ ਰਸ ਲੈਤ ਬਿਕਾਰਿਓ ਰੇ ॥ ਕਰਮ ਭਾਗ ਸੰਤਨ ਸੰਗਾਨੇ ਕਾਸਟ ਲੋਹ ਉਧਾਰਿਓ ਰੇ ॥ ੩ ॥**

ਮਦ = ਹੰਕਾਰ ਵਾ ਸ਼ਰਾਬ।

ਜਦ ਇਦ੍ਰੀਆਂ ਦੇ ਸੁਆਦਾਂ ਨੇ ਪ੍ਰੇਰਿਆ ਤਦ ਸੁਆਦਵਿਚ ਲੁਭਾਇ-ਮਾਨ ਹੋਇਆ ੨ ਸ਼ਰਾਬ ਆਦਿ ਵਿਕਾਰਾਂ ਰਸਾਂ ਦਾ ਅਨੰਦ ਲੈਂਦਾ ਹੈ।

Digitized by Panjab Digital Library | www.panjabdigilib.org

ਜਿਨ੍ਹਾਂ ਦੇ ਪਿਛਲੇ ਕਰਮ ਚੰਗੇ ਸਨ, ਓਹ ਦੌੜਕੇ ਸੰਤਾਂ ਦੇ ਸੰਗ ਆ ਰਲੇ ਅਤੇ ਸੰਤਾਂ ਨੇ ਓਨ੍ਹਾਂ ਨੂੰ ਇਕੁਰ ਤਾਰ ਲਿਆ, ਜਿਕੁਰ ਲਕੜ ਦੇ ਨਾਲ ਲਗਕੇ ਲੋਹਾ ਤਰ ਜਾਂਦਾ ਹੈ।

**ਧਾਵਤ ਜੋਨਿ ਜਨਮ ਭ੍ਰਮਿ ਥਾਕੇ ਅਬ ਦੁਖ ਕਰਿ ਹਮ ਹਾਰਿਓ ਰੇ॥ ਕਹਿ ਕਬੀਰ ਗੁਰ ਮਿਲਤ ਮਹਾ ਰਸੁ ਪ੍ਰੇਮ ਭਗਤਿ ਨਿਸਤਾਰਿਓ ਰੇ॥ ੪॥ ੧॥ ੫॥ ੫੬॥**

"ਹੇ ਗੁਰੂ ਜੀ" ਜੂਨੀਆਂ ਵਿਚ ਦੌੜਦੇ ਅਤੇ ਜਨਮਾਂ ਵਿਚ ਭ੍ਰਮ = ਫਿਰਦੇ ਹੁਣ ਅਸੀਂ ਦੁਖ ਕਰਕੇ ਹਾਰ ਗਏ ਹਾਂ। ਕਬੀਰ ਜੀ ਕਹਿੰਦੇ ਹਨ, ਗੁਰਾਂ ਨੂੰ ਮਿਲਦਿਆਂ ਹੀ ਬਾਹਲਾ ਅਨੰਦ ਹੋਇਆ ਅਤੇ ਪ੍ਰੇਮਾਂ ਭਗਤੀ ਨੇ ਤਾਰ ਦਿਤਾ।

(ਮਨ ਪਰਥਾਇ ਅਨਜੋਕਤੀ ਉਪਦੇਸ਼)

**ਗਉੜੀ। ਕਾਲਬੂਤ ਕੀ ਹਸਤਨੀ ਮਨ ਬਉਰਾ ਰੇ ਚਲਤੁ ਰਚਿਓ ਜਗਦੀਸ॥ ਕਾਮ ਸੁਆਇ ਗਜ ਬਸਿ ਪਰੇ ਮਨ ਬਉਰਾਰੇ ਅੰਕਸੁ ਸਹਿਓ ਸੀਸ॥ ੧॥**

ਕਾਲਬੂਤ = ਕਾਗਜ਼ਾਂ ਦੀ ਬਨਾਵਟ ।
ਸੁਆਇ = ਮਤਲਬ। ਗਜ = ਹਾਥੀ। ਅੰਕੁਸ = ਕੁੰਡਾ।

ਹੇ ਮਨ ਬੌਰੇ! ਜਿਕੁਰ ਕਾਗਜ਼ਾਂ ਦੀ ਹਸਤਨੀ ਬਨ ਵਿਚ ਖੜੀ ਕਰਕੇ ਹਾਥੀ ਫੜ ਲੈਂਦੇ ਹਨ, ਤਿਕੁਰ ਹੀ ਵਾਹਿਗੁਰੂ ਨੇ ਏਹ ਤਮਾਸ਼ਾ ਰਚਿਆ ਹੈ। ਹੇ ਮਨ ਬੌਰੇ! ਜਿਕੁਰ ਕਾਮ ਦੇ ਵਾਸਤੇ ਹਾਥੀ ਲੋਕਾਂ ਦੇ ਵਸ ਪੈਂਦਾ ਹੈ ਅਤੇ ਸਿਰ ਤੇ ਕੁੰਡੇ ਸਹਾਰਦਾ ਹੈ ( ਤਿਕੁਰ ਹੀ ਤੂੰ ) ਃ-

**ਬਿਖੈ ਬਾਸੁ ਹਰਿ ਰਾਚੁ ਸਮਝੁ ਮਨ ਬਉਰਾਰੇ॥ ਨਿਰਭੈ ਹੋਇ ਨ ਹਰਿ ਭਜੇ ਮਨ ਬਉਰਾ ਰੇ ਗਹਿਓ ਨ ਰਾਮ ਜਹਾਜੁ॥ ੧॥ ਰਹਾਉ॥**

ਹੇ ਮਨ ਬੌਰੇ! ਵਿਸ਼ਿਆਂ ਤੋਂ ਬਚ ਅਤੇ ਵਾਹਿਗੁਰੂ ਵਿਚ ਪ੍ਰੇਮ ਕਰ । ਹੇ ਮਨ ਬੌਰੇ! ਨਿਡਰ ਹੋਕੇ ਤੂੰ ਵਾਹਿਗੁਰੂ ਨੂੰ ਨਾ ਭਜਿਆ ਅਤੇ ਨਾ ਹੀ ਵਾਹਿਗੁਰੂ ਰੂਪ ਜਹਾਜ਼ ਨੂੰ ਗਹਿਓ = ਫੜਿਆ ਕਰ।

Digitized by Panjab Digital Library | www.panjabdigilib.org

ਮਰਕਟ ਮੁਸਟੀ ਅਨਾਜ ਕੀ ਮਨ ਬਉਰਾ ਰੇ ਲੀਨੀ ਹਾਥੁ ਪਸਾਰਿ ॥ ਛੂਟਨ ਕੋ ਸਹਸਾ ਪਰਿਆ ਮਨ ਬਉਰਾ ਰੇ ਨਾਚਿਓ ਘਰ ਘਰ ਬਾਰਿ ॥ ੨ ॥

ਮਰਕਟ = ਬਾਂਦਰ।

ਹੇ ਮਨ ਬੌਰੇ! ਜਿਕੁਰ ਅੰਨ ਦੀ ਮੁਠ ਹੱਥ ਪਸਾਰਕੇ ਬਾਂਦਰ ਲੈ ਤਾਂ ਲੈਂਦਾ ਹੈ। ਹੇ ਮਨ ਬੌਰੇ! ਪਰ ਛੁਟਣੇ ਦਾ ਸੰਸਾ ਪੈ ਜਾਂਦਾ ਹੈ, ਇਸ ਲਈ ਘਰ ਘਰ ਬੂਹੇ ਬੂਹੇ ਫੜਿਆ ਹੋਇਆ ਨੱਚਦਾ ਹੈ।

ਜਿਉ ਨਲਿਨੀ ਸੂਅਟਾ ਗਹਿਓ ਮਨ ਬਉਰਾ ਰੇ ਮਾਇਆ ਇਹੁ ਬਿਉਹਾਰੁ ॥ ਜੈਸਾ ਰੰਗੁ ਕਸੁੰਭ ਕਾ ਮਨ ਬਉਰਾ ਰੇ ਤਿਉ ਪਸਰਿਓ ਪਾਸਾਰੁ ॥ ੩ ॥

ਨਲਿਨੀ = ਕੁੜੱਕੀ। ਸੂਅਟਾ = ਤੋਤਾ।

ਹੇ ਮਨ ਬੌਰੇ! ਜਿਕੁਰ ਨਲਨੀ ਕਰਕੇ ਤੋਤਾ ਫੜਿਆ ਜਾਂਦਾ ਹੈ, ਤਿਕੁਰ ਹੀ ਤੇਰੇ ਫਸੌਣ ਵਾਸਤੇ ਏਹ ਮਾਇਆ ਦਾ ਵਿਵਹਾਰ ਹੈ। ਹੇ ਮਨ ਬੌਰੇ! ਜਿੱਕੁਰ ਕਸੁੰਭੇ ਦਾ ਰੰਗ ਹੁੰਦਾ ਹੈ, ਤਿੱਕੁਰ ਹੀ ਪਸਾਰਾ ਪਸਰਿਆ ਹੈ।

ਨਾਵਨ ਕਉ ਤੀਰਥ ਘਨੇ ਮਨ ਬਉਰਾ ਰੇ ਪੂਜਨ ਕਉ ਬਹੁ ਦੇਵ ॥ ਕਹੁ ਕਬੀਰ ਛੂਟਨੁ ਨਹੀ ਮਨ ਬਉਰਾ ਰੇ ਛੂਟਨੁ ਹਰਿ ਕੀ ਸੇਵ ॥ ੪ ॥ ੧ ॥ ੬ ॥ ੫੭ ॥

ਘਨੇ = ਬਹੁਤ।

ਹੇ ਮਨ ਬੌਰੇ! ਭਾਵੇਂ ਨ੍ਹਾਉਣ ਨੂੰ ਤੀਰਥ ਬਾਹਲੇ ਹਨ ਅਤੇ ਪੂਜਣ ਨੂੰ ਬਹੁਤੇ ਦੇਵਤੇ। ਪਰ ਕਬੀਰ ਜੀ ਕਹਿੰਦੇ ਹਨ ਹੇ ਮਨ ਬੌਰੇ! ਜਮ ਆਦਕਾਂ ਤੋਂ ਛੁਟਣਾ ਨਹੀਂ ਹੁੰਦਾ, ਛੁਟਣਾ ਤੇ ਵਾਹਿਗੁਰੂ ਦੀ ਸੇਵਾ ਕਰਕੇ ਹੁੰਦਾ ਹੈ।

( ਸਾਡੇ ਪਾਸ ਇੱਕਰ ਦਾ ਧਨ ਹੈ )

ਗਉੜੀ ॥ ਅਗਨਿ ਨ ਦਹੈ ਪਵਨੁ ਨਹੀ ਮਗਨੈ ਤਸਕਰੁ ਨੇਰਿ ਨ ਆਵੈ ॥ ਰਾਮ ਨਾਮ ਧਨੁ ਕਰਿ ਸੰਚਉਨੀ ਸੋ ਧਨੁ ਕਤਹੀ ਨ ਜਾਵੈ ॥ ੧ ॥

Digitized by Panjab Digital Library | www.panjabdigilib.org

ਦਹੈ = ਸੜੇ। ਮਗਨੈ = ਸੁੱਕਾ ਵਾ ਉਡਾ। ਤਸਕਰੁ = ਚੋਰ।
ਨੇਰਿ = ਨੇੜੇ। ਸੰਚਉਨੀ = ਇਕੱਤ੍ਰਤਾ, ਕੱਠਾ ਕਰਨਾ।

ਅੱਗ ਸਾੜਦੀ ਨਹੀਂ, ਪੌਣ ਉਡਾਉਂਦੀ ਨਹੀਂ ਅਤੇ ਚੋਰ ਨੇੜੇ ਨਹੀਂ ਆਉਂਦਾ। ਇਸ ਲਈ ਤੂੰ ਵੀ ਵਾਹਿਗੁਰੂ ਦੇ ਨਾਮ ਰੂਪ ਧਨ ਦੀ ਇਕੱਤ੍ਰਤਾ ਕਰ, ਕਿਉਂਕਿ ਓਹ ਧਨ ਕਿਧਰੇ ਨਹੀਂ ਜਾਂਦਾ।

**ਹਮਰਾ ਧਨੁ ਮਾਧਉ ਗੋਬਿੰਦੁ ਧਰਣੀਧਰੁ ਇਹੈ ਸਾਰ ਧਨੁ ਕਹੀਐ॥ ਜੋ ਸੁਖੁ ਪ੍ਰਭ ਗੋਬਿਦ ਕੀ ਸੇਵਾ ਸੋ ਸੁਖੁ ਰਾਜਿ ਨ ਲਹੀਐ॥ ੧ ॥ ਰਹਾਉ ॥**

ਮਾਧਉ = ਲੱਖਮੀ ਦਾ ਪਤੀ। ਧਰਣੀਧਰ = ਧਰਤੀ ਨੂੰ ਚੁੱਕਣ ਵਾਲਾ
ਸਾਰ = ਸ੍ਰੇਸ਼੍ਰ, ਹੱਛਾ। ਲਹੀਐ = ਲਖੀਐ।

( ਹੇ ਭਾਈ ) ਸਾਡਾ ਤਾਂ ਧਨ ਮਾਧੋ, ਗੋਬਿੰਦ ਧਰਣੀਧਰ ਦਾ ਨਾਮ ਹੈ,ਇਹੋ ਹੀ ਹੱਛਾ ਧਨ ਕਹੀਦਾ ਹੈ। ਜੇਹੜਾ ਸੁਖ ਪ੍ਰਭੂ ਵਾਹਿਗੁਰੂਦੀ ਸੇਵਾ ਵਿੱਚ ਹੈ, ਸੋ ਉੱਕਰ ਦਾ ਸੁਖ ਰਾਜ ਵਿੱਚ ਨਹੀਂ ਲਿਆ ਜਾਂਦਾ।

**ਇਸੁ ਧਨ ਕਾਰਣਿ ਸਿਵ ਸਨਕਾਦਿਕ ਖੋਜਤ ਭਏ ਉਦਾਸੀ॥ ਮਨਿ ਮੁਕੰਦੁ ਜਿਹਬਾ ਨਾਰਾਇਨੁ ਪਰੈ ਨ ਜਮ ਕੀ ਫਾਸੀ॥ ੨ ॥**

ਇਸ ਧਨ ਵਾਸਤੇ ਸ਼ਿਵਜੀ ਸਨਕ ਆਦਿਕ ਵੀ ਖੋਜਦੇ ਉਦਾਸੀ ਹੋਏ ਹਨ। ਮੈਂ ਮਨ ਕਰਕੇ ਮੁਕਤੀ ਦਾ ਦਾਤਾ(ਵਾਹਿਗੁਰੂ)ਅਤੇ ਜੀਭ ਕਰਕੇ ਨਾਰੈਣ ਨਾਰੈਣ ਕਰਦਾ ਹਾਂ, ਇਸ ਲਈ ਜਮ ਦੀ ਫਾਹੀ ਨਹੀਂ ਪਵੇਗੀ,ਵਾ ਜੇਹੜਾ ਮਨ ਕਰਕੇ ਵਾਹਿਗੁਰੂ ਨੂੰ ਅਤੇ ਰਸਨਾ ਕਰਕੇ ਵਾਹਿਗੁਰੂ ਨੂੰ ਉਚਾਰੇ ਉਸ ਨੂੰ ਜਮ ਦੀ ਫਾਸੀ ਨਹੀਂ ਪੈਂਦੀ।

**ਨਿਜ ਧਨੁ ਗਿਆਨੁ ਭਗਤਿ ਗੁਰ ਦੀਨੀ ਤਾਸੁ ਸੁਮਤਿ ਮਨੁ ਲਾਗਾ ॥ ਜਲਤ ਅੰਭ ਥੰਭਿ ਮਨੁ ਧਾਵਤ ਭਰਮ ਬੰਧਨ ਭਉ ਭਾਗਾ॥ ੩ ॥**

ਤਾਸੁ = ਤਿਸ। ਅੰਭ – ਪਾਣੀ। ਥੰਭਿ = ਥੰਮਾ। ਨਿਜ = ਆਪਣਾ।

ਸਾਡਾ ਆਪਣਾ ਧਨ ਏਹੋ ਹੀ ਹੈ ਜੋ ਗੁਰਾਂ ਨੇ ਗਜਾਨ ਅਤੇ ਭਗਤੀ ਦਿੱਤੀ ਹੈ, ਪਰ ਤਿਸ ਨਾਮ ਧਨ ਵਿੱਚ ਕਿਸੇ ਅੱਛੀ ਅਕਲ ਵਾਲੇ ਦਾ ਮਨ ਲੱਗਦਾ ਹੈ। ਜੇਹੜਾ ਮਨ ਤ੍ਰਿਸ਼ਨਾ ਅੱਗ ਕਰਕੇ ਸੜਦਾ ਸੀ,ਤਿਸ ਨੂੰ ਨਾਮ

Digitized by Panjab Digital Library | www.panjabdigilib.org

ਧਨ ਨੇ ਜਲਰੂਪਹੋਕੇ ਠੰਢਾ ਕਰ ਦਿੱਤਾ ਅਤੇਦੌੜਦੇ ਮਨ ਨੂੰ ਥੰਮੇ ਵਤ ਆਸਰਾ ਦਿੱਤਾ, ਫਿਰ ਜੇਹੜਾ ਭਰਮ ਰੂਪ ਬੰਧਨ ਸੀ ਅਤੇ ਜਨਮ ਮਰਣ ਦਾ ਡਰ ਸੀ,ਸੋ ਸਭ ਦੂਰ ਹੋ ਗਿਆ।

**ਕਹੈ ਕਬੀਰੁ ਮਦਨ ਕੇ ਮਾਤੇ ਹਿਰਦੈ ਦੇਖੁ ਬੀਚਾਰੀ ॥ ਤੁਮ ਘਰਿ ਲਾਖ ਕੋਟ ਅਸ੍ਵ ਹਸਤੀ ਹਮ ਘਰ ਏਕੁ ਮੁਰਾਰੀ ॥ ੪ ॥ ੧ ॥ ੭ ॥ ੫੮ ॥**

ਮਦਨ = ਕਾਮ ਵਾ ਹੰਕਾਰ।

ਕਬੀਰ ਜੀ ਕਹਿੰਦੇ ਹਨ ਹੇ ਕਾਮ ਦੇ ਮੱਤੇ ਹੋਏ ! ਰਿਦੇ ਵਿੱਚ ਵਿਚਾਰਕੇ ਦੇਖ ਕਿ ਤੇਰੇ ਘਰ ਤਾਂ ਲੱਖਾਂ ਕਰੋੜਾਂ ਅਸ੍ਵ = ਘੋੜੇ ਹਾਥੀ ਹਨ ਅਤੇ ਸਾਡੇ ਘਰ ਇਕ ਮੁਰਾਰੀ = ਵਾਹਿਗੁਰੂ ਹੈ।

(ਭਗਤੀ ਤੋਂ ਬਿਨਾ ਲਾਲਚ ਨਾਲ ਕਰਮ ਕਰਨ ਦਾ ਖੰਡਨ)

(ਉਪਦੇਸ਼)

**ਗਉੜੀ ॥ ਜਿਉ ਕਪਿ ਕੇ ਕਰ ਮੁਸਟਿ ਚਨਨ ਕੀ ਲੁਬਧਿ ਨ ਤਿਆਗੁ ਦਇਓ ॥ ਜੋ ਜੋ ਕਰਮ ਕੀਏ ਲਾਲਚ ਸਿਉ ਤੇ ਫਿਰਿ ਗਰਹਿ ਪਰਿਓ ॥ ੧ ॥**

ਕਰ = ਹੱਥ। ਕਪਿ = ਬਾਂਦਰ। ਮੁਸਟਿ = ਮੁੱਠ। ਗਰਹਿ = ਗਲ।

ਜਿੱਕੁਰ ਬਾਂਦਰ ਦੇ ਹੱਥ ਵਿੱਚ ਛੋਲਿਆਂ ਦੀ ਮੁੱਠ ਆ ਜਾਂਦੀ ਹੈ ਉਸ ਨੂੰ ਲਾਲਚ ਵਾਲਾ ਹੋਕੇ ਛੱਡਦਾ ਨਹੀਂ। ਤਿੱਕੁਰ ਹੀ ਜੀਵ ਨੇ ਜੇਹੜੇ ਕਰਮ ਲਾਲਚ ਸੰਜੁਗਤ ਹੋਕੇ ਕੀਤੇ ਹਨ, ਫਿਰ ਇਸਦੇ ਗਲ ਹੀ ਪੈ ਗਏ, ਭਾਵ ਸਵਾ ਮਣ ਸੋਨਾ ਅਤੇ ਸਵਾ ਲੱਖ ਗਊ ਦਾਨ ਕਰਨ! ਵਾਲਿਆਂ ਨੂੰ ਜਨਮ ਭੋਗਣਾ ਪਿਆ।

**ਭਗਤਿ ਬਿਨੁ ਬਿਰਥੇ ਜਨਮੁ ਗਇਓ ॥ ਸਾਧ ਸੰਗਤਿ ਭਗਵਾਨ ਭਜਨ ਬਿਨੁ ਕਹੀ ਨ ਸਚੁ ਰਹਿਓ ॥ ੧ ਰਹਾਉ ॥**

ਵਾਹਿਗੁਰੂ ਦੀ ਭਗਤੀ ਤੋਂ ਬਿਨਾ ਐਵੇਂ ਹੀ ਜਨਮ ਚਲਿਆ ਗਿਆ। ਸਾਧ ਸੰਗਤ ਵਿਚ ਵਾਹਿਗੁਰੂ ਦੇ ਭਜਨ ਤੋਂ ਬਿਨਾ ਕਿਤੇ ਵੀ ਸਚ (ਸੁਖੀ) ਨਾ ਰਿਹਾ।

Digitized by Panjab Digital Library | www.panjabdigilib.org

**ਜਿਉ ਉਦਿਆਨ ਕੁਸਮ ਪਰਫੁਲਿਤ ਕਿਨਹਿ ਨ ਘ੍ਰਾਉ ਲਇਓ ॥ ਤੈਸੇ ਭ੍ਰਮਤ ਅਨੇਕ ਜੋਨਿ ਮਹਿ ਫਿਰਿਫਿਰਿ ਕਾਲ ਹਇਓ ॥ ੨ ॥**

{ ਉਦਿਆਨ = ਜੰਗਲ। ਕੁਸਮ = ਫੁੱਲ। ਘ੍ਰਾਉ = ਸੁਗੰਧੀ। ਹਇਓ = ਨਾਸ ਕੀਤਾ। }

ਜਿੱਕੁਰ ਜੰਗਲ ਵਿਚ ਜੇਹੜੇ ਫੁੱਲ ਖਿੜੇ ਹੋਏ ਹੁੰਦੇ ਹਨ, ਉਨ੍ਹਾਂ ਦੀ ਕਿਸੇ ਭੀ ਸੁਗੰਧੀ ਨਹੀਂ ਲਈ। ਤਿੱਕੁਰ ਹੀ ਅਨੇਕਾਂ ਜੂਨੀਆਂ ਵਿੱਚ ਫਿਰਦੇ ਨੂੰ ਬਾਰ ਬਾਰ ਕਾਲ਼ ਨੇ ਮਾਰਿਆ।

**ਇਆ ਧਨ ਜੋਬਨੁ ਅਰੁ ਸੁਤ ਦਾਰਾ ਪੇਖਨ ਕਉ ਜੁ ਦਇਓ ॥ ਤਿਨਹੀ ਮਾਹਿ ਅਟਕਿ ਜੋ ਉਰਝੇ ਇੰਦ੍ਰੀ ਪ੍ਰੇਰਿ ਲਇਓ ॥ ੩ ॥**

ਸੁਤ = ਪੁਤ੍ਰ। ਦਾਰਾ = ਇਸਤ੍ਰੀ। ਪੇਖਨ = ਵੇਖਨ ਵਾ ਖਡੌਣਾ।

ਏਹ ਧਨ, ਜੋਬਨ ਅਤੇ ਪੁਤ੍ਰ, ਇਸਤ੍ਰੀ ਵਾਹਿਗੁਰੂ ਨੇ ਇਸ ਨੂੰ ਵੇਖਣ (ਪਰਖਣ)ਨੂੰ ਜੋ ਦਿਤੇ ਸਨ(ਸੋ ਏਹ ਵਾਹਿਗੁਰੂ ਨੂੰ ਭੁਲਾਕੇ) ਤਿਨ੍ਹਾਂ ਵਿੱਚ ਹੀ ਅਟਕ ਗਏ, ਕਿਉਂ ਜੋ ਇੰਦ੍ਰੀਆਂ ਨੇ ਮਨ ਨੂੰ ਆਪਣੇ ਵਲ ਪ੍ਰੇਰ = ਮੋੜ ਲਿਆ ਅਤੇ ਏਹ ਜੀਵ ਉਨ੍ਹਾਂ ਇਸਤ੍ਰੀ, ਪੁਤ੍ਰ ਆਦਿਕਾਂ ਵਿਚ ਹੀ ਫਸ ਰਹੇ ਹਨ।

**ਅਉਧ ਅਨਲ ਤਨੁ ਤਿਨ ਕੋ ਮੰਦਰੁ ਚਹੁ ਦਿਸ ਠਾਟੁ ਠਇਓ ॥ ਕਹਿ ਕਬੀਰ ਭੈ ਸਾਗਰ ਤਰਨ ਕਉ ਮੈ ਸਤਿਗੁਰ ਓਟ ਲਇਓ ॥ ੪ ॥ ੧ ॥ ੮ ॥ ੫੯ ॥**

ਅਉਧ = ਉਮਰ। ਅਨਲ = ਅਗ। ਤਿਨ = ਘਾਹ ਦੀਆਂ ਤ੍ਰਿੜਾਂ। ਠਾਟੁ = ਬਣਾਉ। ਸਾਗਰ = ਸਮੁੰਦਰ।

ਉਮਰ ਵਾਲਾ ਜੇਹੜਾ ਸਰੀਰ ਹੈ,ਇਹੁ ਤ੍ਰਿੜਾਂ ਦਾ ਘਰ ਚੌਹਾਂ ਦਿਸ਼ਾਂ ਵੱਲੋਂ ਕਿੱਕੁਰ ਦਾ ਬਣਾਉ ਬਣਿਆ ਹੋਇਆ ਹੈ ਅਤੇ ਜੇਹੜੀ ਉਮਰ ਘਟ ਰਹੀ ਹੈ,ਏਹ ਅਗਨੀ ਲੱਗੀ ਹੋਈ ਹੈ। ਕਬੀਰ ਜੀ ਕਹਿੰਦੇ ਹਨ ਮੈਂ ਡਰ ਵਾਲੇ ਸੰਸਾਰ ਸਮੁੰਦਰ ਤਰਨ ਨੂੰ ਸਤਿਗੁਰਾਂ ਦੀ ਓਟ ਲਈ ਹੈ।

**ਗਉੜੀ ॥ ਪਾਨੀ ਮੈਲਾ ਮਾਟੀ ਗੋਰੀ ॥ ਇਸੁ ਮਾਟੀ ਕੀ ਪੁਤਰੀ ਜੋਰੀ ॥ ੧ ॥**

Digitized by Panjab Digital Library | www.panjabdigilib.org

ਬੀਰਜ ਰੂਪ ਪਾਣੀ ਮੈਲਾ ਹੈ ਅਤੇ ਰਕਤ ਰੂਪ ਮਿੱਟੀ ਲਾਲ ਹੈ। ਇਸ ਮਿੱਟੀ ਦੀ ਪੁਤਲੀ (ਦੇਹ) ਜੋੜ ਦਿਤੀ ਹੈ।

**ਮੈ ਨਾਹੀ ਕਛੁ ਆਹਿ ਨ ਮੋਰਾ ॥ ਤਨੁ ਧਨੁ ਸਭੁ *ਰਸੁ ਗੋਬਿੰਦ ਤੋਰਾ ॥ ੧ ॥ ਰਹਾਉ ॥**

ਮੋਰਾ = ਮੇਰਾ । ਤੋਰਾ = ਤੇਰਾ।

ਮੈਂ ਵੀ ਕੁਝ ਨਹੀਂ ਅਤੇ ਮੇਰਾ ਹੈ ਵੀ ਕੁਝ ਨਹੀਂ। ਤਨ ਧਨ ਸਭ ਰਸ ਹੇ ਵਾਹਿਗੁਰੂ ! ਤੇਰਾ ਹੀ ਹੈ।

**ਇਸ ਮਾਟੀ ਮਹਿ ਪਵਨੁ ਸਮਾਇਆ ॥ ਝੂਠਾ ਪਰਪੰਚੁ ਜੋਰਿ ਚਲਾਇਆ ॥ ੨ ॥**

ਪਰਪੰਚ = ਛਲ ਵਾ ਸੰਸਾਰ।

ਇਸ ਮਿਟੀ ਦੀ ਦੇਹ ਵਿਚ ਪ੍ਰਾਣ ਸਮਾਏ ਹਨ। ਝੂਠਾ ਪਰਪੰਚ ਜੋੜਕੇ ਚਲਾ ਦਿਤਾ ਹੈ।

**ਕਿਨਹੂ ਲਾਖ ਪਾਂਚ ਕੀ ਜੋਰੀ ॥ ਅੰਤ ਕੀ ਬਾਰ ਗਗਰੀਆ ਫੋਰੀ ॥ ੩ ॥**

ਕਿਸੇ ਨੇ ਪੰਜ ਲੱਖ ਦੀ ਜੋੜੀ, ਪਰ ਅੰਤ ਦੇ ਵੇਲੇ ਗਾਗਰ ਹੀ ਤੋੜ ਦਿਤੀ ਵਾ ਕਿਸੇ ਯੋਗੀ ਨੇ ਪ੍ਰਾਣਾਯਾਮ ਰੂਪ ਲਾਖ ਦਾ ਪਾਜ ਦੇਕੇ ਦੇਹ ਦੇਹ ਜੋੜੀ ਭਾਵ ਬਹੁਤ ਚਿਰ ਦੇਹ ਰਖੀ, ਪਰ ਫਿਰ ਵੀ ਕਾਲ ਨੇ ਫੋੜ ਦਿਤੀ।

**ਕਹਿ ਕਬੀਰ ਇਕ ਨੀਵ ਉਸਾਰੀ ॥ ਖਿਨ ਮਹਿ ਬਿਨਸਿ ਜਾਇ ਅਹੰਕਾਰੀ ॥ ੪ ॥ ੧ ॥ ੯ ॥ ੬੦ ॥**

ਕਬੀਰ ਜੀ ਕਹਿੰਦੇ ਹਨ ਜੇਹੜੀ ਇਕ ਨੀਉ ਉਸਾਰੀ ਹੈ। ਹੇ ਹੰਕਾਰੀ ! ਓਹ ਛਿਨ ਵਿਚ ਨਾਸ ਹੋ ਜਾਵੇਗੀ।

( ਬੇਨਤੀ )

**ਗਉੜੀ ॥ ਰਾਮ ਜਪਉ ਜੀਅ ਐਸੇ ਐਸੇ ॥ ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ ॥ ੧ ॥**

ਹੇ ਭਾਈ! ਵਾਹਿਗੁਰੂ ਨੂੰ ਜੀ ਵਿਚ ਇਕੁਰ ਇਕੁਰ ਜਪੋ, ਜਿਕੁਰ ਜਿਕੁਰ ਧ੍ਰੂ ਪ੍ਰਹਿਲਾਦ ਜੀ ਨੇ ਜਪਿਆ ਹੈ।

*ਸਰਬੰਸ ਵੀ ਅਰਥ ਕਰਦੇ ਹਨ।

Digitized by Panjab Digital Library | www.panjabdigilib.org

( ਅਤੇ ਇਕੁਰ ਬੇਨਤੀ ਕਰੋ )

**ਦੀਨ ਦਇਆਲ ਭਰੋਸੇ ਤੇਰੇ ॥ ਸਭੁ ਪਰਵਾਰੁ ਚੜਾਇਆ ਬੇੜੇ ॥ ੧ ॥ ਰਹਾਉ ॥**

ਹੇ ਗਰੀਬਾਂ ਤੇ ਦਿਆਲੂ ! ਤੇਰੇ ਭਰੋਸੇ ਮੈਂ ਸਾਰਾ ਪਰਵਾਰ ਬੇੜੇ ਤੇ ਚੜ੍ਹਾਇਆ ਹੈ।

**ਜਾ ਤਿਸੁ ਭਾਵੈ ਤਾ ਹੁਕਮੁ ਮਨਾਵੈ ॥ ਇਸ ਬੇੜੇ ਕਉ ਪਾਰਿ ਲੰਘਾਵੈ ॥ ੨ ॥**

ਜਦ ਵਾਹਿਗੁਰੂ ਨੂੰ ਭਾਉਂਦਾ ਹੈ ਤਾਂ ਜੀਵ ਨੂੰ ਹੁਕਮ ਮਨਾਉਂਦਾ ਹੈ ਅਤੇ ਜੀਵ ਦੇ ( ਭਗਤੀ ਰੂਪ) ਇਸ ਬੇੜੇ ਨੂੰ ਪਾਰ ਲੰਘੌਂਦਾ ਹੈ।

**ਗੁਰਪਰਸਾਦਿ ਐਸੀ ਬੁਧਿ ਸਮਾਨੀ ॥ ਚੂਕਿ ਗਈ ਫਿਰਿ ਆਵਨ ਜਾਨੀ ॥ ੩ ॥**

ਗੁਰਾਂ ਦੀ ਕ੍ਰਿਪਾ ਕਰਕੇ ਜਿਨ੍ਹਾਂ ਦੇ ਅੰਦਰ ਇਕੁਰ ਦੀ ਅਕਲ ਸਮਾਈ ਹੈ। ਫਿਰ ਉਨ੍ਹਾਂ ਦੀ ਔਣ ਜਾਣ ਦੀ ਖੇਚਲ ਦੂਰ ਹੋਗਈ ਹੈ।

**ਕਹੁ ਕਬੀਰ ਭਜੁ*ਸਾਰਿਗ ਪਾਨੀ ॥ ਉਰਵਾਰਿ ਪਾਰਿ ਸਭ ਏਕੋ ਦਾਨੀ ॥ ੪ ॥ ੨ ॥ ੧੦ ॥ ੬੧ ॥**

ਦਾਨੀ = ਦਾਨ ਦੇਣ ਵਾਲਾ ਵਾ ਜਾਨਣ ਵਾਲਾ।

ਸਾਰਿਗਪਾਨੀ = ਪਪੀਹਾ, ਪਾਣੀ।

ਕਬੀਰ ਜੀ ਕਹਿੰਦੇ ਹਨਤੂੰ ਵਾਹਿਗੁਰੂਨੂੰ ਯਾਦ ਕਰ। ਕਿਉਂਕਿ ਐਥੇ ਓਥੇ ਸਭਨਾਂ ਵਿਚ ਇਕੋ ਹੀ ਦਾਨੀ ਹੈ। (ਉਪਦੇਸ਼ )

**ਗਉੜੀ ੯ ॥ ਜੋਨਿ ਛਾਡਿ ਜਉ ਜਗ ਮਹਿ ਆਇਓ ॥ ਲਾਗਤ ਪਵਨ ਖਸਮੁ ਬਿਸਰਾਇਓ ॥ ੧ ॥**

ਜੋਨਿ – ਜੂਨੀ, ਗਰਭ।

ਗਰਭ ਨੂੰ ਛੱਡਕੇ ਜਦ ਜੀਵ ਜੱਗ ਵਿਚ ਆਇਆ ਤਾਂ ਪੌਣ ਲਗਦਿਆਂ ਹੀ ਵਾਹਿਗੁਰੂ ਨੂੰ ਭੁਲਾ ਦਿਤਾ।

**ਜੀਅਰਾ ਹਰਿ ਕੇ ਗੁਨ ਗਾਉ ॥ ੧ ॥ ਰਹਾਉ ॥**

ਹੇ ਜੀਅ ! ਵਾਹਿਗੁਰੂ ਦੇ ਗੁਣ ਗਾ।

---

*ਸਾਰਿਗ ਦੇ ੫੬ ਅਰਥ ਹਨ, ਦੇਖੋ ਸੂਰਜ ਪ੍ਰਕਾਸ਼ ਅੰਤਮ ਮੰਗਲ ਗੁਰੂ ਛੇਵੇਂ ਦੀ ਉਪਮਾ।

Digitized by Panjab Digital Library | www.panjabdigilib.org

**ਗਰਭ ਜੋਨਿ ਮਹਿ ਉਰਧ ਤਪੁ ਕਰਤਾ ॥ ਤਉ ਜਠਰ ਅਗਨਿ ਮਹਿ ਰਹਤਾ ॥ ੨ ॥**

ਉਰਧ = ਉਚਾ। ਜਠਰ = ਪੇਟ।

ਮਾਂ ਦੇ ਪੇਟ ਵਿਚ ਤੂੰ ਉਤਾਹਾਂ ਨੂੰ ਪੈਰ ਕਰਕੇ ਤਪ ਕਰਦਾ ਸੀ ਤਾਂ ਤੂੰ ਪੇਟ ਦੀ ਅੱਗ ਵਿਚ ਰਹਿੰਦਾ, ਭਾਵ ਬਚਿਆ ਸੀ।

**ਲਖ ਚਉਰਾਸੀਹ ਜੋਨਿ ਭ੍ਰਮਿ ਆਇਓ ॥ ਅਬ ਕੇ ਛੁਟਕੇ ਠਉਰ ਨ ਠਾਇਓ ॥ ੩ ॥**

ਚਉਰਾਸੀ ਲੱਖ ਜੂਨ ਵਿੱਚੋਂ ਫਿਰਦਾ ਮਨੁਖ ਜਨਮ ਵਿੱਚ ਤੂੰ ਆਯਾ ਹੈਂ ਅਤੇ ਜੇ ਹੁਣ ਤੂੰ ਛੁਟ ਗਿਓਂ ਭਾਵ ਚੁਰਾਸੀ ਵਿੱਚ ਡਿਗ ਪਇਓਂ ਵਾ ਜੇ ਵਾਹਿਗੁਰੂ ਦੇ ਚਰਨਾਂ ਤੋਂ ਛੁਟ ਗਿਓਂ ਤਾਂ ਫਿਰ ਕਿਧਰੇ ਖੜੋਣ ਨੂੰ ਜਗਾ ਤੈਨੂੰ ਨਹੀਂ ਹੋਵੇਗੀ ।

**ਕਹੁ ਕਬੀਰ ਭਜੁ ਸਾਰਿਗਪਾਨੀ ॥ ਆਵਤ ਦੀਸੈ ਜਾਤ ਨ ਜਾਨੀ ॥ ੪ ॥ ੧ ॥ ੧੧ ॥ ੬੨ ॥**

ਕਬੀਰ ਜੀ ਕਹਿੰਦੇ ਹਨ ਕਿ ਜਿੱਕੁਰ ਪਪੀਹਾ ਪਾਣੀ ਨੂੰ ਟੀਂ ਟੀਂ ਕਰਦਾ ਹੈ,ਤਿਕੁਰ ਤੂੰ ਵਾਹਿਗੁਰੂ ਨੂੰ ਯਾਦ ਕਰ। ਕਿਉਂਕਿ ਉਮਰ ਔਂਦੀ ਤਾਂ ਦਿਸਦੀ ਹੈ,ਪਰ ਜਾਂਦੀ ਹੋਈ ਨਹੀਂ ਜਾਣੀ ਜਾਂਦੀ ਵਾ ਜੋ ਨਿਰੰਕਾਰਹੈ,ਸੋਜੰਮਦਾ ਮਰਦਾ ਨਜ਼ਰ ਨਹੀਂ ਪੈਂਦਾ।

**ਗਉੜੀ ਪੂਰਬੀ॥ਸੁਰਗ ਬਾਸੁ ਨ ਬਾਛੀਐ ਡਰੀਐ ਨ ਨਰਕਿ ਨਿਵਾਸੁ ॥ ਹੋਨਾ ਹੈ ਸੋ ਹੋਈ ਹੈ ਮਨਹਿ ਨ ਕੀਜੈ ਆਸ ॥ ੧ ॥**

ਸੁਰਗਦਾ ਵਸਣਾ ਲੋੜੀਏ ਨਾ ਅਤੇ ਨਰਕਦੇ ਨਿਵਾਸਤੋਂ ਡਰੀਏਨਾ। ਜੋ ਕੁਝ ਹੋਣਾ ਹੈ ਸੋ ਹੋਣਾ ਹੀ ਹੈ, ਮਨ ਵਿੱਚ ਕਾਸੇ ਦੀ ਆਸਾ ਨਹੀਂ ਕਰਨੀ ਚਾਹੀਦੀ।

**ਰਮਈਆ ਗੁਨ ਗਾਈਐ ॥ ਜਾਤੇ ਪਾਈਐ ਪਰਮ ਨਿਧਾਨੁ ॥ ੧ ॥ ਰਹਾਉ ॥**

Digitized by Panjab Digital Library | www.panjabdigilib.org

ਨਿਧਾਨੁ = ਖਜ਼ਾਨਾ।

ਵਾਹਿਗੁਰੂ ਦੇ ਗੁਣ ਗਾਈਏ। ਜਿਸ ਕਰਕੇ ਵੱਡਾ ਹੱਛਾ ਨਾਮ ਖਜ਼ਾਨਾਪਾਈਏ।

**ਕਿਆ ਜਪੁ ਕਿਆ ਤਪੁ ਸੰਜਮੋ ਕਿਆ ਬਰਤੁ ਕਿਆ ਇਸਨਾਨੁ ॥ ਜਬ ਲਗੁ ਜੁਗਤਿ ਨ ਜਾਨੀਐ ਭਾਉ ਭਗਤਿ ਭਗਵਾਨ ॥ ੨ ॥**

ਜਦੋਂ ਤੱਕ ਵਾਹਿਗੁਰੂ ਦੀ ਪ੍ਰੇਮਾ ਭਗਤੀ ਦੀ ਯੁਕਤੀ ਨਹੀਂ ਜਾਣੀਏ ਤਦੋਂ ਤੱਕ ਕੀ ਜਪ ਹੈ ਕੀ ਤਪ ਹੈ ਅਤੇ ਕੀ ਇੰਦਰਿਆਂ ਦਾ ਰੋਕਣਾ ਅਤੇ ਕੀ ਅਠਾਹਠ ਤੀਰਥਾਂ ਦਾ ਇਸ਼ਨਾਨ ਹੈ ?

**ਸੰਪੈ ਦੇਖਿ ਨ ਹਰਖੀਐ ਬਿਪਤਿ ਦੇਖਿ ਨ ਰੋਇ ॥ ਜਿਉ ਸੰਪੈ ਤਿਉ ਬਿਪਤਿ ਹੈ ਬਿਧ ਨੇ ਰਚਿਆ ਸੋ ਹੋਇ॥੩॥**

ਸੰਪੈ = ਸਾਮਿਗ੍ਰੀ। ਹਰਖੀਐ = ਖੁਸ਼ੀ ਹੋਈਏ। ਬਿਪਤਿ = ਬਿਪਤਾ।

ਰਾਜ ਭਾਗ ਨੂੰ ਦੇਖਕੇ ਖੁਸ਼ੀ ਨ ਹੋਈਏ ਅਤੇ ਬਿਪਤਾ ਨੂੰ ਦੇਖਕੇ ਰੋਈਏ ਨਾ। ਜਿੱਕੁਰ ਦੌਲਤ ਹੈ,ਤਿਕੁਰ ਬਿਪਤਾ ਹੈ ਵਾ ਜਿਕੁਰ ਵਾਹਿਗੁਰੂ ਨੇ ਬਣਾਇਆ ਹੈ,ਤਿਕੁਰ ਜ਼ਰੂਰ ਹੀ ਹੋਵੇਗਾ।

**ਕਹਿ ਕਬੀਰ ਅਬ ਜਾਨਿਆ ਸੰਤਨ ਰਿਦੈ ਮਝਾਰਿ॥ ਸੇਵਕ ਸੋ ਸੇਵਾ ਭਲੇ ਜਿਹ ਘਟਿ ਬਸੈ ਮੁਰਾਰਿ ॥ ੪ ॥ ੧ ॥ ੧੨ ॥ ੬੩ ॥**

ਕਬੀਰ ਜੀ ਕਹਿੰਦੇ ਹਨ ਇਹ ਹੁਣ ਸੰਤਾਂ ਨੇ ਰਿਦੇ "ਮਝਾਰਿ" ਵਿੱਚ ਜਾਣਿਆ ਹੈ, ਸੋ ਸੇਵਕ ਸੇਵਾ ਕਰਨ ਵਿੱਚ ਭਲੇ ਹਨ ਜਿਨ੍ਹਾਂ ਦੇ ਰਿਦੇ ਵਿੱਚ ਵਾਹਿਗੁਰੂ ਵਸਦਾ ਹੈ।

(ਅਨਜੋਕਤੀ ਉਪਦੇਸ਼)

**ਗਉੜੀ ॥ ਰੇ ਮਨ ਤੇਰੋ ਕੋਇ ਨਹੀ ਖਿੰਚਿ ਲੇਇ ਜਿਨਿ ਭਾਰੁ ॥ ਬਿਰਖ ਬਸੇਰੋ ਪੰਖ ਕੋ ਤੈਸੋ ਇਹੁ ਸੰਸਾਰੁ॥੧॥**

ਜਿਨਿ = ਮਤ, ਨਾ।

ਰੇ ਮਨ ! ਤੇਰਾ ਕੋਈ ਨਹੀਂ,ਇਸ ਲਈ ਤੂੰ ਆਪਣੇ ਸਿਰ ਤੇ ਪਾਪਾਂ ਰੂਪ ਭਾਰ ਨਾ ਖਿੱਚ। ਜਿੱਕੁਰ ਬਿਰਛ ਤੇ ਪੰਛੀਆਂਦਾ(ਰਾਤ ਨੂੰ)ਵਸੇਰਾ ਹੁੰਦਾ ਹੈ,ਤਿੱਕੁਰ ਹੀ ਏਹ ਸੰਸਾਰ ਹੈ। (ਕਿਸੇ ਦਿਨ ਤੂੰ ਵੀ ਇਸ ਬਿਰਛ ਤੋਂ ਕਾਲ ਰੂਪ ਦਿਨ ਚੜ੍ਹਨ ਨਾਲ ਉਡ ਜਾਵੇਂਗਾ)

Digitized by Panjab Digital Library | www.panjabdigilib.org

**ਰਾਮ ਰਸੁ ਪੀਆ ਰੇ ॥ ਜਿਹ ਰਸ ਬਿਸਰਿ ਗਏ ਰਸ ਅਉਰ ॥ ੧ ॥ ਰਹਾਉ ॥**

ਹੇ ਭਾਈ ! ਮੈਂ ਵਾਹਿਗੁਰੂ ਰੂਪ ਸੁਆਦੀ ਅੰਮ੍ਰਿਤ ਪੀਤਾ ਹੈ (ਵਾ ਤੂੰ ਪੀ) ਜਿਸ ਕਰਕੇ ਹੋਰ ਰਸ ਸਾਰੇ ਪੀਣੇ ਭੁੱਲ ਗਏ ਹਨ।

**ਅਉਰ ਮੂਏ ਕਿਆ ਰੋਈਐ ਜਉ ਆਪਾ ਥਿਰੁ ਨ ਰਹਾਇ ॥ ਜੋ ਉਪਜੈ ਸੋ ਬਿਨਸਿ ਹੈ ਦੁਖੁ ਕਰਿ ਰੋਵੈ ਬਲਾਇ ॥ ੨ ॥**

ਜਦ ਕਿ ਆਪ ਹੀ ਇਸਥਿਤਿ ਨਹੀਂ ਰਹਿਣਾ ਤਾਂ ਹੋਰਨਾਂ ਦੇ ਮਰਨੇ ਪਰ ਕੀ ਰੋਈਏ? ਜੋ ਉਪਜਿਆ ਹੈ ਨਾਸ ਹੋਣਾ ਹੀ ਹੈ, ਇਸ ਲਈ ਦੁਖ ਮੰਨਕੇ ਮੇਰੀ ਬਲਾ ਰੋਂਦੀ ਹੈ।

**ਜਹ ਕੀ ਉਪਜੀ ਤਹ ਰਚੀ ਪੀਵਤ ਮਰਦਨ ਲਾਗ ॥ ਕਹਿ ਕਬੀਰ ਚਿਤਿ ਚੇਤਿਆ ਰਾਮ ਸਿਮਰਿ ਬੈਰਾਗ ॥ ੩ ॥ ੨ ॥ ੧੩ ॥ ੬੪ ॥**

ਮਰਦਨ = ਮਲਣਾ ਜਾਂ ਸੰਤ।

ਜਿਥੋਂ ਇਸਦੀ ਦੇਹ ਉਪਜੀ ਸੀ, ਉਸਨੂੰ ਹੀ ਭੋਗਣ ਵਿੱਚ ਇਸਦੀ ਬਿਰਤੀ ਰਚੀ ਹੈ ਅਤੇ ਜਿਨ੍ਹਾਂ ਵਿਚੋਂ ਦੁਧ ਪੀਂਦਾ ਸੀ,ਓਨ੍ਹਾਂ ਨੂੰ ਮਲਣ ਲੱਗਾ ਹੈ, ਵਾ ਜਿਸ ਵਾਹਿਗੁਰੂ ਤੋਂ ਜੀਵ ਕਲਾ ਵੱਖਰੀ ਹੋਈ ਸੀ, ਉਸ ਨਾਲ ਹੀ ਮਿਲ ਗਈ ਸੋ ਮਰਦਨ = ਮਰਦਾਂ ਸੰਤਾਂ ਨਾਲ ਮਿਲਕੇ ਨਾਮ ਅੰਮ੍ਰਿਤ ਪੀ।

ਕਬੀਰਜੀ ਕਹਿੰਦੇ ਹਨ ਮੈਂ ਤਾਂ ਵਾਹਿਗੁਰੂ ਨੂੰ ਯਾਦ ਕੀਤਾ ਅਤੇ ਤੂੰ ਵੀ ਵਾਹਿਗੁਰੂ ਨੂੰ ਵੈਰਾਗ ਕਰਕੇ ਯਾਦ ਕਰ।

**ਰਾਗੁ ਗਉੜੀ ॥ *ਪੰਥੁ ਨਿਹਾਰੈ ਕਾਮਨੀ ਲੋਚਨ ਭਰੀ ਲੇ ਉਸਾਸਾ ॥ ਉਰ ਨ ਭੀਜੈ ਪਗੁ ਨ ਖਿਸੈ ਹਰਿ ਦਰਸਨ ਕੀ ਆਸਾ ॥ ੧ ॥**

ਪੰਥ = ਰਸਤਾ। ਨਿਹਾਰੈ ਵੇਖੈ। ਕਾਮਨੀ = ਇਸਤ੍ਰੀ।
ਲੋਚਨ = ਨੇਤਰ। ਉਰ = ਰਿਦਾ। ਖਿਸੈ = ਖਿਸਕੇ।

ਜਿਕੁਰ ਇਸਤਰੀ ਨੇਤਰ ਭਰਕੇ ਉੱਭੇ ਸਾਹ ਲੈਂਦੀ ਹੈ,ਪਤੀਦਾਰਸਤਾ ਵੇਖਦੀ ਹੈ ਅਤੇ ਰਿਦਾ ਪਰੇਮ ਨਾਲ ਭਿਜਦਾ ਨਹੀਂ ਅਤੇ ਪੈਰ ਖਿਸਕਦਾ

*ਪ੍ਰੋਖਤ ਪਤਿਕਾ ਨਾਇਕ੍ਰਾ ਵਾਂਗੂ ਆਪਣਾ ਪ੍ਰੇਮ ਪ੍ਰਗਟ ਕਰਦੇ ਹਨ।

Digitized by Panjab Digital Library | www.panjabdigilib.org

ਨਹੀਂ ਹੈ,ਕਿਉਂਕਿ ਵਾਹਿਗੁਰੂ ਪਤੀ ਦੀ ਜਗਿਆਸੂ ਨੂੰ ਆਸਾ ਹੈ ਭਾਵ ਜਿੱਕੁਰ ਪਤਿਬ੍ਰਤਾ ਇਸਤ੍ਰੀ ਦਾ ਮਨ ਹੋਰ ਪਤੀ ਦੇ ਨਾਲ ਨਹੀਂ ਲਗਦਾ, ਇੱਕੁਰ ਹੀ ਜਗਿਆਸੂ ਦਾ ਦੇਵੀ ਦੇਵਤਿਆਂ ਵਲ ਮਨ ਨਹੀਂ ਲਗਦਾ !

**ਉਡਹੁ ਨ ਕਾਗਾ ਕਾਰੇ ॥ ਬੇਗਿ ਮਿਲੀਜੈ ਅਪੁਨੇ ਰਾਮ ਪਿਆਰੇ ॥ ੧ ॥ ਰਹਾਉ ॥**

ਕਾਰੇ = ਕਾਲੇ। ਬੇਗਿ = ਛੇਤੀ।

ਜਿੱਕੁਰ ਇਸਤ੍ਰੀ ਆਖਦੀ ਹੈ ਕਿ ਹੇ ਕਾਲਿਓ ਕਾਓਂ ! ਤੁਸੀ ਉਡਦੇ ਨਹੀਂ ਭਾਵ ਉੱਡੋ,ਕਿਉਂਕਿ ਮੈਂ ਆਪਣੇ ਵਾਹਿਗੁਰੂ ਪਿਆਰੇ ਨੂੰ ਛੇਤੀ ਮਿਲਾਂ, ਤਿੱਕੁਰ ਹੀ ਜਗਿਆਸੂ ਆਖਦਾ ਹੈ ਹੇ ਕਾਲਿਓਪਾਪੋ, ਦੂਰ ਹੋ ਜਾਵੋ।

**ਕਹਿ ਕਬੀਰ ਜੀਵਨ ਪਦ ਕਾਰਨਿ ਹਰਿ ਕੀ ਭਗਤਿ ਕਰੀਜੈ ॥ ਏਕੁ ਆਧਾਰੁ ਨਾਮ ਨਾਰਾਇਨ ਰਸਨਾ ਰਾਮੁ ਰਵੀਜੈ ॥ ੨ ॥ ੧ ॥ ੧੪ ॥ ੬੫ ॥**

ਰਵੀਜੈ–ਉਚਾਰੀਏ।

ਕਬੀਰ ਜੀ ਕਹਿੰਦੇ ਹਨ ਜੀਵਨ (ਪਦ) ਮੁਕਤੀ ਵਾਸਤੇ ਵਾਹਿਗੁਰੂ ਦੀ ਭਗਤੀ ਕਰੀਏ। ਮਨ ਨੂੰ ਇਕ ਨਾਮ ਦਾ ਆਸਰਾ ਦੇਈਏ ਅਤੇ ਰਸਨਾ ਕਰਕੇ ਵੀ ਵਾਹਿਗੁਰੂ ਨੂੰ ਉਚਾਰੀਏ।

**ਰਾਗੁ ਗਉੜੀ ੧੧ ॥ *ਆਸ ਪਾਸ ਘਨ ਤੁਰਸੀ ਕਾ ਬਿਰਵਾ ਮਾਝ ਬਨਾਰਸਿ ਗਾਊ ਰੇ ॥ ਉਆ ਕਾ ਸਰੂਪੁ ਦੇਖਿ ਮੋਹੀ ਗੁਆਰਨਿ ਮੋਕਉ ਛੋਡਿ ਨ ਆਉ ਨ ਜਾਹੂ ਰੇ ॥ ੧ ॥**

{ ਘਨ=ਬਹੁਤਾ। ਤੁਰਸੀ=ਤੁਲਸੀ। ਬਿਰਵਾ=ਬੂਟਾ। ਬਨਾਰਸਿ=ਕਾਂਸ਼ੀ ਵਾ ਬਣਿਆ ਹੋਇਆਰਸ ਵ ਬਰਸਾਨਾਪਿੰਡ.(ਦੂਜਾ)ਤੁਰਸੀ=ਤੁਲਤਾ, ਏਕਤਾ। ਬਰਸਾਨਾ=ਰਿਦਾ। ਗੁਆਰਨਿ=ਗੁਆਲਨ, ਰਾਧਕਾਂ, ਬੁੱਧੀ। }

* ਬਿੰਦਰਾਬਨ ਅਤੇ ਮਥੁਰਾ ਦੇ ਪਾਸ ਓਹ ਬਰਸਾਨਾ ਹੈ, ਅਸਲ ਵਿਚ ਬਨਾਰਸ ਹੈ, ਪਰ ਏਹ ਲਫ਼ਜ਼ ਇਸ ਮੌਕੇ ਦੇ ਮੁਤਾਬਕ ਨਹੀਂ ਹੈ। ਬਨਾਰਸ ਗਾਉਂ ਇੱਕੁਰ ਵੀ ਪੜ੍ਹਿਆ ਜਾਂਦਾ ਹੈ, ਜਿਸਦੇ ਅਰਥ ਹਨ ਕਿ ਝਾੜੀਆਂ ਵਿਚ ਇਕ ਆਲ੍ਹਾ ਪਿੰਡ ਬਣਾਇਆ ਗਿਆ ਹੈ।

Digitized by Panjab Digital Library | www.panjabdigilib.org

ਲਾਂਭੇ ਚਾਂਭੇ ਏਕਤਾ ਦਾ ਸੰਘਣਾ ਬੂਟਾ ਹੈ ਅਤੇ ਵਿਚ ਬਨਾਰਸਿ ਗਰਾਉਂ ਹੈ, ਉਸ ਸਤਿਸੰਗ ਵਿੱਚ ਜੋ ਵਾਹਿਗੁਰੂ ਹੈ। ਉਸਦਾ ਰੂਪਵੇਖਕੇ ਬੁਧੀ ਮੋਹਤ ਹੋ ਗਈ ਹੈ ਅਤੇ ਆਖਦੀ ਹੈ ਹੇ ਵਾਹਿਗੁਰੂ ! ਮੈਨੂੰ ਛੱਡ ਨਾ ਅਤੇ ਨਾ ਕਿਧਰੇ ਆ ਜਾਹ, ਮੈਂ ਚੁਰਾਸੀ ਵਿਚ ਨਾ ਆ ਜਾਵਾਂ।

**ਤੋਹਿ ਚਰਨ ਮਨੁ ਲਾਗੋ ਸਾਰਿੰਗਧਰ ਸੋ ਮਿਲੈ ਜੋ ਬਡ ਭਾਗੋ ॥੧ ਰਹਾਉ ॥**

ਸਾਰਿੰਗਧਰ=ਧਨੁਖ ਧਾਰਨ ਵਾਲਾ ਵਾਹਿਗੁਰੂ।

ਹੇ ਵਾਹਿਗੁਰੂ ! ਮੇਰਾ ਮਨ ਤੇਰੇ ਚਰਨਾਂ ਵਿੱਚ ਲਗਾ ਹੈ, ਤੈਨੂੰ ਸੋ ਮਿਲਦਾ ਹੈ ਜਿਸਦੇ ਵੱਡੇ ਭਾਗ ਹੁੰਦੇ ਹਨ।

**ਬਿੰਦ੍ਰਾਬਨ ਮਨ ਹਰਨ ਮਨੋਹਰ ਕ੍ਰਿਸਨ ਚਰਾਵਤ ਗਾਊ ਰੇ ॥*ਜਾਕਾ ਠਾਕੁਰੁ ਤੁਹੀ ਸਾਰਿੰਗਧਰ ਮੋਹਿ ਕਬੀਰਾ ਨਾਊ ਰੇ॥ ੨ ॥ ੨ ॥ ੧੫॥ ੬੬ ॥**

{ ਬਿੰਦ੍ਰਾਬਨ = ਬਾਗ, ਸਤਸੰਗ ਵ ਰਿਦਾ। ਮਨੋਹਰ=ਸੁੰਦਰ। ਕ੍ਰਿਸਨ=ਚੇਤਨ ਸਾਖੀ,ਵਾਹਿਗੁਰੂ। ਗਾਊ = ਗਾਈਆਂ, ਇੰਦ੍ਰੀਆਂ। ਸਾਰਿੰਗਧਰ = ਧਨੁਖਧਾਰੀ। }

ਸਤਸੰਗ ਸੁੰਦਰ ਮਨ ਦੇ ਹਰਨ ਵਾਲਾ ਹੈ ਅਤੇ ਵਿੱਚ ਵਾਹਿਗੁਰੂ ਸੰਤਾਂ ਦੀਆਂ ਇੰਦ੍ਰੀਆਂ ਕੰਨਾਂ ਆਦਿਕਾਂ ਨੂੰ ਚਰਾਉਂਦਾ ਕੀ ਭਲੇ ਬੰਨੇ ਵੱਲ ਲਾਉਂਦਾ ਹੈ। ਹੇ ਵਾਹਿਗੁਰੂ ! ਜਿਸ ਮੈਂ ਦਾਸ ਦਾ ਤੂੰ ਠਾਕਰ ਹੈਂ ਅਤੇ ਮੇਰਾ ਨਾਉਂ ਕਬੀਰ ਹੈ।

---

*ਸ੍ਰੀ ਯੁਤ ਮੈਕਾਲਿਫ ਸਾਹਿਬ ਜੀ ਨੇ ਇਸ ਸ਼ਬਦ ਦਾ ਅਰਥ ਇੱਕੁਰ ਕੀਤਾਹੈ:—"ਮਿੱਠੀ ਸੁਗੰਧ ਵਾਲੀ ਨਿਆਜ਼ ਬੋ ਦੀਆਂ ਬਹੁਤ ਸਾਰੀਆਂ ਝਾੜੀਆਂ ਹਨ,ਉਨ੍ਹਾਂਦੇ ਵਿੱਚ ਨੇੜੇ ਬਰਸਾਨੇ ਦਾ ਪਿੰਡ ਹੈ, ਗ੍ਵਾਲਨਿ ਰਾਧਾ ਕ੍ਰਿਸ਼ਨ ਦੀ ਖ਼ੂਬਸੂਰਤੀ ਨੂੰ ਦੇਖਕੇ ਉਸ ਤੇ ਮੋਹਤ ਹੋ ਗਈ, ਕਹਿੰਦੀ ਹੈ "ਮੈਨੂੰ ਨਾ ਛੱਡ ਅਤੇ ਏਧਰ ਓਧਰ ਨਾ ਜਾਹ ਤੇ ਮੇਰਾ ਚਿੱਤ ਤੇਰੇ ਚਰਨਾਂ ਨਾਲ ਲੱਗਾ ਹੋਇਆ ਹੈ, ਓ ਕਮਾਨ ਵਾਲੇ ! ਓਹ ਬੜੀ ਖੁਸ਼ ਕਿਸਮਤਵਾਲੀ ਹੈ ਜੇੜ੍ਹੀ ਤੈਨੂੰ ਮਿਲਦੀ ਹੈ, ਬਿੰਦ੍ਰਾਬਨ ਮਨ ਨੂੰ ਹਰ ਲੈਣ ਵਾਲਾ ਹੈ, ਜਿੱਥੇ ਮਨ ਮੋਹ ਲੈਣ ਵਾਲਾ ਕ੍ਰਿਸ਼ਨ ਗਊਆਂ ਚਰਾਉਂਦਾ ਹੈ, ਕਿਉਂਕਿ ਤੂੰ ਮੇਰਾ ਮਾਲਕ ਹੈਂ, ਓ ਕਮਾਨ ਵਾਲੇ ! ਤੇਰਾ ਨਾਮ ਵੱਡਾ ਹੈ।" (ਸਿੱਟਾ) ਮੂਰਤੀ ਪੂਜਣ ਵਾਲੇ ਅਤੇ ਸੰਨਿਆਸੀਆਂ ਦੀ ਭਗਤੀ ਬੇ ਫਾਇਦਾ ਹੈ।

Digitized by Panjab Digital Library | www.panjabdigilib.org

(ਪਾਖੰਡ ਖੰਡਨ)

**ਗਉੜੀ ਪੂਰਬੀ ੧੨ ॥ ਬਿਪਲ ਬਸਤ੍ਰ ਕੇਤੇ ਹੈ ਪਹਿਰੇ ਕਿਆ ਬਨ ਮਧੇ ਬਾਸਾ ॥ ਕਹਾ ਭਇਆ ਨਰ ਦੇਵਾ ਧੋਖੇ ਕਿਆ ਜਲਿ ਬੋਰਿਓ ਗਿਆਤਾ ॥ ੧ ॥**

{ ਬਿਪਲ=ਦਰਖਤਾਂ ਦੇ ਪੱਤਰਾਂ ਦੇ ਕੱਪੜੇ ਧੋਖੇ=ਪੂਜਿਆ ਵਾ ਦੇਵਤਿਆਂ ਨੂੰ ਧੋਖੇ ਦਿੱਤੇ। ਗਿਆਤਾ=ਸਰੀਰ ਵ ਗਿਆਤ। }

ਕਿੰਨੇ ਸਾਰੇ ਬਿਪਲਾਂ ਦੇ ਕੱਪੜੇ ਪਾਉਂਦੇ ਹਨ ਅਤੇ ਜੰਗਲਾਂ ਵਿੱਚ ਵਸਣਾ ਕਰਦੇ ਹਨ ਤਾਂ ਕੀ ਹੋਇਆ? ਭਾਵ ਨਿਸਫਲ। ਕੀ ਹੋਇਆ ਜੇ ਆਦਮੀ ਦੇਵਤਿਆਂ ਨੂੰ ਪੂਜਦਾ ਰਿਹਾ ਅਤੇ ਕੀ ਹੈ ਜੋ ਸਮਝ ਕਰਕੇ ਪਾਣੀ ਵਿੱਚ ਸਰੀਰ ਨੂੰ ਡੋਬਦਾ ਰਿਹਾ, ਭਾਵ ਤੀਰਥਾਂ ਤੇ ਨ੍ਹਾਉਂਦਾ ਫਿਰਿਆ,

**ਜੀਅਰੇ ਜਾਹਿਗਾ ਮੈ ਜਾਨਾ ॥ ਅਬਿਗਤੁ ਸਮਝੁ ਇਆਨਾ ॥ ਜਤ ਜਤ ਦੇਖਉ ਬਹੁਰਿ ਨ ਪੇਖਉ ਸੰਗਿ ਮਾਇਆ ਲਪਟਾਨਾ ॥ ੧ ॥ ਰਹਾਉ ॥**

ਅਬਿਗਤ=ਜਿੱਥੇ ਨਾ ਪਰਾਪਤੀ ਹੋਵੇ।

ਹੇ ਜੀਆ! ਤੂੰ ਮਰ ਜਾਵੇਂਗਾ ਮੈਂ ਜਾਣਿਆ ਹੈ, ਨਹੀਂ ਤਾਂ ਹੇ ਇਆਣੇ! ਵਾਹਿਗੁਰੂ ਨੂੰ ਸਮਝੁ = ਯਾਦ ਕਰ। ਹੇ ਜੀਵ! ਜਿਧਰ ਤੂੰ ਵੇਖ ਰਿਹਾ ਹੈਂ ਫਿਰ ਕੁਝ ਦਿਨਾਂ ਤੱਕ ਨਾ ਵੇਖੇਂਗਾ, ਹਾਇ ਅਫਸੋਸ! ਨਾਸ ਰੂਪ ਮਾਇਆ ਨਾਲ ਚੰਬੜ ਗਿਆ ਹੈਂ।

**ਗਿਆਨੀ ਧਿਆਨੀ ਬਹੁ ਉਪਦੇਸੀ ਇਹੁ ਜਗੁ ਸਗਲੋ ਧੰਧਾ ॥ ਕਹਿ ਕਬੀਰ ਇਕ ਰਾਮ ਨਾਮ ਬਿਨੁ ਇਆ ਜਗੁ ਮਾਇਆ ਅੰਧਾ ॥ ੨ ॥ ੧ ॥ ੧੬ ॥ ੬੭ ॥**

ਗਿਆਨੀ ਧਿਆਨੀ ਅਤੇ ਬਹੁਤ ਉਪਦੇਸ਼ ਦੇਣ ਵਾਲੇ ਇਹ ਸਾਰੇ ਹੀ ਜਗਤ ਵਿੱਚ ਧੰਧਾ ਪਿੱਟ ਰਹੇ ਹਨ। ਕਬੀਰ ਜੀ ਕਹਿੰਦੇ ਹਨ ਇਕ ਵਾਹਿਗੁਰੂ ਦੇ ਨਾਮ ਤੋਂ ਬਿਨਾ ਇਸ ਜਗਤ ਨੂੰ ਮਾਇਆ ਨੇ ਅੰਨ੍ਹਾ ਕਰ ਛੱਡਿਆ ਹੈ।

(ਉਪਦੇਸ਼)

**ਗਉੜੀ ੧੨ ॥ ਮਨ ਰੇ ਛਾਡਹੁ ਭਰਮੁ ਪ੍ਰਗਟੁ ਹੋਇ ਨਾਚਹੁ ਇਆ ਮਾਇਆ ਕੇ ਡਾਂਡੇ ॥ ਸੂਰੁ ਕਿ ਸਨਮੁਖ ਰਨ ਤੇ ਡਰਪੈ ਸਤੀ ਕਿ ਸਾਂਚੈ ਭਾਂਡੇ ॥ ੧ ॥**

Digitized by Panjab Digital Library | www.panjabdigilib.org

ਡਾਂਡੇ=ਜਿਨੂੰ ਜੁਰਮਾਨਾ ਹੋਇਆ ਹੋਵੇ। ਸੂਰ=ਸੂਰਮਾ। ਸਾਂਚੈ=ਇਕੱਠੇ।

ਹੇ ਮਨ ਇਸ ਮਾਇਆਦੇ ਵੱਸ ਹੋਏ! ਭਰਮ ਛੱਡਕੇ ਪਰਗਟ ਹੋਕੇ ਨੱਚ, ਭਾਵ ਨਾਮ ਜਪ। ਸੋ ਸੂਰਮਾ ਕੀ ਹੈ, ਜੇਹੜਾ ਰਣ ਦੇ ਸਾਹ-ਮਣੇ ਹੋਕੇ ਡਰ ਪਏ ਅਤੇ ਸੋ ਸਤੀ ਕੀ ਹੈ ਜੇਹੜੀ ਪਤੀ ਦੇ ਨਾਲ ਸੜਨ ਸਮੇਂ ਭਾਂਡੇ ਸੰਭਾਲਨ ਲਗ ਪਏ?

**ਡਗਮਗ ਛਾਡਿ ਰੇ ਮਨ ਬਉਰਾ ॥ ਅਬ ਤਉ ਜਰੇ ਮਰੇ ਸਿਧਿ ਪਾਈਐ ਲੀਨੋ ਹਾਥਿ ਸੰਧਉਰਾ ॥ ੧ ॥ ਰਹਾਉ ॥**

ਡਗ=ਕਦਮ ਵਾ ਵਿੰਗੇ। ਮਗ=ਰਸਤਾ। ਸੰਧਉਰਾ=ਨਾਰੀਏਲ ਵਾ ਖੰਡਾ।

ਹੇ ਮਨ ਬੌਰੇ! ਡਾਵਾਂ ਡੋਲ ਹੋਣਾ ਛੱਡ ਦੇਹ। ਹੁਣ ਤਾਂ ਸਤੀ ਵਾਕੁਰ ਸੜਿਆਂ ਹੋਇਆਂ ਅਤੇ ਸੂਰਮੇ ਵਾਕੁਰ ਮਰਿਆਂ ਹੋਇਆਂ ਹੀ ਮੁਕਤੀ ਪਾਈ ਜਾਵੇਗੀ, ਕਿਉਂਕਿ ਹਥ ਵਿਚ ਵੈਰਾਗ ਰੂਪ ਨਰੀਏਲ ਅਤੇ ਗਯਾਨ ਰੂਪ ਖੰਡਾ ਜੋ ਫੜ ਲਿਆ ਹੈ।

**ਕਾਮ ਕ੍ਰੋਧ ਮਾਇਆ ਕੇ ਲੀਨੇ ਇਆ ਬਿਧਿ ਜਗਤੁ ਬਿਗੂਤਾ॥ਕਹਿ ਕਬੀਰ ਰਾਜਾਰਾਮ ਨ ਛੋਡਉ ਸਗਲ ਊਚ ਤੇ ਊਚਾ ॥ ੨ ॥ ੨ ॥ ੧੭ ॥ ੬੮ ॥**

ਲੀਨੇ = ਲੀਨ ਵ ਲੈਣ ਵਾਸਤੇ। ਬਿਗੂਤਾ = ਖਰਾਬ ਹੋਣਾ।

ਕਾਮ ਕਰੋਧ ਮਾਇਆ ਵਿੱਚ ਫਸਿਆ ਹੋਇਆ ਇੱਕੁਰ ਦੀ ਰੀਤੀ ਕਰਕੇ ਜਗਤ ਖਰਾਬ ਹੋ ਰਿਹਾ ਹੈ। ਕਬੀਰ ਜੀ ਕਹਿੰਦੇ ਹਨ, ਮੈਂ ਵਾਹਿਗੁਰੂ ਦਾ ਨਾਮ ਨਾ ਛੱਡਾਂਗਾ, ਕਿਉਂਕਿ ਸਭ ਉਚਿਆਂ ਤੋਂ ਉੱਚਾ ਹੈ।

(ਸਨਮੁਖ ਬੇਨਤੀ)

**ਗਉੜੀ ੧੩ ॥ ਫੁਰਮਾਨੁ ਤੇਰਾ ਸਿਰੈ ਊਪਰਿ ਫਿਰਿ ਨ ਕਰਤ ਬੀਚਾਰ ॥ ਤੁਹੀ ਦਰੀਆ ਤੁਹੀ ਕਰੀਆ ਤੁਝੈ ਤੇ ਨਿਸਤਾਰ ॥ ੧ ॥**

ਕਰੀਆ = ਮਲਾਹ।

ਹੇ ਵਾਹਿਗੁਰੂ! ਤੇਰਾ ਹੁਕਮ ਮੈਂ ਸਿਰ ਤੇ ਮੰਨਦਾ ਹਾਂ ਅਤੇ ਫੇਰ ਮੈਂ ਚਿੱਤ ਵਿੱਚ ਵਿਚਾਰ ਨਹੀਂ ਕਰਦਾ ਕਿ ਏਹ ਠੀਕ ਨਹੀਂ। ਤੂੰਹੇਂ ਹੀ ਦਰਿਆ ਹੈਂ ਅਤੇ ਤੂੰਹੇਂ ਹੀ ਮਲਾਹ ਹੈਂ ਅਤੇ ਤੇਰੇ ਪਾਸੋਂ ਹੀ ਮੇਰਾ ਨਿਸਤਾਰਾ ਹੈ।

Digitized by Panjab Digital Library | www.panjabdigilib.org

ਬੰਦੇ ਬੰਦਗੀ ਇਕਤੀਆਰੁ ॥ ਸਾਹਿਬੁ ਰੋਸੁ ਧਰਉ ਕਿ ਪਿਆਰੁ ॥ ੧ ॥ ਰਹਾਉ ॥

ਹੇ ਬੰਦੇ! ਬੰਦਗੀ ਨੂੰ ਇਖਤਿਆਰ ਕਰ। ਵਾਹਿਗੁਰੂ ਚਾਹੇ ਗੁੱਸਾ ਧਰੇ, ਚਾਹੇ ਪਿਆਰ।

ਨਾਮੁ ਤੇਰਾ ਆਧਾਰੁ ਮੇਰਾ ਜਿਉ ਫੂਲੁ ਜਈਹੈ ਨਾਰਿ ॥ ਕਹਿ ਕਬੀਰ ਗੁਲਾਮੁ ਘਰ ਕਾ ਜੀਆਇ ਭਾਵੈ ਮਾਰਿ ॥ ੨ ॥ ੧੮ ॥ ੬੯ ॥

ਜਈ – ਪੁਤ੍ਰ, ਜਾਇਆ ਹੋਇਆ।

ਤੇਰਾ ਨਾਮ ਮੇਰਾ ਇੱਕੁਰ ਦਾ ਆਸਰਾ ਹੈ,ਜਿੱਕੁਰ ਪੁਤਰ ਨੂੰ ਵੇਖਕੇ ਇਸਤ੍ਰੀ ਫੁਲ ਜਾਂਦੀ ਹੈ ਵਾ ਪਾਣੀ ਨੂੰ ਵੇਖਕੇ ਜਿਕੁਰ ਬੂਟੀ ਫੁਲ ਜਾਂਦੀ ਹੈ।

ਕਬੀਰ ਜੀ ਕਹਿੰਦੇ ਹਨ ਮੈਂ ਆਪ ਦੇ ਘਰ ਦਾ ਗੁਲਾਮ ਹਾਂ, ਚਾਹੇ ਜੀਵਾਵੋ ਚਾਹੇ ਮਾਰੋ।

ਗਉੜੀ ੫ ॥ ਲਖ ਚਉਰਾਸੀਹ ਜੀਅ ਜੋਨਿ ਮਹਿ ਭ੍ਰਮਤ ਨੰਦੁ ਬਹੁ ਥਾਕੋ ਰੇ ॥ ਭਗਤਿ ਹੇਤਿ ਅਵਤਾਰੁ ਲੀਓ ਹੈ ਭਾਗੁ ਬਡੋ ਬਪੁਰਾ ਕੋ ਰੇ ॥ ੧ ॥

ਨੰਦ = ਕ੍ਰਿਸ਼ਨ ਦਾ ਪਿਉ।ਹੇਤਿ = ਪਰੇਮ, ਵਾਸਤੇ।

ਚੁਰਾਸੀ ਲੱਖ ਜੀਆ ਜੂਨ ਵਿਚ ਫਿਰਦਾ ਹੋਇਆ ਨੰਦ ਬਹੁਤ ਥੱਕ ਗਿਆ ਹੈ(ਰੇ)। ਭਗਤੀ ਵਾਸਤੇਅਵਤਾਰਲਿਆ ਹੈ,ਉਸਦਾਭਾਗਵਡਾਹੈ।

ਤੁਮ ਜੋ ਕਹਤ ਹਉ ਨੰਦ ਕੋ ਨੰਦਨੁ ਨੰਦ ਸੁ ਨੰਦਨੁ ਕਾਕੋ ਰੇ ॥ ਧਰਨਿ ਅਕਾਸੁ ਦਸੋ ਦਿਸ ਨਾਹੀ ਤਬ ਇਹੁ ਨੰਦੁ ਕਹਾ ਥੋ ਰੇ ॥ ੧ ॥ ਰਹਾਉ ॥

ਨੰਦ = ਕ੍ਰਿਸ਼ਨ ਦਾ ਪਿਉ ਨੰਦਨੁ = ਪੁਤ।

ਤੁਸੀ ਜੋ ਕਹਿੰਦੇ ਹੋ ਕ੍ਰਿਸ਼ਨ ਨੰਦਦਾ ਪੁਤ੍ਰ ਹੈ ਤੇ ਨੰਦ ਕਿਸਦਾ ਪੁਤ੍ਰ ਸੀ? ਧਰਤੀ ਅਕਾਸ਼ ਦਸੇ ਹੀ ਦਿਸ਼ਾਂ ਜਦ ਨਹੀਂ ਸਨ ਤਦ ਇਹ ਨੰਦ ਕਿੱਥੇ ਸੀ?

ਸੰਕਟਿ ਨਹੀ ਪਰੈ ਜੋਨਿ ਨਹੀ ਆਵੈ ਨਾਮੁਨਿਰੰਜਨ ਜਾਕੋ ਰੇ ॥ ਕਬੀਰ ਕੋ ਸੁਆਮੀ ਐਸੋ ਠਾਕੁਰੁ ਜਾਕੈ ਮਾਈ ਨ ਬਾਪੋ ਰੇ ॥ ੨ ॥ ੧੯ ॥ ੭੦ ॥

Digitized by Panjab Digital Library | www.panjabdigilib.org

ਸੰਕਟਿ – ਦੁਖ। ਨਿਰੰਜਨ = ਮਾਇਆ ਰਹਿਤ।

ਦੁਖ ਪੈਂਦਾ ਨਹੀਂ ਜੂਨੀਆਂ ਵਿੱਚ ਆਉਂਦਾ ਨਹੀਂ, ਜਿਸ ਵਾਹਿਗੁਰੂ ਦਾ ਨਾਮ ਨਿਰੰਜਨ ਹੈ। ਕਬੀਰ ਦਾ ਸੁਆਮੀ ਠਾਕਰ ਇੱਕੁਰ ਦਾ ਹੈ ਕਿ ਜਿਸਦਾ ਮਾਈ ਨ ਬਾਪ ਹੈ।

(ਨਿੰਦਕ ਨੂੰ ਸਿੱਖਿਆ)

**ਗਉੜੀ॥ ਨਿੰਦਉ ਨਿੰਦਉ ਮੋਕਉ ਲੋਗੁ ਨਿੰਦਉ॥ ਨਿੰਦਾ ਜਨ ਕਉ ਖਰੀ ਪਿਆਰੀ॥ ਨਿੰਦਾ ਬਾਪੁ ਨਿੰਦਾ ਮਹਿਤਾਰੀ ॥ ੧ ॥ ਰਹਾਉ ॥**

ਖਰੀ = ਹੱਛੀ। ਮਹਤਾਰੀ=ਮਾਂ।

ਹੇ ਲੋਕੋ ! ਮੈਨੂੰ ਨਿੰਦੋ ਨਿੰਦੋ ਨਿੰਦੋ ਨਿੰਦਾ ਦਾਸ ਨੂੰ ਬਾਹਲੀ ਪਿਆਰੀ ਹੈ, ਨਿੰਦਾ ਹੀ ਬਾਪ ਹੈ, ਨਿੰਦਾ ਹੀ ਮਾਂ ਹੈ।

**ਨਿੰਦਾ ਹੋਇ ਤ ਬੈਕੁੰਠਿ ਜਾਈਐ॥ ਨਾਮੁ ਪਦਾਰਥੁ ਮਨਹਿ ਬਸਾਈਐ॥ ਰਿਦੈ ਸੁਧ ਜਉ ਨਿੰਦਾ ਹੋਇ॥ ਹਮਰੇ ਕਪਰੇ ਨਿੰਦਕੁ ਧੋਇ॥ ੧ ॥**

ਨਿੰਦਾ ਹੋਵੇ ਤਾਂ ਬੈਕੁੰਠ ਜਾਈਦਾ ਹੈ, ਅਤੇ ਨਾਮ ਪਦਾਰਥ ਨੂੰ ਮਨ ਵਿਚ ਵਸਾਈਦਾ ਹੈ। ਰਿਦੇ ਸੁਧ ਵਾਲੇ ਦੀ ਜੇ ਨਿੰਦਾ ਹੋਵੇ ਤਾਂ ਸਾਡੇ ਕਪੜੇ ਨਿੰਦਕ ਧੋਂਦਾ ਹੈ ਭਾਵ ਓਹਨੂੰ ਪਾਪ ਲੱਗਦੇ ਹਨ।

**ਨਿੰਦਾ ਕਰੈ ਸੁ ਹਮਰਾ ਮੀਤੁ ॥ ਨਿੰਦਕ ਮਾਹਿ ਹਮਾਰਾ ਚੀਤੁ ॥ ਨਿੰਦਕੁ ਸੋ ਜੋ ਨਿੰਦਾ ਹੋਰੈ ॥ ਹਮਰਾ ਜੀਵਨੁ ਨਿੰਦਕੁ ਲੋਰੈ॥ ੨ ॥**

ਹੋਰੈ = ਹਟਾਵੈ।

ਜੇਹੜਾ ਨਿੰਦਾ ਕਰੇ ਸੋ ਸਾਡਾ ਮਿੱਤਰ ਹੈ। ਨਿੰਦਕ ਵਿਚ ਸਾਡਾ ਚਿੱਤ ਹੈ। ਨਿੰਦਕ ਸੋ ਹੈ ਜੇਹੜਾ, ਨਿੰਦਾ ਨੂੰ ਮੋੜੇ ਭਾਵ ਨਿੰਦਿਆ ਨਾ ਕਰਨ ਦੇਵੇ। ਨਿੰਦਕ ਸਾਡਾ ਜੀਊਣਾ ਲੋੜਦਾ ਹੈ।

**ਨਿੰਦਾ ਹਮਰੀ ਪ੍ਰੇਮ ਪਿਆਰੁ ॥ ਨਿੰਦਾ ਹਮਰਾ ਕਰੈ ਉਧਾਰੁ॥ ਜਨ ਕਬੀਰ ਕਉ ਨਿੰਦਾ ਸਾਰੁ ॥ ਨਿੰਦਕੁ ਡੂਬਾ ਹਮ ਉਤਰੇ ਪਾਰਿ॥ ੩ ॥ ੨੦ ॥ ੭੧ ॥**

Digitized by Panjab Digital Library | www.panjabdigilib.org

ਸਾਰੁ=ਸਰੇਸ਼ਟ।

ਜੇਹੜਾ ਸਾਡੀ ਨਿੰਦਾ ਵਿਚ ਪਰੇਮ ਕਰਦਾ ਹੈ ਅਸੀ ਉਸ ਨਾਲ ਪਿਆਰ ਕਰਦੇ ਹਾਂ। ਕਿਉਂਕਿ ਨਿੰਦਾਸਾਡਾ ਉਧਾਰ ਕਰਦੀ ਹੈ।

ਦਾਸ ਕਬੀਰ ਨੂੰ ਨਿੰਦਾ ਹਛੀ ਹੈ,ਕਿਉਂਕਿ ਨਿੰਦਕ ਡੁਬ ਗਿਆ ਅਤੇ ਅਸੀ ਪਾਰ ਉਤਰ ਗਏ।

(ਬੇਨਤੀ)

**ਗਉੜੀ ॥ ਰਾਜਾ ਰਾਮ ਤੂੰ ਐਸਾ ਨਿਰਭਉ ਤਰਨ ਤਾਰਨ ਰਾਮ ਰਾਇਆ ॥ ੧ ॥ ਰਹਾਉ ॥**

ਤਰਨ=ਜਹਾਜ਼।

ਹੇ ਪਰਕਾਸ਼ਕ ਵਾਹਿਗੁਰੂ ! ਤੂੰ ਇਕੁਰ ਦਾ ਨਿਰਭੈ ਹੈਂ ਅਤੇ ਤਾਰਨ= ਜਹਾਜ਼ ਹੈਂ ।

**ਜਬ ਹਮ ਹੋਤੇ ਤਬ ਤੁਮ ਨਾਹੀ ਅਬ ਤੁਮ ਹਹੁ ਹਮ ਨਾਹੀ ॥ ਅਬ ਹਮ ਤੁਮ ਏਕ ਭਏ ਹਹਿ ਏਕੈ ਦੇਖਤ ਮਨੁ ਪਤੀਆਹੀ ॥ ੧ ॥**

ਜਦ ਸਾਡੇ ਵਿਚ ਹੰਗਤਾ ਹੁੰਦੀ ਸੀ ਤਦੋਂ ਤੁਸੀ ਸਾਡੇ ਪਾਸ ਨਹੀਂ ਆਉਂਦੇ ਸੀ, ਅਤੇ ਹੁਣ ਤੁਸੀ ਸਾਡੇ ਪਾਸ ਹੋ ਅਤੇ ਸਾਡੇ ਵਿੱਚ ਹੰਕਾਰ ਨਹੀਂ ਹੈ। ਹੁਣ ਅਸੀ ਤੁਸੀ ਇੱਕ ਹੋ ਗਏ ਹਾਂ ਅਤੇ ਸੰਸਾਰ ਨੂੰ ਵਾ ਤੈਨੂੰ ਇੱਕ ਦੇਖਦਿਆਂ ਮਨ ਪਤਿਆਇਆ ਹੈ।

**ਜਬ ਬੁਧਿ ਹੋਤੀ ਤਬ ਬਲੁ ਕੈਸਾ ਅਬ ਬੁਧਿ ਬਲੁ ਨ ਖਟਾਈ ॥ ਕਹਿ ਕਬੀਰ ਬੁਧਿ ਹਰਿ ਲਈ ਮੇਰੀ ਬੁਧਿ ਬਦਲੀ ਸਿਧਿ ਪਾਈ ॥ ੨ ॥ ੨੧ ॥ ੭੨ ॥**

ਖਟਾਈ = ਸਮਾਈ।

ਜਦੋਂ ਬੜੀ ਅਕਲ ਸੀ ਤਦੋਂ ਤੇਰੇ ਮਿਲਾਪ ਦਾ ਬਲ ਕਿੱਕੁਰ ਦਾ ਸੀ ਭਾਵ ਨਹੀਂ ਸੀ,ਹੁਣ ਬੁਧੀ ਦੇ ਬਲ ਦੀ ਸੰਸਾਰ ਵੱਲ ਸਮਾਈ ਨਹੀਂ ਹੁੰਦੀ।

ਕਬੀਰ ਜੀ ਕਹਿੰਦੇ ਹਨ ਮੇਰੀ ਅਕਲ ਵਾਹਿਗੁਰੂ ਨੇ ਖੋਹ ਲਈਭਾਵ ਆਪਣੇ ਪਾਸੇ ਲਾ ਲਈ ਜਦ ਅਕਲ ਬਦਲ ਗਈ ਤਾਂ ਸਿੱਧੀ ਪਾ ਲਈ।

**ਗਉੜੀ ॥ ਖਟ ਨੇਮ ਕਰਿ ਕੋਠੜੀ ਬਾਂਧੀ ਬਸਤੁ ਅਨੂਪੁ ਬੀਚ ਪਾਈ ॥ ਕੁੰਜੀ ਕੁਲਫੁ ਪ੍ਰਾਨ ਕਰਿ ਰਾਖੇ ਕਰਤੇ ਬਾਰ ਨ ਲਾਈ ॥ ੧ ॥**

Digitized by Panjab Digital Library | www.panjabdigilib.org

ਖਟ=ਛੇ। ਕੁਲਫੁ=ਜੰਦਾ

ਛਿਆਂ ਨੇਮਾਂ ਕਰਕੇ ਦੇਹ ਰੂਪ ਕੋਠੜੀ ਬਣੀ ਹੈ ਅਤੇ ਸੁੰਦਰ ਆਤਮ ਵਸਤੂ ਵਿਚ ਪਾਈ ਹੈ। ਚੱਕਰਾਂ ਰੂਪ ਜੰਦਰਿਆਂ ਦੇ ਖੋਲਣ ਨੂੰ ਪਰਾਣ ਰੂਪ ਕੁੰਜੀਆਂ ਕਰ ਰਖੀਆਂ ਹਨ, ਕਰਤੇ ਵਾਹਿਗੁਰੂ ਨੇ ਦੇਰ ਨਹੀਂ ਕੀਤੀ।

**ਅਬ ਮਨ ਜਾਗਤ ਰਹੁ ਰੇ ਭਾਈ ॥ ਗਾਫਲੁ ਹੋਇਕੈ ਜਨਮੁ ਗਵਾਇਓ ਚੋਰੁ ਮੁਸੈ ਘਰੁ ਜਾਈ ॥ ੧ ॥ ਰਹਾਉ ॥**

ਮੁਸੈ=ਲੁੱਟੇ।

ਹੇ ਭਾਈ ਮਨ ! ਹੁਣ ਤੂੰ ਜਾਗਦਾ ਰਹੁ। ਕਿਉਂ ਗਾਫਲ ਹੋਕੇ ਜਨਮ ਗਵੌਂਦਾ ਹੈਂ? ਕਾਮਾਦੀ ਚੋਰ ਘਰਨੂੰ ਲੁਟਦੇ ਜਾਂਦੇ ਹਨ।

**ਪੰਚ ਪਹਰੂਆ ਦਰ ਮਹਿ ਰਹਤੇ ਤਿਨ੍ਕਾ ਨਹੀ ਪਤੀਆਰਾ ॥ਚੇਤਿ ਸੁਚੇਤ ਚਿਤਹੋਇ ਰਹੁ ਤਉ ਲੈ ਪਰਗਾਸੁ ਉਜਾਰਾ ॥ ੨ ॥**

ਪੰਜ ਪਹਿਰੇ ਵਾਲੇ ਜੇਹੜੇ ਗਯਾਨ ਇੰਦਰੇ ਬੂਹੇ ਤੇ ਰਹਿੰਦੇ ਹਨ, ਤਿਨਾਂ ਦਾ ਭਰੋਸਾ ਨਹੀਂ ਕਰਨਾ। ਚਿਤਵਿਚ ਯਾਦ ਕਰਕੇ ਅਤੇ ਸੁਚੇਤ ਹੋਕੇ ਰਹੁ ਤਾਂ ਵਾਹਿਗੁਰੂ ਦੇ ਗਿਆਨ ਦਾ ਪਰਗਟ ਹੀ ਚਾਨਣ ਲੈ।

**ਨਉ ਘਰ ਦੇਖਿ ਜੁ ਕਾਮਨਿ ਭੂਲੀ ਬਸਤੁ ਅਨੂਪ ਨ ਪਾਈ ॥ ਕਹਤੁ ਕਬੀਰ ਨਵੈ ਘਰ ਮੂਸੇ ਦਸਵੈਂ ਤਤੁ ਸਮਾਈ ॥ ੩ ॥ ੨੨ ॥ ੭੩ ॥**

ਕਾਮਨਿ=ਇਸਤ੍ਰੀ। ਮੂਸੇ=ਲੁੱਟੇ।

ਜਿਨਹਾਂ ਦੀ ਬੁੱਧੀ ਰੂਪ ਇਸਤ੍ਰੀ ਨਵਾਂ ਘਰਾਂ ਵਾਲੇ ਸਰੀਰ ਨੂੰ ਵੇਖਕੇ ਭੁਲ ਗਈ ਹੈ, ਤਿਸਨੇ ਸੁੰਦਰ ਆਤਮ ਵਸਤੂ ਨਹੀਂ ਪਾਈ। ਕਬੀਰ ਜੀ ਕਹਿੰਦੇ ਹਨ, ਜੇਹੜੇ ਆਦਮੀ ਨਵਾਂ ਦਰਵਾਜ਼ਿਆਂ ਵਾਲੇ ਘਰ ਨੂੰ ਲੱਗੇ ਹਨ ਓਹ ਲੁਟੇ ਗਏ ਹਨ ਅਤੇ ਜੇਹੜੇ ਦਸਵੇਂ ਦੁਆਰ ਵੱਲ ਲਗੇ ਹਨ, ਓਹਨਾਂ ਦੀ ਤੱਤੁ=ਵਾਹਿਗੁਰੂ ਵਿੱਚ ਸਮਾਈ ਹੋਈ ਹੈ, ਵਾ ਜਿਨ੍ਹਾਂ ਨੇ ਨੌਂ ਘਰ ਰੋਕੇ ਹਨ,ਓਨ੍ਹਾਂ ਦੀ ਦਸਵੇਂ ਤੱਤ ਸਰੂਪ ਵਿਚ ਸਮਾਈ ਹੋਂਦੀ ਹੈ।

**ਗਉੜੀ ॥ ਮਾਈ ਮੋਹਿ ਅਵਰੁ ਨ ਜਾਨਿਓ ਆਨਾਨਾਂ ॥ ਸਿਵ ਸਨਕਾਦਿ ਜਾਸੁ ਗੁਨ ਗਾਵਹਿ ਤਾਸੁ ਬਸਹਿ ਮੋਰੇ ਪ੍ਰਾਨਾਨਾ ॥ ਰਹਾਉ ॥**

Digitized by Panjab Digital Library | www.panjabdigilib.org

ਆਨਾ=ਹੋਰ। ਜਾਸੁ=ਜਿਸੁ। ਤਾਸੁ = ਤਿਸੁ।

ਹੇ ਮਾਈ! ਮੈਂ ਵਾਹਿਗੁਰੂ ਤੋਂ ਬਿਨਾਂ ਹੋਰ ਕੋਈ ਨਹੀਂ ਜਾਣਿਆ। ਜਿਸ ਦੇ ਸਿਵ ਸਨਕਾਦਿਕ ਗੁਣ ਗਾਉਂਦੇ ਹਨ, ਤਿਸ ਵਿੱਚ ਮੇਰੇ ਪ੍ਰਾਣ ਵਸਦੇ ਹਨ।

**ਹਿਰਦੇ ਪ੍ਰਗਾਸੁ ਗਿਆਨੁ ਗੁਰ ਗੰਮਿਤ ਗਗਨ ਮੰਡਲ ਮਹਿ ਧਿਆਨਾਨਾਂ॥ ਬਿਖੈ ਰੋਗ ਭੈ ਬੰਧਨ ਭਾਗੇ ਮਨ ਨਿਜ ਘਰਿ ਸੁਖੁ ਜਾਨਾਨਾ॥ ੧॥**

{ ਗੰਮਿਤ = ਪ੍ਰਾਪਤ ਹੋਣਾ। ਗਗਨ = ਅਕਾਸ਼।
ਗਿਆਨ – ਉਪਦੇਸ਼ ਵਾ ਦਸਿਆ। ਨਿਜ = ਆਪਣਾ। }

ਜਦ ਗੁਰਾਂ ਨੇ ਗਿਆਨ ਦਿਤਾ ਤਾਂ ਹਿਰਦੇ ਵਿੱਚ ਪ੍ਰਕਾਸ਼ (ਪ੍ਰਾਪਤ) ਹੋਯਾ ਅਤੇ ਫਿਰ ਜੋ ਅਕਾਸ਼ਮੰਡਲ ਵਾਂਗੂ ਵਿਆਪਕ ਵਾਹਿਗੁਰੂ ਹੈ, ਤਿਸ ਵਿੱਚ ਧਿਆਨ ਹੋਯਾ। ਰੋਗ ਰੂਪ ਵਿਸ਼ੇ, ਡਰ ਅਤੇ ਬੰਧਨ ਦੂਰ ਹੋਗਏ ਅਤੇ ਮਨ ਨੇ ਆਪਣੇ ਘਰ ਵਿੱਚ ਹੀ ਸੁਖ ਜਾਣਿਆ।

**ਏਕ ਸੁਮਤਿ ਰਤਿ ਜਾਨਿ ਮਾਨਿ ਪ੍ਰਭ ਦੂਸਰਿ ਮਨਹਿ ਨ ਆਨਾਨਾ॥ ਚੰਦਨ ਬਾਸੁ ਭਏ ਮਨ ਬਾਸਨ ਤਿਆਗ ਘਟਿਓ ਅਭਿਮਾਨਾਨਾ॥ ੨॥**

ਆਨਾ = ਹੋਰਿ। ਰਤਿ = ਪ੍ਰੀਤੀ। ਤਾਸੁ=ਤਿਸ।

ਇਕ ਹੱਛੀ ਅਕਲਕਰਕੇ ਵਾਹਿਗੁਰੂ ਵਿੱਚ ਪ੍ਰੀਤੀ ਕੀਤੀ ਅਤੇ ਜਾਣਕੇ ਮੰਨਕੇ ਪ੍ਰਭੁ ਨੂੰ ਹੋਰ ਦੂਸਰਾ ਮਨ ਵਿੱਚ ਨਾ ਮੰਨਿਆ। ਚੰਦਣ ਦੀ ਸੁਗੰਧੀ ਕਰਕੇ ਮਨ ਭੀ ਸੁਗੰਧਿਤ ਹੋ ਗਿਆ, ਗੁਰਾਂ ਨਾਲ ਮਿਲਕੇ ਮਨ ਭਗਤੀ ਵਾਲਾ ਹੋਗਿਆ ਅਤੇ ਹੰਕਾਰ ਘਟ ਗਿਆ।

**ਜੋ ਜਨ ਗਾਇ ਧਿਆਇ ਜਸੁ ਠਾਕੁਰ ਤਾਸੁ ਪ੍ਰਭੂ ਹੈ ਥਾਨਾਨਾਂ॥ ਤਿਹ ਬਡਭਾਗ ਬਸਿਓ ਮਨਿ ਜਾਕੈ ਕਰਮ ਪ੍ਰਧਾਨ ਮਥਾਨਾਨਾ॥ ੩॥**

ਜੇਹੜਾ ਆਦਮੀ ਵਾਹਿਗੁਰੂ ਦਾ ਜੱਸ ਗਾਉਂਦਾ ਅਤੇ ਧਿਆਉਂਦਾ ਹੈ ਤਿਸਦਾ ਪ੍ਰਭੂ ਥਾਨਾਨਾਂ = ਆਸਣ ਹੈ। ਜਿਸਦੇ ਮਨ ਵਿੱਚਵਾਹਿਗੁਰੂ ਵੱਸਿਆ ਹੈ, ਤਿਸਦੇ ਵੱਡੇ ਭਾਗ ਹਨ, ਮੱਥੇ ਦੇ ਕਰਮ ਹੀ ਵਾਹਿਗੁਰੂ ਦੇ ਮਿਲਾਉਣ ਨੂੰ ਪਰਧਾਨ ਹਨ।

Digitized by Panjab Digital Library | www.panjabdigilib.org

ਕਾਟਿ ਸਕਤਿ ਸਿਵ ਸਹਜੁ ਪ੍ਰਗਾਸਿਓ ਏਕੈ ਏਕ ਸਮਾਨਾਨਾ ॥ ਕਹਿ ਕਬੀਰ ਗੁਰ ਭੇਟਿ ਮਹਾ ਸੁਖ ਭ੍ਰਮਤ ਰਹੇ ਮਨੁ ਮਾਨਾਨਾਂ ॥ ੪ ॥ ੨੩ ॥ ੭੪ ॥

ਸਕਤਿ = ਸਕਤੀ, ਮਾਯਾ। ਸਿਵ = ਕਲਯਾਨ।

"ਉਸਦੀ ਵਾਹਿਗੁਰੂ ਨੇ" ਅਵਿਦਿਆ ਕੱਟ ਦਿੱਤੀ ਅਤੇ ਸੁਖ ਦੇਣ ਵਾਲਾ ਗਯਾਨ ਪਰਕਾਸ਼ ਕਰਾਇਆ, ਫਿਰ ਉਸ ਜੀਵ ਨੇ ਇੱਕ ਹੀ ਇੱਕ ਸਾਰਿਆਂ ਵਿੱਚ ਸਮਾਇਆ ਹੋਯਾ ਜਾਣਿਆ। ਕਬੀਰ ਜੀ ਕਹਿੰਦੇ ਹਨ ਗੁਰਾਂ ਦੇ ਮਿਲਨ ਨਾਲ ਬਹੁਤ ਸੁਖ ਹੋਯਾ ਅਤੇ ਚੁਰਾਸੀ ਦੇ ਫਿਰਨ ਤੋਂ ਰੈਹ ਗਏ ਅਤੇ ਵਾਹਿਗੁਰੂ ਵਿੱਚ ਮਨ ਮੰਨਿਆ।

## ਰਾਗੁ ਗਉੜੀ ਪੂਰਬੀ ਬਾਵਨ ਅਖਰੀ ਕਬੀਰ ਜੀਉ ਕੀ

੧ ਓ ਸਤਿਨਾਮੁ ਕਰਤਾ ਪੁਰਖੁ ਗੁਰ ਪ੍ਰਸਾਦਿ ॥

ਬਾਵਨ ਅਛਰ ਲੋਕ ਤ੍ਰੈ ਸਭੁ ਕਛੁ ਇਨਹੀ ਮਾਹਿ ॥ ਏ ਅਖਰ ਖਿਰਿ ਜਾਹਿਗੇ ਓਇ ਅਖਰ ਇਨ ਮਹਿ ਨਾਹਿ ॥੧॥

ਖਿਰਿ = ਨਾਸ।

ਬਵੰਜਾ ਅੱਖਰ ਤੇ ਤਿੰਨ ਲੋਕ ਸਭ ਕੁਛ ਏਨ੍ਹਾਂ ਵਿੱਚ ਹੀ ਹੈ। ਏਹ ਅੱਖਾਂ ਤੇ ਤਿੰਨ ਲੋਕ ਨਾਸ ਹੋ ਜਾਣਗੇ ਅਤੇ ਓਹ ਅਖਰ ਅਖੈ=ਵਾਹਿਗੁਰੂ ਏਨ੍ਹਾਂ ਵਿੱਚ ਨਹੀਂ ਹੈ, ਭਾਵ ਨਾਸ ਹੋਣ ਵਿੱਚ ਨਹੀਂ ਹੈ।

ਜਹਾ ਬੋਲ ਤਹ ਅਛਰ ਆਵਾ ॥ ਜਹ ਅਬੋਲ ਤਹ ਮਨੁ ਨ ਰਹਾਵਾ ॥ ਬੋਲ ਅਬੋਲ ਮਧਿ ਹੈ ਸੋਈ ॥ ਜਸ ਓਹੁ ਹੈ ਤਸ ਲਖੈ ਨ ਕੋਈ ॥ ੨ ॥

ਜਿੱਥੇ ਕੋਈ ਬੋਲ ਬੋਲੇਗਾ ਓਥੇ ਜ਼ਰੂਰ ਹੀ ਅੱਖਰ ਆਵੇਗਾ ਅਤੇ ਜਿੱਥੇ ਅਬੋਲ ਹੈ, ਓਥੇ ਮਨ ਨਹੀਂ ਠਹਿਰ ਸਕਦਾ, ਭਾਵ ਵਾਹਿਗੁਰੂ ਬਾਣੀ ਤੋਂ ਪਰੇ ਹੈ। ਬੋਲ ਤੇ ਅਬੋਲ ਦੇ ਵਿੱਚ ਹੈ, ਸੋ ਜਿੱਕੁਰ ਦਾ ਓਹ ਹੈ ਤਿੱਕੁਰ ਦਾ ਉਸ ਨੂੰ ਕੋਈ ਵੇਖ ਨਹੀਂ ਸਕਦਾ।

Digitized by Panjab Digital Library | www.panjabdigilib.org

**ਅਲਹ ਲਹਉ ਤਉ ਕਿਆ ਕਹਉ ਕਹਉ ਤ ਕੋ ਉਪਕਾਰ ॥ ਬਟਕ ਬੀਜ ਮਹਿ ਰਵਿ ਰਹਿਓ ਜਾਕੋ ਤੀਨਿ ਲੋਕ ਬਿਸਥਾਰ ॥ ੩ ॥**

ਬਟਕ = ਬੋੜ੍ਹ। ਰਵਿ = ਫੈਲ। ਬਿਸਥਾਰ = ਫੈਲਾਉ।

ਜੇ ਵਾਹਿਗੁਰੂ ਨੂੰ ਵੇਖਾਂ ਤਾਂ ਕੀ ਕਹਾਂ ? ਜੇ ਕਹਾਂ ਤਾਂ ਕੀ ਉਪਕਾਰ ਹੈ ? (ਲੇ ਵੇਖ)ਜਿੱਕੁਰਬੋੜ੍ਹ ਬੀਅ ਵਿੱਚ ਤੇ ਬੀਅ ਬੋੜ੍ਹ ਵਿੱਚ ਰਵਿ ਰਹਿੰਦਾ ਹੈ,ਇੱਕੁਰ ਹੀ ਓਹ ਸਾਰੇ ਮੰਸਾਰ ਵਿੱਚ ਫੈਲ ਰਿਹਾ ਹੈ, ਜਿਸਦਾ ਤਿੰਨਾਂ ਲੋਕਾਂ ਵਿੱਚ ਫੈਲਾਉ ਹੈ।

**ਅਲਹ ਲਹੰਤਾ ਭੇਦ ਛੈ ਕਛੁ ਕਛੁ ਪਾਇਓ ਭੇਦ ॥ ਉਲਟਿ ਭੇਦ ਮਨੁ ਬੇਧਿਓ ਪਾਇਓ ਅਭੰਗ ਅਛੇਦ ॥ ੪ ॥**

ਲਹੰਤਾ = ਵੇਖਣਾ। ਛੈ = ਨਾਸ। ਬੇਧਿਓ = ਮਿਲਿਆ।

ਵਾਹਿਗੁਰੂ ਨੂੰ ਵੇਖਿਆ ਤਾਂ ਭੇਦ = ਫਰਕ(ਭਿੰਨ = ਭੇਦ)ਦੂਰ ਹੋਇਆ ਤਾਂ ਫਿਰ ਕੁਝ ਵਾਹਿਗੁਰੂ ਦਾ (ਉਸ ਭਗਤ ਨੇ) ਭੇਦ ਪਾਇਆ, ਤਾਂ ਫਿਰ ਮੰਸਾਰ ਵਲੋਂ ਉਲਟ ਕੇ ਉਸਭੇਦ ਵਾਲੇ ਨਾਲ ਵਿੰਨ੍ਹਿਆ ਗਿਆ ਅਤੇ ਅਭੰਗ ਅਛੇਦ ਵਾਹਿਗੁਰੂ ਨੂੰ ਪਾ ਲਿਆ।

**ਤੁਰਤ ਤਰੀਕਤਿ ਜਾਨੀਐ ਹਿੰਦੂ ਬੇਦ ਪੁਰਾਨ ॥ ਮਨ ਸਮਝਾਵਨ ਕਾਰਨੇ ਕਛੂਅਕ ਪੜੀਐ ਗਿਆਨ ॥ ੫ ॥**

ਤਰੀਕਤਿ = ਤਰੀਕਾ।

(ਮੁਸਲਮਾਨਾਂ ਵਿੱਚ ਫਕੀਰੀ ਦੇ ਦਰਜੇ ਦਾ ਨਾਮ ਹੈ) ਮੁਸਲਮਾਨ ਤਰੀਕਤ ਜਾਣਦੇ ਹਨ ਅੰਤੇ ਹਿੰਦੂ ਵੇਦ ਪੁਰਾਨ। ਪਰ ਮਨ ਦੇ ਸਮਝੌਣ ਵਾਸਤੇ ਥੋੜਾ ਜਿਹਾ ਗਿਆਨ ਪੜ੍ਹਨਾ ਚਾਹੀਦਾ ਹੈ।

**ਓਅੰਕਾਰ ਆਦਿ ਮੈ ਜਾਨਾ ॥ ਲਿਖਿ ਅਰੁ ਮੇਟੈ ਤਾਹਿ ਨ ਮਾਨਾ ॥ ਓਅੰਕਾਰ ਲਖੈ ਜਉ ਕੋਈ ॥ ਸੋਈ ਲਖਿ ਮੇਟਣਾ ਨ ਹੋਈ ॥ ੬ ॥**

ਲਖੈ = ਵੇਖੇ ਵਾ ਲਿਖੇ।

ਵਾਹਿਗੁਰੂ ਨੂੰ ਮੈਂ ਪਹਿਲੇ ਜਾਣਿਆ ਹੈ ਅਤੇ ਲਿਖਣ ਮੇਟਣ ਵਾਲੇ ਬ੍ਰਹਮਾ ਸ਼ਿਵਜੀ ਜੋ ਹਨ, ਤਿਨ੍ਹਾਂ ਨੂੰ ਮੈਂ ਨਹੀਂ ਮੰਨਦਾ। ਜੇ ਕੋਈ

Digitized by Panjab Digital Library | www.panjabdigilib.org

ਓਅੰਕਾਰ ਨੂ ਜਾਣ ਲੈਂਦਾ ਹੈ (ਵੇਖ ਲੈਂਦਾ ਹੈ)ਉਸਨੂੰ ਜਾਣਕੇ ਫਿਰ ਉਹਦਾ ਨਾਸ਼ ਨਹੀਂ ਹੁੰਦਾ।

**ਕਕਾ ਕਿਰਣਿ ਕਮਲ ਮਹਿ ਪਾਵਾ ॥ ਸਸਿ ਬਿਗਾਸ ਸੰਪਟਿ ਨਹੀ ਆਵਾ ॥ ਅਰੁ ਜੇ ਤਹਾ ਕੁਸਮ ਰਸੁ ਪਾਵਾ ॥ ਅਕਹ ਕਹਾ ਕਹਿ ਕਾ ਸਮਝਾਵਾ ॥ ੭ ॥**

{ ਕਿਰਣਿ = ਕਿਰਨਾਂ। ਸਸਿ = ਚੰਦ੍ਰਮਾ।
ਬਿਗਾਸ = ਖਿੜਨਾ। ਸੰਪਟਿ = ਡੱਬਾ। ਕੁਸਮ = ਫੁਲ। }

ਜਿਨ੍ਹਾਂ ਨੇ ਗੁਰੂ ਰੂਪ ਸੂਰਜ ਤੇ ਬਚਨ ਰੂਪ ਕਿਰਨਾਂ ਨੂੰ ਹਿਰਦੇ ਕਮਲ ਵਿਚ ਪਾਇਆ ਹੈ ਤਿਨ੍ਹਾਂ ਦਾ ਰਿਦਾ ਕਮਲ ਖਿੜ ਆਉਂਦਾ ਹੈ । ਫਿਰ ਕਿਸੇ ਵੇਲੇ ਵੀ ਮਾਇਆ ਰੂਪ ਚੰਦ੍ਰਮਾ ਦੇ ਪ੍ਰਕਾਸ਼ ਨਾਲ ਮੇਟਿਆ ਨਹੀਂ ਜਾਂਦਾ ਤੇ ਜੋ ਉਸ ਰਿਦੇ ਕਮਲ ਵਿੱਚ ਰਸ = ਅਨੰਦ ਪਾਇਆ ਹੈ । ਓਹ ਕਹਿਣ ਤੋਂ ਅਕਹਿ ਹੈ, ਕਿੱਕੁਰ ਕਹਿਕੇ ਸਮਝਾਵੇ ?

**ਖਖਾ ਇਹੈ ਖੋੜਿ ਮਨ ਆਵਾ ॥ ਖੋੜੇ ਛਾਡਿ ਨ ਦਹਦਿਸ ਧਾਵਾ ॥ ਖਸਮਹਿ ਜਾਣਿ ਖਿਮਾ ਕਰਿ ਰਹੈ ॥ ਤਉ ਹੋਇ ਨਿਖਿਅਉ ਅਖੈ ਪਦੁ ਲਹੈ ॥ ੮ ॥**

ਨਿਖਿਅਉ = ਜੋ ਨਾਸ ਨ ਹੋਵੇ। ਲਹੈ = ਦੇਖੈ। ਅਖੈ = ਜੋ ਨਾਸ ਨ ਹੋਵੇ।

ਵਾਹਿਗੁਰੂ ਰੂਪ ਖੋੜ (ਗੁਫਾ) ਵਿੱਚ ਜਦ ਇਹ ਮਨ ਰੂਪ ਪੰਛੀ ਆਯਾ ਤਾਂ ਖੋੜ ਨੂੰ ਛੱਡਕੇ ਦਸਾਂ ਹੀ ਦਿਸ਼ਾਂ ਵੱਲ ਨਾ ਦੌੜਿਆ। ਵਾਹਿਗੁਰੂ ਨੂੰ ਜਾਣਕੇ ਖਿਮਾ ਕਰ ਰਹੇ ਤਾਂ ਨਾਸ ਹੋਣ ਤੋਂ ਰਹਿਤ ਹੋ ਜਾਂਦਾ ਹੈ ਅਤੇ ਨਾ ਨਾਸ ਹੋਣ ਵਾਲੇ ਪਦ (ਵਾਹਿਗੁਰੂ) ਨੂੰ ਵੇਖ ਲੈਂਦਾ ਹੈ।

**ਗਗਾ ਗੁਰਕੇ ਬਚਨ ਪਛਾਨਾ ॥ ਦੂਜੀ ਬਾਤ ਨ ਧਰਈ ਕਾਨਾ ॥ ਰਹੈ ਬਿਹੰਗਮਿ ਕਤਹਿ ਨ ਜਾਈ ॥ ਅਗਹ ਗਹੈ ਗਹਿ ਗਗਨ ਰਹਾਈ ॥ ੯ ॥**

{ ਬਿਹੰਗਮਿ = ਪਛੀ। ਅਗਹ = ਜੋ ਫੜਿਆ ਨ ਜਾਵੇ।
ਗਹੈ ਗਹਿ = ਫੜੇ। ਗਗਨ = ਅਕਾਸ਼। }

ਜਿਨ੍ਹਾਂ ਨੇ ਗੁਰਾਂ ਦੇ ਬਚਨਾਂ ਨੂੰ ਪਛਾਣਿਆ ਹੈ, ਓਹ ਆਦਮੀ ਦੂਜੀ ਗੱਲ ਨੂੰ ਕੰਨਾਂ ਵਿਚ ਨਹੀਂ ਧਰਦੇ। ਤਿਨ੍ਹਾਂ ਦਾ ਮਨ ਪੰਛੀ ਵਾਹਿਗੁਰੂ ਵਿਚ

Digitized by Panjab Digital Library | www.panjabdigilib.org

ਰਹਿੰਦਾ ਹੈ ਅਤੇ ਕਿਧਰੇ ਵੀ ਨਹੀਂ ਜਾਂਦਾ। ਜੇਹੜਾ ਅਫੜ ਮਨ ਫੜਿਆ ਨਹੀਂ ਸੀ ਜਾਂਦਾ, ਉਸਨੂੰ ਫੜਕੇ ਅਕਾਸ਼ ਰੂਪ ਵਿਆਪਕ ਵਾਹਿਗੁਰੂ ਵਿੱਚ ਰੱਖਿਆ।

**ਘਘਾ ਘਟਿ ਘਟਿ ਨਿਮਸੈ ਸੋਈ ॥ ਘਟ ਫੂਟੇ ਘਟਿ ਕਬਹਿ ਨ ਹੋਈ ॥ ਤਾ ਘਟ ਮਹਿ ਘਾਟ ਜਉ ਪਾਵਾ ॥ ਸੋ ਘਟੁ ਛਾਡਿ ਅਵਘਟ ਕਤ ਧਾਵਾ ॥ ੧੦ ॥**

{ ਨਿਮਸੈ = ਵੱਸ ਰਿਹਾ ਹੈ। ਘਟ = ਹਿਰਦਾ, ਘੜਾ, ਥੋੜਾ। ਅਵਘਟ = ਔਖਾ ਥਾਂ। }

ਓਹ ਵਾਹਿਗੁਰੂ ਘਟਿ ਘਟਿ ਵਿੱਚ ਵੱਸ ਰਿਹਾ ਹੈ,ਜਿੱਕੁਰ ਘੜਾ ਟੁੱਟ ਜਾਂਦਾ ਹੈ ਤਾਂ ਅਕਾਸ਼ ਦਾ ਤੇ ਕੁਝ ਨਹੀਂ ਵਿਗੜਦਾ। ਇੱਕੁਰ ਹੀ ਜਦ ਸਰੀਰ ਨਾਸ ਹੋ ਜਾਂਦਾ ਹੈ ਤਾਂ ਵਾਹਿਗੁਰੂ ਦਾ ਕੁਝ ਘਟ ਨਹੀਂ ਜਾਂਦਾ। ਤਿਸ ਘਟ ਵਿਚ ਜਦ ਘਾਟ = ਵਾਹਿਗੁਰੂ ਨੂੰ ਪਾਇਆ ਤਾਂ ਫਿਰ ਸੋ ਘਟ ਛੱਡਕੇ ਔਖੇ ਥਾਂ ਕਿਆ (ਵਾ ਕਿੱਥੇ) ਦੌੜੇ ਹਨ ?

**ਙੰਙਾ ਨਿਗ੍ਰਹਿ ਸਨੇਹੁ ਕਰਿ ਨਿਰਵਾਰੋ ਸੰਦੇਹ ॥ ਨਾਹੀ ਦੇਖਿ ਨ ਭਾਜੀਐ ਪਰਮ ਸਿਆਨਪ ਏਹ ॥ ੧੧ ॥**

ਨਿਗ੍ਰਹ = ਰੋਕਣਾ, ਵੱਸ ਕਰਨਾ। ਸਨੇਹੁ = ਪ੍ਰੇਮ।

ਮਨ ਆਦਿਕ ਇੰਦ੍ਰੀਆਂ ਨੂੰ ਵੱਸ ਕਰਨ ਵਿਚ ਪਰੇਮ ਕਰੋ ਅਤੇ ਸ਼ੱਕ ਨੂੰ ਦੂਰ ਕਰ ਦਿਓ ਅਤੇ ਨਹੀਂ ਤਾਂ ਦੇਖਕੇ ਦੌੜ ਨ ਜਾਈਏ, ਭਾਵ ਜੇ ਮਨ ਵੱਸ ਨਹੀਂ ਹੁੰਦਾ ਤਾਂ ਪਿਛਾਹਾਂ ਨਾ ਹਟੋ, ਚੰਗੀ ਸਿਆਣਪ ਏਹ ਹੈ।

**ਚਚਾ ਰਚਿਤ ਚਿਤ੍ਰ ਹੈ ਭਾਰੀ ॥ ਤਜਿ ਚਿਤ੍ਰੈ ਚੇਤਹੁ ਚਿਤਕਾਰੀ ॥ ਚਿਤ੍ਰ ਬਚਿਤ੍ਰ ਇਹੈ ਅਵਝੇਰਾ ॥ ਤਜਿ ਚਿਤ੍ਰੈ ਚਿਤੁ ਰਾਖਿ ਚਿਤੇਰਾ ॥ ੧੨ ॥**

ਚਿਤ੍ਰ = ਸੁੰਦਰ। ਅਵਝੇਰਾ = ਝਗੜਾ ਵਾ ਉਲਝਿਆ ਹੋਇਆ ਵਾ ਖਾਤਾ।

(ਸੰਸਾਰ) ਬਾਹਲਾ ਸੁੰਦਰ ਰਚਿਆ ਹੋਇਆ ਹੈ, ਛੱਡਕੇ (ਚਿਤਰੇ) ਸੰਸਾਰ ਨੂੰ, ਯਾਦ ਕਰੋ ਚਿੱਤਰਕਾਰੀ ਕਰਨ ਵਾਲੇ ਵਾਹਿਗੁਰੂ ਨੂੰ।

ਸੁੰਦਰ ਨਾਨਾ ਤਰਾਂ ਦਾ ਏਹ ਜੋ ਸੰਸਾਰ ਹੈ ਸੋ ਝਗੜਾ ਹੈ,ਇਸ ਲਈ ਛੱਡਕੇ ਸੰਸਾਰ ਨੂੰ ਚਿੱਤ (ਚਿਤੇਰੇ) ਵਾਹਿਗੁਰੂ ਵਿੱਚ ਰੱਖ।

Digitized by Panjab Digital Library | www.panjabdigilib.org

ਛਛਾ ਇਹੈ ਛਤ੍ਰਪਤਿ ਪਾਸਾ ॥ ਛਕਿ ਕਿ ਨ ਰਹਹੁ ਛਾਡਿ ਕਿ ਨ ਆਸਾ॥ਰੇ ਮਨ ਮੈ ਤਉ ਛਿਨ ਛਿਨ ਸਮਝਾਵਾ ॥ ਤਾਹਿ ਛਾਡਿ ਕਤ ਆਪੁ ਬਧਾਵਾ ॥ ੧੩ ॥

ਛੱਤਰਪਤਿ = ਚੱਕ੍ਰਵਰਤੀ ਰਾਜਾ। ਛਕਿ = ਪ੍ਰਸੰਨ।

ਏਹ ਚੱਕ੍ਰਵਰਤੀ ਰਾਜਾ ਵਾਹਿਗੁਰੂ ਤੁਹਾਡੇ ਪਾਸ ਹੀ ਹੈ ਇਸ ਲਈ ਤੁਸੀਂ ਇਸ ਵਿਚ ਪ੍ਰਸੰਨ ਕਿਉਂ ਨਹੀਂ ਹੋ ਰਹਿੰਦੇ ਅਤੇ ਹੋਰ ਦੀ ਆਸਾ ਕਿਉਂ ਨਹੀਂ ਛੱਡਦੇ ? ਹੇ ਮਨ! ਮੈਂ ਤੈਨੂੰ ਛਿਨ ਛਿਨ ਸਮਝਾਉਂਦਾ ਹਾਂ,ਤਿਸ ਵਾਹਿਗੁਰੂ ਨੂੰ ਛੱਡਕੇ ਕੀ (ਵਾ ਕਿੱਥੇ) ਸੰਸਾਰ ਵਿੱਚ ਆਪਣਾ ਆਪ ਬੰਨ੍ਹਾਉਂਦਾ ਹੈਂ ?

ਜਜਾ ਜਉ ਤਨ ਜੀਵਤ ਜਰਾਵੈ ॥ ਜੋਬਨ ਜਾਰਿ ਜੁਗਤਿ ਸੋ ਪਾਵੈ॥ ਅਸਜਰਿ ਪਰਜਰਿ ਜਰਿ ਜਬ ਰਹੈ ॥ ਤਬ ਜਾਇ ਜੋਤਿ ਉਜਾਰਉ ਲਹੈ ॥੧੪ ॥

{ ਅਸਜਰਿ = ਇਹੁ ਜੋ ਜਰ ਇਸ ਲੋਕ ਦੀ ਦੌਲਤ ਹੈ ਅਤੇ ਪਰਜਰਿ= ਪਰਲੋਕ ਦੀ ਵਾ ਪਰਾਈਜਰ ਹੈ। }

ਜੇ ਸਰੀਰ ਨੂੰ ਜੀਵਤ ਭਾਉ ਤੋਂ ਸਾੜੇ ਤਾਂ ਜਵਾਨੀ ਨੂੰ ਸਾੜਕੇ ਸੋ ਓਹ ਯੁਕਤੀ ਪਾ ਲੈਂਦਾ ਹੈ। ਆਪਣੀ ਪਰਾਈ ਬਿਭੂਤੀ ਜਦ ਸੜ ਜਾਵੇ ਤਦ ਵਾਹਿਗੁਰੂ ਦੀ ਜੋਤਿ ਦਾ ਚਾਨਣ ਵੇਖਦਾ ਹੈ।

ਝਝਾ ਉਰਝਿ ਸੁਰਝਿ ਨਹੀ ਜਾਨਾ ॥ ਰਹਿਓ ਝਝਕਿ ਨਾਹੀ ਪਰਵਾਨਾ ॥ ਕਤ ਝਖਿ ਝਖਿ ਅਉਰਨ ਸਮਝਾਵਾ ॥ ਝਗਰੁ ਕੀਏ ਝਗਰਉ ਹੀ ਪਾਵਾ ॥ ੧੫ ॥

{ ਉਰਝਿ = ਫਸਨਾ। ਸੁਰਝਿ = ਛੁਟਣਾ। ਝਝਕਿ=ਅਟਕ। ਝਖਿਝਖਿ – ਝਖਾਂ ਮਾਰਕੇ ਵਾ ਖਪ ਖਪਕੇ। }

ਸਭ ਲੋਕ ਫਸਣਾ ਜਾਣਦੇ ਹਨ ਅਤੇ ਛੁਟਣਾ ਨਹੀਂ, ਸਭ ਸੰਸਾਰ ਜਾਲ ਵਿਚ ਫਸ ਰਿਹਾ ਹੈ,ਇਸ ਲਈ ਠੀਕ ਪ੍ਰਵਾਣ ਨਹੀਂ ਹੋਯਾ। ਕਿਅ ਖਪ ਖਪਕੇ ਹੋਰਨਾਂ ਨੂੰ ਸਮਝਾਉਂਦਾ ਹੈਂ ? ਕਿਉਂਕਿ ਝਗੜਾ ਕਰਨ ਨਾਲ ਝਗੜਾ ਹੀ ਗਲ ਪਾਈਦਾ ਹੈ।

Digitized by Panjab Digital Library | www.panjabdigilib.org

ਢੰਢਾ ਨਿਕਟਿ ਜੁ ਘਟਿ ਰਹਿਓ ਦੂਰ ਕਹਾ ਤਜਿ ਜਾਇ ॥ ਜਾ ਕਰਣਿ ਜਗੁ ਢੂਢਿਅਉ ਨੇਰਉ ਪਾਇਅਉ ਤਾਹਿ ॥ ੧੬ ॥

ਨੇਰਉ = ਨੇੜੇ।

ਜੇਹੜਾ ਵਾਹਿਗੁਰੂ ਤੇਰੇ ਰਿਦੇ ਅੰਦਰ ਹੀ ਭਰਪੂਰ ਹੋ ਰਿਹਾ ਉਸਨੂੰ ਛੱਡਕੇ ਦੂਰ ਕਿੱਥੇ ਲੱਭਣ ਜਾਂਦਾ ਹੈਂ, ਜਿਸ ਵਾਸਤੇ ਤੂੰ ਸਾਰਾ ਜਗਤ ਢੂੰਢਿਆ ਸੀ, ਸੋ ਨੇੜੇ ਹੀ ਪਾ ਲਿਆ ਤਿਸ ਨੂੰ।

ਟਟਾ ਬਿਕਟ ਘਾਟ ਘਟ ਮਾਹੀ ॥ ਖੋਲਿ ਕਪਾਟ ਮਹਲਿ ਕਿ ਨ ਜਾਹੀ ॥ਦੇਖਅਟਲ ਟਲਿ ਕਤਹਿ ਨ ਜਾਵਾ॥ ਰਹੈ ਲਪਟਿ ਘਟ ਪਰਚਉ ਪਾਵਾ ॥ ੧੭॥

ਬਿਕਟ = ਔਖਾ। ਕਪਾਟ = ਤਖਤੇ।ਘਾਟ = ਰਸਤਾ,ਦਰੀਯਾ ਆਦਿਕ ਦਾ।

ਪ੍ਰਭੂ ਰਿਦੇ ਵਿੱਚ ਹੀ ਹੈ ਪਰ ਉਸ ਵੱਲ ਜਾਣ ਦਾ ਰਸਤਾ ਔਖਾ ਹੈ, ਇਸ ਲਈ ਔਖੇ ਜੜਤਾ ਰੂਪ ਤਖਤਿਆਂ ਨੂੰ ਖੋਲ੍ਹਕੇ ਵਾਹਿਗੁਰੂ ਦੇ ਮਹੱਲ ਨੂੰ ਕਿਉਂ ਨਹੀਂ ਜਾਂਦੇ? ਜਿਨ੍ਹਾਂ ਨੇ ਅਟੱਲ ਵਾਹਿਗੁਰੂ ਨੂੰ ਵੇਖਿਆ ਹੈ,ਓਨ੍ਹਾਂ ਦਾ ਮਨ ਟਲਕੇ ਹੋਰ ਕਿਧਰੇ ਨਹੀਂ ਜਾਂਦਾ ਓਹ ਉਸ ਨਾਲ ਚੰਬੜ ਰਹੇ ਹਨ ਅਤੇ ਇਹ ਪਰਚਾ ਓਨ੍ਹਾਂ ਸਰੀਰ ਵਿੱਚ ਹੀ ਪਾਯਾ ਹੈ।

ਠਠਾ ਹੈ ਇਹੈ ਦੂਰਿ ਠਗ ਨੀਰਾ ॥ ਨੀਠਿ ਨੀਠਿ ਮਨੁ ਕੀਆ ਧੀਰਾ ॥ ਜਿਨਿ ਠਗਿ ਠਗਿਆ ਸਗਲ ਜਗੁ ਖਾਵਾ ॥ ਸੋ ਠਗੁ ਠਗਿਆ ਠਉਰ ਮਨੁ ਆਵਾ ॥ ੧੮ ॥

ਨੀਰਾ = ਪਾਣੀ। ਨੀਠਿ ਨੀਠਿ = ਮਸਾਂ ਮਸਾਂ।

ਇਹੁ ਠਗ ਪਾਣੀ ਮ੍ਰਿਗ ਤ੍ਰਿਸ਼ਨਾ ਦਾ ਜਿਸਨੇ ਦੂਰ ਕੀਤਾ ਹੈ, ਉਸਨੇ ਮਸਾਂ ਮਸਾਂ ਮਨ ਨੂੰ ਧੀਰਜ ਵਾਲਾ ਕਰ ਲਿਆ ਹੈ। ਠੱਗ ਜਿਸਨੇ ਸਾਰੇ ਦੇਸ ਨੂੰ ਠੱਗਕੇ ਖਾ ਲਿਆ ਹੈ, ਸੋ ਠੱਗ ਜਿਸ ਵੇਲੇ ਠੱਗ ਲਿਆ (ਵੱਸ ਕੀਤਾ) ਤਾਂ ਮਨ ਟਿਕਾਣੇ ਆ ਗਿਆ।

ਡਡਾ ਡਰ ਉਪਜੇ ਡਰੁ ਜਾਈ ॥ ਤਾ ਡਰ ਮਹਿ ਡਰੁ ਰਹਿਆ ਸਮਾਈ ॥ ਜਉ ਡਰੁ ਡਰੈ ਤ ਫਿਰਿ ਡਰੁ ਲਾਗੈ ॥ ਨਿਡਰੁ ਹੂਆ ਡਰੁ ਉਰ ਹੋਇ ਭਾਗੈ ॥ ੧੯ ॥

Digitized by Panjab Digital Library | www.panjabdigilib.org

ਉਰ = ਰਿਦਾ।

ਜਦ ਵਾਹਿਗੁਰੂ ਦਾ ਡਰ ਉਪਜੇ ਤਾਂ ਹੋਰ ਡਰ ਚਲਿਆ ਜਾਂਦਾ ਹੈ ਉਸ ਡਰ ਵਿੱਚ ਹੋਰ ਡਰ ਸਮਾ ਰਹਿੰਦਾ ਹੈ, ਭਾਵ ਉਸ ਡਰ ਨਾਲ ਹੋਰਨਾਂ ਦਾ ਡਰ ਦੂਰ ਹੋ ਜਾਂਦਾ ਹੈ। ਜੇ ਵਾਹਿਗੁਰੂ ਦੇ ਡਰ ਤੋਂ ਡਰੇ, ਭਾਵ ਵਾਹਿਗੁਰੂ ਦਾ ਡਰ ਨਾ ਮੰਨੇ ਤਾਂ ਫਿਰ ਜਮ ਆਦਿਕਾਂ ਦਾ ਡਰ ਲਗਦਾ ਹੈ। ਜਦ ਵਾਹਿਗੁਰੂ ਦਾ ਡਰ ਰਿਦੇ ਵਿੱਚ ਹੋਯਾ ਤਾਂ ਹੋਰ ਡਰ ਨਿਡਰ ਹੋਕੇ ਦੌੜ ਜਾਂਦਾ ਹੈ।

**ਢਢਾ ਢਿਗ ਢੂਢਹਿ ਕਤ ਆਨਾ ॥ ਢੂਢਤ ਹੀ ਢਹਿ ਗਏ ਪਰਾਨਾ ॥ ਚੜਿ ਸੁਮੇਰਿ ਢੂਢਿ ਜਬ ਆਵਾ ॥ ਜਿਹ ਗੜੁ ਗੜਿਓ ਸੁ ਗੜ ਮਹਿ ਪਾਵਾ ॥ ੨੦ ॥**

ਢਿਗ = ਪਾਸ। ਆਨਾ = ਹੋਰ।

ਵਾਹਿਗੁਰੂ ਨੂੰ ਪਾਸੋਂ ਹੀ ਲੱਭ! ਕਿੱਥੇ ਹੋਰਥੇ ਲੱਭਦਾ ਹੈਂ? ਅਤੇ ਲਭਦਿਆਂ ਹੀ ਕਈਆਂ ਦੇ ਪਰਾਨ ਢੈਹ ਗਏ ਭਾਵ ਮਰ ਗਏ ਹਨ।

ਸੁਮੇਰ ਪਰਬਤ ਤੇ ਚੜ੍ਹਕੇ ਜਦ ਲੱਭ ਆਯਾ ਭਾਵ ਸਾਰੇ ਦੇਸ਼ ਤੇ ਵਾਹਿਗੁਰੂ ਨੂੰ ਲਭ ਆਯਾ ਤਾਂ ਜਿਸਨੇ ਕਿਲਾ ਘੜਿਆ ਹੈ, ਉਸਨੂੰ ਕਿਲੇ ਵਿੱਚ ਹੀ ਪਾ ਲਿਆ।

**ਣਾਣਾ ਰਣਿ ਰੂਤਉ ਨਰ ਨੇਹੀ ਕਰੈ ॥ ਨਾ ਨਿਵੈ ਨਾ ਫੁਨਿ ਸੰਚਰੈ ॥ ਧੰਨ ਜਨਮੁ ਤਾਹੀ ਕੋ ਗਣੈ ॥ ਮਾਰੈ ਏਕਹਿ ਤਜਿ ਜਾਇ ਘਣੈ ॥ ੨੧ ॥**

ਰੂਤਉ = ਰੁਕਿਆ ਹੋਇਆ। ਨੇਹੀ = ਪ੍ਰੇਮ ਵਾਲਾ ਵਾ ਨਿਸਚਾ।
ਸੰਚਰੈ = ਅਕੱਠਾ ਵਾ ਪ੍ਰਵੇਸ਼। ਘਣੈ = ਬਹੁਤੇ।

ਰਣ ਵਿੱਚ ਰੁਕਿਆ ਹੋਇਆ ਜੀਵ ਧੀਰਜ ਕਰਦਾ ਹੈ, ਪਰ ਨਾ ਤੇ ਨੀਊਂਦਾ ਹੈ ਅਤੇ ਨਾ ਫਿਰ ਜੰਗ ਵਿੱਚ ਪ੍ਰਵੇਸ਼ ਕਰਦਾ ਹੈ, ਭਾਵ ਕਾਮ ਆਦਿਕਾਂ ਨੂੰ ਜਿੱਤਦਾ ਵੀ ਨਹੀਂ ਤੇ ਨਿਊਂਦਾ ਵੀ ਨਹੀਂ। ਧੰਨ ਜਨਮ ਤਿਸਦਾ ਗਿਣਿਆ ਜਾਂਦਾ ਹੈ ਜੋ ਰਾਜਾ ਵਤ ਇੱਕ ਮਨ ਨੂੰ ਮਾਰ ਲੈਂਦਾ ਹੈ, ਅਤੇ ਫੌਜ ਵਾਂਗੂ ਸਾਰੇ ਵਿਕਾਰ ਹੋਰ ਦੌੜ ਜਾਂਦੇ ਹਨ।

**ਤਤਾ ਅਤਰ ਤਰਿਓ ਨਹ ਜਾਈ ॥ ਤਨ ਤ੍ਰਿਭਵਣ ਮਹਿ ਰਹਿਓ ਸਮਾਈ ॥ ਜਉ ਤ੍ਰਿਭਵਣ ਤਨ ਮਾਹਿ ਸਮਾਵਾ ॥ ਤਉ ਤਤਹਿ ਤਤ ਮਿਲਿਆ ਸਚੁ ਪਾਵਾ ॥ ੨੨॥**

Digitized by Panjab Digital Library | www.panjabdigilib.org

ਤਤ = ਛੋਟਾ ਮਨ ਵਾ ਸਰੀਰ।

ਅਤਰ ਸੰਸਾਰ ਤਰਿਆ ਨਹੀਂ ਜਾਂਦਾ, ਕਿਉਂਕਿ ਤਨ ਦੇ ਵਿੱਚ ਜੋ ਮਨ ਹੈ ਇਹ ਤਿੰਨਾਂ ਭਵਣਾਂ ਵਿੱਚ ਸਮਾ ਰਿਹਾ ਹੈ। ਜਦ ਤ੍ਰਿਭਵਣ ਮਨ ਵਿਚ ਸਮਾ ਗਿਆ, ਭਾਵ ਆਪਣੇ ਮਨ ਵਿੱਚ ਲੈ ਕਰ ਲਿਆ ਤਦ ਫਿਰ ਤੱਤਾਂ ਨਾਲ ਤੱਤ ਮਿਲ ਗਏ ਅਤੇ ਸਚ ਸਰੂਪ ਵਾਹਿਗੁਰੂ ਨੂੰ ਪਾ ਲਿਆ।

**ਥਥਾ ਅਥਾਹ ਥਾਹ ਨਹੀ ਪਾਵਾ ॥ ਓਹੁ ਅਥਾਹ ਇਹੁ ਥਿਰੁ ਨ ਰਹਾਵਾ ॥ ਥੋੜੈ ਥਲਿ ਥਾਨਕ ਆਰੰਭੈ ॥ ਬਿਨੁ ਹੀ ਥਾਭਹ ਮੰਦਿਰੁ ਥੰਭੈ ॥ ੨੩ ॥**

ਥਾਨਕ = ਮੰਦਰ।

ਅਥਾਹ ਵਾਹਿਗੁਰੂ ਦਾ ਥਾਹ ਕਿਸੇ ਨਹੀਂ ਪਾਇਆ, ਓਹ ਵਾਹਗੁਰੂ ਅਥਾਹ ਹੈ, ਇਹ ਮਨ ਇਸਥਿਤ ਨਹੀਂ ਰਹਿੰਦਾ। ਥੋੜੇ ਥਾਂ ਵਿੱਚ ਮਹਲ ਬਣਾ ਲਿਆ ਚਾਹੁੰਦਾ ਹੈ, ਭਾਵ ਬਹੁਤ ਦਲੀਲਾਂ ਥੋੜੇ ਜੀਵਣ ਵਿੱਚ ਕਰਦਾ ਹੈ ਅਤੇ ਸਰੀਰ ਰੂਪ ਮੰਦਰ ਥੰਮਿਆਂ ਤੋਂ ਬਿਨਾ ਹੈ, ਭਾਵ ਸਵਾਸਾਂ ਨਾਲ ਹੈ ਅਤੇ ਇਹ ਇਸਨੂੰ ਥੰਭੈ = ਇਸਥਿਤ ਜਾਣਦਾ ਹੈ।

**ਦਦਾ ਦੇਖਿ ਜੁ ਬਿਨਸਨ ਹਾਰਾ ॥ ਜਸ ਅਦੇਖਿ ਤਸ ਰਾਖਿ ਬਿਚਾਰਾ ॥ ਦਸਵੈ ਦੁਆਰਿ ਕੁੰਚੀ ਜਬ ਦੀਜੈ ॥ ਤਉ ਦਇਆਲ ਕੋ ਦਰਸਨੁ ਕੀਜੈ ॥ ੨੪ ॥**

ਜਿਸ ਸੰਸਾਰ ਨੂੰ ਵੇਖ ਰਿਹਾ ਹੈਂ ਸੋ ਨਾਸ ਹੋਣ ਵਾਲਾ ਹੈ ਅਤੇ ਜੋ ਅਦੇਖ ਵਾਹਿਗੁਰੂ ਹੈ ਤਸ = ਤਿਸਨੂੰ ਰਿਦੇ ਵਿਚਾਰ ਰੱਖ। ਜਦ ਦਸਵੇਂ ਦੁਆਰ ਨੂੰ ਪ੍ਰਾਣਾਂ ਰੂਪ ਕੁੰਜੀ ਦੇਈਏ ਤਾਂ ਦਿਆਲ ਵਾਹਿਗੁਰੂ ਦਾ ਦਰਸ਼ਨ ਕਰ ਲਈਦਾ ਹੈ।

**ਧਧਾ ਅਰਧਹਿ ਉਰਧ ਨਿਬੇਰਾ ॥ ਅਰਧਹਿ ਉਰਧਹ ਮੰਝਿ ਬਸੇਰਾ ॥ ਅਰਧਹ ਛਾਡਿ ਉਰਧ ਜਉ ਆਵਾ ॥ ਤਉ ਅਰਧਹਿ ਉਰਧ ਮਿਲਿਆ ਸੁਖ ਪਾਵਾ ॥ ੨੫ ॥**

ਅਰਧਹ = ਨੀਵਾਂ। ਉਰਧ = ਉੱਚਾ।

ਨੀਵੇਂ ਜੀਵ ਦਾ ਉੱਚਾ ਵਾਹਿਗੁਰੂ ਨੂੰ ਮਿਲਕੇ ਨਿਬੇੜਾ ਹੁੰਦਾ ਹੈ ਅਤੇ ਜੀਵ ਈਸ਼੍ਵਰ ਵਿੱਚ ਵਾਹਿਗੁਰੂ ਵਸਦਾ ਹੈ। ਨੀਚਤਾ ਨੂੰ ਛੱਡਕੇ ਜਦ ਉਤਾਹਾਂ ਜੀਵ ਆਇਆ ਤਾਂ ਨੀਵਾਂ ਜੀਵ ਉੱਚੇ ਵਾਹਿਗੁਰੂ ਨੂੰ ਮਿਲ ਪਿਆ ਅਤੇ ਸੁਖ ਪਾਇਆ।

Digitized by Panjab Digital Library | www.panjabdigilib.org

**ਨੰਨਾ ਨਿਸ ਦਿਨੁ ਨਿਰਖਤ ਜਾਈ॥ ਨਿਰਖਤ ਨੈਨ ਰਹੈ ਰਤਵਾਈ॥ ਨਿਰਖਤ ਨਿਰਖਤ ਜਬ ਜਾਇ ਪਾਵਾ॥ ਤਬ ਲੇ ਨਿਰਖਹਿ ਨਿਰਖ ਮਿਲਾਵਾ॥ ੨੬॥**

ਨਿਸ = ਰਾਤ। ਨਿਰਖਤ = ਵੇਖਣਾ। ਰਤਵਾਈ = ਲਾਲ।

ਭਗਤਾਂ ਦੇ ਨੇਤਰ ਰਾਤ ਦਿਨੇ ਵਾਹਿਗੁਰੂ ਨੂੰ ਵੇਖਦੇ ਰਹਿੰਦੇ ਹਨ ਅਤੇ ਵੇਖਦਿਆਂ ਨੇਤ੍ਰ ਲਾਲ ਹੋਏ ਰਹਿੰਦੇ ਹਨ। ਦੇਖਦਿਆਂ ੨ ਜਦ (ਅੰਦਰਲੀ ਜਗਾ ਵਿਚ ਹੀ) ਜਾਕੇ ਦੇਖਣਾ ਪਾਇਆ ਤਦ ਵੇਖਣ ਵਾਲੇ ਨੂੰ ਨਿਰਖ = ਵਾਹਿਗੁਰੂ ਨੇ ਵੇਖਕੇ ਆਪਣੇ ਨਾਲ ਮਿਲਾ ਲਿਆ।

**ਪਪਾ ਅਪਰ ਪਾਰੁ ਨਹੀ ਪਾਵਾ॥ ਪਰਮ ਜੋਤਿ ਸਿਉ ਪਰਚਉ ਲਾਵਾ॥ ਪਾਂਚਉ ਇੰਦ੍ਰੀ ਨਿਗ੍ਰਹ ਕਰਈ॥ ਪਾਪੁ ਪੁੰਨੁ ਦੋਊ ਨਿਰਵਰਈ॥ ੨੭॥**

ਨਿਗ੍ਰਹ = ਰੋਕੀ। ਨਿਰਵਰਈ = ਛਡੇ।

ਅਪਰ ਵਾਹਿਗੁਰੂ ਦਾ ਪਾਰ ਕਿਸੇ ਨਹੀਂ ਪਾਇਆ, ਪਰ ਭਗਤਾਂ ਨੇ ਪਰਮ ਜੋਤਿ ਵਾਲੇ ਵਾਹਿਗੁਰੂ ਨਾਲ ਮਨ ਦਾ ਪਰਚਾ ਲਾਇਆ ਹੈ। ਉਨ੍ਹਾਂ ਭਗਤਾਂ ਨੇ ਪੰਜੇ ਇੰਦ੍ਰੀਆਂ ਵਸ ਕੀਤੀਆਂ ਹਨ ਅਤੇ ਪਾਪ ਪੁੰਨ ਦੋਵੇਂ ਛੱਡ ਦਿਤੇ ਹਨ।

**ਫਫਾ ਬਿਨੁ ਫੂਲਹ ਫਲੁ ਹੋਈ॥ ਤਾ ਫਲ ਫੰਕ ਲਖੈ ਜਉ ਕੋਈ॥ ਦੂਣਿ ਨ ਪਰਈ ਫੰਕ ਬਿਚਾਰੈ॥ ਤਾ ਫਲ ਫੰਕ ਸਭੈ ਤਨ ਫਾਰੈ॥ ੨੮॥**

ਫੰਕ = ਫਾੜੀ। ਲਖੈ = ਵੇਖੈ। ਦੂਣਿ = ਕੰਦਰਾ।

ਬਿਨਾ ਫੁੱਲ ਫੁੱਲੇ ਤੋਂ ਫਲ ਵੀ ਹੋ ਸਕਦਾ ਹੈ? ਭਾਵ ਨਹੀਂ (ਵਾ ਫਲ ਲੱਗਨ ਨਾਲ ਬ੍ਰਿਛ ਦੇ ਫੁੱਲ ਦੂਰ ਹੋ ਜਾਂਦੇ ਹਨ) ਤਿਸ ਫਲ ਦੀ ਫਾੜੀ ਨੂੰ ਜੇ ਕੋਈ ਵੇਖੇ, ਭਾਵ ਗਿਆਨ ਹੋਣ ਨਾਲ ਜੋ ਚੌਥੀ ਭੂਮਿਕਾ ਨੂੰ ਜਾਣੇ। ਉਸ ਫਾੜੀ ਰੂਪ ਚੌਥੀ ਭੂਮਿਕਾ ਨੂੰ ਵਿਚਾਰਦਿਆਂ ਹੋਇਆਂ ੮੪ ਜੂਨ ਨਹੀਂ ਪੈਂਦੀ, ਤਿਸ ਫਲ ਦੀ ਫਾੜੀ ਨੇ ਸਾਰੇ ਚੁਰਾਸੀ ਦੇ ਤਨ ਧਾਰਨੇ ਪਾੜ ਦਿਤੇ।

**ਬਬਾ ਬਿੰਦਹਿ ਬਿੰਦ ਮਿਲਾਵਾ॥ ਬਿੰਦਹਿ ਬਿੰਦ ਨ ਬਿਛੁਰਨ ਪਾਵਾ॥ ਬੰਦਉ ਹੋਇ ਬੰਦਗੀ ਗਹੈ॥ ਬੰਦਕ ਹੋਇ ਬੰਧ ਸੁਧਿ ਲਹੈ॥ ੨੯॥**

Digitized by Panjab Digital Library | www.panjabdigilib.org

ਗਹੈ = ਫੜੇ। ਬੰਦਕ = ਬੰਦਗੀ ਕਰਨ ਵਾਲਾ, ਦਾਸ ਹੋਕੇ ਬੰਦਗੀ ਨੂੰ ਫੜੇ। ਬੰਦ = ਸਰਬੰਧੀ ਪਿਆਰਾ।
ਬਿੰਦਹਿ = ਜਾਣਨ ਵਾਲਾ ਵਾ ਬੂੰਦ ।

ਜਿਕੁਰ ਪਾਣੀ ਨਾਲ ਪਾਣੀ ਦੀ ਬੂੰਦ ਮਿਲ ਜਾਂਦੀ ਹੈ,ਤਿਕੁਰ ਹੀ ਜਦ ਬਿੰਦਹਿ = ਜਾਨਣ ਵਾਲੇ ਵਾਹਿਗੁਰੂ ਨੇ ਬਿੰਦ = ਜਾਣਕੇ ਜੀਵ ਨਾਲ ਮਿਲਾ ਲਿਆ ਤਾਂ ਬਿੰਦਹਿ ਨਾਲੋਂ ਬਿੰਦ ਨਾ ਵਿਛੜਨਾ ਪਾਇਆ। ਜੇਹੜਾ ਭਗਤੀ ਕਰਨ ਵਾਲਾ ਹੁੰਦਾ ਹੈ, ਉਸਦੀ ਪਿਆਰੇ ਸਰਬੰਧੀਆਂ ਵਾਕੁਰ ਵਾਹਿਗੁਰੂ ਸੁਧਿ ਲੈਂਦਾ ਹੈ।

**ਭਭਾ ਭੇਦਹਿ ਭੇਦ ਮਿਲਾਵਾ ॥ ਅਬ ਭਉ ਭਾਨਿ ਭਰੋਸਉ ਆਵਾ ॥ ਜੋ ਬਾਹਰਿ ਸੋ ਭੀਤਰਿ ਜਾਨਿਆ ॥ ਭਇਆ ਭੇਦੁ ਭੂਪਤਿ ਪਹਿਚਾਨਿਆ ॥ ੩੦ ॥**

ਭਾਨਿ = ਸੂਰਜ, ਨਾਸ। ਭੇਦਹਿ = ਜੁਦਾਈ। ਭੇਦ = ਦੂਰ,ਵਿੰਨਣਾ। ਭੀਤਰ – ਅੰਦਰਿ। ਭੂਪਤਿ = ਰਾਜਾ। ਪਹਿਚਾਨਿਆ = ਜਾਣਿਆ।

ਜੀਵ ਈਸ਼ਵਰ ਦੀ ਜੁਦਾਈ ਨੂੰ ਦੂਰ ਕਰਕੇ ਮਿਲਾਪ ਹੋਇਆ। ਹੁਣ ਜਨਮ ਮਰਣ ਦਾ ਡਰ ਦੂਰ ਹੋਇਆ ਅਤੇ ਭਰੋਸਾ ਆਇਆ। ਜੇਹੜਾ ਬਾਹਰ ਵਾਹਿਗੁਰੂ ਸੀ,ਉਸਨੂੰ ਅੰਦਰ ਜਾਣਿਆ। ਭਿੰਨ ਭੇਦ ਦੂਰ ਹੋਗਿਆ,ਰਾਜੇ ਨੂੰ ਜਾਣ ਲਿਆ।

**ਮੰਮਾ ਮੂਲ ਗਹਿਆ ਮਨੁ ਮਾਨੈ ॥ ਮਰਮੀ ਹੋਇ ਸੁ ਮਨੁ ਕਉ ਜਾਨੈ ॥ ਮਤ ਕੋਈ ਮਨ ਮਿਲਤਾ ਬਿਲਮਾਵੈ ॥ ਮਗਨ ਭਇਆ ਤੇ ਸੋ ਸਚੁ ਪਾਵੈ ॥ ੩੧ ॥**

ਮੂਲ = ਮੁਢ। ਗਹਿਆ = ਫੜਿਆ। ਮਰਮੀ = ਭੇਤ ਵਾਲਾ।
ਬਿਲਮਾਵੈ = ਦੇਰ ਕਰੈ। ਮਤ = ਨਾ।

ਮੂਲ ਰੂਪ ਵਾਹਿਗੁਰੂ ਨੂੰ ਫੜਿਆ ਤਾਂ ਮਨ ਮੰਨ ਆਇਆ, ਜੇਹੜਾ ਇਸ ਗੱਲ ਦਾ ਭੇਤੀ ਹੋਵੇ ਓਹ ਮਨ ਨੂੰ ਫੜਨਾ ਜਾਣਦਾ ਹੈ। ਮਤ ਕੋਈ ਮਨ ਮਿਲਦੇ ਨੂੰ ਦੇਰੀ ਕਰੇ ਵਾ ਵਾਹਿਗੁਰੂ ਵਿਚ ਮਸਤ ਹੋਣ ਕਰਕੇ, ਸੋ ਓਹ ਭਗਤ ਸਚ ਸਰੂਪ ਨੂੰ ਪਾਉਂਦਾ ਹੈ।

**ਮੰਮਾ ਮਨ ਸਿਉ ਕਾਜੁ ਹੈ ਮਨੁ ਸਾਧੇ ਸਿਧਿ ਹੋਇ ॥ ਮਨ ਹੀ ਮਨ ਸਿਉ ਕਹੈ ਕਬੀਰਾ ਮਨ ਸਾ ਮਿਲਿਆ ਨ ਕੋਇ ॥ ੩੨ ॥**

Digitized by Panjab Digital Library | www.panjabdigilib.org

ਸਾਧੇ – ਵਸ ਕਰਨਾ

ਮਨ ਨਾਲ ਹੀ ਕੰਮ ਹੈ ਮਨਨੂੰ ਵੱਸ ਕਰਿਆਂ ਹੋਇਆਂ ਸਭ ਸਿਧੀਆਂ ਪੂਰਨ ਹੋ ਜਾਂਦੀਆਂ ਹਨ। ਮਨਹੀ ਮਨ ਨੂੰ ਕਬੀਰ ਜੀ ਕਹਿੰਦੇ ਹਨ ਕਿ ਮਨ ਵਰਗਾ ਉਪਦੇਸ਼ ਸੁਣਨ ਵਾਲਾ ਸਾਨੂੰ ਕੋਈ ਨਹੀਂ ਮਿਲਿਆ।

**ਇਹੁ ਮਨੁ ਸਕਤੀ ਇਹੁ ਮਨੁ ਸੀਉ ॥ ਇਹੁ ਮਨੁ ਪੰਚ ਤਤ ਕੋ ਜੀਉ ॥ ਇਹੁ ਮਨੁ ਲੇ ਜਉ ਉਨਮਨਿ ਰਹੈ॥ ਤਉ ਤੀਨਿ ਲੋਕ ਕੀ ਬਾਤੈ ਕਹੈ॥ ੩੩ ॥**

ਸਕਤੀ = ਮਾਇਆ। ਸੀਉ = ਕਲਿਆਨ। ਲੇ = ਵਸ ਕਰਕੇ।
ਉਨਮਨਿ = ਤੁਰੀਆ ਪਦ।

ਇਹ ਮਨ ਮਾਇਆ ਨਾਲ ਮਿਲਕੇ ਮਾਇਆ ਰੂਪ ਅਤੇ ਵਾਹਿਗੁਰੂ ਨਾਲ ਮਿਲਕੇ ਵਾਹਿਗੁਰੂ ਰੂਪ ਹੋ ਜਾਂਦਾ ਅਤੇ ਫਿਰ ਏਹੋ ਹੀ ਮਨ ਪੰਜਾਂ ਤਤ ਦਾ ਜੀਉ (ਆਸਰਾ ਰੂਪ) ਬਣ ਜਾਂਦਾ ਹੈ। ਇਸ ਮਨ ਨੂੰ ਵਸ ਕਰਕੇ ਜੇਹੜਾ ਵਾਹਿਗੁਰੂ ਵਿਚ ਮਸਤ ਕਰ ਰੱਖੇ ਤਾਂ ਫਿਰ ਓਹ ਤਿੰਨਾਂ ਲੋਕਾਂ ਦੀਆਂ ਗੱਲਾਂ ਕਹਿੰਦਾ ਹੈ।

**ਯਯਾ ਜਉ ਜਾਨਹਿ ਤਉ ਦੁਰਮਤਿ ਹਨਿ ਕਰਿ ਬਸਿ ਕਾਇਆ ਗਾਉ॥ ਰਣਿ ਰੂਤਉ ਭਾਜੈ ਨਹੀ ਸੂਰਉ ਥਾਰਉ ਨਾਉ॥ ੩੪ ॥**

ਹਨਿ – ਨਾਸ। ਰੂਤਉ = ਰੁਕਿਆ ਹੋਇਆ।

ਜੇ ਵਾਹਿਗੁਰੂ ਨੂੰ ਜਾਣਿਆਂ ਚਾਹੁੰਦਾ ਹੈਂ ਤਾਂ ਦੁਰਮਤ ਨੂੰ ਨਾਸ ਕਰ ਅਤੇ ਕਾਇਆਂ ਰੂਪ ਪਿੰਡ ਨੂੰ ਵਸ ਕਰ। ਜੇ ਰਣ ਵਿਚ ਰੁਕਿਆ ਹੋਯਾ ਕਾਮ ਆਦਿਕਾਂ ਦੇ ਅਗੇ ਭੱਜੇਂਗਾ ਨਹੀਂ, ਤਾਂ ਤੇਰਾ ਨਾਮ ਸੂਰਮਾ ਹੈ।

**ਰਾਰਾ ਰਸੁ ਨਿਰਸ ਕਰਿ ਜਾਨਿਆ॥ ਹੋਇ ਨਿਰਸ ਸੁ ਰਸੁ ਪਹਿਚਾਨਿਆ॥ ਇਹ ਰਸ ਛਾਡੇ ਉਹ ਰਸੁ ਆਵਾ॥ ਉਹ ਰਸੁ ਪੀਆ ਇਹ ਰਸੁ ਨਹੀ ਭਾਵਾ॥ ੩੫ ॥**

ਪਹਿਚਾਨਿਆ = ਜਾਣਿਆ। ਲਿਵ – ਬ੍ਰਿਤੀ।

ਵਾਹਿਗੁਰੂ ਦਾ ਰਸ ਸੀ ਸੋ ਨਿਰਸ ਮਾੜਾ ਕਰਕੇ ਜਾਣਿਆ ਅਤੇ ਜੇਹੜੇ ਵਿਸ਼ੇ ਨਿਰਸ ਹੋ ਜਾਣ ਵਾਲੇ ਸੀ ਸੋ ਸ੍ਰੇਸ਼ਟ ਰਸ ਕਰਕੇ ਜਾਣੇ। ਵਾ ਜਿਨ੍ਹਾਂ ਨੇ ਵਿਸ਼ਿਆਂਦੇ ਰਸਾਂ ਦਾ ਰਸ ਨਿਰਸ = ਤੁੱਛ ਕਰਕੇ ਜਾਣਿਆ ਅਤੇ ਵਿਸ਼ਿਆਂ ਵਲੋਂ ਨਿਰਾਸ ਹੋਏ, ਓਨ੍ਹਾਂ ਨੇ ਉੱਤਮ ਰਸ ਨੂੰ ਜਾਣਿਆ। ਜਦ ਇਹੁ ਰਸ

Digitized by Panjab Digital Library | www.panjabdigilib.org

ਛਡਿਆ ਤਾਂ ਉਹ ਰਸ ਆਇਆ, ਜਦ ਓਹ ਵਾਹਿਗੁਰੂ ਦਾ ਰਸ ਪੀਤਾ ਤਾਂ ਇਹ ਵਿਸ਼ਿਆਂ ਦਾ ਰਸ ਨਹੀਂ ਭਾਇਆ।

**ਲਲਾ ਐਸੇ ਲਿਵ ਮਨੁ ਲਾਵੈ ॥ ਅਨਤ ਨ ਜਾਇ ਪਰਮ ਸਚੁ ਪਾਵੈ ॥ ਅਰੁ ਜਉ ਤਹਾ ਪ੍ਰੇਮ ਲਿਵ ਲਾਵੈ ॥ ਤਉ ਅਲਹ ਲਹੈ ਲਹਿ ਚਰਨ ਸਮਾਵੈ ॥ ੩੬ ॥**

ਅਨਤ = ਹੋਰਥੇ। ਲਹੈ = ਵੇਖੈ।

ਇੱਕੁਰ ਵਾਹਿਗੁਰੂ ਵਿਚ ਮਨ ਦੀ ਬਿਰਤੀ ਲਾਵੇ ਕਿ ਹੋਰਥੇ ਨਾ ਜਾਵੇ ਤਾਂ ਪਰਮ ਸਚ ਸਰੂਪ ਵਾਹਿਗੁਰੂ ਨੂੰ ਪਾ ਲੈਂਦਾ ਹੈ, ਅਤੇ ਜਦ ਉਸ ਪਰੇਮ ਵਿਚ ਮਨ ਦੀ ਬਿਰਤੀ ਲਾਵੇ ਤਾਂ ਵਾਹਿਗੁਰੂ ਨੂੰ ਵੇਖ ਲੈਂਦਾ ਹੈ ਅਤੇ ਫਿਰ ਵੇਖਕੇ ਚਰਨਾਂ ਵਿਚ ਹੀ ਸਮਾ ਰਹਿੰਦਾ ਹੈ।

**ਵਵਾ ਬਾਰ ਬਾਰ ਬਿਸਨ ਸਮ੍ਹਾਰਿ ॥ ਬਿਸਨ ਸੰਮਾਰਿ ਨ ਆਵੈ ਹਾਰਿ ॥ ਬਲਿ ਬਲਿ ਜੇ ਬਿਸਨ ਤਨਾ ਜਸੁ ਗਾਵੈ ॥ ਵਿਸਨ ਮਿਲੇ ਸਭ ਹੀ ਸਚੁ ਪਾਵੈ ॥ ੩੭ ॥**

ਬਿਸਨ = ਵਾਹਿਗੁਰੂ। ਸੰਮ੍ਹਾਰਿ = ਯਾਦ ਕਰ। ਤਨਾ—ਪੁਤ ਵਾ ਸਰੀਰ।

ਬਾਰ ਬਾਰ ਵਾਹਿਗੁਰੂ ਨੂੰ ਯਾਦ ਕਰ, ਕਿਉਂਕਿ ਸੁਆਸ ਸੁਆਸ ਵਾਹਿਗੁਰੂ ਨੂੰ ਯਾਦ ਕਰਨ ਨਾਲ ਤੈਨੂੰ ਹਾਰ ਨਾ ਆਵੇਗੀ। ਮੈਂ ਤਿਨ੍ਹਾਂ ਤੋਂ ਬਲ ਬਲ ਜਾਂਦਾ ਹਾਂ ਜੋ ਵਾਹਿਗੁਰੂ ਦੇ ਸਰੀਰ ਧਾਰਿਆਂ ਹੋਇਆਂ ਭਾਵ ਭਗਤਾਂ ਦਾ ਜੱਸ ਗਾਉਂਦਾ ਹੈ ਅਤੇ ਫਿਰ ਉਸ ਨੂੰ ਵਾਹਿਗੁਰੂ ਮਿਲ ਪੈਂਦਾ ਹੈ ਅਤੇ ਸਾਰੇ ਹੀ ਸੁਖ ਪਾ ਲੈਂਦਾ ਹੈ।

**ਵਾਵਾ ਵਾ ਹੀ ਜਾਨੀਐ ਵਾ ਜਾਨੇ ਇਹੁ ਹੋਇ ॥ ਇਹੁ ਅਰ ਓਹੁ ਜਬ ਮਿਲੈ ਤਬ ਮਿਲਤ ਨ ਜਾਨੈ ਕੋਇ ॥ ੩੮ ॥**

ਉਸ ਵਾਹਿਗੁਰੂ ਨੂੰ ਹੀ ਜਾਣੀਏ, ਕਿਉਂਕਿ ਉਸ ਨੂੰ ਜਾਨਣ ਨਾਲ ਇਹ ਜੀਵ ਵਾਹਿਗੁਰੂ ਦਾ ਰੂਪ ਹੋ ਜਾਂਦਾ ਹੈ। ਫਿਰ ਇਹ ਜੀਵ ਅਤੇ ਓਹ ਵਾਹਿਗੁਰੂ ਜਦ ਮਿਲ ਜਾਂਦੇ ਹਨ ਤਦ ਮਿਲਿਆਂ ਹੋਇਆਂ ਨੂੰ ਵੱਖੋ ਵੱਖ ਕੋਈ ਨਹੀਂ ਜਾਣ ਸਕਦਾ।

**ਸਸਾ ਸੋ ਨੀਕਾ ਕਰਿ ਸੋਧਹੁ ॥ ਘਟ ਪਰਚਾ ਕੀ ਬਾਤ ਨਿਰੋਧਹੁ ॥ ਘਟ ਪਰਚੈ ਜਉ ਉਪਜੈ ਭਾਉ ॥ ਪੂਰਿ ਰਹਿਆ ਤਹ ਤ੍ਰਿਭਵਣ ਰਾਉ ॥ ੩੯ ॥**

Digitized by Panjab Digital Library | www.panjabdigilib.org

ਨਿਰੋਧਹੁ=ਰੋਕੇ। ਨੀਕਾ = ਚੰਗਾ। ਭਾਉ = ਪ੍ਰੇਮ

ਉਸ ਵਾਹਿਗੁਰੂ ਨੂੰ ਹਛੀ ਤਰਾਂ ਵਿਚਾਰੋ ! ਰਿਦੇ ਵਿਚ ਪਰਚੇ ਦੀਆਂ ਗੱਲਾਂ ਨੂੰ ਰੋਕੋ ਭਾਵ ਓਹ ਗੱਲਾਂ ਰਿਦੇ ਵਿੱਚ ਕਠੀਆਂ ਕਰੋ ਜੋ ਵਾਹਿਗੁਰੂ ਦੇ ਪਰਚੇ ਦੀਆਂਹਨ ਵਾ ਘਟ ਦੇ ਪਰਚੇਦੀਆਂ ਗਲਾਂ ਵਿਚ ਮਨ ਨੂੰ ਰੋਕੋ ਰਿਦੇ ਦੇ ਪਰਚੇ ਵਿਚ ਜਦ ਪ੍ਰੇਮ ਪਰਗਟ ਹੋਵੇ ਤਾਂ ਤਿੰਨਾਂ ਭਵਣਾਂ ਦਾ ਜੋ ਰਾਜਾ ਹੈ ਉਸਦੇ ਰਿਦੇ ਵਿਚ ਹੀ ਭਰਪੂਰ ਹੋ ਰਹਿੰਦਾ ਹੈ ਵਾ ਪੂਰਨ ਹੋ ਰਿਹਾ ਹੈ।

**ਖਖਾ ਖੋਜਿ ਪਰੈ ਜਉ ਕੋਈ ॥ ਜੋ ਖੋਜੈ ਸੋ ਬਹੁਰਿ ਨ ਹੋਈ ॥ ਖੋਜ ਬੂਝਿ ਜਉ ਕਰੈ ਬੀਚਾਰਾ ॥ ਤਉ ਭਵਜਲ ਤਰਤ ਨ ਲਾਵੈ ਬਾਰਾ ॥ ੪੦ ॥**

ਭਵਜਲ = ਸੰਸਾਰ ਸਮੁੰਦਰ। ਬਾਰਾ = ਦੇਰ।

ਜੇਹੜਾ ਕੋਈ ਵਾਹਿਗੁਰੂ ਦੀ ਖੋਜ ਵਿੱਚ ਪੈਂਦਾ ਹੈ ਅਤੇ ਜੇਹੜਾ ਖੋਜਦਾ ਸੋ ਫਿਰ ਵੱਖਰਾ ਨਹੀਂ ਹੁੰਦਾ। ਜੇਹੜਾ ਉਸ ਖੋਜ ਨੂੰ ਗੁਰਾਂ ਪਾਸੋਂ ਪੁੱਛਕੇ ਵਿਚਾਰ ਕਰਦਾ ਹੈ ਤਾਂ ਫਿਰ ਓਹ ਸੰਸਾਰ ਸਮੁੰਦਰ ਨੂੰ ਤਰਦਾ ਹੋਇਆ ਦੇਰੀ ਨਹੀਂ ਲਾਉਂਦਾ, ਭਾਵ ਛੇਤੀ ਤਰ ਜਾਂਦਾ ਹੈ।

**ਸਸਾ ਸੋ ਸਹ ਸੇਜ ਸਵਾਰੈ ॥ ਸੋਈ ਸਹੀ ਸੰਦੇਹ ਨਿਵਾਰੈ ॥ ਅਲਪ ਸੁਖ ਛਾਡਿ ਪਰਮ ਸੁਖ ਪਾਵਾ ॥ ਤਬ ਇਹ ਤ੍ਰੀਅ ਓਹੁ ਕੰਤੁ ਕਹਾਵਾ ॥ ੪੧ ॥**

ਅਲਪ = ਥੋੜਾ ! ਸਹੀ = ਨਿਸਚੇ ਕਰਕੇ ਵਾ ਸਖੀ । ਸਹ = ਪਤੀ ॥

ਸੋ ਓਹ ਵਾਹਿਗੁਰੂ ਪਤੀ ਦੇ ਵਾਸਤੇ ਆਪਣੇ ਰਿਦੇ ਉੱਤੇ ਸੇਜਾ ਸਵਾਰਦਾ ਹੈ ਅਤੇ ਸੋਈ ਸਹੀ ਸੰਸਿਆਂ ਨੂੰ ਦੂਰ ਕਰਦਾ ਹੈ। ਜਦ ਥੋੜੇ ਸੁਖ ਨੂ ਛੱਡਕੇ ਵਡੇ ਸੁਖ ਨੂੰ ਪਾਇਆ ਤਦ ਇਹ ਇਸਤਰੀ ਅਤੇ ਓਹ ਕੰਤ ਕਹਾਇਆ।

**ਹਾਹਾ ਹੋਤ ਹੋਇ ਨਹੀ ਜਾਨਾ ॥ ਜਬ ਹੀ ਹੋਇ ਤਬਹਿ ਮਨੁ ਮਾਨਾ ॥ ਹੈ ਤਉ ਸਹੀ ਲਖੈ ਜਉ ਕੋਈ ॥ ਤਬ ਓਹੀ ਉਹੁ ਏਹੁ ਨ ਹੋਈ ॥ ੪੨ ॥**

ਲਖੈ = ਵੇਖੈ।

ਇਸ ਜੀਵ ਨੇ ਵਾਹਿਗੁਰੂ ਰੂਪ ਹੋਣਾ ਸੀ, ਸੋ ਹੋਣ ਨਾ ਜਾਣਿਆ ਜਦ ਨਿਸਚੇ ਕਰਕੇ ਮਨ ਮੰਨਿਆ ਤਦ ਉਸਦਾ ਹੀ ਰੂਪ ਹੋ ਗਿਆ। ਹੈ ਤਾਂ

Digitized by Panjab Digital Library | www.panjabdigilib.org

ਸਹੀ ਪਰ ਜੇ ਕੋਈ ਜਾਣੇ, ਜਦ ਜਾਣੇ ਤਦ (ਓਹੀ ਓਹੁ) ਵਾਹਿਗੁਰੂ ਹੀ ਵਾਹਿਗੁਰੂ ਹੁੰਦਾ ਹੈ, ਏਹ ਜੀਵ ਰੂਪ ਕੁਝ ਨਹੀਂ ਹੁੰਦਾ।

**ਲਿੰਉ ਲਿੰਉ ਕਰਤ ਫਿਰੈ ਸਭੁ ਲੋਗੁ॥ ਤਾ ਕਾਰਣਿ ਬਿਆਪੈ ਬਹੁ ਸੋਗੁ॥ ਲਖਿਮੀ ਬਰ ਸਿਉ ਜਉ ਲਿਉ ਲਾਵੈ॥ ਸੋਗੁ ਮਿਟੈ ਸਭ ਹੀ ਸੁਖ ਪਾਵੈ॥ ੪੩॥**

ਬਰ = ਪਤੀ। ਲਿਉ = ਬ੍ਰਿਤੀ।

ਲੈ ਲਵਾਂ ਲੈ ਲਵਾਂ ਸਭ ਲੋਕ ਕਰਦੇ ਫਿਰਦੇ ਹਨ, ਇਸ ਵਾਸਤੇ ਬਾਹਲੇ ਸ਼ੋਕ ਵਿਆਪਦੇ ਹਨ। ਮਾਇਆ ਦੇ ਪਤੀ ਵਾਹਿਗੁਰੂ ਨਾਲ ਜੇਹੜਾ ਚਿਤ ਬਿਰਤੀ ਲਾਵੇ ਉਸਦੇ ਸਾਰੇ ਸ਼ੋਕ ਮਿਟ ਜਾਂਦੇ ਹਨ ਅਤੇ ਸਾਰੇ ਹੀ ਸੁਖ ਪਾ ਲੈਂਦਾ ਹੈ।

**ਖਖਾ ਖਿਰਤ ਖਪਤ ਗਏ ਕੇਤੇ॥ ਖਿਰਤ ਖਪਤ ਅਜਹੂੰ ਨਹ ਚੇਤੇ॥ ਅਬ ਜਗੁ ਜਾਨਿ ਜਉ ਮਨਾ ਰਹੈ॥ ਜਹ ਕਾ ਬਿਛੁਰਾ ਤਹ ਥਿਰੁ ਲਹੈ॥ ੪੪॥**

ਖਿਰਤ = ਜਗਤ ਵਾ ਖੀਨ।

ਕਿੰਨੇ ਹੀ ਜੀਵ ਜਗ ਵਿਚ ਖਪ ਗਏ ਹਨ ਅਤੇ ਜਗ ਵਿਚ ਖਪਦਿਆਂ ਨੂੰ ਵੇਖਕੇ ਅਜੇ ਭੀ ਜੀਵ ਵੇਖਣ ਵਾਲੇ ਵਾਹਿਗੁਰੂ ਨੂੰ ਨਹੀਂ ਯਾਦ ਕਰਦੇ।

ਹੁਣ ਵੀ ਜੇ ਜੱਗ ਜਾਣਕੇ ਮਨ ਕਰਕੇ ਵਾਹਿਗੁਰੂ ਵਿਚ ਇਸਥਿਤ ਹੋ ਰਹੇ ਤਾਂ ਫਿਰ ਜਿਸ ਥਾਂ ਦਾ ਵਿਛੜਿਆ ਹੋਯਾ ਹੈ, ਓਥੇ ਹੀ ਇਸਥਿਤੀ ਲਵੇਗਾ।

**ਬਾਵਨ ਅਖਰ ਜੋਰੇ ਆਨਿ॥ ਸਕਿਆ ਨ ਅਖਰੁ ਏਕੁ ਪਛਾਨਿ॥ ਸਤ ਕਾ ਸਬਦੁ ਕਬੀਰਾ ਕਹੈ॥ ਪੰਡਿਤ ਹੋਇ ਸੁ ਅਨਭੈ ਰਹੈ॥**

ਬਵੰਜਾ ਅੱਖਰ ਲਿਆਕੇ ਜੋੜੇ ਪਰ ਮੂਰਖ ਇੱਕ ਵੀ ਅੱਖਰ ਪਛਾਨ ਨਾ ਸਕਿਆ। ਵਾ ਬਵੰਜਾ ਅੱਖਰਾਂ ਨੂੰ ਵਿਆਕਰਣ ਦੀ ਰੀਤੀ ਅਨੁਸਾਰ ਜੋੜਦਾ ਰਿਹਾ, ਪਰ ਇਕ ਵਾਹਿਗੁਰੂ ਨੂੰ ਨਾ ਪਛਾਣ ਸਕਿਆ।

ਸੱਚਾ ਸ਼ਬਦ ਕਬੀਰ ਜੀ ਕਹਿੰਦੇ ਹਨ, ਜੇਹੜਾ ਅਨਭੈ ਵਾਹਿਗੁਰੂ ਵਿਚ ਮਨ ਲਗਾ ਰੱਖੇ ਸੋ ਪੰਡਤ ਹੁੰਦਾ ਹੈ।

Digitized by Panjab Digital Library | www.panjabdigilib.org

**ਪੰਡਿਤ ਲੋਗਹ ਕਉ ਬਿਉਹਾਰ ॥ ਗਿਆਨਵੰਤ ਕਉ ਤਤੁ ਬੀਚਾਰ ॥ ਜਾ ਕੈ ਜੀਅ ਜੈਸੀ ਬੁਧਿ ਹੋਈ ॥ ਕਹਿ ਕਬੀਰ ਜਾਨੈਗਾ ਸੋਈ ॥ ੪੫ ॥**

ਪੰਡਤ ਲੋਕਾਂ ਦਾ ਇਹ ਵਿਹਾਰ ਹੈ ਜੋ ਵੇਦਾਂ ਦੇ ਪੜ੍ਹਨ ਵਿੱਚ ਖਪਣਾ ਖਪਾਉਣਾ ਅਤੇ ਗਜਾਨ ਵਾਨਾਂ ਦਾ ਤਤ = ਸੱਚ ਝੂਠ ਦਾ ਵਿਚਾਰ ਕਰਨਾ ਭਾਵ ਗਜਾਨਵਾਨ ਵਾਹਿਗੁਰੂ ਨੂੰ ਜਾਣਦੇ ਹਨ। ਪਰ ਜਿਸ ਜੀਅ ਦੀ ਗਜਾਨਵਾਨ ਵਾਂਗੂ ਬੁੱਧੀ ਹੁੰਦੀ ਹੈ, ਕਬੀਰ ਜੀ ਕਹਿੰਦੇ ਹਨ ਸੋਈ ਜਾਣੇਗਾ।

**ੴ ਸਤਿਗੁਰਪ੍ਰਸਾਦਿ ॥**

**ਰਾਗੁ ਗਉੜੀ ਥਿਤੀ ਕਬੀਰ ਜੀ ਕੀ ॥ ਸਲੋਕੁ ॥**

**ਪੰਦ੍ਰਹ ਥਿਤੀ ਸਾਤ ਵਾਰ ॥ ਕਹਿ ਕਬੀਰ ਉਰਵਾਰ ਨ ਪਾਰ ॥ ਸਾਧਿਕ ਸਿਧ ਲਖੈ ਜਉ ਭੇਉ ॥ ਆਪੇ ਕਰਤਾ ਆਪੇ ਦੇਉ ॥ ੧ ॥**

ਪੰਦਰਾਂ ਤਿਥੀਆਂ ਅਤੇ ਸੱਤਾਂ ਵਾਰਾਂ ਵਿਚ ਜੇਹੜੇ ਆਦਮੀ ਵਾਹਿਗੁਰੂ ਨੂੰ ਛਡਕੇ ਹੋਰ ਪਾਸੇ ਵਲ ਗਏ ਸਨ, ਕਬੀਰ ਜੀ ਕਹਿੰਦੇ ਹਨ ਉਨ੍ਹਾਂ ਨੂੰ ਨਾ ਇਸ ਬੰਨੇ (ਲੋਕ) ਵਲ ਢੋਈ ਅਤੇ ਨਾ ਪਾਰਲੇ ਬੰਨੇ ਵਾਹਿਗੁਰੂ ਵਲ। ਭਾਵ ਜਿਕੁਰ ਪੰਦਰਾਂ ਤਿਥੀਆਂ ਤੇ ਸੱਤ ਵਾਰ ਭੌਂਦੇ ਰਹਿੰਦੇ ਹਨ, ਇਕੁਰ ਹੀ ਓਹ ਜੀਵ ਚੁਰਾਸੀ ਵਿੱਚ ਭੌਂਦੇ ਰਹਿੰਦੇ ਹਨ। ਸਾਧਨ ਕਰਨ ਵਾਲਿਆਂ ਅਤੇ ਸਿੱਧੀਆਂ ਵਾਲਿਆਂ ਵਿੱਚੋਂ ਜਿਸ ਕਿਸੇ ਨੇ ਵਾਹਿਗੁਰੂ ਦਾ ਭੇਦ ਲਖਿਆ ਹੈ, ਉਹ ਆਪ ਹੀ ਸੰਸਾਰ ਦਾ ਕਰਤਾ ਰੂਪ ਹੈ ਅਤੇ ਆਪ ਹੀ ਦੇਉ ਪਰਕਾਸ਼ ਰੂਪ ਹੈ, ਭਾਵ ਵਾਹਿਗੁਰੂ ਦਾ ਰੂਪ ਹੈ।

**ਥਿਤੀ ॥ ਅਮਾਵਸ ਮਹਿ ਆਸ ਨਿਵਾਰਹੁ ॥ ਅੰਤਰਜਾਮੀ ਰਾਮੁ ਸਮਾਰਹੁ ॥ ਜੀਵਤ ਪਾਵਹੁ ਮੋਖ ਦੁਆਰ ॥ ਅਨਭਉ ਸਬਦੁ ਤਤੁ ਨਿਜੁ ਸਾਰ ॥ ੧ ॥**

ਅਮਾਵਸ = ਮਸਿਆ। ਨਿਜੁ = ਆਪਣਾ। ਸਾਰ = ਚੰਗਾ।

ਮਸਿਆ ਤਿਥੀ ਵਿੱਚ ਪਦਾਰਥਾਂ ਦੀ ਆਸਾ ਨੂੰ ਨਿਵਾਰੋ ਅਤੇ ਅੰਦਰ ਦੀ ਜਾਨਣ ਵਾਲੇ ਵਾਹਿਗੁਰੂ ਨੂੰ ਯਾਦ ਕਰੋ। ਜੀਊਂਦੇ ਹੀ ਮੁਕਤੀ

Digitized by Panjab Digital Library | www.panjabdigilib.org

ਦਾ ਦਰਵਾਜ਼ਾ ਪਾਵੇ ਅਤੇ ਆਪਣੇ ਅਨਭੌ ਸ਼ਬਦ ਤਤ ਸਰੂਪ ਦੀ ਸੰਭਾਲ ਕਰੇ।

**ਚਰਨ ਕਮਲ ਗੋਬਿੰਦ ਰੰਗੁ ਲਾਗਾ ॥ ਸੰਤ ਪ੍ਰਸਾਦਿ ਭਏ ਮਨ ਨਿਰਮਲ ਹਰਿ ਕੀਰਤਨ ਮਹਿ ਅਨਦਿਨੁ ਜਾਗਾ॥ ੧ ॥ ਰਹਾਉ ॥**

ਜਿਸਦਾ ਮਨ ਵਾਹਿਗੁਰੂ ਦੇ ਚਰਨਾਂ ਕਮਲਾਂ ਵਿੱਚ ਪਰੇਮ ਨਾਲ ਲਗਦਾ ਹੈ, ਅਤੇ ਸੰਤਾਂ ਦੀ ਕਿਰਪਾ ਕਰਕੇ ਨਿਰਮਲ ਹੋਯਾ ਹੈ, ਓਹ ਵਾਹਿਗੁਰੂ ਦੇ ਕੀਰਤਨ ਵਿਚ ਰਾਤ ਦਿਨੇ ਜਾਗਦਾ ਹੈ।

**ਪਰਵਾ ਪ੍ਰੀਤਮ ਕਰਹੁ ਬੀਚਾਰ ॥ ਘਟ ਮਹਿ ਖੇਲੈ ਅਘਟ ਅਪਾਰ ॥ ਕਾਲ ਕਲਪਨਾ ਕਦੇ ਨ ਖਾਇ ॥ ਆਦਿ ਪੁਰਖ ਮਹਿ ਰਹੈ ਸਮਾਇ ॥ ੨ ॥**

ਅਘਟ=ਇਕ ਰਸ। ਪਰਵਾ=ਏਕਮ।

ਏਕਮ ਦੁਆਰਾ ਪਿਆਰੇ ਵਾਹਿਗੁਰੂ ਦਾ ਵਿਚਾਰ ਕਰੋ, ਓਹ ਸਭ ਦੇ ਘਟ ਵਿੱਚ ਇਕ ਰਸ ਬਾਹਲਾ ਹੈ ਭਾਵ ਸਭ ਦੇ ਰਿਦੇ ਵਿੱਚ ਹੈ। ਤਿਸ ਨੂੰ ਕਾਲ ਦੀ ਕਲਪਨਾ ਕਦੇ ਨਹੀਂ ਖਾਂਦੀ, ਕਿਉਂਕਿ ਆਦਿ ਪੁਰਖ ਵਿੱਚ ਸਮਾ ਰਹਿੰਦਾ ਹੈ।

**ਦੁਤੀਆ ਦੁਹ ਕਰਿ ਜਾਨੈ ਅੰਗ ॥ ਮਾਇਆ ਬ੍ਰਹਮ ਰਮੈ ਸਭ ਸੰਗ ॥ ਨਾ ਓਹੁ ਬਢੈ ਨ ਘਟਤਾ ਜਾਇ ॥ ਅਕੁਲ ਨਿਰੰਜਨ ਏਕੈ ਭਾਇ ॥ ੩ ॥**

ਅੰਗ=ਸਰੀਰ ਜਾਂ ਦੋ।

ਸਾਰੇ ਸਰੀਰਾਂ ਨੂੰ ਦੋਵੇਂ ਕਰਕੇ ਜਾਣੇ। ਮਾਇਆ ਤੇ ਵਾਹਿਗੁਰੂ ਸਭ ਨਾਲ ਰਮੇ ਹੋਏ ਹਨ। ਵਾ ਸਭਨਾਂ ਸਰੀਰਾਂ ਵਿੱਚ ਉਸਨੂੰ ਦੋ ਕਰਕੇ ਨਾ ਜਾਣੇ ਭਾਵੇਹ ਮਾਇਆ ਰੂਪ ਹੋਕੇ ਵਾਹਿਗੁਰੂ ਸਾਰਿਆਂ ਨਾਲ ਰਮਿਆ ਹੋਇਆ ਹੈ।

(ਪਰ) ਨਾ ਓਹ ਵਧਦਾ ਅਤੇ ਨ ਘਟਦਾ ਜਾਂਦਾ ਹੈ, ਕੁਲ ਤੇ ਮਾਇਆ ਰਹਿਤ ਇਕ ਭਾਇ=ਤਰਾਂ ਦਾ ਹੈ।

**ਤ੍ਰਿਤੀਆ ਤੀਨੇ ਸਮ ਕਰਿ ਲਿਆਵੈ ॥ ਆਨਦ ਮੂਲ ਪਰਮਪਦੁ ਪਾਵੈ ॥ ਸਾਧ ਸੰਗਤਿ ਉਪਜੈ ਬਿਸ੍ਵਾਸ ॥ ਬਾਹਰਿ ਭੀਤਰਿ ਸਦਾ ਪ੍ਰਗਾਸ ॥ ੪ ॥**

Digitized by Panjab Digital Library | www.panjabdigilib.org

ਸਮ = ਬਰਾਬਰ। ਮੂਲ = ਮੁੱਢ। ਭੀਤਰ = ਅੰਦਰ।

ਇੜਾ, ਪਿੰਗਲ, ਸੁਖਮਨਾ ਤਿੰਨਾਂ ਦੇ ਪੁਆੜੇ ਵੱਲੋਂ ਮਨ ਨੂੰ ਹਟਾਕੇ ਵਾਹਿਗੁਰੂ ਵੱਲ ਲਿਆਵੇ ਫੇਰ ਤਾਂ ਆਨੰਦ ਦੇ ਮੁੱਢ ਹੱਛੇ ਪਦ ਵਾਹਿਗੁਰੂ ਨੂੰ ਪਾ ਲੈਂਦਾ ਹੈ। ਪਰ ਸਾਧ ਸੰਗਤ ਵਿੱਚ ਏਹ ਨਿਸਚਾ ਉਪਜਦਾ ਹੈ, ਫਿਰ ਅੰਦਰ ਬਾਹਿਰ ਸਦਾ ਹੀ ਵਾਹਿਗੁਰੂ ਚਾਨਣ ਕਰਦਾ ਹੈ।

**ਚਉਥਹਿ ਚੰਚਲ ਮਨ ਕਉ ਗਹਹੁ ॥ ਕਾਮ ਕ੍ਰੋਧ ਸੰਗਿ ਕਬਹੁ ਨ ਬਹਹੁ ॥ ਜਲ ਥਲ ਮਾਹੇ ਆਪਹਿ ਆਪ ॥ ਆਪੈ ਜਪਹੁ ਆਪਨਾ ਜਾਪ ॥ ੫ ॥**

ਗਹਹੁ = ਫੜੋ।

ਚੰਚਲ ਮਨ ਨੂੰ ਫੜੋ। ਕਾਮ ਕ੍ਰੋਧ ਦੇ ਨਾਲ ਕਦੀ ਵੀ ਨਾ ਬਹੋ। ਜਲਾਂ ਥਲਾਂ ਵਿੱਚ ਆਪੇ ਹੀ ਆਪ ਹੈ, ਆਪੇ ਹੀ ਆਪਣਾ ਜਾਪ ਜਪੋ।

**ਪਾਂਚੈ ਪੰਚ ਤਤ ਬਿਸਥਾਰ ॥ ਕਨਿਕ ਕਾਮਨੀ ਜੁਗ ਬਿਉਹਾਰ ॥ ਪ੍ਰੇਮ ਸੁਧਾ ਰਸੁ ਪੀਵੈ ਕੋਇ ॥ ਜਰਾ ਮਰਣ ਦੁਖੁ ਫੇਰਿ ਨ ਹੋਇ ॥ ੬ ॥**

ਕਨਿਕ = ਸੋਨਾ। ਕਾਮਨੀ = ਇਸਤ੍ਰੀ। ਜੁਗ = ਦੋ।
ਸੁਧਾ = ਅੰਮ੍ਰਤ। ਜਰਾ = ਬੁਢੇਪਾ।

ਪੰਜਾਂ ਤਤਾਂ ਦਾ ਸਭ ਫੈਲਾਉ ਹੈ। ਸੋਨੇ, ਇਸਤ੍ਰੀ ਦੋਹਾਂ ਦਾ ਸਭ ਜਗਤ ਨੂੰ ਵਿਹਾਰ ਹੈ। ਭਾਵ ਸਭ ਇਸਨੂੰ ਹੱਛਾ ਜਾਣਦੇ ਹਨ। ਪਰ ਇਨ੍ਹਾਂ ਨੂੰ ਛਡਕੇ ਪਰੇਮ ਰੂਪ ਅੰਮ੍ਰਿਤ ਰਸ ਜੇ ਕੋਈ ਪੀਵੇ ਤਾਂ ਬੁਢੇਪਾ ਮਰਨਾ ਦੁਖ ਤਿਸਨੂੰ ਫੇਰ ਨਹੀਂ ਹੁੰਦਾ।

**ਛਠਿ ਖਟੁ ਚਕ੍ਰ ਛਹੂੰ ਦਿਸ ਧਾਇ ॥ ਬਿਨੁ ਪਰਚੈ ਨਹੀ ਥਿਰਾ ਰਹਾਇ ॥ ਦੁਬਿਧਾ ਮੇਟਿ ਖਿਮਾ ਗਹਿ ਰਹਹੁ ॥ ਕਰਮ ਧਰਮ ਕੀ ਸੂਲ ਨ ਸਹਹੁ ॥ ੭ ॥**

ਖਟ=ਛੇ। ਗਹਿ=ਫੜ। ਸੂਲ=ਪੀੜਾ।

ਪੰਜ ਗਿਆਣ ਇੰਦ੍ਰੇ ਛੇਵਾਂ ਮਨ, ਛੀਆਂ ਚੱਕਰਾਂ(ਗੱਡੇ ਦਿਆਂ ਪਹੀਆਂ) ਵਾਂਗੂ ਛਿਆਂ ਦਿਸ਼ਾਂ ਵੱਲ ਦੌੜਦੇ ਹਨ, ਵਾਹਿਗੁਰੂ ਦੇ ਪਰਚੇ ਤੋਂ ਬਿਨਾ ਇਸਥਿਤ ਨਹੀਂ ਰਹਿੰਦੇ। ਦੁਬਿਧਾ ਨੂੰ ਮੇਟਕੇ ਖਿਮਾ ਨੂੰ ਫੜ ਰਖੋ, ਕਰਮ ਧਰਮ ਦੀ ਪੀੜਾ ਨੂੰ ਨਾ ਸਹਾਰੋ।

Digitized by Panjab Digital Library | www.panjabdigilib.org

ਸਾਤੈਂ ਸਤਿ ਕਰਿ ਬਾਚਾ ਜਾਣਿ ॥ ਆਤਮ ਰਾਮੁ ਲੇਹੁ ਪਰਵਾਣਿ ॥ ਛੂਟੈ ਸੰਸਾ ਮਿਟਿ ਜਾਹਿ ਦੁਖ ॥ ਸੁੰਨ ਸਰੋਵਰਿ ਪਾਵਹੁ ਸੁਖ ॥ ੮ ॥

ਬਾਚਾ=ਬਾਣੀ। ਆਤਮ = ਮਨ।

ਗੁਰਾਂ ਦੀ ਬਾਣੀ ਨੂੰ ਸੱਚੀ ਕਰਕੇ ਜਾਣ ਅਤੇ ਆਪਣੇ ਅੰਦਰ ਹੀ ਵਾਹਿਗੁਰੂ ਨੂੰ ਪਰਵਾਣ ਕਰ ਲੈ। ਛੁਟਜਾਣਗੇ ਸੰਸੇ ਅਤੇ ਮਿਟ ਜਾਣਗੇ ਦੁਖ। ਅਫੁਰ ਤਲਾਉ ਵਾਹਿਗੁਰੁ ਵਿਚ ਸੁਖ ਪਾਓਗੇ।

ਅਸਟਮੀ ਅਸਟ ਧਾਤੁ ਕੀ ਕਾਇਆ ॥ ਤਾਮਹਿ ਅਕੁਲ ਮਹਾ ਨਿਧਿ ਰਾਇਆ ॥ ਗੁਰ ਗਮ ਗਿਆਨ ਬਤਾਵੈ ਭੇਦ ॥ ਉਲਟਾ ਰਹੈ ਅਭੰਗ ਅਛੇਦ ॥ ੯ ॥

ਗਮ = ਪਹੁੰਚਣ ਵਾਲਾ। ਅਛੇਦ = ਛੇਦ ਤੋਂ ਰਹਿਤ।

ਅੱਠਾਂ ਧਾਤਾਂ ( ੧ ਰਸ, ੨ ਲਹੂ, ੩ ਮੇਦਾ, ੪ ਹੱਡੀਆਂ, ੫ ਮਿਝ, ੬ ਬੀਰਜ, ੭ ਮਾਸ, ੮ ਨਾੜੀ ) ਦੀ ਕਾਇਆਂ ਹੈ, ਇਸ ਵਿਚ ਕੁਲ ਰਹਿਤ ਮਹਾਂ ਨਿਧੀ ਰੂਪ ਪ੍ਰਕਾਸ਼ਤ ਵਾਹਿਗੁਰੂ ਹੈ। ਪਹੁੰਚੇ ਹੋਏ ਗੁਰੂ ਇਸ ਗਿਆਨ ਦਾ ਭੇਦ ਬਤੌਂਦੇ ਹਨ, ਸੰਸਾਰ ਦੇ ਦੁਖਾਂ ਤੋਂ ਜੀਵ ਉਲਟ ਕੇ ਅਭੰਗ ਅਛੇਦ ਰਹਿੰਦਾ ਹੈ।

ਨਉਮੀ ਨਵੈ ਦੁਆਰ ਕਉ ਸਾਧਿ ॥ ਬਹਤੀ ਮਨਸਾ ਰਾਖਹੁ ਬਾਂਧਿ ॥ ਲੋਭ ਮੋਹ ਸਭ ਬੀਸਰਿ ਜਾਹੁ ॥ ਜੁਗੁ ਜੁਗੁ ਜੀਵਹੁ ਅਮਰ ਫਲੁ ਖਾਹੁ ॥ ੧੦ ॥

ਸਾਧਿ = ਰੋਕ। ਬਹਤੀ = ਰੁੜ੍ਹਦੀ। ਮਨਸਾ = ਤ੍ਰਿਸ਼ਨਾ।

ਨਵਾਂ ਬੂਹਿਆਂ ਇੰਦ੍ਰੀਆਂ ਨੂੰ ਰੋਕੋ, ਸੰਸਾਰ ਵਲ ਰੁੜ੍ਹਦੀ ਬੁਧੀਨੂੰ ਬੰਨ੍ਹ ਰੱਖੋ। ਲੋਭ ਮੋਹ ਸਭ ਜਦੋਂ ਭੁਲ ਜਾਣਗੇ, ਜੁਗ ਜੁਗ ਜੀਵੋਗੇ ਅਤੇ ਅਮਰ ਫਲਗਿਆਨ ਖਾਵੋਗੇ।

(ਉਸ ਵਾਹਿਗੁਰੂ ਦੇ ਲੱਭਣ)

ਦਸਮੀ ਦਹਦਿਸ ਹੋਇ ਅਨੰਦ ॥ ਛੂਟੈ ਭਰਮੁ ਮਿਲੈ ਗੋਬਿੰਦ ॥ ਜੋਤਿ ਸਰੂਪੀ ਤਤ ਅਨੂਪ ॥ ਅਮਲ ਨ ਮਲਨ ਛਾਹ ਨਹੀ ਧੂਪ ॥੧੧ ॥

Digitized by Panjab Digital Library | www.panjabdigilib.org

ਦਸਾਂ ਹੀ ਦਿਸ਼ਾ ਵਲ ਤੁਹਾਨੂੰ ਅਨੰਦ ਹੋਵੇਗਾ, ਭਰਮ ਤੋਂ ਛੁਟ ਜਾਵੋਗੇ ਵਾਹਿਗੁਰੂ ਮਿਲੇਗਾ। ਜੋਤ ਸਰੂਪ ਤਤ ਅਨੂਪ ਹੈ, ਅਮਲ ਹੈ, ਮੈਲ ਨਹੀਂ, ਛਾਂ ਧੁਪ ਨਹੀਂ, ਭਾਵ ਸੁਖ ਦੁਖ ਨਹੀਂ।

**ਏਕਾਦਸੀ ਏਕ ਦਿਸ ਧਾਵੈ ॥ ਤਉ ਜੋਨੀ ਸੰਕਟ ਬਹੁਰਿ ਨ ਆਵੈ ॥ ਸੀਤਲ ਨਿਰਮਲ ਭਇਆ ਸਰੀਰਾ ॥ ਦੂਰਿ ਬਤਾਵਤ ਪਾਇਆ ਨੀਰਾ ॥ ੧੨ ॥**

ਸੰਕਟ – ਦੁਖ।

ਜੇਹੜਾ ਇਕ ਪਾਸੇ ਵਾਹਿਗੁਰੂ ਵਲ ਦੌੜੇ ਤਾਂ ਜੂਨੀਆਂ, ਦੁਖ ਵਿਚ ਫਿਰ ਨਹੀਂ ਆਉਂਦਾ। ਠੰਢਾ ਨਿਰਮਲ ਸਰੀਰ ਹੋਗਿਆ, ਵਾਹਿਗੁਰੂ ਨੂੰ ਦੂਰ ਦਸਦੇ ਸਾਂ ਨੇੜੇ ਹੀ ਪਾ ਲਿਆ।

**ਬਾਰਸਿ ਬਾਰਹ ਉਗਵੈ ਸੂਰ ॥ ਅਹਿਨਿਸਿ ਬਾਜੇ ਅਨਹਦ ਤੂਰ ॥ ਦੇਖਿਆ ਤਿਹੂੰ ਲੋਕ ਕਾ ਪੀਉ ॥ ਅਚਰਜੁ ਭਇਆ ਜੀਵ ਤੇ ਸੀਉ ॥ ੧੩ ॥**

ਸੂਰ = ਸੂਰਜ। ਅਹਿਨਿਸਿ = ਰਾਤ ਦਿਨ। ਤੂਰ = ਵਾਜੇ।
ਸੀਉ = ਵਾਹਿਗੁਰੂ।

ਬਾਰਾਂ ਸੂਰਜ ਉਗੇ (ਚੜ੍ਹੇ), ਦਿਨ ਰਾਤ ਇਕ ਰਸ ਵਾਜੇ ਵਜੇ, ਇਕਰ ਦੇ ਗਿਆਨ ਦਾ ਚਾਨਣ ਹੋਇਆ। ਤਿੰਨਾਂ ਲੋਕਾਂ ਦਾ ਪਤੀ ਦੇਖ ਲਿਆ, ਜੀਵ ਤੋਂ ਵਾਹਿਗੁਰੂ ਬਣ ਗਿਆ, ਏਹ ਬੜਾ ਅਸਚਰਜ ਹੋਇਆ।

**ਤੇਰਸਿ ਤੇਰਹ ਅਗਮ ਬਖਾਨਿ ॥ ਅਰਧ ਉਰਧ ਬਿਚਿ ਸਮ ਪਹਿਚਾਨਿ ॥ ਨੀਚ ਊਚ ਨਹੀ ਮਾਨ ਅਮਾਨ ॥ ਬਿਆਪਿਕ ਰਾਮ ਸਗਲ ਸਾਮਾਨ ॥ ੧੪ ॥**

ਅਗਮ = ਜਿਥੇ ਪਹੁੰਚਿਆ ਨਾ ਜਾਵੇ। ਅਰਧ = ਨੀਵਾਂ।
ਉਰਧ = ਉਚਾ। ਸਮ = ਬਰਾਬਰ। ਪਹਿਚਾਨਿ – ਜਾਣਿਆ।

ਤੇਰਾਂ (੪ ਵੇਦ ੩ ਦੇਵਤੇ ੬ ਸ਼ਾਸਤ੍ਰ) ਜਿਸਨੂੰ ਅਗਮ ਕਹਿੰਦੇ ਹਨ, ਉਸਨੂੰ ਅਕਾਸ਼ ਪਤਾਲ ਵਿਚ ਇਕੋ ਜਿਹਾ ਜਾਣ। ਤਿਸ ਵਾਹਿਗੁਰੂ ਵਿਚ ਨੀਚਤਾ, ਉਚਤਾ, ਆਦਰ, ਨਿਰਾਦਰ ਨਹੀਂ ਹੈ, ਓਹ ਵਾਹਿਗੁਰੂ ਸਾਰਿਆਂ ਵਿਚ ਇਕੋ ਜਿਹਾ ਵਿਆਪਕ ਹੈ।

Digitized by Panjab Digital Library | www.panjabdigilib.org

**ਚਉਦਸਿ ਚਉਦਹਿ ਲੋਕ ਮਝਾਰਿ ॥ ਰੋਮ ਰੋਮ ਮਹਿ ਬਸਹਿ ਮੁਰਾਰਿ ॥ ਸਤ ਸੰਤੋਖ ਕਾ ਧਰਹੁ ਧਿਆਨ ॥ ਕਥਨੀ ਕਥੀਐ ਬ੍ਰਹਮ ਗਿਆਨ ॥ ੧੫ ॥**

ਮਝਾਰਿ = ਵਿਚ। ਮੁਰਾਰਿ = ਵਾਹਿਗੁਰੂ।

ਚੌਦਾਂ ਲੋਕਾਂ ਵਿਚ ਅਤੇ ਰੋਮ ਰੋਮ ਵਿਚ ਵਾਹਿਗੁਰੂ ਵਸਦਾ ਹੈ। ਸਤ ਸੰਤੋਖ ਨੂੰ ਧਾਰਕੇ ਵਾਹਿਗੁਰੂ ਦਾ ਧਿਆਨ ਧਾਰੋ ਜੇ ਕਥਾ ਵੀ ਕਹੀਏ ਤਾਂ ਵਾਹਿਗੁਰੂ ਦੇ ਗਿਆਨ ਵਾਲੀ ਕਹੀਏ।

**ਪੂਨਿਉ ਪੂਰਾ ਚੰਦ ਅਕਾਸ ॥ ਪਸਰਹਿ ਕਲਾ ਸਹਜ ਪਰਗਾਸ ॥ ਆਦਿ ਅੰਤ ਮਧਿ ਹੋਇ ਰਹਿਆ ਥੀਰ ॥ ਸੁਖ ਸਾਗਰ ਮਹਿ ਰਮਹਿ ਕਬੀਰ ॥ ੧੬ ॥**

ਥੀਰ ਜਾਂ ਥੀਰ = ਇਸਥਿਤ। ਸਾਗਰ = ਸਮੁੰਦਰ।

ਜਿਕੁਰ ਪੁੰਨਿਆ ਦਾ ਚੰਦ ਪੂਰਾ ਹੁੰਦਾ ਹੈ ਤਾਂ ਸਾਰੇ ਅਕਾਸ਼ ਵਿਚ ਉਸਦੀਆਂ ਕਲਾ ਸਹਿਜੇ ਹੀ ਫੈਲੀਆਂ ਹੁੰਦੀਆਂ ਹਨ, ਇਕੁਰ ਹੀ ਸਾਰਿਆਂ ਵਿਚ ਵਾਹਿਗੁਰੂ ਹੈ। ਜੇਹੜਾ ਵਾਹਿਗੁਰੂ ਆਦਿ ਅੰਤ ਮਧ ਵਿਚ ਥਿਰ ਹੋ ਰਿਹਾਹੈ, ਉਸ ਸੁਖਾਂ ਦੇ ਸਮੁੰਦਰ ਵਿਚ ਕਬੀਰ ਜੀ ਰਮਦੇ ਹਨ।

**ੴ ਸਤਿਗੁਰਪ੍ਰਸਾਦਿ ॥**

**ਰਾਗੁ ਗਉੜੀ ਵਾਰ ਕਬੀਰ ਜੀਉ ਕੇ ॥ ੭ ॥**

**ਬਾਰ ਬਾਰ ਹਰਿ ਕੇ ਗੁਨ ਗਾਵਉ ॥ ਗੁਰ ਗਮਿ ਭੇਦੁ ਸੁ ਹਰਿ ਕਾ ਪਾਵਉ ॥ ੧ ॥ ਰਹਾਉ ॥**

ਗਮਿ = ਪਹੁੰਚੇ ਹੋਏ।

ਬਾਰ ਬਾਰ ਵਾਹਿਗੁਰੂ ਦੇ ਗੁਣ ਗਾਉਂਦਾ ਹਾਂ, ਪਹੁੰਚਿਆਂ ਹੋਇਆਂ ਗੁਰਾਂ ਕਰਕੇ ਵਾਹਿਗੁਰੂ ਦਾ ਭੇਦ ਪਾਵਾਂਗਾ।

**ਆਦਿਤ ਕਰੈ ਭਗਤਿ ਆਰੰਭ ॥ ਕਾਇਆ ਮੰਦਰ ਮਨਸਾ ਥੰਭ ॥ ਅਹਿਨਿਸਿ ਅਖੰਡ ਸੁਰਹੀ ਜਾਇ ॥ ਤਉ ਅਨਹਦ ਬੇਣੁ ਸਹਜ ਮਹਿ ਬਾਇ ॥ ੧ ॥**

Digitized by Panjab Digital Library | www.panjabdigilib.org

ਆਦਿਤ = ਐਤਵਾਰ।

ਅਹਿਨਿਸਿ = ਦਿਨ ਰਾਤ। ਸੁਰਹੀ = ਫਸੀ ਹੋਈ ਬ੍ਰਿਤੀ!
ਬੇਣ = ਬੀਨ ਵਾਜਾ। ਬਾਇ = ਵਜਾਉਣਾ।

ਐਤਵਾਰ ਦੁਆਰਾ ਉਪਦੇਸ਼ ਕਰਦੇ ਹਨ ਕਿ ਭਗਤ ਭਗਤੀ ਦਾ ਅਰੰਭ ਕਰੇ ਅਤੇ ਕਾਂਇਆਂ ਰੂਪ ਮੰਦਰ ਵਿਚ ਕਬੁਧੀ ਦੀਆਂ ਵਾਸ਼ਨਾਂ ਨੂੰ ਰੋਕੇ। ਰਾਤ ਦਿਨ ਇਕ ਰਸ ਜਾਕੇ ਬ੍ਰਿਤੀ ਫਸੀ ਰਹੇ ਤਾਂ ਇਕ ਰਸ ਬੀਣ ਵਾਜਾ ਸਹਿਜ ਵਿਚ ਵਜਾਉਂਦਾ ਹੈ ਵਾ ਵੱਜਦਾ ਸੁਣੀਦਾ ਹੈ।

**ਸੋਮਵਾਰਿ ਸਸਿ ਅੰਮ੍ਰਿਤੁ ਝਰੈ॥ ਚਾਖਤ ਬੇਗਿ ਸਗਲ ਬਿਖ ਹਰੈ॥ ਬਾਣੀ ਰੋਕਿਆ ਰਹੈ ਦੁਆਰ॥ ਤਉ ਮਨੁ ਮਤਵਾਰੋ ਪੀਵਨਹਾਰ॥ ੨॥**

ਸਸਿ = ਚੰਦਰਮਾ। ਬੇਗ = ਛੇਤੀ। ਹਰੈ = ਨਾਸ ਕਰੇ।

ਗੁਰੂ ਰੂਪ ਚੰਦਰਮਾ ਬਚਨ ਰੂਪ ਅਮ੍ਰਿਤ ਦੀ ਵਰਖਾ ਕਰਦੇ ਹਨ, ਜਗਯਾਸੂ ਉਸਨੂੰ ਛੇਤੀ ਨਾਲ ਚੱਖਕੇ ਸਾਰੀ ਵਿਹੁ ਨੂੰ ਦੂਰ ਕਰ ਦੇਵੇ। ਉਸਤਤਿ ਨਿੰਦਯਾ ਆਦਿਕ ਬਾਣੀ ਤੋਂ ਮੁਖ ਰੂਪ ਬੂਹਾ ਰੋਕਿਆ ਰਹੇ ਤਾਂ ਮਨ ਮਤਵਾਲਾ ਪੀਣ ਵਾਲਾ ਜਾਣੀਦਾ ਹੈ।

**ਮੰਗਲ ਵਾਰੇ ਲੇ *ਮਾਹੀਤਿ॥ ਪੰਚ ਚੋਰ ਕੀ ਜਾਣੈ ਰੀਤਿ॥ ਘਰ ਛੋਡੇਂ ਬਾਹਰਿ ਜਿਨਿ ਜਾਇ॥ ਨਾਤਰੁ ਖਰਾ ਰਿਸੈ ਹੈ ਰਾਇ॥ ੩॥**

ਜਿਨਿ = ਮਤ ਨਹੀਂ। ਨਾਤਰ = ਨਹੀਂ ਤਾਂ। ਖਰਾ = ਹੱਛਾ। ਰਿਸੈ = ਗੁਸੇ।

ਪੰਜਾਂ ਕਾਮਾਦਿਕਾਂ ਨੂੰ ਘੇਰੇ ਵਿਚ ਲੈਕੇ ਚੋਰਾਂ ਦੇ ਵੱਸ ਕਰਨ ਦੀ ਰੀਤੀ ਜਾਣੇ, ਵਾਹਿਗੁਰੂ ਨੂੰ ਢੂੰਢਣ ਵਾਸਤੇ ਘਰ ਛੱਡਕੇ ਬਾਹਰ ਮਤ ਜਾਵੇ, ਨਹੀਂ ਤਾਂ ਵਾਹਿਗੁਰੂ ਬੜਾ ਗੁਸੇ ਹੋਵੇਗਾ।

**ਬੁਧਵਾਰਿ ਬੁਧਿ ਕਰੈ ਪ੍ਰਗਾਸ। ਹਿਰਦੈ ਕਮਲ ਮਹਿ ਹਰਿ ਕਾ ਬਾਸ॥ ਗੁਰ ਮਿਲਿ ਦੋਊ ਏਕ ਸਮ ਧਰੈ॥ ਉਰਧ ਪੰਕ ਲੈ ਸੂਧਾ ਕਰੈ॥ ੪॥**

---

*ਮਾਹੀਤਿ ਘੇਰਾ ਯਾ ਅਸਲੀਅਤ।

Digitized by Panjab Digital Library | www.panjabdigilib.org

ਸਮ=ਬਰਾਬਰ ਉਰਧ=ਉਚਾ, ਉਲਟਾ। ਪੰਕ=ਚਿੱਕੜ, ਕਮਲ।

ਜਿਸ ਦੀ ਅਕਲ ਪਰਕਾਸ਼ ਕਰਦੀਹੈ ਓਹ ਜਾਣ ਲੈਂਦਾ ਹੈ ਕਿ ਮੇਰੇ ਹਿਰਦੇ ਕਮਲ ਵਿਚ ਹੀ ਵਾਹਿਗੁਰੂ ਦਾ ਵਾਸ ਹੈ। ਗੁਰਾਂ ਨੂੰ ਮਿਲਕੇ ਦੋਹਾਂ (ਜੀਵ ਈਸ਼ਰ)ਵਿਚ ਬਰਾਬਰ ਇਕ ਭਾਵਨਾ ਰਖੇ ਅਤੇ ਉਲਟਾ ਰਿਦਾ ਕਮਲ ਫੜਕੇ ਸਿੱਧਾ ਕਰ ਰੱਖੇ, ਭਾਵ ਰਿਦੇ ਵਿਚ ਨਾਮ ਨੂੰ ਵਸਾ ਦੇਵੇ।

**ਬ੍ਰਿਹਸਪਤਿ ਬਿਖਿਆ ਦੇਇ ਬਹਾਇ ॥ ਤੀਨਿ ਦੇਵ ਏਕ ਸੰਗਿ ਲਾਇ ॥ ਤੀਨਿ ਨਦੀ ਤਹ ਤ੍ਰਿਕੁਟੀ ਮਾਹਿ ॥ ਅਹਿਨਿਸਿ ਕਸਮਲ ਧੋਵਹਿ ਨਾਹਿ ॥ ੫ ॥**

ਬ੍ਰਹਸਪਤਿ=ਵੀਰਵਾਰ। ਬਹਾਇ=ਰੋੜ੍ਹ।

ਅਹਿਨਿਸ=ਦਿਨ ਰਾਤ। ਕਸਮਲ=ਪਾਪ। ਤ੍ਰਿਕੁਟੀ=ਦਸਵਾਂ ਦੁਆਰ

ਸਾਰੀ ਵਿਸ਼ਿਆਂ ਦੀ ਵਾਸ਼ਨਾ ਰੋੜ੍ਹ ਦੇਵੇ ਅਤੇ ਤਿੰਨਾਂ ਦੇਵਤਿਆਂ ਦਾ ਮਾਲਕ ਜੋ ਇਕ ਹੈ, ਉਸ ਨੂੰ ਅਪਣੇ ਨਾਲ ਲਾਇ=ਜਾਣੇ। ਦਸਵੇਂ ਦੁਆਰ ਵਿਚ ਜੋ ਤਿੰਨ ਨਦੀਆਂ ( ਇੜਾ, ਪਿੰਗੁਲਾ, ਸੁਖਮਨਾ ) ਹਨ ਉਨ੍ਹਾਂ ਵਿਚ ਵੜਕੇ ਰਾਤ ਦਿਨੇ ਪਾਪਾਂ ਨੂੰ ਕਿਉਂ ਨਹੀਂ ਧੋਂਦਾ? ਵਾ ਨ੍ਹਾਕੇ ਧੋ।

**ਸੁਕ੍ਰਿਤੁ*ਸਹਾਰੈ ਸੁ ਇਹ ਬ੍ਰਿਤਿ ਚੜੈ ॥ ਅਨਦਿਨ ਆਪਿ ਆਪ ਸਿਉ ਲੜੈ ॥ ਸੁਰਖੀ ਪਾਂਚਉ ਰਾਖੈ ਸਬੈ ॥ ਤਉ ਦੂਜੀ ਦ੍ਰਿਸਟਿ ਨ ਪੈਸੈ ਕਬੈ ॥ ੬ ॥**

ਸੁਕ੍ਰਿਤ=ਪੁੰਨ ਵਾ ਵਾਰ। ਅਨਦਿਨ = ਰਾਤ ਦਿਨ।

ਪੁੰਨਾਂ ਦੇ ਆਸਰੇ ਇਸ ਬਿਰਤੀ ਨੂੰ ਚੜ੍ਹਾਵੇ ਭਾਵ ਇੰਦ੍ਰੀਆਂ ਨੂੰ ਰੋਕਕੇ ਫੇਰ ਰਾਤ ਦਿਨੇ ਆਪ ਆਪਣੇ ਮਨ ਨਾਲ ਹੀ ਲੜੇ। ਸਾਰੀਆਂ ਪੰਜੇ ਇੰਦਰੀਆਂ ਵੱਸਕਰ ਰੱਖੇ ਅਤੇ ਦ੍ਵੈਤ ਭਾਉ ਦੀ ਦਿਰਸ਼ਟੀ ਵਿਚਕਦੀ ਪਰਵੇਸ਼ ਹੀ ਨ ਕਰੇ।

---

*ਸੁਕ੍ਰਿਤ ਦੇ ਅਰਥ ਪੁੰਨ, ਵਾ ਸ਼ੁੱਕਰਵਾਰ ਹਨ।

Digitized by Panjab Digital Library | www.panjabdigilib.org

**ਥਾਵਰ ਥਿਰੁ ਕਰਿ ਰਾਖੈ ਸੋਇ ॥ ਜੋਤਿ ਦੀ ਵਟੀ ਘਟ ਮਹ ਜੋਇ॥ ਬਾਹਰਿ ਭੀਤਰਿ ਭਇਆ ਪ੍ਰਗਾਸੁ ॥ ਤਬ ਹੂਆ ਸਗਲ ਕਰਮ ਕਾ ਨਾਸੁ॥ ੭ ॥**

ਸੁਰਖੀ = ਸ੍ਰੇਸ਼ਟ ਰਿਖੀਆਂ, ਇੰਦੀਆਂ। ਪੈਸੇ = ਪ੍ਰਵੇਸ਼।
ਥਾਵਰ = ਸ਼ਨੀਵਾਰ। ਜੋਇ = ਜੋੜੇ ਵ ਵੇਖੇ।

ਵਾਹਿਗੁਰੂ ਰੂਪ ਦੀਵੇ ਦੀ ਜੋਤ ਦੀ ਵੱਟੀ ਰਿਦੇ ਵਿਚ ਜੋੜੇ ਅਤੇ ਉਸ ਨੂੰ ਵੱਸ ਕਰਕੇ ਰੱਖੇ। ਤਾਂ ਫਿਰ ਬਾਹਰ ਅੰਦਰ ਪਰਕਾਸ਼ ਹੋ ਜਾਂਦਾ ਹੈ ਤਾਂ ਨਾਲ ਹੀ ਸਾਰੇ ਕਰਮਾਂ ਦਾ ਨਾਸ ਹੋ ਜਾਂਦਾ ਹੈ।

**ਜਬ ਲਗੁ ਘਟਿ ਮਹਿ ਦੂਜੀ ਆਨ ॥ ਤਉ ਲਉ ਮਹਲਿ ਨ ਲਾਭੈ ਜਾਨ ॥ ਰਮਤ ਰਾਮ ਸਿਉ ਲਾਗੋ ਰੰਗੁ ॥ ਕਹਿ ਕਬੀਰ ਤਬ ਨਿਰਮਲ ਅੰਗੁ ॥ ੮ ॥ ੧ ॥**

ਆਨ = ਹੋਰ ਵਾ ਸ਼ਰਨ।

ਰਮਤ = ਫੈਲਾ ਹੋਯਾ। ਰੰਗ = ਪਰੇਮ = ਅੰਗ = ਰਿਦਾ।

ਜਿੰਨਾ ਚਿਰ ਰਿਦੇ ਵਿਚ ਦੂਜੀ ਹੋਰ ਦ੍ਵੈਤ ਹੈ ਓਨਾ ਚਿਰ ਵਾਹਿਗੁਰੂ ਦਾ ਮਹਲ ਨਹੀਂ ਲੱਭਦਾ, ਜਾਣ ਲਵੋ। ਵਿਆਪਕ ਵਾਹਿਗੁਰੂ ਨਾਲ ਜਦ ਪਰੇਮ ਲਗਾ ਤਾਂ ਕਬੀਰ ਜੀ ਕਹਿੰਦੇ ਹਨ ਰਿਦਾ ਨਿਰਮਲ ਹੋ ਗਿਆ।

( ਸਨਮੁਖ ਬੇਨਤੀ )

## ਰਾਗ ਗਉੜੀ ਚੇਤੀ ਬਾਣੀ ਨਾਮ ਦੇਉ ਜੀਉ ਕੀ

ੴ ਸਤਿਗੁਰਪ੍ਰਸਾਦਿ ॥

**ਦੇਵਾ ਪਾਹਨ ਤਾਰੀਅਲੇ ॥ ਰਾਮ ਕਹਤ ਜਨ ਕਸ ਨ ਤਰੇ॥ ੧ ॥ ਰਹਾਉ॥**

Digitized by Panjab Digital Library | www.panjabdigilib.org

ਦੇਵਾ = ਵਾਹਿਗੁਰੂ। ਪਾਹਨ = ਪੱਥਰ। ਕਸ = ਕਿਉਂ।

ਹੇ ਵਾਹਿਗੁਰੂ! ਤੂੰ ਪੱਥਰਾਂ ਵਤ ਪਾਪੀ ਤਾਰੇ ਹਨ,ਵਾਹਿਗੁਰੂ ਕਹਿੰਦਾ ਹੋਇਆ ਦਾਸ ਕਿਉਂ ਨਾ ਤਰੇਗਾ ?

**ਤਾਰੀਲੇ ਗਨਿਕਾ ਬਿਨੁ ਰੂਪ ਕੁਬਿਜਾ ਬਿਆਧਿ ਅਜਾਮਲੁ ਤਾਰੀਅਲੇ ॥ ਚਰਨ ਬਧਿਕ ਜਨ ਤੇਊ ਮੁਕਤਿ ਭਏ ॥ ਹਉ ਬਲਿ ਬਲਿ ਜਿਨ ਰਾਮ ਕਹੇ ॥ ੧ ॥**

ਬਿਆਧਿ = ਫੰਦਕ। ਬਧਿਕ = ਫੰਦਕ।

ਗਨਿਕਾ ਤਾਰੀ ਅਤੇ ਬਿਨਾ ਰੂਪ ਤੋਂ ਕੁਬਜਾਂ, ਸ਼ਿਕਾਰੀ, ਅਜਾਮਲ ਤਾਰਿਆ। ਚਰਨਾਂ ਨੂੰ ਤੀਰ ਮਾਰਨ ਵਾਲੇ ਉੱਕਰ ਦੇ ਦਾਸ ਮੁਕਤ ਹੋਗਏ। ਮੈਂ ਉਸ ਤੋਂ ਬਲ ਬਲ ਜਾਂਦਾ ਹਾਂ ਜੋ ਵਾਹਿਗੁਰੂ ੨ ਕਹਿੰਦਾ ਹੈ।

**ਦਾਸੀ ਸੁਤ ਜਨ ਬਿਦਰੁ ਸੁਦਾਮਾ ਉਗ੍ਰਸੈਨ ਕਉ ਰਾਜ ਦੀਏ ॥ ਜਪ ਹੀਨ ਤਪ ਹੀਨ ਕੁਲ ਹੀਨ ਕ੍ਰਮ ਹੀਨ ਨਾਮੇ ਕੇ ਸੁਆਮੀ ਤੇਊ ਤਰੇ ॥ ੨ ॥ ੧ ॥**

ਦਾਸੀ ਦਾ ਪੁਤ੍ਰ ਬਿਦਰ ਤਾਰਿਆ, ਸੁਦਾਮਾ ਭਗਤ ਤਾਰਿਆ ਅਤੇ ਉੱਗ੍ਰਸੈਨ ਨੂੰ ਰਾਜ ਦਿਤਾ। ਜਪ ਹੀਨ, ਤਪ ਹੀਨ, ਕੁਲ ਹੀਨ, ਕਰਮ ਹੀਨ ਹੇ ਨਾਮਦੇਉ ਦੇ ਸ੍ਵਾਮੀ! ਓਹ ਤਰ ਗਏ ਹਨ।

## ਰਾਗੁ ਗਉੜੀ ਰਵਿਦਾਸ ਜੀ ਕੇ ਪਦੇ ਗਉੜੀ ਗੁਆਰੇਰੀ

**ੴ ਸਤਿਨਾਮੁ ਕਰਤਾ ਪੁਰਖੁ ਗੁਰਪ੍ਰਸਾਦਿ ॥**

**ਮੇਰੀ ਸੰਗਤਿ ਪੋਚ ਸੋਚ ਦਿਨੁ ਰਾਤੀ ॥ ਮੇਰਾ ਕਰਮੁ ਕੁਟਿਲਤਾ ਜਨਮੁ ਕੁਭਾਂਤੀ ॥ ੧ ॥**

ਪੋਚ = ਨੀਚ

ਹੇ ਵਾਹਿਗੁਰੂ! ਮੇਰੀ ਸੰਗਤ ਨੀਚਾਂ ਦੇ ਨਾਲ ਹੈ ਭਾਵ ਕਾਮਾਦਿਕਾਂ ਦੇ ਨਾਲ ਹੈ, ਇਹ ਮੈਨੂੰ ਦਿਨੇ ਰਾਤ ਬੜੀ ਸੋਚ ਲੱਗੀ ਰਹਿੰਦੀ ਹੈ। ਮੇਰਾ ਕੰਮ ਵੀ ਟੇਢਾ ਅਤੇ ਜਨਮ ਭੀ ਖੋਟੀ ਤਰਾਂ ਦਾ ਹੈ।

Digitized by Panjab Digital Library | www.panjabdigilib.org

**ਰਾਮ ਗੁਸਈਆ ਜੀਅ ਕੇ ਜੀਵਨਾ ॥ ਮੋਹਿ ਨ ਬਿਸਾਰਹੁ ਮੈ ਜਨੁ ਤੇਰਾ ॥ ੧ ॥ ਰਹਾਉ ॥**

ਹੇ ਵਾਹਿਗੁਰੂ ਗੁਸਾਈਂ ਜੀਵਾਂ ਦੇ ਜੀਵਾਉਣ ਵਾਲੇ! ਮੈਨੂੰ ਨਾ ਭੁਲਾ, ਮੈਂ ਤੇਰਾ ਦਾਸ ਹਾਂ।

**ਮੇਰੀ ਹਰਹੁ ਬਿਪਤਿ ਜਨ ਕਰਹੁ ਸੁਭਾਈ ॥ ਚਰਣ ਨ ਛਾਡਉ ਸਰੀਰ ਕਲ ਜਾਈ ॥ ੨ ॥**

ਹਰਹੁ = ਨਾਸ ਕਰੋ। ਕਲ = ਸੁੰਦਰ ਵਾ ਅਜ ਕਲ।

ਮੇਰੀ ਬਿਪਤਾ ਦੂਰ ਕਰਕੇ ਦਾਸ ਨੂੰ ਸ਼ੋਭਨੀਕ ਕਰੋ। ਮੈਂ ਆਪਦੇ ਚਰਣ ਨਹੀਂ ਛੱਡਣੇ ਭਾਵੇਂ ਸਰੀਰ ਮੇਰਾ ਕਲ ਨੂੰ ਜਾਂਦਾ ਅੱਜ ਹੀ ਚਲਿਆ ਜਾਵੇ।

**ਕਹੁ ਰਵਿਦਾਸ ਪਰਉ ਤੇਰੀ ਸਾਭਾ ॥ ਬੇਗਿ ਮਿਲਹੁ ਜਨ ਕਰਿ ਨ ਬਿਲਾਂਬਾ ॥ ੩ ॥ ੧ ॥**

ਸਾਭਾ = ਸਰਨ। ਬੇਗਿ = ਛੇਤੀ। ਬਿਲਾਂਬਾ = ਦੇਰੀ।

ਰਵਿਦਾਸ ਜੀ ਕਹਿੰਦੇ ਹਨ ਮੈਂ ਤੇਰੀ ਸ਼ਰਨ ਪਿਆ ਹਾਂ, ਦਾਸ ਨੂੰ ਛੇਤੀ ਮਿਲੋ, ਦੇਰੀ ਨਾ ਕਰੋ।

( ਅਪਨੀ ਸ੍ਰੇਣੀ ਦੇ ਭਗਤਾਂ ਦਾ ਥਾਂ )

**ਬੇਗਮ ਪੁਰਾ ਸਹਰ ਕੋ ਨਾਉ ॥ ਦੂਖੁ ਅੰਦੋਹੁ ਨਹੀ ਤਿਹਿ ਠਾਉ ॥ ਨਾਂ ਤਸਵੀਸ ਖਿਰਾਜੁ ਨ ਮਾਲੁ ॥ ਖਉਫੁ ਨ ਖਤਾ ਨ ਤਰਸੁ ਜਵਾਲੁ ॥ ੧ ॥**

ਅੰਦੋਹੁ = ਗਮਗੀਨੀ।

ਤਸਵੀਸ = ਫਿਕਰ, ਸ਼ਰਮਿੰਦਗੀ। ਖਿਰਾਜ = ਮਾਮਲਾ।

ਜਵਾਲ = ਘਾਟਾ। ਤਰਸ = ਡਰ। ਖਤਾ = ਕਸੂਰ।

ਬੇਗਮ ਪੁਰਾ ਸ਼ਹਿਰ ਦਾ ਨਾਮ ਹੈ, ਤਿਸ ਜਗਾ ਦੁਖ ਅੰਦੇਸ਼ਾ ਨਹੀਂ।

ਨ ਤਸ਼ਵੀਸ ਹੈ ਨ ਖਿਰਾਜ ਹੈ, ਨ ਮਾਲ ਹੈ ਨ ਖੌਫ ਹੈ ਨ ਖਤਾ ਹੈ, ਨ ਤਰਸ ਹੈ ਅਤੇ ਨਾ ਕਿਸੇ ਨੂੰ ਪੀੜਾ ਹੈ।

Digitized by Panjab Digital Library | www.panjabdigilib.org

ਅਬ ਮੋਹਿ ਖੂਬ ਵਤਨ ਗਹ ਪਾਈ ॥ ਊਹਾਂ ਖੈਰਿ ਸਦਾ ਮੇਰੇ ਭਾਈ ॥ ੧ ॥ ਰਹਾਉ ॥

ਗਹਿ=ਫੜ।

ਹੁਣ ਮੈਂ ਹੱਛੀ ਵਤਨ ਦੀ ਜਗਾਂ ਪਾਈ ਹੈ। ਹੇ ਮੇਰੇ ਭਾਈ ! ਓਥੇ ਸਦਾ ਹੀ ਖੈਰ ਹੈ।

ਕਾਇਮੁ ਦਾਇਮੁ ਸਦਾ ਪਾਤਿਸਾਹੀ ॥ ਦੋਮ ਨ ਸੇਮ ਏਕ ਸੋ ਆਹੀ ॥ ਆਬਾਦਾਨੁ ਸਦਾ ਮਸਹੂਰ ॥ ਊਹਾਂ ਗਨੀ ਬਸਹਿ ਮਾਮੂਰ ॥ ੨ ॥

ਦਾਇਮ=ਹਮੇਸ਼ਾਂ। ਦੋਮ=ਦੂਜਾ । ਸੇਮ=ਤੀਜਾ। ਆਹੀ-ਹੈ।
ਆਬਾਦਾਨੁ=ਕਾਇਮ, ਹਮੇਸ਼ਾਂ। ਗਨੀ=ਦੌਲਤ ਮੰਦ।
ਮਾਮੂਰ=ਪੁਰ, ਲਬਾ ਲਬ, ਮਸ਼ਹੂਰ।

ਉਹ ਪਾਤਸ਼ਾਹੀ ਸਦਾ ਹੀ ਕਾਇਮੁ ਦਾਇਮੁ ਹੈ।ਹੋਰ ਕੋਈ ਦੂਜਾ ਤੀਜਾ ਨਹੀਂ ਹੈ, ਇਕੋ ਹੀ ਹੈ। ਅਬਾਦ ਸਦਾ ਹੀ ਮਸ਼ਹੂਰ ਹੈ, ਓਥੇ ਵਾਹਿਗੁਰੂ ਨਾਮ ਦੇ ਧਨੀ ਭਰਪੂਰ ਵੱਸ ਰਹੇ ਹਨ।

ਤਿਉ ਤਿਉ ਸੈਲ ਕਰਹਿ ਜਿਉ ਭਾਵੈ ॥ ਮਹਰਮ ਮਹਿਲ ਨ ਕੋ ਅਟਕਾਵੈ॥ ਕਹਿ ਰਵਿਦਾਸ ਖਲਾਸ ਚਮਾਰਾ॥ ਜੋ ਹਮ ਸਹਰੀ ਸੋ ਮੀਤੁ ਹਮਾਰਾ ॥ ੩ ॥ ੨ ॥

ਜਿਉਂ ਜਿਉਂ ਉਨ੍ਹਾਂ ਨੂੰ ਭਾਉਂਦਾ ਹੈ ਤਿਉਂ ਤਿਉਂ ਸੈਰ ਕਰਦੇ ਹਨ ਜੇਹੜੇ ਵਾਹਿਗੁਰੂ ਦੇ ਮਹਲ ਦੇ ਮਹਰਮ=ਭੇਤੀ ਹਨ ਉਨ੍ਹਾਂ ਨੂੰ ਕੋਈ ਨਹੀਂ ਰੋਕਸਕਦਾ। ਸਭ ਬੰਧਨਾਂਤੋਂ ਛੁਟਿਆ ਹੋਇਆ ਵਾ ਖਾਲਸ ਰਵਿਦਾਸ ਚਮਯਾਰ ਕਹਿੰਦਾਹੈ ਜੇਹੜਾ ਸਾਡਾ ਸ਼ਹਿਰੀ-ਹਮਵਤਨੀ ਹੈ ਓਹ ਸਾਡਾ ਮਿਤ੍ਰਹੈ

ੴ ਸਤਿਗੁਰਪ੍ਰਸਾਦਿ ॥

## ਗਉੜੀ ਬੈਰਾਗਣਿ ਰਵਿਦਾਸ ਜੀਉ ॥

ਘਟ ਅਵਘਟ ਡੂਗਰ ਘਣਾ ਇਕੁ ਨਿਰਗੁਣੁ ਬੈਲੁ ਹਮਾਰ ॥ ਰਮਈਏ ਸਿਉ ਇਕ ਬੇਨਤੀ ਮੇਰੀ ਪੂੰਜੀ ਰਾਖੁ ਮੁਰਾਰਿ ॥ ੧ ॥

Digitized by Panjab Digital Library | www.panjabdigilib.org

ਘਟ=ਰਿਦਾ। ਅਵਘਟ=ਔਖਾ ਥਾਂ। ਡੂਗਰ=ਪਹਾੜ। ਘਣਾ=ਬਹੁਤਾ।

ਰਿਦੇ ਰੂਪ ਰਸਤਾ ਕੁਰਸਤਾ ਪਹਾੜਾਂ ਦਾ ਬਾਹਲਾ ਔਖਾ ਹੈ ਅਤੇ ਮਨ ਰੂਪ ਗੁਣਾਂ ਤੋਂ ਰਹਿਤ ਇਕ ਮਾੜਾ ਬੈਲ ਹੈ ਵਾਹਿਗੁਰੂ ਅਗੇ ਇਕ ਬੇਨਤੀ ਹੈ ਕਿ ਮੇਰੀ ਸ੍ਵਾਸਾਂ ਰੂਪ ਪੂੰਜੀ ਰਖ ਲਵੋ (ਹੇ ਵਾਹਿਗੁਰੂ)ਭਾਵ ਜਿਨੇਕੁ ਸ੍ਵਾਸ ਰਾਸ ਮੈਂ ਤੇਰੇ ਪਾਸੋਂ ਲੈਕੇ ਆਇਆ ਹਾਂ, ਓਹ ਨਾਮ ਸਿਮਰਨ ਵਿਚ ਜਾਣ ਜਿਕੁਰ ਓਸ ਪਹਾੜ ਦੇ ਰਸਤੇ ਰਾਸ ਐਵੇਂ ਉਜੜ ਜਾਂਦੀ ਹੈ ਇਕੁਰ ਮੇਰੀ ਰਾਸ ਨਾ ਉਜੜੇ।

**ਕੋ ਬਨਜਾਰੋ ਰਾਮ ਕੋ ਮੇਰਾ ਟਾਂਡਾ ਲਾਦਿਆ ਜਾਇ ਰੇ ॥ ੧ ॥ ਰਹਾਉ ॥**

ਟਾਂਡਾ=ਬੈਲਾਂ ਦਾ ਅਕੱਠ।

ਕੋਈ ਵਾਹਿਗੁਰੂ ਦੇ ਨਾਮ ਰੂਪ ਵਣਜਣ ਵਾਲਾ ਹੈ ਸੋ ਜੇ ਕੋਈਹੈ ਤਾਂ ਮੇਰੇ ਨਾਲ ਆ ਰਲੇ ਮੇਰਾ ਟਾਂਡਾ ਲੱਦਿਆ ਜਾ ਰਿਹਾ ਹੈ,ਭਾਵਮੈਂ ਵਾਹਿਗੁਰੂ ਨਾਲ ਮਿਲ ਰਿਹਾ ਹਾਂ ਜੋ ਰਲਨਾ ਚਾਹੇ ਸੋ ਆ ਰਲੇ।

**ਹਉ ਬਨਜਾਰੋ ਰਾਮ ਕੋ ਸਹਜੁ ਕਰਉ ਬ੍ਯਾਪਾਰੁ ॥ ਰਾਮ ਨਾਮ ਧਨੁ ਲਾਦਿਆ ਬਿਖੁ ਲਾਦੀ ਸੰਸਾਰਿ ॥ ੨ ॥**

ਮੈਂ ਵਾਹਿਗੁਰੂਦੇ ਨਾਮ ਵਣਜ ਨੂੰ ਵਣਜਣ ਵਾਲਾ ਹਾਂ ਸਹਿਜੇ ਹੀ ਬਪਾਰ ਕਰਦਾ ਹਾਂ (ਪਰ) ਮੈਂ ਵਾਹਿਗੁਰੂ ਦਾ ਨਾਮ ਧਨ ਲੱਦਿਆ ਹੈ ਅਤੇ ਸੰਸਾਰ ਨੇ ਵਿਸ਼ਿਆਂ ਰੂਪ ਵਿਹੁ ਲੱਦੀ ਹੈ।

**ਉਰਵਾਰ ਪਾਰ ਕੇ ਦਾਨੀਆ ਲਿਖਿ ਲੇਹੁ ਆਲ ਪਤਾਲੁ ॥ ਮੋਹਿ ਜਮ ਡੰਡੁ ਨ ਲਾਗਈ ਤਜੀ ਲੇ ਸਰਬ ਜੰਜਾਲ ॥ ੩ ॥**

ਉਰਵਾਰ=ਉਰਲਾ ਬੰਨਾ। ਦਾਨੀਆਂ=ਡੰਡ ਲਾਉਣ ਵਾਲਾ,ਮਸੂਲੀਆ।
ਆਲ=ਅਲ, ਅਕਾਸ਼ ਵਾ ਆਲ ਪਤਾਲ,ਅਸਤ ਬਿਅਸਤ।

ਹੇ ਲੋਕ ਪਰਲੋਕ ਦੇ ਮਸੂਲੀ ਚਿਤ੍ਰ ਗੁਪਤੋ! ਤੁਸੀਂ ਅਨ ਪਲ ਲਿਖ ਲਵੋ। ਮੈਨੂੰ ਜਮ ਡੰਡ ਨਹੀਂ ਲਗੇਗਾ, ਕਿਉਂਕਿ ਮੈਂ ਸਾਰਾ ਜੰਜਾਲ ਛੱਡ ਦਿਤਾ ਹੈ, ਭਾਵ ਸਭ ਜਗ ਦੇ ਕੰਮ ਛੱਡ ਦਿਤੇ ਹਨ।

**ਜੈਸਾ ਰੰਗੁ ਕਸੁੰਭ ਕਾ ਤੈਸਾ ਇਹੁ ਸੰਸਾਰੁ ॥ ਮੇਰੇ ਰਮਈਏ ਰੰਗੁ ਮਜੀਠ ਕਾ ਕਹੁ ਰਵਿਦਾਸ ਚਮਾਰ ॥ ੪॥੧॥**

Digitized by Panjab Digital Library | www.panjabdigilib.org

ਜਿਕੁਰ ਦਾ ਕਸੁੰਭੇ ਦਾ ਰੰਗ ਹੁੰਦਾ ਹੈ,ਉਕਰ ਦਾ ਇਹ ਸੰਸਾਰ ਹੈ ਅਤੇ ਮੇਰੇ ਵਾਹਿਗੁਰੂ ਦਾ ਰੰਗ ਮਜੀਠ ਦੇ ਵਾਂਕਰ ਹੈ, ਚਮਿਆਰ ਰਵਿਦਾਸ ਜੀ ਕਹਿੰਦੇ ਹਨ।

ਗਉੜੀਪੂਰਬੀਰਵਿਦਾਸਜੀਉ॥

ੴ ਸਤਿਗੁਰਪ੍ਰਸਾਦਿ ॥

**ਕੂਪੁ ਭਰਿਓ* ਜੈਸੇ ਦਾਦਿਰਾ ਕਛੁ ਦੇਸੁ ਬਿਦੇਸੁ ਨ ਬੂਝ ॥ ਐਸੇ ਮੇਰਾ ਮਨੁ ਬਿਖਿਆ ਬਿਮੋਹਿਆ ਕਛੁ ਆਰਾ ਪਾਰੁ ਨ ਸੂਝ ॥ ੧ ॥**

ਕੂਪ = ਖੂਹ = ਦਾਦਿਰਾ = ਡੱਡੂ।

ਜਿਕੁਰ ਪਾਣੀ ਨਾਲ ਭਰੇ ਹੋਏ ਖੂਹ ਵਿਚ ਡੱਡੂ ਹੁੰਦਾ ਹੈ ਅਤੇ ਉਸਨੂੰ ਕੁਝ ਦੇਸ ਬਦੇਸ ਨਹੀਂ ਸੁਝਦਾ। ਇਕਰ ਵਿਸ਼ਿਆਂ ਨੇ ਮੇਰੇ ਮਨ ਨੂੰ ਮੋਹਤ ਕਰ ਲਿਆ ਹੋਇਆ ਹੈ,ਕੁਝ ਉਰਲੇ ਪਰਲੇ ਬੰਨੇ ਲੋਕ ਪਰਲੋਕ ਦਾ ਨਹੀਂ ਸੁਝਦਾ ਭਾਵ ਡੱਡੂ ਰੂਪ ਜੀਵਾਂ ਦੀ ਪਦਾਰਥਾਂ ਨੇ ਮਤ ਮਾਰ ਛੱਡੀ ਹੈ ਅਤੇ ਤੇਰਾ ਕੁਝ ਪਤਾ ਨਹੀਂ ਲਗਦਾ।

**ਸਗਲ ਭਵਨ ਕੇ ਨਾਇਕਾ ਇਕੁ ਛਿਨੁ ਦਰਸੁ ਦਿਖਾਇ ਜੀ ॥ ੧ ॥ ਰਹਾਉ ॥**

ਭਵਨ = ਘਰ। ਨਾਇਕਾ = ਸੁਆਮੀਆ।

ਹੇ ਸਾਰਿਆਂ ਭਵਣਾਂ ਦੇ ਮਾਲਕ ਵਾਹਿਗੁਰੂ!ਇਕ ਛਿਨ ਮੈਨੂੰ ਦਰਸ਼ਨ ਦਿਖਾ।

**ਮਲਿਨ ਭਈ ਮਤਿ ਮਾਧਵਾ ਤੇਰੀ ਗਤਿ ਲਖੀ ਨ ਜਾਇ ॥ ਕਰਹੁ ਕ੍ਰਿਪਾ ਭ੍ਰਮੁ ਚੂਕਈ ਮੈ ਸੁਮਤਿ ਦੇਹੁ ਸਮਝਾਇ ॥ ੨ ॥**

ਹੇ ਮਾਧਵਾ ਵਾਹਿਗੁਰੂ ! ਮੇਰੀ ਮਤ ਮੈਲੀ ਹੋਗਈ ਹੋਈ ਹੈ,ਇਸ ਲਈ ਤੇਰੀ ਗਤੀ ਲਖੀ ਨਹੀਂ ਜਾਂਦੀ। ਕਿਰਪਾ ਕਰੋ ਜਿਸ ਕਰਕੇ ਭਰਮ ਦੂਰ ਹੋਜਾਵੇ ਅਤੇ ਮੈਨੂੰ ਹੱਛੀ ਅਕਲ ਦਿਓ,ਜਿਸ ਕਰਕੇ ਮੈਨੂੰ ਸਮਝ ਆਵੇ।

---

*ਖੂਹ ਵਿਚ ਡੱਡੂ ਭਰਿਓ = ਪਿਆ ਹੋਇਆ ਵੀ ਅਰਥ ਕਰਦੇ ਹਨ।

Digitized by Panjab Digital Library | www.panjabdigilib.org

ਜੋਗੀਸਰ ਪਾਵਹਿ ਨਹੀ ਤੁਅ ਗੁਣ ਕਥਨੁ ਅਪਾਰ॥
ਪ੍ਰੇਮ ਭਗਤਿ ਕੈ ਕਾਰਣੈ ਕਹੁ ਰਵਿਦਾਸ ਚਮਾਰ ॥੩॥ ੧॥

ਤੁਅ = ਤੇਰੇ।

ਤੇਰੇ ਗੁਣ ਲਿਖਣ ਤੋਂ ਬਿਅੰਤ ਹਨ, ਜੋਗੀਸ਼ਰ ਵੀ ਅੰਤ ਨਹੀਂ ਪਾ ਸਕਦੇ। ਪ੍ਰੇਮਾਂ ਭਗਤੀ ਦੇ ਵਾਸਤੇ ਰਵਿਦਾਸ ਚਮਿਆਰ ਕਹਿੰਦਾ ਹੈ।

ਗਉੜੀ ਬੈਰਾਗਣਿ

ੴ ਸਤਿਗੁਰਪ੍ਰਸਾਦਿ ॥

ਸਤਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾ ਚਾਰ ॥
ਤੀਨੌ ਜੁਗ ਤੀਨੌ ਦਿੜੇ ਕਲਿ ਕੇਵਲ ਨਾਮ ਅਧਾਰ ॥ ੧ ॥

ਤੇਤਾ = ਤ੍ਰੇਤਾ ਜੁਗ। ਦਿੜੇ = ਦ੍ਰਿੜ।

ਸਤਿਜੁਗ ਵਿਚ ਸੱਚ ਬੋਲਦੇ ਸਨ, ਤ੍ਰੇਤਾ ਯੁਗ ਯੱਗਾਂ ਵਿਚ ਲਗਾ ਹੋਯਾ ਸੀ ਅਤ ਦੁਆਪਰ ਵਿਚ ਪੂਜਾ ਦਾ ਕਰਤਬ ਪ੍ਰਧਾਨ ਮੰਨਿਆ ਹੋਯਾਸੀ।
ਤਿੰਨੇ ਯੁਗ ਤਿੰਨਾਂ ਕੰਮਾਂ ਵਿਚ ਪੱਕੇ ਹੋਏ ਸਨ,ਪਰ ਕਲਿਯੁਗ ਵਿਚ ਕੇਵਲ ਵਾਹਿਗੁਰੂ ਦੇ ਨਾਮ ਦਾ ਹੀ ਆਸਰਾ ਹੈ।

ਪਾਰੁ ਕੈਸੇ ਪਾਇਬੋ ਰੇ ॥ ਮੋਸਉ ਕੋਊ ਨ ਕਹੈ ਸਮਝਾਇ ॥ ਜਾ ਤੇ ਆਵਾ ਗਵਨੁ ਬਿਲਾਇ ॥ ੧ ॥ ਰਹਾਉ ॥

ਗਵਨੁ = ਜਾਣਾ। ਬਿਲਾਇ = ਦੂਰ ਹੋਵੇ।

ਇਸ ਸੰਸਾਰ ਸਮੁੰਦ੍ਰ ਦਾ ਪਾਰ ਹੋਣਾ ਕਿੱਕੁਰ ਪਾਈਏ ? ਇਹ ਗੱਲ ਮੈਨੂੰ ਕੋਈ ਨਹੀਂ ਸਮਝਾਕੇ ਕਹਿੰਦਾ (ਵਾ ਕਹੇ, ਜਿਸ ਕਰਕੇ ਆਉਣਾ ਜਾਣਾ ਦੂਰ ਹੋਜਾਵੇ।

ਬਹੁਬਿਧਿ ਧਰਮ ਨਿਰੂਪੀਐ ਕਰਤਾ ਦੀਸੈ ਸਭ ਲੋਇ ॥ ਕਵਨ ਕਰਮ ਤੇ ਛੂਟੀਐ ਜਿਹ ਸਾਧੇ ਸਭ ਸਿਧਿ ਹੋਇ ॥ ੨ ॥

Digitized by Panjab Digital Library | www.panjabdigilib.org

ਬਹੁਤ ਤਰਾਂ ਦਾ ਧਰਮ ਸ਼ਾਸਤ੍ਰ ਕਾਰਾਂ ਨੇ ਨਿਰੂਪਣ ਕੀਤਾ ਹੈ ਅਤੇ ਲੋਕ ਸਾਰਾ ਕਰਦਾ ਹੋਯਾ ਦਿਸਦਾ ਵੀ ਹੈ ਵਾ ਬਹੁਤ ਤਰਾਂ ਧਰਮ, ਕਰਮ ਜੇਹੜੇ ਕਥਨ ਕੀਤੇ ਹੋਏ ਹਨ ਉਨ੍ਹਾਂ ਦੇ ਕਰਤਾ ਲੋਕ ਵੀ ਦਸਦੇ ਹਨ।

( ਪਰ ) ਕੇਹੜੇ ਕਰਮ ਨਾਲ ਸੰਸਾਰ ਤੋਂ ਛੁਟੀਏ, ਜਿਸ ਨੂੰ ਸਾਧਨ ਨਾਲ ਸਭ ਸਿਧੀਆਂ ( ਮੁਕਤੀਆਂ ) ਪ੍ਰਾਪਤ ਹੋ ਜਾਣ ?

**ਕਰਮ ਅਕਰਮ ਬੀਚਾਰੀਐ ਸੰਕਾ ਸੁਨਿ ਬੇਦ ਪੁਰਾਨ॥ ਸੰਸਾ ਸਦ ਹਿਰਦੈ ਬਸੈ ਕਉਨੁ ਹਿਰੈ ਅਭਿਮਾਨ ॥ ੩ ॥**

ਮੰਦੇ ਚੰਗੇ ਕਰਮਾਂ ਨੂੰ ਜੇ ਵਿਚਾਰੀਏ ਤਾਂ ਵੇਦਾਂ ਪੁਰਾਣਾਂ ਨੂੰ ਸ਼ੰਕਾ ਹੁੰਦੀ ਹੈ ਭਾਵ ਜੇਹੜਾ ਸ਼ਾਸਤ੍ਰ ਇਕ ਕਰਮ ਨੂੰ ਮੰਡਨ ਕਰਦਾ ਹੈ, ਦੂਜਾ ਉਸ ਨੂੰ ਖੰਡਨ ਕਰਦਾ ਹੈ। ਇਹ ਸੰਸਾ ਸਦਾ ਹੀ ਹਿਰਦੇ ਵਿੱਚ ਵਸਦਾ ਹੈ, ਸਾਡੇ ਮਨ ਦੇ ਹੰਕਾਰ ਨੂੰ ਕੌਣ ਦੂਰ ਕਰੇ ?

**ਬਾਹਰੁ ਉਦਕਿ ਪਖਾਰੀਐ ਘਟ ਭੀਤਰਿ ਬਿਬਿਧਿ ਬਿਕਾਰ ॥ ਸੁਧ ਕਵਨ ਪਰ ਹੋਇਬੋ ਸੁਚ ਕੁੰਚਰ ਬਿਧਿ ਬਿਉਹਾਰ ॥ ੪ ॥**

ਹਿਰੈ = ਨਾਸ਼ । ਉਦਕਿ = ਪਾਣੀ । ਪਖਾਰੀਐ = ਧੋਈਐ। ਭੀਤਰ – ਅੰਦਰ।
ਕੁੰਚਰ = ਹਾਥੀ।

ਸਰੀਰ ਨੂੰ ਬਾਹਰੋਂ ਤਾਂ ਪਾਣੀ ਨਾਲ ਧੋ ਲਿਆ, ਪਰ ਰਿਦੇ ਅੰਦਰ ਕਈ ਤਰਾਂ ਦੇ ਵਿਕਾਰ ਹਨ। ਉਹ ਸੁੱਚਾ ਕਿਸ ਪ੍ਰਕਾਰ ਹੋਵੇਗਾ ਜਿਸ ਦੀ ਹਾਥੀ ਦ ਵਿਵਹਾਰ ਵਰਗੀ ਰੀਤੀ (ਵਾ ਤਰਾਂ) ਹੈ ਵਾ ਜਿੰਨਾਕੁ ਜੀਵ ਦੇ ਸੁੱਚਾ ਹੋਣ ਦਾ ਵਿਵਹਾਰ ਹੈ, ਸਭ ਹਾਥੀ ਦੀ ਤਰਾਂ ਹੈ, ਪਰ ਫਿਰ ਸੁੱਧ ਕਿੱਕੁਰ ਹੋਵੇਗਾ ?

**ਰਵਿ ਪ੍ਰਗਾਸ ਰਜਨੀ ਜਥਾ ਗਤਿ ਜਾਨਤ ਸਭ ਸੰਸਾਰ॥ ਪਾਰਸ ਮਾਨੋ ਤਾਬੋ ਛੂਏ ਕਨਕ ਹੋਤ ਨਹ ਬਾਰ॥੫॥**

ਰਵਿ = ਸੂਰਜ । ਰਜਨੀ = ਰਾਤ । ਗਤਿ = ਨਾਸ ।
ਕਨਕ = ਸੋਨਾ । ਬਾਰ = ਦੇਰ ।

ਜਿੱਕੁਰ ਸੂਰਜ ਦੇ ਚੜ੍ਹਨ ਨਾਲ ਰਾਤ ਨਾਸ ਹੁੰਦੀ ਹੈ ਇਸ ਗੱਲ ਨੂੰ ਸੰਸਾਰ ਜਾਣਦਾ ਹੈ। ਇੱਕੁਰ ਹੀ ਗੁਰਾਂ ਦੇ ਗਿਆਨ ਕਰਕੇ ਰਿਦੇ ਤੋਂ ਅਵਿਦਿਆ ਦੂਰ ਹੁੰਦੀ ਹੈ। ਮੰਨ ਲਵੋ ਪਾਰਸ ਨਾਲ ਤਾਂਬਾ ਛੋਂਹਦਾ ਹੋਯਾ ਸੋਨਾ ਹੁੰਦਾ ਦੇਰੀ ਨਹੀਂ ਕਰਦਾ।

Digitized by Panjab Digital Library | www.panjabdigilib.org

**ਪਰਮ*ਪਰਸ ਗੁਰੂ ਭੇਟੀਐ ਪੂਰਬ ਲਿਖਤ ਲਿਲਾਟ ॥**
**ਉਨਮਨ ਮਨ ਮਨ ਹੀ ਮਿਲੇ ਛੁਟਕਤ ਬਜਰ ਕਪਾਟ ॥੬॥**

ਲਿਲਾਟ = ਮੱਥਾ। ਉਨਮਨ = ਉਲਟਣਾ।

ਪਰਮ ਪਾਰਸ ਗੁਰਾਂ ਨੂੰ ਮਿਲਕੇ ਜੀਵ ਪਾਰਸ ਹੀ ਹੋ ਜਾਂਦੇ ਹਨ। ਇਹ ਪਾਰਸ ਨਾਲੋਂ ਗੁਰਾਂ ਵਿੱਚ ਵਾਧਾ ਹੈ,ਇਸਲਈ ਪਰਮ ਪਾਰਸ ਕਿਹਾ ਹੈ ਪਰ ਜਿਸਦੇ ਮਥੇ ਤੇ ਲੇਖ ਪਿਛਲੇ ਲਿਖੇ ਹੋਏ ਹੋਣ। ਜਿਨ੍ਹਾਂ ਨੇ ਸੰਸਾਰ ਵੱਲੋਂ ਮਨ ਨੂੰ ਉਲਟਾਯਾ ਹੈ,ਓਹ ਮਨ ਵਿਚ ਹੀ ਵਾਹਿਗੁਰੂ ਨੂੰ ਮਿਲਦੇ ਹਨ ਅਤੇ ਪੱਥਰ ਵਤ ਜੜ੍ਹਤਾ ਦੇ ਤਖਤੇ ਉਨ੍ਹਾਂ ਦੇ ਖੁਲ੍ਹ ਗਏ ਹਨ।

**ਭਗਤਿ ਜੁਗਤਿ ਮਤਿ ਸਤਿ ਕਰੀ ਭ੍ਰਮ ਬੰਧਨ ਕਾਟਿ ਬਿਕਾਰ ॥ ਸੋਈ ਬਸਿ ਰਸਿ ਮਨ ਮਿਲੇ ਗੁਨ ਨਿਰਗੁਨ ਏਕ ਬਿਚਾਰ ॥ ੭ ॥**

ਜਿਨ੍ਹਾਂ ਭਗਤੀ ਦੀ ਯੁਕਤੀ ਮਤ ਵਿਚ ਨਿਸਚੇ ਕੀਤੀ ਹੈ, ਉਨ੍ਹਾਂ ਦੇ ਭ੍ਰਮ ਬੰਧਨ ਵਿਕਾਰ ਕੱਟੇ ਗਏ ਹਨ (ਵਾ ਭਗਤੀ ਨੇ ਕਟ ਦਿੱਤੇ)

ਜਿਨ੍ਹਾਂ ਰਸਾਂ ਵਲੋਂ ਮਨ ਨੂੰ ਵਸ ਕੀਤਾ ਹੈ,ਸੋਈ ਵਾਹਿਗੂਰੂ ਨੂੰ ਮਿਲੇ ਹਨ ਵਾ ਸੋਈ ਵਾਹਿਗੁਰੂ ਨੂੰ ਮਿਲੇ ਹਨ ਜਿਨ੍ਹਾਂਦਾ ਮਨ ਰਸ = ਪਰੇਮ ਵਿਚ ਵੱਸਿਆ ਹੈ, ਸਰਗੁਣ ਨਿਰਗੁਣ ਵਾਹਿਗੁਰੂ ਦਾ ਇਕ ਵਿਚਾਰ ਕਰਦੇ ਹਨ।

**ਅਨਿਕ ਜਤਨ ਨਿਗ੍ਰਹ ਕੀਏ ਟਾਰੀ ਨ ਟਰੈ ਭ੍ਰਮ ਫਾਸ ॥**
**ਪ੍ਰੇਮ ਭਗਤਿ ਨਹੀ ਊਪਜੈ ਤਾ ਤੇ ਰਵਿਦਾਸ ਉਦਾਸ ॥੮॥੧॥**

ਅਨੇਕਾਂ ਜਤਨ ਕੱਠੇ ਕੀਤੇ,ਪਰ ਫਿਰ ਵੀ ਭਰਮ ਰੂਪ ਫਾਹੀ ਹਟਾਈ ਹੋਈ ਨਹੀ ਹਟੀ। ਪਰੇਮਾ ਭਗਤੀ ਨਹੀਂ ਉਪਜਦੀ,ਇਸਲਈ ਰਵਿਦਾਸ ਜੀ (ਓਹਨਾਂ ਕੰਮਾਂ ਵੱਲੋਂ) ਉਦਾਸ ਹਨ।

## (ਟੀਕਾ ਰਾਗ ਗੌੜੀ ਸਮਾਪਤ)

*ਪਪਾ ਲਘੂ ਦਾ ਗੁਰੂ ਕਰਕੇ ਪੜ੍ਹਿਆ ਗਿਆ।

Digitized by Panjab Digital Library | www.panjabdigilib.org

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

# ਸਟੀਕ।

{ ਵੱਲੋਂ-ਸ੍ਰੀ ਮਾਨ ਸਰਦਾਰ ਨਰੈਣ ਸਿੰਘ ਜੀ ਵਾਈਸ ਪ੍ਰਿੰਸੀਪਲ ਖਾਲਸਾ ਕਾਲਜ }

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ ਰਚਤ ਗਿਆਨੀ ਬਿਸ਼ਨ ਸਿੰਘ ਜੀ ਦੀਆਂ ਦੋ ਜਿਲਦਾਂ ਅਠਵੀਂ ਤੇ ਪਹਿਲੀ ਛਪ ਚੁੱਕੀਆਂ ਹਨ,ਮੈਂ ਇਹਨਾਂ ਵਿਚੋਂ ਜਿਧਰੋਂ ੨ ਸ਼ਬਦ ਪੜ੍ਹੇ ਹਨ, ਟੀਕਾ ਸਹੀ ਤੇ ਸਾਫ ਸਰਲ ਪੰਜਾਬੀ ਵਿਚ ਹੈ।ਮੈਂ ਗਿਆਨੀ ਜੀ ਨੂੰ ਐਸੇ ਲਾਭਦਾਇਕ ਟੀਕੇ ਦੇ ਤਿਆਰ ਕਰਨ ਪੁਰ ਵਧਾਈ ਦੇਂਦਾ ਹਾਂ ਅਤੇ ਆਸ ਕਰਦਾ ਹਾਂ ਕਿ ਓਹ ਬਾਕੀ ਦੀਆਂ ਜਿਲਦਾਂ ਵੀ ਜਿਤਨੀ ਜਲਦੀ ਹੋ ਸਕੇ ਪਰਕਾਸ਼ਤ ਕਰਵਾ ਦੇਣਗੇ। ਅੰਗ੍ਰੇਜ਼ੀ ਪੜ੍ਹੇ ਹੋਏ ਨੌ ਜਵਾਨਾਂ ਵਾਸਤੇ ਐਸੇ ਟੀਕੇ ਦੀ ਬਹੁਤ ਲੋੜ ਸੀ,ਘਰ ਬੈਠੇ ਓਹ ਗੁਰਬਾਣੀ ਦੇ ਅਰਥ ਚੰਗੀਤਰਾਂ ਸਮਝ ਸਕਦੇਹਨ ਅਰ ਆਪਣੇ ਜੀਵਨ ਨੂੰ ਸਫਲਾ ਕਰ ਸਕਦੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ ਦੇ ਮਿਲਣ ਦਾ ਪਤਾ--

## ਬਿਸ਼ਨ ਸਿੰਘ ਗਿਆਨੀ

ਖਾਲਸਾ ਕਾਲਜ (ਡਾਕਖਾਨਾ)

ਅਮ੍ਰਿਤਸਰ (ਪੰਜਾਬ)

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

B-9195
Digitized by Panjab Digital Library | www.panjabdigilib.org

Digitized by Panjab Digital Library | www.panjabdigilib.org